੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

"ਹਰਿ ਕੀਆਂ ਕਥਾ ਕਹਾਣੀਆ ਗੁਰਮੀਤ ਸੁਣਾਈਆ"

ਆਸਾ ਮ: ੪

# ਮਾਲਵਾ ਇਤਿਹਾਸ


ਕਰਤਾ

ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੁਰਾ

ਪ੍ਰਧਾਨ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਹੁਕਮ ਸਿੰਘ ਗੁਰਦਿਤ ਸਿੰਘ
ਜਿਲਦ ਸਾਜ਼
ਬਾਜ਼ਾਰ ਅਨਾਰਕਲੀ, ਲਾਹੌਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

"ਹਰਿ ਕੀਆਂ ਕਥਾ ਕਹਾਣੀਆ ਗੁਰਮੀਤ ਸੁਣਾਈਆ"

ਆਸਾ ਮ : ੪

# ਮਾਲਵਾ ਇਤਿਹਾਸ

ਪ੍ਰਕਾਸ਼ਕ

ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ

ਦਫ਼ਤਰ ਪੰਥਕ ਗੁਰਦੁਆਰਾ ਸਾਹਿਬ ਕਿਸ਼ਨ ਪੁਰਾ ਕਲਾਂ

ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ (ਪੰਜਾਬ)

ਕਰਤਾ

ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੁਰਾ

ਪ੍ਰਧਾਨ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ

ਸੰ : ੧੪–੯–੧੯੫੪ ॥ ਸੰ : ੩੧ ਭਾਦੋ ੨੦੧੦ ॥ ਖਾਲਸਾ ਪੰਥ ੨੫੫

ਪਹਿਲੀ ਵਾਰ ੧੧੦੦

ਮੁਲ : ਤਿੰਨ ਜ਼ਿਲਦਾਂ ੩੦)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸ: ਜੋਗਿੰਦਰ ਸਿੰਘ ਏ. ਐਸ. ਪੀ.



Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।

ਹਸਮੁਖ ਸੁੰਦਰ ਸੁਹਣੇ ਜੋਗਿੰਦਰ ਸਿੰਘ ਸਰਦਾਰ ।
ਨਾਲ ਮਾਲਵਾ ਇਤਹਾਸ ਦੇ ਕਰਦੇ ਬਹੁਤ ਪਿਆਰ ।
ਸੇਵਾ ਪਹਿਲੇ ਭਾਗ ਦੀ ਕੀਤੀ ਇਸ ਸਜਨ. ਸਤਿਗੁਰ ਐਸੇ ਸਿੰਘ ਦਾ ਰੁਤਬਾ ਕਰਨ ਮਹਾਨ ।

ਜਨਮ:—ਆਪ ਦਾ ਜਨਮ ਸ੍ਰੀ ਮਾਨ ਸ: ਹਰੀ ਸਿੰਘ ਦੇ ਘਰ ਸ੍ਰੀਮਤੀ ਮਾਤਾ ਰੂੜ ਕੌਰਦੀ ਸੁਭਾਗ ਕੁਖੋਂ ਪਿੰਡ ਕਿਸ਼ਨ ਪੁਰਾ ਕਲਾਂ, ਤਹਿਸੀਲ ਜ਼ੀਰਾ,ਜ਼ਿਲਾ ਫੀਰੋਜ਼ਪੁਰ ਵਿਚ ਅਪਰੈਲ ੧੯੧੨ ਨੂੰ ਹੋਇਆ ।

ਬਾਲਪਨ:—ਆਪ ਦੀ ਮੁਢਲੀ ਉਮਰ ਆਪਦੇ ਮਾਤਾ ਪਿਤਾ ਦੀ ਗੋਦ ਵਿਚ ਖੇਡਦਿਆਂਲੰਘਿਆ ।

ਪ੍ਰਦੇਸ ਫੇਰੀ:—ਆਪ ਦੇ ਮਾਨ ਯੋਗ ਪਿਤਾ ਸ: ਹਰੀ ਸਿੰਘ ਜੀ ਮਲਾਇਆ ਪੋਲੀਸ ਵਿਚ ਸਪਾਹੀ ਸਨ, ਜਦ ਛੇ ਮਹੀਨੇ ਦੀ ਛੁਟੀ ਆਪ ਦੇਸ ਆਏ, ਆਪ ਜੀ ਨੂੰ ਸਮੇਤ ਪਰਵਾਰ ਨਾਲ ਲੈ ਗਏ ।

ਵਿਦਿਆ:—ਮਲਾਇਆ ਜਾਕੇ ਆਪ ਜੀ ਨੂੰ ਵਿਦਿਆ ਪ੍ਰਾਪਤੀ ਲਈ ਐਂਡਰਸਨ ਸਕੂਲ ਟੀਪੂ ਵਿਚ ਪੜ੍ਹਨ ਲਈ ਦਾਖਲ ਕੀਤਾ ਗਿਆ ਜਿਥੋਂ ਆਪ ਜੀ ਨੇ ਪੰਜ ਜਮਾਤਾਂ ਪਾਸ ਕੀਤੀਆਂ । ਫਿਰ ਆਪਦੇ ਪਿਤਾ ਦੀ ਬਦਲੀ ਤੈਪਿੰਗ ਸ਼ਹਿਰ ਦੀ ਹੋ ਗਈ ਆਪ ਨੂੰ ਕਿੰਗ ਐਡਵਰਡ ਦੀ ਸੈਵੰਥ ਸਕੂਲ ਵਿਚ ਦਾਖਲ ਕੀਤਾ ਗਿਆ ਜਿਥੇ ਆਪ ਨੇ ੧੯੨੯ ਈਃ ਵਿਚ ਸੀਨੀਅਰ ਕੈਂਬ੍ਰਿਜ ਅਵਲ ਨੰਬਰ ਤੇ ਰਹਿਕੇ ਪਾਸ ਕੀਤੀ ।

੧੯੩੦ ਤੋਂ ੩੪ ਤਕ ਰੈਫਲਜ਼ ਕਾਲਜ ਸਿੰਘਾ ਪੁਰ ਵਿਚ ਨਾਰਮਲ ਕਲਾਸ ਵਿਚ ਸਕੂਲ ਮਾਸਟਰ ਦੀ ਟਰੇਨਿੰਗ ਲਈ, ਆਪ ਅਜੇ ਟਰੇਨਿੰਗ ਲੈਕੇ ਆਏ ਹੀ ਸਨ ਕਿ ਮਲਾਇਆ ਵਿਚ ਕੰਮ ਕਾਰ ਬਹੁਤ ਮੰਦੇ ਪੈ ਗਏ,ਜਿਸ ਕਰਕੇ ਆਪ ਨੂੰ ਸਕੂਲ ਮਾਸਟਰੀ ਦਾ ਕੰਮ ਨ ਮਿਲ ਸਕਿਆ ।

ਪੁਲੀਸ ਨੌਕਰੀਃ—ਸਕੂਲ ਮਾਸਟਰ ਦਾ ਕੰਮ ਨਾ ਮਿਲਣ ਕਰਕੇ ੩. ੧੦. ੩੫ ਨੂੰ ਮਲਾਇਆ ਪੋਲੀਸ ਵਿਚ ਸਿਪਾਹੀ ਭਰਤੀ ਹੋ ਗਏ ਆਪ ਇਕ ਚੰਗੇ ਸਿਆਣੇ ਪੜ੍ਹੇ ਲਿਖੇ ਹੋਣ ਦੇ ਸਦਕਾ ਪਹਿਲਾ ਨਵੇਂ ਸਪਾਹੀਆਂ ਨੂੰ ਪੜ੍ਹਾਉਣ ਲਈ ਸਕੂਲ ਮਾਸਟਰ ਨੀਯਤ ਹੋਇ ਅਤੇ ਛੇਤੀ ਹੀ ਪੋਲੀਸ ਵਿਚ ੧. ੧. ੪੭ ਨੂੰ ਇੰਨਸਪੈਕਟਰ ਬਣ ਗਏ । ਆਪ ਨੇ ਇਹ ਡਿਊਟੀ ਬੜੀ ਯੋਗਤਾ ਨਾਲ ਨਿਭਾਈ ਅਤੇ ਛੇਤੀ ਹੀ ੧. ੮. ੫੧ ਨੂੰ A. S. P ਪੋਲੀਸ ਬਣ ਗਏ । ਆਪ ਦੀ ਯੋਗਤਾ ਅਤੇ ਤੀਖਣ ਬੁਧੀ ਨੂੰ ਵੇਖਕੇ ਆਪ ਨੂੰ ਮਲਾਇਆ ਗੌਰਮਿੰਟ ਵਲੋਂ ਉਚ ਵਿਦਿਆ ਪ੍ਰਾਪਤ ਕਰਨ ਲਈ ੨੯. ੬. ੫੨. ਨੂੰ ਪੋਲੀਸ ਕਾਲਜ ਇੰਗਲੈਂਡ ਵਿਚ ਘਲਿਆ ਗਿਆ । ਜਿਥੋਂ ਆਪ ਵਿਦਿਆ ਪ੍ਰਾਪਤ ਕਰਕੇ ਵਾਪਸ ਮਲਾਇਆ ਵਿਚ ਆਪਣੇ ਕੰਮ ਉਤੇ ਆ ਗਏ ਹਨ ।

ਸੁਭਾਅਃ—ਆਪ ਦਾ ਸੁਭਾਅ ਬੜਾ ਸਾਦਾ ਹੈ, ਆਪ ਬਹੁਤ ਹੀ ਮਿਲਨ ਸਾਰ ਅਤੇ ਸਾਦਾ ਸੁਭਾ ਦੇ ਮਾਲਕ ਹਨ । ਆਪ ਇਨਾਂ ਉਚਾ ਦਰਜਾ ਪ੍ਰਾਪਤ ਕਰਕੇ ਵੀ ਬਹੁਤ ਨਿਰਮਾਣ ਰਹਿੰਦੇ ਹਨ । ਆਪ ਆਪਣੇ ਦਾਨੀ ਸੁਭਾਅ ਕਰਕੇ ਬਹੁਤ ਪ੍ਰਸਿਧ ਹਨ ਆਪ ਨੇ ਮਾਲਵਾ ਇਤਹਾਸ ਦੇ ਇਕ ਕਾਂਡ ਦੀ ਛਪਾਈ ਇਕ ਹਜ਼ਾਰ ਰੁਪਿਆ ਗੁਰਮਤਿ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਨੂੰ ਦਾਨ ਦਿਤਾ ਹੈ । ਇਸ ਵਾਸਤੇ ਗੁ. ਪ੍ਰ. ਸਿੰਘ ਸਭਾ ਦੇ ਫੈਸਲੇ ਅਨੁਸਾਰ ਆਪ ਜੀ ਦਾ ਫੋਟੋ ਤੇ ਸੰਖੇਪ ਜੀਵਨ ਨਾਲ ਦਿਤਾ ਜਾਂਦਾ ਹੈ ਆਪ ਦੇ ਵਡਾ ਭਾਈ ਸਃ ਇੰਦਰ ਸਿੰਘ ਜੀ ਸਕੱਤ੍ਰ ਪੰਥਕ ਗੁ: ਸਾਹਿਬ ਕਿਸ਼ਨ ਪੁਰਾ ਹਨ ਤੇ ਇਕ ਭੈਣ ਬੀਬੀ ਕਿਰਪਾਲ ਕੌਰ ਜਿਹਨਾਂ ਦੀ ਸ਼ਾਦੀ ਉਚ ਘਰਾਣੇ ਵਿਚ ਸਃ ਰਤਨ ਸਿੰਘ ਜੀ ਮਦੋ ਨਾਲ ਪੂਰਨ ਗੁਰਮਤ ਅਨੁਸਾਰ ਹੋਈ ।

Digitized by Panjab Digital Library | www.panjabdigilib.org

# ਤਸਵੀਰਾਂ ਦਾ ਤਤਕਰਾ


| ਨੰ: | | ਸਫ਼ਾ |
|---|---|---|
| ੧. | ਸ: ਜੋਗਿੰਦਰ ਸਿੰਘ ਏ. ਐਸ. ਪੀ. | ਭੂਮਕਾ ਦੇ ਆਦਿ |
| ੨. | ਸ੍ਰੀ ਗੁਰੂ ਨਾਨਕ ਦੇਵ ਜੀ | ੩ |
| ੩. | ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ | ੨੫ |
| ੪. | ਸ੍ਰੀ ਗੁਰੂ ਅਮਰ ਦਾਸ ਜੀ ਮਹਾਰਾਜ | ੩੦ |
| ੫. | ਸ੍ਰੀ ਗੁਰੂ ਰਾਮ ਦਾਸ ਜੀ ਮਹਾਰਾਜ | ੩੩ |
| ੬. | ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ | ੩੫ |
| ੭. | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੩੭ |
| ੮. | ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੬੫ |
| ੯. | ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੭੧ |
| ੧੦. | ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ | ੭੩ |
| ੧੧. | ਰੰਗਰੇਟੇ ਗੁਰੂ ਕੇ ਬੇਟੇ | ੧੦੩ |
| ੧੨. | ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੇ ਬੇੜੇ ਦੇ ਮਲਾਹ | ੧੦੩ |
| ੧੪. | ਸ੍ਰੀ ਗੁਰੂ ਗੋਬਿੰਦ ਸਿਘ ਸਾਹਿਬ ਜੀ | ੧੦੩ |
| ੧੫. | ਪੰਜਾਂ ਪਿਆਰਿਆਂ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤ ਛਕ ਰਹੇ | ੧੩੧ |
| ੧੬. | ਨਿਰਾਲੇ ਚੋਜਾਂ ਵਲੇ ਦਸਮੇਸ਼ ਮਾਛੂਵਾੜੇ | ੧੭੧ |
| ੧੭. | ਸਰਹੰਦ ਦਾ ਖੂਨੀ ਨਜ਼ਾਰਾ | ੨੩੯ |
| ੧੮. | ਜੁਗ ਜੁਗ ਅਟਲ ੧੧ ਪਾਤਿਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੨੪੯ |
| ੧੯. | ਸਿਰ ਲੱਥ ਸ਼ਹੀਦ ਬਾਬਾ ਦੀਪ ਸਿੰਘ ਜੀ | ੩੭੫ |
| ੨੦. | ਸ: ਜਗਤ ਸਿੰਘ ਜੀ ਕਿਸ਼ਨ ਪੁਰਾ | ੪੪੫ |
| ੨੧. | ਸ੍ਰੀ ਦਸਮੇਸ਼ ਜੀ ਦੀ ਸੁਪੁਤ੍ਰੀ | ੪੫੦ |
| ੨੨. | ਬੀਬੀਆਂ ਦੀ ਕੈਂਪ ਜੇਹਲ ਮੁਲਾ ਪੁਰ | ੪੯੭ |
| ੨੩. | ਲਾਹੌਰ ਜੇਹਲ ਦੇ ਤਸੀਹੇ ਤੇ ਮੁਗਲ ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰਨ ਵਾਲੀਆਂ ਦੇਵੀਆਂ | ੫੦੩ |
| ੨੪. | ਭੱਠ ਦੇ ਦਾਣਿਆਂ ਵਾਂਗ ਤੜਫੋਣ ਵਾਲਾ ਲਾਹੌਰ ਦਾ ਜੇਹਲ ਖਾਨਾ | ੫੦੩ |


Digitized by Panjab Digital Library | www.panjabdigilib.org

# ਸ਼ੁੱਧੀ ਪੱਤਰ

| ਸਫਾ | ਸ਼ੁਧ | ਅਸ਼ੁਧ |
|---|---|---|
| ੮੬ | ਦੋ ਗੁਰਦੁਆਰੇ | ਦੋ ਰੇ |
| ੮੬ | ਛੇ ਹਲ ਦੀ ਜ਼ਮੀਨ ਹੈ | ਛਪਿਆ ਨਹੀਂ |
| ੧੨੧ | ਪਧਾਰੇ | ਪਧਾਰ |
| ੧੨੧ | ਕੌਣ | ਕਣ |
| ੧੨੩ | ਸੰਤ | ਸਤ |
| ੧੨੩ | ਅੰਬਾਲਾ | ਅੰਬਾਬਾ |
| ੧੨੩ | ਵੱਡੀਆਂ | ਵੱਡੀਦਾ |
| ੧੨੩ | ਠਹਿਰੇ | ਠਹਿਰੋ |
| ੧੨੩ | ਕੌਣ | ਕੋਣ |
| ੧੨੪ | ਏਥੇ | ਏਥੋ |
| ੧੨੪ | ਲੋਕੀ | ਲੇਕੀ |
| ੧੨੪ | ਮਿਲਵਾ | ਮਿਲਾਵਨਾ |
| ੧੨੫ | ਇੱਕ | ਸਾਇਕ |
| ੧੨੬ | ਹੋਈਆਂ | ਹੋਇਆਂ |
| ੧੨੬ | ਧੰਨ | ਸ੍ਰੀ |
| ੧੨੬ | ਹੈ | ਹੋ |
| ੧੨੮ | ਨਹੀਂ ਪੜਨਾ | ਸ੍ਰੀ ਹਜ਼ੂਰ ਨੇ ਕਿਹਾ ਹੈ |
| ੧੩੧ | ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸ਼ਹੀਦ ਹੋਣੇ | ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਸਹੀਦ ਹੋਏ ਸਨ |
| ੧੩੩ | ਟਿਪਣੀ ਦੀ ਕਾਣ<br>ਮਿਲੇ ਆਣ ਚਾਰ ਤਾਂ<br>ਜ਼ਰੂਰ ਮਿਲੇ ਸਾਹਿਬ<br>ਵਲੋਂ-ਦਾਸ ਵਿਸਾਖਾ ਸਿੰਘ, | ਮਿਲੇ ਆਣ ਚਾਰ ਤਾ<br>ਜਰੂਰ ਮਿਲੇ ਸਾਹਿਬ<br>ਸ੍ਰੀ ਗੁਰੂ ਗੋਬਿੰਦ ਸਿੰਘ<br>ਭਾਰੀ ਤੇਗ ਧਾਰੀ |
| ੧੩੬ | ਪ੍ਰਸਾਦ | ਪਸਾਦ |
| ੧੪੨ | ਪ੍ਰਚਾਰ | ਪਚਾਰ |
| ੧੫੩ | ੭ ਪੋਹ | ੧੫ ਪੋਹ |
| ੧੫੦ | ਮਾਰ ਸਕਦਾ ਹੈ | ਮਾਰਸਕ ਦਾ ਹੈ |

| ਸਫ਼ਾ | ਸ਼ੁਧ | ਅਸ਼ੁਧ |
|---|---|---|
| ੧੫੫ | ਫੌਜ | ਭਰਤੀ ਵਿਚ |
| ੧੫੫ | ਮੁਸੀਬਤਾਂ | ਮੁਸੀਬਤ |
| ੧੫੬ | ਦਰਸ਼ਨ | ਦਸ਼ਨ |
| ੧੫੮ | ਨਰ ਕਚਾ | ਨਰ ਕਾਰਾ |
| ੧੫੯ | ਬਲ ਨਾਲ<br>ਅਨੰਦਪੁਰ | ਵਲ ਨਾਲ ਬੀ<br>ਅਨੰਦਪੁਰ |
| ੧੬੦ | ਹੋਰ ਕੌਤਕ | ਹੋ ਕੌਤਕ |
| ੧੬੦ | ਛਾੜੀ | ਛਾ ਹੀ |
| ੧੬੧ | ਸਰਹੰਦ | ਸਰੰਦ |
| ੧੬੨ | ਥੋੜੀ | ਥੋਹੜੀ |
| ੧੬੨ | ਸਮਝਿਆ | ਮਮਝਿਆ |
| ੧੬੩ | ਭੂਜਗ | ਭਜਗ |
| ੧੬੫ | ਹਿੰਦਵੈਣ | ਹਿੰਦੂ ਵੈਣ |
| ੧੬੬ | ਅਜੀਤ ਸਿੰਘ ਜੀ, | ਅਜੀਤ ਸਿੰਘ ਵ |
| ੧੭੨ | ਚਮਕੌਰ | ਕਮਕੌਰ |
| ੧੭੬ | ਸੰਨ ੧੮–੨੦ | ਸਫਾ ੧੮–੨੦ |
| ੧੭੮ | ਨਬੀਖਾਂ ਤੇ ਗ਼ਨੀਖਾਂ<br>ਦੋ ਪਠਾਨ | ਨਵੀਖਾਂ ਤੇ ਗਨਖ<br>ਦੇ ਪਠਾਨ |
| ੧੭੯ | ਇੱਕ ਜੋ ਹੀ ਖਾਂਦਾ | ਇਕ ਸੋ ਹੀ ਖਾਂਦਾ ਹੈ |
| ੧੮੨ | ਜਮਧਾਮ | ਜੰਗਧਾਮ |
| ੧੮੨ | ਕ੍ਰਿਪਾਲ ਵਿਚ | ਕ੍ਰਿਪਾਨ ਵਿਚ |
| ੧੮੪ | ਗੋਬਿੰਦ ਸਿੰਘ | ਗੋ ਬੰਦ ਸਿੰਘ |
| ੧੮੪ | ਨਰਿੰਦ੍ਰ ਸਿੰਘ | ਨਰਿੰਜ ਸਿੰਘ |
| ੧੯੬ | ਬਿਆਪਈ | ਪਿਆਸੀ |
| ੧੯੯ | ਮਾਈ ਭਾਗ ਕੌਰ | ਕਿ ਤਾਈ |
| ੨੦੪ | ਸ਼ਬਦੁ ਨਾ | ਸਬਦੁ ਣਾ |
| ੨੦੪ | ਘਚੋਲਾ | ਘਚਲਾ |
| ੨੦੪ | ਪਤਾ | ਤਾਪ |

Digitized by Panjab Digital Library | www.panjabdigilib.org

| ਸਫਾ | ਸ਼ੁਧ | ਅਸ਼ੁਧ |
|---|---|---|
| ੨੧੦ | ਲਿਜਾਕੇ | ਲਿਜਾਕ |
| ੨੧੧ | ਮਰਜਾਦ ਭੰਗ | ਮਰਯਾਦ ਭੰ ਗ |
| ੨੧੧ | ਪ੍ਰਵਾਰਾਂ ਦੇ ਸਮੇਤ | ਪ੍ਰਵਾਰਾਂ ਦੇ |
| ੨੧੨ | ਗੋਦਾਵਰੀ ਸਰ (ਪੰਚ ਬਟੀ) | ਗੁਰੂ ਸਰ |
| ੨੧੩ | ਫਾਹੇ ਦੇ | ਫਾ ਦੇ |
| ੨੧੫ | ਡੇਢ ਮੀਲ | ਡੇਢ ਸੀਲ |
| ੨੧੬ | ਸਰਾਵਾਂ | ਸੰਗਵਾਂ |
| ੨੧੭ | ਮਹਾਰਾਜ | ਮਮਰਾਜ |
| ੨੨੧ | ਕਰਾਉਣੀ | ਕਰਾਉਣ |
| ੨੩੦ | ਭਾਗੀ ਬਾਦਰ | ਟਭਾਗੀ |
| ੨੩੭ | ਕੁਝ | ਕਝ |
| ੨੩੮ | ਟਾਹਲਾ ਸਾਹਿਬ | ਟਾਹਣਾ ਸਾਹਿਬ |
| ੨੩੮ | ਬਾਣਾ ਲੋਹ | ਬਾਣਾ ਲੋਹਾ |
| ੨੫੫ | ਕਾਰਜ ਉਪਜੈ | ਕਾਰਜ ਉਪਜੇ |
| ੨੫੫ | ਮੋ ਮੇ | ਪੋ ਮੋ |
| ੨੭੪ | ਗੁਰੂ ਸਾਹਿਬ ਦੇ ਪ੍ਰਾਚੀਨ ਸਿੱਖ | ਮਾਲਵੇ ਦੇ ਪ੍ਰਾਚੀਨ ਸਿਖ |
| ੩੦੨ | ਸਿਪਮਾ | ਸਿਪਾਮਾ |
| ੩੧੮ | ਭਾਈ ਭੂੰਦੜ | ਮਾਈ ਭੂੰਦੜ |
| ੩੧੯ | ਪੜ੍ਹਾਏ | ਪੜ੍ਹਏ |
| ੩੨੦ | ਆਊ | ਆਉ |
| ੩੩੧ | ਯਾਦਾ | ਜਾਕਾ |
| ੩੩੩ | ਮਾਤਾ | ਨਾਤਾ |
| ੩੩੫ | ਜੰਗ | ਜੰਧ |
| ੩੩੫ | ਦਮੋਦਰੀ ਜੀ | ਦਾਮੋਦਰੀ |
| ੩੩੭ | ਪ੍ਰਾਪਤ | ਪਾਪਤ |
| ੩੩੯ | ਸਾਹਿਬ ਦੀ | ਸਾਹਿਬ ਜੀ |
| ੩੩੯ | ਆਏ | ਆਦੇ |
| ੩੪੧ | ਬੀਮਾਰ ਨਾ ਕਰ | ਬੀਮਾਰ ਕਰ |
| ੩੪੧ | ਤੋੜ ਦਿਤਾ | ਤੋੜ ਚਿਟਾ |

| ਸਫਾ | ਸ਼ੁਧ | ਅਸ਼ੁਧ |
|---|---|---|
| ੩੪੩ | ਬਚਦੇ | ਬਸਦੇ |
| ੩੫੦ | ਦਿਲੀ | ਦਿਕੀ |
| ੩੫੨ | ਪੁਰਖੋ | _ਰਖੋ |
| ੩੫੯ | ਸਮਰਾਲੇ | ਧਮਰਾਨੇ |
| ੩੬੧ | ਪਾਸੋਂ | ਪਾਸੇ |
| ੩੬੩ | ਸਾਡੀ ਪੜਤਾਲ | ਸਾਡੀ ਪੜ੍ਹ ਪਬਤਾਲ |
| ੩੬੫ | ਹੋਏ | ਹੌਏ |
| ੩੬੮ | ਸਚੇ ਨਾਇ | ਸਚੇ ਦੇ ਨਹਿ |
| ੩੭੦ | ਬਖ਼ਸ਼ੀਆਂ | ਦਖਸ਼ੀਆਂ |
| ੩੭੧ | ਭਾਈ ਵੀਰ ਸਿੰਘ ਭਾਈ ਧੀਰ ਸਿੰਘ | ਭਾਈ ਸਿੰਘ |
| ੩੯੩ | ਪ੍ਰਾਣ ਸੰਗਲੀ | ਪ੍ਰਾਣ ਸੌਗਲੀ |
| ੪੦੧ | ਭਗਵਾਨ ਸਿੰਘ | ਭਗਵਾਨ |
| ੪੦੨ | ਪੁਸਤਕ ਆਲਾ | ਪੁਸਤਕ ਕਾਲਾ |
| ੪੩੦ | ੩੦ ਅਕਤੂਬਰ ਸੰ: ੧੯੦੮ | ਅਕਤੂਬਰ |
| ੪੩੧ | ਵਸ਼ੇਸ਼ ਸੋਚ ਵਿਚਾਰ | ਬਸੇਮ |
| ੪੪੮ | ਤੇ ਸੋਚ ਵਿਚਾਰ ਅੰਤ ਵਿਚ | ਨਿਰਮਲ ਭੇਖ ਦੇ |
| ੪੫੯ | ਅਖੀਰ | ਅਖਾਰ |
| ੪੫੯ | ਸਤਿਕਰਤਾਰ ਕਿਹਾ | ਸਤਕਾਰ ਆ |
| ੪੫੯ | ਰਾਇ ਬੁਲਾਰ | ਰਾਇ ਦੁਲਾਰ |
| ੪੬੦ | ਪ੍ਰਚਲਤ | ਪ੍ਰਚਤ |
| ੪੬੩ | ਅੰਮ੍ਰਿਤਸਰ ਸਤਿਗੁਰ ਸਤਿਵਾਦੀ | ਅੰਮ੍ਰਿਤਸਰ ਸਤਿ ਬਾਦੀ |
| ੪੬੮ | ਮੜ੍ਹੀਈਆ ਲਗ ਜਲੰਨ | ਮੜਿਆ ਲਗ ਜਣੰਨ |
| ੪੭੪ | ਵਿਚ ਧਿਆਨ | ਜਿਤ ਬਰਤੀ |
| ੪੭੫ | ਹੋ | ਹੇ |
| ੪੭੫ | ਸ਼ਰਧਾਲੂ | ਸ਼ਰਧਲ |

Digitized by Panjab Digital Library | www.panjabdigilib.org

| ਸਫਾ | ਸ਼ੁਧ | ਅਸ਼ੁਧ |
|---|---|---|
| ੪੭੫ | ਲੱਖ | ਲੱਲ |
| ੪੭੬ | ਦੁਨੀਆਂ | ਙੁਨੀਆਂ |
| ੪੭੯ | ਪਾਲਨਾ | ਨਾਲਪਾ |
| ੪੮੧ | ਕੇ | ਕੋ |
| ੪੮੪ | ਭੁਖੇ | ਸੁਕੇ |
| ੪੮੯ | ਸ੍ਰੀਮਤੀ | ਸੀਮਤੀ |
| ੪੯੦ | ਮੌਲਵਈ | ਬੇਰਾੜ |
| ੪੯੬ | ਪਿੰਡਾਂ | ਪਿੰਡ |
| ੫੦੨ | ਆਖਰੀ | ਅਖ਼ਰੀ |
| ੫੦੬ | ਅਜ ਕਲ | ਕਲ |
| ੫੧੪ | ਦਾਣੇ | ਦਾਵੇ |

| ਸਫਾ | ਸ਼ੁਧ | ਅਸ਼ੁਧ |
|---|---|---|
| ੫੧੪ | ਮੋਪ | ਮੇ |
| ੫੧੪ | ਬਡਰੁਖੇ | ਬਡਰੂਪੇ |
| ੫੧੪ | ਥੀਆਂ | ਧੀਆਂ |
| ੫੧੪ | ਰਿਦੇ | ਹਿਦੇ |
| ੫੧੪ | ਸ਼ੁਕਰ | ਸ਼ਕ |
| ੫੧੪ | ਸਿੱਖ ਰਿਆਸਤ | ਸਿਸ ਰਿਆਸਤ |

ਨੋਟ:—

੧੬ ਨਾਗੇ ਦੀ ਸਰਾਂ ਦੋ ਹਜ਼ਾਰ ਚੱਕ ਵਿਚੋਂ ਹੁਣ ੩੦੦ ਘੁਮਾਂ ਹੈ ।

੧੭. ਲਖੀ ਜੰਗਲ ੧੧੦ ਘੁਮਾਂ ਹੈ ।

Digitized by Panjab Digital Library | www.panjabdigilib.org

# ਤਤਕਰਾ

## ਸ੍ਰੀ ਗੁਰੂ ਨਾਨਕ ਜੀ ਦਾ ਅਵਤਾਰ ਤੇ ਗੁਰ ਅਸਥਾਨ

[ ਪਾਤਿਸ਼ਾਹੀ ਪਹਿਲੀ ]


| ਨੰ: | | ਸਫਾ |
|---|---|---|
| | (ਅ) | |
| ੧. | ਅਕੋਈ | ੨੧ |
| | (ਸ) | |
| ੨. | ਸਰਸਾ | ੧੭ |
| | ਸਨਾਮ | ੨੦ |
| | (ਹ) | |
| ੩. | ਹਰੀ ਪੁਰਾ | ੧੭ |
| | (ਕ) | |
| ੪. | ਕਲਿਆਣ ਸਰ ਫਤੇਗੜ੍ਹ ਕੋਰੋਟਾਣਾ | ੧੪ |
| ੫. | ਕਮਾਲ ਪੁਰ | ੨੦ |
| ੬. | ਕਰੂ ਖੇਤਰ | ੨੧ |
| ੭. | ਕਰਹਾ | ੨੩ |
| | (ਗ) | |
| ੮. | ਗਊ ਘਾਟ ਲੁਧਿਆਣਾ | ੧੦ |
| ੯. | ਗੋਬਿੰਦ ਗੜ੍ਹ ਦੋਦਰ | ੧੫ |
| ੧੦. | ਗੁਰੂ ਨਾਨਕ ਹਰਗੋਬਿੰਦ ਸਰ | ੪੮ |
| | (ਛ) | |
| ੧੧. | ਛੀਟਾਵਾਲ | ੧੯ |
| | (ਜ) | |
| ੧੨. | ਜਗਰਾਉਂ | ੧੦ |
| ੧੩. | ਜੋਹੜ ਸਾਹਿਬ | ੧੯ |
| ੧੪. | ਜੀਂਦ | ੨੧ |
| | (ਦ) | |
| ੧੫. | ਦਮਦਮਾ ਸਾਹਿਬ | ੨੩੧ |
| | (ਧ) | |
| ੧੬. | ਧਰਮ ਕੋਟ | ੧੪ |
| ੧੭. | ਧਾਰਾ | ੧੯ |
| | (ਨ) | |
| ੧੮. | ਨਾਨਕ ਸਰ ਠਕਰ ਵਾਲ | ੧੭ |
| ੧੯. | ਨਾਨਕ ਝੰਗੜ | ੧੦ |
| ੨੦. | ਨਾਨਕ ਸਰ ਤਖਤੂਪੁਰਾ | ੧੫ |
| ੨੧. | ਨਾਗੇ ਦੀ ਸਰਾਂ | ੧੬ |
| ੨੨. | ਨਾਨਕਿਆਣਾ ਸਾਹਿਬ | ੨੧ |
| | (ਬ) | |
| ੨੩. | ਬੀਕਾ ਨੇਰ | ੧੮ |
| ੨੪. | ਬੀਕਾ ਨੇਰ | |
| ੨੫. | ਲਖੀ ਜੰਗਲ | ੧੮ |


## ਸ੍ਰੀ ਗੁਰੂ ਅੰਗਦ ਦੇਵ ਜੀ ਦਾ ਅਵਤਾਰ ਤੇ ਗੁਰਅਸਥਾਨ

[ਪਾਤਿਸ਼ਾਹੀ ਦੂਜੀ]


| ਨੰ: | | ਸਫਾ |
|---|---|---|
| | (ਸ) | |
| ੧. | ਸੈਖਾ | ੨੮ |
| | (ਹ) | |
| ੨. | ਹਰੀਕੇ | ੨੬ |
| | (ਜ) | |
| ੩. | ਜੀਰਾ | ੨੬ |


ਨੋਟ:—ਬਹੁਤ ਜਗ੍ਹਾ ਦਾ ਇਤਿਹਾਸ ਨਾ ਮਿਲਣ ਤੇ ਸਮੁਚੇ ਪਿੰਡ ਲਿਖ ਦਿਤੇ ਹਨ।
ਪਾਠਕ ਜਨ ਵਿਚਾਰ ਲੈਣ ਤੇ ਖਿਮਾ ਕਰਨ।

Digitized by Panjab Digital Library | www.panjabdigilib.org

| ਨੰ: | | ਸਫਾ |
|---|---|---|
| | (ਨ) | |
| ੪. | ਨਾਗੇ ਦੀ ਸਰਾਂ | ੧੬ |
| | (ਮ) | |
| ੫. | ਮਖੂ | ੨੭ |
| | (ਰ) | |
| ੬. | ਰੌਤਾ | ੨੮ |


## ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਗੁਰ ਅਸਥਾਨ

[ਪਾਤਿਸ਼ਾਹੀ ਤੀਜੀ]


| ਨੰ: | | ਸਫਾ |
|---|---|---|
| | (ਜ) | |
| ੧. | ਜੋਤੀ ਸਰ ਅੰਬਾਲਾ | ੩੧ |
| | (ਥ) | |
| ੨. | ਥਨੇਸਰ | ੩੧ |


## ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਗੁਰ ਅਸਥਾਨ

[ਪਾਤਿਸ਼ਾਹੀ ਛੇਵੀਂ]


| ਨੰ: | | ਸਫਾ |
|---|---|---|
| | (ਅ) | |
| ੧. | ਅਲੂਣੇ | ੫੪ |
| ੨. | ਅਕੋਈ | ੬੦ |
| | (ੲ) | |
| ੩. | ਇੰਦਰਗੜ | ੩੯ |
| ੪. | ਇਆਲੀ ਕਲਾਂ | ੪੨ |
| ੫. | ਇਜਾਲੀ | ੫੨ |
| ੬. | ਇਕੋਲਾਹਾ | ੫੪ |
| ੭. | ਈਸੜੂ | ੫੪ |
| | (ਸ) | |
| ੮. | ਸਲ੍ਹੀਣਾ | ੪੦ |
| ੯. | ਸਮਾਧ ਭਾਈ | ੪੨ |
| ੧੦. | ਸਿਆੜ੍ਹ | ੪੧ |
| ੧੨. | ਸਰਾਇ ਸਾਹਿਬ ਦੋਰਾਹਾ | |
| | ਪਟਾ ਨੰ: ੧ | ੫੭ |
| | ਪਟਾ ਨੰ: ੨ | ੫੭ |
| ੧੩. | ਸੰਗਚਰੌਣੀ | ੫੯ |
| ੧੪. | ਸੋਂਟੀ | ੬੨ |
| | (ਹ) | |
| ੧੫. | ਹੇਹਰਾਂ | ੪੯ |
| ੧੬. | ਹਠੂਰ | ੫੦ |
| | (ਕ) | |
| ੧੭. | ਕੈਲੇ | ੫੧ |
| ੧੮. | ਕਾਜਲ੍ਹਾ | ੫੯ |
| ੧੯. | ਨੰ: ੨ ਕਾਜਲਾ | ੬੦ |
| ੨੦. | ਕਮਾਲਪੁਰ | ੬੦ |
| | (ਖ) | |
| ੨੧. | ਖੋਸਾ ਕਲਾਂ | ੪੦ |
| ੨੨. | ਖਡੂਰ ਸਾਹਿਬ ਜੀ | ੫੩ |
| ੨੩. | ਖਰਾਣਾ | ੬੧ |
| | (ਗ) | |
| ੨੪. | ਗੁਰੂ ਸਰ ਸਨੇਰ | ੩੯ |
| ੨੫. | ਗੁਰੂ ਸਰ ਮੋਗਾ | ੪੨ |
| ੨੬. | ਗੁਰੂ ਸਰ ਰੋਡੇ | ੪੨ |
| ੨੭. | ਗੁਰੂ ਸਰ ਮਹਿਰਾਜ | ੪੨ |
| ੨੮. | ਗੁਰੂ ਸਰ ਛੋਟਾ | ੪੪ |


Digitized by Panjab Digital Library | www.panjabdigilib.org

੨੯. ਗੁਰੂ ਸਰ ਨਥਾਣਾ ੪੪
੩੦. ਗੁਰੂ ਸਰ ਮਹਿਰੋ ੪੫
੩੧. ਗੁਰੂ ਸਰ ਘਲ ਕਲਾਂ ੪੪
੩੨. ਗੁਰੂ ਸਰ ਲੋਪੋ ੪੬
੩੩. ਗੁਰੂ ਸਰ ਪਤੋਂ ੪੫
੩੪. ਗੁਰੂ ਸਰ ਮਦੇ ੪੬
੩੫. ਗੁਰੂ ਸਰ ਗੋਬਿੰਦ ਗੜ ੪੭
੩੬. ਗੁਰੂ ਸਰ ਕੋਊਂਕੇ ੪੭
੩੭. ਗੁਰੂ ਸਰ ਹਰਿਗੋਬਿੰਦ ਸਰ ੪੮
੩੮. ਗੁਰੂ ਸਰ ਸਿਧਮ ੪੮
੩੯. ਗੁਰੂ ਸਰ ਗੁਜਰਵਾਲ ੫੧
੪੦. ਗੁਰੂ ਸਰ ਸਧਾਰ ੫੧
੪੧. ਗੁਰੂ ਕੀ ਰਖ ਲੁਧਿਆਣਾ ੫੩
੪੨. ਗੜਾ ਸਾਹਿਬ ੫੬
੪੩. ਗਿਦੜੀ ੫੮
੪੪. ਗਿਲ ਕਲਾਂ ੬੨

(ਘ)

੪੫. ਘੁਗਰਾਣਾ ੫੧
੪੬. ਘੁੜਾਣੀ ੫੮
੪੭. ਘਨੇੜ ਜਟਾ ੬੦

(ਚ)

੪੮. ਚਕਰ ੪੯
੪੯. ਚੌਂਤਰਾ ਸਾਹਿਬ ੫੫

(ਛ)

੫੦. ਛੇਵੀ ਪਾਤਸ਼ਾਹੀ ਦੇ ਮੁਖੀ ਸਿਖ ੩੩੧

( ਜ )

੫੧. ਜੀਰਾ ੩੯
੫੨. ਜਸੋਵਾਲ ੫੩
੫੩. ਜੰਡਾਲੀ ੫੯
੫੪. ਜਰਗ ੫੯
੫੫. ਜੋੜ ਜਮੀਨਾ ੬੩

( ਝ )

੫੬. ਝੰਡੇਆਣਾ ੪੧

( ਠ )

੫੭. ਠਟਾ ਸਾਹਿਬ ਜੀ ੩੯

( ਡ )

੫੮. ਡਗਰੂ ੬੦
੫੯. ਡਰੋਲੀ ਭਾਈ ੪੦
੬੦. ਡੇਲੋ ਸਾਹਿਬ ੫੧
੬੧. ਡੋਡਿ ੫੫

( ਦ )

੬੨. ਦਮਦਮਾ ਸਾਹਿਬ ਰਕਬਾ ੫੩
੬੩. ਦਿਆਲ ਪੁਰਾ ੬੨

( ਧ )

੬੪. ਧਮੋਟ ੫੮

( ਤ )

੬੫. ਤਖਤੂ ਪੁਰਾ ( ਨ ) ੪੫
੬੬. ਨਾਨਕਿਆਣਾ (ਮੰਗਵਾਲ) ੬੧

( ਫ )

੬੭. ਫੂਲ ੫੬

( ਬ )

੬੮. ਬਿਰਕ ੪੯
੬੯. ਬੇਰ ਸਾਹਿਬ ੫੬

( ਭ )

੭੦. ਭਗਤਾ ੫੫
੭੧. ਭੂੰਦੜ ੫੫
੭੨. ਭਾਈ ਰੂਪਾ ੬੨

( ਮ )

੭੩. ਮੁਨਾਵਾ ੩੯
੭੪. ਮਾੜੀ ਮੁਸਤਫਾ ੪੨
੭੫. ਮਾਹਲ ਕਲਾਂ ੫੬
੭੬. ਮੰਜੀ ਸਾਹਿਬ ਅੰਬਾਲਾ ੬੨

( ਰ )

੭੭. ਰਾਮਸਰ ਸਾਹਿਬ ੫੯

( ਲ )

੭੮. ਲਧਾਈ ਕੇ ੪੨


Digitized by Panjab Digital Library | www.panjabdigilib.org

ਨੰ: ਸਫਾ

੭੯. ਲਮੇ ੪੬
੮੦. ਲਿਤਰ ੫੦
੮੧. ਲੰਬਵਾਲੀ ੫੫
੮੨. ਲਸੋਈ ੫੯

(ਵ)

੮੩. ਵਡਾ ਘਰ ੪੧


ਨੋਟ:—ਬਹੁਤ ਗੁਰ ਅਸਥਾਨਤੇ ਗੁਰ ਪ੍ਰੇਮੀ ਦੀ ਅਨਗਹਿਲੀ ਅਨੁਸਾਰ ਗੁਪਤ ਅਤੇ ਇਮਾਰਤ ਤੋਂ ਬਿਨਾਂ ਸਖਣੇ ਥਾਂ ਪਏ ਹਨ । ਹਛਾ ! ਗੁਰੂ ਸਿਖਾਂ ਨੂੰ ਬਲ ਬਖਸ਼ਣ ।

## ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਅਸਥਾਨ


ਨੰ: ਸਫਾ

(ਸ)

੧. ਸਿੰਘਾ ਵਾਲਾ ੬੭
੨. ਸੀਭੜੋ ੭੯

(ਜ)

੩. ਜਸਪਾਲ ਭਾਈ ਕੇ ੬੮

(ਡ)

੪. ਡਰੋਲੀ ੬੭

(ਤ)

੫. ਤਖਤੂਪੁਰਾ ੬੭

(ਫ)

੬. ਫਤਹ ਪੁਰ ੬੮

(ਬ)

੭. ਬੁੰਗਾ ੬੮

(ਭ)

੮. ਭਾਈ ਰੂਪਾ ੬੭

(ਮ)

੯. ਮਹਿਰਾਜ ੬੭
੧੦. ਮਹਿਲ ੬੮
੧੧. ਮੰਗਲੀ ਤੇ ਮੁਕੰਦਪੁਰ ੬੮

(ਲ)

੧੨. ਲਧਾਈ ਕੇ


ਨੋਟ— ਗੁਰਅਸਥ ਨਹੀਂ ਬਣਿਆ ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰ ਅਸਥਾਨ


ਨੰ: ਸਫਾ

(ਅ)

੧. ਅੰਬਾਲਾ ੭੨

(ਪ)

੨. ਪੰਜੋਖਰਾ ਸਾਹਿਬ ਜੀ ੭੨


## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰਅਸਥਾਨ


ਨੰ: ਸਫਾ

(ੳ)

੧. ਉਪਲੀ ੭੮

(ਅ)

੨. ਅੰਬਾਲਾ ੭੬

(ਸ)

੩. ਸੰਗਰ ਹੇੜੀ ੮੧
੪. ਸਮਾਣਾ ੮੪
੫. ਸੇਖਾ ੮੫


Digitized by Panjab Digital Library | www.panjabdigilib.org

| ਨੰ: | | ਸਫਾ |
|---|---|---|
| ੬. | ਸਮਰਾਉਂ | ੮੮ |
| ੭. | ਸਮਾਯਾ | ੮੯ |
| ੮. | ਸ਼ਾਹ ਪੁਰ | ੯੦ |
| ੯. | ਸ਼ਲੀ ਸਰ | ੯੨ |
| ੧੦. | ਸੋਹੀਵਾਲ | ੯੩ |
| ੧੧. | ਸਾਹਿਬ ਬਗਾ | ੯੩ |
| ੧੨. | ਸਿਆਣਾ | ੯੬ |
| ੧੩. | ਸੇਖਾ | ੯੭ |
| ੧੪. | ਸੁਹੇਵਾ | ੯੮ |
| | (ਹ) | |
| ੧੫. | ਹਰਪਾਲ ਪੁਰ | ੮੧ |
| ੧੬. | ਹੰਦਿਆਇਆ | ੮੬ |
| | (ਕ) | |
| ੧੭. | ਕਣਕ ਵਾਲ | ੭੮ |
| ੧੮. | ਕਰਾਲੀ | ੮੩ |
| ੧੯. | ਕਾਝਲਾ | ੮੫ |
| ੨੦. | ਕਟੂ | ੯੨ |
| ੨੧. | ਕੜਾ ਮਾਣਕ ਪੁਰ | ੯੪ |
| ੨੨. | ਕਰਨਾਲ | ੯੫ |
| ੨੩. | ਕਰਨਾਲ | ੯੪ |
| | (ਖ) | |
| ੨੪ | ਖਟ ਕੜ | ੮੦ |
| ੨੫ | ਖਰਕ ਭੂਗ | ੮੦ |
| ੨੬. | ਖੀਵਾ | ੮੮ |
| ੨੭ | ਖੀਵਾ ਬਡਾ | ੮੮ |
| ੨੮ | ਖਿਆਲ | ੯੮ |
| ੨੯. | ਖੜਕ | ੯੩ |
| | (ਗ) | |
| ੩੦. | ਗਾਗਾ | ੭੭ |
| ੩੧. | ਗੁਰਨੇ | ੭੮ |
| ੩੨. | ਗੋਬਿੰਦ ਪੁਰ | ੭੮ |

| ਨੰ: | | ਸਫਾ |
|---|---|---|
| ੩੩. | ਗੁਣੀਕੇ | ੮੩ |
| ੩੪. | ਗੜੀ ਨਜੀਰ | ੯੬ |
| ੩੫. | ਗੁੜ ਗਾਵਾਂ | ੯੭ |
| | (ਘ) | |
| ੩੬. | ਘਨੌੜ ਜਟਾ | ੭੭ |
| ੩੭. | ਘਰਾਚੋ | ੮੪ |
| | (ਜ) | |
| ੩੮. | ਜ਼ੰਡ ਸਰ | ੮੯ |
| ੩੯. | ਜੋਗਾ | ੮੩ |
| ੪੦ | ਜੋਤੀਸਰ | ੯੭ |
| ੪੧. | ਜਾਨਪੁਰਾ | ੯੫ |
| | (ਝ) | |
| ੪੨. | ਝੀਵਰ ਹੇੜੀ | ੯੪ |
| | (ਟ) | |
| ੪੩. | ਟਾਹਲਾ ਸਾਹਿਬ | ੯੦ |
| | (ਡ) | |
| ੪੪. | ਡਿਖ | ੯੦ |
| ੪੫. | ਢਿਲਵਾਂ | ੮੬ |
| ੪੬. | ਢੋਡੀ | ੯੪ |
| | (ਤ) | |
| ੪੭. | ਤਪਾ | ੮੭ |
| ੪੮. | ਤਲਵੰਡੀ ਸਾਬੋ | ੯੧ |
| ੪੯. | ਤਾਗਉੜੀ | ੯੪ |
| | (ਥ) | |
| ੫੦. | ਥਾਨੇਸਰ | ੯੫ |
| | (ਦ) | |
| ੫੧. | ਦੁਗਰੀ | ੭੬ |
| ੫੨. | ਦਾਦੂਮਾਜਰਾ | ੭੬ |
| ੫੩. | ਦਿੜਵਾ | ੭੭ |
| ੫੪. | ਦੋਦੜਾ | ੮੧ |
| ੫੫ | ਦੂਖ ਨਿਵਾਰਨ ਸਾਹਿਬ | ੮੨ |


Digitized by Panjab Digital Library | www.panjabdigilib.org

| ਨੰ: | | ਸਫਾ |
|---|---|---|
| ੫੬. | ਦੋਦੜਾ ਰਿਆਸਤ ਜੀਦ | ੯੭ |
| | (ਧ) | |
| ੫੭. | ਧਮਧਾਣ | ੭੯ |
| ੫੮. | ਧਲੇਉਂ | ੯੧ |
| ੫੯. | ਧੌਲਾ | ੯੩ |
| | (ਨ) | |
| ੬੦. | ਨਨਹੇੜੀ | ੭੭ |
| ੬੧. | ਨਾਗਰਾ | ੭੭ |
| ੬੨. | ਨੌਲਖਾ | ੭੭ |
| | (ਪ) | |
| ੬੩. | ਪਹੋਆ | ੯੮ |
| | (ਫ) | |
| ੬੪. | ਫਗੂਵਾਲਾ | ੮੩ |
| ੬੫. | ਫਰਵਾਹੀ | ੯੨ |
| | (ਬ) | |
| ੬੬. | ਬੂਟੀਆ | ੭੯ |
| ੬੭. | ਬਗ਼ਾ | ੭੮ |
| ੬੮. | ਬਹਿਰਜੱਖ | ੮੧ |
| ੬੯. | ਬਹਾਦਰ ਗੜ | ੮੨ |
| ੭੦. | ਬਾਣੀ ਬਦਰਪੁਰ | ੯੪ |
| ੭੧. | ਬੁਧ ਪੁਰ | ੯੪ |
| ੭੨. | ਬਾਰਾਨਾ ਸਾਹਿਬ | ੯੪ |
| | (ਭ) | |
| ੭੩. | ਭਗੜਾਨਾ | ੭੯ |
| ੭੪. | ਭੈਣੀ | ੮੬ |

| ਨੰ: | | ਸਫਾ |
|---|---|---|
| ੭੫. | ਭੰਦੇਰ | ੮੭ |
| ੭੬. | ਭੂਪਾਲਾ | ੮੭ |
| ੭੬. | ਭਿਖੀ | ੮੯ |
| | (ਮ) | |
| ੭੮. | ਮਰਦੋ | ੭੬ |
| ੭੯. | ਮਕਾਰੇਪੁਰ | ੮੦ |
| ੮੦ | ਮਡਡੂਆ | ੮੧ |
| ੮੧. | ਮੋਤੀ ਬਾਗ | ੮੨ |
| ੮੨. | ਮੰਗਵਾਲ ਵਾਲ | ੮੫ |
| ੮੩. | ਮੂਲੇਵਾਲ | ੮੫ |
| ੮੪. | ਮਕਰੋੜ | ੮੮ |
| ੮੫. | ਮੋੜ | ੯੮ |
| ੮੬. | ਮੂਨਕ | ੯੭ |
| ੮੭. | ਮੌੜ ਕਲਾਂ | ੯੮ |
| | (ਰ) | |
| ੮੮. | ਰਤਨ ਪੁਰਾ | ੭੬ |
| ੮੯. | ਰਾਜੋ ਮਾਜਰਾ | ੮੫ |
| ੯੦. | ਰਕਾਬ ਸਰ | ੮੯ |
| ੯੧. | ਰੋਹਟਾ ਸਾਹਿਬ | ੯੨ |
| ੯੨. | ਰੋਹਤਕ ਸਾਹਿਬ | ੯੬ |
| ੯੩. | ਰੋਹੜਾ | ੯੭ |
| | (ਲ) | |
| ੯੪. | ਲੇਲ ਬੜਾ | ੮੦ |
| ੯੫. | ਲੱਖਣ ਮਾਜਰਾ | ੯੬ |
| | (ਵ) | |
| ੯੬. | ਵੱਛੋਆਣਾ | ੯੭ |


## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰ ਅਸਥਾਨ

[ ਦਸਵੀਂ ਪਾਤਿਸ਼ਾਹੀ ]


| ਨੰ: | | ਸਫਾ |
|---|---|---|
| | (ਅ) | |
| ੧. | ਅਗੰਮ ਪੁਰ | ੧੨੧ |
| ੨. | ਅੰਬਾਲਾ | ੧੨੩ |
| ੩. | ਅਨੰਦ ਪੁਰ ਕਲੌਰ | ੧੨੩ |


Digitized by Panjab Digital Library | www.panjabdigilib.org

ਨੰ: ਸਫਾ

੪. ਅਨੰਦ ਪੁਰ ਛੱਡਣ ਦਾ ਕਾਰਨ ੧੨੬

੫. ਅਨੰਦ ਪੁਰ ਤੋਂ ਮਾਲਵੇ ੧੫੯

੬. ਅਟਕ ਸਾਹਿਬ ੧੬੧

੭. ਆਲਮਗੀਰ ੧੮੦

੮. ਅਜੀਤ ਗੜ ੧੯੪

੯. ਅਜੀਤ ਗਿਲ ੨੧੭

੧੦. ਅਠਤਾਲੀ ਸਿੰਘ ਜੋ ਆਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣਨ ਵਾਲਿਆ ਦੇ ਨਾਮ ੨੩੩

੧੧. ਅਨੰਦ ਪੁਰ ਅਧਾਲੇ ਗਿਦੜ ਚਾਂਬੜਾਂ ੧੪੫

੧੨. ਔਰੰਗਜੇਬ ਦੀ ਹਥ ਲਿਖਤ ਦਿਠੀ ਤੇ ਅਨੰਦ ਪੁਰ ਤੋਂ ਚਮਕੌਰ ਤਕ ਦਾ ਪ੍ਰਸੰਗ ੧੫੨

੧੩. ਅਨੰਦ ਪੁਰ ਖਾਲੀ ਕਰੌਣਾ ਤੇ ਰਾਜੇ ਭੀਮ ਚੰਦ ਦੀ ਝੜਾਈ ੧੪੨

(ਸ)

੧੪. ਸੂਲਰ ੧੨੦

੧੫. ਸੰਤੋਖ ਪੁਰ ੧੨੩

੧੬. ਸੰਪਰ ਦਵਾਂਦੇ ਮੁਖੀ ੧੨੮

੧੭. ਸ੍ਰੀ ਗੁਰੂ ਜੀ ਦੇ ਸੰਦੇਸ ੧੩੦

੧੮. ਸੁਭਾਗ ਵਿਸਾਖੀ ੧੩੧

੧੯. ਸ੍ਰੀ ਕਲਗੀ ਧਰ ਜੀ ਨਾਲ ਜੰਗ ਕਰਨ ਵਾਲੇ ੧੪੬

੨੦. ਸੰਗੋ ਵਾਲ ੧੮੦

੨੧. ਸੁਧਾਰ ੧੯੨

੨੨. ਸ੍ਰੀ ਗੁਰੂ ਜੀ ਦਾ ਰਾਏਕੋਟ ੧੯੨

੨੩. ਤੋਂ ਮੂਲੋ ਵਾਲ ਜਾਣਾ ੧੮੫

੨੪. ਸਮੀਰ ਨੇ ਸਰਾਪ ਬਖ ਸੌਣੇ ੧੯੩

ਨੰ. ਸਫਾ

੨੫. ਸਰਸਰੀ ਵਿਚਾਰ ੧੯੬

੨੬. ਸਹੀਦ ਗੰਜ ੧੯੭

੨੭. ਸ੍ਰੀ ਦਰਬਾਰ ਸਾਹਿਬ ੧੯੭

੨੮. ਸ਼ੇਰ ਗੜ ੨੦੭

੨੯. ਸੁਰਗਾ _ਰੀ ੨੦੮

੩੦. ਸੋਢੀ ਕੌਲ ਜੀ ਨੇ ਸਮੇਤ ਪ੍ਵਾਰ ਦੇ ਅੰਮ੍ਰਿਤ ਛਕਣਾ ੨੧੧

੩੧. ਸਿਤੀਏ ਵਾਲ ੨੧੫

੩੨. ਸ਼ਹੀਦ ਸਿੰਘਾ ਦਾ ਅੰਗੀਠਾ ਸਾਹਿਬ ੨੨੧

੩੩. ਸੁਨੀਅਰ ੨੨੧

੩੪. ਸਰੋਪਾਓ ੨੨੨

੩੪. ਸੋਜਾਖੇਆਣਾ ੨੨੮

੩੫. ਸ੍ਰੀ ਦਮਦਮਾ ਸਾਹਿਬ ਗੁਰੂ ਕੀ ਕਾਸੀ ਦੇ ਹੋਰ ਗੁਰੂ ਅਸਥਾਨ ੨੨੮

੩੬. ਸਰਹਿੰਦ ਦੇ ਗੁਰਅਸਥਾਨ ੨੯੩

੩੭. ਸਰਸਾ ੨੪੪

੩੮. ਸੋਹੇਵਾ ੨੪੪

੩੯. ਸੁਰਪੁਰ ੨੪੫

੪੦. ਸਤਕਾਰ ਜੋਗ ੨੪੬

੪੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ੨੫੦

੪੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਤਾਂ ਗਦੀ ੨੫੪

੪੩. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ ੨੬੨

( ਕ )

੪੪. ਕਮਾਲ ਪੁਰ ੧੮੩

੪੫. ਕੋਟ ਵਡਾ ੧੭੯

੪੬. ਕ੍ਰਿਪਾਨ ਭੇਟ ੧੭੯

੪੭. ਕਨੇਚ ੧੮੦


Digitized by Panjab Digital Library | www.panjabdigilib.org

| ਨੰ: | | ਸਫਾ |
|---|---|---|
| ੪੮. | ਕਾਲ ਝਰਾਣੀ | ੨੦੦ |
| ੪੯. | ਕਰਮਹੀਣ ਕਪੂਰਾ | ੨੦੪ |
| ੫੦. | ਕੋਟ ਕਪੂਰੇ ਤੋਂ ਢਲਮੀ ਪੁਜਣਾ | ੨੦੯ |
| ੫੧. | ਕਰਮ ਹੀਣ ਤੋਂ ਕਰਮਾਂ ਵਾਲਾ ਕਪੂਰਾ | ੨੧੨ |
| ੫੨. | ਕਟਾਰ ਸਾਹਿਬ ਗੋਲੇ ਵਾਲ | ੨੧੪ |
| ੫੩. | ਕਾਂਗੜ | ੨੨੦ |
| ੫੪. | ਕਟਾਣਾ ਸਾਹਿਬ | ੨੨੪ |
| ੫੫. | ਕਿਲਾ ਬਠਿੰਡਾ | ੨੨੫ |
| ੫੬. | ਕੈਰਾ ਸਾਹਿਬ ਕਰਨਾਲ | ੨੪੪ |
| ੫੭. | ਕਪਾਲ ਮੁਚਨ | ੧੨੦ |
| ੫੮. | ਕੋਟਲਾ | ੧੨੫ |
| ੫੯. | ਕੀਰਤ ਪੁਰ | ੧੨੫ |
| ੬੦. | ਕਸ਼ਮੀਰੀ ਪੰਡਤਾਂ ਦੀ ਫਰਿਆਦ | ੧੨੭ |
| ੬੧. | ਕਚੀ ਗੜ੍ਹੀ ਚਮਕੌਰ | ੧੬੨ |
| | ( ਖ ) | |
| ੬੨. | ਖਾਨ ਪੁਰ | ੧੨੧ |
| ੬੩. | ਖਿਦਰਾਬਾਦ | ੧੨੫ |
| ੬੪. | ਖੇੜੀ | ੧੭੭ |
| ੬੫. | ਖੁੜਾਲ ਅਕਵਰ ਵਾਲੀ | ੨੩੮ |
| | ( ਗ ) | |
| ੬੬. | ਗੋਲ ਪੁਰਾ | ੧੨੧ |
| ੬੭. | ਗੁਰ ਗਦੀ ਰਸਮ | ੧੨੭ |
| ੬੮. | ਗੁਰੂ ਸਰ ਪਤੇ | ੧੯੧ |
| ੬੯. | ਗੁਪਤ ਸਰ | ੧੯੯ |
| ੭੦. | ਗਿਦੜ ਬਾਹਾ | ੨੦੦ |
| ੭੧. | ਗੜ੍ਹ ਥੇਹ | ੨੧੫ |
| ੭੨. | ਗੁਰੂ ਸਰ | ੨੧੬ |

| ਨੰ: | | ਸਫਾ |
|---|---|---|
| | (ਗ) | |
| ੭੩ | ਗੰਗ ਸਰ | ੨੨੧ |
| ੭੪. | ਗੁਰੂ ਸਰ | ੨੨੨ |
| ੭੫. | ਗੋਬਿੰਦ ਪੁਰਾ | ੨੩੮ |
| ੭੬. | ਗੁਰ ਦਰਸਨ ਪਰਾਪਤ ਕਰਨ ਵਾਲੇ ਗੁਰ ਸਿੱਖ | ੩੦੧ |
| ੭੭. | ਗੁਰੂ ਪੰਥ ਦੇ ਚਮਕਦੇ ਗੁਰਦੁਆਰੇ | ੪੧੬ |
| | (ਘ) | |
| ੭੮. | ਘਨੌਲਾ | ੧੨੫ |
| ੭੯. | ਘੁਗਰਾਲੀ | ੧੭੯ |
| | (ਚ) | |
| ੮੦. | ਚਿੜੀਆਂ ਕੋਲੋਂ ਬਾਜ ਤੁੜਾਊ | ੧੨੪ |
| ੮੧. | ਚੰਮਕੌਰ ਸਾਹਿਬ ਜੀ ਦੇ ਗੁਰਦੁਆਰੇ | ੧੭੪ |
| ੮੨. | ਚੰਮਕੌਰ ਦੇ ਚਾਲੀ ਮੁਕਤੇ | ੧੭੬ |
| ੮੩. | ਚੰਮਿਡੇ | ੧੮੧ |
| ੮੪. | ਚਕਰ | ੧੮੧ |
| ੮੫. | ਚੰਦ ਛੋਟੇ | ੧੯੪ |
| ੮੬. | ਚੰਦ ਸਾਹਿਬ | ੨੦੦ |
| ੮੭. | ਚਕ ਫ਼ਤੇ ਸਿੰਘ | ੨੦੨ |
| ੮੮. | ਚੋਆ ਸਾਹਿਬ | ੨੩੭ |
| | (ਛ) | |
| ੮੯. | ਛੋਟੇ ਘਲ | ੧੯੪ |
| | (ਜ) | |
| ੯੦. | ਜਗਾਧਰੀ | ੧੨੯ |
| ੯੧. | ਜਸੋਵਾਲ | ੧੮੦ |
| ੯੨. | ਜਾਗਰਤਸਰ ਸ਼ੇਰ ਪੁਰਾ ਕਲਾਂ | ੧੭੮ |
| ੯੩. | ਜੰਡ ਸਾਹਿਬ | ੨੦੦ |
| ੯੪. | ਜੋੜ | ੨੦੩ |


Digitized by Panjab Digital Library | www.panjabdigilib.org

| ਨੰ: | | ਸਫ਼ਾ |
|---|---|---|
| ੯੫. | ਜੰਡ ਸਾਹਿਬ | ੨੧੫ |
| ੯੬. | ਜੋੜ | ੨੧੯ |
| ੯੭ | ਜੋੜ | ੨੨੩ |
| ੯੮. | ਜੰਗੀਰਾਣਾ | ੨੩੭ |
| ੯੯. | ਜੋੜ | ੨੪੨ |
| ੧੦੦. | ਜੋਤੀਸਰ ਕਰਨਾਲ | ੨੪੩ |
| ੧੦੧. | ਜੋੜ | ੨੪੫ |
| ੧੦੨. | ਜੋੜ | ੨੪੭ |
| ੧੦੩. | ਜੁਗ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੨੫੧ |
| | (ਟ) | |
| ੧੦੩. | ਟੋਕਾ ਸਾਹਿਬ | ੧੨੦ |
| ੧੦੪. | ਟੋਡਾ | ੧੨੦ |
| ੧੦੫. | ਟਿਬਾ | ੧੮੦ |
| ੧੦੬. | ਟਾਹਲਾ ਸਾਹਿਬ | ੧੮੧ |
| ੧੦੮. | ਟਿਬੀ ਸਾਹਿਬ | ੧੯੭ |
| ੧੦੯. | ਟਿਬੀ ਸਾਹਿਬ | ੨੨੧ |
| ੧੧੦. | ਟਾਹਲਾ ਸਾਹਿਬ | ੨੩੮ |
| | (ਠ) | |
| ੧੧੧. | ਠੀਕਰੀ ਵਾਲਾ | ੨੩੫ |
| | (ਢ) | |
| ੧੧੨. | ਢਕੌਲੀ ਕਲਸੀਆਂ | ੧੨੨ |
| | (ਤ) | |
| ੧੧੩. | ਤੁਰਕ ਰਾਜ ਦੀਆਂ ਜੜ੍ਹਾਂ ਪਟਣੀਆਂ | ੧੮੪ |
| ੧੧੪. | ਤੰਬੂ ਸਾਹਿਬ | ੧੯੭ |
| ੧੧੫. | ਤਸਿੰਬਲੀ ਸਬਾਹਿਆ ਦੀ | ੨੩੭ |
| | (ਦ) | |
| ੧੧੬. | ਦੀਦਾਰ ਸਰ | ੧੨੪ |
| ੧੧੭. | ਦੁਘਰੀ | ੧੨੫ |
| ੧੧੮. | ਦੋਦਾ ਸਾਹਿਬ | ੨੦੨ |
| ੧੧੯. | ਦੋਦੇ ਵਾਲਾ | ੨੧੬ |
| ੧੨੦. | ਦਿਆਲ ਪੁਰਾ | ੨੨੦ |
| ੧੨੧. | ਦੋਰਾਹਾ | ੨੨੪ |
| ੧੨੨. | ਦਸੋ ਪਾਤਿਸ਼ਾਹੀਆਂ ਦਾ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ | ੨੪੯ |
| | (ਨ) | |
| ੧੨੩. | ਨਨਹੇੜਾ | ੧੨੧ |
| ੧੨੪. | ਨਿਰਮੋਹ ਗੜ੍ਹ | ੧੬੦ |
| ੧੨੫. | ਨਾਨਕ ਸਰ ਤਖਤੂਪੁਰਾ | ੧੯੦ |
| ੧੨੬. | ਨਾਗੇ ਦੀ ਸਰਾਂ | ੧੯੯ |
| ੧੨੭. | ਨਾਡਾ ਸਾਹਿਬ | ੨੩੭ |
| ੧੨੮. | ਨਿਹੰਗ ਸਿੰਘ ਸਾਹਿਬ ਜੀ | ੪੩੬ |
| | (ਪ) | |
| ੧੨੯. | ਪਟਣੇ ਸਾਹਿਬ ਜੀ ਤੋਂ ਅਨੰਦ ਪੁਰ | ੧੧੯ |
| ੧੩੦. | ਪਹਾੜੀ ਰਾਜਿਆ ਨੂੰ ਘਬਰਾਹਟ | ੧੨੯ |
| ੧੩੧. | ਪੁਆਤ | ੧੭੮ |
| ੧੩੨. | ਪਾਕਾ ਸਾਹਿਬ | ੧੯੦ |
| ੧੩੩. | ਪ੍ਰੇਮ ਸਿੰਘ ਧਰਮ ਸਿਘ | ੧੯੩ |
| ੧੩੪. | ਪਕਾ– | ੨੩੫ |
| ੧੩੫. | ਪਹੋਆ | ੨੪੩ |
| | (ਫ) | |
| ੧੩੬. | ਫਲਾਹੀ ਸਾਹਿਬ ਜੀ | ੧੮੦ |
| ੧੩੭. | ਫਤੇ ਗੜ੍ਹ ਸਾਹਿਬ। | ੨੩੯ |
| | (ਬ) | |
| ੧੩੮. | ਬਰਗਾੜੀ | ੨੦੫ |
| ੧੩੯. | ਬੋਲੀ ਸਾਹਿਬ | ੨੧੪ |
| ੧੪੦. | ਬਹਿਵਾਲ | ੨੧੫ |
| ੧੪੧. | ਬਰਸਰ ਜਸੀ | ੨੨੬ |


Digitized by Panjab Digital Library | www.panjabdigilib.org

| ਨੰ: | | ਸਫਾ |
|---|---|---|
| ੧੪੨. | ਬੰਗਹੇਰਾ | ੨੩੭ |
| ੧੪੩. | ਬੂੜੀਆਂ | ੧੨੦ |
| ੧੪੪. | ਬੇਰੀ ਸਾਹਿਬ ਮੀਲੋਆਣੀ | ੧੮੩ |
| ੧੪੫. | ਬਸੀਆ | ੧੮੬ |
| ੧੪੬. | ਬਬੀਹਾ ਭਾਈ | ੧੯੩ |
| ੧੪੭. | ਬਜੀਦ ਪੁਰਾ | ੧੯੪ |
| ੧੪੮. | ਭਾਗੀ ਬਾਂਦਰ | ੨੩੦ |
| ੧੪੯. | ਭਾਦਰਾ | ੨੪੫ |
| ੧੫੦. | ਭੂਸਬਲਾ | ੧੧੯ |
| ੧੫੧ | ਭਠਾ ਸਾਹਿਬ | ੧੬੧ |
| ੧੫੨. | ਭਾਣੋ ਖੇੜੀ | ੧੭੭ |
| ੧੫੩. | ਭਮੀਪੁਰਾ | ੧੮੬ |
| ੧੫੪. | ਭੁਲਰ | ੧੯੯ |
| ੧੫੫. | ਭੁਚੋ | ੨੦੨ |
| ੧੫੬. | ਭਗਤਾ | ੨੦੪ |
| ੧੫੭. | ਭੁਲੇ ਸਿਖ ਗੁਰੂ ਸਮਜਾਇ | ੨੧੧ |
| ੧੫੮. | ਭੋਖੜੀ (ਹਰਿਰਾਇ ਪੁਰ) | ੨੧੬ |
| ੧੫੯. | ਭਾਗੂ | ੨੨੬ |
| | (ਮ) | |
| ੧੬੦. | ਮਰਦੋ ਸਾਹਿਬ | ੧੯੧ |
| ੧੬੧. | ਮਾਣਕ ਟਾਬਰਾ | ੨੧੧ |
| ੧੬੨. | ਮਰੰਡਾ | ੧੭੬ |
| ੧੬੩. | ਮਾਛੀਵਾੜਾ | ੧੭੭ |
| ੧੬੩. | ਮੋਹੀ | ੧੮੨ |
| ੧੬੫. | ਮਲਾ | ੧੮੩ |
| ੧੬੬. | ਮਾਲਵੇ ਦੇ ਧਰਤੀਨੂੰ ਭਾਗ | ੧੮੭ |
| ੧੬੭. | ਮਲਣ | ੧੯੪ |
| ੧੬੮. | ਮੁਕਤਸਰ ਸਾਹਿਬ | ੧੯੫ |
| ੧੬੯. | ਮਹਿਮਾ ਸਿੰਘ ਵਾਲਾ | ੧੯੫ |
| ੧੭੦. | ਮਲੂਕਾ | ੨੧੭ |
| ੧੭੧. | ਮਾਣੂਕਾ | ੨੨੫ |
| ੧੭੨. | ਮਾਈ ਜਸੀ ਦਾ ਗੁੜ | ੨੨੭ |

| ਨੰ: | | ਸਫਾ |
|---|---|---|
| ੧੭੨. | ਮੱਧ ਸਿੰਘ ਗਣਾ | ੨੨੭ |
| ੧੭੩. | ਮੋਕੇ ਤੋਂ ਭਰਸੋਂ ਏਕ ਗੁਬ | ੨੪੪ |
| ੧੭੪. | ਮਹਾਰਾਜਾ ਪੈ | ੨੫੮ |
| ੧੭੫. | ਮਾਲਵੇ ਦੇਸ ਵਿਚ ਦਸੋਂ ਗੁਰੂ ਸਾਹਿਬ ਦੀਆਂ ਬਖਸ਼ਾ | ੩੯੨ |
| ੧੭੬. | ਮਾਰਿਆ ਛਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ | ੪੨੫ |
| ੧੭੭. | ਨਿਹੰਗ ਸਿੰਘ ਸਾਹਿਬ ਜੀ | ੪੩੬ |
| | (ਰ) | |
| ੧੭੮. | ਰਸਤੇ ਤੇ ਪੜਾਓ | ੧੨੧ |
| ੧੭੯. | ਰਾਣੀ ਕਾ ਰਾਇਪੁਰ | ੧੨੨ |
| ੧੮੦. | ਰਾਜੋਆਣਾ | ੧੮੩ |
| ੧੮੧. | ਰਾਏਕੋਟ | ੧੮੩ |
| ੧੮੨. | ਰਿਕਾਬ ਸਰ | ੧੯੭ |
| ੧੮੩. | ਟੁਪਾਣਾਂ | ੧੯੮ |
| ੧੮੪. | ਰਖਵਾਲਾ ਸਾਹਿਬ | ੨੦੧ |
| ੧੮੫. | ਰਾਮ ਸਰ | ੨੧੪ |
| ੧੮੬. | ਰਾਮੇਆਣਾ | ੨੧੮ |
| ੧੮੭. | ਰਾਜ ਗੜ੍ਹ | ੨੨੨ |
| ੧੮੮. | ਰੇਰੂ ਸਾਹਿਬ | ੨੨੪ |
| ੧੮੯. | ਰਤਨ ਹਾਜੀ | ੨੨੫ |
| ੧੯੦. | ਰਾਜ ਪਟਿਆਲੇ ਦੀ ਅਣਗਹਿਲੀ | ੨੩੫ |
| ੧੯੧. | ਰਾਣੋ ਮਾਜਰਾ | ੨੩੯ |
| | ( ਲ ) | |
| ੧੯੨. | ਲਾਹੜਪੁਰ (ਕਲਸੀਆ) | ੧੨੨ |
| ੧੯੩. | ਲੁਧਿਆਣਾ | ੧੭੭ |
| ੧੯੪. | ਲੁਧਿਆਣਾ | ੧੮੨ |
| ੧੯੫. | ਲੰਮੇ | ੧੮੬ |
| ੧੯੬. | (ਲੋਹਗੜ੍ਹ ਸਾਹਿਰ ਦੀਨਾ) | ੧੯੧ |
| ੧੯੭. | ਲਖੀ ਜੰਗਲ | ੨੧੭ |
| ੧੯੮. | ਲੰਭ ਵਾਲੀ | ੨੧੮ |


Digitized by Panjab Digital Library | www.panjabdigilib.org

| ਨੰ: | | ਸਫ਼ਾ |
|---|---|---|
| ੧੯੮. | ਲੱਲ ਸਾਹਿਬ (ਬਡਾ) | ੨੮੨ |
| | ( ਵ ) | |
| ੧੯੯. | ਵਿਚਾਰਾਂ | ੨੮੪ ਤੋਂ ੨੭੩) |
| ੨੦੦. | ਵਾਲੀ ਪ੍ਰੀਤਮ ਦਾ ਅਨੰਦ ਪੁਰ ਆਉਣਾ | ੪੨੩ |


## ਗੁਰੂ ਸਾਹਿਬਾਨ ਦੇ ਮੁਖੀ ਸਿਖ


| | | |
|---|---|---|
| ੧. | ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਾਚੀਨ ਸਿੱਖ | ੨੭੪ |
| ੨. | ਭਾਈ ਗੁਰਦਾਸ ਦੀਆਂ ਵਾਰਾਂ ਵਾਲੇ ਸਿਖ | ੨੯੪ |
| ੩. | ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖੀ ਸਿੱਖ | ੩੦੨ |
| ੪. | ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮੁਖੀ ਸਿੱਖ | ੩੦੨ |
| ੫. | ਸ੍ਰੀ ਗੁਰੂ ਅਮਰ ਦੇਵ ਜੀ ਦੇ ਮੁਖੀ ਸਿੱਖ | ੩੦੪–੧੦ |
| ੬. | ਸ੍ਰੀ ਗੁਰੂ ਰਾਮਦਾਸ ਜੀ ਦੇ ਮੁਖੀ ਸਿੱਖ | ੩੧੦ |
| ੭. | ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਖੀ ਸਿੱਖ | ੩੧੩ |
| ੮. | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਖੀ ਸਿੱਖ | ੩੩੧ |
| ੯. | ਸ੍ਰੀ ਗੁਰੂ ਹਰਰਾਇ ਸਾਹਿਬ ਜੀ ਦੇ ਮੁਖੀ ਸਿੱਖ | ੩੪੪ |
| ੧੦. | ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਜੀ ਦੇ ਮੁਖੀ ਸਿੱਖ | ੩੪੭ |
| ੧੧. | ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮੁਖੀ ਸਿੱਖ | ੩੪੯ |
| ੧੨. | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਖੀ ਸਿੱਖ | ੩੫੭ |


## ਮਹਾਨ ਸਿਖ ਦੇਵੀਆਂ


| | |
|---|---|
| ਜੁਗਾਂ ਦੀ ਪਛੜੀ ਹੋਈ | ੪੫੩ |
| ਸੋ ਕਿਉ ਮੰਦਾ ਆਖੀਐ | ੪੫੮ |
| ਇਸਤਰੀ ਕਾਂਡ | ੪੫੬ |
| ਬੇਬੇ ਨਾਨਕੀ ਜੀ | ੪੫੮ |
| ਬੀਬੀ ਅਮਰੋ ਜੀ | ੪੫੯ |
| ਬੀਬੀ ਭਾਨੀ ਜੀ | ੪੬੧ |
| ਬੀਬੀ ਰਜਨੀ ਜੀ | ੪੬੩ |
| ਬੀਬੀ ਬੀਰੋ ਜੀ | ੪੬੪ |
| ਇਕ ਬਚਿਤ੍ਰ ਜੀਵਨ | ੪੬੫ |
| ਮਾਤਾ ਗੁਜਰੀ ਜੀ | ੪੭੦ |
| ਮਾਤਾ ਸਾਹਿਬ ਦੇਵਾਂ ਜੀ | ੪੭੧ |
| ਰਾਣੀ ਦੀ ਬਹਾਦਰੀ | ੪੭੩ |
| ਬੀਬੀ ਹਰਸ਼ਰਨ ਕੌਰ | ੪੭੫ |
| ਬੀਬੀ ਦੀਪ ਕੌਰ | ੪੭੯ |
| ਬੀਬੀ ਸਰਨ ਕੌਰ | ੪੮੨ |
| ਮਾਤਾ ਭਾਗ ਕੌਰ ਜੀ | ੪੮੩ |
| ਮਾਈ ਭਟੀ ਦੀ ਸੇਵਾ | ੪੯੧ |
| ਮਾਈ ਗੁਰਦੇਵੀ | ੪੯੨ |
| ਬੀਬੀ ਬਸੰਤ ਕੌਰ | ੪੯੩ |
| ਸਿਦਕ ਵਾਨ ਸਿੰਘਣੀਆਂ | ੪੯੫ |
| ਮੁਲਾਂ ਪੁਰ | ੪੯੭ |
| ਲਾਹੌਰ ਦੀ ਜੇਲ੍ਹ | ੫੦੩ |


Digitized by Panjab Digital Library | www.panjabdigilib.org

ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ ੫੦੪
ਸ਼ਹੀਦ ਗੰਜ ਦੀ ਅਹਿਮੀਅਤਿ ੫੦੫
ਮਾਤਾ ਲਡਿਕੀ ਜੀ ੫੦੬
ਬੀਬੀ ਪ੍ਰਧਾਨ ਜੀ ੫੦੭
ਬੀਬੀ ਰਾਜ ਕੌਰ ਜੀ ੫੧੩
ਬੀਬੀ ਸਾਹਿਬ ਕੌਰ ਪਟਿਆਲਾ ੫੧੪
ਮਰਹਟਿਆਂ ਦੀ ਚੜ੍ਹਾਈ ੫੧੯
ਮੈਦਾਨੇ ਜੰਗ ਦਾ ਨਜ਼ਾਰਾ ੫੨੦
ਬੀਬੀ ਮਾਨ ਕੌਰ ੫੨੩
ਬੀਬੀ ਰਾਮ ਰਖੀ (ਸਤੀ) ੫੨੭
ਮਾਈ ਕਿਸ਼ਨ ਕੌਰ ੫੩੦
ਬੀਬੀ ਮਾਨ ਕੌਰ (ਰਾਮੇਆਣਾ) ੫੩੭
ਇਕ ਬੀਬੀ ਦੀ ਸਮੇਤ ਪੁਤਰ ਦੇ ਕੁਰਬਾਨੀ ੫੩੯
ਇਕ ਹੋਰ ਬੀਬੀ ਦੀ ਅਚੰਭੇ ਵਾਲੀ ਉਦਾਰਤਾਈ ੫੪੦
ਬੀਬੀ ਹਰਨਾਮ ਕੌਰ ਚੌਹਦਰੀ ਵਾਲਾ ੫੪੦
ਬੇਬੇ ਭਾਨ ਕੌਰ ਜੀ ਛੀਨੀਵਾਲ ੫੪੩
ਮਾਤਾ ਕਿਸ਼ਨ ਕੌਰ ਗਾਲਬ ੫੪੫
ਬੀਬੀ ਹਰਪ੍ਰਕਾਸ਼ ਕੌਰ ਸਿਧਵਾਂ ਖ਼ੁਰਦ ੫੪੭
੧੯੪੭ ਦੀਆਂ ਸ਼ਹੀਦ ਬੀਬੀਆਂ ੫੫੨
ਬੀਬੀ ਨੰਦ ਕੌਰ (ਧੰਮਾਲੀ) ੫੫੯
ਕਿਸ਼ਨ ਪੁਰੇ ਦੀਆਂ ਬਹਾਦਰ ਬੀਬੀਆਂ ੫੫੮
ਬੀਬੀ ਹਰਨਾਮ ਕੌਰ ਤੇ ਮਲਕ ਦੀਆਂ ਬੀਬੀਆਂ ੫੬੧

## ਮਾਲਵੇ ਵਿਚ ਇਤਿਹਾਸਕ ਯਾਦਗਾਰਾਂ

੪੦੨ ਤੋਂ ੪੧੫ ਤਕ

ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ ੪੨੫
ਗੁਰੂ ਪੰਥ ਦੇ ਚਮਕਦੇ ਗੁਰਦੁਆਰੇ ੪੧੬ ਤੋਂ ੪੨੪ ਤਕ
ਗੁਰੂ ਪਿਆਰਾ ਨਿਹੰਗ ਸਾਹਿਬ ਚਲਦਾ ਬਹੀਰ ੪੩੬
ਗੁਰੂ ਪੰਥ ੪੪੨

—o—

Digitized by Panjab Digital Library | www.panjabdigilib.org

੧ ੴ ਵਾਹਿਗੁਰੂ ਜੀ ਕੀ ਫਤਹਿ ।

# ਮਾਲਵਾ ਇਤਿਹਾਸ ਦੀ ਭੂਮਿਕਾ

੧. ਕੋਈ ਭੀ ਗ੍ਰੰਥ ਲਿਖਣਾ ਹੋਵੇ ਤਾਂ ਉਸਦੇ ਵਿਸ਼ੇ ਪ੍ਰਯੋਜਨ ਅਤੇ ਅਧਿਕਾਰੀ ਆਦਿ ਦਾ ਕਥਨ ਮੁੱਢ ਵਿਚ ਕਰਨਾ ਅਵੱਸ਼ਕ ਹੁੰਦਾ ਹੈ, ਤਾਕਿ ਪੜ੍ਹਨ ਸੁਣਨ ਵਾਲੇ ਦੀ ਉਸ ਵਿਚ ਬੇਰੋਕ ਪ੍ਰਵਿਰਤੀ ਹੋ ਸਕੇ। ਇਸ ਨਿਆਇ ਤੇ ਮਾਲਵੇ ਦਾ ਉਕਤ ਇਤਿਹਾਸ ਦੇ ਵਿਸ਼ੇ ਆਦਿ ਦਾ ਕਥਨ ਹੇਠ ਲਿਖੇ ਅਨੁਸਾਰ ਹੈ :—

੨. ਮਾਲਵੇ ਦੇ ਇਤਿਹਾਸ ਦੇ ਤਿੰਨ ਅੰਸ ਹਨ —(ੳ) ਮਲਵਈ ਭਾਸ਼ਾ ਦਾ ਇਤਿਹਾਸ (ਅ) ਮਾਲਵੇ ਦਾ ਪੰਥਕ ਇਤਿਹਾਸ ਅਤੇ (ੲ) ਮਾਲਵੇ ਦਾ ਰਾਜਨੀਤਕ (ਮੁਲਕੀ) ਇਤਿਹਾਸ। ਸੋ ਇਸਦੀ ਭਾਸ਼ਾ ਦੇ ਇਤਿਹਾਸ ਦੇ ਅਧਿਕਾਰੀ ਕੇਵਲ ਉਚ ਕੋਟੀ ਦੇ ਵਿਦ੍ਵਾਨ ਅਤੇ ਖੋਜੀ ਸੱਜਨ ਹੀ ਹੋਣ ਕਰਕੇ ਏਸਦੀ ਭਾਸ਼ਾ ਦਾ ਇਤਿਹਾਸ ਸੰਖੇਪ ਜਿਹਾ (ਦਿਸ਼ਾ ਦਰਸ਼ਨ ਮਾਤ੍ਰ) ਲਿਖਿਆ ਗਿਆ ਹੈ। ਜੋ ਕਿ ਯਥਾਰਥ ਅਤੇ ਨਵੀਂ ਕਾਢ ਹੋਣ ਕਰਕੇ ਅਪਣੇ ਆਪ ਵਿਚ ਬੜੀ ਅਮੋਲਕ ਅਤੇ ਖੋਜੀਆਂ ਲਈ ਲਾਭਦਾਇਕ ਵਸਤ ਹੈ। ਪੰਥਕ ਇਤਿਹਾਸ (ਭਿੰਨ ਭਿੰਨ ਮਤ ਮਤਾਂਤਰਾਂ, ਲਹਿਰਾਂ, ਅਤੇ ਘਟਨਾਵਾਂ ਦਾ ਇਤਿਹਾਸ) ਦੇ ਅਧਿਕਾਰੀ ਪਾਠਕ ਤੇ ਸ੍ਰੋਤੇ ਹੋਣ ਕਰਕੇ ਕੁਝ ਖੋਲ੍ਹ ਕੇ ਲਿਖਿਆ ਹੈ ਅਤੇ ਰਾਜਸੀ ਇਤਿਹਾਸ ਜਿਸ ਵਿਚ ਵੈਦਿਕ ਸਮੇਂ ਤੋਂ ਲੈਕੇ ਅਜ ਤਕ ਦੇ ਰਾਜ ਘਰਾਣੇ, ਰਾਜੇ, ਕੌਮਾਂ, ਤਅਲਕੇ, ਇਤਿਹਾਸਕ ਅਤੇ ਪ੍ਰਸਿਧ ੨ ਨਗਰਾਂ ਦਾ ਇਤਿਹਾਸ ਹੈ, ਉਹ ਸਰਬ ਸਾਧਾਰਨ ਜਨਤਾ ਲਈ ਜ਼ਰੂਰੀ ਹੋਣ ਦੇ ਕਾਰਣ ਵਿਸਤਾਰ ਨਾਲ ਲਿਖਿਆ ਹੈ। ਜਿਸ ਦਾ ਠੀਕ ਵੇਰਵਾ ਅਤੇ ਸ੍ਵਾਦ ਉਸ ਦੇ ਪੜ੍ਹਨ ਤੋਂ ਹੀ ਮਿਲ ਸਕਦਾ ਹੈ।

ਏਸ ਦਾ ਪ੍ਰਯੋਜਨ ਸਰਬ ਸਾਧਾਰਣ ਜਨਤਾ ਤੋਂ ਬਿਨਾਂ ਵਿਸ਼ੇਸ਼ ਕਰਕੇ ਉਨ੍ਹਾਂ ਮਲਵਈ ਨਸਲ ਦੀ ਪਨੀਰੀ ਆਪਣੇ ਹੀ ਅਲੂੰਏਂ ਤੇ ਅਲੜ੍ਹ ਨੌ-ਨਿਹਾਲ ਬਚਿਆਂ ਨੂੰ ਸਬੋਧ ਕਰਨਾ ਹੈ, ਜੋ ਪੱਛਮੀ ਵਿਦਿਆ ਦੇ ਚੁੰਧਿਆਏ ਹੋਏ ਅਤੇ ਬਿਦੇਸ਼ੀ ਅੰਨ੍ਹੇਰੀ ਦੇ ਫੰਡੇ ਹੋਏ ਆਪ ਨੂੰ ਬਹੁਤ ਬੜੇ ਵਿਦ੍ਵਾਨ ਅਤੇ ਖੋਜੀ ਮੰਨ ਕੇ ਅਪਣੀ ਭਾਸ਼ਾ, ਅਪਣੀ ਸਭਯਤਾ ਅਤੇ ਆਪਣੀ ਪਿਤਰੀ (ਭਾਰਤ) ਭੂਮੀ ਦੀ ਗੌਰਵਤਾ ਤੋਂ ਉੱਕੇ ਹੀ ਅਣਜਾਣ ਹੋਣ ਕਰਕੇ ਉਨ੍ਹਾਂ ਉਭੜਵਾਇਆਂ ਵਾਂਗ ਭਮੱਤ੍ਰੇ ਹੋਏ ਫਿਰਦੇ ਹਨ, ਜਿਨ੍ਹਾਂ ਨੂੰ ਭੋਰਾ ਕੁ ਜਾਗੋ ਮੀਟੀ ਆਉਣ ਤੋਂ ਗਾੜ੍ਹੀ ਨੀਂਦ ਵਿਚ ਲੱਭੇ ਹੋਏ ਖਜ਼ਾਨੇ ਅਤੇ ਤਤਕਾਲਕ ਕਲਪਿਤ ਸੁਪਨ ਮਨੋਰਥ ਅੱਖ ਦੇ ਇਕ ਫੋਰੇ ਵਿਚ ਹੀ ਛਾਈਂ ਮਾਈਂ ਹੋ ਜਾਂਦੇ ਹਨ। ਅਰਥਾਤ ਜਿਨ੍ਹਾਂ ਤੇ ਬਿਦੇਸ਼ੀ ਵਿਦਿਆ, ਵਿਦੇਸ਼ੀ ਸਭਿਯਤਾ ਅਤੇ ਬਿਦੇਸ਼ੀ ਪਿਆਰ ਦਾ ਖਰਾਦ ਚੜ੍ਹਿਆ ਹੋਣ ਕਰ ਕੇ ਉਹ ਭਾਰਤੀ ਮਨੁਖਤਾ ਤੋਂ ਬੇ ਮੁਖ ਹੋ ਚੁਕੇ ਹਨ ਜੋ ਅਪਣੇ ਧਰਮ ਅਤੇ ਸੱਭ੍ਯਤਾ ਦੇ ਵੈਰੀ ਹਨ ਜੋ ਅਪਣੀ ਭਾਸ਼ਾ ਦਾ ਭੀ

Digitized by Panjab Digital Library | www.panjabdigilib.org

ਸਤਿਆਨਾਸ ਕਰ ਚੁਕੇ ਹਨ, ਜਿਨ੍ਹਾਂ ਦੇ ਮਨ ਵਿਚ ਅਪਣੇ ਵਡਕਿਆਂ ਦੇ ਧਰਮ, ਧੁਰਵੇ, ਅਣਖ ਅਤੇ ਗੌਰਵਤਾ ਦੀ ਰੰਚਕ ਭੀ ਕਦਰ ਨਹੀਂ ਹੈ, ਜਿਨ੍ਹਾਂ ਨੂੰ ਅਪਣੇ ਸਕੇ ਪਿਉ ਦਾਦਿਆਂ ਦਾ ਭੀ ਅਦਬ ਨਹੀਂ, ਜਿਨ੍ਹਾਂ ਨੂੰ ਆਪਣੀਆਂ ਨਿਜ ਦੀਆਂ ਮਾਵਾਂ ਭੈਣਾਂ ਦੀ ਇਜ਼ਤ ਦੀ ਪ੍ਰਵਾਹ ਨਹੀਂ ਹੈ, ਜਿਨ੍ਹਾਂ ਨੂੰ ਅਪਣੇ ਦੇਸ ਅਤੇ ਵਡਾਰੂਆਂ ਦੇ ਜਾਨ ਮਾਲ ਦਾ ਭੋਰਾ ਭੀ ਸਰਫਾ ਨਹੀਂ ਹੈ, ਜਿਨ੍ਹਾਂ ਦਾ, 'ਇਹ ਜਗ ਮਿਠਾ ਅਗਲਾ ਕਿਨਿ ਡਿਠਾ?' ਇਹ ਮਨੌਤੀ ਮਸਲਾ ਬਣ ਚੁਕਿਆ ਹੈ, ਜਿਨ੍ਹਾਂ ਨੇ ਮਨੁਖਾ ਜਨਮ ਦੀ ਦਾਤ ਨੂੰ ਧੱਕ ਕੇ ਕਾਵਾਂ ਕੁਤਿਆਂ ਵਾਂਗ 'ਰੋਟੀ ਕਾ ਸਵਾਲ–ਰੋਟੀ ਕਾ ਸਵਾਲ' ਇਹ ਆਪਣਾ ਦੀਖਿਆ ਮੰਤ੍ਰ ਬਣਾ ਲਿਆ ਹੈ; ਅਤੇ ਜਿਹੜੇ ਲੀਡਰੀ ਦਾ ਬੁਰਕਾ ਪਾਕੇ ਜਨਤਾ ਦੇ ਹੀ ਖਰਚ ਤੋਂ ਸਣੇ ਆਪਦੇ ਧੁਰ ਨਰਕ ਦਾ ਟਿਕਟ ਲੈ ਚੁਕੇ ਹਨ ਅਥਵਾ ਟਾਵੇਂ ੨ ਵਡਭਾਗੀ ਸਜਨ ਜੋ ਕੋਈ ਅਪਣੀ ਮਾਤ੍ਰੀ ਭਾਸ਼ਾ (ਮਿਸ਼ਟ ਭਾਸ਼ਾ, ਮਲਵਈ ਭਾਸ਼ਾ) ਮਾਤ੍ਰੀ ਭੂਮੀ ਅਤੇ ਮਲਵਈ ਸਭਯਤਾ ਨੂੰ ਕਲਿਆਣ ਕਾਰੀ ਦੇਵੀਆਂ ਸਮਝ ਕੇ ਇਨ੍ਹਾਂ ਦੇ ਦਰਸਨ ਪਰਸਨ ਕਰਦੇ ਹੋਏ ਸ੍ਵੈ ਕਲਿਆਣ ਦੀ ਜਗਿਆਸਾ ਰਖਦੇ ਹਨ, ਉਨ੍ਹਾਂ ਦੇ ਅਭਿਨੰਦਨ ਲਈ ਏਸ ਰਚਨਾ ਦਾ ਪ੍ਰਯੋਜਨ ਹੈ।

ਚੇਤੇ ਰਹੇ–ਭਾਰਤ ਦਾ ਇਤਿਹਾਸ ਕੁਲ ਦੁਨੀਆਂ ਦੀਆਂ ਨਸਲਾਂ ਅਤੇ ਭੂਮੀਆਂ ਦਾ ਇਤਿਹਾਸ ਹੈ, ਅਤੇ ਮਾਲਵਾ ਸਮੂਹ ਭਾਰਤ ਦਾ ਵਡਕਾ ਹੋਣ ਕਰਕੇ ਇਸ ਨਾਲ ਸਮੂਹ ਭਾਰਤ ਦੇ ਇਤਿਹਾਸ ਦਾ ਸੰਬੰਧ ਹੈ, ਇਸ ਕਰਕੇ ਏਸ ਦੀ ਰਚਨਾ ਦਾ ਪ੍ਰਯੋਜਨ ਅਤੇ ਅਧਿਕਾਰ ਸਮੂਹ ਭਾਰਤ ਵਾਸੀਆਂ ਦੀ ਗਿਆਤ ਲਈ ਸਮਝਣਾ ਚਾਹੀਏ ਜਿਸਦਾ ਸਬੂਤ ਏਸ ਦੇ ਪੜ੍ਹਨ ਤੋਂ ਹੀ ਮਿਲ ਸਕਦਾ ਹੈ।

ਸੋ ਇਨ੍ਹਾਂ (ਪੂਰਬੋਕਤ) ਤਿਹਾਂ ਗੱਲਾਂ ਨੂੰ ਏਸ ਭੂਮਿਕਾ ਵਿਚ ਪ੍ਰਯੋਜਨੀ ਸ਼ਬਦ ਅਤੇ ਧੰਨਵਾਦ ਦੇ ਰੂਪ ਵਿਚ ਸੰਗਤਾਂ ਦੀ ਭੇਟਾ ਕੀਤਾ ਗਿਆ ਹੈ। ਅਤੇ ਅੱਗੇ ਵਡੇ ਗ੍ਰੰਥਾਂ ਵਿਚ ਏਸ ਦੇ ਵਿਸ਼ੇ ਵਿਸਥਾਰ ਨਾਲ ਵਰਣਨ ਕੀਤੇ ਗਏ ਹਨ, ਜੋ ਗੁਰ ਅਸਥਾਨ, ਵਿਅਕਤੀ ਕਾਂਡ, ਲਹਿਰਾਂ ਦਾ ਇਤਿਹਾਸ, ਘਟਨਾਵਾਂ ਦਾ ਵਰਣਨ, ਦੀਵਾਨਾਂ ਅਤੇ ਆਸ਼ਰਮਾਂ ਦੀ ਅਸਥਾਪਨਾ ਆਦਿ ਪੰਥਕ ਇਤਿਹਾਸ ਅਤੇ ਰਾਜਸੀ ਇਤਿਹਾਸ ਆਦਿ ਭੇਦ ਤੇ ੧੪ ਕਾਂਡਾਂ ਵਿਚ ਉਕਤ ਵਿਸ਼ਾਲ ਗ੍ਰੰਥ ਸਮਾਪਤ ਕੀਤਾ ਗਿਆ ਹੈ।

## ਪ੍ਰਯੋਜਨੀ ਸ਼ਬਦ

ਪਰਮ ਪਾਵਨ ਅਤੇ ਪਰਮ ਪੁਰਾਤਨ ਵੀਰ ਭੂਮੀ–ਗੁਰੂ ਕਾ ਮਾਲਵਾ ਸਮੂਹ ਆਰਯਾ ਜਾਤੀਆਂ ਦਾ ਵਡਕਾ ਹੋਣ ਕਰਕੇ ਏਸ ਦੀ ਗੋਦ ਵਿਚ ਹੀ ਸਭ ਆਦਮ ਜਾਤੀਆਂ ਪਲੀਆਂ ਅਤੇ ਏਸ ਦੀ ਛਤਰ ਛਾਇਆ ਹੇਠ ਹੀ ਵਿਦਿਆ, ਭਾਸ਼ਾ ਅਤੇ ਸੰਪੱਤੀ ਦੀ ਬ੍ਰਿਧੀ ਹੋਣ ਕਰਕੇ ਸਭਨਾਂ ਤੋਂ ਪਹਿਲਾਂ ਇਥੇ ਹੀ ਬੜੇ ਬੜੇ ਰਾਸ਼ਟਰ ਅਸਥਾਪਨ ਕਰਕੇ ਪ੍ਰਭਾਵਸ਼ਾਲੀ ਹੋਈਆਂ। ਜਿਸਤੋਂ ਉਹਨਾਂ ਨੂੰ ਦੂਰ ਦਰਾਡੇ ਦੇ ਦੇਸਾਂ ਵਿਚ ਆਪਣੀਆਂ ਬਸਤੀਆਂ ਬਸਾਕੇ ਉਨ੍ਹਾਂ ਦੇਸਾਂ ਦੇ ਨਗਨ ਵਸਨੀਕਾਂ ਨੂੰ ਪਸ਼ੂ ਅਵਸਥਾ ਤੋਂ ਉਚੇਰੀ ਮਨਵੀ ਸਭਯਤਾ ਪ੍ਰਦਾਨ ਕਰਨ ਦੇ ਰੂਪ ਵਿਚ ਅਪਣੀ ਉਦਾਰਤਾ ਤੇ ਵਦਾਨ੍ਯਤਾ ਦੀ ਲਾਲਸਾ ਦਾ ਪ੍ਰਸਾਰ ਕਰਨਾ ਪਿਆ। ਏਥੇ ਹੀ ਬਸ ਨਹੀਂ, ਏਸ ਬ੍ਰਿਧ ਮਾਲਵੇ ਦੇਸ ਨੇ ਅਪਣੀ ਜਵਾਨੀ ਦੇ ਸਮੇਂ ਵਿਚ ਅਸਥਾਪਨ ਕੀਤੀਆਂ ਵਿਦਿਆ ਪੀਠਾਂ ਦੇ ਸਨਾਤਕ ਨੌਨਿਹਾਲਾਂ ਦੇ ਰਾਹੀਂ ਕੰਧਾਰ, ਬੁਖਾਰਾ ਅਤੇ ਮਿਸਰ ਤੇ ਚੀਨ ਆਦਿ ਦੇਸਾਂ ਵਿਚ ਧਰਮ ਪ੍ਰਚਾਰ ਅਤੇ ਰਾਜਨੀਤਕ ਸੁਧਾਰ ਕਰਕੇ ਅਪਣੇ

Digitized by Panjab Digital Library | www.panjabdigilib.org

ਉਤਸ਼ਾਹ ਤੇ ਬਲ ਵਿਦਿਆ ਨੂੰ ਸਫਲਾ ਕੀਤਾ। ਏਸ ਨੇ ਅਪਣੇ ਅੰਤਿਮ ਦਿਨਾਂ ਵਿਚ ਭੀ ਚਿਰ ਕਾਲ ਤੱਕ ਲੋਕ ਸੇਵਾ ਕਰਨਹਾਰੀਆਂ ਨੈਮਿਖ ਕੁਰਛੇਤਰ, ਕੈਥਲ ਅਤੇ ਉੱਤਰ ਕਾਸ਼ੀ (ਥਾਨੇਸਰ) ਦੀਆਂ ਟਕਸਾਲਾਂ ਨੇ, ਜੋ ਭਾਰਤ ਮਹਾਂ ਯੁਧ ਆਦਿ ਦੇ ਕਾਰਨ ਲੋਪ ਹੋ ਗਈਆਂ ਸਨ, ਅਪਣੇ ੨ ਬੀਜਾਂ ਨੂੰ ਸਤਲੁਜ ਦੇ ਪਾਣੀਆਂ ਦੇ ਰਾਹੀਂ ਲਿਆਕੇ ਇਕੇ ਵਾਰ ਅਤੇ ਇਕੇ ਥਾਂ ਅਰਥਾਤ 'ਗੁਰੂ ਕੀ ਕਾਸੀ' ਵਿਖੇ ਉਦੇ ਕਰਕੇ ਸਮੂਹ ਵਿਦਿਆ ਸੰਪੰਨ ਪ੍ਰਕਾਂਡ ਪੰਡਿਤ ਸਮਾਜ ਰੂਪੀ ਬ੍ਰਿਛਾਂ ਦੀ ਬਚਨ ਮੰਜਰੀ ਦੇ ਰਾਹੀਂ 'ਪੰਚ ਨਦ' ਆਦਿ ਭਾਰਤਵਰਸ਼, ਬਨਾਰਸ ਆਦਿ ਆਰਯ ਵਰਤ ਅਤੇ ਨਾਂਦੇੜ ਆਦਿ ਦੱਖਣ ਦੇਸ, ਬ੍ਰਹਮਾ, ਸਿਆਮ, ਸੁਮਾਤ੍ਰਾ, ਬਾਲੀਦੀਪ ਅਤੇ ਵੈਨਕੋਵਰ (ਅਮ੍ਰੀਕਾ) ਆਦਿ ਦੀਪਾਂ ਦੇ ਵਸਨੀਕਾਂ ਦੇ ਦਿਲਾਂ ਅਤੇ ਦਿਮਾਗਾਂ ਨੂੰ ਮੁੜ ਸੁਰਜੀਤ ਕਰ ਦਿਤਾ ਹੈ।

ਮੁਕਦੀ ਗਲ, ਇਸ ਬਿਰਧ ਮਹਾਤਮਾ ਨੇ ਅਪਣੀ ਮੁਢਲੀ ਅਵਸਥਾ ਵਿਚ ਹੀ ਦੇਵਤਿਆਂ ਦੇ ਦਰਸ਼ਨ ਕਰ ਲਏ ਹਨ। ਨਵੀਂ ਜੁਆਨੀ ਵਿਚ ਬੜੇ ਬੜੇ ਪ੍ਰਬਲ ਰਾਜਿਆਂ ਦੇ ਜੁਧ ਤੇ ਸੂਰਮਗਤੀ ਦੇ ਅਖਾੜੇ ਭੀ ਬੇਅੰਤ ਦੇਖ ਲਏ ਹਨ। ਬੜੇ ੨ ਰਿਸ਼ੀਆਂ ਮਹਾਂਰਿਸ਼ੀਆਂ ਅਤੇ ਅਵਤਾਰਾਂ ਸਰੀਖਿਆਂ—ਮਹਾਨ ਵਿਅਕਤੀਆਂ ਨੂੰ ਅਪਣੇ ਰੰਗ ਮੰਚ ਉਤੇ ਦੁਆਦਸ ਰਸ ਮਈ ਨਾਟਕ ਦੇ ਨਾਚ ਭੀ ਨਚਾ ਕੇ ਦੇਖੇ ਹਨ। ਅਪਣੀ ਪ੍ਰੌਢ ਜੁਆਨੀ ਵਿਚ ਏਸ ਮਹਾਬੀਰ ਨੇ ਜਗਤ ਵਿਜਈ ਅਨੇਕ ਜਰਵਾਣਿਆਂ ਨੂੰ ਅਨੇਕ ਵਾਰ ਅਪਣੇ ਪ੍ਰਤਾਪ ਨਾਲ ਉਨ੍ਹਾਂ ਦੀ ਨਿਜੀ ਜਮਾਂਦਰੂ ਕਾਇਰਤਾ ਦਾ ਅਨੁਭਵ ਭੀ ਕਰਵਾਇਆ ਹੈ। ਫੇਰ ਏਸ ਚੋਜੀ ਮਸਤਾਨੇ ਸਾਧ ਨੇ ਚਿਰ ਤੋਂ ਅਪਣੀ ਹਿਕ ਤੇ ਆਸਤਿਕਾਂ, ਨਾਸਤਿਕਾਂ, ਸਿੱਧਾਂ, ਬੁੱਧਾਂ, ਪੰਡਿਤਾਂ, ਕਰਮ ਕਾਂਡੀਆਂ ਅਤੇ ਚੁੰਚ ਗਿਆਨੀਆਂ ਦੇ ਥੋਥੇ ਵਾਕ ਦੰਗਲ ਭੀ ਲਵਾ ਕੇ ਦੇਖੇ ਹਨ। ਜਿਸ ਦੇ ਕਾਰਨ ਏਸ ਨੂੰ ਬੁਢਾਪੇ ਦੀ ਅਵਸਥਾ ਵਿਚ ਮਲੇਛਾਂ ਦੇ ਬਿਅੰਤ ਟੋਲਿਆਂ ਤੋਂ ਤਿਖੇ ਅਤੇ ਬੜੇ ੨ ਛੁਰੇ ਅਪਣੀਆਂ ਬਖੀਆਂ ਵਿਚ ਅਨੇਕ ਸਦੀਆਂ ਤਕ ਖਾਣੇ ਪਏ ਅਤੇ ਉਨ੍ਹਾਂ ਦੁਸ਼ਟਾਂ ਨੂੰ ਚਿਰ ਕਾਲ ਤੋਂ ਇਕੱਠੀ ਕੀਤੀ ਅਪਣੀ ਸੰਪਤੀ, ਗੁਣ-ਗਿਆਨ ਦੀ ਸੋਭਾ ਅਤੇ ਰੂਪ-ਲਾਵਣਪਤਾ ਆਦਿ ਸੁਹੱਪਣ ਦਾ ਸਤਿਆਨਾਸ਼ ਕਰਦਿਆਂ ਦੇਖ ਕੇ ਕੇਵਲ ਸਬਰ ਦਾ ਠੰਢਾ ਸਾਹ ਭਰ ਲੈਣ ਵਿਚ ਹੀ ਅਪਣੀ ਕਲਿਆਣ ਸਮਝੀ। ਅੰਤ ਨੂੰ, 'ਸਤਿਗੁਰ ਪਾਸ ਬੇਨੰਤੀਆਂ ਮਿਲੈ ਨਾਮੁ ਆਧਾਰਾ॥ ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ॥' ਇਸ ਮਹਾ ਵਾਕ ਅਨੁਸਾਰ ਜਦੋਂ ਸਾਧਕਾਂ ਅਰ ਦੀਨ ਪੁਰਸ਼ਾਂ ਦੀਆਂ ਪੁਕਾਰਾਂ ਸੱਚੇ ਦੇ ਦਰ ਸੁਣੀਆਂ ਗਈਆਂ ਤਾਂ 'ਆਪ ਨਰਾਇਣੁ ਕਲਾ ਧਾਰਿ ਜਗ ਮਹਿ ਪਰਿਵਰਯਉ' ਅਨੁਸਾਰ ਸਿਰਜਣਹਾਰ, ਰਸਿਕ ਵੈਰਾਗੀ ਪੁਰਖ ਨੇ ਆਪ ਗੁਰੂ ਰੂਪ ਧਾਰ ਕੇ ਅਪਣੀ ਸ੍ਰਿਸਟੀ ਨੂੰ, ਪੂਰਨ ਸੁਤੰਤ੍ਰਤਾ ਅਤੇ ਪੂਰਨ ਪਦ ਬਖਸ਼ ਕੇ ਕ੍ਰਿਤਾਰਥ ਕਰ ਦਿਤਾ ਅਤੇ ਅਪਣਾ ਪੁਤ੍ਰ ਅਰਥਾਤ ਪ੍ਰਤਿਨਿਧੀ, ਸੰਸਾਰ ਦਾ ਲੋਕ ਪ੍ਰਲੋਕ ਵਿਚ ਸਹਾਈ ਅਤੇ ਉਧਾਰ ਕਰਨ ਵਾਲਾ ਖਾਲਸਾ ਪੰਥ ਪ੍ਰਗਟ ਕਰਕੇ ਅਪਣੇ ਦੀਨ ਦਿਆਲਤਾ ਦੇ ਵਿਰਦ ਦਾ ਪਰਿਚਾ ਪ੍ਰਗਟ ਪਹਾਰੇ ਗਜ ਵਜ ਕੇ ਕਰਾਇਆ ਉਸ ਅਕਾਲ ਸੇਵੀ ਪੰਥ ਦੇ ਅੱਗੇ ਨਾ ਕੋਈ ਸਿਧ ਸਾਧਕ ਦਮ ਮਾਰ ਸਕਿਆ ਅਤੇ ਨਾ ਕੋਈ ਜਰਵਾਣਾ ਸਿਰ ਚੁਕ ਸਕਿਆ। ਓਸ ਰੱਬੀ ਪੰਥ ਦੇ ਸਦਕੇ ਇਹ ਮਾਲਵਾ ਦੇਸ ਅਪਣੇ ਪੁਰਾਤਨ ਤੇ ਸਨਾਤਨ ਰੂਪ ਨੂੰ ਪ੍ਰਾਪਤ ਕਰ ਕੇ ਅਪਣੀ ਸੋਭਾ—ਸੰਪਤੀ ਨਾਲ ਫਲੀ ਭੂਤ ਹੋ ਕੇ ਸਦਾ ਲਈ ਸਾਰੇ ਭਾਰਤ ਦਾ ਨੇਤਾ ਅਤੇ ਰਖਿਅਕ ਹੋ ਗਿਆ। ਜਿਸ ਦੀ ਓਸ ਸਮੇਂ ਦੀ ਅਵਸਥਾ ਨੂੰ ਇਕ ਕਵੀ ਨੇ ਇਉਂ ਅੰਕਿਤ ਕੀਤਾ ਹੈ:—

Digitized by Panjab Digital Library | www.panjabdigilib.org

ਕ:—"ਨਾਸ ਹੋਈ ਦਾਸਤਾ ਉਦਾਸਤਾ ਨਿਰਾਸ ਹੋਈ ਕਪਟ ਪਖੰਡ ਤੇ ਕੁਕਰਮਾ ਦੀ ਉਟੰਕਤਾ ।
ਅੰਧਿਆਂ ਪ੍ਰਕਾਸ਼ ਪਸ਼ੂ ਪਿੰਗਲਾਂ ਪਰਮ ਪਦ ਵਿਆਪਗੀ ਨਚਿੰਦ ਹਿੰਦ ਜਿਦ ਮੇਂ ਨਿਸੰਕਤਾ ।
ਮੰਗਲ ਮਹਾਨ ਗਿਆਨ ਧਿਆਨ ਮੈ ਜਹਾਨ ਸਾਰਾ ਕਾਮਣੀ ਕਮਾਣ ਬੈਣ ਬੈਨ ਮੇ ਨ ਬੰਕਤਾ ।
ਗੁਰੂ ਮਹਾਰਾਜ ਕੇ ਸੁਰਾਜ ਮੈ 'ਕੇਹਰਿ' ਕਵਿ ਚੰਦ ਮੇ ਕਲੰਕਨ ਪਰਿੰਦਨ ਮੇ ਰੰਕਤਾ ।"

ਪਰ ਮਹਾਨ ਸ਼ੋਕ ਕਿ ਭਾਰਤ ਦੇ ਸਦੀਵੀ ਵੈਰੀ ਅਤੇ ਗੁਪਤ ਨਾਸਤਿਕਾਂ ਨੇ ਉਕਤ ਰਾਮ ਰਾਜ ਨੂੰ ਤਬਾਹ ਕਰਕੇ ਉਸ ਦੇ ਥਾਂ ਮੁੜ ਅਜਿਹਾ ਮਲੇਛ ਤੇ ਨਪੁੰਸਕ ਰਾਜ ਅਸਥਾਪਨ ਕਰ ਦਿਤਾ । ਜੋ ਖਾਲਸਾ ਪੰਥ ਨੂੰ ਪਹਿਲਾਂ ਜਿੰਨੀਆਂ ਕੁਰਬਾਨੀਆਂ ਦੇਣ ਤੇ ਭੀ ਅਜ ਤਕ ਥਾਮੇ ਅੰਗ ਨਹੀਂ ਆਇਆ । ਤਾਂਤੇ ਜ਼ਰੂਰੀ ਹੈ ਕਿ ਖਾਲਸਾ ਪੰਥ ਦੇ ਅਲ੍ਹੜ ਬਚਿਆਂ ਨੂੰ ਜੋ ਭਾਰਤ ਵਰਸ਼ ਦੇ ਵਡਕੇ ਤੇ ਉਸਦੇ ਇਕੋ ਇਕ ਰਾਖੇ "ਗੁਰੂ ਕੇ ਮਾਲਵੇ" ਅਤੇ ਅਪਣੇ ਸੂਰਬੀਰ ਵਡੇ ਵਡਾਰੂਆਂ ਦੇ ਗੌਰਵਤਾ ਭਰੇ ਇਤਿਹਾਸ ਨੂੰ ਭੁਲਕੇ ਗੈਰਾਂ ਦੇ ਹਥਾਂ ਵਿਚ ਖੇਲ ਰਹੇ ਹਨ, ਉਕਤ ਇਤਿਹਾਸ ਰਤਨ ਦੀ ਸੂਝ ਅਤੇ ਅਪਣੇ ਉਦੇਸ਼ ਤਥਾ ਕਰਤੱਵ ਤੋਂ ਜਾਣੂ ਕਰਾਇਆ ਜਾਵੇ । ਇਹ ਹੈ ਮਾਲਵੇ ਦੇ ਇਤਿਹਾਸ ਲਿਖਣ ਦਾ ਮੁਖ ਪ੍ਰਯੋਜਨ । ਦੂਜੇ ਮਾਲਵੇ ਦੇ ਇਤਿਹਾਸ ਉਪਰ ਹੀ ਸਾਰੇ ਭਾਰਤੀ (ਦਖਣ ਸਮੇਤ) ਇਤਿਹਾਸ ਦੀ ਨਿਰਭਰਤਾ ਹੈ । ਭਾਰਤੀ ਜਨਤਾ ਦਾ ਬਹੁਤ ਸਾਰਾ ਹਿੱਸਾ ਮਾਲਵ ਜਾਤੀ ਦੀ ਸੰਤਾਨ ਹੈ । ਮਾਲਵੇ ਦੀ ਜਾਨ ਤੇ ਮੌਤ ਨਾਲ ਹੀ ਭਾਰਤ ਦੀ ਜਾਨ ਤੇ ਮੌਤ ਹੈ । ਇਸ ਸੰਬੰਧ ਤੇ ਹੀ ਮਾਲਵੇ ਦਾ ਇਤਿਹਾਸ ਭਾਰਤ ਦੇ ਇਤਿਹਾਸ ਲਈ ਚਾਨਣ ਮੁਨਾਰਾ ਹੈ । ਜਿਸਨੂੰ ਸਾਖਿਆਤ ਕਰਕੇ ਦੱਸਣਾ ਉਕਤ ਨਿਬੰਧ ਦਾ ਗਾਉਣ ਪ੍ਰਯੋਜਨ ਹੈ । ਜਿਸ ਦਾ ਪਤਾ ਇਸਦੀ ਵਿਸਤ੍ਰਿਤ ਭੂਮਿਕਾ ਤੋਂ ਲਗ ਜਾਵੇਗਾ । ਸੋ ਪੂਰਨ ਆਸ਼ਾ ਹੈ ਕਿ ਭਾਰਤ ਵਿਸ਼ੇਸ਼ ਕਰਕੇ 'ਮਾਲਵ ਜਾਤੀ' ਦੇ ਸਪੂਤ ਏਸਨੂੰ ਪੜ੍ਹਕੇ—

*"इडा सरस्वती मही तिस्रो देवीर्मयोभुवः । बर्हिः सीदन्तु अस्रिधः" (ऋः १.१३.९)

ਦੇ ਵੇਦ ਵਾਕ ਨੂੰ ਸਫਲ ਕਰਦੇ ਹੋਏ, ਆਪਣਿਆਂ ਵਡਕਿਆਂ ਦੀਆਂ ਰੁਚੀਆਂ ਅਨੁਸਾਰ ਭਾਰਤ ਮਾਤਾ ਭਾਰਤੀ ਭਾਸ਼ਾ ਅਤੇ ਸਭਤਾ ਨੂੰ ਕਲਿਆਣ ਕਾਰੀ ਹੋਣ ਦੇ ਯੋਗ ਬਣਾ ਸਕਣਗੇ ।

ਪੰ: ਕਰਤਾਰ ਸਿੰਘ 'ਸਾਹਿਤਯਾਚਾਰਯ'
(ਦਾਖਾ, ਜ਼ਿਲਾ ਲੁਧਿਆਣਾ)

—o—

*ਭਾਰਤ ਮਾਤਾ, ਭਾਰਤੀ ਭਾਸ਼ਾ ਅਤੇ ਭਾਰਤੀ ਸਭਯਤਾ, ਇਹ ਤਿੰਨੇ ਕਲਿਆਣਕਾਰੀ ਅਤੇ ਸਦਜੀਵੀ ਦੇਵੀਆਂ ਸਦਾ ਹੀ ਅਸਾਡੇ ਕੋਲ ਵਿਰਾਜਮਾਨ ਹੋਣ ।

Digitized by Panjab Digital Library | www.panjabdigilib.org

# ਅਨੇਕ ਰੂਪ ਤੇ ਵਿਸ਼ੇ

ਧੰਨਵਾਦ ਹੈ-ਉਸ ਪਰਮ ਪੁਰਖ ਸਿਰਜਨਹਾਰ ਪਰਮਾਤਮਾ ਦਾ ਜਿਸਨੇ ਅਪਣੇ ਅਦਭੁਤ ਅਤੇ ਵਿਲਾਸ ਰੂਪ ਅਨੁਭਵ ਪ੍ਰਕਾਸ਼ ਤੋਂ ਵਰਤਮਾਨ ਸਰਗ ਦੇ ਆਦਿ ਵਿਚ ਮਨੁਖ ਜਾਤੀ ਦੇ ਆਦਿ ਪੁਰਖ ਨੂੰ ਏਸੇ (ਵਰਤਮਾਨ) 'ਗੁਰੂ ਕੇ ਮਾਲਵੇ ਵਿਚ ਹੀ ਪ੍ਰਗਟ ਕਰ ਕੇ ਦੇਉ ਦਾਨਵਾਂ ਤੋਂ ਉਜਾੜੀ ਹੋਈ ਏਸ ਟੁਕੜੀ ਨੂੰ ਦੇਵਤਿਆਂ (ਮਨੁਖ ਜਾਤੀ ਦੇ ਵਡਕਿਆਂ) ਤੋਂ ਵਸਾ ਕੇ ਏਸ ਦਾ ਨਾਉਂ 'ਦੇਵ ਨਿਰਮਤ' ਦੇਸ ਰਖਿਆ। ਧੰਨਵਾਦ ਹੈ ਓਸ ਸ਼ਬਦ ਪੰਚਾਇਣ ਗੁਰੂ ਅਵਤਾਰ ਦਾ, ਜਿਸ ਨੇ ਮਲਵਈ ਮਨੁਖ ਨੂੰ ਹੀ ਸਭ ਤੋਂ ਪਹਿਲਾਂ ਅਤੇ ਸਭ ਤੋਂ ਅਧਿਕ ਸ਼ੁਧ ਅਸਥਾਨ-ਪ੍ਰਯਤਨ ਬਖ਼ਸ਼ ਕੇ ਪ੍ਰਾਚੀ (ਸਹਸਕ੍ਰਿਤ) ਬੋਲੀ ਦੀ ਸਫੂਰਤੀ ਤਥਾ ਓਸ ਦੇ ਪ੍ਰਕ੍ਰਿਤੀ ਤੇ ਪ੍ਰਤਯ ਆਦੀ ਦਾ ਯੋਗ ਵਿਭਾਗ ਕਰਨ ਦੀ ਸਮਰਥਾ ਪ੍ਰਦਾਨ ਕਰ ਕੇ ਗੂੰਗੇ ਅਤੇ ਪਸ਼ੂ ਸੰਸਾਰ ਨੂੰ ਸਰਸ੍ਵਤੀ (ਬੇਗਵਾਨ) ਸ੍ਵਰੂਪ ਬਾਣੀ ਨਾਲ ਸਥੰਧ ਕਰ ਕੇ ਸੰਸਾਰ ਭਰ ਦਾ ਸਿਖਿਅਕ ਅਤੇ ਓਸ ਦੀ ਸੰਤਾਨ ਨੂੰ, 'ਮਹਾਂ ਭਾਸ਼ਕਾਰ' ਪਤੰਜਲੀ ਜੀ ਦੇ ਸ਼ਬਦਾਂ ਵਿਚ 'ਸ਼੍ਰੇਸ਼ਟ ਪੁਰਸ਼ਾਂ' ਦੀ ਜਾਤੀ ਕਹੇ ਜਾਣ ਦਾ ਮਾਣ ਬਖਸ਼ਿਆ।

ਫੇਰ ਧੰਨਵਾਦ ਹੈ–ਆਦਿ ਗੁਰੂ ਪਾਰਬ੍ਰਹਮ ਦਾ, ਜਿਸ ਨੇ 'ਜੁਗ ਜੁਗ ਭਗਤ ਉਪਾਇਆ' ਦੇ ਆਸ਼ੇ ਅਨੁਸਾਰ ਆਪਣੇ ਭਗਤਾਂ ਲਈ ਗੁਰ ਗਿਆਨ ਨੂੰ ਅਵਿਕਅਤ (ਸੂਖਮ) ਤੋਂ ਵਿਅਕਤ ਅਰਥਾਤ ਸਭ ਤੋਂ ਪਹਿਲਾਂ ਏਸੇ ਦੇਸ ਵਿਚ 'ਪ੍ਰਾ' ਬਾਣੀ ਦੇ ਰੂਪ ਵਿਚ ਪ੍ਰਗਟ ਕਰਕੇ ਆਪਣੇ ਸਨਾਤਨ ਰੂਪ ਦਾ ਪਰਿਚਯ ਕਰਾਇਆ।

ਪੁਨਾ ਧੰਨਵਾਦ ਹੈ–ਓਸ ਸਕੰਧ ਪੁਰਸ਼ ਦਾ, ਜਿਸ ਨੇ ਰਿਚਾਂ ਦੀ ਵਿਦਿਆ ਦੁਆਰਾ ਪ੍ਰਕ੍ਰਿਤੀਮਈ ਸਗੁਣ ਬ੍ਰਹਮ ਦੀ ਉਪਾਸਨਾ ਤੋਂ ਅਰੰਭ ਕਰਕੇ ਉਪਨਿਸ਼ਦ ਰੀਤੀ ਨਾਲ ਬ੍ਰਹਮ ਰਿਸ਼ੀਆਂ ਦੁਆਰਾ ਆਪਣੇ ਨਿਰਗੁਣ ਸ੍ਵਰੂਪ ਸਾਖਿਆਤ ਕਰਾਉਣ ਦਾ ਯਤਨ ਕਰਵਾਇਆ।

ਮੁੜ ਧੰਨਵਾਦ ਹੈ–ਓਸ ਜਗਤ ਗੁਰੂ ਪਰਮ ਪੁਰਖ ਦਾ, ਜਿਸਨੇ "ਆਪੁ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਓ', ਜਗਤ ਗੁਰੂ ਦਾ ਰੂਪ ਧਾਰਕੇ ਆਪਣੀ ਵਿਸ਼ਾਲ ਤੇ ਵੈਖਰੀ ਬਾਣੀ ਦੁਆਰਾ ਵੇਦਾਂ–ਕਤੇਬਾਂ ਤੋਂ ਉੱਚੀ ਨਿਆਰੀ ਅਤੇ ਸਭ ਤੋਂ ਆਦਿਲੀ ਅਰਥਾਤ ਸਨਾਤਨ ਪ੍ਰੇਮਾ-ਭਗਤੀ ਦੀ ਲਹਿਰ ਚਲਾ ਕੇ 'ਸਫਲ ਜਨਮ ਹਰਿਜਨ ਕਾ ਉਪਜਿਆ ਜਿਨਿ ਕੀਨੋ ਸਉਤ ਵਿਧਾਤਾ। ਸਗਲ ਸਮੂਹ ਉਧਰੇ ਲੈ ਨਾਨਕ ਪੂਰਨ ਬ੍ਰਹਮ ਪਛਾਤਾ' ਅਨੁਸਾਰ ਵਾਹਿਗੁਰੂ ਦਾ ਨਾਮ ਲੇਵਾ ਜੁਗ ਜੁਗ ਅਟਲ ਖਾਲਸਾ ਪੰਥ ਪ੍ਰਗਟ ਕਰਕੇ 'ਅਉਤ ਜਾਂਦੇ ਹੋਏ' ਬਿਧਾਤਾ ਨੂੰ ਸੰਤਾਨ ਸਹਿਤ ਬਣਾ ਦਿਤਾ ਜਿਸ ਵਿਚ ਜਪੀ, ਤਪੀ, ਸੰਤ, ਸੂਰਬੀਰ, ਦਾਨੀ, ਘਰਬਾਰੀ, ਪਰਉਪਕਾਰੀ, ਜੋਧੇ ਗਿਆਨੀ ਅਤੇ ਕ੍ਰਿਤੀ-ਬ੍ਰਿਤੀ, 'ਸਭੇ ਸਾਂਝੀਵਾਲ ਸਦਾਇਨ ਕੋਇ ਨ ਦਿਸੈ ਬਾਹਰਾ ਜੀਓ' ਦੇ ਭਾਵ ਅਨੁਸਾਰ ਸੰਸਾਰ ਭਰ ਲਈ ਭਲਾਈ ਤੇ ਪ੍ਰੇਮ ਦੇ ਪੁਤਲੇ ਅਤੇ 'ਭਾਈ' ਪਦਵੀ ਨੂੰ ਸਫਲ ਕਰਨ ਵਾਲੇ ਆਪ ਭੀ ਦੁਸਤਰ ਸੰਸਾਰ ਤੋਂ ਉਧਰੇ ਅਤੇ ਹੋਰ ਸਾਥ ਨੂੰ ਭੀ ਨਾਲ ਲੈ ਕੇ ਉਧਾਰ ਗਏ। ਸੋ 'ਧੁਰ ਕੀ ਬਾਣੀ ਆਈ॥ ਤਿਨ ਸਗਲੀ ਚਿੰਤ ਮਿਟਾਈ' ਅਨੁਸਾਰ ਭੁਗਤ ਮੁਕਤ ਦੇ ਦਾਤੇ ਸਤਿਗੁਰਾਂ ਨੇ ਅਪਣੇ ਦੂਜੇ, ਤੀਜੇ, ਛੇਵੇਂ, ਸਤਵੇਂ, ਅਠਵੇਂ, ਨਾਵੇਂ ਅਤੇ ਦਸਵੇਂ ਰੂਪਾਂ ਵਿਚ ਏਸ ਪੁਰਾਤਨ ਤੇ ਸਨਾਤਨ ਦੇਸ ਵਿਚ ਹੋਰਨਾ ਨਾਲੋਂ ਅਧਿਕ ਗੁਰੂ ਅਸਥਾਨ (ਗੁਰੂ ਕੀ ਕਾਂਸ਼ੀ ਆਦੀ ਤਖ਼ਤ ਸਾਹਿਬ ਅਤੇ ਤਿੰਨ ਸੌ ਸਠ ਗੁਰਦੁਆਰੇ) ਸਭ ਤੋਂ ਅਧਿਕ

Digitized by Panjab Digital Library | www.panjabdigilib.org

ਸੂਰਬੀਰ, ਅਧਿਕ, ਸ੍ਰੀਮਾਨ, ਰਾਜੇ, ਮਹਾਰਾਜੇ, ਤੇ ਰਈਸ) ਅਧਿਕ ਵਿਦ੍ਵਾਨ ਅਤੇ ਪਰਉਪਕਾਰੀ ਜੋਧੇ, ਸੰਤ ਤੇ ਸ਼ਹੀਦ ਪੈਦਾ ਕਰਕੇ 'ਗੁਰੂ ਕਾ ਮਾਲਵਾ' ਅਤੇ 'ਤੇਰਾ ਘਰ ਸੁ ਮੇਰਾ ਘਰ' ਆਦੀ ਬਚਨਾਂ ਨਾਲ ਸਨਮਾਨਿਤ ਕਰਦੇ ਹੋਇਆਂ ਏਸ ਸੁਭਾਗੇ ਦੇਸ ਦੀ ਅਗਵਾਈ ਵਿਚ 'ਕਲਿ ਜੁਗ ਉਧਾਰੇ ਗੁਰਦੇਵ' ਦੇ ਆਸ਼ੇ ਅਨੁਸਾਰ ਸਾਰੇ ਸੰਸਾਰ ਦੇ ਤਾਰਨ ਦਾ ਬੀੜਾ ਚੁਕਿਆ। ਜਿਸ ਵਿਚ ਆਪ 'ਭਾਗ ਠੜੇ ਹਰਿ ਸੰਤ ਤੁਮਾਰੇ ਜਿਨ ਘਰਿ ਧਨੁ ਹਰਿ ਨਾਮਾ। ਪਰਵਾਣ ਗਣੀ ਸੇਈ ਇਹ ਆਏ ਸਫਲ ਤਿਨਾਂ ਕੇ ਕਾਮਾਂ' ਅਨੁਸਾਰ ਅਪਣੇ ਦੂਜੇ ਸ੍ਵਰੂਪ (ਸ੍ਰੀ ਗੁਰੂ ਅੰਗਦ ਦੇਵ ਜੀ) ਤੋਂ ਆਰੰਭ ਕਰਕੇ ੧੧ਵੇਂ ਸ੍ਵਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਟਿਕ ਕੇ ਜੋਤਿ ਰੂਪ ਕਰਕੇ ਉਨ੍ਹਾਂ ਨਾਲ ਇਕ ਮਿੱਕ ਹੋ ਕੇ ਪੂਰਨ ਸਫਲ ਹੋਏ। ਜਿਸਦੇ ਸਦਕੇ ਭਾਈ ਬਹਿਲੋ 'ਸਭ ਤੋਂ ਪਹਿਲੋ' ਭਾਈ ਭੱਲਣ ਅਤੇ ਭਾਈ ਰੂਪ ਚੰਦ ਜੈਸੇ ਸਿਦਕੀ ਸਿਖ, ਸੰਤ ਗੁਦੜ ਸਿੰਘ, ਭਾਈ ਜਸਮੇਰ ਸਿੰਘ (ਕੈਥਲ) ਅਤੇ ਸੰਤ ਅਤਰ ਸਿੰਘ ਜੈਸੇ ਨਾਮ ਰਸੀਏ, ਭਾਈ ਉਦੇ ਸਿੰਘ (ਕੈਥਲ) ਜੈਸੇ ਰਾਜ ਪਦਵੀ ਨਾਲੋਂ 'ਭਾਈ' ਪਦ ਨੂੰ ਉਚਾ ਸਮਝਣ ਵਾਲੇ ਅਤੇ ਬਾਬਾ ਆਲਾ ਸਿੰਘ ਤੇ ਮਃ ਅਮਰ ਸਿੰਘ ਜੈਸੇ ਨੇਤਾ, ਪਰਉਪਕਾਰੀ ਤੇ ਬੰਦੀ ਛੋੜ ਮਹਾਰਾਜੇ, ਸਰ ਅਤਰ ਸਿੰਘ ਭਦੌੜ ਤੇ ਮਹਾਰਾਜਾ ਰਿਪਦਮਨ ਸਿੰਘ ਜੈਸੇ ਵਿਦਿਆ ਰਸਕ, ਸ੍ਰੀਮਾਨ ਭਾਈ ਸੰਤੋਖ ਸਿੰਘ ਜੈਸੇ ਮਹਾਂ ਕਵੀ, ਬਾਬਾ ਦੀਪ ਸਿੰਘ ਜੈਸੇ ਗਿਆਨੀ ਜੋਧੇ ਤੇ ਸ਼ਹੀਦ, ਭਾਈ ਮਨੀ ਸਿੰਘ ਜੈਸੇ ਗਿਆਨੀ ਤੇ ਸ਼ਹੀਦ, ਪੰਡਿਤ ਬਸੰਤ ਸਿੰਘ ਜੈਸੇ ਮਹਾਂ ਵਿਦ੍ਵਾਨ ਭਾਈ ਕਾਹਨ ਸਿੰਘ ਜੈਸੇ ਕੋਸ਼ਕਾਰ, ਪੰਡਿਤ ਤਾਰਾ ਸਿੰਘ ਅਤੇ ਗਿਆਨੀ ਗਿਆਨ ਸਿੰਘ ਜੈਸੇ ਖੋਜੀ, ਗਿਆਨੀ ਸ਼ੇਰ ਸਿੰਘ ਜੈਸੇ ਨੀਤੀ ਵੇਤਾ, ਸੰਤ ਗੁਲਾਬ ਸਿੰਘ ਜੀ ਘੋਲੀਆ ਅਤੇ ਸੰਤ ਗੁਰਬਖਸ਼ ਸਿੰਘ ਜੈਸੇ ਉਪਦੇਸ਼ਕ ਵਰਤਮਾਨ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੈਸੇ ਹਠੀ ਤੇ ਜਪੀ ਤੇ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ, ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਅਤੇ ਸੰਤ ਵਿਸਾਖਾ ਸਿੰਘ ਜੈਸੇ ਪਰਉਪਕਾਰੀ ਤੇ ਗੁਰਮਤ ਦੇ ਪ੍ਰਚਾਰਕ ਸੱਜਣ ਏਥੇ ਗੁਰੂ ਕੇ ਮਾਲਵੇ ਰੂਪ ਮਾਲੀ ਦੇ ਦੁੱਧ ਪਾਲੇ ਜਮਾਂਦਰੂ ਸ਼ੇਰ ਹੋਏ ਅਤੇ ਹਨ। ਜਿਨ੍ਹਾਂ ਨੇ ਠੀਕ ਅਰਥਾਂ ਵਿਚ ਅਪਣੇ ਨਾਮ ਅਤੇ ਪਦਵੀਆਂ ਨੂੰ ਸਫ਼ਲ ਕੀਤਾ। ਅਤੇ ਜਿਨ੍ਹਾਂ ਨੂੰ ਦੇਖ ਕੇ ਬ੍ਰਿਥਾ ਪੱਖ ਪਾਤ ਕਰਨ ਵਾਲ ਭੀ ਮੁਕਤ ਕੰਠ ਤੋਂ "ਸਰਦਾਰ ਮਾਝਾ, ਸੰਤ ਮਾਲਵਾ" ਇਤਿ ਆਦੀ ਬਚਨ ਆਖਦੇ ਹੋਏ ਸੱਚੀ ਤੇ ਸੁੱਚੀ ਪ੍ਰਸੰਸਾ ਕਰਨੋਂ ਇਨਕਾਰ ਨਹੀਂ ਕਰਦੇ।

ਉਪਰੋਕਤ ਲੇਖ ਦਾ ਭਾਵ ਇਹ ਹੈ ਕਿ ਇਹ ਇਤਿਹਾਸ ਓਸ ਦੇਸ ਦਾ ਹੈ ਜਿਸ ਦੀ ਵਸੋਂ ਸਭ ਤੋਂ ਪੁਰਾਤਨ ਹੋਣ ਦੇ ਕਾਰਣ ਇਹ ਅੱਗ੍ਰ ਜਨਮਿਆਂ (ਵਡਾਰੂਆਂ) ਦਾ ਦੇਸ ਕਹਿਆ ਜਾਂਦਾ ਹੈ। ਜੋ ਦੇਵਤਿਆਂ ਦਾ ਵਸਾਇਆ ਹੋਣ ਕਰਕੇ "ਦੇਵ ਨਿਰਮਤ" ਆਖਿਆ ਗਿਆ ਹੈ। ਜੋ ਚੀਨ, ਯੂਨਾਨ, ਮਿਸਰ, ਪਾਰਸ, ਸ਼ੱਕਸਤਾਨ ਅਤੇ ਬਾਹੁਲੀਕ (ਬਲਖ਼) ਆਦੀ ਦੇਸਾਂ ਦਾ ਭੀ 'ਵਿਦਿਆ ਗੁਰੂ' ਹੋਣ ਕਰ ਕੇ ਪ੍ਰਾਚੀਨ ਸਮੇਂ ਤੋਂ ਹੀ ਸਾਰਸ੍ਵਤ (ਵਿਦਿਆਪਤੀ) ਕਹਾਉਂਦਾ ਹੈ, ਜੋ ਮੰਤ੍ਰ, ਬ੍ਰਾਹਮਣ ਅਤੇ ਉਪ-ਨਿਸ਼ਦਕਾਰਾਂ–(ਬ੍ਰਹਮ ਗਿਆਨੀਆਂ) ਦੀ ਭੂਮੀ ਹੋਣ ਕਰ ਕੇ "ਬ੍ਰਹਮਾਵਰਤ" ਭੀ ਆਖਿਆ ਜਾਂਦਾ ਸੀ, ਅਤੇ ਸੰਸਕ੍ਰਿਤ ਬਣਨ ਦੇ ਸਮੇਂ ਇਸ ਨੂੰ "ਸਿਸ਼ਟ" ਪਦਵੀ ਦਿਤੀ ਗਈ ਸੀ ਅਤੇ ਦਰਸ਼ਨ ਤਥਾ ਸਾਹਿਤ੍ਯ ਕਾਲ ਵਿਚ ਭਾਰਤ ਵਰਸ਼ ਕਰਕੇ ਪ੍ਰਸਿਧ ਸੀ ਅਤੇ ਜੋ ਸੂਰਜ ਬੰਸੀਆਂ ਦੇ ਸਮੇਂ ਤੋਂ "ਦੱਖਣੀ ਮਦਰ" ਨਾਉਂ ਤੇ ਅਤੇ ਸਰਸ੍ਵਤੀ, ਮਾਰਕੰਡੇ ਤੇ ਸਤਲੁਜ ਆਦਿ ਕਰ ਕੇ ਉਪਜਾਊ ਅਤੇ ਧਨ ਧਾਨ ਸ਼ਾਲੀ ਹੋਣ ਦੇ ਕਾਰਣ 'ਸ੍ਰੀ ਕੰਠ' ਆਖਿਆ ਜਾਂਦਾ ਸੀ। ਅਤੇ ਕੁਰਛੇਤ੍ਰ ਕ੍ਰਿਸ਼ਨ ਦੀਪ ਲੋਹਟ ਬੱਦੀ

Digitized by Panjab Digital Library | www.panjabdigilib.org

ਕੌਲ ਅਤੇ 'ਨੈਮਿਸ਼' ਵਰਤਮਾਨ ਦਮਦਮਾ ਸਾਹਿਬ । ਥਾਨੇਸਰ (ਸਥਾਨ ਈਸ੍ਵਰੀ) ਦੀਆਂ ਵਿਦਿਆ ਟਕਸਾਲਾਂ ਦੇ ਕਾਰਣ ਇਤਨੇ ਪਾਟ ਦਾ ਨਾਉਂ 'ਸ਼ਿਵਾਂ ਦੀ ਕਾਸ਼ੀ' ਜਾਂ 'ਉਤਰ ਕਾਸ਼ੀ' ਆਖਿਆ ਜਾਂਦਾ ਸੀ ।)

ਇਹ ਉਹ ਬੀਰ ਭੂਮੀ ਹੈ, ਜਿਸ ਦਾ ਨਾਉਂ ਮਲੋਈਆਂ ਦੀ ਪ੍ਰਭੁਤਾ ਅਤੇ ਧਰਮਪਰਾਇਣ ਗਣਰਾਜ ਅਸਥਾਪਤ ਹੋਣ ਦੇ ਸਮੇਂ 'ਮਾਲਵਾ' ਪਿਆ ਅਤੇ ਜਿਨ੍ਹਾਂ ਦੀ ਅਚਲ ਗੜ੍ਹਵਾਲੀ ਸ਼ਾਖ਼ਾ ਨੇ ਪਿਛੋਂ ਉਜੈਨ ਤੇ ਆਵੰਤੀ ਉਪਰ ਅਧਿਕਾਰ ਜਮਾ ਕੇ ਓਸ ਦੇਸ਼ ਨੂੰ ਭੀ 'ਮਾਲਵਾ' ਨਾਉਂ ਦੇ ਕੇ ਜਗਤ ਭਰ ਵਿਚ ਪ੍ਰਸਿਧ ਕੀਤਾ ਸੀ। ਧੁਰਾਂ ਤੋਂ ਵਰੋਸਾਇਆ ਇਹ ਓਹੋ ਵਡ ਭਾਗੀ ਦੇਸ਼ ਹੈ, ਜਿਥੇ ਬੇਅੰਤ ਹੀ ਬ੍ਰਹਮ ਗਿਆਨੀਆਂ, ਸ਼ਾਸਤ੍ਰ ਕਾਰਾਂ, ਸੰਤਾਂ, ਮਹੰਤਾ, ਲਿਖਾਰੀਆਂ, ਰਾਜੇ ਮਹਾਰਾਜਿਆਂ, ਪਰਉਪਕਾਰੀਆਂ, ਤਿਆਗੀਆਂ ਅਤੇ ਧਰਮਾਤਮਾ ਪੁਰਸ਼ਾਂ ਦੀ ਬਹੁਤੀ ਵਸੋਂ ਤਥਾ ਅਣਗਿਣਤ ਗੁਰਦੁਆਰਿਆਂ ਤਖ਼ਤਾਂ, ਧਾਰਮਿਕ ਜੈਸੀਆਂ ਸੰਸਥਾਵਾਂ ਤੇ ਸਿਖ ਸਕੂਲਾਂ, ਕਾਲਜਾਂ ਜੈਸੇ ਆਸ਼ਰਮਾਂ ਦੀ ਅਧਿਕਤਾ ਹੋਣ ਕਰਕੇ ਏਸ ਦਾ ਨਾਉਂ 'ਗੁਰੂ ਕਾ ਮਾਲਵਾ' ਕਰਕੇ ਪ੍ਰਸਿਧ ਹੈ।

ਇਹ ਇਤਿਹਾਸ ਓਸ ਪਵਿਤ੍ਰ ਦੇਸ ਦਾ ਹੈ, ਜੋ ਮੁਢੋਂ ਹੀ ਭਗਤੀ ਵਿਚ ਨਿਪੁੰਨ ਹੋਣ ਤੇ ਪ੍ਰਕ੍ਰਿਤੀ ਦੇਵੀ ਵਿਚ ਭੀ ਦਿੱਬ ਸ਼ਕਤੀ ਸਮਝਦਾ ਹੋਇਆ ਜਗਤ ਨੂੰ ਧਰਮ ਦੀ ਮੁਢਲੀ ਸਿਖਿਆ ਦੇਣ ਦਾ ਚਿਰ ਤੋਂ ਯਤਨ ਕਰਦਾ ਰਿਹਾ ਹੈ। ਇਹ ਓਸ ਦੇਸ ਜਾਤੀ ਦਾ ਇਤਿਹਾਸ ਹੈ, ਜਿਸ ਨੇ ਆਪਣੇ ਨੌਨਿਹਾਲਾਂ ਦੇ ਰਾਹੀਂ ਤੁਮਰ (ਤੂਰਾਨ), ਪਾਰਸ, ਬਾਹਲੀਕ, ਕਾਕੇਸ਼ਸ਼ (ਕਾਫ) ਕਸਪਾਇਨ, ਅਮ੍ਰੀਕਾ, ਮਿਸਰ, ਸੀਰੀਆ, ਚੇਲਡੀਆ, ਫਿਨਸ਼ੀਆ ਤੇ ਮੀਡੀਆ ਆਦਿ ਨੂੰ ਬਸਾਇਆ ਅਤੇ ਉਥੇ ਆਪਣੀ ਸਭਯਤਾ ਦਾ ਪ੍ਰਸਾਰ ਕੀਤਾ। ਇਹ ਓਸ ਜਾਤੀ ਦਾ ਇਤਿਹਾਸ ਹੈ, ਜੋ ਸਭ ਨਸਲਾਂ ਵਿਚੋਂ ਪੁਰਾਣੀ ਅਤੇ ਸਭ ਤੋਂ ਪਹਿਲਾਂ ਦੀ ਸਾਊ, ਵਿਦ੍ਵਾਨ ਤਥਾ ਸ੍ਰੇਸ਼ਟਾਚਾਰੀ ਹੈ। ਇਹ ਇਤਿਹਾਸ ਓਸ ਜਾਤੀ ਦਾ ਹੈ, ਜਿਸ ਨੇ ਪ੍ਰਾਚੀਨ ਕਾਲ ਤੋਂ ਚਲੀ ਆਉਂਦੀ ਲੋਕ ਰਾਜ ਦੀ ਪ੍ਰਥਾ ਅਤੇ ਸੁਤੰਤ੍ਰਤਾ ਦੀ ਰਖਿਆ ਵਿਦੇਸ਼ਾਂ ਤੋਂ ਆਉਣ ਵਾਲੀਆਂ ਜਾਤੀਆਂ ਤੋਂ ਚੱਪਾ ਚੱਪਾ ਥਾਂ ਤੇ ਆਪਣਾ ਲਹੂ ਡੋਲ੍ਹ ਕੇ ਅਨੇਕ ਵਾਰ ਕੀਤੀ। ਇਹ ਓਸ ਜਾਤੀ ਦਾ ਇਤਿਹਾਸ ਹੈ, ਜਿਸਨੇ ਪੰਜਾਂ ਸਦੀਆਂ ਤਕ ਨਿਤ ਯੁਧ ਕਰਦੇ ਹੋਇਆਂ ਸੱਪਾਂ ਅਤੇ ਭੂਤਾਂ ਦੀ ਪੂਜਕ ਅਤੇ 'ਨਰਬਲੀ' ਦੀ ਯਾਜਕ ਜਾਤੀ ਨੂੰ ਸਦਾ ਲਈ ਭਾਰਤ ਵਰਸ਼ ਤੋਂ ਦੇਸ਼ ਨਿਕਾਲਾ ਦੇ ਦਿਤਾ ਸੀ। ਇਹ ਓਹੋ ਬੀਰ ਭੂਮੀ ਹੈ, ਜਿਸ ਤੋਂ ਡਰ ਕੇ ਸੰਸਾਰ ਭਰ ਦੇ ਜੇਤੂ ਯੂਨਾਨੀ ਸਮ੍ਰਾਟ ਸਿਕੰਦਰ ਦੇ ਯੋਧੇ ਅਗੇ ਵਧਣ ਦੇ ਥਾਂ ਕੰਨ ਫੜ ਕੇ ਤੇ ਦੁੰਮ ਦਬਾ ਕੇ ਬਿਆਸਾ ਨਦੀ ਤੋਂ ਹੀ ਆਪਣੇ ਦੇਸ ਨੂੰ ਭੱਜ ਗਏ ਸਨ। ਇਹ ਇਤਿਹਾਸ ਉਹਨਾਂ ਸੂਰਮਿਆਂ ਦੀ ਧਰਤੀ ਦਾ ਹੈ। ਜਿਨ੍ਹਾਂ ਨੇ ਮੁੜੇ ਜਾਂਦੇ ਸਿਕੰਦਰ ਦਾ ਮੁਲਤਾਨ (ਖਹਰੂੜ) ਤਕ ਪਿੱਛਾ ਕਰ ਕੇ ਉਸ ਦੇ ਜਰਨੈਲਾਂ ਨਾਲ ਖੂਨੀ ਹੋਲੀ ਦਾ ਖੇਲ ਕਰ ਦਿਖਾਇਆ ਸੀ। ਅਤੇ ਜਿਸ ਦਾ ਫੱਟਿਆ ਹੋਇਆ ਸਿਕੰਦਰ ਸਦਾ ਲਈ ਦੁਨੀਆਂ ਤੋਂ ਹੀ ਮੂੰਹ ਮੋੜ ਗਿਆ। ਇਹ ਓਸ ਪੁੰਨ ਭੂਮੀ ਦਾ ਇਤਿਹਾਸ ਹੈ, ਜਿਸਦੀ ਕੁਰਬਾਨੀ ਦੇ ਸਦਕੇ ਸ਼ਾਹ ਸਲੋਕਸ ਭਾਰਤ ਨੂੰ ਜਿੱਤਣ ਆਇਆ ਉਲਟਾ ਭਾਰਤੀ ਰਾਜਿਆਂ ਨੂੰ ਆਪਣਾ ਜਿਤਿਆ ਹੋਇਆ ਗ਼ਜ਼ਨੀ ਤਕ ਦਾ ਦੇਸ ਦਾਜ ਵਿਚ ਦੇ ਕੇ ਆਪਣੀ ਧੀ ਦਾ ਡੋਲਾ ਦੇ ਕੇ ਗਿਆ, ਸਗੋਂ ਅੱਗੇ ਨੂੰ ਭਾਰਤੀ ਰਾਜਿਆਂ ਦੇ ਮਹਿਲਾਂ ਵਿਚ ਆਪਣੀ ਜਾਤੀ ਦੀਆਂ ਕੰਨਿਆਵਾਂ ਦਾ 'ਗੋਲੀਆਂ ਵਾਂਗ' ਸਦਾ ਹਾਜ਼ਰ ਰਖਣਾ ਪ੍ਰਵਾਨ ਕਰ ਕੇ ਭਾਰਤੀਆਂ ਦਾ ਧੰਨਵਾਦ ਕੀਤਾ । ਇਹ ਓਸ ਸੰਤ ਖ਼ਾਲਸਾ ਅਥਵਾ

Digitized by Panjab Digital Library | www.panjabdigilib.org

ਸੰਤ ਸਿਪਾਹੀਆਂ ਦੇ ਦੇਸ ਦਾ ਇਤਿਹਾਸ ਹੈ, ਜਿਨ੍ਹਾਂ ਨੇ ਜੜ੍ਹ ਪੂਜਾਂ, ਖ਼ੁਸ਼ਕ ਫਿਲਾਸਫੀ ਅਤੇ ਨਾਸਤਕਤਾ ਦੀ ਭਰਮਾਰ ਦੀ ਛਬ ਛਾਮਣੀ ਅਤੇ ਬਦੱਲ ਛਾਮਣੀ ਕਰਦੇ ਹੋਇਆਂ ਏਸ ਭੂਮੀ ਨੂੰ ਸਤਿਗੁਰਾਂ ਦੀ ਮਿਹਰ ਦੇ ਸਦਕੇ ਸੱਚੇ ਅਰਥਾਂ ਵਿਚ ਦੇਵ ਭੂਮੀ, ਰਿਸ਼ੀ ਭੂਮੀ, ਸਾਰਸ੍ਵਤ ਭੂਮੀ ਅਤੇ ਸੰਤ ਭੂਮੀ, ਭੁਗਤ ਮੁਕਤ ਦਾ ਗੜ੍ਹ ਭਾਵ–ਦੂਜਾ ਸਚਖੰਡ ਬਣਾ ਦਿਤਾ ਸੀ। ਜਿਸਦੇ ਫਲ ਰੂਪ ਵਿਚ ਏਸਨੇ ਬੱਦੂ ਦੇਸਾਂ ਤੋਂ ਆਉਣ ਵਾਲੇ ਈਰਾਨੀ, ਤੂਰਾਨੀ, ਗ਼ਜ਼ਨਵੀ, ਤਾਤਾਰੀ, ਬੁਖ਼ਾਰੀ, ਕਾਬਲੀ ਅਤੇ ਦੁੱਰਾਨੀ ਦਰਿੰਦਿਆਂ ਦਾ ਨੱਕ ਭੰਨ ਕੇ ਉਹਨਾਂ ਦੀ ਅਠ ਸੌ ਬਰਸ ਤੋਂ ਜੰਮੀ ਹੋਈ ਜ਼ੁਲਮੀ ਹਕੂਮਤ ਅਤੇ ਕੁਫ਼ਰ ਕੁਫ਼ਾਰੀ ਦੀ ਰੀਤੀ ਨੂੰ ਦੂਰ ਕਰਕੇ ਅਜੇਹਾ ਸਤਿਜੁਗੀ 'ਰਾਮ ਰਾਜ' ਕਾਇਮ ਕਰ ਦਿਤਾ ਸੀ, ਜਿਸ ਦੇ ਪ੍ਰਤਾਪ ਨਾਲ ਉਨ੍ਹਾਂ ਦੇ ਹੁਲੜ ਭਾਰਤ ਵਲ ਆਉਣੋਂ ਸਦਾ ਲਈ ਦਫਾ ਹੋ ਗਏ ਸਨ। ਉਲਟੇ ਮਲਵਈ ਬਹਾਦਰਾਂ ਦੇ ਅਨੇਕਾਂ ਵਹੀਰ ਅਨੇਕ ਵਾਰ ਦੂਰ ਨੇੜੇ ਮਲੇਛੀ ਦੇਸਾਂ ਵਿਚ ਆਪ ਸ਼ਾਨ ਭਰੀ ਚੜ੍ਹਾਈ ਕਰਦੇ ਹੋਏ 'ਉਲਟੀ ਗੰਗਾ ਬਹਾਉਣ' ਦੀ ਅਚਰਜ ਲੀਲਾ ਕਰਦੇ ਰਹੇ ਹਨ। ਜਿਨ੍ਹਾਂ ਦੀ ਯਾਦ ਆਉਣ ਤੇ ਸਾਰਾ ਗੜ੍ਹੀ ਚਤਰਾਲ, ਦਰਹ-ਦਾਨਯਾਲ, ਬਾਬਲ, ਬਸਰਾ, ਮਿਸਰ ਅਤੇ ਕਾਬਲ–ਕੰਧਾਰ ਦੀਆਂ ਕੰਧਾਂ ਅਜ ਭੀ ਕੰਬ ਉਠਦੀਆਂ ਹਨ। ਇਹ ਉਨ੍ਹਾਂ ਜਾਬਰਾਂ ਉਪਰ ਜਰਵਾਣੇ ਅਤੇ ਸਚ ਦੇ ਪਰਵਾਨੇ–'ਮਾਲਵਾ' ਦੇਸ ਦਾ ਇਤਿਹਾਸ ਹੈ ਜਿਸ ਨੇ ਪ੍ਰਾਚੀਨ ਸਮੇਂ ਵਾਂਗ ਵਰਤਮਾਨ ਵਿਚ ਸਾਰੇ ਪੰਜਾਬ ਅਤੇ ਫਰੰਗੀ ਰਾਜ ਦੇ ਟਾਕਰੇ ਤੇ ਭਾਰਤ ਅਤੇ ਭਾਰਤੀਆਂ ਦੀ ਇਜ਼ੱਤ ਅਤੇ ਅਖੰਡਤਾ ਨੂੰ ਕਾਇਮ ਰਖਣ ਲਈ ਆਪਣੇ ਜਾਨ ਮਾਲ ਅਤੇ ਚਿਰ ਤੋਂ ਚਲੀ ਆਉਂਦੀ ਦਾਦੇਲਾਹੀ–ਸੁਖ ਸੰਪਤੀ ਨੂੰ ਤਿਲਾਂਜਲੀ ਦੇ ਕੇ ਸੱਚੇ ਤਿਆਗ ਅਤੇ ਆਪਾ ਵਾਰਨ ਦਾ ਅਦੁਤੀ ਉਦਾਹਰਣ ਕਾਇਮ ਕਰ ਦਿਤਾ ਹੈ। ਜਿਸ ਤੋਂ ਭਾਰਤ ਦਾ ਨਾਉਂ ਤੇ ਥਾਉਂ ਸਦਾ ਲਈ ਅਮਰ ਹੋ ਗਿਆ ਹੈ। ਪਰ ਜੇ ਕਿਤੇ ਸ਼ਾਂਤ ਬੀਰ ਆਤਮਾ ਪੁੰਨ ਭੂਮੀ–ਗੁਰੂ ਕਾ ਮਾਲਵਾ ਹਿੰਦੋਸਤਾਨ ਦਾ 'ਸਿੰਘ–ਦੁਆਰਾ' ਨ ਹੁੰਦਾ, ਜਾਂ ਸਦਾ ਵਾਂਗ ਇਸ ਦੀ ਰਖਿਆ ਕਰਕੇ ਅਖੰਡਤਾ ਨ ਕਾਇਮ ਕਰਦਾ ਤਾਂ ਭਾਰਤ ਦੀ ਅਖੰਡਤਾ ਤਾਂ ਕਿਧਰੇ ਰਹੀ ਅੱਜ ਉਸਦਾ ਨਾਮ ਨਿਸ਼ਾਨ ਭੀ ਦਿਖਾਈ ਨ ਦਿੰਦਾ, ਕੇਵਲ ਬਾਹਰਲੇ ਮੁਲਕਾਂ ਦੇ ਇਤਿਹਾਸ ਵਿਚ ਭਾਰਤ ਦੇ ਪਿੰਜਰ ਦਾ ਨਾਉਂ ਕੇਵਲ ਤਵਾਰੀਖੀ ਘਟਨਾਂ ਦੇ ਸੰਬੰਧ ਵਿਚ ਹੀ ਲਿਖਿਆ ਹੋਇਆ ਦਿਸਦਾ।

ਸਾਰਾਂਸ਼ ਇਹ ਹੈ ਕਿ ਇਹ ਪਵਿੱਤਰ ਭੂਮੀ–'ਗੁਰੂ ਕਾ ਮਾਲਵਾ' ਮੁੱਢ ਤੋਂ ਹੀ ਧਰਮ ਪਰਾਇਣ ਬ੍ਰਹਮ ਗਿਆਨੀਆਂ, ਵਿਦ੍ਵਾਨਾਂ, ਸੰਤਾਂ, ਮਹੰਤਾਂ, ਜੋਧਿਆਂ, ਸੂਰਬੀਰਾਂ, ਧੀਰਜਵਾਨਾਂ, ਬਲਵਾਨਾਂ, ਨੇਤਾ ਪੁਰਸ਼ਾਂ, ਹਕ ਪ੍ਰਸਤਾਂ, ਅਣਖੀਲਿਆਂ, ਸਭਿਆਚਾਰੀਆਂ, ਰਿਸ਼ੀਆਂ, ਸ਼ਾਸਤ੍ਰਕਾਰਾਂ, ਫ਼ਿਲਾਸਫ਼ਰਾਂ, ਲਿਖਾਰੀਆਂ, ਸ੍ਰੀਮਾਨਾਂ, ਰਾਜ ਪੁਰਸ਼ਾਂ, ਦਾਨੀਆਂ, ਆਪਾ ਵਾਰਨ ਵਾਲਿਆਂ ਬਜ਼ੁਰਗਾਂ ਤੋਂ ਇਲਾਵਾ ਸਭਯ ਸੰਸਾਰ ਦੀਆਂ ਸਮੂਹ ਜਾਤੀਆਂ ਤੇ ਰੁਚੀਆਂ ਦੀ ਆਦਿ ਭੂਮੀ ਅਤੇ ਮਨੁਖ ਮਾਤ੍ਰ ਦੀ ਹੋਮਲੈਂਡ ਸਗੋਂ ਦੇਵ ਭੂਮੀ ਅਰਥਾਤ ਪਿਛੋਕਾ ਹੈ। ਜਿਸ ਦੇ ਬ੍ਰਿਤਾਂਤ ਦੇ ਟਾਕਰੇ ਵਿਚ ਸਾਰੇ ਸੰਸਾਰ ਭਰ ਦਾ ਭੀ ਇਤਿਹਾਸ ਤੁਛ ਵਸਤੂ ਹੈ। ਇਸ ਲਈ ਇਸ ਵਿਚ ਜਨਮ ਲੈਣਾ ਹੀ ਵਡਭਾਗਤਾ ਹੈ। ਇਸ ਨਾਲ ਬਿਵਹਾਰ ਕਰਨ ਤੋਂ ਅਮੁਲ ਰਤਨਾਂ ਦਾ ਭੰਡਾਰ ਪ੍ਰਾਪਤ ਕਰਨਾ ਹੈ। ਏਸ ਦੀ ਭਾਸ਼ਾ ਦੇ ਵਿਗਿਆਨ ਪ੍ਰਾਪਤ ਕਰ ਲੈਣ ਨਾਲ ਆਦਰਸ਼ ਜੀਵਨ ਬਣਾ ਸਕੀਦਾ ਹੈ। ਏਸ ਦੇ ਇਤਿਹਾਸ ਜਾਣ ਲੈਣ ਨਾਲ ਸੰਸਾਰ ਭਰ ਦੇ ਮੁਲਕੀ 'ਧਾਰਮਿਕ', ਸਾਹਿਤਕ ਅਤੇ ਜਾਤੀਯ ਇਤਿਹਾਸ ਦਾ ਪਰਿਗਿਆਨ ਪ੍ਰਾਪਤ ਕਰ

Digitized by Panjab Digital Library | www.panjabdigilib.org

ਲੈਣਾ ਹੈ। ਏਸ ਦੇਸ ਦੇ ਧਰਮ-ਪਰਾਇਣ ਆਸ਼੍ਰਮਾਂ ਅਤੇ ਆਚਾਰਯਾਂ ਤੋਂ ਤਤ੍ਵ ਗਿਆਨ ਪ੍ਰਾਪਤ ਕਰ ਲੈਣ ਤੇ ਧਰਮ ਤਤ੍ਵ ਦੀ ਪੂਰੀ ੨ ਵਿਚਾਰ ਅਤੇ ਪਰਮ ਪੁਰਖ ਦੇ ਰਹੱਸ ਨੂੰ ਸਾਖਿਆਤ ਕਰ ਸਕੋਂਦਾ ਹੈ।

ਸੋ ਧੰਨਵਾਦ ਹੈ—ਉਨ੍ਹਾਂ ਪੁਰਾਤਨ ਰਿਸ਼ੀਆਂ, ਵਿਦ੍ਵਾਨਾਂ ਆਚਾਰਯਾਂ, ਸੰਤਾਂ, ਮਹਾਤਮਾਂ ਅਤੇ ਸਾਹਿਤਕਾਰਾਂ ਦਾ, ਜਿਨ੍ਹਾਂ ਦੇ ਅਮੋਲਕ ਤੇ ਆਕਰ ਗ੍ਰੰਥਾਂ ਨੂੰ ਖੋਜਣ ਤੋਂ ਏਸ ਇਤਿਹਾਸ ਰਤਨ ਦੀ ਸਾਮੱਗ੍ਰੀ ਪ੍ਰਾਪਤ ਹੋਈ। ਏਥੇ ਉਹ ਮਲਵਈ ਬਜ਼ੁਰਗ ਭੀ ਧੰਨਵਾਦ ਦੇ ਪਾਤਰ ਹਨ, ਜਿਨ੍ਹਾਂ ਦੀ ਸ਼੍ਰੁਤੀ ਪਰੰਪਰਾ ਤੋਂ ਮਝਲੇ ਸਮੇਂ ਦਾ ਇਤਿਹਾਸ ਮਿਥਿਹਾਸ ਦੇ ਰੂਪ ਵਿਚ ਬਹੁ ਗਿਣਤੀ ਵਿਚ ਪ੍ਰਾਪਤ ਹੋਇਆ।

ਸੋ ਧੰਨਵਾਦ ਹੈ—ਓਸ ਗੁਰੂ ਅਕਾਲ ਪੁਰਖ ਦਾ, ਜਿਸਨੇ 'ਚਾਰੇ ਜਾਗੇ ਚਹੁ ਜੁਗੀ ਪੰਚਾਇਣ ਆਪੇ ਹੋਆ। ਆਪੀ ਨੈ ਆਪ ਸਾਜਿਓ ਆਪੇ ਹੀ ਥੰਮਿ ਖਲੋਆ। ਆਪੇ ਪਟੀ ਕਲਮੁ ਆਪੁ ਆਪੇ ਲਿਖਣ ਹਾਰਾ ਹੋਆ।' ਆਦਿ ਵਾਕਾਂ ਅਨੁਸਾਰ ਆਪਣੇ ਮਾਨਵੀ ਦਸ ਰੂਪ ਧਾਰਕੇ ਗੁਰਮਤਿ—ਨਾਮ ਅੰਮ੍ਰਿਤ ਦੁਆਰਾ ਮ੍ਰਿਤਕ ਸੰਸਾਰ ਨੂੰ ਸੰਜੀਵਤ ਕਰਨ ਤੋਂ ਇਲਾਵਾ ਦਸਵੇਂ ਜਾਮੇਂ ਰਾਹੀਂ ਏਸੇ ਹੀ ਪਾਵਨ ਭੂਮੀ ਨੂੰ ਨਿਵਾਜ ਕੇ ਸਭ ਤੋਂ ਅਧਿਕ ਭਾਗ ਲਾਏ। ਜਿਥੇ ਪੁਰਾਤਨ ਸਮੇਂ ਵਿਚ ਪ੍ਰਚਲਿਤ ਹੋਈ ਵਿਦਿਆ ਪੀਠ—ਉੱਤਰ ਕਾਂਸ਼ੀ ਸੁਸ਼ੋਭਿਤ ਸੀ। ਓਸ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਤਖ਼ਤ ਸਾਹਿਬ ਅਤੇ ਗੁਰੂ ਕੀ ਕਾਂਸ਼ੀ ਅਸਥਾਪਨ ਕਰਕੇ ਤਖ਼ਤ ਚੌਰ ਦੇ ਮਾਲਿਕ 'ਆਦਿ ਗੁਰੂ ਗ੍ਰੰਥ ਸਾਹਿਬ' ਨੂੰ 'ਗੁਰੂ' ਪਦਵੀ ਤੇ ਆਰੂਢ ਕਰਦੇ ਹੋਇਆਂ ਉਨ੍ਹਾਂ ਵਿਚ ਗੁਪਤ ਪ੍ਰਗਟ ਪ੍ਰਕਾਰ ਤੇ [ਪਰਿ ਛਿੰਨ ਰੂਪ ਤੋਂ ਆਪਣੇ ਬਿਆਪਕ (ਨਿਜ ਰੂਪ) ਵਿਚ] ਏਥੇ ਹੀ ਨਿਵਾਸ ਕੀਤਾ। ਜਿਸ ਦੇ ਫਲ ਸ੍ਵਰੂਪ 'ਗੁਰੂ ਕੇ ਮਾਲਵੇ' ਤੋਂ ਆਰੰਭ ਹੋ ਕੇ ਦੁਨੀਆ ਦੇ ਪਰਲੇ ਸਿਰੇ ਤਕ ਘਰ ਘਰ ਧਰਮਸਾਲਾਂ, ਧਰਮ ਪਰਚਾਰਕ ਸੰਸਥਾਵਾਂ, ਵਿਦਿਅਕ ਟਕਸਾਲਾਂ, ਗੁਰੂ ਕੇ ਲੰਗਰਾਂ ਅਤੇ ਗੁਰਮਤੀਏ ਉਪਦੇਸ਼ਕਾਂ ਦੀ ਪਰੰਪਰਾਵਾਂ ਦਾ ਇਤਨਾ ਵਿਸਥਾਰ ਹੋਇਆ, ਕਿ ਜਿਸ ਤੋਂ ਹਰ ਮਲਵਈ ਬੱਚਾ ਸਿੱਖੀ ਪ੍ਰਭਾਵ, ਧਰਮ ਪਰਾਇਣਤਾ ਅਤੇ ਕਾਵ੍ਯ—ਸੰਗੀਤ ਦੀ ਪ੍ਰਧਾਨਤਾ ਆਦਿਕ ਸ਼ੁਭ ਗੁਣਾਂ ਨੂੰ ਆਪਣੇ ਨਾਲ ਲੈ ਕੇ ਜਨਮਦਾ ਹੋਇਆ ਸਹਿਜ ਵਿਚ ਹੀ ਗਿਆਨੀ, ਕਵੀ ਅਤੇ ਉਦਾਰ ਬਣ ਜਾਂਦਾ ਹੈ। ਅਤੇ ਹਰੇਕ ਕਵੀ ਗੁਰੂ ਜੋਤਿ ਦੀ ਸ਼ੁਭ ਦਾਤ ਤੋਂ ਵਰੋਸਾਕੇ ਅਪਣੇ ਅਨੁਭਵ ਨੂੰ ਗਦਗਦ ਕੰਠ ਦੁਆਰਾ ਇਉਂ ਪ੍ਰਗਟ ਕਰਦਾ ਹੈ।

'ਆਖਿ ਜੈ ਜੈਕਾਰ ਦੇਵ ਸੀਸ ਨੂੰ ਨਿਵਾਇ ਰਹੇ
ਗਾਇ ਰਹੇ ਜੰਗਲ ਭੀ ਮੰਗਲ ਦੇ ਰਾਗ ਅਜੇ।
ਕਲੀ ਦੇ ਪ੍ਰਭਾਵ ਹਰੇ ਸੱਤ ਵਰਤਾਵ ਕਰੇ
ਇੱਕ ਥਾਂ ਬਠਾਏ ਸਜੇ ਰਾਗ ਤੇ ਵਿਰਾਗ ਅਜੇ।
ਕਹੇ ਕਵਿ 'ਕੇਹਰਿ' ਮੁਰੀਦ ਭੀ ਬਣਾਏ ਐਸੇ
ਜਿਨ੍ਹਾਂ ਦੇ ਚਰਨ ਗੰਗਾ ਗੋਮਤੀ ਪ੍ਰਯਾਗ ਭਜੇ।
ਪਾਵਨ ਪਰਮ, ਬੀਰ ਧਰਮ ਚਰਨ ਕਰਿ
ਜਗ ਵਿਚੋਂ ਪਾਪ ਤੇ ਸੰਤਾਪ ਰਹੇ ਭਾਗ ਅਜੇ।'

ਸੋ ਧੰਨਵਾਦ ਹੈ—ਉਨ੍ਹਾਂ ਗੁਰਮਤੀਏ ਵਡਭਾਗੀ ਅਤੇ ਵਿਦ੍ਵਾਨ ਉਪਦੇਸ਼ਕ ਸਜਣਾਂ ਦਾ, ਜਿਨ੍ਹਾਂ

Digitized by Panjab Digital Library | www.panjabdigilib.org

ਨੇ ਬੜੀ ਘਾਲ ਕਮਾਈ ਅਤੇ ਵਿਦਿਆ ਅਭਿਆਸ ਦੇ ਸਦਕੇ ਸਿੰਘ ਸਭਾ ਲਹਿਰ ਵਿਚ ਧਰਮ ਪਰਚਾਰ ਦੀ ਸੇਵਾ ਕਰਦਿਆਂ ਏਸ ਲੇਖਕ ਜਿਹਿਆਂ ਅਲ੍ਹੜਾਂ ਅਤੇ ਆਪ ਹੁਦਰਿਆਂ ਦੀ ਅਗਵਾਈ ਕਰਕੇ ਗੁਰ ਗਿਆਨ ਪ੍ਰਾਪਤ ਕਰਨ ਵਿਚ ਸਚੀ ਸਹਾਇਤਾ ਕੀਤੀ। ਏਜ ਪਰਉਪਕਾਰੀ ਲੜੀ ਵਿਚ ਸੰਤ ਗੁਰਬਖ਼ਸ਼ ਸਿੰਘ ਜੀ, ਪੰਡਿਤ ਰਾਜ ਬਸੰਤ ਸਿੰਘ ਜੀ, ਸੰਤ ਗੁਲਾਬ ਸਿੰਘ ਜੀ ਘੋਲੀਆ, ਪੰਡਿਤ ਇੰਦਰ ਸਿੰਘ ਜੀ ਮੋਗਾ ਅਤੇ ਗਿਆਨੀ ਸੱਜਣ ਸਿੰਘ ਜੀ ਰੁੜਕਾ ਆਦਿ ਦੇ ਨਾਮ ਸਭ ਤੋਂ ਪਹਿਲਾਂ ਅਤੇ ਆਦਰ ਨਾਲ ਗਿਣਨ ਯੋਗ ਹਨ।

ਅਨੰਤ ਧੰਨਵਾਦ ਹਨ—ਓਸ ਕਰਤਾ ਪੁਰਖ, ਮੀਰੀ ਪੀਰੀ ਸੰਪੰਨ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਲਈ, ਜਿਨ੍ਹਾਂ ਨੇ †ਪੁਰਾਤਨ ਪਹਿਰੇ ਤੋਂ ਵਰ ਦਾਨ ਦੇ ਖਿਰਦ ਨੂੰ ਪਾਲਦਿਆਂ ਏਸ ਅਧਮ ਜੀਵ ਨੂੰ ਗੁਰਮਤਿ ਤਥਾ ਸ਼ਾਸਤ੍ਰੀਯ ਗਿਆਨ ਪ੍ਰਾਪਤੀ ਦੇ ਸਮੇਂ ਸਦਾ ਅੰਗ ਸੰਗ ਰਹਿ ਕੇ ਅੰਗੀਕ੍ਰਿਤ ਹਰ ਏਕ ਵਿਸ਼ੇ ਵਿਚ ਸਫਲਤਾ ਦੀ ਦਾਤ ਬਖ਼ਸ਼ੀ।

ਫੇਰ ਧੰਨਵਾਦ ਹੈ—ਪਰਉਪਕਾਰੀ ਸਜਣ ਸੰਤ ਵਿਸਾਖਾ ਸਿੰਘ ਜੀ ਹੁਰਾਂ ਦਾ, ਜਿਨ੍ਹਾਂ ਨੇ 'ਮਰਦ ਗੱਜੇ ਤਾਂ ਹੀਜੜਿਆਂ ਨੂੰ ਕੱਜੇ' ਦੀ ਕਹਾਉਤ ਵਾਂਗ 'ਬ੍ਰਹਮਾ ਵਰਤ ਨਾਮੇਂ ਵਿਸਤ੍ਰਿਤ ਅਤੇ ਪੁਰਾਤਨ ਦੇਸ ਤਥਾ ਵਰਤਮਾਨ ਵਿਚ 'ਗੁਰੂ ਕਾ ਮਾਲਵਾ' ਨਾਮਧਾਰੀ ਪੁੰਨ ਭੂਮੀ ਦਾ ਪੁਰਾਤਨ ਸਮੇਂ ਤੋਂ ਲੈ ਕੇ ਅਜ ਤਕ ਦਾ ਇਤਿਹਾਸ ਗੁਣੀਆਂ ਕੋਲੋਂ ਲਿਖਵਾਉਣ ਦਾ ਉੱਦਮ ਕੀਤਾ। ਅਤੇ ਏਸ ਲੇਖਕ ਨੂੰ ਉਸ ਦੀ ਵਿਸ਼ਾਲ ਭੂਮਿਕਾ ਲਿਖਣ ਦੀ ਕੇਵਲ ਅਨੁਮਤੀ ਹੀ ਨਹੀਂ ਸਗੋਂ ਚੰਗੀ ਤਰ੍ਹਾਂ ਵਿਸਥਾਰ ਪੂਰਬਕ ਲਿਖਣ ਦੀ ਆਗਿਆ ਅਤੇ ਹਰ ਪਰਕਾਰ ਹੀ ਸਹਾਇਤਾ ਪ੍ਰਦਾਨ ਕੀਤੀ। ਜਿਸ ਦੇ ਲਿਖਣ ਦੀ ਸੱਧਰ ਅੰਦਰੋ ਅੰਦਰੀ ਮੇਰੇ ਵਿਖਪਤ ਹਿਰਦੇ ਵਿਚ ਲਗ ਪਗ ੩੦ ਬਰਸ ਤੋਂ ਸੀ।

ਆਖਣ ਨੂੰ ਤਾਂ ਇਹ ਨਿਬੰਧ ਭਾਵੇਂ ਮਾਲਵੇ ਦੇ ਇਤਿਹਾਸ ਦੀ ਭੂਮਿਕਾ ਹੀ ਹੈ। ਪਰ ਏਸ ਵਿਚ ਉਕਤ ਇਤਿਹਾਸ ਦੀਆਂ ਮੁਖ ਮੁਖ ਅੰਸਾਂ ਦਾ ਇਤਿਹਾਸ ਸਾਰ ਗ੍ਰਾਹੀ ਦ੍ਰਿਸ਼ਟੀ ਨਾਲ ਪੂਰਾ ਪੂਰਾ ਸਮਝਿਆ ਜਾਣ ਤੇ ਮੈਂ ਆਪ ਨੂੰ ਏਸ ਵਿਸ਼ੇ ਸੰਬੰਧੀ ਠੀਕ ਅਰਥਾਂ ਵਿਚ ਕ੍ਰਿਤਾਰਥ ਤੇ ਸਫਲ ਹੋਇਆ ਮੰਨਦਾ ਹਾਂ। ਇਸ ਲਈ ਮੈਂ ਆਸ਼ਾ ਕਰਦਾ ਹਾਂ ਕਿ ਇਤਿਹ ਸ ਦੇ ਅਭਿਲਾਸ਼ੀ ਸਜਣ ਅਤੇ ਆਉਣ ਵਾਲੀ ਨਸਲ ਦੇ ਹੋਣਹਾਰ ਨੌਨਿਹਾਲ ਏਸ ਅਦੁਤੀ ਘਾਲ ਨੂੰ ਅਪਣਾਕੇ ਏਸ ਤੋਂ ਅਵੱਸ਼ ਹੀ ਲਾਭ ਪ੍ਰਾਪਤ ਕਰ ਸਕਣਗੇ।

ਏਸ ਭੂਮਿਕਾ ਦੇ ਲਿਖਣ ਲਈ ਹੇਠ ਲਿਖੇ ਸਾਧਨਾਂ ਤੋਂ ਸਹਾਇਤਾ ਲਈ ਗਈ ਹੈ:—

(੧) ਰਿਗ ਵੇਦ ਸੰਹਿਤਾ ਅਤੇ ਉਸ ਸੰਬੰਧੀ ਬ੍ਰਾਹਮਣ ਤੇ ਉਪਨਿਸ਼ਦ ਗ੍ਰੰਥ। (੨) ਮਹਾਂ ਭਾਰਤ ਆਦੀ ਪੁਰਾਣ ਅਤੇ ਪੁਰਾਤਨ ਸਮੇਂ ਦੇ ਕਾਵ੍ਯ-ਨਾਟਕਾਂ ਦੇ ਗ੍ਰੰਥ। (੩) ਪਾਤੰਜਲੀ ਦਾ ਮਹਾਂ ਭਾਸ਼ ਆਦੀ ਵਿਆਕਰਣ ਅਤੇ ਮਨੂੰ ਆਦੀ ਧਰਮ ਸ਼ਾਸਤ੍ਰ (੪) ਵਿਕ੍ਰਮ ਸਿੰਮ੍ਰਤੀ, ਦ੍ਵਿਵੇਦੀ ਅਭਿਨੰਦਨ, ਸ਼ਿਆਮ ਸੁੰਦਰ ਦਾਸ ਅਭਿਨੰਦਨ, ਵੇਦ ਅੰਕ, ਵੇਦ ਰਹੱਸ੍ਯ, ਟਾਡ ਰਾਜਸਥਾਨ, ਪ੍ਰਿਥਵੀ ਰਾਜ ਰਾਸੋ, ਹਮੀਰ ਰਾਸੋ, ਤਵਾਰੀਖ ਗਿਆਨੀ ਗਿਆਨ ਸਿੰਘ ਜੀ ਅਤੇ ਅੰਗ੍ਰੇਜ਼ੀ, ਹਿੰਦੀ, ਤਥਾ ਪੰਜਾਬੀ ਦੇ ਅਨੇਕ

---

†ਲੇਖਕ ਨੂੰ ਜਨਮ ਅਤੇ ਗੁਣ ਦੀ ਦਾਤ ਹਜ਼ੂਰ ਛੇਵੇਂ ਪਾਤਸ਼ਾਹ ਦੇ ਵਰਦਾਨ ਤੋਂ ਹੀ ਮਿਲੀ ਹੈ।

Digitized by Panjab Digital Library | www.panjabdigilib.org

ਇਤਿਹਾਸ ਗ੍ਰੰਥ (੫) ਤੀਹਾਂ ਬਰਸਾਂ ਦੀ ਮੇਹਨਤ ਤੋਂ ਪ੍ਰਾਪਤ ਹੋਈਆਂ ਬਿਰਧ, ਵਿਚਾਰਵਾਨ ਮਲਵਈਆਂ ਦੇ ਮੁਖਾਰਬਿੰਦ ਤੋਂ ਸੁਣੀਆਂ ਹੋਈਆਂ ਜਨ ਸੁਰਤੀਆਂ (ਰਿਵਾਇਤਾਂ) ਅਤੇ 'ਸਿੰਘਾਸਨ ਬਤੀਸੀ' ਆਦਿ ਅਨੇਕ ਮਿਥਿਹਾਸਕ ਚਰਚਾ ਤੋਂ ਪ੍ਰਾਪਤ ਅਨੇਕ ਦੰਤ ਕਥਾਵਾਂ (੬) ਤਵਾਰੀਖੀ ਘਟਨਾਵਾਂ ਅਤੇ ਅਸਥਾਨਾਂ ਦੇ ਨਾਮ ਤੇ ਨਿਸ਼ਾਨ ਜੋ ਅਜ ਤਕ ਵਰਤਮਾਨ ਹਨ। (੭) ਖਰੋਸਤੀ ਅਤੇ ਦੇਵ ਨਾਗਰੀ ਵਿਚ ਲਿਖੇ ਹੋਏ ਕੁਝ ਸਿੱਕੇ ਅਦਿ।

ਤਿਹਾੜਾ
ਸਾਉਣ ਪੂਰਨਮਾਸ਼ੀ
ਸੰ: ੨੦੧੦ ਵਿ: ਅਨੁਸਾਰ
੨੬-੭-੫੩

ਖ਼ਾਲਸਾ ਜੀ ਦੀ ਕ੍ਰਿਪਾ ਦਾ ਪਰਮ ਪਾਤ੍ਰ-
ਪੰਡਿਤ ਕਰਤਾਰ ਸਿੰਘ "ਸਾਹਿਤਿਆਚਾਰਯ"

—o—

Digitized by Panjab Digital Library | www.panjabdigilib.org

੧ ਓ ਸਤਿਗੁਰਪ੍ਰਸਾਦਿ ॥

# ਗੁਰੂ ਕਾ ਮਾਲਵਾ

## ੧. ਪ੍ਰਕਣ

'ਮਾਲਵਾ' ਦੇਸ ਤੋਂ ਭਾਵ 'ਗੁਰੂ ਕੇ ਮਾਲਵੇ' ਤੋਂ ਹੈ। ਜਿਸ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਥਮ, ਦੂਜੇ, ਤੀਜੇ, ਛੇਵੇਂ, ਨੌਵੇਂ ਅਤੇ ਦਸਵੇਂ ਰੂਪ ਨੇ ਨਿਜ ਚਰਨਾਰਬਿੰਦਾਂ ਨਾਲ ਹੋਰਨਾਂ ਦੇਸਾਂ ਤੋਂ ਭੀ ਅਧਿਕ ਸੁਸ਼ੋਭਿਤ ਕੀਤਾ। ਇਸ ਦੇ ਵਿਸਤਾਰ ਦੀ ਠੀਕ ਸਮਝ ਉਸ ਨਕਸ਼ੇ ਤੋਂ ਆਵੇਗੀ ਜੋ ਏਸ ਨਿਬੰਧ ਵਿਚ ਕਿਸੇ ਹੋਰ ਥਾਂ ਦਿਤਾ ਗਿਆ ਹੈ।

## ਮਾਲਵੇ ਦਾ ਭੂਗੋਲ ਅਤੇ ਵਰਤਮਾਨ ਸੁਰੂਪ

ਕਿਸੇ ਦੇਸ ਦਾ ਇਤਿਹਾਸ ਲਿਖਣ ਲਈ ਉਸ ਦੇ ਨਾਮ ਕਰਨ, ਹਿੱਸੇ, ਹੱਦਾਂ, ਜਲ ਵਾਯੂ, ਨਦੀਆਂ, ਪਰਿਸਥਤੀ ਅਰਥਾਤ ਉਸ ਦੀ ਰਾਜਸੀ ਦਸ਼ਾ ਅਤੇ ਬ੍ਰਿਤਾਂਤ ਦਾ ਵਰਨਣ ਕਰਨਾ ਅਤਿ ਜ਼ਰੂਰੀ ਹੁੰਦਾ ਹੈ। ਇਸ ਲਈ ਮਾਲਵੇ ਦਾ ਇਤਿਹਾਸ ਲਿਖਣ ਲਈ ਭੀ ਉਪਰੋਕਤ ਗੱਲਾਂ ਤੇ ਵਿਚਾਰ ਕਰਨੀ ਲੋੜੀਂਦੀ ਹੈ।

## (ੳ) ਨਾਮ ਕਰਨ

ਕਈ ਵਿਦ੍ਵਾਨ ਆਖਦੇ ਹਨ ਕਿ ਅਤਿ ਪ੍ਰਾਚੀਨ ਸਮੇਂ ਵਿਚ ਹਿਮਾਲਾ ਪਰਬਤ ਅਤੇ ਰਾਜਪੂਤਾਨੇ ਦੇ ਥਾਂ ਬਹੁਤ ਵੱਡਾ ਸਮੁੰਦਰ ਸੀ। ਇਹ ਭੂਗੋਲ ਅਤੇ ਪੁਰਾਤੱਤ੍ਵ ਵੇਤਾ ਪੁਰਸ਼ਾਂ ਦਾ ਵਿਚਾਰ ਹੈ। ਬਹੁਤ ਸਮੇਂ ਪਿਛੋਂ ਹਿਮਾਲਾ ਪਰਬਤ ਦੇ ਉਪਰ ਉਠਣ ਵਾਂਗ ਹੋਰ ਭੀ ਬਹੁਤ ਸਾਰਾ ਦੇਸ ਉਸੇ ਸਮੁੰਦਰ ਦੇ ਗਰਭ ਵਿਚੋਂ ਨਿਕਲ ਆਇਆ। ਇਸ ਵਿਚ ਰਾਜਪੂਤਾਨਾ ਤੇ ਸਿੰਧ ਵੀ ਸੀ। ਓਸ ਸਮੇਂ ਹਿਮਾਲੇ ਦੇ ਹਿਸਿਆਂ ਵਿਚੋਂ ਰਾਜਪੂਤਾਨਾ ਅਤੇ ਸਿੰਧ ਵਲ ਦੀ ਹੋ ਕੇ ਸਮੁੰਦਰ ਵਿਚ ਮਿਲਣ ਵਾਲੀਆਂ ਬਹੁਤ ਸਾਰੀਆਂ ਨਦੀਆਂ ਸਨ। ਜਿਨ੍ਹਾਂ ਵਿਚੋਂ ਬਿਆਸ, ਸਤਲੁਜ, ਸਰਸ੍ਵਤੀ, ਸਰਸਾ, ਅਤੇ ਮਾਰਕੰਡਾ ਆਦਿਕ ਪਰਸਿਧ ਸਨ। ਜੋ ਸਹਾਰਨਪੁਰ ਦੇ ਉਤਰ ਵਲ ਦੇ ਪਹਾੜਾਂ ਤੋਂ ਲੈ ਕੇ ਰਵਾਲਸਰ ਦੀਆਂ ਚੋਟੀਆਂ ਵਿਚੋਂ ਨਿਕਲਦੀਆਂ ਸਨ। ਸਮੇਂ ਦੇ ਫੇਰ ਨਾਲ ਰਾਜਪੂਤਾਨੇ ਵਿਚ ਬਹੁਤਾ ਰੇਤਾ ਵਧ ਗਿਆ ਤਾਂ ਉਹਨਾਂ ਵਿਚੋਂ ਸਤਲੁਜ ਤੇ ਬਿਆਸਾ ਜੋ ਸੁਤੰਤਰ ਵਗਦੀਆਂ ਸਨ, ਉਹ ਆਪਣੇ ਰਸਤੇ ਨੂੰ ਬਦਲ ਕੇ ਦੋਵੇਂ ਆਪਸ ਵਿਚ ਮਿਲਦੀਆਂ ਹੋਈਆਂ ਹਾਕੜੇ ਸਣੇ ਸਮੁੰਦਰ ਵਿਚ ਪੈਣ ਲਗੀਆਂ ਫੇਰ ਹਾਕੜਾ ਤੇ ਸੁਰਸ੍ਵਤੀ ਉਕਾ

Digitized by Panjab Digital Library | www.panjabdigilib.org

ਹੀ ਸੁਕ ਗਈਆਂ। ਅਤੇ ਸਰਸਾ ਜੋ ਪਹਿਲਾਂ ਬੀਕਾਨੇਰ ਦੇ ਇਲਾਕੇ ਵਿਚ ਵਹਿੰਦਾ ਸੀ, ਉਹ ਸਤਲੁਜ ਦੇ ਪਹਿਲੇ ਰਸਤੇ ਨੂੰ ਛੱਡਣ ਤੇ ਰੋਪੜ ਤੋਂ ਰਤਾ ਕੁ ਪਰੇ ਸਤਲੁਜ ਵਿਚ ਹੀ ਮਿਲ ਗਿਆ। ਤਾਂ ਏਸ ਸਾਰਸੁਤ ਦੇਸ ਵਿਚ ਰੇਤਾ ਬਹੁਤਾ ਹੋ ਜਾਣ ਕਰ ਕੇ ਏਸ ਰੇਤ ਸਾਗਰ ਦਾ ਨਾਉਂ ਰਾਜਪੂਤਾਨੇ ਵਾਂਗ ਮਾਰੂਵਾਰ, ਮਾਰੂਵਾ ਫੇਰ ਮਾਲਵਾ ਪ੍ਰਸਿਧ ਹੋ ਗਿਆ। ਜੋ ਜੈ ਪੁਰ, ਜੋਧ ਪੁਰ, ਬੀਕਾਨੇਰ ਅਤੇ ਜੈਸਲਮੇਰ ਤੋਂ ਲੈ ਕੇ ਗੁਜਰਾਤ ਕਾਠੀਆਵਾੜ ਦੀ ਹੱਦ ਤਕ ਹੈ। ਸਗੋਂ ਇਸ ਵਿਚ ਉਜੈਨ, ਉਦੇਪੁਰ, ਮਾਂਡੂ ਅਤੇ 'ਧਾਰ' ਆਦੀ ਵਡੇ ਵਡੇ ਨਗਰ ਭੀ ਗਿਣੇ ਜਾ ਸਕਦੇ ਹਨ।

ਪੂਰਬੋਕਤ ਮਾਲਵੇ ਦੇ ਉਪਰ ਦਾ ਇਲਾਕਾ ਜਿਉਂ ਜਿਉਂ ਰੇਤ ਨਾਲ ਭਰਦਾ ਗਿਆ ਤਿਉਂ ਤਿਉਂ ਨਦੀਆਂ ਸੁਕਦੀਆਂ ਗਈਆਂ। ਸਗੋਂ ਕਈਆਂ ਦੇ ਰਸਤੇ ਵੀ ਬਦਲਦੇ ਗਏ। ਇਕੱਲੇ ਸਤਲੁਜ ਵਲ ਹੀ ਦੇਖੋ ਕਿ ਜਦੋਂ ਪਰਾਚੀਨ ਸਮੇਂ ਵਿਚ ਵਿਸ਼੍ਵਾ ਮਿਤਰ ਨੇ ਰਾਜਾ ਸੁਦਾਸ ਨੂੰ ਬਿਆਸਾ ਅਤੇ ਸਤਲੁਜ ਦੇ ਉਰਾਰ ਲਿਆ ਕੇ ਸਰਸ੍ਵਤੀ ਤੇ ਆਬਾਦ ਕੀਤਾ। ਉਸ ਸਮੇਂ ਸਰਸ੍ਵਤੀ ਥਾਨੇਸਰ ਕੋਲ ਦੀ ਹੋ ਕੇ ਅਜ ਕਲ ਦੇ ਦਮਦਮੇਂ ਸਾਹਿਬ (ਤਲਵੰਡੀ ਸਾਬੋ) ਦੇ ਕੋਲ ਦੀ ਵਗਦੀ ਸੀ। ਜੋ ਮਾਰਕੰਡੇ ਆਦਿ ਰਿਖੀਆਂ ਦੇ ਤਪ ਕਰਨ ਦੀਆਂ ਸਾਖੀਆਂ ਤੋਂ ਸਪੱਸ਼ਟ ਹੋ ਜਾਂਦਾ ਹੈ। ਉਸੇ ਸਮੇਂ ਸਤਲੁਜ ਨਾਭੇ ਦੇ ਉਤਰ ਵਲ ਦੀ ਹੁੰਦਾ ਹੋਇਆ ਲਿਛਾਬੱਦੀ ਛਪਾਰ ਅਤੇ ਲੋਹਟ ਬੱਦੀ ਕੋਲ ਦੀ ਠੀਕਰੀ ਵਾਲੇ ਵਿਚੀਂ ਬਠਿੰਡੇ ਪਹੁੰਚਦਾ ਸੀ। ਜਦੋਂ ੭੧੨ ਬਿ: ਵਿਚ ਬਠਿੰਡਾ ਬਝਿਆ ਸੀ ਉਸ ਸਮੇਂ ਇਹ ਕਿਲਾ ਬਠਿੰਡੇ ਦੇ ਠੀਕ ਨਾਲ ਦੀ ਵਗਦਾ ਸੀ। ਫੇਰ ਕਸ਼ਮੀਰੀ ਰਾਜੇ ਦੇ ਬੰਨ੍ਹ ਮਾਰਨ ਤੋਂ ਮਾਛੀਵਾੜਾ—ਬਹਲੋਲ ਪੁਰ (ਜ਼ਿਲਾ ਲੁਧਿਆਣਾ) ਕੋਲ ਦੀ ਵਗਦਾ ਹੋਇਆ ਜਗਰਾਵਾਂ—ਫੀਰੋਜ਼ ਪੁਰ ਹੁੰਦਾ ਹੋਇਆ ਬਿਆਸਾ ਨੂੰ ਰਲਾ ਕੇ ਸਿੰਧ ਨਾਲ ਜਾ ਮਿਲਿਆ। ਉਸ ਸਮੇਂ ਤੋਂ ਏਸ ਦੀਆਂ ਪਿਛੇ ਰਹੀਆਂ ਸ਼ਾਖ਼ਾਂ ਅਤੇ ਉਪਰ ਆਖੀਆਂ ਹੋਈਆਂ ਹੋਰ ਛੋਟੀਆਂ ੨ ਨਦੀਆਂ ਏਸ ਇਲਾਕੇ ਨੂੰ ਚੰਗੀ ਤਰ੍ਹਾਂ ਨਾ ਸਿੰਜ ਸਕੀਆਂ। ਜਿਸ ਦਾ ਫਲ ਇਹ ਹੋਇਆ ਕਿ ਇਹ ਦੇਸ ਉਪਜਾਊ ਨ ਰਹਿੰਦਾ ਹੋਇਆ ਬਹੁਤ ਸਾਰਾ ਉਜੜ ਕੇ ਸਤਲੁਜ ਦੇ ਆਸ ਪਾਸ ਆ ਬਸਿਆ। ਜ਼ਿਲਾ ਲੁਦਿਹਾਣੇ ਦੀ ਬਹੁਤੀ ਵਸੋਂ ਸਰਸ੍ਵਤੀ ਅਤੇ ਸਤਲੁਜ ਉਤੇ ਪਹਿਲਾਂ ਵਸਦੇ ਇਲਾਕਿਆਂ ਤੋਂ ਆ ਕੇ ਹੀ ਵਸੀ ਹੈ। ਏਸੇ ਲਈ ਜ਼ਿਲਾ ਲੁਧਿਆਣੇ ਦਾ ਇਲਾਕਾ ਉਸ ਨਾਲੋਂ ਬਹੁਤਾ ਉਪਜਾਊ ਹੋ ਜਾਣ ਕਰ ਕੇ ਏਸ ਇਲਾਕੇ ਦੇ ਲੋਕ ਉਸ ਨੂੰ 'ਜੰਗਲ' ਜਾਂ 'ਮਾਲਵਾ' ਆਖਣ ਲਗ ਪਏ।

ਪਰ ਕਈ ਖੋਜੀ ਏਸ ਗੱਲ ਨੂੰ ਠੀਕ ਨ ਮੰਨ ਕੇ ਇਓਂ ਦਸਦੇ ਹਨ—ਭਾਵੇਂ 'ਮਰੂ' ਸ਼ਬਦ ਨੂੰ ਤਧਿੱਤ ਹੋ ਕੇ (ਤਾਲੂ ਸ਼ਬਦ ਤੋਂ ਤਾਲਵਯ ਬਣ ਜਾਣ ਵਾਂਗ) 'ਮਰੂ' ਤੋਂ 'ਮਾਰੂਵਾ' ਬਣ ਕੇ ਫੇਰ 'ਰ' ਦਾ 'ਲ' ਹੋ ਕੇ ਮਾਲਵਾ ਸ਼ਬਦ ਬਣ ਸਕਦਾ ਹੈ। ਪਰ ਸਮੁੰਦਰ ਦੇ ਸੁਕਣ ਤੋਂ ਮਾਰੂਥਲ ਬਣ ਜਾਣ ਦਾ ਖ਼ਿਆਲ ਬਹੁਤ ਪੁਰਾਣਾ ਅਤੇ ਵਿਦ੍ਵਾਨਾਂ ਦੀ ਅਕਲ ਤੋਂ ਹੀ ਮੰਨਿਆ ਹੋਇਆ 'ਖੂਹ ਵਿਚ ਇੱਟ' ਦੀ ਤਰ੍ਹਾਂ ਅਨਿਸਚਿਤ ਹੈ। ਏਸ ਲਈ ਪਰਾਚੀਨ ਗ੍ਰੰਥਾਂ ਵਿਚੋਂ ਜਦ ਤੋਂ ਅਸੀਂ ਇਤਿਹਾਸ ਦੇ ਤੱਥ ਨੂੰ ਸਮਝਣ ਲਗੇ ਹਾਂ। ਉਸ ਸਮੇਂ ਤੋਂ ਸਾਨੂੰ ਏਸ ਟੁਕੜੇ (ਮੁਕੰਦਾ ਨਦੀ ਤੋਂ ਲੈ ਕੇ ਸਤਲੁਜ ਤਕ) ਦਾ ਪਹਿਲਾ ਨਾਉਂ ਦੇਵਤਿਆਂ ਦਾ ਬਸਾਇਆ ਹੋਇਆ ਹੋਣ ਕਰ ਕੇ 'ਦੇਵ ਨਿਰਮਤ' ਅਤੇ 'ਅੱਗ੍ਰ ਜਨਮਾ' (ਵਡਾਰੂਆਂ ਦੀ ਭੂਮੀ) ਲਿਖਿਆ ਹੋਇਆ ਦੇਖਦੇ ਹਾਂ। ਫੇਰ ਇਹ ਸਾਰਸ੍ਵਤ ਰਿਖੀ ਦੇ ਪਰਤਾਪ ਅਤੇ ਸਰਸ੍ਵਤੀ ਦੀ ਬਰਕਤ ਨਾਲ ਏਥੇ ਬ੍ਰਹਮ ਰਿਖੀਆਂ ਦਾ ਬਾਸਾ ਹੋਣ ਕਰਕੇ 'ਬ੍ਰਹਮਾ ਵਰਤ' ਅਤੇ ਫੇਰ

Digitized by Panjab Digital Library | www.panjabdigilib.org

'ਸਾਰਸੁਤ ਦੇਸ਼' ਕਰਕੇ ਪਰਸਿੱਧ ਹੋਇਆ। ਉਸ ਤੋਂ ਪਿਛੋਂ ਸੂਰਜ ਬੰਸੀ ਰਾਜਾ ਮਦ੍ਰਕ ਦੀ ਸੰਤਾਨ ਦੇ ਏਥੇ ਰਾਜ ਕਰਨ ਤੋਂ ਲਾਹੌਰ-ਕਸੂਰ ਦੀਆਂ ਰਾਜਧਾਨੀਆਂ ਬਣਨ ਤੇ ਇਸ ਨੂੰ ਕਸੂਰ ਦੇ ਅਧੀਨ ਦਖਣੀ ਮੱਦਰ ਦੇਸ ਕਹਿਣ ਲਗੇ। ਜਿਸ ਦੀ ਹੱਦ ਕਸੂਰ ਤੋਂ ਲੈ ਕੇ ਕੰਙਣ ਪੁਰ, ਸ਼ਾਹੀਵਾਲ, ਹੜੱਪਾ, ਵਿਨਸ਼ਨ (ਸਰਸ੍ਵਤੀ ਦੇ ਗਰਕ ਹੋਣ ਦਾ ਥਾਂ) ਤੋਂ ਬਾਗੜ, ਬੀਕਾਨੇਰ, ਦਾ ਉਤਰੀ ਹਿੱਸਾ ਅਰਥਾਤ ਗੜ- ਦਰੇੜ, ਹਾਂਸੀ, ਹੰਸਾਰ, ਕੈਥਲ, ਥਾਨੇਸਰ, ਕੁਰਛੇਤਰ, ਸ਼ਾਹ ਆਬਾਦ, ਅੰਬਾਲਾ, ਰੋਪੜ, ਹਿਮਾਚਲ ਪਰਦੇਸ਼ ਦੀ ਕੰਢੀ ਅਤੇ ਸਤਲੁਜ ਦੇ ਵਰਤਮਾਨ ਵਹਿਣ ਤਕ ਸੀ। ਸਮੁੰਦਰ ਦਾ ਸੁਕਣਾ ਅਤੇ ਉਸ ਦਾ ਮਾਰੂਥਲ ਬਣ ਜਾਣ ਦਾ ਖ਼ਿਆਲ ਬਹੁਤ ਚਿਰ ਦੀ ਗੱਲ ਹੈ। ਰਿਗਵੇਦ ਅਤੇ ਉਸ ਤੋਂ ਬਹੁਤ ਚਿਰ ਪਿਛੋਂ ਬਣਨ ਵਾਲੀ ਯਜੁਰਵੇਦ ਦੇ ਸਮੇਂ ਤਕ ਇਹ ਬਹੁਤ ਉਪਜਾਉ ਸੀ ਬਲਕਿ ਦਖਣੀ ਹਿਸਾ (ਲੱਖੀ ਜੰਗਲ ਤੋਂ ਬਿਨਾ) ਅਨੂਪ ਦੇਸ (ਬਹੁਤੇ ਜਲਵਾਲਾ) ਸੀ। ਅਤੇ ਮਹਾ ਭਾਰਤ ਦੇ ਸਮੇਂ ਤਕ ਅਸੀਂ ਏਸ ਨੂੰ ਉਹਾ ਜਿਹਾ ਹੀ ਦੇਖਦੇ ਹਾਂ ਅਤੇ 'ਮਦਰ ਦੇਸ' ਇਸ ਦਾ ਨਾਮ ਸੁਣਦੇ ਹਾਂ। ਭਾਵ ਪਰਕਾਸ਼, ਪ੍ਰਬੋਧ ਚੰਦਰ ਨਾਟਕ ਅਤੇ ਵਿਚਿਤ੍ਰ ਨਾਟਕ ਵਿਚ (ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਵਿਤ੍ਰ ਬਚਨਾਂ ਦੀ ਰਾਹੀਂ) ਏਸ ਦਾ ਨਾਉਂ-ਮਦਰ ਦੇਸ ਹੀ ਸੁਣਦੇ ਹਾਂ। ਇਸ ਦੀ ਸਤੱਤਾ ਪੁਰਾਣੇ ਗ੍ਰੰਥਾਂ ਤੋਂ ਭੀ ਸਿੱਧ ਹੁੰਦੀ ਹੈ। ਜੈਸੇ-'ਮਨੂ ਸਿੰਮ੍ਰਤੀ' ਅਤੇ 'ਪਾਤੰਜਲ ਮਹਾਂ ਭਾਸ਼' ਵਿਚ ਲਿਖਿਆ ਹੈ ਕਿ ਇਹ ਦੇਸ ਪੁਰਾਣੇ ਸਮੇਂ ਵਿਚ 'ਬ੍ਰਹਮਾ ਵਰਤ' ਪਹਿਲਾਂ ਜੰਮਣ ਵਾਲਿਆਂ ਦਾ ਦੇਸ ਅਤੇ ਸਿਸ਼ਟ ਪੁਰਸ਼ਾਂ ਦਾ ਦੇਸ ਹੈ। ਪਰ ਮਾਲਵਾ ਜਾਂ ਮਾਰੂਵਾਰ ਇਸਦਾ ਕਿਤੇ ਨਾਉਂ ਨਹੀਂ ਆਉਂਦਾ। ਮਾਰੂਬਾਰ, ਮਾਰੂਥਲ ਅਥਵਾ ਮਾਰਵਾੜ ਨਾਮ ਤਾਂ ਰੇਤ ਦੀ ਬਹੁਤਾਇਤ ਹੋਣ ਕਰ ਕੇ ਜੋਧ ਪੁਰ ਆਦੀ ਦਾ ਨਾਉਂ ਪਹਿਲਾਂ ਤੋਂ ਹੀ ਸੀ, 'ਮਾਲਵਾ' ਨਹੀਂ ਸੀ। ਸਗੋਂ ਮਾਰਵਾੜ ਟੱਪ ਕੇ ਮੱਧ ਪ੍ਰਦੇਸ ਦਾ ਕੁਝ ਹਿੱਸਾ ਅਤੇ ਧਾਰਾ ਤੇ ਉਜੈਨ ਤਕ ਦਾ ਇਲਾਕਾ ਮਾਰਵਾੜ ਜਿਹਾ ਰੇਤਲਾ ਨ ਹੋਣ ਤੇ ਭੀ 'ਮਾਲਵਾ' ਕਹਾਉਂਦਾ ਹੈ। ਇਸ ਕਰਕੇ ਮਾਰੂ ਥਲ ਹੋ ਜਾਣ ਦੇ ਕਾਰਣ ਏਸ ਦੇਸ ਦਾ ਨਾਉਂ 'ਮਾਲਵਾ' ਕਲਪਣਾ ਅਤਿਅੰਤ ਭੁਲ ਹੈ।

ਕਈ ਵਿਚਾਰਵਾਨ ਇਉਂ ਦਸਦੇ ਹਨ ਕਿ 'ਮਾਲ' ਸ਼ਬਦ ਦਾ ਅਰਥ ਉਪਜ (ਪੈਦਾਵਾਰ) ਹੈ। ਏਸ ਸਦਕੇ ਏਸ ਦਾ ਅਤੇ ਉਜੈਨ ਦੇ ਇਲਾਕੇ ਦਾ ਨਾਮ ਬਹੁਤਾ ਉਪਜਾਊ ਹੋਣ ਦੇ ਕਾਰਣ 'ਮਾਲਵਾ' ਪਿਆ ਹੈ। ਪਰੰਤੂ ਇਹ ਕਲਪਣਾ ਭੀ ਠੀਕ ਨਹੀਂ ਕਿਉਂਕਿ ਇਹ ਤਾਂ 'ਮਾਲ' ਸ਼ਬਦ ਬਿਦੇਸ਼ੀ ਹੋਣ ਕਰਕੇ ਏਸ ਨੂੰ 'ਵ' ਆਦਿ ਦੇਸ਼ੀ ਭਾਸ਼ਾ ਦੇ ਪ੍ਰਤਯੇ ਲਗ ਕੇ 'ਮਾਲਵਾ' ਸ਼ਬਦ ਦਾ ਬਨਣਾ ਵਿਆਕਰਣ ਤੋਂ ਵਿਰੁੱਧ ਹੈ। ਦੂਜੇ ਏਸ ਇਲਾਕੇ ਵਿਚ ਜੋ ਉਪਜਾਉ ਟੁਕੜਾ ਉਸ ਟੁਕੜੇ ਨੂੰ ਭੀ 'ਮਾਲਵਾ' ਹੀ ਆਖਿਆ ਜਾਂਦਾ ਹੈ। ਅਤੇ ਮਾਲਵਾ ਨਾਮ ਉਪਰੋਕਤ ਆਖੇ ਹੋਏ ਨਾਵਾਂ ਤੋਂ ਬਹੁਤ ਪਿਛੋਂ ਦਾ ਹੈ। ਇਸ ਕਰ ਕੇ ਪਹਿਲੀ ਕਲਪਣਾ ਕਰਨ ਵਾਲਿਆਂ ਦਾ ਮਤ ਭੀ ਠੀਕ ਨਹੀਂ ਜਚਦਾ। ਤੀਜੇ ਉਪਰੋਕਤ ਸਭ ਨਾਮ (ਮਦਰ ਤੋਂ ਬਿਨਾਂ ਧਾਰਮਿਕ ਇਸਥਤੀ ਅਤੇ ਸ਼ਾਸਤ੍ਰੀ ਹਨ। ਇਸ ਲਈ ਪੋਲੀਟੀਕਲ ਕਲਪਨਾਂ ਕਰਕੇ ਸਰਬ ਸਾਧਾਰਨ ਵਿਚ ਏਸ ਦਾ ਨਾਮ 'ਮਾਲਵਾ' ਪੈਣ ਦਾ ਕਾਰਣ ਇਹ ਹੈ-ਈਸਾ ਤੋਂ ੧੫੦੦ ਬਰਸ ਅਤੇ ਯੂਨਾਨੀ-ਸਿਕੰਦਰ ਅਤੇ ਸ਼ਾਹ ਸਲੋਕਸ ਦੇ ਸਮੇਂ ਤੋਂ ੧੦੦੦ ਬਰਸ ਅੱਗੋਂ ਏਥੇ ਛੁਦ੍ਰਕ, ਖੋਖਰ, ਰਿਛੀਕ, ਬਾਹੀ, ਜੋਧੇ, ਮੁਟ, ਮਸੀ, ਕੰਗ, ਸਾਹੀ ਅਤੇ ਮਲੋਈ ਅਥਵਾ ਮਾਲੂ ਜਾਂ ਮੱਲੀ ਆਦਿਕ ੧੦੦ ਗਣ ਸੁਤੰਤ੍ਰ ਰਾਜ ਕਰਦੇ ਸੀ। ਉਹਨਾਂ ਵਿਚੋਂ ਉਹਨਾਂ ਦੇ ਮੁਖੀਏ ਗਿਣਤੀ ਵਿਚ ਬਹੁਤੇ ਹੋਣ ਕਰਕੇ

Digitized by Panjab Digital Library | www.panjabdigilib.org

ਮੱਲੀ ਜਾਂ 'ਮਾਲੂ' ਸਨ। ਜੋ ਕਿ ਪ੍ਰਮਾਰਾਂ ਦੀ ਇਕ ਸ਼ਾਖ਼ ਸੀ। ਇਹ ਸਭ ਤੋਂ ਬਹੁਤੇ ਅਤੇ ਲੜਾਕੇ ਹੋਣ ਦੇ ਕਾਰਣ 'ਸਾਰੀ ਧਰਤੀ ਹੀ ਪ੍ਰਮਾਰਾਂ ਦੀ ਹੈ' ਏਸ ਲੋਕ ਰੂੜੀ ਨੂੰ ਸਫ਼ਲ ਕਰ ਰਹੇ ਸਨ। ਅਰਥਾਤ ਏਸ ਦੇਸ ਵਿਚ ਮਲੋਈਆਂ ਜਾਂ ਮਾਲਵਾ ਦੇ ਵਾਸ ਕਰਣ ਤੇ ਪ੍ਰਭਾਵ ਰੱਖਣ ਦੇ ਕਾਰਣ ਪਹਿਲੇ ਏਸੇ ਦਾ ਨਾਮ 'ਮਾਲਵਾ' ਪਿਆ। ਜਿਨ੍ਹਾਂ ਦੀ ਇਕ ਸ਼ਾਖ਼ਾ ਦਖਣ ਵਲ ਆਬੂ (ਅਰਵਲੀ) ਪਰਬਤ ਦੇ ਨਗਰ ਅਚੱਲਗੜ (ਵਰਤਮਾਨ ਸਿਰੋਹੀ ਰਾਜ) ਵਿਚ ਚਿਰ ਤੋਂ ਨਿਵਾਸ ਕਰਦੀ ਸੀ। ਜਿਨ੍ਹਾਂ ਵਿਚੋਂ ਪਰਤਾਪੀ ਸਮ੍ਰਾਟ ਬਿਕ੍ਰਮਾਦਿੱਤ ਹੋਇਆ। ਅਤੇ 'ਮਦ੍ਰ ਦੇਸ਼' ਵਿਚ ਰਹਿਣ ਵਾਲੀ ਪਹਿਲੀ ਸ਼ਾਖ ਨੇ ਜੈ ਪੁਰ ਰਾਜ ਵਿਚ 'ਕਰਕੋਟ ਨਗਰ' ਵਿਚ ਆਪਣੀ ਪ੍ਰਭੁਤਾ ਜਮਾਈ। ਜਿਨ੍ਹਾਂ ਦੇ ਸਿੱਕਿਆਂ ਉਤੇ "ਮਾਲਵਾਂਨ ਜਯ" ਜਾਂ ਮਾਲਵਾਨਾਂ ਇਸਥਤੀ ਅਥਵਾ 'ਮਗਜ' ਅਤੇ 'ਮਗਜਯ' ਆਦੀ ਅਖਰਾਂ ਦੇ ਸੰਕੇਤ ਵਿਚ ਈ: ਪੂ: ਪਹਿਲੀ ਸਦੀ ਦੇ ਸਿੱਕੇ ਮਿਲੇ ਹਨ। ਜਿਨ੍ਹਾਂ ਦਾ ਅਰਥ ਹੈ–'ਮਾਲਵ ਗਣ ਦੀ ਜੈ ਆਦਿ। ਇਸ ਪ੍ਰਕਾਰ ਪੰਚ ਨਦ ਤੋਂ ਲੈ ਕੇ ਮੂਲਥਾਨ (ਮੁਲਤਾਨ) ਖਹਰੋੜ ਸਿੰਧ, ਮਾਰਵਾੜ, ਮਦ੍ਰ ਦੇਸ਼ ਅਤੇ ਬਿੰਧਿਆ ਚਲ ਦੇ ਉਰੇ–ਧਾਰ, ਉਜੈਨ, ਮੱਧ ਪ੍ਰਦੇਸ਼ ਅਤੇ 'ਬਰਾਰ' ਵਿਚ ਸਭਨਾਂ ਤੋਂ ਬਹੁਤੀ ਗਿਣਤੀ ਪ੍ਰਮਾਰਾਂ ਦੀ ਹੀ ਸੀ। ਅਤੇ ਸਿਕੰਦਰ ਆਦਿ ਬਿਦੇਸ਼ੀਆਂ ਨਾਲ ਲੜਨ ਵਾਲੀ ਬਹਾਦਰ ਅਤੇ ਨਿਆਇ ਸ਼ੀਲ ਸਿਰੋਮਣਿ ਗਣ ਏਹੋ ਸੀ। ਜਿਸ ਨੂੰ 'ਮਹਿੰਦ੍ਰਾਦਿਤ' ਪ੍ਰਮਾਰ (ਗੰਧਰਬ ਸੇਨ) ਦੇ ਸੁਪੁਤ੍ਰ ਮਾਲਵ ਕੁਲ ਕਮਲ ਦੇ ਸੂਰਜ ਮਹਾਂ ਪ੍ਰਾਕ੍ਰਮੀ, ਮਹਾਂ ਉਦਾਰ, ਮਹਾਂ ਵਿਦ੍ਵਾਨ, ਮਹਾਂ ਨਿਆਇ ਸ਼ਾਲੀ ਅਤੇ ਮਹਾਂ ਦਾਨੀ 'ਵਿਕ੍ਰਮਾਦਿਤਯ' ਨੇ ਸਾਰੇ ਜਗਤ ਵਿਚ ਪ੍ਰਸਿਧ ਕਰ ਦਿਖਾਇਆ ਅਤੇ ਉਜੈਨੀ ਦੇਸ ਦਾ ਨਾਉਂ ਭੀ ਉਸੇ ਦੇਸ ਵਾਸੀਆਂ ਨੇ ਖੁਲੇ ਮੂੰਹ ਸਲਾਹੁਤਾ ਕਰਦੇ ਹੋਇਆਂ ਆਵੰਤੀ ਤੋਂ ਬਦਲ ਕੇ 'ਮਾਲਵਾ' ਬੜੀ ਖ਼ੁਸ਼ੀ ਨਾਲ ਅੰਗੀਕਾਰ ਕੀਤਾ।

ਏਸ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ। ਕਿ ਜਿਵੇਂ ਉਜੈਨ ਦੇ 'ਅਵੰਤੀ' ਦੇਸ ਦਾ ਨਾਉਂ ਮਾਲਵਾਂ ਦੀ ਬਹੁਗਿਣਤੀ ਅਤੇ ਪ੍ਰਭੁਤਾ ਕਰਕੇ 'ਮਾਲਵਾ' ਪ੍ਰਸਿੱਧ ਹੋਇਆ। ਉਵੇਂ ਹੀ ਮਦ੍ਰ ਦੇਸ ਵਿਚ ਭੀ 'ਮਾਲਵਾ' ਲੋਕਾਂ ਦੇ ਬਾਸ ਕਰਨ ਅਤੇ ਉਹਨਾਂ ਦੀ ਯੂਨਾਨੀਆਂ ਉੱਤੇ ਵਿਜੈ ਪਾਉਣ ਦੇ ਕਾਰਣ 'ਮਾਲਵਾ' ਪਿਆ। ਮਾਲਵ ਲੋਕਾਂ ਦੀ ਪੰਚਨਦ ਅਤੇ ਮੱਦ੍ਰ ਦੇਸ਼ ਵਿਚ ਚਿਰ ਕਾਲ ਤੋਂ ਸੁਤੰਤਰਤਾ ਅਤੇ ਪ੍ਰਭੁਤਾ ਦਾ ਸਬੂਤ ਇਸ ਗਲ ਤੋਂ ਵੀ ਹੁੰਦਾ ਹੈ। ਜੋ ਉਹਨਾਂ ਦੇ ੧੦੦ ਪ੍ਰਤਿਨਿਧੀਆਂ ਨੇ ਸਿਕੰਦਰ ਦੀ ਮੁਲਾਕਾਤ ਵੇਲੇ ਆਖੀ ਸੀ।' ਕਿ ਅਸੀਂ ਹਜਾਰ ਬਰਸ ਤੋਂ ਭੀ ਪਹਿਲਾਂ ਦੇ ਸਮੂਹ ਭਾਰਤ* ਵਿਚ ਆਪਣੀ ਸੁਤੰਤਰਤਾ ਅਤੇ ਪ੍ਰਭੁਤਾ ਦਾ ਸੁਖ ਭੋਗ ਰਹੇ ਸੀ।'

ਵਰਤਮਾਨ ਵਿਚ ਉਜੈਨ ਦੇ ਮਾਲਵੇ ਤੋਂ ਵਖਰਾ ਕਰਨ ਲਈ ਸਾਡੇ ਮਾਲਵੇ ਨੂੰ ਗੁਰੂ ਸਾਹਿਬਾਂ ਦੀਆਂ ਬਖਸ਼ਸ਼ਾਂ ਦੇ ਸਦਕੇ 'ਗੁਰੂ ਕਾ ਮਾਲਵਾ' ਕਹਾਉਣ ਦਾ ਮਾਨ ਅਰਥਾਤ ਜਗਤ ਗੁਰੂ–ਗੁਰੂ ਨਾਨਕ ਦੇਵ ਜੀ ਦੇ ਪਾਵਨ ਚਰਨ ਪਾਉਣ ਦੇ ਸਮੇਂ ਤੋਂ ਹੀ ਪ੍ਰਾਪਤ ਹੋਇਆ ਹੈ।

---

*ਜੋ ਪੁਰਾਤਨ ਸਮੇਂ ਵਿਚ ਕੇਵਲ ਜਮਨਾ ਤੋਂ ਲੈ ਕੇ ਗੰਧਾਰ ਦੇਸ ਤਕ ਹੀ ਮੰਨਿਆ ਜਾਂਦਾ ਸੀ। (ਦੇਖੋ ਚਿਤ੍ਰ-ਏਸੇ ਗ੍ਰੰਥ ਵਿਚ) ਅਤੇ ਜਮਨਾ ਤੋਂ ਲੈ ਕੇ ਗੰਡਕ ਤਕ 'ਆਰਯ ਵਰਤ' ਕਹਾਉਂਦਾ ਸੀ। ਦੱਖਣ ਵਿਚ ਜਿਸ ਦੀ ਅਵਧਿ ਬਿੰਦਯ ਪਰਬਤ ਤਕ ਸੀ।

Digitized by Panjab Digital Library | www.panjabdigilib.org

## ਹੱਦਾਂ

ਇਸ ਦੇ ਪੂਰਬ ਵਲ ਜਮਨਾ ਪੱਛਮ ਵਲ ਸਤਲੁਜ, ਦੱਖਣ ਵਲ ਰਿਆਸਤ ਬੀਕਾਨੇਰ ਅਤੇ ਉੱਤਰ ਵਿਚ ਵਰਤਮਾਨ ਹਿਮਾਚਲ ਪ੍ਰਦੇਸ਼ ਦੀ ਕੰਢੀ ਅਰਥਾਤ ਜਮਨਾ ਅਤੇ ਸਤਲੁਜ ਦਾ ਹਿਠਾੜ ਅਤੇ ਮੈਣ ਦੁਆਬ ਸਮੇਤ ਤੇ ਸਰਹਿੰਦ ਸਰਕਾਰ ਦੀ ਅਧੀਨਗੀ ਵਿਚ ਨੀਯਤ ਕੀਤਾ ਗਿਆ ਇਲਾਕਾ ਇਸ ਦੇ ਘੇਰੇ ਵਿਚ ਹੈ।

## ਹਿੱਸੇ

ਇਸ ਦੇ ਹਿੱਸੇ ਹੇਠ ਲਿਖੇ ਅਨੁਸਾਰ ਹਨ :–(੧) ਚੁਸ਼ਕ (ਸ਼ੁਸ਼ਕ ਜਾਂ ਬੇਟ) ਸਤਲੁਜ ਦਾ ਹਿਠਾੜ (੨) ਪੁਆਧ–ਤਹਿਸੀਲ ਸਮਰਾਲਾ ਅਤੇ ਪਟਿਆਲਾ-ਨਾਭਾ ਦਾ ਪੂਰਬੀ ਇਲਾਕਾ (੩) ਤਿਹਾੜਾ–ਦੁਆਬਾ, ਜੰਗਲ ਅਤੇ ਪੁਆਧ ਦੇ ਵਿਚਕਾਰ (ਤਹਿਸੀਲ ਲੁਧਿਆਣਾ ਅਤੇ ਜਗਰਾਵਾਂ ਦਾ ਇਲਾਕਾ (੪) ਜੰਗਲ–ਜ਼ਿਲਾ ਫੀਰੋਜ਼ਪੁਰ, ਰਿਆਸਤ ਪਟਿਆਲਾ ਤੇ ਸੰਗਰੂਰ ਦਾ ਦੱਖਣ-ਪੱਛਮੀ ਅਤੇ ਬੈਰਾੜਕੀ-ਰਿਆਸਤ ਫਰੀਦ ਕੋਟ ਤੇ ਜ਼ਿਲਾ ਫੀਰੋਜ਼ਪੁਰ ਦਾ ਕੁਝ ਇਲਾਕਾ (੫) ਬਾਗੜ–ਸਰਸਾ ਅਤੇ ਗੜ੍ਹ ਦਰੇੜੇ ਦਾ ਆਲਾ ਦੁਆਲਾ (੬) ਭੱਟਿਆਣਾ–ਹਿਸਾਰ ਅਤੇ ਫਤਹ ਆਬਾਦ ਦਾ ਇਲਾਕਾ (੭) ਹਰਿਆਣਾ–ਕਰਨਾਲ, ਸ਼ਾਹਾਬਾਦ ਤੇ ਥਾਨੇਸਰ ਦਾ ਚੁਫੇਰਾ (ਅਹੀਰਾਂ ਦਾ ਪੁਰਾਤਨ ਇਲਾਕਾ) (੮) ਬਾਂਗਰ–ਨਿਰਵਾਣਾ, ਰੋਹਤਕ ਦਾ ਚੁਫੇਰਾ ਤੇ ਰਿਆਸਤ ਪਟਿਆਲਾ ਦਾ ਦਖਣ ਪੂਰਬੀ ਇਲਾਕਾ।

## ਨਦੀਆਂ

ਇਸ ਦੇਸ ਵਿਚ ਵਰਤਮਾਨ ਸਮੇਂ ਛੋਟੀਆਂ ਮੋਟੀਆਂ ਨਦੀਆਂ ਇਹ ਹਨ–(੧) ਸਤਲੁਜ–ਜ਼ਿਲਾ ਲੁਧਿਆਣਾ ਅਤੇ ਜਲੰਧਰ ਦੀ ਹੱਦ ਬਣਾਉਂਦੀ ਹੋਈ ਫ਼ੀਰੋਜ਼ਪੁਰ ਦੇ ਉੱਤਰ ਦੇ ਪਾਸੇ ਦੋ ਮੀਲ ਤੇ ਵਗਦੀ ਹੈ। ਝੀਲ ਮਾਨਸਰੋਵਰ ਤੋਂ ਵਗਣ ਵਾਲੇ ੧੦੦ ਸ੍ਰੋਤਾਂ ਤੋਂ ਮਿਲ ਕੇ ਬਣੀ ੮੦੦ ਮੀਲ ਲੰਬੀ ਸਿੰਧੂ ਨਦੀ ਵਿਚ ਜਾ ਡਿਗਦੀ ਹੈ। ੧੦੦ ਸ੍ਰੋਤਾਂ ਤੋਂ ਬਣੀ ਹੋਣ ਕਰਕੇ ਵੇਦ ਵਿਚ ਇਸ ਨੂੰ 'ਸ਼ਤੁਦ੍ਰੀ' ਕਰਕੇ ਆਖਿਆ ਗਿਆ ਹੈ। (੨) ਬੁੱਢਾ ਨਾਲਾ–ਬਹਲੋਲ ਪੁਰ ਜ਼ਿਲਾ ਲੁਧਿਆਣਾ ਕੋਲੋਂ ਸਤਲੁਜ 'ਚੋਂ ਨਿਕਲ ਕੇ 'ਭੂੰਦੜੀ' ਜ਼ਿਲਾ ਲੁਧਿਆਣਾ ਕੋਲ ਸਤਲੁਜ ਵਿਚ ਹੀ ਮਿਲ ਜਾਂਦਾ ਹੈ। (੩) ਕਨਕ ਬਾਹਨੀ–ਰਵਾਲਸਰ ਦੇ ਪਹਾੜਾਂ ਵਿਚੋਂ ਨਿਕਲ ਕੇ ਗੁਰਦੁਆਰਾ ਫਤਹ ਗੜ੍ਹ ਸਾਹਿਬ ਦੇ ਕੋਲ ਪੂਰਬ ਵਲ ਭੱਡਲੀ ਵਿਚ ਮਿਲ ਜਾਂਦੀ ਹੈ। ਇਸ ਦੀ ਰੇਤ ਵਿਚ ਸੋਨੇ ਦੇ ਅਣੂ ਚੋਖੇ ਮਿਲੇ ਹੋਏ ਹੁੰਦੇ ਹਨ, ਜੋ ਕਸ਼ਮੀਰ ਦੀ ਕਨਕ ਬਾਹਨੀ ਤੋਂ ਇਹ ਕਿਸੇ ਸੰਬੰਧ ਕਰਕੇ ਲੈ ਆਉਂਦੀ ਹੈ। (੪) ਭੱਡਲੀ–ਇਹ ਕਨਕ ਬਾਹਨੀ ਨੂੰ ਨਾਲ ਲੈ ਕੇ ਰੋਪੜ ਅਤੇ ਚਮਕੌਰ ਸਾਹਿਬ ਤੋਂ ਹੇਠ ਪੂਰਬ ਵਲ ਦੀ ਦੁਰਾਹੇ, ਪੰਜ ਗ੍ਰਾਈਆਂ, ਭੱਦਰ ਵੱਢ ਅਤੇ ਠੀਕਰੇ ਵਾਲ ਹੁੰਦੀ ਹੋਈ ਦਮਦਮਾ ਸਾਹਿਬ ਕੋਲ ਦੀ ਪੱਕੇ ਪਥਰਾਲੇ ਵਲ ਨੂੰ ਜਾ ਕੇ ਜ਼ਿਲਾ ਹਿਸਾਰ ਦੇ ਟਿੱਬਿਆਂ ਵਿਚ ਗੜਾਂਗਾਪ ਹੋ ਜਾਂਦੀ ਹੈ। ਏਸੇ ਦੇ ਉਪਰ 'ਡੱਕ ਤੇ ਭੱਡਲੀ' ਰਹਿੰਦੇ ਸਨ। (੫) ਘਗਟ–ਅੰਬਾਲੇ ਤੋਂ ਦੋ ਮੀਲ ਪੱਛਮ ਅਤੇ ਪਟਿਆਲੇ

Digitized by Panjab Digital Library | www.panjabdigilib.org

ਤੋਂ ਦਸ ਮੀਲ ਦੱਖਣ ਵਲ ਦੀ ਬਹਿੰਦੀ ਹੋਈ ਸਰਸੇ ਕੋਲ ਜਾ ਕੇ ਨਾਲੀ ਜਿਹੀ ਬਣ ਕੇ ਬੀਕਾਨੇਰ ਦੇ ਟਿੱਬਿਆਂ ਵਿਚ ਗਰਕ ਹੋ ਜਾਂਦੀ ਹੈ। ਏਸ ਨੂੰ ਡਾ: ਜਾਯਸਵਾਲ ਅਤੇ ਰਾਹੁਲ ਸਾਂਕ੍ਰਿਯਾਇਨ ਨੇ ਗਲਤੀ ਨਾਲ ਸਰਸ੍ਵਤੀ ਮੰਨਿਆ ਹੈ। (੬) ਕੌਸ਼ੱਲਿਆ—ਉੱਤਰ ਕੌਸ਼ਲ ਦੇਸ ਦੀ ਇਕ ਨਦੀ ਜੋ ਵੈਦਿਕ ਕਾਲ ਵਿਚ ਘੱਗਰ ਦੀ ਮੂਲ ਸੀ। ਹੁਣ ਪਟਿਆਲੇ ਤੋਂ ਇਕ ਕੋਹ ਪੂਰਬ ਦਖਣ ਦੇ ਪਾਸੇ ਦੀ ਵਗਦੀ ਹੈ। ਅਤੇ 'ਘੁੜਾਮ' ਦੇ ਕੋਲ ਦੀ ਕੁਝ ਦੂਰ ਪਰੇ ਜਾ ਕੇ ਘੱਗਰ ਵਿਚ ਲੀਨ ਹੋ ਜਾਂਦੀ ਹੈ। (੭) ਸਰਸ੍ਵਤੀ—ਇਹ ਘੱਗਰ ਦੇ ਦਖਣ ਵਲ ਦੀ ਕਦੇ ਧਰਤੀ ਦੇ ਉਪਰ ਕਦੇ ਅੰਦਰ, ਮੱਧਮ ਜਿਹੀ ਵਗਦੀ ਹੋਈ ਬੀਕਾਨੇਰ ਰਾਜ ਵਿਚ 'ਵਿਨਸ਼ਨ' ਤੀਰਥ ਕੋਲ ਉਕੀ ਹੀ ਲੋਪ ਹੋ ਜਾਂਦੀ ਹੈ। ਪੁਰਾਣੇ ਹਿੰਦੂਆਂ ਦੇ ਖਿਆਲ ਵਿਚ ਇਹ ਧਰਤੀ ਦੇ ਅੰਦਰ ਵਗਦੀ ਹੋਈ ਪਰਾਗ ਰਾਜ ਕੋਲ ਗੰਗਾ ਜਮਨਾ ਦੇ ਨਾਲ ਜਾ ਮਿਲਦੀ ਹੈ। ਵੈਦਿਕ ਸਮੇਂ ਵਿਚ ਇਹ ਬਹੁਤ ਪਵਿੱਤਰ ਮੰਨੀ ਜਾਂਦੀ ਸੀ। ਇਸ ਦੇ ਕੰਢੇ ਤੇ ਪੁਰਾਤਨ ਵੈਦਿਕ ਰਿਸ਼ੀ, ਉਪਨਿਸ਼ਦਕਾਰ ਅਤੇ ਵੇਦ ਆਚਾਰਯ ਰਹਿੰਦੇ ਸੀ, ਬੜੇ ਬੜੇ ਤੀਰਥ ਸਨ। ਇਸ ਤੋਂ ਬਿਨਾ ਏਸ ਦੇ ਅੰਦਰ ਦੈਂਤਾਂ ਦੇ ਬਣਾਏ ਹੋਏ ਅਣ ਗਿਣਤ ਹੀ ਕਿਲੇ ਤੇ ਸ਼ਹਿਰ ਸਨ, ਜਿਨ੍ਹਾਂ ਨੂੰ ਇੰਦਰ ਨੇ ਬਰਬਾਦ ਕਰ ਦਿੱਤਾ ਸੀ। (੮) ਸਰਸਾ-ਇਸ ਨੂੰ ਵੇਦ ਵਿਚ 'ਸਰਸ੍ਵਾਨ' ਕਰਕੇ ਲਿਖਿਆ ਹੈ। ਪਹਿਲੇ ਸਮੇਂ ਵਿਚ ਰਵਾਲ ਸਰ ਦੇ ਪਹਾੜਾਂ ਤੋਂ ਨਿਕਲ ਕੇ ਏਸ ਮਾਲਵੇ ਵਿਚ ਦੀ ਹੁੰਦਾ ਹੋਇਆ ਸਰਸ੍ਵਤੀ ਵਾਂਗ ਸਿੰਧ ਸਾਗਰ ਵਿਚ ਡਿਗਦਾ ਸੀ। ਏਸ ਦੇ ਕੰਢੇ ਉਤੇ ਕ੍ਰਿਸ਼ਨ ਨੇ ਵਾਣਾਸੁਰ ਨੂੰ ਮਾਰਿਆ ਸੀ। ਹੁਣ ਇਹ ਕੁਝ ਸਦੀਆਂ ਤੋਂ ਰੋਪੜ ਤੇ ਅਨੰਦ ਪੁਰ ਸਾਹਿਬ ਦੇ ਵਿਚਕਾਰ ਸਤਲੁਜ ਵਿਚ ਹੀ ਜਾ ਰਲਦਾ ਹੈ (੯) ਟਾਂਗਰੀ—ਅੰਬਾਲੇ ਤੋਂ ਛੇ ਮੀਲ ਪੂਰਬ ਕੇਸਰੀ ਪਿੰਡ ਦੇ ਕੋਲ ਦੀ ਲੰਘਦੀ ਹੋਈ ਮਾਰਕੰਡੇ ਵਿਚ ਜਾ ਰਲਦੀ ਹੈ (੧੦) ਮਾਰਕੰਡਾ—ਇਸ ਨੂੰ ਵੇਦ ਵਿਚ 'ਦ੍ਰਿਸ਼ਦਵਤੀ' (ਪਥੱਰ ਦੀ ਗੀਟੀਆਂ ਵਾਲੀ) ਕਰਕੇ ਲਿਖਿਆ ਹੈ। ਉਸ ਸਮੇਂ ਸਰਸ੍ਵਤੀ ਵਾਂਗ ਇਹ ਵੀ ਬਹੁਤ ਪਵਿਤ੍ਰ ਖ਼ਿਆਲ ਕੀਤੀ ਜਾਂਦੀ ਸੀ। ਅਤੇ ਇਸ ਉਤੇ ਵੀ ਬਹੁਤ ਸਾਰੇ ਰਿਸ਼ੀ-ਮਹਰਿਸ਼ੀ ਰਹਿੰਦੇ ਸੀ। ਇਹ ਉਦੋਂ ਸਰਸ੍ਵਤੀ ਦੇ ਦੱਖਣ ਵਲ ਦੀ ਹੁੰਦਾ ਹੋਇਆ ਰਾਜਪੂਤਾਨੇ ਵਲ ਨੂੰ ਵਗਦਾ ਸੀ। ਅਤੇ ਹਿੰਦੂਆਂ ਦੇ ਖ਼ਿਆਲ ਵਿਚ ਇਹ ਸਰਸ੍ਵਤੀ ਨੂੰ ਵਿਆਹੁਣ ਆਇਆ ਸੀ, ਪਰ, ਸਰਸ੍ਵਤੀ ਨੇ ਬਹੁਤ ਸਾਰੇ ਟੇਢ ਖਾ ਕੇ ਆਪ ਨੂੰ ਧਰਤੀ ਵਿਚ ਗੁਪਤ ਕਰ ਲਿਆ (੧੧) ਮੁਕੰਦਾ ਨਦੀ—ਰਵਾਲਸਰ ਦੀ ਪਹਾੜੀਆਂ ਵਿਚੋਂ ਸ਼ੈਲੋਦੇ ਤੀਰਥ ਕੋਲੋਂ ਨਿਕਲ ਕੇ ਕਰਨਾਲ ਤੋਂ ਦਖਣ ਵਲ ਨੂੰ ਹੁੰਦੀ ਹੋਈ ਜਮਨਾਂ ਵਿਚ ਜਾ ਰਲਦੀ ਹੈ। ਏਸ ਦੇ ਕੰਢੇ ਤੇ ਕ੍ਰੋੜੀਆ ਮਿਸਲ ਦੇ ਸਰਦਾਰ 'ਬਘੇਲ ਸਿੰਘ' ਦੀ ਰਾਜਧਾਨੀ ਸੈਲੌਦੀ ਪਿੰਡ ਵਿਚ ਸੀ।

## ਪ੍ਰਸਿੱਧ ਨਗਰ ਅਤੇ ਗ੍ਰਾਮ

ਪੁਰਾਣੇ ਸਮੇਂ ਵਿਚ ਗੁਰੂ ਕੇ ਮਾਲਵੇ ਅੰਦਰ ਪਲਾਢ, ਜਨੇਰ, ਵਿਰਾਟ ਨਗਰ (ਤਿਹਾੜਾ, ਗਾਗਾ, ਸੁਨੇਤ, ਰੋਪੜ, ਪੰਜੋਰ, ਅੰਬਾਲਾ, ਮੋਰੰਡਾ, ਦਾਮਲਾ, ਸੋਢੌਰਾ, ਸੁਨਾਮ, ਸਨੌਰ, ਘੁੜਾਮ, ਸ਼ੈਲੋਦਯ, ਨਾੜਪਿਤ, ਨੇਮਿਸ਼, ਹਰਿਆਊ (ਅਹੀਰਾਂ ਗੁੱਜਰਾਂ ਦਾ ਮੂਲ ਥਾਂ) ਕੁਰੁਛੇਤਰ, ਥਾਨੇਸਰ, ਕੈਂਥਲ, ਸਪੈਦੋਂ (ਸਫੈਦੋ) ਕੰਪਲਾ, ਰੋਹਤਾਖ (ਸਰਮਦਮਨ), ਦੇਵਝੱਲਾ (ਦੇਹੁਲਾ), ਹੋਡਲਾ, ਕ੍ਰਿਸ਼ਨਦੀਪ, ਵਰਤਮਾਨ ਵਿਚ ਲੋਧੀਆਣਾ, ਸਾਰਿੰਦ (ਸਰਹਿੰਦ), ਪਾਇਲ, ਪਟਿਆਲਾ, ਨਾਭਾ, ਸੰਗਰੂਰ, ਮਾਲੇਰਕੋਟਲਾ

Digitized by Panjab Digital Library | www.panjabdigilib.org

ਬਰਨਾਲਾ, ਬਠਿੰਡਾ, ਜੀਂਦ, ਫਰੀਦਕੋਟ, ਫੀਰੋਜਪੁਰ, ਮੋਗਾ, ਰਾਇਕੋਟ, ਹਾਂਸੀ, ਹਿਸਾਰ, ਰੋਹਤਕ, ਕੈਥਲ, ਕਰਨਾਲ, ਭਦੌੜ ਅਤੇ ਹਰਿਆਊ (ਡਸਕਾ) ਆਦਿ ਪ੍ਰਸਿੱਧ ਅਤੇ ਇਤਿਹਾਸਿਕ ਅਸਥਾਨ ਹਨ, ਅਤੇ ਵਿਨਸ਼ਨ ਆਦਿਕ ਨਗਰ ਸਨ, ਜਿਨ੍ਹਾਂ ਵਿਚੋਂ ਬਹੁਤਿਆਂ ਦੇ ਅਜਕਲ ਨਾਮ ਨਿਸ਼ਾਨ ਹੀ ਰਹਿ ਗਏ ਹਨ। ਅਤੇ ਇਹਨਾਂ ਵਿਚੋਂ ਕਈ (ਸੁਨੇਤ ਆਦਿਕ) ਦ੍ਰਾਵੜ ਸਭਤਾ ਦੇ ਵੇਲੇ ਦੇ ਹਨ। ਇਨ੍ਹਾਂ ਦਾ ਕੁਝ ਵੇਰਵਾ ਅਗੇ ਏਸੇ ਨਿਬੰਧ ਵਿਚ ਦਿਤਾ ਗਿਆ ਹੈ।

## ਜਲ–ਵਾਯੂ

ਇਲਾਕਾ ਭਟਿਆਣਾ, ਬਾਂਗਰ ਤੇ ਬਾਗੜ ਦਾ ਜਲ–ਵਾਯੂ ਗਰਮ ਖ਼ੁਸ਼ਕ, ਹਰਿਆਣੇ ਦਾ ਬਾਇਲ ਅਥਵਾ ਨਮਦਾਰ, ਜੰਗਲ ਦਾ ਗਰਮ ਤਰ, ਬੇਟ ਦਾ ਨਮਦਾਰ ਬਾਇਲ ਅਤੇ ਪੁਆਧ ਤਥਾ ਤਿਹਾੜੇ ਦਾ ਜਲ–ਵਾਯੂ ਬਹੁਤ ਵਧੀਆ ਹੈ। ਪੁਆਧ ਤੇ ਤਿਹਾੜੇ ਦੇ ਬੰਦੇ ਬਹੁਤ ਸੁੰਦਰ, ਤਿਹਾੜੇ ਅਤੇ ਜੰਗਲ ਦੇ ਜ਼ੋਰਾਵਰ, ਬਾਂਗਰ ਤੇ ਭਟਿਆਣੇ ਦੇ ਕਦਾਵਰ ਪਰ ਫੂਹੜ। ਅਤੇ ਸੁਭਾਵ ਆਮ ਤੌਰ ਤੇ ਮਾਲਵੇ ਦਾ ਹੋਰਨਾਂ ਇਲਾਕਿਆਂ ਨਾਲੋਂ ਬਹੁਤ ਸਿੱਧਾ ਤੇ ਖੁਲਾਸਾ ਹੁੰਦਾ ਹੈ। ਜ਼ਿਲਾ ਲੁਧਿਆਣਾ ਤੇ ਤਹਿਸੀਲ ਮੋਗਾ ਦੀ ਵਿਦਿਅਕ ਹਾਲਤ ਅੱਛੀ ਅਤੇ ਬਾਕੀਆਂ ਦੀ ਰੱਦੀ ਹੈ। ਹੁਣ ਪੈਪਸੂ ਬਣ ਜਾਣ ਤੇ ਮਾਲਵੇ ਦੀ ਹੋਰ ਵਿਦਿਅਕ ਉੱਨਤੀ ਹੋ ਜਾਣ ਦੀ ਆਸ਼ਾ ਹੈ।

## ਉਪਜ (ਪੈਦਾਵਾਰ)

ਜੰਗਲ, ਭਟਿਆਣਾ ਤੇ ਬਾਂਗਰ ਵਿਚ ਛੋਲੇ, ਕਣਕ, ਬਾਜਰਾ, ਮੋਠ ਅਤੇ ਜੁਆਰ, ਬਾਗੜ ਵਿਚ ਜੁਆਰ ਅਤੇ ਮੋਠ, ਬਹੁਤ ਹੁੰਦੇ ਹਨ। ਤਿਹਾੜੇ ਵਿਚ ਮੱਕੀ, ਕਣਕ, ਕਦੂ, ਕਮਾਦ, ਆਲੂ, ਖਰਬੂਜੇ, ਅਰਬੀ, ਗੰਢੇ, ਮ੍ਰਿਚ ਹਰ ਇਕ ਫਲ ਅਤੇ ਕਪਾਹ ਬਹੁਤ ਪੈਦਾ ਹੁੰਦੀ ਹੈ। ਦੁੱਧ ਘਿਉ ਬਹੁਤਾ ਜੰਗਲ ਤੇ ਬਾਂਗਰ ਵਿਚ ਹੁੰਦਾ ਹੈ। ਰੇਤਲੇ ਥਾਵੀਂ ਮੂੰਗਫਲੀ ਬਹੁਤ ਹੁੰਦੀ ਹੈ। ਪੁਆਧ ਵਿਚ ਗੰਨਾ ਅਤੇ ਮਿਰਚ ਬਹੁਤ ਹੰਦੀ ਹੈ।

## ਜਾਨਵਰ

ਨਿਉਲੇ ਸੱਪ, ਕੁਤੇ, ਬਿੱਲੇ ਕਾਟੋ ਆਦੀ ਆਮ, ਜੰਤੂਆਂ ਤੋਂ ਬਿਨਾਂ ਜੰਗਲ ਵਿਚ ਗਊ, ਊਂਠ, ਰੋਝ ਗਿੱਦੜ, ਬਘਿਆੜ, ਲੂੰਬੜ, ਸਹਿਆ, ਬਾਂਗਰ ਵਿਚ ਰੋਝ ਤੇ ਗਊ-ਬਲਦ, ਮੱਝ, ਭੇਡ ਬਕਰੀ, ਸੂਰ ਤੇ ਰੋਜ–ਤਿਹਾੜੇ ਪੁਆਧ ਵਿਚ ਘੋੜੀ ਮੱਝ ਬਹੁਤਾਇਤ ਵਿਚ ਹੁੰਦੀ ਹੈ। ਅਤੇ ਹਰਿਆਣੇ ਵਿਚ ਬਾਂਦਰ ਵੀ ਬਹੁਤ ਹੁੰਦਾ ਹੈ। ਅਤੇ ਡੱਡੂ, ਮੱਛੀ, ਕੱਛੂ, ਬਗਲਾ ਆਦਿ ਜਲ ਜੰਤੂ ਭੀ ਹੁੰਦੇ ਹਨ।

## ਪੰਛੀ

ਪੰਛੀਆਂ ਵਿਚੋਂ ਕਾਉਂ, ਚਿੜੀ, ਗੁਟਾਰ, ਤੋਤਾ, ਇੱਲ੍ਹ, ਘੁੱਗੀ, ਸਿਹੜੀ, ਤਿੱਤਰ, ਬਟੇਰਾ, ਕੋਲ, ਪਪੀਹਾ, ਮੋਰ, ਕਬੂਤਰ, ਗਿਲਝ, ਉੱਲੂ ਅਤੇ ਕਾਲਕਲੀਚੀ ਆਦਿਕ ਬਹੁਤ ਹੁੰਦੇ ਹਨ।

Digitized by Panjab Digital Library | www.panjabdigilib.org

# ਜਨ ਸੰਖਿਆ

ਵਰਤਮਾਨ ਮਾਲਵੇ ਦੀ ਕੁਲ ਵਸੋਂ ਸੱਠ ਲੱਖ ਅਤੇ ਪੈਪਸੂ ਦੀ ੩੫ ਲੱਖ ਤੋਂ ਉਪਰ ਹੈ। ਜਿਸ ਵਿਚ ਬਹੁ ਗਿਣਤੀ ਸਿਖਾਂ ਦੀ ਹੈ। ਰਿਆਸਤ ਮਾਲੇਰ ਕੋਟਲੇ ਤੋਂ ਬਿਨਾਂ ਮੁਸਲਮਾਨਾਂ ਦੀ ਵਸੋਂ 'ਨਹੀਂ ਦੇ ਬਰਾਬਰ' ਹੈ। ਸਿਖਾਂ ਵਿਚ ਤੱਤ ਖਾਲਸਾ ਨਿਹੰਗ, ਨਵੀਨ ਅਕਾਲੀ ਆਦਿ ਕਈ ਸ਼੍ਰੇਣੀਆਂ ਖ਼ਾਸ ਖ਼ਾਸ ਲਹਿਰਾਂ ਦੇ ਕਾਰਣ ਬਣ ਗਈਆਂ ਹਨ। ਪਰ ਸਿੱਖਾਂ ਵਿਚ ਕੋਈ ਫਿਰਕਾ ਅਸਲੋਂ ਨਾ ਹੋਣ ਕਰਕੇ ਉਦਾਸੀ ਨਿਰਮਲੇ ਆਦਿਕ ਆਪੇ ਬਣੀਆਂ ਹੋਈਆਂ ਸੰਪ੍ਰਦਾਵਾਂ ਭੀ ਹਿੰਦੂਆਂ ਵਾਂਗ ਮੰਨੀਆਂ ਨਹੀਂ ਜਾਂਦੀਆਂ। ਏਸ ਦਾ ਵਿਸ਼ੇਸ਼ ਵੇਰਵਾ ਏਸੇ ਨਿਬੰਧ ਵਿਚ ਕਿਤੇ ਅਗੇ ਦਿਤਾ ਗਿਆ ਹੈ।

# ਮਾਲਵੇ ਦੇ ਰਸਮ ਰਿਵਾਜ

ਕਿਸੇ ਦੇਸ ਦਾ ਇਤਹਾਸ ਲਿਖਣ ਲਈ ਉਸ ਦੇ ਆਚਾਰ (ਰਸਮ ਰਿਵਾਜ) ਦਾ ਕਥਨ ਕਰਨਾ ਭੀ ਅਤੀ ਜ਼ਰੂਰੀ ਹੋਇਆ ਕਰਦਾ ਹੈ। ਇਸ ਲਈ ਇਸ ਛੋਟੇ ਜਿਹੇ ਨਿਬੰਧ ਵਿਚ ਉਸ ਦਾ ਦਿਸ਼ਾ ਦਰਸ਼ਨ ਕਰਾਇਆ ਜਾਂਦਾ ਹੈ।

**(ੳ) ਵਿਆਹ**–ਵੈਦਿਕ ਤੇ ਬ੍ਰਾਹਮਣ ਸਮੇਂ ਵਿਚ ਮਾਲਵੇ ਦੇਸ ਅੰਦਰ ਬ੍ਰਹਮ ਅਤੇ ਗੰਧਰਬ ਵਿਵਾਹ (ਲਾੜੇ–ਲਾੜੀ ਦੀ ਅਪਣੀ ਇੱਛਾ ਨਾਲ ਹੀ) ਆਦਿ ਦਸ ਪ੍ਰਕਾਰ ਦੇ ਵਿਵਾਹ ਪਰਚਲਤ ਸਨ। ਜਿਨ੍ਹਾਂ ਦਾ ਕਥਨ ਸਿੰਮ੍ਰਤੀਆਂ (ਧਰਮ ਸ਼ਾਸਤ੍ਰ) ਵਿਚ ਆਉਂਦਾ ਹੈ। ਇਸ ਤੋਂ ਬਿਨਾਂ ਸੁਯੰਬਰ ਅਰਥਾਤ ਲੜਕੀ ਦਾ ਵਰ ਨੂੰ ਸਮਾਜ ਵਿਚ ਪਸੰਦ ਕਰਕੇ ਉਸ ਦੇ ਕੰਠ ਵਿਚ ਜੈਮਾਲਾ ਆਦਿ ਦਾ ਪਾਉਣ ਦਾ ਵਰਤਾਰਾ ਭੀ ਸੀ, ਜੋ ਗੰਧਰਵ ਵਿਵਾਹ ਦਾ ਹੀ ਰੂਪਾਂਤਰ ਸੀ। ਇਹ ਵਿਵਾਹ ਨਿਯੋਗ ਅਰਥਾਤ ਖਾਸ ਵਿਧੀ ਨਾਲ ਖਾਸ ਸਮੇਂ ਤਕ (ਪਤੀ ਜੀਉਂਦੇ ਤੇ ਭੀ) ਪਰਾਏ ਪੁਰਸ਼ ਤੋਂ ਉਲਾਦ ਪੈਦਾ ਕਰਨਾ ਮਹਾ ਭਾਰਤ ਤੋਂ ਕੁਝ ਸਮਾਂ ਪਹਿਲਾਂ ਪਰਚੱਲਿਤ ਹੋ ਗਿਆ ਸੀ। ਪਰੰਤੂ ਜਦ ਤੋਂ ਏਥੇ ਜੱਟ ਆਦਿਕ ਅਵੈਦਿਕ ਜਾਤੀਆਂ ਦੀ ਪ੍ਰਭੁਤਾ ਹੋਈ ਤਾਂ ਉਹਨਾਂ ਵਿਚ ਪਰਚੱਲਿਤ ਕਰੇਵੇ ਦੀ ਰਸਮ ਦਾ ਪ੍ਰਭਾਵ ਵੈਦਿਕ ਧਰਮੀਆਂ ਉਤੇ ਵੀ ਪਿਆ। ਜਿਸ ਤੋਂ ਨਵੀਨ ਸਿੰਮ੍ਰਤੀਕਾਰਾਂ ਨੂੰ ਭੀ ਇਸ ਰਸਮ ਨੂੰ ਮੰਨਣਾ ਪਿਆ।

ਬਾਹਰਲੇ ਦੇਸਾਂ ਤੋਂ ਆਉਣ ਵਾਲੀਆਂ ਜਾਤੀਆਂ–ਕੁਸ਼ਾਨ, ਸ਼ੱਕ ਅਤੇ ਹੁੱਨ ਆਦੀ ਵਿਚ ਕਰੇਵਾ ਕਰਨ ਤੋਂ ਬਿਨਾ ਕਿਸੇ ਤਰ੍ਹਾਂ ਭੀ ਮਨੁਖ ਦੇ ਘਰ ਕਿਸੇ ਇਸਤਰੀ ਦੇ ਵਹੁਟੀ ਦੇ ਤੌਰ ਤੇ ਰਹਿਣ ਨਾਲ ਹੀ ਉਸ ਦੀ ਸੰਤਾਨ ਦਾ ਯੋਗ ਮੰਨਿਆ ਜਾਣਾ ਆਮ ਪਰਚਲਿਤ ਸੀ, ਜੋ ਅੱਜ ਤਕ ਸਰਕਾਰੀ ਤੌਰ ਤੇ ਭੀ ਮੰਨਿਆ ਜਾਂਦਾ ਹੈ।

ਕਈਆਂ ਰਾਜਪੂਤ ਜਾਤੀਆਂ ਦਾ ਵਿਵਾਹ ਪਤੀ ਦੀ ਗ਼ੈਰ ਹਾਜ਼ਰੀ ਵਿਚ ਵੀ ਉਸ ਦੀ ਤਲਵਾਰ ਨਾਲ ਅਤੇ ਕਈਆਂ ਛੋਟੀਆਂ ਜਾਤੀਆਂ ਵਿਚ ਮੰਗੇਂਦੜ ਦੀ ਪਗ ਨਾਲ ਹੋ ਜਾਣਾ ਜਾਇਜ਼ ਮੰਨਿਆ ਜਾਂਦਾ ਸੀ। ਜੋ ਪੂਰਬ ਵਿਚ ਅਜ ਕਲ ਭੀ ਹੈ।

Digitized by Panjab Digital Library | www.panjabdigilib.org

ਕਈਆਂ ਰਾਜਪੂਤਾਂ, ਤੇ ਠਾਕਰਾਂ ਦੇ ਵਿਆਹ ਵਿਚ ਗੋਲੀਆਂ ਨੂੰ ਕੇਵਲ ਸੰਕਲਪ ਨਾਲ ਰਾਣੀਆਂ ਦੇ ਨਾਲ ਹੀ ਵਿਆਹ ਦਿੱਤਾ ਜਾਂਦਾ ਸੀ। ਜੋ ਪਹਾੜੀ ਇਲਾਕਿਆਂ ਵਿਚ ਬੜੇ ਬੜੇ ਖ਼ਾਨਦਾਨਾਂ ਵਿਚ ਪਰਚਲਿਤ ਅੱਜ ਭੀ ਹੈ। ਜੱਟਾਂ ਦਾ ਵਿਆਹ ਉਹਨਾਂ ਦੇ ਵੈਦਿਕ ਧਰਮ ਨੂੰ ਮੰਨਣ ਤੋਂ ਪਹਿਲਾਂ ਕੇਵਲ ਪੰਚਾਇਤ ਵਿਚ ਬਚਨ ਕਰਨ ਨਾਲ ਹੀ ਹੋ ਜਾਂਦਾ ਸੀ। ਮੰਗਣੇ ਦੀ ਰਸਮ ਤਾਂ ਨਵੀਨ ਸਮੇਂ ਦੀ ਹੀ ਕਾਢ ਹੈ। ਅਤੇ 'ਬਚਨ ਵਿਵਾਹ' ਦੀ ਪ੍ਰਤੀਕ ਹੈ। ਕਈ ਵਾਰ ਇਕ ਲੜਕੀ ਨੂੰ ਵਿਆਹੁਣ ਗਇਆਂ ਨੂੰ ਲਾੜੇ ਦੇ ਭਾਈ ਨੂੰ ਬਚਨ ਨਾਲ ਹੀ ਦੂਜੀ ਲੜਕੀ ਵਿਆਹ ਦਿਤੀ ਜਾਂਦੀ ਹੈ।

ਜ਼ਿਲਾ ਹਿਸਾਰ ਦੇ ਵੈਸ਼ਨੋਈਆਂ ਦੇ ਪਿੰਡਾਂ ਵਿਚ ਸਾਰਾ ਪਿੰਡ ਇੱਕੋ ਆਦਮੀ ਦੀ ਉਲਾਦ ਹੁੰਦਾ ਸੀ, ਥੋੜੇ ਚਿਰ ਤੋਂ ਸਰਕਾਰ ਅੰਗ੍ਰੇਜ਼ੀ ਨੇ ਇਹ ਰਸਮ ਬੰਦ ਕੀਤੀ ਹੈ। ਸਤੀ ਦੀ ਰਸਮ ਪੁਰਾਣੇ ਸਮੇਂ ਵਿਚ ਇਥੇ ਵੀ ਪਰਚਲਿਤ ਸੀ। ਪਰ ਗੁਰਮਤਿ ਦੇ ਪਰਚਲਿਤ ਹੋ ਜਾਣ ਤੇ ਏਸ ਦਾ ਉਕਾ ਹੀ ਪ੍ਰਪੂੰਸਾ ਭਾਵ ਹੋ ਗਿਆ ਹੈ।

ਪੁਰਾਣੇ ਸਮੇਂ ਵਿਆਹ ਵਿਚ ਜਾਤ-ਗੋਤ ਦਾ ਵਿਸ਼ੇਸ਼ ਧਿਆਨ ਨਹੀਂ ਕੀਤਾ ਜਾਂਦਾ ਸੀ। ਮਹਾਂ ਭਾਰਤ ਦੇ ਸਮੇਂ ਮਾਮੇ ਫੁੱਫੀ ਦੀ ਲੜਕੀ ਨਾਲ ਭੀ ਵਿਆਹ ਹੋਣਾ ਪਰਚਲਿਤ ਸੀ। ਕ੍ਰਿਸ਼ਨ ਜੀ ਦੀ ਭੈਣ ਸੁਭੱਦ੍ਰਾ ਦਾ ਅਰਜਨ ਨਾਲ ਬਿਵਾਹ ਹੋਣਾ ਅਤੇ ਅਭਿਮੰਨਯੂ ਦਾ ਆਪਣੇ ਮਾਮੇ ਦੀ ਧੀ ਨਾਲ ਵਿਆਹ ਹੋਣਾ ਭੀ ਇਸ ਗਲ ਦਾ ਸਬੂਤ ਹੈ। ਪ੍ਰਿਥ੍ਵੀ ਰਾਜ ਚੌਹਾਣ ਨੇ ਆਪਣੀ ਮਾਸੀ ਦੇ ਪੁਤਰ—ਜੈ ਚੰਦ ਦੀ ਲੜਕੀ ਸੰਜੋਗਿਤਾ ਨਾਲ ਉਰਲੇ ਸਮੇਂ ਵਿਚ 'ਨਹਿੰ ਸਮਰੱਥ ਕੋ ਦੋਸ਼ ਗੁਸਾਈ" ਇਹ ਮਹਾਵਾਕ ਪੜ੍ਹਕੇ ਸੁਯੰਬਰ ਵਿਵਾਹ ਕੀਤਾ ਸੀ।

ਜਟ ਪਹਿਲਾਂ ਤੋਂ ਹੀ ਬਾਹਲੇ ਗੋਤ ਨਹੀਂ ਛਡਦੇ ਸੀ, ਅਤੇ ਹੁਣ ਤਾਂ ਆਪਣੇ ਗੋਤ ਵਿਚ ਹੀ ਬਿਵਾਹ ਦਾ ਨਿਸ਼ੇਧ ਕਰਦੇ ਹਨ। ਅਸੀਂ ਮਾਲਵੇ ਵਿਚ ਕਈ ਪਿਉ-ਪੁੱਤਰ ਇਕ ਗੋਤ ਵਿਚ ਵਿਵਾਹੇ ਹੋਏ ਵੇਖੇ ਹਨ। ਰਈਸ ਤੇ ਰਾਜੇ ਆਦੀ ਬੜੇ ਆਦਮੀ ਤਾਂ ਬਹੁਗਿਣਤੀ ਵਿਚ ਨਾਨਕਿਆਂ ਦਾ ਗੋਤ ਨਹੀਂ ਛਡਦੇ।

ਬਹੁਤੀਆਂ ਇਸਤ੍ਰੀਆਂ ਨਾਲ ਵਿਆਹ ਕਰਨਾ ਤ੍ਰੇਤਾ ਯੁਗ ਤੋਂ ਪਰਚਲਿਤ ਹੋਇਆ, ਜਦ ਕਿ ਆਰਯ ਕੌਮ ਦਾ ਰਾਜ ਭਾਗ ਦੂਰ ਤਕ ਅਸਥਾਪਨ ਹੋ ਗਿਆ ਸੀ। ਦੁਆਪਰ ਯੁਗ ਵਿਚ ਨਿਯੋਗ ਦੇ ਸਦਕੇ ਆਰੀਆਂ ਵਿਚ ਇਕ ਇਸਤ੍ਰੀ ਨਾਲ ਬਹੁਤਿਆਂ ਦਾ ਵਿਆਹ ਹੋਣਾ ਭੀ ਵਿਹਤ ਹੋ ਗਿਆ ਸੀ, ਜਿਸ ਦਾ ਉਦਾਹਰਣ ਦ੍ਰੋਪਦੀ ਤੇ ਪੰਜਾਂ ਪਾਂਡਵਾਂ ਦਾ ਸੰਬੰਧ ਪ੍ਰਸਿੱਧ ਹੈ। ਵੈਦਿਕ ਤੇ ਬ੍ਰਾਹਮਣ ਯੁਗ ਵਿਚ ਬ੍ਰਾਹਮਣ ਰਿਸ਼ੀਆਂ ਦਾ ਵਿਆਹ ਛੱਤ੍ਰੀ ਆਦਿ ਹੇਠਲੇ ਵਰਨਾਂ ਦੀਆਂ ਕੰਨਿਆਵਾਂ ਨਾਲ ਕਰਨਾ ਅਨੁਲੋਮਵਿਧੀ ਕਰਕੇ ਚੰਗਾ ਮੰਨਿਆ ਜਾਂਦਾ ਸੀ। ਅਤੇ ਸ਼ੂਦਰ ਦਾ ਵਿਵਾਹ ਉਚ ਵਰਨ ਦੀ ਕੰਨਿਆਂ ਨਾਲ ਪ੍ਰਤਿਲੋਮ ਵਿਧੀ ਨਾਲ ਹੋਣ ਕਰਕੇ ਜਾਇਜ਼ ਤਾਂ ਸੀ, ਪਰ ਘਟੀਆ ਮੰਨਿਆ ਜਾਂਦਾ ਸੀ। ਜੋ ਕੁਝ ਚਿਰ ਪਿਛੋਂ ਨਸ਼ਿੱਧ ਮੰਨਿਆ ਗਿਆ ਅਤੇ ਬ੍ਰਾਹਮਣਾਂ ਦੀ ਮੁੱਖਤਾ ਹੋ ਜਾਣ ਤੇ ਉਹਨਾਂ ਦਾ ਹਰ ਪ੍ਰਕਾਰ ਦਾ ਨੀਵਾਂ ਕੰਮ ਵੀ ਜਾਇਜ਼ ਸਮਝਿਆ ਜਾਣ ਲਗਾ। ਜੈਸੇ 'ਮਾਤੰਗ' ਰਿਸ਼ੀ, ਮਾਤੰਗਣੀ (ਇਕ ਨੀਚ ਜਾਤਿ) ਤੋਂ, ਹਸਤਾਮਲ-ਹਸਤਣੀ ਅਰਥਾਤ ਮਹਾਵਤਾਂ ਦੀ ਲੜਕੀ ਤੋਂ, ਬਾਲਮੀਕ ਦ੍ਰਾਵੜਾਂ ਦੀ ਅਛੂਤ ਜਾਤਿ ਤੋਂ ਗਾਲਵ ਚਮਾਰੀ ਤੋਂ, ਡਕ ਭੀਲਣੀ ਤੋਂ, ਪਰਾਸੁਰ ਚੰਡਾਲੀ ਤੋਂ ਬਿਆਸ

Digitized by Panjab Digital Library | www.panjabdigilib.org

ਜੋ ਮਾਛਣ ਤੋਂ, ਵਿਸ਼ਿਸ਼ਟ ਵੇਸ਼ਵਾ (ਮਾਤਾ) ਤੋਂ ਗੋਤਮ 'ਸਹੀ' ਨਾਮ ਦੀ ਦ੍ਰਾਵੜ ਜਾਤੀ ਦੀ ਇਸਤ੍ਰੀ ਤੋਂ 'ਵਤਸ' ਅਤੇ ਨੀਚਜਾਤੀ ਦੀ ਕੰਨਿਆ 'ਅਕਸ਼ਮਾਲਾ' ਤੋਂ ਪੈਦਾ ਹੋ ਕੇ ਭੀ ਬ੍ਰਹਮ ਰਿਸ਼ੀ ਕਹਾਏ। ਅਤੇ ਵਿਸ਼੍ਵਾਮਿਤਰ ਛੱਤ੍ਰੀ ਦਾ ਪੁੱਤਰ ਵੈਦਿਕ ਰਿਸ਼ੀ ਹੋਣ ਕਰਕੇ ਧੱਕੇ ਨਾਲ ਬ੍ਰਹਮ ਰਿਸ਼ੀ ਬਣ ਗਿਆ ਸੀ। ਪਰ ਧਰਮ ਸ਼ਾਸਤ੍ਰਾਂ ਦੇ ਰਾਹੀਂ ਕਰਮ ਕਾਂਡ ਪਰਧਾਨ ਯੁਗ ਵਿਚ (ਲਗ ਪਗ ਚਾਰ ਹਜ਼ਾਰ ਬਰਸ ਤੋਂ) ਵਰਤਮਾਨ ਵਰਨਾਂ ਦਾ ਵਿਆਹ ਆਪਣੇ ਆਪਣੇ ਵਰਨਾਂ ਵਿਚ ਹੋਣਾ ਹੀ ਬੱਝ ਗਿਆ ਹੈ। ਪਰ ਫੇਰ ਭੀ ਵਿਚ ੨ ਵਰਣ ਸੰਕਰਤਾ ਤਰਕੜਿਆਂ ਦੀ ਪ੍ਰਗਦੀ ਰਹੀ। ਜੈਸੇ ਚੰਦ੍ਰ ਗੁਪਤ ਬ੍ਰਾਹਮਣ ਜਿਸ ਨੇ ਲੁਪਤ ਹੋਏ ੨ 'ਵਿਆਕਰਣ ਮਹਾਭਾਸ਼ਾ' ਦਾ ਪ੍ਰਚਾਰ ਕੀਤਾ। ਉਹਨੇ ੪ ਵਰਣਾਂ ਦੀਆਂ ੪ ਕੰਨਿਆਂ ਬਿਆਹੀਆਂ। ਬ੍ਰਾਹਮਣੀ ਤੋਂ ਭ੍ਰਤਰੀ ਹਰੀ (ਵਿਆਕਰਨੀਆ) ਛਤ੍ਰਾਣੀ ਤੋਂ ਬਿਕ੍ਰਮਾਦਿਤ, ਵੈਸ਼ਣੀ ਤੋਂ ਬ੍ਰਹਮਗੁਪਤ ਅਤੇ ਸ਼ੂਦ੍ਰਾਣੀ ਤੋਂ ਭੱਟੀ ਪੈਦਾ ਹੋ ਕੇ ਭੀ ਬ੍ਰਾਹਮਣ ਹੀ ਬਣੇ ਰਹੇ।

ਹਿੰਦੂਆਂ ਵਿਚ ਅਜ ਕਲ ਦੀਆਂ ਲਾਵਾਂ ਅਤੇ ਗੋਤ੍ਰਾਚਾਰ ਦਾ ਰਿਵਾਜ ਬ੍ਰਾਹਮਣ ਸਮੇਂ ਵਿਚ ਪ੍ਰਚਲਿਤ ਨਹੀਂ ਸੀ। ਇਹ ਵਰਨ ਸੰਕਰ ਹੋ ਜਾਣ ਦੇ ਸ਼ਕ ਦੀ ਨਿਵਿਰਤੀ ਲਈ ਇਹਦਾ ਪੜ੍ਹਨਾ ਜ਼ਰੂਰੀ ਹੋ ਗਿਆ ਤਾਂ ਜੋ ਵਰ ਅਤੇ ਲੜਕੀ ਕੱਸ਼ਪ ਗੋਤ੍ਰਾ ਤੇ ਕੱਸ਼ਪ ਗੋਤ੍ਰੀ ਜਾਣੀ ਜਾਵੇ। ਲਾਵਾਂ ਕਿਤੇ ਚਾਰ ਕਿਤੇ ਸੱਤ ਅਤੇ ਕਿਸੇ ਥਾਂ ੧੧ ਪ੍ਰਚਲਿਤ ਹਨ। ਚਾਰ ਲਾਵਾਂ ਬਹੁਤੀ ਥਾਈਂ ਪ੍ਰਚਲਿਤ ਹਨ। ਸਿੱਖਾਂ ਵਿਚ ਅਨੰਦ ਮ੍ਰਯਾਦਾ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਪ੍ਰਚਲਿਤ ਹੋਈ। *ਹਿੰਦੂ ਮਤ ਵਿਚ ਵਿਵਾਹ ੮ ਪ੍ਰਕਾਰ ਦੇ ਪ੍ਰਸਿਧ ਹਨ ਜਿਨ੍ਹਾਂ 'ਚੋਂ ੪ ਸਰਿਸ਼ਟ-੪ ਕਨਿਸ਼ਟ, ੪ ਸਰਿਸ਼ਟਾਂ 'ਚੋਂ ਦੋ ਸਰਿਸ਼ਟ ਦੋ ਮਹਾਂ ਸਰਿਸ਼ਟ, ੪ ਕਨਿਸ਼ਟਾਂ 'ਚੋਂ ਦੋ ਕਨਿਸ਼ਟ ਦੋ ਮਹਾਂ ਕਨਿਸ਼ਟ। ਜੋ ਵਖ ਵਖ ਜਾਤੀ ਦੇ ਦਰਜੇ ਅਨੁਸਾਰ ਕੀਤੇ ਜਾਂਦੇ ਸਨ ਏਸ ਅਨਰਥ ਨੂੰ ਨਾ ਸਹਾਰਦੇ ਹੋਏ ਜਗਤ ਗੁਰੂ ਨਾਨਕ ਦੇਵ ਜੀ ਨੇ ਅਚਲ ਬਟਾਲੇ ਆਪਣੇ ਵਿਵਾਹ ਸਮੇਂ ਅਨੰਦ ਪ੍ਰਾਰੰਭ ਕੀਤਾ ਇਹ ਜੋ ਰਾਜੇ ਮਹਾਂ ਰਾਜੇ ਦੇ ਅਮੀਰ ਗ੍ਰੀਬ ਦੇ ਘਰ 'ਇਕਾਂ ਬਾਣੀ ਇਕ ਗੁਰ ਇਕਾ ਸਬਦ ਬੀਚਾਰ' ਦੇ ਭਾਵ ਅਨੁਸਾਰ ਹੋਵੇਗਾ ਜੋ ੮ ਨੂੰ ਠੁਕਰਾ ੯ ਸਰਿਸ਼ਟ ਅਨੰਦ ਪ੍ਰਚਲਤ ਕੀਤਾ।

ਸੋ ਬਾਣੀ ਦੀ ਛਾਇਆ ਤੇ ਇਤਿਹਾਸ ਦੀ ਮ੍ਰਯਾਦਾ ਨੂੰ ਲੈ ਕੇ 'ਕੀਤਾ ਲੋੜੀਏ ਕੰਮ ਸੁ ਹਰਿ ਪਹਿ ਆਖੀਐ। ਕਾਰਜ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥ ਸੰਤਾ ਸੰਗਿ ਨਿਧਾਨੁ ਅੰਮ੍ਰਿਤ ਚਾਖੀਐ...... ।' ਇਤਿ ਆਦੀ ਮਹਾ ਵਾਕਾਂ ਦੇ ਆਸਰੇ ਆਨੰਦ ਸੰਸਕਾਰ ਕੀਤਾ ਜਾਂਦਾ ਹੈ। ਅਤੇ ਦੇਵ ਪੂਜਾ ਆਦੀ ਵੇਦ ਵਿਧੀਆਂ ਨੂੰ ਗੁਮਰਾਹੀ ਅਤੇ ਮਨ ਮਤ ਸਮਝਦੇ ਹੋਏ ਉੱਕਾ ਹੀ ਤਿਆਗਿਆ ਗਿਆ ਹੈ।

ਮੁਸਲਮਾਨਾਂ ਦਾ ਨਿਕਾਹ ਤੇ ਮੁਤਾਹ, ਈਸਾਈਆਂ ਦਾ ਹੱਥ ਵਿਚ ਹੱਥ ਫੜਾ ਕੇ ਅਥਵਾ ਗੱਲ ਵਿਚ ਹਾਰ ਪਾ ਕੇ ਉਹਨਾਂ ਦੇ ਪੰਥੀਆਂ ਦੀ ਹਾਜ਼ਰੀ ਵਿਚ ਹੋ ਜਾਂਦਾ ਹੈ। ਹਿੰਦੂਆਂ ਵਿਚ ਵਿਜਾਤੀ

---

*ਦੇਖੋ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ ਸਫਾ ੪੩। ਕਰਤਾ ਕਵਿ ਸੰਤ ਰੇਣ ਪ੍ਰੇਮ ਸਿੰਘ ਜੀ ਹੋਤੀ।

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਦੋਹਿਰਾ ॥ ਅਸ ਲਿਖ ਚੌਕੀ ਪਰ ਧਰਯੋ ਲੀਨ ਪ੍ਰਕਰਮਾਂ ਚਾਰ ॥<br>
ਆਗਹਿ ਆਗਹਿ ਸਤਿਗੁਰੂ ਮੂਲੋ ਪਾਛ ਕੁਮਾਰ ॥੧੯॥<br>
ਪੰਡਤ ਜੀ ਹਰਿਦਿਆਲ ਭੀ ਯਾ ਗੁਰ ਮੰਤਰ ਸਾਰ ॥<br>
ਪਰਕਰਮਾਂ ਚਾਰੋਂ ਬਿਖੇ ਪੜ੍ਹਯੋ ਬੇਰ ਸੁਭ ਚਾਰ ॥੨੦॥

Digitized by Panjab Digital Library | www.panjabdigilib.org

ਇਸਤ੍ਰੀ ਪੁਰਸ਼ ਦਾ ਵਿਆਹ ਧਰਮ ਸ਼ਾਸਤ੍ਰ ਅਨੁਸਾਰ ਕਦੇ ਨਹੀਂ ਹੋ ਸਕਦਾ । ਪਰ ਆਰੀਆ ਸਮਾਜੀ ਤਾਂ ਆਪਣੇ ਵੇਦ ਸ਼ਾਸਤ੍ਰਾਂ ਦੇ ਉਲਟ ਵੇਦ ਮੰਤ੍ਰਾਂ ਨੂੰ ਤੋੜ ਮਰੋੜ ਕੇ ਦਯਾ ਨੰਦ ਦੀ ਬਣਾਈ ਹੋਈ ਸੰਸਕਾਰ ਵਿਧੀ ਅਨੁਸਾਰ ਵਿਆਹ ਕਰਨ ਲਗ ਪਏ ਹਨ। ਈਸਾਈ ਤੇ ਮੁਸਲਮਾਨਾਂ ਵਿਚ ਆਪਣੇ ਧਰਮ ਵਿਚ ਲਿਆਂਦੇ ਬਿਨਾ ਵਿਆਹ ਨਹੀਂ ਹੋ ਸਕਦਾ । ਪਰੰਤੂ ਹੋਰਨਾ ਵਾਂਗ ਅੱਜ ਕਲ ਐਂਗਲੋ ਮੁਸਲਿਮ ਭੀ ਬਿਨਾ ਕਿਸੇ ਵਿਧੀ ਤੋਂ ਕੇਵਲ ਸਿਵਲ ਮੈਰਿਜ ਅਰਥਾਤ ਸਰਕਾਰੀ ਰੀਤੀ ਦਾ ਵਿਆਹ ਕਰਨ ਲਗ ਪਏ ਹਨ। ਪਰੰਤੂ ਸਿਖਾਂ ਵਿਚ ਭਾਵੇਂ ਅਨੰਦ ਸੰਸਕਾਰ ਅਤੇ ਧਰਮ ਧਾਰਨ ਵੱਖੋ ਵਖ ਸੰਸਕਾਰ ਹਨ ਪਰ, ਵਿਜਾਤੀ ਦਾ ਵਿਆਹ ਬਿਨਾ ਅੰਮ੍ਰਿਤ ਛਕਾਏ ਕਦੇ ਨਹੀਂ ਹੋ ਸਕਦਾ । ਰਾਮਾਇਣ ਬਣਨ ਦੇ ਸਮੇਂ ਤਕ ਲੜਕੇ ਦੀਆਂ ਮਾਵਾਂ ਫੁੱਫੀਆਂ ਆਦਿ ਦਾ ਭੀ ਜੰਞ ਨਾਲ ਜਾਣਾ ਪ੍ਰਚਲਿਤ ਸੀ। ਰਾਮਾਇਣ ਵਿਚ ਮਹਾਂ ਰਾਜਾ ਰਾਮ ਚੰਦ੍ਰ ਦੇ ਵਿਆਹ ਸਮੇਂ ਮਾਤਾ ਕੌਸ਼ੱਲਿਆ ਜੀ ਦਾ ਜੰਞ ਨਾਲ ਜਾਣਾ ਲਿਖਿਆ ਹੈ। ਹੁਣ ਵੀ ਪੋਠੋਹਾਰ ਆਦਿ ਵਿਚ ਇਹ ਰਿਵਾਜ ਹੈ। ਥੋੜਾ ਚਿਰ ਹੋਇਆ ਅਸੀਂ ਆਪ ਮੋਗੇ ਅਜਿਹੀ ਜੰਞ ਅੱਖੀਂ ਡਿੱਠੀ ਹੈ। ਲਾਗੀ ਲੋਕਾਂ ਦੇ ਹੱਥੀਂ ਲੜਕੀਆਂ ਦੇ ਨਾਤੇ ਕਰਨ ਦਾ ਰਿਵਾਜ ੧੧ ਵੀਂ ੧੨ ਵੀਂ ਸਦੀ ਵਿਚ ਪ੍ਰਚਲਿਤ ਹੋਇਆ, ਜਦ ਕਿ ਉੱਚੇ ਖ਼ਾਨਦਾਨ ਆਪਣੇ ਨਵੇਂ ਕੁੜਮਾਂ ਨੂੰ ਮਿਲਣ ਤੋਂ ਸੰਕੋਚ ਕਰਦੇ ਸੀ। ਪਰ ਅੱਜ ਕਲ ਸਿੱਖਾਂ ਦੀ ਰੀਸ ਸਭ ਕੌਮਾਂ ਸਿੱਧੇ ਹੀ ਆਪਣੇ ਆਪਣੇ ਆਪ ਨਾਤੇ ਕਰਨ ਲਗ ਪਏ ਹਨ । ਅਤੇ ਵਿਆਹ ਸਮੇਂ ਦੀਆਂ ਮਿਲਣੀ ਆਦਿਕ ਦੀਆਂ ਅਡੰਬਰ ਭਰੀਆਂ ਰਸਮਾਂ ਅਤੇ ਵਿਆਹ ਸ਼ਾਦੀ ਤੇ ਬਿਅਰਥ ਪੈਸਾ ਖ਼ਰਚ ਕਰਨਾ ਛਡ ਗਏ ਹਨ।

## ਜੰਮਣਾ-ਮਰਨਾ

ਹਿੰਦੂ ਲੋਕ ਬੱਚੇ ਦੇ ਜਨਮ ਤੋਂ ਸੂਤਕ ਪਾਤਕ (ਅਸ਼ੁੱਧੀ) ਮੰਨ ਕੇ ਬਚੇ ਦੀ ਮਾਂ ਨੂੰ ਗਊ ਦਾ ਪੰਚ ਗਵਜ (ਗਊਮੂਤ ਤੇ ਗੋਹਾ ਅਦਿਕ) ਪਿਲਾ ਕੇ ਸੰਸਕਾਰ ਕਰਨਾ ਮੰਨਦੇ ਹਨ । ਪਰ ਸਿਖਾਂ ਵਿਚ ਇਹ ਸਭ ਵਹਿਮ ਸਮਝ ਕੇ ਜਪ ਜੀ ਸਾਹਿਬ ਦੀਆਂ ਪੰਜ ਪਉੜੀਆਂ ਦੇ ਰਾਹੀਂ ਪਰਿਸ਼ਕ੍ਰਿਤ (ਪਵਿਤ ਕੀਤਾ ਹੋਇਆ ਜਲ) ਛਕਾਕੇ ਜਨਮ ਸੰਸਕਾਰ ਕੀਤਾ ਜਾਂਦਾ ਹੈ । ਅਤੇ ਕਈ ਥਾਵੀਂ ਸਿੱਖਾਂ ਦੇ ਬੱਚਿਆਂ ਦਾ ਜਨਮ ਸੰਸਕਾਰ ਅੰਮ੍ਰਿਤ ਛਕਾਉਣ ਦੀ ਪੂਰੀ ਵਿਧੀ ਨਾਲ ਕੀਤਾ ਜਾਂਦਾ ਹੈ । ਏਸੇ ਤਰ੍ਹਾਂ ਹੋਰ ਗੁਰਮਤ ਦੇ ਸੰਸਕਾਰ ਬਾਣੀ ਦਾ ਆਸਰਾ ਲੈ ਕੇ ਹੀ ਕੀਤੇ ਜਾਂਦੇ ਹਨ । ਅਤੇ ਮ੍ਰਿਤਕ ਸੰਸਕਾਰ ਵਿਚ ਹਿੰਦੂਆਂ ਦੀ ਤਰਾਂ ਪਿੰਡ ਭਰਾਉਣੇ, ਦੀਵਾ ਬਾਲਣਾ, ਕਿਰਿਆ ਬਾਹਰਾ ਕਰਨਾ, ਗਇਆ ਤੇ ਪ੍ਰਾਗ ਆਦਿਕਾਂ ਵਿਚ ਪਿੰਡ ਭਰਾਉਣੇ, ਗੰਗਾ ਫੁੱਲ ਪਾਉਣੇ, ਹਰ ਸਾਲ ਅਰਥਾਤ ਛਮਛੱਰੀ ਪਿੰਡ ਭਰਾਉਣੇ ਸਰਾਧ ਕਰਨੇ ਬਿਵਰਜਤ ਹਨ । ਸਗੋਂ ਮ੍ਰਿਤਕ ਦਾ ਅੰਗੀਠਾ ਤਕ ਫੋਲਣਾ ਅਤੇ ਕਿਸੇ ਤੀਰਥ ਤੇ ਭੀ ਫੁਲ ਪਾਉਣ ਦਾ ਉੱਕਾ ਹੀ ਨਿਖੇਧ ਹੈ ਮ੍ਰਿਤਕ ਨੂੰ ਈਸਾਈਆਂ ਤੇ ਮੁਸਲਮਾਨਾਂ ਵਾਂਗ ਦੱਬਣ ਦਾ ਨਿਸ਼ੇਧ ਹੈ ਅਤੇ ਫੂਕਣਾ, ਜਲ ਪਰਵਾਹ ਕਰਨਾ ਆਦੀ ਯਥਾ ਯੋਗ ਰੀਤੀਆਂ ਨਾਲ ਕਿਉਟਣ ਦਾ ਵਿਧਾਨ ਹੈ। ਹਿੰਦੂ ਕੇਵਲ ਸੰਨਿਆਸੀ ਤੇ ਬੱਚਿਆਂ ਨੂੰ ਦਬਦੇ ਤੇ ਚੂਹੜੇ ਤੇ ਸਾਂਹਸੀ ਅਦਿਕ ਅੰਤਿਜ ਜਾਤਾਂ ਸਭ ਮੁਰਦਿਆਂ ਨੂੰ ਦਬਦੀਆਂ ਹਨ।

Digitized by Panjab Digital Library | www.panjabdigilib.org

## ਖਾਣਾ-ਪੀਣਾ

ਵੈਦਿਕ ਸਮੇਂ ਤੋਂ ਹੀਂ ਘਿਉ ਦੁੱਧ ਤੇ ਅਨਾਜ ਤੋਂ ਬਿਨਾ ਮਾਸ ਅਤੇ ਸੋਮਰਸ (ਇਕ ਪ੍ਰਕਾਰ ਦੀ ਠੰਢੀ ਤੇ ਤਾਕਤਵਰ ਸ਼ਰਾਬ) ਮਨ ਭਾਉਂਦੀ ਖ਼ੁਰਾਕ ਸੀ। ਕਣਕ, ਜਿਸ ਦਾ ਜ਼ਿਕਰ ਵੇਦ ਅਤੇ ਬ੍ਰਾਹਮਣ ਗ੍ਰੰਥਾਂ ਵਿਚ ਉੱਕਾ ਨਹੀਂ ਇਹ ਯੂਨਾਨ ਆਦੀ ਯਵਨ ਦੇਸ਼ਾਂ ਤੋਂ ਆਈ ਹੋਣ ਕਰਕੇ ਜੱਗ ਵਿਚ ਨਿਸ਼ਿੱਧ ਮੰਨੀ ਗਈ ਹੈ। ਏਸੇ ਕਰਕੇ ਜੌਂ ਤੇ ਚੌਲ ਆਦੀ ਨਾਲ ਜੱਗ ਦਾ ਹੋਣਾ ਸ਼੍ਰਿਸ਼ਟ ਮੰਨਿਆ ਗਿਆ ਹੈ। ਅਜ ਕਲ ਦੀ ਯੂਰਪੀਨ ਮਿਠਾਈਆਂ ਅਤੇ ਬਿਸਕੁਟ ਆਦਿ ਤਾਂ ਨਵੇਂ ਸਮੇਂ ਦੀ ਕਾਢ ਹਨ। ਪੁਰਾਣੇ ਸਮੇਂ ਵਿਚ ਮਾਲਵੇ ਦਾ ਖਾਜਾ ਵਿਸ਼ੇਸ਼ ਕਰਕੇ ਦੁੱਧ, ਘਿਓ, ਲੱਸੀ, ਜੁਆਰ, ਬਾਜਰਾ, ਮੋਠ ਆਦੀ ਦੀ ਖਿਚੜੀ ਜਵਾਂ ਦੀ ਘਾਠ ਸੀ। ਹੁਣ ਲੱਸੀ ਦੇ ਥਾਂ ਸੋਡਾ ਵਾਟਰ ਤੇ ਦੁੱਧ ਦੇ ਥਾਂ ਚਾਹ ਪੀਣ ਦਾ ਰਿਵਾਜ ਪੈ ਗਿਆ ਹੈ। ਸੁੱਖੇ ਤੇ ਅਫ਼ੀਮ ਦਾ ਰਿਵਾਜ ਸ਼ੈਵੀਆਂ ਅਤੇ ਪੁਰਾਣੇ ਸਿੱਖਾਂ ਸਾਧਾਂ ਵਿਚ ਬਹੁਤ ਸੀ। ਪੋਸਤ, ਗਾਂਜਾ, ਤਮਾਕੂ ਤੇ ਸੁਲਫ਼ਾ ਆਦੀ ਗੰਦੇ ਤੇ ਵਿਹੁਲੇ ਅਮਲ ਭੀ ਅਜ ਕਲ ਬਹੁਤ ਲਗ ਗਏ ਹਨ।

ਹਿੰਦੂ ਧਰਮ-ਸ਼ਾਸਤ੍ਰਾਂ ਅਨੁਸਾਰ ਪਿਤਰੀ ਕਰਮ (ਸ਼ਰਾਧ ਆਦਿ) ਦੈਵਤ ਕਰਮ (ਯੱਗ ਆਦੀ) ਅਤਿਥੀ ਕਰਮ (ਬਿਆਹ ਤੇ ਪ੍ਰਾਹੁਣਚਾਰੀ) ਵਿਚ ਚੰਗੇ ਪਸ਼ੂਆਂ ਦਾ ਭੀ ਬੱਧ ਕਰਨਾ ਲਿਖਿਆ ਹੈ। ਜਿਸ ਕਰਕੇ ਵਿਆਹ ਵਿਚ ਜੰਡੀ ਵਢਣ ਦੀ ਰਸਮ ਬੱਕਰੇ ਆਦਿ ਪਸ਼ੂ ਮਾਰਨ ਦੇ ਥਾਂ ਅਤੇ ਬਚਿੱਆਂ ਦੀ ਝੰਡ ਲਹਾਉਣੀ, ਦੇਵੀ ਦੇਵਤੇ ਨੂੰ ਬਲੀਦਾਨ ਦੇ ਥਾਂ ਬਦਲ ਗਈ ਹੈ। ਮੁਸਲਮਾਨਾਂ ਵਿਚ ਭੀ ਕੋਈ ਰਸਮ ਖ਼ੁਦਾ ਨੂੰ ਕੁਰਬਾਨੀ ਦੇਣ ਤੋਂ ਬਿਨਾਂ ਅਦਾ ਨਹੀਂ ਹੋ ਸਕਦੀ। ਪਰ ਸਿਖ ਇਸ ਰਸਮ ਤੋਂ ਬਿਲਕੁਲ ਉਦਾਸੀਨ ਅਤੇ ਧਰਮ ਵਿਚ ਇਸ ਦੇ ਹੋਣ ਦਾ ਘੋਰ ਨਿਸ਼ੇਧ ਕਰਕੇ ਪਿਤਰੀ ਕਰਮ ਅਤੇ ਦੇਵ ਕਰਮ ਨੂੰ ਅੰਧ ਵਿਸ਼ਵਾਸ਼ ਸਮਝ ਕੇ, ਉਹਨਾਂ ਦਾ ਉੱਕਾ ਹੀ ਸਫਾਇਆ ਕਰਦੇ ਹੋਏ ਹਰ ਸਮੇਂ ਤੇ ਗੁਰਬਾਣੀ ਦਾ ਪਾਠ ਅਰਿ ਕੀਰਤਨ ਕਰਨ ਨਾਲ ਆਪਣੀਆਂ ਰਸਮਾਂ ਦੀ ਪੂਰਤੀ ਕਰ ਲੈਂਦੇ ਹਨ।

## ਪਹਿਨਣਾ

ਵੈਦਿਕ ਸਮੇਂ ਵਿਚ ਪਗੜੀ ਅਤੇ ਜੁੱਤਾ ਪਾਉਣ ਦਾ ਰਿਵਾਜ ਵੇਦ ਮੰਤ੍ਰਾਂ ਤੋਂ ਸਿਧ ਹੁੰਦਾ ਹੈ। ਪੁਰਾਣੀਆਂ ਮੂਰਤਾਂ ਦੇ ਸਿਰ ਤੇ ਉਚੇ ਟੋਪ ਦੀ ਸ਼ਕਲ ਦੀ ਪੱਗ ਬੰਨ੍ਹੀ ਹੋਈ ਦੇਖੀ ਜਾਂਦੀ ਹੈ। ਜੁੱਤਾ ਭਾਰਾ ਜਿਹਾ ਪਾਇਆ ਜਾਂਦਾ ਸੀ। ਪਿੰਡਾ ਨੰਗਾ ਜਾਂ ਕਦੇ ਕਦਾਈਂ ਗਲ ਚਾਦਰ ਅਤੇ ਤੇੜ ਧੋਤੀ ਪਾਈ ਜਾਂਦੀ ਸੀ। ਤੀਵੀਆਂ ਦੀ ਛਾਤੀ ਤੇ ਛੋਟੀ ਜਿਹੀ ਚੋਲੀ ਅਤੇ ਉਚੀ ਘਗਰੀ ਹੁੰਦੀ ਸੀ। ਚੋਲੀਆਂ ਦਾ ਰਿਵਾਜ ਅਜ ਤੋਂ ਕੁਲ ੧੦੦ ਬਰਸ ਪਹਿਲਾਂ ਪੁਰਾਣੀਆਂ ਮਾਈਆਂ ਵਿਚ ਸੀ। ਬੁਢਿਆਂ ਦੇ ਤੇੜ ਤੜਾਗੀ ਤੇ ਕਹਾਈ, ਸਿਰ ਤੇ ਛੋਟੀ ਜਿਹੀ ਖੱਦਰ ਦੀ ਪੱਗ, ਮੋਢੇ ਤੇ ਨਿਰੀ ਚਾਦਰ ਕਿਸੇ ਕਿਸੇ ਦੇ ਗਲ ਵਿਚ ਬਾਹਾਂ ਵੱਢੀ ਜਾਕਟ ਜਾਂ ਪਤੂਹੀ ਅਤੇ ਵਿਆਹ ਨੂੰ ਗਭਰੂਆਂ ਦੇ ਸਿਰ ਲਾਲ ਚੀਰਾ ਅਤੇ ਤੇੜ ਖੱਦਰ ਦੀ ਧੋਤੀ ਦੇਖਦੇ ਸਾਂ, ਹੁਣ ਉਹ ਗਲ ਦੂਰ ਗਈ। ਪੁਰਾਣੇ ਸਮੇਂ ਜਿਥੇ ਜੰਵ ਧਿਐਤਿਆਂ ਤੇ ਪੁਤੱਤਿਆਂ ਦੀ ਸਹਾਇਕ ਅਤੇ ਉਨ੍ਹਾਂ ਦੀ ਇਜ਼ਤ ਦੀ ਸਾਂਝੀ ਹੋਇਆ ਕਰਦੀ ਸੀ। ਹੁਣ ਭੂਤਮੰਡਲੀ ਬਣ ਕੇ ਦੋਹਾਂ ਪਾਸਿਆਂ ਦੀਆਂ ਜੜ੍ਹਾਂ ਪੱਟ ਕੇ ਆਉਂਦੀ ਹੈ।

Digitized by Panjab Digital Library | www.panjabdigilib.org

## ਕੇਸ

ਵੈਦਿਕ ਯੁਗ ਤੋਂ ਲੈ ਕੇ ਦਾੜ੍ਹੀ ਕੇਸਾਂ ਨਾਲ ਲੋਕਾਂ ਦਾ ਬਹੁਤ ਪ੍ਰੇਮ ਚਲਿਆ ਆਇਆ ਹੈ। ਸਗੋਂ ਵੇਦ ਵਿਚ ਈਸ਼ੂਰ ਨੂੰ ਭੀ ਕੇਸ਼ਵ ਅਰਥਾਤ ਸਾਫ਼ ਸਾਫ਼ ਸੁੰਦਰ ਕੇਸਾਂ ਵਾਲਾ ਆਖਿਆ ਗਿਆ ਹੈ। ਅਤੇ ਇੰਦਰ ਨੂੰ ਸੋਹਣੀ ਠੋਡੀ ਤੇ ਸੁੰਦਰ ਵਾਲਾਂ ਵਾਲਾ ਲਿਖਿਆ ਹੈ। ਮੁੰਡਨ ਦਾ ਰਿਵਾਜ ਰਾਜਾ ਨੰਦ ਦੇ ਸਮੇਂ ਤੋਂ ਅਤੇ ਦੰਡ ਯੋਗ ਅਪ੍ਰਾਧੀਆਂ ਦੀ ਬਹੁ ਗਿਣਤੀ ਹੋ ਜਾਣ ਤੇ ਪ੍ਰਚਲਿਤ ਹੋਇਆ। ਫੇਰ ਹੁੱਨ ਕੌਮ ਦੇ ਆਉਣ ਤੋਂ ਇਸ ਦਾ ਰਿਵਾਜ ਬਹੁਤਾ ਹੋ ਗਿਆ। ਨਾਟਕਾਂ ਤੇ ਕਾਵਯਾਂ ਵਿਚ ਉਹਨਾਂ ਦੀ ਠੋਡੀ ਨਾਰੰਗੀ ਵਰਗੀ, (ਦਾੜ੍ਹੀ ਹੀਨ) ਲਿਖੀ ਹੈ। ਗੁਰੂ ਘਰ ਵਿਚ ਕੇਸ ਰਖਣੇ ਅਤੇ ਜਟਾ ਜੂਟ ਰਹਿਣ ਦਾ ਮੁਢ ਤੋਂ ਹੀ ਵਿਧਾਨ ਹੈ। ਦਸਮ ਗੁਰੂ ਸਾਹਿਬ ਦੇ ਸਮੇਂ ਤੋਂ ਕੇਸ ਹੀਨ ਹੋ ਜਾਣ ਤੇ ਸਿਖੀ ਤੋਂ ਪਤਿਤ ਮੰਨਿਆ ਜਾਂਦਾ ਹੈ। ਹਿੰਦੂਆਂ ਦੇ ਵਡਕੇ ਸਭ ਜਟਾ ਜੂਟ ਰਹਿੰਦੇ ਸਨ। ਅਰ ਮੰਝਲੇ ਸਮੇਂ ਤੋਂ ਕੁਝ ਲੋਕ ਇਕ ਬੋਦੀ ਦਾ ਨਿਸ਼ਾਨ ਰਖ ਕੇ ਸਭ ਘਰੜ ਹੀ ਕਰਾ ਲੈਂਦੇ ਹਨ। ਹੁਣ ਤਾਂ ਸਰਬ ਚਟਮ ਦੀ ਬਹੁਲਤਾ ਹੋ ਜਾਣ ਤੇ ਹਿੰਦੂ ਮੁਸਲਮਾਨ ਦੀ ਕੋਈ ਪਛਾਣ ਹੀ ਨਹੀਂ ਰਹੀ। ਸਿੱਖੀ ਰਹਿਤ ਵਿਚ ਤੇੜ ਕਛਹਿਰਾ (ਸਮੇਂ ਅਨੁਸਾਰ ਪਾਜਾਮਾ ਭੀ) ਮੁੰਡੀ ਜੁੱਤੀ, ਤੇ ਸਿੱਧਾ ਸਾਫਾ, ਸਾਧਾਰਨ ਕੁੜਤਾ ਆਦਿਕ ਉਹ ਸਾਦਾ ਪਹਿਰਾਵਾ ਜਿਸ ਨੂੰ ਬਾਲਕ ਬ੍ਰਿਧ ਅਤੇ ਜੁਆਨ-ਹਰ ਸਮੇਂ ਅਤੇ ਹਰ ਇਕ ਬੰਦਾ ਰਖ ਸਕੇ, ਪ੍ਰਮਾਣੀਕ ਮੰਨਿਆ ਜਾਂਦਾ ਹੈ।

## ਗਹਿਣੇ

ਆਦਮੀਆਂ ਦੇ ਕੰਨਾਂ ਵਿਚ ਬਾਲ੍ਹੇ ਕਈ ਵਾਰ ਹਟ ਹਟ ਕੇ ਪ੍ਰਚਲਿਤ ਹੁੰਦੇ ਰਹੇ ਹਨ। ਨੰਤੀਆਂ ਤਾਂ ਅਜ ਤੀਕ ਵੀ ਹਨ। ਪਰ ਇਹ ਹਿੰਦੂਆਂ ਦੇ ਹੀ ਹਨ, ਸਿਖ ਤਾਂ ਤੀਵੀਆਂ ਨੂੰ ਗਹਿਣੇ ਪਾਉਣੇ ਵੀ ਪਸੰਦ ਨਹੀਂ ਕਰਦੇ। ਸਾਧਾਰਨ ਤੀਵੀਆਂ ਦੇ ਗਹਿਣੇ ਮੋਟੇ ਮੋਟੇ ਚਾਂਦੀ, ਥੌਬੀ ਅਤੇ ਕੁੱਟ ਕੇ ਹੁੰਦੇ ਸੀ। ਸੋਨੇ ਦੇ ਅਮੀਰ ਘਰੀਂ ਹੁੰਦੇ ਸੀ। ਪਰ ਅਜ ਕਲ ਤਾਂ ਗਰੀਬੀ ਦਾਵੇ ਭੀ ੧੨੫) ਦਾ ਲੌਂਗ ਬਣਦਾ ਹੈ। ਅੱਗੇ ਚਮਾਰੀਆਂ ਦੇ ਨੱਕ ਵਿਚ ਤੀਲੀ ਹੁੰਦੀ ਸੀ। ਪਰ ਅਜ ਕਲ ਕਿਸੇ ਜਾਤੀ ਦਾ ਕੋਈ ਬੰਧੇਜ ਨਹੀਂ।

## ਹਥਿਆਰ

ਪੁਰਾਣੇ ਸਮੇਂ ਵਿਚ ਤੀਰ ਕਮਾਨ, ਤਲਵਾਰ, ਜਮਦਾੜ੍ਹ, ਅਤੇ ਅਨੇਕ ਪ੍ਰਕਾਰ ਦੇ ਛੁਰੇ ਆਦੀ ਹਥੀਆਰ ਸਨ। ਅਤਿ ਪੁਰਾਤਨ ਸਮੇਂ ਪੱਥਰ ਤੇ ਲੱਕੜ ਦੇ ਹਥਿਆਰਾਂ ਦਾ ਹੋਣਾ ਪੁਰਾਣੀਆਂ ਕਿਤਾਬਾਂ ਵਿਚ ਲਿਖਿਆ ਹੋਇਆ ਹੈ। ਜਾਂਗਲੀਆਂ ਵਿਚ ਹੁਣ ਤਕ ਡਾਂਗ ਅਤੇ ਪੇਂਡੂ ਜ਼ਿਮੀਦਾਰਾਂ ਵਿਚ ਛਵੀ, ਗੰਡਾਸਾ, ਬਰਛੀ ਭੱਲਾ ਤੇ ਕੁਹਾੜੀ ਆਦਿ ਹਥਿਆਰ ਹਨ। ਪੁਰਾਣੇ ਸਮੇਂ ਤੀਰਾਂ ਅਤੇ ਗੱਤਕੇ ਨਾਲ ਦੁੰਦ ਜੁੱਧ ਹੁੰਦੇ ਸੀ। ਘੋਲ, ਖੇਡ, ਖੁੱਦੋ ਖੂੰਡੀ ਸੌਂਚੀ ਪੱਕੀ ਅਤੇ ਕਬੱਡੀ ਆਦੀ ਖੇਲਾਂ ਜੁੱਧਾਂ ਦੀ ਤਿਆਰੀ ਦੀਆਂ ਕਸਰਤਾਂ ਹੁੰਦੀਆਂ ਸਨ। ਜੋ ਅਜ ਕਲ ਬਹੁਤ ਘਟ ਗਈਆਂ ਹਨ। ਅਜ ਕਲ ਤੋਪਾਂ, ਬੰਦੂਕਾਂ, ਤੋਂ ਬਿਨਾ ਹਵਾਈ ਜਹਾਜ਼, ਟੈਂਕ ਆਦੀ ਦੇ ਰਾਹੀਂ ਬੰਬ ਤੇ ਗੈਸ ਆਦਿਕ ਤੋਂ ਅਸਤ੍ਰਾਂ ਤੇ ਸ਼ਸ਼ਤ੍ਰਾਂ ਦਾ ਵਧੇਰੇ ਕੰਮ ਲਿਆ ਜਾਂਦਾ ਹੈ।

Digitized by Panjab Digital Library | www.panjabdigilib.org

## ਧਰਮ

ਪੁਰਾਣੇ ਵੈਦਿਕ ਧਰਤੀ ਦੇਵ ਪੂਜਕ ਅਤੇ ਯਾਜਕ ਸਨ। ਅਨਾਰਯ ਭੂਤਾਂ, ਦੇਵੀਆਂ ਅਤੇ ਸੱਪਾਂ ਦੇ ਪੂਜਕ ਸਨ। ਜੱਟ ਬੀਬੜੀਆਂ ਤੇ ਜੋਗੜੀਆਂ ਆਦੀ ਦੀ ਪੂਜਾ ਕਰਦੇ ਸਨ। ਅਜ ਕਲ ਦੇ ਹਿੰਦੂਆਂ ਦਾ ਧਰਮ ਦੇਵੀ ਪੂਜਾ, ਭੈਰੋਂ ਤੇ ਗੁੱਗੇ ਆਦੀ ਦੀ ਪੂਜਾ ਕਰਨਾ ਰਹਿ ਗਿਆ ਹੈ। ਆਰੀਆ ਸਮਾਜੀ ਦੇਵ ਪੂਜਾ, ਮੂਰਤੀ ਪੂਜਾ ਤੇ ਸਰਾਧ ਆਦੀ ਪੁਰਾਣਕ ਕਰਮ ਨੂੰ ਗਪੌੜੇ ਤੇ ਨਿਸਫਲ ਦਸਦੇ ਹੋਏ ਵੇਦਾਂ ਦੇ ਬ੍ਰਾਹਮਣ ਭਾਗ ਤੋਂ ਮੁਨਕਿਰ ਹੋ ਗਏ ਹਨ। ਸਿੱਖ ਮੁੱਢ ਤੋਂ ਹੀ ਇਕ ਅਕਾਲ ਪੁਰਖ ਨੂੰ ਮੰਨਦੇ ਹਨ। ਮੁਸਲਮਾਨ ਇਕ ਖ਼ੁਦਾ ਨੂੰ ਮੰਨਦੇ ਹੋਏ ਭੀ ਪੀਰਾਂ ਫ਼ਕੀਰਾਂ ਤੇ ਕਬਰਾਂ ਅਗੇ ਮੱਥੇ ਰਗੜਦੇ ਰਹਿੰਦੇ ਹਨ।

ਸਨਾਤਨੀ ਹਿੰਦੂ ਇਸਤ੍ਰੀ ਤੇ ਸ਼ੂਦਰ ਦਾ ਅਧਿਕਾਰ ਵੇਦ ਪੜ੍ਹਨ ਤੇ ਵੇਦਉਕਤ ਕਰਮ ਕਰਨ ਵਿਚ ਨਹੀਂ ਮੰਨਦੇ। ਸ਼ੂਦਰਾਂ ਨੂੰ ਕੇਵਲ ਦੁਜਾਤੀਆਂ ਦੀ ਸੇਵਾ ਅਤੇ ਇਸਤ੍ਰੀ ਨੂੰ ਪਤੀ ਦੀ ਸੇਵਾ ਕਰਨ ਅਤੇ ਪੁਰਾਣ ਸੁਣਨ ਦਾ ਹੀ ਅਧਿਕਾਰ ਦੇਂਦੇ ਹਨ। ਸਿੱਖ ਧਰਮ ਵਿਚ ਅਤੇ 'ਏਕੋ ਧਰਮ ਦ੍ਰਿੜੈ ਸਚੁ ਕੋਈ ਗੁਰਮਤਿ ਪੂਰਾ ਜੁਗ ਜੁਗ ਹੋਈ।' ਅਤੇ 'ਬ੍ਰਾਹਮਣ, ਖੱਤਰੀ ਸੂਦ, ਵੈਸ਼ ਸਭ ਏਕੋ ਨਾਮਿ ਤਰਾਨਥ। ਗੁਰ ਨਾਨਕ ਇਹੁ ਉਪਦੇਸ਼ ਕਹਿਤ ਹੈ ਜੋ ਸੁਣੈ ਸੁ ਪਾਰ ਪਰਾਨਥ' ਆਦੀ ਮਹਾਂ ਵਾਕਾਂ ਅਨੁਸਾਰ ਸਭ ਪ੍ਰਾਣੀ ਮਾਤ੍ਰ ਨੂੰ ਇਕੋ ਜਿਹਾ ਅਧਿਕਾਰ ਪ੍ਰਾਪਤ ਹੈ। ਵਿਜਾਤੀ ਪੁਰਸ਼ ਹਿੰਦੂ ਧਰਮ ਸਾਸਤ੍ਰ ਅਨੁਸਾਰ ਵੈਦਿਕ ਧਰਮ ਵਿਚ ਕਦੇ ਭੀ ਪ੍ਰਵੇਸ ਨਹੀਂ ਕਰ ਸਕਦੇ। ਮੁਸਲਮਾਨਾਂ ਵਿਚ ਭੀ ਮੁਲਕੀ ਉੱਨਤੀ ਦੇ ਭਾਵਾਨੁਸਾਰ ਹੀ ਲਏ ਜਾਂਦੇ ਹਨ। ਪਰ ਰੱਬੀ ਧਰਮ ਦੇ ਅਧਿਕਾਰ ਦੇ ਆਸ਼ੇ ਅਨੁਸਾਰ ਕੇਵਲ ਸਿੱਖ ਧਰਮ ਵਿਚ ਹੀ ਸਰਬ ਪ੍ਰਾਣੀਮਾਤ੍ਰ ਦਾ ਪ੍ਰਵੇਸ਼ ਹੋ ਸਕਦਾ ਹੈ। ਇਸ ਵਿਚ ਸ੍ਰੀ ਗੁਰਬਾਣੀ ਪਤਿਤ ਪਾਵਨ (ਗਿ: ਗਿਆਨ ਸਿੰਘ ਕ੍ਰਿਤ) ਆਦਿ ਇਤਿਹਾਸਿਕ ਗ੍ਰੰਥ ਪ੍ਰਮਾਣ ਹਨ।

## ਰਾਜ ਪ੍ਰਬੰਧ

ਪੁਰਾਣੇ ਸਮੇਂ ਵਿਚ ਸਭ ਤੋਂ ਪਹਿਲਾਂ ਏਸ ਸਾਰਸ੍ਵਤ (ਗੁਰੂ ਕਾ ਮਾਲਵਾ) ਦੇਸ ਵਿਚ ਨਿਯਮਾਨੁਸਾਰ ਚੰਦਰ ਬੰਸੀ ਰਾਜਾ 'ਨਹੁਸ਼' ਦਾ ਸਾਮਰਾਜ ਹੋਇਆ। ਉਸ ਦੇ ਪਿਛੋਂ ਸੂਰਜ ਬੰਸੀਆਂ ਦਾ ਸਾਮਰਾਜ ਹੋਇਆ। ਫਿਰ ਗਣਰਾਜ ਦੀ ਪ੍ਰਥਾ ਚਲੀ ਜੋ ਪਾਂਡਿਵਾਂ ਦੀ ਰਾਜ ਸਮਾਪਤੀ ਤੋਂ ਲੈ ਕੇ ਵਿਸ਼ਨੂਰਾਤ ਦੇ ਰਾਜ ਅਰੰਭ ਹੋਣ ਤਕ ਅਰਥਾਤ ਲਗ ਪਗ ੧੦੦੦ (ਇਕ ਹਜ਼ਾਰ) ਬਰਸ ਰਿਹਾ। ਜਿਸ ਨੂੰ ਅਜ ੪੦੦੦ ਬਰਸ ਹੁੰਦਾ ਹੈ। ਇਸ ਤੋਂ ਪਿਛੋਂ ਢਾਈ ਸੌ ਬਰਸ ਦੇ ਲਗ ਪਗ ਚੰਦਰ ਬੰਸੀ 'ਵਿਸ਼ਨੂੰਰਾਤ' ਦੇ ਖ਼ਾਨਦਾਨ ਵਿਚ ਸਾਮਰਾਜ ਵਰਤਿਆ। ਉਸ ਦੇ ਪ੍ਰਿਛੋਂ ਸਿਕੰਦਰ ਦੇ ਸਮੇਂ ਤਕ ਅਰਥਾਤ ੧੦੦੦ ਬਰਸ ਤੋਂ ਅਧਿਕ ਸਮੇਂ ਤਕ ਸਾਰੇ ਪੰਜਾਬ ਉਤੇ ਵਿਸ਼ੇਸ਼ ਕਰਕੇ ਗੁਰੂ ਕੇ ਮਾਲਵੇ ਵਿਚ ੧੦੦ ਗਣਾਂ ਦਾ ਵਖੋ ਵਖ ਲੋਕ ਰਾਜ ਰਿਹਾ। ਜਿਸ ਨੂੰ ਚਾਣਕਯ ਦੇ ਯਤਨ ਨਾਲ ਚੰਦ੍ਰ ਗੁਪਤ ਮੌਰਯ ਨੇ ਖ਼ਤਮ ਕੀਤਾ।

ਮਹਾਤਮਾ ਬੁਧ ਦੇ ਸਮੇਂ ਏਥੇ ਗਣਾ ਸਮੂਹ ਦਾ ਲੋਕ-ਰਾਜ ਹੋਣਾ ਪੁਰਾਣੀਆਂ ਪੁਸਤਕਾਂ ਤੋਂ ਪਰਮਾਣਿਤ ਹੁੰਦਾ ਹੈ। ਜਿਨ੍ਹਾਂ ਵਿਚ ਮਾਲਵ ਜਾਂ ਮਲੋਈ ਜਾਂ ਮਾਲੂ ਅਥਵਾ ਮੱਲ, ਵੱਜੀ, ਛੁਦ੍ਰੱਕ ਖੋਤਵਾਲ (ਖੋਖਰ) ਗੱਖੜ, ਕੱਕੜ, ਜੋਧੇ ਅਰਜਣਾਇਨ, ਮੁਰੰਡ, ਪਾਰਥਿਆਇਣ, ਬਾਹਲੀਕ, ਮੱਸੀ, ਪਰਸੇ ਰਿਖਜੀਕ

Digitized by Panjab Digital Library | www.panjabdigilib.org

ਅਤੇ ਚੱਠੇ ਆਦਿ ਪ੍ਰਸਿਧ ਸਨ। ਉਕਤ ਮਲੋਈ ਜਾਂ ਮੱਲ੍ਹੀਆਂ ਵਿਚੋਂ ਹੀ ਗੰਧਰਬ ਸੇਨ ਅਥਵਾ ਮਹਿੰਦ੍ਰਾ ਦਿੱਤ ਪ੍ਰਮਾਰ ਜਾਂ ਪੰਵਾਰ ਦਾ ਪੁੱਤਰ ਮਹਾ ਪਰਤਾਪੀ 'ਬਿਕ੍ਰਮਾ ਦਿੱਤ' ਹੋਇਆ, ਜਿਸ ਨੇ ਵਿਦੇਸ਼ੀ ਸ਼ੱਕ ਆਦਿਕ ਕੌਮਾਂ ਨੂੰ ਅਜਿਹੀ ਹਾਰ ਦਿਤੀ, ਜਿਨ੍ਹਾਂ ਨੇ ੧੫੦ ਬਰਸ ਤਕ ਭਾਰਤ ਵਲ ਫੇਰ ਮੂੰਹ ਨਹੀਂ ਕੀਤਾ।

ਜਦੋਂ ਸ਼ਿਵਪੁਰ (ਗੁਜਰਾਤ) ਦੇ ਸ਼ੱਕ ਰਾਜਾ ਸਾਲਬਾਹਨ ਨੇ ਬਿਕ੍ਰਮ ਬੰਸ ਨੂੰ ਹਰਾਇਆ ਤੇ ਸਾਮਰਾਜ ਕਾਇਮ ਕੀਤਾ, ਉਦੋਂ ਤੋਂ ਗਣ ਰਾਜ ਦੀ ਪ੍ਰਥਾ ਬਹੁਤ ਹਦ ਤਕ ਕਮਜ਼ੋਰ ਹੋ ਗਈ। ਪਰ, ਏਸ ਦੀ ਸੱਤਾ ਕਈ ਸਾਮਰਾਜਾਂ ਦੇ ਨਾਲ ਨਾਲ ਰਿੜ੍ਹਦੀ ਹੋਈ (ਚੌਥੀ ਸਦੀ ਈਸਵੀ ਵਿਚ ਸਮੁੰਦਰ ਗੁਪਤ ਅਤੇ ਉਸ ਦੇ ਪੁੱਤਰ ਚੰਦਰ ਗੁਪਤ ਦੁਆਰਾ ਅਜਿਹੀ ਲੁਪਤ ਹੋਈ, ਜੋ ਹੁਣ ਤਕ ਮੂੰਹ ਦਿਖਾਉਣ ਦਾ ਹੀਆ ਨਹੀਂ ਕਰ ਸਕੀ। ਭਾਵੇਂ ਨਾਮ ਮਾਤ੍ਰ ਆਖਣ ਨੂੰ ਤਾਂ ਜਨਤਾ ਦੀ ਪ੍ਰਤਿਨਿਧਤਾ ਦੁਆਰਾ ਅੱਜ ਕੌਂਸਲਾਂ ਦੇ ਰੂਪ ਵਿਚ ਲੋਕ-ਰਾਜ ਹੈ, ਪਰ ਹਜ਼ਾਰਾਂ ਬਰਸਾਂ ਦੀ ਚਲੀ ਆਉਂਦੀ ਸਾਮਰਾਜਤਾ ਦਾ ਖੱਟਾ ਸੁਆਦ ਗੁਲਾਮੀ ਅਤੇ ਆਲਸ ਦੀ ਮਿਠੀ ਕੈਦ ਨੇ ਸਰਕਾਰ ਤੇ ਜਨਤਾ ਦੋਹਾਂ ਨੂੰ ਵਿਹਵਲ ਕਰ ਛਡਿਆ ਹੈ ਅਤੇ ਪੁਰਾਤਨ ਧਰਮੀ ਰਾਜਿਆਂ ਦੇ ਸਾਮਰਾਜ ਨਾਲ ਏਸ ਦਾ ਟਾਕਰਾ ਕਰਨਾ ਤਾਂ ਇਕ ਪਾਸੇ ਰਿਹਾ। ਅਜ ਕਲ ਦੀਆਂ ਦੇਸੀ ਰਿਆਸਤਾਂ ਦੇ ਸ਼ਖ਼ਸੀ ਰਾਜ ਨਾਲੋਂ ਭੀ ਇਹ 'ਰਾਮ ਰਾਜ' ਪਰਜਾ ਨੂੰ ਜਮ ਹੋ ਕੇ ਚਿੰਬੜ ਗਿਆ ਹੈ।

ਏਸ ਲੰਮੇ ਸਮੇਂ ਵਿਚ ਹੋਣ ਵਾਲੇ ਸ਼ਖਸੀ ਰਾਜ ਦੀ ਰੂਪ ਰੇਖਾ ਦਾ ਪੂਰਾ ਪੂਰਾ ਵੇਰਵਾ ਦਸਣ ਵਾਲੇ ਗ੍ਰੰਥ ਕੌਟਿਲਯ (ਚਾਣਕਯ) ਦਾ ਅਰਥ ਸ਼ਾਸਤ੍ਰ ਤੇ ਰਾਜਾ ਭੋਜ ਕ੍ਰਿਤ 'ਰਾਜ ਮਾਰਤੰਡ' ਆਦਿ ਹਨ।

ਪਹਿਲੇ ਸਮਿਆਂ ਵਿਚ ਅਨਾਜ ਦੀ ਬਟਾਈ ਦਾ ੧੦ਵਾਂ ਹਿਸਾ ਪਰਜਾ ਤੋਂ ਰਾਜਾ ਲੈਂਦਾ ਸੀ, ਫੇਰ ਛੇਵਾਂ ਹਿਸਾ ਲੈਣ ਦਾ ਰਿਵਾਜ ਹੋਇਆ। ਮੰਝਲੇ ਸਮੇਂ ਵਿਚ ਚੌਥਾ ਹਿਸਾ ਅਤੇ ਅੰਗ੍ਰੇਜ਼ ਰਾਜ ਦੇ ਸਮੇਂ ਨਕਦ ਰੁਪੈਇਆ ਹਾਲੇ ਦੀ ਸ਼ਕਲ ਵਿਚ ਲਿਆ ਜਾਣ ਲਗਾ। ਪਹਿਲਾਂ ਮੁਕਦਮੇ ਜਬਾਨੀ ਹੀ ਸੁਣੇ ਜਾਂਦੇ ਸੀ। ਦੀਵਾਨੀ ਅਤੇ ਮਾਲ ਦੇ ਮੁਕਦਮੇ ਸਮੇਂ ਸਮੇਂ ਦੀ ਭਾਸ਼ਾ ਵਿਚ ਲਿਖਤ ਦੁਆਰਾ ਭੀ ਹੋਇਆ ਕਰਦੇ ਸਨ। ਜਿਨ੍ਹਾਂ ਦਾ ਫ਼ੀਸ ਕੋਰਟ ਅਤਿਅੰਤ ਥੋੜਾ ਲਿਆ ਜਾਂਦਾ ਸੀ। ਪਰ ਅੱਜ ਕਲ ਫ਼ੀਸ ਕੋਰਟ ਤੋਂ ਬਿਨਾ ਹੋਰ ਭੀ ਕਈ ਗੁਣਾ ਅਜਗਰ ਦਾ ਭਾਰ ਸੁਾਲੀਆਂ ਨੂੰ ਸਿਰ ਚੁਕਣਾ ਪੈਂਦਾ ਹੈ। ਜਿਸ ਨੂੰ 'ਜਨਤਾ ਦਾ ਰਾਜ' ਸਗੋਂ 'ਰਾਮ ਰਾਜ' ਨਾਲ ਉਪਮਾ ਦਿਤੀ ਜਾਂਦੀ ਹੈ। ਵਾਸਤਵ ਵਿਚ ਏਸ ਨੂੰ 'ਰਾਮ ਰਾਜ' ਜਾਂ 'ਦਾਮ ਰਾਜ' ਅਥਵਾ 'ਦਾਮ ਚਾਮਕਾ ਰਾਜ' ਆਖਣਾ ਅਯੋਗ ਅਤੇ ਅਤਿਕਥਨ ਨਹੀਂ ਹੋਵੇਗਾ।

ਪਹਿਲੇ ਸਮੇਂ ਸਿਵਲ ਦੇ ਮਹਿਕਮੇ ਘਟ ਸਨ। ਜੰਗੀ ਤਾਕਤ ਹੀ ਬਹੁਤਾ ਰਾਜ ਪ੍ਰਬੰਧ ਕਰਦੀ ਸੀ। ਰਿਆਸਤ ਦਾ ਦੀਵਾਨ ਹੀ ਵੱਡਾ ਵਜ਼ੀਰ ਅਤੇ ਆਮਦਨੀ ਦੇ ਮਹਿਕਮੇ ਦਾ ਵਡਾ ਅਫ਼ਸਰ ਹੁੰਦਾ ਸੀ। ਫਜ ਦੇ ਸੈਨਾਪਤੀ ਹੀ ਵਖੋ ਵਖ ਇਲਾਕਿਆਂ ਦੇ ਗਵਰਨਰ (ਮਾਂਡਲਿਕ ਰਾਜਾ) ਭੀ ਹੋਇਆ ਕਰਦੇ ਸਨ। ਸਮਰਾਟ ਅਸ਼ੋਕ, ਬਿਕ੍ਰਮਾ ਦਿੱਤ, ਸ੍ਰੀ ਹਰਸ਼ ਵਰਧਨ ਅਤੇ ਰਾਜਾ ਭੋਜ ਦੇ ਸਮੇਂ ਸਿਵਲ ਪ੍ਰਬੰਧ ਅਜ ਕਲ ਨਾਲੋਂ ਬਹੁਤ ਅਛਾ ਦੇਖਦੇ ਹਾਂ। ਪ੍ਰਾਚੀਨ ਭਾਰਤ ਦੇ ਰਾਮਰਾਜ ਦਾ ਪ੍ਰਬੰਧ ਵਿਦੇਸ਼ੀ ਵਿਦ੍ਵਾਨ 'ਮੈਗਸਥਨੀਜ਼' ਨੇ ਲਿਖਿਆ ਹੈ। ਚੰਦ੍ਰ ਗੁਪਤ ਦੂਜਾ (ਬਿਕ੍ਰਮਾਦਿੱਤ) ਦੇ ਸਮੇਂ ਫ਼ਾਹੀਆਨ (ਚੀਨੀ ਯਾਤਰੂ) ਨੇ ਅੱਖੀਂ ਦੇਖ ਕੇ ਲਿਖਿਆ। ਸ੍ਰੀ ਹਰਸ਼ ਵਰਧਨ ਦਾ ਰਾਜ ਪ੍ਰਬੰਧ

Digitized by Panjab Digital Library | www.panjabdigilib.org

ਚੀਨੀ ਯਾਤਰੂ 'ਹੀਊਨਸਾਂਗ' ਨੇ ਅਤੇ ਰਾਜੇ ਭੋਜ ਦਾ ਪ੍ਰਬੰਧ ਅਤੇ ਆਚਾਰ 'ਬੱਲਾਲ' ਅਤੇ 'ਮੇਰੂ ਤੁੰਗ' ਆਦੀ ਪੰਡਿਤਾਂ ਨੇ ਲਿਖਿਆ ਹੈ। ਰਾਜਪੂਤਾਨੇ ਦਾ ਰਾਜ ਪ੍ਰਬੰਧ ਕੁਝ ਅੰਸਾਂ ਵਿਚ 'ਚੰਦ੍ਰ ਵਰਦਾਈ' ਕ੍ਰਿਤ 'ਪ੍ਰਿਥ੍ਵੀ ਰਾਜ ਰਾਸ਼ੋ' 'ਹਮੀਰ ਰਾਸੋ' ਅਤੇ 'ਟਾਡ ਰਾਜਸਥਾਨ' ਆਦੀ ਤੋਂ ਪ੍ਰਗਟ ਹੁੰਦਾ ਹੈ। ਹਰ ਵਿਭਾਗ ਦਾ ਹਰ ਪ੍ਰਕਾਰ ਤੋਂ ਵਧੀਆ ਰਾਜ ਪ੍ਰਬੰਧ ਸੱਚ ਪੁਛੋ ਤਾਂ ਅਜ ਤਕ ਬਿਕ੍ਰਮਾਦਿਤ ਤੇ ਭੋਜ ਆਦਿਕ ਕੁਝਕੁ ਰਾਜਿਆਂ ਨੂੰ ਛਡ ਕੇ ਪੂਰਨ ਰੂਪ ਵਿਚ ਅੰਗ੍ਰੇਜ਼ਾਂ ਦੇ ਤੁੱਲ ਕਿਸੇ ਤੋਂ ਹੋ ਹੀ ਨਹੀਂ ਸਕਿਆ।

## ਉਤਸਵ

ਬਹੁਤ ਚਿਰ ਤੋਂ ਪ੍ਰਚਲਿਤ ਦੀਵਾਲੀ, ਲੋਹੜੀ ਜਾਂ ਲੋਹੀ, ਹੋਲੀ, ਨਿਮਾਣੀ ਆਦੀ ਸਾਧਾਰਨ ਅਤੇ ਤੀਆਂ ਹਿੰਡੋਲਾਂ ਆਦੀ ਤੀਵੀਆਂ ਦੇ ਤਿਉਹਾਰ ਹਨ। ਜਿਨ੍ਹਾਂ ਬਾਬਤ ਭਿੰਨ ਭਿੰਨ ਕਥਾਵਾਂ ਪ੍ਰਚਲਿਤ ਹਨ। ਪਰੰਤੂ ਸਾਡੀ ਸਮਝ ਵਿਚ ਬਹੁਤ ਚਿਰ ਤੋਂ ਪ੍ਰਚਲਿਤ ਹੋਏ ਇਹ ਰੁੱਤਾਂ ਦੇ ਤਿਉਹਾਰ ਹਨ। ਇਹਨਾਂ ਤੋਂ ਗੁੱਗਾ ਨੌਮੀ, ਦੁਰਗਾ ਅਸ਼ਟਮੀ, ਚੌਦਸ, ਅਮਾਵਸ ਅਤੇ ਗੁਰਪੁਰਬ ਆਦੀ ਆਪੋ ਆਪਣੇ ਧਾਰਮਿਕ ਤਿਉਹਾਰ ਹਨ। ਇਨ੍ਹਾਂ ਤੋਂ ਬਿਨਾ ਕਈ ਪ੍ਰਸਿੱਧ ਪੁਰਸ਼ਾਂ ਦੇ ਨਾਮ ਉਤੇ ਪ੍ਰਸਿੱਧ ਹੋਏ ਬਰਸੀਆਂ, ਜਨਮ ਦਿਨ ਅਤੇ ਜਯੰਤੀਆਂ (ਜੁਬਲੀਆਂ) ਆਦਿ ਤਿਉਹਾਰ ਅਤੇ ਖ਼ਾਸ ਖ਼ਾਸ ਰੁੱਤਾਂ ਦੇ ਮੇਲੇ ਅਥਵਾ ਇਕੱਠ ਭੀ ਹਨ।

## ੨. ਪ੍ਰਕਰਣ

## ਭਾਰਤ ਵਰਸ਼ ਦਾ ਟੁਕੜਾ ਬ੍ਰਹਮਾ ਵਰਤ (ਗੁਰੂ ਕਾ ਮਾਲਵਾ) ਹੀ ਸਭ ਤੋਂ ਪਹਿਲਾਂ ਵਸਿਆ

ਪੱਛਮੀ ਦਸ ਦੇਸ਼ ਏਥੋਂ ਵਸੇ। ਰਾਜਸਥਾਨ, ਦਖਣ, ਸਿਆਮ, ਇਨਾਮ, ਅਰਜਨਟਾਇਨ ਅਤੇ ਅਮ੍ਰੀਕਾ ਦਾ ਪਿਛੋਕਾ ਇਹੋ ਹੈ। ਬ੍ਰਹਮਾਂ ਨੇ ਸਭ ਤੋਂ ਪਹਿਲਾਂ ਕਸ਼ਮੀਰ ਨੂੰ ਵਸਾਇਆ ਫੇਰ 'ਬ੍ਰਹਮਾ ਵਰਤ' ਅਥਵਾ ਸਾਰਸ੍ਵਤ ਦੇਸ਼ ਨੂੰ ਵਸਾ ਕੇ ਭਾਰਤੀ ਸਭਜਤਾ ਦਾ ਕੇਂਦਰ ਬਣਾਇਆ ਜਿਸ ਦਾ ਪ੍ਰਮਾਣ ਰਿਗ ਵੇਦ ਆਦੀ ਪੁਰਾਤਨ ਗ੍ਰੰਥਾਂ ਦੇ ਵਿਚਾਰਨ ਤੋਂ ਮਿਲ ਜਾਂਦਾ ਹੈ। ਰਿਗ ਵੇਦ ਅਤੇ ਉਪਨਿਸ਼ਦ ਆਦਿ ਗ੍ਰੰਥਾਂ ਵਿਚ ਲਿਖਿਆ ਹੈ, ਕਿ ਬ੍ਰਹਮਾਂ ਸਭ ਦੇਵਤਿਆਂ ਤੋਂ ਪਹਿਲਾਂ ਉਤਪੰਨ ਹੋਇਆ। ਜੋ ਏਸ ਦੁਨੀਆ ਦਾ ਕਰਤਾ ਅਤੇ ਪਾਲਣ ਵਾਲਾ ਸੀ (ਮੁੰਡਕ ਉਪਨਿਸ਼ਦ)

ਫੇਰ ਉਸ (ਬ੍ਰਹਮਾਂ) ਨੇ ਆਪਣੇ ਪੁੱਤ੍ਰ ਕੱਸ਼ਪ ਦੇ ਰਹਿਣ ਲਈ ਕਸ਼ਮੀਰ ਦੀ ਧਰਤੀ ਨੂੰ ਪੱਧਰ ਕੀਤਾ, ਅਤੇ 'ਅਮਰਾਵਤੀ' ਆਦੀ ਪੁਰੀਆਂ ਤਥਾ ਸੂਰ ਗੰਗਾ ਆਦੀ ਨਦੀਆਂ ਬਣਾਈਆਂ।

(ਐਤਰੇਯ ਬ੍ਰਾਹਮਣ)

Digitized by Panjab Digital Library | www.panjabdigilib.org

'ਸ਼ਤਪਥ' ਵਿਚ ਲਿਖਿਆ ਹੈ, ਕਿ 'ਵੈਵਸ੍ਵਤ ਮਨੂ ਨੇ ਏਸ ਉਜੜੇ ਹੋਏ 'ਬ੍ਰਾਹਮਾਵਰਤ' ਦੇਸ਼ ਨੂੰ ਮੁੜ ਵਸਾਉਣ ਲਈ ਇਕ ਬਾਲਕ ਨੂੰ ਵੇਦ ਪੜ੍ਹਾ ਕੇ ਸੁਰਸ੍ਵਤੀ ਦੇ ਕੰਢੇ 'ਦਧੀਚ' ਰਿਸ਼ੀ ਦੇ ਆਸ਼ਰਮ ਕੋਲ ਛਡ ਦਿਤਾ, ਤਾਂ ਰਿਸ਼ੀਆਂ ਨੇ ਉਸ ਨੂੰ ਪਾਲਿਆ । ਇਕ ਥਾਂ ਲਿਖਿਆ ਹੈ ਕਿ ਭਾਰਗਵ ਚਯਵਨ ਰਿਸ਼ੀ ਦੇ ਪੁਤ੍ਰ ਦਧੀਚ ਨੇ ਬ੍ਰਹਮ ਲੋਕ ਤੋਂ ਸ੍ਰਾਪੀ ਹੋਈ ਸਰਸ੍ਵਤੀ ਤੋਂ ਸਾਰਸ੍ਵਤ ਨਾਮੇ ਪੁਤ੍ਰ ਉਤਪੰਨ ਕੀਤਾ ਜਦੋਂ ਸਰਸ੍ਵਤੀ ਸੁਰਗ ਨੂੰ ਚਲੀ ਗਈ ਤਾਂ ਦਧੀਚ ਉਦਾਸ ਹੋ ਕੇ ਬੱਚੇ ਨੂੰ ਅਪਣੇ ਭਾਈ ਬ੍ਰਾਹਮਣ ਦੀ ਇਸਤ੍ਰੀ 'ਅਕਸ਼ਮਾਲਾ' ਨੂੰ ਦੇ ਗਿਆ । ਉਸ ਨੇ ਪਾਲਿਆ । ਅਤੇ ਸਾਰਸ੍ਵਤ ਸਮੂਹ ਵੇਦ ਅਤੇ ਵਿਦਿਆ ਨੂੰ ਪੜ੍ਹ ਕੇ ਸਭ ਬ੍ਰਾਹਮਣਾਂ ਦਾ ਵਡਕਾ ਅਤੇ ਭੁਲੇ ਹੋਏ ਵੇਦਾਂ ਦਾ ਉਧਾਰ ਕਰਨ ਵਾਲਾ ਸਿਧ ਹੋਇਆ । ਅਤੇ ਦੇਵ-ਦੈਂਤਾਂ ਦੇ ਕਈ ਸਦੀਆਂ ਤਕ ਜੁੱਧ ਹੋਣ ਦੇ ਕਾਰਣ ਏਥੋਂ ਦੇ ਆਰੀਆ ਲੋਕ ਆਪਣੇ ਦੁਸ਼ਮਣਾਂ ਨੂੰ ਭਜਾ ਕੇ ਬਾਬਲ, ਅਸੀਰੀਆ, ਚੇਲਡੀਆ, ਮੀਡੀਆ, ਈਰਾਨ ਅਤੇ ਫਿਨਸ਼ੀਆ ਆਦੀ ਪੱਛਮੀ ਦੇਸ਼ਾਂ ਵਿਚ ਧੱਕਣ ਲਈ ਸਫ਼ਲ ਹੋਏ, ਪਰ ਏਸ ਮਹਾਨ ਬਿਪਤਾ ਨੇ ਏਸ ਦੇਸ਼ ਨੂੰ ਉਜਾੜਨ ਤੋਂ ਬਿਨਾ ਸਭ ਰਿਸ਼ੀਆਂ ਨੂੰ ਵੇਦ ਮੰਤਰਾਂ ਦੀ ਆਨੁਪੂਰਬੀ (ਕ੍ਰਮ) ਭੀ ਉਕੀ ਹੀ ਭੁਲਾ ਦਿੱਤੀ । ਤਾਂ ਉਹਨਾਂ ਵਿਚੋਂ ਬਚਿਆਂ ਹੋਇਆਂ ਨੇ ਵਿਹਲੇ ਹੋ ਕੇ ਕਈਆਂ ਸਦੀਆਂ ਪਿਛੋਂ ਬਾਲਕ ਸਾਰਸ੍ਵਤ ਤੋਂ ਵੇਦ ਪੜ੍ਹੇ । ਇਸ ਨੂੰ ਅੱਜ ੭੫੦੦ ਬਰਸ ਦੇ ਲਗ ਪਗ ਦਾ ਸਮਾਂ ਹੋ ਚੁਕਿਆ ਹੈ । ਉਸ ਤੋਂ ਥੋੜਾ ਚਿਰ ਪਿਛੋਂ ਮਨੂ ਨੇ ਸੁਰਗ ਤੋਂ ਇਕ ਜੁਆਨ ਲੜਕੀ ਸਾਰਸ੍ਵਤ ਕੋਲ ਭੇਜੀ । ਜਿਸ ਤੋਂ ਉਸ ਦੀ ਬਹੁਤ ਸਾਰੀ ਸੰਤਾਨ ਏਸ ਦੇਸ਼ ਵਿਚ ਹੋਈ, ਅਤੇ ਜਿਸ ਨੇ ਸਨੇ ਸਨੇ ਕਸ਼ਮੀਰ, ਤ੍ਰਿਗਰਤ, (ਸਤਲੁਜ, ਬਿਆਸ ਤੇ ਰਾਵੀ ਦਾ ਵਿਚਲਾ ਦੇਸ਼) ਉਸ਼ੀਨਰ–ਰਾਵੀ-ਚਨਾਬ ਤੇ ਜੇਹਲਮ ਦਾ ਇਲਾਕਾ, ਅਤੇ ਕੈਕੇਯ–ਪੋਠੋਹਾਰ ਤੇ ਸ੍ਰੀ ਨਗਰ-ਜਮੂੰ ਦਾ ਸੰਨ੍ਹ, ਤਥਾ ਅਭਿਸਾਰ, (ਹਜ਼ਾਰਾ) ਆਦੀ ਨੂੰ ਬਸਾ ਕੇ ਵੈਦਿਕ ਧਰਮ ਅਤੇ ਆਰਯ ਸਭਯਤਾ ਦਾ ਉਨ੍ਹਾਂ ਦੇਸਾਂ ਵਿਚ ਪ੍ਰਚਾਰ ਕੀਤਾ ।

ਕਸ਼ਮੀਰ ਦੇ ਆਦਿਲੇ ਮਹਾਂ ਪੁਰਸ਼ਾਂ ਵਿਚੋਂ ਸੂਰਜ ਬੰਸ ਦੀ ਸ਼ਾਖ਼ਾ ਦੇ ਪਰਤਾਪੀ ਰਾਜੇ 'ਇਖ ਸ਼ਵਾਕੂ' ਨੇ ਆਪਣੇ ੧੦੦ ਪੁਤਰਾਂ ਨੂੰ ਨਾਲ ਲੈ ਕੇ ਮਿਸਰ ਬਸਾਇਆ ਅਤੇ ੧੦੦੦ ਬਰਸ ਦੇ ਲੱਗ ਪਗ ਉਸਦੀ ਸੰਤਾਨ ਨੇ ਮਿਸਰ ਵਿਚ ਰਾਜ ਕੀਤਾ । ਮਿਸਰ ਵਾਸੀਆਂ ਨੂੰ ਘੋੜਿਆਂ ਦੀ ਵਰਤੋਂ ਕਰਨੀ ਭੀ ਏਸੇ ਰਾਜੇ ਨੇ ਸਿਖਾਈ । ਜਿਸ ਦੀ ੫੬ਵੀਂ ਪੀੜ੍ਹੀ ਵਿਚ ਰਾਜਾ ਦਸਰਥ ਹੋਏ ।

ਕੋਹ 'ਕਾਫ਼' (ਕਾਕੇਸ਼ਸ) ਅਤੇ 'ਕਸ਼ਪੈਨ ਸਾਗਰ ਦਾ ਚੁਫੇਰਾ ਕੱਸ਼ਪ ਦੇ ਪੜੋਤੇ (ਸੂਰਜ ਬੰਸ) ਨੇ ਕਸ਼ਮੀਰੋਂ ਜਾ ਕੇ ਬਸਾਇਆ ਸੀ । ਜਿਸ ਦੀ ਸੰਤਾਨ ਸਾਰੇ ਯੂਰਪ ਵਿਚ ਪਸਰਦੀ ਹੋਈ ਅੰਧ ਸਾਗਰ (Atlantic Ocean) ਤਕ ਪਹੁੰਚੀ । ਉਸੇ ਦੀ ਇਕ ਸ਼ਾਖਾ ਈਂਗਲ ਹੈ, ਜਿਸ ਦੀ ਜਨਮ ਭੂਮੀ ਇੰਗਲਸਤਾਨ ਕਹਾਉਂਦੀ ਹੈ । ਇਸ ਤੋਂ ਪਹਿਲਾਂ ਬ੍ਰਿਤ੍ਰਅਸੁਰ ਦੀ ਸੰਤਾਨ ਵਿਚੋਂ ਉਸ ਦਾ ਪੜੋਤਾ ਬ੍ਰਿਤ੍ਰਾਯਨ–ਬ੍ਰਿਟਨ ਜਾਂ ਬ੍ਰਿਟਾਇਨ (ਬਰਤਾਨ) ਨੇ ਬਰਤਾਨੀਆ ਬਸਾਇਆ । 'ਆਰਯਾਇਨ' ਜਾਂ ਈਰਾਨ ਆਦਿਕ ਦੇਸ਼ਾਂ ਨੂੰ ਭੀ ਉਹਨਾਂ ਹੀ ਕੱਸ਼ਪ ਬੰਸੀਆਂ ਨੇ ਵਸਾਇਆ, ਜਿਨ੍ਹਾਂ ਨੇ ਇੰਦ੍ਰ ਦੇ ਧੜੇ ਤੋਂ ਹਾਰ ਖਾ ਕੇ ਜ਼ਰਤਤੁਸ਼ਟਤਾ (ਜ਼ਰਤੁਸ਼ਤ) ਦਾ ਮਤ ਧਾਰਨ ਕੀਤਾ ਸੀ । 'ਜ਼ਿੰਦ ਅਵਸਤਾ' ਨਾਮੇਂ ਪੁਸਤਕ ਜਿਨ੍ਹਾਂ ਦਾ ਧਰਮ ਗ੍ਰੰਥ ਹੈ । ਅਤੇ ਜਿਸਦੀ ਭਾਸ਼ਾ ਰਿਗ ਵੇਦ ਦੀ ਭਾਸ਼ਾ ਨਾਲ ਸਮਾਨਤਾ ਰਖਦੀ ਹੈ । ਪਾਰਸੀਆਂ ਤੇ ਯੂਨਾਨੀਆਂ ਦੇ ਵਡਕਿਆਂ ਦਾ ਧਰਮ ਗ੍ਰੰਥ ਭੀ ਓਹੋ ਹੈ । ਏਸੇ ਸੂਰਜ ਬੰਸੀ ਦੀ ਇਕ

Digitized by Panjab Digital Library | www.panjabdigilib.org

ਸਾਖਾ–ਜਟੀ ਨੇ ਅਤਿ ਪ੍ਰਾਚੀਨ ਸਮੇਂ ਵਿਚ ਯੂਰਪੀ ਰੂਸ ਨੂੰ ਦਾਨਮਾਰਕ, ਜਟ ਲੈਂਡ, ਸਕੰਡੇਨੇਵੀਆ ਹਾਲੈਂਡ ਅਤੇ ਬਲਜੀਅਮ ਨੂੰ ਅਤੇ ਆਸਤ੍ਰ ਨੇ ਆਸਟਰੀਆ ਨੂੰ, ਹੁੰਨਾਂ ਨੇ ਹੰਗਿਰੀ (Hungry) ਨੂੰ ਅਤੇ ਅੱਤਲੇ ਨੇ ਇਟਲੀ ਨੂੰ ਵਸਾਇਆ ਜਾਂ ਰਾਜਿਆ ਜਰਮਨੀ (ਆਰਯਮਨੀਯ) ਅਤੇ ਆਰਮੀਨੀਆ ਆਰਯਮੀਨਯਾ) ਨੂੰ ਭੀ 'ਆਰਯਮਨ' ਦੇਵਤਾ ਦੇ ਨਾਉਂ ਤੇ ਸੂਰਜ ਬੰਸੀਆਂ ਨੇ ਹੀ ਬਸਾਇਆ ਹੈ।

ਭਾਰਤ ਤੋਂ ਧੱਕੇ ਹੋਇਆਂ (ਜਰਤ ਤੁਸਠਾ ਦੇ ਅਨੁਸਾਰੀਆਂ) ਨੇ ਬਾਬਲ ਏਸੀਆ ਮਾਈਨਰ, ਸੀਰੀਆ, ਚੇਲਡੀਆ, ਮੀਡੀਆ ਆਦਿ ਪੱਛਮੀ ਦੇਸ਼ਾਂ ਨੂੰ ਬਸਾਉਣ ਤੋਂ ਬਿਨਾ ਉਨ੍ਹਾਂ ਨੂੰ ਸਭ੍ਯ ਭੀ ਬਣਾਇਆ। ਬਿਸ੍ਵਕਰਮਾ ਦੀ ਸੰਤਾਨ ਵਿਚੋਂ ਖੱਤੀਆਂ ਨੇ ਖਾਣਾ ਖੋਦੀਆਂ। ਅਤੇ ਬੜੇ ਬੜੇ ਮਹਲ ਤੇ ਰਾਜਧਾਨੀਆਂ ਬਣਾਈਆਂ। ਹਜ਼ਰਤ ਈਬ੍ਰਾਹੀਮ ਨੇ ਕਾਬ੍ਹਾ ਬਣਾਉਣ ਲਈ ਇਨ੍ਹਾਂ ਖੱਤੀਆਂ ਕੋਲੋਂ ਹੀ ਭੋਇੰ ਮੁਲ ਲਈ ਸੀ। ਇਨ੍ਹਾਂ ਦੇ ਪੁਰੋਹਿਤਾਂ ਵਿਚੋਂ ਪੁਲਸਤ ਰਿਸ਼ੀ ਦੇ ਪੋਤਰੇ ਨੇ ਪੌਲੁਸਤਾਇਨ (Palistine) ਬਸਾਇਆ। ਕਣਵ ਦੇ ਪੋਤਰੇ ਕਣਵਾਇਨ ਨੇ ਕਨ੍ਆਨ ਬਸਾਇਆ। ਰਾਵਣ ਦੇ ਨਾਨੇ ਸਮਾਲੀ ਦੈਂਤ ਨੇ ਸਮਾਲੀ ਲੈਂਡ ਬਸਾਇਆ। ਦ੍ਰਾਵੜਾਂ ਦੀ ਇਕ ਸਾਖਾ ਪੰਨੀ ਜਾਂ 'ਪਣੀ' (ਸਮੁਦ੍ਰੀ ਡਾਕੂਆਂ) ਨੇ ਮਿਸ੍ਰ ਨੂੰ ਬਸਾ ਕੇ ਬੜਾ ਪ੍ਰਭਾਵਸ਼ਾਲੀ ਰਾਸ਼ਟਰ ਬਣਾਇਆ। ਇਨ੍ਹਾਂ ਦੀ ਬੰਸ ਵਿਚੋਂ ਹੀ ਬਾਬਲ ਦਾ ਰਾਜ ਘਰਾਣਾ ਹੋਇਆ, ਜਿਸ ਦੀ ਮਲਕਾ ਸ਼ਮੇਰਮੇਜ ਭਾਰਤ ਉਤੇ ਚੜ੍ਹ ਆਈ ਸੀ।

ਚੰਦਰ ਬੰਸ ਦੀ ਇਕ ਸ਼ਾਖਾ ਦੇਵ-ਦੈਂਤ ਯੁਧ ਦੇ ਪਿਛੋਂ ਕੰਧਾਰ ਦੇਸ਼ ਨੂੰ ਵਸਾਕੇ ਉਸ ਉਤੇ ਰਾਜਮਾਨ ਹੋ ਗਈ ਸੀ। ਜਿਸ ਵਿਚੋਂ 'ਦਿਵੋਦਾਸ' ਨਾਮੇ ਵਡਾ ਪਰਤਾਪੀ ਰਾਜਾ ਹੋਇਆ। ਉਸ ਦਾ ਪੁਤਰ 'ਸੁਦਾਸ਼' ਲਾਹੌਰ ਦਾ ਰਾਜਾ ਹੋਇਆ। ਜੋ ਪਿਛੋਂ ਵਿਸ਼੍ਵਾਮਿਤਰ ਦੀ ਅਗਵਾਈ ਵਿਚ ਸਰਸ੍ਵਤੀ ਦੇ ਕੰਢੇ ਆ ਕੇ ਆਬਾਦ ਹੋਇਆ।

ਚੰਦ੍ਰਬੰਸੀ 'ਉਤਰ ਕੁਰੁ' ਸਾਖਾ ਦਾ ਪ੍ਰਤਾਪੀ ਰਾਜਾ 'ਪੁਰੁਰਵਾ' ਦੇ ਪੋਤੇ 'ਨਹੁਸ਼' ਨੇ ਕੰਧਾਰ ਦੇਸ ਤੋਂ ਆ ਕੇ ਏਸ ਸਾਰਸ੍ਵਤ ਦੇਸ਼ ਨੂੰ ਸਭ ਤੋਂ ਪਹਿਲਾਂ ਰਾਸ਼ਟਰੀਯ ਨਿਯਮ ਅਨੁਸਾਰ ਆਪਣੇ ਅਧਿਕਾਰ ਵਿਚ ਕੀਤਾ। ਇਸ ਦੇ ਵਡਕੇ (ਦਿਵੋਦਾਸੀ ਆਦੀ) ਸ਼ਹਿਨਸ਼ਾਹ ਇੰਦਰ ਦੇ ਅਧੀਨੇ ਵਡੇ ਵਡੇ ਰਾਜਿਆਂ ਵਿਚੋਂ ਸਨ। ਇਸ ਨੇ ਸਭ ਤੋਂ ਪਹਿਲਾਂ 'ਕੁਰੁਛੇਤਰ' ਮੰਡਲ ਵਿਚ 'ਨੈਮਿਸ਼' ਨਾਮੇ ਨਗਰ ਵਸਾ ਕੇ ਆਪਣੀ ਰਾਜਧਾਨੀ ਅਸਥਾਪਿਨ ਕੀਤੀ। ਏਸੇ ਰਾਜੇ ਦਾ ਪੋਤਾ 'ਯਦੂ' ਸੀ। ਜੋ ਯਾਦਵਾਂ ਦਾ ਵਡਾ ਹੋਇਆ, ਇਹਨਾਂ ਦਾ ਕੁਲ ਪ੍ਰੋਹਿਤ 'ਵਿਸ਼੍ਵਾਮਿਤਰ' ਸੀ, ਜਿਸ ਨੇ ਕੁਰੂ ਬੰਸੀਆਂ ਨੂੰ ਰਾਵੀ ਤੋਂ ਉਠਾ ਕੇ ਸੁਰਸ੍ਵਤੀ ਤੇ ਬਸਾਇਆ ਸੀ।

ਰਿਗ ਵੇਦ ਵਿਚਲੇ ਰਾਜਾ 'ਨਹੁਸ਼' ਅਤੇ ਮਾਨ ਦੇ ਪੁਤ੍ਰ 'ਅਗਸਤ ਮੁਨੀ' ਦੇ ਸੰਬਾਦ ਤੋਂ ਪਤਾ ਲਗਦਾ ਹੈ, ਕਿ ਅਗਸਤ ਤੇ ਉਸ ਦਾ ਪਿਤਾ ਭਾਰਦੁਆਜ ਬੰਸੀ ਭੀ ਪਹਿਲਾਂ ਸਰਸ੍ਵਤੀ ਦੇ 'ਨੈਮਿਸ਼' ਨਗਰ ਦੇ ਹੀ ਵਾਸੀ ਸਨ ਜੋ ਪਿਛੋਂ ਦਖਣ ਵਿਚ ਜਾ ਕੇ ਵੈਦਿਕ ਧਰਮ ਦੇ ਪ੍ਰਚਾਰਕ ਹੋਏ। ਸਾਇਣਾਚਾਰਯ ਆਦਿ ਸਭ ਭਾਰਦ੍ਵਾਜ ਵਿਦ੍ਵਾਨ ਏਸ ਦੇ ਬੰਸ ਵਿਚੋਂ ਸਨ। ਇਹ ਸਮਾਂ ੭੦੦੦ ਬਰਸ ਦੇ ਨੇੜੇ ਤੇੜੇ ਦਾ ਹੈ। ਮੇਗਸਥਨੀਜ਼ ਆਦੀ ਦੇ ਲੇਖਾਂ ਤੋਂ ਪਤਾ ਲਗਦਾ ਹੈ, ਕਿ ਏਸ ਕੁਰੂਆਂ ਦੇ ਰਾਜ ਕਾਇਮ ਹੋਣ ਤੋਂ ਲੈ ਕੇ ਚੰਦ੍ਰ ਗੁਪਤ ਤਕ ਭਾਰਤ ਦੇ ੧੫੬ ਰਾਜਿਆਂ ਨੇ ਰਾਜ ਕੀਤਾ। ਜਿਸ ਦੀ ਅਉਧ

Digitized by Panjab Digital Library | www.panjabdigilib.org

੬੪੫੧ ਬਰਸ ਤਿੰਨ ਮਹੀਨੇ ਹੁੰਦੀ ਹੈ। ਇਸ ਲੇਖੇ ਸੁਦਾਸ ਦੇ 'ਕੁਰੂ' ਰਾਜ ਸਥਾਪਿਤ ਕੀਤੇ ਨੂੰ ਅੱਠ ਹਜ਼ਾਰ ਬਰਸ ਤੋਂ ਭੀ ਉਪਰ ਬਣਦੇ ਹਨ।

ਚੰਦਰ ਬੰਸ ਤੋਂ ਪਿਛੋਂ ਸੂਰਜ ਬੰਸੀ 'ਇਖਸ਼ਵਾਕੂ' ਦੀ ਸੰਤਾਨ ਮਿਸਰ, ਤੇ ਕੰਧਾਰ ਆਦੀ ਥਾਵਾਂ ਤੋਂ ਹੁੰਦੀ ਹੋਈ ਰਾਜਾ ਪ੍ਰਿਥੂ (ਆਦਿਲਾ ਰਾਜਾ) ਅਤੇ ਮਾਨਧਾਤਾ, ਭਰਤ ਤਥਾ ਸੱਗੜ ਆਦਿ ਰਾਜਿਆਂ ਦੀ ਅਗਵਾਈ ਵਿਚ ਏਸ ਦੇਸ ਵਿਚ ਆ ਬਸੀ, ਜੋ ਬਹੁਤ ਪ੍ਰਭੁਤਾ ਸ਼ਾਲੀ ਅਤੇ ਪਰਤਾਪ ਵਾਲੀ ਹੋਈ। ਜਿਸ ਦੀਆਂ ਕੌਸ਼ਲ ਆਦੀ ਸ਼ਾਖਾਂ ਘੁੜਾਮ, ਦੇਹੁਲਾ (ਦੇਵਝੱਲਾ) ਕੈਂਥਲ ਅਤੇ ਦਿੱਲੀ ਆਦਿ ਬੜੇ ਬੜੇ ਨਗਰ ਵਸਾ ਕੇ ੮੦੦ ਅੱਠ ਸੈ ਬਰਸ ਦੇ ਲਗ ਪਗ ਏਥੇ ਵਿਰਾਜਮਾਨ ਰਹੀਆਂ। ਇਹ ਸਮਾਂ ਅੱਜ ਤੋਂ ੬੫੦੦ ਬਰਸ ਤਕ ਦਾ ਹੈ। ਏਹਨਾਂ ਦਾ ਹੋਰ ਬ੍ਰਿਤਾਂਤ ਏਸੇ ਗ੍ਰੰਥ ਵਿਚ ਕਿਸੇ ਹੋਰ ਥਾਂ ਦਿਤਾ ਗਿਆ ਹੈ।

ਸੂਰਜ ਬੰਸੀਆਂ ਦੇ ਬ੍ਰਹਮਾਵਰਤ ਵਿਚ ਆਉਣ ਤੇ 'ਯਾਦਵ' ਅਤੇ 'ਹੈਹਯਨਾਮੇ' ਦੋਵੇਂ ਸ਼ਾਖ਼ਾਂ ਹਾਰ ਖਾਕੇ ਦੱਖਣ ਵਲ ਨੂੰ ਚਲੀਆਂ ਗਈਆਂ। ਪਹਿਲੀ 'ਯਾਦਵ' ਸ਼ਾਖ਼ਾ ਤਾਂ ਮਥਰਾ ਵਿਚ ਬਹੁਤ ਚਿਰ ਰਾਜ ਕਰਕੇ ਸਮੁੰਦਰ ਦੇ ਕੰਢੇ ਦੁਆਰਕਾ ਤੇ 'ਪ੍ਰਭਾਸ ਛੇਤਰ' ਦੀ ਮਾਲਿਕ ਬਣੀ। ਜਿਨ੍ਹਾਂ ਵਿਚੋਂ 'ਕ੍ਰਿਸ਼ਨ' ਜੀ ਹੋਏ। ਦੂਜੀ 'ਹੈਹਯ' ਨਾਮੇ ਸ਼ਾਖਾ ਬੁੰਦੇਲ ਖੰਡ, ਮੱਧਪ੍ਰਦੇਸ਼ ਹੁੰਦੀ ਹੋਈ ਦੱਖਣ ਵਿਚ ਦੇਵਗਿਰੀ, ਮਦੂਰਾ (ਮਥਰਾ) ਆਦਿ ਨਗਰ ਵਸਾ ਕੇ 'ਕੈਰੋ ਮੰਡਲ' ਪ੍ਰਦੇਸ਼ ਦੀ ਰਾਜਾ ਬਣੀ। ਉਹਨਾਂ ਵਿਚੋਂ ਹੀ ਪਾਂਡੀਆ ਬੰਸ ਦੱਖਣ ਵਿਚ ਚੋਖਾ ਚਿਰ ਪ੍ਰਭਾਵ ਸ਼ਾਲੀ ਬਣੀ ਰਹੀ। ਅਰਜਣਾਇਣ ਸ਼ਾਖਾ ਅਨਾਮ ਸ਼ਿਆਮ ਵਸਾਉਂਦੀ ਹੋਈ ਅਰਜਨਟਾਈਨ ਅਤੇ ਦਖਣੀ ਅਮ੍ਰੀਕਾ (ਪਾਤਾਲ) ਦੀ ਬਾਸੀ ਹੋਈ। ਜਿਨ੍ਹਾਂ ਵਿਚੋਂ 'ਰੈਡ ਇੰਡੀਅਨ' ਮੰਨੇ ਜਾਂਦੇ ਹਨ। ਅਤੇ ਹੁਣ ਜਿਨ੍ਹਾਂ ਦੀ ਬਸੋਂ ੪ ਲੱਖ ਰਹਿ ਗਈ ਹੈ। ਇਸ ਤੋਂ ਬਿਨਾ ਮੈਕਸੀਕੋ ਬਾਸੀਆਂ ਦੀ ਗਿਣਤੀ ਵਖਰੀ ਹੈ। ਇਸ ਤੋਂ ਬਿਨਾ ਅਰਜਨ ਦਾ ਪੜੋਤਾ ਪਾਰਥਿਆਯਨ ਜ਼ਾਲਿਮ ਰਾਜਾ ਅਜੈ ਸਿੰਘ ਤੋਂ ਡਰ ਕੇ ਅਪਣੇ ਪ੍ਰਵਾਰ ਸਮੇਤ ਤੁਮਰਾਯਨ (ਤੁਰਾਨ) ਦੇਸ ਵਿਚ ਬਸਿਆ। ਉਸ ਦੀ ਸੰਤਾਨ ਅਜ ਕਲ ਪਾਰਥੀਅਨ ਜਾਂ (Indo Parthian) ਕਰਕੇ ਆਖੀ ਜਾਂਦੀ ਹੈ। ਦੂਜੀ 'ਹੈਹਯ' ਬੰਸ ਵਿਚੋਂ ਕਨੌਜ ਤੇ ਕਸ ਚੁਰੀ (ਕਾਲੰਜਰ) ਆਦੀ ਦੇ ਪੰਚਾਲ ਰਾਜਾ ਹੋਇ।

ਸੂਰਜ ਬੰਸੀਆਂ ਦੇ ਗੰਗਾ ਪਾਰ ਚਲੇ ਜਾਣ ਤੋਂ ਪੰਚਾਲ ਸ਼ਾਖ਼ਾ ਵਿਚੋਂ ਰਾਜੇ ਹਸਤੀ ਜਿਸ ਨੇ 'ਹਸਤਨਾਪੁਰ' ਨਗਰ (ਦਿਲੀ ਤੋਂ ੪੦ ਮੀਲ ਉੱਤਰ ਪੂਰਬ) ਬਸਾਇਆ ਸੀ, ਫਿਰ ਕੁਰਛੇਤਰ ਨੂੰ ਰਾਜਧਾਨੀ ਬਣਾਇਆ। ਅਤੇ ਉਜੜੇ ਹੋਏ ਕਪਿਥਲ (ਕੈਂਥਲ) ਦੇ ਥਾਂ ਕੰਪਲਾ ਨਾਮੇਂ ਸ਼ਹਿਰ ਬਸਾਇਆ। ਏਸ ਰਾਜੇ ਦੀ ਬੰਸ ਵਿਚ ਰਾਜਾ ਰਿਸਟਸੇਣ ਦੇ ਪੁਤ੍ਰ 'ਸੰਤਨੂੰ' ਹੋਏ ਜਿਸ ਦੀਆਂ ਰਾਜਧਾਨੀਆਂ ਸਰਸੁਤੀ ਦੇ ਕੰਢੇ ਕੁਰਛੇਤਰ ਅਤੇ ਜਮਨਾ ਤੇ ਇੰਦਰ ਪ੍ਰਸਥ (ਦਿਲੀ) ਸੀ। ਏਹੋ ਰਾਜਾ ਕੈਰੋਂ ਪਾਂਡਿਵਾਂ ਦਾ ਪੜਦਾਦਾ ਹੋਇਆ ਹੈ। ਰਾਜਾ 'ਹਸਤੀ' ਦੀ ਸੰਤਾਨ ਨੇ ਅੱਜ ਤੋਂ ਲਗ ਪਗ ਛੇ ਹਜ਼ਾਰ ਬਰਸ ਤੋਂ ਲੈ ਕੇ ੫੦੦੦ ਬਰਸ ਤਕ ਗੁਰੂ ਕੇ ਮਾਲਵੇ ਤੇ ਰਾਜ ਕੀਤਾ। ਇਹਦੀ ਸੰਤਾਨ ਦੇ ਸਮੇਂ ਹੀ ਮਹਾ ਭਾਰਤ ਦਾ ਯੁੱਧ ਕੁਰੂਛੇਤਰ ਵਿਖੇ ਹੋਇਆ, ਉਸ ਤੋਂ ਪਿਛੋਂ ਗਣ ਰਾਜ ਦੇ ਰੂਪ ਵਿਚ ਕੁਝ ਚਿਰ ਤਕ ਬਹੁ ਗਿਣਤੀ ਵਿਚ ਚੰਦ੍ਰ ਬੰਸ ਹੀ ਏਥੇ ਵਿਰਾਜਮਾਨ ਰਹੀ ਇਹਨਾਂ ਦਾ ਹੋਰ ਬ੍ਰਿਤਾਂਤ ਅਗੇ ਲਿਖਿਆ ਜਾਵੇਗਾ।

Digitized by Panjab Digital Library | www.panjabdigilib.org

# ੩. ਪ੍ਰਕਰਣ

## ਵਿਸ਼੍ਵ-ਸਾਹਿਤ੍ਯ ਅਤੇ ਧਰਮ ਦਾ ਸਿਖ੍ਯਕ 'ਗੁਰੂ ਕਾ ਮਾਲਵਾ' ਹੀ ਹੈ

ਪੁਰਾਤਨ ਸਮੇਂ ਵਿਚ ਰਿਗ ਆਦਿ* ੪ ਵੇਦ, ਉਨ੍ਹਾਂ ਦੇ ਵਿਆਕਰਣ ਆਦਿ ੬ ਅੰਗ, ਪੁਰਾਣ, ਮੀਮਾਂਸਾ ਨਿਆਇ ਅਤੇ ਧਰਮ ਸ਼ਾਸਤ੍ਰ, ਇਹ ੧੪ ਵਿਦਿਆ ਪ੍ਰਚਲਿਤ ਸਨ। ਅਤੇ ਇਨ੍ਹਾਂ ਦੇ ਬਣਾਉਣ ਵਾਲੇ ਸਭ ਦੇ ਸਭ ਏਸੇ ਮਾਲਵੇ ਦੇ ਵਸਨੀਕ ਅਤੇ ਉਤਰ ਕਾਸ਼ੀ ਸਥਾਣੂ ਈਸ਼੍ਵਰ (ਥਾਨੇਸਰ) ਨੈਮਿਸ਼ ਜਾਂ ਦਮਦਮੇ ਸਾਹਿਬ ਵਾਲੀ ਟਕਸਾਲ ਦੇ ਸਨਾਤਕ (ਗ੍ਰੈਜੂਏਟ) ਅਥਵਾ ਉਸੇ ਛੇਤ੍ਰ ਦੇ ਬਸਨੀਕ ਸਨ। ਇਹ ਉਪਰੋਕਤ ਵਿਦਯਕ ਅਸਥਾਨ ਰਾਜਸੀ ਸੰਬੰਧ ਕਰਕੇ 'ਕੁਰੁਛੇਤ੍ਰ ਦੇਸ' ਜਾਂ 'ਕੁਰਛੇਤ੍ਰ ਆਦਿ ਅਸਥਾਨਾਂ ਦੇ ਹੀ ਕਹਾਉਂਦੇ ਸੀ, ਭਾਵੇਂ ਇਹ ਕਿਤੇ ਦੇ ਜੰਮ ਹੋਣ। ਸੋ ਨਿਰੁਕਤ ਦੇ ਕਰਤਾ 'ਯਾਸਕ' ਭਾਵੇਂ 'ਪੰਚਨਦ' ਦੇਸ ਦੇ ਕਿਸੇ ਪ੍ਰਦੇਸ਼ ਦੇ ਜੰਮ ਹੋਣ, ਅਤੇ 'ਪਾਣਿਨਿ' ਦਾ ਪਿਛੋਕਾ ਗਜ਼ਨੀ ਕੋਲ ਸ਼ਲਾਤੁਰ ਅਤੇ ਸਾਕਲਯ (ਵਿਆਕਰਣੀਆਂ) ਦਾ ਜੰਮ ਭਾਵੇਂ ਤਕਿਸਲਾ ਜਾਂ ਚੰਨਿਓਟ ਦਾ ਹੋਵੇ, ਪਰ ਇਨ੍ਹਾਂ ਸਮੂਹ ਵਿਦ੍ਵਾਨਾਂ ਦਾ ਆਸ੍ਰਯ ਜਾਂ ਕਾਰਯ ਛੇਤ੍ਰ 'ਸਾਰਸ੍ਵਤ' ਦੇਸ (ਗੁਰੂ ਕਾ ਮਾਲਵਾ) ਬਿਨਾ ਹੋਰ ਕੋਈ ਨਹੀ ਸੀ। ਵੇਦਾਂ ਦੇ ਸੰਗ੍ਰਹਕਾਰ ਪਹਿਲਾਂ ਸ਼ਾਕਲ੍ਯ ਅਤੇ ਫੇਰ ਵੇਦ ਬਿਆਸ ਅਤੇ ਉਨ੍ਹਾਂ ਦੇ ਸਿਸ਼ ਜੈਮਿਨੀ ਤੇ ਪੀਲ ਆਦਿ ਸਭ ਉਤਰ ਕਾਸ਼ੀ ਵਿਚ ਹੀ ਰਹਿੰਦੇ ਸਨ। ਕਲਪ ਸੂਤ੍ਰ ਆਦਿ ਵੇਦ ਅੰਗ ਅਤੇ ਆਯੁਰਵੇਦ ਧਨੁਰਵੇਦ ਅਤੇ ਅਰਥ ਵੇਦ ਆਦਿ ਉਪਵੇਦਾਂ ਦੇ ਕਰਤਾ 'ਅਗਨਿਵੇਸ਼' ਤੇ ਦ੍ਰੋਣਾ ਚਾਰਯ ਆਦਿ ਤਥਾ ਜਿਉਤਿਸ਼ ਆਦਿ ਗਣਿਤ ਵਿਦਿਆਵਾਂ ਦੇ ਕਰਤਾ ਆਦਿਤ ਤੇ ਗਰਗਾਦਿ ਏਸੇ (ਗਾਰੇ-ਲਹਰੇ) ਦੇ ਹੀ ਰਹਿਣ ਵਾਲੇ ਸਨ। ਮੀਮਾਂਸਾ ਦਰਸ਼ਨ ਦੇ ਕਰਤਾ ਜੈਮਿਨੀ (ਬਿਆਸ ਦੇ ਵਡੇ ਚੇਲੇ) ਐਤ੍ਰੇਯ, ਤੈਤਰੀਯ, ਗੋਪਮਥ ਅਤੇ ਸਤਮਥ (ਚੌਹਾਂ) ਬ੍ਰਾਹਮਣਾਂ ਦੇ ਕਰਤਾ, ਉਪਨਿਸ਼ਦਕਾਰ ਅਤੇ ਆਰੰਨਯਕਾਂ ਦੇ ਰਚਣਹਾਰ ਸਭ ਰਿਸ਼ੀ ਏਥੇ ਹੀ ਜੰਮੇ, ਏਥੇ ਹੀ ਪੜ੍ਹੇ ਅਤੇ ਏਥੇ ਹੀ ਰਹਿ ਕੇ ਅਪਣਾ ੨ ਕਾਰਯ ਕਰਦੇ ਰਹੇ। ਇਸ ਗੱਲ ਵਿਚ ਕਿਸੇ ਦਾ ਬਿਵਾਦ ਨਹੀਂ। ਮਨੂੰ ਆਦਿ ਮੁਖ ੨ ਧਰਮ ਸ਼ਾਸਤ੍ਰ ਅਤੇ ਕੁਝਕੁ ਦਰਸ਼ਨ ਸ਼ਾਸਤ੍ਰ ਅਤੇ ਅਥਰਵ ਵੇਦ ਭਾਵੇਂ ਪਿਛੋਂ ਸੰਗ੍ਰਹ ਕੀਤੇ ਗਏ, ਪਰ ਸਭ ਦੇ ਸਭ ਏਸੇ 'ਬ੍ਰਹਮਾ ਵਰਤ' ਜਾਂ 'ਸਰਸ੍ਵਤ' (ਗੁਰੂ ਕਾ ਮਾਲਵਾ) ਦੀ ਹੀ ਕਾਢ ਹਨ। ਭਾਵ ਉਨ੍ਹਾਂ ਦੇ ਕਰਤਾ ਯੱਗ ਵਲਕ੍ਯ ਆਦਿ ਨੇ ਵੈਸ਼ੰਪਾਇਨ ਤੋਂ ਹੀ 'ਕ੍ਰਿਸ਼ਨ ਯਜੁਰ ਵੇਦ' ਪੜ੍ਹੀ ਅਤੇ ਉਸ ਦੇ ਕੁਪਤ ਹੋ ਜਾਣ ਤੇ, ਸੂਰਜ ਦੇਵ ਤੋਂ ਪੜ੍ਹ ਕੇ ਸ਼ੁਕਲ ਯਜੁਰਵੇਦ ਲਿਖੀ। ਅਥਰਵ ਵੇਦ ਭੀ ਅਥਰਵ ਰਿਸੀ ਦੀ ਬੰਸ ਦੇ ਕਿਸੇ ਪੰਡਿਤ ਨੇ ਉਰਲੇ ਸਮੇਂ ਵਿਚ ਪਰੰਪਰਾ ਤੋਂ ਚਲੇ ਆਉਂਦੇ ਰਲੇ ਮਿਲੇ

---

* ਵੈਦਿਕ ਗ੍ਰੰਥਾਂ ਵਿਚ ਪਹਿਲੇ ਤਿੰਨਾਂ ਵੇਦਾਂ ਦੀ ਪ੍ਰਵਿਰਤੀ ਹੀ ਦੇਖਣ ਵਿਚ ਆਉਂਦੀ ਹੈ। ਓਸ ਸਮੇਂ ਅਥਰਵ ਵੇਦ ਦੇ ਪ੍ਰਧਾਨ ਵਿਸ਼ੇ--ਬਾਭ੍ਰਵਯ ਆਦਿ ਕਾਮ ਸੂਤ੍ਰਾਂ ਵਿਚ ਹੀ ਸਨ, ਜੋ ਬ੍ਰਹਮਵਾਦੀ ਰਿਸ਼ੀਆਂ ਦੀ ਪ੍ਰਤਿਸ਼ਠਾ ਦੇ ਪਾਤਰ ਨ ਹੋਣ ਕਰਕੇ ਪ੍ਰਚਲਿਤ ਨਹੀਂ ਹੋਏ। ਪੁਰਾਤਨ ਸਮੇਂ ਦੇ ਪੁਰਾਣ ਅਜ ਕਲ ਨਹੀਂ ਮਿਲਦੇ। ਉਹ ਪਰੰਪਰਾ ਤੋਂ ਜ਼ਬਾਨੀ ਚਲੇ ਆਉਂਦੇ ਸਨ, ਜਿਨ੍ਹਾਂ ਦਾ ਸੰਗ੍ਰਹ ਵਿਕ੍ਰਮਾਦਿੱਤ ਦੇ ਸਮੇਂ ਦੇ ਵਰਤਮਾਨ ਰੂਪ ਵਿਚ ਹੋਣ ਲਗਾ।

Digitized by Panjab Digital Library | www.panjabdigilib.org

ਵਿਸ਼ਿਆਂ ਦਾ ਸੰਗ੍ਰਹ ਕਰਕੇ ਆਪਣੇ ਬੜੇ ਦੇ ਨਾਉਂ ਉੱਤੇ ਮੜ੍ਹ ਦਿੱਤੀ । ਦਰਸ਼ਨਾਂ ਦੇ ਨਵੇਂ ਤੇ ਪੁਰਾਣੇ ਸੂਤ੍ਰ ਸਭ ਦੇ ਸਭ ਉਪਨਿਸ਼ਦਾਂ ਦੇ ਆਧਾਰ ਤੇ ਹਨ, ਭਾਵੇਂ ਕਪਿਲ ਦੇ ਨਾਉਂ ਤੇ ਹੋਣ ਭਾਵੇਂ ਪਤੰਜਲੀ ਦੇ ਨਾਉਂ ਉਤੇ। ਭਾਵੇਂ ਉਨ੍ਹਾਂ ਵਿਚੋਂ ਕਣਾਦਿ ਦਾ ਵੈਸ਼ੇਸ਼ਕ, ਵਿਆਸ ਦਾ ਵੇਦਾਂਤ (ਬ੍ਰਹਮਸੂਤ੍ਰ) ਗੋਤਮ ਦਾ ਨਿਆਇ ਅਤੇ ਜੈਮਿਨੀ ਦਾ ਪੂਰਬ ਮੀਮਾਂਸਾ, ਇਹ ਚਾਰ ਦਰਸ਼ਨ ਪੁਰਾਣੇ ਅਤੇ ਕਪਿਲ ਦਾ ਸਾਂਖ ਤੇ ਪਤੰਜਲੀ ਦਾ ਜੋਗ ਦਰਸ਼ਨ ਨਵੇਂ ਸਮੇ ਦੇ ਬਣੇ ਹੋਏ ਹਨ ਜਿਨ੍ਹਾਂ ਦੇ ਸੂਤ੍ਰਕਾਰ ਤਾਂ ਨਵੀਨ ਹਨ, ਪਰ ਉਨ੍ਹਾਂ ਦਾ ਮੂਲ ਵਿਸ਼ਯ ਪੁਰਾਤਨ ਸਮੇਂ ਤੋਂ ਹੀ ਚਲਿਆ ਆਉਂਦਾ ਹੈ। ਜੋ ਕਿ ਸਾਰਸ੍ਵਤ ਦੇਸ ਬਾਸੀ ਰਿਸ਼ੀਆਂ ਦੀ ਹੀ ਉਪਜ ਹੈ। ਗੱਲ ਕੀ ਪੂਰਬੋਕਤ ੧੪ ਵਿਦਿਆਵਾਂ ਤੋਂ ਪਿਛੋਂ ਦੀਆਂ ਅਨੇਕ ਵਿਦਿਆਵਾਂ ਵਿਸ਼ੇਸ਼ ਕਰਕੇ ਬ੍ਰਹਮ ਵਿਦਿਆਵਾਂ ਅਤੇ ਸਬਦ ਸ਼ਾਸ਼ਤ੍ਰਾਂ ਦੀ ਭਰਮਾਰ ਤੋਂ ਮੱਥੀ ਮਾਂਜੀ ਹੋਈ ਅਤੇ ਵਾਗਦੇਵੀ ਦਾ ਸਾਖਿਅਤ ਅਵਤਾਰ 'ਸੰਸਕ੍ਰਿਤ ਭਾਸ਼ਾ' ਭੀ ਏਸੇ (ਗੁਰੂ ਕੇ ਮਾਲਵੇ) ਦੀ ਭਾਰਤੀ ਬੋਲੀ ਦੀ ਸਦਾ ਜੀਉਣ ਜੋਗੀ ਬੱਚੀ ਹੈ। ਜੋ ਹਿੰਦਵੀ ਪ੍ਰਾਕ੍ਰਤਾਂ ਦੀ ਮਾਤਾ ਅਤੇ ਗੁੰਗੇ ਸੰਸਾਰ ਲਈ ਮਾਲਵੇ ਦੀ ਅਮੁੱਲ ਅਤੇ ਅਮਰ ਦਾਤ ਹੈ। ਜਿਸ ਤੋਂ ਬੱਜਦੇ ਬਾਜੀਂ ਅਸੀਂ ਅਜ ਭੀ ਇਹ ਆਖ ਸਕਦੇ ਹਾਂ ਕਿ ਅਸਾਡਾ ਮਾਲਵਾ ਸਾਰੀ ਵਿਸ੍ਵ ਭਰ ਦੀ ਸਾਹਿਤਯ ਦਾ ਆਦਿ ਗੁਰੂ ਅਤੇ ਬ੍ਰਹਮ ਵਿਦਿਆ ਦਾ ਉਪਦੇਸ਼ਕ ਹੈ । ਇਸ ਤੋਂ ਨਿਸ਼ਚੇ ਹੁੰਦਾ ਹੈ ਕਿ 'ਕੋਈ ਵਿਦਿਆ ਸੰਸਾਰ ਭਰ ਵਿਚ ਅਜਿਹੀ ਨਹੀਂ ਜੋ ਮਾਲਵੇ ਵਿਚ ਪਹਿਲਾਂ ਨ ਪ੍ਰਗਟੀ ਹੋਵੇ ਅਤੇ ਜੋ ਕੁਝ ਏਥੇ ਹੈ ਨਹੀ, ਉਹ ਹੋਰ ਥੇ ਭੀ ਕਿਤੇ ਨਹੀਂ ।'

ਹੁਣ ਸੰਖੇਪ ਕਰਕੇ ਉਨ੍ਹਾਂ ਰਿਸ਼ੀਆਂ ਅਤੇ ਸ਼ਾਸ਼ਤ੍ਰਕਾਰਾਂ ਦੇ ਨਿਵਾਸ ਅਸਥਾਨ ਦੱਸੇ ਜਾਂਦੇ ਹਨ ਜਿਨ੍ਹਾਂ ਦੀ ਬੰਸ ਅਤੇ ਉੱਤਰਾਧਿਕਾਰੀ ਹੋਣ ਦੇ ਨਾਤੇ ਭੀ ਅਸੀਂ ਉਨ੍ਹਾਂ ਦੀ ਰਚਨਾ ਅਤੇ ਘਾਲਨਾ ਉਤੇ ਵਧੇਰੇ ਮਾਣ ਕਰ ਸਕਦੇ ਹਾਂ—

(੧) ਰਿਗ ਵੇਦ, ਕ੍ਰਿਸ਼ਨ ਯਜੁਰ ਵੇਦ ਅਤੇ ਸਾਮ ਵੇਦ ਦੇ ਮੰਤ੍ਰ ਏਸੇ ਦੇਸ਼ ਵਿਚ (ਮਾਰ ਕੰਡੇ ਤੋਂ ਲੈ ਕੇ ਸਤਿਲੁਜ ਤੱਕ) ਬਣੇ ।

(੨) ਸਭ ਤੋਂ ਪਹਿਲਾਂ ਐਤਰੇਯ ਬ੍ਰਾਹਮਣ ਅਤੇ ਸ਼ਤ ਪਥ ਏਸੇ ਦੇਸ਼ ਵਿਚ ਬਣੇ ।

(੩) ਬਵੰਜਾ ਉਪਨਿਸ਼ਦ—ਆਰੰਣਜਕ ਭੀ ਇਸੇ ਦੇਸ਼ ਵਿਚ ਬਣੇ ।

(੪) ਰਿਗ ਵੇਦ ਦਾ ਰਿਸ਼ੀ ਵਿਸ੍ਵਾਮਿੱਤ੍ਰ 'ਸੁਦਾਸ' ਰਾਜੇ ਨੂੰ ਨਾਲ ਲੈ ਕੇ ਕੁਰੁਛੇਤ੍ਰ ਦੇਸ਼ ਵਿਚ ਰਹਿਣ ਲਗਾ ।

(੫) ਵਿਸ਼ਿਸਟ ਰਿਖੀ ਬਿਆਸਾ ਤੋਂ ਉਠ ਕੇ ਸੂਰਜ ਬੰਸੀਆਂ ਨੂੰ ਨਾਲ ਲੈਂਦਾ ਹੋਇਆ ਸਰਸੁੱਤੀ ਦੇ ਕੰਢੇ ਉਤੇ ਰਹਿਣ ਲਗਾ । ਜਿਸ ਨੇ ਰਿਗ ਵੇਦ ਤੇ ਬਹੁਤ ਸਾਰੇ ਮੰਤ੍ਰ ਬਣਾਏ ।

(੬) ਰਿਗ ਵੇਦ ਦਾ ਰਿਖੀ ਭਾਰਦ੍ਵਾਜ ਸਰਸ੍ਵਤੀ ਦੇ ਕੰਢੇ 'ਨੈਮਿਸ਼' ਨਾਮੇ ਸ਼ਹਿਰ ਵਿਚ ਰਹਿੰਦਾ ਸੀ। ਉਸ ਦਾ ਪੁਤਰ ਅਗਸਤ ਮੁਨੀ ਰਾਜਾ 'ਨਹੁਸ਼' ਦਾ ਸਮਕਾਲੀ, ਜੋ ਦਖਣ ਜਾਣ ਵਾਲਿਆਂ ਭਾਰਤੀਆਂ ਦਾ ਪੁਰੋਹਿਤ ਸੀ । ਓਸ ਦੇਸ ਦੇ ਭਾਰਦ੍ਵਾਜ ਗੋਤ੍ਰੀ ਬ੍ਰਾਹਮਣ (ਸਾਇਣਾਚਾਰਯ ਆਦਿ) ਸਭ ਏਸੇ ਦੀ ਸੰਤਾਨ ਹਨ ।

Digitized by Panjab Digital Library | www.panjabdigilib.org

(੭) ਸਤਲੁਜ ਤੇ ਬਿਆਸ ਦੇ ਸੰਗਮ ਉਤੇ ਪਰਾਸੁਰ ਰਿਖੀ ਤੇ ਉਸਦਾ ਪੁੱਤਰ 'ਵੇਦ ਬਿਆਸ' ਰਹਿੰਦੇ ਸੀ। ਜੋ ਉਸ ਸਮੇਂ ਵਰਤਮਾਨ ਲੋਹਟ ਵੱਦੀ ਦੇ ਆਸ ਪਾਸ ਸੀ।

(੮) 'ਬੇਦ ਬਿਆਸ' ਨੇ ਏਥੋਂ ਉਠ ਕੇ ਸਰਸ੍ਵਤੀ ਦੇ ਕੰਢੇ 'ਕੰਪਲਾ' ਨਗਰ ਵਿਚ ਅਪਣੀ ਰਚਨਾ ਕੀਤੀ। ਜਿਸ ਵਿਚੋਂ ਵੇਦਾਂਤ ਸ਼ਾਸਤ੍ਰ, ਅਤੇ ਭਾਗਵਤ ਆਦਿ ਪੁਰਾਣਾਂ ਦਾ ਮੂਲ੍ਹ ਇੱਕ ਲੱਖ ਸਲੋਕ ਦਾ 'ਮਹਾਂ ਪੁਰਾਣ ਸੰਗ੍ਰਹ' ਆਦਿ ਗ੍ਰੰਥ ਪ੍ਰਸਿੱਧ ਹਨ।

(੯) ਸਰਸ੍ਵਤੀ ਦੀ ਸਾਖਾ ਤੇ ਹੀ 'ਵੇਦ ਵਿਆਸ ਦੀ ਆਗਿਆ ਨਾਲ ਉਸਦੇ ਚੇਲੇ 'ਪੀਲ' ਨੇ ਵੇਦ ਤ੍ਰਈ ਦੇ ਮੰਤਰਾਂ ਦਾ ਸੰਗ੍ਰਹ ਉਤਰ ਕਾਸੀ ਵਰਤਮਾਨ-ਤਲਵੰਡੀ ਸਾਬੋਕੀ ਦਮਦਮਾ ਸਾਹਿਬ-(ਗੁਰੂ ਕੀ ਕਾਸੀ) ਦੇ ਅਸਥਾਨ ਵਿਖੇ ਬੈਠਕੇ ਕੀਤਾ ਜਿਥੇ ਮਾਰ ਕੰਡੇ ਨੇ ਤਪ ਕੀਤਾ ਅਤੇ ਉੱਤਰ ਕਾਸ਼ੀ ਵਸਾਈ ਸੀ। (ਦੇਖੋ ਦੌਰੇ ਦੀ ਪੋਥੀ) ਤੇ 'ਵੇਦ ਵਿਆਸ' ਨੇ ਉਨ੍ਹਾਂ ਉਪਰ ਸੁਰਾਂ ਦੇ ਚਿੰਨ੍ਹ ਲਾਏ।

(੧੦) ਏਸੇ ਉੱਤਰ ਕਾਸ਼ੀ ਵਿਖੇ ਵਿਆਸ ਦੇ ਚੇਲੇ 'ਜੈਮਿਨੀ' ਨੇ 'ਪੂਰਬ ਮੀਮਾਂਸਾ' ਸ਼ਾਸਤ੍ਰ ਰਚਿਆ। ਅਤੇ ਵੈਸ਼ੰਪਾਇਨ ਤੇ ਅਗਨਿਵੇਸ਼ ਨੇ ਆਯੁਰ ਵੇਦ ਦੀ ਰਚਨਾ ਏਥੇ ਹੀ ਕੀਤੀ

(੧੧) ਪਹਾੜ ਦੀ ਕੰਢੀ ਵਿੱਚ ਰਹਿਣ ਵਾਲੇ 'ਪਿੰਗਲ' ਮੁਨੀ ਨੇ ਛੰਦ ਸ਼ਾਸਤ੍ਰ ਰਚਿਆ।

(੧੨) ਵਿਆਕਰਣ ਦੇ ਕਰਤਾ ਪਾਣਿਨੀ ਨੇ ਰੋਪੜ ਦੇ ਪਾਸ, 'ਦੁਸਾਰਣ' ਨਾਮੇਂ ਨਗਰ ਵਿਚ ਰਹਿ ਕੇ 'ਜਾਮਤਵਤੀ' ਕਾਵ੍ਯ ਅਤੇ 'ਸ਼ਿਕ੍ਸ਼ਾ' ਨਾਮੇਂ ਵੈਦਕ ਸੁਰਾਂ ਦਾ ਸ਼ਾਸਤ੍ਰ ਅਤੇ ਵਿਆਕਰਣ ਦੇ ਖਿੱਲ ਭਾਗਾਂ (ਲਿੰਗ ਅਨੁਸ਼ਾਸਨ ਤੇ 'ਗਣ-ਪਾਠ' ਆਦਿ ਗ੍ਰੰਥਾਂ) ਦੀ ਰਚਨਾ ਕੀਤੀ।

(੧੩) 'ਨੈਮਸ਼ ਆਰੰਨ੍ਯ (ਸਰਸ੍ਵਤੀ ਕੰਢੇ) ਵਿਚ ਰਹਿਣ ਵਾਲੇ ਆਦਿੱਤ ਅਤੇ ਘਗਰ ਨਦੀ ਤੇ ਰਹਿਣ ਵਾਲੇ 'ਗਾਰਗ' (ਗਾਗਾ) ਨੇ ਸਭ ਤੋਂ ਪਹਿਲਾਂ ਚੰਦਰਮਾ ਤੇ ਸੂਰਜ ਦੀਆਂ ਰਾਸ਼ੀਆਂ ਨੂੰ ਥਿਰ ਕਰ ਕੇ ਗ੍ਰੰਥ ਰਚੇ।

(੧੪) ਕਲਪ ਸੂਤਰਾਂ ਵਿਚੋਂ ਬਹੁਤੇ (ਆਸ੍ਵਲਾਇਨ, ਆਪਸਤੰਭ ਅਤੇ 'ਮਾਨਵਗ੍ਰਹ' ਆਦਿ) ਗ੍ਰੰਥ ਭੀ ਏਥੇ ਹੀ ਲਿਖੇ ਗਏ। ਜਿਨ੍ਹਾਂ ਤੋਂ ਕ੍ਰਿਸ਼ਨ ਯਜੁਰ ਵੇਦ ਦੀ ਰਚਨਾ (ਏਥੇ ਹੀ) ਹੋਈ।

(੧੫) ਨਾਟ੍ਯ ਸ਼ਾਸਤ੍ਰ ਦੇ ਕਰਤਾ ਭਰਤ ਮੁਨੀ ਭੀ ਨੈਮਿਖ ਆਰੰਨ੍ਯ ਦੇ ਬਾਸੀ ਸਨ, ਜਿਨ੍ਹਾਂ ਨੇ ਬਦਰੀ 'ਨਾਰਾਇਨ' ਦੇਸ਼ ਵਿਚ ਜਾ ਕੇ 'ਲੱਛਮੀ-ਪੁਰਸ਼ੋਤਮ' ਨਾਟਕ ਦਾ ਖੇਲ ਦਿਖਾਇਆ ਸੀ।

(੧੬) ਏਥੇ ਹੀ ਬਸ ਨਹੀਂ, ਸੰਸਾਰ ਭਰ ਵਿਚ ਅਦੁਤੀ ਅਤੇ ਪ੍ਰਸਿਧ ਪੰਡਿਤ ਕ੍ਰਿਸ਼ਨ ਦ੍ਵਿਪਾਇਨ 'ਵੇਦ ਵਿਆਸ' ਨੇ ਮਾਲਵਾ ਬਾਸੀ ਅਤੇ ਬਲਖ ਬਖਾਰਾ ਆਦਿ ਨੂੰ ਆਬਾਦ ਕਰਨ ਵਾਲੇ ਕਸ਼ਯਪ ਬੰਸੀਆਂ ਦੇ ਸੱਦੇ ਤੋਂ ਅਤੇ ਇਕਸ਼ਵਾਕੂ ਬੰਸੀ ਮਿਸ੍ਰੀ ਲੋਕਾਂ ਦੇ ਬੇਨਤੀ ਕਰਨ ਤੋਂ ਬਲਖ ਦੇਸ, ਈਰਾਨ (ਆਰਯਾਇਨ) ਆਰਮੀਨੀਆ (ਆਰਯਮਨੀਯ) ਅਤੇ ਮਿਸ੍ਰ ਵਿਚ ਆਪ ਅਪਣੀ ਸਿਸ਼ਮੰਡਲੀ ਸਮੇਤ ਜਾ ਕੇ ਉਨ੍ਹਾਂ ਦੇਸਾਂ ਵਿਚ ਬ੍ਰਹਮ ਵਿਦਿਆ, ਪੁਰਾਣਾਂ ਅਤੇ ਸਬਦ ਸਾਸਤ੍ਰਾਂ ਦਾ ਚਿਰ ਤਕ ਪ੍ਰਚਾਰ ਕੀਤਾ। ਇਹ ਵਾਰਤਾ ਪੱਛਮੀਆਂ ਦੀਆਂ ਪੁਰਾਤਨ ਪੁਸਤਕਾਂ ਤੋਂ ਭਲੀ ਪ੍ਰਕਾਰ ਨਿਸਚੇ ਹੋ ਜਾਂਦੀ ਹੈ। ਉਨ੍ਹਾਂ ਦੇਸਾਂ ਤੋਂ ਮੁੜਕੇ ਵੇਦ ਬਿਆਸ ਨੇ ਉਨ੍ਹਾਂ ਲੋਗਾਂ ਦੇ ਸੌਖ ਲਈ ਤਕਿਸ਼ਲਾਂ ਨਗਰ ਅਤੇ ਕਸ਼ਮੀਰ ਦੇ ਹਿਰੰਨ੍ਹਪੁਰ (ਹਿਰੰਨ੍ਹਕਸ਼ਯਪੁ ਦੇ ਬਸਾਏ ਹੋਏ) ਵਿਚ ਵਿਦਿਆ ਪੀਠਾਂ ਅਸਥਾਪਨ ਕਰਕੇ ਅਪਣੀ ਸਿੱਸ਼

Digitized by Panjab Digital Library | www.panjabdigilib.org

ਮੰਡਲੀ ਵਿਚੋਂ ਉਨ੍ਹਾਂ ਟਕਸਾਲਾਂ ਵਿਚ ਆਚਾਰਜ ਥਾਪੇ, ਜਿਥੋਂ ਮਿਸਰ, ਈਰਾਨ, ਯੂਨਾਨ ਅਤੇ ਕਸ਼ਜਪਾਇਨ (Caspian) ਆਦਿ ਦੇਸ਼ਾਂ ਦੇ ਵਿਦਿਆਰਥੀ ਬ੍ਰਹਮ ਵਿਦਿਆ ਅਤੇ ਜਯੋਤਸ਼ ਆਦਿ ਗਣਿਤ ਵਿਦਿਆ ਵਿਚ ਪਾਰੰਗਤ ਹੋਏ। ਜਿਥੋਂ ਪੌਲੁਸਤਾਇਨ (Palistine) ਅਤੇ ਯੂਨਾਨ ਦੇ ਰਾਹੀਂ ਯੂਰਪ ਵਿਚ ਵਿਦਿਆ ਦਾ ਪ੍ਰਚਾਰ ਹੋਇਆ।

(੧੬) ਵਿਆਸ ਦੇ ਚੇਲੇ ਵੈਸ਼ੰਪਾਇਨ ਦੀ ਆਗਿਆ ਨਾਲ ਉਸ ਦੇ ਚੇਲੇ ਯੱਗਯਵਲਿਕ, ਨੇ 'ਕੰਪਲਾ' ਨਗਰ (ਸਰਸੁਤੀ ਦੇ ਕੰਢੇ ਤੇ) ਸੁਕਲ ਯੁਜੁਰ ਵੇਦ ਦੀ ਰਚਨਾ ਕੀਤੀ।

(੧੭) 'ਮਾਰਕੰਡੇ' ਨਦੀ ਤੋਂ ਉਠ ਕੇ ਮਾਰ-ਕੰਡੇ ਰਿਸ਼ੀ ਨੇ ਵਰਤਮਾਨ 'ਤਲਵੰਡੀ'-ਸਾਬੋਕੇ (ਦਮਦਮਾ ਸਾਹਿਬ) ਦੇ ਥਾਂ ਤੇ ਤਪ ਕੀਤਾ। ਅਤੇ ਵਿਦਿਆ ਪੀਠ ਕਾਇਮ ਕੀਤੀ। ਜਿਸ ਦਾ ਨਾਉਂ ਉਰਲੇ ਸਮੇਂ ਵਿਚ 'ਪੂਰਵਕਾਸ਼ੀ' ਦੇ ਟਾਕਰੇ ਤੇ 'ਉਤਰ ਕਾਸ਼ੀ' ਨਾਮ ਪਿਆ। ਦਸਵੇਂ ਪਾਤਸ਼ਾਹ ਨੇ ਭੀ 'ਗੁਰੂ ਕੀ ਕਾਸ਼ੀ' ਓਥੇ ਹੀ ਅਸਥਾਪਨ ਕੀਤੀ।

(੧੮) ਜੋਤਿਸ਼ ਦੇ ਕਰਤਾ ਡੱਕ ਤੇ ਭੱਡਲੀ (ਦੰਪਤੀ) ਵਿਆਕਰਣ ਦਾ ਕਰਤਾ 'ਗਾਲਵ' ਤੇ ਗਾਰਗ ਅਤੇ 'ਮਾਤੰਗ' ਨਾਮੇਂ ਜੋਤਿਸ਼ੀ ਭੀ ਇਸੇ ਹੀ ਦੇਸ਼ ਵਿਚ ਘੱਗਰ ਦੇ ਕੰਢੇ ਤੇ ਹੋਏ ਹਨ।

(੧੯) ਦੇਸ਼ੀ ਬੋਲੀ ਦਾ ਸਭ ਤੋਂ ਪਹਿਲਾਂ ਵਿਆਕਰਣ ਲਿਖਣ ਵਾਲੇ ਇੰਦਰ ਤੇ ਚੰਦਰ- 'ਨਾੜ ਪਿਤ' (ਵਰਤਮਾਨ ਨੈਰੜੂ) ਵਿਚ ਹੋਏ ਹਨ।

(੨੦) ਬ੍ਰਾਹਮਣ ਤੇ ਉਪਨਿਸਦਾਂ ਦੇ ਅੰਤਿਮ ਸਮੇਂ ਵਿਚ ਏਥੇ (ਬ੍ਰਾਹਮਾਵਰਤ ਦੇਸ਼ ਵਿਚ) ਹੀ ਸੰਸਕ੍ਰਿਤ ਬਣੀ, ਜਿਸ ਦਾ ਸਬੂਤ ਮਨੂ ਸਿੰਮ੍ਰਤੀ ਅਧਿਆਇ ੨ ਸਲੋਕ ੧੭-੧੮-੧੯ ਅਤੇ 'ਸਿਸ਼ਟਾ ਸ਼ਬਦੇਸ਼ੂ ਪ੍ਰਮਾਣਮ' ਆਦਿ 'ਪਤੰਜਲੀ' ਦੇ ਬਚਨ ਹਨ :-

संस्कृतोतपत्तिप्रकर्णें--

"सरस्वती दृषद्वत्योर्देवनद्योर्यदन्तरम्। तं देव निर्मितं देशं ब्रह्मावर्तं प्रचक्षते। १७। तस्मिन् देशे यः आचारः पारम्पर्यं क्रमागतः। वर्णानां सान्तरालानां स सदाचार उच्यते"। १८।

मनु, अः २. श्लोक १७-१८

ਭਾਵ, ਬ੍ਰਹਮਾਵਰਤ ਵਿਚ ਰਹਿਣ ਵਾਲੇ ਸਭਨਾ ਵਰਨਾਂ ਦਾ ਕਥਨ ਸੰਸਕ੍ਰਿਤ ਹੀ ਹੈ। ਕਿਉਂਕਿ ਉਹ ਸਭ ਸਦਾਚਾਰੀ ਅਤੇ 'ਸ੍ਰੇਸ਼ਟ' ਪੁਰਖ ਹਨ। ਮਹਾ ਭਾਸ਼ਯਕਾਰ ਨੇ ਇਸ ਦੇਸ ਦੇ ਵਿਚ ਰਹਿਣ ਵਾਲੇ ਅਤੇ ਮਹਾਰਾਸ਼ਟ੍ਰ ਵਿਚ ਰਹਿਣ ਵਾਲਿਆਂ ਨੂੰ ਭੀ ਨਾਲ ਰਲਾਕੇ 'ਸ੍ਰੇਸਟ' ਆਖਿਆ ਹੈ। (ਉਸ ਦੇਸ ਦੀ ਭਾਸਾ ਦੇ ਪਦ ਪਿਛੋਂ ਰਲੇ ਸਨ) ਦੇਖੋ-ਪੰਜਾਬੀ-ਗੁਰਮੁਖੀ ਦੀ ਵਿਸ਼ੇਸ਼ਤਾ।

ਇਹ ਉਹ ਸਮਾ ਹੈ, ਜਿਸ ਵਿਚ ਗੰਗਾ ਤੋਂ ਪਾਰ ਸਭ ਜਗਾ ਸੂਰਜ ਬੰਸੀਆਂ ਦੀ ਸ਼ਾਖ਼ਾ ਦਾ ਬਹੁ ਗਿਣਤੀ ਵਿਚ ਰਾਜ ਸੀ। ਰਾਜਪੂਤਾਨੇ ਤੇ ਮੁਲਤਾਨ ਦੇ ਆਸ ਪਾਸ ਸੂਰਜ ਬੰਸੀ ਦੀ ਸਾਖਾ ਅਗਨੀਕੁਲ ਦੀ ਬਹੁ ਗਿਣਤੀ ਵਿਚ ਵਸੋਂ ਸੀ। ਜੋ ਗਣ ਰਾਜ ਦੇ ਰੂਪ ਵਿਚ ਸੁਤੰਤਰਤਾ ਦਾ ਅਨੰਦ ਲੈ ਰਹੇ ਸੀ। ਪੰਚਨਦ ਅਤੇ ਤਕਸ਼ਿਲਾ ਤੋਂ ਛੁੱਟ ਕੰਧਾਰ ਤੇ ਹਿਰਾਤ ਤੋਂ ਲੈ ਕੇ ਗੰਗਾ ਤਕ ਅਤੇ ਹਿਮਾਲੇ

Digitized by Panjab Digital Library | www.panjabdigilib.org

ਤੋਂ ਬਿੰਧਿਆਚਲ ਤਕ (ਸਣੇ ਆਵੰਤੀ) ਚੰਦ੍ਰ ਬੰਸੀਆਂ ਦਾ ਰਾਜ ਸੀ। ਸੋ ਪੂਰਬ ਵਲ ਨੂੰ ਗੰਗਾ ਤੇ ਚੰਬਲ ਦਖਣ ਵਲ ਨੂੰ ਨਰਬਦਾ, ਪਛੋਂ ਵਲ ਨੂੰ ਅਰਬ ਸਾਗਰ ਤੇ ਈਰਾਨ ਤਕ ਅਤੇ ਉਤਰ ਵਲ ਨੂੰ (ਸਣੇ ਕਸ਼ਮੀਰ) ਹਿਮਾਲਾ ਤਕ 'ਭਾਰਤ ਵਰਸ਼' ਕਹਾਉਂਦਾ ਸੀ। ਗੰਗਾ ਤੋਂ ਪਾਰ ਦਾ ਗੰਡਕ ਤਕ 'ਆਰਯ ਵਰਤ' ਸੀ। ਕਿਉਂਕਿ ਚੰਦ੍ਰ ਬੰਸੀ ਰਾਜਾ ਦੁਸ਼ਿਅੰਤ ਦੇ ਪੁਤਰ ਭਰਤ ਦੀ ਸੰਤਾਨ ਦੇ ਅਧਿਕਾਰ ਵਿਚ ਬਹੁਤਾ ਦੇਸ ਹੋਣ ਕਰਕੇ ਇਸ ਨੂੰ ਇਹ ਨਾਮ ਦਿਤਾ ਗਿਆ ਸੀ। ਅਤੇ ਉਸ ਵਕਤ ਇਸ ਦੇਸ ਦੀ ਬੋਲੀ ਦਾ ਨਾਉਂ ਭੀ ਉਕਤ ਦੇਸ ਦੇ ਨਾਉਂ ਤੇ ਭਾਰਤੀ ਪੈ ਗਿਆ ਸੀ ਜੋ ਪਹਿਲਾਂ ਸਾਰਸ੍ਵਤ ਦੀ ਵਿਸ਼ੇਸਤਾ ਕਰਕੇ 'ਸਰਸ੍ਵਤੀ' ਕਰਕੇ ਆਖੀ ਜਾਂਦੀ ਸੀ। ਪਰ ਜਦੋਂ ਪੂਰਬੋਕਤ ਰਿਸ਼ੀਆਂ ਨੇ ਏਸ ਨੂੰ ਵਿਸ਼ੇਸ਼ ਉੱਨਤ ਕਰਕੇ ਸਾਹਿਤਕ ਬਣਾਇਆ, ਤਾਂ ਏਸ ਦੀ ਬੋਲੀ ਮਾਂਜੀ ਹੋਈ ਹੋਣ ਕਰ ਕੇ 'ਸਿਸ਼ਟ' ਭਾਸ਼ਾ ਆਖੀ ਜਾਣ ਲਗੀ, ਜੋ ਕਿ ਆਉਣ ਵਾਲੇ ਸਮੇਂ ਵਿਚ ਵਿਆਕਰਣ ਆਦੀ ਦੇ ਬਣ ਜਾਣ ਤੋਂ 'ਸੰਸਕ੍ਰਿਤ' ਕਹਾਈ। ਅਤੇ ਏਸ ਦੇਸ ਵਿਚ ਹੀ ਵਿਦਿਆ ਦੇ ਆਦਿਲੇ ਕੇਂਦਰ ਬਹੁਤੇ ਹੋਣ ਤੇ ੧੫੦੦ ਬਰਸ ਪਿਛੋਂ ਹੋਣ ਵਾਲੇ 'ਵਿਆਕਰਣ ਮਹਾਂ ਭਾਸ਼' ਦੇ ਕਰਤਾ 'ਪਾਤੰਜਲੀ' ਨੇ ਇਸ ਨੂੰ ਸੰਸਕ੍ਰਿਤ ਦੀ ਮੂਲ ਅਤੇ ਮਹਾਂ ਪੁਰਖਾਂ ਦੀ 'ਸਿਸ਼ਟ ਭਾਸ਼ਾ' ਕਰ ਕੇ ਲਿਖਿਆ ਹੈ। ਮਨੂ ਨੇ ਆਪਣੇ ਸ਼ਾਸਤ੍ਰ ਦੇ ਅਧਿਯਾਯ ੨ ਸਲੋਕ ੧੮ ਤੇ ੧੯ ਵਿਚ ਗੱਜ ਵਜ ਕੇ ਲਿਖਿਆ ਕਿ ਬ੍ਰਹਮਾਵਰਤ ਦੇਸ਼ ਦੇ ਰਹਿਣ ਵਾਲੇ ਮਹਾਂ ਪੁਰਖ ਸ੍ਰਿਸ਼ਟਾਚਾਰੀ ਅਤੇ ਹੋਰਨਾਂ ਤੋਂ ਪਹਿਲਾਂ ਜੰਮੇ ਹੋਏ (ਉਨ੍ਹਾਂ ਦੇ ਵਡਾਰੂ) ਹਨ। ਇਸ ਲਈ ਹੋਰਨਾਂ ਦੀਪਾਂ ਦੇ ਵਿਦਿਆਰਥੀ ਭੀ ਇਨ੍ਹਾਂ ਕੋਲੋਂ ਬ੍ਰਹਮ ਵਿਦਿਆ, ਸ਼ਬਦ ਸ਼ਾਸਤ੍ਰ ਅਤੇ ਸਮਰ ਵਿਦਿਆ (ਯੁਧ ਵਿਦਿਆ) ਆਦਿ ਸਿਖਿਆ ਕਰਨ।

ਇਨ੍ਹਾਂ ਪੂਰਬੋਕਤ ਮਲਵਈ ਰਿਸ਼ੀਆਂ ਦੀ ਮਹਾ ਘਾਲਣਾ ਦਾ ਹੀ ਫਲ ਸੀ, ਕਿ ਦਧੀਚ ਰਿਸ਼ੀ ਦੇ ਪੁਤ੍ਰ ਸਾਰਸੁਤ ਨੇ ਪ੍ਰਾਚੀਨ ਸਮੇਂ ਵਿਚ ਰਿਸ਼ੀਆਂ ਨੂੰ ਭੁੱਲੇ ਹੋਏ ਵੇਦ ਮੁੜ ਪੜ੍ਹਾਏ। ਅਤੇ ਨਾਲ ਲਗਦੇ ਸਮੇਂ ਵਿਚ ਮਿਸਰ, *ਪੌਲੁਸਤਾਇਨ, (Palistine) ਅਸੀਰੀਆ, ਬਲਖ਼, ਚੀਨ ਅਤੇ ਬਾਲੀ ਦੀਪ, ਸਵਰਨ ਦੀਪ (ਸਮਾਟਰਾ) ਆਦੀ ਦੇ ਵਿਦਿਆਰਥੀ ਏਸ ਮਾਲਵੇ ਦੇ ਕੇਂਦਰੀ ਨਗਰ 'ਨੈਮਿਸ਼' 'ਕੁਰੂਛੇਤਰ', 'ਕੰਪਲਾ' ਅਤੇ 'ਕ੍ਰਿਸ਼ਨ ਦੀਪ' (ਵਰਤਮਾਨ ਲੋਹਟ ਬੱਦੀ) ਆਦਿਕ ਦੀਆਂ ਟਕਸਾਲਾਂ ਵਿਚ ਵਿਦਿਆ ਪ੍ਰਾਪਤ ਕਰਦੇ ਸੀ। ਅਤੇ ਉਸ ਸਮੇਂ ਸੰਸਕ੍ਰਿਤ ਜੈਸੀ ਸਰਬ ਵਿਆਪੀ ਅਤੇ ਮਾਂਜੀ ਹੋਈ ਭਾਸ਼ਾ ਏਥੇ ਹੀ ਬਣੀ, ਜੋ ਆਪਣੀਆਂ ਅਪੂਰਬ ਖ਼ੂਬੀਆਂ ਦੇ ਸਦਕੇ 'ਦੇਵ ਭਾਸ਼ਾ' ਵਡਾਰੂਆਂ ਦੀ ਭਾਸ਼ਾ' ਅਥਵਾ 'ਦੇਵਤਿਆਂ ਦੀ ਭਾਸ਼ਾ' ਕਹਾਈ। ਜਿਸ ਦੀ ਪ੍ਰਗਟਤਾ ਪੂਰੀ ਤਰ੍ਹਾਂ 'ਇੰਦਰ' 'ਚੰਦਰ' ਅਤੇ 'ਪਾਨਣੀ' ਆਦੀ ਵਿਆਕਰਣੀਆਂ ਦੇ ਸਮੇਂ ਅਰਥਾਤ ਅੱਜ ਤੋਂ ੩੦੦੦ ਤੋਂ ੩੫੦੦ ਬਰਸ ਤਕ ਦੇ ਸਮੇਂ ਵਿਚ ਹੋਈ। ਅਤੇ ਵਰਤਮਾਨ ਵਿਚ ਭੀ ਸਭ ਤੋਂ ਵਧ ਕੇ ਬ੍ਰਹਮ ਗਿਆਨ ਮਈ ਈਸ਼੍ਵਰੀ ਬੋਲੀ ਸਹਸਕ੍ਰਿਤ ਜਾਂ 'ਸੰਤ ਭਾਸ਼ਾ' ਅਥਵਾ 'ਗੁਰਮੁਖੀ' ਭਾਸ਼ਾ ਦੇ ਸਾਹਿੱਤਕ ਰੂਪ ਵਿਚ ਵਿਕਸਤ ਕਰਨ ਦਾ ਮਾਣ ਭੀ ਏਸੇ ਮਾਲਵੇ ਦੇਸ ਨੂੰ ਮਿਲਿਆ, ਜਦ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਗੁਰਮੁਖੀ ਭਾਸ਼ਾ ਨੂੰ ਵਾਰਤਿਕ ਅਤੇ ਸਾਹਿਤਯਕ ਰੂਪ ਵਿਚ ਉੱਨਤ ਕਰਨ ਲਈ

---

*ਬ੍ਰਹਮਾ ਦੇ ਪੋਤੇ ਪੁਲੁਸਤ ਰਿਸ਼ੀ ਦੇ ਪੋਤਰੇ ਪੌਲੁਸਤਾਇਨ ਨੇ ਕਸ਼ਮੀਰ ਤੋਂ ਆਪਣੇ ਪਰਵਾਰ ਸਣੇ ਉਠ ਕੇ ਪੌਲੁਸਤਾਇਨ ਵਰਤਮਾਨ ਫਲਸਤੀਨ (Palistine) ਨੂੰ ਬਸਾਇਆ। ਉਸ ਦੇ ਪੋਤੇ ਰਾਵਨ ਨੇ, ਜਿਸ ਦਾ ਸਮਾਲੀਲੇਂਡ ਦਾ ਰਾਜਾ-ਸਮਾਲੀ ਨਾਨਾ ਸੀ, ਮੁਰਾਕੂ ਦੀ ਵਸਨੀਕ 'ਮੁਰ' ਜਾਤੀ ਦੀ ਮਦਦ ਨਾਲ ਅਤੇ ਅਮਰ ਕੰਟਕ ਦੀ ਲੰਕਾ ਤੇ ਰਾਜ ਕੀਤਾ।

Digitized by Panjab Digital Library | www.panjabdigilib.org

ਗੁਰਬਾਣੀ ਦੀਆਂ ਪੋਥੀਆਂ ਅਤੇ ਗੁਰੂ ਘਰ ਦੀਆਂ ਸਾਖੀਆਂ ਗੱਦ ਵਿਚ ਲਿਖਾਈਆਂ। ਅਤੇ ਗੁਰਮੁਖੀ ਭਾਸ਼ਾ ਮਈ ਸ੍ਰੀ ਗੁਰਬਾਣੀ ਵਿਚੋਂ ਲੈਕੇ ਗੁਰਮੁਖੀ ਲਿੱਪੀ ਨੂੰ ਪਾਠਯ ਪੁਸਤਕਾਂ ਦਾ ਆਮਨਾਯ ਦੇ ਰੂਪ ਵਿਚ ਪ੍ਰਗਟ ਕੀਤੀ। ਉਪਰੰਤ ਸ੍ਰੀ ਗੁਰੂ ਦਸਮੇਸ਼ ਜੀ ਨੇ ਏਥੇ 'ਗੁਰੂ ਕੀ ਕਾਂਸ਼ੀ' ਜੈਸੀਆਂ ਟਕਸਾਲਾਂ ਸਥਾਪਨ ਕਰ ਕੇ ਸਿਖ ਸੰਗਤਾਂ ਦੇ ਰਾਹੀਂ ਸ੍ਰੀ ਗੁਰਬਾਣੀ ਦੇ ਬੇਅੰਤ ਉਤਾਰੇ ਅਤੇ ਗੁਰਮੁਖੀ ਭਾਸ਼ਾ ਦੇ ਛੰਦ ਮਯ ਅਤੇ ਵਾਰਤਕ ਗ੍ਰੰਥਾਂ ਦੀ ਰਚਨਾ ਕਰਾਈ। ਸਭ ਤੋਂ ਵਧ ਕੇ ਆਪਣੇ ਹਜ਼ੂਰ ਵਿਚ ੫੨ ਕਵੀਆਂ ਦੁਆਰਾ ਗੁਰਮੁਖੀ ਸਾਹਿੱਤ ਦੇ ਭੰਡਾਰ ਨੂੰ ਪੂਰਨ ਕਰਾਇਆ। ਜਿਸ ਦੀ ਕਿਰਪਾ ਤੋਂ ਉਰਲੇ ਸਮੇਂ ਵਿਚ ਬੇਅੰਤ ਹੀ ਮਲਵਈ ਇਤਹਾਸਕਾਰਾਂ, ਅਲੰਕਾਰਕਾਂ ਅਤੇ ਕੋਸ਼ ਕਾਰਾਂ ਤੇ ਨਿਰੁਕਤ ਕਾਰਾਂ ਨੇ ਏਸ ਸਾਰਸ੍ਵਤ ਦੇਸ਼ ਦੀ ਸਾਹਿੱਤ ਨੂੰ ਲੱਖਣ ਤੇ ਲੱਛ ਰੂਪ ਵਿਦਿਅਕ ਪ੍ਰਣਾਲੀ ਵਿਚ ਦੀ ਵਗਣ ਅਤੇ ਚੁਫੇਰੇ ਪਸਰਨ ਲਈ ਮਾਰਗ ਖੋਲ੍ਹ ਦਿਤਾ। ਜਿਸ ਦਾ ਫਲ 'ਗੁਰੂ ਕਾਵਯ ਦਰਸ਼ਨ' ਜੈਸੇ ਪਿੰਗਲ, ਤੇ ਅਲੰਕਾਰ," ਵਿਆਕਰਣ ਪੰਚਾਇਣ' ਜੈਸੇ ਵਿਆਕਰਣ, 'ਸ੍ਰੀ ਗੁਰੂ ਸ਼ਬਦ ਨਿਰਵਚਨ ਵਰਗੇ ਨਿਰੁਕਤ ਅਤੇ ਨਿਗਮਾਗਮ ਪ੍ਰਕਾਸ਼ ਤੁੱਲ ਆਕਰ ਗ੍ਰੰਥਾਂ ਦੀ ਭਰਪੂਰ ਰਚਨਾ ਹੋਣ ਦੇ ਕਾਰਣ ਇਹ (ਮਲਵਈ) ਭਾਸ਼ਾ ਜੋ ਪਹਿਲਾਂ ਬ੍ਰਾਹਮੀ, ਸ਼ਾਰਦਾ, ਸਰਸ੍ਵਤੀ, ਭਾਰਤੀਜ਼ਾ ਸ੍ਰਿਸ਼ਟ ਭਾਸ਼ਾ ਅਤੇ ਅੰਤ ਨੂੰ ਸੰਸਕ੍ਰਿਤ ਕਹਾਉਂਦੀ ਸੀ। ਉਹ ਅੱਜ ਸਾਰੇ ਸੰਸਾਰ ਦੀ ਮਾਧਿਅਮ [ਮਾਤ੍ਰ] ਭਾਸ਼ਾ ਅਥਵਾ 'ਆਦਰਸ਼' (Standard) ਭਾਸ਼ਾ ਬਣ ਕੇ ਆਪਣੇ ਪੂਰਬ ਅਤੇ ਸਨਾਤਨ ਰੂਪ ਨੂੰ ਪ੍ਰਾਪਤ ਹੋ ਗਈ ਹੈ। ਜਿਸ ਕਰਕੇ ਭਾਸ਼ਾ ਵਿਗਿਆਨ ਦੇ ਵਿਸ਼ਾਰਦ ਗਿ: ਗੁਣੇ ਨੇ ਆਪਣੇ ਗ੍ਰੰਥ ਵਿਚ ਇਉਂ ਲਿਖਿਆ ਹੈ।

*'The Punjabi has two well marked dialects, the standard language of Amritsar & the Malvai of the south eastern Punjab.'*

(d) 258

'An Introduction to Comparative Philology. Dr. P.D. Gune.'

'ਪੰਜਾਬੀ ਦੀਆਂ ਦੋ ਚੰਗੀਆਂ ਜਾਣੀਆਂ ਪਛਾਣੀਆਂ ਉਪਭਾਖਾਂ ਹਨ, ਇਕ ਅੰਮ੍ਰਿਤਸਰ ਦੀ ਟਕਸਾਲੀ ਬੋਲੀ ਤੇ ਦੂਜੀ ਦੱਖਣ-ਪੂਰਬੀ ਪੰਜਾਬ ਦੀ ਬੋਲੀ, ਮਲਵਈ।' ਡਾ: ਪੀ: ਡੀ: ਗੁਣੇ

# ੪. ਪ੍ਰਕਰਣ

## ਮਾਲਵੇ ਦੇ ਰਾਜ ਘਰਾਣੇ

ਅਤਿ ਪ੍ਰਾਚੀਨ ਸਮੇਂ ਵਿਚ ਭਾਰਤ ਵਰਸ਼ ਦੇ ਥਲਾਂ ਵਿਚ ਦਰਾਵੜ (ਸੰਸਕਾਰ ਹੀਨ) ਕੌਮ ਬਸਦੀ ਸੀ, ਜਿਸ ਦੇ ਨਾਲ ਚੂਹੜੇ ਚੰਡਾਲ, ਗੰਧੀਲੇ, ਢਹੇ, ਭੀਲ, ਗੋਂਡ ਅਤੇ ਕੋਲ ਆਦੀ ਜਾਤਾਂ ਭੀ ਸਨ। ਕੱਸ਼ਪ ਵੰਸੀ ਆਰੀਆ ਲੋਕ ਕਸ਼ਮੀਰ ਦੀਆਂ ਘਾਟੀਆਂ ਵਿਚੀਂ ਭਾਰੀ ਗਿਣਤੀ ਵਿਚ ਉਤਰਕੇ ਅਪਣੀ ਸਭਯਤਾ ਦਾ ਪ੍ਰਚਾਰ ਇਨ੍ਹਾਂ ਲੋਕਾਂ ਵਿਚ ਕਰਨ ਲਗੇ। ਅਤੇ ਆਪਣੇ ਵਸਣ ਲਈ ਵਸਤੀਆਂ ਅਤੇ ਨਗਰ ਬਣਾਉਣ ਲੱਗੇ, ਤਾਂ ਸਭ ਤੋਂ ਪਹਿਲਾਂ ਸਰਸ੍ਵਤੀ ਨਦੀ ਦੇ ਆਸ ਪਾਸ ਦਾ ਦੇਸ਼ ਬਸਾਕੇ ਵਰਤਮਾਨ ਪੰਜਾਬ ਦੀਆਂ ਨਦੀਆਂ ਉਤੇ ਭੀ ਬਸਤੀਆਂ ਅਤੇ ਰਾਜਧਾਨੀਆਂ ਸਥਾਪਨ

Digitized by Panjab Digital Library | www.panjabdigilib.org

ਕਰਨ ਲਗੇ। ਤਾਂ ਏਥੇ ਦ੍ਰਾਵੜ ਜਾਤੀ ਦੀਆਂ ਬਸਤੀਆਂ ਬੜੀ ਬੜੀ ਰਾਜਧਾਨੀਆਂ ਬਹੁਤਾਇਤ ਵਿਚ ਸਨ। ਜਿਨ੍ਹਾਂ ਦੀ ਸਭ੍ਯਤਾ ਇਨ੍ਹਾਂ ਤੋਂ ਵਖਰੀ ਸੀ। ਅਤੇ ਧਰਮ ਭੀ ਕਲਪਿਤ ਦੇਵੀ ਦੇਵਤਿਆਂ ਦਾ ਪੂਜਣਾ, ਸੱਪਾਂ ਅਤੇ ਸ਼ਿਵਲਿੰਗ ਆਦਿ ਨੂੰ ਪੂਜਣਾ ਸੀ। ਆਪਣੇ ਦੇਵਤਿਆਂ ਨੂੰ ਮਨੁੱਖ ਦੀ ਬਲੀ ਦੇਣਾ ਭੀ ਉਹਨਾਂ ਵਿਚ ਆਮ ਪ੍ਰਚਲਿਤ ਸੀ। ਇਹਨਾਂ ਦੋਹਾਂ ਦਲਾਂ ਦੇ ਭਾਵਾਂ ਅਤੇ ਸਭ੍ਯਤਾ ਦੇ ਭੇਦ ਨੇ ਪਰਸ ਪਰ ਬਹੁਤ ਦੁੰਦ ਜੁੱਧ ਮਚਾਏ ਕਾਸ਼ਪ ਲੋਕ ਵਿਦਿਆ ਅਤੇ ਸਭ੍ਯਤਾ ਵਿਚ ਦ੍ਰਾਵੜਾਂ ਨਾਲੋਂ ਵਧੇ ਹੋਏ ਸਨ। ਇਸ ਲਈ ਉਹਨਾਂ ਨੇ ਦ੍ਰਾਵੜਾਂ ਦੀ ਵਡੀਆਂ ਵਡੀਆਂ ਨਗਰੀਆਂ ਤੇ ਰਾਜਧਾਨੀਆਂ ਨੂੰ ਉਹਨਾਂ ਦੀ ਜਨਤਾ ਸਣੇ ਬਹੁ ਗਿਣਤੀ ਵਿਚ ਨਸ਼ਟ ਕਰ ਦਿਤਾ ਜੋ ਰਿਗ ਵੇਦ ਵਿਚ ੯੯ ਨਗਰੀਆਂ ਦਾ ਇੰਦਰ ਦੁਆਰਾ ਨਸ਼ਟ ਕੀਤਾ ਜਾਣਾ ਲਿਖਿਆ ਹੈ। ਦ੍ਰਾਵੜ ਲੋਕ ਪਹਿਲਾਂ ਨਦੀਆਂ ਦੇ ਕੰਢੇ ਸੰਘਣੇ ਬਣਾਂ ਅਤੇ ਪਰਬਤਾਂ ਵਿਚ ਰਹਿੰਦੇ ਸੀ। ਪਰ ਕਾਸ਼ਪਾਂ ਤੋਂ ਹਾਰ ਖਾ ਕੇ ਇਹਨਾਂ ਦੇ ਨਗਰਾਂ ਤੇ ਰਾਜਧਾਨੀਆਂ ਤੋਂ ਬਹੁਤ ਦੁਰੇਡੇ ਪੱਛਮੀ ਅਤੇ ਦੱਖਣੀ ਦੇਸ਼ਾਂ ਵਿਚ ਜਾ ਲੁਕੇ ਅਤੇ ਬਿੰਧਿਆਚਲ ਪਰਬਤ ਦੀ ਕੰਢੀ ਨਰਬਦਾ ਨਦੀ ਦੇ ਉਤਰ ਵਲ ਸੰਘਣੇ ਜੰਗਲ ਵਿਚ 'ਆਵੰਤੀ' (ਰਖਿਆ ਕਰਨ ਹਾਰੀ) ਨਗਰੀ ਬਣਾ ਕੇ ਉਥੇ ਰਾਜ ਕਰਨ ਲਗੇ। ਉਸ ਵੇਲੇ ਉਹਨਾਂ ਦਾ ਸਰਦਾਰ 'ਦਨੂ' ਤੇ 'ਦਨਾਯੂ' ਅਤੇ ਉਨ੍ਹਾਂ ਦਾ ਪਾਲਕ ਪੁਤਰ ਦਾਨਵ ਸੀ। ਇੰਦਰ ਨੇ ਅਪਣੀ ਸੈਨਾ ਨਾਲ ਲੈ ਕੇ ਓਥੇ ਹੀ ਦਾਨਵ ਨੂੰ ਮਾਰ ਕੇ ਉਸ ਦੀ ਆਵੰਤੀ ਨੂੰ ਉਜਾੜ ਦਿਤਾ ਉਸ ਦੇ ਥਾਂ ਉੱਜੈਨੀ (ਜਿਸ ਵਿਚ ਦਾਨਵ ਨੂੰ ਤਬਾਹ ਕੀਤਾ ਗਿਆ ਹੋਵੇ) ਨਾਮ ਰਖ ਕੇ ਆਪਣੇ ਸੁਰਗ ਦੀ ਅਮਰਾਵਤੀ ਅਥਵਾ ਸੁਰਗਾਪੁਰੀ ਵਰਗੀ ਨਗਰੀ ਮੁੜ ਆਬਾਦ ਕੀਤੀ। ਜਿਸ ਨੂੰ ਬਾਰਾਂ ਪੁਰੀਆਂ ਵਿਚ ਗਿਣਿਆਂ ਜਾਂਦਾ ਹੈ। ਜਿਸ ਦੇ ਉਪਰ ਦੀ ਭੂਮੱਧ ਰੇਖਾ ਅਥਵਾ ਸ਼ੂਨ ਰੇਖਾ (ਖਤ ਇਸਤਵਾ) ਲੰਘਣ ਕਰ ਕੇ ਜੋਤਿਸ਼ ਵਿਦਿਆ ਅਨੁਸਾਰ ਭੀ ਉਹ ਪਵਿਤਰ ਅਤੇ ਬੜੀ ਮਹਾਨਤਾ ਵਾਲੀ ਮੰਨੀ ਜਾਂਦੀ ਹੈ। ਅਤਿ ਪ੍ਰਾਚੀਨ ਹੋਣ ਕਰ ਕੇ ਓਥੇ ਬੜੇ ਬੜੇ ਮਹਾਨ ਵਿਅਕਤੀਆਂ, ਜੋਧੇ ਅਤੇ ਅਵਤਾਰ ਸਾਰਖੇ ਨਿਵਾਸ ਕਰਦੇ ਰਹੇ ਹਨ। ਕ੍ਰਿਸ਼ਨ ਜੀ ਨੇ ਆਪਣੇ ਭਾਈ 'ਬਲਰਾਮ' ਸਣੇ 'ਸਾਂਦੀਪਨੀ' ਮੁਨੀ ਤੋਂ ਏਥੇ ਸਿਖਿਆ ਪ੍ਰਾਪਤ ਕੀਤੀ ਸੀ। ਦੁਨੀਆ ਭਰ ਦਾ ਧਰਮਾਤਮਾ ਅਤੇ ਪਰਤਾਪੀ ਸ਼ਹਿਨਸ਼ਾਹ ਅਤੇ ਗਣ ਰਾਜਾਂ ਦਾ ਨਾਇਕ 'ਵਿਕ੍ਰਮਾਦਿਤ' 'ਪੰਵਾਰ' ਜੋ ਭਾਰਤ ਵਰਸ਼ ਨੂੰ ਵਿਦੇਸ਼ੀਆਂ ਦੀ ਗੁਲਾਮੀ ਤੋਂ ਸਦਾ ਲਈ ਛੁਡਾਉਣ ਵਾਲਾ ਮਹਾਂ ਨੇਤਾ ਸੀ, ਉਹ ਏਥੇ ਹੀ ਪ੍ਰਗਟ ਹੋਇਆ ਸੀ।

ਦੇਵ-ਦੈਂਤ ਜੁੱਧ ਤੋਂ ਪਹਿਲਾਂ 'ਗੁਰੂ ਕੇ ਮਾਲਵੇ' ਦਾ ਰਾਜ ਪ੍ਰਬੰਧ ਇਸ ਪ੍ਰਕਾਰ ਸੀ। ਹਰ ਏਕ ਟੱਬਰ ਦਾ ਆਪਣਾ ਵਡਾਰੂ ਹੀ ਉਸ ਦਾ ਪ੍ਰੋਹਿਤ ਅਤੇ ਜੁੱਧ ਦਾ ਜੱਥੇਦਾਰ ਭੀ ਹੋਂਦਾ ਸੀ। ਵਿਰੋਧੀਆਂ ਨਾਲ ਲੜਨ ਵਾਸਤੇ ਸਾਰੇ ਟੱਬਰ ਜਾਂ ਕਬੀਲੇ ਇਕੱਠੇ ਹੋ ਜਾਂਦੇ ਹੁੰਦੇ ਸੀ। ਇਕ ਗੋਤ੍ਰ ਦੇ ਸਾਰੇ ਕਬੀਲੇ ਰਲ ਕੇ ਕੋਈ ਇਕ ਗਣ ਕਹਾਉਂਦਾ ਸੀ। ਜੈਸੇ 'ਤ੍ਰਿਤਸੂਗਣ, ਭਰਤ ਗਣ, ਪੁਰੁ ਕੁਤਸ ਗਣ, ਅਤੇ ਕੁਸ਼ਕਾਸ ਗਣ ਇਤਿ ਆਦੀ।

ਓਸ ਸਮੇਂ ਸਾਰੇ ਪਿੰਡ ਦਾ ਮੁਖੀਆ 'ਗ੍ਰਾਹਮਣੀ' ਕਹਾਉਂਦਾ ਸੀ। ਛੋਟੀਆਂ ਛੋਟੀਆਂ ਪੰਚਾਇਤਾਂ ਪਿੰਡਾਂ ਵਿਚ ਹੁੰਦੀਆਂ ਸਨ। ਫੇਰ ਬਹੁਤੇ ਪਿੰਡਾਂ ਨੂੰ ਰਲਾ ਕੇ ਬੜੀਆਂ ਪੰਚਾਇਤਾਂ ਬਣਾਈਆਂ ਜਾਂਦੀਆਂ ਸਨ। ਇਸ ਤਰ੍ਹਾਂ ਬਹੁਤਾ ਚਿਰ ਵਿਤੀਤ ਹੋ ਜਾਣ ਪਿਛੋਂ ਬੜੇ ਬੜੇ ਜਥੇਦਾਰ ਕੁਝ ਪਰਗਣਿਆਂ ਜਾਂ ਦੇਸਾਂ ਦੇ ਰਾਜੇ ਬਣਾਉਣੇ ਪਏ। ਜੋ ਆਪਣੇ ਅਧੀਨ ਇਕ ਸਮਿਤੀ (ਕੌਂਸਲ) ਰਖ ਕੇ ਉਹਦੀ

Digitized by Panjab Digital Library | www.panjabdigilib.org

ਸਲਾਹ ਨਾਲ ਰਾਜ ਕਰਿਆ ਕਰਦੇ ਸਨ। ਇਸ ਪ੍ਰਕਾਰ ਵੈਦਿਕ ਸਮੇਂ ਵਿਚ ਦਿਵੋਦਾਸ 'ਸੁਦਾਸ' ਅਤੇ 'ਸ਼ੁਰਤ ਵਰਣ' ਆਦਿ ਦਸ ਰਾਜੇ ਬਣ ਗਏ। ਜਿਨ੍ਹਾਂ ਦਾ ਸ਼ਹਨਸ਼ਾਹ ਇੰਦਰ ਥਾਪਿਆ ਗਿਆ। ਅਤੇ ਉਨ੍ਹਾਂ ਦੇ ਟਾਕਰੇ ਤੇ 'ਕੁਯਵ' ਅਤੇ 'ਨਮੁਚੀ' ਆਦਿ ਦਰਾਵੜ ਦੈਂਤਾਂ ਤੋਂ ਬਿਨਾਂ ਕੱਸ਼ਪ ਗੋਤ੍ਰੀ ਤੁਸ਼ਟਾ ਰਿਸ਼ੀ ਦੀ ਪਰਧਾਨਗੀ ਵਿਚ ਉਸਦੇ ਪੁਤਰ ਵਿਸ਼੍ਵ ਰੂਪ, ਬ੍ਰਿਤ੍ਰਅਹੀ, ਦਾਨਵ, ਦਨੂ, ਦਨਾਯੂ ਆਦਿ ਅਨੇਕਾਂ ਹੀ ਮੁਖੀਏ ਅਤੇ 'ਪੁਰੂ' ਤੇ ਭਰਤ ਗਣ ਆਦਿਕ ਪੰਜ ਗਣ ਰਾਜੇ ਸੀ। ਇਨ੍ਹਾਂ ਦਾ ਕਥਨ ਸੰਖੇਪ ਮਾਤ੍ਰ ਤੇ ਰਿਗ ਵੇਦ ਦੇ ਮੰਤ੍ਰਾਂ ਵਿਚ ਬਹੁਤ ਥਾਈਂ ਆਉਂਦਾ ਹੈ।

ਉਨ੍ਹਾਂ ਰਾਜਿਆਂ ਦੇ ਅਧੀਨ (ਪਰੰਤੂ ਮਾਨਯੋਗ) ਪ੍ਰੋਹਿਤ ਅਡ ਥਾਪਣੇ ਪਏ। ਜੋ ਮਹਾਂ ਮੰਤ੍ਰੀ ਤੇ ਧਾਰਮਿਕ ਆਗੂਆਂ ਦਾ ਕੰਮ ਦੇਂਦੇ ਸੀ। ਯੁਧ ਲਈ ਹਰ ਇਕ ਰਾਜਾ ਪ੍ਰਧਾਨ ੨ ਸੂਰਮਿਆਂ ਨੂੰ ਸੈਨਾਪਤੀ, ਦਲਪਤੀ ਅਤੇ ਵਿਊਹਪਤੀ ਆਦੀ ਪਦਾਂ ਤੇ ਥਾਪਿਆ ਕਰਦਾ ਸੀ। ਕਿਉਂਕਿ ਸਾਰੀ ਪਰਜਾ ਹਥਿਆਰ ਰਖਦੀ, ਸ਼ਿਕਾਰ ਖੇਡਦੀ ਅਤੇ ਜੰਗੀ ਕਰਤਵ ਚੰਗਾ ਜਾਣ ਦੀ ਸੀ। ਜਦੋਂ ਜੁਧ ਦਾ ਰੁਝੇਵਾਂ ਬਹੁਤ ਵਧ ਗਿਆ, ਤਾਂ ਆਪੋ ਆਪਣੇ ਟੱਬਰਾਂ ਦੇ ਸਰਦਾਰ ਪ੍ਰੋਹਿਤੀ ਅਤੇ ਫ਼ੌਜੀ ਇਹ ਦੋਵੇਂ ਕੰਮ ਦੇਣ ਤੋਂ ਅਸਮਰੱਥ ਹੋ ਗਏ ਤਾਂ ਸਭ ਕਿੱਤਿਆਂ ਨੂੰ ਅੱਡੋ ਅੱਡ ਨਿਜਿੱਠਣ ਲਈ ਪ੍ਰੋਹਿਤਾਂ ਤੇ ਰਾਜਿਆਂ ਦੀਆਂ ਵਖੋ ਵਖ ਸ੍ਰੇਣੀਆਂ ਬਣਾਉਣੀਆਂ ਪਈਆਂ ਅਤੇ ਸ੍ਰੇਣੀਆਂ ਨੂੰ ਵਣਜ ਵਪਾਰ ਤੇ ਖੇਤੀ ਕਰਕੇ ਖੁਲਾਉਣ ਵਾਲੇ ਭੀ ਵਖਰੇ ਵੈਸ਼੍ਯ ਬਣਾਉਣੇ ਪਏ। ਜੋ ਦਰਾਵੜਾਂ ਵਿਚੋਂ ਭੀ ਸਨ। ਸੇਵਾ ਕਰਨ ਲਈ ਸ਼ਿਲਪਕਾਰ, ਦ੍ਰਾਵੜ, ਕੌਮ (ਜੋ ਸੰਸਕਾਰਾਂ ਤੋਂ ਹੀਨ ਹੋ ਚੁਕੀ ਸੀ) ਨੂੰ ਬਣਾਇਆ ਗਿਆ। ਇਸ ਲਈ ਬ੍ਰਾਹਮਣ, ਛੱਤ੍ਰੀ ਅਤੇ ਵੈਸ਼ ਉੱਚੀਆਂ ਜਾਤਾਂ ਅਤੇ ਸ਼ੂਦਰ ਜਾਂ ਸ਼ਿਲਪਕਾਰ ਜਿੱਤਿਆਂ ਹੋਇਆਂ ਜਾਂ ਦ੍ਰਾਵੜਾਂ ਵਿਚੋਂ ਨੂੰ ਬਣਾਇਆ ਗਿਆ। ਜੋ ਰਿਗ ਵੇਦ ਦੇ ਅੰਤਿਮ ਮੰਤ੍ਰ ਬਣਨ ਦੇ ਸਮੇਂ ਤਕ ਬਣ ਚੁਕੇ ਸਨ।

ਪੂਰਬੋਕਤ ਪ੍ਰਕਾਰ ਤੇ ਮਾਲਵੇ ਦੇਸ ਵਿਚ ਵੈਦਿਕ ਤੇ ਬ੍ਰਾਹਮਣ ਯੁਗ ਵਿਚ ਆਰੀਆ ਕੌਮ ਦਾ ਪੰਚਾਇਤੀ ਰਾਜ ਸੀ। ਦੇਵ-ਦੈਂਤਾ ਦੇ ਜੁੱਧ ਤੋਂ ਪਿਛੋਂ ਬੜੇ ਬੜੇ ਆਰਯ ਰਾਜ ਸਥਾਪਨ ਹੋਏ। ਜਿਨ੍ਹਾਂ ਵਿਚੋਂ ਸੂਰਜ ਬੰਸੀ, ਕੌਸ਼ਲ, ਕਾਂਸ਼ੀ ਅਤੇ ਮਿਥਲਾ ਆਦਿਕ ਪ੍ਰਸਿਧ ਸਨ। ਚੰਦ੍ਰ ਬੰਸੀਆਂ ਵਿਚੋਂ ਕੁਰੂ, ਪੰਚਾਲ, ਯਾਦਵ ਅਤੇ ਹੈਹਯ ਬੰਸੀ ਪ੍ਰਸਿਧ ਸਨ।

ਦੁਆਪਰ ਤੇ ਕਲਜੁਗ ਦੀ ਸੰਧੀ ਕਾਲ ਵਿਚ ਮਹਾਂ ਭਾਰਤ ਦੇ ਜੰਗ ਤੋਂ ਪਿਛੋਂ ਅਗਨੀ ਬੰਸੀਆਂ ਦੇ ਪੰਵਾਰ, ਪਰਹਾਰ, ਸ਼ੋਲੰਕੀ ਅਤੇ ਚੌਹਾਣ, ਚਾਰ ਗਣ ਰਾਜ ਪ੍ਰਸਿਧ ਹੋਏ। ਇਹਨਾਂ ਤੋਂ ਬਿਨਾ ਖੋਖਰਾਇਣ, ਗੱਖੜ, ਕੱਕੜ, ਜੋਧੇ ਅਤੇ ਅਰਜਣਾਇਣ ਆਦਿ ਗਣ ਭੀ ਏਸ ਮਾਲਵੇ ਵਿਚ ਸਿਕੰਦਰ ਦੇ ਆਉਣ ਤਕ ਸੁਤੰਤਰਤਾ ਨਾਲ ਪੰਚਾਇਤੀ ਰਾਜ ਕਰਦੇ ਰਹੇ।

ਰਾਜਿਆਂ ਦੇ ਰਾਜ ਵਿਚ ਬਹੁਤ 'ਕਰ' ਲਿਆ ਜਾਂਦਾ ਸੀ। ਜਿਸ ਦਾ ਬਹੁਤਾ ਹਿੱਸਾ ਜੁੱਧ ਦੇ ਖਰਚ ਜਾਂ ਕਿਲਿਆਂ ਆਦਿ ਦੇ ਬਣਾਉਣ ਲਈ ਖਰਚਿਆ ਜਾਂਦਾ ਸੀ। ਪਿੰਡਾਂ ਦੇ ਚੁਫੇਰੇ ਕੱਚੇ ਕਿਲੇ ਅਤੇ ਘਰ ਲਕੜੀ ਤੇ ਪੱਥਰ ਦੇ ਬਣਾਏ ਜਾਂਦੇ ਸੀ। ਛੋਟੀਆਂ ਬਸਤੀਆਂ ਜਾਂ ਭੈਣੀਆਂ ਤੇ 'ਫੂਸ ਦੀਆਂ ਛੰਨਾ ਹੀ ਹੁੰਦੀਆਂ ਸਨ। ਲੈਣ ਦੇਣ ਵਿਚ ਗਊਆਂ ਦਾ ਧਨ ਦਿਵਾਇਆ ਜਾਂਦਾ ਸੀ। ਫੌਜਦਾਰੀ ਵਿਚ ਦੋਸ਼ੀ ਨੂੰ ਫਰਯਾਦੀ ਦੇ ਹਵਾਲੇ ਕਰਨਾ, ਬੁੱਧ ਖ਼ੂਨ ਦਾ ਨਿਆਉਂ ਕੀਤਾ ਜਾਂਦਾ ਸੀ। ਮਿਲਖ ਦੇ ਮੁਆਮਲਿਆਂ ਵਿਚ ਸੰਤਾਨ ਮਾਲਿਕ ਹੁੰਦੀ ਸੀ। ਬਾਪ ਦੇ ਬੁੱਢੇ ਹੋ ਜਾਣ ਤੇ ਉਸ

Digitized by Panjab Digital Library | www.panjabdigilib.org

ਦਾ ਵਡਾ ਪੁਤ੍ਰ ਮੁਖੀਆ ਬਣਦਾ ਸੀ। ਗਿਆਨ ਮਾਰਗ ਦੇ ਪ੍ਰਗਟ ਹੋਣ ਤੋਂ ਪਹਿਲਾਂ ਯਾਜਕਾਂ ਤੇ ਦੇਵ ਪੂਜਕਾਂ ਦਾ ਜ਼ੋਰ ਸੀ। ਜਿਨ੍ਹਾਂ ਦਾ ਰਾਜਿਆਂ ਉਤੇ ਬਹੁਤ ਪ੍ਰਭਾਵ ਸੀ। ਗਿਆਨ ਮਾਰਗ ਛਤ੍ਰੀਆਂ ਦੀ ਕਾਢ ਹੈ। ਪੁਰਾਤਨ ਗ੍ਰੰਥਾਂ ਵਿਚ ਰਾਜਾ ਅਸੁਪਤੀ ਦਾ, ਰਾਜਾ ਜਨਕ ਦਾ ਅਤੇ ਪੰਚਾਲ ਦੇ ਰਾਜਾ ਦਾ ਬਹੁਤੇ ਸਾਰੇ ਬ੍ਰਾਹਮਣਾਂ ਨੂੰ ਬ੍ਰਹਮ ਵਿਦਿਆ ਦੇ ਪੜ੍ਹਾਉਣ ਦੇ ਪ੍ਰਸੰਗ ਆਉਂਦੇ ਹਨ। ਕਈ ਸਦੀਆਂ ਤਕ ਏਸ ਵਿਸ਼ੇ ਉਤੇ ਛਤ੍ਰੀਆਂ ਨਾਲ ਬ੍ਰਾਹਮਣਾਂ ਦਾ ਝਗੜਾ ਹੁੰਦਾ ਰਿਹਾ। ਪਿਛੋਂ ਆਕੇ ਛਤ੍ਰੀ ਵਿਅਸਨੀ ਹੋ ਗਏ ਤਾਂ ਗਿਆਨ ਮਾਰਗ ਦੇ ਨੇਤਾ ਭੀ ਬ੍ਰਾਹਮਣੀ ਬਣ ਗਏ।

ਜਿਸਤ੍ਹਾਂ ਦੇ ਰਾਜੇ ਵੈਦਿਕ ਸਮੇਂ ਵਿਚ ਉਪਰ ਕਹੇ ਗਏ ਹਨ। ਉਹਨਾਂ ਦਾ ਆਦਿ ਪੁਰਸ਼ ਬ੍ਰਹਮਾ ਹੀ ਅਜਿਹਾ ਰਾਜਾ ਸੀ ਜੋ ਆਪਣੀ ਔਲਾਦ ਆਦਿ ਪ੍ਰੋਹਿਤ ਭੀ ਸੀ। ਏਸੇ ਕਰ ਕੇ ਉਪਨਿਸ਼ਦਾਂ ਵਿਚ ਲਿਖਿਆ ਹੈ ਕਿ ਪਰਜਾ ਪਤੀ ਬ੍ਰਹਮਾ ਨੂੰ ਪੈਦਾ ਕਰਕੇ ਹਰ ਕਲਪ ਵਿਚ ਉਸ ਦੀ ਨਿਗਰਾਨੀ ਹੇਠ ਵੇਦ ਦੀ ਰਚਨਾ ਕਰਾਉਂਦਾ ਹੈ। ਏਸੇ ਭਾਵ ਨੂੰ ਲੈ ਕੇ ਹਜ਼ੂਰ ਦਸਵੇਂ ਪਾਤਸ਼ਾਹ ਨੇ ਬ੍ਰਹਮਾ ਨੂੰ 'ਬੇਦ ਰਾਜ ਬ੍ਰਹਮਾ ਜੁਬੀਉ' ਆਦਿ ਵਾਕਾਂ ਦੁਆਰਾ ਵੈਦਿਕ ਕਾਲ ਦਾ ਰਾਜਾ ਲਿਖਿਆ ਹੈ। ਬ੍ਰਹਮਾ ਤੋਂ ਪਿਛੋਂ ਉਨ੍ਹਾਂ ਦਾ ਪੋਤਰਾ 'ਮਨੂ' ਰਾਜਾ ਹੋਇਆ। ਜਿਸ ਤੋਂ ਮੈਥਨੀ ਸ੍ਰਿਸ਼ਟੀ ਚਲੀ। ਮਨੂ ਦੀਆਂ ੧੪ ਗੱਦੀਆਂ ਹੋਈਆਂ, ਜਿਨ੍ਹਾਂ ਵਿਚੋਂ ੧੪ ਵਾਂ 'ਬੈਵਸ੍ਵਤ' ਮਨੂ ਦਾ ਹੁਣ ਵਰਸ਼ ਚਲਦਾ ਹੈ। ਏਸੇ ਮਨੂ ਨੇ ਦੇਵ-ਦੈਂਤ ਜੁੱਧ ਤੋਂ ਉਜੜੇ ਹੋਏ ਦੇਸ ਨੂੰ ਸਾਰਸ੍ਵਤ ਆਦੀ ਰਿਸ਼ੀਆਂ ਨੂੰ ਪੈਦਾ ਕਰਕੇ ਮੁੜ ਵਸਾਇਆ।

ਏਸੇ ਮਨੂ ਦੇ ਸਮੇਂ ਵਿਚ ਕੱਸ਼ਪ ਦੇ ੧੨ ਪੁਤਰਾਂ ਵਿਚੋਂ ਇੰਦਰ ਸਭ ਤੋਂ ਵਡਾ ਸੂਰਮਾ ਹੋਇਆ। ਜਿਸ ਨੇ ਸੋਮਰਸ ਦੇ ਝਗੜੇ ਦੇ ਕਾਰਣ 'ਤੁਸ਼ਟਾ' ਰਿਸ਼ੀ ਦੇ ਪੁਤਰ 'ਵਿਸ਼੍ਵ ਰੂਪ' ਨੂੰ ਸਰਸ੍ਵਤੀ ਦੇ ਕੰਢੇ ਤੇ ਮਾਰ ਦਿੱਤਾ। ਜਿਥੋਂ ਦਨੂ ਤੇ ਦਨਾਯੂ ਦਾ ਪਾਲਿਆ ਹੋਇਆ 'ਦਾਨਵ' ਤੁਸ਼ਟਾ ਦੇ ਪੁਤ੍ਰ 'ਦਾਨਵੀ' ਅਤੇ 'ਬ੍ਰਿਤ੍ਰ' ਆਦਿ ੧੯ ਭਰਾ ਦੇਵਤਾ ਕਹਾਉਣ ਵਾਲੇ 'ਅਦਿਤੀ' ਦੇ ਪੁਤ੍ਰਾਂ ਤੋਂ ਵਿਰੁਧ ਹੋ ਗਏ। ਬਹੁਤੇ ਸਾਰੇ ਜੁੱਧ ਲੜ ਕੇ ਇੰਦਰ ਨੇ ਉਹਨਾਂ ਦੇ ਮੁਖੀਏ 'ਬਿਸ਼੍ਵ-ਰੂਪ' ਤੇ 'ਬ੍ਰਿਤ੍ਰ' ਨੂੰ ਮਾਰ ਦਿਤੇ ਅਤੇ ਉਹਨਾਂ ਦੇ 'ਨਿਨਯ' ਨਾਮੇ ਕਿਲੇ ਨੂੰ ਜੋ ਪਾਣੀ ਵਿਚ ਬਣਾਇਆ ਹੋਇਆ ਸੀ, ਨਸ਼ਟ ਕਰ ਦਿੱਤਾ। ਅਤੇ ਉਹਨਾਂ ਦੇ ਹਿਮਾਇਤੀਆਂ ਦੀਆਂ ੯੯ ਨਗਰੀਆਂ ਭੀ ਬਰਬਾਦ ਕਰ ਦਿਤੀਆਂ। ਜਿਨ੍ਹਾਂ ਵਿਚੋਂ 'ਮਹਿੰਜੋਦਾਰੋ, ਹੜੱਪਾ, ਆਵੰਤੀ ਅਤੇ ਕ੍ਰਿਸ਼ਨ ਦੀਪ (ਸਤਲੁਜ ਤੇ ਬਿਆਸਾ ਦਾ ਸੰਗਮ ਅਸਥਾਨ) ਆਦਿ ਮੁਖ ਸਨ। ਏਸ ਭਾਰੇ ਯੁੱਧ ਦਾ ਸਿੱਟਾ ਇਹ ਹੋਇਆ, ਕਿ ਦੇਵਤਿਆਂ ਦੇ ਵਿਰੋਧੀ ਏਸ ਦੇਸ ਨੂੰ ਉਕਾ ਹੀ ਛਡ ਗਏ। ਤੇ ਮੁਲਤਾਨ ਆਦੀ ਦੀਆਂ ਬਾਰਾਂ ਵਿਚ ਆਪਣੀਆਂ ਬਸਤੀਆਂ ਬਣਾ ਕੇ ਸੁਤੰਤ੍ਰ ਰਾਜ ਕਰਨ ਲਗੇ। ਪਰ ਅਪਣੇ ਸ਼ਤਰੂ ਆਰੀਆਂ ਦੇ ਨਗਰਾਂ ਤੇ ਛਾਪੇ ਮਾਰਦੇ ਅਤੇ ਆਪਣੇ ਖੁਸੇ ਹੋਏ ਅਧਿਕਾਰਾਂ ਨੂੰ ਮੁੜ ਪ੍ਰਾਪਤ ਕਰਨ ਦੇ ਹੀਲੇ ਭੀ ਕਰਦੇ ਰਹਿੰਦੇ ਸੀ। ਇਸ ਕਰਕੇ ਇੰਦਰ ਦੀ ਕਮਾਨ ਹੇਠ ਤੀਜਾ ਮਹਾ ਯੁਧ ਫੇਰ ਹੋਇਆ ਜਿਸ ਵਿਚ ਇੰਦਰ ਨੇ ਓਸ ਧੜੇ ਦਾ ਰੋਕਿਆ ਹੋਇਆ ਪਹਾੜੀ ਨਦੀਆਂ ਦਾ ਜਲ 'ਕੁਯਵ' ਆਦਿ 'ਅਹੀ' ਬੰਸ ਨੂੰ ਮਾਰ ਕੇ ਆਪਣੇ ਅਧੀਨ ਤੇ ਸਾਥੀ ਰਾਜਿਆਂ ਦੀ ਖ਼ਾਤਿਰ ਇਕ ਦਮ ਮੈਦਾਨ ਵਿਚ ਬਹਾ ਦਿਤਾ। ਜਿਸ ਤੋਂ ਬਹੁਤੀ ਨਿਵਾਣ ਦੇ ਕਾਰਨ ਦੈਂਤਾਂ ਦੇ ਨਗਰਾਂ ('ਨਿਸ਼ਾ', 'ਨਿਰਯ' ਦੂਜਾ 'ਨਿਨਯ') ਤੇ ਈਰਾਨ, ਅਰਬ, ਰੂਮ, ਸ਼ਾਮ, ਆਦੀ ਦੇਸਾਂ ਨੂੰ ਵੀ ਗਰਕ ਕਰਦਾ ਹੋਇਆ ਉਹਨਾਂ ਲਈ ਪ੍ਰਲੈ ਦਾ ਰੂਪ ਬਣ ਗਿਆ। ਜਿਸ ਨੂੰ ਪੱਛਮੀ ਲੋਕ ਹਜ਼ਰਤ ਨੂਹ ਦੀ ਜਲ ਪ੍ਰਲੈ

Digitized by Panjab Digital Library | www.panjabdigilib.org

ਮੰਨਦੇ ਹਨ। ਇਹ ਘਟਨਾ ਤ੍ਰੇਤੇ ਜੁਗ ਦੇ ਅਰੰਭ ਕਾਲ ਵਿਚ ਹੋਈ, ਇੰਦਰ ਦੀ ਰਾਜਧਾਨੀ ਕਸ਼ਮੀਰ ਵਿਚ 'ਅਮਰਾਵਤੀ' ਨਾਮੇ ਪੁਰੀ ਸੀ। ਪਰ ਏਸ ਦੀ ਔਲਾਦ ਬਹੁਤੀ ਸਰਸ੍ਵਤੀ ਦੇਸ਼ ਵਿਚ ਹੀ ਵਸਦੀ ਸੀ। ਜਿਨ੍ਹਾਂ ਦੇ ਮੁਖ ਨਗਰ ਪੰਜਊਰ, ਨੈਮਿਖ ਆਦਿ 'ਕੁਰੂਛੇਤਰ' ਆਦਿ ਉਪਰ ਕਹੇ ਗਏ ਹਨ।

ਪਹਿਲਾਂ ਕਥਨ ਕੀਤਾ ਗਿਆ ਹੈ ਕਿ:-

ਚੰਦ੍ਰਬੰਸੀ ਰਾਜਾ 'ਨਹੁਸ਼' ਸਭ ਤੋਂ ਪਹਿਲਾ ਨਿਯਮ ਅਨੁਸਾਰ ਏਸ ਦੇਸ ਦਾ ਰਾਜਾ ਹੋਇਆ, ਜਿਸ ਦੀ ਰਜਾਉਲੀ ਇਉਂ ਹੈ:-ਬ੍ਰਹਮਾ ਦਾ ਅੱਤ੍ਰੀ ਉਸਦਾ ਚੰਦ੍ਰਮਾ, ਉਸਦਾ ਬੁੱਧ, ਬੁੱਧ ਦਾ ਪੁਰੂਰਵਾ, ਉਸ ਦਾ ਆਯੂ, ਅਤੇ ਉਸ ਦਾ ਨਹੁਸ਼, ਉਸ ਦਾ ਯਯਾਤੀ ਅਤੇ ਉਸ ਦਾ ਯਦੂ, ਜਿਸ ਤੋਂ 'ਯਾਦਵ' ਹੋਏ। ਇਹਨਾਂ ਵਿਚੋਂ ਰਾਜਾ ਹਸਤੀ ਹੋਇਆ ਜਿਸ ਨੇ 'ਹਸਤਨਾਪੁਰ' ਬੰਨ੍ਹਿਆ। ਅਤੇ ਜਿਸ ਦੀ ਬੰਸ ਵਿਚੋਂ 'ਸੰਤਨੂ' ਅਤੇ 'ਪਾਂਡਿਵ' ਹੋਏ। ਸੋ ਰਿਸ਼ਟ ਸੇਣ ਦਾ ਸ਼ੰਤਨੂ ਅਤੇ ਦੇਵਾਪਿ, ਸ਼ੰਤਨੂ ਦੇ ਵਿਚਿਤ੍ਰ ਵੀਰਯ ਤੇ ਦਿਤ੍ਰਾਂਗਦ, ਉਨ੍ਹਾਂ ਦੇ ਕ੍ਰਮ ਤੇ ਧ੍ਰਿਸਟਰਾਸ਼ਟ੍ਰ, ਪੰਡੂ ਤੇ ਵਿਦੁਰ। ਪੰਡੂ ਦੇ ਯੁਧਿਸਟਰ ਆਦਿ ਅਤੇ ਧ੍ਰਿਸਰਾਸ਼ਟ੍ਰ (ਅੰਨ੍ਹੇ ਦੇ ਦੁਰਯੋਧਨ ਤੇ ਦੁਹਸਾਸਨ ਆਦੀ)।

ਯਦੂ ਬੰਸ ਦੀਆਂ ਵਡੀਆਂ ੨ ਦੋ ਸ਼ਾਖਾਂ ਹੋਈਆਂ। ਪਹਿਲੀ ਯਾਦਵ, ਜਿਨ੍ਹਾਂ ਦੀ ਗਿਣਤੀ ਛਿਪੰਜਾ ਕਰੋੜ ਆਖੀ ਜਾਂਦੀ ਹੈ। ਜਿਨ੍ਹਾਂ ਨੇ ਏਸ ਦੇਸ ਤੇ ਸੂਰਜ ਬੰਸੀਆਂ ਦੀ ਪ੍ਰਧਾਨਤਾ ਹੋ ਜਾਣ ਦੇ ਰਾਜਾ ਸੂਰਸੇਨ ਆਦਿ ਦੀ ਅਗਵਾਈ ਵਿਚ ਮਥਰਾ ਆਦੀ ਨੂੰ ਕੇਂਦ੍ਰ ਬਣਾ ਕੇ ਪੂਰਬ ਤੇ ਦੱਖਣ ਨੂੰ ਵਧਣਾ ਆਰੰਭ ਕੀਤਾ। ਦੂਜੀ 'ਹੈਹਯ' ਨਾਮੇ ਸ਼ਾਖਾ ਨੇ ਮੱਧ ਪ੍ਰਦੇਸ਼ ਵਿਚ ਕਾਲੰਜਰ, ਚੇਦੀ, ਵਿਦਿਸ਼ਾ (ਵਰਤਮਾਨ ਭੇਲਸਾ) ਅਤੇ ਗੋਨਰਦ (ਵਰਤਮਾਨ ਗੋਂਡਾ) ਵਿਚ ਬਹੁਤ ਚਿਰ ਤਕ ਰਾਜ ਕੀਤਾ।

ਸੂਰਜ ਬੰਸੀ 'ਇਕਸ਼ਵਾਕੂ' ਦੀ ਸੰਤਾਨ ਵਿਚੋਂ ਜੋ ਰਾਜੇ ਪੰਚ ਨਦ ਦੇਸ਼ ਵਿਚ ਬਹੁਤ ਚਿਰ ਤਕ ਰਾਜ ਕਰਦੇ ਰਹੇ ਸੀ। ਉਹਨਾਂ ਵਿਚੋਂ 'ਰੋਹਿਤਾਸ' ਜ਼ਿ: ਜਿਹਲਮ ਵਿਚ ਹਰੀ ਚੰਦ ਦਾ ਪੁਤ 'ਰੋਹਿਤਾਸ' ਰਾਜਾ ਰਾਜ ਕਰਦਾ ਸੀ। ਉਸਦੀ ਬੰਸ ਦੇ ੩੪ਵੇਂ ਰਾਜੇ ਦਿਲੀਪ ਨੇ, ਜਿਸ ਦੀ ਰਾਜਧਾਨੀ ਰਾਵੀ ਦੇ ਕੰਢੇ ਤੇ 'ਮੱਦਰ' ਨਾਮੇ ਨਗਰ ਵਿਚ ਸੀ, ਵਿਸ਼ਿਸ਼ਟ ਰਿਸ਼ੀ ਦੀ ਅਗਵਾਈ ਵਿਚ ਮੱਦਰ ਤੋਂ ਉਠ ਕੇ ਅਪਣੀ ਪ੍ਰਭੁਤਾ ਜਮਾਈ। ਜਿਸ ਕਰਕੇ ਉਸ ਦਾ ਨਾਉਂ ਮੱਦਰ ਦੇਸ ਪਿਆ। ਉਸ ਨੇ ਪਹਿਲਾਂ ਦੇਉਝਲਾ -ਦੇਹੁਲਾ ਅਤੇ ਫੇਰ ਦੇਹਲੀ-ਦਿੱਲੀ ਬਸਾਈ। ਉਸ ਵਲੋਂ ਉਸ ਦੇ ਅਧੀਨ ਕੌਸ਼ੱਲਿਆ ਨਦੀ ਤੇ ਸਨੌਰ ਤੇ ਘੁੜਾਮ, ਘੱਗਰ ਤੇ ਸੁਨਾਮ ਤੇ ਰਾਗਾ (ਲਹਰਾ) ਆਦਿਕ ਅਤੇ ਸਰਸ੍ਵਤੀ ਉਪਰ ਥਾਨੇਸਰ ਤੇ ਕਪਿਥਲ (ਕੈਂਥਲ) ਆਦਿ ਨਗਰਾਂ ਵਿਚ ਉਸ ਦੀਆਂ ਉਪ ਰਾਜਧਾਨੀਆਂ ਸਨ, ਜਿਸ ਵਿਚ ਉਸ ਦੇ ਸਹਾਇਕ ਰਾਜਾ ਰਾਜ ਕਰਦੇ ਸੀ। ਏਸੇ ਰਾਜੇ ਦਾ ਪੁਤ੍ਰ 'ਰਘੂ' ਹੋਇਆ। ਉਸ ਦਾ ਪੁਤ੍ਰ 'ਅਜ' ਤੇ 'ਅਜ' ਦਾ ਦਸਰਥ ਹੋਇਆ। ਜਿਸ ਨੇ ਦਿੱਲੀ ਤੋਂ ਪਰੇ ਦਾ ਦੇਸ ਜਿਤ ਕੇ ਅਜੋਧਿਆ ਨਗਰ ਬਸਾਇਆ। ਜਿਸ ਦੇ ਪੁਤ੍ਰ ਰਾਮ ਚੰਦ੍ਰ ਜੀ ਆਦਿਕ ਹੋਏ। ਇਸ ਬੰਸ ਵਿਚ ਦਿੱਲੀ ਰਾਜਧਾਨੀ ਰਹਿਣ ਦੇ ਸਮੇਂ ਤਕ ਰਘੂ ਦੀ ਬਹੁਤ ਪ੍ਰਸਿੱਧੀ ਹੋਈ। ਏਸ ਰਘੂਬੰਸ ਦਾ ਮਾਲਵੇ ਵਿਚ ੫੦੦ ਬਰਸ ਦੇ ਲਗ ਪਗ ਰਾਜ ਰਿਹਾ। ਏਹ ਸਮਾਂ ਅਜ ਤੋਂ ੬੫੦੦ ਬਰਸ ਪੂਰਬ ਦਾ ਹੈ। ਉਨ੍ਹਾਂ ਦੀ ਬੰਸਾਵਲੀ ਇਸ ਪ੍ਰਕਾਰ ਹੈ-

Digitized by Panjab Digital Library | www.panjabdigilib.org

ਸੂਰਜ ਬੰਸ ਦਾ ਬ੍ਰਿਛ ਇਕ ਥਾਂ ਇਉਂ ਲਿਖਿਆ ਹੈ :-

ਬ੍ਰਹਮਾ, ਮਨੂ, ਮਰੀਚ, ਕੱਸ਼ਪ, ਸੂਰਜ (ਧਰਮ ਰਾਜ) ਸ੍ਰਾਦ ਮੁਨੀ, ਇਕਸਵਾਕੂ ਪਹਿਲਾ (ਛਰਿਯਾਤਿ), ਅੰਬਰੀਕ ਪਹਿਲਾ, ਇਕਸ਼ਵਾਕੂ ਦੂਜਾ, ਛਛਾਦ ਪੁਰੰਜਯ, ਸਾਵਸਤ (ਸਰਸ੍ਵਤੀ ਪੁਰੀ ਵਸਾਉਣ ਵਾਲਾ) ਕੁਵਲਾਸ੍ਵ, ਦ੍ਰਿੜ੍ਹਹਾਸ, ਨਿਕੁੰਭ, ਯੁਵਨਾਸ੍ਵ, ਮਾਨਧਾਤਾ, ਅੰਬਰੀਕ ਦੂਜਾ, ਹਾਰੀਤ, ਤ੍ਰਿਸੰਕੂ, ਹਰੀ ਚੰਦ, ਰੋਹਿਤਾਸ੍ਵ, ਚੰਪਕ, ਆਹੁਕ, ਸਗੜ, ਅਸਮੰਜਸ, ਅਸ਼ਮਾਨ, ਦਿਲੀਪ, ਭਾਗੀਰਥ, ਰਿਤੁ ਪ੍ਰਣ, ਸੁਦਾਸ, ਮੋਲਕ, ਦਿਲੀਪ 'ਦੂਜਾ' ਰਘੁ, ਅਜ, ਦਸਰਥ, ਰਾਮ ਚੰਦ੍ਰ ਜੀ। ਲਊ-ਕੁਸ਼, ਲਊ ਦੀ ਬੰਸ ਵਿਚੋਂ ਕਾਲ ਕੇਤੁ ਅਤੇ ਕੁਸ਼ੂ ਦੀ ਬੰਸ ਵਿਚੋਂ ਕਾਲ ਰਾਇ ਉਸ ਦਾ ਸੋਢੀ ਰਾਇ।

ਸਮਾਂ ਪਾ ਕੇ ਮਹਾਰਾਜ਼ਾ ਰਾਮ ਚੰਦਰ ਦੇ ਸੀਤਾ ਨੂੰ ਬਣਬਾਸ ਦੇਣ ਤੋਂ ਬਾਲਮੀਕ ਰਿਸ਼ੀ ਦੇ ਆਸ੍ਰਮ ਤੇ (ਜੋ ਕਿ ਰਾਵੀ ਦੇ ਕੰਢੇ 'ਇੱਛਰਾ'–ਲਾਹੌਰ ਕੋਲ ਸੀ) ਲਊ ਤੇ ਕੁਸ਼ੂ ਦੋ ਪੁਤਰ ਪੈਦਾ ਹੋਏ। ਉਹਨਾਂ ਦੇ ਜੁਆਨ ਹੋਣ ਤੋਂ ਜਦ ਕਿ ਰਾਮਚੰਦ੍ਰ ਜੀ ਨੇ ਅਸ੍ਵਮੇਧ ਦਾ ਘੋੜਾ ਛੱਡਿਆ ਤਾਂ ਉਹਨਾਂ ਨੇ ਘੋੜਾ ਫੜ ਲਿਆ ਤਾਂ ਰਾਮ ਚੰਦਰ ਜੀ ਦਾ ਅਪਣੇ ਇਹਨਾਂ ਦੋਹਾਂ ਪੁਤਰਾਂ ਨਾਲ ਘੋਰ ਜੁੱਧ ਹੋਇਅ। ਜਿਸ ਵਿਚ ਰਾਮ ਚੰਦਰ ਜੀ ਨੂੰ ਮੂਰਛਾ ਹੋ ਗਈ ਉਹ ਜਿਸ ਅੰਮ੍ਰਿਤ ਦੁਆਰਾ ਦੂਰ ਕੀਤੀ ਗਈ ਉਹ ਅੰਮ੍ਰਿਤ ਸਰੋਵਰ ਸ੍ਰੀ ਅੰਮ੍ਰਿਤਸਰ ਦੇ ਦੁਖ ਭੰਜਨੀ ਨਾਮੇ ਅਸਥਾਨ ਤੇ ਸੀ, ਤਾਂ ਰਾਮ ਚੰਦਰ ਜੀ ਨੇ ਪੁਤਰਾਂ ਨੂੰ ਸਿਆਣ ਕੇ ਅਜੁਧਿਆ ਨੂੰ ਜਾਂਦੇ ਹੋਇਆਂ ਲਊ ਲਈ ਲਾਹੌਰ, ਕੁਸ਼ੂ ਲਈ ਕੁਸੂਰ, ਅਤੇ ਭਰਤ ਦੇ ਪੁਤ੍ਰ ਤਕਸ਼ ਲਈ ਤਕਿਸ਼ਲਾ ਬੰਨ੍ਹ ਕੇ ਉਹਨਾਂ ਦੇ ਰਾਜੇ ਬਣਾਇਆ। ਉਸ ਸਮੇਂ ਉਕਤ ਮੱਦਰ ਦੇਸ ਦੇ ਦੋ ਭਾਗ ਹੋ ਗਏ ਸਨ। ਰਾਵੀ ਦੇ ਆਸ ਪਾਸ ਉਤਰ ਮੱਦਰ ਕਸੂਰ ਦਾ ਦਖਣੀ ਪਾਸਾ (ਮਾਲਵੇ ਸਣੇ) ਦਖਣੀ ਮੱਦਰ ਕਹਇਆ ਕੁਸ਼ੂ ਦੀ ਸੰਤਾਨ ਵਿਚੋਂ ਸਮਾ ਪਾ ਕੇ ਕਾਲ ਰਾਇ, ਕਾਲ ਕੇਤੂ ਅਤੇ ਸੋਢੀ ਰਾਏ ਆਦੀ ਕਈ ਮਾਂਡਲਿਕ ਰਾਜੇ ਹੋਏ। ਜਿਨ੍ਹਾਂ ਨੇ ਸੁਢੌਰਾ, (ਜ਼ਿਲਾ ਅੰਬਾਲਾ) ਸੁਨੇਤ (ਜ਼ਿਲਾ ਲੁਧਿਆਣਾ) ਗਾਗਾ, ਸੁਨੌਰ, ਸੁਨਾਮ, ਘੁੜਾਮ (ਗੁਹਰਾਮ) ਆਦਿ ਸ਼ੈਹਰਾਂ ਤੇ ਅਪਣਾ ਅਧਿਕਾਰ ਜਮਾਇਆ। 'ਲਊ' ਦੀ ਸੰਤਾਨ ਵਿਚੋਂ ਵਿਸੇਸ਼ ਕਰਕੇ ਪੰਚ ਨਦ ਵਾਸੀ ਲਵਾਣੇ, ਖੋਖਰੈਣ ਦੁਆਪਰ ਦੇ ਅੰਤ ਵਿਚ ਗਣ ਰਾਜਾਂ ਦੇ ਰੂਪ ਵਿਚ ਵਿਰਾਜਦੇ ਰਹੇ, ਜੋ ਪੱਛਮੀ ਪੰਜਾਬ ਵਿਚ ਹਜ਼ਾਰ ਬਰਸ ਸੁਤੰਤਰਤਾ ਨਾਲ ਰਹੇ।

ਕੁਸ਼ੂ ਦੀ ਸੰਤਾਨ ਮਲੋਈ ਜੋਹੀਆ ਤੇ ਨਾਗ ਬੰਸੀ ਆਦਿ ਗਣ ਭੀ ਚੋਖੀ ਗਿਣਤੀ ਵਿਚ ਸਨ। ਜੋ ਗੜ--ਦਰੇੜਾ ਅਤੇ ਹਾਂਸੀ ਦੇ ਆਸ ਪਾਸ ਅਜ ਤਕ ਵਸਦੇ ਹਨ। ਜਿਸ ਦਾ ਸਬੂਤ ਖੋਜੀ ਮਹਿਕਮੇਂ ਨੂੰ ਹਾਂਸੀ ਦੇ ਨੇੜਿਓਂ ਇਕ ਬੜੀ ਤੇ ਪੁਰਾਣੀ ਲੱਭੀ ਸੂਰਜ ਦੀ ਮੂਰਤੀ ਤੋਂ ਮਿਲਦਾ ਹੈ। ਜੋ ਉਹਨਾਂ ਦੀ ਪੁਰਾਤਨ ਸਭਯਤਾ ਦਾ ਨਿਸ਼ਾਨ ਹੈ। ਉਸ ਤੇ ਉਰਲੇ ਸਮੇਂ ਵਿਚ ਰਾਜਪੂਤਾਨਾ (ਜੈਪੁਰ, ਜੋਧਪੁਰ ਆਦੀ) ਅਤੇ ਉਜੈਨ ਦੇ ਮਾਲਵੇ ਵਿਚ ਦਖਣੀ ਮੱਦਰ ਦੀ ਮਲੋਈ ਸ਼ਾਖਾ ਰਾਜਪੂਤਾਨੇ ਦੇ 'ਅਰਬੁਦ' ਨਾਮੇ ਪਰਬਤ ਤੇ 'ਅਚੱਲ ਗੜ' ਅਤੇ 'ਸਿਰੋਹੀ' ਆਦੀ ਨਗਰ ਵਸਾ ਕੇ ਬਹੁਤ ਉੱਚਤਾ ਅਤੇ ਸੁਤੰਤਰਤਾ ਦੇ ਨਾਲ ਬਿਰਾਜਦੀ ਰਹੀ। ਜਿਸ ਵਿਚੋਂ ਪਰਮਾਰ ਆਦੀ ਅਗਨੀ ਬੰਸ ਦੇ ਰਾਜਪੂਤ ਜੋਧੇ ਪਰਗਿਟ ਹੋਏ। ਜਿਨ੍ਹਾਂ ਨੇ ਆਪਣੀ ਬਹਾਦਰੀ ਅਤੇ ਉਦਾਰਤਾ ਦੀ ਪ੍ਰਤਿਨਿਧਤਾ 'ਸ਼ੱਕਾਰਿ' ਬਿੱਕ੍ਰਮਾ ਦਿੱਤ ਦੇ ਰੂਪ ਵਿਚ, ਭਾਰਤ ਖੰਡ ਤੋਂ ਇਲਾਵਾ ਅਰਬ ਰੂਮ, ਸ਼ਾਮ ਆਦਿ ਪੱਛਮੀ ਦੇਸਾਂ ਵਿਚ ਭੀ ਪ੍ਰਸਿੱਧ

Digitized by Panjab Digital Library | www.panjabdigilib.org

ਕੀਤੀ। ਇਨ੍ਹਾਂ ਸੂਰਜ ਬੰਸੀਆਂ ਦੇ ਰਾਜ ਦਾ ਸਮਾ ਅਜ ਤੋਂ ੬੦੦੦ ਬਰਸ ਦੇ ਲਗ ਪਗ ਦਾ ਹੈ। ਇਹਨਾਂ ਦਾ ਵਿਸ਼ੇਸ਼ ਵਰਣਨ ਪ੍ਰਾਚੀਨ ਭਾਰਤ ਵਰਸ਼ ਦੇ 'ਇਤਹਾਸ' ਵਿਚ ਦੇਖਣਾ।

ਸੂਰਜ ਬੰਸੀਆਂ ਦੇ ਗੰਗਾ ਪਾਰ ਚਲੇ ਜਾਣ ਤੋਂ ਏਸ ਦੇਸ਼ ਵਿਚ ਚੰਦਰ ਬੰਸੀਆਂ ਦੇ (ਦੂਜੀ ਵਾਰ) ਕਈ ਰਾਜ ਕਾਇਮ ਹੋਏ। ਜਿਨ੍ਹਾਂ ਵਿਚੋਂ ਰਾਜਾ 'ਸ਼ਾਂਤਲ' ਪ੍ਰਸਿੱਧ ''ਸ਼ੰਤਨੂੰ' ਦੀ ਸੰਤਾਨ ਕੈਰਵ ਅਤੇ ਪਾਂਡਵ ਸਭ ਤੋਂ ਪਰਬਲ ਹੋਏ। ਜਿਨ੍ਹਾਂ ਦੀ ਬੰਸਾਵਲੀ ਇਉਂ ਹੈ:-

ਰਾਜਾ ਸ਼ਾਂਤਨੂੰ (ਸ਼ਾਂਤਲ) ਦੇ ਬਚਿੱਤਰ ਬੀਰਜ ਤੇ ਚਿਤਰਾਂਗਦ। ਇਹਨਾਂ ਦੀਆਂ ਰਾਣੀਆਂ ਅੰਬੇ, ਅੰਬਕਾ ਅਤੇ ਦਾਸੀ ਅੰਬਲਕਾ ਤੋਂ ਬੇਦ ਬਿਆਸ ਦੁਆਰਾ ਨਿਯੁਕਤ ਪੁਤਰ ਧ੍ਰਿਤਰਾਸ਼ਟਰ ਤੇ ਪੰਡੂ ਹੋਏ। ਪੰਡੂ ਦੇ ਯੁਧਿਸ਼ਟਰ, ਅਰਜਨ, ਭੀਮ, ਸਹਿਦੇਵ ਅਤੇ ਨਕੁਲ-ਪੰਜ ਪਾਂਡਵ। ਅਰਜਨ ਦਾ ਅਭਿਮੰਨਯੂ, ਉਸਦਾ ਪ੍ਰੀਛਤ ਉਸ ਦਾ ਜਨਮੇਜਾ ਅਤੇ ਉਸ ਦਾ ਅਜੈ ਸਿੰਘ ਰਜੀਆ ਪੁਤ ਹੋਇਆ। ਇਸ ਬੰਸ ਦੇ ਸਮੇ ਉਜੜੇ ਹੋਏ ਸਨੌਰ ਤੇ ਸੁਨਾਮ ਮੁੜ ਪ੍ਰਫੁਲਤ ਹੋਏ। ਪੰਜੌਰ ਵਿਚ ਪਾਂਡਵਾਂ ਦਾ ਕਿਲਾ ਅਜ ਤਕ ਹੈ। ਕੁੱਲੂ ਦੇ ਉਪਰ ਤੁੰਗਣ ਦੇਸ ਤੋਂ ਭੀ ਪਾਂਡਵਾਂ ਨੇ ਕਰ ਲਿਆ ਸੀ, ਇਹਨਾਂ ਦੇ ਰਾਜ ਸਮੇਂ 'ਕ੍ਰਿਸ਼ਨ' ਨੇ 'ਤੇਜ ਕ੍ਰਿਸ਼ਨ' (ਬ੍ਰਹਮ ਰਾਖਸ਼) ਨੂੰ 'ਕ੍ਰਿਸ਼ਨ ਦੀਪ' ਨਾਮੇ ਨਗਰ ਵਿਚ ਮਾਰਿਆ। ਜੋ ਸਤਲੁਜ ਤੇ ਬਿਆਸ ਦੇ ਸੰਗਮ ਤੇ ਰਹਿੰਦਾ ਸੀ, ਇਹ ਸੰਗਮ ਓਸ ਸਮੇਂ ਅਜ ਕਲ 'ਲੋਹਟ ਬੱਦੀ' (ਰਾਏ ਕੋਟ ਦੇ ਪਾਸ) ਦੇ ਪਛੋਂ ਵਲ ਨੂੰ ਇਕ ਕੋਹ ਦੀ ਵਿਥ ਤੇ ਸੀ। ਅਤੇ ਉਥੇ ਹੀ ਪਰਾਸੁਰ ਰਿਸ਼ੀ ਅਤੇ ਵੇਦ ਵਿਆਸ ਰਹਿੰਦੇ ਸੀ। ਰਾਜ਼ਾ 'ਵਿਰਾਟ' ਦੀ ਰਾਜਧਾਨੀ 'ਵਿਰਾਟ ਨਗਰ' ਅਜ ਕਲ ਦੇ ਤਿਹਾੜਾ ਜ਼ਿਲਾ ਲੁਧਿਆਣਾ ਦੇ ਕੋਲ ਗ਼ਾਲਿਬ ਤੇ ਸ਼ੇਰਪੁਰੇ ਦੇ ਥੇਹ ਤੋਂ ਲੈ ਕੇ ਤਿਹਾੜੇ ਤਕ ਸੀ। ਏਥੇ ਹੀ ਪਾਂਡਵ ੧੨ ਬਰਸ ਦੇ ਬਨਬਾਸ ਮਗਰੋਂ ਜਿਸ ਤਾਲ ਤੇ ਤੇਰਵਾਂ ਸਾਲ ਗੁਪਤ ਰੂਪ ਧਾਰ ਕੇ ਰਹੇ ਸੀ। ਜੋ ਗੁ: ਬਉਲੀ ਸਾਹਿਬ (ਸੋਢੀਵਾਲਾ) ਤੋਂ ਅਧ ਮੀਲ ਤੇ ਪੁਰਾਣਾ ਤਲਾਉ ਤੀਰਥ ਦੀ ਸ਼ਕਲ ਦਾ ਅੱਜ ਭੀ ਹੈ। ਏਸੇ ਰਾਜਾ ਦੀ ਸੰਤਾਨ ਵਿਚੋਂ ਮਹਾ ਭਾਰਤ ਦੇ ਜੁੱਧ ਤੋਂ ਪਿਛੋਂ ਇਕ ਦਲ ਚਤਰਾਲ ਦੇ ਰਸਤੇ ਖੁਰਾਸਾਨ ਵਿਚ ਜਾ ਵਸਿਆ। ਜਿਸਨੇ ਵਰਤਮਾਨ 'ਮਾਲਾ ਕੰਦ' ਪਾਸ ਆਪਣੇ ਵਡਕੇ ਦੇ ਨਾਉਂ ਤੇ 'ਵਿਰਾਟ ਨਗਰ' ਵਸਾਇਆ ਸੀ। ਇਹਨਾ ਹੀ ਚੰਦਰ ਬੰਸੀਆਂ ਦੀ ਸੰਤਾਨ ਪਾਰਥੀਅਨ ਲੋਕ ਹਨ। ਜਿਨ੍ਹਾਂ ਨੂੰ ਇਤਿਹਾਸਕਾਰਾਂ ਨੇ 'ਇੰਡੋ ਪਾਰਥੀਅਨ' ਅਥਵਾ 'ਹਿੰਦੂ ਪਾਰਥਿਆਇਨ' ਕਰ ਕੇ ਲਿਖਿਆ ਹੈ। ਅਤੇ ਇਨ੍ਹਾਂ ਦਾ ਹੀ ਇਕ ਦਲ ਮਹਾ ਭਾਰਤ ਯੁੱਧ ਪਿਛੋਂ ਦਖਣੀ ਅਮਰੀਕਾ ਵਿਚ ਅਤੇ ਅਰਜਨਟਾਇਨ ਵਿਚ ਜਾ ਬਸਿਆ ਸੀ। ਜਿਨ੍ਹਾਂ ਨੂੰ 'ਰੈਡ ਇੰਡੀਅਨ' ਕਰਕੇ ਆਖਿਆ ਜਾਂਦਾ ਹੈ। ਅਤੇ ਉਹਨਾਂ ਦੀ ਜਨ ਸੰਖਿਆ ਅਜ ਕਲ ਕੁਲ ਚਾਰ ਲਖ ਦੱਸੀ ਜਾਂਦੀ ਹੈ। ਇਹਨਾਂ ਦੇ ਨਾਲ ਹੀ ਮਸੀਗਣ ਉਤ੍ਰੀ ਅਮਰੀਕਾ ਵਿਚ ਵਸਿਆ ਸੀ ਜੋ ਮੈਕਸੀਕਨ ਲੋਕਾਂ ਦਾ ਵਡਕਾ ਹੋਇਆ। ਅਤੇ ਉਸੇ ਸਮੇਂ ਉਸੇ ਦਲ ਵਿਚੋਂ ਸਿਆਮ, ਅਨਾਮ ਅਤੇ ਕੰਬੋਦੀਆ ਵਿਚ ਭੀ ਬਹੁ ਗਿਣਤੀ ਵਿਚ ਚੰਦਰ ਬੰਸੀਆਂ ਨੇ ਆਪਣੇ ਉਪਨਵੇਸ਼ (ਨੌ ਆਬਾਦੀਆਂ) ਬਣਾਏ। ਉਹਨਾਂ ਦੀ ਸਭਤਾ ਅਤੇ ਧਰਮ ਅੱਜ ਤਕ ਭਾਰਤੀਆਂ ਨਾਲ ਮਿਲਦੇ ਹਨ। ਰਾਮ ਲੀਲਾ ਆਦਿਕ ਕਈ ਤਿਉਹਾਰ ਭਾਰਤੀਆਂ ਦੀ ਤਰਾਂ ਹੀ ਉਥੇ ਮਨਾਏ ਜਾਂਦੇ ਹਨ। ਸਭ ਤੋਂ ਵਧ ਕੇ ਅਚਰਜ ਦੀ ਇਹ ਗੱਲ ਹੈ ਕਿ ਇਨ੍ਹਾਂ ਦੀਪਾਂ ਦੇ ਵਸਨੀਕ ਅਤੇ ਅਮਰੀਕਾ ਦੇ ਪੂਰਬੋਕਤ ਭਾਰਤੀ ਲੋਕ ਮੁਹਾਂਦਰੇ (ਮੜੰਗੇ) ਵਿਚ ਇਹਨਾਂ ਮਲਵੱਈਆਂ ਨਾਲ ਹੀ ਮਿਲਦੇ ਹਨ। ਸਰਪ

Digitized by Panjab Digital Library | www.panjabdigilib.org

ਦਮਨ (ਸਫ਼ੈਦੋਂ ਰਿਆਸਤ ਜੀਂਦ) ਭੀ ਚੰਦਰ ਬੰਸੀਆਂ ਦੇ ਰਾਜ ਦਾ ਇਕ ਪ੍ਰਸਿੱਧ ਗ੍ਰਾਮ ਸੀ, ਜਿਥੇ ਰਾਜਾ ਜਨਮੇਜੇ ਨੇ ਸਪਾਂ ਦੀਆਂ ੧੮ ਕੁਲਾਂ ਹਵਨ ਵਿਚ ਫੂਕੀਆਂ ਸਨ। ਏਸ ਘਟਨਾ ਦਾ ਹੀ ਉਥੇ 'ਨਾਗ ਛੇਤਰ' ਨਾਮੇਂ ਸੰਮ੍ਰਿਤੀ ਚਿੰਨ੍ਹ ਬਣਿਆ ਹੋਇਆ ਹੈ।

ਸਭ ਤੋਂ ਵਧ ਕੇ ਕੈਰੋ-ਪਾਂਡਵਾਂ ਵੇਲੇ ਦੇ 'ਕੁਰੂਛੇਤਰ' ਅਤੇ 'ਥਾਨੇਸਰ' ਆਦੀ ਪ੍ਰਸਿਧ ਤੀਰਥਾਂ ਤੋਂ ਬਿਨਾ ਮਹਾਂ ਭਾਰਤ ਨਾਮੇ ਯੁੱਧ ਜੱਗ ਵਿਚ ਪ੍ਰਸਿਧ ਹੈ। ਜਿਸ ਨੇ ਏਸ ਦੇਸ ਤੋਂ ਬਿਨਾ ਦੱਖਣ, ਪੱਛਮ ਆਦੀ ਵਿਦੇਸ਼ਾਂ ਦੇ ਵਡੇ ਵਡੇ ਸੂਰਮੇ ਅਤੇ ਰਾਜੇ ਸਗੋਂ ਚੋਣਵੇਂ ਵਿਦ੍ਵਾਨ ਵੀ ਆਪਣੀ ਲਪੇਟ ਵਿਚ ਲੈ ਲਏ। ਜਿਸ ਦਾ ਘਾਟਾ ਅਜ ਤਕ ਪੂਰਾ ਨਹੀਂ ਹੋਇਆ। ਇਹ ਸਮਾਂ ਦੁਆਪਰ ਤੇ ਕਲਜੁਗ ਦੀ ਸੰਧੀ (ਅਜ ਤੋਂ ੫੧੦੦ ਬਰਸ ਪੂਰਬੀ) ਦਾ ਸੀ। ਤ੍ਰੇਤੇ ਦੇ ਅੰਤ ਵਿਚ ਜਦੋਂ 'ਪੰਜੋਰ' ਨਗਰ ਦੇਵਤਿਆਂ ਨੇ ਬਸਾਇਆ, ਤਾਂ ਉਸ ਵਾਂਗ ਹੀ ਇਕੋ ਰਾਤ ਵਿਚ ਕੁਰੂਛੇਤ੍ਰ ਦੇ ਕੋਲ ਵਿਦਿਆ ਲਈ ਜੋ ਕੇਂਦ੍ਰੀ ਅਸਥਾਨ ਇਕੇ ਰਾਤ ਵਿਚ ਦੇਵਤਿਆਂ ਨੇ ਬਸਾਇਆ। ਇਸ ਲਈ ਉਸ ਦਾ ਨਾਉਂ 'ਨੈਮਿਖ' (ਇਕ ਨਿਮਖ ਵਿਚ ਹੋਣ ਵਾਲਾ) ਰਖਿਆ, ਰੋਪੜ ਤੋਂ ਲੈ ਕੇ ਪੰਜਉਰ ਤਕ, ਓਥੋਂ ਕੁਰਛੇਤ੍ਰ ਤੇ ਥਾਨੇਸਰ ਤਕ, ਤੀਜੀ ਬਾਹੀ ਥਾਨੇਸਰ ਤੋਂ ਲੈ ਕੇ ਦਮਦਮੇ ਸਾਹਿਬ ਤਕ ਅਤੇ ਚੌਥੀ ਬਾਹੀ ਕ੍ਰਿਸ਼ਨ ਦੀਪ ਤੋਂ ਰੋਪੜ ਤਕ ਇਹ ਜੰਗਲ ਸੀ। ਇਥੇ ਹੀ ਬਹੁਤੇ ਵਿਦ੍ਵਾਨ ਰਹਿੰਦੇ ਸੀ, ਜੋ ਮਹਾ ਭਾਰਤ ਦੇ ਸਮੇਂ ਤਕ ਰਹਿੰਦੇ ਰਹੇ। ਅਤੇ ਵਿਦਿਆ ਦਾਨ ਕਰਦੇ ਰਹੇ।

ਮਹਾ ਭਾਰਤ ਦੇ ਯੁਧ ਤੋਂ ਲੈ ਕੇ ੧੧੦੦ ਬਰਸ ਤਕ ਮਹਾਂ ਅੰਧ ਘੋਰ ਦਾ ਸਮਾ ਹੈ। ਇਸ ਵਿਚ ਦੂਰ ਦੂਰ ਦੇ ਦੀਪਾਂ ਵਿਚ ਨਿਰਾਸੀ ਅਤੇ ਬਿਪਤਾ ਦੀ ਖਦੇੜੀ ਹੋਈ ਜਨਤਾ ਦਾ ਅਨੇਕ ਦਲਾਂ ਵਿਚ ਦੂਰ ੨ ਦੀਪਾਂ ਵਿਚ ਜਾਣਾ ਅਤੇ ਨਗਰਾਂ ਦੇ ਥਾਂ ਉਜੜੇ ਹੋਏ ਥੇਹਾਂ ਦਾ ਦਿਖਾਈ ਦੇਣਾ ਅਤੇ ਨਿਰਬਲ ਤਥਾ ਗਿਆਨ ਸ਼ੂੰਨ ਜਨਤਾ ਦੇ ਝੁੰਡਾਂ ਦੇ ਝੁੰਡਾਂ ਦਾ ਪਸ਼ੂ ਜੀਵਨ ਵਿਤੀਤ ਕਰਨਾ ਅਸੀਂ ਦੇਖਦੇ ਹਾਂ ਐਸੇ ਅੰਧ ਘੋਰ ਦੇ ਸਮੇਂ ਵਿਚ ਰਾਜਸੀ, ਇਤਿਹਾਸਕ ਅਤੇ ਧਾਰਮਿਕ ਬਿਵਸਥਾ ਦਾ ਉੱਨਤ ਹੋਣਾ ਤਾਂ ਇਕ ਪਾਸੇ ਰਿਹਾ, ਇਨ੍ਹਾਂ ਦੀ ਸੱਤਾ ਮਾਤ੍ਰ ਦਾ ਹੋਣਾ ਭੀ ਦੁਰਘਟ ਹੈ। ਸਗੋਂ ਇਸ ਦੇ ਉਲਟ ਬਿਦੇਸ਼ੀ ਦੀਪਾਂ ਦੀਆਂ ਬੱਦੂ ਕੌਮਾਂ ਏਸ ਅਨਾਥ ਭਾਰਤ ਨੂੰ ਹੜੱਪ ਕਰਨ ਲਈ ਉਮਡ ਆਈਆਂ। ਜਿਨ੍ਹਾਂ ਨੇ ਮਰੇ ਹੋਏ ਭਾਰਤੀਆਂ ਦੇ ੧੦੦ ਬਰਸ ਤਕ ਹੱਡ ਚੰਮ ਚੂਸਣ ਤੋਂ ਭੀ ਖੈਰ ਨਹੀਂ ਕੀਤੀ। ਇਹਨਾਂ ਕੌਮਾਂ ਵਿਚ ਬਲਖ਼ ਬੁਖ਼ਾਰੇ ਦੇ ਬਾਹਲੀਕ, ਤੁਖਾਰੇ ਦੇ ਗੁੱਜਰ ਅਤੇ ਕਾਠੀ, ਮਕਰਾਇਨ ਦੇ 'ਬਰੂਈ' ਅਤੇ ਤਾਤਾਰ ਦੇ ਮੰਗੋਲ ਅਤੇ ਸ਼ੱਕ ਆਦਿ ਵਿਸ਼ੇਸ਼ ਸਨ । ਪਰ ਝੱਬਦੇ ਹੀ ਗੁੱਜਰਾਂ ਨੇ ਗੁਜਰਾਤ ਵਿਚ, ਕਾਠੀ ਨੇ ਕਾਠੀਆਵਾੜ ਵਿਚ ਮਕਰਾਇਨ ਨੇ ਸਿੰਧ ਦੇ ਉਤਰ ਪਛੋਂ (ਮਕਰਾਨ) ਵਿਚ ਅਤੇ ਬਰੂਈ ਨੇ ਬਲੋਚਸਤਾਨ ਵਿਚ ਅਪਣੀਆਂ ਬਸਤੀਆਂ ਬਣਾ ਲਈਆਂ। ਦੂਜੇ ਭੀ ਇਨ੍ਹਾਂ ਨਾਲ ਪੰਚ ਨਦ ਅਤੇ ਮੱਦ੍ਰ ਵਿਚ ਘਿਉ ਖਿਚੜੀ ਵਾਂਗ ਰਚ ਮਿਚ ਗਏ। ਸੀਰੀਆ ਦੀ ਮਲਕਾ-'ਸੁਮੇਰਮੇਜ਼' ਨੇ ਅਸੀਰਆ, ਫਿਨਸੀਆ ਅਤੇ ਬਾਬਲ ਆਦਿ ਦੇ ਮੁਲਖਈਏ ਅਤੇ ਸੈਨਾ ਸਮੇਤ ੩੫ ਲੱਖ ਦੀ ਗਿਣਤੀ ਨਾਲ 'ਬਾਬਲ' ਰਾਜਧਾਨੀ ਤੋਂ ਉਠ ਕੇ ਸਿੰਧ (ਅਟਕ) ਤੋਂ ਉਰਾਰ ਆ ਕੇ ਮੁਲਤਾਨ ਦੇ ਇਲਾਕੇ ਤੇ ਧਾਵਾ ਕਰ ਦਿਤਾ। ਪਰ ਓਥੇ ਮਾਲ੍ਹ ਜਾਂ ਮੱਲ੍ਹੀ ਗਣਾਂ ਦਾ ਰਾਜ ਅਤੇ ਵਸੋਂ ਸੀ, ਜੋ ਅਗਨੀ ਕੁਲ ਕਹਾਉਂਦੇ ਸੀ। ਅਤੇ ਉਨ੍ਹਾਂ ਵਿਚੋਂ ਹੀ ਪ੍ਰਮਾਰ ਆਦਿ ਚਾਰ ਜੋਧਾ ਕੌਮਾਂ ਤਿਆਰ ਹੋ ਚੁਕੀਆਂ ਸਨ, ਉਨ੍ਹਾਂ ਤੋਂ ਉਹ ਮਲਕਾ ਕਤਲ ਹੋਈ। ਸੈਨਾ ਭੀ ਬਹੁਤੀ ਤਾਂ ਕਤਲ ਹੋ ਗਈ।

Digitized by Panjab Digital Library | www.panjabdigilib.org

ਰਹਿੰਦੀ ਅਟਕ ਤੋਂ ਪਾਰ ਬਸ ਗਈ, ਜੋ ਬਰੂਈ ਜਾਂ ਬਲੋਚ (ਜੋ ਬਲ ਨਾਲ ਵਰਚਨ ਕਰੇ) ਕਰ ਕੇ ਪ੍ਰਸਿੱਧ ਹੈ। ਇਹ ਅੱਜ ਤੋਂ ੪੯੦੦ ਬਰਸ ਪੂਰਬ ਦੀ ਘਟਨਾ ਹੈ।

## ਅਗਨੀ ਕੁਲ-ਰਾਜਪੂਤਾਂ ਦੀ ਉਤਪਤੀ

ਰਾਜਾ ਜਨਮੇਜਾ ਦੇ ਪੁਤਰ ਅਜੈ ਸਿੰਘ ਰਜੀਆ ਨਾਮੇ ਧੋਬਣ ਤੋਂ ਪੈਦਾ ਹੋਇਆ ਸੀ। ਉਹ ਆਪਣੇ ਭਾਈਆਂ ਨੂੰ ਮਾਰ ਕੇ ਕਿਲਾ ਪਰੀਛਤ ਗੜ, ਜ਼ਿਲਾ ਮੇਰਠ ਵਿਚ ਰਾਜ ਕਰਨ ਲਗਾ। ਮਾਲਵਾ ਭੀ ਕੁਝ ਚਿਰ ਉਸ ਦੇ ਅਧੀਨ ਰਿਹਾ। ਉਸ ਨੂੰ ਭਟਾਂ ਨੇ 'ਰਜੀਆ-ਪੁਤ' ਕਹਿ ਕਹਿ ਕੇ ਵਡਿਆਇਆ। ਤਾਂ ਰਜੀਆ ਪੁਤ ਦਾ ਬਿਗਾੜ-'ਰਾਜਪੂਤ' ਸ਼ਬਦ ਸਾਰੇ ਪ੍ਰਸਿਧ ਹੋ ਗਿਆ। ਉਸ ਦੇ ਦਰਬਾਰੀਆਂ ਨੇ ਭੀ ਆਪਣੇ ਆਪ ਨੂੰ 'ਰਾਜ ਪੂਤ' ਕਹਾਉਣਾ ਚੰਗਾ ਸਮਝਿਆ। ਏਸ ਸ੍ਰੇਣੀ ਦਾ ਕੁਝ ਬ੍ਰਿਤਾਂਤ ਮਹਾਰਾਜ ਦਸਵੇਂ ਪਾਤਸ਼ਾਹ ਨੇ 'ਬਿਚਿਤ੍ਰ ਨਾਟਕ' ਵਿਚ ਲਿਖਿਆ ਹੈ। ਇਹ ਲੋਕ ਹੋਛੇ ਘਟੀਆ ਤੇ ਆਤਤਾਈ ਹੋਣ ਕਰਕੇ ਸਣੇ ਅਮੀਰ ਵਜ਼ੀਰਾਂ ਦੇ ਜਨਤਾ ਲਈ ਬੜੇ ਦੁਖਦਾਈ ਸਾਬਿਤ ਹੋਏ। ਤਾਂ ਬ੍ਰਾਹਮਣਾਂ ਨੇ ਇਕ ਅਪ੍ਰਸਿੱਧ ਥਾਉਂ ਅਰਥਾਤ ਰਾਜਪੂਤਾਨੇ ਦੇ ਅਰਬਦ ਪਹਾੜ (ਆਬੂ) ਉਤੇ ਹਵਨ ਕਰਨਾ ਅਰੰਭ ਕੀਤਾ। ਹਵਨ ਦੇ ਅੰਤ ਸਮੇਂ ਵਿਚ ਅਗਨੀ ਕੁੰਡ ਵਿਚ ਬਿਸ਼ਿਸਟ ਬੰਸੀ ਬ੍ਰਾਹਮਣ ਦੀ ਆਹੂਤੀ ਦੇਣ ਤੋਂ ਮਹਾਬਲਵਾਨ ਜੋਧਾ 'ਮਾਰਮਾਰ ਕਰਦਾ' ਪ੍ਰਗਿਟ ਹੋਇਆ। ਇਸ ਕਰਕੇ ਬਿਸ਼ਿਸਟ ਨੇ ਉਸ ਦਾ ਨਾਉਂ 'ਪਰਮਾਰ' ਰਖਿਆ। 'ਅੰਗਰਾਂ' ਦੇ ਆਹੁਤੀ ਦੇਣ ਤੋਂ ਪਰਹਾਰ ਪ੍ਰਗਟ ਹੋਇਆ, ਜੋ ਲੰਗੜਾ ਕੇ ਡਿਗ ਪਿਆ। ਇਸ ਲਈ ਉਸ ਦਾ ਉਕਤ ਨਾਮ 'ਪਰਹਾਰ' ਕਲਪਿਆ ਗਿਆ। ਭਾਰਦੁਆਜ ਦੀ ਆਹੁਤੀ ਦੇਣ ਤੋਂ ਸੋਹਣੇ ਲੱਕ ਵਾਲਾ ਜੁਆਨ ਅਗਨੀ ਕੁੰਡ 'ਚੋਂ ਨਿਕਲਿਆ। ਉਸ ਦਾ ਨਾਉਂ 'ਸੁਲੰਕੀ' ਰਖਿਆ ਗਿਆ। ਸਭ ਤੋਂ ਪਿਛੋਂ ਬਿਸ੍ਵਾਮਿਤਰ ਦੀ ਆਹੂਤੀ ਤੋਂ ਚੌੜੀ ਛਾਤੀ ਵਾਲਾ ਅਤੇ ਬਹੁਤ ਪ੍ਰਬਲ ਜੋਧਾ ਜੋ ਪ੍ਰਗਟ ਹੋਇਆ। ਉਸ ਦਾ ਨਾਮ 'ਚੌਹਾਨ' ਰਖਿਆ ਗਿਆ। ਇਨ੍ਹਾਂ ਚੌਹਾਂ ਆਗੂਆਂ ਨੂੰ ਪਿਛਲੀਆਂ ਜੋਧਾ ਕੌਮਾਂ ਦੇ ਜਥੇਦਾਰ ਬਣਾ ਕੇ ਭਿੰਨ ੨ ਬੰਸਾਂ ਦੇ ਜ਼ੋਰਾਵਰ ਅਤੇ ਮਾਰ ਖੋਰੇ ਜੁਆਨਾਂ ਦੀ ਸੈਨਾਂ ਨੂੰ ਸ਼ਸਤ੍ਰ ਵਿਦਿਆ ਸਿਖਾ ਕੇ ਘਟੀਆ ਰਾਜ਼ਪੂਤਾਂ ਦੇ ਮੁਕਾਬਲੇ ਤੇ ਮਹਾਂ ਉਦਾਰ ਅਤੇ ਸਿਰਲਥ 'ਰਾਜਪੂਤ' ਨਾਮਧਾਰੀ ਨਵੀਨ ਬੰਸ ਤਯਾਰ ਕੀਤੀ ਗਈ। ਜਿਸ ਨੇ ਓਸ ਹੋਛੀ ਸ੍ਰੇਣੀ ਦਾ ਨਾਸ ਕਰ ਕੇ ਬਿਦੇਸ਼ੀ ਕੌਮਾਂ ਨੂੰ ਮੁੜ ਉਨ੍ਹਾਂ ਦੇ ਦੇਸੀਂ ਵਾੜ ਦਿਤਾ। ਜੋ ੨੫੦੦ ਬਰਸ ਤਕ ਭਾਰਤ ਵਲ ਮੁੜ ਨਹੀਂ ਝਾਕੀਆਂ। ਜਦੋਂ ਮਹਾਂ ਭਾਰਤ ਦੇ ਜੁੱਧ ਵਿਚ ਵਡੇ ਵਡੇ ਛਤ੍ਰੀ ਰਾਜੇ ਅਤੇ ਰਾਜ ਨਸ਼ਟ ਅਤੇ ਭ੍ਰਸ਼ਟ ਹੋ ਗਏ ਅਤੇ ਜਾਲਿਮ ਅਜੈ ਸਿੰਘ ਦਾ ਰਾਜ ਭੀ ਕੁਰਛੇਤ੍ਰ ਤਕ ੨੦—੩੦ ਬਰਸ ਚੰਮ ਦੀਆਂ ਚਲਾ ਕੇ ਸ਼ਾਂਤ ਹੋ ਗਿਆ। ਤਾਂ ਅਨਾਥ ਤੇ ਨਿਰਬਲ ਸਮਝ ਕੇ ਈਰਾਨ, ਤੂਰਾਨ, ਬਲਖ, ਸਕਸਥਾਨ, ਫਿਨਸ਼ੀ ਅਤੇ ਬਾਬਲ ਤੇ ਸੀਰੀਆ ਦੇਸ ਦੀਆਂ ਸਭ ਕੌਮਾਂ, ਇਕ ਦੂਜੇ ਦੀ ਦੇਖਾ ਦੇਖੀ, ਅਟਕੋਂ ਉਰਾਰ, ਵਿਸ਼ੇਸ਼ ਕਰਕੇ ਮੁਲਤਾਨ ਦੇ ਆਲੇ ਦੁਆਲੇ ਲੁਟ ਮਾਰ ਮਚਾਉਣ ਲਗੀਆਂ ਤਾਂ ਏਸ ਅੰਧਾ ਧੁੰਧ ਦੇ ਵੇਲੇ ਅਸੀਰੀਆ ਦੀ ਮਲਕਾ ਨੂੰ ਪੁਰਾਣਾ ਵੈਰ ਲੈਣ ਦੀ ਲਾਲਸਾ ਹੋਈ। ਇਹ ਕੌਮ ਅਤੇ ਫਿਨਸ਼ੀ ਲੋਕ ਪੁਰਾਣੇ ਦ੍ਰਾਵੜ—'ਪਣੀਆਂ' ਦੀ ਸੰਤਾਨ ਵਿਚੋਂ ਹੀ ਸਨ, ਜੋ ਦੇਵ—ਦੈਂਤਾਂ ਦੇ ਸਮੇਂ ਇੰਦ੍ਰ ਦੇ ਧੜੇ ਦੇ ਉਲਟ ਤੁਸ਼ਟਾ ਰਿਸ਼ੀ ਦੇ ਅਨੁਯਾਯੀ ਹੋਣ ਕਰਕੇ ਮੀਡੀਆ, ਚੇਲਡੀਆ, ਫਿਨਸ਼ੀਆ (ਅਸਲ

Digitized by Panjab Digital Library | www.panjabdigilib.org

ਵਿਚ ਪਣੀਆਸ਼ਯ) ਵਿਚ ਦੈਂਤਾਂ ਨਾਲ ਹੀ ਭਾਰਤ ਨੂੰ ਛਡਕੇ ਇਨ੍ਹਾਂ ਪੱਛਮੀ ਦੇਸ਼ਾਂ ਵਿਚ ਆ ਲੁਕੇ ਸਨ। ਅਤੇ ਪਿਛੋਂ ਆਪਣੇ ਨਾਲ ਆਉਣ ਵਾਲੇ ਖੱਤੀ ਤੁਖਾਣਾਂ ਦੇ ਉੱਦਮ ਨਾਲ ਏਸ਼ੀਆ ਮਾਈਨਰ (ਅਸੀਰੀਆ ਤੇ ਸੁਮੇਰੀਆ) ਵਿਚ ਕਾਨਾਂ ਖੋਦ ਕੇ, ਦੇਸ ਆਬਾਦ ਕਰਕੇ ਆਪਣੇ ਪਿਛੋਕੇ ਦੇ ਨਾਉਂ ਤੇ ਨਿਨਯ (ਨਿਨਵਾ) ਨਿਸ਼ਾ ਤੇ ਨਿਰਯ ਆਦਿ ਨਗਰ ਬਸਾ ਕੇ 'ਬਾਬਲ' ਦੇ ਵਡੇ ੨ ਰਾਜ ਅਸਥਾਪਨ ਕਰ ਬੈਠੇ ਸਨ। ਇਨ੍ਹਾਂ ਦੀ ਇਕ ਸਾਖਾ ਮਾਲਾਬਾਰ ਦੇ ਕੰਢੇ ਤੇ ਰਹਿੰਦੀ ਸੀ। ਉਹ ਸਮੁੰਦਰੀ ਬਿਉਪਾਰ ਕਰਦੀ ਕਰਦੀ ਮਿਸ੍ਰ ਦੇਸ ਨਾਲ ਬਿਉਪਾਰ ਕਰਨ ਦੇ ਬਹਾਨੇ ਸਮੁੰਦ੍ਰੀ ਡਾਕੇ ਮਾਰ ਮਾਰ ਕੇ ਬੜੀ ਧਨਾਢ ਬਣ ਗਈ ਸੀ। ਹੌਲੀ ਹੌਲੀ ਉਹ ਇਕਸ਼ਵਾਕੂ ਬੰਸੀਆਂ ਦਾ ਰਾਜ ਸਿਥਲ ਹੋ ਜਾਣ ਤੇ ਮਿਸ੍ਰ ਦੀ ਵਸਨੀਕ ਅਤੇ ਰਾਜਾ ਬਣੀ। ਉਸ ਵਿਚੋਂ ਹੀ ਯੂਸਫ, ਯਾਕੂਬ ਅਤੇ ਇਬ੍ਰਾਹੀਮ ਹੁਰਾਂ ਦੀ ਇਸਰਾਈਲ ਕੌਮ ਪੈਦਾ ਹੋਈ। ਅਤੇ ਇਹ ਓਹੋ ਸੀ ਜਿਨ੍ਹਾਂ ਤੋਂ ਹਜ਼ਰਤ ਇਬਰਾਹੀਮ ਨੇ ਕਾਬਾ ਬਣਾਉਣ ਲਈ ਭੋਇੰ ਮੁਲ ਲਈ ਸੀ। ਪਣੀਆਂ-ਸੌਦਾਗਰਾਂ (ਪ੍ਰਸਿਧ ਚੋਰਾਂ) ਦੇ ਮਿਸ੍ਰ ਤੇ ਅਧਿਕਾਰ ਜਮਾਇਆਂ ਅਜ ੬੫੦੦ ਬਰਸ ਦੇ ਲਗ ਪਗ ਹੁੰਦੇ ਹਨ। ਅਤੇ ਹਜ਼ਰਤ ਇਬ੍ਰਾਹੀਮ ਨੂੰ ੫੬੦੦ ਬਰਸ ਹੁੰਦੇ ਹਨ। ਸੋ ਬਾਬਲ ਰਾਜ ਕਾਇਮ ਹੋਏ ਨੂੰ ੬੦੦੦ ਬਰਸ ਦੇ ਲਗ ਪਗ ਹੋਏ। ਉਨ੍ਹਾਂ ਦੇਸਾਂ ਦੇ ਲੋਕਾਂ ਵਿਚ ਭਾਰਤੀਆਂ ਨਾਲ ਪੁਰਾਣੇ, ਵੈਰ ਦੀਆਂ ਕਹਾਣੀਆਂ ਪ੍ਰਚਲਿਤ ਸਨ। ਅਤੇ ਅਪਣਾ ਪਿਛੋਕਾ ਦੇਸ ਮੁੜ ਪ੍ਰਾਪਤ ਕਰਨ ਦੇ ਲਾਲਚ ਨੇ ਭੀ ਉਨ੍ਹਾਂ ਨੂੰ ਏਥੇ ਚੜ੍ਹਾਈ ਕਰਨ ਲਈ ਬਿਹਵਲ ਕਰ ਦਿਤਾ। ਪਰ ਓਸ ਸਮੇਂ ਭਾਰਤ ਦੀ ਰਖਿਆ ਲਈ ਅਗਨੀ ਕੁਲ ਦੀ ਪ੍ਰਧਾਨਗੀ ਹੇਠ ਮਹਾ ਜੋਧਾ-ਰਾਜਪੂਤ ਕੌਮ ਤਿਆਰ ਹੋ ਚੁਕੀ ਸੀ। ਜਿਨ੍ਹਾਂ ਵਿਚ ਪ੍ਰਮਾਰ ਸਭ ਤੋਂ ਵਡਾ ਅਤੇ ਬਹੁਤੇ ਪ੍ਰਵਾਰ ਵਾਲਾ ਸੀ। ਓਸ ਦੀ ਵਸੋਂ ਭੀ ਭਾਰਤ ਦੀ ਹੱਦ ਉਪਰ ਮੁਲਤਾਨ ਤੇ ਸਿੰਧ ਵਲ ਕਾਇਮ ਕੀਤੀ ਗਈ ਸੀ। ਸੋ ਓਸ ਲੋਹੇ ਦੀ ਕੰਧ ਨਾਲ ਉਪਰੋਕਤ ਅਸੀਰਨ ਮਲਕਾ ਦਾ ਟਾਕਰਾ ਹੋਇਆ। ਜਿਸ ਵਿਚ ਪ੍ਰਮਾਰਾਂ ਦੀ ਪੂਰੀ ਪੂਰੀ ਜਿੱਤ ਹੋਈ। ਪਰ ਕੁਝ ਚਿਰ ਠਹਰ ਕੇ ਬੜੀ ੨ ਤਿਆਰੀ ਨਾਲ ਹੋਰ ਵਿਦੇਸੀ ਕੌਮਾਂ ਓਸੇ ਸਦੀ ਵਿਚ ਪੰਚ ਨਦ ਦੇ ਰਾਹੀਂ ਉਤਰੀ ਮਦ੍ਰ ਦੇਸ ਵਿਚ ਦੇਂਦੀਆਂ ਹੋਈਆਂ ਵਰਤਮਾਨ ਜੈ ਪੁਰ ਤੇ ਆਵੰਤੀ ਦੇ ਰਾਹੀਂ ਪ੍ਰਹਾਰ ਤੇ ਸੁਲੰਕੀਆ ਦੀ ਨਿਰਬਲਤਾ ਦੇ ਕਾਰਨ, ਲਾਟ, ਅਤੇ ਕਾਠੀਆਵਾੜ ਆਬਾਦ ਕਰਕੇ ਏਥੇ ਬਸ ਹੀ ਗਈਆਂ। ਪਰ ਪਿਛੋਂ ਆਉਣ ਵਾਲੇ ਦਲਾਂ ਨੂੰ ਚੌਹਾਣਾਂ ਨੇ ਅਪਣੇ ਇਲਾਕੇ-ਸਾਂਭਰ ਮਤੀ ਅਤੇ ਅਜਮੇਰ ਦੇ ਆਲੇ ਉਦਾਲੇ ਦੀ ਹੱਦ ਨ ਟੱਪਣ ਦਿਤਾ। ਅਤੇ ਉਨ੍ਹਾਂ ਨੂੰ ਚੁਫੇਰਿਓਂ ਘੇਰਾ ਪਾਕੇ ਸਭ ਦੇ ਸਭ ਨੂੰ ਅੱਗ ਵਿਚ ਸਾੜ ੨ ਖਤਮ ਕਰ ਦਿਤਾ। ਅਤੇ ਆਪਣੇ ਲਈ 'ਰੰਗ ਮਹਲ' ਨਗਰ ਵਸਾ ਕੇ ਰਾਜਧਾਨੀ ਬਣਾਈ। ਜੋ ਸਿਕੰਦਰ ਤੋਂ ਪਿਛੋਂ ਆਉਣ ਵਾਲੇ ਸ਼ੱਕਾਂ ਨੇ ਬਰਬਾਦ ਕੀਤਾ। ਜਿਸ ਦਾ ਥੇਹ ਗੰਗਾ ਨਗਰ ਕੋਲ ੧੨ ਕੋਹਾ ਲੰਬਾ ਤੇ ੧ ਮੀਲ ਚੌੜਾ ਪਿਆ ਹੈ। ਇਹ ਚਾਰੇ ਮਹਾ ਪੁਰਖ 'ਅਗਨੀ ਕੁਲ' ਰਾਜਪੂਤ ਕਹਾਏ। ਇਹਨਾਂ ਦੀਆਂ ਹੀ ਹੋਰ ਬਹੁਤੀਆਂ ਸ਼ਾਖਾ, ਪੜ ਸ਼ਾਖਾ ਹੋਈਆਂ, ਯਥਾ :-ਪ੍ਰਮਾਰਾਂ ਦੀਆਂ ੩੬, ਚੌਹਾਣਾਂ ਦੀਆਂ ੨੪ ਸੁਲੰਕੀਆ ਦੀਆਂ ੧੬ ਅਤੇ ਪਰਹਾਰਾਂ ਦੀਆਂ ੧੨ (ਕੁਲ ੮੮ ਸ਼ਾਖਾਂ) ਪ੍ਰਸਿਧ ਹਨ (ਦੇਖੋ ਟਾਡ ਰਾਜਿਸਥਾਨ)

ਕਈ ਏਸ ਗਲ ਨੂੰ ਇਉਂ ਕਥਨ ਕਰਦੇ ਹਨ। ਕਿ ਅਗਨੀ ਨਾਮੇ ਸੂਰਜ ਬੰਸੀ ਜੋਧੇ ਦੇ ਪਰਮਾਰ ਆਦਿ ਚਾਰ ਪੁਤ੍ਰ ਸਨ। ਉਹਨਾਂ ਦੀ ਅਗਵਾਈ ਵਿਚ ਮਹਾ ਜੋਧਾ ਸ਼੍ਰੇਣੀ ਪ੍ਰੋਹਿਤਾਂ ਨੇ ਤਿਆਰ

Digitized by Panjab Digital Library | www.panjabdigilib.org

ਕੀਤੀ। ਅਤੇ ਪ੍ਰਮਾਰਾਂ ਦੀ ਸੰਤਾਨ ਬਹੁਤ ਹੋਣ ਕਰ ਕੇ ਅਤੇ ਵਿਜੈ ਦਾ ਅੰਤਿਮ ਸਿਹਰਾ ਚੌਹਾਣਾਂ ਦੇ ਸਿਰ ਹੋਣ ਤੇ ਭਾਰਤ ਵਾਸੀਆਂ ਵਿਚ ਇਹ ਧਾਰਨਾ ਬਣ ਗਈ 'ਧਰੰਤੀ ਪਰਮਾਰਾਂ ਦੀ ਤੇ ਫ਼ਤਹ ਚੌਹਾਣਾਂ ਦੀ'

ਪ੍ਰਮਾਰਾਂ ਦੀ ਮੁਖਰਾਜਧਾਨੀ ਉਸ ਸਮੇਂ 'ਅਚੱਲ ਗੜ੍ਹ' ਸੀ। ਕਰਕੋਟ ਨਗਰ, (ਜੈਪੁਰ ਕੋਲ) ਲਖ ਤੁਤਲਾਣੀ, ਆਦੀ ਮੁਖ ਨਗਰ ਸਨ। ਪ੍ਰਹਾਰਾਂ ਦੀ ਰਾਜਧਾਨੀ ਮਾਹਿਸ਼ਮਤੀ ਅਤੇ ਸੋਲੰਕੀਆਂ ਦੀ ਬੱਲਭੀ ਪੁਰ ਸੀ। ਹੋਰ ਨਗਰ ਅਜਲਵਾੜਾ ਪਟਣ ਅਤੇ ਸਿਵਪੁਰ ਆਦਿ ਸਨ। ਉਰਲੇ ਸਮੇਂ ਵਿਚ ਬਾਹਰੋਂ ਆਕੇ ਵਸਣ ਵਾਲੀਆਂ, ਜੱਟ, ਗੁੱਜਰ ਅਤੇ ਭੀਲ, ਗੋਂਡਾ ਆਦੀ ਜੰਗਲੀ ਕੌਮਾਂ ਨੇ ਭੀ ਇਹਨਾਂ ਨਵੀਨ ਛਤ੍ਰੀਆਂ (ਰਾਜਪੂਤਾਂ) ਨਾਲ ਰਲ ਕੇ ਏਸ ਬੰਸ ਦੀ ਪ੍ਰਬਲਤਾ ਅਤੇ ਮਹਾਨਤਾ ਨੂੰ ਚਾਰ ਚੰਦ ਲਾ ਦਿਤੇ। ਨਵੀਨ ਸਮੇਂ ਵਿਚ ਭਾਵੇਂ ਉਨ੍ਹਾਂ ਦੇ ਗਣ ਰਾਜ ਤਾਂ ਨਸ਼ਟ ਹੋ ਗਏ ਸਨ। ਪਰ ਅਪਣੀ ਸਾਮਰਾਜਤਾ ਦੀ ਅਵਸਥਾ ਵਿਚ ਭੀ ਉਨ੍ਹਾਂ ਨੇ ਬਿਦੇਸ਼ੀ ਲੁਟੇਰਿਆਂ ਤੋਂ ਦੇਸ ਦੀ ਬੜੀ ਰਖਿਆ ਕੀਤੀ। ਜਿਨ੍ਹਾਂ ਵਿਚੋਂ ਆਵੰਤੀ ਦੇ ਰਾਜਾ 'ਯਸ਼ੋਧਰਮਨ' ਥਾਨੇਸਰ ਦੇ ਰਾਜਾ ਪ੍ਰਭਾਕਰ ਵਰਧਨ, ਅਤੇ ਭੀਲ ਰਾਜਾ ਗੋਹ ਨੇ ਬਿਦੇਸ਼ੀਆਂ ਤੋਂ ਭਾਰਤ ਨੂੰ ਬਚਾਕੇ ਇਤਿਹਾਸ ਵਿਚ ਏਸੇ ਕੌਮ ਦਾ ਨਾਮ ਰੌਸ਼ਨ ਕੀਤਾ। ਧਾਰਾ ਨਗਰੀ ਦੇ ਰਾਜਾ ਭੋਜਰਾਜ ਨੇ ਮਹਿਮੂਦ ਗ਼ਜ਼ਨਵੀ ਨੂੰ ਗਵਾਲੀਆਰ ਦੇ ਅਸਥਾਨ ਤੇ ਬੁਰੀ ਤਰਾਂ ਹਰਾਇਆ। ਅਤੇ ਵਿਸ਼ਾਲ ਦੇਵ ਚੌਹਾਨ ਨੇ ਅਜਮੇਰ ਦੇ ਅਸਥਾਨ ਤੇ ਮਹਿਮੂਦ ਨੂੰ ਪਹਿਲੀ ਵਾਰ ਹੀ ਹਰਾ ਦਿਤਾ ਸੀ।

ਇਹਨਾਂ ਪੁਰਾਤਨ ਰਾਜਪੂਤਾਂ ਦੇ ਕਈ ਗਣ ਇਸੇ ਗੁਰੂ ਕੇ 'ਮਾਲਵੇ' ਵਿਚ ੯੦੦ ਬਰਸ ਤਕ ਸੁਤੰਤਰ ਵਸਦੇ ਰਹੇ, ਇਹ ਲਗ ਪਗ ਅਜ ਤੋਂ ੪੯੦੦ ਬਰਸ ਤੋਂ ਲੈ ਕੇ ਚਾਰ ਹਜ਼ਾਰ ਬਰਸ ਤਕ ਦਾ ਸਮਾ ਹੈ। ਓਸ ਸਮੇਂ ਗੁਰੂ ਕੇ ਮਾਲਵੇ ਵਿਚ ਨਾਗਬੰਸ, ਉੱਤਮ ਭਦ੍ਰ, ਬਰ੍ਹੇ, ਜੋਧੇ, ਗੱਖੜ, ਖੋਖਰਾਇਣ, ਜੋਹੀਏ, ਪੂਰਬੇ, ਅਰਜਨਾਇਣ ਅਤੇ ਯਾਦਵਗਣ ਪੰਚਾਇਤੀ ਰਾਜ ਕਰਦੇ ਸਨ। ਰਾਜਪੂਤਾਨੇ ਵਿਚ ਅਟਕ ਤੋਂ ਚੰਬਲ ਤਕ, ਦੱਖਣ ਨੂੰ ਨਰਬਦਾ ਤਕ ਪੂਰਬੋਕਤ ਅਗਨੀ ਕੁਲ ਦੇ ੧੦੦ ਗਣ ਬੜੀ ਨਿਰਭੈਤਾ ਅਤੇ ਪੂਰੀ ਸੁਤੰਤ੍ਰਤਾ ਨਾਲ ਵਿਰਾਜਦੇ ਰਹੇ।

## ਵਿਸ਼ਨੂਰਾਤ ਦਾ ਸਮਾ

ਇਨ੍ਹਾਂ ਦੇ ਪੂਰਬੋਕਤ ਪ੍ਰਕਾਰਾਂ ਤੋਂ ਬਿਨਾ ਰਾਜਪੂਤਾਂ ਦੀ ਉਤਪੱਤੀ ਹੋਰ ਭੀ ਕਈ ਪ੍ਰਕਾਰ ਹੋਈ ਹੈ। ਜੈਸੇ ਪਦਮ ਚੰਸੰ-ਰਿਸਕ੍ਰਤ ਕੋਸ਼ ਵਿਚ ਵੈਸ਼ ਅਤੇ ਇਕ ਘਟੀਆ ਜਾਤਿ ਦੀ ਕੰਨਿਆ ਤੋਂ ਬੇਰੜੀ ਬੰਸ ਹੋਣੀ ਲਿਖੀ ਹੈ। ਇਸ ਤੋਂ ਬਿਨਾ ਜਦ ਤੋਂ ਪੱਛਮੀ ਯਵਨ ਰਾਜਿਆਂ ਦੀਆਂ ਕੰਨਿਆਵਾਂ ਜਾਂ ਸ਼ੱਕ ਬੰਸੀ ਲੜਕੀਆਂ ਦਾ ਭਾਰਤੀ ਰਾਜਿਆਂ ਦੇ ਮਹਲਾਂ ਵਿਚ ਉਨ੍ਹਾਂ ਦੀਆਂ ਦਾਸੀਆਂ ਜਾਂ ਚੌਰਧਾਰਨੀਆਂ ਦੇ ਰੂਪ ਵਿਚ ਪ੍ਰਵੇਸ਼ ਹੋਇਆ ਦੇਖਦੇ ਹਾਂ ਤਦ ਤੋਂ ਜੋ ਉਨ੍ਹਾਂ ਦੀ ਸੰਤਾਨ ਰਾਜਿਆਂ ਅਤੇ ਰਾਜ ਪੁਰਖਾਂ ਤੋਂ ਹੋਈ ਦੇਖਦੇ ਹਾਂ। ਓਸ ਸੰਤਾਨ ਨੂੰ ਰਾਜ ਪੁਤ੍ਰ ਨ ਕਹਿਕੇ, ਪ੍ਰਾਕ੍ਰਿਤ ਨਾਮ (ਘਟੀਆ) 'ਰਾਜਪੂਤ' ਕਰਕੇ ਸੁਣਦੇ ਹਾਂ ਇਨ੍ਹਾਂ ਦੇ ਜੀਉਂਦੇ ਜਾਗਦੇ ਉਦਾਹਰਣ ਭਾਰਤੀ 'ਰਾਜਪੂਤ' ਠਾਕਰਾਂ ਰਾਜਿਆਂ ਦੇ ਪੁਤ੍ਰ 'ਗੋਲੇ' ਰਾਜਪੂਤ ਅਜ ਤਕ ਦੇਖਦੇ ਹਾਂ। ਜੈਪੁਰ ਆਦਿ ਰਾਜਿਆਂ ਨਾਲ ਉਨ੍ਹਾਂ ਦੀਆਂ ਕੁਝ

Digitized by Panjab Digital Library | www.panjabdigilib.org

ਸ੍ਰੇਣੀਆਂ ਦਾ ਵਰਤਮਾਨ ਵਿਚ ਕੁਝ ਝਗੜਾ ਭੀ ਸੁਣਿਆ ਗਿਆ ਹੈ। ਮਹਾਰਾਜਾ ਪਟਿਆਲਾ ਨੇ ਤਾਂ ਗੋਲਿਆਂ ਨੂੰ ਕੁਝ ਭੋਂਇ ਦੇ ਕੇ ਸੰਤੁਸ਼ਟ ਕਰ ਦਿਤਾ ਸੀ।

ਇਨ੍ਹਾਂ ਤੋਂ ਬਿਨਾਂ ਵੈਸ਼ਨੋਈ ਰਾਜਪੂਤਾਂ ਦੀ ਉਤਪੱਤੀ ਹੋਰ ਹੀ ਅਣੋਖੇ ਢੰਗ ਨਾਲ ਹੋਈ ਸੁਣਦੇ ਹਾਂ। ਜੋ ਅਜ ਕਲ ਦੀ ਸਭਤਾ ਦੇ ਉਲਟ ਹੋਣ ਕਰ ਕੇ ਲਿਖਣੀ ਯੋਗ ਨਹੀਂ ਪਰੰਤੂ ਅਸਲੀ ਅਤੇ ਉਚੇ ਦਰਜੇ ਦੇ ਰਾਜਪੂਤ ਅਗਨੀਕਲ੍ਹ ਦੇ ਹੀ ਹਨ। ਜਿਨ੍ਹਾਂ ਨੇ ਮਝਲੇ ਸਮੇ ਵਿਚ ੫੦੦ ਬਰਸ ਸੁਤੰਤਰ ਰਾਜ ਕੀਤਾ। ਅਤੇ ਰਜਵਾੜੇ ਖੁਸ ਜਾਣ ਤੋਂ ਭੂਮੀਏ, ਵਿਸਵੇਦਾਰ ਹੁੰਦੇ ਹੋਏ ਖੇਤੀ ਦਾ ਕਿੱਤਾ ਕਰਨ ਕਰਕੇ ਕੁਝ ਜੱਟਾਂ ਦੇ ਪ੍ਰਭਾਵ ਕਰਕੇ ਅਤੇ ਉਨ੍ਹਾਂ ਦੇ ਦੇਸ ਵਿਚ ਆ ਬਸਣ ਦੇ ਗਉਂ ਕਰਕੇ ਜੋ ਬਣੇ ਬਣਾਏ ਰਾਜਪੂਤਾਂ ਤੋਂ ਆਪ ਨੂੰ ਜੱਟ ਕਹਾਉਣ ਲਗੇ। ਅਤੇ ਕਈ ਪਹਾੜਾਂ ਵਿਚ ਰਜਵਾੜੇ ਬਣਾ ਕੇ ਆਪ ਨੂੰ ਅਗਨੀ ਕੁਲ ਰਾਜਪੂਤ ਅਥਵਾ ਡੂਗਰ ਦੇਸ ਵਿਚ ਬਸਣ ਕਰਕੇ ਆਪ ਨੂੰ ਡੋਗਰਾ ਰਾਜਪੂਤ ਕਹਾਉਣ ਲਗੇ। ਇਹ ਸਭ ਉਨ੍ਹਾਂ ਅਗਨੀ ਕੁਲ ਦੇ ੪ ਸੁੱਧ ਰਾਜਪੂਤਾਂ ਵਿਚੋਂ ਹਨ। ਅਤੇ ਕੁਝ ਚੰਦ੍ਰਬੰਸੀ ਚੰਦੇਲ ਅਤੇ ਸੂਰਜਬੰਸੀ ਠਾਕਰਾਂ ਨਾਲ ੩੦ ਕੌਮਾਂ ਜੱਟਾਂ ਦੀਆਂ ਬਾਹਰੋਂ ਆਈਆਂ ਰਲ ਕੇ ੩੬ ਸ਼ਾਹੀ ਕੌਮਾਂ ਹਨ ਜੋ ਵਰਤਮਾਨ ਵਿਚ ਭਾਰਤੀ ਰਾਜਿਆਂ ਜਾਂ ਵਡੀਆਂ ਜਾਤਾਂ ਦੀਆਂ ਵਡਾਰੂ ਹਨ। ਅਤੇ ਹਰੇਕ ਕੌਮ ਦੀ ਛੱਤੀ ਉਨ੍ਹਾਂ ਵਿਚ ਹੀ ਜਾ ਰਲਦੀ ਹੈ।

## ਵਿਸ਼ਨੂੰਰਾਤ (ਅਰਜਨਾਇਨ) ਦਾ ਸਮਾਂ

ਪੂਰਬੋਕਤ ਰਾਜਪੂਤ ਗਣਾਂ ਤੋਂ ਪਿਛੋਂ ਪਾਂਡਿਵਾਂ ਦੀ ਬੰਸ ਵਿਚਲੇ ਅਰਜਨਾਇਨ ਗਣ ਦੇ ਮੁਖੀਏ—'ਵਿਸ਼ਨੂੰਰਾਤ' ਨੇ ਨਾਗ ਬੰਸੀਆਂ ਤੋਂ ਥਾਨੇਸਰ ਖੋਹ ਲਿਆ। ਅਤੇ ਓਥੇ ਆਪਣੀ ਰਾਜਧਾਨੀ ਬਣਾ ਕੇ ਬਿਆਸਾ ਦੇ ਕੰਢੇ ਤੇ, ਜੋ ਓਦੋਂ ਸਤਲੁਜ ਦੇ ਥਾਂ ਵਗਦਾ ਸੀ, ਦੁਆਬੇ, ਜੰਗਲ ਤੇ ਪੁਆਧ ਵਿਚਕਾਰ, ਇਲਾਕੇ ਦੇ ਨਾਉਂ ਤੇ 'ਵਿਰਾਟ ਨਗਰ' ਦੇ ਥੇਹ ਤੇ 'ਤਿਹਾੜਾ' ਨਾਮ ਦਾ ਨਗਰ ਬਸਾਇਆ। ਅਤੇ ਅਪਣੇ ਬੜੇ ਅਰਜਨ ਦੇ ਨਾਉਂ ਤੇ ਕਿਲਾ ਅਜਨੇਰ (ਨਗਰ ਜਨੇਰ, ਤਹਿਸੀਲ ਜ਼ੀਰਾ, ਜਿਲਾ ਫੀਰੋਜ਼ਪੁਰ ਵਿਖੇ ਗੁਰੂ ਨਾਨਕ ਦੇਵ ਹਾਈ ਸਕੂਲ, ਇਤਿਹਾਸ ਕਰਤਾ ਸ੍ਰੀ ਸੰਤ ਵਿਸਾਖਾ ਸਿੰਘ ਜਨੇਤ ਪੁਰਾ ਦੀ ਪ੍ਰੇਰਨਾ ਨਾਲ ਪ੍ਰਾਰੰਭ ਹੋਇਆ ਹੈ) (ਅਰਜਨ ਨਗਰ) ਬਸਾ ਕੇ ਆਪਣੀ ਉਪਰਾਜਧਾਨੀ ਬਣਾਈ। ਉਸ ਸਮੇਂ 'ਵਿਸ਼ਨੂਰਾਤ' ਦੇ ਅਧੀਨ ਮਾਲਵੇ ਤੋਂ ਬਿਨਾ ਸੂਰਸੇਨ ਮੱਧ ਪ੍ਰਦੇਸ ਦਾ ਪੱਛਮੀ ਹਿੱਸਾ, ਪੂਰਬ ਵਲ ਕਨੌਜ, ਦੱਖਣ ਵਲ ਸਾਂਭਰ ਮਤੀ, ਕਰਕੋਟ ਨਗਰ (ਜੈ ਪੁਰ ਕੋਲ) ਤਕ ਦਾ ਇਲਾਕਾ ਸੀ। ਕਈ ਪੁਰਾਣੇ ਆਦਮੀਆਂ ਤੋਂ ਸੁਣਿਆ ਹੈ ਕਿ ਓਸ ਸਮੇਂ ਸਤਲੁਜ ਤੇ ਬਿਆਸ ਦਾ ਸੰਗਮ ਵਰਤਮਾਨ ਲੋਹਟ ਬੱਦੀ ਕੋਲ ਕਿਸਨ ਦੀਪ ਨਾਮ ਨਗਰ ਕੋਲ ਸੀ, ਕੋਈ ਵਿਰਾਟ ਨਗਰ ਨੂੰ ਹੀ ਕਿਸ਼ਨ ਦੀਪ ਆਖਦੇ ਹਨ। ਜਿਥੇ ਬੇਦ ਬਿਆਸ ਰਹਿੰਦਾ ਸੀ। ਦੂਜੇ ਤਿਹਾੜੇ ਰਾਜ ਦੀਆਂ ਫੌਜਾਂ ਦੀ ਛਾਉਣੀ ਹਠੂਰ ਸੀ, ਖੇਡਾਂ ਤੇ ਪਰੇਡਾਂ ਦੇ ਮੈਦਾਨ ਭੀ ਏਥੇ ਹੀ ਸਨ। ਅਤੇ ਤਿਹਾੜੇ ਤੋਂ ਭਾਵ, ਜੰਗਲ ਦੂਜੇ ਪੁਆਧ ਅਤੇ ਤੀਜਾ ਦੁਆਬਾ, ਇਨ੍ਹਾਂ ਤਿਹਾਂ ਦੀਆਂ ਹੱਦਾਂ ਏਥੇ ਮਿਲਦੀਆਂ ਸਨ। ਅਤੇ ਇਕ ਪਾਸੇ ਵੀਹ ਕੋਹ ਲੰਬਾ ਅਤੇ ਦੂਜੇ ਪਾਸੇ ੧੫–੧੫ ਕੋਹ ਚੜਾਂਦ ਵਿਚ ਹੋਣ ਕਰਕੇ ਏਸ ਮਹਾਂ ਪ੍ਰਾਂਤ ਦਾ ਨਾਉਂ 'ਤ੍ਰਿਹਾਰਾ' (ਤਿਹਾੜਾ) ਰਖਿਆ ਗਿਆ ਸੀ (ਦੇਖੋ ਨਕਸ਼ਾ) ਲਗ ਭਗ ੭੦੦ ਬਰਸ ਰਿਹਾ। ਅਤੇ ਇਸ ਦੇ

Digitized by Panjab Digital Library | www.panjabdigilib.org

ਅੰਤਿਮ ਦਿਨਾਂ ਵਿਚ ਏਸ ਦੀ 'ਹੈਹਯ' ਸ਼ਾਖ਼ਾ ਦੇ ਬਹੁਤ ਸਾਰੇ ਛੋਟੇ ਛੋਟੇ ਰਾਜ ਬਣ ਗਏ। ਜਿਨ੍ਹਾਂ ਦੇ ਅਧੀਨ ਕਨੌਜ, ਕਾਂਲੰਜਰ (ਕਲਚੁਰਿ), ਚੰਦੇਲ਼ਾ, ਚੰਦੇਰੀ, ਮਥਰਾ ਅਤੇ ਚੇਦੀ ਆਦ ਸਨ। ਬਿੰਧਯਾਚਲ ਤੇ ਉਰੇ ਜੋ ਚੰਦ੍ਰਬੰਸੀ ਰਾਜ ਅਸਥਾਪਨ ਹੋਏ।ਉਨ੍ਹਾਂ ਵਿਚੋਂ ਬਹੁ ਗਿਣਤੀ ਵਿਚ ਏਸੇ ਸ਼ਾਖਾ ਦੀ ਸੰਤਾਨ ਦੀ ਸੀ।

ਏਸ ਰਾਜ ਦੇ ਆਰੰਭਕ ਸਮੇਂ ਵਿਚ ਕੁਝ ਸੂਤ੍ਰ ਗ੍ਰੰਥ ਵਿਆਕਰਣ, ਜੋਤਿਸ਼, ਦਰਸ਼ਨ ਸ਼ਾਸਤ੍ਰ ਅਤੇ ਨਿਰੁਕਤ ਆਦੀ ਦੀ ਰਚਨਾ ਹੋਣ ਤੋਂ ਇਲਾਵਾ ਖੋਈ ਹੋਈ ਵੈਦਿਕ ਸਭਯਤਾ ਅਤੇ ਦੌਲਤ ਦੀ ਨਵੇਂ ਸਿਰੇ ਤੋਂ ਮੁੜ ਉੱਦੇ ਸ਼ਾਹੀ ਭੀ ਹੋਈ। ਏਸ ਬੰਸ ਦੇ ਸਮੇਂ ਮਾਲਵੇ ਵਿਚ 'ਤਿਹਾੜਾ' ਸੁਨਾਮ ਛਪਾਰ, ਕੈਥਲ, ਹਿਠੂਰ, ਥਾਨੇਸਰ ਅਤੇ ਸੁਨੇਤ ਆਦੀ ਨਗਰ ਬਿਉਪਾਰ ਦੇ ਕੇਂਦ੍ਰ ਸਨ। ਇਸ ਸਾਮਰਾਜ ਦੇ ਆਰੰਭਕ ਸਮੇਂ ਵਿਚ ਕੁਛ ਬ੍ਰਾਹਮਣੀਭਾਗ, ਯਾਸਕਦੀ ਨਿਰੁਕਤ ਪਾਣਿਨੀਯ ਵਿਆਕਰਣ, ਵਿਆਡਿ-ਕ੍ਰਿਤ ਕੋਸ਼ ਆਦੀ ਆਕਰ ਗ੍ਰੰਥਾਂ ਦੀ ਰਚਨਾ ਹੋਣਦੇ ਕਾਰਣ ਏਸ ਦੇਸ਼ ਦੀ ਭਾਸ਼ਾ ਵਿਦ੍ਵਾਨਾਂ ਦੀ ਭਾਸ਼ਾ,ਦੇਵ ਭਾਸ਼ਾ ਤਥਾ ਸ਼ਿਸ਼ਟ ਪੁਰਸ਼ਾਂ ਦੀ ਭਾਸ਼ਾ ਦੇ ਨਾਮ ਤੇ ਪ੍ਰਸਿਧ ਹੋਈ। ਜਿਸ ਤੋਂ ਵਰਤਮਾਨ ਸੰਸਕ੍ਰਿਤ ਭਾਸ਼ਾ ਦੀ ਉਤਪਤੀ ਅਤੇ ਬ੍ਰਿਧੀ ਹੋਈ। ਇਹ ਸਮਾਂ ਅਜ ਤੋਂ ੩੩੦੦ ਬਰਸ ਪੂਰਬ ਦਾ ਹੈ।

ਵਿਸ਼ਨੂੰਰਾਤ ਬੰਸ ਦੇ ਅੰਤਿਮ ਦਿਨਾਂ ਵਿਚ ਉਜੈਨੀ ਵਿਚ—'ਪ੍ਰਦਿਓਤ' ਬੰਸ ਦਾ ਰਾਜ ਹੋਇਆ। ਜੋ ੨੩੯ ਬਰਸ ਰਿਹਾ। ਓਸ ਸਮੇਂ ਮਗਧ ਵਿਚ ਲਿਛਵੀ, ਕਾਰਸਕਰ, ਵੱਜੀ ਅਤੇ ਮੱਲ੍ਹ ਆਦਿ ਦਾ ਗਣ ਰਾਜ ਸੀ। ਅਵਧ ਵਿਚ ਸ਼ਾਕੀ ਤੇ ਕੋਸਲਾਂ ਦਾ ਸੂਰ ਸੇਨ ਦੇਸ ਵਿਚ ਬੈਂਸ ਕੌਮ ਦਾ ਅਤੇ ਗੁਰੂ ਕੇ ਮਾਲਵੇ ਅੰਦਰ ਅਗਨੀ ਕੁਲ ਦੇ ਗਣਾਂ ਦਾ ਲੋਕ ਰਾਜ ਸੀ। ਜੋ ਸਿਕੰਦਰ ਦੇ ਵੇਲੇ ਚੜ੍ਹਦੀਆਂ ਕਲਾਂ ਵਿਚ ਸੀ।

## ਨਾਗਵੰਸ

ਪ੍ਰਦਿਓਤ ਬੰਸ ਤੋਂ ਨਾਗਬੰਸੀਆਂ ਨੇ ਆਵੰਤੀ ਅਤੇ ਵਿਦਿਸ਼ਾ (ਬੈਸ ਨਗਰ ਵਰਤਮਾਨ ਭੇਲਸਾ ਕੋਲ) ਨੂੰ ਖੋਹ ਲਿਆ ਅਤੇ ਮਗਧ ਵਿਚ ਭੀ ਆਪਣਾ ਰਾਜ ਅਸਥਾਪਨ ਕਰ ਲਿਆ ਜਿਸ ਨੂੰ ਅਜ ੩੨੦੦ ਬਰਸ ਹੋਏ ਹਨ। ਏਸ ਦੇ ੧੦ ਰਾਜੇ ਹੋਏ (੧) ਸ਼ਿਸ਼ਨਾਗ (੨) ਸ਼ੇਸ਼ਨਾਗ (੩) ਬਿੰਬ ਸਾਰ (੪) ਅਜਾਤ ਸ਼ਤਰੂ (੫) ਦਰਸ਼ਕ ਅਤੇ (੬) ਅਯਉਦਯਨੀ ਆਦਿ। ਦਰਸ਼ਕ ਨੇ ਆਪਣੀ ਪੁਤ੍ਰੀ ਪਾਟਲੀ ਦੇ ਨਾਮ ਤੇ 'ਪਾਟਲੀ ਪੁੱਤ੍ਰ' ਨਾਮੇ ਨਗਰ ਵਸਾਇਆ, ਜੋ ਪਿਛੋਂ 'ਪਟਨਾ' ਕਰ ਕੇ ਪ੍ਰਸਿਧ ਹੋਇਆ। ੩੦੦ ਬਰਸ ਤਕ ਇਸ ਬੰਸ ਦਾ ਮਗਧ ਵਿਚ ਰਾਜ ਰਿਹਾ।

'ਅਯ ਉਦੈਨੀ' ਦੇ ਵੇਲੇ ਮਾਲਵੇ ਦੇ 'ਹਰਿਆਣੇ' ਯਾਦਵਾਂ ਦੀ 'ਹੈਹਯ' ਸਾਖਾ ਵਿਚੋਂ ਹੀ ਅਹੀਰਾਂ ਦੇ ਮੇਲ ਤੋਂ ਤਿੰਨ ਬੰਸ ਪ੍ਰਬਲ ਹੋਏ (੧) ਅਹੀਰ (੨) ਗੁਆਲ ਬੰਸ (੩) ਨੰਦ ਬੰਸ ਇਹ ਬੰਸ ਕ੍ਰਿਸ਼ਨ ਦੀ ਪਾਲਿਕ ਸੀ। ਪਰ ਸੂਦ੍ਰਾਂ ਵਿਚ ਗਿਣੀ ਜਾਂਦੀ ਸੀ। (ਆਹੀਰਾਦਿਣਾ) ਦੀ ਟੁਕੜੀ ਉਪਰ ਅਹੀਰਾਂ ਦਾ ਰਾਜ ਹੋਇਆ। ਜੋ ੨੦੦ ਬਰਸ ਰਿਹਾ। ਇਨ੍ਹਾਂ ਦਾ ਮੁਖ ਅਸਥਾਨ ਅਹਰਿਆਊ ਡਸਕਾ ਸੀ। ਉਸ ਤੋਂ ਪਿਛੋਂ ਕੰਗਾਂ ਨੇ ਜੋ ਬਾਹਰੋਂ ਆਈ ਹੋਈ ਸ਼ੱਕ ਕੌਮ ਦੀ ਸ਼ਾਖਾ ਅਤੇ ਰਾਜਪੂਤਾਂ ਦੀ ਮਾਰ ਤੋਂ ਬਚੀ ਹੋਈ ਅਤੇ ਉਨ੍ਹਾਂ ਦੀ ਪ੍ਰਭੁਤਾ ਪਹਿਲਾਂ ਦੀ ਪਈ ਹੋਈ ਸੀ, ਉਨ੍ਹਾਂ ਨੇ ਅਹੀਰਾਂ

Digitized by Panjab Digital Library | www.panjabdigilib.org

ਤੋਂ ਰਾਜ ਖੋਹ ਲਿਆ। ੨੦੦ ਬਰਸ ਤਕ ਇਹਨਾਂ ਕੰਗਾਂ ਦਾ ਰਾਜ ਰਿਹਾ। ਇਹਨਾਂ ਦੀ ਮੁਖ ਰਾਜਧਾਨੀ ਭੱਡਲੀ ਨਦੀ ਉਪਰ ਕੰਗਗੜ੍ਹ (ਕਾਂਗੜ) ਸੀ ਜਿਸ ਕਰਕੇ ਘੱਗਰ ਦੇ ਉਰੇ ਤਕ ਦੇ ਇਲਾਕੇ ਦਾ ਨਾਉਂ 'ਕਾਂਗੜ' ਪੈ ਗਿਆ ਸੀ। ਭਦਰ ਵੱਢ ਅਤੇ ਭਦੌੜ ਇਹਨਾਂ ਦੇ ਸਹਾਇਕ ਉਤਮ ਭੱਦਰਾਂ ਦੇ ਨਗਰ ਸਨ। ਜਿਨ੍ਹਾਂ ਦਾ ਉਥੇ ਪੰਚਾਇਤੀ ਰਾਜ ਸੀ। ਇਸ ਬ੍ਰਿਤਾਂਤ ਨੂੰ ਅਜ ੨੫੦੦ ਬਰਸ ਹੋਏ ਹਨ।

## 'ਹੈਹਯ' ਦੀ ਸਾਖਾ ਨੰਦ ਬੰਸ (ਸੂਦ੍ਰ ਬੰਸ)

ਮਹਾਤਮਾ ਬੁੱਧ ਤੋਂ ਪਹਿਲਾਂ ਜਿਸ ਨੂੰ ਅਜ ਲਗ-ਪਗ ੨੫੦੦ ਬਰਸ ਹੁੰਦੇ ਹਨ। ਸ਼ਿਸ਼ਨਾਗ ਬੰਸ ਤੋਂ ਪਿਛੋਂ ਪਟਨੇ ਵਿਚ ਨੰਦੀ ਰਾਜੇ ਦਾ ਰਾਜ ਹੋਇਆ। ਜਿਸ ਦੇ ਕ੍ਰਮ ਤੇ ਹੇਠ ਲਿਖੇ ਪੰਜ ਰਾਜੇ ਹੋਏ:–(੧) ਪ੍ਰਥਮ ਨੰਦ ਜਾਂ ਨੰਦੀ (੨) ਨੰਦਿ ਵਰਧਨ (੩) ਵਰਤ ਨੰਦਿ (੪) ਪਦਮ ਨੰਦ (੫) ਮਹਾਂ ਪਦਮ ਨੰਦ। ਏਸੇ ਰਾਜੇ ਦਾ ਪਾਲਕ ਪੁਤਰ ਚੰਦਰ ਗੁਪਤ 'ਮੌਰਯ'† ਹੋਇਆ, ਜਿਸ ਨੇ ਸਿਕੰਦਰ ਮਹਾਨ ਨੂੰ ਤਖਸ਼ਿਲਾ ਦੇ ਇਲਾਕੇ ਵਿਚ ਜਾਕੇ ਮਗਧ ਤੇ ਚੜ੍ਹਾਈ ਕਰਨ ਲਈ ਪ੍ਰੇਰਿਆ ਸੀ। ਅਤੇ ਓਸ ਦੇ ਬਾਬਲ ਨੂੰ ਮੁੜ ਜਾਣ ਤੋਂ ਆਪਣੇ ਗੁਰੂ ਚਾਣਕਯ ਦੀ ਮਦਦ ਨਾਲ ਬਿਆਸਾ ਤੇ ਜਮਨਾਂ ਦੇ ਵਿਚਕਾਰ ਦੀਆਂ ਸੂਰਜ ਬੰਸੀ ਕੌਮਾਂ (ਪ੍ਰਮਾਰ ਆਦਿ) ਗਣ ਰਾਜਾਂ ਨਾਲ ਮਿਲਵੀਂ ਹਕੂਮਤ (ਫ਼ੈਡਰੇਸ਼ਨ) ਕਾਇਮ ਕੀਤੀ। ਮਹਾਂ ਪਦਮ ਨੰਦ ਦਾ 'ਮੁਰ' ਕੌਮ (ਯਵਨਾਨੀ) ਦੀ ਇਸਤ੍ਰੀ ਦਾਸੀ ਤੋਂ ਚੰਦਰ ਗੁਪਤ ਨਾਮੇ ਇਕ ਪੁਤਰ ਸੀ। ਜੋ ਬਹੁਤ ਚਾਲਾਕ ਤੇ ਕੁਟਲ ਸੁਭਾਵ ਦਾ ਸੀ। ਪਦਮ ਨੰਦ ਨਾਲ ਉਸ ਦੀ ਅਤੇ ਪਹਿਲੇ ਵਜ਼ੀਰ 'ਸਕਟਾਰ' ਦੀ ਵਿਰੋਧਤਾ ਸੀ। ਇਸ ਲਈ ਮਹਾਂ ਬੁੱਧੀਮਾਨ ਚਾਣਕਯ ਦੀ ਮਦਦ ਨਾਲ ਮਹਾ ਪਦਮ ਨੰਦ ਅਤੇ ਉਸ ਦੇ ਅੱਠ ਪੁਤਰਾਂ ਨੂੰ ਮਰਵਾ ਕੇ ਮਗਧ ਦਾ ਰਾਜ ਆਪਣੇ ਅਧਿਕਾਰ ਵਿਚ ਕਰ ਲਿਆ। ਇਸ ਦੀ ਮਾਤਾ ਦੇ ਨਾਮ ਤੇ ਇਸ ਬੰਸ ਨਾ ਨਾਉਂ ਮੌਰਯ ਪਿਆ।

## ਮੌਰਯ ਬੰਸ

ਉਸ ਦੇ ਪਿਛੋਂ 'ਮਹਾਂ-ਪਦਮ-ਨੰਦ' ਦੇ ਵਜ਼ੀਰ 'ਰਾਖਸ਼ਸ' ਅਤੇ ਚਾਣਕਯ ਦੀਆਂ ਫ਼ੌਜਾਂ ਦਾ ਥਾਨੇਸਰ ਤੇ ਜੁੱਧ ਹੋਇਆ ਜਿਸ ਵਿਚ ਮਲਵਈ ਗਣਾਂ ਦੀ ਕਿਰਪਾ ਨਾਲ ਚਾਣਕਯ ਦੀ ਵਿਜੇ ਹੋਈ। ਇਹ ਘਟਨਾ ਅਜ ਤੋਂ ੨੩੦੦ ਬਰਸ ਪਹਿਲਾਂ ਦੀ ਹੈ।

ਮਲਵਈ ਸੂਰਮਿਆਂ ਦੀ ਇਸ ਬਹਾਦਰੀ ਦਾ ਫਲ ਇਹਨਾਂ ਦੇ ਹੀ ਵਿਰੁਧ ਨਿਕਲਿਆ। ਕਿਉਂਕਿ 'ਕਾਲ ਬਾਗੜੋਂ ਉਪਜੈ ਬੁਰਾ ਬਾਮ੍ਹਣੋ ਹੋਇ' ਦੀ ਕਹਾਉਤ ਅਨੁਸਾਰ ਚਾਣਕਯ ਨੇ ਉਤ੍ਰੀ ਭਾਰਤ ਦੀ ਸਾਰੀ ਗਣ ਪ੍ਰਥਾ ਦਾ ਨਾਸ ਕਰ ਕੇ ਇਕੋ ਪ੍ਰਬਲ ਸਾਮਰਾਜ ਅਸਥਾਪਨ ਕਰ ਦਿਤਾ। ਪਰ ਚੰਦਰ ਗੁਪਤ ਦੇ ਪੋਤਰੇ ਸ਼ਹਿਨਸ਼ਾਹ ਅਸ਼ੋਕ ਦੇ ਵੇਲੇ ਉਹ ਸਾਮਰਾਜ ਗਣ ਰਾਜ ਦੇ ਤੁਲ ਹੀ

---

† ਪਾਂਡਿਵ ਰਾਜ ਦੇ ਅੰਤ ਵਿਚ ਜੋ ਕੌਮਾਂ ਵਿਦੇਸਾਂ ਤੋਂ ਆਈਆਂ ਸਨ। ਉਨ੍ਹਾਂ ਵਿਚੋਂ ਇਕ 'ਮੁਰ' ਭੀ ਸੀ ਜੋ ਮੁਰੰਡਾ (ਰਾਜ ਪਟਿਆਲਾ) ਅਦਿ ਪਿੰਡਾਂ ਵਿਚ ਬਸੀ ਸੋ ਉਸ ਦਾਸ ਕੌਮ ਦੀ ਇਸਤ੍ਰੀ ਤੋਂ ਚੰਦ੍ਰ ਗੁਪਤ ਸੀ।

Digitized by Panjab Digital Library | www.panjabdigilib.org

ਜਨਤਾ ਦੇ ਅਨੁਕੂਲ ਅਤੇ ਸੁਖਦਾਈ ਹੋ ਗਿਆ। ਜਦੋਂ 'ਪੁਸ਼ਿਆ ਮਿਤਰ' 'ਸ਼ੁੰਗ' ਨੇ ਮੌਰਯ ਬੰਸ ਦੇ ਰਾਜਾ 'ਬ੍ਰਿਹਿਦਰਥ' ਨੂੰ ਮਾਰ ਕੇ 'ਸ਼ੁੰਗ ਰਾਜ' ਅਸਥਾਪਨ ਕੀਤਾ ਤਾਂ ਮਲੋਈ ਆਦੀ ਗਣ ਮੁੜ ਸੁਤੰਤਰ ਹੋ ਕੇ ਦੂਸਰੇ ਗਣਾਂ ਸਮੇਤ ਸੁਤੰਤਰਤਾ ਦਾ ਸੁਖ ਭੋਗਣ ਲਗੇ। ਇਹ ਸਮਾਂ ਅੱਜ ਤੋਂ ਲਗ ਪਗ ੨੨੦੦ ਬਰਸ ਤਕ ਦਾ ਹੈ। ਏਸ ਤੋਂ ਲਗ ਪਗ ੧੫੦ ਬਰਸ ਤਕ ਮਾਲਵੇ ਵਿਚ ਮਲੋਈਆਂ ਦੀ ਮੁਖਤਾ ਵਿਚ ਗਣ ਪ੍ਰਥਾ ਚੜ੍ਹਦੀ ਕਲਾਂ ਵਿਚ ਰਹੀ।

## ਬਿਕ੍ਰਮ ਬੰਸ

ਬੁੱਧ ਦੇ ਸਮੇਂ ਤਕ ਉਜੈਨੀ ਵਿਚ ਪ੍ਰਦਿਉਤ ਬੰਸ ਦਾ ਮੱਧਮ ਜਿਹਾ ਰਾਜ ਸੀ। ਉਸ ਬੰਸ ਦਾ 'ਚੰਡ ਪ੍ਰਦਿਓਤ' ਨਾਮੇ ਰਾਜਾ ਬੜਾ ਬਲਵਾਨ ਤੇ ਪ੍ਰਤਾਪੀ ਹੋਇਆ। ਓਸ ਨੇ ਆਪਣੇ ਨੇੜੇ ਤੇੜੇ ਦੇ ਗਣ ਰਾਜਾਂ ਨੂੰ ਹਰਾ ਕੇ ਉਜੈਨੀ ਵਿਚ ਅਰਾਜ ਕਾਇਮ ਕਰ ਲਿਆ ਸੀ। ਅਤੇ ਮੌਰਯਾਂ ਦੇ ਪ੍ਰਬਲ ਰਾਜ ਅਸਥਾਪਤ ਹੋਣ ਦੇ ਸਮੇਂ ਤਕ ਸ਼ਾਕਾ ਦੀਪ ਤੋਂ ਆਉਣ ਵਾਲੀਆਂ ਸ਼ੱਕ ਆਦੀ ਕੌਮਾਂ ਨੇ 'ਆਵੰਤੀ' ਦੇਸ਼ ਵਿਚ ਆਪਣਾ ਬਹੁਤ ਸਾਰਾ ਸੁਤੰਤਰ ਅਧਿਕਾਰ ਜਮਾ ਲਿਆ ਸੀ। ਇਸ ਲਈ 'ਚੰਡ' ਰਾਜਾ ਤੋਂ ਉਹਨਾਂ ਨੇ ਉਜੈਨੀ ਖੋਹ ਲਈ। ਪਰ ਥੋੜੇ ਹੀ ਸਾਲਾਂ ਵਿਚ ਮਲੋਈਆਂ ਦੀ ਪ੍ਰਬਲ ਗਰਦ ਭਿੱਲ ਸ਼ਾਖਾ ਨੇ ਆਬੂ ਪਰਬਤ ਦੇ ਅਚਲ ਗੜ੍ਹ ਤੋਂ ਉਠ ਕੇ ਸ਼ੱਕਾਂ ਤੋਂ ਉਜੈਨੀ ਖੋਹ ਲਈ। ਅਤੇ ਇਕ ਸਦੀ ਦੇ ਲਗ ਭਗ ਪੰਜ ਗਰਦ ਭਿਲ ਰਾਜਿਆਂ ਨੇ ਆਵੰਤੀ ਦੇ ਮਾਲਵੇ ਤੇ ਰਾਜ ਕੀਤਾ। ਜਿਸ ਵਿਚ ਪੂਰਬ ਵਲ ਨੂੰ ਚੰਬਲ, ਦਖਣ ਵਲ ਨੂੰ ਨਰਬਦਾ, ਪੱਛਮ ਵਿਚ ਗੁਜਰਾਤ ਅਤੇ ਉੱਤਰ ਵਿਚ ਸਾਂਭਰ ਝੀਲ ਤਕ ਦਾ ਦੇਸ਼ ਸੀ। ਏਸ ਬੰਸ ਦਾ ਅੰਤਿਮ ਰਾਜਾ 'ਗੰਧਰਬ ਸੇਨ' ਅਥਵਾ 'ਮਹਿੰਦ੍ਰਾਦਿਤ' ਪੰਵਾਰ ਸੀ। ਜਿਸ ਨੂੰ ਦੁਰਾਚਾਰੀ ਹੋਣ ਦੇ ਕਾਰਣ ਜਨਤਾ ਪਸੰਦ ਨਹੀਂ ਕਰਦੀ ਸੀ। ਇਸ ਤੋਂ ਬਿਨਾ ਉਹ ਮੁਖੀਏ ਤੋਂ ਰਾਜਾ ਬਣ ਬੈਠਾ ਸੀ। ਅਤੇ 'ਕਾਲਕਾ ਚਾਰਯ' (ਇਕ ਜੈਨੀ ਸਾਧੂ) ਦੀ ਭੈਣ ਸਰਸ੍ਵਤੀ ਨੂੰ ਧੱਕੇ ਨਾਲ ਆਪਣੇ ਮਹਿਲਾਂ ਵਿਚ ਰਖੀ ਬੈਠਾ ਸੀ। ਇਸ ਤੋਂ ਕਾਲਕਾ ਚਾਰਯ ਨੇ ਨਰਾਜ਼ ਹੋ ਕੇ ਸਿੰਧੋਂ ਪਾਰ ਸ਼ਕ ਬੰਸੀ ੯੫ ਗਣਾਂ (ਕਬੀਲਿਆਂ) ਨੂੰ ਚੜ੍ਹਾ ਲਿਆਂਦਾ। ਜਿਨ੍ਹਾਂ ਦੇ ਮੁਖੀਏ 'ਪਰਸੇ' ਸਨ, ਜਿਨ੍ਹਾਂ ਦੀ ਪਦਵੀ 'ਸ਼ਾਹ' ਸੀ। ਉਨ੍ਹਾਂ ਨੇ ਪਹਿਲਾਂ ਚਾਰ ਬਰਸ ਕਾਠੀਆਵਾੜ ਵਿਚ ਬਾਸ ਕੀਤਾ ਅਤੇ ਫੇਰ ਗੰਧਰਬ ਸੇਨ ਨੂੰ ਮਾਰਕੇ ਉਜੈਨੀ ਖੋਹ ਲਈ ਇਹ ਘਟਨਾ ਈਸਵੀ ਸਨ ਤੋਂ ੭੧ ਬਰਸ ਪਹਿਲਾਂ ਦੀ ਹੈ। ਪਰੰਤੂ ੧੪ ਬਰਸਾਂ ਵਿਚ ਹੀ ਸ਼ੱਕਾਂ ਨੇ ਆਪਣੇ ਸੁਭਾਵ ਅਨੁਸਾਰ ਮਾਲਵਾ ਦੇਸ ਤੇ 'ਗਰਦ-ਭਿੱਲਾਂ' ਨਾਲੋਂ ਭੀ ਕਈ ਗੁਣਾਂ ਵਧ ਅਤਿਆਚਾਰ ਕੀਤੇ ਤਾਂ ਪ੍ਰਜਾ ਬਹੁਤ ਦੁਖੀ ਹੋਈ। ਉਸ ਸਮੇਂ ਗੰਧਰਬ ਸੇਨ ਦਾ ਪੁਤ੍ਰ 'ਵਿਕ੍ਰਮ ਸਿੰਘ' ਜੈ ਪੁਰ ਦੇ ਪਾਸ ਕਰਕੋਟ ਨਗਰ ਅਤੇ ਅਚਲ ਗੜ੍ਹ ਆਦੀ ਪ੍ਰਦੇਸਾਂ ਦਾ ਰਾਜ ਪ੍ਰਤਿ ਨਿਧਿ (Viceroy) ਦੇ ਰੂਪ ਵਿਚ ਰਾਜ ਕਰਦਾ ਸੀ। ਉਸ ਗੁਰੂ ਕੇ ਮਾਲਵੇ, ਰਾਜ ਪੂਤਾਨੇ ਅਤੇ 'ਆਵੰਤੀ' ਦੇ ੧੦੦ ਗਣਾਂ ਨੂੰ ਮਲੋਈ ਗਣ ਦੀ ਪਰਧਾਨਗੀ ਹੇਠ ਇਕੱਠਾ ਕਰ ਕੇ ਸ਼ੱਕਾਂ ਦੇ ਮੁਖੀਏ 'ਨਰਬਾਹਨ' ਨੂੰ ਮਾਰ ਕੇ ਉਜੈਨੀ ਖੋਹ ਲਈ। ਅਤੇ ਸ਼ੱਕਾਂ ਨੂੰ ਸਿੰਧ ਤੋਂ ਪਾਰ ਭਜਾਉਂਦਾ ਹੋਇਆ ਕੰਧਾਰ, ਈਰਾਨ, ਅਰਬ, ਰੂਮ ਸ਼ਾਮ ਆਦਿ ਨੂੰ ਜਿੱਤਕੇ ਗਣ ਰਾਜ ਅਤੇ ਧਰਮ ਪ੍ਰਚਾਰ ਦੀ ਪ੍ਰਥਾ ਅਸਥਾਪਨ ਕਰਦਾ ਹੋਇਆ ਬਲਖ਼ ਉਰਾਸ਼ਾ (ਚਤੁਰਾਲ ਕੋਲ) ਅਤੇ ਕਸ਼ਮੀਰ ਹੁੰਦਾ ਹੋਇਆ ਗੁਰੂ ਕੇ ਮਾਲਵੇ ਵਿਚ ਆਪਣੇ ਗਣ ਰਾਜ ਦੀ ਪ੍ਰਭਤਾ ਸਥਾਪਨ ਕਰਨ ਵਿਚ ਸਫ਼ਲ

Digitized by Panjab Digital Library | www.panjabdigilib.org

ਹੋਇਆ। ਅਤੇ ਦਿੱਲੀ ਵਿਚ ਬੈਠ ਕੇ ਮਹਾਨ ਉਤਸ਼ਾਹ ਮਨਾ ਕੇ ਆਪਣੇ ਗਣ ਦੇ ਨਾਮ ਦਾ ਸਿੱਕਾ ਅਤੇ ਸੰਬਤ ਚਲਾਇਆ ਜਿਸਦਾ ਅਜ ੨੦੧੧ ਵਾਂ ਵਰਸ਼ ਹੈ। ਜੋ ਅਠ ਸਦੀਆਂ ਤਕ 'ਮਾਲਵਾ ਨਾਂ ਜਯ: ਅਥਵਾ 'ਮਾਲਵਾ ਨਾਂ ਇਸ ਥਿਤੀ' ਜਾਂ 'ਮਾਲ਼ਵ ਗਣ ਇਸ ਥਿਤੀ' ਇਤਿ ਆਦੀ ਲੇਖ ਲਿਖਣ ਨਾਲ ਹੀ ਸ਼ਸ਼ੋਭਿਤ ਕੀਤਾ ਜਾਂਦਾ ਰਿਹਾ। ਪ੍ਰੰਤੂ 'ਗੁਪਤਾ' ਬੰਸ ਦੇ ਚੰਦਰ ਗੁਪਤ ਰਾਜਾ ਦੇ 'ਬਿਕ੍ਰਮਾਦਿਤ' ਉਪਾਧੀ ਧਾਰਨ ਕਰਨ ਤੋਂ ਪਿਛੋਂ ਓਸ ਨਾਲੋਂ ਭਿਨ ਕਰਨ ਲਈ ਇਸ ਨੂੰ ਬਿਕ੍ਰਮ' ਸੰਬਤ ਆਖਣ ਦਾ ਰਿਵਾਜ ਪਿਆ। ਇਸ ਤੋਂ ਬਿਨਾਂ ਜਦੋਂ ਗੁਪਤਾ ਖਾਨਦਾਨ ਦੇ ਰਾਜਾ ਸਮੁੰਦ ਗੁਪਤ ਅਤੇ ਚੰਦਰ ਗੁਪਤ ਨੇ ਸਾਰੇ ਭਾਰਤ ਦੇ ਰਾਜਿਆਂ ਅਤੇ ਗਣਾਂ ਨੂੰ ਜਿਤ ਕੇ ਆਪਣਾ ਸਾਮਰਾਜ ਅਸਥਾਪਨ ਕਰ ਲਿਆ ਤਾਂ ਸਾਧਾਰਨ ਜਨਤਾ ਦੇ ਮਨ ਵਿਚ ਗਣ ਸੱਤਾ ਦੀ ਭਾਵਨਾ ਨਾਲੋਂ ਏਕ ਛਤ੍ਰਤਾ ਅਥਵਾ ਸਾਮਰਾਜਤਾ ਦੀ ਭਾਵਨਾ ਦਾ ਪ੍ਰਭਾਵ ਵਧੇਰੇ ਪੈ ਜਾਣ ਲੱਗਾ। ਇਸ ਲਈ ਬਿਕ੍ਰਮਾਦਿਤ ਨੂੰ ਮੁਖੀਆ ਨ ਸਮਝ ਕੇ ਜਨਤਾ ਨੇ 'ਸਮਰਾਟ' ਕਹਿਣ ਵਿਚ ਹੀ ਅਪਣੀ ਗੌਰਵਤਾ ਸਮਝੀ। ਉਸ ਸਮੇਂ 'ਮਾਲਵ ਸੰਬਤ' ਦੀ ਥਾਂ 'ਬਿਕ੍ਰਮ ਸੰਬਤ' ਆਖਣ ਦਾ ਰਿਵਾਜ ਪੈ ਗਿਆ।

ਉਜੈਨੀ ਦੀ ਜਿੱਤ ਸਮੇਂ 'ਬਿਕ੍ਰਮਾਦਿਤ' ਦੀ ਆਯੂ ੩੮ ਸਾਲ ਦੀ ਸੀ। ਅਤੇ ਉਹ ਸਮਾਂ ਈਸਵੀ ਸੰਨ ਤੋਂ ੫੭ ਬਰਸ ਪੂਰਬ ਦਾ ਸੀ। ਬਿਕ੍ਰਮਾਦਿਤ ਨੇ ੬੦ ਬਰਸ ਰਾਜ ਕੀਤਾ। ਇਸ ਤੋਂ ਉਪ੍ਰੰਤ ਉਸ ਦੇ ਪੁਤਰ ਧਰਮਾਦਿਤ ਨੇ ੪੦ ਬਰਸ ਅਤੇ ਓਸ ਦੀ ਸੰਤਾਨ ਦੇ ਹੋਰ ਰਾਜਿਆਂ ਨੇ ਕੁਲ ੬੨ ਸਾਲ ਰਾਜ ਕੀਤਾ। ਇਸ ਬੰਸ ਦਾ ਅੰਤਿਮ ਰਾਜੇ ਸੀਲ ਸੇਨ ਦੇ ਮੰਤ੍ਰੀ ਹੰਸ ਰਾਮ ਬ੍ਰਾਹਮਣ ਨੇ ਸੰ: .੧੩੫ ਈਸਵੀ ਵਿਚ ਸਾਕਾ ਕੌਮ ਦੇ 'ਸ਼ਿਵਪੁਰ' (ਗੁਜਰਾਤ) ਦੇ ਰਾਜੇ ਸਾਲਬਾਹਨ ਤੇ ਚੜ੍ਹਾਈ ਕਰ ਦਿਤੀ ਤਾਂ ਓਸ ਨੇ ਨਹਪਾਨ (ਸ਼ੱਕ) ਦੀ ਮਦਦ ਨਾਲ 'ਮਾਲਵ' ਜਾਤੀ ਨੂੰ ਹਰਾ ਕੇ ਰਾਜਪੂਤਾਨਾ, ਪੰਜਾਬ ਤੇ ਕਸ਼ਮੀਰ ਉਤੇ ਕਬਜ਼ਾ ਕਰਕੇ ਗੁਰੂ ਕੇ ਮਾਲਵੇ ਨੂੰ ਆਪਣੇ ਅਧਿਕਾਰ ਵਿਚ ਕਰ ਲਿਆ। ਅਤੇ ਮਲੋਈ ਗਣਾਂ ਨੂੰ ਉਸ ਵਿਚ ਜਾ ਰਹਿਣ ਲਈ ਮਜਬੂਰ ਕੀਤਾ। ਅਤੇ ਆਪਣੀ ਉਦਾਰਤਾ ਨਾਲ ਮਣੇ ਕਸ਼ਮੀਰ ਇਹ ਇਲਾਕਾ (ਗੁਰੂ ਕਾ ਮਾਲਵਾ) ਮਾਲਵਾਂ ਨੂੰ ਦੇਕੇ ਗਣ ਰਾਜ ਦੀ ਪ੍ਰਥਾ ਦੇ ਅਨੁਕੂਲ ਉਹਨਾਂ ਨੂੰ ਸੁਤੰਤ੍ਰ ਕਰ ਦਿਤਾ। ਜੋ ਕਿ ਓਹਨਾਂ ਦਾ ਪਿਤਾ ਪੁਰਖੀ ਦਾ ਹਕ ਸੀ ਓਹ ਬਿਕ੍ਰਮ ਬੰਸ ਮਾਲਵੇ ਵਿਚ ਅਜ ਤਕ ਸੈਂਕੜੇ ਉਚਾਣਾ ਨਿਵਾਣਾ ਵਿਚ ਦੀ ਲੰਘਦੀ ਹੋਈ ਅਨੇਕ ਸ਼ਾਖਾਵਾਂ ਦੇ ਰੂਪ ਵਿਚ ਆਪਣੀ ਬਹੁ ਸੰਮਤੀ ਦਾ ਰਾਜ ਜਮਾਈ ਬੈਠੀ ਹੈ। ਸੰ: ੭੮ ਈ: ਵਿਚ ਰਾਜਾ ਸਾਲਿਬਾਹਨ ਨੇ ਅਪਣੀ ਕੌਮ ਦੇ ਨਾਓਂ ਤੇ ਸ਼ੱਕ ਸੰਬਤ ਚਲਾਇਆ।

## ਯੂਨਾਨੀਆਂ ਦਾ ਸਮਾਂ

ਸਿਕੰਦਰ ਤਾਂ ਬਿਆਸਾ ਤੋਂ ਹੀ ਮੁੜ ਗਿਆ ਸੀ। ਪਰ ਓਸ ਦੇ ਵਜ਼ੀਰ ਸਾਈਲੋਕਸ ਨੇ ਆਪਣਾ ਹੱਕ ਸਮਝ ਕੇ ਪੰਚ ਨਦ ਦੇਸ਼ ਤੇ ਕਬਜ਼ਾ ਕਰ ਲਿਆ, ਅਤੇ ਚੰਦਰ ਗੁਪਤ ਨਾਲ ਲੜਨ ਲਈ ਜਮਨਾ ਤਕ ਪੁਜਾ। ਥਾਨੇਸਰ ਲੰਘਦੇ ਸਾਰ ਮਾਲਵੇ ਵਿਚ ਹੀ ਦੋਹਾਂ ਦਲਾਂ ਦੀ ਥੋੜੀ ਜਿਹੀ ਮੁਠ ਭੇੜ ਹੋਈ। ਪਰੰਤੂ ਮਲਵਈਆਂ ਦੀ ਤਾਕਤ ਤੋਂ ਭੈ ਖਾ ਕੇ ਸਾਈਲੋਕਸ ਨੂੰ ਚੰਦਰ ਗੁਪਤ ਨਾਲ ਸੰਧੀ ਕਰਨੀ ਪਈ। ਚੰਦਰ ਗੁਪਤ ਨੇ ਪੰਜਾਹ ਹਾਥੀ ਹਰ ਸਾਲ ਸਾਈਲੋਕਸ ਨੂੰ ਦੇਣੇ ਮੰਨੇ। ਸਾਈਲੋਕਸ ਨੇ ਆਪਣੀ ਕੰਨਿਆ ਦਾ ਵਿਵਾਹ ਚੰਦਰ-ਗੁਪਤ ਨਾਲ ਕਰਕੇ ਪੰਜਾਬ ਅਤੇ ਕੰਧਾਰ ਦਾ ਇਲਾਕਾ ਉਸ

Digitized by Panjab Digital Library | www.panjabdigilib.org

ਨੂੰ ਦਾਜ ਵਿਚ ਦਿਤਾ। ਇਸ ਦਾ ਫਲ ਇਹ ਹੋਇਆ, ਕਿ ਯੂਨਾਨੀਆਂ ਦੀ ਖਾਸੀ ਗਿਣਤੀ ਮਾਲਵੇ ਵਿਚ ਬਸ ਗਈ। ਰੋਹਤਕ ਤੇ ਜੀਂਦ ਵਿਚ ਯੂਨਾਨੀ ਜੱਟਾਂ ਦੀ ਵਿਸ਼ੇਸ਼ ਗਿਣਤੀ ਹੈ। ਜਿਨ੍ਹਾਂ ਦੇ ਨਾਲ ਤਕਸ਼ੁਕ ਆਦੀ ਕੁਝ ਪਛੜੀਆਂ ਸ਼੍ਰੇਣੀਆਂ ਭੀ ਸਨ।

## ਬਾਖ਼ਤਰ ਵਾਲੇ

ਸ਼ਾਹ ਸਾਈਲੋਕਸ ਦੇ ਮਰਨ ਪਿਛੋਂ ਬਾਖਤਰ ਵਿਚ ਸ਼ਕ ਬੰਸੀ ਹਾਕਿਮ ਆਕੀ ਹੋ ਗਏ। ਉਹਨਾਂ ਵਿਚੋਂ 'ਦੇਵ ਮਿਤਰ' ਨੇ ਈਸਾ ਤੋਂ ੧੯੦ ਸਾਲ ਪਹਿਲਾਂ ਪੰਚ ਨਦ ਦੇਸ਼ ਤੇ ਅਧਿਕਾਰ ਜਮਾਕੇ ਲਵਪੁਰ ਨੂੰ ਆਪਣੀ ਰਾਜਧਾਨੀ ਬਣਾਇਆ ਪਰ ਉਸ ਦਾ ਰਾਜ ਬਿਆਸਾ ਤਕ ਹੀ ਰਿਹਾ। ਬਾਠ ਗੋਤ ਦੇ ਜੱਟ ਉਨ੍ਹਾਂ ਵਿਚੋਂ ਹੀ ਹਨ, ਜੋ ਬਾਸ਼੍ਰ ਜਾਂ ਬਾਖ਼ਤਰ ਅਤੇ ਅੰਗ੍ਰੇਜ਼ੀ ਵਿਚ 'ਬੈਕਟਰ' ਕਰਕੇ ਆਖੀ ਜਾਂਦੀ ਹੈ।

## ਰਾਜਾ ਮਾਨਿੰਦਰ

੧੫੦ ਵਰਸ ਈਃ ਪੂਃ ਬਾਖ਼ਤਰ ਵਾਲਿਆਂ ਵਿਚੋਂ ਮਾਨਿੰਦਰ ਨੇ ਮਾਲਵੇ ਨੂੰ ਆਪਣੇ ਅਧਿਕਾਰ ਵਿਚ ਕਰ ਲਿਆ। ਅਤੇ ਮਥਰਾ ਨੂੰ ਜਿਤਦਾ ਹੋਇਆ ਕਨੌਜ ਦੇ ਰਾਜਾ 'ਪੁਸ਼ਿਆਮਿਤਰ' ਨਾਲ ਜਾ ਭਿੜਿਆ ਪਰ ਉਸ ਤੋਂ ਬੁਰੀ ਤਰਾਂ ਹਾਰ ਖਾ ਕੇ ਮੁੜ ਮਥਰਾ ਵਿਚ ਆ ਕੇ ਮਰ ਗਿਆ। ਏਸ ਦੇ ਸਮੇਂ ਥੋੜੇ ਜਿਹੇ ਚਿਰ ਤਕ ਮਾਲਵੇ ਦੇ ਗਣ ਯੂਨਾਨੀ ਰਾਜ ਹੇਠਾਂ ਸਾਂਝੀਵਾਲਤਾ ਦੇ ਰੂਪ ਵਿਚ ਵਿਰਾਜਦੇ ਰਹੇ। ਏਸ ਰਾਜੇ ਦੇ ਨਾਲ ਆਏ ਹੋਏ ਕੁੱਕਰ, ਮਾਨ, ਭੁਲਰ, ਹੇਹਰ, ਬਿੰਧ, ਖਰਲ, ਸਿਆਲ ਅਤਲੇ ਤਤਲੇ ਆਦਿ ਜੱਟ ਬਹੁਤ ਸਾਰੀ ਗਿਣਤੀ ਵਿਚ ਏਥੇ ਬਸ ਗਏ। ਅਤੇ ਚੋਖੇ ਸਮੇਂ ਪਿਛੋਂ ਏਸ ਦੇਸ ਦੇ ਚੌਧਰੀ ਬਣ ਗਏ।

## ਪਾਰਥੀ ਲੋਕ

ਈਸਾ ਤੋਂ ੧੩੮ ਸਾਲ ਪਹਿਲਾਂ ਪੰਚ ਨਦ ਦੇਸ ਨੂੰ ਹਿੰਦੂ ਪਾਰਥੀ ਲੋਕਾਂ ਨੇ ਆਪਣੇ ਅਧੀਨ ਕਰ ਲਿਆ। ਜਿਨ੍ਹਾਂ ਦਾ ਪਹਿਲਾ ਰਾਜਾ 'ਮਯੁ' ਅਤੇ ਦੂਜਾ ਉਸ ਦਾ ਪੁਤਰ 'ਅਯੁ' ਸੀ। ਉਹਨਾਂ ਦੀ 'ਬਾਹ' ਨਾਮੇ ਇਕ ਸ਼ਾਖਾ ਨੇ ਜ਼ਿਲਾ ਪਿਸ਼ੌਰ ਵਿਚ 'ਤਖਤ ਬਾਹੀ' ਅਤੇ ਪੱਬੀ ਆਦਿ ਖੇੜੇ ਆਬਾਦ ਕੀਤੇ। ਅਤੇ ਤਕਸ਼ਿਲਾ ਨੂੰ ਰਾਜਧਾਨੀ ਬਣਾ ਕੇ ੨੦ ਸਾਲ ਤਕ ਏਸ ਦੇਸ਼ ਤੇ ਰਾਜ ਕੀਤਾ। ਏਸ ਵੇਰਵੇ ਅਨੁਸਾਰ ਯੂਨਾਨੀ, ਬਾਖ਼ਤਰੀ ਅਤੇ ਪਾਰਥੀ ਲੋਕਾਂ ਨੇ ੧੨੫ ਸਾਲ ਦੇ ਲਗ ਪਗ ਪੱਛਮੀ ਪੰਜਾਬ ਉਤੇ ਆਪਣਾ ਅਧਿਕਾਰ ਜਮਾਈ ਰਖਿਆ। ਮਾਲਵੇ ਉਪਰ ਪਾਰਥੀਅਨ ਦੇ ਅੰਤਿਮ ਰਾਜਾ ਅਜੇਸ ਦੂਜੇ ਦਾ ਥੋੜਾ ਜਿਹਾ ਚਿਰ ਰਾਜ ਹੋਇਆ। ਪਰ ਏਥੇ ਗਣਾਂ ਦਾ ਲੋਕ ਰਾਜ ਹੀ ਪ੍ਰਬਲ ਰਿਹਾ। ਏਸ ਰਾਜ ਦੇ ਸਿੱਕੇ ਮੋਗ ਦੇ ਨਾਉਂ ਉਤੇ ਬਹੁਤ ਮਿਲੇ ਹਨ।

## ਯੂਚੀ, ਤਾਤਾਰ ਦੇ ਜੱਟ (ਕੁਸ਼ਾਣ)

ਈਸਾ ਤੋਂ ੧੨੫ ਸਾਲ ਪਹਿਲਾਂ 'ਕੋਡਫੀਸਿਸ' ਨਾਮੇ ਚੀਨੀ ਤਾਤਾਰ ਦਾ ਕੁਸ਼ਾਣ ਰਾਜਾ ਪਾਰਥੀਆਂ ਨੂੰ ਹਰਾ ਕੇ ਗੰਗਾ ਤਕ ਦਾ ਦੇਸ ਮੱਲ ਬੈਠਾ। ਅਤੇ ਉਸ ਦੇ ਪੁਤਰ 'ਕਨਿਸ਼ਕ' ਦਾ ਰਾਜ

Digitized by Panjab Digital Library | www.panjabdigilib.org

ਬੁਖਾਰੇ ਤੋਂ ਸਿੰਧ ਤਕ ਅਤੇ ਕੰਧਾਰ ਤੋਂ ਕਨੌਜ ਤਕ ਸੀ, ਏਸ ਨੇ ਸੰਮਤ ੫੦ ਈਸਵੀ ਵਿਚ ਪੁਰਸ਼ਾਪੁਰ (ਪਿਸ਼ਾਵਰ) ਨਗਰ ਵਸਾ ਕੇ ਉਸ ਨੂੰ ਆਪਣੀ ਰਾਜਧਾਨੀ ਬਣਾਇਆ। ਅਜੁਧਿਆ ਦੇ ਅਸ਼ੂਘੋਸ਼ ਨਾਮੇ ਬੋਧੀ ਪੰਡਿਤ ਨੇ ਇਸ ਨੂੰ ਬੋਧੀ ਬਣਾ ਕੇ 'ਮਹਾਯਾਨ' ਨਾਮੇਂ ਬੁੱਧਾਂ ਦੀ ਨਵੀਂ ਸੰਪ੍ਰਦਾਇ ਚਲਾਈ। ਜਿਸ ਦੀ ਬਹੁਤ ਬ੍ਰਿਧੀ ਹੋਈ ਇਸ ਦੇ ਸਮੇਂ ਮਾਲਵੇ ਦਾ ਰਾਜ ਧਰਮ ਬੁਧ ਮਤ ਹੋ ਗਿਆ। ਪਰ, ਉਸ ਦੇ ਪੁਤ੍ਰ ਬੁਸਦੇਵ ਨੇ ਬ੍ਰਾਹਮਣੀ ਮਤ ਧਾਰਨ ਕਰ ਕੇ ਅਸ਼ੂਮੇਧ ਜਗ ਕੀਤਾ।

ਰਾਜਾ ਕਨਿਸ਼ਕ ਨੂੰ ਦਿਗਵਿਜੇ ਕਰਨ ਦਾ ਬਹੁਤ ਸ਼ੌਕ ਸੀ। ਇਸ ਲਈ ਇਸ ਨੇ ਪਛਮੀ ਚੀਨ ਅਤੇ ਤਿਬਤ ਨੂੰ ਭੀ ਜਿੱਤਿਆ ਸੀ। ਅਤੇ ਜਾਲੰਧਰ ਵਿਚ ਆਪਣਾ ਸੂਬਾ ਬਣਾਕੇ, ਦੂਜੀ ਵੇਰ, ਬਿਆਸ ਦੇ ਉਰਾਰ ਹਠੂਰ (ਜ਼ਿਲਾ ਲੁਧਿਆਣਾ) ਨੂੰ ਬਸਾਕੇ ਉਥੇ ਚੀਨ ਦੇ ਰਾਜ ਕੁਮਾਰਾਂ ਨੂੰ 'ਕਰ' ਦੇ ਗਹੇ ਵਿਚ ਚਿਰ ਤਕ ਰਖਿਆ ਸੀ। ਏਸ ਦੇ ਸਮੇਂ ਅਸ਼ੂਘੋਸ਼ ਦੇ ਚਹੁੰ ਵਿਦਿਆਰਥੀਆਂ–ਚਰਕ, ਸ਼ੁਸ਼ਰੁਤ, ਵਾਗਭੱਟ ਅਤੇ 'ਨਾਗ ਅਰਜਨ' ਸਿੱਧ ਨੇ ਵੈਦਕ ਸ਼ਾਸ਼ਤ੍ਰ ਦਾ ਬਹੁਤ ਪ੍ਰਚਾਰ ਕੀਤਾ। ਅੰਤ ਨੂੰ ਏਸ ਦੇ ਜਰਨੈਲਾਂ ਨੇ ਦੇਸ਼ ਦੇਸ਼ਾਂਤਰਾਂ ਵਿਚ ਭਰਮਣ ਤੋਂ ਅੱਕ ਕੇ ਕਨਿਸ਼ਕ ਨੂੰ ਗਲ ਘੁੱਟ ਕੇ ਮਾਰ ਦਿਤਾ। ਏਸ ਨੇ ਅਸ਼ੋਕ ਦੀ ਰੀਸੇ ਸ੍ਰੀ ਨਗਰ ਵਿਚ ਬੋਧੀਆਂ ਦੀ ਕਾਨਫਰੰਸ ਕੀਤੀ। ਅਤੇ 'ਕਨਿਸ਼ਕ ਪੁਰਾ' ਨਾਮੇ ਨਗਰ ਬਸਾਇਆ। ਜੋ ਅਜ ਕਲ 'ਕੰਸ ਪੁਰਾ' ਕਹਾਉਂਦਾ ਹੈ। ਦੂਜੀ ਬੋਧੀ ਕਾਨਫਰੰਸ ਜਾਲੰਧਰ ਵਿਚ ਕਰਕੇ ਦੇਸ਼ਾਂਤ੍ਰਾਂ ਵਿਚ ਬੁੱਧ ਭਿਖਸ਼ੂ ਪ੍ਰਚਾਰ ਲਈ ਭੇਜੇ। ਇਸ ਦੇ ਪੁਤ੍ਰ ਬਸ਼ਦੇਵ ਤੋਂ ਪਿਛੋਂ ਕਈ ਛੋਟੇ ਛੋਟੇ ਅਤੇ ਨਿਰਬਲ ਜਿਹੇ ਰਾਜੇ ਰਾਜ ਕਰਦੇ ਰਹੇ। ਮਾਲਵੇ ਤੇ ਨਾਮ ਮਾਤ੍ਰ ਬਹੁਤਾ ਮਥਰਾ ਉਪਰ ਦਸ਼ੁ ਦੇਵ ਸਣੇ ੧੦੦ ਬਰਸ ਤਕ ਕੁਸ਼ਾਣ ਰਾਜ ਰਿਹਾ, ਪਰ ਪੱਛਮੀ ਪੰਜਾਬ ਉਤੇ ੨੨੫ ਈਸਵੀ ਤਕ ਇਹਨਾਂ ਦਾ ਧੂਆਂ ਧੁਖਦਾ ਰਿਹਾ।

## ਛਹਰਾਤ ਬੰਸ ਦੇ 'ਛਤ੍ਰਪ'

ਈਸਵੀ ਦੂਜੀ ਸਦੀ ਵਿਚ ਪਸ਼ਾਉਰ ਦੇ ਜ਼ਿਲੇ ਦੇ 'ਛਹਰ' ਜਾਂ ਖਹਰ ਨਗਰ ਬਾਸੀ ਸ਼ੱਕ ਜਾਲੰਧਰ ਦੁਆਬ ਵਲ ਦੀ ਮਾਲਵੇ ਵਿਚ ਆਏ। ਜੋ ਪਾਰਥੀ ਅਤੇ ਯੂਚੀ ਕੌਮ ਦੇ ਨਾਲ ਸ਼ੱਕਸਥਾਨ ਤੋਂ ਚਿਰ ਤੋਂ ਆਏ ਹੋਏ ਸੀ। ਇਹ ਮਲੋਈ ਗਣਾਂ ਨਾਲ ਲੜ ਭਿੜ ਕੇ ਛੇਤੀ ਹੀ ਉਨ੍ਹਾਂ ਵਿਚ ਰਲ ਮਿਲ ਗਏ। ਕਿਉਂਕਿ ਉਹ ਉਜੈਨੀ ਤੋਂ ਹਾਰ ਜਾਣ ਦੇ ਕਾਰਣ ਕਸ਼ਮੀਰ ਦੇ ਅਧਿਪਤੀ ਅਤੇ ਮਾਲਵੇ ਦੇ ਬਹੁਗਿਣਤੀ ਦੇ ਬਸਨੀਕ ਸਨ। ਇਸ ਲਈ ਛਹਰਾਤ ਸ਼ੱਕ ਮਾਲਵੇ ਵਿਚ ਕੁਝ ਚਿਰ ਆਪਣਾ ਜੋਰ ਦਿਖਾਕੇ ਮਥਰਾ ਦੇ ਛਤ੍ਰਪਾਂ ਨਾਲ ਜਾ ਰਲੇ। ਖਹਰੇ ਅਤੇ ਗੁਜਰਾਤ ਤੋਂ ਆਉਣ ਵਾਲੇ ਚੱਠੇ ਇਨ੍ਹਾਂ ਦੀ ਹੀ ਬੰਸ ਵਿਚੋਂ ਹਨ। ਅਤੇ ਜ਼ਿ: ਜਾਲੰਧਰ ਅਤੇ ਕਈ ਖਹਰੇ, ਅੰਮ੍ਰਿਤਸਰ ਵਿਚ ਖਡੂਰ ਆਦਿਕ ਬਹੁਤ ਪਿੰਡ ਹਨ। ਫੀਰੋਜਪੁਰ ਵਿਚ ਤਖਾਣ ਬੱਧ ਅਤੇ ਅਬੂਪੁਰਾ, ਗਿਦੜ ਵਿੰਡੀ ਅਤੇ ਮਲਸੀਆਂ ਬਾਜਨ ਖਹਰੇ ਹਨ। ਸ: ਥੰਮਣ ਸਿੰਘ 'ਖਹਰੇ' ਜੱਃ ਸੋਹਣ ਸਿੰਘ ਫੌਜਾ ਸਿੰਘ ਦੇ ਰਹਿਣ ਵਾਲੇ ਬੜੇ ਤਿਆਰ ਬਰ ਤਿਆਰ ਸਿੰਘ ਹਨ। ਗਿਃ ਕਰਤਾਰ ਸਿੰਘ ਜੱਃ ਊਦਮ ਸਿੰਘ ਭੀ ਖਹਰੇ ਹਨ।

## ਗੁਪਤਾ ਬੰਸ

ਮਗਧ ਦੇ ਰਹਿਣ ਵਾਲੇ ਪੁਰਾਤਨ ਆਰਯ ਵੈਸ਼ ਕੁਲ ਦੇ 'ਕਾਰਸ਼ਕਰ' ਗੋਤ ਦੇ ਵੈਸ਼–'ਸ੍ਰੀ ਗੁਪਤ' ਆਪਣੇ ਗਣ ਦੇ ਮੁਖੀਆ ਸਨ। ਉਸ ਦਾ ਪੁਤ੍ਰ ਚੰਦ੍ਰ ਗੁਪਤ ਕਾਂਸ਼ੀ ਦੇ ਰਾਜਾ 'ਸੁੰਦਰ ਵਰਮਾਂ' ਦਾ

Digitized by Panjab Digital Library | www.panjabdigilib.org

ਦੱਤਕ ਪੁਤ੍ਰ (ਮੁਤਬੰਨਾ) ਬਣਿਆ। ਅਤੇ ਉਹ ਮਗਧ ਵਿਚ ਸਭ ਤੋਂ ਵਡੇ ਪ੍ਰਭਾਵ ਸ਼ਾਲੀ–'ਲਿਛਵੀ' ਗਣ ਦੀ ਰਾਜ ਕੁਮਾਰੀ 'ਕੁਮਾਰ ਦੇਵੀ' ਨਾਲ ਵਿਆਹਿਆ ਗਿਆ। ਜਿਨ੍ਹਾਂ ਦੀ ਮਦਦ ਨਾਲ ਉਸ ਦਾ ਪੁਤ੍ਰ ਸਮੁੰਦ੍ਰ ਗੁਪਤ ਦੱਖਣ ਸਮੇਤ ਭਾਰਤ ਖੰਡ ਅਤੇ ਆਰਯਵਰਤ ਨੂੰ ਵਿਜੈ ਕਰਨ ਲਈ ਸਮੱਥ ਹੋਇਆ। ਚੰਦਰ ਗੁਪਤ ਨੇ ਅਪਣੀ ਜਾਤੀ ਦੇ ਨਾਉਂ ਤੇ ੩੨੦ ਈਸਵੀ ਵਿਚ 'ਗੁਪਤਾ ਸੰਬਤ' ਅਤੇ ਸਿੱਕਾ ਚਲਾਇਆ। ਉਸ ਦੇ ਪੁਤ੍ਰ ਸਮੁੰਦ੍ਰ ਗੁਪਤ ਨੇ ੩੪੦ ਈ: ਵਿਚ ਗੱਦੀ ਤੇ ਬੈਠ ਕੇ ੩੫੦ ਈਸਵੀ ਦੇ ਲਗ ਪਗ ਮਾਲਵਾ ਦੇਸ਼ ਦੀ ਗਣ ਪ੍ਰਥਾ ਨੂੰ ਹਟਾ ਕੇ ਹੋਰ ਸਾਰੇ ਭਾਰਤ ਵਾਂਗ ਆਪਣਾ 'ਏਕ ਛਤ੍ਰ' ਰਾਜ ਕਾਇਮ ਕੀਤਾ। ਉਸ ਦੇ ਪੁਤ੍ਰ ਚੰਦਰ ਗੁਪਤ (ਦੂਜੇ) ਨੇ ਉਸਦੇ ਪੈਰ ਵਿਚ ਪੈਰ ਰਖ ਕੇ ਰਹਿੰਦੇ ਖੂੰਹਦੇ ਗਣਾਂ ਨੂ ਖਾਸ ਕਰ ਕੇ ਸ਼ੱਕ ਬੰਸੀਆਂ ਨੂੰ ਜੋ ਪੁਰਾਣੇ ਸਮੇਂ ਤੋਂ ਭਾਰਤ ਦੇ ਦੁਸ਼ਮਨ ਅਤੇ ਅਣਖੀਲੇ ਸਨ, ਤਬਾਹ ਕਰਕੇ ਬਿਕ੍ਰਮਾਦਿੱਤ, ਪੰਵਾਰ ਦੀ ਬਰਾਬਰੀ ਤੇ 'ਸ਼ੱਕਾਰੀ' ਬਿਕ੍ਰਮਾਦਿੱਤ, 'ਬਿਕ੍ਰਮ' ਅਤੇ 'ਪ੍ਰਾਕ੍ਰਮ' ਆਦੀ ਉਪਾਧੀਆਂ ਧਾਰਨ ਕਰਕੇ ਆਪਣੇ ਪਿਤਾ ਦੇ ਰਾਜ ਨੂੰ ਪੱਕਾ ਕੀਤਾ। ਓਸ ਸਮੇਂ ਮਾਲਵ ਗਣਾਂ ਨੂੰ ਅਸੀਂ ਗੁਪਤਾ ਰਾਜ ਤੋਂ ਸੁਤੰਤ੍ਰ ਅਤੇ ਗੁਰੂ ਕੇ ਮਾਲਵੇ ਵਿਚ ਆਪਣਾ ਪੰਚਾਇਤੀ ਰਾਜ ਕਰਦੇ ਦੇਖਦੇ ਹਾਂ। ਜੋ ਉਨ੍ਹਾਂ ਤੋਂ ਪਿਛੋਂ ਗੁਜਰਾਤ ਅਤੇ ਥਾਨੇਸਰ ਵਾਲੇ ਗੁੱਜਰਾਂ ਨੂੰ ਰਲਾ ਕੇ ਪੱਕਾ ਕੀਤਾ ਸੀ। ਅਤੇ ਜਿਸ ਨੂੰ ਹੁੱਨਾਂ ਦੇ ਹੱਲੇ ਤੋਂ ਬਚਣ ਲਈ ਉਨ੍ਹਾਂ ਨੇ ਸਾਮਰਾਜ ਦੇ ਰੂਪ ਵਿਚ ਬਦਲ ਲਿਆ ਸੀ। ਇਹ ਰਾਜਾ ੩੭੫ ਈਸਵੀ ਤੋਂ ੪੧੫ ਈ: ਤਕ ਰਾਜ ਕਰਦਾ ਰਿਹਾ। ਇਸ ਨੇ ਆਪਣੀ ਰਾਜਧਾਨੀ ਅਜੁੱਧਿਆ ਤੋਂ ਬਦਲ ਕੇ ਉਜੈਨ ਵਿਚ ਸਥਾਪਨ ਕੀਤੀ। ਜੋ ਸਮੁੰਦਰ ਗੁਪਤ ਦੇ ਵੇਲੇ ਪ੍ਰਤਿਨਿਧ ਰਾਜਧਾਨੀ ਸੀ। ਇਸ ਦੇ ਪੁਤ੍ਰ ਕੁਮਾਰ ਗੁਪਤ ਅਤੇ ਸਕੰਧ ਗੁਪਤ ਦੇ ਸਮੇਂ ਉਜੈਨ ਦੇ ਮੱਲੀ ਭੀ ਗੁਪਤਾ ਬੰਸ ਤੋਂ ਸੁਤੰਤਰ ਹੋ ਗਏ। ਕਨੌਜ ਵਿਚ ਮੌਖਰੀ ਬੰਸ ਦਾ ਰਾਜਾ ਸੁਤੰਤਰ ਹੋ ਗਿਆ ਸੀ। ਅਤੇ ਉਤਰ ਵਲੋਂ ਮੱਧ ਏਸ਼ੀਆ ਦੀਆਂ ਬੱਦੂ ਤੇ ਜ਼ਾਲਿਮ ਕੌਮਾਂ ਆਉਣ ਲਗੀਆਂ, ਜਿਨ੍ਹਾਂ ਵਿਚੋਂ 'ਹੁੰਨ' ਕੌਮ ਸਭ ਤੋਂ ਪ੍ਰਬਲ ਅਤੇ ਬਹੁ ਗਿਣਤੀ ਵਿਚ ਹੋ ਕੇ ਪਹਿਲਾਂ ਮੁਲਤਾਨ ਦੇ ਰਸਤੇ ਗੁਜਰਾਤ ਦੇ 'ਵਲਭੀ ਪੁਰ' ਵਿਚ ਆਈ। ਅਤੇ ਓਥੋਂ ਦੇ ਸੋਲੰਕੀ ਰਾਜੇ 'ਪੁਸ਼ਪਾਦਿਤ' ਨੂੰ ਜੋ 'ਗੁਪਤਾ' ਰਾਜ ਦਾ ਸਾਮੰਤ ਅਤੇ ਪ੍ਰਤਿਨਿਧਿ ਰਾਜਾ ਸੀ, ਸਮੇਤ ਉਸ ਦੀ ਬੰਸ ਦੇ, ਤਬਾਹ ਕਰ ਕੇ ਗੁਜਰਾਤ ਅਤੇ ਮਾਲਵੇ (ਉਜੈਨ) ਦਾ ਕੁਝ ਹਿੱਸਾ ਮੱਲ ਬੈਠੀ। ਜਿਸ ਤੋਂ 'ਕੁਮਾਰ ਗੁਪਤ' ਨੇ ਉਸ ਨੂੰ ੪੫੫ ਈਸਵੀ ਵਿਚ ਹਰਾਕੇ ਉਸ ਦੇ ਸਰਦਾਰ ਤੋਰਮਾਨ ਨੂੰ ਕੈਦ ਕਰ ਕੇ ਛਡ ਦਿਤਾ। ਤਾਂ ਉਹਨੇ ਕਸ਼ਮੀਰ ਦੇ ਰਾਜੇ ਦੀ ਓਟ ਲਈ। ਪਰ, ਉਸ ਨੂੰ ਮਾਰ ਕੇ ਸਿਆਲ ਕੋਟ, ਨੂੰ ਰਾਜਧਾਨੀ ਬਣਾ ਕੇ ਕਸ਼ਮੀਰ, ਸਿਆਲ ਕੋਟ, ਸਾਂਗਲਾ ਆਦਿ ਦੇਸਾਂ ਦਾ ਰਾਜਾ ਬਣ ਗਿਆ। ਉਸ ਦਾ ਪੁਤ੍ਰ ਮਿਹਰ-ਗੁਲ ੪੭੦ ਈਸਵੀ ਵਿਚ ਬਹੁਤ ਸਾਰੀ ਸੈਨਾ ਲੈ ਕੇ ਮੁਲਤਾਨ ਦੇ ਇਲਾਕੇ ਤੇ ਚੜ੍ਹ ਆਇਆ। ਤਾਂ ਥਾਨੇਸਰ ਦੇ ਮਾਲਵਗਣਾਂ ਦੀ ਮਦਦ ਨਾਲ ਸਕੰਧ ਗੁਪਤ ਨੇ ਖਹਰੂੜਦੇ ਅਸਥਾਨ ਤੇ ਉਸਨੂੰ ਬੁਰੀ ਤਰਾਂ ਹਰਾਇਆ ਤਾਂ ਉਹ ਸਿਆਲ ਕੋਟ ਨੂੰ ਮੁੜ ਗਿਆ। ੫੦੦ ਈਃ ਦੇ ਆਸ ਪਾਸ ਤੋਰ ਮਾਨ ਦੇ ਪੁਤ੍ਰ ਮਿਹਰ ਗੁਲ ਦੀ ਅਗਵਾਈ ਵਿਚ ਹੁੰਨਾਂ ਨੇ ਫੇਰ 'ਗੁਰੂ ਕੇ ਮਾਲਵੇ' ਤੇ ਜਬਰਦਸਤ ਹੱਲਾ ਕੀਤਾ। ਅਤੇ ਕਤਲ ਤੇ ਲੁੱਟ ਮਚਾਉਣ ਤੋਂ ਇਲਾਵਾ ਸਤਲੁਜ ਦੇ ਹਿਠਾੜ ਦੇ ਸ਼ਹਰ-ਹਠੂਰ ਅਜਨੇਰ ਅਤੇ ਵਿਰਾਟ ਨਗਰ ਆਦਿ (ਤਿਹਾੜੇ) ਦੇ ਨਗਰ ਬਰਬਾਦ ਕਰਕੇ ੫੦੮ ਈ: ਤਕ ਤਿਹਾੜਾ ਅਤੇ ਸੂਸ਼ਕ, ਦੋਹਾਂ ਪ੍ਰਗਣਿਆਂ ਤੇ ਰਾਜ ਕੀਤਾ। ਪਰ ਕੁਮਾਰ ਗੁਪਤ ਦੇ ਪੁਤ੍ਰ ਨਰਸਿੰਘ

Digitized by Panjab Digital Library | www.panjabdigilib.org

ਗੁਪਤ ਨੇ ਥਾਨੇਸਰ ਵਾਲਿਆਂ ਦੀ ਮਦਦ ਨਾਲ ਉਸ ਨੂੰ ਭਾਰੀ ਹਾਰ ਦੇ ਕੇ ਮਾਲਵੇ ਵਿਚੋਂ ਕੱਢ ਦਿਤਾ ਅਤੇ ਮਿਹਰ ਗੁਲ ਸਿਆਲ ਕੋਟ ਜਾ ਕੇ ੫੧੦-੧੨ ਵਿਚ ਮਰ ਗਿਆ। ਪਰ ਉਨ੍ਹਾਂ ਦੇ ਨਾਲ ਆਉਣ ਵਾਲੀਆਂ ਕੁਝ ਜਟ ਜਾਤੀਆਂ (ਮਾਨ, ਭੁਲਰ, ਹੇਹਰ, ਅਤੇ ਥਿੰਧ ਆਦਿ) ਮਾਲਵੇ ਵਿਚ ਉਨ੍ਹਾਂ ਦੇ ਨਾਲ ਬਸ ਗਈਆਂ, ਜੋ ਗੁਜਰਾਤ ਦੇ ਸ਼ਾਹੀ ਰਾਜਿਆਂ (ਸ਼ੱਕ ਬੰਸੀਆਂ) ਦੀ ਸੰਤਾਨ ਸਨ। ਅਤੇ ਉਨ੍ਹਾਂ ਦੇ ਗੋਤਮੀ ਪੁਤ੍ਰ 'ਸਾਤਬਾਹਨ' ਤੋਂ ਹਾਰ ਖਾਣ ਤੋਂ ਪਿਛੋਂ ਰਾਜਪੂਤਾਨੇ ਦੇ ਰਾਹੀਂ ਗੁਰੂ ਕੇ ਮਾਲਵੇ ਵਿਚ ਆ ਬਸੀਆਂ ਸਨ। ਉਸ ਸਮੇਂ ਬੁਰਜ ਮਾਨਸ਼ਾਹ, ਬੜੀ ਮਾਨਸਾਹ, ਅਤੇ ਮੌੜ ਆਦਿ ਪਿੰਡ ਮਾਨਾਂ ਦੇ, ਭੁੱਲਰ, ਹੇੜੀ, ਮਾੜੀ, ਅਤੇ ਬੁਗਰਾ ਆਦਿ ਭੁੱਲਰਾਂ ਤੇ ਕੋੜਿਆਂ ਦੇ ਲੰਮਾ ਤੇ ਜਟਪੁਰਾ ਤੇ ਭਰੋਵਾਲ (ਜ਼ਿ: ਲੁਦਿਹਾਣਾ) ਅਤੇ ਅਤਲਾ (ਰਾਜ ਪਟਿਆਲਾ) ਇਹ ਪਿੰਡ ਤਤਲਿਆਂ ਤੇ ਅਤਲਿਆਂ ਦੇ ਅਤੇ ਹੇਹਰ ਆਦਿ ਹੇਹਰਾਂ ਦੇ ਪਿੰਡ ਸਨ। ਝਬਦੇ ਹੀ ਇਨ੍ਹਾਂ ਦੀ ਏਸ ਦੇਸ ਤੇ ਚਉਧਰ ਹੋ ਗਈ, ਜੋ ਦੂਰ ਦੂਰ ਤਕ ਸੀ।

ਪ੍ਰਸੰਗ ਅਨੁਸਾਰ ਇਹ ਦਸ ਦੇਣਾ ਭੀ ਜਰੂਰੀ ਹੈ ਕਿ ਜਿਸ ਸਮੇਂ (੫ ਵੀਂ ਸਦੀ) ਜੇਹੂੰਸੇਹੂੰ ਦਰਿਆਵਾਂ ਤੋਂ ਉਠ ਕੇ ਹੂੰਨਾਂ ਨੇ ਭਾਰਤ ਵਲ ਧਾਉਣੀ ਕੀਤੀ। ਓਸੇ ਸਮੇਂ ਹੀ ਜੱਟ ਜਾਤੀ ਦੀ ਅਤਲਾ, ਤਤਲਾ, ਆਸਤ੍ਰ ਅਤੇ ਹੂੰਨਾਂ ਦੀ ਦੂਜੀ ਸ਼ਾਖਾ ਨੇ ਯੂਰਪ ਵਿਚ ਜਾ ਕੇ ਯੂਨਾਨ, ਯਕੋਸਲੇਵੀਆ, ਬਲਗਾਰੀਆ, ਸਰਵੀਆ, ਆਸਤ੍ਰੀਆ, ਹੂੰਗਰੀ, ਹਾਲੈਂਡ, ਬਲਜੀਅਮ ਡਨਮਾਰਕ ਇਟਲੀ ਅਤੇ ਯੂਰਪੀ ਰੂਸ ਆਦਿ ਦੇਸ਼ਾਂ ਨੂੰ ਬਰਬਾਦ ਕਰ ਕੇ ਓਥੇ ੩੦੦ ਬਰਸ ਤਕ ਆਪਣਾ ਰਾਜ ਜਮਾਇਆ ਅਤੇ ਜ਼ੁਲਮਾਂ ਨਾਲ ਸਾਰੇ ਯੂਰਪ ਵਿਚ ਥਰਥੱਲ ਮਚਾ ਦਿਤੀ। ਆਸਟ੍ਰੇਲੀਆ ਵਿਚ ਭੀ ਬਹੁਤੀ ਵਸੋਂ ਆਸਤ੍ਰ ਜੱਟਾਂ ਦੀ ਹੀ ਹੈ, ਜੋ ਓਸ ਸਮੇਂ ਉਨ੍ਹਾਂ ਦੀ ਇਕ ਸਾਖਾ ਨੇ ਸਮੁੰਦ੍ਰ ਵਿਚ ਦੀ ਓਥੇ ਅਪਣੀਆਂ ਬਸਤੀਆਂ ਵਸਾਈਆਂ ਸਨ ਜੋ ਜਾਵਾ, ਸੁਮਾਟ੍ਰਾ, ਆਸਟ੍ਰੇਲੀਆ, ਬਾਲੀਦੀਪ ਅਤੇ ਚੰਪਾ ਆਦਿ ਟਾਪੂ ਕਹਾਉਂਦੇ ਹਨ। (ਦੇਖੋ—ਯੂਰਪ ਦਾ ਸੰਖੇਪ ਇਤਿਹਾਸ)

## ਸਾਲਿਬਾਹਨ ਬੰਸ

ਪੰਜਵੀਂ ਸਦੀ ਈਸਵੀ ਵਿਚ ਰਾਜੇ 'ਗਜਰਾਜ' (ਯਾਦਵ) ਨੇ 'ਗ਼ਜ਼ਨੀ' ਬੰਨ੍ਹੀ। ਛੇਵੀਂ ਸਦੀ ਦੇ ਆਰੰਭ ਵਿਚ ਜਦੋਂ ਭਾਰਤ ਵਿਚੋਂ 'ਹੂੰਨ' ਰਾਜ ਦਾ ਸਫਾਇਆ ਹੋ ਗਿਆ। ਅਤੇ ਖੁਰਾਸਾਨੀਆਂ ਨੇ ਗ਼ਜ਼ਨੀ ਉਪਰ ਹੱਲੇ ਕਰਨੇ ਅਰੰਭ ਦਿਤੇ ਤਾਂ 'ਗਜ' ਦੇ ਪੁਤ੍ਰ *ਸਾਲਿਬਾਹਨ ਨੇ ਗ਼ਜਨੀ ਨੂੰ ਛਡ ਕੇ ਅਪਣੇ ਪਰਵਾਰ ਅਤੇ ਜਾਤਿ ਸਣੇ †ਸਿਆਲ ਕੋਟ ਨੂੰ ਆ ਮੱਲਿਆ। ਮਿਹਰ ਗੁਲ ਦੀ ਜਾਤਿ (ਹੂੰਨ) ਸਾਂਗਲੇ ਵਿਚ ਇਸ ਦੇ ਅਧੀਨ ਹੋ ਕੇ ਬਸਣ ਲਗੀ। ਇਹ ਘਟਣਾ ੫੨੦ ਈ: ਦੀ ਹੈ। ਸਾਲਿਬਾਹਨ ਦੇ ੧੬ ਪੁਤ੍ਰਾਂ ਵਿਚੋਂ ਵਡੇ ਰਿਸਾਲੂ ਨੇ ਭਾਦਸੋਂ (ਨਾਭਾ ਰਾਜ ਵਿਚ) ਬੰਨ੍ਹਿਆ। ਅਤੇ ਹੋਡਲੇ (ਸੁਨਾਮ ਕੋਲ) ਦੇ ਰਾਜੇ ਹੋਡੀ (ਸ਼ਕ ਬੰਸੀ) ਨੂੰ ਹਰਾ ਕੇ ਉਸਦੀ ਪੁਤ੍ਰੀ ਕੋਕਲਾਂ ਨੂੰ ਵਿਆਹਿਆ। ਦੂਜੇ ਪੁਤ੍ਰ ਸਾਇਰ ਰਾਓ

---

*ਸਾਲਿਬਾਹਨ ੩ ਹੋਏ ਹਨ—(੧) ਸ਼ਿਵ ਪੁਰ (ਗੁਜਰਾਤ) ਦਾ ਸ਼ੱਕ ਰਾਜਾ, ਜਿਸ ਨੇ ਬਿਕ੍ਰਮ ਬੰਸ ਨੂੰ ਹਰਾ ਕੇ ੭੮ ਈ: ਵਿਚ ਸ਼ਾਕਾ ਸੰਬੰਤ ਚਲਾਇਆ। (੨) ਆਂਧਰ ਬੰਸੀ ਸਾਤਬਾਹਨ ਜਾਂ ਸਾਲਿਬਾਹਨ, ਜੋ ਜਨਮ ਦਾ ਬ੍ਰਾਹਮਣ ਅਤੇ ਘਮਾਰ ਦੇ ਘਰ ਪਲਿਆ ਸੀ। (੩) ਇਹ ਸਾਲਿਬਾਹਨ ਯਦੂ ਬੰਸੀ ਸੀ।

†ਦੁਆਪਰ ਦੇ ਅੰਤ ਵਿਚ ਬਿਕ੍ਰਮਾਦਿੱਤ ਤੋਂ ੩੧੧੨ ਬਰਸ ਪਹਿਲਾਂ ਸ਼ਲਯ ਰਾਜੇ ਨੇ ਪਹਿਲੀ ਵਾਰ ਸਿਆਲਕੋਟ ਬਸਾਇਆ ਸੀ, ਜੋ ਮਹਾ ਭਾਰਤ ਜੁਧ ਵਿਚ ਜੂਝਿਆ ਸੀ।

Digitized by Panjab Digital Library | www.panjabdigilib.org

ਨੇ ਸਰਹਿੰਦ ਬਸਾ ਕੇ ਆਪਣੀ ਰਾਜਧਾਨੀ ਬਣਾਈ। 'ਸਰਾਉ' ਗੋਤ ਦੇ ਜੱਟ ਏਸੇ ਦੀ ਸੰਤਾਨ ਹਨ, ਜੋ 'ਨਾਲੀ' ਦੇ ਕੰਢੇ ਤੇ ਬਹੁਤ ਹਨ। ਤੀਜੇ ਪੁਤ੍ਰ 'ਜਗ ਸਵਾਈ' ਨੇ ਭਟਨੇਰ ਨੂੰ ਰੋਕ ਕੇ ਮਾਰਵਾੜ ਵਿਚ 'ਗੜ੍ਹ ਗਜ਼ਨੀ' ਬਸਾਈ। ਚੌਥਾ ਪੁਤ੍ਰ 'ਮੂਲ ਰਾਜ' ਮਥਰਾ ਵਿਚ ਰਾਜ ਕਰਨ ਲਗਾ। ਪੰਜਵੇਂ 'ਹੰਸ ਰਾਓ' ਨੇ ਹੰਸਾਰ ਬੰਨ੍ਹ ਕੇ ਆਪਣੇ ਭਾਈ (ਛੇਵੇਂ) ਝੰਡੂ ਰਾਇ ਨੂੰ ਦਿਤਾ। ਆਪ 'ਹਾਂਸੀ' ਬਸਾ ਕੇ ਉਸ ਨੂੰ ਆਪਣੀ ਰਾਜਧਾਨੀ ਬਣਾਇਆ। ਝਨੇਰ (ਝਾਂਡੇ ਨਗਰ) ਭੀ ਏਸੇ ਦਾ ਸੀ, ਜੋ ਮਲੇਰ ਕੋਟਲੇ ਰਾਜ ਵਿਚ ਹੈ। ਸਤਵਾਂ 'ਵਿਸ੍ਰ ਰਾਓ' ਜਲੰਧਰ ਤੇ ਤਿਹਾੜੇ ਵਿਚ ਅਠਵਾਂ ਸ਼ਿਵਰਾਓ ਸ਼ੂਸ਼ਕ ਦੇ ਪਰਗਣੇ ਦਾ ਮਾਲਕ ਬਣਿਆ। ਨੌਵੇਂ ਪੁਤ੍ਰ 'ਤ੍ਰੈਹਣ' ਲਈ ਸਾਲਿਬਾਹਨ ਪੁਰਾ (ਮੁਕਤਸਰ ਕੋਲ) ਬੰਨ੍ਹ ਕੇ ਅਪਣੀ ਉਪਰਾਜਧਾਨੀ ਬਣਾਈ। ਇਹ ੫੩੦ ਈ: ਦੀ ਗਲ ਹੈ। ਇਨ੍ਹਾਂ ਦੀ ਹੀ ਸੰਤਾਨ ਵਿਚੋਂ ਸਰਾਓ, ਹੰਸਰਾਇ, ਸਿਵਰਾਉਂ, ਵਿਸਰਾਮ ਆਦਿ ਜੱਟਾਂ ਦੇ ਗੋਤ ਹਨ। ਦਸਵੇਂ ਪੁਤ੍ਰ '‡ਛੀਨਾ ਰਾਓ' ਨੇ ਬਿਆਸ ਤੇ ਰਾਵੀ ਦਾ ਵਿਚਕਾਰਲਾ ਦੁਆਬਾ ਮੱਲਿਆ। ਉਸ ਦੇ ਪੁਤ੍ਰ ਬਲੰਦ ਨੇ ਜਦ ਦੇਖਿਆ ਕਿ ਸ਼ੱਕਾਂ ਦੀ ਹੇੜ੍ਹ ਨੂੰ ਤਾਂ ਯਸ਼ੋਧਰਮਨ ਨੇ ਖਹਰੂੜ ਕੋਲ ਮੁਕਾ ਦਿਤਾ ਹੈ, ਖੁਰਾਸਾਨੀ ਭੀ ਅਜ ਕਲ ਸੱਤਾ ਹੀਣ ਹੋ ਚੁਕੇ ਹਨ ਅਤੇ ਪੰਜਾਬ ਤੋਂ ਮੱਦ੍ਰ-ਮਾਲਵਾ ਭੀ ਅਸਾਡੇ ਅਧੀਨ ਹੈ, ਝੱਟ 'ਗ਼ਜ਼ਨੀ' ਤੇ ਆਪਣਾ ਰਾਜ ਕਾਇਮ ਕਰ ਲਿਆ। ਇਹ ਗਲ ੬੧੦ ਈ: ਦੀ ਹੈ। ਪਰ ਬਗਦਾਦ ਦੇ ਖਲੀਫੇ ਨੇ ੬੫੦ ਈਸਵੀ ਵਿਚ ਨਵੇਂ ਮੁਸਲੱਕੇ ਜੋਸ਼ ਵਿਚ ਆ ਕੇ ਅਣਗਿਣਤ ਸੈਨਾ ਨਾਲ ਕੰਧਾਰ ਦੇਸ਼ ਤੇ ਚੜ੍ਹਾਈ ਕੀਤੀ। ਤਾਂ ਬਲੰਦ ਨੇ ਬ੍ਰਿਧ ਅਵਸਥਾ ਵਿਚ ਮੁਸਲਮਾਨ ਹੋ ਕੇ ਆਪਣਾ ਰਾਜ ਬਚਾ ਲਿਆ। ਉਸ ਦੇ ਬੜੇ ਪੁਤਰ ਭੱਟੀਰਾਓ ਨੇ ਮੁਲਤਾਨ ਦੇ ਰਾਹ ਮਾਰਵਾੜ ਵਿਚ ਅਪਣੇ ਵਡਕੇ ਦੇ ਨਾਓਂ ਤੇ ੬੫੫ ਈ: ਵਿਚ ਪਹਿਲੀ ਬਾਰ 'ਜੈਸੁਲਮੇਰ' ਆ ਬਸਾਇਆ। ਸਲਿਬਾਹਨ ੫੫੦ ਈ: ਦੇ ਲਗ ਪਗ ਮਰਿਆ। ਉਸ ਦੇ ੧੧ ਵੇਂ ਪੁਤ੍ਰ ਪੂਰਬੀ ਰਾਓ ਬਗਦਾਦੀ ਮੁਸਲਮਾਨਾਂ ਨੇ ਕੰਧਾਰ ਤੇ ਮੁਲਤਾਨ ਨੂੰ ਅਪਣੇ ਅਧੀਨ ਕਰਨ ਦੇ ਨਾਲ ਹੀ 'ਮੁਹਲਬ' ਦੀ ਅਗਵਾਈ ਵਿਚ ਸਿਆਲ ਕੋਟ ਅਤੇ ਸਾਂਗਲੇ ਦੀ ਬਾਰ ਭੀ ਖੋਹ ਲਈ। ਤਾਂ ਉਹ ਪਰਵਾਰ ਤੋਂ ਵਿਛੜ ਕੇ ਨਵੇਂ ਮੁਸੱਲੇ ਬਣੇ ਹੋਏ ਚਠਿਆਂ ਤੇ ਚੀਮਿਆਂ ਨਾਲ ਲੜਦਾ ਭਿੜਦਾ ਰਾਵੀ ਤੋਂ ਉਰਾਰ ਆ ਕੇ 'ਬੇਈਂ ਪੋਈਂ' (ਬੇਣੀ ਪੂਰਨੀ) ਗ੍ਰਾਮ ਬਣਾ ਕੇ ਬੈਠਾ। ਉਸ ਦਾ ਪੁੱਤ੍ਰ ਸਾਹਸੀਰਾਇ ਬੜਾ ਪ੍ਰਤਾਪੀ ਅਤੇ ਓਸ ਪਰਗਣੇ ਦਾ ਚੌਧਰੀ ਬਣਿਆ। ਉਸ ਨੇ ੮ਵੀਂ ਸਦੀ ਦੇ ਆਰੰਭ ਵਿਚ ਸਾਹੰਸਰਾ (ਜ਼ਿ: ਅੰਮ੍ਰਿਤਸਰ ਵਿਚ) ਨਾਮ ਦਾ ਖੇੜਾ ਬਸਾਇਆ। ਏਸ ਦੀ ਸੰਤਾਨ ਵਿਚੋਂ 'ਸ਼ੇਰ ਪੰਜਾਬ'—ਮਹਾਰਾਜਾ ਰਣਜੀਤ ਸਿੰਘ ਜੀ ਹੋਏ। ਇਸ ਪ੍ਰਕਾਰ ਮਾਝੇ ਤੇ ਮਾਲਵੇ ਵਿਚ ਸਿਧੂਆਂ ਤੋਂ ਬਿਨਾਂ ਸਾਲਬਾਹਨ ਬੰਸ ਦੇ ਟਾਕਰੇ ਤੇ ਹੋਰ ਕਿਸੇ ਜੱਟ ਸ਼੍ਰੇਣੀ ਦਾ ਰਾਜ ਤੇਜ ਨਹੀਂ ਹੋਇਆ।

ਗਿਆਰਵੇਂ ਪੁਤ੍ਰ ਪੁੰਨੀ ਰਾਇ ਸਿਆਲ ਕੋਟ ਵਿਚ ਰਾਜ ਕਰਦਾ ਸੀ। ਜਿਸ ਦਾ ਅਸਲ ਨਾਓਂ ਤਾਂ ਹੋਰ ਸੀ, ਪਰ ਅਪਣੇ ਭਾਈ ਪੂਰਨ ਭਗਤ (ਜੋ ਨਾਥਾਂ ਦਾ ਚੇਲਾ ਹੋਣ ਦੇ ਕਾਰਣ ਬੇਉਲਾਦਾ ਸੀ) ਦੇ ਨਾਂ ਉੱਤੇ ਪੂਰਣੀਰਾਉ (ਪੂਰ੍ਣਿਰਾਵ) ਨਾਉਂ ਰਖ ਕੇ ਆਪ ਨੂੰ ਓਸਦਾ ਪ੍ਰਤਿਨਿਧਿ ਮੰਨਦਾ ਸੀ। ਏਸ

‡ਛੀਨੇ ਦੀ ਸੰਤਾਨ ਕੁਝ ਤਾਂ ਮਾਝੇ ਵਿਚ ਅਤੇ ਕੁਝ ਪਿੰਡ ਮਾਲਵੇ (ਜੰਡੀ ਤੇ ਰਸੂਲਪੁਰ ਜ਼ਿ: ਲੁਦਿਹਾਣਾ) ਵਿਚ ਹੈ। ਇਸ ਸ਼੍ਰੇਣੀ ਦੀ ਵਸੋਂ ਥੋੜੀ ਹੋਣ ਕਰਕੇ ਇਹ ਸਰਾਵਾਂ ਵਿਚ ਹੀ ਗਿਣੇ ਜਾਂਦੇ ਹਨ।

Digitized by Panjab Digital Library | www.panjabdigilib.org

ਦੇ ਅਧੀਨ ਓਸ ਸਮੇਂ ਸਾਂਗਲਾ ਪੰਚ ਨਦ ਸਿਆਲਾਂ ਤੇ ਖਰਲਾਂ ਤੇ ਚੀਮਿਆਂ ਚੱਠਿਆਂ ਦੇ ਪਾਟ ਅਤੇ ਝਨਾਂ ਦਾ ਇਲਾਕਾ ਸੀ। ਸ਼ਾਹਸੀ ਅਤੇ ਪੂਨੀਆ ਗੋਤ ਦੇ ਜੱਟ ਏਸ ਦੀ ਸੰਤਾਨ ਵਿਚੋਂ ਹਨ।

ਬਾਰਹਵਾਂ ਪੁਤ੍ਰ ਪੂਰਨ ਚੰਦ੍ਰ ਨਾਥ ਬਣਿ ਚੁਕਿਆ ਸੀ। ਜੋ ਜੋਗਾਭਿਆਸ ਦੇ ਬਲ ਨਾਲ ੧੩ ਵੀਂ ਸਦੀ ਈਸਵੀ ਤਕ ਜੀਉਂਦਾ ਰਿਹਾ।

ਸਿਰਨਾਮ ਰਾਏ ਨੇ ਜੰਮੂ ਦਾ ਇਲਾਕਾ ਮਲਿਆ, ਫੇਰ ਮੁਸਲਮਾਨੀ ਬਾਢ ਨੇ ਉਸ ਦੀ ਸੰਤਾਨ ਨੂੰ ਚੂੜਕਾਣੇ ਤੇ ਕੁੜਰਾਂਵਾਲੇ ਦੀ ਬਾਰ ਵਿਚ ਜਾ ਰਹਿਣ ਲਈ ਬੇਵੱਸ ਕੀਤਾ। ਪਰ ਬ੍ਰਿਕਾਂ ਉਸ ਦੇ ਪੈਰ ਨ ਲਗਣ ਦਿਤੇ। ਤਾਂ ਉਹ ਦੁਆਬੇ ਵਿਚ ਆ ਗਿਆ। ਸਮਰਾਉ ਗੋਤ ਦੇ ਜੱਟ ਉਹਦੀ ਸੰਤਾਨ ਹਨ।

ਚੌਧਵਾਂ ਵੜਾਇਚ ਸਿਆਲਕੋਟ ਤੋਂ ਆਪਣੇ ਭਾਈ ਜਗਸਵਾਈ ਕੋਲ ਜਾਣ ਲਈ ਸਿੱਧਾ ਗੜ੍ਹ ਗਜ਼ਨੀ ਦੀ ਸੇਧ ਰਖ ਕੇ ਆਉਂਦਾ ਹੋਇਆ ਮੁਰੀਦਕੇ ਰੇਲਵੇ ਸਟੇਸ਼ਨ ਤੋਂ ੩ ਮੀਲ ਉੱਤਰ ਨੂੰ, 'ਆਧੀਆਂ' ਗ੍ਰਾਮ ਬਸਾਉਂਦੇ ਸਾਰ ਹੀ ਪਰਲੋਕ ਸੁਧਾਰ ਗਿਆ। ਇਹ ਨਾਉਂ ਓਸ ਨੇ ਇਸ ਲਈ ਰਖਿਆ ਓਸ ਦੇ ਜਾਣੇ ਇਹ ਥਾਉਂ ਮਾਰਵਾੜ ਦੀ 'ਗੜ੍ਹਗਜਨੀ' ਅਤੇ ਪਿਛੋਕੇ ਦੀ ਗ਼ਜਨੀ ਦੇ ਲਗ ਪਗ ਅੱਧ ਵਿਚ ਸੀ। ਏਸ ਤੋਂ ਪਿਛੋਂ ਉਸ ਦੀ ਸੰਤਾਨ ਦੇ ਪ੍ਰਧਾਨ ਖੇੜੇ ਕਾਲਾ ਖਤਾਈ ਅਤੇ ਵੜਾਇਚਾਂ ਦੀ ਡਿਉਢੀ ਆਦਿ ਹੋਏ।

ਪੰਦਰਵਾਂ ਪੁਤ੍ਰ ਮਾਂਗਟ ਭੀ ਪੂਰਨ ਭਗਤ ਦਾ ਅਨੁਸਾਰੀ, ਨਾਥਾਂ ਦਾ ਚੇਲਾ ਅਤੇ ਸਿੱਧ-ਪੁਰਸ਼ ਸੀ। ਉਹ ਪਹਿਲਾਂ ਤਾਂ ਗੜ੍ਹ ਗਜ਼ਨੀ ਅਤੇ ਥਾਨੇਸਰ (स्थानेश्वर) ਆਦਿ ਸਿੱਧਾਂ ਦੇ ਟੋਲਿਆਂ ਤੇ ਮਠਾਂ ਵਿਚ ਰਹਿੰਦਾ ਸੀ। ਬਗਦਾਦੀ ਅਜਗਰਾਂ ਦੇ ਮੂੰਹੋਂ ਆਪਣੇ ਪਰਿਵਾਰ ਨੂੰ ਲੈ ਕੇ ਗੁਰੂ ਕੇ ਮਾਲਵੇ ਦੇ ਰਾਹੀਂ ਵਰਤਮਾਨ ਦੋਰਾਹੇ ਕੋਲ ਆਕੇ 'ਛੰਦੜਾਂ' ਨਾਮੇ ਗ੍ਰਾਮ ਬਣਾ ਕੇ ਰਹਿਣ ਲੱਗਾ। ਉਸੇ ਸਮੇਂ ਇਸ ਦਾ ਭਤੀਜਾ ਜਾਂ ਪੁਤ੍ਰ 'ਕਾਲਾ'† ਮਾਂਗਟਾਂ ਦਾ ਮੁਖੀਆ ਸੀ। ਅਜ ਕਲ ਏਸ ਥਾਂ ਕੋਲ ਮਾਂਗਟਾਂ ਦੇ ੧੦–੧੨ ਪਿੰਡ ਹਨ।

ਸੋਲ੍ਹਵਾਂ ਝਾਂਡੇ ਰਾਇ ਨੇ ਵਰਤਮਾਨ ਮਾਲੇਰ ਕੋਟਲੇ ਤੋਂ ੪ ਮੀਲ ਉਤਰ ਨੂੰ ਭੱਡਲੀ ਨਦੀ ਦੇ ਕੰਢੇ ਤੇ ਝਾਂਡੇ ਨਗਰ ਅਥਵਾ 'ਝਨੇਰ' ਨਗਰ ਬਸਾਇਆ ਜੋ ੩ ਮੀਲ ਲੰਬਾ (ਠੁਲੀ ਵਾਲ ਤਕਾ) ਸੀ ਉਸ ਨੂੰ ਲੁਟੇਰੇ ਮਹਮੂਦ ਨੇ ੧੦੧੦ ਈ: ਵਿਚ ਗਜਨੀ ਵਾਲਿਆਂ ਦਾ ਹੋਣ ਕਰਕੇ ਉਜਾੜ ਦਿਤਾ। ਅਤੇ ਉਸ ਦੇ ਥਾਂ ਹਿੰਦੂਆਂ ਤੋਂ ਮੁਸਲਮਾਨ ਹੋਏ ੨ ਮਲਕਾਂ ਨੂੰ ਦੇ ਕੇ ਉਨ੍ਹਾਂ ਦੇ ਨਾਉਂ ਤੇ 'ਮਲਕਵਾਲ' ਨਾਮ ਦਾ ਨਗਰ ਬਸਾਇਆ। ਝਾਂਡੇ ਲੋਕ ਪਹਿਲਾਂ ਹੀ ਉਜੜ ਕੇ ਲੁਦਿਹਾਣੇ ਕੋਲ ਜਾ ਬਸੇ ਸੀ। ਪਰ ਮਲਕ ਵਾਲ ਨੂੰ ਭੀ ਸਤੁਲੁਜ ਨੇ ਢਾ ਦਿਤਾ, ਜਦੋਂ ਕਿ ਉਸ ਨੇ ਆਪਣਾ ਪਹਿਲਾ ਵਹਿਣ ਛਡ ਕੇ ਪੱਛੋਂ ਵਲ ਦਾ ਰਾਹ ਬਣਾ ਲਿਆ ਸੀ। ਅਕਬਰ ਦੇ ਰਾਜ ਵਿਚ ਓਸੇ ਥੇਹ ਤੇ 'ਝਨੇਰ' ਨਾਮ ਦਾ ਪਿੰਡ ਦੂਜੀ ਵਾਰ ਬਸਾਇਆ।

---

†ਓਸੇ ਸਮੇਂ ਸਾਲਬਾਹਨ ਬੰਸ ਦੇ ਨਾਲ ਹੀ ਤਿਹਾੜੇ ਵਲੋਂ ਕਾਲਾ ਮਹਰ (ਸੰਧੂਆਂ ਦਾ ਮੁਖੀਆ) ਭੀ ਮਾਲਵੇ ਦੇ ਮੰਦੋਹੇ ਅਤੇ ਸੰਨੇਰ (ਚੁਸ਼ਕ) ਤੋਂ ਉਠ ਕੇ ਸਿਹਾਲੀ ਨਗਰ ਬਸਾਕੇ ਪ੍ਰਸਿਧ ਹੋਇਆ। ਸੰਧੂਆਂ ਦੇ ਬਹੁਤੇ ਪਿੰਡ ਲਾਹੌਰ ਤੇ ਫੀਰੋਜ਼ ਪੁਰ ਵਿਚ ਹਨ। ਛੰਦੜਾਂ ਕੋਲ ਸਾਨ੍ਹੇਵਾਲ (ਸਾਂਧੇਵਾਲਾ) ਭੀ ਇਨ੍ਹਾਂ ਦਾ ਹੀ ਹੈ।

Digitized by Panjab Digital Library | www.panjabdigilib.org

ਹੁਣ ਝਾਂਡੇ ਰਾਇ ਦੀ ਸੰਤਾਨ 'ਝਾਂਡੇ' (ਜ਼ਿ: ਲੁਦਿਹਾਣਾ) ਵਿਚ ਤਾਂ ਨਹੀਂ, ਪਰ ਅਜੇ 'ਝਾਂਡੇ ਪੱਤੀ' ਨਾਉਂ ਉਨ੍ਹਾਂ ਦਾ ਨਿਸ਼ਾਨ ਹੈ। ਪਿੰਡ ਗਰੇਵਾਲਾਂ ਦਾ ਹੈ।

ਸਾਲਬਾਹਨ ਬੰਸ ਨੇ ਹੋਰ ਬੰਸੀਆਂ ਨਾਲ ਮਿਲ ਕੇ ਸਾਂਝਾ ਲੋਕ ਰਾਜ ਕੀਤਾ। ਆਪਣੀ ਚਉਧਰ ਰੱਖੀ, ਇਸੇ ਲਈ ਪੰਜਾਬ, ਗੁਰੂ ਕਾ ਮਾਲਵਾ ਅਤੇ ਰਾਜਸਥਾਨ ਦਾ ਉਰਲਾ (ਉਤਰੀ ਤੇ ਪੂਰਬੀ) ਹਿੱਸੇ ਤੇ ਇਨ੍ਹਾਂ ਦੀ ਚਉਧਰ ਰਹੀ। ਜੋ ਬਹੁਤ ਸੁਖ-ਸ਼ਾਂਤੀ ਨਾਲ ੭੦ ਸਾਲ ਦੇ ਲਗ ਪਗ ਅਰਥਾਤ ਥਾਨੇਸਰ ਉਪਰ ਵਰਧਨ ਬੰਸ ਦੇ ਰਾਜ ਅਸਥਾਪਨ ਹੋਣ ਤਕ ਨਿਭੀ। ਫੇਰ ਭੀ ਇਨ੍ਹਾਂ ਦੀ ਚਉਧਰ ਕਈ ਥਾਈਂ ਰਹੀ।

## ਵਰਧਨ ਬੰਸ

ਬਾਹਰਲੇ ਗੁਰਜਰ (ਗੁੱਜਰ) ਦੇਸ ਤੋਂ ਆਏ ਹੋਏ ਗੁੱਜਰਾਂ ਨੇ ਪਹਿਲਾਂ ਨਗਰ ਕੋਟ (ਕਾਂਗੜਾ) ਤੇ ਜਾਲੰਧਰ (ਗੁਜਰਾਂ ਦੀ ਬਸਤੀ) ਨੂੰ ਨਵੇਂ ਸਿਰੇ ਬਸਾ ਕੇ, ਹੁਸ਼ਿਆਰ ਪੁਰ, ਲੁਦਿਹਾਣਾ ਆਦਿ ਦੇ ਰਸਤੇ ਕੈਥਲ, ਕਰਨਾਲ, ਰੁਹਤਕ ਆਦਿ ਨੂੰ ਲੰਘ ਕੇ ਜਮਨਾ ਦੇ ਪਾਰ ਦਾ ਕੁਝ ਇਲਾਕਾ—ਅਹੀਰਾਯਨਾ-ਹਰਿਆਣੇ ਵਿਚ ਰਲ ਕੇ ਬੜੇ ਦੂਰ ਤਕ ਅਪਣੀ ਚਉਧਰ ਕਾਇਮ ਕੀਤੀ। ਇਨ੍ਹਾਂ ਨੇ ਬੜੇ ਖੇੜੇ ਅਤੇ ਨਗਰ ਬਸਾਏ, ਜਿਨ੍ਹਾਂ ਵਿਚੋਂ ਪੱਛਮੀ ਹਰਿਆਣੇ ਦੇ ਮੁਖ ਨਗਰ, ਜਲੰਧਰ ਦੇ ਬਸਤੀਂ—ਗੁੱਜਾਂ ਅਤੇ ਨਗਰ ਕੋਟ (ਕਾਂਗੜਾ) ਅਤੇ ਹਰਿਆਣਾ (ਜ਼ਿ: ਹੁਸ਼ਿਆਰ ਪੁਰ) ਸੀ। ਅਤੇ ਪੂਰਬੀ ਹਰਿਆਣੇ ਦੀ ਮੁਖ ਰਾਜਧਾਨੀ ਥਾਨੇਸਰ ਅਤੇ ਉਪਰਾਜਧਾਨੀਆਂ ਕਿਲਾ ਪਰੀਖਤ ਗੜ੍ਹ (ਜ਼ਿ: ਮੇਰਠ) ਨਨੌਤਾ ਤੇ ਲੰਢੌਰਾ ਜ਼ਿਲਾ ਸਹਾਰਨਪੁਰ, ਅਤੇ ਤਲਵੰਡੀ ਸਾਬੋਕੀ (ਰਿ: ਪਟਿਆਲਾ) ਪ੍ਰਸਿਧ ਦਮਦਮਾ ਸਾਹਿਬ ਵਿਖੇ ਸੀ। ਇਨ੍ਹਾਂ ਦੀ ਇਕ ਸਾਖਾ ਮੁਲਤਾਨ ਦੇ ਰਾਹੀਂ ਬਹੁਤ ਚਿਰ ਤੋਂ ਗੁਜਰਾਤ ਕਾਠੀਆਵਾੜ ਨੂੰ ਜਿੱਤ ਕੇ ਉਨ੍ਹਾਂ ਦੇਸਾਂ ਵਿਚ ਵਸ ਚੁਕੀ ਸੀ। ਉਨ੍ਹਾਂ ਗੁਜਰਾਤੀ ਗੁੱਜਰਾਂ ਦੀ 'ਓਲਿਕਰ' ਸ਼ਾਖਾ ਵਿਚੋਂ ਪ੍ਰਤਾਪੀ ਰਾਜਾ ਦੁਰਲੱਭ ਵਰਧਨ ਦਾ ਪੁਤ੍ਰ ਯਸ਼ੋਧਰਮਨ ਮਹਾਂ ਜੋਧਾ ਹੋਇਆ। ਉਸ ਨੇ ਗੁਜਰਾਤ ਤੋਂ ਉਠ ਕੇ ਉਜੈਨ ਅਤੇ ਮੁਲਤਾਨ ਤਕ ਦਾ ਦੇਸ ਸ਼ਕਾਂ ਤੋਂ ਖੋਹ ਲਿਆ ਅਤੇ ਹੂੰਨਾਂ ਦੇ ਤੀਜੇ ਹੱਲੇ ਤੋਂ ਅਗੋਂ ੨ ਓਸ ਨੇ ਗੁਜਰਾਤ, ਮਾਲਵਾ, ਰਾਜਸਥਾਨ ਅਤੇ ਮੁਲਤਾਨ ਤਕ ਆਪਣਾ ਪੱਕਾ ਰਾਜ ਅਸਥਾਪਨ ਕਰ ਲਿਆ ਸੀ। ਜਦੋਂ ੫੨੮ ਵਿਚ ਹੂੰਨ ਤੀਜੀ ਵਾਰ ਭਾਰਤ ਤੇ ਆ ਚੜ੍ਹੇ ਤਾਂ ਏਸ ਨੇ ਖਹਰੂਰ (ਮੁਲਤਾਨ ਕੋਲ) ਦੇ ਅਸਥਾਨ ਉਪਰ ਸ਼ੱਕਾਂ, ਹੂੰਨਾਂ ਅਤੇ ਮਾਨਾਂ ਨੂੰ ਭਾਰੀ ਹਾਰ ਦੇ ਕੇ 'ਸ਼ੱਕਾਰੀ' ਦੀ ਉਪਾਧੀ ਪ੍ਰਾਪਤ ਕੀਤੀ। ੫੩੨ ਈ: ਦੇ ਪਿਛੋਂ ਉਸ ਨੇ ਕਨੌਜ ਦਾ ਰਾਜ ਜਾ ਮੱਲਿਆ। ਅਤੇ ਏਥੋਂ ਦੇ ਰਾਜ ਨੂੰ ਅਪਣੇ ਸਾਮੰਤ ਰਾਜਾ 'ਵਿਸ਼ਨੂੰ ਵਰਧਨ' ਨੂੰ ਅਪਣਾ ਪ੍ਰਤਿਨਿਧ ਥਾਪ ਕੇ ਸੌਂਪ ਦਿਤਾ। ਪਰ ਛੇਤੀ ਹੀ ਦੁਰਲੱਭ ਵਰਧਨ ਦੇ ਮਰ ਜਾਣ ਤੋਂ ਮਾਲਵਾ ਪ੍ਰਾਂਤ 'ਵਿਸ਼ਨੂੰ ਵਰਧਨ' ਤੋਂ ਕਿਸੇ ਪ੍ਰਮਾਰ ਰਾਜਾ ਨੇ ਖੋਹ ਲਿਆ ਅਤੇ ਵਿਸ਼ਨੂੰ ਵਰਧਨ ਹੂੰਨਾਂ ਦਾ ਪਿਛਾ ਕਰਦਾ ਹੋਇਆ ਗੁਰੂ ਕੇ ਮਾਲਵੇ ਵਿਚ ਅਪਣੇ ਮੁਖ ਨਿਵਾਸ ਅਸਥਾਨ ਥਾਨੇਸਰ ਕੋਲ ਆ ਕੇ ਮਾਰਿਆ ਗਿਆ। ਤਾਂ ਇਹ ਘਟਨਾ ੫੮੦ ਈ: ਦੀ ਹੈ। ਤਾਂ ਓਸ ਦੇ ਪ੍ਰਤਾਪੀ ਪੁਤ੍ਰ ਪ੍ਰਭਾਕਰ ਵਰਧਨ ਨੇ ਸ਼ੱਕ, ਹੂੰਨਾਂ ਤੇ ਮਾਨ ਆਦਿ ਜਾਤੀਆਂ ਨੂੰ ਭਾਰੀ ਗਿਣਤੀ ਵਿਚ ਖਪਾ ਕੇ ਰਹਿੰਦਿਆਂ ਨੂੰ ਸੁਖ ਸਾਂਤੀ ਨਾਲ ਬਸਣ ਲਈ ਬੇ ਬਸ ਕਰ ਦਿਤਾ। ਵਿਸ਼ੇਸ਼

Digitized by Panjab Digital Library | www.panjabdigilib.org

ਕਰ ਕੇ ਹੂੰਨਾਂ ਤੇ ਮਾਨਾਂ ਨੂੰ *ਪ੍ਰਭਾਕਰ ਵਰਧਨ ਤੋਂ ਬਹੁਤ ਦੁਖ ਪਾਉਣਾ ਤੇ ਜਿਚ ਹੋਣਾ ਲਿਖਿਆ ਗਿਆ ਹੈ ਫੇਰ ਏਸ ਮਾਲਵੇ ਦੀ ਪਰਜਾ ਨੇ ਭੀ ਉਸਨੂੰ ਆਪਣੇ ਬਚਾਉ ਲਈ ਆਪਣਾ 'ਰਾਜਾਧਿਰਾਜ' ਸ੍ਵੀਕਾਰ ਕਰ ਲਿਆ। ਵਾਣ ਭੱਟ ਨੇ 'ਹਰਸ਼ ਚਰਿਤ੍ਰ' ਵਿਚ ਲਿਖਿਆ ਹੈ ਕਿ ਸ੍ਰੀ †ਕੰਠ ਦੇਸ (ਗੁਰੂ ਕੇ ਮਾਲਵੇ ਦਾ ਨਾਉਂ) ਵਿਚ ਹੀ ਇਕ ਸਥਾਨੂ ਈਸ਼ੁਰ (ਥਾਨੇਸਰ) ਨਾਉਂ ਦਾ ਉਪ-ਦੇਸ (ਪਾਟ) ਹੈ। ਉਸ ਦਾ ਮਹਾਂ ਪ੍ਰਤਾਪੀ ਰਾਜਾ ਪ੍ਰਭਾਕਰ ਵਰਧਨ ਹੋਇਆ ਪਰਾਚੀਨ ਰਾਜਾ ਭਰਤ ਦੀ ਸੰਤਾਨ ਹੋਣ ਕਰਕੇ ਆਪ ਨੂੰ 'ਸੂਰਜ ਬੰਸੀ' ਕਹਾਉਂਦਾ ਅਤੇ ਸੂਰਜ ਨੂੰ ਪੂਜਦਾ ਸੀ। ਇਹਦਾ ਵਡਕਾ ਰਾਜਾ 'ਪੁਸ਼ਗਭੂਤੀ' ਸੀ ਜਿਸ ਨੇ ਭੈਰਵਾਚਾਰਯ (ਮਹਾ ਸੈਵੀ) ਤੋਂ ਦੀਖ੍ਯਾ ਲੈਕੇ ਕ੍ਰਿਪਾਣ ਪ੍ਰਾਪਤ ਕੀਤੀ। ਭੈਰਵ ਦੀ ਪ੍ਰੇਰਨਾ ਨਾਲ ਹੀ ਬੇਤਾਲ ਸਿੱਧ ਕੀਤਾ। ਅਤੇ ਲੱਛਮੀ ਦੇ ਭੀ ਸਾਖਿਆਤ ਦਰਸ਼ਨ ਕੀਤੇ। ਲੱਛਮੀ ਨੇ ਵਰ ਦਿਤਾ ਕਿ ਤੇਰੀ ਕੁਲ ਤੋਂ ਬਹੁਤ ਬੜਾ ਰਾਜ ਬੰਸ (ਵਰਧਨ) ਚੱਲੂਗਾ। ਅਤੇ ਇਕ ਹਰਿਚੰਦ ਵਰਗਾ ਮਹਾਨ ਚਕ੍ਰਵਰਤੀ ਰਾਜਾ 'ਹਰਸ਼ ਵਰਧਨ' ਹੋਊਗਾ। ਉਕਤ ਰਾਜਾ ਨੇ ਗੁਰੂ ਕੇ ਮਾਲਵੇ ਤੋਂ ਸਿਵਾਇ ਉਜੈਨ, ਲਾਟ, ਗੁਜਰਾਤ, ਰਾਜਸਥਾਨ ਉਤੇ ਭੀ ਅਧਿਕਾਰ ਜਮਾਇਆ। ਏਸ ਬੰਸ ਦੇ ਗੁਜਰਾਤ ਵਿਚ ਬਹੁਤ ਚਿਰ ਰਾਜ ਕਰਨ ਕਰਕੇ ਉਕਤ ਰਾਜ ਬੰਸ ਦਾ ਨਾਉਂ ਹੀ ਗੁਰਜਰ ਬੰਸ ਪੈ ਗਿਆ। ਭਾਵੇਂ ਪਹਿਲਾਂ ਭੀ ਇਹ ਜੱਟ, ਸ਼ੱਕ ਅਤੇ ਕਾਠੀ ਆਦਿਕ ਜਾਤੀਆਂ ਦੇ ਨਾਲ ਹੀ ਗੁਰਜੁਰ ਦੇਸ ਤੋਂ ਆਉਣ ਕਰਕੇ ਇਨ੍ਹਾਂ ਦੇ ਪਾਟ ਨੂੰ ਗੁਜਰਾਤ (ਗੁਰਜਰ+ਆਇਤ) ਕਰਕੇ ਹੀ ਬੋਲਦੇ ਸੀ। ਅਤੇ ਮਾਲਵੇ ਦੇ ਅਰ੍ਰਿਆਣਾ ਪ੍ਰਾਂਤ ਵਿਚ ਵਸਣ ਤੋਂ ਭੀ ਸਿੱਧ ਹੁੰਦਾ ਹੈ ਕਿ ਇਹ ਘਰਾਣਾ ਗੁੱਜਰ ਬੰਸੀ ਵਿਚੋਂ ਹੀ ਹੈ। ਪਰ ਦੀਰਘ ਵਿਚਾਰ ਕਰਨ ਤੋਂ ਗੁੱਜਰ ਦੇਸ ਤੋਂ ਆਉਣ ਵਾਲੇ ਸੂਰਜ ਬੰਸੀਆਂ ਨੂੰ ਉਨ੍ਹਾਂ ਲਈ ਦੇਸ ਕ੍ਰਿਤ ਬਣੀ ਸੰਗਿਆ ਦੇ ਕਾਰਣ ਉਨ੍ਹਾਂ ਦੀ ਨਸਲ ਤੋਂ ਵਖਰਾ ਨਹੀਂ ਕਲਪਿਆ ਜਾ ਸਕਦਾ। ਜਿਵੇਂ ਕੋਈ ਪੰਜਾਬੀ ਜੱਟ ਦੂਜੇ ਪ੍ਰਾਂਤ ਵਿਚ ਜਾਕੇ ਪੰਜਾਬੀ ਹੁੰਦਾ ਹੋਇਆ ਭੀ ਬੰਸ ਭੇਦ ਦੇ ਕਾਰਣ ਬੇ ਜੱਟ ਨਹੀਂ ਹੋ ਜਾਂਦਾ। ਅਤੇ ਕੋਈ ਬੰਗਾਲੀ ਬ੍ਰਾਹਮਣ ਪੰਜਾਬ ਵਿਚ ਰਹਿਕੇ ਬੰਸ ਭੇਦ ਤੇ ਜੱਟ ਨਹੀਂ ਬਣ ਸਕਦਾ ਤਿਵੇਂ ਸੂਰਜ ਬੰਸੀ ਹੁੰਦੇ ਹੋਏ ਉਕਤ ਬੰਸ ਦੇ ਰਾਜੇ ਨਿਰੇ 'ਗੁਰਜਰ' ਦੇਸ ਤੋਂ ਆਉਣ ਕਰਕੇ ਅਥਵਾ ਗੁਜਰਾਤ ਵਿਚ ਚਿਰ ਕਾਲ ਤਕ ਰਹਿਣ ਦੇ ਕਾਰਣ ਕੋਈ ਵਖਰੀ ਬੰਸ ਦੇ ਨਹੀਂ ਬਣ ਜਾਂਦੇ। ਕਿੰਤੂ ਉਕਤ ਦੇਸ ਵਿਚੋਂ ਆਏ ਹੋਣ ਕਰ ਕੇ ਇਨ੍ਹਾਂ ਦੀ ਸੰਗਿਆ ਦੇਸ ਕ੍ਰਿਤ ਹੈ-ਬੰਸ ਕ੍ਰਿਤ ਨਹੀਂ। ਜੇ ਏਸ ਤੋਂ ਅਗੇ ਹੋਰ ਵਿਚਾਰ ਕਰੀਏ ਤਾਂ ਗੁ:+ਜਰ=ਪ੍ਰਿਥਵੀ ਜਾਂ ਗਊ ਜਾਤੀ ਨੂੰ ਸਿੰਗਾਰਨ ਵਾਲੀ ਅਰਥਾਤ ਪਾਲਨ ਵਾਲੀ ਬੰਸ ਅਥਵਾ ਗਊ ਤੇ ਧਰਤੀ ਦੀ ਜਾਰ (ਪਿਆਰੀ) ਕੌਮ ਕਿੱਤੇ ਤੋਂ ਭੀ ਬਣਿਆ ਹੋਇਆ ਇਹ ਨਾਉਂ ਇਨ੍ਹਾਂ ਨੂੰ ਸੂਰਜ ਬੰਸੀਆਂ ਵਿਚੋਂ ਕਢ ਨਹੀਂ ਸਕਦਾ। ਹਾਂ-ਇਕ ਗੱਲ ਜ਼ਰੂਰ ਹੈ, ਮਹਾਰਾਜਾ ਪ੍ਰਭਾਕਰ ਵਰਧਨ ਨੂੰ 'ਵਾਣ' ਭੱਟ 'ਗੁਰਜਰ ਪ੍ਰਜਾਗਰ:' ਅਰਥਾਤ 'ਗੁੱਜਰਾਂ ਨੂੰ ਜਗਾਉਣ ਵਾਲਾ'- 'ਉਨਤ ਕਰਨ ਵਾਲਾ' ਲਿਖਦਾ ਹੈ। ਇਸ ਤੋਂ ਕੋਈ ਮੰਨ ਸਕਦਾ ਹੈ ਕਿ ਸ਼ਾਇਦ ਇਹ ਬੰਸ ਗੁੱਜਰ ਜਾਤੀ ਵਿਚੋਂ ਹੀ ਹੋਵੇ। ਪਰ ਇਹ ਗਲ ਭੀ ਏਸ ਬੰਸ ਨੂੰ ਗੁੱਜਰ ਨਹੀਂ ਸਿਧ ਕਰ ਸਕਦੀ, ਕਿਉਂਕਿ ਜਿਵੇਂ

---

*''मानी मान सेनाखिध्रत्'' ਅਰਥਾਤ ਹੰਕਾਰੀ ਮਾਨਾਂ ਦੀ ਸੈਨਾ ਨੂੰ ਅਤਿ ਦੁੱਖ ਦਿੱਤਾ।

† ਪੁਰਾਣੇ ਸਮੇ ਵਿਚ ਸਭ ਤੋਂ ਪਹਿਲਾਂ ਇਹ ਦੇਸ (ਗੁਰੂ ਕਾ ਮਾਲਵਾ) ਹੀ ਰਾਜ ਕਾਰਨ ਧਨ ਧਾਨ ਅਤੇ ਵਿਦਿਆ ਵਿਚ ਭਰਪੂਰ ਹੋਣ ਦੇ ਕਾਰਣ ਅਤਿ ਸੋਭਾ ਸੰਯੁਕਤ ਮੰਨਿਆ ਜਾਂਦਾ ਸੀ। ਤਾਂ ਤੇ ਇਸ ਦਾ ਨਾਉਂ ਸ੍ਰੀ ਕੰਠ ਭੀ ਸੀ। ਥਾਨੇਸਰ ਵਿਚ ਉਤਰ ਕਾਂਸੀ ਹੋਣ ਕਰ ਕੇ 'स्थाण्वीश्वरः' ਭਾਵ 'ਸ਼ਿਵਾਂ ਦਾ ਦੇਸ' ਇਹ ਥਾਨੇਸਰ ਦੇ ਟੁਕੜੇ ਦਾ ਨਾਉਂ ਸੀ।

Digitized by Panjab Digital Library | www.panjabdigilib.org

ਨੇਪਾਲ ਦੀ ਜਨਤਾ ਗੋਰਖਾ ਬੰਸ ਹੈ, ਰਾਜਾ 'ਸ਼ਿਸ਼ੋਦੀਆ' ਬੰਸ (ਉਦੇ ਪੁਰੀਆਂ) ਵਿਚੋਂ ਹੈ। ਇਸ ਲਈ ਉਨ੍ਹਾਂ ਨੂੰ 'ਉੱਨਤ ਕਰਨ ਵਾਲਾ' ਜਾਂ 'ਜਗਾਉਣ ਵਾਲਾ' ਰਾਜਾ ਦੂਜੇ ਬੰਸ ਵਿਚੋਂ ਭੀ ਹੋ ਸਕਦਾ ਹੈ। ਭਲਾ ਜੇ ਕੋਈ ਹਠ ਭੀ ਕਰੇ ਤਾਂ ਅਰੋੜੇ, ਜੱਟ, ਕਈ ਅਹੀਰ, ਕਈ ਬਾਜੀਗਰ ਅਤੇ ਕਈ 'ਓਡ' ਆਦਿ ਕੌਮਾਂ ਭੀ ਆਪਣੇ ਕਿੱਤਿਆਂ ਦੇ ਕਾਰਣ ਸੂਰਜ ਬੰਸ ਵਿਚੋਂ ਵਖਰੀਆਂ ਨਹੀਂ ਕਹੀਆਂ ਜਾ ਸਕਦੀਆਂ, ਤਿਵੇਂ ਹੀ 'ਵਰਧਨ' ਬੰਸ ਦਾ ਪਿਛੋਕਾ 'ਗੱਜਰ' ਜਾਤੀ ਵਿਚੋਂ ਮੰਨ ਕੇ ਭੀ ਅਸੀਂ ਉਸ ਨੂੰ ਸੂਰਜ ਬੰਸ ਦੀ ਸ਼ਾਖਾ ਬਿਨਾ ਰੋਕ ਠੋਕ ਦੇ ਮੰਨ ਸਕਦੇ ਹਾਂ।

ਸੋ ਪੂਰਬੋਕਤ ਰਾਜਾ ਪੁਸ਼ਭੂਤੀ ਦੀ ਬੰਸ ਵਿਚ ਬੜੇ ਬੜੇ ਰਾਜੇ ਹੋਏ। ਜਿਨ੍ਹਾਂ ਨੇ ਥਾਨੇਸਰ ਤੋਂ ਉਠ ਕੇ ਗੁਜਰਾਤ ਤਕ ਦਾ ਦੇਸ ਮਲ ਲਿਆ। ਉਨ੍ਹਾਂ ਵਿਚੋਂ ਹੀ ਦੁਰਲੱਭ ਵਰਧਨ ਅਤੇ ਵਿਸ਼ਨੂੰ ਵਰਧਨ ਉਜੈਨ ਦੇ ਰਾਜੇ ਹੋਏ। ਵਿਸ਼ਨੂੰ ਵਰਧਨ ਨੇ ਥਾਨੇਸਰ ਦਾ ਰਾਜ ਅਸਥਾਪਨ ਕੀਤਾ। ਉਸਦਾ ਪੁਤ੍ਰ ਪ੍ਰਭਾਕਰ ਵਰਧਨ ਉਸ ਤੋਂ ਭੀ ਵਧ ਕੇ ਪ੍ਰਤਾਪੀ ਹੋਇਆ। ਇਸ ਦਾ ਅਸਲੀ ਨਾਉਂ 'ਪ੍ਰਤਾਪ ਸੀਲ' ਸੀ। ਅਤੇ 'ਪ੍ਰਭਾਕਰ ਵਰਧਨ' ਏਸ ਬੰਸ ਦਾ ਪਦਵੀ ਕ੍ਰਿਤ (ਵਿਰਦ) ਨਾਉਂ ਸੀ। ਵਾਣ ਭੱਟ ਨੇ ਦਸਿਆ ਹੈ ਕਿ ਕੰਧਾਰ ਦੇ ਹਾਥੀ ਰੂਪੀ ਰਾਜਾ ਨੂੰ ਇਹ 'ਕੂਟਪਾਕਲ' (ਇਕ ਹਾਥੀਆਂ ਨੂੰ ਲਗਣ ਵਾਲਾ) ਰੋਗ ਸੀ। ਸਿੰਧ ਦੇ ਰਾਜੇ ਨੂੰ ਇਹ 'ਤਾਪ' ਸੀ। ਮਾਲਵੇ ਦੇ ਰਾਜੇ ਦੀ ਲਤਾ ਲਛਮੀ ਲਈ ਕੁਹਾੜਾ ਸੀ, ਗੁੱਜਰਾਂ ਨੂੰ ਜਗਾਓਣ ਵਾਲਾ ਸੀ। ਇਸ ਤੋਂ ਪਤਾ ਲਗਦਾ ਹੈ ਕਿ 'ਪ੍ਰਭਾਕਰ ਵਰਧਨ' ਦਾ ਰਾਜ ਮਾਲਵਾ, ਰਾਜਸਥਾਨ (ਸਿੰਧ ਤਕ) ਅਤੇ ਕੰਧਾਰ ਤੋਂ ਲੈ ਕੇ ਜਮਨਾ ਤਕ ਸੀ। ਅਤੇ ਉਸਨੇ ਥਾਨੇਸਰ ਅਤੇ ਪੰਚ ਨਦ ਦੇਸ ਜੈਸੇ ਜੰਗਲ, ਉਚੇ-ਨੀਵੇਂ ਅਤੇ ਕੰਡਿਆਲੇ ਦੇਸ ਦੇ ਬ੍ਰਿਛ, ਝਾੜੀ, ਮਲ੍ਹੇ ਪਟਾਕੇ ਅਤੇ ਟਿਬੇ-ਟੋਏ ਪੱਧਰ ਕਰਾਕੇ, ਬਣੀਆਂ ਦੇ ਥਾਂ ਧਨ ਧਾਨ ਉਪਜਾਉਣ ਵਾਲੀ-ਇਕ ਸਾਰ ਭੂਮੀ ਕਰ ਦਿਤੀ। ਮੇਗਾਸਥਨੀਜ਼-(ਯੂਨਾਨੀ ਲਿਖਾਰੀ) ਨੇ ਪੰਚਨਦ ਤੋਂ ਲੈਕੇ ਦੂੱਲੇ ਦੀ ਬਾਰ, ਚੂਹੜ ਕਾਣੇ ਦੀ ਬਾਰ, ਸ਼ਰਕਪੁਰ, ਕਸੂਰ ਅਤੇ ਭਟਿੰਡੇ ਦਾ ਇਲਾਕਾ ਬੇ ਆਬਾਦ ਹੀ ਲਿਖਿਆ ਹੈ। ਪ੍ਰਭਾਕਰ ਵਰਧਨ ਨੇ ਏਸ ਨੂੰ ਉਪਜਾਊ ਬਣਾਕੇ ਬੜਾ ਜਸ ਖੱਟਿਆ ਅਤੇ ਤੀਜੇ ਹੱਲੇ ਆਉਣ ਵਾਲੇ ਹੂਣਾਂ ਨੂੰ ਮੂਲੋਂ ਹੀ ਨਸ਼ਟ ਕਰਕੇ ਵਾਣ ਭੱਟ ਦੇ ਕਹਿਣ ਅਨੁਸਾਰ 'ਹੂਣ ਹਰਿਣ ਕੇਸਰੀ' (ਹੂਣ ਰੂਪ ਹਰਨਾਂ ਲਈ ਸ਼ੇਰ ਬੱਬਰ) ਅਤੇ 'ਰਾਜਾ ਧਿਰਾਜ' ਦਾ ਵਿਰਦ ਪ੍ਰਾਪਤ ਕੀਤਾ।

੫੯੦ ਈਃ ਵਿਚ ਉਸਦੇ ਘਰ 'ਯਸ਼ੋਮਤੀ' ਨਾਮੇ ਪਟਰਾਣੀ ਤੋਂ ਟਿੱਕਾ ਰਾਜਵਰਧਨ ਉਤਪੰਨ ਹੋਇਆ। ੫੯੨ ਵਿਚ 'ਰਾਜ ਸ਼੍ਰੀ' ਨਾਮੇ ਕੰਨਿਆ ਹੋਈ। ਜੋ 'ਮੋਖਰੀ' ਬੰਸ ਦੇ ਰਾਜਾ 'ਗ੍ਰਹਵਰਮਾ' (ਕਨੌਜ ਦੇ ਰਾਜੇ) ਨਾਲ ਵਿਆਹੀ ਗਈ। ੫੯੪ ਈਃ ਦੂਜੇ ਰਾਜ ਕੁਮਾਰ 'ਸੀਲਾਦਿੱਤ' ਨੇ ਜਨਮ ਲਿਆ,ਜੋ ਪਿਛੋਂ (੬੦੬ ਈਃ ਵਿਚ) ਅਪਣੇ ਭਾਈ ਦੇ ਥਾਂ ਗੱਦੀ ਤੇ ਬੈਠਾ। ਅਤੇ 'ਸ਼੍ਰੀ ਹਰਸ਼ ਵਰਧਨ' ਦਾ ਵਿਰਦ ਧਾਰਨ ਕਰਕੇ ਆਸਾਮ ਤੋਂ ਲੈ ਕੇ ਕੰਧਾਰ ਤਕ ਦਾ ਅੰਤਿਮ ਭਾਰਤੀ ਚੱਕਰਵਰਤੀ ਮਹਾਰਾਜਾ ਹੋਇਆ।

੬੦੨ ਈਃ ਵਿਚ ਮਹਾਰਾਜਾ ਧਿਰਾਜ 'ਪ੍ਰਭਾਕਰ ਵਰਧਨ' ੪੦ ਵਰਸ ਰਾਜ ਕਰਕੇ ਥਾਨੇਸਰ ਵਿਚ ਮਰ ਗਿਆ। ਤਾਂ ਉਸ ਦਾ ਪੁਤ੍ਰ-ਰਾਜਵਰਧਨ ਗੱਦੀ ਤੇ ਬੈਠਿਆ। ਮਾਲਵੇ ਦੇ ਰਾਜੇ ਦੇ ਆਕੀ ਹੋ ਜਾਣ ਤੇ ਰਾਜ ਵਰਧਨ ਉਸ ਨੂੰ ਦਬਾਉਣ ਗਿਆ ਹੋਇਆ ਉਸਨੂੰ ਮਾਰ ਕੇ ਆਪ ਭੀ ੬੦੬ ਈਃ ਵਿਚ ਮਰ ਗਿਆ। ਨਾਲੇ ਉਸ ਦਾ ਭਣੋਈਆ ਕਨੌਜ ਵਾਲਾ 'ਗ੍ਰਹਵਰਮਾ' ਭੀ ਮਾਰਿਆ ਗਿਆ। ਮਾਲਵਰਾਜ ਦਾ

Digitized by Panjab Digital Library | www.panjabdigilib.org

ਪੱਖੀ ਗੌੜ ਦੇਸ ਦਾ ਰਾਜਾ 'ਸੁਸੈਨਕ' ਜਾਂ 'ਸਸਾਂਕ' ਏਸ ਜੁੱਧ ਵਿਚ ਸੀ। ਅਤੇ ਗ੍ਰਹਵਰਮਾ ਦੇ ਮਾਰਨ ਵਿਚ ਉਸੇ ਦੀ ਬਹਾਦਰੀ ਸੀ। ਉਸ ਨੇ ਕਨੌਜ ਦਾ ਰਾਜ ਜਾ ਮੱਲਿਆ। ਤਾਂ ਮਃ 'ਹਰਸ਼ਵਰਧਨ' ਨੇ (੧੬ ਬਰਸ ਦੀ ਆਯੂ ਵਿਚ) ੬੧੦ ਈਃ ਵਿਚ ਥਾਨੇਸਰ ਦਾ ਰਾਜ ਸਾਂਭਿਆ। ਸਭ ਤੋਂ ਪਹਿਲਾਂ ਆਪਣੀ ਭੈਣ 'ਰਾਜ ਸ੍ਰੀ' ਨੂੰ ਬਿੰਧਿਆ ਦੇ ਜੰਗਲ ਵਿਚੋਂ ਲਿਆਂਦਾ, ਜੋ ਕਿ ਪਤੀ ਮਰਨ ਪਿਛੋਂ ਸਤੀ ਹੋਣ ਦੇ ਥਾਂ ਬੋਧ ਭਿਕਸ਼ਣੀ ਬਣ ਗਈ ਸੀ। ਫੇਰ ਸ੍ਰੀ ਹਰਸ਼ ਨੇ ਗੌੜ (ਬੰਗਾਲ) ਦੇ ਰਾਜਾ ਨੂੰ ਮਾਰ ਕੇ ਕਨੌਜ ਦਾ ਰਾਜ ਉਸ ਤੋਂ ਬਹੋੜ ਲਿਆ। ਸ੍ਰੀ ਹਰਸ਼ ਦੇ ਵਾਰ ਵਾਰ ਆਖਣ ਤੇ ਭੀ ਉਸ ਨੇ ਰਾਜ ਨਾ ਸਾਂਭਿਆ, ਅਤੇ ਸਾਧੂ ਬ੍ਰਿਤੀ ਵਿਚ ਹੀ ਕਨੌਜ ਵਿਚ ਰਹਿਣਾ ਸ੍ਵੀਕਾਰ ਕੀਤਾ। ਸ੍ਰੀ ਹਰਸ਼ ਨੇ ੬੪੭ ਈਃ ਤਕ ਰਾਜ ਕੀਤਾ। ਦੱਖਣ ਦੇ ਰਾਜਾ ਤੈਲਪ ਦੂਜੇ ਕੋਲੋਂ ਹਾਰ ਗਿਆ। ਇਹ ਬੋਧੀ ਹੋ ਜਾਣ ਦੀ ਕ੍ਰਿਪਾ ਸੀ। ਇਸ ਤੋਂ ਪਹਿਲਾਂ ਆਸਾਮ ਤੋਂ ਲੈ ਕੇ ਸੂਬਾ ਪਸੌਰ ਸਮੇਤ ਗਜ਼ਨੀ ਤਕ ਅਤੇ ਹੋਰ ਸਾਰਾ ਉਤਰੀ ਭਾਰਤ ਏਸ ਦੇ ਰਾਜ ਵਿਚ ਸੀ।

ਏਸ ਵਿਦ੍ਵਾਨ ਅਤੇ ਬਹਾਦਰ ਰਾਜੇ ਦੇ ਸਮੇਂ ਮਾਲਵੇ ਦੇਸ ਵਿਚ ਸੁਖ ਸੰਪੱਤੀ ਦੀ ਵਿਸ਼ੇਸ਼ ਬ੍ਰਿਧੀ ਹੋਈ। ਏਸ ਨੇ ਬੁੱਧ ਮਤ ਨੂੰ ਧਾਰਨ ਕੀਤਾ। ਪਰ ਬ੍ਰਾਹਮਣੀ ਮਤ ਭੀ ਬੜੀ ਸੁਖ ਸ਼ਾਂਤੀ ਨਾਲ ਇਸਦੇ ਰਾਜ ਵਿਚ 'ਵਾਣ ਭੱਟ' ਅਤੇ ਮਯੂਰ ਆਦਿ ਸੰਸਕ੍ਰਿਤ ਦੇ ਬੜੇ ਬੜੇ ਵਿਦ੍ਵਾਨ ਰਹਿੰਦੇ ਸੀ। ਇਸ ਨੇ ਆਪ ਸੰਸਕ੍ਰਿਤ ਵਿਚ ਤਿੰਨ ਨਾਟਕ ਇਹ ਲਿਖੇ ਹਨ :—ਰਤਨਾਵਲੀ, ਪ੍ਰਿਯ ਦਰਸ਼ਿਕਾ, ਅਤੇ ਨਾਗਾਨੰਦ। ਬਾਣ ਭੱਟ ਨੇ 'ਕਾਦੰਬਰੀ' ਨਾਮੇ ਉਪਨਿਆਸ ਅਤੇ 'ਸ੍ਰੀ ਹਰਸ਼ ਚਰਿਤ੍ਰ' ਨਾਮੇ ਹਰਸ਼ ਵਰਧਨ ਰਾਜੇ ਦਾ ਜੀਵਨ ਚਰਿਤ੍ਰ ਲਿਖਿਆ। ਇਹ ਬੰਸ ਪਹਿਲਾਂ ਸੈਵ ਸੀ। ਫੇਰ ਸੂਰਜ ਦੀ ਉਪਾਸਕ ਰਹੇ। ਸ੍ਰੀ ਹਰਸ਼ ਬੋਧੀ ਹੋਇਆ। ਅਤੇ ਹਰ ਪੰਜਵੇਂ ਬਰਸ ਕੁੰਭ ਲਾਕੇ ਵਿਦ੍ਵਾਨਾਂ ਦੀ ਚਰਚਾ ਸੁਣਿਆ ਕਰਦਾ ਸੀ। ਅਤੇ ਬੋਧੀਆਂ ਤੇ ਬ੍ਰਾਹਮਣਾਂ ਨੂੰ ਬਹੁਤ ਦਾਨ ਦਿੰਦਾ ਸੀ। ਓਸ ਦੇ ਸਮੇਂ ਭਾਰਤ ਦੇ ਹੋਰ ਪ੍ਰਦੇਸ਼ਾਂ (ਖੰਡਾਂ) ਦੀ ਤਰ੍ਹਾਂ ਮਾਲਵੇ ਵਿਚ ਭੀ ਬੋਧੀ ਸਭ੍ਯਤਾ ਹੋਣ ਦੇ ਕਾਰਣ ਬੋਧੀਆਂ, ਸਿੱਧਾਂ ਅਤੇ ਨਾਥਾਂ ਦੀ ਮਾਨਤਾ ਦਾ ਚੋਖਾ ਪ੍ਰਭਾਵ ਸੀ। ਜੋ ਥਾਂ ਥਾਂ ਤੇ ਸਿੱਧਾਂ ਤੇ ਨਾਥਾਂ ਦੇ ਮਠਾਂ ਤੋਂ ਜਾਣਿਆ ਜਾਂਦਾ ਹੈ। ਜੈਸੇ—ਗੰਗਾ, ਨਥਾਣਾ ਅਤੇ ਨਾਥਪੁਰਾ ਆਦਿ ਕਾਲੂ ਨਾਥ ਆਦਿ ਦੇ, ਤਖਤੂਪੁਰੇ ਵਿਚ ਗੋਪੀ ਚੰਦ ਤੇ ਭਰਥਰੀ ਦੇ, ਸੇਲਬਰਾਹ ਵਿਚ ਸੇਲਬਰਾਹ ਨਾਮੇ ਸਿੱਧ ਦਾ, ਗੜ੍ਹ ਦਰੇੜੇ ਵਿਚ ਗੁੱਗੇ ਦੀ ਮਾੜੀ, ਅਸਟਾਂਗਕੋਟ (ਚੜਿਕ ਕੋਲ) ਦਾ ਥੇਹ ਅਤੇ ਲਛਮਣ ਸਿੰਧ ਦੀ ਮਾੜੀ, ਛਪਾਰ ਵਿਚ ਸਿਧ ਸੁਲੱਖਣ ਦੀ ਮਾੜੀ, ਰਾਣੋ ਤੇ ਸਿਹੌੜੇ ਦੇ ਸੰਨ੍ਹ ਵਿਚ, 'ਸਿੱਧ ਸਰ', ਅਤੇ 'ਹਾਂਸ ਕਲਾਂ' ਆਦਿ ਜ਼ਿ; ਲੁਧਿਆਣਾ ਵਿਚ ਸਿੱਧਾਂ ਦੇ ਸਮੇਂ ਦੇ ਅਸਥਾਨ ਹਨ।

## ਮਝਲਾ ਸਮਾ—ਰਾਜਪੂਤ ਰਾਜ

### ( ੬੫੦ ਈਃ ਤੋਂ ੧੨੫੦ ਈਃ ਤਕ )

'ਸ਼ੀਲਾਦਿੱਤ ਸ੍ਰੀ ਹਰਸ਼ ਵਰਧਨ ਦੀ ਮੌਤ ਤੋਂ ੮ ਸਾਲ ਪਿਛੋਂ ਅਰਥਾਤ ੭੧੨ ਬਿਕ੍ਰਮੀ (੬੫੫ ਈਃ) ਵਿਚ ਰਾਜਾ ਵਿਨੈਪਾਲ (ਵਰਯਾਹ) ਨੇ ਜੋ ਵਿਕ੍ਰਮਾਦਿਤ ਦੀ ਬੰਸ ਵਿਚੋਂ ਸੀ, ਕਿਲਾ ਬਠਿੰਡਾ (ਬਿਮ ਗੜ੍ਹ) ਨੂੰ ਸਤਲੁਜ ਦੇ ਕੰਢੇ ਤੇ ਵਸਾਕੇ ਮਾਲਵੇ ਤੇ ਆਪਣਾ ਰਾਜ ਕਾਇਮ ਕੀਤਾ।

Digitized by Panjab Digital Library | www.panjabdigilib.org

ਸੂਬਾ ਭਟਨੇਰ ਤਾਂ ਅਗੇ ਭੀ ਇਸ ਦੇ ਰਾਜ ਵਿਚ ਸੀ । ਏਸ ਦੀ ਬੰਸ ਦੇ ਅਧੀਨ 'ਪਿਸ਼ੌਰ ਤਕ' ਸਾਰਾ ਪੰਜਾਬ ਸੀ। ਜਿਸ ਦੀ ਮੁਖ ਰਾਜਧਾਨੀ 'ਭਟਿੰਡਾ' ਅਤੇ ਲਾਹੌਰ ਪ੍ਰਤਿਨਿਧਿ ਰਾਜਧਾਨੀ ਸੀ। ੧੦੧੦ ਈਸਵੀ ਤਕ ਇਸ ਬੰਸ ਦਾ ਰਾਜ ਰਿਹਾ। ਏਸ ਦੇ ਸੂਬੇ ਲਾਹੌਰ ਤੋਂ ਬਿਨਾ ਭਟਨੇਰ, ਸਰਹਿੰਦ ਅਤੇ ਮਾਂਡਿਲਕ ਛੋਟੇ ੨ ਰਾਜੇ ਹਠੂਰ, ਲਿੱਛਾ ਬੱਦੀ, ਥਾਨੇਸਰ, ਪਾਇਲ, ਭਦੌੜ, ਡਾਂਗੋਂ, ਗੜ੍ਹਦਰੇੜਾ ਸਨ। ਏਸ ਰਾਜੇ ਦੀ ਬੰਸਾਵਲੀ ਇਸ ਪਰਕਾਰ ਹੈ ਵਿਕ੍ਰਮਾਦਿਤ ਦੀ ਛੱਬੀਹਵੀਂ ਪੀੜੀ ਵਿਚ ਵਰਧਾਹ, (ਵਰਗ ਦਾ ਪੁੱਤ੍ਰ) ਹੋਇਆ। ਉਸ ਦਾ ਪੁਤ੍ਰ ਤਾਸਕਮਾਸ ਉਸ ਦਾ ਅਜੈਪਾਲ, ਉਸ ਦਾ ਅ ਭੈਪਾਲ, ਉਸ ਦਾ ਵਿਨੈਪਾਲ, ਉਸ ਦਾ ਲਖਣ ਪਾਲ, ਉਸ ਦਾ ਰਤਨ ਪਾਲ, ਉਸ ਦਾ ਨਯਪਾਲ, ਉਸ ਦਾ ਨੈਣ ਪਾਲ, ਉਸ ਦਾ ਵਿਜੈਪਾਲ, ਉਸ ਦਾ ਜਸ਼ਪਾਲ, ਉਸ ਦਾ ਸਤ ਪਾਲ, ਉਸ ਦਾ ਗਣ ਪਾਲ, ਉਸ ਦਾ ਗਿੱਲ ਪਾਲ, (੧੦) ਇਸ ਦੇ ਲਧਾਈ, ਝੱਲੀ, ਸਰਪ, ਸ਼ੇਰ ਅਤੇ ਨਾਗ ਆਦੀ ਨੌ ਪੁੱਤ੍ਰ ਹੋਏ, ਜੋ ਗਿੱਲ ਜੱਟਾਂ ਦੀਆਂ ਮੂਹੀਆਂ ਹਨ। ਏਸ ਰਾਜ ਦੇ ਸਮੇਂ ਮਾਲਵੇ ਵਿਚ ਪਾਇਲ (ਜੋ ਰਾਜਾ ਵਿਨੈ ਪਾਲ ਨੇ ਵਸਾਇਆ ਸੀ), ਅਮਲੋਹ, ਝਨੇਰ (ਭੱਡਲੀ ਨਦੀ ਦੇ ਕੰਢੇ ਪੰਜ ਗ੍ਰਾਈਆਂ ਕੋਲ) ਲਿੱਛਾਬਦੀ, ਭਦੌੜ, ਕਾਂਗੜ, ਹਠੂਰ, ਡਾਂਗੋਂ, ਗੜ੍ਹਦਰੇੜਾ, ਸਰਸਾ, ਹਾਂਸੀ, ਹੰਸਾਰ ਥਾਨੇਸਰ ਅਤੇ ਜੀਂਦ ਆਦਿ ਮਸ਼ਹੂਰ ਨਗਰ ਅਤੇ ਸਾਰੇ ਇਲਾਕੇ ਦੇ ਚੌਧਰੀ ਏਸ ਰਾਜ ਦੇ ਅਧੀਨ ਸਨ।

ਏਸ ਬੰਸ ਦੇ ੯ਵੇਂ ਰਾਜੇ 'ਗਣ ਪਾਲ' ਦੇ ਬ੍ਰਾਹਮਣ ਵਜੀਰ ਰਤਨ ਪਾਲ ਨੇ ੯ਵੀਂ ਸਦੀ ਈਃ ਵਿਚ ਮੂਲ ਨਾਥ ਚੌਹਾਣ (ਗੜ ਬੀਠਲੀ ਵਾਲੇ) ਨੂੰ ਪ੍ਰੇਰਕੇ ਬਗ਼ਦਾਦ ਜਾ ਕੇ ਖਲੀਫਾ ਬਗ਼ਦਾਦ ਨਾਲ ਗੰਢਤੁਪ ਕੀਤੀ। ਦੋਵੇਂ ਮੁਸਲਮਾਨ ਹੋਏ। ਅਤੇ ਹਾਜੀ ਬਣ ਕੇ ਰਤਨ ਪਾਲ ਦਾ ਰਤਨ ਹਾਜੀ ਅਤੇ ਮੂਲ ਨਾਥ ਤੋਂ 'ਨੂਰ ਮੁਹੰਮਦ' ਬਣਕੇ ਜਰਨੈਲ ਰੋਸ਼ਨ ਅਲੀ ਨੂੰ ਲਿਆਕੇ ਭਟਨੇਰ, ਤੇ ਗੜ੍ਹ ਬੀਠਲੀ ਨੂੰ ਤਬਾਹ ਕਰ ਕੇ ਬਠਿੰਡੇ ਰਾਜ ਦੀਆਂ ਜੜ੍ਹਾਂ ਪੋਲੀਆਂ ਕਰ ਦਿਤੀਆਂ। ਅਤੇ ਆਪ ਰਤਨ ਹਾਜੀ ਫਕੀਰ ਸਿੱਧ ਬਣ ਕੇ ਬੈਠ ਗਿਆ। ਪਰ ਰੋਸ਼ਨ ਅਲੀ ਦੇ ਚਲੇ ਜਾਣ ਤੋਂ ਰਾਜ ਤਾਂ ਕਾਲੂ ਨਾਥ ਦੀ ਕ੍ਰਿਪਾ ਨਾਲ ਕਾਇਮ ਰਿਹਾ। ਪਰ ਗਣ ਪਾਲ ਨੇ ਲਾਹੌਰ ਨੂੰ ਪੱਕੀ ਰਾਜਧਾਨੀ ਬਣਾਇਆ। ਜੋ ੧੦੦ ਬਰਸ ਦੇ ਲਗ ਪਗ ਬਠਿੰਡਾ ਪ੍ਰਤਿਨਿਧ ਰਾਜਧਾਨੀ ਰਹੀ । ਰਤਨ ਹਾਜੀ ਕਾਲੂ ਨਾਥ-ਗੰਗਾਂ ਵਾਲੇ ਤੋਂ ਕਰਾਮਾਤਾਂ ਵਿਚ ਹਾਰ ਗਿਆ। ਪਰ ਗਿੱਲ ਦੇ ਵਿਰੁੱਧ ਉਸ ਦੇ ਛੋਟੇ ਭਾਈ ਨੂੰ ਉਕਸਾ ਕੇ ਉਸ ਕੋਲੋਂ ਰਾਜ ਖੁਹਾ ਦਿਤਾ। ਤਾਂ ਗਿੱਲ ਆਪਣੇ ਪੁਤ੍ਰਾਂ ਸਮੇਤ ਬਠਿੰਡਾ ਛਡ ਗਿਆ। ਏਸ ਬੰਸ ਦਾ ਆਖਰੀ ਰਾਜਾ ਜੈ ਪਾਲ ਦਾ ਪੁਤਰ ਅਨੰਦ ਪਾਲ ਸੀ । ਜਿਸ ਨੂੰ ਮਹਮੂਦ ਗਜ਼ਨਵੀ ਨੇ ੧੦੦੮ ਵਿਚ ਮਾਰਿਆ।

## ਭੱਟੀ-ਜੱਟ, ਸਰਾਉਂ ਅਤੇ ਬੈਰਾੜ ਜੱਟਾਂ ਦੀ ਚਉਧਰ

੧੧ਵੀਂ ਸਦੀ ਈਸਵੀ ਦੇ ਅੰਤ ਵਿਚ (੧੦੯੦ ਦੇ ਆਸ ਪਾਸ) ਭਟੀ ਰਾਇ (ਬਲੰਦ ਦਾ ਪੋਤਾ) ਦੀ ਬੰਸ ਵਿਚੋਂ ਹੇਮ ਹੇਲ (ਭੀਮ ਮੱਲ) ਜੈਸਲਮੇਰ ਦਾ ਪ੍ਰਤਾਪੀ ਰਾਜਾ ਹੋਇਆ। ਉਸਦਾ ਪੁਤ੍ਰ ਜੂੰਧਰ ਬਹੁਤ ਪ੍ਰਸਿੱਧ ਹੋਇਆ। ਉਸਦੇ ੨੧ ਪੁਤ੍ਰ ਸਨ ਜਿਥੋਂ ਏਸ ਬੰਸ ਦੀਆਂ ੨੧ ਮੂਹੀਆਂ ਹੋਈਆਂ। ਜੂੰਧਰ ਦਾ ਪੁਤ੍ਰ ਮੰਗਨ ਰਾਉ ੧੧੮੦ ਈਃ ਵਿਚ ਗੌਰੀ ਦੇ ਜੈਸਲਮੇਰ ਬਰਬਾਦ ਕਰਨ ਤੋਂ ਅਪਣਾ ਪ੍ਰਾਂਤ ਛਡਕੇ ਮਾਲਵੇ

Digitized by Panjab Digital Library | www.panjabdigilib.org

ਦੇ ਲੱਖੀ ਜੰਗਲ ਵਿਚ ਆ ਗਿਆ, ਜਿਥੇ ਉਸਦਾ ਭਤੀਜਾ 'ਲੱਖੀ' ਮੁਸਲਮਾਨ ਬਣਕੇ ਕਈ ਸੌ ਪਿੰਡਾਂ ਦੀ ਚਉਧਰੈਤ ਲੈ ਬੈਠਾ ਸੀ। ਪਰ ਉਸ ਨਵੇਂ ਮੁਸਲੇ ਦੇ ਨਾਲ ਏਸ ਤੋਂ ਨ ਕਟਿਆ ਗਿਆ। ਇਸ਼ ਲਈ ਉਥੋਂ ਉਠਕੇ ਕੁਝ ਚਿਰ ਉਹ ਬਿਕ੍ਰਮ ਬੰਸੀ ਪ੍ਰਮਾਰਾਂ ਦੀ ਸ਼ਾਖ 'ਸੋਢਾ' ਗਣ ਦੇ ਆਸਰੇ ਰਿਹਾ। ਫੇਰ ਜਦੋਂ ਗੌਰੀ ਭਟਨੇਰ ਨੂੰ ਲੁਟਦਾ ਹੋਇਆ ੧੧੯੧ ਵਿਚ ਪ੍ਰਿਥਵੀ ਰਾਜ ਤੋਂ ਹਾਰ ਖਾਕੇ ਮੁੜਿਆ ਤਾਂ ਮੰਗਲ ਰਾਉ ਨੇ ਅਪਣੇ ਹਿੰਦੂ ਭੱਟੀਆਂ ਅਤੇ ਸੋਢਿਆਂ ਨੂੰ ਨਾਲ ਲੈ ਕੇ ਗੌਰੀ ਦੇ ਖੂਬ ਨੱਕ ਚਣੇ ਚਬਾਏ। ਅੰਤ ਨੂੰ ਮਾਰਿਆ ਗਿਆ। ੧੧੯੩ ਵਿਚ ਉਸਦਾ ਪੁਤ੍ਰ ਆਨੰਦ ਰਾਉ ਭੀ ਗੌਰੀ ਨਾਲ ਲੜਦਾ ਹੋਇਆ ਹੰਸਾਰ ਕੋਲ ਮਾਰਿਆ ਗਿਆ। ਤਾਂ ਉਸਦਾ ਪੁਤ੍ਰ ਖੀਵਾ ਰਾਉ ਉਸ ਪ੍ਰਾਂਤ ਦਾ ਚਉਧਰੀ ਬਣਿਆ। ਜਿਸਦੀ ਰਾਜਧਾਨੀ ਕਿਲਾ ਸਰਸਾ ਵਿਚ ਸੀ। ਇਸ ਦੇ ਕੋਈ ਪੁਤ੍ਰ ਨਹੀਂ ਸੀ। ਇਸ ਕਰਕੇ ਉਸਨੇ ਨਾਲੀ ਦੇ ਕੰਢੇ ਤੇ ਰਹਿਣ ਵਾਲੀ ਸਰਾਉਂ ਕੌਮ ਦੇ ਚਉਧਰੀ ਲੱਧੂ ਕੋਟੀਏ ਬਸੀੜੇ ਦੀ ਪੁਤ੍ਰੀ ਨਾਲ ਵਿਆਹ ਕੀਤਾ। ਕਾਰਮ ਇਹ ਕੀਤੀ ਕਿ ਜੋ ਏਸ ਤੋਂ ਪੁਤ੍ਰ ਹੋਵੇ ਉਹ 'ਰਾਜਪੁਤ' ਕਹਾਉਣ ਦੇ ਥਾਂ 'ਜੱਟ' ਕਹਾਉਗਾ। ਤਾਂ ਖੀਵਾ ਰਾਉ ਦੇ ਘਰ 'ਸਿਧੂ' ਰਾਇ ਨਾਮ ਦਾ ਪੁਤ੍ਰ ਹੋਇਆ। ਜੈਸਲਮੇਰੀਆਂ ਨੇ ਉਸਨੂੰ 'ਖੀਵਾ ਖੋਟ' ਕਹਿਕੇ ਅਪਣੇ ਵਿਚੋਂ ਤਿਆਗ ਦਿਤਾ। ਤਾਂ ਖੀਵੇ ਰਾਉ ਨੇ ਆਪ ਨੂੰ ਭੀ ਸਦਾ ਲਈ ਪੱਕਾ ਜੱਟ ਕਹੇ ਜਾਣ ਦਾ ਵਿਗਿਆਪਨ ਦੇ ਦਿੱਤਾ। ਇਹ ਮੰਗਲ ਮਈ ਘਟਣਾ ੧੨੧੦ ਈਃ ਦੇ ਲਗ ਪਗ ਹੋਈ। ਉਸ ਸਮੇਂ ਘਗਰ ਨਦੀ ਦੇ ਆਸ ਪਾਸ ਦੇਸੜੀ ਅਤੇ ਜੰਗਲ ਦਾ ਇਲਾਕਾ ਸਰਾਵਾਂ ਕੋਲ, ਭਟਿਆਣੇ ਦਾ ਖੀਵਾ ਰਾਇ † ਭਟੀ ਜਟ ਕੋਲ ਅਤੇ ਜੋਗਾ—ਰੱਲੇ ਦਾ ਪਰਗਣਾ ਚਾਹਲਾਂ ਦੀ ਚਉਧਰ ਵਿਚ ਸੀ। ਸਿੱਧੂ ਦੀ ਦਸਵੀਂ ਪੀੜ੍ਹੀ ਵਿਚ ਬੈਰਾੜ ਹੋਇਆ, ਜਿਸ ਨੇ ੧੫੨੫ ਈਃ ਬਾਬਰ ਦੀ ਮਦਦ ਕਰਕੇ ਭਟਿਆਣੇ ਦੀ ਚਉਧਰ ਪ੍ਰਾਪਤ ਕੀਤੀ। ਉਸਦੀ ਚੌਥੀ ਪੀੜ੍ਹੀ ਵਿਚ ਸੰਘਰ ਹੋਇਆ, ਜਿਸ ਨੂੰ ਓਸ ਸਮੇਂ ਬੈਰਾੜਾਂ ਦੀ ਚਉਧਰ ਮਿਲੀ ਅਤੇ ਵਸੋਂ ਭੀ ਸਾਬੋਕੇ ਅਤੇ ਫਰੀਦਕੋਟ ਦੇ ਆਸ ਪਾਸ ਕੁਛ ਲੱਖੀ ਜੰਗਲ ਦੇ ਕੁਝ ਹਿਸੇ ਤੇ ਬਹੁਤੀ ਸੀ। ਇਸ ਕਰਕੇ ਸਾਬੋ ਕੇ ਗੁਜਰਾਂ ਦੀ ਚਉਧਰ ਭੀ ਜਦੋਂ ਇਨ੍ਹਾਂ ਨੇ ਸਾਂਭ ਲਈ ਤਾਂ ਬੈਰਾੜ ਉਸ ਦੇਸ ਦੇ ਵਡੇ ਚਉਧਰੀ ਬਣ ਗਏ। ਇਹ ਗਲ ਮੁਸਲਮਾਨ ਭੱਟੀਆਂ ਨੂੰ ਰੜਕਣ ਲਗੀ। ਤਾਂ ਮਨਸੂਰ ਖਾਂ ਭੱਟੀ ਨੇ ਅਕਬਰ ਨੂੰ ਅਪਣੀ ਭੈਣ ਵਿਆਹ ਕੇ ਸੰਘਰ ਦੇ ਪੋਤੇ 'ਭੁੱਲਣ' ਤੋਂ ਅਪਣੀ ਚੌਧਰ ਖੋਹ ਲਈ ਅਤੇ ਉਸਦੀ ਚੌਧਰ ਉਸ ਵੇਲੇ ਕੇਵਲ ਬੈਰਾੜਕੀ ਵਿਚ ਰਹਿ ਗਈ। ਭੁੱਲਣ ਨੇ ਅਕਬਰ ਦੇ ਦਰਬਾਰ ਵਿਚ ਮਨਸੂਰ ਖਾਂ ਪਰ ਚੌਧਰ ਦਾ ਦਾਵਾ ਕੀਤਾ। ਤਾਂ ਅਕਬਰ ਨੇ ਆਪਣੇ ਸਾਲੇ ਮਨਸੂਰ ਖਾਂ ਨੂੰ ਚਉਧਰ ਦਾ ਚੀਰਾ ਦੇ ਦਿਤਾ। ਤਾਂ ਭੁੱਲਣ ਨੇ ਉਸ ਨੂੰ ਦਰਬਾਰ ਵਿਚ ਢਾਹ ਕੇ ਉਸਦੇ ਸਿਰੋਂ ਚੀਰਾ ਲਾਹ ਲਿਆ। ਤੇ ਅੱਧਾ ਪਾੜ ਕੇ ਆਪਣੇ ਸਿਰ ਬੰਨ੍ਹ ਲਿਆ। ਓਥੋਂ ਇਹ ਕਹਾਉਤ ਬਣ ਗਈ—

"ਬਾਦਸ਼ਾਹ ਅਮੀਰ ਸਭ ਰਹੇ ਹੈਰਾਨ ਨਿਹਾਰ। ਭੁੱਲਣ ਚੀਰਾ ਪਾੜਿਆ ਅਕਬਰ ਦੇ ਦਰਬਾਰ"

## ਤੰਵਾਰ ਖ਼ਾਨਦਾਨ

ਬਿਕ੍ਰਮਾਦਿਤ ਦੇ ਬੰਸ ਵਿਚੋਂ ਤੰਵਾਰ ਖ਼ਾਨਦਾਨ ਨੇ ੭ਵੀਂ ਸਦੀ ਬਿਕ੍ਰਮੀ ਵਿਚ ਕਨੌਜ ਤੇ ਅਧਿਕਾਰ ਜਮਾਇਆ ਤਾਂ ਓਸ ਬੰਸ ਦੇ ਰਾਜਾ ਅਨੰਗਪਾਲ ਨੇ ੯ਵੀਂ ਸਦੀ ਵਿਚ ਦਿੱਲੀ ਨੂੰ ਨਵੇਂ ਸਿਰੇ ਨੌਵੀਂ ਵਾਰ

---

†'ਖੀਵਾ ਰਾਉ' ਦੀ ਹੋਰ ਸੰਤਾਨ ਭੀ ਹੋਈ ਜੋ ਆਪ ਨੂੰ ਭੱਟੀ ਜਟ ਕਹਾਉਂਦੇ ਹਨ। ਦਾਖੇ ਕੋਲ ਭੱਟੀਆਂ ਪਿੰਡ ਦੇ ਲੋਕ ਆਪ ਨੂੰ ਓਸੇ ਸਾਖ ਦੇ ਜੱਟ ਦਸਦੇ ਹਨ।

Digitized by Panjab Digital Library | www.panjabdigilib.org

ਆਬਾਦ ਕਰਕੇ 'ਲਾਲ ਕੋਟ' ਨਾਮੇ ਕਿਲਾ ਬਣਾਇਆ। ਏਸ ਬੰਸ ਦੇ ਅੰਤਿਮ ਰਾਜਿਆਂ ਨੇ ਭਟਿੰਡਾ ਰਾਜ ਦੀ ਰਾਜਧਾਨੀ ਲਾਹੌਰ ਚਲੀ ਜਾਣ ਤੇ ਸਤਲੁਜ ਤਕ ਮਾਲਵਾ ਦੇਸ਼ ਤੇ ਰਾਜ ਕੀਤਾ। ਏਸ ਬੰਸ ਵਿਚ ੨੦ ਰਾਜੇ ਹੋਏ। ਅੰਤਿਮ ਰਾਜੇ ਅਗਨੀ ਪਾਲ ਦੇ ਪੁਤ੍ਰ ਹੀਨ ਹੋਣ ਦੇ ਕਾਰਣ ੧੦੭੦ ਈਸਵੀ ਵਿਚ ਅਪਣੇ ਦੋਹਤੇ ਪ੍ਰਿਥਵੀ ਰਾਜ 'ਚੌਹਾਣ' ਨੂੰ ਦਿੱਲੀ ਦਾ ਰਾਜ ਅਰਪਨ ਕਰ ਦਿਤਾ। ਏਸ ਰਾਜੇ ਦੇ ਅਧੀਨ ਉਸ ਸਮੇਂ, ਭਟਿੰਡਾ, ਥਾਨੇਸਰ, ਸਰਹਿੰਦ, ਹਠੂਰ ਅਤੇ ਤਿਹਾੜਾ ਵਿਚ ਛੋਟੇ ਛੋਟੇ ਮਾਂਡਲਿਕ ਰਾਜਾ ਸਨ। ਜੋ ੧੩ਵੀਂ ਸਦੀ ਵਿਚ ਨਵੇਂ ਮੁਸਲੇ ਹੋਣ ਵਾਲੇ ਮੰਜੁ ਰਾਜਪੂਤਾਂ ਨੇ ਜੈਸਲਮੇਰ ਤੋਂ ਆਕੇ ਸਭ ਬਰਬਾਦ ਕਰ ਦਿਤੇ। ਕਿਉਂਕੇ, ਤਿਹਾੜਾ, ਕਿਰਾੜੀ ਵਾਲਾ ਆਦਿ ਦੇ ਥੇਹ ਇਨ੍ਹਾਂ ਦੀ ਕਰਤੂਤਾਂ ਨੂੰ ਦਸ ਰਹੇ ਹਨ। ਤੂਰਾਂ ਦੇ ਸਮਾਂ ਤਿਹਾੜੇ ਦੇ ਉਕਤ ਨਗਰ ਸੰਤ ਰੰਗ ਵਿਚ ਸੀ।

ਏਸ ਬੰਸ ਦੀ ਰਜਉਲੀ ਤੇ ਰਾਜਸੀ ਅਉਧਿ ਹੇਠ ਲਿਖੇ ਅਨੁਸਾਰ ਹੈ :—

## ਤੋਂਵਾਰ ਬੰਸ ਦੀ ਰਜਾਉਲੀ

| ਨੰ: | ਨਾਉਂ | ਰਾਜਅਉਧਿ |
|---|---|---|
| (੧) | ਆਨੰਗ ਪਾਲ | ਅਠਾਰਾਂ ਵਰਸ਼ |
| (੨) | ਬਾਸਦੇਵ | ਉੱਨੀਂ ਵਰਸ਼ ਇਕ ਮਹੀਨਾ ਅਠਾਰਾਂ ਦਿਨ |
| (੩) | ਘੰਘ ਨਵੇ | ਇੱਕੀ ਸਾਲ ਤਿਨ ਮਹੀਨੇ ਅਠਾਈ ਦਿਨ |
| (੪) | ਪ੍ਰਥੀਮਲ | ਉੱਨੀਂ ਸਾਲ ਤਿਨ ਮਹੀਨੇ ਨੌ ਦਿਨ |
| (੫) | ਜੈ ਦੇਵ | ਵੀਹ ਸਾਲ ਸਤ ਮਹੀਨੇ ਅਠਾਈ ਦਿਨ |
| (੬) | ਨਰਪਾਲ | ਚੌਦਾਂ ਸਾਲ ਚਾਰ ਮਹੀਨੇ ਤੇ ਨੌ ਦਿਨ |
| (੭) | ਅਵਧ | ਛੱਬੀ ਸਾਲ ਸਤ ਮਹੀਨੇ ਗਿਆਰਾਂ ਦਿਨ |
| (੮) | ਵਤਸ ਰਾਜ | ਇੱਕੀ ਸਾਲ ਦੋ ਮਹੀਨੇ ਤੇਰਾਂ ਦਿਨ |
| (੯) | ਬੀਕ | ਬਾਈ ਸਾਲ ਤਿਨ ਮਹੀਨੇ ਸੋਲਾਂ ਦਿਨ |
| (੧੦) | ਰਘੁਪਾਲ | ਇੱਕੀ ਸਾਲ ਛੇ ਮਹੀਨੇ ਪੰਜ ਦਿਨ |
| (੧੧) | ਨੇਕ ਪਾਲ | ਵੀਹ ਸਾਲ ਚਾਰ ਮਹੀਨੇ ਚਾਰ ਦਿਨ |
| (੧੨) | ਗੋਪਾਲ | ਅਠਾਰਾਂ ਸਾਲ ਤਿੰਨ ਮਹੀਨੇ ਪੰਜ ਦਿਨ |
| (੧੩) | ਸੁਲੱਖਣ | ਪੰਝੀ ਸਾਲ ਦੋ ਮਹੀਨੇ ਦੋ ਦਿਨ |
| (੧੪) | ਜੈ ਪਾਲ | ਸੋਲਾਂ ਸਾਲ ਚਾਰ ਮਹੀਨੇ ਤੇਰਾਂ ਦਿਨ |
| (੧੫) | ਕੰਵਰ ਪਾਲ | ਉੱਨੀਂ ਸਾਲ ਨੌ ਮਹੀਨੇ ਗਿਆਰਾਂ ਦਿਨ |
| (੧੬) | ਅਨੇਕ ਪਾਲ | ਉੱਨੀਂ ਸਾਲ ਛੇ ਮਹੀਨੇ ਅਠਾਰਾਂ ਦਿਨ |
| (੧੭) | ਵਿਜੈ ਪਾਲ | ਚੌਵੀ ਸਾਲ ਇਕ ਮਹੀਨਾ ਛੇ ਦਿਨ |
| (੧੮) | ਰਾਮ ਪਾਲ | ਇੱਕੀ ਸਾਲ ਦੋ ਮਹੀਨੇ ਪੰਦ੍ਹਾਂ ਦਿਨ |

Digitized by Panjab Digital Library | www.panjabdigilib.org

| | | |
|---|---|---|
| (੧੯) ਅਗਨੀ ਪਾਲ | | ਇੱਕੀ ਸਾਲ ਦੋ ਮਹੀਨੇ ਪੰਦ੍ਹਾਂ ਦਿਨ |
| (੨੦) ਪ੍ਰਥੀ ਰਾਜ | | ਬਾਈ ਸਾਲ ਤਿੰਨ ਮਹੀਨੇ ਸੋਲਾਂ ਦਿਨ |
| | ਕੁਲ | ੩੯੧ ਬਰਸ ੫ ਮਹੀਨੇ ੧੭ ਦਿਨ |

( ਆਈਨੇ ਅਕਬਰੀ ਵਿਚੋਂ )

ਸੂਚਨਾ—ਇਸ ਵਿਚ ਕੁਝ ਬਰਸਾਂ ਦੀ ਅਸ਼ੁੱਧੀ ਹੈ। ਕਿਉਂਕਿ ੮੫੭ ਈ: ਵਿਚ ਇਹ ਰਾਜ ਅਸਥਾਪਨ ਹੋਇਆ। ਓਦੋਂ ਤੇ ੧੧੯੩ ਈਃ ਤਕ ੩੩੬ ਸਾਲ ਬਣਦੇ ਹਨ। ਸੋ ੫੫ ਬਰਸਾਂ ਦੀ ਭੁੱਲ ਹੈ। ਹੋ ਸਕਦਾ ਹੈ ਕਿ ਤੰਵਾਰਾਂ (ਤੂਰਾਂ) ਦਾ ਰਾਜ ੮੦੨ ਈਃ ਵਿਚ ਦਿੱਲੀ ਤੇ ਹੋ ਗਿਆ ਹੋਵੇ।

## ਚੌਹਾਣ ਬੰਸ

ਸੋਮੇਸ੍ਵਰ ਦੇਵ ਚੌਹਾਣ ਦਾ ਪੁਤ੍ਰ ਪ੍ਰਿਥੀ ਰਾਜ (ਰਾਏ ਪਥੌਰਾ) ਨੇ ਅਪਣੇ ਨਾਨੇ ਅਗਨੀ ਪਾਲ ਤੰਵਾਰ ਤੋਂ ਦਿੱਲੀ ਦਾ ਰਾਜ ਪ੍ਰਾਪਤ ਕੀਤਾ। ਇਹ ਅਜਮੇਰ ਰਾਜ ਦਾ ਅਪਣੇ ਪਿਤਾ ਵਲੋਂ ਮਾਲਿਕ ਸੀ। ਇਹ ਆਪਣੀ ਬੰਸ ਦਾ ਬਹੁਤ ਪਰਤਾਪੀ ਤੇ ਪ੍ਰਸਿੱਧ ਰਾਜਾ ਹੋਇਆ। ਇਸ ਨੇ ਅਪਣੇ ਤੋਂ ਕਈ ਗੁਣਾਂ ਪਰਤਾਪੀ ਜੈ ਚੰਦ ਕਨੌਜ ਵਾਲੇ ਨੂੰ ਹਾਰ ਦਿਤੀ। ਅਤੇ ਉਸ ਦੇ ਸਹਾਇਕਾਂ ਪਰਮਰਦੀ ਦੇਵ—ਪਰਮਾਲ ਆਦਿ 'ਚੰਦੇਲ' ਅਤੇ ਉਸਦੇ ਜਰਨੈਲਾਂ ਆਲਾ ਤੇ ਉਦਲ ਆਦਿਕ ਨੂੰ ਮਹੋਵੇ ਆਦਿਕ ਦੇ ਮੈਦਾਨਾਂ ਵਿਚ ਕਈ ਵਾਰ ਹਾਰ ਦਿਤੀ। ਇਸ ਦੀ ਬਹਾਦਰੀ ਦੇ ਬ੍ਰਿਤਾਂਤ ਕਵੀ 'ਚੰਦਰ ਵਰਦਾਈ' ਨੇ ਪ੍ਰਿਥਵੀ ਰਾਜ ਰਾਸੋ ਵਿਚ ਚੰਗੀ ਤਰਾਂ ਦੱਸੇ ਹਨ। ਏਸ ਅੰਤਿਮ ਪਰਤਾਪੀ ਹਿੰਦੂ ਰਾਜੇ ਨੂੰ ਮਹੰਮਦ ਗ਼ੋਰੀ ਨੇ ੧੧੯੩ ਈਸਵੀ ਵਿਚ ਤ੍ਰਾਵੜੀ ਜ਼ਿਲਾ ਕਰਨਾਲ ਦੇ ਮੈਦਾਨ ਵਿਚ ਮਾਰਕੇ ਦਿਲੀ ਦਾ ਰਾਜ ਲੈ ਲਿਆ।

ਏਸ ਦੇ ਸਮੇਂ ਜੰਬਰ ਚੌਹਾਣ ਦਾ ਗੜ੍ਹ ਦਰੇੜਾ, ਥਾਨੇਸਰ, ਸੋਢੌਰਾ, ਪਲਾਢ, ਸੁਨਾਮ (ਜੋਗੇ—ਰੱਲੇ ਦੇ ਕੋਲ ਸੀ) ਪਾਇਲ, ਤਿਹਾੜਾ, ਸਾਲਬਾਹਨ ਪੁਰ, ਲਹੂਹਾਰੂ, ਰੋਹਿਤਾਖ ਹੰਸਾਰ ਅਤੇ ਸਰਸਾ ਪਰਸਿਧ ਨਗਰ ਅਤੇ ਕਈ ਉਪਰਾਜਧਾਨੀਆਂ ਸਨ।

ਏਸ ਰਾਜ ਦੇ ਅਧੀਨ ਸੁਨਾਮ ਦੇ ਟੱਪੇ ਵਿਚ ਵਰਿਆਹ, ਰਾਜਪੂਤਾਂ ਦੀ ਚਓਧਰ ਸੀ, ਧੌਲੇ-ਤਪੇ ਕੋਲ ਧਾਲੀਵਾਲ, ਹਾਂਸੀ, ਹੰਸਾਰ ਤੇ ਸਰਸੇ ਤੇ ਸਰਾਓ, ਬਾਗੜ ਵਿਚ ਚੌਹਾਣ, ਲੱਖੀ ਜੰਗਲ ਵਿਚ ਜੋਧੇ, ਪੂਰਬੇ, ਧਰਮ ਕੋਟ—ਚੂਸ਼ਕ ਵਿਚ ਪੰਜਤੂਰ, ਫਰੀਦਕੋਟ ਦੇ ਆਸ ਪਾਸ ਅਰਜਣਾਇਣ ਅਤੇ ਹਰੀ ਕੇ ਪੱਤਣ ਪਾਰ ਮੱਲ੍ਹੀ, ਸੰਘੇ ਅਤੇ ਮੋਗੇ ਦੇ ਆਸ ਪਾਸ ਗਿੱਲਾਂ ਦੀ ਚਉਧਰ ਸੀ।

## ਨਵੀਨ ਸਮਾਂ—ਮੁਸਲਮਾਨੀ ਰਾਜ

## ਮਹਮੂਦ ਗਜ਼ਨਵੀ

ਜਦੋਂ ਪੰਜਾਬ ਵਿਚ ਜੈਪਾਲ ਦਾ ਰਾਜ ਸੀ ਇਸ ਦੇ ਅਧੀਨ ਬਠਿੰਡਾ ਅਰ ਭਟਨੇਰ ਦਾ ਪ੍ਰਗਨਾ ਸੀ, ਜਿਸ ਦੀ ਰਾਜਧਾਨੀ ਬਠਿੰਡਾ ਰਖੀ ਹੋਈ ਸੀ, ਜਿਸ ਦਾ ਪੁਰਾਣਾ ਨਾਮ ਬਿਕਰਮ ਗੜ੍ਹ ਸੀ, ਜੈਪਾਲ ਦਾ ਰਾਜ

Digitized by Panjab Digital Library | www.panjabdigilib.org

ਸਰਹੰਦ ਤੋਂ ਲਮਘਾਨ ਅਤੇ ਕਸ਼ਮੀਰ ਤੋਂ ਮੁਲਤਾਨ ਤਕ ਸੀ ਜਿਸ ਨੇ ਮੁਸਲਮਾਨਾਂ ਦੀਆਂ ਵਧੀਕੀਆਂ ਦੇ ਕਾਰਣ ਤੰਵਾਰਾਂ ਨਾਲ ਰਲਕੇ ਬਠਿੰਡੇ ਨੂੰ ਰਾਜਧਾਨੀ ਬਣਾਇਆ ਹੋਇਆ ਸੀ। (ਫਿਰਸਤਾ ਕ੍ਰਿਤ ਬਿਨਰਾਜ ਭਾਗ ੧ ਪੰਨਾ ੧੫ ਪੰਜਾਬ ਗਜਟੀਅਰ ਭਾਗ ੧੭ (ੳ) ਪੰਨਾਂ ੧੮੯ ਫੁਟ ਨੋਟ)

੧੦੦੧ ਈਃ ਵਿਚ ਮਹਿਮੂਦ ਗਜ਼ਨਵੀ ਨੇ ੧੦੦੦੦ ਘੋੜ ਸਵਾਰ ਲੈ ਕੇ ਪਿਸ਼ਾਵਰ ਵਲ ਚੜ੍ਹਾਈ ਕੀਤੀ ਜਿਥੇ ਜੈਪਾਲ ਨੇ ੧੨੦੦੦ ਘੋੜ ਸਵਾਰ, ੩੦੦੦੦ ਪੈਦਲ ਅਤੇ ੩੦੦ ਹਾਥੀਆਂ ਨਾਲ ਟਾਕਰਾ ਕੀਤਾ। ਬੜੀ ਤਕੜੀ ਜੰਗ ਹੋਈ। ਹਿੰਦੂ ਫੌਜ ਹਾਰ ਗਈ, ੫੦੦੦ ਫ਼ੌਜ ਮਾਰੀ ਗਈ ਅਤੇ ਜੈਪਾਲ ਸਣੇ ੧੫ ਵਡੇ ਵਡੇ ਐਹਲਕਾਰਾਂ ਦੇ ਕੈਦ ਕਰ ਲਿਆ ਗਿਆ। ਇਸ ਲੁਟ ਵਿਚ ਮਹਿਮੂਦ ਨੂੰ ਹੋਰ ਚੀਜ਼ਾਂ ਤੋਂ ਵਖਰਾ ੧੬ ਹੀਰੇ ਜਵਾਹਰਾਤਾਂ ਨਾਲ ਜੜੇ ਹੋਏ ਹਾਰ ਮਿਲੇ ਜਿਨ੍ਹਾਂ ਦੀ ਕੀਮਤ ਲਗ ਭਗ ੮੨੦੦੦ ਪੌਂਡ ਦਸੀ ਜਾਂਦੀ ਸੀ। ਇਸ ਦੇ ਮਗਰੋਂ ਮਹਿਮੂਦ ਨੇ ਜੈ ਪਾਲ ਦੀ ਰਾਜਧਾਨੀ ਬਠਿੰਡਾ ਨੂੰ ਜਾ ਲੁਟਿਆ। (ਪੰਜਾਬ ਕ੍ਰਿਤ ਮੁਹੰਮਦ ਲਤੀਫ ਪੰਨਾਂ ੮੦) ਅਤੇ ਮਹਿਮੂਦ ਇਸ ਰਸਤੇ ਵਲ ਦੀ ਮੁਲਤਾਨ ਵਲ ਚਲਿਆ ਗਿਆ। (ਫਰਿਸਤਾ ਕ੍ਰਿਤ ਬਿਨ ਰਾਜਭਾਗ ਪੰਨਾ ੩੮)। ਭਾਵੇਂ ਜੈ ਪਾਲ ਦੇ ਪੁਤਰ ਅਨੰਗਪਾਲ ਨੇ ਮਹਿਮੂਦ ਨਾਲ ਸਮਝੌਤਾ ਰਖਿਆ। ਬਠਿੰਡੇ ਦੇ ਰਾਜਾ ਬੀਜੀ ਰਾਏ ਨੇ ਖਰਾਜ ਨਾ ਦਿਤਾ। ਜਿਸ ਕਰਕੇ ਮਹਿਮੂਦ ਨੇ ੧੦੦੪ ਈਃ ਵਿਚ ਫੇਰ ਹਮਲਾ ਕੀਤਾ। ਬੀਜੀ ਰਾਏ ਜੰਗਲ ਨੂੰ ਭਜ ਗਿਆ, ਅਤੇ ਮਹਿਮੂਦ ਦੇ ਹਥ ੨੮੦ ਹਾਥੀ ਅਤੇ ਹੋਰ ਬਹੁਤ ਸਾਰਾ ਲੁਟ ਦਾ ਮਾਲ ਆਇਆ। (ਪੰਜਾਬ ਕ੍ਰਿਤ ਮੁਹੰਮਦ ਲਤੀਫ ਪੰਨਾ ੮੧) ਇਸ ਹਾਲਤ ਵਿਚ ਅਨੰਗਪਾਲ ਕਸ਼ਮੀਰ ਵਲ ਚਲਾ ਗਿਆ। ਮਾਸੂਦ ਦੇ ਪੁਤਰ ਮਹਿਮੂਦ ਗਜ਼ਨਵੀ ਨੇ ੧੦੩੬ ਈਃ ਹਾਸੀ ਜਿਤਿਆ। ਮਹਿਮੂਦ ਗਜ਼ਨਵੀ ਨੇ ੧੦੧੧ ਈਃ ਵਿਚ ਥਾਨੇਸਰ ਤੇ ਹਮਲਾ ਕੀਤਾ। ਇਸ ਵਾਰੀ ਲਗ ਭਗ ਦੋ ਲੱਖ ਹਿੰਦੂ ਗੁਲਾਮ ਬਣਾ ਕੇ ਗਜ਼ਨੀ ਨੂੰ ਲੈ ਗਿਆ। ਬਹੁਤ ਸਾਰੇ ਹਮਲਿਆਂ ਮਗਰੋਂ ੧੦੨੬ ਈਃ ਵਿਚ ਫਿਰ ਮਹਿਮੂਦ ਨੇ ਪੰਜਾਬ ਨੂੰ ਆਪਣੇ ਇਲਾਕੇ ਨਾਲ ਸ਼ਾਮਲ ਕਰ ਲਿਆ। ਇਸ ਤਰ੍ਹਾਂ ਇਹ ਮਾਲਵਾ ਦੇਸ ਮੁਸਲਮਾਨਾਂ ਦੇ ਕਬਜ਼ੇ ਵਿਚ ਆ ਗਿਆ।

## ਗੌਰੀ ਤੇ ਗ਼ੁਲਾਮ ਰਾਜਿਆਂ ਦਾ ਖ਼ਾਨਦਾਨ

(੧੧੯੩ ਤੋਂ ੧੨੯੦ ਈਃ ਤਕ)

## ਮਹਮੂਦ ਗਜ਼ਨਵੀ

ਅਫ਼ਗਾਨਿਸਤਾਨ ਦੇ ਸ਼ਹਿਰ ਗ਼ੌਰ ਦੇ ਖਾਨਦਾਨ ਦਾ ਗ਼ਜ਼ਨੀ ਤੇ ਰਾਜ ਹੋਇਆ ਤਾਂ ਅਮੀਰ ਗ਼ਿਆਸੁਦੀਨ ਦੇ ਛੋਟੇ ਭਾਈ ਸ਼ਹਾਬੁਦੀਨ ਗ਼ੌਰੀ ਨੇ ਮਹਿਮੂਦ ਦੀ ਬੰਸ ਦੇ ਹਾਕਿਮ ਬਲਦੇਜ਼ ਨੂੰ ਲਾਹੌਰ ਤੋਂ ਕਢ ਕੇ ੧੧੮੦ ਈਸਵੀ ਵਿਚ ਪੰਜਾਬ ਤੇ ਕਬਜ਼ਾ ਕਰ ਲਿਆ। ੧੧੯੧ ਵਿਚ ਤਰਾਵੜੀ ਦੇ ਮੈਦਾਨ ਤੇ ਭਾਵੇਂ ਗ਼ੌਰੀ ਨੇ ਪ੍ਰਿਥਵੀ ਰਾਜ ਤੋਂ ਹਾਰ ਖਾਧੀ ਪਰ ਮਾਲਵੇ ਦੇ ਇਲਾਕਾ ਭਟਿਆਣਾ, ਸਾਬੋਕਾ ਅਤੇ ਸਰਹਿੰਦ ਆਪਣੇ ਅਧਿਕਾਰ ਵਿਚ ਕਰ ਲਿਆ। ਅਤੇ ਗ਼ਜ਼ਨੀ ਨੂੰ ਮੁੜ ਗਿਆ। ੧੧੯੩ ਵਿਚ ਦਿੱਲੀ ਨੂੰ ਵਿਜੇ ਕਰਕੇ ਆਪਣੇ ਗ਼ੁਲਾਮ ਕੁਤੁਬੁਦੀਨ ਨੂੰ ਆਪਣਾ ਨਾਇਬ (ਪ੍ਰਤਿਨਿਧ) ਬਣਾ ਕੇ ਲਾਹੌਰ ਦਾ ਹਾਕਿਮ ਥਾਪ ਦਿਤਾ। ੧੨੦੬ ਈਸਵੀ ਵਿਚ ਗ਼ੌਰੀ ਦੇ ਮਰ ਜਾਣ ਤੋਂ ਉਸ ਦੇ ਨਾਇਬ

Digitized by Panjab Digital Library | www.panjabdigilib.org

ਕੁਤੁਬਦੀਨ ਨੇ ਦਿੱਲੀ ਦਾ ਸੁਲਤਾਨ ਬਣ ਕੇ ਸਭ ਤੋਂ ਪਹਿਲਾਂ ਭਾਰਤ ਵਿਚ ਮੁਸਲਮਾਨੀ ਸਾਮਰਾਜ ਕਾਇਮ ਕੀਤਾ, ਜਿਸ ਦੇ ਅਧੀਨ ਮਾਲਵਾ ਸਣੇ ਅਜਮੇਰ ਤੇ ਭਟਨੇਰ ਸਭ ਤੋਂ ਪਹਿਲਾਂ ਆਏ। ੧੨੧੦ ਈਸਵੀ ਵਿਚ ਕੁਤਬੁਦ-ਦੀਨ ਲਾਹੌਰ ਵਿਚ ਪੋਲੋ ਖੇਡਦਾ ਹੋਇਆ ਘੋੜੇ ਉਤੋਂ ਡਿਗ ਕੇ ਮਰ ਗਿਆ, ਤਾਂ ਉਸਦਾ ਬੇਟਾ ਆਰਾਮ ੪ ਮਹੀਨੇ ਤਕ ਤਖਤ ਉਤੇ ਰਿਹਾ। ਇਹ ਬਹੁਤ ਐਬੀ ਤੇ ਆਲਸੀ ਹੋਣ ਦੇ ਕਾਰਣ ਤਖਤ ਤੋਂ ਉਤਾਰ ਦਿਤਾ ਗਿਆ। ਤਾਂ ਕੁਤਬੁਦੀਨ ਦਾ ਗ਼ੁਲਾਮ ਤੇ ਜਵਾਈ ਸ਼ਮਸੁਦੀਨ 'ਇਲਤਮਸ਼' ਬਾਦਸ਼ਾਹ ਬਣਿਆ। ਇਸ ਨੇ ਉਜੈਨ ਤੇ ਮਾਲਵਾ ਤਕ ਜਿੱਤ ਕੇ ਰਾਜਪੂਤ ਰਿਆਸਤਾਂ ਨੂੰ ਦਿੱਲੀ ਰਾਜ ਅੰਦਰ ਮਿਲਾਇਆ।

ਏਸ ਬਾਦਸ਼ਾਹ ਦੇ ਸਮੇਂ ਬਹੁਤ ਸਾਰੇ ਹਿੰਦੂ ਮੁਸਲਮਾਨ ਹੋਏ। ਜੈਸਾ ਕਿ (੧) ਜੈਸਲਮੇਰ ਦਾ ਰਈਸ ਤੁਲਸੀ ਰਾਮ 'ਮੰਜ' ਪੀਰ ਮਖੂਦੂਮ 'ਜਹਾਨੀਆ' ਤੋਂ ਬੈਤ ਲੈ ਕੇ ਮੁਲਮਾਨ ਹੋਇਆ, ਤੇ 'ਸ਼ੇਖ਼ ਚਾਚੋ' ਨਾਮ ਰਖਾਇਆ ਅਤੇ ਆਪਣਾ ਸਭ ਮਹੈਣ ਲੈ ਕੇ ਸਤਲੁਜ ਦੇ ਹਿਠਾੜ-ਹਠੂਰ ਵਿਚ ਆਬਾਦ ਹੋਇਆ। ਹਠੂਰ ਤੇ ਤਿਹਾੜੇ ਦੇ ਹਿੰਦੂ ਰਈਸਾਂ ਨੂੰ ਮਾਰਕੇ ਉਜਾੜ ਦਿਤਾ। ਫੇਰ ਸ਼ਾਹ-ਜ਼ੁਹਾਨ ਪੁਰ, ਤਲਵੰਡੀ, ਆਂਡਲੂ, ਹਲਵਾਰਾ ਆਦਿ ਪਿੰਡ ਬਸਾਏ ਅਤੇ ਰਾਇ ਕੋਟ ਦੇ ਰਾਜਪੂਤ ਏਸੇ ਦੀ ਔਲਾਦ ਸਨ। ਚੂਸ਼ਕ ਦੇ ਮੰਜ ਭੀ ਇਨ੍ਹਾਂ ਵਿਚੋਂ ਸਨ। ਇਨ੍ਹਾਂ ਵਿਚੋਂ ਰਾਇ ਕਲ੍ਹੇ ਦੇ ਪੁਤ੍ਰ ਰਾਇ ਅਹਮਦ ਨੇ ੧੭੩੫ ਈ: ਵਿਚ ਤਲਵੰਡੀ ਤੋਂ ਉਠ ਕੇ ਰਾਇ ਕੋਟ ਬੰਨ੍ਹਿਆ। ਅਤੇ ਰਿਆਸਤ ਕਾਇਮ ਕੀਤੀ। (੨) ਸਾਬੋ ਕੇ ਇਲਾਕੇ ਦੇ ਗੁੱਜਰਾਂ ਨੇ ਮੁਸਲਮਾਨ ਹੋ ਕੇ ੪੮ ਪਿੰਡਾਂ ਦੀ ਚੌਧਰ ਪ੍ਰਾਪਤ ਕੀਤੀ। ਇਕ ਚੌਧਰੀ ਨੇ ਔਤ ਹੋਣ ਦੇ ਕਾਰਣ ਆਪਣੀ ਲੜਕੀ ਸ਼ਹਾਬੋ ਨੂੰ ਸਭ ਪਿੰਡ ਦੇ ਦਿੱਤੇ, ਜਿਸ ਦੀ ਰਾਜਧਾਨੀ ਤਲਵੰਡੀ ਸੀ। ਉਥੋਂ ਹੀ ਇਸ ਇਲਾਕੇ ਦਾ ਨਾਉਂ ਸ਼ਹਾਬੋ ਤੋਂ ਸਾਬੋ ਪਿਆ। (੩) ਭਟਿਆਣੇ ਦੇ ਇਲਾਕੇ ਵਿਚ ਜੈਸਲਮੇਰ ਤੋਂ ਆਇਆ ਹੋਇਆ ਦੂਜਾ ਦਲ 'ਲੱਖੀ' ਨਾਮੇ ਭੱਟੀ ਦੀ ਸੰਤਾਨ ਮੁਸਲਮਾਨ ਬਣ ਕੇ ਚੌਧਰੈਤ ਦਾ ਭਾਗੀ ਬਣਿਆ। ਜੈਸਲਮੇਰ ਵਾਲਾ ਤੁਲਸੀ ਰਾਮ 'ਮੰਜੁ' ਰਾਜਪੂਤ ਮੁਸਲਮਾਨ ਹੋ ਕੇ ਏਸੇ ਬਾਦਸ਼ਾਹ ਦੇ ਸਮੇਂ ੧੨੨੫ ਈਃ ਦੇ ਲ਼ਗ ਪਗ ਹਠੂਰ ਵਿਖੇ ਆਇਆ। ਓਦੋਂ ਏਸ ਨੇ ਅਪਣਾ ਨਾਉਂ ਸ਼ੇਖ਼ 'ਚਾਚੋ' ਰਖਾਇਆ ਸੀ। ਅਤੇ ਅਪਣੇ ਪਰਿਵਾਰ ਤੇ ਕੁਝ ਲਸ਼ਕਰ ਸਣੇ ਆਕੇ ਹਠੂਰੀਏ ਹਿੰਦੂ ਹਾਕਮ ਕਤਲ ਕਰਕੇ ਹਠੂਰ ਨੂੰ ਆਪਣੀ ਰਾਜਧਾਨੀ ਬਣਾਈ। ਫੇਰ ਲੁਦਿਹਾਣੇ ਅਤੇ ਮੋਗੇ ਦੇ ਇਲਾਕੇ ਅਪਣੀ ਚੌਧਰ ਕਾਇਮ ਕੀਤੀ। ਇਨ੍ਹਾਂ ਵਿਚੋਂ ਬਾਬੂ ਖਾਂ ਹਲਵਾਰੇ ਵਿਚ, ਈਸੇ ਖ਼ਾਂ ਤੇ ਦੌਲਤ ਖ਼ਾਂ ਕੋਟ ਈਸੇ ਖਾਂ ਵਿਚ ਅਤੇ ਰਾਇ ਕਲ੍ਹਾ ਤਲਵੰਡੀ ਵਿਚ ਅਤੇ ਰਾਇ ਅਹਮਦ ਰਾਇਕੋਟ ਦੇ ਰਈਸ ਹੋਏ ਹਨ। ਸ਼ਮਸੁਦੀਨ ੧੨੩੬ ਵਿਚ ਮਰ ਗਿਆ ਤਾਂ ਉਸ ਦੀ ਲੜਕੀ ਰਜ਼ੀਆ ਬੇਗਮ ੩ ਸਾਲ ਤਕ ਬੜੀ ਸਿਆਣਪ ਅਤੇ ਦ੍ਰਿੜ੍ਹਤਾ ਨਾਲ ਰਾਜ ਕਰਦੀ ਰਹੀ। ਪਰ ਉਹ 'ਅਲਤੂਨੀ' ਨਾਮੇ ਆਪਣੇ ਹਬਸ਼ੀ ਗ਼ੁਲਾਮ ਤੇ ਆਸਕਤ ਹੋ ਗਈ। ਤਾਂ ਅਮੀਰਾਂ ਨੇ ਉਸ ਦਾ ਵਿਰੋਧ ਕੀਤਾ, ਪਰ ਇਤਨੇ ਨੂੰ ਬਠਿੰਡੇ ਦਾ ਹਬਸ਼ੀ ਹਾਕਿਮ ਆਕੀ ਹੋ ਗਿਆ। ਤਾਂ ਰਜ਼ੀਆ ਨੇ ਉਸ ਨੂੰ ਦੰਡ ਦੇਣ ਲਈ ਬਠਿੰਡੇ ਤੇ ਚੜ੍ਹਾਈ ਕੀਤੀ। ਤਾਂ ਉਸ ਨੇ ਰਜ਼ੀਆ ਨੂੰ ਘੇਰ ਕੇ ਉਸ ਨਾਲ ਵਿਆਹ ਕਰ ਲਿਆ ਤਾਂ ਦਿੱਲੀ ਵਾਲਿਆਂ ਅਮੀਰਾਂ ਨੇ ਰਜ਼ੀਆ ਸਣੇ ਉਸ ਦੇ ਪ੍ਰੇਮੀ ਨੂੰ ਮਾਰ ਦਿਤਾ। ਅਤੇ ਉਸ ਦੇ ਛੋਟੇ ਭਾਈ ਨਾਸਿਰੁਦੀਨ ਮਹਿਮੂਦ ਨੂੰ ਬਾਦਸ਼ਾਹ ਬਣਾ ਦਿਤਾ। ਇਹ ਬਾਦਸ਼ਾਹ ੧੨੩੯ ਤੋਂ ੧੨੬੦

Digitized by Panjab Digital Library | www.panjabdigilib.org

ਤਕ ਰਿਹਾ। ਇਸ ਨੂੰ 'ਦਰਵੇਸ਼' ਬਾਦਸ਼ਾਹ ਕਿਹਾ ਜਾਂਦਾ ਹੈ। ਕੁਰਾਨ ਲਿਖ ਕੇ ਉਸ ਦੀ ਬਿਕਰੀ ਤੋਂ ਆਪਣਾ ਨਿਰਬਾਹ ਕਰਦਾ ਸੀ।

ਨਾਸਿਰੁਦੀਨ ਦਾ ਵਜ਼ੀਰ ਅਤੇ ਜਵਾਈ ਗਿਆਸੁਦੀਨ ਬਲਬਨ ੧੨੬੦ ਈਃ ਵਿਚ ਤਖ਼ਤ ਤੇ ਬੈਠਾ। ਏਸ ਨੇ ਜ਼ੋਰ ਨਾਲ ਬਹੁਤ ਸਾਰੇ ਰਜਵਾੜਿਆਂ, ਸੰਤਾਂ, ਭਗਤਾਂ ਅਤੇ ਸਾਧਾਰਨ ਜਨਤਾ ਨੂੰ ਮੁਸਲਮਾਨ ਬਣਾਇਆ। ਭਗਤ ਨਾਮਦੇਵ ਜੀ ਨੂੰ ਏਸੇ ਨੇ ਹਾਥੀ ਮੂਹਰੇ ਸਿਟਿਆ ਸੀ। ਸ਼ੇਖ਼ ਫ਼ਰੀਦ 'ਸ਼ਕਰਗੰਜੀ' ਨੇ ਏਸੇ ਦੇ ਰਾਜ ਵਿਚ ਪਾਕਪਟਨ ਰਹਿ ਕੇ ਆਪਣੇ ਉਪਦੇਸ਼ ਨਾਲ ਚੌਦਾਂ ਲਖ ਹਿੰਦੂਆਂ ਨੂੰ ਮੁਸਲਮਾਨ ਬਣਾਇਆ। ਖਰਲ, ਸਿਆਲ, ਟਿਵਾਣੇ ਤੇ ਰਾਂਝੇ ਆਦਿ ਸਭ ਏਹਨਾਂ ਦੇ ਹੀ ਮੁਸਲਮਾਨ ਬਣਾਏ ਹੋਏ ਹਨ। ਆਖਦੇ ਹਨ ਕਿ ਰਾਜਾ ਮੋਕਲ ਰਾਇ ਨੇ, 'ਮੋਕਲ ਹਾਰ' ਨਾਮੇ ਸ਼ਹਿਰ ਆਬਾਦ ਕਰਨ ਲਗਿਆਂ ਫਰੀਦ ਸਾਹਿਬ ਨੂੰ ਫੜ ਕੇ ਮਜ਼ਦੂਰਾਂ ਵਿਚ ਲਾਇਆ। ਤਾਂ ਫ਼ਰੀਦ ਸਾਹਿਬ ਦੀ ਬਦ ਦੁਆ ਨਾਲ ਸ਼ਹਿਰ ਉਜੜ ਕੇ ਦੋਬਾਰਾ ਫ਼ਰੀਦ ਸਾਹਿਬ ਦੇ ਨਾਉਂ ਤੇ 'ਫ਼ਰੀਦ ਕੋਟ' ਬਣ ਕੇ ਵਸਿਆ। ਰਾਜਾ ਮੋਕਲ ਹਾਰ ਜੋ ਕਸ਼ਮੀਰੀ ਜਾਂ ਡੋਗਰਾਂ ਦੀ ਬੰਸ ਵਿਚੋਂ ਸੀ, ਦੀ ਪੁਤ੍ਰੀ ਨੂੰ ਫੀਰੋਜ਼ ਸ਼ਾਹ ਤੁਗਲਕ ਨੇ ਵਿਆਹਿਆ। ਅਤੇ ਉਸ ਦਾ ਪਿਤਾ ਅਗੋਂ ਹੀ ਮੁਸਲਮਾਨ ਹੋ ਚੁਕਿਆ ਸੀ।

੧੨੮੭ ਈਃ ਵਿਚ ਬਲਬਨ ਮਰ ਗਿਆ ਤਾਂ ਉਸਦਾ ਪੋਤਾ 'ਕੈਕਬਾਦ' ਬਾਦਸ਼ਾਹ ਬਣਿਆ ਜੋ ਬੜਾ ਐਬੀ ਤੇ ਨਾਲਾਇਕ ਸੀ। ਇਸ ਲਈ ਉਸ ਦੇ ਵਜ਼ੀਰ ਜਲਾਲੁਦੀਨ 'ਖ਼ਿਲਜੀ' ਨੇ ੧੨੯੦ ਵਿਚ ਉਸ ਨੂੰ ਕਤਲ ਕਰ ਕੇ ਦਿੱਲੀ ਦਾ ਰਾਜ ਮੱਲ ਲਿਆ। ਖੁਸਰੋ (੧੨੫੬ ਈਃ ਤੋਂ ੧੩੨੫ ਈਃ) ਕੈਕਬਾਦ ਦੇ ਵੇਲੇ ਵਡਾ ਕਵੀ ਤੇ ਵਿਦ੍ਵਾਨ ਸੀ। ਏਸੇ ਮਹਾਂ ਵਿਦ੍ਵਾਨ ਨੇ ੬੯ ਪੁਸਤਕ ਲਿਖੇ ਸਨ। ਉਨ੍ਹਾਂ ਵਿਚੋਂ ਬਹੁਤੇ ਓਸ ਸਮੇਂ (੧੨੮੦ ਈਃ) ਦੀ ਪੰਜਾਬੀ ਬੋਲੀ ਵਿਚ ਹਨ। ਜਿਸ ਨੂੰ ਖੁਸਰੋ ਨੇ 'ਹਿੰਦੀ' ਜਾਂ 'ਹਿੰਦਵੀ' ਨਾਮ ਦਿਤਾ ਹੈ। ਓਸ ਸਮੇਂ 'ਪੰਜਾਬ' ਦਾ ਨਾਉਂ ਪੰਜਾਬ ਨਹੀਂ, ਕਿੰਤੂ 'ਪੰਚ ਨਦ' ਸੀ। ਪਰ ਇਹ ਨਾਉਂ ਭਾਰਤੀਆਂ ਦਾ ਰਖਿਆ ਹੋਇਆ ਸੀ। ਪੱਛਮੀ ਲੋਕ ਅਟਕ (ਸਿੰਧ) ਤੋਂ ਉਰਾਰ ਵਾਲਿਆਂ ਨੂੰ ਹਿੰਦੂ ਕਹਿੰਦੇ ਸਨ, ਭਾਵੇਂ ਉਹ ਮੁਸਲਮਾਨ ਆਦਿ ਕੋਈ ਭੀ ਹੋਣ। ਏਵੇਂ ਹੀ ਉਨ੍ਹਾਂ ਦੀ ਬੋਲੀ ਨੂੰ 'ਹਿੰਦੀ' ਜਾਂ ਹਿੰਦਵੀ ਆਖਦੇ ਸਨ, ਭਾਵੇਂ ਉਹ 'ਪੰਜ ਨਦ' ਦੀ ਹੋਵੇ ਜਾਂ ਰਾਜਸਥਾਨ ਅਥਵਾ ਯੂ. ਪੀ. ਦੀ ਹੋਵੇ। ਇਸ ਲਈ ਅਮੀਰ ਖੁਸਰੋ ਨੇ ਲਾਹੌਰ ਤੇ 'ਗੁਰੂ ਕੇ ਮਾਲਵੇ' ਦੇ ਵਿਚਕਾਰਲੇ ਦੇਸ ਦੀ ਬੋਲੀ ਵਿਚ ਫਾਰਸੀ ਦੇ ਸਬਦ ਰਲਾ ਕੇ ਅਪਣੇ ਪੁਸਤਕ ਲਿਖੇ ਤਾਕਿ ਨਵੇਂ ਆਉਣ ਵਾਲੇ ਬਿਦੇਸੀ ਮੁਸਲਮਾਨ ਉਹਦੇ ਆਸਰੇ ਆਪਣਾ ਬਿਉਹਾਰ ਚਲਾ ਸਕਣ। ਏਸੇ ਲਈ ਓਸ ਨੇ ਅਰਬੀ ਫਾਰਸੀ ਅਤੇ ਉਸ ਸਮੇਂ ਦੀ ਪੰਜਾਬੀ ਤੇ ਰਲਵੇਂ ਸ਼ਬਦਾਂ ਦਾ ਕੋਸ਼ ਭੀ ਤਿਆਰ ਕੀਤਾ ਸੀ। ਜੈਸੇ ਉਹ ਲਿਖਦਾ ਹੈ—'ਅਰਬੀ, ਹਿੰਦਵੀ, ਫਾਰਸੀ ਤੀਨੋ ਕਹੇ ਖਿਆਲ।' (ਖਾਲਕ ਬਾੜੀ ਕੋਸ਼' ਉਸ ਦੇ ਕੁਝ ਨਮੂਨੇ—'ਆਤਿਸ਼ਆਗ, ਆਬ ਹੈ ਪਾਣੀ।'......'ਅਸਪ ਮੀਰਾਂ, ਹਿੰਦਵੀ ਘੋੜਾ ਚਲਾਵਾ'। ਅਰਥਾਤ ਫਾਰਸੀ ਵਿਚ ਅਸਪ ਮੀਰਾਂ (ਘੋੜਿਆਂ ਦਾ ਸਰਦਾਰ) ਹਿੰਦਵੀ ਵਿਚ 'ਘੋੜਾ ਚਲਾਵਾ' ਆਖੀਦਾ ਹੈ। 'ਸੇਵਾ ਬਵਦ ਹਿੰਦਵੀ ਕਿ ਬਵਦੀ 'ਚਾਕਰੀ' ਅਰਥਾਤ 'ਹਿੰਦਵੀ' ਵਿਚ ਸੇਵਾ ਹੈ, ਫਾਰਸੀ ਵਿਚ ਚਾਕਰੀ ਹੈ। ਸਭ ਤੋਂ ਵਧ ਕੇ ਖੁਸਰੋ ਦੀ ਪੰਜਾਬੀ ਰਚਨਾ ਉਹਨਾਂ ਦੀਆਂ 'ਕਹਿ ਮੁਕਰਨੀਆਂ' ਅਤੇ 'ਏਕਾ ਨੇਕ ਉਤਰ' ਆਦਿ

Digitized by Panjab Digital Library | www.panjabdigilib.org

ਬੁਝਾਰਤਾਂ ਹਨ–'ਰੋਟੀ ਸੜੀ ਕਿਉਂ ਘੋੜੀ ਅੜੀ ਕਿਉਂ ? ਉਤਰ–(ਫੇਰੇ ਬਿਨ) 'ਇਕ ਤਰਵਰ ਕਾ ਫਲ ਹੈ ਤਰ। ਪਹਿਲੇ ਨਾਰੀ ਪੀਛੇ ਨਰ। ਉਸ ਫਲ ਕੀ ਯੇਹ ਦੇਖੋ ਚਾਲ। ਬਾਹਰ ਖਾਲ ਤੇ ਅੰਦਰ ਬਾਲ।' ਪੁਨਾ–(ਬੁਝਾਰਤ) 'ਆਦਿ ਕਟੇ ਤੇ ਸਭ ਨੂੰ ਪਾਲੇ। ਮੱਧ ਕਟੇ ਤੇ ਸਭ ਨੂੰ ਮਾਰੇ। ਅੰਤ ਕਟੇ ਤੇ ਸਭ ਨੂੰ ਮੀਠਾ। ਕਹਿ ਖੁਸਰੋ ਮੈਂ ਅਖੀਂ ਡੀਠਾ।' ਪੁਨਾ–'ਟੱਟੀ ਤੋੜ ਕੇ ਘਰ ਵਿਚ ਆਇਆ। ਭਾਂਡਾ ਟੀਂਡਾ ਸਭ ਰੁਲਾਇਆ। ਖਾ ਗਿਆ ਪੀ ਗਿਆ ਦੇ ਗਿਆ ਬੁਤਾ। ਕੀ ਸਖੀ ਸਾਜਨ ? ਨਾ ਸਖੀ ਕੁਤਾ।' ਜਿਵੇਂ ਪੁਰਾਣੇ ਸਮੇਂ ਏਸ ਮਾਲਵੇ ਦੀ ਭਾਸ਼ਾ ਤੋਂ ਸੰਸਕ੍ਰਿਤ ਨੇ ਜਨਮ ਲਿਆ ਸੀ ਓਵੇਂ ਖੁਸਰੋ ਦੀ ਕ੍ਰਿਪਾ ਨਾਲ ਉਕਤ ਭਾਸ਼ਾ ਵਿਚੋਂ ਉਰਦੂ ਅਤੇ ਓਸ ਤੋਂ ਅਗੇ ਚਲ ਕੇ ਖੜੀ ਬੋਲੀ (ਅਜ ਕਲ ਦੀ ਹਿੰਦੀ) ਨੇ ਜਨਮ ਲਿਆ–ਇਹ ਬੋਲੀ ਦੀ ਬਿਭਾਸ਼ਾ ਸੀ।

## ਖਾਨਦਾਨ ਖਿਲਜੀ

( ੧੨੯੦ ਤੋਂ ੧੩੨੦ ਤਕ )

ਕੈਕਬਾਦ ਦੇ ਮਰਨ ਸਮੇਂ ਵਜ਼ੀਰ ਜਲਾਲ ਦੀਨ ਨੇ ੧੨੯੦ ਵਿਚ ਦਿੱਲੀ ਦਾ ਰਾਜ ਮੱਲ ਲਿਆ ਜੋ ੧੩੨੦ ਈ: ਤਕ ਏਸ ਦੀ ਬੰਸ ਵਿਚ ਰਿਹਾ। ਭਾਵੇਂ ਇਹ ਬਾਦਸ਼ਾਹ ਬਹੁਤੇ ਦੱਖਣ ਦੀ ਫਤੇਹ ਵਲ ਲਗੇ ਰਹੇ ਮਗਰ ਪੰਜਾਬ ਅਤੇ ਮਾਲਵਾ ਇਹਨਾਂ ਦੇ ਅਧੀਨ ਹੀ ਸਨ।

## ਖਾਨਦਾਨ ਤੁਗਲਕ

( ੧੩੨੦ ਤੋਂ ੧੪੧੨ ਤਕ )

ਏਸ ਖਾਨਦਾਨ ਦਾ ਮੁੱਢ ਗਿਆਸਦੀਨ ਤੁਗਲਕ ਤੋਂ ਤੁਰਿਆ। ਏਸ ਖਾਨਦਾਨ ਦੇ ਬਾਦਸ਼ਾਹ ਫੀਰੋਜ਼ ਸ਼ਾਹ ਨੇ ਫੀਰੋਜ਼ਪੁਰ (ਜ਼ਿਲਾ) ਅਤੇ ਦਿੱਲੀ ਵਿਚ 'ਹਿਸਾਰ ਫੀਰੋਜ਼ਾ' ਅਤੇ ਫਤੇਹ ਆਬਾਦ ਨਗਰ ਬਸਾਏ। ਹਿਸਾਰ ਫੀਰੋਜ਼ੇ ਨੂੰ ਸਤਲੁਜ ਅਤੇ ਜਮਨਾਂ ਵਿਚੋਂ ਨਹਿਰ ਕੱਢਕੇ ਖੂਬ ਆਬਾਦ ਕੀਤਾ। ਇਹ ੧੩੪੦ ਤੋਂ ੧੩੮੦ ਤਕ ਰਾਜ ਕਰਦਾ ਰਿਹਾ। ਉਸ ਤੋਂ ਪਿਛੋਂ ਇਸਦਾ ਪੁਤ੍ਰ ਮੁਹੰਮਦ ਤੁਗਲਕ ੧੪੧੨ ਤਕ ਰਿਹਾ। ਇਹ ਬਾਦਸ਼ਾਹ ਬਹੁਤ ਵਹਮੀ, ਫਿਲਾਸਫਰ ਅਤੇ ਬਹੁ ਸੂਝੀ ਸੀ। ਦਿੱਲੀ ਨੂੰ ਛਡਕੇ ਦੌਲਤ ਆਬਾਦ ਨੂੰ ਰਾਜਧਾਨੀ ਬਣਾਇਆ ਅਤੇ ਅੰਤ ਨੂੰ ਦਿੱਲੀ ਹੀ ਆਉਣਾ ਪਿਆ। ਚੀਨ ਉਪਰ ਚੜ੍ਹਾਈ ਕੀਤੀ। ਪਰ ਸਾਰੀ ਫੌਜ ਬਰਫ ਵਿਚ ਮਰਵਾ ਦਿਤੀ।

## ਅਮੀਰ ਤੈਮੂਰ ਸਮਰਕੰਦੀ ਲੁਟੇਰਾ

੧੩੯੮ ਵਿਚ ਅਮੀਰ ਤੈਮੂਰ ਨੇ ਮਹਿਮੂਦ ਤੁਗਲਕ ਦੇ ਸਮੇਂ ਹਿੰਦੁਸਤਾਨ ਤੇ ਹੱਲਾ ਕਰਕੇ ਪੰਜਾਬ, ਦਿੱਲੀ ਭਟਨੇਰ ਅਤੇ ਮਾਲਵੇ ਨੂੰ ਖੂਬ ਲਤਾੜਿਆ, ਮਹਮੂਦ ਗੁਜਰਾਤ ਵਲ ਭਜ ਗਿਆ। ੧੪੦੦ ਵਿਚ ਮੁੜਿਆ ਅਤੇ ਤੈਮੂਰ ਨੇ ਰਾਜ ਕਾਇਮ ਨਹੀਂ ਕੀਤਾ। ਕੇਵਲ ਸਯਦ ਖਿਜਰ ਖਾਂ ਨੂੰ ਪੰਜਾਬ ਦਾ ਹਾਕਮ ਬਣਾਕੇ ਮੁੜ ਗਿਆ, ਜਿਸ ਦੇ ਅਧੀਨ ਮਾਲਵਾ ਭੀ ਰਿਹਾ।

Digitized by Panjab Digital Library | www.panjabdigilib.org

## ਖਾਨਦਾਨ ਸਯਦਾਂ

( ੧੪੧੨ ਤੋਂ ੧੪੫੦ )

ਖਿਜ਼ਰ ਖਾਂ ਸਯਦ ਨੇ ਤੁਗਲਕ ਖਾਨਦਾਨ ਦੀ ਗਿਰਵਾਟ ਦੇ ਸਮੇਂ ਦਿੱਲੀ ਨੂੰ ਫਤੇ ਕਰਕੇ ਅਪਣੇ ਖਾਨਦਾਨ ਦਾ ਰਾਜ ਕਾਇਮ ਕੀਤਾ। ਮਗਰ ਉਸ ਦੇ ਬੰਸ ਵਿਚ ਭੀ ਕਮਜ਼ੋਰੀ ਛੇਤੀ ਆ ਗਈ। ਅਤੇ ਮਾਲਵੇ ਵਿਚ ਕਈ ਛੋਟੇ ੨ ਰਾਜਵਾੜੇ ਬਣ ਗਏ। ਜਿਨ੍ਹਾਂ ਦੀ ਵਿਸ਼ੇਸ਼ ਪ੍ਰਸਿੱਧੀ ਨਹੀਂ। ੧੪੪੫ ਦੇ ਲਗ ਪਗ ਹੋਡਲਾਂ (ਪੁਰਾਣਾ ਸੁਨਾਮ) ਦੇ ਨਵਾਸੀ ਦੀ ਬਦ ਕਿਰਦਾਰੀ ਦੇ ਡਰ ਤੋਂ ਬੋੜਾਂ-ਵਾਲ (ਕਸਬਈ) ਦਾ ਚੌਧਰੀ 'ਹਮੀਰ' ਅਪਣੇ ਪਿੰਡ ਨੂੰ ਛਡਕੇ ਦਾਖੇ ਪਿੰਡ ਦਾ ਆਦਿ ਪੁਰਖ ਅਤੇ ਬਸਾਉਣ ਵਾਲਾ ਬਣਿਆ। ਇਸ ਪ੍ਰਕਾਰ ਛੀਟਾਂ ਵਾਲਾ, ਸਮਾਣਾ ਸੋਢੋਰਾ, ਦਾਮਲਾ ਅਤੇ ਮਾਲੇਰ ਕੋਟਲਾ ਆਦਿ ਅਨੇਕ ਤਅਲਕੇ ਸੁਤੰਤਰ ਹੋ ਗਏ।

## ਖਾਨਦਾਨ ਲੋਧੀ

( ੧੪੫੦ ਤੋਂ ੧੫੨੬ )

ਸਯਦਾਂ ਦੇ ਅਧੀਨ ਪੰਜਾਬ ਦੇ ਹਾਕਿਮ ਬਹਲੋਲ ਲੋਧੀ ਦੇ ੧੪੫੦ ਈ: ਵਿਚ ਦਿਲੀ ਫ਼ਤਹ ਕੀਤੀ। ਅਤੇ ਬਹਲੋਲ ਪੁਰ ਕਸਬਾ ਸਤਲੁਜ ਤੇ ਵਸਾਇਆ। ਇਸ ਦੇ ਪੁਤ੍ਰ ਸਿਕੰਦਰ ਨੇ ੧੪੮੧ ਵਿਚ ਆਪਣੇ ਸਰਦਾਰ ਨਿਹੰਗ ਖਾਂ ਦੇ ਰਾਹੀਂ ਲੁਧਿਆਣਾ ਵਸਾਇਆ। ਲੋਧੀ ਖਾਨਦਾਨ ਦੇ ਸਮੇਂ ਤੋਂ ਮਾਲਵਾ ਇਕਸਾਰ ਦਿਲੀ ਰਾਜ ਦੇ ਅਧੀਨ ਰਹਿਆ। ਸਿਕੰਦਰ ਅਤੇ ਇਬ੍ਰਾਹੀਮ ਲੋਧੀ ਨੂੰ ਗੁਰੂ ਨਾਨਕ ਦੇਵ ਨੇ ਸੱਤ ਉਪਦੇਸ ਦਿਤਾ ਸੀ।

## ਮੁਗਲ ਖਾਨਦਾਨ

( ੧੫੨੬ ਤੋਂ ੧੫੪੦ ਤਕ ਪਹਲੀ ਵਾਰ )

੧੫੨੬ ਵਿਚ ਬਾਬਰ ਨੇ ਦਿੱਲੀ ਦੇ ਬਾਦਸ਼ਾਹ ਇਬ੍ਰਾਹੀਮ ਲੋਧੀ ਨੂੰ ਜਿੱਤ ਕੇ ਦਿਲੀ ਤੇ ਰਾਜ ਕੀਤਾ। ਇਹ ਲੜਾਈ ਪਾਣੀਪਤ ਦੀ ਪਹਿਲੀ ਲੜਾਈ ਆਖੀ ਜਾਂਦੀ ਹੈ। ਬਾਬਰ ਨੇ ਫਰੀਦ ਕੋਟੀਆਂ ਦੇ ਬਜ਼ੁਰਗ ਸੰਘਰ ਨੂੰ 'ਬੈਰਾੜਕੀ' ਦੀ ਚੌਧਰ ਦਿਤੀ। ਕਿਉਂਕਿ ਉਸ ਨੇ ਇਸ ਨੂੰ ਮਦਦ ਦਿਤੀ ਸੀ। ਬਾਬਰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਤੋਂ ਲਾਭਵੰਦ ਹੋਇਆ ਸੀ।

## ਸੂਰੀ ਖਾਨਦਾਨ

( ੧੫੪੦ ਤੋਂ ੧੫੫੬ )

ਬੰਗਾਲ ਦੇ ਸੂਬੇਦਾਰ ਸ਼ੇਰ ਸ਼ਾਹ ਸੂਰੀ ਨੇ ਬਾਬਰ ਦੇ ਪੁੱਤ੍ਰ ਹੁਮਾਯੂੰ ਨੂੰ ਹਰਾਕੇ ਦਿੱਲੀ ਦਾ ਰਾਜ ਲੈ ਲਿਆ। ਏਸ ਨੇ ਪਿਸ਼ਾਵਰ ਤੋਂ ਕਲਕੱਤੇ ਤਕ ਸੜਕ ਬਣਵਾਈ ਅਤੇ ਦੋ ਦੋ ਕੋਹ ਉਤੇ ਖੂਹੀ ਤੇ

Digitized by Panjab Digital Library | www.panjabdigilib.org

ਸਰਾਏ ਬਣਵਾਈ। ਏਸ ਦੇ ਸਮੇਂ ਪਰਜਾ ਨੂੰ ਬਹੁਤ ਸੁਖ ਪ੍ਰਾਪਤ ਹੋਇਆ। ਕਿਉਂਕਿ ਇਹ ਹਿੰਦੂ–ਮੁਸਲਮਾਨਾਂ ਨੂੰ ਇਕੋ ਜਿਹਾ ਸਮਝਦਾ ਸੀ। ਹਮਾਯੂੰ ਸਿੰਧ ਨੂੰ ਜਾਂਦਾ ਹੋਇਆ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮਿਲਿਆ ਸੀ। ਪਰ ਬੇ-ਅਦਬੀ ਕਰਣ ਦੇ ਕਾਰਣ ਲਾਹਾ ਨਾ ਲੈ ਸਕਿਆ।

## ਮੁਗਲ ਖਾਨਦਾਨ (ਦੂਜੀ ਵਾਰ)

(੧੫੫੬ ਤੋਂ ੧੮੫੭ ਤਕ)

੧੫੫੬ ਵਿਚ ਹੁਮਾਯੂੰ ਨੇ ਸ਼ੇਰ ਸ਼ਾਹ ਦੇ ਪੋਤੇ ਇਬਰਾਹੀਮ ਸੂਰੀ ਨੂੰ ਹਰਾ ਕੇ ਦੋਬਾਰਾ ਮੁਗਲ ਰਾਜ ਕਾਇਮ ਕੀਤਾ। ਮਗਰ ਆਪ ਛੇ ਮਹੀਨੇ ਪਿਛੋਂ ਕੋਠੇ ਤੋਂ ਡਿਗ ਕੇ ਮਰ ਗਿਆ। ਤਾਂ ਉਸ ਦਾ ਬੇਟਾ ਅਕਬਰ ੧੩ ਸਾਲ ਦੀ ਆਯੂ ਵਿਚ ਕਲਾਨੌਰ ਦੇ ਅਸਥਾਨ ਤੇ ਦਿੱਲੀ ਦੇ ਤਖਤ ਪਰ ਬੈਠਾ। ਇਹ ਬੜਾ ਭਾਗਵਾਨ ਅਤੇ ਬੁਧੀਵਾਨ ਹੋਇਆ। ਇਸ ਦੇ ਸਮੇਂ ਮੁਗਲ ਰਾਜ ਦਾ ਬਹੁਤ ਵਾਧਾ ਹੋਇਆ। ਰਾਜਸੀ ਬ੍ਰਿਧੀ ਤੋਂ ਬਿਨਾਂ ਅਕਬਰ ਦੀ ਧਾਰਮਿਕ ਪਾਲਿਸੀ ਭੀ ਅਜੇਹੀ ਮਿੱਠੀ ਅਤੇ ਹਰ-ਮਨ ਪਿਆਰੀ ਸੀ ਕਿ ਰਾਜਪੂਤ ਅਤੇ ਜੱਟਾਂ ਜੈਸੀ ਬਹਾਦਰ ਅਤੇ ਕੱਟਰ ਕੌਮ ਦੇ ਦਿਲਾਂ ਵਿਚ ਘਰ ਕਰ ਗਈ। ਅਕਬਰ ਨੇ ਭਾਵੇਂ ਰਾਜਸੀ ਕੂਟ ਨੀਤੀ ਨਾਲ, ਭਾਵੇਂ ਮੁਸਲਮਾਨੀ ਉੱਨਤੀ ਲਈ 'ਦੀਨ ਅਲਾਹੀ' ਨਾਮ ਨਵਾਂ ਹੀ ਫਿਰਕਾ ਕਾਇਮ ਕੀਤਾ ਸੀ, ਜਿਸ ਤੋਂ ਕੱਟਰ ਮੁਸਲਮਾਨ ਤਾਂ ਨਫਰਤ ਭੀ ਕਰਦੇ ਸਨ। ਮਗਰ ਉਸ ਦੇ ਦਰਬਾਰੀ ਮੁਸਲਮਾਨ ਅਤੇ ਦੀਵਾਨ ਟੋਡਰ ਮਲ, ਬੀਰਬਲ ਆਦਿ ਫਸਲੀ ਹਿੰਦੂਆਂ ਦਾ ਉਸ ਪੰਥ ਨਾਲ ਗੂੜ੍ਹਾ ਸਲੂਕ ਤੇ ਸੰਬੰਧ ਹੋਣ ਕਰਕੇ ਹਿੰਦੂ ਰਾਜਪੂਤ ਰਾਜੇ ਖੁੱਲਮਖੁੱਲਾ ਅਕਬਰ ਅਤੇ ਉਸ ਦੇ ਦਰਬਾਰੀਆਂ ਨੂੰ ਆਪਣੀਆਂ ਲੜਕੀਆਂ ਦੇ ਡੋਲੇ ਦੇਣ ਲਗ ਪਏ। ਕਾਂਗੜ ਦੇ ਚੌਧਰੀ ਮਹਰ ਮਿੱਠਾ (ਧਾਲੀਵਾਲ) ਨੇ ਭੀ ਉਨ੍ਹਾਂ ਦੀ ਰੀਸੇ ਗਰੇਵਾਲ, ਝੱਲੀ, ਪੰਧੇਰ ਆਦਿ ੧੮ ਗੋਤਾਂ ਦੀ ਸੰਮਤੀ ਨਾਲ ਅਪਣੀ ਪੋਤੀ ਭਾਗਭਰੀ ਦਾ ਅਕਬਰ ਨਾਲ ਬਾਕਾਇਦਾ ਵਿਆਹ ਕਰ ਦਿੱਤਾ। ਅਕਬਰ ਦੇ ਸਮੇਂ ਲੱਖੀ ਜੰਗਲ ਅਤੇ ਛਾਂਗੇ ਮਾਂਗੇ ਦੇ ਜੰਗਲਾਂ ਵਿਚ ਰਹਿਣ ਵਾਲੇ ਜੋਧੇ ਤੇ ਪੂਰਬਾਣੀ ਬਹਾਦਰਾਂ ਨੇ ਰਾਜ ਵਿਦ੍ਰੋਹ ਕਰਕੇ ਅਕਬਰ ਨੂੰ ਡਾਢਾ ਤੰਗ ਕੀਤਾ ਸੀ। ਉਨ੍ਹਾਂ ਤੋਂ ਛੁਟ ਹੋਰ ਕੋਈ ਵਡਾ ਸੂਰਮਾਂ ਮਾਲਵੇ ਵਿਚ ਅਕਬਰ ਦੇ ਮੁਕਾਬਲੇ ਤੇ ਨਾ ਆਇਆ। ਕੇਵਲ ਹਲਵਾਰੇ ਦਾ ਰਈਸ ਬਾਬੂ ਖਾਂ ਥੋੜਾ ਜਿਹਾ ਅੜਿਆ, ਪਰ ਝੱਗ ਵਾਂਗ ਅੰਤ ਨੂੰ ਸ਼ਾਂਤ ਹੋ ਗਿਆ। ਅਕਬਰ ਦਾ ਪੁਤ੍ਰ ਜਹਾਂਗੀਰ ਬੜੇ ਜ਼ੋਰ ਨਾਲ ਗੁਰੂ ਅਰਜਨ ਦੇਵ ਜੀ ਨੂੰ ਨਿਵਾਕੇ ਸਿਖਾਂ ਨੂੰ ਖਤਮ ਕਰਨ ਤੇ ਤੁਲਿਆ ਹੋਇਆ ਸੀ ਅਤੇ ਉਸ ਦੇ ਪੁਤ੍ਰ ਸ਼ਾਹਜਹਾਨ ਨੂੰ ਕੱਟਰ ਮੌਲਾਣਿਆਂ ਨੇ ਖਾਸਾ ਵਿਗਾੜ ਦਿਤਾ ਸੀ। ਜਿਸ ਕਰਕੇ ਉਹ ਚਾਲਾਂ ਅਤੇ ਲਾਲਚ ਨਾਲ ਹਿੰਦੂਆਂ ਨੂੰ ਅੰਦਰੋ ਅੰਦਰੀ ਮੁਸਲਮਾਨ ਕਰੀ ਗਿਆ। 'ਪੰਡਿਤ ਰਾਜ' ਜਗਨ ਨਾਥ ਜੈਸੇ ਅਦੁਤੀ ਵਿਦ੍ਵਾਨਾਂ ਨੂੰ 'ਲਵੰਗੀ' ਵਰਗੀਆਂ ਮੁਸਲਮਾਨੀ ਤੀਮੀਆਂ ਬਖਸ਼ ਦੇਣਾ ਸ਼ਾਹਜਹਾਨ ਦਾ ਮੁਸਲਮਾਨੀ ਨੂੰ ਵਧਾਉਣ ਲਈ ਹੀ ਸੀ। ਇਹੋ ਕਾਰਣ ਸੀ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਬਹਾਨਾ ਲੱਭਕੇ ਸ਼ਾਹਜਹਾਨ ਦੀ ਧਾਰਮਿਕ ਕੁਟਲ ਨੀਤੀ ਦੇ ਉਲਟ ਬਹੁਤ ਸਾਰੇ ਜੰਗ ਕੀਤੇ ਅਤੇ ਜਰਵਾਣੇ–ਜ਼ਾਲਿਮਾਂ ਨੂੰ ਦਸ ਦਿਤਾ ਕਿ 'ਮਾਲਵਾ' ਪੂਰਬ ਦਾ ਇਲਾਕਾ ਨਹੀਂ ਅਤੇ ਨਾਲੇ ਹਿੰਦੁਆਇਣ ਵਾਲੀ ਭਾਬੜੀ ਭੀ ਏਥੇ ਨਹੀਂ। ਮਾਲਵੇ ਵਿਚ ਸਭ ਤੋਂ ਵਡਾ ਜੁੱਧ

Digitized by Panjab Digital Library | www.panjabdigilib.org

ਆਪ ਦਾ ਗੰਗਾ-ਨਬਾਣੇ ਦਾ ਸੀ। ਜਿਸ ਵਿਚ ਸ਼ਾਹਜਹਾਨ ਨੂੰ ਹੋਸ਼ ਆਈ। ਔਰੰਗਜ਼ੇਬ ਦਾ ਖੁਲਮ-ਖੁੱਲਾ ਮੁਸਲਮਾਨੀ ਦਾ ਅਯੋਗ ਪੱਖ ਕਰਨਾਂ ਅਤੇ ਹਿੰਦੂ ਜਨਤਾ ਦਾ ਕਤਲਾਮ ਕਰਨਾਂ ਭਾਵੇਂ ਭਾਰਤ ਵਰਸ਼ ਤੇ ਉਸ ਦੇ ਭਾਰੇ ਦਬਾਉ ਦਾ ਕਾਰਣ ਸੀ ਪਰੰਤੂ 'ਹਰ ਸਮੇਂ ਦੀ ਦਮਨ ਨੀਤੀ ਰਾਜਿਆਂ ਦੀ ਜੜ੍ਹਾਂ ਹੀ ਪੁੱਟਿਆ ਕਰਦੀ ਹੈ।' ਇਸੇ ਨਿਯਮਾਨੁਸਾਰ ਔਰੰਗਜ਼ੇਬ ਦੇ ਜੀਉਂਦੇ ੨ ਹੀ ਦੱਖਣ ਆਦਿ ਦੂਰ ਦੇ ਇਲਾਕੇ ਉਸ ਤੋਂ ਆਕੀ ਹੋ ਗਏ ਸੀ, ਅਤੇ ਉਸ ਦੇ ਦੱਖਣ ਵਿਚ ਰਹਿਣ ਦੇ ਸਮੇਂ ਹੀ ਮਰਹਟਿਆਂ ਦੀ ਬਲਵਾਨ ਹਕੂਮਤ ਕਾਇਮ ਹੋ ਗਈ ਸੀ। ਮੱਧ ਹਿੰਦ ਵਿਚ ਧੌਲ ਪੁਰ ਅਤੇ ਭਰਤਪੁਰ ਆਦਿ ਜੱਟ ਰਿਆਸਤਾਂ ਬਣਨ ਦੇ ਬਾਨ੍ਹਣੂ ਬੰਨ੍ਹੇ ਜਾ ਚੁਕੇ ਸੀ। ਪੰਜਾਬ ਅਤੇ 'ਗੁਰੂ ਕੇ ਮਾਲਵੇ' ਵਿਚ ਖਾਲਸਾ ਕੌਮ ਕੇਵਲ ਜ਼ੁਲਮ ਦੇ ਰਾਜ, (ਧਾਰਮਿਕ ਕੁਫਰ) ਦੀਆਂ ਜੜ੍ਹਾਂ ਪੁੱਟਣ ਲਈ ਹੀ ਤਿਆਰ ਹੋ ਚੁਕੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਨਿਵਾਜੇ ਗੁਰੂ ਖਾਲਸਾ ਨੇ ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੂੰ ਭੰਗਾਣੀ ਆਦਿ ਦੇ ਜੁੱਧ ਵਿਚ ਹਰਾਕੇ, ਅਤੇ ਛੇਕੜ ਖਿਦਰਾਣੇ (ਮੁਕਤਸਰ) ਦੀ ਢਾਬ ਤੇ ਘੋਰ ਜੁੱਧ ਕਰਕੇ ਔਰੰਗਜ਼ੇਬ ਦਾ ਨੱਕ ਭੰਨ ਦਿਤਾ ਸੀ।

ਔਰੰਗਜ਼ੇਬ ਦੇ ਜਾਨਸ਼ੀਨ ਬਹਾਦਰ ਸ਼ਾਹ ਅਤੇ ਫਰਖਸੀਅਰ ਆਦਿ ਦੇ ਸਮੇਂ ਬੰਦਾ ਬਹਾਦਰ ਨੇ ਸਢੌਰਾ, ਸਰਹਿੰਦ, ਜਾਲੰਧਰ ਅਤੇ ਲਾਹੌਰ ਆਦਿ ਸੂਬਿਆਂ ਨੂੰ ਚਕਨਾ ਚੂਰ ਕਰਕੇ ਗੁਰੂ ਦ੍ਰੋਹੀਆਂ ਅਤੇ ਜਨਤਾ ਦਾ ਲਹੂ ਪੀਣ ਵਾਲਿਆਂ ਨੂੰ ਕੱਖੋਂ ਹੌਲੇ ਕਰ ਦਿਤਾ ਸੀ।

ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਪਿਛੋਂ ੫੭ ਬਰਸ ਤਕ ਮੁਗ਼ਲ ਰਾਜ ਨੇ ਭਾਵੇਂ ਸਿਖਾਂ ਨਾਲ ਸਾਰੀ ਤਾਕਤ ਇਕੱਠੀ ਕਰਕੇ ਬੜਾ ਖਤਰਨਾਕ ਮੁਕਾਬਲਾ ਕਰਦੇ ਹੋਏ ਪੰਥ ਖਾਲਸਾ ਨੂੰ ਬਹੁਤ ਤੰਗ ਕੀਤਾ। ਮਗਰ 'ਜਬੈ ਬਾਨ ਲਾਗਿਓ ਤਬੈ ਰੋਸ ਜਾਗਿਓ' ਅਨੁਸਾਰ ਖਾਲਸਾ ਪੰਥ ਨੇ ਸਗੋਂ ਹੋਰ ਤਕੜੇ ਹੋ ਕੇ ਲਗਾਤਾਰ ੮੦ ਸਾਲ ਜੰਗਲਾਂ ਵਿਚ ਰਹਿਕੇ ਬੇ ਧਰਮੇਂ ਰਾਜ ਦੀ ਜੜ੍ਹ ਪੱਟ ਕੇ ਰਖ ਦਿਤੀ, ਜੋ 'ਸਰਦਾਰ ਖਾਲਸਾ' ਅਤੇ 'ਰਾਜ ਖਾਲਸਾ' ਦਾ ਸਮਾਂ ਲਿਆਉਣ ਦਾ ਕਾਰਣ ਬਣੀ।

ਭਾਵੇਂ ਨਾਦਰ ਸ਼ਾਹ ਨੇ ੧੭੩੯ ਈ: ਵਿਚ ਦਿੱਲੀ ਨੂੰ ਲੁੱਟਿਆ ਅਤੇ ਕਤਲਆਮ ਕੀਤਾ, ਅਤੇ ਅਹਿਮਦ ਸ਼ਾਹ ਅਬਦਾਲੀ ਨੇ ੧੭੪੭ ਤੋਂ ਲੈ ਕੇ ੧੭੬੧ ਈ: ਤਕ ਸਤ ਹਮਲੇ ਕਰਕੇ ਮੁਗਲ ਅਤੇ ਮਰਹਟਿਆਂ ਦੀ ਤਾਕਤ ਨੂੰ ਤੋੜ ਕੇ ਕਮਜ਼ੋਰ ਤਾਂ ਕਰ ਦਿਤਾ, ਮਗਰ ਆਪ ਰਾਜ ਕਾਇਮ ਨ ਕੀਤਾ। ਜਿਸ ਦਾ ਸਿੱਟਾ ਇਹ ਹੋਇਆ ਕਿ ਪੰਥ ਖਾਲਸਾ ਨੂੰ ਮੁਗਲ ਰਾਜ ਦੀ ਸਦਾ ਲਈ 'ਇਤਿ ਸ੍ਰੀ' ਅਤੇ ਧਰਮ ਰਾਜ ਕਾਇਮ ਕਰਨ ਦਾ 'ਗਣੇਸ਼ਾਯ ਨਮ:' ਕਰਨ ਲਈ ਮੈਦਾਨ ਸਾਫ ਕਰ ਦਿਤਾ। ਸੋ ਬੰਦਾ ਬਹਾਦਰ ਤੋਂ ਪਿਛੋਂ ਗੁਰੂ ਖਾਲਸਾ ਦੀਆਂ ੧੨ ਮਿਸਲਾਂ, ਫੂਲਕਿਆਂ ਦੀਆਂ ੩ ਰਿਆਸਤਾਂ, ਬੈਰਾੜ ਬੰਸੀਆਂ ਦੀ ਰਿਆਸਤ ਫਰੀਦ ਕੋਟ, ਭਾਈਕਿਆਂ ਦੀ ਰਿਆਸਤ 'ਕੈਥਲ' ਅਤੇ ਹੋਰ ਇਹਨਾਂ ਦੇ ਸੰਬੰਧੀ ਅਰ ਸਹਾਇਕ ਅਣਗਿਣਤ ਸਿਖ ਰਈਸ ਮਾਲਵੇ ਦੇ ਮਾਲਕ ਬਣ ਗਏ। ਇਹਨਾਂ ਤੋਂ ਬਿਨਾਂ ਭਾਵੇਂ ਹੋਰ ਭੀ ਅਨਮਤੀ ਰਈਸ ਮਾਲਵੇ ਵਿਚ ਮੁਗਲ ਰਾਜ ਦੇ ਗਿਰਾਉ ਤੋਂ ਇਲਾਕੇ ਮੱਲ ਬੈਠੇ ਸਨ, ਮਗਰ ਖਾਲਸਾ ਪੰਥ ਦੀ ਤਲਵਾਰ ਨੇ ਸਭ ਨੂੰ ਨਿਵਾ ਕੇ ਆਪਣੇ ਵਿਚ ਲੀਨ ਕਰ ਲਿਆ। ਅਰਥਾਤ ਕਈਆਂ ਦਾ ਉੱਕਾ ਹੀ ਨਾਸ ਕਰ ਦਿਤਾ। ਅਤੇ ਕਈਆਂ ਨੂੰ ਅਧੀਨ ਕਰ ਲਿਆ। ਇਕ ਮਾਲੇਰ ਕੋਟਲਾ ਹੀ ਛੋਟੀ ਜਿਹੀ 'ਪਠਾਣ ਰਿਆਸਤ' ਹੈ ਜੋ ਕਈ ਵਾਰ ਸਿਖ ਰਈਸਾਂ ਨਾਲ ਲੜਦੀ

Digitized by Panjab Digital Library | www.panjabdigilib.org

ਹੋਈ ਆਖਿਰ ਨੂੰ ਬਚ ਰਹੀ । ਇਸ ਦਾ ਕੇਵਲ ਇਹੋ ਕਾਰਣ ਸੀ ਕਿ ਇਸ ਦੇ ਮੋਢੀ ਫਤੇ ਮੁਹੰਮਦ ਖਾਂ ਨੇ ਗੁਰੂ ਮਹਾਰਾਜ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਮੇਂ ਹਾ ! ਦਾ ਨਾਰ੍ਹਾ ਮਾਰਿਆ ਸੀ ।

# ਖਾਲਸਾ ਪੰਥ ਅਤੇ ਸਿਖ ਰਾਜ ਦਾ ਸਮਾਂ

(੧੭੦੮ ਈ: ਤੋਂ ੧੮੪੯ ਤਕ)

ਸਿਖ ਰਾਜ ਦਾ ਸਮਾਂ ਬੰਦਾ ਬਹਾਦਰ, ੧੨ ਮਿਸਲਾਂ, ਬਖ਼ਸ਼ਾਂ ਦੀਆਂ ਰਿਆਸਤਾਂ ਅਤੇ ਤਅਲਕੇਦਾਰਾਂ ਵਿਚ ਵੰਡਿਆ ਹੋਣ ਕਰਕੇ ਅਸੀਂ ਇਸ ਦੇ ੪ ਹਿਸੇ ਕਰ ਸਕਦੇ ਹਾਂ—

## (੧) ਬੰਦਾ ਬਹਾਦਰ

ਏਸ ਮਹਾ ਪੁਰਖ ਦਾ ਜਨਮ ਸੰ: ੧੭੨੩ ਬਿਕ੍ਰਮੀ ਵਿਚ 'ਰਾਜਉਰੀ' (ਪੁਣਛ) ਵਿਚ ਹੋਇਆ। ਇਹ ਪਹਿਲਾਂ ਬੈਰਾਗੀ ਅਤੇ ਫੇਰ ਤਾਂਤ੍ਰਿਕ ਮਤ ਦਾ ਸਾਧੂ ਬਣ ਕੇ ਨਦੇੜ (ਦਖਣ) ਵਿਚ ਰਹਿੰਦਾ ਸੀ । ੧੭੬੫ ਬਿਕ੍ਰਮੀ ਵਿਚ ਹਜ਼ੂਰ ਦਸਮ ਪਾਤਸ਼ਾਹ ਜੀ ਨੇ ਹਜ਼ੂਰ ਸਾਹਿਬ ਤੋਂ ਬੰਦਾ ਬਹਾਦਰ ਨੂੰ ਅੰਮ੍ਰਿਤ ਦਾਨ ਕਰਕੇ ਤੇ ਥਾਪੀ ਦੇ ਕੇ ਜ਼ਾਲਿਮ ਹੰਕਾਰੀਆਂ ਨੂੰ ਸਜ਼ਾ ਦੇਣ ਲਈ ਘੱਲਿਆ ਤਾਂ ਉਸ 'ਮਰਦ ਕੇ ਚੇਲੇ' ਨੇ ਪੰਜਾਬੀ ਸਿਖਾਂ ਨੂੰ ਇਕੱਠਾ ਕਰਕੇ ਪਹਿਲੇ ਛੋਟੇ ੨ ਕੁੰਜਪੁਰਾ ਆਦਿ ਦੇ ਮੁਸਲਮਾਨ ਰਈਸਾਂ ਨੂੰ ਕੁਚਲ ਕੇ ੧੭੬੬ ਵਿਚ ਸਢੌਰਾ ਅਤੇ ਦਾਮਲਾ ਦੇ ਮੁਸਲਮਾਨ ਹਾਕਮਾਂ ਨੂੰ ਬੜੇ ਬੜੇ ਕਸ਼ਟ ਦੇ ਕੇ ਸਦਾ ਲਈ ਮੁਕਾਇਆ । ਫੇਰ ੧੭੬੭ ਵਿਚ ਸੂਬਾ ਸਰਹੰਦ ਨੂੰ ਮਾਰ ਕੇ ਉਸ ਸ਼ਹਿਰ ਦੀ ਇੱਟ ਨਾਲ ਇੱਟ ਬਜਾ ਦਿਤੀ। ਉਸ ਤੋਂ ਪਿਛੋਂ ਸਤਲੁਜ ਉਰਾਰ ਦੇ ਸਮਾਣਾ ਛੀਟਾਂ ਵਾਲਾ, ਆਦਿ ਬੜੇ ਬੜੇ ਰਾਜਵਾੜੇ ਤੇ 'ਕਾਕੜਾ' ਆਦਿ ਦੇ ਛੋਟੇ ਛੋਟੇ ਮੁਸਲੱਕੇ ਪਿੰਡਾਂ ਨੂੰ ਬਰਬਾਦ ਕਰਦਾ ਹੋਇਆ ਜਲੰਧਰ ਅਤੇ ਲਾਹੌਰ ਦੇ ਮੁਗਲ ਸੂਬੇਦਾਰਾਂ ਨੂੰ ਤਬਾਹ ਕਰਕੇ ਸਿਖ ਰਾਜ ਕਾਇਮ ਹੋਣ ਲਈ ਮੈਦਾਨ ਸਾਫ ਕਰ ਦਿਤਾ । ਬੰਦਾ ਬਹਾਦਰ ਦਾ ਖਾਲਸਾ ਖੰਥ ਦੇ ਮੇਲ ਸਮੇਂ ਜ਼ਾਲਿਮ ਅਤੇ ਬੜੇ ਬੜੇ ਹੰਕਾਰੀ ਜੋਧੇ ਮੁਸਲਮਾਨਾਂ ਦੇ ਦਿਲਾਂ ਪਰ ਇਤਨਾ ਡਰ ਬੈਠਿਆ ਕਿ ਉਨ੍ਹਾਂ ਨੇ ਮਾਤਾ ਸੁੰਦਰੀ ਜੀ ਪਾਸ (ਜੋ ਉਸ ਸਮੇਂ ਦਿੱਲੀ ਰਹਿੰਦੇ ਸੀ) ਫ਼ਰਿਆਦ ਕੀਤੀ 'ਕਿ ਅਸਾਂ ਨਿਤਾਣਿਆਂ ਨੂੰ ਬੰਦੇ ਦੇ ਪੰਜੇ ਤੋਂ ਛੁਡਾਉਣ ਦੀ ਮੇਹਰ ਕਰੋ । ਅਸੀਂ ਆਪਣੇ ਜ਼ੁਲਮਾਂ ਤੋਂ ਬਾਜ਼ ਆਏ ।' ਤਾਂ ਕ੍ਰਿਪਾਲੂ ਮਾਤਾ ਜੀ ਨੇ ਬੰਦੇ ਨੂੰ ਲਿਖਿਆ:—'ਬੰਦਿਆ ! ਜਦੋਂ ਇਹ ਨਿਤਾਣੇ ਹੋ ਕੇ ਤੇਰੀ ਪਰਜਾ ਬਣਨ ਲਈ ਮੰਨਦੇ ਅਤੇ ਫਰਿਆਦ ਕਰਦੇ ਹਨ ਤਾਂ ਤੂੰ ਇਹਨਾਂ ਨੂੰ ਮੁਆਫ ਕਰਦੇ। ਕਿਉਂਕਿ ਗੁਰੂ ਸਾਹਿਬਾਂ ਦਾ ਆਸ਼ਾ ਭੀ ਇਹਨਾਂ ਨੂੰ ਨਿਵਾਉਣ ਦਾ ਹੀ ਸੀ, ਉਹਨਾਂ ਦਾ ਸਾਰਾ ਜਹਾਨ ਪੁਤ੍ਰ ਹੈ । ਸੋ ਜਦੋਂ ਇਹ ਆਪਣੇ ਕੀਤੇ ਦਾ ਪੱਛਾਤਾਪ ਕਰਦੇ ਹਨ ਤਾਂ ਇਹਨਾਂ ਨੂੰ ਹੁਣ ਮਾਰਨਾ ਨਹੀਂ ਚਾਹੀਦਾ ।' ਬੰਦੇ ਨੇ ਇਸ ਦਾ ਉੱਤਰ ਬੜੀ ਅਧੀਨਗੀ ਨਾਲ ਇਹ ਦਿੱਤਾ—'ਮਾਤਾ ਜੀ ! ਮੈਂ ਆਪ ਦੀ ਇਜ਼ਤ ਹਦੋਂ ਵਧ ਕਰਦਾ ਹੋਇਆ ਆਪ ਦੇ ਚਰਨਾਂ ਵਿਚ ਬੇਨਤੀ ਕਰਦਾ ਹਾਂ ਕਿ ਇਸ ਦਗੇ ਬਾਜ਼ ਸ਼੍ਰੇਣੀ ਨੂੰ ਮੁਆਫ ਕਰਨਾ ਦੁਖੀਆਂ ਦਾ ਗਲ ਘੁਟਣਾ ਹੈ, ਅਤੇ ਮੈਨੂੰ ਸਾਹਿਬਾਂ ਦਾ ਹੁਕਮ ਇਹਨਾਂ ਨੂੰ ਸਜ਼ਾ ਦੇਣ ਦਾ ਹੈ ਨਾ ਕਿ ਮੁਆਫ ਕਰਨ ਦਾ । ਇਸ ਲਈ ਮੈਂ ਅਜੇਹਾ ਕਰਨ ਤੋਂ ਹਟ ਨਹੀਂ ਸਕਦਾ ।'

Digitized by Panjab Digital Library | www.panjabdigilib.org

ਗੱਲ ਕੀ, ਜਿਤਨਾ ਚਿਰ ਖਾਲਸਾ ਪੰਥ ਬਾਬੇ ਦਾ ਸਾਥ ਦਿੰਦਾ ਰਿਹਾ ਉਤਨਾ ਚਿਰ ਕੋਈ ਜ਼ਾਲਮ-ਜਰਵਾਣਾ ਸਿਰ ਨਾ ਚੱਕ ਸਕਿਆ। ਬੰਦੇ ਨੇ ੮ ਸਾਲ ਦਿਗ ਬਿਜੈ ਕਰ ਕੇ ੧੭੭੩ ਵਿਚ ਸਰੀਰ ਛਡਿਆ।

## (੨) ੧੨ ਮਿਸਲਾਂ

ਭਾਵੇਂ ਥੋੜੇ ਚਿਰ (ਫਰਖਸੀਅਰ ਦੇ ਸਮੇਂ) ਤਕ ਗੁਰੂ ਪੰਥ ਉਤੇ ਦਿੱਲੀ ਰਾਜ ਵਲੋਂ ਜ਼ੁਲਮ ਦੇ ਪਹਾੜ ਢਾਏ ਗਏ, ਅਤੇ ਸਾਰੀ ਕੌਮ ਨੂੰ ਉੱਕਾ ਹੀ ਮੁਕਾ ਦੇਣ ਦੇ ਬਲਵਾਨ ਉਪਾਇ ਕੀਤੇ ਗਏ, ਮਗਰ ਖਾਲਸਾ ਕੌਮ ਦਾਉ ਘਾਉ ਬਚਾਉਂਦੀ ਅਤੇ ਮਰਦੀ ਮਾਰਦੀ ਹੋਈ ਕੌੜੀ ਬੇਲ ਵਾਂਗ ਅਗੱਸਤ ੧੭੪੫ ਈ: ਵਿਚ ਖਾਲਸਾ ਜੀ ਦੇ ੨੫ ਜਥੇ ਅਤੇ ੧੭੪੭ ਈ: ਵਿਚ ੬੫ ਜਥੇ ਬਣੇ, ਅਤੇ ੧੭੬੨ ਈਸਵੀ ਵਿਚ ਅਬਦਾਲੀ ਦੇ ਚਲੇ ਜਾਣ ਤੋਂ ਪਿਛੋਂ ਸਿਖਾਂ ਨੇ ਕਾਬਲੀ ਮਲ ਤੋਂ ਲਾਹੌਰ ਖੋਹ ਲਿਆ। ੧੭੬੭ ਈ: ਵਿਚ ਸਰਹੰਦ ਨੂੰ ਮਾਰ ਲਿਆ। ਇਸ ਤਰਾਂ ਮੁਗਲ-ਪਠਾਣਾਂ ਦਾ ਗਿਰਾਉ ਹੀ ਗਿਰਾਉ ਹੁੰਦਾ ਗਿਆ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਪੰਥ ਖਾਲਸਾ ਵਿਚ ਜ਼ਬਰਦਸਤ ੧੨ ਮਿਸਲਾਂ ਬਣ ਗਈਆਂ। ਜਿਨ੍ਹਾਂ ਦੀ ਸੰਖੇਪ ਵਿਥਿਆ ਇਉਂ ਹੈ :-

## (੧) ਆਹਲੂਵਾਲੀਆਂ ਦੀ ਮਿਸਲ

ਜਿਸ ਦੇ ਪਹਿਲੇ ਜਥੇਦਾਰ ਨਵਾਬ ਕਪੂਰ ਸਿੰਘ 'ਬਿਰਕ' ਹੋਏ। ਜਿਸ ਦੀ ਰਾਜਧਾਨੀ ਪਿਛੋਂ ਇਬ੍ਰਾਹੀਮ ਤੋਂ ਖੋਹ ਕੇ ਕਪੂਰਥਲਾ ਹੋਇਆ। ਇਹ ਇਲਾਕਾ ਮਹੰਮਦ ਸ਼ਾਹ ਵਲੋਂ ਖਾਲਸਾ ਪੰਥ ਨੂੰ ਦਿਤਾ ਗਿਆ ਸੀ। ਅਤੇ ਨਵਾਬੀ ਦਾ ਖਿਤਾਬ ਭੀ ਭਾ: ਕਪੂਰ ਸਿੰਘ ਜੀ ਜਥੇਦਾਰ ਨੂੰ ਖਾਲਸਾ ਪੰਥ ਦੇ ਸੇਵਕ ਦੀ ਹੈਸੀਅਤ ਵਿਚ ਦਿਤਾ ਗਿਆ ਸੀ। ਇਸ ਲਈ ਨਵਾਬ ਕਪੂਰ ਸਿੰਘ ਨੇ ਏਸ ਨੂੰ ਆਪਣੇ ਪਾਸ ਨਾ ਰਖਕੇ ਅਪਣਾ ਲਾਇਕ ਜਾਨਸ਼ੀਨ ਭਾਈ ਜੱਸਾ ਸਿੰਘ 'ਆਹਲੂਵਾਲੀਏ, ਨੂੰ ਬਣਾਇਆ। ਜਿਸ ਦੀ ਸੰਤਾਨ ਅਜ ਤਕ ਕਪੂਰਥਲੇ ਪਰ ਰਾਜ ਕਰਦੀ ਆਈ ਹੈ ਜੱਸਾ ਸਿੰਘ ਬੜਾ ਬਹਾਦਰ ਅਤੇ ਪ੍ਰਤਾਪੀ ਸੀ ਅੱਧਾ ਬੱਕਰਾ ਇਕੱਲਾ ਹੀ ਖਾ ਜਾਂਦਾ ਸੀ। ਪੰਥ ਖਾਲਸਾ ਵਿਚ ਇਸ ਦਾ ਵਧੇਰੇ ਮਾਨ ਸੀ। ਜਿਸ ਕਰ ਕੇ 'ਸ਼ਾਹ ਆਲਮ ਸਾਨੀ' ਦੇ ਵੇਲੇ ਪੰਥ ਨੇ ਦਿੱਲੀ ਫਤੇ ਕਰਕੇ ਇਸੇ ਦੇ ਸਿਰ ਤੇ ਸ਼ਾਹੀ ਤਾਜ ਰਖਿਆ ਸੀ, ਪਰ ਰਾਜਸੀ ਚਾਲ ਕਰ ਕੇ ਪੰਥ ਨੇ ਸ਼ਾਹ ਆਲਮ ਸਾਨੀ ਨਾਲ ਕੁਝ ਕਾਰਮਾਂ ਕਰ ਕੇ ਉਨ੍ਹਾਂ ਨੂੰ ਆਪਣਾ ਸੂਬਾ ਬਣਾਇਆ। ਅਤੇ ਉਥੇ ਰਹਿਕੇ ਇਤਿਹਾਸਕ ਗੁਰਦੁਆਰੇ ਬਣਾਏ।

## (੨) ਮਿਸਲ ਭੰਗੀ

ਇਹਦੇ ਪਹਿਲੇ ਮੋਢੀ ਸ: ਹਰੀ ਸਿੰਘ ਢਿਲੋਂ ਪਹਿਲਾਂ ਚੂੰਘ ਜ਼ਿ: ਲੁਧਿਆਣਾ ਵਿਚ ਰਹਿੰਦੇ ਸੀ। ਫੇਰ ਵੱਧਣੀ ਰਹਿੰਦੇ ਰਹੇ। ਓਥੋਂ ਜ਼ਿ: ਝੰਗ ਵਿਚ ਜਾ ਬਸੇ ਸੀ। ਓਥੇ ਹੀ ਸ਼ਾਹਪੁਰ ਆਦਿ ਦੇ ਇਲਾਕੇ ਨੂੰ ਇਨ੍ਹਾਂ ਮੱਲ ਕੇ ਅਪਣੀ ਮਿਸਲ ਕਾਇਮ ਕੀਤੀ। ਇਸ ਮਿਸਲ ਦੇ ਬਹੁਤੇ ਮੇਂਬਰ ਭੰਗ ਪੀਂਦੇ ਸੀ। ਇਸ ਲਈ ਇਸ ਮਿਸਲ ਦਾ ਨਾਉਂ 'ਭੰਗੀਆਂ ਦੀ ਮਿਸਲ' ਪੈ ਗਿਆ।

Digitized by Panjab Digital Library | www.panjabdigilib.org

## (੩) ਕਨ੍ਹੀਆਂ ਦੀ ਮਿਸਲ

ਦਾ ਮੋਢੀ ਸਃ ਜੈ ਸਿੰਘ ਸੰਧੂ (ਚੂਨ੍ਹੀਆਂ ਦੇ ਇਲਾਕੇ ਦਾ) ਸੀ, ਜਿਸ ਨੇ ਕਲਾਨੌਰ ਜ਼ਿਲਾ ਗੁਰਦਾਸ ਪੁਰ ਦਾ ਇਲਾਕਾ ਮੱਲਿਆ ਸੀ। ਇਹ ਬਹੁਤ ਸੋਹਣਾ ਹੋਣ ਕਰਕੇ ਇਸ ਦਾ ਨਾਉਂ ਕਾਨ੍ਹਈਯਾ-ਕਨ੍ਹਈਆ ਪੈ ਗਿਆ ਸੀ।

## (੪) ਰਾਮਗੜ੍ਹੀਆਂ ਦੀ ਮਿਸਲ

ਦਾ ਮੋਢੀ ਸਃ ਜੱਸਾ ਸਿੰਘ ਤ੍ਰਖਾਣ 'ਕੰਬੋਕੀ ਮਾੜ੍ਹੀ ਦਾ ਰਹਿਣ ਵਾਲਾ ਸੀ। ਖਾਲਸਾ ਪੰਥ ਨੇ ਜੰਗੀ ਸਾਮਾਨ ਰਖਣ ਲਈ ਅੰਮ੍ਰਿਤਸਰ ਵਿਚ ਜੋ ਕੱਚਾ ਕਿਲ੍ਹਾ ਬਣਾਇਆ ਸੀ, ਉਸ ਦਾ ਨਾਉਂ 'ਰਾਮਗੜ੍ਹ' ਰਖਕੇ ਭਾਈ ਜੱਸਾ ਸਿੰਘ ਨੂੰ ਉਸ ਦਾ ਕਿਲੇਦਾਰ ਬਣਾਇਆ। ਇਸ ਕਰ ਕੇ ਇਹਦਾ, ਅਤੇ ਮਿਸਲ ਦਾ ਨਾਉਂ 'ਰਾਮਗੜ੍ਹੀਆ' ਪਿਆ। ਇਸ ਨੇ ਮਾਝੇ, ਦੁਆਬੇ ਵਿਚ ਇਲਾਕਾ ਮੱਲਿਆ ਸੀ। ਇਕ ਵਾਰ ਹਿਸਾਰ ਤਕ ਦੇ ਭੱਟੀ ਰੰਘੜਾਂ ਨੂੰ ਭੀ ਲਿਤਾੜ ਆਇਆ ਸੀ। ਲੁਹਾਰੂ ਦੇ ਨਵਾਬ ਨੂੰ ਕਤਲ ਕਰ ਕੇ ਉਸ ਤੋਂ ਇਕ ਬ੍ਰਾਹਮਣ ਦੀ ਲੜਕੀ ਛੁਡਾ ਕੇ ੨੦੦੦ ਕੋਲੋਂ ਦਾਜ ਵਜੋਂ ਦੇ ਕੇ ਪੁਤ੍ਰੀ ਵਾਂਗ ਉਸ ਦਾ ਬਿਆਹ ਕੀਤਾ। ਅਤੇ ਇਲਾਕੇ ਨੂੰ ਅਭੈ ਦਾਨ ਦਿਤਾ।

## (੫) ਸ਼ੁਕਰ ਚੱਕੀਆਂ ਦੀ ਮਿਸਲ

'ਸ਼ੁਕਰ ਚਕ' ਨਾਮ ਦਾ ਪਿੰਡ 'ਰਾਜਾ ਸਾਂਹਸੀ' ਵਿਚੋਂ ਨਿਕਲਿਆ ਹੋਇਆ ਸੀ ਜੋ ਹੁਣ ਗੁਜਰਾਂਵਾਲੇ ਸ਼ਹਿਰ ਦੇ ਵਿਚ ਆ ਗਿਆ ਸੀ। ਉਥੋਂ ਦੇ ਸਃ ਚੜ੍ਹਤ ਸਿੰਘ ਨੇ ਬਾਕਾਇਦਾ ਮਿਸਲ ਕਾਇਮ ਕੀਤੀ, ਜੋ 'ਸ਼ੁਕਰ ਚਕੀਆਂ' ਦੀ ਮਿਸਲ ਕਹਾਈ। ਇਸੇ ਸਰਦਾਰ ਚੜ੍ਹਤ ਸਿੰਘ ਦੇ ਪੋਤ੍ਰੇ ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ ਨੇ ਪੰਜਾਬ, ਕਸ਼ਮੀਰ ਆਦਿ ਦਾ ਨਿਸ਼ਕੰਟਕ ਰਾਜ ਕੀਤਾ। ਕਈ ਵਾਰ ਮਾਲਵੇ ਦੇ ਪਿੰਡ ਜਿਤ ਕੇ ਉਨ੍ਹਾਂ ਤੇ ਆਪਣਾ ਰਾਜ ਕਾਇਮ ਕੀਤਾ।

## (੬) ਮਿਸਲ ਨਕਈਆਂ

ਇਹ ਸਿਆਲ ਕੋਟ ਦੇ ਜ਼ਿਲੇ ਵਿਚ ਸੀ, ਜਿਸ ਦੀ ਵਿਧਵਾ ਰਾਣੀ ਸਦਾ ਕੌਰ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਮੱਦਦ ਦੇ ਕੇ ਲਾਹੌਰ ਦਾ ਰਾਜਾ ਬਣਾਇਆ ਸੀ। ਟਿੱਕਾ ਖੜਕ ਸਿੰਘ ਦੀ ਮਾਤਾ ਏਸ ਰਾਣੀ ਦੀ ਧੀ ਅਤੇ ਸ਼ੇਰ ਪੰਜਾਬ ਦੀ ਪਟਰਾਣੀ ਸੀ।

## (੭) ਡੱਲੇ ਵਾਲੀ

ਮਿਸਲ ਦਾ ਮੋਢੀ ਤਾਰਾ ਸਿੰਘ ਕੰਗ (ਪ੍ਰਸਿਧ ਗੈਬਾ) ਸੀ। ਜਿਸ ਨੇ ਰਾਹੋਂ (ਜ਼ਿਲਾ ਜਾਲੰਧਰ), ਘੁੰਗਰਾਣਾ ਜ਼ਿਲਾ ਲੁਧਿਆਣਾ, ਡੱਲਾ–ਸੁਲਤਾਨਪੁਰ, ਅਤੇ ਧਰਮ ਕੋਟ (ਜ਼ਿਃ ਫੀਰੋਜ਼ਪੁਰ) ਇਹ ਚਾਰ ਕਿਲੇ ਮੱਲ ਕੇ ਆਪਣੇ ੪ ਪੁਤ੍ਰਾਂ ਨੂੰ ਦਿਤੇ ਸੀ। ਇਹ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਤੇ ਰਾਤ ਨੂੰ ਇਕੱਲਾ ਹੀ ਜਾ ਪਿਆ ਸੀ, ਇਸ ਲਈ ਇਸ ਦਾ ਨਾਉਂ ਗੈਬਾ ਪੈ ਗਿਆ ਸੀ।

Digitized by Panjab Digital Library | www.panjabdigilib.org

## (੮) ਸਿੰਘ ਪੁਰੀਆਂ ਦੀ ਮਿਸਲ

ਇਸ ਮਿਸਲ ਦਾ ਮਾਲਿਕ ਨਵਾਬ ਕਪੂਰ ਸਿੰਘ ਸੀ। ਜਿਸ ਨੇ 'ਫ਼ੈਜ਼ੁਲਾਪੁਰ' ਨੂੰ ਜਿੱਤ ਕੇ ਉਸ ਦਾ ਨਾਉਂ 'ਸਿੰਘ ਪੁਰਾ' ਰਖਿਆ ਅਤੇ ਮਿਸਲ ਭੀ ਓਸੇ ਦੇ ਨਾਉਂ ਤੇ ਕਾਇਮ ਕੀਤੀ। ਉਸ ਦਾ ਭਤੀਜਾ ਖੁਸ਼ਾਲ ਸਿੰਘ ਉਸ ਤੋਂ ਪਿਛੋਂ ਮਿਸਲ ਦਾ ਮਾਲਕ ਬਣਿਆ। ਉਸ ਦਾ ਪੁਤ੍ਰ ਬੁੱਧ ਸਿੰਘ ਬੜਾ ਮਸ਼ਹੂਰ ਹੋਇਆ। ਉਸ ਦੀ ਸੰਤਾਨ ਕਾਠ ਗੜ੍ਹ, ਮਨੌਲੀ, ਘਨੌਲੀ, ਭਰਤ ਗੜ੍ਹ ਅਤੇ ਕੰਧੋਲੇ ਦੀ ਰਈਸ ਹੈ। ਸਾਰੀ ਆਮਦਨੀ ੪ ਲੱਖ ਦੀ ਹੈ।

## (੯) ਮਿਸਲ ਕਰੋੜੀਆ

ਇਹ ਮਿਸਲ ਸ: ਕਰੋੜਾ ਸਿੰਘ ਸੰਧੂ ਸਿਰਹਾਲੀ ਵਾਲੇ ਨੇ ਕਾਇਮ ਕੀਤੀ। ਉਸ ਦਾ ਉਤਰਾਧਿਕਾਰੀ ਸਃ ਬਘੇਲ ਸਿੰਘ ਧਾਲੀਵਾਲ ਬੜਾ ਬਹਾਦਰ ਅਤੇ ਨੀਤੀ ਨਿਪੁੰਨ ਹੋਇਆ ਹੈ। ਉਸ ਨੇ ਆਪਣੀ ਰਾਜਧਾਨੀ ਪਿੰਡ ਸ਼ੈਲੋਦੀ ਬਣਾਈ ਸੀ। ਜੋ ਜਮਨਾ ਕੋਲ ਮੁਕੰਦਾ ਨਦੀ ਉਪਰ ਹੈ। ਇਸ ਨੇ ਕਈ ਵਾਰ ਦਿੱਲੀ ਦੇ ਹਾਕਮਾਂ ਨੂੰ ਸਿਖਾਂ ਉਤੇ ਚੜ੍ਹਾਇਆ ਸੀ। ਅਤੇ ਸਾਰੇ ਪੰਥ ਨੂੰ ਅੰਦਰੋ ਅੰਦਰੀ ਖਬਰ ਕਰ ਕੇ ਸ਼ਾਹੀ ਫੌਜ ਨੂੰ ਘੇਰੇ ਵਿਚ ਪਾ ਕੇ ਉਸ ਤੋਂ ਨਜ਼ਰਾਨੇ ਵਸੂਲ ਕਰਾਏ ਸੀ। ਖਾਲਸਾ ਪੰਥ ਦੇ ਦਿੱਲੀ ਫਤੇ ਕਰਨ ਵਿਚ ਏਸੇ ਸਰਦਾਰ ਦਾ ਵਧੇਰੇ ਹੱਥ ਸੀ। ਇਹਦੇ ਔਲਾਦ ਨਾ ਹੋਣ ਕਰ ਕੇ ਮਰਨ ਪਿਛੋਂ ਇਸ ਦੀਆਂ ਸਰਦਾਰਨੀਆਂ ਰਿਆਸਤ ਤੇ ਕਾਬਿਜ਼ ਰਹੀਆਂ। ਪਿਛੋਂ ਰਿਆਸਤ ਸਰਕਾਰ ਅੰਗਰੇਜ਼ੀ ਨੇ ਮਾਠ ਲਈ। ਰਿਆਸਤ ਕਲਸੀਆ ਇਸ ਦੇ ਭਤੀਜੇ ਜੋਧ ਸਿੰਘ ਦੀ ਸੰਤਾਨ ਦੇ ਕਬਜੇ ਵਿਚ ਹੈ।

## (੧੦) ਸ਼ਹੀਦਾਂ ਵਾਲੀ ਮਿਸਲ

ਇਸ ਦੇ ਮੋਢੀ ਬਾਬਾ ਦੀਪ ਸਿੰਘ ਜੀ ਸ਼ਹੀਦ ਸਨ ਜੋ 'ਗੁਰਮ' ਜ਼ਿਃ ਲੁਧਿਆਣਾ ਦੇ ਰਹਿਣ ਵਾਲੇ ਅਤੇ ਪੋਹੂ ਪਿੰਡ ਜ਼ਿਲਾ ਲਹੌਰ ਦੇ ਦੋਹਤੇ ਸਨ। ਇਹ ਬਹੁਤਾ ਆਪਣੇ ਨਾਨਕੀਂ ਹੀ ਰਹਿੰਦੇ ਹੁੰਦੇ ਸੀ, ਜਿਸ ਕਰ ਕੇ ਇਨ੍ਹਾਂ ਬਾਬਤ ਜ਼ਿਃ ਲਾਹੌਰ ਦੇ ਵਸਨੀਕ ਹੋਣ ਦਾ ਭ੍ਰਮ ਆਮ ਲੋਕਾਂ ਨੂੰ ਪਿਆ ਰਹਿੰਦਾ ਹੈ। ਇਨ੍ਹਾਂ ਨੇ ਪੰਥ ਖਾਲਸਾ ਨਾਲ ਰਲ ਕੇ ਦਮਦਮੇ ਸਾਹਿਬ ਦਾ ਇਲਾਕਾ (੮੪ ਪਿੰਡ) ਅਤੇ ਅੰਬਾਲੇ ਪਰੇ ਦਾ ਇਲਾਕਾ ਜਿਤ ਕੇ ਦਮਦਮੇ ਸਾਹਿਬ (ਤਲਵੰਡੀ ਸਾਬੋ) ਨੂੰ ਅਪਣੀ ਰਾਜਧਾਨੀ ਬਣਾਇਆ ਸੀ। ਉਨ੍ਹਾਂ ਤੋਂ ਪਿਛੋਂ ਸਃ ਸੱਦਾ ਸਿੰਘ ਜੀ ਸੰਧੂ ਉਨ੍ਹਾਂ ਦੀ ਮਿਸਲ ਦੇ ਜਥੇਦਾਰ ਬਣੇ। ਉਨ੍ਹਾਂ ਦਾ ਪੁਤ੍ਰ ਕਰਮ ਸਿੰਘ ਸੀ। ਸਃ ਸੱਦਾ ਸਿੰਘ ਭੀ ਜੰਗ ਵਿਚ ਸ਼ਹੀਦ ਹੋ ਗਿਆ ਸੀ। ਇਸ ਲਈ ਇਸ ਮਿਸਲ ਦਾ ਨਾਉਂ 'ਸ਼ਹੀਦਾਂ ਵਾਲੀ' ਪਿਆ। ਅਜ ਕਲ ਇਸ ਦਾ ਸਦਰ ਸ਼ਹਜ਼ਾਦ ਪੁ ਜ਼ਿਲਾ ਅੰਬਾਲਾ ਵਿਖੇ ਹੈ।

## (੧੧) ਨਿਸ਼ਾਨਾਂ ਵਾਲੀ ਮਿਸਲ

ਦੇ ਆਗੂ ਪਹਿਲਾਂ ਸਃ ਸੰਗਤ ਸਿੰਘ ਮੋਹਰ ਸਿੰਘ ਅਤੇ ਦਸੌਂਧਾ ਸਿੰਘ ਗਿੱਲ ਮਨਸੂਰ ਵਾਲ ਫੇਰ (ਜੀਰਾ ਕੋਲ) ਅਤੇ ਫੇਰ ਉਨ੍ਹਾਂ ਦੇ ਸਾਥੀ ਸਃ ਜੈ ਸਿੰਘ ਜੀ 'ਗੁਰਮ' ਸਨ। ਉਸ ਦੇ ਪੁਤ੍ਰ

Digitized by Panjab Digital Library | www.panjabdigilib.org

ਚੜ੍ਹਤ ਸਿੰਘ ਨੇ ਲੱਧੜਾਂ ਜ਼ਿ: ਲੁਧਿਆਣਾ ਵਿਚ ਅਪਣਾ ਸਦਰ ਬਣਾਇਆ। ਇਹ ਨਿਸ਼ਾਨ ਸਾਹਿਬ ਅਗੇ ਲੈ ਕੇ ਜੰਗ ਨੂੰ ਨਿਕਲਿਆ ਕਰਦੇ ਸੀ। ਇਸ ਲਈ ਏਸ ਮਿਸਲ ਦਾ ਨਾਉਂ 'ਨਿਸ਼ਾਨਾਂ ਵਾਲੀ' ਪਿਆ।

## (੧੨) ਮਿਸਲ ਫੂਲਕਿਆਂ

ਇਹ ਮਿਸਲ ਚੌਧਰੀ ਮਰਾੜ ਦੇ ਨੱਤੇ ਤੇ ਚੌਧਰੀ ਫੂਲ ਦੇ ਨਾਮ ਤੇ ਹੈ ਜੋ ਫੂਲ ਦੇ ਲੜਕੇ ਚੌਧਰੀ ਤ੍ਰਲੋਕ ਸਿੰਘ ਅਤੇ ਸ: ਰਾਮ ਸਿੰਘ ਨੇ ਬੰਨ੍ਹੀ ਸੀ। ਇਨ੍ਹਾ ਨੇ ਮ: ਦਸਮੇਸ ਜੀ ਤੋਂ ਅੰਮ੍ਰਿਤ ਪਾਨ ਕੀਤਾ ਸੀ। ਇਨ੍ਹਾਂ ਦੋਹਾਂ ਸਰਦਾਰਾਂ ਦੀ ਔਲਾਦ ਦੀਆਂ ਰਿਆਸਤਾਂ ਪਟਿਆਲਾ, ਨਾਭਾ ਅਤੇ ਜੀਂਦ (ਸੰਗਰੂਰ) ਹੋਈਆਂ। ਇਨ੍ਹਾਂ ਦੀ ਬੰਸਾਵਲੀ ਇਉਂ ਹੈ :-

ਚੌਧਰੀ ਤ੍ਰਲੋਕ ਸਿੰਘ ਦੇ ਦੋ ਪੁਤਰ ਗੁਰਦਿੱਤ ਸਿੰਘ ਅਤੇ ਸੁਖਚੈਨ ਸਿੰਘ ਹੋਏ। ਗੁਰਦਿੱਤ ਸਿੰਘ ਦਾ ਲੜਕਾ ਸੂਰਤੀਆ ਉਸ ਦਾ ਪੁਤਰ ਰਾਜ਼ਾ ਹਮੀਰ ਸਿੰਘ (ਨਾਭਾ) ਉਸ ਦਾ ਪੁਤ੍ਰ ਰਾਜਾ ਜਸਵੰਤ ਸਿੰਘ ਉਸ ਦਾ ਪੁਤ੍ਰ ਰਾਜਾ ਦੇਵਿੰਦਰ ਸਿੰਘ ਉਸ ਦੇ ਦੋ ਲੜਕੇ ਭਰਪੂਰ ਸਿੰਘ ਤੇ ਭਗਵਾਨ ਸਿੰਘ ਜੋ ਨਾਭੇ ਦੇ ਆਖਰੀ ਲਾਵਲਦ ਰਾਜੇ ਹੋਏ, ਅਤੇ ਜਿਨ੍ਹਾਂ ਦਾ ਰਾਜ ਬਡਰੁਖਾਂ ਵਾਲੇ ਸ: ਸੁੱਖਾ ਸਿੰਘ ਦੇ ਸਪੁਤ੍ਰ ਮ: ਹੀਰਾ ਸਿੰਘ ਨੇ ਸਾਂਭਿਆ। ਉਨ੍ਹਾਂ ਦੇ ਪੁਤ੍ਰ ਮ: ਰਿਪਦਮਨ ਸਿੰਘ ਉਨ੍ਹਾਂ ਦੇ ਪੁਤ੍ਰ ਟਿੱਕਾ ਪ੍ਰਤਾਪ ਸਿੰਘ ਜੀ ਵਰਤਮਾਨ ਹਨ।

ਚੌਧਰੀ ਸੁਖਚੈਨ ਸਿੰਘ ਦਾ ਪੁਤ੍ਰ ਗਜਪਤ ਸਿੰਘ ਜੀਂਦ ਦਾ ਰਾਜਾ ਹੋਇਆ। ਇਹ ਮਹਾਰਾਜਾ ਰਣਜੀਤ ਸਿੰਘ ਦਾ ਨਾਨਾ ਸੀ। ਇਸ ਦੇ ਪੁਤ੍ਰ ਰਾਜਾ ਭਾਗ ਸਿੰਘ ਅਤੇ ਭੂਪ ਸਿੰਘ, ਭਾਗ ਸਿੰਘ ਦਾ ਫਤੇ ਸਿੰਘ ਉਸ ਦਾ ਪੁਤ੍ਰ ਰਾਜਾ ਸੰਗਤ ਸਿੰਘ ਲਾਵਲਦ ਮਰਿਆ। ਭੂਪ ਸਿੰਘ ਦਾ ਪੁਤ੍ਰ ਕਰਮ ਸਿੰਘ ਅਤੇ ਉਸ ਦਾ ਪੁਤ੍ਰ ਰਾਜਾ ਸਰੂਪ ਸਿੰਘ, ਜੋ ਸੰਗਤ ਸਿੰਘ ਤੋਂ ਪਿਛੋਂ ਰਾਜਾ ਬਣਿਆ। ਉਸ ਦਾ ਪੁਤ੍ਰ ਰਘਬੀਰ ਸਿੰਘ ਉਸ ਦਾ ਪੁਤ੍ਰ ਬਲਬੀਰ ਸਿੰਘ ਅਤੇ ਉਸ ਦਾ ਪੁਤ੍ਰ ਰਾਜਾ ਰਣਬੀਰ ਸਿੰਘ ਹੋਏ।

ਰਾਜ ਪਟਿਆਲਾ ਦਾ ਕੁਰਸੀ ਨਾਮਾ ਇਉਂ ਹੈ:-

ਚੌਧਰੀ ਫੂਲ ਦਾ ਛੋਟਾ ਪੁਤ੍ਰ ਸ: ਰਾਮ ਸਿੰਘ ਸੀ। ਉਸ ਦਾ ਪੁਤ੍ਰ ਰਾਜਾ ਆਲਾ ਸਿੰਘ ਉਸ ਦਾ ਪੁਤ੍ਰ, ਜੋ ਉਨ੍ਹਾਂ ਦੇ ਜੀਉਂਦਿਆਂ ਮਰ ਗਿਆ ਸੀ, ਕੰਵਰ ਸਰਦੂਲ ਸਿੰਘ, ਉਸ ਦਾ ਪੁਤ੍ਰ ਮਹਾਰਾਜਾ ਅਮਰ ਸਿੰਘ ਉਸ ਦਾ ਪੁਤ੍ਰ ਮ: ਸਾਹਿਬ ਸਿੰਘ, ਉਸ ਦਾ ਮ: ਕਰਮ ਸਿੰਘ, ਉਸ ਦਾ ਮ: ਨਰਿੰਦ੍ਰ ਸਿੰਘ, ਉਸਦਾ ਮ: ਮਹਿੰਦ੍ਰ ਸਿੰਘ, ਉਸ ਦਾ ਮ: ਰਾਜੇਂਦ੍ਰ ਸਿੰਘ, ਅਤੇ ਉਨ੍ਹਾਂ ਦੇ ਮ: ਭੂਪਿੰਦ੍ਰ ਸਿੰਘ ਜੀ ਅਤੇ ਉਨ੍ਹਾਂ ਦੇ ਸਪੁਤ੍ਰ ਮ: ਯਾਦਵੇਂਦ੍ਰ ਸਿੰਘ ਜੀ ਪਟਿਆਲਾ ਯੂਨੀਅਨ ਦੇ ਰਾਜ ਪ੍ਰਮੁਖ ਹਨ।

ਇਨ੍ਹਾਂ ਤਿਹਾਂ ਰਿਆਸਤਾਂ ਵਿਚੋਂ ਰਿਆਸਤ ਪਟਿਆਲਾ ਬੜੀ ਹੈ। ਇਸ ਲਈ ਅਸੀਂ ਸਭ ਤੋਂ ਪਹਿਲਾਂ ਇਸੇ ਦਾ ਸੰਖੇਪ ਵਰਣਨ ਕਰਦੇ ਹਾਂ:-

ਚੌਧਰੀ ਫੂਲ ਦੇ ਮਝਲੇ ਪੁਤਰ ਸ: ਆਲਾ ਸਿੰਘ ਨੇ ਭਦੌੜ ਨੂੰ ਦੋਬਾਰਾ ਆਬਾਦ ਕਰਕੇ ਆਪਣੇ ਭਾਈ ਬਖਤ ਸਿੰਘ ਨੂੰ ਦੇ ਦਿਤਾ। ਅਤੇ ਆਪ ੧੭੭੫ ਬਿਕ੍ਰਮੀ ਨੂੰ ਬਰਨਾਲਾ ਆਬਾਦ ਕੀਤਾ, ਅਤੇ

Digitized by Panjab Digital Library | www.panjabdigilib.org

ਪੰਥ ਖਾਲਸਾ ਦੀ ਮਦਦ ਨਾਲ ਰਿਆਸਤ ਕਾਇਮ ਕੀਤੀ। ੧੭੭੮ ਵਿਚ ਇਸ ਦੇ ਸਾਲੇ ਦੇ ਪੁਤ੍ਰ ਸ: ਗੁਰਬਖਸ਼ ਸਿੰਘ ਨੇ ਪਰਗਣਾ 'ਸੁਨੌਰ' ਫਤੇ ਕਰਕੇ ਕੱਚੀ ਗੜ੍ਹੀ ਬਣਾਈ, ਜਿਥੇ ਇਕ 'ਪੱਟੀ' ਨਾਮ ਦਾ ਛੋਟਾ ਜਿਹਾ ਪਿੰਡ ਵਸਦਾ ਸੀ। ਉਥੇ ਕਿਲਾ ਬਣਾਕੇ ਪਟਿਆਲਾ ਸ਼ਹਿਰ ਆਬਾਦ ਕੀਤਾ। ਰਾਜਾ ਆਲਾ ਸਿੰਘ ਦੇ ਸਮੇਂ ਏਹ ਪ੍ਰਸਿੱਧ ਘਟਨਾਵਾਂ ਹੋਈਆਂ :–

(੧) ਸਭ ਤੋਂ ਪਹਿਲਾਂ ਚੜ੍ਹਦੀ ਉਮਰ ਵਿਚ ਸ: ਆਲਾ ਸਿੰਘ ਨੇ ਸੰਘੇੜੇ ਪਿੰਡ ਵਿਖੇ ਪਠਾਣਾਂ ਡਾਕੂਆਂ ਨੂੰ ਭਜਾਇਆ। ਜਿਸ ਕਰਕੇ ਉਸਦੀ ਬੜੀ ਨੇਕਨਾਮੀ ਹੋਈ।

(੨) ਰਾਇਕੋਟ ਵਾਲੇ ਰਾਏ ਅਹਿਮਦ ਨੂੰ ਹਰਾਇਆ।

(੩) ਕੰਵਰ ਲਾਲ ਸਿੰਘ ਅਤੇ ਸਰਦੂਲ ਸਿੰਘ ਨੇ ੧੭੮੭ ਵਿਚ ਨੀਮੇ ਵਾਲੇ ਸੌਂਧੇ ਖਾਂ ਨੂੰ ਹਰਾ ਕੇ ਉਹ ਪਰਗਣਾ ਜਿਤਿਆ।

(੪) ਅਲ਼ੀ ਮਹੰਮਦ ਖਾਂ ਰੁਹੇਲਾ (ਸੂਬੇਦਾਰ ਸਰਹੰਦ) ਨੇ ਧੋਖੇ ਨਾਲ ਰਾਜਾ ਆਲਾ ਸਿੰਘ ਨੂੰ ਸੁਨਾਮ ਦੇ ਕਿਲੇ ਵਿਚ ਕੈਦ ਕਰ ਲਿਆ। ਜੋ ਸੇਮੇ ਵਾਲੇ ਕਰਮ ਸਿੰਘ ਅਤੇ ਕਾਲੇ ਕਿਆਂ ਦੀ ਬਹਾਦਰੀ ਅਤੇ ਚਤੁਰਾਈ ਨੇ ਛੁਡਾਇਆ।

(੫) ਸੁਨਾਮ ਦੇ ਮਾਲਿਕ ਗੌਰੇ ਰਾਜਪੂਤ ਸੀ। ਉਨ੍ਹਾਂ ਨੂੰ ਕੀਮਾ ਭੱਟੀ ਆਦਿ ਲੁੱਟਣ ਆ ਪਏ ਤਾਂ ਉਹ ਉਨ੍ਹਾਂ ਨੂੰ ਜੰਗ ਕਰਕੇ ਭਜਾਉਣ ਦੇ ਆਹਰ ਵਿਚ ਲਗ ਪਏ। ਇਤਨੇ ਨੂੰ ਰਾਜਾ ਆਲਾ ਸਿੰਘ ਨੇ ਲੌਂਗੋਵਾਲ ਤੋਂ ਉਠਕੇ ਸੁਨਾਮ ਤੇ ਕਬਜ਼ਾ ਕਰ ਲਿਆ। ਉਨ੍ਹਾਂ ਦੀ ਸੰਤਾਨ ਅਜ ਕਲ 'ਢੋਲਣ' ਜ਼ਿ: ਲੁਦਿਹਾਣਾ ਵਿਚ ਹੈ ਠਾਕਰ ਬਸੰਤ ਸਿੰਘ ਪਲੀਡਰ ਓਥੋਂ ਦੇ ਰਹਣ ਵਾਲੇ ਹਨ।

(੬) ੧੭੯੨ ਬਿਕ੍ਰਮੀ ਵਿਚ ਭੀਖੀ ਵਾਲੇ ਗੈਂਡੇ ਨੂੰ ਹਰਾਕੇ ਢੋਡਿਆਂ ਦਾ ਪਰਗਣਾ ਜਿਤਿਆ।

(੭) ਸਰਦਾਰ ਖਾਂ ਰੰਘੜ ਸਰਦਾਰ ਦੇ ਫਰਿਆਦ ਕਰਨ ਤੇ ਕੰਵਰ ਲਾਲ ਸਿੰਘ ਨੇ ਟੋਹਾਣਾ ਅਤੇ ਮੂਣਕ ਦਾ ਇਲਾਕਾ ਹਸਨ ਖਾਂ ਆਦਿ ਭੱਟੀਆਂ ਤੋਂ ਖੋਹ ਲਿਆ। ਅਤੇ ਬੋਹਾ-ਬੁਲਾਢਾ ਭੀ ਫਤੇ ਕੀਤਾ।

(੮) ਜਾਲੰਧਰ, ਰਾਇਕੋਟ, ਹਲਵਾਰਾ, ਮਾਲੇਰ ਕੋਟਲਾ ਅਤੇ ਭਟਨੇਰ ਆਦਿ ਦੇ ਮੁਸਲਮਾਨ ਹਾਕਿਮ ਸ: ਆਲਾ ਸਿੰਘ ਦੇ ਸਾਥ ਲੜੇ ਮਗਰ ਖਾਲਸਾ ਦੀ ਮਦਦ ਨਾਲ ਰਾਜਾ ਆਲਾ ਸਿੰਘ ਦੀ ਜਿੱਤ ਹੋਈ। ਅਤੇ ਦਿੱਲੀ ਦਰਬਾਰ ਵਲੋਂ 'ਰਾਜਾ' ਦਾ ਖਿਤਾਬ ਮਿਲਿਆ।

(੯) ਸੰ: ੧੭੪੭–੪੮ ਈਸਵੀ ਵਿਚ ਅਹਮਦ ਸ਼ਾਹ ਅਬਦਾਲੀ ਨਾਲ ਲੜ ਕਰ ਕੇ ਬਾਦਸ਼ਾਹ ਦਿਲੀ ਨੂੰ ਖੁਸ਼ ਕੀਤਾ।

(੧੦) ਜਦੋਂ ਪੰਥ ਖਾਲਸਾ ਨੇ ਦੂਜੀ ਵਾਰ ੧੭੬੭ ਈ: ਵਿਚ ਸਰਹੰਦ ਮਾਰੀ ਤਾਂ ਮ: ਆਲਾ ਸਿੰਘ ਨਾਲ ਸੀ। ਓਦੋਂ ਤੇ ਸਰਹੰਦ ਦਾ ਇਲਾਕਾ ਇਨ੍ਹਾਂ ਦੀ ਵੰਡ ਵਿਚ ਆਇਆ।

(੧੧) ੧੭੬੧ ਈ: ਵਿਚ ਮਰਹਟਿਆਂ ਤੇ ਅਬਦਾਲੀ ਦੇ ਜੁੱਧ ਵਿਚ ਮਰਹਟਿਆਂ ਨੂੰ ਰਸਦ ਆਦਿ ਦੀ ਮਦਦ ਕੀਤੀ। ਜਿਸ ਤੇ ਅਹਿਮਦ ਸ਼ਾਹ ਨੇ ਬਰਨਾਲਾ ਲੁਟਿਆ ਮਗਰ ਪਿਛੋਂ ਅਬਦਾਲੀ ਨੂੰ ਖੁਸ਼ ਕਰਕੇ ਸੂਬਾ ਸਰਹਿੰਦ ਤੋਂ ਰਾਜਾ ਆਲਾ ਸਿੰਘ ਸੁਤੰਤਰ ਹੋਏ।

Digitized by Panjab Digital Library | www.panjabdigilib.org

(੧੨) ਮ: ਆਲਾ ਸਿੰਘ ੭ ਅਗੱਸਤ ਸਃ ੧੭੬੭ ਈਃ ਨੂੰ ਚਲਾਣਾ ਕਰ ਗਏ।

# ਮਹਾਰਾਜਾ ਅਮਰ ਸਿੰਘ

ਇਹ ਰਾਜਾ ਬੜਾ ਬਹਾਦਰ ਅਤੇ ਨੀਤੀ ਨਿਪੁੰਨ ਸੀ। ਇਸ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਖੁਸ਼ ਕਰਕੇ 'ਰਾਜਾ–ਰਾਜਗਾਨ' ਦਾ ਖਿਤਾਬ ਹਾਸਿਲ ਕੀਤਾ। ਅਤੇ ਅਬਦਾਲੀ ਕੋਲੋਂ ਇਕ ਲਖ ਜਵਾਨ ਹਿੰਦੂ ਲੜਕੀਆਂ ਨੂੰ ਇਕ ਲੱਖ ਰੁਪਿਆ ਕੋਲੋਂ ਦੇਕੇ ਛੁਡਾਇਆ ਅਤੇ 'ਬੰਦੀਛੋੜ' ਦਾ ਵਿਰਦ ਪ੍ਰਾਪਤ ਕੀਤਾ।

੧੮੨੨ ਬਿਃ ਵਿਚ ਮਃ ਅਮਰ ਸਿੰਘ ਨੇ ਕੋਟਲੇ ਵਾਲਿਆਂ ਤੋਂ ਈਸੜੂ ਤੇ ਪਾਇਲ ਦਾ ਇਲਾਕਾ ਜਿਤ ਕੇ ਰਾਜਾ ਜੱਸਾ ਸਿੰਘ ਆਹਲੂਵਾਲੀਏ ਨੂੰ ਦਿਤਾ। ਅਤੇ ਰਾਇ ਕੋਟੀਆਂ ਤੋਂ ਪੱਖੋਵਾਲ ਦਾ ਇਲਾਕਾ ਜਿਤ ਕੇ ਨਾਭੇ ਨੂੰ, ਬਸੀਆਂ ਦਾ ਜੀਂਦ ਵਾਲਿਆਂ ਨੂੰ, ਦਾਖਾ–ਬੱਦੋਵਾਲ ਕੈਥਲ ਵਾਲਿਆਂ ਨੂੰ ਅਤੇ ਜਲਾਲਦੀਵਾਲ–ਮਾਹਲਾਂ ਦਾ ਇਲਾਕਾ ਆਪਣੇ ਪਾਸ ਰਖਿਆ।

੧੮੨੬ ਵਿਃ ਵਿਚ ਕੋਟ ਕਪੂਰੇ ਵਾਲੇ ਸਃ ਜੋਧ ਸਿੰਘ ਨੂੰ ਮਾਰਕੇ ਉਸ ਤੋਂ ਆਪਣੇ ਦਬਾਏ ਹੋਏ ਪਿੰਡ ਵਾਪਸ ਲੈ ਲਏ।

ਘੁੜਾਮ ਪਿੰਡ (ਪਟਿਆਲੇ ਤੋਂ ੯ ਮੀਲ) ਵਿਖੇ ਸਃ ਬਘੇਲ ਸਿੰਘ ਨਾਲ ਯੁੱਧ ਹੋਇਆ। ਜਿਸ ਵਿਚ ਸਃ ਜੱਸਾ ਸਿੰਘ ਆਹਲੂਵਾਲੀਏ ਨੇ ਸੁਲਹ ਕਰਾਈ।

੧੮੨੮ ਬਿਃ ਨੂੰ ਭੱਟੀਆਂ ਕੋਲੋਂ ਫਤੇ ਆਬਾਦ (ਜ਼ਿਃ ਹਿਸਾਰ) ਫਤੇ ਕੀਤਾ। ਇਲਾਕਾ ਰਾਣੀਆਂ ਨਾਭੇ ਦੇ ਹੱਥ ਆਇਆ।

ਸਾਬੋ ਕਾ ਸੁਖਚੈਨ ਸਿੰਘ ਆਕੀ ਹੋ ਗਿਆ, ਜੋ ਬਠਿੰਡੇ ਰਹਿੰਦਾ ਸੀ। ਉਸ ਤੋਂ ਪਥਰਾਲਾ, ਤਲਵੰਡੀ ਸਾਬੋ ਅਤੇ ਬਠਿੰਡੇ ਦਾ ਇਲਾਕਾ ਖੋਹ ਲਿਆ।

ਹਿਸਾਰ, ਰੋਹਤਕ, ਗੋਹਾਣਾ ਅਤੇ ਹਾਂਸੀ ਦਾ ਇਲਾਕਾ ਭੱਟੀਆਂ ਤੋਂ ਜਿਤਿਆ। ਜਿਸ ਵਿਚੋਂ ਗੋਹਾਣਾ ਜੀਂਦ ਦੇ ਹਿੱਸੇ ਆਇਆ, ਇਹ ਕਾਲੇਕੇ ਸੁਖਦਾਸ ਸਿੰਘ ਨੇ ਜਿੱਤਿਆ ਸੀ।

# ਮਹਾਰਾਜਾ ਸਾਹਿਬ ਸਿੰਘ

ਮਹਾਰਾਜਾ ਅਮਰ ਸਿੰਘ ਦੇ ਮਰਨ ਸਮੇਂ ਸਾਹਿਬ ਸਿੰਘ ਦੀ ਆਯੂ ੬–੭ ਸਾਲ ਦੀ ਸੀ। ਇਸ ਲਈ ਪਹਿਲਾਂ ਮਃ ਅਮਰ ਸਿੰਘ ਦੀ ਮਾਈ ਹੁਕਮਾ ਦੀਵਾਨ ਨਾਨੂ ਮੱਲ ਦੀ ਸਹਾਇਤਾ ਨਾਲ ਪ੍ਰਬੰਧ ਕਰਦੀ ਰਹੀ। ਮ: ਅਮਰ ਸਿੰਘ ਦੀ ਭੈਣ ਬੀਬੀ ਰਾਜਿੰਦਰ ਕੌਰ ਨੇ ਭੀ ਬੜੇ ਬਹਾਦਰੀ ਦੇ ਕੰਮ ਕੀਤੇ। ਫੇਰ ਬੀਬੀ ਸਾਹਿਬ ਕੌਰ (ਸਾਹਿਬ ਸਿੰਘ ਦੀ ਭੈਣ) ਬਹੁਤ ਬਹਾਦਰੀ ਅਤੇ ਹੁਸ਼ਿਆਰੀ ਨਾਲ ਵਜ਼ੀਰੀ ਦਾ ਕੰਮ ਕਰਦੀ ਰਹੀ। ਉਸਨੇ ਅੰਟੇਰਾਉ ਅਤੇ ਲੱਛਮੀ ਰਾਉ ਮਰਹੱਟਿਆਂ ਨੂੰ ਮਰਦਾਨਪੁਰ ਦੇ ਲਾਗੇ ਸਖਤ ਹਾਰ ਪੌਹਚਾਈ ਸੀ।

Digitized by Panjab Digital Library | www.panjabdigilib.org

੧੮੬੩ ਬਿਃ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਮਃ ਸਾਹਿਬ ਸਿੰਘ ਅਤੇ ਰਾਜਾ ਜਸਵੰਤ ਸਿੰਘ ਨਾਭਾ ਦਾ 'ਦੁੱਲਦੀ' ਪਿੰਡ ਵਾਲਾ ਝਗੜਾ ਨਿਬੇੜਿਆ।

੧੮੫੫ ਬਿਃ ਵਿਚ ਬੀਬੀ ਸਾਹਿਬ ਕੌਰ ਨੇ ਜਾਰਜ ਟਾਮਸਨ ਨੂੰ ਖੂਬ ਹਰਾਇਆ ਅਤੇ ਜੀਂਦ ਦਾ ਇਲਾਕਾ ਉਸ ਤੋਂ ਛੁਡਾ ਕੇ ਦਿਤਾ।

ਪੈਰਨ ਸਾਹਿਬ ਨੇ ਟਾਮਸਨ ਦਾ ੨੦ ਲੱਖ ਦਾ ਇਲਾਕਾ ਖੋਹ ਕੇ ਉਸ ਵਿਚੋਂ ਨਿਰਵਾਣਾ ਆਦਿਕ ਪਟਿਆਲੇ ਨੂੰ ਵਾਪਸ ਦਿਲਾਇਆ ਜੋ ਉਸ ਦਾ ਹੱਕ ਸੀ।

੧੮੧੨ ਈਃ ਵਿਚ ਮਃ ਸਾਹਿਬ ਸਿੰਘ ਚਲਾਣਾ ਕਰ ਗਿਆ।

੧੮੦੯ ਈਃ ਵਿਚ ਅੰਗ੍ਰੇਜ਼ਾਂ ਅਤੇ ਸਤਲੁਜ ਉਰਾਰ ਦੇ ਰਈਸਾਂ ਦਾ ਪਰਸਪਰ ਅਹਿਦਨਾਮਾਂ ਹੋਇਆ। ਜਿਸ ਵਿਚ ਇਹ ਸਭ ਰਈਸ ਸਰਕਾਰ ਅੰਗ੍ਰੇਜ਼ੀ ਦੇ ਛਤ੍ਰ ਛਾਇਆ ਹੇਠ ਆ ਗਏ ਅਤੇ ਪਰਸਪਰ ਕਿਸੇ ਰਈਸ ਦੀ ਵਿਸ਼ੇਸ਼ ਛੇੜ ਛਾੜ ਹੋਣੀ ਸੁਤੇ ਹੀ ਹਟ ਗਈ।

## ਕਰਮ ਸਿੰਘ

ਇਨ੍ਹਾਂ ਦੇ ਸਮੇਂ ਬਾਂਗਰ ਦਾ ਇਲਾਕਾ ਆਕੀ ਹੋ ਗਿਆ ਸੀ। ਜਿਸ ਨੂੰ ਇਸ ਨੇ ਬੜੀ ਬਹਾਦਰੀ ਨਾਲ ਕਾਬੂ ਕੀਤਾ। ਇਸ ਤੋਂ ਬਿਨਾਂ ਹੋਰ ਭੀ ਜੋ ਇਲਾਕਾ ਮਹਾਰਾਜਾ ਸਾਹਿਬ ਸਿੰਘ ਦੇ ਸਮੇਂ ਹਥੋਂ ਨਿਕਲ ਗਿਆ ਸੀ, ਉਸ ਨੂੰ ਮੁੜ ਵਾਪਸ ਲੈ ਲਿਆ ਅਤੇ ਦੀਵਾਨ ਸੇਢਾ ਸਿੰਘ (ਜੋ ਮਹਾਰਾਜਾ ਸਾਹਿਬ ਸਿੰਘ ਦੇ ਵੇਲੇ ਦਾ ਸੀ) ਨੇ ੧੮੨੭ ਈਃ ਦੇ ਲਗ ਪਗ ਰਿਆਸਤ ਪਟਿਆਲਾ ਵਿਚ ੭੦੦ ਪਿੰਡ ਆਬਾਦ ਕਰ ਕੇ ਰਿਆਸਤ ਦੀ ਆਮਦਨੀ ਵਧਾ ਦਿਤੀ। ਏਸ ਮਹਾਰਾਜਾ ਨੇ ਸਿੱਖਾਂ ਦੀ ਲੜਾਈ ਸਮੇਂ ਸਃ ਅੰਗ੍ਰੇਜ਼ੀ ਦੀ ਵਫਾਦਾਰੀ ਦਾ ਪੂਰਾ ੨ ਸਬੂਤ ਦਿਤਾ।

## ਮਹਾਰਾਜਾ ਨਰਿੰਦ੍ਰ ਸਿੰਘ

ਇਹ ਮਹਾਰਾਜਾ ਨੀਤੀ ਨਿਪੁੰਨ, ਧਰਮਾਤਮਾਂ ਅਤੇ ਵਿਦ੍ਵਾਨ ਸੀ। ਇਸ ਨੇ ਪਟਿਆਲੇ ਵਿਚ ਧਾਰਮਿਕ ਮਹਿਕਮਾਂ ਕਾਇਮ ਕਰ ਕੇ ਪੰਡਿਤ, ਗਿਆਨੀ ਅਤੇ ਰਾਗੀ ਆਦਿਕ ਗੁਣੀ ਜਨ ਇਕੱਤ੍ਰ ਕੀਤੇ, ਅਤੇ ਵਿਦ੍ਵਾਨਾਂ ਤੋਂ ਪੰਜਾਬੀ ਗੁਰਮੁਖੀ ਦੇ ਬਹੁਤ ਸਾਰੇ ਗ੍ਰੰਥ ਲਿਖਵਾਏ ਜੋ ਮਹਾਰਾਜਾ ਮਹਿੰਦ੍ਰ ਸਿੰਘ ਦੇ ਸਮੇਂ ਭੀ ਬਣਦੇ ਰਹੇ। ਜਿਨ੍ਹਾਂ ਵਿਚੋਂ ੮੦੦ ਦੀ ਫਹਰਿਸਤ ਸਾਡੇ ਪਾਸ ਹੈ।

ਇਨ੍ਹਾਂ ਨੇ ੧੮੫੭ ਦੇ ਗਦਰ ਵਿਚ ਸ੍ਰਕਾਰ ਅੰਗ੍ਰੇਜ਼ੀ ਦੀ ਮਦਦ ਕਰਕੇ ਦੋ ਲਖ ਦਾ ਪਰਗਨਾਂ ਨਾਰਨੌਲ ਪ੍ਰਾਪਤ ਕੀਤਾ। ਅਤੇ ਫੂਲਕੀਆਂ ਰਿਆਸਤਾਂ ਵਿਚੋਂ ਕਿਸੇ ਰਈਸ ਦੇ ਅਉਤ ਚਲੇ ਜਾਣ ਤੋਂ ਅੰਤਰ ਅਧਿਕਾਰ ਪ੍ਰਾਪਤ ਹੋਣ ਦਾ ਅਹਿਦਨਾਮਾ ਸ੍ਰਕਾਰ ਨਾਲ ਕੀਤਾ। ਇਹ ਰਾਜਾ ਬੜਾ ਦੂਰ ਅੰਦੇਸ਼ ਅਤੇ ਧਰਮਾਤਮਾਂ ਸੀ।

## ਮਹਾਰਾਜਾ ਮਹਿੰਦ੍ਰ ਸਿੰਘ

ਇਹ ਮਹਾਰਾਜਾ ਵਿਦ੍ਵਾਨ ਅਤੇ ਕੰਮ ਕਾਰ ਚੰਗੇ ਢੰਗ ਅਤੇ ਕਾਇਦੇ ਨਾਲ ਕਰਨ ਲਗਿਆ ਸੀ। ਮਗਰ ਸ਼ਰਾਬ ਪੀਣ ਨਾਲ ਸ਼ਿਕਾਰਗਾਹ ਵਿਚ ਮੌਤ ਹੋ ਗਈ। ੧੮੭੨ ਵਿਚ ਮਹਿੰਦ੍ਰ ਕਾਲਜ ਇਨ੍ਹਾਂ ਨੇ ਹੀ ਬਣਾਇਆ ਸੀ।

Digitized by Panjab Digital Library | www.panjabdigilib.org

# ਮਹਾਰਾਜਾ ਰਾਜੇਂਦ੍ਰ ਸਿੰਘ ਜੀ

ਇਹ ਬੜੇ ਬਹਾਦਰ ਅਤੇ ਸਖੀ ਸਨ । ਜੰਗ ਕਾਬਲ ਆਦਿ ਵਿਚ ਬੜਾ ਨਾਮ ਪ੍ਰਾਪਤ ਕੀਤਾ । ਪੋਹਲੋ ਖੇਡਣ ਦੇ ਬੜੇ ਸ਼ੌਕੀਨ ਸੀ । ਸਿੰਘ ਸਭਾ ਲਹਿਰ ਦੀ ਬੜੀ ਸੇਵਾ ਕੀਤੀ । ਜੋ ਅਜ ਕਲ ਪਟਿਆਲੇ ਵਿਚ ਬੜੀ ਸਿੰਘ ਸਭਾ ਦਾ ਗੁਰਦੁਆਰਾ ਹੈ, ਓਹ ਇਨ੍ਹਾਂ ਦਾ ਹੀ ਬਣਵਾਇਆ ਹੋਇਆ ਹੈ ।

# ਮਹਾਰਾਜਾ ਭੂਪਿੰਦ੍ਰ ਸਿੰਘ ਜੀ

ਇਹ ਬੜੇ ਵਿਦ੍ਵਾਨ ਦੂਰ ਅੰਦੇਸ਼ ਅਤੇ ਦਾਨੀ ਰਈਸ ਸਨ । ਮਗਰ ਸ਼ੋਕ ਕਿ ਆਪਣੇ ਇਲਾਕੇ ਦੇ ਆਸ਼ੁਮਾਂ ਅਤੇ ਗੁਣੀਆਂ ਨੂੰ ਇਨ੍ਹਾਂ ਤੋਂ ਕ੍ਰਿਤਾਰਥ ਹੋਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ । ਇਨ੍ਹਾਂ ਦਾ ਭਾਵੇਂ ਪਹਿਲੇ ਸਮੇਂ ਵਾਂਗ ਰਿਆਸਤ ਵਿਚ ਮਾਨ ਨਹੀਂ ਰਿਹਾ, ਮਗਰ 'ਤੇਰਾ ਘਰ ਸੋ ਮੇਰਾ ਘਰ' ਇਸ ਮਹਾ ਵਾਕ ਤੇ ਵਿਸ਼੍ਵਾਸ਼ ਕਰ ਕੇ ਸਿਖ ਕੌਮ ਨੂੰ ਲਾਭ ਹੋਣ ਦੀਆਂ ਬੜੀਆਂ ਆਸਾਂ ਤੇ ਉਮੰਗਾਂ ਰਹੀਆਂ । ਪਹਿਲੇ ਸਮੇਂ ਵਿਚ ਪਟਿਆਲਾ ਰਿਆਸਤ ੪੬ ਲਖ ਦੀ ਸੀ ਹੁਣ ਇਕ ਕਰੋੜ ਤੋਂ ਉਪਰ ਮਾਲੀਆ ਹੈ । ਇਨ੍ਹਾਂ ਦਾ ਦੇਹਾਂਤ ਸੰਨ ੧੯੩੭ ਵਿਚ ਹੋਇਆ । ਇਨ੍ਹਾਂ ਦੇ ਸੁਯੋਗ ਪੁਤ੍ਰ ਮਹਾਰਾਜਾ ਯਾਦਵੇਂਦ੍ਰ ਸਿੰਘ ਨੇ ੧੨ ਸਾਲ ਤੋਂ ਉਪਰ ਬੜੀ ਨੀਤੀ ਤੇ ਨਿਆਇ ਸੀਲਤਾ ਨਾਲ ਰਾਜ ਕਰ ਕੇ ੧੯੫੦ ਵਿਚ ਭਾਰਤ ਨੂੰ ਅਖੰਡ ਰਖਣ ਦੇ ਆਸ਼ੇ ਨਾਲ ਸਭ ਰਾਜਿਆਂ ਤੋਂ ਪਹਿਲਾਂ ਆਪਣੀ ਰਿਆਸਤ ਲੋਕ ਰਾਜ ਦੇ ਅਰਪਨ ਕਰ ਦਿਤੀ । ਇਹ ਅਦੁਤੀ ਕੁਰਬਾਨੀ ਸਦਾ ਯਾਦ ਰਖਣ ਵਾਲੀ ਹੈ ।

# ਰਿਆਸਤ ਜੀਂਦ

ਚੌਧਰੀ ਤ੍ਰਲੋਕ ਸਿੰਘ ਦੇ ਛੋਟੇ ਬੇਟੇ ਸੁਖਚੈਨ ਸਿੰਘ ਦੇ ਪੁਤ੍ਰ ਰਾਜਾ ਗਜਪਤ ਸਿੰਘ ਦੀ ਰਾਜਧਾਨੀ 'ਜੀਂਦ' ਸ਼ਹਿਰ ਵਿਚ ਹੋਣ ਕਰਕੇ ਰਿਆਸਤ ਦਾ ਨਾਉਂ ਭੀ ਜੀਂਦ ਪੈ ਗਿਆ । ਭਾਵੇਂ ਅਜ ਕਲ ਇਹਦੀ ਰਾਜਧਾਨੀ ਸੰਗਰੂਰ ਹੈ, ਅਤੇ ਰਾਜਾ ਸਰੂਪ ਸਿੰਘ ਵਜੀਦਕੇ ਰਹਿੰਦਾ ਸੀ । ਮਹਾਰਾਜਾ ਰਣਬੀਰ ਸਿੰਘ 'ਘਾਵਦਾਂ' ਦੀ ਕੋਠੀ ਹੀ ਰਹਿੰਦੇ ਸਨ । ਮਗਰ ਸਭ ਰਾਜੇ ਜੀਂਦ ਜਾ ਕੇ ਹੀ ਤਖ਼ਤ ਤੇ ਬੈਠਦੇ ਹਨ । ਇਸ ਰਿਆਸਤ ਦਾ ਮੁਢ ਮਹਾਰਾਜਾ ਗਜਪਤ ਸਿੰਘ (ਰਣਜੀਤ ਸਿੰਘ ਦਾ ਨਾਨਾ) ਨੇ ਬੰਨ੍ਹਿਆ, ਅਤੇ ਬਾਹਲੀ ਉੱਨਤੀ ਰਾਜਾ ਭਾਗ ਸਿੰਘ ਦੇ ਵੇਲੇ ਹੋਈ ।

੧੮੩੩ ਬਿ: ਵਿਚ ਰਾਜਾ ਗਜਪਤ ਸਿੰਘ ਨੇ ਹਮੀਰ ਸਿੰਘ, ਰਾਜਾ ਨਾਭਾ ਨੂੰ ਘਰ ਬੁਲਾ ਕੇ ਕੈਦ ਕਰ ਲਿਆ ਨਾਲੇ ਸੰਗਰੂਰ ਤੇ ਕਬਜ਼ਾ ਕਰ ਲਿਆ, ਜੋ ਰਾਜਾ ਹਮੀਰ ਸਿੰਘ ਦਾ ਬਸਾਇਆ ਹੋਇਆ ਸੀ ।

ਰਾਜਾ ਭਾਗ ਸਿੰਘ ਦੇ ਸਮੇਂ ਰਾਜਾ ਅਮਰ ਸਿੰਘ ਪਟਿਆਲਾ ਨੇ ਫਰੀਦਕੋਟ ਦਾ ਇਲਾਕਾ ਫਤੇਹ ਕਰ ਕੇ ਬੱਸੀਆਂ ਦਾ ਪਰਗਣਾ ਇਸ ਨੂੰ ਦਿਤਾ ਅਤੇ, ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਆਪਣਾ ਮਾਮਾ ਹੋਣ ਕਰਕੇ ਕਈ ਵਾਰ ਮਾਲਵੇ ਦੇ ਪਰਗਣੇ ਦਿਤੇ ।

Digitized by Panjab Digital Library | www.panjabdigilib.org

ਭਾਗ ਸਿੰਘ ਦਾ ਪੁਤ੍ਰ ਫਤੇ ਸਿੰਘ ਅਤੇ ਉਸ ਦਾ ਪੁਤ੍ਰ ਸੰਗਤ ਸਿੰਘ ਥੋੜਾ ਚਿਰ ਰਾਜ ਕਰ ਕੇ ਮਰ, ਗਏ ਤਾਂ ਮਹਾਰਾਜਾ ਸੰਗਤ ਸਿੰਘ ਦੇ ਬੇਔਲਾਦਾ ਮਰਨ ਤੇ ਗਜਪਤ ਸਿੰਘ ਦੇ ਦੂਜੇ ਪੁਤ੍ਰ ਭੂਪ ਸਿੰਘ ਦਾ ਪੋਤਾ ਸਰੂਪ ਸਿੰਘ ਗੱਦੀ ਤੇ ਬੈਠਿਆ, ਜੋ ਵਜੀਦਪੁਰ ਰਹਿੰਦਾ ਸੀ। ਇਹ ਰਾਜਾ ਬੜਾ ਸਮਝਦਾਰ ਤੇ ਸਿਖੀ ਖਿਆਲ ਦਾ ਸੀ। ਇਸ ਨੇ ਦਿੱਲੀ ਦੇ ਗੁਰਦੁਆਰੇ ਮੁਸਲਮਾਨਾਂ ਨਾਲ ਝਗੜਾ ਕਰਕੇ ਵਾਪਸ ਲਏ ਸਨ।

ਰਾਜਾ ਸਰੂਪ ਸਿੰਘ ਦਾ ਪੁਤ੍ਰ ਰਾਜਾ ਰਘਬੀਰ ਸਿੰਘ ਬੜਾ ਕਿਰਸੀ ਅਤੇ ਸਿਖ ਕੌਮ ਦਾ ਪੱਖੀ ਸੀ। ਇਸ ਨੇ ਭੀ ਰਿਆਸਤ ਦੀ ਆਮਦਨੀ ਬਹੁਤ ਵਧਾਈ ਅਤੇ ਦਿੱਲੀ ਦੇ ਗੁਰਦੁਆਰੇ ਦੂਜੀ ਵਾਰ ਮੁਕੱਦਮੇ ਵਿਚ ਜਿੱਤੇ। ਇਸ ਨੂੰ ਆਪਣੇ ਪੁਤ੍ਰ ਬਲਬੀਰ ਸਿੰਘ ਉਤੇ ਸ਼ੱਕ ਹੋ ਗਿਆ ਸੀ, ਇਸ ਲਈ ਉਸ ਨਾਲ ਨਰਾਜ਼ਗੀ ਰਹਿੰਦੀ ਸੀ। ਜਦੋਂ ਉਹ ਮਰ ਗਿਆ ਤਾਂ ਆਮ ਲੋਕਾਂ ਨੇ ਸ਼ਕ ਕੀਤਾ ਕਿ ਇਸ ਨੇ ਆਪ ਮਰਵਾਇਆ ਹੈ। ਉਸ ਦੇ ਪੁਤ੍ਰ ਰਾਜਾ ਰਣਬੀਰ ਸਿੰਘ ਹੋਏ ਜੋ ਬਹੁਤ ਨਰਮ ਤਬੀਅਤ ਦੇ ਅਣਹੋਏ ਜਿਹੇ ਸਨ। ਉਨ੍ਹਾਂ ਦਾ ਦੇਹਾਂਤ ੧੯੫੦ ਈ: ਵਿਚ ਹੋਇਆ।

## ਰਿਆਸਤ ਨਾਭਾ

ਇਹ ਰਿਆਸਤ ਚੌਧਰੀ ਤ੍ਰਲੋਕ ਸਿੰਘ ਦੇ ਬੜੇ ਬੇਟੇ ਗੁਰਦਿਤ ਸਿੰਘ ਦੀ ਬੰਸ ਦੀ ਹੈ। ਗੁਰਦਿਤ ਸਿੰਘ ਨੇ ੧੮੦੬ ਬਿ: ਵਿਚ ਧਨੌਲਾ ਬੰਨ੍ਹਿਆ ਸੀ ਅਤੇ ੧੮੦੭ ਬਿਃ ਵਿਚ ਨਾਭੀ ਅਤੇ ਭੈਂਸ ਦੇ ਵਿਚਾਲੇ ਨਾਭਾ ਵਸਾਇਆ। ਸੰਗਰੂਰ ਏਸੇ ਦੇ ਪੋਤਰੇ ਹਮੀਰ ਸਿੰਘ ਨੇ ਵਸਾਇਆ ਸੀ। ਮਗਰ ਗਜਪਤ ਸਿੰਘ ਨੇ ਧੋਖੇ ਨਾਲ ਖੋਹ ਲਿਆ।

੧੮੨੦ ਬਿਃ ਵਿਚ ਸਰਹਿੰਦ ਦੀ ਲੁਟ ਵਿਚ ਅਮਲੋਹ ਆਦਿ ਦਾ ਪਰਗਣਾ ਨਾਭੇ ਦੇ ਹਿਸੇ ਆਇਆ, ਜੋ ਪਿਛੋਂ ਗਜਪਤ ਸਿੰਘ ਨੇ ਛਲ ਬਲ ਕਰ ਕੇ ਰੋਕ ਲਿਆ ਅਤੇ ਫੇਰ ਉਸ ਦੇ ਪੁਤ੍ਰ ਭੂਪ ਸਿੰਘ ਤੋਂ ਹਮੀਰ ਸਿੰਘ ਦੀ ਵਿਧਵਾ ਰਾਣੀ ਦੇਸੋ ਨੇ ਧੋਖੇ ਨਾਲ ਅਮਲੋਹ ਅਤੇ ਭਾਦਸੂ ਲਿਖਵਾ ਲਿਆ ਜੋ ਅਜ ਤਕ ਨਾਭੇ ਵਿਚ ਹੈ।

੧੮੨੯ ਬਿਃ ਵਿਚ ਰੋੜੀ ਆਦਿ ਦਾ ਪਰਗਣਾ ਹਮੀਰ ਸਿੰਘ ਦੇ ਹਥ ਆਇਆ।

ਰਾਜਾ ਹਮੀਰ ਸਿੰਘ ਦਾ ਲੜਕਾ ਜਸਵੰਤ ਸਿੰਘ ਬੜਾ ਸਿਆਣਾ ਸੀ। ਮਗਰ ਬੈਰਾਗੀਆਂ ਦਾ ਚੇਲਾ ਹੋਣ ਕਰਕੇ ਸਿਖੀ ਨਾਲ ਭੋਰਾ ਪਿਆਰ ਨਹੀਂ ਕਰਦਾ ਸੀ। ਕਈ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਮਾਲਵੇ ਵਿਚ ਪਿੰਡ (ਜੈਤੋ ਆਦਿ) ਜਿਤ ਕੇ ਦਿੱਤੇ। ਅਤੇ ਛੇਕੜਲੀ ਵਾਰ ਜਦੋਂ ਇਹ ਸਃ ਤਾਰਾ ਸਿੰਘ ਗੈਬੇ ਦੇ ਪੁਤ੍ਰ ਸਃ ਗੁੱਜਰ ਸਿੰਘ ਕੋਲੋਂ ਘੁੰਗਰਾਣੇ ਹਾਰ ਗਿਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਅੰਗ੍ਰੇਜ਼ਾਂ ਦੇ ਅਹਿਦਨਾਮੇ ਤੋਂ ਉਲਟ ਪਟਿਆਲਿਉਂ ਮੁੜਦੇ ਹੋਏ ਨੇ ਗੁਜਰ ਸਿੰਘ ਤੋਂ ਖੋਹ ਕੇ ਜਸਵੰਤ ਸਿੰਘ ਨੂੰ ਦੇ ਦਿਤਾ। ਜਿਸ ਕਰਕੇ ਅੰਗ੍ਰੇਜ਼ਾਂ ਨੇ ਘੁੰਗਰਾਣਾ ਭੀ ਜ਼ਬਤ ਕਰ ਲਿਆ। ਨਾਲੇ ਮਃ ਰਣਜੀਤ ਸਿੰਘ ਨੇ ਏਧਰਲੇ ਪਿੰਡ ਅਤੇ ਹੋਰ ਲਾਂਭੇ ਦੇ ਪਿੰਡ ਖੋਹ ਲਏ।

Digitized by Panjab Digital Library | www.panjabdigilib.org

## ਰਾਜਾ ਦੇਵੇਂਦ੍ਰ ਸਿੰਘ

(ਜਸਵੰਤ ਸਿੰਘ ਦਾ ਲੜਕਾ) ਬ੍ਰਾਹਮਣਾਂ ਦਾ ਚੇਲਾ ਸੀ। ਇਸ ਨੇ ਅਸ੍ਵਮੇਧ ਜੱਗ ਕੀਤਾ। ਨਾਲੇ ਸਿਖਾਂ ਦੀ ਲੜਾਈ ਵਿਚ ਅੰਗ੍ਰੇਜ਼ਾਂ ਨੂੰ ਘੱਟ ਮਦਦ ਦਿਤੀ। ਜਿਸ ਕਰਕੇ ਸਰਕਾਰ ਅੰਗ੍ਰੇਜ਼ੀ ਨੇ ਪਖੋਵਾਲ ਦਾ ਪਰਗਣਾ ਜ਼ਬਤ ਕਰ ਕੇ ਤਹਿਸੀਲ ਕਾਇਮ ਕਰ ਦਿਤੀ। ਜੋ ੧੯੬੬ ਤਕ ਰਹੀ। ਦੇਵੇਂਦ੍ਰ ਸਿੰਘ ਨੂੰ ਮਥਰਾ ਵਿਚ ਕੈਦ ਕਰ ਦਿਤਾ। ਰਾਜਾ ਦੇਵੇਂਦ੍ਰ ਸਿੰਘ ਦਾ ਪੁਤ੍ਰ–

## ਭਰਪੂਰ ਸਿੰਘ

ਬੜਾ ਵਿਦ੍ਵਾਨ ਅਤੇ ਸਿਆਣਾ ਰਾਜਾ ਸੀ। ਉਸ ਨੇ ਗਦਰ ਦੇ ਵੇਲੇ ਸਰਕਾਰ ਅੰਗਰੇਜ਼ੀ ਦੀ ਵਫਾਦਾਰੀ ਕਰ ਕੇ 'ਬਾਬਲ-ਕਾਂਟੀ' ਦਾ ੧ ਲੱਖ ੬ ਹਜ਼ਾਰ ਦਾ ਇਲਾਕਾ ਪ੍ਰਾਪਤ ਕੀਤਾ। ਅਫਸੋਸ ਕਿ ਇਹ ਰਾਜਾ ਸੰ: ੧੯੬੨ ਈ: ਵਿਚ ਲਾਵਲਦ ਰਿਹਾ ਅਤੇ ਇਸ ਦਾ ਛੋਟਾ ਭਾਈ–

## ਰਾਜਾ ਭਗਵਾਨ ਸਿੰਘ

ਭੀ ੮ ਵਰਸਾਂ ਪਿਛੋਂ ਲਾਵਲਦ ਹੀ ਮਰ ਗਿਆ, ਤਾਂ ਉਸ ਤੋਂ ਪਿਛੋਂ ਸ: ਵਸਾਵਾ ਸਿੰਘ ਦੀ ਬੰਸ ਵਿਚੋਂ ਸ: ਸੁਖਾ ਸਿੰਘ ਵਡਰੁਖੇ ਵਾਲੇ ਦਾ ਸਪੁਤ੍ਰ ਹੀਰਾ ਸਿੰਘ ੧੮੭੧ ਈ: ਵਿਚ ਨਾਭੇ ਦਾ ਰਾਜਾ ਹੋਇਆ। ਇਹ ਰਾਜਾ ਬੜਾ ਸਿਆਣਾ, ਪ੍ਰਹੇਜ਼ਗਾਰ ਅਤੇ ਸਰਕਾਰ ਦਾ ਖੈਰਖਾਹ ਸੀ। ਇਸ ਦੇ ਰਾਜ ਵਿਚ ਸਮੇਂ ਅਨੁਸਾਰ ਰਿਆਸਤ ਨਾਭਾ ਦੀ ਬੜੀ ਉੱਨਤੀ ਹੋਈ। ਆਪ ਨੂੰ ਲੋਕ 'ਜੋਗੀ ਰਾਜਾ' ਕਰ ਕੇ ਮੰਨਦੇ ਹਨ। ਲੇਖਕ ਨੂੰ ਵਿਦਿਆਰਥੀ ਦੇ ਰੂਪ ਵਿਚ (ਸਤੰਬਰ ੧੯੦੭ ਵਿਚ) ਆਪ ਵਲੋਂ ਪਿਆਰੇ ਜਾਣ ਦਾ ਮਾਨ ਪ੍ਰਾਪਤ ਹੈ। ਮਹਾਰਾਜਾ ਹੀਰਾ ਸਿੰਘ ਦੇ ਸਪੁਤਰ

## ਮਹਾਰਾਜਾ ਰਿਪਦਮਨ ਸਿੰਘ

ਅੰਗਰੇਜ਼ੀ ਆਦਿ ਦੇ ਬੜੇ ਵਿਦ੍ਵਾਨ ਅਤੇ ਕੱਟਰ ਸਿਖ ਸਨ। ਪਟਿਆਲੇ ਨਾਲ ਮੁਕੱਦਮਾ ਹੋ ਜਾਣ ਤੇ ਸਰਕਾਰ ਅੰਗਰੇਜ਼ੀ ਨੇ ਉਹਨਾਂ ਨੂੰ ਰਾਜ ਤੋਂ ਉਤਾਰੂ ਕਰਕੇ ਪਹਿਲਾਂ ਦੇਹਰਾ ਦੂਨ ਅਤੇ ਫੇਰ ਕੁਦਾਈ ਕਨਾਲ (ਮਦਰਾਸ ਪਾਸ) ਭੇਜ ਦਿਤਾ। ਹੁਣ ਉਹਨਾਂ ਦੇ ਸੁਯੋਗ ਪੁਤ੍ਰ ਟਿੱਕਾ ਪ੍ਰਤਾਪ ਸਿੰਘ ਜੀ ਹਨ। ਸੰਨ ੧੯੧੩–੧੪ ਈ: ਤੋਂ ੧੯੨੨ ਈ: ਤਕ ਏਸ ਲੇਖਕ ਨੂੰ ਮ: ਰਿਪਦਮਨ ਸਿੰਘ ਨਾਲ ਧਾਰਮਿਕ ਅਤੇ ਵਿਦਿਅਕ ਗ੍ਰੰਥਾਂ ਅਤੇ ਲੇਖਾਂ ਸੰਬੰਧੀ ਪਤ੍ਰ ਬਿਉਹਾਰ ਕਰਨ ਦਾ ਮਾਨ ਪ੍ਰਾਪਤ ਰਿਹਾ ਹੈ। ਅਕਾਲ ਉਸਤਤ ਵਿਚਲੇ ੧੦ ਦੋਹਿਆਂ ਦੇ ਸਾਹਿਤਕ ਅਰਥਾਂ ਨੂੰ ਬੜਾ ਹੀ ਪਸੰਦ ਕਰਦੇ ਸਨ।

# ਬਖਸ਼ਸ਼ਾਂ ਦੀਆਂ ਰਿਆਸਤਾਂ

## ਰਿਆਸਤ ਫਰੀਦ ਕੋਟ

ਏਸ ਰਿਆਸਤ ਦਾ ਪ੍ਰਸਿਧ ਬਜ਼ੁਰਗ ਸੰਘਰ ਬੈਰਾੜ ਹੈ, ਜਿਸ ਨੇ ਬਾਬਰ ਨੂੰ ਪਾਨੀਪਤ ਦੇ ਮੈਦਾਨ ਤੇ ਮੱਦਦ ਦਿਤੀ ਸੀ, ਅਤੇ ਉਥੇ ਹੀ ਜੂਝ ਗਿਆ ਸੀ। ਉਸਦੇ ੧੪ ਪੁਤ੍ਰ ਸਨ, ਜਿਹਨਾਂ ਵਿਚੋਂ ਦੁੱਲ ਦਾ

Digitized by Panjab Digital Library | www.panjabdigilib.org

ਪੁਤ੍ਰ ਭੱਲਣ ਬਰਕਤ ਵਾਲਾ ਹੋਇਆ ਹੈ। ਇਹ ਭੱਲਣ ਗੁਰੂ ਹਰਿ ਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਹੋਇਆ। ਇਸ ਤੋਂ ਪਹਿਲਾਂ ਭਟਿਆਣੇ ਅਤੇ ਬੈਰਾੜਕੀ ਦੀ ਚਉਧਰ ਬਾਬਰ ਨੇ ਏਸ ਨੂੰ ਦਿਤੀ ਸੀ।

ਅਕਬਰ ਬਾਦਸ਼ਾਹ ਦੇ ਵੇਲੇ ਮਨਸੂਰ ਖਾਂ ਭੱਟੀ ਨੇ ਆਪਣੀ ਭੈਣ ਅਕਬਰ ਨੂੰ ਵਿਆਹ ਕੇ ਚਉਧਰ ਦਾ ਦਾਅਵਾ ਦਿੱਲੀ ਦਰਬਾਰ ਵਿਚ ਕੀਤਾ ਤਾਂ ਅਕਬਰ ਨੇ ਪੱਖ ਕਰ ਕੇ ਮਨਸੂਰ ਖਾਂ ਨੂੰ ਪੱਗ ਦੇ ਦਿਤੀ ਤਾਂ ਭੱਲਣ ਨੇ ਉਸੇ ਵੇਲੇ ਦਰਬਾਰ ਵਿਚ ਮਨਸੂਰ ਖਾਂ ਨੂੰ ਢਾ ਲਿਆ ਅਤੇ ਉਸ ਨੂੰ ਕੁਟ ਕੇ ਚਉਧਰ ਦੀ ਪੱਗ ਖੋਹ ਲਈ, ਤਾਂ ਅਕਬਰ ਨੇ ਅੱਧੀ ਪੱਗ ਮਨਸੂਰ ਖਾਂ ਨੂੰ ਦਿਵਾ ਕੇ ਅੱਧੀ ਚਉਧਰ ਉਸਨੂੰ ਦੇ ਦਿਤੀ। ਉਸ ਵੇਲੇ ਤੋਂ ਬੈਰਾੜਕੀ ਦੀ ਚਉਧਰ ਭੱਲਣ ਪਾਸ ਆ ਗਈ। ਉਸ ਵੇਲੇ ਭੱਲਣ ਪੰਜ ਗਰਾਈਆਂ ਵਿਚ ਰਹਿੰਦਾ ਸੀ। ਉਸ ਵੇਲੇ ਦੀ ਕਹਾਉਤ 'ਭਲਣ ਚੀਰਾ ਪਾੜਿਆ ਅਕਬਰ ਦੇ ਦਰਬਾਰ' ਪ੍ਰਸਿਧ ਹੋ ਗਈ। ਉਸ ਤੋਂ ਪਿਛੋਂ ਭੱਲਣ ਪੰਜ ਗਰਾਈਆਂ ਸਿਰੀਏ ਵਾਲੇ ਪਿੰਡ ਜਾ ਰਿਹਾ। ੧੭੦੯ ਬਿ: ਵਿਚ ਮਰਿਆ। ਉਸ ਦਾ ਭਾਈ 'ਲਾਲਾ' ਚਉਧਰੀ ਬਣਿਆ, ਜਿਸ ਦਾ ਪੁਤ੍ਰ ਕਪੂਰਾ ਹੋਇਆ। ਉਸ ਨੇ ਸਿਰੀਏ ਵਾਲੇ ਤੋਂ ਤੰਗ ਆ ਕੇ 'ਕੋਟ ਕਪੂਰਾ' ਬੰਨ੍ਹਿਆ। ਇਹ ਦੂਰ ਤਕ ਪ੍ਰਸਿਧ ਹੋਇਆ। ਗੁਰੂ ਦਸਮ ਪਾਤਸ਼ਾਹ ਨੇ ਇਸ ਦੇ ਪੁਤ੍ਰ 'ਸੁਖੀਏ' ਨੂੰ ਜੰਗ ਮੁਕਤਸਰ ਦੀ ਮਦਦ ਦੇਣ ਪਿਛੇ ਰਾਜਾ ਹੋਣ ਦਾ ਬਰ ਦਿਤਾ। ਇਸ ਨੇ 'ਕੋਟ ਸੁਖੀਆ' ਆਬਾਦ ਕੀਤਾ। ਕਪੂਰੇ ਨੂੰ ਗੁਰੂ ਮਹਾਰਾਜ ਦਾ ਸਰਾਪ ਸੀ। ਜੋ ਵੇਲਾ ਆਉਣ ਤੇ ਈਸੇ ਖਾਂ ਮੰਜ ਨੇ ਕੋਟ ਈਸੇ ਖਾਂ ਵਿਚ ਇਸ ਨੂੰ ਬੁਲਾਕੇ ਧੋਖੇ ਨਾਲ ੧੭੬੫ ਬਿਃ ਵਿਚ ਫਾਂਸੀ ਦੇ ਦਿਤਾ। ਤਾਂ ਸੁਖੀਏ ਨੇ ਬੈਰਾੜਾਂ ਨੂੰ ਇਕੱਠਾ ਕਰਕੇ ਈਸੇ ਖਾਂ ਨੂੰ ਮਾਰ ਦਿਤਾ। ਅਤੇ ਉਸ ਦਾ ਇਲਾਕਾ ਧਰਮ ਕੋਟ ਅਤੇ ਬਹਿਕਾਂ ਤਕ ਸਾਰਾ ਰੋਕ ਲਿਆ। ਏਸ ਲੜਾਈ ਵਿਚ ਈਸੇ ਖਾਂ ਦਾ ਸਾਲਾ ਹਲਵਾਰੇ ਵਾਲਾ ਸਲਾਬਤ ਖਾਂ ਭੀ ਸੁਖੀਏ ਦੀ ਮਦਦ ਤੇ ਸੀ। ਕਿਉਂਕਿ ਉਸ ਦੀ ਭੈਣ ਨੂੰ ਈਸੇ ਖਾਂ ਨੇ ਛੱਡ ਦਿਤਾ ਸੀ। ਸੁਖੀਏ ਦੇ ਪੁਤ੍ਰ ਜੋਧ ਸਿੰਘ ਨੇ ਕੋਟ ਕਪੂਰੇ ਰਿਹਾਇਸ਼ ਰਖੀ। ਜਿਸ ਦੀ ਬਦਜ਼ਬਾਨੀ ਕਰਕੇ ਮਹਾਰਾਜਾ ਅਮਰ ਸਿੰਘ ਦੇ ਦੀਵਾਨ ਨਾਨੂ ਮੱਲ ਨੇ ਜੋਧ ਸਿੰਘ ਨੂੰ ਮਾਰ ਕੇ ਉਸ ਦਾ ਕੁਝ ਇਲਾਕਾ ਖੋਹ ਲਿਆ।

ਉਸਦੇ ਪੁਤ੍ਰ ਟੇਕ ਸਿੰਘ ਦੇ ਵੇਲੇ ਅਤੇ ਜਗਤ ਸਿੰਘ ਦੇ ਵੇਲੇ ਮਹਾਰਾਜਾ ਰਣਜੀਤ ਸਿੰਘ ਨੇ ਜੈਤੋ ਦਾ ਇਲਾਕਾ ਖੋਹਕੇ ੧੮੦੮ ਈਃ ਵਿਚ ਜਸਵੰਤ ਸਿੰਘ ਨੂੰ ਦੇ ਦਿਤਾ। ਜੋ ਹੁਣ ਤਕ ਨਾਭੇ ਵਿਚ ਰਿਹਾ।

## ਹਮੀਰ ਸਿੰਘ ਰਾਜਾ ਫਰੀਦਕੋਟ

ਸੁਖੀਏ ਦੇ ਪੁਤ੍ਰ ਹਮੀਰ ਸਿੰਘ ਨੇ ਫਰੀਦਕੋਟ ਦਾ ਕਿਲਾ ਮੱਲ ਲਿਆ ਸੀ। ਅਤੇ ਪੁਰਾਣੇ ਕਿਲੇ ਛਡਕੇ ਨਵਾਂ ਕਿਲਾ ਬਣਾਇਆ।

ਮਹਾਰਾਜਾ ਰਣਜੀਤ ਸਿੰਘ ਨੇ ਫਰੀਦਕੋਟ ਅਤੇ ਕੋਟ ਕਪੂਰੇ ਨੂੰ ਜਿਤਿਆ। ਅਤੇ ੪ ਸਾਲ ਉਸਦੇ ਦੀਵਾਨ ਮੁਹਕਮ ਚੰਦ ਨੇ ਇਹ ਇਲਾਕਾ ਆਪਣੇ ਕਬਜ਼ੇ ਵਿਚ ਰਖਿਆ, ਜੋ ਕਿ ਰਾਜਾ ਪਹਾੜਾ ਸਿੰਘ ਨੂੰ ਫੇਰੂ ਸ਼ਹਿਰ ਦੀ ਲੜਾਈ ਵਿਚ ਮਦਦ ਦੇਣ ਕਰਕੇ ਅੰਗ੍ਰੇਜ਼ਾਂ ਨੇ ਵਾਪਸ ਦਿਤਾ।

Digitized by Panjab Digital Library | www.panjabdigilib.org

ਹਮੀਰ ਸਿੰਘ ਤੋਂ ਬਾਦ ਇਨ੍ਹਾਂ ਦੀ ਬੰਸਾਵਲੀ ਇਉਂ ਹੈ:–ਹਮੀਰ ਸਿੰਘ ਦਾ ਪੁਤ੍ਰ ਮੁਹਰ ਸਿੰਘ ਉਸਦਾ ਪੁਤ੍ਰ ਚੜ੍ਹਤ ਸਿੰਘ ਉਸ ਦਾ ਪਹਾੜਾ ਸਿੰਘ ਉਸ ਦਾ ਵਜ਼ੀਰ ਸਿੰਘ ਉਸ ਦਾ ਬਿਕ੍ਰਮਾ ਸਿੰਘ ਉਸ ਦਾ ਬਲਬੀਰ ਸਿੰਘ ਉਸਦਾ ਬ੍ਰਿਜ ਇੰਦਰ ਸਿੰਘ ਉਸ ਦੇ ਪੁਤ੍ਰ ਰਾਜਾ ਹਰਇੰਦ੍ਰ ਸਿੰਘ ਜੀ ਵਰਤਮਾਨ ਹਨ।

ਰਾਜਾ ਪਹਾੜਾ ਸਿੰਘ ਨੇ ਸਿਖਾਂ ਦੀ ਲੜਾਈ ਵਿਚ ਅੰਗਰੇਜ਼ਾਂ ਦੀ ਮਦਦ ਕੀਤੀ, ਜਿਸ ਕਰਕੇ ਕੋਟਕਪੂਰਾ, ਨਾਭੇ ਦਾ ਪਖੋ ਵਾਲ ਵਾਲਾ ਇਲਾਕਾ (ਤਿੰਨ ਲੱਖ ਦਾ) ਉਸ ਨੂੰ ਇਨਾਮ ਦਿਤਾ। ਹੁਣ ਇਹ ਰਿਆਸਤ ੨੦ ਲੱਖ ਦੀ ਹੈ।

ਏਸ ਖਾਨਦਾਨ ਵਿਚੋਂ ਰਾਜਾ ਬਿਕ੍ਰਮਾ ਸਿੰਘ ਵਿਦਿਆ ਦਾ ਬੜਾ ਪਰੇਮੀ ਹੋਇਆ ਹੈ। ਜਿਸ ਨੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਤਿੰਨ ਲੱਖ ਰੁਪਇਆ ਖਰਚ ਕਰਕੇ ਕਰਵਾਇਆ। ਅਤੇ ਰਾਜਾ ਬਲਬੀਰ ਸਿੰਘ ਦੇ ਸਮੇਂ ਛਪਿਆ।

## ਰਿਆਸਤ ਕੈਂਥਲ

ਏਸ ਰਿਆਸਤ ਦਾ ਮੋਢੀ ਭਾਈ ਦੇਸੂ ਸਿੰਘ ਸੀ। ਇਹ ਭਾਈ ਭਗਤੂ ਦੀ ਔਲਾਦ ਵਿਚੋਂ ਸੀ। ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਰਿਧੀਆਂ ਸਿੱਧੀਆਂ ਅਤੇ ਰਾਜਗੀ ਦਾ ਵਰ ਦਿੱਤਾ ਸੀ। ਇਹ ਖਾਨਦਾਨ ਭਾਈਕਿਆਂ ਦਾ ਕਹਾਉਂਦਾ ਸੀ। ਜਿਸ ਦਾ ਫੂਲਕੀਆਂ ਰਿਆਸਤਾਂ ਅਤੇ ਖਾਲਸਾ ਪੰਥ ਵਿਚ ਬੜਾ ਮਾਨ ਸੀ। ੧੭੭੮ ਈ: ਵਿਚ ਭਾਈ ਦੇਸੂ ਸਿੰਘ ਨੇ ਏਥੋਂ ਦੇ ਮੁਸਲਮਾਨ ਨਵਾਬ ਭੀਖੇ ਖਾਂ ਨੂੰ ਹਰਾਕੇ ਕੇਵਲ ੫੦ ਸਵਾਰਾਂ ਨਾਲ ਕੈਂਥਲ ਉਤੇ ਕਬਜ਼ਾ ਕਰ ਲਿਆ। ਇਸ ਦੇ ਪੁਤ੍ਰ ਲਾਲ ਸਿੰਘ ਦੇ ਵੇਲੇ ਇਹ ਰਿਆਸਤ ਬਹੁਤ ਵਧੀ। ਅਰਥਾਤ ਥਾਨੇਸਰ ਤੇ ਕਰਨਾਲ ਦਾ ਇਲਾਕਾ ਅਤੇ ਝੱਜਰ ਦਾ ਇਲਾਕਾ ਇਨ੍ਹਾਂ ਦੇ ਰਾਜ ਵਿਚ ਆ ਗਿਆ ਸੀ। ਜ਼ਿਲਾ ਲੁਧਿਆਣਾ ਤੇ ਗੁੱਜਰਵਾਲ ਵਿਚ ਇਨ੍ਹਾਂ ਦਾ ਕਿਲਾ ਸੀ। ਪਖੋਵਾਲ, ਜੋਧਾਂ ਮਨਸੂਰਾਂ, ਬਦੋਵਾਲ ਅਤੇ ਦਾਖੇ ਦਾ ਪ੍ਰਗਣਾ ਰਾਏ ਕੋਟੀਆਂ ਦਾ ਇਲਾਕਾ ਜਿੱਤ ਕੇ ਮਹਾਰਾਜਾ ਅਮਰ ਸਿੰਘ ਨੇ ਇਨ੍ਹਾਂ ਨੂੰ ਦਿਤਾ ਸੀ। ਫਤਹ ਆਬਾਦ ਤੇ ਬੁਢਲਾਢੇ ਦਾ ਇਲਾਕਾ ਭੀ ਪਟਿਆਲੇ ਵਾਲਿਆਂ ਨੇ ਦਿਤਾ ਸੀ।

ਫੂਲਕਿਆਂ ਅਤੇ ਹੋਰਨਾਂ ਮਿਸਲਾਂ ਦਾ ਆਪੋ ਵਿਚੀਂ ਵਿਗਾੜ ਪੈਣ ਤੇ ਭਾਈਕੇ ਅਤੇ ਜੱਸਾ ਸਿੰਘ ਆਹਲੂਵਾਲੀਆ ਹੀ ਝਗੜਾ ਨਬੇੜਿਆ ਕਰਦੇ ਸਨ।

ਭਾਈ ਲਾਲ ਸਿੰਘ ਦਾ ਪੁਤ੍ਰ ਭਾਈ ਉਦੇ ਸਿੰਘ ਬੜਾ ਬਹਾਦਰ ਤੇ ਵਿਦ੍ਵਾਨ ਸੀ, ਜਿਸ ਨੇ ਭਾਈ ਸੰਤੋਖ ਸਿੰਘ ਨੂੰ ਆਪਣੇ ਪਾਸ ਰਖ ਕੇ 'ਸੂਰਜ ਪ੍ਰਕਾਸ਼' ਆਦਿ ਪੁਸਤਕ ਲਿਖਵਾਏ ਸਨ, ਇਹ ਰਾਜਾ ਮਾਰਚ ੧੮੪੩ ਈਸਵੀ ਵਿਚ ਅਉਤ ਹੀ ਮਰ ਗਿਆ। ਉਸ ਤੋਂ ਪਿਛੋਂ ਇਨ੍ਹਾਂ ਦੀ ਮਾਤਾ ਰਾਜ ਕਰਦੀ ਰਹੀ। ੧੮੫੭ ਦੇ ਗ਼ਦਰ ਵਿਚ ਅੰਗ੍ਰੇਜ਼ਾਂ ਨੇ ਰਿਆਸਤ ਜ਼ਬਤ ਕਰ ਲਈ, ਜੋ ਕਿ ੯ ਲਖ ਦੀ ਸੀ। ਏਸ ਵਿਚ ਕੈਂਥਲ ਦਾ ਉਦਾਲਾ, ਪਟਿਆਲੇ ਦੇ ਆਸ ਪਾਸ ਦਾ ਅਤੇ ਬਠਿੰਡਾ ਤਥਾ ਦਾਖਾ ਅਤੇ ਮਨਸੂਰ, ਗੁਜਰਵਾਲ ਦਾ ਇਲਾਕਾ (ਆਹਲੂਵਾਲੀਆਂ ਤੋਂ ਪਹਿਲਾਂ) ਸੀ। ਦਾਖੇ ਆਦਿ ਦਾ ਪਰਗਣਾ ਮ: ਰਣਜੀਤ ਸਿੰਘ ਨੇ ਜਿਤਕੇ ਆਹਲੂਵਾਲੀਏ ਫਤੇ ਸਿੰਘ ਨੂੰ ਦਿਤੇ ਸੀ।

Digitized by Panjab Digital Library | www.panjabdigilib.org

# ਰਿਆਸਤ ਰਾਏਕੋਟ

ਗੁਰੂ ਦਸਮ ਪਾਤਸ਼ਾਹ ਦੇ ਹਜ਼ੂਰ ਰਾਏ ਕਲ੍ਹਾ ਮੰਜ ਰਾਜਪੂਤ (ਤਲਵੰਡੀ ਵਾਲਾ) ਸੇਵਾ ਕਰਦਾ ਰਿਹਾ ਸੀ। ਜਿਸ ਤੇ ਸਾਹਿਬਾਂ ਨੇ ਪ੍ਰਸੰਨ ਹੋ ਕੇ ਰਾਜਾ ਹੋਣ ਦਾ ਵਰ ਦਿਤਾ ਉਸ ਦੇ ਪੁਤ੍ਰ ਰਾਇ ਅਹਿਮਦ ਨੇ ਤਲਵੰਡੀ ਤੋਂ ਉੱਠਕੇ ੧੭੩੫ ਈਸਵੀ ਵਿਚ ਰਾਏ ਕੋਟ ਬੰਨ੍ਹਿਆਂ, ਤੇ ਬੜੀ ਭਾਰੀ ਰਿਆਸਤ ਕਾਇਮ ਕੀਤੀ।

ਅਹਿਮਦ ਸ਼ਾਹ ਅਬਦਾਲੀ ਦੇ ਸਮੇਂ ਰਾਇ ਅਹਿਮਦ ਨੇ ਰਾਜਾ ਆਲਾ ਸਿੰਘ ਨਾਲ ਛੇੜ ਛਾੜ ਸ਼ੁਰੂ ਕਾਤੀ ਤਾਂ ਕੁਝ ਇਲਾਕਾ ਹਾਰ ਬੈਠਾ। ਇਸ ਦੇ ਮਾਮੇ ਨੀਹਮੇਂ ਵਾਲੇ ਸੌਂਧੇ ਖਾਂ ਨੇ ਫੂਲਕਿਆਂ ਨਾਲ ਬਿਗੜ ਕੇ ਮਾਹਲਾਂ ਦਾ ਪ੍ਰਗਣਾ ਹਰਾਇਆ। ਅਹਿਮਦ ਸ਼ਾਹ ਅਬਦਾਲੀ ਦੇ 'ਘਲੂ ਘਾਰੇ' ਵੇਲੇ (੧੭੬੧) ਵਿਚ ਇਸ ਦੇ ਪੁੱਤ੍ਰ ਅਲਯਾਸ ਇਬਦਾਲੀ ਨੂੰ ਮਦਦ ਦਿਤੀ। ਤਾਂ ਮਹਾਰਾਜਾ ਅਮਰ ਸਿੰਘ ਨੇ ਇਸ ਦਾ ਇਲਾਕਾ ਖੋਹ ਕੇ ਵੱਸੀਆਂ ਜਗਰਾਉਂ ਦਾ ਪ੍ਰਗਨਾ ਜੀਂਦ ਵਾਲਿਆਂ ਨੂੰ ਦਿੱਤਾ। ਦਾਖੇ, ਬਦੋਵਾਲ ਕੈਂਬਲ ਵਾਲਿਆਂ ਨੂੰ ਈਸੜੂ ਦਾ ਇਲਾਕਾ ਜੱਸਾ ਸਿੰਘ ਆਹਲੂਵਾਲੀਏ ਨੂੰ ਪਖੋਵਾਲ ਦਾ ਪ੍ਰਗਣਾ ਨਾਭੇ ਨੂੰ ਦੇ ਦਿਤਾ।

ਰਾਏ ਅਲਿਆਸ ਨੇ (ਜੋ ਛੇਕੜਲਾ ਰਾਜਾ ਸੀ) ਜਾਰਜ ਟਾਮਸਨ ਨੂੰ ਬੇਦੀ ਸਾਹਿਬ ਸਿੰਘ ਦੇ ਮੁਕਾਬਲੇ ਤੇ ਅਪਣੀ ਸਹਾਇਤਾ ਲਈ ਸੱਦਿਆ। ਜਿਸ ਨੇ ਬਹੁਤ ਸਾਰਾ ਨਜ਼ਰਾਨਾਂ ਲਿਆ। ਅਤੇ ਨਾਲੇ ਇਸ ਦੇ ਇਲਾਕੇ ਦੇ ਪਿੰਡ ਲੁਟ ਲਏ। ਉਧਰੋਂ ਬੇਦੀ ਸਾਹਿਬ ਸਿੰਘ ਨਜ਼ਰਾਨਾਂ ਲੈ ਕੇ ਮੁੜਿਆ। ਜੋਧਾਂ ਅਤੇ ਮਨਸੂਰਾਂ ਦੇ ਲੋਕਾਂ ਨੇ ਬੇਦੀ ਸਾਹਿਬ ਨੂੰ ਦੋਬਾਰਾ ਸੱਦ ਕੇ ਉਸ ਦੀ ਅਧੀਨਗੀ ਕਬੂਲ ਕੀਤੀ।

ਮਹਾਰਾਜਾ ਰਣਜੀਤ ਸਿੰਘ ਨੇ ਰਾਇ ਅਲਿਆਸ ਦੇ ਮਰਨ ਪਿਛੋਂ ਉਸ ਦੀ ਰਾਣੀ 'ਭਾਗ ਭਰੀ' ਤੋਂ ਚਾਰ ਪਿੰਡ ਛਡ ਕੇ ਸਭ ਇਲਾਕਾ ਖੋਹ ਲਿਆ। ਦਾਖੇ ਦਾ ਪਰਗਣਾ ਫਤਹ ਸਿੰਘ ਆਹਲੂਵਾਲੀਏ ਨੂੰ ਦਿਤਾ। ਬਦੋਵਾਲ ਤੇ ਲੁਧਿਆਣਾ ਗੁਰਦਿਤ ਸਿੰਘ ਲਾਡੂਏ ਵਾਲੇ ਨੂੰ ਦਿਤਾ। ਏਸ ਦੀ ਰਾਣੀ ਦੇ ਆਉਤ ਜਾਣ ਤੇ ਇਹ ਰਿਆਸਤ ਖਤਮ ਹੋਈ। ਹੁਣ ਤਕ ਇਸ ਦੇ ਭਾਈਆਂ ਦੀ ਉਲਾਦ ਕੋਟਲੀ, ਰਾਣਕੇ, ਮੋਰਗਰੀਮਾਂ ਤੇ ਰਾਇ ਕੋਟ ਦੇ ਬਿਸਵੇਦਾਰ ਸਨ।

# ਰਿਆਸਤ ਮਾਲੇਰ ਕੋਟਲਾ

ਬੰਨੂੰ ਦੇ ਪਠਾਣ ਸਦਰ ਦੀਨ ਆਦਿ ਇਸ ਮੁਸਲਮਾਨ ਰਾਜ ਦੇ ਸਮੇਂ ਏਸੇ ਇਲਾਕੇ ਦੇ ਹਾਕਿਮ ਸਨ। ਉਨ੍ਹਾਂ ਦੀ ਸੰਤਾਨ ਸੂਬਾ ਸਰਹਿੰਦ ਦੇ ਅਧੀਨ ਮਾਂਡਲਕ ਨਾਵਬ ਸੀ। ਗੁਰੂ ਦਸਮ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦੇ ਸਰਹਿੰਦ ਵਿਖੇ ਸ਼ਹੀਦ ਹੋ ਜਾਣ ਦੇ ਸਮੇਂ, ਮਾਲੇਰ ਕੋਟਲੇ ਦਾ ਰਈਸ ਨਵਾਬ ਫਤਹ ਮੁਹੰਮਦ ਖਾਂ ਸੀ। ਉਹਨੇ ਸਾਹਿਬਜ਼ਾਦਿਆਂ ਦਾ ਹਾਹ ਦਾ ਨਾਅਰਾ ਮਾਰਿਆ ਸੀ। ਇਸ ਕਰ ਕੇ ਗੁਰੂ ਮਹਾਰਾਜ ਨੇ ਇਸ ਨੂੰ ਵਰ ਦਿਤਾ ਕਿ ਇਸ ਦਾ ਰਾਜ ਅਟੱਲ ਰਹੇਗਾ ਅਤੇ ਟਕਸਾਲ ਚਲੇਗੀ, ਜੋ ਹੁਣ ਤਕ ਕਾਇਮ ਰਹੀ।

Digitized by Panjab Digital Library | www.panjabdigilib.org

ਖਾਲਸਾ ਪੰਥ ਨੇ ਗੁਰੂ ਮਹਾਰਾਜ ਦੇ ਵਰ ਦੇਣ ਕਰਕੇ ਇਹਨਾਂ ਨੂੰ ਮੁਕਾਇਆ ਨਹੀਂ। ਬਲਕਿ ਤਕੜਾ ਚਿਰ ਇਹਨਾਂ ਉਤੇ ਕੋਈ ਹੱਲਾ ਨਹੀਂ ਕੀਤਾ। ਮਗਰ ਇਹਨਾਂ ਨੇ ਬੇ-ਅਕਲੀ ਕਰ ਕੇ ਮਹਾਰਾਜਾ ਆਲਾ ਸਿੰਘ ਨਾਲ ਛੇੜ ਛਾੜ ਕਰਕੇ ਆਪਣਾ ਬਹੁਤ ਸਾਰਾ ਇਲਾਕਾ ਖੁਹਾ ਲਿਆ। ਮਲੌਦ ਦਾ ਪ੍ਰਗਣਾ, ਧੂਰੀ ਦਾ ਇਲਾਕਾ ਅਤੇ ਪੈਲ ਦਾ ਪ੍ਰਗਣਾ ਇਹ ਸਭ ਉਸ ਸਮੇਂ ਮਾਲੇਰਕੋਟਲੇ ਦੇ ਸੀ।

# ਰਿਆਸਤ ਕਲਸੀਆ

ਸ: ਬਘੇਲ ਸਿੰਘ ਕਰੋੜੀਆ ਮਿਸਲ ਦੇ ਸਰਦਾਰ ਦਾ ਭਤੀਜਾ ਸ: ਜੋਧ ਸਿੰਘ ਓਸਦੇ ਜੀਉਂਦੇ ਜੀ ਰਿ: ਕਲਸੀਆ, ਜਿਸ ਦੀ ਰਾਜਧਾਨੀ ਛਛਰੌਲੀ ਜਿ: ਅੰਬਾਲਾ ਵਿਚ ਹੈ, ਸਿੰਘਾਂ ਦੀਆਂ ਮਾਰਾਂ ਮਾਰਨ ਵੇਲੇ ੪ ਲੱਖ ਦਾ ਇਲਾਕਾ ਮੱਲ ਬੈਠਾ ਸੀ, ਜੋ ਓਸਦੀ ਔਲਾਦ ਦੇ ਕਬਜ਼ੇ ਵਿਚ ਅਜ ਤਕ ਹੈ। ਇਥੇ ਦੇ ਰਈਸ ਮ: ਰਿਪਦਮਨ ਸਿੰਘ (ਨਾਭਾ) ਦੀ ਸਪੁਤ੍ਰੀ ਬੀਬੀ ਅੰਮ੍ਰਿਤ ਕੌਰ ਨੂੰ ਵਿਆਹੇ ਹੋਏ ਸੀ, ਜੋ ਸ: ਗੁਰਦਿਆਲ ਸਿੰਘ ਮਾਨਸਾਰਹੀਏ ਦੀ ਦੁਹਤੀ ਸੀ ਇਨ੍ਹਾਂ ਦੇ ਕੁਝ ਪਿੰਡ ਜਿ: ਫੀਰੋਜ ਪੁਰ ਵਿਚ ਚੜਿੱਕ ਤੇ ਮੰਡੀਰ ਆਦਿ ਸਨ, ਜੋ ਜਿ: ਅੰਬਾਲਾ ਦੇ ਪਿੰਡਾਂ ਦੇ ਬਦਲੇ ਜਿ: ਫੀਰੋਜ਼ ਪੁਰ ਵਿਖੇ ਆ ਗਏ ਹਨ।

# ਰਿਆਸਤ ਨਨੌਤਾ

੧੮ ਵੀਂ ਸਦੀ ਈਸਵੀ ਵਿਚ ਕਿਲਾ ਪ੍ਰੀਖਤ ਗੜ੍ਹ ਜਿਲਾ ਮੇਰਠ ਵਿਚ ਇਕ ਛੋਟੀ ਜਿਹੀ ਬ੍ਰਾਹਮਣਾਂ ਦੀ ਰਿਆਸਤ ਸੀ ਉਹਦਾ ਰਾਜਾ ਸੰਤਾਨ ਹੀਨ ਸੀ। ਉਸ ਨੇ ਆਪਣੇ ਪ੍ਰੇਮੀ ਸੇਵਕ 'ਨੈਨਪਾਲ'–ਗੁੱਜਰ ਨੂੰ ਦੇ ਦਿਤੀ, ਜੋ ਨਨੌਤਾ ਜਿ: ਸਹਾਰਨਪੁਰ ਦੇ ਚਉਧਰੀ ਦਾ ਪੁਤ੍ਰ ਅਤੇ ਥਾਨੇਸਰ ਵਾਲੇ ਰਾਜਿਆਂ ਵਿਚੋਂ ਸੀ। ਬ੍ਰਾਹਮਣ ਰਾਜੇ ਦਾ ਨਿਕਟੀ ਸੰਬੰਧੀ ਭੀ ਕੋਈ ਨਹੀਂ ਸੀ, ਪਰ ਫੇਰ ਭੀ ਬ੍ਰਾਹਮਣਾਂ ਨੇ ਇਕੱਠੇ ਹੋਕੇ ਨੈਨਪਾਲ ਤੋਂ ਰਾਜ ਖੋਹ ਲਿਆ। ਤਾਂ ਉਸਨੇ ਪੰਥ ਖਾਲਸਾ ਦੀ ਦੁਹਾਈ ਦਿਤੀ, ਜੋ ਕਿ ਅੱਗੇ ਹੀ ਓਸ ਇਲਾਕੇ ਵਿਚ ਫਿਰ ਚੁਕੀ ਸੀ। ਤਾਂ ਸਿਖ ਸਰਦਾਰਾਂ ਅਤੇ ਰਾਜਾ ਸਾਹਿਬ ਸਿੰਘ (ਪਟਿਆਲਾ) ਨੇ ਉਨ੍ਹਾਂ ਬ੍ਰਾਹਮਣਾਂ ਨੂੰ ਭਜਾ ਕੇ ਉਸ ਗੁੱਜਰ ਨੂੰ ਪ੍ਰੀਖਤ ਗੜ੍ਹ ਦਾ ਰਾਜ਼ਾ ਬਣਾਇਆ। ਤਾਂ ਉਹ ਸਿਖ ਬਣ ਗਿਆ। ਅਤੇ ਉਸ ਦਾ ਨਾਉਂ 'ਨੈਣ ਸਿੰਘ' ਹੋਇਆ। ਓਸਦੇ ਕੁਝ ਪਿੰਡ ਜਮਨਾ ਦੇ ਉਰਾਰ ਭੀ ਸਨ। ਇਸ ਕਰਕੇ ਨੈਣਾ ਸਿੰਘ ਨੇ ਸਿੰਘਾਂ ਦਾ ਨੇੜ ਤੱਕ ਕੇ ਆਪਣੇ ਪਹਿਲੇ ਪਿੰਡ ਨਨੌਤੇ ਵਿਚ ਆਪਣੀ ਬੜੀ ਰਾਜਧਾਨੀ ਰਖੀ। ਅਤੇ ਛੋਟੀ ਪ੍ਰੀਖਤ ਗੜ ਵਿਚ ਰਖੀ। ਉਸ ਦੀ ਰਿਆਸਤ ੮ ਲੱਖ ਦੀ ਸੀ। ਅਫਸੋਸ, ਉਹਦੇ ਯਤਨ ਕਰਨ ਤੇ ਭੀ ਕੋਈ ਸੰਤਾਨ ਨ ਹੋਈ। ਉਸ ਦੀ ਛੋਟੀ ਰਾਣੀ ਲੰਢੌਰੇ ਤੋਂ ਸੀ। ਰਿਆਸਤ ਜਿਸ ਭਾਉ ਆਈ, ਓਸੇ ਭਾਉ ਗਈ। (ਭਾ: ਸਿਆਮ ਸਿੰਘ ਨਿਹੰਗ ਦ੍ਵਾਰਾ ਪ੍ਰਾਪਤ)

# ਲੁਟੇਰੇ ਸੈਨਾਪਤੀ

ਭਾਰਤ ਦੇ ਇਤਿਹਾਸ ਵਿਚ ਬਾਹਰੋਂ ਆ ਕੇ ਹਮਲਾ ਕਰਨ ਵਾਲਿਆਂ ਵਿਚੋਂ ਕੁਝ ਅਜੇਹੇ ਭੀ ਹੋਏ, ਹਨ ਜਿਨ੍ਹਾਂ ਨੇ ਏਸ ਦੇਸ ਦੀ ਉੱਚ ਸਭਯਤਾ ਤੇ ਕੁਦਰਤੀ ਮਹਾਨਤਾ ਨੂੰ ਅਖੋਂ ਓਹਲੇ ਕਰਕੇ ਕੇਵਲ

Digitized by Panjab Digital Library | www.panjabdigilib.org

ਸੰਪਤੀ ਅਤੇ ਧਰਮ ਨੂੰ ਹਰਨ ਵਾਸਤੇ ਅਨੇਕ ਵਾਰ ਉਸ ਤੇ ਖੂਨੀ ਹਮਲੇ ਕੀਤੇ, ਅਤੇ ਬੇ ਅੰਤ ਧਨ ਧਾਮ ਲੁਟਣ ਤੋਂ ਬਿਨਾਂ ਲੱਖਾਂ ਹੀ ਨੌਜਵਾਨ ਲੜਕੇ ਲੜਕੀਆਂ ਨੂੰ ਧੱਕੇ ਨਾਲ ਆਪਣੇ ਦੇਸਾਂ ਵਿਚ ਲਿਜਾ ਕੇ ਟਕੇ ਟਕੇ ਵਿਚ ਨੀਲਾਮ ਕੀਤਾ। ਇਨ੍ਹਾਂ ਵਿਚੋਂ ਮਹਮੂਦ ਅਤੇ ਤੈਮੂਰ ਨੇ ਰਾਜਸਥਾਨ, ਪੰਜਾਬ ਅਤੇ ਗੁਰੂ ਕੇ ਮਾਲਵੇ ਦੇ ਚੰਗੇ ਚੰਗੇ ਸ਼ਹਿਰ, ਮੰਦਰ ਅਤੇ ਰਾਜਧਾਨੀਆਂ ਨੂੰ ਲੁਟ ਕੇ ਇਸ ਦੇ ਧਰਮ, ਅਣਖ ਅਤੇ ਸੁਹੱਪਣ ਨੂੰ ਕੁਚਲ ਕੇ ਦੀਰਘ ਕਾਲ ਤਕ ਇਸ ਨੂੰ ਨਿਰਬਲ, ਬੇ-ਅਣਖਾ ਤੇ ਪ੍ਰਾਧੀਨ ਰਹਿਣ ਲਈ ਮਜਬੂਰ ਕਰ ਦਿਤਾ। ਉਹਨਾਂ ਵਿਚੋਂ ਮਹਮੂਦ ਗ਼ਜ਼ਨਵੀ, ਅਮੀਰ ਤੈਮੂਰ, ਨਾਦਰ ਸ਼ਾਹ ਅਤੇ ਅਹਿਮਦਸ਼ਾਹ ਗਿਲਜ਼ਈ ਸਦਾ ਅੱਖਾਂ ਅਗੇ ਰਖਣ ਵਾਲੇ ਹਨ। ਇਹਨਾਂ ਵਿਚੋਂ ਗ਼ਜ਼ਨਵੀ ਅਤੇ ਤੈਮੂਰ ਦਾ ਜ਼ਿਕਰ ਉਪਰ ਹੋ ਚੁਕਿਆ ਹੈ। ਨਾਦਰ ਸ਼ਾਹ ਤੇ ਐਹਮਦ ਸ਼ਾਹ ਦੀ ਕਰਤੂਤ ਭਾਵੇਂ ਸਿਖ ਰਾਜ ਦੇ ਵਰਣਨ ਵਿਚ ਭੀ ਥਾਂ ਥਾਂ ਤੇ ਸੰਖੇਪ ਰੂਪ ਵਿਚ ਆਵੇਗੀ, ਪ੍ਰੰਤੂ ਉਹਨਾਂ ਦੇ ਕਾਰਨਾਮਿਆਂ ਨੂੰ ਨਿਰੋਲ ਇਕ ਜਗ੍ਹਾ ਲਿਖ ਦੇਣਾ ਖੋਜੀਆਂ ਲਈ ਸੌਖਾ ਪੜ੍ਹਣ ਦਾ ਕਾਰਨ ਬਣੇਗਾ।

## ਨਾਦਰ ਸ਼ਾਹ

ਇਹ ਖੁਰਾਸਾਨ ਕੈਸ਼ਪਾਇਨ ਝੀਲ ਦੇ ਕੰਢੇ 'ਇਮਾਮ' ਨਾਮੇ ਕੁਲੀ ਦੇ ਘਰ ੧੬੮੭ ਈ: ਵਿਚ ਜੰਮਿਅ। ਜੁਆਨ ਹੋਣ ਤਕ ਉਕਤ ਝੀਲ ਦੇ ਕੰਢੇ ਤੇ ਭੇਡਾਂ ਬਕਰੀਆਂ ਚਾਰਦਾ ਰਿਹਾ। ਫੇਰ ਫ਼ਾਰਿਸ ਦੀ ਫ਼ੌਜ ਵਿਚ ਭਰਤੀ ਹੋਕੇ ਉਸ ਦਾ ਸੈਨਾਪਤੀ ਬਣ ਗਿਆ। ਜਨਵਰੀ ੧੭੩੯ ਈਃ ਵਿਚ, ਜਦ ਕਿ ਦਿੱਲੀ ਵਿਚ ਮਹੰਮਦ ਸ਼ਾਹ ਰੰਗੀਲੇ ਦਾ ਰਾਜ ਸੀ, ਬਹੁਤ ਸਾਰੀ ਮੁਸਲੱਕੀ ਫ਼ੌਜ ਲੈ ਕੇ ਪੰਜਾਬ ਤੇ ਹਿੰਦੁਸਤਾਨ ਤੇ ਚੜ੍ਹ ਆਇਆ। ਮਾਝੇ ਮਾਲਵੇ ਦੀ ਜਨਤਾ ਨੂੰ ਲੁਟਦਾ ਬਰਬਾਦ ਕਰਦਾ ਦਿੱਲੀ ਪੁਜਾ, ਤੇ ਦਿੱਲੀ ਵਿਚ ਕਤਲ ਆਮ ਕੀਤਾ। ਸ਼ਾਹੀ ਖਜ਼ਾਨੇ 'ਚੋਂ ਤੀਹ ਕਰੋੜ ਨਕਦ ਲੁਟਿਆ। ਮਹੰਮਦ ਸ਼ਾਹ ਨੇ ਅਧੀਨਗੀ ਮੰਨ ਕੇ ਆਪਣੀ ਲੜਕੀ ਦਾ ਵਿਆਹ ਉਸ ਦੇ ਪੁਤਰ 'ਨਾਸਿਰ' ਨਾਲ ਕੀਤਾ। ਏਸੇ ਸਾਲ ੫ ਮਈ ਨੂੰ ਪੰਜਾਬ ਨੂੰ ਮੁੜਿਆ। ਤਾਂ ਉਸਦੇ ਲਾਹੌਰ ਪੁਜਣ ਤੋਂ ਪਹਿਲਾਂ ਹੀ ਸਿਖ ਦਲਾਂ ਨੇ ਉਸਦਾ ਸਾਰਾ ਖ਼ਜ਼ਾਨਾ ਲੁਟ ਲਿਆ। ਸ਼ਸਤ੍ਰ ਆਦਿ ਖ਼ਰੀਦਨ ਤੋਂ ਬਿਨਾ ਖੁਲ੍ਹੇ ਲੰਗਰ ਲਾਏ ਤੇ ਗ਼ਰੀਬਾਂ ਨੂੰ ਵੰਡਿਆ। ਨਾਦਰ ਸ਼ਾਹ ਨੇ ਹੈਰਾਨ ਹੋ ਕੇ ਖ਼ਾਨ ਬਹਾਦਰ ਸੂਬਾ ਲਾਹੌਰ ਨੂੰ ਪੁਛਿਆ ਕਿ ਇਹ ਕੌਣ ਹਨ, ਜਿਨ੍ਹਾਂ ਨੇ ਮੈਨੂੰ ਲੁਟਿਆ ਹੈ ? ਮੈਂ 'ਦੇਸ ਉਨਕੇ ਦੀ ਧੂੜ ਉਡਾਊਂ, ਜਿਤ ੨ ਲੁਟਿਓ ਧਨ ਦੂਗਨ ਕਢਾਊਂ' (ਗਿ. ਗਿਆਨ ਸਿੰਘ) ਤਾਂ ਉਸ ਨੇ ਨਾਦਰ ਸ਼ਾਹ ਨੂੰ ਹੇਠ ਲਿਖੇ ਸ਼ਬਦਾਂ ਵਿਚ ਉੱਤਰ ਦਿਤਾ ੲ–'ਚਾਹ ਕਰੇਂ ਅੰਨ ਦੀ ਨ ਧਨ ਦੀ ਪਰਵਾਹ ਕਰੇਂ, ਯਾਦ ਕਰੇਂ ਰਬ ਨੂੰ ਨ ਹੋਰ ਨੂੰ ਵਡਾਈ ਦੇਂ। ਹਮ ਸੋਂ ਜੁਝਾਰ ਰਹੇਂ, ਤਿਆਰ ਬਰ ਤਿਆਰ ਰਹੇਂ, ਰਹੇਂ ਜਾ ਉਜਾੜ, ਦਿਨੇ ਕਿਤੇ ਨ ਦਿਖਾਈ ਦੇਂ। ਬਾਘ ਡਰੇਂ, ਤਾਜ ਡਰੇਂ, ਰਾਜੇ ਰਜਰਾਜ ਡਰੇ, ਡਰੇਂ ਸ਼ਾਹ ਨਾਦਰ ! ਸੁ ਹਮ ਭੀ ਦੁਹਾਈ ਦੇਂ। ਕੂਟ ਜਾਣ ਲੁਟ ਜਾਣ, 'ਕੇਹਰਿ' ਅਛੱਤ ਜਾਣ, ਟੁਟ ਜਾਣ, ਫੁਟ ਜਾਣ ਫੇਰ ਨ ਵਡਾਈ ਦੇਂ।' ਇਸ ਗੱਲ ਨੂੰ ਸੁਣ ਕੇ ਨਾਦਰ ਸ਼ਾਹ ਨੇ ਬੜੀ ਚਿੰਤਾ ਨਾਲ ਆਖਿਆ। ਇਹ ਮਾਰਿਆਂ ਨਹੀਂ ਮਰ ਸਕਦੇ। ਇਹ ਜ਼ਰੂਰ ਕਿਸੇ ਦਿਨ ਏਸ ਦੇਸ਼ ਦੇ ਰਾਜੇ ਹੋਣਗੇ।

## ਅਹਿਮਦ ਸ਼ਾਹ ਅਬਦਾਲੀ

ਇਹ ਦੁਰੱਾਨ ਦਾ ਰਹਿਣ ਵਾਲਾ, ਅਬਦਾਲੀ ਭੇਖ ਨੂੰ ਮੰਨਣ ਵਾਲਾ ਪਠਾਣਾਂ ਦੇ ਗਿਲਜ਼ਈ

Digitized by Panjab Digital Library | www.panjabdigilib.org

ਕਬੀਲੇ ਵਿਚੋਂ ਜ਼ਮਾਨ ਖ਼ਾਨ ਦਾ ਪੁਤਰ ਸੀ। ਪਹਿਲਾਂ ਨਾਦਰ ਸ਼ਾਹ ਦਾ ਖ਼ਜ਼ਾਨਚੀ ਤੇ ਪਿਛੋਂ ਸੈਨਾਪਤੀ ਰਿਹਾ ਸੀ। ਇਸ ਨੇ ੧੭੪੭ ਈਂ ਵਿਚ ਅਹਿਮਦ ਸ਼ਾਹ ਬਾਦਸ਼ਾਹ ਦੇ ਵੇਲੇ ਪੰਜਾਬ ਤੇ ਪਹਿਲਾ ਹਮਲਾ ਕੀਤਾ। ਤਾਂ ਦਿੱਲੀ ਦੇ ਵਜ਼ੀਰ ਕਮਰਦੀਨ ਦੇ ਪੁਤਰ 'ਮੀਰ ਮਨੂੰ' ਨੇ ਜ਼ਿਲਾ ਲੁਧਿਆਣਾ ਦੇ ਪਿੰਡ ਮਾਨੂੰ ਪੁਰ (ਖੰਨੇ ਕੋਲ) ਅਬਦਾਲੀ ਨੂੰ ਹਾਰ ਦਿਤੀ। ਤਾਂ ਭੱਜੇ ਜਾਂਦੇ ਅਬਦਾਲੀ ਨੂੰ ਸਿੰਘਾਂ ਨੇ ਵਜ਼ੀਰਾਬਾਦ ਤੇ ਸਿਆਲਕੋਟ ਕੋਲ ਛਾਪਾ ਮਾਰ ਕੇ ਲੁਟ ਲਿਆ, ਤੇ ਕਈ ਹਜ਼ਾਰ ਹਿੰਦੂ ਲੜਕੀਆਂ ਕੈਦ ਤੋਂ ਛੁੜਾਕੇ ਘਰੀਂ ਪੁਚਾਈਆਂ। ਉਸ ਵਕਤ ਸਿੱਖਾਂ ਦੇ ੬੫ ਜਥੇ ਬਣ ਚੁਕੇ ਸਨ। ੧੭੪੯ ਵਿਚ ਅਬਦਾਲੀ ਨੇ ਦੂਜਾ ਹੱਲਾ ਕੀਤਾ ਤਾਂ ਮਨੂੰ ਨੇ ੧੪ ਲੱਖ ਨਜ਼ਰਾਨਾ ਦੇ ਕੇ ਲਾਹੌਰ ਤੋਂ ਹੀ ਮੋੜ ਦਿਤਾ।

ਫੇਰ ਏਸ ਨੇ ੧੭੫੨ ਈਃ ਵਿਚ ਤੀਜਾ ੧੭੫੩ ਈ: ਵਿਚ ਚੌਥਾ ਹਮਲਾ ਕਰ ਕੇ ਕਸ਼ਮੀਰ ਲੁਟਿਆ, ਪੰਜਵਾਂ ਹਮਲਾ ੧੭੫੭ ਵਿਚ ਕੀਤਾ ਪਰ ਫ਼ੌਜ ਵਿਚ ਹੈਜ਼ਾ ਪੈ ਜਾਣ ਦੇ ਕਾਰਨ ਸਰਹੰਦ ਤੋਂ ਮੁੜ ਗਿਆ। ਓਸੇ ਸਮੇ ਸਿੰਘਾਂ ਨੇ ਦਿੱਲੀ ਨੂੰ ਜਾਂਦਾ ਖ਼ਜ਼ਾਨਾ ਲੁੱਟਿਆ। ਏਸੇ ਵਾਰ ਅਬਦਾਲੀ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਗਿਰਾਕੇ ਸਰੋਵਰ ਮਿਟੀ ਨਾਲ ਪੂਰ ਦਿਤਾ। ਗੁਰਦੁਆਰਾ ਥੰਮ ਸਾਹਿਬ (ਕਰਤਾਰ ਪੁਰ) ਨੂੰ ਫੂਕ ਦਿਤਾ। ਏਸੇ ਸਾਲ ਛੇਵੀਂ ਵਾਰ ਜਹਾਨ ਖ਼ਾਂ ਦੇ ਰਾਹੀਂ ਲਾਹੌਰ ਤੇ ਕਬਜ਼ਾ ਕੀਤਾ। ਸਤਵਾਂ ਹਮਲਾ ੧੭੫੯ ਵਿਚ ਕੀਤਾ ਤੇ ਮਰਹਟਿਆਂ ਨੂੰ ਹਰਾਇਆ ੧੭੬੧ ਵਿਚ ਅਠਵੀਂ ਵਾਰ ਹਮਲਾ ਕਰ ਕੇ ਪਾਣੀਪਤ ਤੇ ਮਰਹਟਿਆਂ ਦੀ ਲਗ ਭਗ ਪੌਣੇ ਦੋ ਲਖ ਫੌਜ ਨੂੰ ਡਾਢੀ ਹਾਰ ਦੇ ਕੇ ਉਹਨਾਂ ਦਾ ਲੱਕ ਤੋੜ ਦਿਤਾ। ੧੭੬੨ ਵਿਚ ਵਡਾ ਘੱਲੂਘਾਰਾ ਵਰਤਿਆ। ਜੋਕੁਪ–ਰਹੀੜੇ (ਮਾਲੇਰ ਕੋਟਲਾ) ਤੋਂ ਚਲ ਕੇ ਕੁਠਾਲਾ, ਘੁੰਘਰਾਣਾ, ਗੁੱਜਰਵਾਲ, ਪੱਖੋਵਾਲ, ਅਤੇ ਕੁਤਬਾ ਆਦੀ ਪਿੰਡੀਂ ਹੁੰਦਾ ਹੋਇਆ ਗਹਿਲੀਂ (ਰਿਃ ਪਟਿਆਲਾ) ਜਾ ਕੇ ਰੁਕਿਆ। ਏਸ ਘਲੂਘਾਰੇ ਵਿਚ ਪੰਜਾਹ ਹਜ਼ਾਰ ਸਿੰਘਾਂ ਵਿਚੋਂ ਤੀਹ ਹਜ਼ਾਰ ਸ਼ਹੀਦ ਹੋਏ ਏਸ ਘਲੂਘਾਰੇ ਵਿਚ ਭਾਵੇਂ ਸਿੱਖਾਂ ਦਾ ਬਹੁਤ ਵਡਾ ਨੁਕਸਾਨ ਹੋਇਆ। ਪਰ ਖ਼ਾਲਸੇ ਦਾ ਦਮ ਪੱਕ ਜਾਣ ਕਰਕੇ ਇਹੋ ਘੱਲੂਘਾਰਾ ਸਿਖ ਰਾਜ ਦਾ ਬਾਨ੍ਹਣੂ ਹੋਇਆ। ੧੭੬੪ ਈਃ ਵਿਚ ਨਜੀਬ ਖ਼ਾਂ ਵਜ਼ੀਰ ਦਿਲੀ ਦੇ ਸੱਦਣ ਤੇ ਅਬਦਾਲੀ ਫੇਰ ਆਇਆ। ਪਰ ਮੁਸਤਫ਼ਾਬਾਦ ਜ਼ਿਲਾ ਅੰਬਾਲਾ ਤੋਂ ਹੀ ਪਿਛੇ ਮੁੜ ਗਿਆ ਕਿਉਂਕਿ ਕਾਬਲ ਵਿਚ ਗ਼ਦਰ ਹੋਗਿਆ ਸੀ। ੧੭੬੫ ਈਃ ਵਿਚ ਫੇਰ ਆਇਆ। ਜਦੋਂ ਸਰਹੰਦ ਅਤੇ ਕੁੰਜ ਪੁਰੇ ਕੋਲ ਸਿੰਘਾਂ ਨੇ ਉਸ ਨੂੰ ਚੰਗੇ ਹਥ ਵਿਖਾਏ। ਮੁੜਦੇ ਹੋਏ ਨਾਲ ਰੋਪੜ ਕੋਲ ਸਿੰਘਾਂ ਨੇ ਫੇਰ ਲੜਾਈ ਕੀਤੀ ਤੇ ਕਾਫ਼ੀਆ ਤੰਗ ਕੀਤਾ। ਬਦਲਾ ਲੈਣ ਲਈ ੧੭੬੬ ਵਿਚ ਉਹ ਫੇਰ ਸਰਹੰਦ ਪੁੱਜਾ ਤਾਂ ਮਨੀ ਮਾਜਰੇ ਕੋਲ ਸਿੰਘਾਂ ਨਾਲ ਖੂਬ ਲੜਾਈ ਹੋਈ। ਜਿਸ ਵਿਚ ਉਸ ਨੂੰ ਵਾਪਿਸ ਮੁੜਨਾ ਪਿਆ। ਬਸ, ਫੇਰ ਨਹੀਂ ਆਇਆ। ਅਤੇ ਨਸੂਰ ਦੀ ਬੀਮਾਰੀ ਨਾਲ ਕਾਬਲ ਜਾ ਕੇ ਏਸ ਸੰਸਾਰ ਤੋਂ ਸਦਾ ਲਈ ਦਫਾ ਹੋਇਆ।

## ਅੰਗ੍ਰੇਜ਼ਾਂ ਦਾ ਸਮਾਂ

(੧੮੦੫ ਈਃ ਤੋਂ ੧੯੪੭ ਈ: ਤਕ)

੧੬ਵੀਂ ਸਦੀ ਵਿਚ ਯੂਰਪ ਦੀਆਂ ਸਾਕਤ ਕੌਮਾਂ ਭਾਰਤ ਜੈਸੇ ਉਪਜਾਊ ਅਤੇ ਅਨੰਤ ਸੰਪੱਤੀ

Digitized by Panjab Digital Library | www.panjabdigilib.org

ਸੰਪੰਨ, ਪਰ ਹੀਨ ਦਸ਼ਾ ਵਾਲੇ ਦੇਸ਼ ਨੂੰ ਲੁੱਟਣ ਦੇ ਸੰਕਲਪ ਨਾਲ ਬਿਉਪਾਰ ਦਾ ਢੌਂਗ ਬਣਾਕੇ ਕਈਆਂ ਟੋਲਿਆਂ ਵਿਚ ਏਧਰ ਨੂੰ ਉੱਲਰ ਪਈਆਂ। ਸਭ ਤੋਂ ਪਹਿਲਾਂ ੧੫੯੮ ਈਃ ਵਿਚ ਪੁਰਤਗਾਲ ਵਾਲੇ, ਫੇਰ ਹਾਲੈਂਡ ਦੇ ਡੱਚ ਆਏ। ੧੬੦੪ ਵਿਚ ਫਰਾਂਸੀਸੀ, ੧੬੦੮ ਵਿਚ ਹਸਪਾਨੀਆਂ ਅਤੇ ੧੬੧੨ ਵਿਚ ਅੰਗ੍ਰੇਜ਼ ਕਲਕੱਤੇ ਆ ਢੁੱਕੇ, ਜੋ ਕਿ ਓਸ ਵੇਲੇ 'ਕਾਲੀ ਘਾਟ' ਦੇ ਉਦਾਲੇ ਪੁਦਾਲੇ ਛੋਟੀ ਜਿਹੀ ਬਸਤੀ ਸੀ।

ਆਂਉਂਦੇ ਸਾਰ ਹੀ ਇਹ ਸਭ ਲੁਟੂ ਟੋਲੇ ਪਰਸਪਰ ਦੀ ਬਿਉਪਾਰਕ ਉੱਨਤੀ ਅਤੇ ਦੇਸ ਵਿਜੈ ਦੀ ਖਾਤਰ ਆਪੋ ਵਿਚੀਂ ਬੜੇ ਲੜੇ, ਜਿਨ੍ਹਾਂ ਵਿਚੋਂ ਅੰਗ੍ਰੇਜ਼ ਕਲਾਇਵ ਜੈਸੇ ਬੇਈਮਾਨਾਂ ਦੇ ਸਦਕੇ ਸਭ ਤੋਂ ਮੀਰੀ ਰਹੇ ਅਤੇ ਲਗਪਗ ਡੇਢ੍ਹ ਸਦੀ ਦੇ ਸਮੇਂ ਵਿਚ ਇਨ੍ਹਾਂ ਨੇ ਹੋਰ ਸਭ ਯੂਰਪੀਨਾਂ ਨੂੰ ਏਥੋਂ ਕਢਕੇ ਬੰਗਾਲ ਵਿਚ ਆਪਣੀ ਹਕੂਮਤ ਬਣਾ ਲਈ। ਅਗੱਸਤ ੧੭੫੭ ਈਃ ਵਿਚ ਪਲਾਸੀ ਦਾ ਜੁਧ ਜਿਤਿਆ ਅਤੇ ਫੇਰ ੧੭੬੭ ਵਿਚ ਬਕਸਰ ਦੀ ਵਿਜੈ ਪਾਉਣ ਤੇ ਇਨ੍ਹਾਂ ਦੀ 'ਈਸਟ ਇੰਡੀਆ' ਨਾਮੇਂ ਕੰਪਨੀ ਦਾ ਨਿਯਮਤ ਤੌਰ ਤੇ ਰਾਜ ਕਾਇਮ ਹੋ ਗਿਆ, ਜਿਸ ਦੀ ਰਾਜਧਾਨੀ ਕਲਕੱਤਾ ਤੇ ਪਹਿਲਾ ਗਵਰਨਰ ਜਨਰਲ 'ਵਾਰਨ ਹਸਤਾਂਗਦ' ਨੀਯਤ ਹੋਇਆ ਜੋ ੧੭੭੨ ਈਃ ਤੋਂ ੧੭੮੫ ਈਃ ਤਕ ਰਿਹਾ। ਅਤੇ ਜਿਸ ਨੇ ਆਪਦੀ ਕੂਟ ਨੀਤੀ ਨਾਲ ਅਵਧ ਆਦਿ ਸੂਬਿਆਂ ਨੂੰ ਹੜਪ ਕਰਕੇ ਕੰਪਨੀ ਸਰਕਾਰ ਦਾ ਚੋਖਾ ਰਾਜ ਅਧਿਕਾਰ ਅਸਥਾਪਨ ਕਰ ਦਿਤਾ।

(੨) ਗਵਰਨਰ ਜਨਰਲ ਕਾਰਨਵਾਲਿਸ ੧੭੮੬ ਤੋਂ ੧੭੯੩ ਈਃ ਤਕ ਰਿਹਾ। ਫੇਰ (੩) ਸਰ ਜਾਨ ਸ਼ੋਰ ੧੭੯੩ ਤੋਂ ੧੭੯੮ ਈ: ਤਕ (੪) ਲਾਰਡ ਵਲਜ਼ਲੀ ੧੭੯੮ ਤੋਂ ੧੮੦੫ ਤਕ। (੫) ਜਾਰਜ ਬਾਰਲੂ ੧੮੦੫ ਤੋਂ ੧੮੦੭ ਤਕ (੬) ਲਾਰਡ ਮਿੰਟੋ ਪਹਿਲਾ ੧੮੦੭ ਤੋਂ ੧੮੧੩ ਈ: ਤਕ (੭) ਮਾਰਕੁਈਸ ਆਫ ਹੇਸਟਿੰਗਜ਼ ੧੮੧੩ ਤੋਂ ੧੮੨੩ ਈਃ ਤਕ (੮) ਐਮਹਰਸਟ ੧੮੨੩ ਤੋਂ ੧੮੨੮ ਤਕ (੯) ਵਿਲੀਅਮ ਬੈਂਟਿੰਗ ੧੮੨੮ ਤੋਂ ੧੮੩੫ ਈਃ ਤਕ (੧੦) ਚਾਰਲਸ ਮਿਟਕਾਫ ੧੮੩੫ ਤੋਂ ੧੮੩੬ ਈਃ ਤਕ (੧੧) ਆਕਲੈਂਡ ੧੮੩੬ ਤੋਂ ੧੮੪੨ ਈਃ ਤਕ (੧੨) ਐਲਨਬਰਾ ੧੮੪੨ ਤੋਂ ੧੮੪੪ ਈਃ ਤਕ (੧੩) ਹਾਰਡਿੰਗ ੧੮੪੪ ਤੋਂ ੧੮੪੮ ਈ: ਤਕ (੧੪) ਲਾਰਡ ਡਿਲਹੌਜ਼ੀ ੧੮੪੮ ਤੋਂ ੧੮੫੬ ਈਃ ਤਕ (੧੫) ਲਾਰਡ ਕੈਨਿੰਗ ੧੮੫੬ ਤੋਂ ੧੮੫੮ ਈ: ਤਕ। ਏਸ ਦੇ ਵੇਲੇ ਭਾਰਤ ਵਿਚ ਭਾਰੀ ਗ਼ਦਰ ਹੋਇਆ, ਜਿਸ ਦੇ ਸ਼ਾਂਤ ਹੋਣ ਤੋਂ ਪਿਛੋਂ ਕੰਪਨੀ ਸਰਕਾਰ ਦਾ ਰਾਜ ਹਟ ਕੇ ਮਲਕਾ 'ਵਿਕਟੋਰੀਆ' ਦਾ ਤਪਾਵਸ ਹੋਇਆ। ਤਾਂ ਲਾਰਡ ਕੈਨਿੰਗ ਦੁਬਾਰਾ ੧੮੫੮ ਵਿਚ ੧੬ਵਾਂ ਗਵਰਨਰ ਜਨਰਲ ਨੀਯਤ ਕਰਕੇ ਭੇਜਿਆ ਗਿਆ ਜੋ ੧੮੬੧ ਈ: ਤਕ ਰਿਹਾ।

(੧੭) ਲਾਰਡ ਐਲਗਨ ੧੮੬੧ ਤੋਂ ੧੮੬੨ ਈਃ ਤਕ (੧੮) ਸਰ ਜਾਨ ਲਾਰੰਸ ੧੮੬੨ ਤੋਂ ੧੮੬੫ ਈ: ਤਕ (੧੯) ਮੇਉ ੧੮੬੫ ਤੋਂ ੧੮੭੨ ਈਃ ਤਕ (੨੦) ਨਾਰਥ ਬਰੂਕ ੧੮੭੨ ਤੋਂ ੧੮੭੬ ਈ: ਤਕ (੨੧) ਲਾਰਡ ਲਿਟਨ ੧੮੭੬ ਤੋਂ ੧੮੮੦ਈ: ਤਕ (੨੨) ਲਾਰਡ ਰਿਪਨ ੧੮੮੦ ਤੋਂ ੧੮੮੪ ਈ: ਤਕ। ਇਸ ਦੇ ਸਮੇਂ ੧੮੮੨ ਵਿਚ ਪੰਜਾਬੀ ਵਿਸ਼੍ਵ ਵਿਦਯਾਲਯ (ਯੂਨੀਵਰਸਿਟੀ) ਬਣੀ। ਜਿਸ ਵਿਚ ਪ੍ਰੋ: ਗੁਰਮੁਖ ਸਿੰਘ ਵਰਗਿਆਂ ਦੇ ਉਦਮ ਨਾਲ ਪੰਜਾਬੀ-ਗੁਰਮੁਖੀ ਦੀ ਪੜ੍ਹਾਈ ਨੂੰ ਭੀ ਥਾਂ ਮਿਲਿਆ। ਅਤੇ ਗਿ: ਦਿੱਤ ਸਿੰਘ ਜੀ ਪੰਜਾਬੀ ਦੇ ਪਹਿਲੇ ਗਿਆਨੀ ਅਤੇ ਪਹਿਲੇ ਪ੍ਰੋਫੈਸਰ ਬਣੇ। (੨੩) ਡਫਰਨ ੧੮੮੪ ਤੋਂ ੧੮੮੮ ਈ: ਤਕ (੨੪) ਲੈਨਸਡੌਨ ੧੮੮੮ ਤੋਂ ੧੮੯੪ ਈ: ਤਕ

Digitized by Panjab Digital Library | www.panjabdigilib.org

(੨੫) ਐਲਗਨ ਦੂਜਾ ੧੮੯੫ ਤੋਂ ੧੮੯੯ ਈਃ ਤਕ (੨੬) ਲਾਰਡ ਕਰਜ਼ਨ ੧੮੯੯ ਤੋਂ ੧੯੦੫ ਈ: ਤਕ। ਇਸ ਦੇ ਵੇਲੇ ਬੰਗਾਲ ਦੀ ਵੰਡ ਅਤੇ ਦੁਆਮੀ ਬੰਦੋਬਸਤ ਹੋਈ। ਇਸ ਦੀ ਕੁਟਲ ਨੀਤੀ ਨੇ ਭਾਰਤ ਦਾ ਬਹੁਤ ਨੁਕਸਾਨ ਕੀਤਾ। (੨੭) ਲਾਰਡ ਮਿੰਟੋ ਦੂਜਾ ੧੯੦੫ ਤੋਂ ੧੯੧੫ ਈ: ਤਕ। (੨੮)ਲਾਰਡ ਹਾਰਡਿੰਗ ਦੂਜਾ ੧੯੧੦ ਤੋਂ ੧੯੧੬ਈਃ ਤਕ। ਏਸ ਸਮੇ ਕਲਕੱਤੇ ਦੇ ਥਾਂ ਦਿੱਲੀ ਰਾਜਧਾਨੀ ਨੀਯਤ ਹੋਈ (੨੯) ਚੈਮਸਫੋਰਡ ੧੯੧੬ ਤੋਂ ੧੯੨੧ ਈਃ ਤਕ (੩੦) ਰੈਡਿੰਗ ੧੯੨੧ ਤੋਂ ੧੯੨੬ਈਃ ਤਕ (੩੧) ਅਰਵਨ ੧੯੨੬ ਤੋਂ ੧੯੩੧ਈਃ ਤਕ (੩੨) ਵਿਲਿੰਗਡਨ ੧੯੩੨ ਤੋਂ ੧੯੩੬ ਈਃ ਤਕ (੩੩) ਲਿਨਲਿਥਗੋ ੧੯੩੬ ਤੋਂ ੧੯੪੩ ਈਃ ਤਕ (੩੪) ਵੇਵਿਲ ੧੯੪੩ ਤੋਂ ੧੯੪੭ ਈਃ ਤਕ (੩੫) ਮਊਂਟ ਬੇਟਨ ਮਾਰਚ ੧੯੪੭ ਤੋਂ ੧੫ ਅਗਸਤ ੧੯੪੭ ਈਃ ਤਕ ਅਗੇ ਭਾਰਤ ਵਲੋਂ ੧੫ ਅਗਸਤ ਤੋਂ ੨੧ ਜੂਨ ੧੯੪੮ ਈਃ ਤਕ ਗਵਰਨਰ ਜਨਰਲ ਰਹਿ ਕੇ ਭਾਰਤ ਦਾ ਬੇੜਾ ਡੂੰਘੇ ਸਮੰਦ੍ਰ ਵਿਚ ਡਾਵਾਂ ਡੋਲ ਹੁੰਦਾ ਛੱਡ ਗਿਆ।

## ਫੂਲਕੀਆਂ ਰਿਆਸਤਾਂ ਦਾ ਅੰਗ੍ਰੇਜ਼ੀ ਰਾਜ ਦੇ ਅਧੀਨ ਹੋਣਾ

ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਹੋਰਨਾਂ ਮਿਸਲਾਂ ਦੇ ਇਲਾਕੇ ਖੋਹਕੇ 'ਇਕੋ ਖਾਲਸਾ ਰਾਜ' ਬਣਾਉਣ ਦੇ ਬਹਾਨੇ ਅਪਣਾ ਸ਼ਖਸੀ ਰਾਜ ਬਣਾਉਣਾ ਆਰੰਭ ਦਿਤਾ, ਤਾਂ ਮਾਲਵੇ ਦੇ ਸਭ ਰਾਜਿਆਂ, ਰਈਸਾਂ ਨੂੰ ਉਸ ਤੋਂ ਡਰ ਹੋ ਗਿਆ ਤਾਂ ਉਹਨਾਂ ਨੇ ਕੈਂਥਲ ਵਾਲੇ ਭਾਈ ਲਾਲ ਸਿੰਘ ਦੀ ਅਗਵਾਈ ਵਿਚ ਸੰਃ ੧੮੦੬ ਈਃ ਵਿਚ ਜਨਰਲ ਪੇਰਨ ਸਾਹਿਬ ਦੇ ਰਾਹੀਂ ਆਪ ਨੂੰ ਅੰਗ੍ਰੇਜ਼ਾਂ ਦੇ ਅਧੀਨ ਹੋਣ ਲਈ ਲਾਰਡ ਮਿੰਟੋ ਨੂੰ ਸੰਦੇਸ ਭੇਜਿਆ। ਤਾਂ ਉਸ ਨੇ ੧੮੦੯ ਵਿਚ ਇਨ੍ਹਾਂ ਦਾ ਪ੍ਰਸਤਾਵ ਬੜੀਆਂ ਸੁਖਾਲੀਆਂ ਕਾਰਮਾਂ ਉਪਰ ਹੀ ਮੰਨ ਲਿਆ। ਉਨ੍ਹਾਂ ਦਾ ਤਾਤਪ੍ਰਯ ਇਨ੍ਹਾਂ ਦੇ ਮੱਲੇ ਹੋਏ ਜਾਂ ਜਿਤੇ ਹੋਏ ਇਲਾਕਿਆਂ ਦੀ ਰਾਖੀ ਕਰਨੀ ਅਤੇ ਆਪ ਨੂੰ ਕਿਸੇ ਦੁਸ਼ਮਨ ਦੇ ਟਾਕਰੇ ਤੇ ਫੌਜ ਦੀ ਮਦਦ ਲੈਣੀ ਸੀ। ਸੋ ਇਹਨਾਂ ਦੋਹਾਂ ਦੇ ਸਮਝੌਤੇ ਨਾਲ ੩ ਮਈ ੧੮੦੯ ਨੂੰ ਅੰਗ੍ਰੇਜ਼ੀ ਰਾਜ ਵਲੋਂ ਇਸ਼ਤਿਹਾਰ ਨਿਕਲਿਆ। ਉਸ ਵਿਚ ਦੀਆਂ ਸ਼ਰਤਾਂ ਦਾ ਸੰਖੇਪ ਭਾਵ ਇੰਜ ਹੈ :—

(੧) ਸਤਲੁਜ ਦੇ ਇਸ ਪਾਰ ਦੇ ਰਈਸ ਅੰਗ੍ਰੇਜ਼ਾਂ ਦੀ ਅਧੀਨਗੀ ਵਿਚ ਰਹਿੰਦੇ ਹੋਏ ਲਾਹੌਰ ਦਰਬਾਰ ਤੋਂ ਬਾਹਰ ਰਹਿਣਗੇ।

(੨) ਇਨ੍ਹਾਂ ਇਲਾਕਿਆਂ ਤੋਂ ਸਰਕਾਰ ਅੰਗ੍ਰੇਜ਼ੀ ਕਦੇ ਵੀ ਖ਼ਰਾਜ ਨਹੀਂ ਮੰਗੇਗੀ।

(੩) ਸਾਰੇ ਰਈਸਾਂ ਨੂੰ ਆਪਣੇ ਇਲਾਕੇ ਵਿਚ ਓਹੋ ਹੀ ਹੱਕ ਤੇ ਅਖ਼ਤਿਆਰ ਪ੍ਰਾਪਤ ਰਹਿਣਗੇ ਜੋ ਸਰਕਾਰ ਅੰਗ੍ਰੇਜ਼ੀ ਦੇ ਆਉਣ ਤੋਂ ਪਹਿਲਾਂ ਆਪਣੇ ਇਲਾਕੇ ਵਿਚ ਪ੍ਰਾਪਤ ਸਨ।

(੪) ਜਦ ਕਦੀ ਅੰਗ੍ਰੇਜ਼ੀ ਸਿਪਾਹ ਕਿਸੇ ਰਈਸ ਦੇ ਇਲਾਕੇ ਵਿਚੋਂ ਲੰਘੇਗੀ, ਉਹਨੂੰ ਰਸਦ ਦੇਣੀ ਪਏਗੀ।

(੫) ਜਦ ਕੋਈ ਵੈਰੀ ਇਸ ਪਾਸੋਂ ਆਵੇਗਾ, ਤਦ ਸਾਰੇ ਰਈਸਾਂ ਨੂੰ ਫ਼ੌਜ ਦੀ ਮਦਦ ਦੇਣੀ ਪਏਗੀ।

(੬) ਜੇਹੜਾ ਸੁਦਾਗਰ ਅੰਗ੍ਰੇਜ਼ੀ ਲਸ਼ਕਰ ਵਲ ਵਲਾਇਤੀ ਸਾਮਾਨ ਲੈ ਕੇ ਕਿਸੇ ਰਈਸ ਦੀ ਰਿਆਸਤ ਵਿਚੋਂ ਲੰਘੇਗਾ, ਓਸ ਤੋਂ ਮਸੂਲ ਜਾਂ ਜ਼ਕਾਤ ਕੋਈ ਨਾ ਲਈ ਜਾਵੇਗੀ।

Digitized by Panjab Digital Library | www.panjabdigilib.org

(੭) ਜਿਹੜਾ ਆਦਮੀ (ਅੰਗ੍ਰੇਜ਼ੀ) ਰਿਸਾਲੇ ਵਾਸਤੇ ਘੋੜੇ ਖ਼ਰੀਦਣ ਜਾਵੇਗਾ ਤੇ ਉਹਦੇ ਪਾਸ ਸਨਦ ਹੋਵੇਗੀ, ਉਹਨੂੰ ਮਹਸੂਲ ਆਦਿਕ ਕਿਸੇ ਤਰਾਂ ਦੀ ਰੁਕਾਵਟ ਨਾ ਹੋਵੇਗੀ।

(ਤਵਾਰੀਖ ਗੁਰੂ ਖ਼ਾਲਸਾ (ਰਾਜ਼ ਖ਼ਾਲਸ) ਹਿਸਾ ੩ ਭਾਗ ੨ ਸਫ਼ਾ ੧੦੨)

ਪਰ ਇਹ ਸਭ ਇਸ਼ਤਿਹਾਰ ਤੇ ਕਾਰਮਾਂ ਦਿਖਲਾਵੇ ਹੀ ਸਨ । ਥੋੜੇ ਹੀ ਬਰਸਾਂ ਵਿਚ ਅੰਗ੍ਰੇਜ਼ਾਂ ਨੇ ਫੂਲਕਿਆਂ ਦੇ ਬਹੁਤ ਸਾਰੇ ਇਲਾਕੇ ਇਹ ਕਹਿਕੇ ਹੜੱਪ ਕਰ ਲਏ ਕਿ ਇਨ੍ਹਾਂ ਉਤੇ ਉਨ੍ਹਾਂ ਵਲੋਂ ਨਿਯਮਾਨੁਸਾਰ ਪ੍ਰਬੰਧ ਨਹੀਂ ਕੀਤਾ ਗਿਆ। ੨੦੦ ਦੇ ਲਗ ਪਗ ਪਿੰਡ ਜੋ ਮਾਲਵੇ ਦੇ ਗਭਲੇ ਇਲਾਕੇ ਦੇ ਸੀ, ਜਬਤ ਕਰ ਲਏ। ਤਾਂ ਫੂਲਕਿਆਂ ਨੇ ੨੭ ਸਾਲ ਝਗੜਾ ਕਰਕੇ ਉਨ੍ਹਾਂ ਤੋਂ ਕੁਲ ੬੬ ਪਿੰਡ ਵਾਪਸ ਕਰਾਏ ।ਲਾਹੌਰ ਦਰਬਾਰ ਦੀ ਲੜਾਈ ਜਿਤ ਕੇ ਉਨ੍ਹਾਂ ਨਾਲ ਇਕਦਮ ਨਵਾਂ ਅਹਦਨਾਮਾ ਕੀਤਾ ਗਿਆ। ਜਿਸ ਦੀਆਂ ਕਾਰਮਾਂ ਬਹੁਤ ਸਖਤ ਅਤੇ ੧) ਵਿਚੋਂ ।=) ਖਿਰਾਜ ਲੈਣਾ ਲਗਾਇਆ ਗਿਆ, ਅਤੇ ਸੰਤਾਨ ਹੀਨ ਰਈਸਾਂ ਦੀਆਂ ਰਿਆਸਤਾਂ ਪਹਿਲੀ ਕਾਰਮ ਦੇ ਉਲਟ ਪਹਿਲਾਂ ਤੋਂ ਹੀ ਜ਼ਬਤ ਕੀਤੀਆਂ ਜਾਣ ਦਾ ਵਤੀਰਾ ਚਲ ਪਿਆ ਸੀ । ਇਸ ਪ੍ਰਕਾਰ ਅੰਗ੍ਰੇਜ਼ਾਂ ਨੇ ਸਤਲੁਜ ਤੋਂ ਉਰਾਰ ੧੮੪੯ ਈ: ਤਕ ਇਨ੍ਹਾਂ ਰਈਸਾਂ ਤੋਂ ਭੀ ਬਹੁਤ ਸਾਰਾ ਦੇਸ ਆਪਣੇ ਕਾਬੂ ਵਿਚ ਕਰ ਲਿਆ ਸੀ। ਪੰਜਾਬ ਨੂੰ ਖੋਹਣ ਦੇ ਸਮੇਤ ਇਨ੍ਹਾਂ ਨੇ ੧੩੬ ਬਰਸ ਵਿਚ ਦੇਸੀ ਰਾਜਿਆਂ ਨੂੰ ਬਿਲਕੁਲ ਬੇ ਖਰੀਦ ਅਤੇ ਵਿਅਸਨੀ (ਐਬੀ) ਬਣਾਕੇ ਅਪਣੀ ਅਣਖ ਅਤੇ ਬੀਰਤਾ ਨੂੰ ਉਕੀ ਹੀ ਤਿਲਾਂਜਲੀ ਦਿਵਾ ਛਡੀ ਸੀ। ਅਤੇ ਸਿਖਾਂ ਜੈਸੀ ਬਹਾਦਰ ਕੌਮ ਦੇ ਆਸ੍ਰੇ ਅੱਧੀ ਦੁਨੀਆਂ ਨੂੰ ਵਿਜੇ ਕਰਕੇ ਜਾਣ ਲਗੇ, ਉਨ੍ਹਾਂ ਦੀ ਅਮਾਨਤ ਨੂੰ ਅਪਣੇ ਦੁਸ਼ਮਣਾਂ ਦੇ ਹੱਥ ਸੌਂਪ ਗਏ।

# ੫. ਪ੍ਰਕਰਣ
# ਮਾਲਵੇ ਦੀ ਰਾਜਨੀਤੀ ਦਾ ਧਰਮ ਤੇ ਪ੍ਰਭਾਵ

ਪ੍ਰਸੰਗ ਅਨੁਸਾਰ ਇਹ ਵਿਚਾਰ ਕਰਨੀ ਜ਼ਰੂਰੀ ਹੈ, ਕਿ ਮਾਲਵੇ ਦੇ ਮੁਲਕੀ ਇਤਿਹਾਸ ਦਾ ਉਸ ਦੇ ਧਰਮ ਤੇ ਅਤੇ ਧਰਮ ਦਾ ਇਤਿਹਾਸ ਤੇ ਕੀ ਅਸਰ ਹੋਇਆ। ਜੋ ਕਿ ਹੇਠ ਲਿਖੇ ਅਨੁਸਾਰ ਹੈ:–

## ਪ੍ਰਾਚੀਨ ਸਮਾਂ

ਵੈਦਿਕ ਯੁਗ ਵਿਚ ਅਸੀਂ ਰਿਗ ਵੇਦ ਦੁਆਰਾ ਆਰਯ ਅਤੇ ਦਸੂਜ ਸ੍ਰੇਣੀ ਦੇ ਜੁੱਧਾਂ ਦੀ ਹੀ ਵਿਸ਼ੇਸ਼ ਚਰਚਾ ਸੁਣਦੇ ਹਾਂ । ਜੋ ਆਰਯਾਂ ਦੇ ਮੁਲਕੀ ਝਗੜਿਆਂ ਤੋਂ ਬਿਨਾਂ ਜਾਂਗਲੀਆਂ ਵਲੋਂ ਉਨ੍ਹਾਂ ਦੇ ਦੇਵਤਿਆਂ ਅਤੇ ਜੱਗਾਂ ਦੀ ਬੇਇਜ਼ਤੀ ਕਰਨ ਕਰਕੇ ਭੀ ਸੀ । ਨਾਲੇ ਉਸ ਸਮੇਂ ਹਰੇਕ ਘਰਾਣੇ ਦਾ ਮੁਖੀਆ ਹੀ ਆਪਣੇ ਟੱਬਰ ਦਾ ਪ੍ਰੋਹਿਤ ਅਤੇ ਜੰਗੀ ਆਗੂ ਹੁੰਦਾ ਸੀ। ਇਸ ਲਈ ਉਸ ਸਮੇਂ ਦੀ ਰਾਜਨੀਤੀ ਅਤੇ ਧਰਮ ਦੀ ਏਕਤਾ ਅਤੇ ਪ੍ਰੋਹਿਤਾਂ ਦੀ ਅਗਵਾਈ ਵਿਚ ਰਿਚਾਂ ਅਤੇ ਯਜ਼ੁਸ਼ ਦਾ ਵਿਸ਼ੇਸ਼ ਪ੍ਰਚਾਰ ਹੋਣ ਕਰਕੇ ਮਾਲਵਾ ਦੇਸ਼ ਧਰਮਪ੍ਰਧਾਨ ਕਹਾਉਂਦਾ ਸੀ। ਬਲਕਿ ਏਸ ਦ 'ਨਾੜਿਪਿਤ' ਅਤੇ 'ਨੈਮਿਖ' ਆਦਿ ਅਸਥਾਨਾਂ ਵਿਚ ਵੈਦਿਕ ਰਿਖੀਆਂ ਦੀ ਬਹੁਤੀ ਵਸੋਂ ਹੋਣ ਕਰਕੇ

Digitized by Panjab Digital Library | www.panjabdigilib.org

ਸਰਸ੍ਵਤੀ ਅਤੇ ਦ੍ਰਿਸ਼ਦਵਤੀ (ਮਾਰਕੰਡਾ) ਨਦੀ ਦੇ ਵਿਚਕਾਰਲਾ ਦੇਸ਼ ਉਸ ਸਮੇਂ 'ਬ੍ਰਹਮਵਰਤ' ਕਰਕੇ ਪ੍ਰਸਿੱਧ ਸੀ।

## ਬ੍ਰਾਹਮਣ ਯੁਗ

ਜਦੋਂ ਰਾਜਸੀ ਕੰਮਾਂ ਤੋਂ ਵੇਹਲਾ ਕਰਕੇ ਬ੍ਰਹਮਣ ਸ੍ਰੇਣੀ ਨੂੰ ਕੇਵਲ ਪ੍ਰੋਹਿਤੀ ਤੇ ਹੀ ਨੀਯਤ ਕੀਤਾ ਗਿਆ, ਤਾਂ ਬ੍ਰਾਹਮਣੀ ਧਰਮ ਦੀ ਵਿਦਿਅਕ ਅਤੇ ਰਾਜਨੈਤਿਕ ਅੰਸ ਵਿਚ ਵਿਸ਼ੇਸ਼ ਉੱਨਤੀ ਹੋਈ। ਏਥੋਂ ਤਕ ਕਿ ਪਰਮੇਸ੍ਵਰ ਜਾਂ ਵੈਦਿਕ ਦੇਵਤਿਆਂ ਦਾ ਪ੍ਰਤਿਨਿਧੀ ਅਗਨੀ ਦੇਵਤਾ ਅਤੇ ਉਸ ਤੋਂ ਉਤਰਕੇ 'ਬ੍ਰਾਹਮਣ' ਦਾ ਦਰਜ਼ਾ ਮੰਨਿਆ ਜਾਂਦਾ ਸੀ। ਅਤੇ ਰਾਜਿਆਂ ਨੂੰ ਰਾਜਸੀ ਕੰਮਾਂ ਵਿਚ ਸੰਮਤੀ ਅਤੇ ਮੰਤ੍ਰ ਦੇਣ ਵਾਲੇ ਭੀ ਬ੍ਰਾਹਮਣ ਹੀ ਹੁੰਦੇ ਸੀ। ਬਲਕਿ ਆਰਯ ਲੋਕਾਂ ਦੇ ਪੰਜਾਬ ਅਤੇ ਮਾਲਵੇ ਤੋਂ ਗੰਗਾ ਪਾਰ ਦੇ ਇਲਾਕੇ ਰੋਕਣ ਅਤੇ ਬਸਾਉਣ ਵਿਚ ਵੀ ਬ੍ਰਾਹਮਣਾਂ ਦੀ ਅਗਵਾਈ ਸੀ। ਰਿਗ ਵੇਦ ਆਦਿ ਪੁਰਾਤਨ ਗ੍ਰੰਥਾਂ ਵਿਚੋਂ ਅਸੀਂ ਰਾਜਾ 'ਸੁਦਾਸ' ਆਦਿ ਦਾ 'ਵਿਸ਼੍ਵਾਮਿਤ੍ਰ' ਆਦਿ ਦੇ ਰਾਹੀਂ ਸਰਸ੍ਵਤੀ ਆਦਿਕ ਨਦੀਆਂ ਅਤੇ 'ਮਗਧ'-ਤਥਾ ਮਿਥਲਾ ਆਦਿ ਦੇਸਾਂ ਵਿਚ ਵਸਣਾ ਦੇਖਦੇ ਹਾਂ। ਉਸ ਸਮੇਂ ਬ੍ਰਾਹਮਣ–ਧਰਮ ਸ਼ਾਸਤ੍ਰ ਦਾ ਰਾਜਸੀ ਪਾਲਸੀ ਤੇ ਇਤਨਾ ਅਸਰ ਸੀ ਕਿ ਧਰਮ ਪਰਾਇਣ ਮਹਾਰਾਜਾ ਰਾਮ ਚੰਦ੍ਰ ਜੀ ਨੇ 'ਸੰਬੂਕ' ਨਾਮੇ ਸ਼ੂਦ੍ਰ ਤਪੱਸੀ ਨੂੰ ਇਕ ਬ੍ਰਾਹਮਣ ਦਾ ਪੁਤ੍ਰ ਮਰ ਜਾਣ ਤੇ ਜਾਨੋ ਮਾਰ ਦਿਤਾ ਸੀ। ਇਸ ਦਾ ਇਹੋ ਕਾਰਣ ਸੀ ਕਿ ਉਸ ਸਮੇਂ ਰਾਜਨੀਤੀ ਨਾਲੋਂ ਵਰਤਮਾਨ (ਬ੍ਰਾਹਮਣੀ) ਧਰਮ ਉੱਚਾ ਮੰਨਿਆ ਜਾਂਦਾ ਸੀ। ਜੋ ਜੈਨ ਅਤੇ ਬੌਧ ਸਮੇਂ ਸਮੂਹ ਭਾਰਤ ਵਰਸ਼ ਬਲਕਿ ਬਾਲ੍ਹੀਕ (ਬਲ਼ਖ) ਕੰਧਾਰ ਅਤੇ ਮਿਸਰ ਆਦਿ ਦੂਰ ਦੇਸਾਂ ਵਿਚ ਭੀ ਇਸਦਾ ਪ੍ਰਭਾਵ ਸੀ।

## ਜੈਨ ਅਤੇ ਬੁਧ ਧਰਮ

ਦੇ ਸਮੇਂ ਵਿਚ ਭਾਵੇਂ ਵੈਦਿਕ ਕਰਮ ਕਾਂਡ ਦੇ ਸਦਕੇ ਧਰਮ ਵਲੋਂ ਸਾਧਾਰਣ ਜਨਤਾ ਨੂੰ ਬਿਮੁਖਤਾ ਅਤੇ ਅਰੁਚੀ ਹੋ ਗਈ ਸੀ। ਪਰ ਜੈਨੀਆਂ ਦੇ ਸਾਧਨ ਅਤੇ ਬੋਧਾਂ ਦੇ ਤਪ ਅਤੇ ਤਿਆਗ ਦੇ ਸਦਕੇ ਰਾਜਾ ਅਸ਼ੋਕ ਅਤੇ ਮਹਾਰਾਜਾ ਸ੍ਰੀ ਹਰਸ਼ ਵ੍ਰਧਨ ਜੈਸਿਆਂ ਰਾਜਿਆਂ ਨੇ ਭੀ ਭਾਰਤ ਵਰਸ਼ ਦੇ ਬਾਹਰਲੇ ਦੇਸਾਂ ਵਿਚ ਬੋਧ ਧਰਮ ਦਾ ਝੰਡਾ ਰਾਜ-ਪੁਤ੍ਰੀਆਂ ਅਤੇ ਭਿੱਛੂਆਂ (ਸਾਧੂਆਂ) ਦੁਆਰਾ ਝੁਲਾਇਆ। ਅਤੇ ਜਿਸ ਦੇ ਵਿਚੋਂ 'ਮੰਤ੍ਰਬਾਨ' (ਸਿੱਧਾਂ ਦੀ ਸ੍ਰੇਣੀ) ਦੀ ਉਤਪਤੀ ਹੋਣ ਤੇ ਰਾਜਾ ਭਰਤ੍ਰੀ ਅਤੇ ਗੋਪੀ ਚੰਦ ਜੈਸੇ ਸੈਂਕੜੇ ਮਾਇਆ ਧਾਰੀ ਰਾਜ ਭਾਗ ਨੂੰ ਛੱਡ ਕੇ ਮੁੰਦ੍ਰਾ ਝੋਲੀ ਅਤੇ ਖਿੰਥਾ ਦੇ ਧਾਰਨੀ ਬਣੇ। ਇਹ ਸਭ ਧਰਮ ਦਾ ਹੀ ਪ੍ਰਭਾਵ ਸੀ ਜੋ ਉਜੈਨ ਦੇ ਮਾਲਵੇ ਤੋਂ ਬਿਨਾਂ 'ਗੁਰੂ ਕੇ ਮਾਲਵੇ' ਵਿਚ ਪੁਰਾਤਨ ਨੀਤੀ ਅਨੁਸਾਰ ਮਹਾਰਾਜਾ ਸ੍ਰੀ ਹਰਸ਼ ਵਰਧਨ ਦੇ ਸਮੇਂ ਤਕ ਤਿਆਗ ਪ੍ਰਧਾਨ ਦੇ ਰੂਪ ਵਿਚ ਰਹਿਆ। ਬਲਕਿ ਅਜ ਤਕ ਹੈ। ਭਾਵੇਂ ਕਿਸੇ ਪ੍ਰਥਾ ਅਨੁਸਾਰ ਹੋਵੇ, ਇਹ ਕਾਇਰਤਾ ਭਰਿਆ ਅਤੇ ਦਯਾ ਦਾ ਅਸੁੱਧ ਲੱਛਣ ਵਿਦੇਸੀ ਦਰਿੰਦਿਆਂ ਨੂੰ ਭਾਰਤ ਅਤੇ ਹਿੰਦੂ ਸਮਾਜ ਦਾ ਹਜਾਰਾਂ ਬਰਸ ਤਕ ਬਲੀਦਾਨ ਲੈਣ ਲਈ ਬੇਬਸ ਕਰਦਾ ਰਿਹਾ।

## ਯੂਨਾਨੀ ਤੇ ਬਾਖਤਰ ਦੇ ਕੁਸਾਨ, ਸ਼ਕ ਤੇ ਹੂਨ ਆਦਿ

ਜੱਟ ਜਾਤੀਆਂ ਦਾ ਧਰਮ ਭਾਵੇਂ ਪੂਰਬੋਕਤ ਸਭ ਪ੍ਰਕਾਰ ਦੇ ਧਰਮਾਂ ਤੋਂ ਵੱਖਰਾ, ਸਿੱਧਾ ਸਾਦਾ

Digitized by Panjab Digital Library | www.panjabdigilib.org

ਜਿਹਾ ਸੀ। ਮਗਰ ਉਨ੍ਹਾਂ ਦੇ ਕਾਮਯਾਬ ਹੋਣ ਕਰਕੇ ਉਨ੍ਹਾਂ ਦਾ ਸਨੀਚਰ ਅਤੇ ਮੰਗਲ ਆਦਿ ਗ੍ਰਹਾਂ ਨੂੰ ਵਰਤਮਾਨ ਰੂਪ ਵਿਚ ਪੂਜਣਾ, ਭੂਤ, ਪ੍ਰੇਤ, ਖੇਤ੍ਰ ਪਾਲ, ਬੀਬੜੀਆਂ ਅਤੇ ਜੋਗਣੀਆਂ ਨੂੰ ਮੰਨਣਾ ਪੁਰਾਣਕ ਯੁਗ ਵਿਚ ਵਰਤਮਾਨ ਹਿੰਦੂ ਧਰਮ ਦਾ ਇਕ ਖਾਸ ਅੰਗ ਹੋ ਗਿਆ। ਅਤੇ ਉਨ੍ਹਾਂ ਉਪਰ ਭੀ ਵੈਦਿਕ ਅਥਵਾ ਹਿੰਦੂ ਧਰਮ ਦੀ ਅੰਧ ਵਿਸ੍ਵਾਸੀ ਦਾ ਇਤਨਾ ਅਸਰ ਪਿਆ ਜਿਸ ਦੀ ਖਾਤਰ ਉਹ ਅਜ ਭੀ ਮਰਨ-ਮਾਰਨ ਤੇ ਤਿਆਰ ਹੋ ਜਾਂਦੇ ਹਨ। ਭਾਵੇਂ ਇਹ ਧਰਮ ਮੁਸਲਮਾਨੀ ਰਾਜ ਵਿਚ ਕੁਝ ਮਧੱਮ ਸੀ, ਮਗਰ ਸਮਾਂ ਫਿਰ ਜਾਣ ਤੇ ਬਲਕਿ ਮੁਸਲਮਾਨੀ ਧਰਮ ਵਿਚ ਭੀ ਫਕੀਰਾਂ ਅਤੇ ਕਬਰਾਂ ਆਦਿ ਦਾ ਅਤਿ ਸਨਮਾਨ ਅਤੇ ਜਾਦੂ–ਟੂਣਾ–ਟਾਮਣ ਅਤੇ ਪੂਜਾ ਦਾ ਪ੍ਰਚਾਰ ਬਹੁਤ ਹੋ ਜਾਣ ਕਰਕੇ ਅਜ ਕਲ ਦੀ ਜਨਤਾ ਦਾ ਧਰਮ ਪੂਰਬੋਕਤ ਪੁਰਾਣਕ ਧਰਮ ਵਰਗੀ ਵਹਮ ਪ੍ਰਸਤੀ ਦੇ ਰੂਪ ਵਿਚ ਹੈ। ਜੇ ਸੂਖਮ ਵਿਚਾਰ ਕਰੀਏ ਤਾਂ ਅਤਿ ਪਰਾਚੀਨ ਸਮੇਂ ਜਟ, ਮੁਗਲ ਅਤੇ ਸ਼ਕ ਆਦਿ ਜਾਤੀਆਂ ਵੇਦਾਂ ਵਾਲਿਆਂ ਤੋਂ ਨਿਖੜ ਕੇ ਵੈਦਿਕ ਕਰਮ ਕਾਂਡ ਨੂੰ ਛਡਦੀਆਂ ਹੋਈਆਂ ਕੇਵਲ ਭੂਤ, ਪ੍ਰੇਤ, ਜੋਗਨੀਆਂ ਤੇ ਬੀਬੜੀਆਂ ਦੀ ਪੂਜਾ ਕਰਨਾ ਹੀ ਅਪਣਾ ਸਿਧਾ ਜਿਹਾ ਧਰਮ ਮੰਨਦੀਆਂ ਰਹੀਆਂ। ਬਿਦੇਸ਼ਾਂ ਵਿਚ ਧਕੇ ਹੋਏ ਆਰਯਾ ਅਪਣੇ ਅੱਡਰੇ ਵੈਦਿਕ ਦੇਵਤੇ ਹੀ ਪੂਜਦੇ ਰਹੇ। ਦ੍ਰਾਵੜਾਂ ਨੇ ਸ਼ਿਵ ਅਤੇ ਉਹਦੇ ਗਣਾਂ (ਖੇਤ੍ਰਪਾਲ, ਭੈਰਉ ਅਤੇ ਬੇਤਾਲ ਆਦਿ) ਅਤੇ ਨਾਗ੍ਹਾਂ ਤੇ ਬਨਸਪਤੀਆਂ ਨੂੰ ਅਨਾਦੀ ਕਾਲ ਤੋਂ ਪੂਜਣਾ ਅਰੰਭਿਆ ਹੋਇਆ ਸੀ। ਭਾਰਤ ਵਰਸ਼ ਦੇ ਵੈਦਿਕ ਛਤ੍ਰੀਆਂ ਨੇ ਬ੍ਰਾਹਮਣ ਦੇ ਵੈਦਿਕ ਯੱਗਾਂ ਆਦਿ ਕਰਮ ਕਾਂਡ ਤੋਂ ਦੁਖੀ ਹੋ ਕੇ ਗਿਆਨ ਮਾਰਗ ਦੀ ਕਾਢ ਕਢੀ, ਜੋ ਅੰਤ ਨੂੰ ਬ੍ਰਾਹਮਣਾਂ ਨੇ ਉਨ੍ਹਾਂ ਨੂੰ *ਗੁਰੂ ਮੰਨ ਕੇ ਗ੍ਰਹਣ ਕੀਤਾ, ਅਤੇ ਆਪ ਉਸ ਦੇ ਪ੍ਰਚਾਰਕ ਭੀ ਬਣੇ। ਜਦੋਂ ਮਹਾਭਾਰਤ ਦੇ ਜੁਧ ਪਿਛੋਂ ਮੁੜਕੇ ਵੇਦ ਮਾਰਗ ਦਾ ਪ੍ਰਚਾਰ ਹੋਇਆ ਤਾਂ ਯਾਸਕ ਆਦਿ ਦੀ ਨਿਰੁਕਤ, ਪਾਣਿਨਿ ਆਦਿ ਦੇ ਵਿਆਕਰਣ ਅਤੇ ਕੁਮਾਰਿਲ ਭੱਟ ਜੈਸੇ ਵੈਦਿਕ ਧੁਰੰਦਰ ਕਰਮ ਕਾਂਡੀ ਭੀ ਵੇਦ ਅਤੇ ਵੈਦਿਕ ਦੇਵਤੇ ਤਥਾ ਕਰਮ ਕਾਂਡ ਦਾ ਸ੍ਵਰੂਪ ਸਾਸਤ੍ਰੀ ਪੱਧਤੀ ਅਨੁਸਾਰ ਅਗੇ ਨਾਲੋਂ ਵਿਲਖਣ ਹੀ ਪ੍ਰਚਾਰਨ ਲਗੇ, ਤਾਂ ਦਰਸ਼ਨਕਾਰਾਂ ਦੀ ਦਲੀਲ ਭਰੀ ਵਿਆਖਿਆ ਨੇ ਵੈਦਿਕ ਕਰਮ ਕਾਂਡ ਨੂੰ ਦਬਾ ਕੇ ਗਿਆਨ ਕਾਂਡ ਨੂੰ ਅਗਰਸਰ ਕਰ ਕੇ ਵੈਦਿਕ ਧਰਮ ਨੂੰ 'ਜਗ ਕਊਆ ਮੁਖਿ ਚੁੰਚ ਗਿਆਨ' ਦੇ ਭਾਵ ਅਨੁਸਾਰ ਕੇਵਲ ਚੁੰਚ ਗਿਆਨੀ ਬਣਾ ਦਿਤਾ, ਤਾਂ 'ਜਗ ਝੂਠਾ ਬ੍ਰਹਮ ਸੱਚ ਅਤੇ ਜੀਵ ਬ੍ਰਹਮ (ਪਰਮੇਸ਼੍ਵਰ) ਹੀ ਹੈ' ਏਸ ਸਿਧਾਂਤ ਦੇ ਆਸਰੇ ਭਾਰਤੀ ਜਨਤਾ ਬਹੁ ਗਿਣਤੀ ਵਿਚ ਪੁਰਸ਼ਾਰਥ ਹੀਨ ਹੋ ਕੇ, ਰਹੇ ਸਹੇ ਕਰਮ ਧਰਮ ਨੂੰ ਉਕੀ ਤਿਲਾਂਜਲੀ ਦੇ ਬੈਠੀ। ਉਧਰੋਂ ਜੈਨ ਬੋਧ ਧਰਮ ਨੇ ਵੇਦਾਂ ਨੂੰ ਧੂਰਤਾਂ, ਭੰਡ ਅਤੇ ਰਾਕਸ਼ਾਂ ਦੀ ਰਚਨਾ ਆਖ ੨ ਕੇ ਸਾਧਾਰਣ ਜਨਤਾ ਦੀ ਰੁਚੀ ਵੇਦਾਂ ਵਲੋਂ ਇਤਨੀ ਮੋੜ ਦਿਤੀ ਜੋ ਅਜ ਤਕ ਹਿੰਦੂ ਮੰਦਰਾਂ ਵਿਚ ਭੀ ਵੇਦ ਭਗਵਾਨ ਡਰਦੇ, ਕੰਬਦੇ ਅਤੇ ਓਪਰੇ ਜਿਹੇ ਹੋ ਕੇ, ਉਹ ਭੀ ਕਦੇ ਕਦੇ ਦਰਸ਼ਨ ਦਿੰਦੇ ਹਨ। ਇਸ ਪ੍ਰਕਾਰ ਮੁਢਲੇ ਵੇਦ ਮਾਰਗ ਨੂੰ ਛਡ ਕੇ ਦੱਖਣੀ ਦ੍ਰਾਵੜਾਂ ਦੀ ਕਢੀ ਹੋਈ ਸ਼ਿਵ ਪੂਜਾ, ਨਾਗਾਂ ਤੇ ਨਾਦੀਆ ਬਲਦ, ਲਛਮੀ ਅਤੇ ਵਿਸ਼ਨੂੰ ਭਗਤੀ ਦੀ ਟੇਕ ਲੈ ਕੇ ਸਾਧਾਰਣ ਜਨਤਾ ਪੌਰਾਣਕ ਧਰਮ ਦੀ ਧਾਰਨੀ ਬਣ ਗਈ। ਦੱਖਣੀਆਂ ਦੇ ਸੰਬੰਧ ਤੋਂ ਅਰਥਾਤ ਬਿਕ੍ਰਮ ਤੋਂ ਪਿਛੋਂ ਓਸ ਦੇਸ ਤੋਂ ਆਓਣ ਵਾਲੀਆਂ ਪ੍ਰਮਾਰ, ਸ਼ੱਕ ਅਤੇ ਗੁੱਜਰ ਆਦਿ ਜਾਤੀਆਂ ਮਾਲਵੇ ਵਿਚ ਪੌਰਾਣਿਕ ਧਰਮ ਲੈ ਆਈਆਂ

---

*ਰਾਜਾ ਜਨਕ ਨੇ ਵੇਦ ਵਿਆਸ ਦੇ ਪੁਤ੍ਰ ਸੁਖਦੇਵ ਨੂੰ ਕਨੌਜ ਦੇ ਰਾਜਾ ਜੀਵਲ ਦੇ ਪੁਤ੍ਰ ਪ੍ਰਵਾਹਣ ਛਤ੍ਰੀ ਨੇ, ਗੌਤਮ ਬੰਸੀ 'ਅਰੁਣ' ਦੇ ਪੁਤ੍ਰ ਉਦਾਲਕ ਬ੍ਰਾਹਮਣ ਨੂੰ ਅਤੇ ਕੈਕਯ ਦੇਸ ਦੇ ਰਾਜਾ ਅਸ੍ਵਪਤੀ ਕਕਝ ਛਤ੍ਰੀ (ਭਰਤ ਦੇ ਨਾਨੇ) ਨੇ ਬਹੁਤੇ ਬ੍ਰਾਹਮਣਾਂ ਨੂੰ ਬ੍ਰਹਮ ਵਿਦਿਆ ਪੜ੍ਹਾਈ ਸੀ।

Digitized by Panjab Digital Library | www.panjabdigilib.org

ਅਤੇ ਉਨ੍ਹਾਂ ਤੋਂ ਪਹਿਲਾਂ ਆਉਣ ਵਾਲੀਆਂ ਮਲੋਈ, ਯੂਨਾਨੀ, ਬਾਖਤਰੀ, ਖਹਰੇ, ਮਾਨ, ਛਤ੍ਰਪ, ਖੋਖਰ, ਜੋਧੇ ਤੇ ਅਰਜਣਾਇਨ ਤਥਾ ਯਾਦਵ ਤੇ ਸੂਰਜ ਬੰਸੀ ਠਾਕਰ ਆਦਿ ਪੁਰਾਣੇ ਬਸਨੀਕ ਭੀ ਜੱਟਾਂ ਤੇ ਸ਼ੱਕਾਂ ਦੇ ਮੇਲ ਜੋਲ ਤੋਂ ਭੂਤਾਂ ਚੁੜੇਲਾਂ, ਬੀਬੜੀਆਂ ਅਤੇ ਮੜ੍ਹੀਆਂ ਮਸਾਣੀਆਂ ਦੀਆਂ ਪੂਜਕ ਬਣ ਗਈਆਂ ।

## ਮੁਸਲਮਾਨੀ ਸਮਾਂ

ਆਉਣ ਤੇ ਮੁਸਲਮਾਨਾਂ ਦੀ ਦਮਨ ਨੀਤੀ ਅਤੇ ਕਾਫਰਾਂ ਨੂੰ ਮਾਰ ੨ ਅਪਣਾ ਧਰਮ ਮਨੌਣ ਦੇ ਅੰਨ੍ਹੇ ਜੋਸ਼ ਨੇ ਗ਼ਰੀਬ ਤੋਂ ਅਮੀਰ ਅਤੇ ਅਨਪੜ੍ਹ ਤੋਂ ਆਲਮ ਮੁਸਲਮਾਨਾਂ ਨੂੰ ਧਾਰਮਿਕ ਦੀਵਾਨੇ ਬਣਾ ਦਿਤਾ । ਬਲਕਿ ਰਾਜਪੂਤਾਂ ਜੈਸੀ ਕੱਟਰ ਹਿੰਦੂ ਜ਼ਾਤੀ ਅਤੇ ਜੱਟਾਂ ਜੈਸੀ ਅਨਮੋੜ ਕੌਮ ਦੇ ਦਿਲ ਤੇ ਭੀ ਅਕਬਰ ਜੈਸੇ ਚਾਲਾਕ ਬਾਦਸ਼ਾਹਾਂ ਦੀ ਨਰਮ ਪਾਲੀਸੀ ਨੇ ਮੁਸਲਮਾਨੀ ਧਰਮ ਦੀ ਅਨਾਦੀ–ਅਨੰਤਤਾ' ਦਾ ਐਸਾ ਪ੍ਰਭਾਵ ਪਾਇਆ ਕਿ ਉਹ 'ਯਥਾ ਰਾਜਾ ਤਥਾ ਪਰਜਾ ਯਥਾ—ਚਾਰਯਸਤਥਾ ਵਿਧੀ' ਅਨੁਸਾਰ ਖੁਸ਼ੀ ੨ ਮੁਸਲਮਾਨ ਅਮੀਰਾਂ ਨੂੰ ਆਪਣੀਆਂ ਲੜਕੀਆਂ ਦੇ ਡੋਲੇ ਦੇਣ ਲਗ ਪਏ । ਫੇਰ ਅਸਚਰਜ ਇਹ ਕਿ ਮੁਸਲਮਾਨਾਂ ਨੂੰ ਉਨ੍ਹਾਂ ਦੀ ਵਿਧੀ ਅਨੁਸਾਰ ਆਪਣੀ ਲੜਕੀਆਂ ਨੂੰ ਮੁਸਲਮਾਨੀਆਂ ਬਣਾਕੇ ਭੀ ਉਨ੍ਹਾਂ ਨਾਲ ਖੁਲ੍ਹਮ ਖੁੱਲਾ ਵਰਤਦੇ ਹੋਏ ਆਪ ਨੂੰ 'ਮੀਏਂਕੇ' ਕਹਾਉਣ ਅਤੇ 'ਪੰਜ ਹਜਾਰੀ' ਤੇ ਸਤ ਹਜਾਰੀ ਦੇ ਹੁੱਦੇ ਲੈਣ ਵਿਚ ਬੜਾ ਗੌਰਵ ਸਮਝਣ ਲਗੇ। ਇਹ ਸਭ ਧਰਮ ਦਾ ਪ੍ਰਭਾਵ ਸੀ ਜੋ ਦਮਨ ਨੀਤੀ ਦੀ ਜੜ ਪਟਣ ਦੇ ਥਾਂ ਮੁਸਲਿਆਂ ਦੀ ਕੁਟਲ ਨੀਤੀ ਦਾ ਸਗੋਂ ਸਹਾਇਕ ਬਣ ਗਿਆ ਅਰਥਾਤ ਅਧਰਮ ਨੂੰ ਹੀ ਧਰਮ ਸਮੁਝਕੇ ਵਰਤਦੇ ਆਏ ।

## ਗੁਰਮਤ ਦਾ ਵਿਕਾਸ

ਮੁਸਲਮਾਨ ਬਾਦਸ਼ਾਹਾਂ ਅਤੇ ਕੱਟਰ ਮੁਲਾਣਿਆਂ ਦੇ ਆਚਾਰ ਨੇ ਧਰਮ ਤੋਂ ਹੀਨ ਪਰਜਾ ਨੂੰ ਦੁਖ ਦੇਣ ਤੋਂ ਇਲਾਵਾ ਸਚੇ ਧਰਮ ਦੇ ਜਗਿਆਸੂ ਭਗਤ ਕਬੀਰ ਆਦਿ ਨੂੰ ਭੀ ਅਤਅੰਤ ਤਸੀਹੇ ਦੇ ਕੇ ਉਨ੍ਹਾਂ ਦੀ ਆਤਮਿਕ ਜਗਿਆਸਾ ਨੂੰ ਕਈ ਵਾਰ ਵੰਗਾਰਿਆ । ਜਿਸ ਤੋਂ ਅਸੀਂ 'ਕਲਿਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਰਿਆ ॥ ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਹੀ ਕਹਿ ਚੜ੍ਹਿਆ ।' ਅਨੁਸਾਰ ਰਾਜਾ ਪਰਜਾ ਦੇ ਦਿਲਾਂ ਵਿਚ ਧਰਮ ਦਾ ਉਕਾ ਹੀ ਅਭਾਵ ਜਿਹਾ ਦੇਖ ਸਕਦੇ ਹਾਂ । ਭਾਵੇਂ ਰਾਜੇ ਤਾਂ 'ਉਲਟੀ ਬਾੜ ਖੇਤ ਕੋ ਖਾਈ' ਅਨੁਸਾਰ ਆਪਣੇ ਰਾਜ ਮਦ ਵਿਚ ਅਧਰਮ ਨੂੰ 'ਧਰਮ' ਕਹਿ ੨ ਕੇ ਜ਼ੁਲਮ ਕਰ ਰਹੇ ਸਨ । ਅਤੇ ਪਰਜਾ ਭੀ ਕਮਜ਼ੋਰ ਹੋਣ ਕਰਕੇ ਉਨ੍ਹਾਂ ਦੇ 'ਧਰਮ ਰੂਪਧਾਰੀ' ਅਧਰਮ ਨੂੰ ਸ੍ਵੀਕਾਰ ਕਰ ਰਹੀ ਸੀ । ਅਤੇ ਧਰਮ ਦੇ ਅਚਾਰਯ 'ਲਬ ਪਾਪ ਦੁਇ ਰਾਜਾ ਮਹਤਾ ਕੂੜ ਹੋਆ ਸਿਕਦਾਰ । ਕਾਮ ਨੇਬ ਸਦਿ ਪੁਛੀਐ ਬਹਿ ਬਹਿ ਕਰਹਿ ਬੀਚਾਰ ॥ ਅੰਧੀ ਰਯਤ ਗਿਆਨ ਬਿਹੂਣੀ ਭਾਇ ਭਰਹਿ ਮੁਰਦਾਰ ॥ ਗਿਆਨੀ ਨਚੈ ਵਾਜੇ ਵਾਵਹਿ ਰੂਪ ਕਰਹਿ ਸੀਗਾਰ ॥ ਉਚੇ ਕੂਕੇ ਵਾਦਾ ਗਾਵਹਿ ਜੋਧਾ ਕਾ ਬੀਚਾਰ ॥' ਮੁਜਬ ਰਾਮਾਯਣ ਤੇ ਮਹਾਂਭਾਰਤ ਆਦਿ ਦੀ ਕਥਾ ਅਨੁਸਾਰ ਜੋਧਿਆਂ ਦੀ ਕਹਾਣੀਆਂ ਕਰਨੀਆਂ ਹੀ ਧਰਮ ਦ੍ਰਿੜਾਉਣਾ ਸਮਝ ਰਹੇ ਸਨ । ਇਸ ਲਈ ਮਜ਼ਲੂਮਾਂ ਦੀ ਹਾਹਾਕਾਰ ਅਤੇ 'ਸਤਿਗੁਰ ਪਾਸਿ ਬੇਨੰਤੀਆਂ ਮਿਲੈ ਨਾਮੁ ਆਧਾਰਾ ॥' ਦੁਆਰਾ ਪਰਮਾਰਥ ਦੇ ਜਗਿਆਸੂਆਂ ਦੀ ਅਰਦਾਸ ਸੁਣਕੇ 'ਤੁਠਾ ਸਚਾ ਪਾਤਸਾਹੁ ਤਾਪੁ ਗਇਆ ਸੰਸਾਰਾ॥'

Digitized by Panjab Digital Library | www.panjabdigilib.org

ਤਥਾ—'ਸਭੇ ਇਛਾ ਪੂਰੀਆਂ ਜਾ ਪਾਇਆ ਅਗਮ ਅਪਾਰਾ ॥' ਅਨੁਸਾਰ ਅਕਾਲ ਪੁਰਖ ਨੇ ਆਪ ਗੁਰੂ ਨਾਨਕ ਦੇਵ ਜੀ ਦੇ ਸਰੂਪ ਵਿਚ 'ਸਾਧ ਰੂਪ ਅਪਨੋ ਤਨ ਧਾਰਿਆ। ਮਹਾ ਅਗਨਿ ਤੇ ਆਪੁ ਉਬਾਰਿਆ ॥' ਅਰਥਾਤ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਪਹਿਲੇ ਸਰੂਪਾਂ ਵਿਚ ਸਤਿ ਗਿਆਨ ਦੁਆਰਾ ਅਧਿਕਾਰੀ ਪੁਰਖਾਂ ਨੂੰ ਦਮਾਗੀ ਅਤੇ ਰੂਹਾਨੀ ਗੁਲਾਮੀ ਤੋਂ ਛੁਡਾਕੇ ਜੀਵਨ ਮੁਕਤ ਬਣਾਇਆ। ਅਤੇ ਛੇਵੇਂ ਪਾਤਸ਼ਾਹ ਜੀ ਨੇ ਕਾਇਰਾਂ ਨੂੰ ਸੂਰਬੀਰ ਅਤੇ ਜਰਵਾਣਿਆਂ ਨੂੰ ਨੀਮੇ ਬਨਾਉਣ ਲਈ ਓਹੋ ਸੱਤ ਧਰਮ 'ਤਲਵਾਰ ਦੀ ਧਾਰ ਨਾਲ' ਦ੍ਰਿੜ੍ਹਾਇਆ। ਜੇ ਉਹ ਅਜੇਹਾ ਨਾ ਕਰਦੇ ਤਾਂ ਅਕਬਰ ਅਤੇ ਸ਼ਾਹ ਜਹਾਂ ਦੀ ਨਰਮ ਪਾਲਿਸੀ ਹੇਠ ਹਿੰਦੂ ਜਨਤਾ ਦੇ ਤਿੰਨ ਚੌਥਾਈ ਹਿਸੇ ਨੂੰ ਮੁਸਲਮਾਨੀ ਹੜੱਪ ਕਰ ਜਾਂਦੀ। ਅਤੇ ਜੇਕਰ ਹਜ਼ੂਰ ਗੁਰੂ ਗੋਬਿੰਦ ਸਿੰਘ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਪਿਛੋਂ 'ਚਿੜੀਆਂ ਤੋਂ ਬਾਜ ਮਰਵਾਊਂ। ਤਬੀ ਗੋਬਿੰਦ ਸਿੰਘ ਨਾਮ ਕਹਾਊਂ।' ਦੀ ਪ੍ਰਤਿਗਿਆ ਨਾ ਕਰਦੇ, ਤੇ 'ਤੀਸਰ ਪੰਥ ਚਲਾਇਓਨ ਵਡ ਸੂਰ ਗਹੇਲਾ।' ਅਨੁਸਾਰ ਪਰ-ਉਪਕਾਰੀ ਖਾਲਸਾ ਪੰਥ ਨਾ ਸਾਜਦੇ ਤਾਂ ਉਸ ਵੇਲੇ ਤਕ ਹੀ ਸਾਰੇ ਹਿੰਦੁਸਤਾਨ ਵਿਚ ਇਕ ਭੀ ਸਿਖ ਜਾਂ ਹਿੰਦੂ ਨਾ ਦਿਖਾਈ ਦਿੰਦਾ। ਸੋ ਸਤਿਗੁਰ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਭੀ ਏਸੇ ਧਰਮ ਪਰਾਇਣ' ਮਾਲਵੇ ਦੇਸ ਵਿਚ ਜਨਮ ਗ੍ਰਹਣ ਕਰਕੇ ਗੁਰੂ ਅਕਾਲ ਪੁਰਖ ਦੀ ਜੋਤਿ ਨੂੰ ਸੰਭਾਲਿਆ। ਅਤੇ ਗੁਰ ਅਕਾਲ ਪੁਰਖ ਦੀ 'ਜੁਗ ਜੁਗ ਅਟਲ ਅਤੇ ਪੂਰਨ ਰੂਪ ਤੇ ਪ੍ਰਤਿਨਿਧੀ ਸਿਖ ਸੰਪ੍ਰਦਾਇ ਚਲਾਕੇ ਉਸਨੂੰ ਸਉਤ ਬਣਾ ਦਿਤਾ, ਅਤੇ ਛੇਵੇਂ ਪਾਤਸ਼ਾਹ ਤੋਂ ਲੈ ਕੇ ਦਸਵੇਂ ਪਾਤਸ਼ਾਹ ਜੀ ਨੇ ਭੀ ਵਿਸ਼ੇਸ਼ ਕਰਕੇ ਏਸੇ ਮਾਲਵੇ ਵਿਚ ਹੀ ਗੁਰੂ ਕੀ ਕਾਂਸ਼ੀ-ਦਮਦਮਾ ਸਾਹਿਬ ਅਤੇ ਜੁਧ ਛੇਤ੍ਰ-ਨਥਾਣਾ ਤਥਾ ਮੁਕਤਸਰ ਸਾਹਿਬ ਆਦਿ ਨੂੰ ਮੰਡਕੇ ਧਾਰਮਿਕ ਸਪਿਰਟ ਮਾਲਵੇ ਅੰਦਰ ਕੁਟਕੇ ਭਰ ਦਿਤੀ ਜੋ ਅਜ ਤਕ ਖਾਸੀ ਵਰਤਮਾਨ ਹੈ।

ਪੂਰਬੋਕਤ ਪ੍ਰਕਾਰ ਤੇ ਸਾਂਤ ਬੀਰ ਅਵਤਾਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਅਵਰ ਬਾਸਨਾ ਨਾਹਿ ਕਛੁ ਧਰਮ ਜੁੱਧ ਕੇ ਚਾਇ' ਅਨੁਸਾਰ ਸ਼ਾਂਤੀ ਅਤੇ ਬੀਰਤਾ ਦਾ ਪ੍ਰਕਾਸ਼ ਤੇ ਵਿਕਾਸ਼ 'ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ' ਲਈ, ਹਾਂ ਹਾਂ 'ਧਰਮ ਪ੍ਰਚੁਰਬੇ ਕੋ' ਅਰਥਾਤ ਕੇਵਲ ਧਰਮ ਪ੍ਰਚਾਰਨ ਲਈ ਹੀ ਕੀਤਾ। ਅਤੇ ਅਪਣੇ ਪਿਛੋਂ ਪੰਜ ਪਿਆਰਿਆਂ ਦੀ ਪੰਚਾਇਤ ਦੇ ਅਧੀਨ ਅਪਣਾ ਰੂਪ ਖਾਲਸੇ ਨੂੰ (ਖਾਲਸਾ ਮੇਰੋ ਰੂਪ ਹੈ ਖਾਸ) ਥਾਪ ਕਰਕੇ ਹਮੇਸ਼ਾਂ ਲਈ ਧਰਮ ਦਾ ਰਾਜ ਕਾਇਮ ਕਰ ਦਿਤਾ। ਜਿਸ ਨੇ ਅਪਣੀ ਉਦਾਰਤਾ, ਸੂਰਬੀਰਤਾ ਅਤੇ ਧਰਮ ਪਰਾਇਣਤਾ ਦੇ ਵਸ ਹੋ ਕੇ ਜ਼ਾਲਿਮ ਰਾਜ ਦੀ ਜੜ੍ਹ ਪਟ ਦਿਤੀ। ਅਤੇ ਅਨਾਥ ਅਰੁ ਕਮਜ਼ੋਰ ਪਰਜਾ ਦੀਆਂ ਜਾਨਾਂ ਅਤੇ ਬਹੂ ਬੇਟੀਆਂ ਨੂੰ ਅਜ਼ਾਦ ਕਰਨ ਖਾਤਰ ਅਪਣੀਆਂ ਜਾਨਾਂ ਕਈ ਪੁਸ਼ਤਾਂ ਤਕ ਵਾਰਦੇ ਹੋਇਆਂ 'ਵਡ ਸੂਰ ਗਹੇਲਾ' ਇਹ ਵਾਕ ਸਫਲ ਕਰ ਦਿਖਲਾਇਆ। ਅਤੇ ਪੂਰਨ ਅਮਨ ਦਾ ਅਦੁਤੀ ਸੁਰਾਜ ਕਾਇਮ ਕਰ ਕੇ ਸਦੀਆਂ ਦੀ ਗੁਲਾਮੀ ਦਾ ਕਲੰਕ ਭਾਰਤ ਦੇ ਮਥਿਓਂ ਦੂਰ ਕਰ ਦਿਤਾ।

ਗੁਰੂ ਸਾਹਿਬ ਅਤੇ ਖਾਲਸਾ ਪੰਥ ਦੀਆਂ ਇਹ ਅਕਹਿ ਅਤੇ ਅਸਹਿ ਤਪ ਅਤੇ ਘਾਲਾਂ ਕੇਵਲ ਧਰਮ ਪਰਾਇਣ ਹੀ ਸਨ। ਜਿਨ੍ਹਾਂ ਦੇ ਰਾਜ ਵਿਚ ਕਿਸੇ ਗ਼ਰੀਬ ਨੂੰ ਕਿਸੇ ਵਰਿਆਮ ਨੇ ਰੰਦਾਣਿਆਂ ਨਹੀਂ। ਕੋਈ ਵਿਧਵਾ, ਯਤੀਮ ਅਥਵਾ ਅਨਾਥ ਦੁਖੀ ਨਾ ਹੋਇਆ। ਕਿਸੇ ਰਾਜੇ ਨੇ ਦੂਜੇ ਨਾਲ ਅਯੋਗ

Digitized by Panjab Digital Library | www.panjabdigilib.org

ਝਗੜਾ ਖੜਾ ਨਾ ਕੀਤਾ। ਕੋਈ ਅਪਣੇ ਜ਼ੋਰ ਅਤੇ ਬਹੁਤਾਇਤ ਕਰਕੇ ਖਾਲਸੇ ਦੇ ਸੌਂਹੇ ਅੜ ਨਾ ਸਕਿਆ। ਪਰੰਤੂ ਸ਼ੋਕ ਪੰਚਾਇਤੀ ਅਸੂਲ ਦੇ ਸਤ ਮਾਰਗ ਨੂੰ ਭੁਲ ਕੇ ਜਦੋਂ ਖਾਲਸੇ ਨੇ ਅਪਣੇ ਆਪ ਨੂੰ ਰਾਜ ਮੱਦ ਵਿਚ ਇਕ ਦੂਜੇ ਤੋਂ ਵਖੱ ਕਰ ਲਿਆ ਤਾਂ ਖਾਲਸਈ ਧਰਮ ਤੇ ਕੁਝ ਓਪਰੀ ਜਹੀ ਉਦਾਸੀ ਆ ਗਈ ਮਗਰ ਭਾਂਡੇ ਦੀ ਬੰਧਿਆਈ ਵਾਂਗ ਸਤ ਧਰਮ ਤੋਂ ਸੰਸਕ੍ਰਿਤ ਹੋਏ ਖਾਲਸੇ ਨੇ ਅਪਣੀ ਕੌਮ ਅਤੇ ਦੇਸ (ਮਾਲਵਾ) ਲਈ ਧਾਰਮਿਕ ਅਤੇ ਵਿਦਿਅਕ ਉੱਨਤੀ ਦੇ ਸਾਧਨ ਪੈਦਾ ਕਰ ਲਏ ਹਨ, ਜੋ ਕਦੇ ਭੀ ਨਿਸਫਲ ਨਹੀਂ ਹੋਣਗੇ, ਭਾਵੇਂ ਲੱਖ ਸ਼ੈਤਾਨੀ ਅਪਣੇ ਸੁਭਾਓ ਅਨੁਸਾਰ ਕੁਟਲ ਨੀਤੀਆਂ ਦੀ ਝੱਖ ਮਾਰੇ। ਇਸ ਤੋਂ ਬਿਨਾ ਮਾਲਵੇ ਦੇ ਸੈਂਕੜੇ ਗੁਰਦੁਆਰੇ ਅਤੇ ਜਾਗੀਰਾਂ ਦਾ ਕਾਇਮ ਹੋਣਾ ਸਿਖ ਰਿਆਸਤਾਂ ਅਤੇ 'ਸਰਦਾਰ ਖਾਲਸਾ' ਦੇ ਉਦਮ ਦਾ ਫਲ ਹੈ। ਸੂਰਜ ਪ੍ਰਕਾਸ਼ ਆਦਿ ਇਤਿਹਾਸਕ ਗ੍ਰੰਥਾਂ ਦੀ ਰਚਨਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕਰਾਉਣਾ ਅਤੇ ਹਜ਼ਾਰਾਂ ਹੀ ਪੁਸਤਕ ਗੁਰਮੁਖੀ ਪੰਜਾਬੀ ਵਿਚ ਲਿਖੇ ਜਾਣੇ ਸਿਖ ਮਹਾਰਾਜਿਆਂ ਦੇ ਦਾਨ ਦਾ ਫਲ ਹੈ। ਭਾਈ ਸਾਹਿਬ ਉਦੇ ਸਿੰਘ (ਕੈਂਥਲ) ਦਾ ਇਕ ਕਵੀਸ਼ਰ ਨੂੰ ਇਕ ਕਬਿਤ ਤੇ ਇਕ ਲਖ ਮੁਹਰਾਂ ਦੇਣੀਆਂ, ਮਃ ਹੀਰਾ ਸਿੰਘ ਨਾਭਾ ਦਾ ਇਕ ਸਾਧਾਰਣ ਪੁਸਤਕ ਲਈ ੧ ਲੱਖ ਰੁਪਇਆ ਇਨਾਮ ਦੇ ਦੇਣਾ। ਸਃ ਮਾਨ ਸਿੰਘ ਭਦੌੜੀਏ ਦਾ ਹਿੰਦੁਸਤਨੀ ਭੱਟਾਂ ਨੂੰ ਦਾਨ ਅਤੇ ਮਹਾਰਾਜਾ ਨਰਿੰਦਰ ਸਿੰਘ ਸਾਹਿਬ ਪਟਿਆਲਾ ਵਲੋਂ ਧਾਰਮਿਕ ਮਹਿਕਮਾ ਕਾਇਮ ਕਰ ਕੇ ਖਾਲਸਾ ਪੰਥ ਦੀ ਧਾਰਮਿਕ ਅਤੇ ਵਿਦਿਅਕ ਸੇਵਾ ਕਰਨਾ ਆਦਿਕ ਸਿਖ ਰਾਜਿਆਂ ਦੇ ਧਰਮ ਪਰਾਇਣ ਹੋਣ ਦਾ ਸਬੂਤ ਹੈ। ਪਰੰਤੂ ਮਹਾਂ ਸ਼ੋਕ! ਅੰਗਰੇਜ਼ੀ ਰਾਜ ਵਿਚ ਜਿਥੇ ਅਸੀਂ ਵਿਦਿਆ, ਸਭਯਤਾ, ਧਨ ਦੌਲਤ, ਚੱਜ ਆਚਾਰ ਅਤੇ ਵਿਸ਼ੇਸ਼ ਸੁਘੜਤਾ ਸਮਝਦੇ ਸੀ, ਓਥੇ ਓਪਰੇ ਧਰਮ ਅਤੇ ਸਭਯਤਾ ਦੇ ਅਸਰ ਹੇਠ ਪੜ੍ਹੇ ਲਿਖੇ ਨੌਜਵਾਨਾਂ ਨੂੰ ਧਰਮ ਤੋਂ ਪੱਕੇ ਬੇਮੁਖ ਅਤੇ ਅਪਣੇ ਵਡਕਿਆਂ ਅਤੇ ਉਸਤਾਦਾਂ ਤੋਂ ਪੂਰੇ ੨ ਅਸਰਧਕ ਹੋਏ ਭੀ ਦੇਖਦੇ ਹਾਂ, ਬਲਕਿ ਸਭ ਮਤਾਂ ਦੇ ਅਕਸਰ ਗ੍ਰੈਜੂਏਟ ਭ੍ਰਮ ਵਿਚ ਪਏ ਹੋਏ ਸ਼ੰਕਾਵਾਦੀ ਬਣ ਕੇ ਆਪੋ ਆਪਣੇ ਧਰਮ ਦੀਆਂ ਜੜ੍ਹਾਂ ਖੋਖਲੀਆਂ ਕਰ ਰਹੇ ਹਨ। ਕਿਧਰੇ ਅਨਪੜ੍ਹ ਨੌਜਵਾਨ ਪਾਖੰਡੀ ਸਾਧਾਂ ਦੇ ਮਗਰ ਲਗ ਕੇ ਆਪਣਾ ਜੀਵਨ ਗੁਆ ਰਹੇ ਹਨ। ਸੋਸਾਇਟੀਆਂ ਲੜ ਰਹੀਆਂ ਹਨ। ਲੀਡਰ ਸੇਵਾ ਦਾ ਬਹਾਨਾ ਲਾ ਕੇ ਆਪਣਾ ਹੀ ਉੱਲੂ ਸਿੱਧਾ ਕਰ ਰਹੇ ਹਨ। ਅਵਿਦਿਆ, ਬੁਰਛਾ ਗਰਦੀ ਅਤੇ ਬੇਰੁਜ਼ਗਾਰੀ ਵਧ ਰਹੀ ਹੈ। ਵਿਦਿਆ, ਅਮਨ ਅਤੇ ਦੌਲਤ ਦਿਨੋ ਦਿਨ ਉਡ਼ ਰਹੀ ਹੈ। ਖਾਸ ਕਰ ਕੇ ਮਾਲਵੇ ਦੇ ਰਾਜਿਆਂ, ਰਈਸਾਂ ਅਤੇ ਲੀਡਰਾਂ ਦੀ ਰੁਚੀ ਧਰਮ ਅਤੇ ਦਾਨ ਵਲੋਂ ਇਤਨੀ ਤੇਜ਼ੀ ਨਾਲ ਹਟ ਰਹੀ ਹੈ ਜਿਸ ਦਾ ਅੰਦਾਜ਼ਾ ਭਾਈ ਨਾਹਰ ਸਿੰਘ ਜੀ ਐਮ. ਏ. ਦੀ ਇਕ ਕਿਤਾਬ ਦੇ ਕੁਝ ਕਬਿੱਤਾਂ ਤੋਂ ਲਗ ਸਕਦਾ ਹੈ:—

ਕਬਿੱਤ:—

ਆਏ ਜੋ ਸਵਾਲੀ, ਜਾਏ ਦਰ ਸੇ ਵੋਹ ਖਾਲੀ,
ਤਾਂਕੋ ਦੇਤੇ ਗਾਲੀ ਕਹੇਂ ਹਮ ਭੋਏਂ ਲਹ ਗਏ।
ਮੰਦਰ ਗੁਰਦੁਆਰੇ ਪਾਟਸ਼ਾਲਾ ਕਾਜ ਧਰਮ ਦੇ,
ਦੇਵਨ ਦੀ ਕਥਾ ਸੁਣ ਪਾਣੀ ਵਿਚ ਬਹ ਗਏ।
ਦਾਦਾ ਦੀ ਨਾ ਸ਼ਰਮ ਕੋਈ, ਮਾਤਾ ਪਿਤਾ ਕੀ ਭੀ ਲਾਜ ਨਾਹੀਂ
ਇਜ਼ਤ ਔਰ ਗੈਰਤ ਕੇ ਪਟੇ ਸਭ ਲਹ ਗਏ।

Digitized by Panjab Digital Library | www.panjabdigilib.org

ਮਾਂਗੇ ਕੋਈ ਧਰਮ ਹੇਤ, ਪਾਈ ਨਾਂਹਿ ਏਕ ਦੇਤ,
ਆਜ ਕੇ ਜ਼ਮਾਨੇ ਕੇ ਅਮੀਰ ਐਸੇ ਰਹ ਗਏ।

ਪੁਨਾ ੩–

ਕਬਿੱਤ–ਮੂਖਕ ਬਿਲਾਰ ਸੇ ਜਿਉਂ, ਕਾਗ ਤੀਰ ਮਾਰਸੇ ਜਿਉਂ,
ਚੋਰ ਕੋਤਵਾਲ ਸੇ ਔ ਚਿੜੀਆਂ ਜਿਉਂ ਬਾਜ ਸੇ।
ਪਵਨ ਸੇ ਬਾਦਰ ਜਿਉਂ, ਲੱਛਮੀ ਸੇ ਦਾਰਦ ਜਿਉਂ,
ਅਗਨੀ ਸੇ ਪਾਰਦ ਜਿਉਂ, ਮ੍ਰਿਗ ਬਨ ਰਾਜ ਸੇ।
ਤਮ ਜਿਉਂ ਪ੍ਰਕਾਸ਼ ਸੇ, ਨਿਰਾਸਤਾ ਧੁਰਾਸ ਸੇ,
ਸੁਗੰਧੀ ਹੀਂਗ ਬਾਸ ਸੇ, ਪਖੰਡੀ ਖੁਲੇ ਪਾਜ ਸੇ।
ਗੁੱਗਲ ਦੀ ਧੂਪ ਤੇ ਜਿਉਂ, ਭੂਤ ਪ੍ਰੇਤ ਭਗ ਜਾਵੇ,
ਆਜ ਕੇ ਅਮੀਰ ਤੈਸੇ ਭਾਗੇਂ ਸੁਭ ਕਾਜ ਸੇ।

ਅੱਜ ਕਲ ਇਸ ਤਰ੍ਹਾਂ ਦੀ ਧਰਮ ਤੋਂ ਬਿਮੁਖਤਾ ਭਰੀ ਨਾਸਤਿਕਤਾ ਭੀ ਆਪਣੇ ਆਪ ਵਿਚ ਕਿਸੇ ਖਾਸ ਧਰਮ ਦਾ ਅੰਗ ਹੀ ਕਹੀ ਜਾ ਸਕਦੀ ਹੈ। ਕਿਉਂਕਿ ਅਜ ਕਲ ਦੇ ਮਾਯਾਵੀ ਜੁਗ ਵਿਚ 'ਜਿਸ ਕਾ ਰਾਜ ਤਿਸੀ ਕਾ ਸੁਪਨਾਂ' ਅਨੁਸਾਰ ਯੋਰੋਪੀਅਨ ਫੈਸ਼ਨ ਦੇ ਧਰਮ ਨੂੰ ਹੀ ਵਡਾ ਧਰਮ ਗਿਣਿਆਂ ਜਾਣ ਲਗਾ ਹੈ। ਇਸ ਲਈ 'ਨਕਟੀ ਕੋ ਠਣਗਣ' ਦਾ ਅਸਰ ਹੀ ਨਾਸਤਿਕ ਧਰਮ ਦਾ ਕਾਰਣ ਹੈ। ਜਿਸ ਵਿਚ ਕਿਸੇ ਸਿਆਣੇ ਦੀ ਕਹਾਵਤ ਅਨੁਸਾਰ (†ਟਿਕਾ ਏਵ ਧਰਮੋ ਟਕੈਵ ਮਿਤ੍ਰੰ ਬਾਂਧਵਸ਼ਚ। ਤਦੇ ਵਿਸ਼ਟੰ ਪ੍ਰਿਯੰਚ ਯੱਟਕਾਯਤੇ ਕਰਮ) ਟਕਾ ਹੀ ਪਰਮ ਧਰਮ ਅਤੇ ਇਸ਼ਟ ਦੇਵ ਹੈ।

ਭਾਵੇਂ ਗੁਰਮਤ ਅਥਵਾ ਸਤ ਮਾਰਗ ਵਿਚ ਮਾਇਆ ਦਾ ਅਤਯੰਤ ਤਿਆਗ ਭੀ ਮਨਮਤ ਹੈ ਅਤੇ ਸਾਧ ਸੰਗਤ ਤਥਾ ਭਲੇ ਕਰਮਾਂ ਲਈ ਖਰਚ ਕੀਤੀ ਹੋਈ ਧਰਮ ਨਾਲ ਕਮਾਈ ਮਾਇਆ ਭੀ ਗੁਰਮਤ ਦੇ ਅਨੁਕੂਲ ਅਤੇ ਸਫਲ ਹੈ। ਪਰ, ਜੇ ਉਸ ਦਾਂ ਹੰਕਾਰ ਅਥਵਾ ਇਨਸਾਨ ਦੀ ਆਤਮਾਂ ਤੇ ਉਸ ਦਾ ਚੜ੍ਹਵਾਂ–ਉਤਰਵਾਂ ਰੰਗ ਅਥਵਾ ਅਸਰ ਨਾ ਚੜ੍ਹੇ। ਏਸ ਦਾ ਇਕੋ ਇਕ ਉਪਾਇ ਇਹੋ ਹੈ ਕਿ ਸਭ ਕੰਮ ਛਡ ਕੇ ਸਿੰਘ ਸਭਾਵਾਂ ਦੇ ਰਾਹੀਂ ਜੋ ਗੁਰਬਾਣੀ ਦਾ ਵਿਚਾਰ ਤੇ ਗੁਰਬਾਣੀ ਦੇ ਕੀਰਤਨ ਵਲ ਵਿਸ਼ੇਸ਼ ਧਿਆਨ ਦਿਤਾ ਜਾਵੇ, ਅਤੇ ਮਾਲਵੇ ਦੇ ਵਿਦ੍ਵਾਨਾਂ ਅਤੇ ਕੇਂਦਰੀ ਅਸਥਾਨਾਂ ਤੋਂ ਗੁਰਮਤ ਸੰਬੰਧੀ ਲਾਭ ਪ੍ਰਾਪਤ ਕੀਤਾ ਜਾਵੇ। ਜੋ ਹੋਰਨਾਂ ਇਲਾਕਿਆਂ ਨਾਲੋਂ ਮਾਲਵੇ ਵਿਚ ਸਿਖ ਜਨਤਾ ਦੀ ਬਹੁਤੀ ਵਸੋਂ ਹੋਣ ਕਰ ਕੇ ਅਤੇ ਵਿਸ਼ੇਸ਼ ਕਰ ਕੇ ਗੁਰੂ ਸਾਹਿਬਾਂ ਦੇ ਦੌਰੇ ਅਤੇ ਗੁਰਦੁਆਰੇ ਇਸ ਦੇਸ ਵਿਚ ਅਧਿਕ ਹੋਣ ਦੇ ਕਾਰਣ ਤਥਾ ਗੁਰੂ ਮਹਾਰਾਜ ਤੋਂ ਵਰੋਸਾਏ ਸਿਖ ਰਾਜੇ ਰਈਸ, ਸੰਤ ਮਹਾਤਮਾਂ, ਵਿਦ੍ਵਾਨ ਅਤੇ ਲਿਖਾਰੀ ਬਹੁ ਗਿਣਤੀ ਵਿਚ ਹੋਣ ਕਰ ਕੇ ਉਨ੍ਹਾਂ ਦੁਆਰਾ ਕੀਤੀ ਗਈ ਪੰਥ ਤੇ ਦੇਸ ਦੀ ਸੇਵਾ ਬਹੁਤੀ ਮਾਲਵਾ ਨਿਵਾਸੀ ਬਜ਼ੁਰਗ ਸਿੱਖਾਂ ਦੇ ਹਿਸੇ ਵਿਚ ਹੀ ਆਈ ਹੈ। ਜੋ ਕਿਸੇ ਨ ਕਿਸੇ ਰੂਪ ਵਿਚ ਉਨ੍ਹਾਂ ਦੇ ਹਿਰਦਿਆਂ ਤੇ ਧਰਮ ਦਾ ਹੀ ਪ੍ਰਭਾਵ ਸੀ, ਜਿਸ ਦੀ ਵਡਿਆਈ ਸਿਖੀ ਧਰਮ ਅਤੇ ਖਾਲਸਾ ਪੰਥ ਤੋਂ ਸਿਵਾਇ ਹੋਰ ਕਿਸੇ ਧਰਮ, ਕਿਸੇ ਪੰਥ ਜਾਂ ਜਾਤਿ-ਗੋਤ ਦੇ ਭਾਗਾਂ ਵਿਚ ਨਹੀਂ ਹੋ ਸਕਦੀ। ਏਸੇ

†ਟਕਾ ਹੀ ਧਰਮ, ਮਿਤ੍ਰ ਅਤੇ ਸੰਬੰਧੀ ਹੈ। ਓਹੋ ਕਰਮ ਇਸ਼ਟ ਅਤੇ ਚੰਗਾ ਲਗਦਾ ਹੈ ਜੋ ਟਕਾ ਰੂਪ ਤੋਂ ਪ੍ਰਤੀਤ ਹੋਵੇ।

Digitized by Panjab Digital Library | www.panjabdigilib.org

ਗੱਲ ਦੇ ਨਾਤੇ ਮਾਲਵੇਂ ਤੋਂ ਬਿਨਾ ਹੋਰ ਦੇਸ ਬਾਸੀ ਸਿੰਘਾਂ ਦੀ ਘਾਲਨਾ ਭੀ ਅਪਣੇ ੨ ਥਾਂ ਤੇ ਆਪਣੀ ਗਿਣਤੀ ਅਤੇ ਸਾਮਿਜਕ ਗਤੀ ਅਨੁਸਾਰ ਕਿਵੇਂ ਭੀ ਘਟ ਨਹੀਂ। ਇਹ ਸਭ ਕੁਝ ਗੁਰੂ ਸਾਹਿਬਾਂ ਦੇ ਮਿਸ਼ਨ ਦੀ ਪੂਰਤੀ ਲਈ ਸਿਖੀ ਭਾਵ ਦੇ ਅਸਰ ਹੇਠ ਆਏ ਹੋਏ ਤਿਆਰ ਬਰ ਤਿਆਰ ਸਿਖਾਂ ਦੀ ਸੇਵਾ ਅਤੇ ਕੁਰਬਾਨੀ ਦਾ ਹੀ ਫਲ ਹੈ, ਜੋ ਭਾਵੇਂ ਕਿਸੇ ਭੀ ਦੇਸ ਅਤੇ ਕੌਮ ਵਿਚੋਂ ਹੋਣਾ ਸਗੋਂ ਨਾਮ ਧਰੀਕ ਸਿਖ ਭੀ ਜੋ ਸਿਖੀ ਭਾਵ ਤੋਂ ਪ੍ਰਭਾਵਿਤ ਹੋ ਗਏ ਸਨ, ਉਹ ਦੂਜੀਆਂ ਕੌਮਾਂ ਦੇ ਮੁਕਾਬਲੇ ਤੇ ਦੇਸ ਕੌਮ ਦੀ ਸੇਵਾ ਲਈ ਬੜੇ ੨ ਅਦੁਤੀ ਕੰਮ ਕਰ ਗਏ। ੧੯੧੪ ਈ: ਵਿਚ ਅਮ੍ਰੀਕਾ ਤੋਂ ਆਉਣ ਵਾਲੀ ਗ਼ਦਰ ਪਾਰਟੀ ਵਿਚ ਲਗ ਪਗ ੬੦੦੦ ਦੀ ਗਿਣਤੀ ਵਿਚੋਂ ਗੈਰ ਸਿਖਾਂ ਦੀ ਗਿਣਤੀ ੫੦ ਤੋਂ ਭੀ ਘਟ ਸੀ। ਰਹਿੰਦੀ ਗਿਣਤੀ ਦੇ ਮੈਂਬਰ ਸਭ ਨਾਮ ਧਰੀਕ ਸਿਖ ਹੀ ਸਨ। ਦੇਖੋ ਬੰਗਾਲੀ ਸਾਨਿਆਲ ਦਾ 'ਬੰਦੀ ਜੀਵਨ' ਨਾਮੇ ਪੁਸਤਕ ਦਾ ਲੇਖ। ਦੇਖੋ ਉਨ੍ਹਾਂ ਵਿਚੋਂ ਕਰਤਾਰ ਸਿੰਘ ਸਰਾਭਾ ਜ਼ਿ: ਲੁਦਿਹਾਣਾ ਦੇ ਹੌਸਲੇ ਦਾ ਨਮੂਨਾ, ਜੋ ਫਾਂਸੀ ਮਿਲਨ ਤੇ ਜੱਜ ਦਾ ਸ਼ੁਕਰਗੁਜ਼ਾਰ ਹੁੰਦਾ ਹੈ। ਸਾਂਡਰਸ ਦਾ ਕਾਤਲ ਭਗਤ ਸਿੰਘ ਫਾਂਸੀ ਚੜਨ ਲਗਾ ਆਖ ਜਾਂਦਾ ਹੈ ਕਿ 'ਮੇਰਾ ਮ੍ਰਿਤਕ ਸੰਸਕਾਰ ਸਿਖੀ ਰੀਤੀ ਨਾਲ ਹੋਵੇ' ਇਹ ਵਡਿਆਈ ਸਿਖੀ ਭਾਵ ਤੋਂ ਪ੍ਰਭਾਵਿਤ ਹੋਇਆਂ ਨੂੰ ਹੀ ਮਿਲਦੀ ਹੈ, ਭਾਵੇਂ ਕਿਸੇ ਇਲਾਕੇ ਜਾਂ ਕੌਮ ਵਿਚੋਂ ਹੋਵੇ। ਅਸੀਂ 'ਭਾਰਤ ਦੀ ਸੁਤੰਤਰਤਾ ਵਿਚ ਸਿਖਾਂ ਦਾ ਭਾਗ ਦਾਨ' ਨਾਮੇ ਪੁਸਤਕ ਵਿਚ ਸਿਖ ਪੰਥ ਦੀ ਮਹਿਮਾ ਸਿੱਧ ਕਰਾਂਗੇ, ਜਿਸ ਵਿਚ ਗੈਰ ਮਲਵਈਆਂ ਦਾ ਭੀ ਚੋਖਾ 'ਯੋਗ ਦਾਨ' ਸਾਬਤ ਹੈ।

## ੭. ਪ੍ਰਕਰਣ

## ਤਅੱਲਕੇ

ਬਾਦਸ਼ਾਹੀਆਂ ਅਤੇ ਰਜਵਾੜਿਆਂ ਦੇ ਨਸ਼ਟ ਭ੍ਰਸ਼ਟ ਹੋ ਜਾਣ ਤੋਂ ਪਿਛੋਂ ਉਹਨਾਂ ਦੇ ਬੰਸ਼ ਜਾਂ ਅਧਿਕਾਰੀਆਂ ਦੇ ਅਧੀਨ ਜੋ ਛੋਟੇ ੨ ਇਲਾਕੇ ਬਖ਼ਸ਼ਸ਼ਾਂ (ਜਾਗੀਰ ਦਾਰੀਆਂ) ਜਾਂ ਪਰਗਣੇ ਰਹਿ ਜਾਂਦੇ ਹਨ, ਉਹਨਾਂ ਨੂੰ ਤਅੱਲਕੇ ਆਖਿਆ ਜਾਂਦਾ ਹੈ। ਸੋ ਮਾਲਵੇ ਵਿਚ ਭੀ ਅਜਿਹੇ ਤਅੱਲਕੇ ਅਣਗਿਣਤ ਹੀ ਹਨ। ਜਿਨ੍ਹਾਂ ਦਾ ਸੰਖੇਪ ਵੇਰਵਾ ਇਉਂ ਹੈ:—

### (੧) ਅਕਾਲ ਗੜ੍ਹ

ਇਹ ਤਅੱਲਕਾ ਜ਼ਿਲਾ ਲੁਧਿਆਣਾ ਵਿਚ ਸੀ, ਜੋ ਮਹਾਰਾਜਾ ਰਣਜੀਤ ਸਿੰਘ ਵਲੋਂ ਸਃ ਦੁੱਲਾ ਸਿੰਘ (ਸਰਾਉ) ਨੂੰ ਦਿਤਾ ਗਿਆ ਸੀ, ਜੋ ਪਿੰਡ ਬੜੀ-ਟਿੱਬਾ (ਵਰਤਮਾਨ ਰਾਜ ਪਟਿਆਲਾ) ਦਾ ਰਹਿਣ ਵਾਲਾ ਸੀ। ਜਦੋਂ ਮਹਾਰਾਜਾ ਰਣਜੀਤ ਸਿੰਘ ੪ ਸਾਲ ਦਾ ਸੀ, ਤਾਂ ਉਹਨਾਂ ਦੀ ਮਾਤਾ ਬੀਬੀ ਰਾਜ ਕੌਰ 'ਬਡਰੁਖਿਆਂ' ਤੋਂ ਉਹਨਾਂ ਨੂੰ ਲੈ ਕੇ 'ਸ਼ੁਕਰ ਚੱਕ' ਨੂੰ ਜਾ ਰਹੇ ਸਨ। ਰਸਤੇ ਵਿਚ ਬੜੀ ਟਿੱਬੇ ਬੀਬੀ ਜੀ ਠਹਰੇ, ਤਾਂ ਦੁੱਲਾ ਸਿੰਘ ਦੇ ਪਿਤਾ ਨੇ ਜੋ ਨੰਬਰਦਾਰ ਸੀ, ਬੀਬੀ ਜੀ ਦੀ ਬੜੀ ਸੇਵਾ ਕੀਤੀ, ਤਾਂ ਬੀਬੀ ਜੀ ਦੁੱਲਾ ਸਿੰਘ ਨੂੰ ਆਪਣੇ ਨਾਲ ਲੈ ਗਏ। ਉਹ ਮਹਾਰਾਜ ਦਾ ਖਿਡਾਵਾ ਹੋਣ ਕਰ ਕੇ 'ਰਣਜੀਤ ਸਿੰਘ ਦਾ ਘੋੜਾ' ਅਖਵਾਉਂਦਾ ਸੀ। ਮਹਾਰਾਜ ਬਣ ਕੇ ਇਹ ਤਅੱਲਕਾ

Digitized by Panjab Digital Library | www.panjabdigilib.org

ਰਣਜੀਤ ਸਿੰਘ ਨੇ ਉਸ ਨੂੰ ਦਿਤਾ। ਉਸ ਵਿਚ ਅਕਾਲ ਗੜ੍ਹ ਦੇ ਉਦਾਲੇ ਦੇ 'ਸਧਾਰ' ਆਦਿਕ ੧੩ ਪਿੰਡ ਸੀ। ਜਿਸ ਦੀ ਫੌਜਦਾਰੀ ਭੀ ਸ: ਦੁੱਲਾ ਸਿੰਘ ਦੇ ਪਾਸ ਸੀ। ਅਕਾਲ ਗੜ੍ਹ ਬਸਣ ਤੋਂ ਪਹਿਲਾਂ ਏਥੇ ਹਲਵਾਰੇ ਵਾਲੇ ਰੰਘੜਾਂ ਦਾ 'ਕਿਆਣਾ' ਨਾਮ ਦਾ ਪਿੰਡ ਸੀ, ਜਿਸ ਨੂੰ ਕਰੋੜੀਆ ਮਿਸਲ ਦੇ ਸਰਦਾਰ ਭੰਗਾ ਸਿੰਘ ਨੇ ਤਬਾਹ ਕਰਕੇ ਓਥੇ 'ਅਕਾਲ ਗੜ੍ਹ' ਵਸਾਇਆ ਸੀ। ਸ: ਦੁੱਲਾ ਸਿੰਘ ਬੱਦੋਵਾਲੀਏ ਦਾ ਰਾਜਾ ਅਜੀਤ ਸਿੰਘ ਦਾ ਰਿਸ਼ਤੇਦਾਰ ਸੀ, ਅਤੇ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਹੋਣ ਕਰ ਕੇ ਭੀ ਅੰਗਰੇਜ਼ਾਂ ਦੀ ਲੜਾਈ ਵਿਚ ਉਹ ਸਿੱਖਾਂ ਦੇ ਪੱਖ ਉਤੇ ਅੰਗਰੇਜ਼ਾਂ ਨਾਲ ਲੜਿਆ ਸੀ। ਇਸ ਲਈ ਉਸ ਦਾ ਇਲਾਕਾ ਅੰਗਰੇਜ਼ਾਂ ਨੇ ਜ਼ਬਤ ਕਰ ਲਿਆ।

## (੨) ਤਅੱਲਕਾ ਆਹਲੂਵਾਲੀਆਂ

ਰਾਜਾ ਅਮਰ ਸਿੰਘ (ਪਟਿਆਲਾ) ਨੇ ਸ: ਜੱਸਾ ਸਿੰਘ ਆਹਲੂਵਾਲੀਏ ਤੋਂ ਅੰਮ੍ਰਿਤ ਛਕਿਆ ਸੀ। ਜਿਸ ਕਰ ਕੇ 'ਈਸੜੂ' (ਪਾਇਲ) ਦਾ ਪਰਗਣਾ ਮੁਸਲਮਾਨਾਂ ਕੋਲੋਂ ਖੋਹ ਕੇ ਆਹਲੂਵਾਲੀਆਂ ਨੂੰ ਦਿੱਤਾ। ਇਸ ਤੋਂ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਦਾਖਾ ਤੇ ਸਿਧਵਾਂ ਦਾ ਪਰਗਣਾ, ਜੋ ਰਾਇਕੋਟੀਆਂ ਦੇ ਅਧਿਕਾਰ ਵਿਚ ਸੀ, ਜਿਤ ਕੇ ਰਾਜਾ ਫਤਹ ਸਿੰਘ ਆਹਲੂਵਾਲੀਏ ਨੂੰ ਦਿਤਾ, ਜੋ ਉਸ ਦਾ ਪਗਵੱਟ ਸੀ। ਸੰਨ ੧੮੪੬ ਈ: ਵਿਚ ਅੰਗਰੇਜ਼ਾਂ ਦੀ ਲੜਾਈ ਦੇ ਸਮੇਂ ਇਹ ਪਰਗਣਾ ਜ਼ਬਤ ਹੋਇਆ।

## (੩) ਤਅੱਲਕਾ ਸੁਨੌਰ

ਇਹ ਸ਼ਹਿਰ ਵੈਦਿਕ ਸਮੇਂ ਦਾ ਸੁਨਾਮ ਦੇ ਨਾਲ ਦਾ ਬਸਿਆ ਹੋਇਆ ਆਖਿਆ ਜਾਂਦਾ ਹੈ। ਇਹ ਤਅੱਲਕਾ ਸੂਬਾ ਸਰਹੰਦ ਦੇ ਅਧੀਨ ਨਵਾਬ ਅਤਾ-ਉੱਲਾ-ਖਾਂ ਕੋਲ ਸੀ, ਜਿਸ ਨੂੰ ਮਹਾਰਾਜਾ ਆਲਾ ਸਿੰਘ ਦੇ ਸਰਦਾਰ ਗੁਰਬਖਸ਼ ਸਿੰਘ (ਕਾਲੇਕੇ) ਨੇ ਜਿਤ ਕੇ ਰਾਜ ਪਟਿਆਲਾ ਵਿਚ ਮਿਲਾਇਆ ਸੀ, ਤੇ ਪਟਿਆਲੇ ਤੋਂ ਪਹਿਲਾਂ ਇਸ ਜਗ੍ਹਾ ਅਤਾ-ਉੱਲਾ ਦੀ ਕੱਚੀ ਗੜ੍ਹੀ ਸੀ, ਜਿਥੇ ਨਗਰ ਪਟਿਆਲਾ ਵਸਿਆ।

## (੪) ਸਮਾਣਾ

ਇਹ ਪਟਿਆਲੇ ਤੋਂ ੧੮ ਮੀਲ ਦਖਣ ਵਲ ਨੂੰ ਹੈ। ਇਸ ਨੂੰ ਸੁਲਤਾਨ ਕੁਤਬੁੱਦੀਨ 'ਸਮਾਨਾ' ਨੇ ਅਪਣੇ ਗੋਤ ਦੇ ਨਾਉਂ ਤੇ ਬੰਨ੍ਹਿਆ ਸੀ। ਜਿਸ ਵਿਚ ਪਟਿਆਲੇ ਤੋਂ ਲੈ ਕੇ ਸੁਨਾਮ ਤਕ ਦਾ ਇਲਾਕਾ ਸੀ ਅਤੇ ਦਿੱਲੀ ਦਰਬਾਰ ਵਿਚ ਏਥੋਂ ਦੇ ਮੁਸਲਮਾਨ ਵਡੇ ਹੁੱਦਿਆਂ ਤੇ ਸਨ। ਮੁਗ਼ਲਾਂ ਦੇ ਵੇਲੇ ਇਹ ਵਡੇ ਤਅੱਲਕਿਆਂ ਵਿਚ ਗਿਣਿਆ ਜਾਂਦਾ ਸੀ। ਨਿਜ਼ਾਮ ਆਸਿਫ਼ਜਾਹ (ਹੈਦਰਾਬਾਦ ਦੱਖਣ) ਦਾ ਇਹੋ ਪਿਛੋਕਾ ਪਿੰਡ ਹੈ। ਹੁਣ ਤਕ ਏਥੇ ਮਾਲ ਦੇ ਕਾਗ਼ਜ਼ਾਂ ਵਿਚ ਨਿਜ਼ਾਮ ਦੀ ਮਲਕੀਅਤ ਦਰਜ ਹੈ। ੧੭੦੯ ਈ: (੧੭੬੬ ਬਿ:) ਵਿਚ ਬਾਬੇ ਬੰਦੇ ਨੇ ਇਸ ਨੂੰ ਤਬਾਹ ਕੀਤਾ ਅਤੇ ੧੮੬੭ ਬਿ: ਤੋਂ ਰਿ: ਪਟਿਆਲਾ ਦੇ ਕਬਜ਼ੇ ਵਿਚ ਆਇਆ।

Digitized by Panjab Digital Library | www.panjabdigilib.org

## (੫) ਸ਼ਹਿਣਾ

ਇਹ ਪਿੰਡ ਤੇ ਪਰਗਣਾ ਪਹਿਲਾਂ ਜ਼ਿਲਾ ਲੁਧਿਆਣਾ ਵਿਚ ਸੀ। ਹੁਣ ਖੁਮਾਣੋਂ ਦੇ ਪਰਗਣੇ ਦੇ ਵੱਟੇ ਇਹ ਪਰਗਣਾ ਪੈਪਸੂ ਵਿਚ ਆ ਗਿਆ ਹੈ। ਸ਼ਹਿਣੇ ਨੂੰ ਮਃ ਆਲਾ ਸਿੰਘ ਦੇ ਬੜੇ ਭਾਈ ਬਖ਼ਤ ਸਿੰਘ ਨੇ ਬੰਨ੍ਹਿਆ ਸੀ, ਇਥੇ ਉਸ ਦੀ ਸੰਤਾਨ ਵਿਚੋਂ ਸਃ ਮਾਨ ਸਿੰਘ ਦੀ ਰਿਹਾਇਸ਼ ਸੀ। ਜੋ ਬੜਾ ਗੁਣੀ ਤੇ ਦਾਨੀ ਸੀ। ਜਿਸ ਦੀ ਸੰਤਾਨ ਮਲੌਦ, ਰਾਮ ਪੁਰ, ਬੇਰ ਅਤੇ ਪੱਖੋਕੇ ਦੇ ਜਾਗੀਰਦਾਰ ਹਨ। ਇਹ ਪਰਗਣਾ ਭੀ ਉਹਨਾਂ ਦੀ ਜਾਗੀਰ ਵਿਚ ਹੈ। ਰਾਮ ਪੁਰ ਦੇ ਸ: ਰਾਜੇਂਦ੍ਰ ਸਿੰਘ ਅਤੇ ਸਃ ਕਿਸ਼ਨ ਸਿੰਘ ਵੇਦਾਂਤ ਅਤੇ ਗੁਰਮਤ ਦੇ ਬੜੇ ਵਿਦ੍ਵਾਨ ਸਨ। ਇਨ੍ਹਾਂ ਦੇ ਪਿਤਾ ਸਃ ਸੁੰਦਰ ਸਿੰਘ ਪਖੋਕਿਆਂ ਵਾਲੇ ਬੜੇ ਹੀ ਸ਼ੀਲ ਸੁਭਾਵ ਦੇ ਸਨ।

## (੬) ਸੁਨਾਮ

ਇਹ ਨਗਰ ਵੈਦਿਕ ਕਾਲ ਵਿਚ ਚੰਦ੍ਰ ਬੰਸੀਆਂ ਨੇ ਬੰਨ੍ਹਿਆ ਸੀ। ਜਿਸ ਨੂੰ ਪਾਂਡਵਾਂ ਦੇ ਵੇਲੇ ਬਹੁਤ ਪਰਸਿੱਧੀ ਹੋਈ। ਵਿਸ਼ੇਸ਼ ਕਰਕੇ ਯੱਗਾਂ ਦੇ ਸਮੇਂ ਸੰਨੌਰ ਤੇ ਸੁਨਾਮ ਬੜੇ ਪਵਿਤ੍ਰ ਨਗਰ ਮੰਨੇ ਜਾਂਦੇ ਸਨ। ਖਿਲਜੀਆਂ ਦੇ ਵੇਲੇ ਇਹ ਦੋਬਾਰਾ ਬਸਿਆ ਪ੍ਰਤੀਤ ਹੁੰਦਾ ਹੈ। ਕਿਉਂਕਿ ਇਸ ਦੀ ਸ਼ਕਲ ਉਠ ਦੀ ਕੁਹਾਣ ਵਰਗੀ ਹੈ, ਅਰਬੀ ਵਿਚ 'ਸੁਨਾਮ' ਦਾ ਅਰਥ ਕੁਹਾਨ ਹੈ। ਮੁਗ਼ਲ ਬਾਦਸ਼ਾਹਾਂ ਦੇ ਵੇਲੇ ਇਹ ਤਅੱਲਕਾ ਗੌਰੇ ਰਾਜਪੂਤਾਂ ਦੇ ਕਬਜ਼ੇ ਵਿਚ ਸੀ। ਜੋ ਯਾਦਵਾਂ ਦੀ ਇਕ ਸ਼ਾਖ਼ ਹੈ। ਜਦੋਂ ਕੀਮੇਂ ਭੱਟੀ ਨਾਲ ਉਹਨਾਂ ਦਾ ਜੰਗ ਹੋਇਆ ਤਾਂ ਮੌਕਾ ਤਾੜ ਕੇ ਮਃ ਆਲਾ ਸਿੰਘ ਨੇ ਇਸ ਉਤੇ ਕਬਜ਼ਾ ਕਰ ਲਿਆ।

ਏਥੇ ਭਾਃ ਮੂਲ ਚੰਦ ਦੀ ਸਮਾਧ ਹੈ, ਜੋ ਗੁਰੂ ਅਰਜਨ ਦੇਵ ਜੀ ਦਾ ਸਿਖ ਅਤੇ ਲੋੜ ਬੰਦਾਂ ਨੂੰ ਇਕ ਪੁਤ੍ਰ ਮੰਗਣ ਤੇ ਸੱਤ ਪੁਤ੍ਰ ਹੋਣ ਦਾ ਵਰਦਾਨ ਕਰਦਾ ਸੀ। ਉਸ ਦੀ ਸਮਾਧ ਦੇ ਪੁਜਾਰੀ ਗੁਰੂ ਕੇ ਪਸ਼ੌਰ ਵਾਲੇ ਬ੍ਰਾਹਮਣ ਸਿਖ ਹਨ।

## (੭) ਤ: ਕੋਟ ਈਸੇ ਖ਼ਾਂ

ਇਹ ਕਸਬਾ ਜ਼ੀਰਾ (ਜ਼ਿਲਾ ਫ਼ੀਰੋਜ਼ਪੁਰ) ਦੇ ਪਾਸ ਹੈ। ਏਥੇ ਦਾ ਤਅੱਲਕੇਦਾਰ ਦੌਲਤ ਖ਼ਾਂ 'ਮੰਜ' ਰਾਜਪੂਤ ਸੀ। ਉਸ ਦਾ ਪੁਤਰ ਈਸੇ ਖ਼ਾਂ ਬਹੁਤ ਜ਼ਬਰਦਸਤ ਹੋਇਆ ਹੈ। ਜਿਸ ਨੇ ਚੌਧਰੀ ਕਪੂਰੇ ਨੂੰ ਆਪਣੇ ਘਰ ਸੱਦ ਕੇ ਧੋਖੇ ਨਾਲ ਮਾਰ ਦਿਤਾ ਸੀ। ਇਸ ਨੇ ਫੂਲਕਿਆਂ ਤੋਂ ਕਈ ਵਾਰ ਹਾਰ ਖਾਧੀ। ੧੭੮੫ ਬਿਃ ਵਿਚ ਚੌਃ ਕਪੂਰੇ ਦੇ ਪੁਤਰ ਸੁਖੀਏ ਨੇ ਬੈਰਾੜਾਂ ਦੀ ਮਦਦ ਨਾਲ ਇਸ ਨੂੰ ਮਾਰ ਕੇ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ। ਫ਼ੇਰ ਡੱਲੇ ਵਾਲੀ ਮਿਸਲ ਦੇ ਸਰਦਾਰ ਤਾਰਾ ਸਿੰਘ 'ਗੈਬਾ' ਦੇ ਕਬਜ਼ੇ ਵਿਚ ਇਹ ਇਲਾਕਾ ਰਿਹਾ। ਪਿਛੋਂ ਮ: ਰਣਜੀਤ ਸਿੰਘ ਦੇ ਦੀਵਾਨ ਮੁਹਕਮ ਚੰਦ ਨੇ ਇਹ 'ਸ਼ੁਸ਼ਕ' ਇਲਾਕਾ ਆਪਣੇ ਕਬਜ਼ੇ ਵਿਚ ਕੀਤਾ ਜੋ ਸੰਨ ੧੮੪੬ ਵਿਚ ਅੰਗ੍ਰੇਜ਼ਾਂ ਦੇ ਅਧਿਕਾਰ ਵਿਚ ਆਇਆ।

## (੮) ਕਾਂਗੜ

ਇਹ ਪਿੰਡ ਪਰਾਚੀਨ ਸਮੇਂ ਵਿਚ ਕੰਗਾਂ ਦੀ ਰਾਜਧਾਨੀ (ਕੰਗ ਗੜ੍ਹ) ਸੀ। ਜਿਨ੍ਹਾਂ ਨੂੰ

Digitized by Panjab Digital Library | www.panjabdigilib.org

ਸ਼ਾਲਬਾਹਨ 'ਸ਼ੱਕ' ਦੀ ਬੰਸ ਵਿਚੋਂ ਕਿਹਾ ਜਾਂਦਾ ਹੈ ਜੋ ਕਾਲਕਾਚਾਰਯ ਦੀ ਪ੍ਰੇਰਨਾ ਨਾਲ ਸ਼ਕਸਥਾਨ ਤੋਂ ਆ ਕੇ ਕਾਠੀਆਵਾੜ ਵਿਚ ਆਬਾਦ ਹੋਏ ਸਨ। ਬਿਕ੍ਰਮਾਦਿੱਤ ਦੇ ਪਿਤਾ ਗੰਧਰਬਸੇਨ ਨੂੰ ਮਾਰ ਕੇ ਉਹਨਾਂ ਤੋਂ ਉਜੈਨੀ ਖੋਹੀ ਅਤੇ ਫੇਰ ਬਿਕ੍ਰਮਾਦਿੱਤ ਤੋਂ ਹਾਰ ਖਾ ਕੇ ਬਚ ਗਏ ਉਹਨਾਂ ਨੇ ਕਾਠੀਆਵਾੜ ਵਿਚ ਆਪਣਾ ਰਾਜ ਕਾਇਮ ਕੀਤਾ, ਅਤੇ ਬਿਕ੍ਰਮ ਬੰਸ ਦੇ ਹਥੋਂ ਰਾਜ ਖੋਹ ਕੇ ਕਾਠੀਆਵਾੜ ਤੇ ਆਵੰਤੀ ਦੇ ਕੁਛ ਹਿੱਸੇ ਤੇ ਬਹੁਤ ਚਿਰ ਰਾਜ ਕਰਦੇ ਰਹੇ ਜਿਨ੍ਹਾਂ ਨੂੰ ਆਂਧਰ-ਸਾਤਬਾਹਨ ਰਾਜਿਆਂ ਨੇ ਤਬਾਹ ਕੀਤਾ, ਤਾਂ ਉਹਨਾਂ ਨੇ ਗੁੱਜਰ ਬੰਸ ਤੋਂ ਪਿਛੋਂ ਉਜੈਨ ਦੇ ਰਾਹ ਹੋ ਕੇ ਗੁਰੂ ਕੇ ਮਾਲਵੇ ਵਿਚ ਆ ਕੇ ੨੦੦ ਬਰਸ ਤਕ ਆਪਣਾ ਗਣਰਾਜ ਕਾਇਮ ਕੀਤਾ ਸੀ ਅਤੇ ਜਿਸ ਨੂੰ ੩੪੦ ਈਃ ਵਿਚ ਸਮੁੰਦਰ ਗੁਪਤ ਨੇ ਤਬਾਹ ਕੀਤਾ। ਪਰ ਇਨ੍ਹਾਂ ਦੀ ਚੜ੍ਹਤਧਰ ਏਥੇ ਚੀਮਿਆਂ ਦੇ ਆਉਣ ਤਕ ਬਣੀ ਰਹੀ। ਹੂੰਨਾਂ ਦੀ ਧਾੜ ਦੇ ਕੀਤੇ ਹੋਏ ਏਸ ਪਿੰਡ ਦੇ ਥੇਹ ਉਪਰ ਚੀਮੇਂ ਜ਼ਿਮੀਂਦਾਰਾਂ ਨੇ ਜੋ ਉਨ੍ਹਾਂ ਦੇ ਸਾਥੀ ਸਨ, ਏਸੇ ਨਾਮ ਦਾ ਪਿੰਡ ਬੰਨ੍ਹਿਆ, ਉਹਨਾਂ ਨੂੰ ਧਾਰੀਵਾਲਾਂ ਨੇ ਉਜਾੜ ਦਿੱਤਾ, ਜੋ ਫੱਤੇ-ਝੁਨੀਰ ਤੋਂ ਆ ਕੇ 'ਰਾਉਕਿਆਂ' ਨੂੰ ਆਪਣਾ ਕੇਂਦਰ ਬਣਾ ਕੇ ਓਸ ਪਰਗਣੇ ਤੇ ਆਪਣਾ ਤਪਾਵਸ ਰਖਦੇ ਸੀ। ਉਹਨਾਂ ਵਿਚੋਂ ਚੌਧਰੀ ਡੱਫਰ ਦੇ ਪੁਤਰ 'ਮਹਿਰ ਮਿਠੇ' ਨੇ ਆਪਣੀ ਪੋਤੀ ਭਾਗਭਰੀ ਦਾ ਵਿਆਹ ਅਕਬਰ ਨਾਲ ਕਰਕੇ ਏਸ ਇਲਾਕੇ ਦੀ ਚੌਧਰ ਪ੍ਰਾਪਤ ਕੀਤੀ। ਜਿਸ ਵਿਚ ਪੰਜਾਹ ਤੋਂ ਉਪਰ ਪਿੰਡ ਸਨ ਅਤੇ ਉਹਨਾਂ ਦੀ ਰਾਜਧਾਨੀ ਏਹੋ ਕਾਂਗੜ ਸੀ। ਏਸੇ ਮਹਿਰ ਮਿਠੇ ਦੀ ਸੰਤਾਨ ਵਿਚੋਂ ਰਾਇ ਜੋਧ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਸਿਖ ਹੋਇਆ, ਅਤੇ ਓਸ ਦੇ ਪੋਤੇ ਭਾਈ ਸ਼ਮੀਰ ਤੇ ਲਖਮੀਰ ਗੁਰੂ ਦਸਮ ਪਾਤਸ਼ਾਹ ਦੀ ਸੇਵਾ ਵਿਚ ਰਹੇ। ਏਥੇ ਦੀ ਇਕ ਜਨੁਕਤੀ ਇਸ ਪ੍ਰਕਾਰ ਹੈ ਕਿ ਭਾਈ ਸ਼ਮੀਰ ਅਤੇ ਲਖਮੀਰ ਦਾ ਮਾਮਾ ਜੈਤੋਂ ਦਾ ਰਹਿਣ ਵਾਲਾ ਅਤੇ ਸੁਲਤਾਨੀਆ ਸੀ, ਜੋ ਆਪਣੇ ਭਾਣਜਿਆਂ ਕੋਲ ਰਹਿੰਦਾ ਸੀ। ਇਕ ਦਿਨ ਗੁਰੂ ਮਹਾਰਾਜ ਨੇ ਛਕਣ ਤੋਂ ਬਚੀ ਹੋਈ ਕੁਝ ਖੀਰ ਉਨ੍ਹਾਂ ਨੂੰ ਦਿਤੀ, ਤਾਂ ਉਹ ਉਨ੍ਹਾਂ ਨੂੰ ਕਹਿਣ ਲਗਾ ਜੇ ਤੁਸੀਂ ਖਾਧੀ ਤਾਂ ਸੁਲਤਾਨ ਗੁਸੇ ਹੋ ਜਾਊ। ਉਨ੍ਹਾਂ ਨੇ ਉਸ ਦੇ ਦਬਾਉ ਕਰ ਕੇ ਨਾ ਖਾਧੀ ਮਗਰ ਬੀਬੀਆਂ ਰਾਤ ਨੂੰ ਚੋਰੀ ਖਾ ਗਈਆਂ। ਬਚਦੀ ਨੂੰ ਉਨ੍ਹਾਂ ਨੇ ਜ਼ਿਮੀਂ ਵਿਚ ਦਬ ਦਿਤਾ, ਤਾਂ ਅਗਲੇ ਦਿਨ ਗੁਰੂ ਮਹਾਰਾਜ ਦੇ ਪੁੱਛਣ ਤੇ ਉਹਨਾਂ ਸਚ ਕਹਿ ਦਿਤਾ। ਤਾਂ ਸਾਹਿਬਾਂ ਨੇ ਬਚਨ ਕੀਤਾ ਕਿ ਤੁਹਾਡੀਆਂ ਬੀਬੀਆਂ ਉਚੇ ਘਰਾਂ ਵਿਚ ਵਿਆਹੀਆਂ ਜਾਣਗੀਆਂ ਅਤੇ ਪ੍ਰਿਥਵੀ ਵੀ ਬਹੁਤ ਜੰਮਿਆ ਕਰੇਗੀ। ਸੋ ਓਸੇ ਤਰ੍ਹਾਂ ਵੇਖਣ ਵਿਚ ਆਉਂਦਾ ਹੈ।

## (੯) ਤਅੱਲਕਾ ਬੱਦੋਵਾਲ

ਇਹ ਪਰਗਣਾ ਮ: ਰਣਜੀਤ ਸਿੰਘ ਨੇ ਜਿਤ ਕੇ ਰਾਜਾ ਗੁਰਦਿੱਤ ਸਿੰਘ ਲਾਡੂਏ ਵਾਲੇ ਨੂੰ, (ਜੋ ਵੇਈਂ ਪੋਈਂ ਦਾ ਰਹਿਣ ਵਾਲਾ ਅਤੇ ਉਸ ਦੇ ਭਾਈਚਾਰੇ ਵਿਚੋਂ ਸੀ) ਦਿੱਤਾ ਸੀ। ਉਸ ਦੇ ਭਤੀਜੇ ਅਜੀਤ ਸਿੰਘ ਨੇ ੧੮੪੬ ਈਃ ਵਿਚ ਅੰਗਰੇਜ਼ਾਂ ਨਾਲ ਹਸਨਪੁਰ, ਰੁੜਕਾ ਤੇ ਪਮਾਲ ਦੇ ਵਿਚਕਾਰ ਬੜਾ ਭਾਰੀ ਜੁਧ ਕੀਤਾ ਸੀ, ਜਿਸ ਵਿਚ ਅੰਗਰੇਜ਼ਾਂ ਦਾ ਬਹੁਤ ਨੁਕਸਾਨ ਹੋਇਆ। ਅੰਤ ਨੂੰ ਏਸ ਦੇ ਵਜ਼ੀਰ ਜੋਧ ਸਿੰਘ ਬਾਹਮਣ (ਚਨਾਰਥਲੀਏ) ਨੇ ਬਾਰੂਦ ਦੀ ਥਾਂ ਸਰਹੋਂ ਭੇਜੀ, ਤਾਂ ਏਸ ਬਹਾਦਰ ਦੇ ਹਵਾਸ ਉਡ ਗਏ, ਤੇ ਜੀਉਂਦਾ ਹੀ ਕਿਧਰੇ ਚਲਿਆ ਗਿਆ। ਇਹ ਸਾਰਾ ਪਰਗਣਾ ਲਾਡੂਏ ਦੇ ਰਾਜ ਸਣੇ ਅੰਗਰੇਜ਼ਾਂ ਨੇ ਜ਼ਬਤ ਕਰ ਲਿਆ।

Digitized by Panjab Digital Library | www.panjabdigilib.org

## (੧੦) ਬਾਗੜੀਆਂ

ਇਸ ਦੇ ਤਅੱਲਕੇਦਾਰ ਭਾਈ ਰੂਪੇ ਦੀ ਬੰਸ ਵਾਲੇ ਭਾਈ ਸਾਹਿਬ ਹਨ। ਜੋ ਇਨ੍ਹਾਂ ਦੇ ਵਡਾਰੂ ਭੀ ਜ਼ੈਸਲਮੇਰੀ ਭੱਟੀਆਂ ਦੀ ਬੰਸ ਵਿਚੋਂ ਹਨ, ਜੋ ਮੰਗਲ ਰਾਉ ਹੁਰਾਂ ਦੇ ਨਾਲ ਹੀ ਓਥੋਂ ਮਾਲਵੇ ਵਿਚ ਆਏ ਅਤੇ ਸਮਾਂ ਪਾਕੇ ਗ਼ੁਰੀਬੀ ਦੇ ਕਾਰਣ 'ਕਾਲ ਝਰਾਨੀ' ਪਿੰਡ ਵਿਚ ਤ੍ਰਖਾਣਾ ਕੰਮ ਕਰਨ ਲਗ ਪਏ ਸੀ। ਭਾਈ ਰੂਪਾ ਗੁਰੂ ਛੇਵੇਂ ਪਾਤਸ਼ਾਹ ਦੇ ਵਰ ਤੋਂ ਭਾਈ ਸੁੱਧੂ ਦੇ ਘਰ ਪੈਦਾ ਹੋਇਆ ਅਤੇ 'ਭਾਈ ਰੂਪਾ' ਨਾਮ ਦਾ ਪਿੰਡ ਆਬਾਦ ਕੀਤਾ। ਭਾਈ ਰੂਪ ਚੰਦ ਦੇ ਪੋਤੇ ਭਾਈ ਦਿਆਲ ਸਿੰਘ ਨੇ 'ਭਾਈ ਕਾ ਦਿਆਲ ਪੁਰਾ' ਬੰਨ੍ਹਿਆ, ਜੋ ਗੁਰੂ ਦਸਮ ਪਾਤਸ਼ਾਹ ਦੇ ਸਮੇਂ ਵਿਚ ਬੜੇ ਭਜਨੀਕ ਤੇ ਸਿੱਧੀ ਸੰਪੰਨ ਹੋਏ ਹਨ। ਉਹਨਾਂ ਦੇ ਪੋਤਰੇ ਪੂਰੇ ਸੰਤ ਭਾਃ ਗੁਦੱੜ ਸਿੰਘ ਜੀ ਨੇ ਮਃ ਰਣਜੀਤ ਸਿੰਘ ਦੀ ਮਾਤਾ ਨੂੰ ਦਿੱਬਦ੍ਰਸ਼ਟੀ ਨਾਲ ਜਾਣਕੇ ਭੜੋਲੇ ਵਿਚੋਂ ਕਢਵਾਇਆ ਸੀ। ਜਦ ਕਿ ਉਸ ਦੇ ਮਾਪਿਆਂ ਨੇ ਸਾ–ਦਿਹਾੜੀ ਦੀ ਨੂੰ ਮਾਰਨ ਦੀ ਨੀਯਤ ਨਾਲ ਭੜੋਲੇ ਵਿਚ ਪਾ ਦਿੱਤਾ ਸੀ। ਉਹਨਾਂ ਦੀ ਔਲਾਦ ਵਿਚੋਂ ਭਾਈ ਸਾਹਿਬ ਭਾਈ ਨਰੈਨ ਸਿੰਘ ਜੀ ਬਾਗੜੀਆਂ ਵਿਚ ਹੋਏ। ਉਹਨਾਂ ਤੋਂ ਪਹਿਲਾਂ 'ਕਕਰਾਲੇ' ਵਾਲੇ ਭਾਈ ਸਾਹਿਬ ਕੋਲ ਗੁਰੂ ਸਾਹਿਬ ਦੀ ਬਖ਼ਸ਼ੀ ਹੋਈ ਪੋਥੀ ਸਾਹਿਬ ਹੋਣ ਕਰਕੇ ਉਹਨਾਂ ਦਾ ਹੀ ਲੰਗਰ ਬਹੁਤਾ ਚਲਦਾ ਸੀ ਅਤੇ ਖ਼ਾਨਦਾਨੀ ਸੰਪੱਤੀ ਬਹੁਤੀ ਉਹਨਾਂ ਪਾਸ ਹੀ ਸੀ। ਭਾਈ ਨਰੈਣ ਸਿੰਘ ਹੁਰਾਂ ਨੇ ਉਹ ਪੋਥੀ ਕਿਸੇ ਤਰਾਂ ਆਪਣੇ ਅਧਿਕਾਰ ਵਿਚ ਲੈ ਆਂਦੀ, ਤਾਂ ਸਭ ਕਲਾ ਬਾਗੜੀਆਂ ਵਾਲਿਆਂ ਕੋਲ ਹੀ ਆ ਗਈ। ਏਸ ਖ਼ਾਨਦਾਨ ਵਿਚੋਂ ਭਾਈ ਦਿਆਲ ਸਿੰਘ, ਸੰਤ ਗੁੱਦੜ ਸਿੰਘ, ਅਤੇ ਕਕਰਾਲਿਆਂ ਵਾਲਿਆਂ ਵਿਚੋਂ ਇਕ ਬ੍ਰਿਧ ਮਾਈ ਬੜੀਆਂ ਉੱਚ ਹਸਤੀਆਂ ਹੋਈਆਂ ਹਨ। ਏਸ ਮਾਈ ਦੇ ਬਚਨ ਤੋਂ ਭਾਈ ਨਰੈਣ ਸਿੰਘ ਦੇ ਦੋ ਪੁਤਰ ਭੀ ਚਲਾਣਾ ਕਰ ਗਏ। ਪਰ ਉਹਨਾਂ ਨੇ ਪੋਥੀ ਸਾਹਿਬ ਨ ਦਿਤੀ, ਭਾਈ ਸਾਹਿਬ ਨਰੈਣ ਸਿੰਘ ਦੇ ਸੁਜੋਗ ਅਧਿਕਾਰੀ ਭਾਈ ਸਾਹਿਬ ਅਰਜਨ ਸਿੰਘ ਹੋਏ। ਜੋ ਨਵੀਨ ਅਤੇ ਪ੍ਰਾਚੀਨ ਵਿਦਿਆ ਦੇ ਗਿਆਤਾ ਅਤੇ ਸਿੱਖ ਧਰਮ ਦੇ ਭਿੰਨੇ ਪ੍ਰਚਾਰਕ ਸਨ। ਸਿਖ ਸੰਗਤਾਂ ਦੀ ਦਿਤੀ ਹੋਈ ਜਾਗੀਰ ਅਤੇ ਭੋਂਇ ਨੂੰ ਬਹੁਤਾ ਜਨਤਾ ਦੇ ਲਾਭਾਂ ਹਿਤ ਲੰਗਰ ਆਦਿ ਤੇ ਖਰਚ ਕਰਦੇ ਸਨ। ਆਪ ਨੇ ਬਹੁਤ ਵਾਰ ਮਾਲਵੇ ਦੇ 'ਭਾਈ ਰੂਪਾ' ਆਦੀ ਪਿੰਡਾਂ ਵਿਚ ਅਪਣੀ 'ਕੁਲ ਪ੍ਰਥਾ' ਅਨੁਸਾਰ ਹਜ਼ਾਰਾਂ ਹੀ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਮਾਲਵੇ ਦੇ ਰਾਜਿਆਂ ਰਈਸਾਂ ਅਤੇ ਸਰਕਾਰ ਵਿਚ ਆਪ ਨੂੰ ਬਹੁਤ ਸਤਕਾਰ ਪ੍ਰਾਪਤ ਸੀ। ਆਪ ਦੋ ਵੇਲੇ ਨਿੱਤ ਹੀ ਕੀਰਤਨ ਅਤੇ ਕਥਾ ਕਰਿਆ ਕਰਦੇ ਸਨ। ਆਪ ਦੇ ਸਾਹਿਬਜ਼ਾਦੇ 'ਭਾਈ ਸਾਹਿਬ' ਅਰਦਮਨ ਸਿੰਘ ਬੜੇ ਮਿਲਨ-ਸਾਰ ਤੇ ਗੁਰੂ ਘਰ ਦੇ ਪ੍ਰੇਮੀ, ਉਹਨਾਂ ਦੇ ਉਤਰਾਧਿਕਾਰੀ ਹਨ। ਜੋ ਪਾਲੀਟਿਕਸ ਵਲ ਭੀ ਕੁਝ ਧਿਆਨ ਰਖਦੇ ਹਨ। ਲੇਖਕ ਨੂੰ 'ਭਾਈ ਸਾਹਿਬ' ਅਰਜਨ ਸਿੰਘ ਜੀ ਦੇ ਵੇਲੇ ਤੋਂ ਏਸ ਘਰ ਦੀ ਕ੍ਰਿਪਾ ਪਾਤ੍ਰਤਾ ਪ੍ਰਾਪਤ ਹੈ। ਅਜ ਕਲ ਇਹ ਤਅੱਲਕਾ ਪੈਪਸੂ ਵਿਚ ਹੈ।

## (੧੧) ਬੁਢਲਾਡਾ (ਜ਼ਿਲਾ ਹਿਸਾਰ)

ਇਹ ਇਲਾਕਾ ਹਸਨ ਖ਼ਾਂ ਭੱਟੀ ਕੋਲੋਂ ਮੁਸਲਮਾਨਾਂ ਵਲੋਂ ਦਰਖਾਸਤ ਕਰਨ ਤੇ ਕੰਵਰ ਅਜੀਤ ਸਿੰਘ ਨੇ ਜਿਤਿਆ ਸੀ, ਅਤੇ ਕੈਂਥਲ ਵਾਲੇ ਭਾਈਕਿਆਂ ਨੂੰ ਦਿੱਤਾ ਗਿਆ ਸੀ। ਉਹਨਾਂ ਦੀ ਰਿਆਸਤ ਦਿੱਲੀ ਦੇ ਗ਼ਦਰ ਸਮੇਂ ਜ਼ਬਤ ਹੋ ਜਾਣ ਤੇ ਇਹ ਪਰਗਣਾਂ ਭੀ ਅੰਗ੍ਰੇਜ਼ੀ ਰਾਜ ਵਿਚ ਸ਼ਾਮਿਲ ਹੋਇਆ।

Digitized by Panjab Digital Library | www.panjabdigilib.org

## (੧੨) ਬੰਮ੍ਹਣਾ

ਇਹ ਪਿੰਡ ਸਮਾਣੇ ਤੋਂ ਦੋ ਕੁ ਮੀਲ ਪੂਰਬ ਵਲ ਨੂੰ ਹੈ। ਕਮਾਲ ਪੁਰ ਪਿੰਡ ਤੋਂ ਆ ਕੇ ਕਾਲੇਕੇ ਸਰਦਾਰ ਸੁਖਦਾਸ ਸਿੰਘ ਨੇ ਏਥੋਂ ਦੇ ਲੋਕਾਂ ਦੀ ਬੇਨਤੀ ਕਰਨ ਤੇ ਏਥੇ ਆਪਣੀ ਰਿਹਾਇਸ਼ ਕੀਤੀ ਤਾਂ ਮਹਾਰਾਜਾ ਪਟਿਆਲਾ ਨੇ ਇਸ ਦੇ ਉਦਾਲੇ ਪੁਦਾਲੇ ਦੇ ਪਿੰਡਾਂ ਦੀ ਇਕ ਲਖ ਦੀ ਜਾਗੀਰ ਉਸ ਨੂੰ ਦਿਤੀ ਜੋ ਹੁਣ ਦਸ ਹਜ਼ਾਰ ਦੇ ਲਗ ਭਗ ਰਹਿ ਗਈ ਹੈ।

## (੧੩) ਗੁੱਜਰਵਾਲ (ਜ਼ਿਲਾ ਲੁਧਿਆਣਾ)

ਇਹ ਗਰੇਵਾਲ ਜੱਟਾਂ ਦਾ ਪਿੰਡ ਬਹੁਤ ਸਾਰੇ ਗਰੇਵਾਲ ਪਿੰਡਾਂ ਦਾ ਮੂਲ ਅਸਥਾਨ ਹੈ। ਏਥੋਂ ਦੇ ਜ਼ਿਮੀਂਦਾਰਾਂ ਨੇ ਅਕਬਰ ਬਾਦਸ਼ਾਹ ਨਾਲ ਕਾਂਗੜ ਵਾਲੀ ਬੀਬੀ ਦਾ ਬਿਆਹ ਹੋਣ ਬਾਰੇ ਮਹਰ ਮਿੱਠੇ ਨੂੰ ਸੰਮਤੀ ਦਿਤੀ ਸੀ। ਇਸ ਲਈ ਅਕਬਰ ਨੇ ੪੦ ਪਿੰਡਾਂ ਦੀ ਚੌਧਰ ਏਥੋਂ ਦੇ ਚੌਧਰੀ ਫਤੂਹੀ ਦੇ ਦਾਦੇ ਨੂੰ ਦਿਤੀ ਅਤੇ ੪੦ ਪਿੰਡਾਂ ਦੀ ਚੌਧਰ ਰਾਇਪੁਰ ਵਾਲੇ ਲਾਲੇ ਦੇ ਬਾਪ ਨੂੰ ਦਿਤੀ ਸੀ। ਇਹ ਚੌਧਰੀ ਫਤੂਹੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਹੋਇਆ ਹੈ ਜਿਸ ਨੇ ਮਹਾਰਾਜ ਦੀ ਖਾਤਿਰ ਤਾਂ ਕੀਤੀ ਪਰ ਬਾਜ ਦੇਣ ਤੋਂ ਨਾਂਹ ਕਰ ਦਿਤੀ ਸੀ। ਜਿਸ ਤੋਂ ਬਾਜ ਡੋਰ ਨਿਗਲ ਜਾਣ ਤੇ ਮਰਨ ਲਗਾ ਤਾਂ ਫਤੂਹੀ ਨੇ ਮਹਾਰਾਜ ਦੀ ਭੇਟਾ ਕਰ ਕੇ ਬਾਜ ਦੀ ਜਿੰਦ ਬਚਾਈ।

ਮਹਾਰਾਜਾ ਰਣਜੀਤ ਸਿੰਘ ਨੇ ਪਟਿਆਲੇ ਨੂੰ ਜਾਂਦਿਆਂ ਹੋਇਆਂ ਇਹਨਾਂ ਦੇ ਕੁਝ ਪਿੰਡ ਖੋਹ ਲਏ ਤਾਂ ਚੌਧਰੀ ਜੀਤਾ ਸਿੰਘ (ਜਿਸ ਦਾ ਫੁਫੜ ਭਾਈ ਲਾਲ ਸਿੰਘ ਕੈਂਥਲ ਵਾਲਾ ਸੀ) ਨੇ ਆਪਣਾ ਢਾਈ ਲਖ ਦਾ ਇਲਾਕਾ ਭਾਈ ਸਾਹਿਬ ਲਾਲ ਸਿੰਘ ਦੇ ਨਾਉਂ ਲਵਾ ਦਿਤਾ। ਜੋ ਰਿਆਸਤ ਕੈਂਥਲ ਦੇ ਜ਼ਬਤ ਹੋਣ ਨਾਲ ਹੀ ਕਿਲਾ ਗੁਜਰ ਵਾਲ ਦਾ ਇਲਾਕਾ ਭੀ ਜ਼ਬਤ ਕਰ ਲਿਆ ਗਿਆ। ਬਾਬਾ ਜੀਤਾ ਸਿੰਘ ਓਥੇ ਦਾ ਕਿਲੇਦਾਰ ਹੋਣ ਕਰ ਕੇ ਉਸ ਦੀ ਬੰਸ 'ਕਿਲੇਵਾਲੇ' ਕਹਾਉਂਦੇ ਹਨ। ਬਾਬੇ ਜੀਤਾ ਸਿੰਘ ਦੀ ਚੌਥੀ ਪੀੜ੍ਹੀ ਵਿਚ ਸਃ ਬਚਨ ਸਿੰਘ ਆਦਿ ਲੇਖਕ ਦੀ ਭੂਆ ਦੇ ਪੁਤ੍ਰ ਹਨ।

## (੧੪) ਰਾਏਪੁਰ (ਜ਼ਿਲਾ ਲੁਧਿਆਣਾ)

ਇਹ ਪਿੰਡ ਗੁੱਜਰਵਾਲ ਵਿਚੋਂ ਉਠ ਕੇ ਚੌਧਰੀ ਲਾਲੇ ਦੇ ਪਿਤਾ ਨੇ ਆਬਾਦ ਕੀਤਾ ਸੀ। ਅਕਬਰ ਬਾਦਸ਼ਾਹ ਵਲੋਂ ਉਸ ਨੂੰ 'ਰਾਏ' ਦਾ ਖਿਤਾਬ ਤੇ ਢਾਈ ਲਖ ਦਾ ਪਰਗਣਾ ਦਿਤਾ ਗਿਆ ਸੀ ਜੋ ਸਃ ਤਾਰਾ ਸਿੰਘ 'ਗੈਬਾ' ਦੇ ਪੁਤਰ ਗੁਜਰ ਸਿੰਘ ਦੇ ਅਧਿਕਾਰ ਵਿਚ ਆਇਆ ਫੇਰ ਅਬਦਾਲੀ ਨੇ ੨੩ ਪਿੰਡਾਂ ਤੋਂ ਬਿਨਾਂ ਬਾਕੀਆਂ ਤੇ ਕਬਜ਼ਾ ਕੀਤਾ, ਫਿਰ ਮਹਾਰਾਜਾ ਰਣਜੀਤ ਸਿੰਘ ਨੇ ਗੁਜਰ ਸਿੰਘ ਤੋਂ ਨਾਭੇ ਵਾਲੇ ਜਸਵੰਤ ਸਿੰਘ ਨੂੰ ਇਹਨਾਂ ਵਿਚੋਂ ਘੁੰਗਰਾਣਾ ਆਦਿ ਕੁਝ ਪਿੰਡ ਦੇ ਦਿਤੇ। ਅੰਗਰੇਜ਼ਾਂ ਨੇ ਨਾਭੇ ਵਾਲੇ ਤੋਂ ਉਹ ਪਿੰਡ ਖੋਹ ਲਏ। ਰਹਿੰਦੇ ਪਿੰਡਾਂ ਬਾਬਤ ਰਾਇਪੁਰੀਆਂ ਦਾ ਵਕੀਲ ਅੰਗ੍ਰੇਜ਼ੀ ਰਾਜ ਸਮੇਂ ਲਾਹੌਰ ਨ ਪੁਜ ਸਕਿਆ। ਇਸ ਲਈ ਉਹ ਪਿੰਡ ਭੀ ਸਰਕਾਰ ਅੰਗ੍ਰੇਜ਼ੀ ਨੇ ਜ਼ਬਤ ਕਰ ਲਏ।

## (੧੫) ਘੁੰਗਰਾਣਾ

ਮੁਗ਼ਲ ਰਾਜ ਤੋਂ ਪਿਛੋਂ ਇਹ ਪਰਗਣਾ ਡੱਲੇਵਾਲੀ ਮਿਸਲ ਦੇ ਸਰਦਾਰ ਤਾਰਾ ਸਿੰਘ 'ਗੈਬਾ' ਦੇ ਅਧੀਨ ਸੀ। ਉਸ ਦੇ ਪੁਤਰ ਸਃ ਗੁੱਜਰ ਸਿੰਘ ਤੋਂ ਰਾਜਾ ਜਸਵੰਤ ਸਿੰਘ ਨਾਭਾ ਹਾਰ ਖਾ ਕੇ

Digitized by Panjab Digital Library | www.panjabdigilib.org

ਮਹਾਰਾਜਾ ਰਣਜੀਤ ਸਿੰਘ ਨੂੰ ਚੜ੍ਹਾ ਲਿਆਇਆ ਤਾਂ ਇਹ ਪਰਗਣਾ ਮਹਾਰਾਜਾ ਜਸਵੰਤ ਸਿੰਘ ਦੇ ਅਧਿਕਾਰ ਵਿਚ ਆਇਆ। ਪਰ, ਅੰਗ੍ਰੇਜ਼ਾਂ ਨੇ ਇਸ ਨੂੰ ਅਹਦਨਾਮੇ ਦੇ ਉਲਟ ਸਮਝ ਕੇ ਉਸ ਤੋਂ ਸਾਰਾ ਪਰਗਣਾ ਹੀ ਖੋਹ ਲਿਆ ਜੋ ਹੁਣ ਜ਼ਿਲਾ ਲੁਧਿਆਣਾ ਵਿਚ ਹੈ।

## (੧੬) ਜਗਰਾਉਂ

ਇਹ ਨਗਰ ਲਗ ਪਗ ੬੦੦ ਬਰਸ ਤੋਂ ਬਸਿਆ ਹੋਇਆ ਹੈ, ਜਿਸ ਨੂੰ ਕਿਸੇ 'ਜਗਰਾਣੇ' ਨਾਈ ਨੇ ਵਸਾਇਆ। ਮੰਜ ਰਾਜਪੂਤਾਂ ਤੋਂ ਪਹਿਲਾਂ ਏਥੇ ਬਲੋਚਾਂ ਦਾ ਬਹੁਤ ਜ਼ੋਰ ਸੀ। ਫੇਰ ਰਿਆਸਤ ਰਾਇਕੋਟ ਦੇ ਅਧੀਨ ਹੋਇਆ। ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ਰਿਆਸਤ ਰਾਇ ਕੋਟ ਨੂੰ ਬਰਬਾਦ ਕਰ ਕੇ ਇਸ ਨੂੰ ਆਪਣੇ ਅਧਿਕਾਰ ਵਿਚ ਕਰ ਲਿਆ ਅਤੇ ਮਹਾਰਾਜਾ ਜੀਂਦ ਨੂੰ ਦੇ ਦਿਤਾ। ਫੇਰ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਵਿਚ ਰਿਹਾ। ਹੁਣ ਇਹ ਪਰਗਣਾ ਜ਼ਿਲਾ ਲੁਧਿਆਣੇ ਦੀ ਤਹਿਸੀਲ ਹੈ।

## (੧੭) ਜਾਰਜ ਗੜ੍ਹ ਪ੍ਰਸਿਧ–ਜਹਾਜ ਗੜ੍ਹ (ਜ਼ਿਲਾ ਹਿਸਾਰ)

ਏਥੇ ਜਾਰਜ ਟਾਮਸਨ ਦੀ ਰਾਜਧਾਨੀ ਸੀ। ਇਹ ਇਲਾਕਾ ੮੦ ਲਖ ਦਾ ਸੀ।

ਜਾਰਜ ਟਾਮਸਨ ਪਹਿਲਾਂ ਸਿਮਰੂ ਬੇਗਮ ਦਾ ਨੌਕਰ ਸੀ। ਫੇਰ ਮਰਹਟਿਆਂ ਵਲੋਂ ਹਾਂਸੀ ਹੰਸਾਰ ਦਾ ਹਾਕਮ ਬਣਿਆ। ਪਹਿਲਾਂ ਇਸ ਨੇ ਹਾਂਸੀ ਦੇ ਕਿਲੇ ਵਿਚ ਆਪਣੀ ਰਾਜਧਾਨੀ ਬਣਾਈ। ਫੇਰ ਆਪਣੇ ਨਾਉਂ ਉਤੇ ਜਾਰਜ ਗੜ੍ਹ ਕਿਲਾ ਬਣਾਇਆ। ਸਿੰਘ ਉਸ ਨੂੰ 'ਜਹਾਜ ਗੜ੍ਹ' ਆਖਿਆ ਕਰਦੇ ਸੀ। ਟਾਮਸਨ ਨੇ ਰਾਜ ਪਟਿਆਲਾ ਤੇ ਜੀਂਦ ਨਾਲ ਕਈ ਜੁਧ ਕੀਤੇ। ਬੀਬੀ ਰਾਜਿੰਦਰ ਕੌਰ ਤੇ ਬੀਬੀ ਸਾਹਿਬ ਕੌਰ ਨੇ ਇਸ ਦੇ ਖੂਬ ਦੰਦ ਖਟੇ ਕੀਤੇ। ਜਃ ਪੈਰਨ ਸਾਹਿਬ ਨੇ ਇਸ ਦੇ ਰਾਜ ਨੂੰ ਅੰਗ੍ਰੇਜ਼ੀ ਰਾਜ ਵਿਚ ਸ਼ਾਮਲ ਕੀਤਾ।

## (੧੮) ਸਾਬੋ ਕੀ ਤਲਵੰਡੀ

ਇਹ ਤਅੱਲਕਾ ਸ਼ਮਸ ਦੀਨ ਅਲਤਮਸ਼ ਦੇ ਵੇਲੇ ਗੁਜਰਾਂ ਦਾ ਸੀ। ਉਹਨਾਂ ਦੇ ਚੌਧਰੀ ਨੇ ਮੁਸਲਮਾਨ ਹੋ ਕੇ ਇਸ ਇਲਾਕੇ ਦੀ ਚੌਧਰ ਹਾਸਿਲ ਕੀਤੀ ਉਸ ਦੇ ਅਊਤ ਚਲੇ ਜਾਣ ਤੋਂ ਇਹ ਤਅੱਲਕਾ ਉਸ ਦੀ ਲੜਕੀ 'ਸ਼ਹਾਬੋ' ਦੇ ਕਬਜ਼ੇ ਵਿਚ ਆਇਆ। ਜਿਸ ਦੀ ਰਾਜਧਾਨੀ 'ਤਲਵੰਡੀ ਸਾਬੋ ਕੀ' ਪ੍ਰਸਿੱਧ ਹੋਈ। ਪਿਛੋਂ ਬੈਰਾੜਾਂ ਨੇ ਏਸ ਇਲਾਕੇ ਤੇ ਕਬਜ਼ਾ ਕਰ ਲਿਆ। ਗੁਰੂ ਦਸਮ ਪਾਤਸ਼ਾਹ ਦੇ ਸਮੇਂ ਚੌਧਰੀ ਸਲੇਮ ਦਾ ਪੁਤਰ ਡੱਲਾ ੪੮ ਪਿੰਡਾਂ ਦਾ ਮਾਲਿਕ ਸੀ। ਸਿੱਖਾਂ ਦੀਆਂ ਜਿੱਤਾਂ ਸਮੇਂ ਇਹ ਤਅੱਲਕਾ ਤੇ ਆਸ ਪਾਸ ਦੇ ੮੪ ਪਿੰਡ ਬਾਬਾ ਦੀਪ ਸਿੰਘ ਸ਼ਹੀਦ ਦੀ ਵੰਡ ਵਿਚ ਆਏ ਸੀ। ਜੋ ਰਾਜ਼ਾ ਅਮਰ ਸਿੰਘ ਦੇ ਵੇਲੇ ਏਥੋਂ ਦੇ ਰਈਸ ਸੁਖਚੈਨ ਸਿੰਘ ਨਾਲ ਵਿਗਾੜ ਹੋਣ ਕਰਕੇ ਰਿਆਸਤ ਪਟਿਆਲਾ ਵਿਚ ਆਏ। ਪਰ ਮਹਾਰਾਜਾ ਮਹਿੰਦਰ ਸਿੰਘ ਨੇ ਅਪਣੀ ਸੁਪੁਤ੍ਰੀ ਦੇ ਵਿਆਹ ਸਮੇਂ ਸਃ ਜੀਉਣ ਸਿੰਘ ਸ਼ਹੀਦ ਨੂੰ ਦਿਤੇ। ਜਿਨ੍ਹਾਂ ਦੀ ਜਾਗੀਰ ਅਸੀ ਹਜ਼ਾਰ ਰੁਪੈ ਦੇ ਲਗ ਪਗ ਹੈ।

Digitized by Panjab Digital Library | www.panjabdigilib.org

ਵੈਦਿਕ ਸਮੇਂ ਵਿਚ ਏਥੇ ਸਰਸ੍ਵਤੀ ਦੀ ਇਕ ਸ਼ਾਖਾ ਵਗਦੀ ਸੀ, ਜਿਸ ਤੇ ਮਾਰਕੰਡੇ ਰਿਸ਼ੀ ਨੇ ਤਪ ਕੀਤਾ ਸੀ ਅਤੇ ਪਰਾਸਰ ਤੇ ਬਿਆਸ ਆਦਿਕ ਅਨੇਕ ਰਿਸ਼ੀ ਏਥੇ ਹੀ ਰਹਿੰਦੇ ਸਨ।

ਰਿਗ ਵੇਦ ਅਤੇ ਐਤਰੇਯ ਬ੍ਰਾਹਮਣ ਵਿਚ ਕਈ ਜਗਾ ਲਿਖਿਆ ਹੈ ਕਿ ਵੈਦਿਕ ਕਾਲ ਵਿਚ ਮੰਤ੍ਰ ਕਰਤਾ ਰਿਖੀ ਸਰਸ੍ਵਤੀ ਦੇ ਕੰਢੇ ਰਹਿੰਦੇ ਸੀ ਅਤੇ ਵੇਦ ਬਿਆਸ ਸਤੁਦ੍ਰਿ (ਸਤਲੁਜ) ਦੇ ਵਿਚਾਲੇ ਜੰਮੇ ਅਤੇ ਸਰਸ੍ਵਤੀ ਦੇ ਕੰਢੇ ਨੂੰ ਉਨ੍ਹਾਂ ਨੇ ਆਪਣਾ ਕਾਰਯ ਛੇਤ੍ਰ (ਬ੍ਰਹਮ ਸੂਤ੍ਰ ਆਦਿ ਦੀ ਰਚਨਾ ਕੇਂਦ੍ਰ) ਬਣਾਇਆ। ਪੁਰਾਣੇ ਸ੍ਰਿਸ਼ਟ ਪੁਰਸ਼ਾਂ ਦਾ ਕਥਨ ਹੈ ਕਿ ਏਥੇ ਵੈਦਿਕ ਸਮੇਂ ਵਿਚ ਵਿਦਿਆ ਪੀਠ (ਕਾਸ਼ੀ) ਸੀ। ਏਸ ਖਿਆਲ ਦੀ ਪੁਸ਼ਟੀ 'ਦੌਰੇ ਦੀ ਸਾਖੀ' ਵਿਚੋਂ ਸ੍ਰੀ ਗੁਰੂ ਨੌਵੇਂ ਪਾਤਸ਼ਾਹ ਦੇ ਬਚਨ ਤੋਂ ਹੁੰਦੀ ਹੈ। ਆਪ ਆਗਿਆ ਕਰਦੇ ਹਨ-'ਏਥੇ (ਦਮਦਮੇ ਉਪਰ) ਬੈਠਣ ਵਾਲਾ ਮਹਾਂ ਪੁਰਖ ਭੀ ਛੇਤੀ ਆਵੇਗਾ। ਜੋ ਬੜਾ ਦਾਨ ਕਰੇਗਾ, ਯੱਗ ਕਰੇਗਾ, ਬਾਣੀ ਦੀ ਰਚਨਾ ਕਰੇਗਾ, ਤਖਤ ਕਾਇਮ ਕਰੇਗਾ, ਏਥੇ ਜੋ ਅਸਾਡੀ ਪੁਰਾਤਨ ਕਾਂਸ਼ੀ ਸੀ ਉਸ ਨੂੰ ਪ੍ਰਗਟ ਕਰੇਗਾ.........'

ਉਕਤ ਅਸਥਾਨ ਮਹਾਂ ਪਵਿਤ੍ਰ ਅਤੇ ਪੁਰਾਤਨ ਸਮੇਂ ਵਿਚ ਅਤਿ ਪ੍ਰਸਿਧ ਸੀ। ਇਸ ਨੂੰ ਵਿਖਿਆਤ ਕਰਨ ਲਈ ਸਤਿਗੁਰੂ ਨਾਨਕ ਦੇਵ ਜੀ ਏਥੇ ਪਧਾਰੇ ਸਨ। ਉਨ੍ਹਾਂ ਦਾ ਨਿਸਾਨ 'ਨਾਨਕ ਸਰ' ਹੈ ਜਿਥੇ ਅਜ ਕਲ ਸੰਤ ਅਤਰ ਸਿੰਘ ਜੀ ਦਾ ਬਣਵਾਇਆ ਹੋਇਆ ਸਰੋਵਰ ਹੈ ਓਸ ਦੇ ਦਖਣੀ ਖੂੰਜੇ ਗੁਰੂ ਤੇਗ ਬਹਾਦਰ ਸਾਹਿਬ ਦਾ ਗੁਰਦੁਆਰਾ ਹੈ। ਓਥੇ ਪਹਿਲਾਂ ਇਕ ਬੇਰੀ ਸੀ ਜੋ ਮਾਰਕੰਡੇ ਦੇ ਤਪ ਕਰਨ ਦਾ ਥਾਂ ਸੀ ਓਥੇ ਹੀ ਗੁਰੂ ਨਾਨਕ ਦੇਵ ਦੇ ਬੈਠਣ ਦੀ ਜਗਾ ਸੀ। ਓਸ ਨੂੰ ਪ੍ਰਸਿਧ ਕਰਨ ਲਈ ਹੀ ੯ਵੇਂ ਸਤਿਗੁਰਾਂ ਨੇ ਦੁਸ਼ਾਲੇ ਨਾਲ ਕਾਰ ਕਢੀ ਅਤੇ ਆਪਦਾ ਅਸਥਾਨ ਬਣਿਆ। ਉਸ ਤੋਂ ਪਿਛੋਂ ਦਸਵੇਂ ਪਾਤਸਾਹ ਨੇ ਢਾਲੇ ਨਾਲ ਕਾਰ ਕਢਦੇ ਹੋਇਆਂ ਬਚਨ ਕੀਤਾ 'ਨੌਵੇਂ ਨੇ ਦੁਸ਼ਾਲੇ ਨਾਲ ਦਸਵੇਂ ਨੇ ਢਾਲੇ ਨਾਲ।'

ਏਥੇ ੧੭੬੩ ਬਿਕ੍ਰਮੀ ਨੂੰ ਸਤਿਗੁਰੂ ਦਸਮੇਸ ਜੀ ਪਧਾਰੇ। ਜਿਨ੍ਹਾਂ ਨੇ ਪੁਰਾਤਨ ਬੀੜਾਂ ਸਭ ਰੱਦ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ †ਬੀੜ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਅਤੇ ੪ ਬੀੜਾਂ ਸਭ ਤਖਤਾਂ ਨੂੰ ਭੇਜੀਆਂ। ਹਿੰਦੂਆਂ ਦੀ ਕਾਸ਼ੀ ਦੇ ਮੁਕਾਬਲੇ ਤੇ 'ਗੁਰੂ ਕੀ ਕਾਸ਼ੀ' ਅਸਥਾਪਨ ਦੀ ਨਕਲ ਕਰ ਕੇ ਵਰ ਦਿਤੇ-ਏਥੇ ਬੈਲ ਬੁਧੀ ਵਾਲੇ ਭੀ ਵਿਦ੍ਵਾਨ ਬਣਨਗੇ, ਬੜੇ ਲਿਖਾਰੀ, ਗਿਆਨੀ ਮਹਾਂ ਗਿਆਨੀ ਤਪੱਸੀ, ਜੋਧੇ ਅਤੇ ਮਹਾਂ ਪੁਰਖ ਪੈਦਾ ਹੋਣਗੇ। ਸੋ ਐਸਾ ਹੀ ਹੋਇਆ। ਅਰਥਾਤ ਏਸੇ ਟਕਸਾਲ ਦੀ ਬਰਕਤ ਦਾਉਧਰ, ਸੇਖਵਾਂ, ਕੁਬੇਰਵਾਲਾ ਅਤੇ ਸਿਖ ਰਜਵਾੜਿਆਂ ਦੀਆਂ ਟਕਸਾਲਾਂ ਨੇ ਅਣਗਿਣਤ ਹੀ ਗੁਣੀ ਗਿਆਨੀ ਪ੍ਰਗਟ ਕੀਤੇ। ਜਿਨ੍ਹਾਂ ਨੇ ਧਾਰਮਿਕ ਅਤੇ ਵਿਦਿਅਕ ਕਾਰਯਾਂ ਵਿਚ ਪੰਜਾਬੀ-ਗੁਰਮੁਖੀ ਭਾਸ਼ਾ ਨੂੰ ਸੰਸਕ੍ਰਿਤ ਦੇ ਟਾਕਰੇ ਤੇ ਚਾਰ ਚੰਦ ਲਾ ਕੇ ਅਤਿ ਉੱਨਤੀ ਦੇ ਸਿਖਰ ਪਹੁੰਚਾ ਦਿਤਾ ਹੈ। ਜਿਸ ਦੇ ਪ੍ਰਕਾਸ਼ ਦੇ ਸੌਹੇਂ 'ਨਵੀਂ ਸਾਹਿਤਯ' ਪੈਦਾ ਕਰਨ ਵਾਲਿਆਂ ਦੀਆਂ ਚੁੰਧਿਆਈਆਂ ਹੋਈਆਂ

---

†ਨੋਟ--ਸ੍ਰੀ ਦਸਮੇਸ ਜੀ ਨੇ ਜੰਗ ਦਾ ਕਮਰਕੱਸਾ ਸ੍ਰੀ ਦਮਦਮੇ ਸਾਹਿਬ ਖੋਲ ਕੇ ਪੰਜ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਕਰਤਾਰ ਪੁਰ ਧੀਰ ਮਲੀਆਂ ਪਾਸ ਲੈਣ ਭੇਜਿਆ. ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇਣ ਤੋਂ ਇਨਕਾਰ ਕੀਤਾ, ਸਿੰਘਾਂ ਦੇ ਜ਼ਿਆਦਾ ਖਿਆਲ ਕਰਨ ਤੇ ਹੰਕਾਰ ਵਿਚ ਆਕੇ ਕੇਹਣ ਲਗੇ ਜੇ ਗੁਰੂ ਸਮਰਥ ਹੈ ਤਾਂ ਅਨਭਵੀ ਹੋਰ ਉਚਰ ਲੈਣ। ਸੋ ਜਦ ਸਿੰਘਾਂ ਆਣਕੇ ਬਚਨ ਕੀਤਾ ਤਾਂ ਸ੍ਰੀ ਦਸਮੇਸ ਜੀ ਨੇ ਸਭ ਸਬੰਧੀ ਤਿਆਰ ਕਰਕੇ ਤੰਬੂ ਲਗਵਾਏ ਭਾਈ ਸ: ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਲਖਾਰੀ ਰਖਕੇ ਆਪ ਜੀ ਅਨਭਵ ਅਨੁਸਾਰ ਉਚਾਰਦੇ ਗਏ ਏਹ ਗੁਰੂ ਪਿਆਰੇ ਬਾਰੀ ਬਾਰੀ ਲਿਖਦੇ ਗਏ।

Digitized by Panjab Digital Library | www.panjabdigilib.org

ਅੱਖਾਂ ਉਸ ਦੀ ਵਲ ਤੱਕ ਭੀ ਨਹੀਂ ਸਕਦੀਆਂ। ਏਥੋਂ ਦੀ ਬਰਕਤ ਦੇ ਨਾਲ ਹੀ ਭਾਃ ਮਨੀ ਸਿੰਘ ਦੀ ਟਕਸਾਲ ਦੁਆਰਾ ਸ੍ਰੀ ਅੰਮ੍ਰਿਤਸਰ ਦੀ ਪਾਠਸ਼ਾਲਾ ਤੋਂ ਮੁੱਝਲੇ ਅਤੇ ਲਹਿੰਦੇ ਸਿਖ ਜਗਤ ਵਿਚ ਗੁਰਮਤਿ ਅਤੇ ਗੁਰਮੁਖੀ ਵਿਦਿਆ ਦਾ ਪ੍ਰਕਾਸ਼ ਹੋਇਆ।

ਏਸ ਜਗ੍ਹਾ ੭ ਗੁਰਦੁਆਰੇ ਹਨ (੧) ਤਖਤ ਦਮਦਮਾ ਸਾਹਿਬ–ਜਿਥੇ ਹਜ਼ੂਰ ਨੇ ਬੀੜ ਬਧੀ ਅਤੇ ਅਨੰਦ ਪੁਰ ਸਾਹਿਬ ਤੋਂ ਪਿਛੋਂ ਖੁਲ੍ਹੇ ਦੀਵਾਨ ਵਿਚ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਅਤੇ ਦਮਦਮੇ ਸਾਹਿਬ ਉਪਰ ਸਜ ਕੇ ਆਪ ਨਿਤਨੇਮ ਤਥਾ ਉਪਦੇਸ਼ ਕਰਿਆ ਕਰਦੇ ਸਨ। (੨) ਗੁਃ ੯ਵੇਂ ਸਾਹਿਬਾਂ ਦਾ (ਤਖਤ ਸਾਹਿਬ ਕੋਲ) ੩. ਲਿਖਣਸਰ–ਜਿਥੇ ੧੦ਵੇਂ ਪਾਤਸ਼ਾਹ ਨੇ ਕਲਮਾਂ (ਬੀੜ ਲਿਖਣ ਤੋਂ ਬਚੀਆਂ) ਘੜ ੨ ਸਰੋਵਰ ਵਿਚ ਸਿਟ ਕੇ ਬਹੁਤੇ ਲਿਖਾਰੀ ਹੋਣ ਦਾ ਵਰ ਦਿਤਾ। ੪. ਜੰਡਸਰ, ਜਿਥੇ ਆਪ ਆਥਣ ਵੇਲੇ ਜਲ ਪਾਣੀ ਛਕ ਕੇ ਉਪਦੇਸ ਕਰਿਆ ਕਰਦੇ ਸਨ। ੫. ਸਰੋਵਰ ਉਪਰ ੯ਵੇਂ ਸਾਹਿਬਾਂ ਦਾ ਕਾਰ ਕਢਣ ਵਾਲਾ ਅਸਥਾਨ (ਅਤੇ ਏਥੇ ਹੀ ਗੁਰੂ ਨਾਨਕ ਸਾਹਿਬ ਦਾ ਲੁਪਤ ਹੋਇਆ ਅਸਥਾਨ) ੬. ਮਾਤਾ ਸਾਹਿਬਾਂ ਦਾ ਗੁਰਦੁਆਰਾ ਜਿਥੇ ਚਿਰਾਂ ਦੀਆਂ ਵਿਛੜੀਆਂ ਮਾਤਾਵਾਂ (ਗੁਰੂ ਜੀ ਦੇ ਮਹਲ) ਏਥੇ ਆ ਕੇ ਮਹਾਰਾਜ ਸਾਹਿਬ ਨੂੰ ਮਿਲੀਆਂ ਅਤੇ ਸਾਹਿਬਜ਼ਾਦਿਆਂ ਦਾ ਸਮਾਚਾਰ ਪੁਛਣ ਤੇ 'ਚਾਰ ਗਏ ਤੋ ਕਿਆ ਭਯਾ ਜੀਵਤ ਕਈ ਹਜਾਰ' ਦਾ ਵਰ ਪ੍ਰਾਪਤ ਕੀਤਾ। ੭. ਮਹੱਲਾ ਅਸਥਾਨ–ਜਿਥੇ ਆਪ ਨੇ ਹੋਲਾ ਮਹੱਲਾ ਖੇਡਿਆ।

ਇਨ੍ਹਾਂ ਤੋਂ ਬਿਨਾਂ ਸੰਤ ਅਤਰ ਸਿੰਘ ਜੀ ਦਾ ਬਣਵਾਇਆ ਹੋਇਆ ਸਰੋਵਰ ਦੇਖਣ ਜੋਗ ਹੈ ਤੇ ਖਾਃ ਹਾਃ ਸਕੂਲ ਅਤੇ ਕਈ ਪਾਠਸ਼ਾਲਾ ਤੇ ਆਸ਼ਰਮ ਹਨ।

## ਮੂੰਗ ਬੱਧ

ਨਗਰ ਕੋਟ (ਕਾਂਗੜਾ) ਤੋਂ ਆਏ ਹੋਏ 'ਮੂੰਗ' ਗੋਤ ਦੇ ਗੁਜਰਾਂ ਨੇ ਵਰਤਮਾਨ-ਜਗਰਾਉਂ ਕੋਲ ਏਸ ਨਾਉਂ ਦਾ ਪਿੰਡ ਬੱਧਾ। ਦੂਰ ੨ ਤੱਕ ਇਨ੍ਹਾਂ ਨੇ ਆਪਣੀ ਚੌਧਰ ਕਾਇਮ ਕਰ ਲਈ। ਓਸ ਸਮੇਂ ਇਹਦੇ ਆਸ ਪਾਸ ਗੁਜਰਾਂ ਦੇ ਬਹੁਤੇ ਪਿੰਡ ਸਨ, ਛੇਵੀਂ ਸਦੀ ਵਿਚ ਹੋਣ ਵਾਲਾ ਵਰਧਨ ਬੰਸ ਭੀ, ਜਿਸਨੇ ਥਾਨੇਸਰ ਅਤੇ ਕਨੌਜ ਦੇ ਅੱਛਤ ਰਾਜ ਕੀਤਾ ਉਹ ਇਨ੍ਹਾਂ ਵਿਚੋਂ ਹੀ ਸੀ। ਪੰਜਵੀਂ ਸਦੀ ਈਸਵੀ ਵਿਚ ਵਿਰਾਟ ਨਗਰ ਤਿਹਾੜੇ ਦੇ ਨਾਲ ਹੀ ਹੂੰਨਾ ਦੀ ਬਾਢ ਨੇ ਏਸ ਨੂੰ ਬਰਬਾਦ ਕੀਤਾ। ਓਸ ਦਾ ਥੇਹ ਮੰਡੀ ਤੋਂ ਕਾਉਕਿਆਂ ਵਲ ਨੂੰ ਦਿਖਾਈ ਦਿੰਦਾ ਹੈ। ੧੩ਵੀਂ ਸਦੀ ਈਸਵੀ ਵਿਚ ਕਿਸੇ ਜਰਾਹੀ ਦਾ ਕੰਮ ਕਰਨ ਵਾਲੇ ਜਗਰਾਇ ਨੇ ਏਸ ਦੇ ਕੋਲ ਵਰਤਮਾਨ 'ਜਗਰਾਵਾਂ' ਨਾਉਂ ਦਾ ਨਗਰ ਵਸਾਇਆ ਚੌਧਵੀਂ ਸਦੀ ਦੇ ਆਰੰਭ ਵਿਚ ਸਾਬੇਕੇ ਗੁਜਰਾਂ ਨੇ ਮੁਸਲਮਾਨ ਹੋ ਕੇ ਏਸ ਪਰਗਣੇ ਤੇ ਆਪਣੀ ਚੌਧਰ ਕਾਇਮ ਕੀਤੀ ਜਦ ਕਿ ਉਨ੍ਹਾਂ ਦਾ ਇਲਾਕਾ ਬੈਰਾੜਾਂ ਨੇ ਖੋਹ ਲਿਆ ਸੀ। ਉਨ੍ਹਾਂ ਦੇ ਨਾਲ ਹੀ ਬਠਿੰਡੇ ਦੇ ਬਲੋਚ ਭੀ ਆ ਬਸੇ ਸਨ। ਸੋ ਪਹਿਲਾਂ ਤੋਂ ਹੀ ਏਥੇ ਗੁਜਰਾਂ ਤੇ ਬਲੋਚਾਂ ਦਾ ਜੋਰ ਸੀ। ਸੋਲਵੀਂ ਸਦੀ ਵਿਚ ਹਠੂਰ ਵਾਲੇ ਮੰਜਾਂ ਦੀ ਚੌਧਰ ਵਿਚ ਆਇਆ ਅਤੇ ੧੮ਵੀਂ ਸਦੀ ਵਿਚ ਤਲਵੰਡੀ ਵਾਲੇ ਰਾਇ ਅਹਮਦ ਦੇ ਰਾਜ ਵਿਚ ਆਇਆ। ੧੯ਵੀਂ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਜਿਤ ਕੇ ਮ: ਫਤੇ ਸਿੰਘ ਆਹਲੂਵਾਲੀਏ ਨੂੰ ਦਿਤਾ। ਉਸ ਦਾ ਏਥੇ ਕਿਲਾ ਸੀ, ਜਿਸ ਦੇ ਨਿਸ਼ਾਨ ਮੁਹਕਮ ਦੀਨ ਦੀ ਖਾਨਕਾਹ ਕੋਲ ਅਜੇ ਭੀ ਹਨ।

Digitized by Panjab Digital Library | www.panjabdigilib.org

## ਮਲ੍ਹੀਵਾਲ

ਇਹ ਪਿੰਡ ਵਰਤਮਾਨ ਸਿਧਵਾਂ ਤੇ ਗੁੜੇ (ਜ਼ਿ: ਲੁਦਿਹਾਣਾ) ਦੇ ਵਿਚਕਾਰ ਵਸਦਾ ਸੀ ਅਤੇ ਇਸ ਦਾ ਨਾਉਂ ਮਲ੍ਹੀਵਾਲ ਸੀ। ਜੋ ਉਨ੍ਹਾਂ ਨੇ ਅਪਣੇ ਵਡਿਆਂ ਦੇ ਬਸਾਏ ਹੋਏ ਕਿਸੇ ਵਡੇ ਨਗਰ ਦੇ ਥੇਹ ਉਪਰ ਦੋਬਾਰਾ ੯ਵੀਂ ਸਦੀ ਵਿਚ ਬਸਾਇਆ ਸੀ। ਪਹਿਲੀ ਵਾਰ ਏਸ ਨੂੰ ਬਿਕ੍ਰਮ ਬੰਸੀ ਮਾਲੂ ਜਾਂ ਮਲ੍ਹੀ ਕੌਮ ਨੇ ਤਿਹਾੜੇ ਦੇ ਪਰਗਣੇਦੀ ਰਾਜਧਾਨੀ ਜਾਂ ਪ੍ਰਤਿਨਿਧ ਰਾਜਧਾਨੀ ਦੇ ਰੂਪ ਵਿਚ ਬਸਾਇਆ, ਇਹ ਅਨੁਮਾਨ ਤੋਂ ਸਿੱਧ ਹੁੰਦਾ ਹੈ। ਇਨ੍ਹਾਂ ਪਿੰਡਾਂ ਦੇ ਲੋਕ ਦਸਦੇ ਹਨ ਕਿ ਦੋ ਸੌ ਬਰਸ ਦੇ ਲਗ ਪਗ ਹੋਏ, ਏਥੇ ਇਕ ਵਡਾ ਕਿਲਾ ਹੁੰਦਾ ਸੀ। ਓਸ ਵਿਚ ਮੱਲ੍ਹੀ ਜਿਮੀਂਦਾਰ ਬਸਣ ਕਰਕੇ ਉਹ 'ਮੱਲ੍ਹੀਵਾਲਾ' ਕਰਕੇ ਪ੍ਰਸਿਧ ਸੀ। ਏਥੋਂ ਹੁਣ ਤਕ ਪੁਰਾਣੇ ਸਿੱਕੇ ਮਿਲਦੇ ਹਨ। ਏਥੋਂ ਦੇ ਮੱਲ੍ਹੀ ਹੁਣ ਬੜੇ ਸਿਧਵੀਂ ਰਹਿੰਦੇ ਹਨ, ਜੋ ੧੮੦ ਬਰਸ ਤੋਂ ਉਥੋਂ ਉਸ ਦੇ ਉਜੜ ਜਾਣ ਤੋਂ ਆਏ ਹਨ। ਅਤੇ ਕੁਝ 'ਮਲ੍ਹੀਆਂ ਦੀ ਤਲਵੰਡੀ' ਬਸਾਕੇ ਰਹਿਣ ਲਗੇ। ਇਹ ਪਿੰਡ ਲੁਦਿਹਾਣਾ ਤੇ ਫੀਰੋਜ਼ਪੁਰ ਦੀ ਹੱਦ ਤੇ ਹੈ।

## ਆਲਮਗੀਰ

ਇਹ ਗਰੇਵਾਲ ਜਿਮੀਂਦਾਰਾਂ ਦਾ ਪਿੰਡ ਲੁਦਿਹਾਣੇ ਤੋਂ ੮ ਮੀਲ ਦਖਣ ਨੂੰ ਹੈ। ਜਿਸ ਦੇ ਬਸਣ ਦੀ ਦੰਦ ਕਥਾ ਇਉਂ ਹੈ ਕਿ ਔਰੰਗਜ਼ੇਬ ਦੇ ਵੇਲੇ ਲੁਦਿਹਾਣੇ ਦਾ ਮੁਗਲ ਹਾਕਿਮ ਏਸ ਇਲਾਕੇ ਦੀ ਪਰਜਾ ਨੂੰ ਦੁਖ ਦੇਣ ਤੋਂ ਇਲਾਵਾ ਉਨ੍ਹਾਂ ਦੀਆਂ ਲੜਕੀਆਂ ਜਬਰਦਸਤੀ ਚੱਕ ਲੈ ਜਾਂਦਾ ਸੀ। ਧਾਂਦਰੇ ਦੇ ਚੌਧਰੀ ਦੀ ਸੁੰਦਰ ਲੜਕੀ ਨੂੰ ਓਸ ਦੇ ਭੇਜੇ ਹੋਏ ਬੁਰਛੇ ਚਕਣ ਆ ਪਏ। ਤਾਂ ਲੋਕਾਂ ਨੇ ਓਸ ਵੇਲੇ ਉਨ੍ਹਾਂ ਦਾ ਚੰਗਾ ਟਾਕਰਾ ਕਰਕੇ ਲੜਕੀ ਛੁੜਾ ਲਈ। ਅਤੇ ਚੌਧਰੀ ਨੂੰ ਭੇਜ ਕੇ ਨਵਾਬ ਨਾਲ ਲੜਕੀ ਦਾ ਨਿਯਮ ਅਨੁਸਾਰ ਬਿਆਹ ਕਰ ਦੇਣਾ ਕਾਰਮ ਲਿਆ। ਏਸ ਜਗਾ ਜੰਞ ਲਈ ਤੰਬੂ ਲਾਏ ਗਏ। ਓਧਰੋਂ ਔਰੰਗਜ਼ੇਬ ਦੇ ਸਰਦਾਰ ਲਸਕਰੀ ਖਾਂ ਨੇ ਚਾਵੇ ਦੇ ਕੋਲ ਸੜਕ ਤੇ ਇਕ ਸਰਾਂ ਬਣਾਕੇ ਬਾਦਸ਼ਾਹ ਨੂੰ ਓਸਦੀ ਖੁਸ਼ੀ ਮਨਾਉਣ ਲਈ ਸਦਿਆ ਹੋਇਆ ਸੀ। ਧਾਂਦਰੇ ਵਾਲੇ ਚੌਧਰੀ ਨੇ ਗੁਪਤ ਰੀਤੀ ਨਾਲ ਬਾਦਸ਼ਾਹ ਅਗੇ ਫਰਿਆਦ ਕੀਤੀ। ਤਾਂ ਬਾਦਸ਼ਾਹ ਨੇ ਬਿਆਹ ਦੇ ਟੀਹੇ ਤੇ ਗੁਪਤ ਭੇਸ ਵਿਚ ਏਥੇ ਆਉਣ ਦਾ ਕਾਰਾ ਕਰ ਲਿਆ। ਜਦੋਂ ਨੀਯਤ ਸਮੇਂ ਤੇ ਲਾੜਾ ਜੰਞ ਲੈ ਕੇ ਜਾ ਪੁੱਜਾ। ਅਤੇ ਨਕਾਹ ਦੀਆਂ ਤਿਆਰੀਆਂ ਹੋਣ ਲਗੀਆਂ ਤਾਂ ਫੱਟ ਦੇਕੇ ਬਾਦਸ਼ਾਹ ਨੇ ਭੀ, ਜੋ ਭੇਸ ਧਾਰੀ ਹੋਕੇ ਜਾਂਞੀ ਬਣਿਆ ਬੈਠਾ ਸੀ ਪ੍ਰਗਟ ਹੋ ਕੇ ਹੁਕਮ ਦਿਤਾ—'ਪਕੜੋ ਇਸ ਬਦਮਾਸ਼ ਕੋ'। ਤਾਂ ਸਰਕਾਰੀ ਆਦਮੀ ਅਜੇ ਉਠਦੇ ਹੀ ਸੀ, ਬਾਦਸ਼ਾਹ ਨੇ ਆਪ ਹੀ ਓਸ ਨੂੰ ਤਲਵਾਰ ਦੇ ਘਾਟ ਉਤਾਰ ਦਿਤਾ। ਇਲਾਕੇ ਦੇ ਲੋਕਾਂ ਨੇ ਬਾਦਸ਼ਾਹ ਦੀ ਬੜੀ ਸੇਵਾ ਕੀਤੀ ਅਤੇ ਉਸ ਦੇ ਨਾਉਂ ਤੇ ਇਹ ਪਿੰਡ ਬਸਾਇਆ। ਇਹ ਗਲ ਲਗ ਪਗ ੧੬੭੦ ਈ: ਦੀ ਹੈ। ਏਸ ਦੇ ਚੜ੍ਹਦੀ ਵਲ ਨੂੰ ਹਜ਼ੂਰ ਦਸਮ ਪਾਤਸ਼ਾਹ ਦਾ ਗੁਰਦੁਆਰਾ ਹੈ।

## ਭੱਟਾ ਧੂਰ

ਇਹ ਪਿੰਡ ਜ਼ਿਃ ਲੁਦਿਹਾਣਾ ਵਿਚ ਬੁੱਢੇ ਨਾਲੇ ਉਪਰ ਲੁਦਿਹਾਣੇ ਤੋਂ ੧੦ ਮੀਲ ਪਛੋਂ ਨੂੰ ਹੈ।

Digitized by Panjab Digital Library | www.panjabdigilib.org

ਇਥੇ ਭਟਨੇਰ ਤੋਂ ਆਏ ਹੋਏ ਭੱਠਲ ਜ਼ਿਮੀਂਦਾਰਾਂ ਦਾ ਕੱਚਾ ਕਿਲਾ ਸੀ, ਜੋ ਉਨ੍ਹਾਂ ਨੇ ਤੈਮੂਰ ਦੇ ਭਟਨੇਰ ਨੂੰ ਉਜਾੜਨ ਤੋਂ ਏਥੇ ਆ ਕੇ ਬਣਵਾਇਆ ਸੀ। ਫੇਰ ਦਰਿਆਉ ਦੇ ਬਰਬਾਦੀ ਕਰਨ ਦੇ ਕਾਰਣ ੧੬ਵੀਂ ਸਦੀ ਵਿਚ ਇਨ੍ਹਾਂ ਨੇ ਭੱਠਲੋੜ (ਵਰਤਮਾਨ ਭਨੋਹੜ) ਬੱਧਾ। ਓਦੋਂ ਹੀ ਇਕ ਭਾਈ ਨੇ ਹਸਨ ਪੁਰ ਜਾ ਬਸਾਇਆ ਜੋ ਦਾਖੇ ਤੋਂ ੪ ਮੀਲ ਤੇ ਹੈ।

## ਬਾਰਨਹਾਲਾ ਜਾਂ ਬਾਰਨਹਾੜਾ

ਇਹ ਪਿੰਡ ਬੁੱਢੇ ਨਾਲੇ ਉਪਰ ਲੁਦਿਹਾਣੇ ਤੋਂ ੪ ਮੀਲ ਪਿਛੋਂ ਨੂੰ ਹੈ। ਪੁਰਾਣੇ ਸਮੇਂ ਵਿਚ ਏਥੇ ਕਿਸੇ ਰਾਜੇ ਦਾ ਕਿਲਾ ਸੀ, ਜਦ ਕਿ ਏਥੋਂ ਦੀ ਬਿਆਸ ਵਗਦਾ ਸੀ। 'ਬਾਰਨ' ਸਬਦ ਦਾ ਸੰਸਕ੍ਰਿਤ ਵਿਚ 'ਹਾਥੀ' ਅਰਥ ਹੈ। ਜੋ ਇਥੇ ਦੇ ਕਿਸੇ ਰਾਜੇ ਦਾ 'ਹਾਥੀ ਬਾੜਾ' ਸੀ। ਕਈ ਆਖਦੇ ਹਨ ਕਿ 'ਸੁਨੇਤ' ਦੇ ਦਰਾਵੜ ਰਾਜੇ ਸਿਰਕੱਪ ਦਾ ਇਥੇ ਹਾਥੀਵਾੜਾ ਸੀ। ਪਿਛੋਂ ਸੁਨੇਤ ਦੇ ਉਜੜ ਜਾਣ ਤੋਂ ਚਿਰ ਪਿਛੋਂ ਜਦੋਂ ਕਿਸੇ ਨੇ 'ਸੁਨੇਤ' ਦੂਜੀ ਵਾਰ ਬੱਧਾ ਤਾਂ ਓਸ ਨੇ ਸ਼ਹਰ ਦੇ ਕੋਲ ਹੀ ਹਾਥੀਵਾੜਾ ਬਣਾਇਆ, ਜਿਸ ਦਾ ਨਾਂਉ ਤੇ ਨਿਸ਼ਾਨ ਅਜ ਤਕ ਹੈ। ਸਿੰਘਾਂ ਦੇ ਵੇਲੇ ਮਜੈਲ ਸਿੰਘ ਦੇ ਹਿਸੇ ਵਿਚ ਬਾਰਨਹਾਲਾ ਤੇ ਸਤੋਵਾਲ ਆਦਿ ਪਿੰਡ ਆਏ ਸੀ। ਪਿਛੋਂ ਆਹਲੂਵਾਲੀਆਂ ਦੇ ਰਾਜ ਵਿਚ ਆਇਆ। ਹੁਣ ਅੰਗ੍ਰੇਜ਼ੀ ਰਾਜ ਵਿਚ ਸੀ।

## ਜੋਗਾ-ਰੱਲਾ

ਇਹ ਪਿੰਡ ਸੁਨਾਮ ਤੋਂ ੧੦ ਮੀਲ ਲਹਿੰਦੇ ਵਲ ਨੂੰ ਹਨ। ਚੋਹਾਣਾਂ ਦੀ ਕੌਲ੍ਹੀ ਨਾਮੇ ਸ਼ਾਖਾ ਦੀ ਚਾਹਲ ਬੰਸ ਨੇ ਇਹਨਾਂ ਨੂੰ ਬਸਾਇਆ। 'ਘੱਗ' ਦੇ ਛੇਵੀਂ ਪੀੜ੍ਹੀ ਵਿਚ 'ਚਾਹਲ' ਹੋਇਆ। ਓਸ ਦੇ ਨਾਉਂ ਤੇ ਚਾਹਲ ਗੋਤ ਪ੍ਰਸਿਧ ਹੋਇਆ। ਉਸ ਦੀ ਚੌਥੀ ਪੀੜੀ ਵਿਚ ਵੈਰਸੀ (ਵੈਰੀ ਸਿੰਘ) ਹੋਇਆ। ਉਸ ਦੇ ਦੋ ਟੱਬਰ ਸਨ। ਇਕ ਦਾ ਪੁਤ੍ਰ ਰੱਲਾ ਸੀ ਜਿਸ ਨੇ ਰੱਲਾ ਬਸਾਇਆ। ਜਿਸ ਤੋਂ ਬਹੁਤੇ ਪਿੰਡ ਚਾਹਲਾਂ ਦੇ ਬਝੇ। ਓਸ ਨੇ ਅਪਣੀ ਮਿਤੇਈ ਦੇ ਪੁਤਰ (ਛੋਟੇ ਭਾਈ) ਨੂੰ ਮਾਰ ਦਿਤਾ ਤਾਂ ਉਸ ਦੇ ਭਤੀਜੇ ਜੁਗਰਾਜ ਨੇ ਵਡੇ ਹੋਕੇ ਆਪਣੇ ਤਾਏ ਰੱਲੇ ਨੂੰ ਛਪੜ ਤੇ ਦਾਤਣ ਕਰਦੇ ਨੂੰ ਮਾਰ ਕੇ ਆਪਣੇ ਪਿਤਾ ਦਾ ਵੈਰ ਲਿਆ ਅਤੇ ਓਸ ਤੋਂ ਅੱਡ 'ਜੋਗਾ' ਪਿੰਡ ਆਪਣੇ ਨਾਉਂ ਉਤੇ ਬਸਾਇਆ। ਏਸ ਥਾਂ ਨੂੰ ਹਿੰਦੂ ਲੋਕ ਬੜਾ ਪਵਿਤ੍ਰ ਸਮਝਦੇ ਹਨ। ਕਿਉਂਕਿ ਵੈਦਿਕ ਸਮੇਂ ਵਿਚ ਪਾਂਡੋ ਤੇ ਦ੍ਰੋਪਤੀ ਆਏ ਤਾਂ ਏਥੇ ਦ੍ਰੋਪਤੀ ਨੇ ਇਸ਼ਨਾਨ ਕਰਕੇ ਇਸ਼ਨਾਨ ਕੁੰਡ-ਤੀਰਥ ਅਸਥਾਪਨ ਕੀਤਾ ਸੀ, ਜਿਸ ਦੀ ਨਿਸ਼ਾਨੀ ਹੁਣ ਤਕ ਹੈ। ਦੂਜੇ ਜੋਗੇ ਨੇ ਦੇਖਿਆ ਕਿ ਪੁਰਾਣੇ (ਪਲਾੜ ਨਗਰ ਦੇ) ਥੇਹ ਉਪਰ ਇਕ ਬਕਰੀ ਤੇ ਬਘਿਆੜ ਦਾ ਜੁੱਧ ਹੋ ਰਿਹਾ ਹੈ, ਜਿਸ ਵਿਚ ਬਕਰੀ ਬਘਿਆੜ ਨੂੰ ਭਜਾ ਕੇ ਆਪਣੇ ਬਚੇ ਨੂੰ ਬਚਾਉਣ ਵਿਚ ਸਫਲ ਹੋ ਗਈ। ਤਾਂ ਜੁਗਰਾਜ ਨੇ ਇਹ ਧਰਤੀ ਸੱਤਿਆ ਵਾਲੀ ਸਮਝ ਕੇ ਏਥੇ ਹੀ 'ਜੋਗਾ' ਪਿੰਡ ਬੱਧਾ। ਜਿਸ ਤੋਂ ਹੋਰ ਕਈ ਪਿੰਡ ਘਨੌਰੀ ਆਦਿ ਏਸ ਵਿਚੋਂ ਬੱਝ ਗਏ। ਇਹ ਸਿੱਧਾਂ ਦਾ ਸਮਾਂ ਸੀ, ਜਿਸ ਨੂੰ ਲਗ ਪਗ ੮੦੦ ਵਰਹੇ ਹੋਏ। ਚਾਹਲ ਜੋਗੀਆਂ ਦਾ ਚੇਲਾ ਸੀ। ਇਨ੍ਹਾਂ ਵਿਚੋਂ ਇਕ ਸਿੱਧ 'ਜੋਗੀਪੀਰ' ਨਾਮੇ ਹੋਇਆ ਹੈ। ਜਿਸ ਨੂੰ ਸਭ ਚਾਹਲ ਮੰਨਦੇ ਹਨ। ਜਿਥੇ ਭੀ ਚਾਹਲਾਂ ਦਾ ਕੋਈ ਪਿੰਡ ਹੈ ਓਥੇ ਜੋਗੀ ਪੀਰ ਦੀ ਮਾੜੀ ਭੀ ਹੈ। ਸੇਖੂ ਪੁਰੇ ਜਿਲੇ ਵਿਚ

Digitized by Panjab Digital Library | www.panjabdigilib.org

ਮੁਰੀਦਕੇ ਸਟੇਸ਼ਨ ਤੋਂ ੪ ਮੀਲ ਉਤਰ ਵਲ ਨੂੰ ਅਸੀਂ ਮੁਸਲਮਾਨ ਚਾਹਲਾਂ ਦੀ 'ਮਾੜੀ' ਨਾਮੇ ਪਿੰਡ ਅੱਖੀਂ ਦੇਖਿਆ ਹੈ। ਜਿਥੇ ਜੋਗੀ ਪੀਰ ਦੀ ਮਾੜੀ ਭੀ ਹੈ। ਪ੍ਰਤੀਤ ਹੁੰਦਾ ਹੈ ਕਿ ਗੁੱਗੇ ਵਾਂਗ ਜੋਗੀ ਪੀਰ ਨੂੰ ਭੀ ਰਤਨ ਹਾਜੀ ਦੀ ਸੰਗਤ ਹੋਣ ਤੇ 'ਪੀਰ' ਕਹਾਉਣ ਦਾ ਚਾਓ ਸੀ। ਸੋਹੀ ਤੇ ਲੱਖੀ ਆਦਿ ਹੋਰ ਕਈ ਗੋਤ ਚਾਹਲਾਂ ਨਾਲ ਰਲਦੇ ਹਨ। ਅਤੇ ਚਾਹਲ ਚੌਹਾਣਾਂ ਦੀ ਕੌਲ੍ਹੀ' ਸ਼ਾਖਾ ਵਿਚੋਂ ਹਨ। ਚੌਹਾਣਾਂ ਦੀਆਂ ਮੂਲ ੨੪ ਸ਼ਾਖਾਂ ਹਨ।

## ਪਲਾੜੂ

ਇਹ ਅਸਥਾਨ ਜੋਗੇ ਕੋਲ ਪੁਰਾਣਾ ਤੀਰਥ ਆਖਿਆ ਜਾਂਦਾ ਹੈ। ਕਹਿੰਦੇ ਹਨ ਕਿ ਜਦੋਂ ਦ੍ਰੋਪਤੀ ਅਤੇ ਪੰਜ ਪਾਂਡਿਵ ਬਣਬਾਸ ਕਟ ਕੇ ਵਿਰਾਟ ਨਗਰ (ਵਰਤਮਾਨ ਤਿਹਾੜਾ) ਤੋਂ ਹਸਤਨਾਪੁਰ ਨੂੰ ਜਾ ਰਹੇ ਸਨ ਏਸ ਥਾਂ ਦ੍ਰੋਪਤੀ ਨੇ ਬੜੇ ਆਨੰਦ ਅਤੇ ਸੁਖ ਨਾਲ ਇਸ਼ਨਾਨ ਕੀਤਾ ਅਤੇ ਭੀਮ ਨੇ ਭੀ ਦੇਸ਼ ਦੇਸ਼ਾਂਤਰਾਂ ਦਾ ਬਕੇਵਾਂ ਲਾਹਿਆ ਜੋ ਕਿ ਦ੍ਰੋਪਤੀ ਨੂੰ ਗਰਭਵਤੀ ਹੋਣ ਤੇ ਰੋਏ ਲਗਣ ਸਮੇਂ ਨਾ ਨਾ ਪ੍ਰਕਾਰ ਦੇ ਪਰਬਤੀ ਫਲਾਂ ਦੀ †ਇੱਛਾ ਦੇ ਕਾਰਣ 'ਗੰਧ ਮਾਦਨ' ਆਦਿ ਪਰਬਤਾਂ ਅਤੇ ਗਾਂਧਾਰ ਆਦਿ ਪ੍ਰਦੇਸ਼ਾਂ ਦੇ ਗਾਹੁਣ ਤੋਂ ਉਤਪੰਨ ਹੋਇਆ ਸੀ। ਏਸ ਥਾਂ ਦ੍ਰੋਪਤੀ ਦੀ ਕੁੰਡ ਬਣੀ ਹੋਈ ਹੈ ਜਿਥੇ ਹਰ ਵਰਹੇ ਮੇਲਾ ਲਗਦਾ ਹੈ ਅਤੇ ਹਿੰਦੂ ਲੋਕ ਚਰਨਾਮਿਤ ਲੈਂਦੇ ਤੇ ਇਸ਼ਨਾਨ ਕਰਦੇ ਹਨ। ਇਹ ਸ਼ਬਦ ਸੰਸਕ੍ਰਿਤ ਦੇ 'ਪਲਾਸ਼ਾਢ' (ਪਲਾਹੀਆਂ ਵਾਲੀ ਢੱਕੀ) ਜਾਂ 'ਫਲਾਧਿ' ਅਰਥਾਤ ਵਿਸ਼ੇਸ਼ ਫਲਦਾਇਕ ਤੋਂ ਬਿਗੜ ਕੇ ਬਣਿਆ ਪ੍ਰਤੀਤ ਹੁੰਦਾ ਹੈ। ਪੁਰਾਣੇ ਸਮੇਂ ਏਸ ਨਾਉਂ ਦਾ ਇਕ ਨਗਰ ਭੀ ਸੀ ਜਿਸਦੇ ਥੇਹ ਉਤੇ ਵਰਤਮਾਨ–'ਜੋਗਾ' ਪਿੰਡ ਵਸਿਆ ਹੈ ਜੋ ਚਾਹਲਾਂ ਦਾ ਮੂਲ ਅਸਥਾਨ ਹੈ।

## (੧੯) ਝੱਜਰ ਬੇਰੀ

ਇਹ ਰੁਹਤਕ-ਹਿਸਾਰ ਦੇ ਇਲਾਕੇ ਵਿਚ ਦਿੱਲੀ ਰਾਜ ਦੇ ਅਧੀਨ ਪਠਾਣ ਨਵਾਬਾਂ ਦਾ ਇਲਾਕਾ ਸੀ। ਜਿਸ ਨੂੰ ਪਹਿਲਾਂ ਸਿੱਖਾਂ ਨੇ ਤੇ ਫਿਰ ਜਾਰਜ ਟਾਮਸਨ ਦੇ ਰਾਹੀਂ ਮਰਹਟਿਆਂ ਨੇ ਬਰਬਾਦ ਕੀਤਾ ਤੇ ਅੰਤ ਨੂੰ ਦਿੱਲੀ ਦੇ ਗ਼ਦਰ ਸਮੇਂ ਅੰਗ੍ਰੇਜ਼ਾਂ ਨੇ ਓਥੋਂ ਦੇ ਮੁਰਦਾ ਜਿਹੇ ਨਵਾਬਾਂ ਨੂੰ ਜੋ ਬਾਗ਼ੀਆਂ ਨਾਲ ਰਲ ਗਏ ਸੀ, ਲੁਧਿਆਣੇ ਨਜ਼ਰਬੰਦ ਕਰਕੇ ਇਹ ਇਲਾਕਾ ਜ਼ਬਤ ਕਰ ਲਿਆ ਅਤੇ ਕੁਝ ਫੂਲਕਿਆਂ ਨੂੰ ਦੇ ਦਿਤਾ।

## (੨੦) ਨੈਰੜੂ

ਰਾਜ ਪਟਿਆਲਾ ਕਾਇਮ ਹੋਣ ਤੋਂ ਪਹਿਲਾਂ ਏਥੇ ਇਕ ਛੋਟੀ ਜਿਹੀ ਰਿਆਸਤ ਸੀ। ਮਹਾਰਾਜਾ ਆਲਾ ਸਿੰਘ ਦੇ ਜੰਗ ਵਿਚ ਫੱਟੜ ਹੋ ਜਾਣ ਤੇ ਏਥੋਂ ਦੇ ਰਈਸ ਨੇ ਮਹਾਰਾਜਾ ਸਾਹਿਬ ਨੂੰ ਘਰ ਰਖ ਕੇ ਉਸਦੀ ਬਹੁਤ ਖਾਤਰ ਕੀਤੀ। ਨਾਲੇ ਅਪਣਾ ਤਅੱਲਕਾ ਉਸਦੇ ਹਵਾਲੇ ਕਰ ਦਿਤਾ।

---

†ਪੁਰਾਣੀਆਂ ਪੁਸਤਕਾਂ ਵਿਚ ਲਿਖਿਆ ਹੈ ਕਿ ਪਾਂਡਿਵਾਂ ਦੇ ਵਿਪਤਾ ਦੇ ਸਮੇਂ ਵਿਚ ਦ੍ਰੋਪਦੀ (ਗਰਭਵਤੀ) ਨੂੰ ਜੰਗਲ ਵਿਚ ਰੋਏ ਦ੍ਰੋਹਦ ਲਗੇ ਤਾਂ ਭੀਮ ਸੈਨ ਹੀ ਸੀ, ਜਿਸਨੇ ਉਸਨੂੰ ਬੜੇ ਯਤਨਾਂ ਅਤੇ ਘਾਲਨਾਂ ਨਾਲ ਪ੍ਰਸੰਨ ਕੀਤਾ। ਤੇ ਏਸ ਉਪਚਾਰ ਤੋਂ ਪਿਛੋਂ ਦ੍ਰੋਪਦੀ ਨੂੰ ਅਭਿਮਨਯੂ ਉਤਪੰਨ ਹੋਇਆ। ਤਾਂ ਉਸਨੇ ਦਸਾਂ ਦਿਨਾਂ ਪਿਛੋਂ ਏਥੇ ਇਸਨਾਨ ਕਰਕੇ ਸੂਤਕ ਦੂਰ ਕੀਤਾ।

Digitized by Panjab Digital Library | www.panjabdigilib.org

ਮਹਾਰਾਜਾ ਸਾਹਿਬ ਵਲੋਂ ਉਨ੍ਹਾਂ ਨੂੰ ਮਾਤਹਤੀ ਦੀ ਬਹੁਤ ਕੀਮਤੀ ਸਨਦ ਦਿਤੀ ਗਈ। ਪਰੰਤੂ ਸ਼ੋਕ ! ਅਜ ਉਸ ਖਾਨਦਾਨ ਦੇ ਪੜ੍ਹੇ ਲਿਖੇ ਸਿੱਖ ਲਈ ਸਰਕਾਰ ਪਟਿਆਲਾ ਵਲੋਂ ਕਾਨੂੰਗੋਈ ਵੀ ਨ ਦਿਤੀ ਗਈ।

ਕਈਆਂ ਵਿਦ੍ਵਾਨਾਂ ਦਾ ਖਿਆਲ ਹੈ ਕਿ ਵੈਦਿਕ ਸਮੇਂ ਵਿਚ ਸਰਸ੍ਵਤੀ ਦੇ ਕੰਢੇ ਵਸਣ ਵਾਲਾ 'ਨਾੜਪਿਤ' ਸ਼ਹਿਰ ਏਥੇ ਹੀ ਸੀ। ਉਸਦਾ ਬਿਗੜਿਆ ਹੋਇਆ ਸ਼ਬਦ ਨੈਰਵੂ ਹੈ।

## ੨੧. ਨੀਹਮਾ

ਇਹ ਇਲਾਕਾ ਰਾਇ ਕਲ੍ਹਾ (ਰਾਇ ਕੋਟ) ਦੇ ਸਾਲੇ ਸੌਂਧੇ ਖਾਂ ਦਾ ਸੀ। ਜਿਸ ਨੇ ਸੰਘੇੜਿਆਂ ਦੇ ਮਕਾਮ ਤੇ ਕੰਵਰ ਸਰਦੂਲ ਸਿੰਘ ਪਾਸੋਂ ਹਾਰ ਖਾਧੀ। ਉਸ ਦਾ ਇਲਾਕਾ ਰਾਜ ਪਟਿਆਲਾ ਦੇ ਕਬਜ਼ੇ ਵਿਚ ਆਇਆ।

## (੨੨) ਥਾਨੇਸਰ (ਸਥਾਣੁ+ਈਸ੍ਵਰ)

ਇਹ ਪੁਰਾਣੇ ਸਮੇਂ ਵਿਚ ਨਾਗਬੰਸੀ ਰਾਜਿਆਂ ਦਾ ਬਸਾਇਆ ਹੋਇਆ ਹੈ, ਜੋ ਸ਼ਿਵਜੀ ਦੇ ਉਪਾਸ਼ਕ ਸਨ। ਹਿੰਦੂਆਂ ਦਾ ਪੁਰਾਣਾ ਤੀਰਥ ਹੈ। ਏਥੋਂ ਦੇ ਰਈਸ ਸ: ਭੰਗਾ ਸਿੰਘ, ਤਾਰਾ ਸਿੰਘ ਸਰਹਾਲੀ (ਪੱਟੀ ਕੋਲ) ਦੇ ਰਹਿਣ ਵਾਲੇ ਸਨ। ਪਹਿਲਾਂ ਸ: ਭੰਗਾ ਸਿੰਘ ਸ੍ਰ: ਤਾਰਾ ਸਿੰਘ ਗੈਬੇ ਦੀ ਮਿਸਲ ਵਿਚ ਸੀ। ਪਿਛੋਂ ਸ: ਬਘੇਲ ਸਿੰਘ 'ਕਰੋੜੀਆ' ਦੇ ਆਸਰੇ ਲਗ ਕੇ ਉਸ ਨੇ ਥਾਨੇਸਰ ਦਾ ਪਰਗਣਾ ਮੱਲ ਕੇ ਸ਼ੇਖਾਂ ਵਾਲੇ ਕਿਲੇ ਪਰ ਕਬਜ਼ਾ ਕਰ ਲਿਆ। ਭਾਈ ਸਾਹਿਬ ਕੈਂਥਲ ਵਾਲੇ ਦੇ ਕਿਲੇਦਾਰ ਨੂੰ ਭੀ ਰਿਸ਼ਵਤ ਦੇ ਕੇ ਉਸ ਤੇ ਕਬਜ਼ਾ ਕਰ ਲਿਆ ਤੇ ਉਸ ਦੇ ਆਸ ਪਾਸ ਦਾ ਕਈ ਲੱਖ ਦਾ ਇਲਾਕਾ ਮੱਲ ਲਿਆ। ਇਕ ਵਾਰ ਰਾਇਕੋਟ ਦੇ ਰਈਸ ਤੋਂ ਭੀ ਨਜ਼ਰਾਨਾ ਲਿਆ। ਜ਼ਿਲਾ ਲੁਧਿਆਣਾ ਦੇ ਕਿਆਣੇ ਪਿੰਡ ਨੂੰ ਭੀ ਤਬਾਹ ਕਰਕੇ ਉਸ ਦੇ ਥਾਂ 'ਅਕਾਲ ਗੜ' ਨਾਮ ਦਾ ਪਿੰਡ ਬਸਾਇਆ। ਇਹ ਤਅੱਲਕਾ ਬਹੁਤ ਚਿਰ ਤੋਂ ਅੰਗ੍ਰੇਜ਼ਾਂ ਨੇ ਜ਼ਬਤ ਕਰ ਲਿਆ ਹੋਇਆ ਹੈ। ਇਹ ਸ: ਸ਼ਰਾਬਖੋਰੀ ਕਰਕੇ ਸੰਤਾਨ ਹੀਨ ਰਹਿਆ। 'ਥਾਨੇਸਰ' ਬਹੁਤ ਪੁਰਾਣਾ ਹਨੂਮਾਨ ਦੀ ਮਾਤਾ ਅੰਜਨੀ ਦਾ ਨਗਰ ਹੈ, ਪਹਿਲਾਂ ਚੰਦਰ ਬੰਸੀਆਂ ਨੇ ਵਸਾਇਆ ਪਿਛੋਂ ਸੂਰਜ ਬੰਸੀਆ ਨੇ ਭੀ ਇਸਦੀ ਉੱਨਤੀ ਕੀਤੀ। ਇਹ ਹਿੰਦੂਆਂ ਦਾ ਬੜਾ ਤੀਰਥ ਮੰਨਿਆ ਗਿਆ ਹੈ। ਏਥੇ ਸੂਰਜ ਬੰਸੀ-ਵਰਧਨ ਬੰਸ ਦਾ ਰਾਜ ਰਹਿਆ। ਜਿਸ ਵਿਚ—ਵਿਸਨੂੰ ਵਰਧਨ, ਪ੍ਰਭਾਕਰ ਵਰਧਨ, ਰਾਜ ਵਰਧਨ ਅਤੇ ਸ੍ਰੀ ਹਰਸ਼ ਵਰਧਨ ਬੜੇ ਪ੍ਰਸਿੱਧ ਰਾਜੇ ਹੋਏ। ਮਹਮੂਦ ਨੇ ੧੦੧੦ ਈ: ਵਿਚ ਏਸ ਨੂੰ ਖੂਬ ਲੁੱਟਿਆ। ਅਤੇ ਮੰਦਰਾਂ ਦੇ ਧਨ ਨਾਲ ਹੱਥ ਰੰਗ ਲਏ। ੨ ਲਖ ਲੜਕੇ ਤੇ ਲੜਕੀਆਂ ਨੂੰ ਗ਼ਜ਼ਨੀ ਲੈਜਾਕੇ ਦੋ ਦੋ ਰੁਪੈਇ ਨੂੰ ਨੀਲਾਮ ਕਰ ਦਿਤੇ।

## (੨੩) ਭੀਖੀ ਰਾਜ ਪਟਿਆਲਾ

ਇਹ ਇਲਾਕਾ ਨੌਵੇਂ ਪਾਤਸ਼ਾਹ ਦੇ ਸਮੇਂ 'ਦੇਸੂ' ਚਾਹਲ ਕੋਲ ਸੀ। ਉਸ ਦੀ ਔਲਾਦ ਵਿਚ ਗੈਂਡਾ ਚਾਹਲ ਬੜਾ ਪਰਤਾਪੀ ਹੋਇਆ, ਜਿਸ ਨੇ ਭਵਾਨੀ ਗੜ੍ਹ (ਢੋਡੇ) ਤਕ ਦਾ ਇਲਾਕਾ ਆਪਣੇ

Digitized by Panjab Digital Library | www.panjabdigilib.org

ਅਧੀਨ ਕਰ ਲਿਆ ਸੀ। ਮਹਾਰਾਜਾ ਆਲਾ ਸਿੰਘ ਤੇ ਮਃ ਅਮਰ ਸਿੰਘ ਨੇ ਭੀਖੀ ਅਤੇ ਢੋਡਿਆਂ ਸਣੇ ਇਹ ਇਲਾਕਾ ਗੈਂਡੇ ਚਾਹਲ ਤੋਂ ਜਿੱਤ ਕੇ ਰਾਜ ਪਟਿਆਲਾ ਵਿਚ ਮਿਲਾਇਆ।

## (੨੪) ਭਦੌੜ

ਸਿਕੰਦਰ ਦੇ ਵਜ਼ੀਰ ਸ਼ਾਹ ਸਲੋਕਸ ਦੇ ਮਗਰ ਲਗੇ ਹੋਏ ਮਲੋਈ, ਛੁੱਦਰ, ਖੋਖਰ, ਖੁਖਰਾਣੇ ਅਤੇ ਉਤਮ ਭਦਰ ਆਦੀ ਗਣ (ਕਬੀਲੇ) ਜਦੋਂ ਗੁਰੂ ਕੇ ਮਾਲਵੇ ਵਿਚ ਆਬਾਦ ਹੋਏ। ਤਾਂ 'ਉਤਮ ਭਦਰ' ਗਣ ਦੇ ਮੁਖੀਏ ਰਾਜਾ ਭੱਦਰ ਸੇਨ ਨੇ ਭੱਦਰਵੱਢ ਅਤੇ ਭਾਦਸੋਂ ਤੋਂ ਪਿਛੋਂ ਭੱਡਲੀ ਨਦੀ ਤੇ ਬਸਾ ਕੇ ਪਿਛੋਂ 'ਭਦੌੜ' ਨੂੰ ਵਸਾ ਕੇ ਅਪਣੀ ਰਾਜਧਾਨੀ ਕਾਇਮ ਕੀਤੀ। ਪਰ ਮਲੋਈਆਂ ਨਾਲ ਵੈਰ ਪੈਣ ਤੇ ਇਹ ਗਣ ਨਹਪਾਲ ਸ਼ੱਕ ਨਾਲ ਜਾ ਮਿਲਿਆ। ਗੁਪਤਾ ਖਾਨਦਾਨ ਦੇ ਸਮੁਦਰ ਗੁਪਤ ਦੇ ਸਮੇਂ ਇਹ ਸ਼ਹਿਰ ਅਤੇ ਉਨ੍ਹਾਂ ਦਾ ਗਣ ਰਾਜ ਬਰਬਾਦ ਹੋ ਗਿਆ। ਮਹਾਰਾਜਾ ਆਲਾ ਸਿੰਘ ਨੇ ਆਪਣੇ ਭਾਈ ਦੁੰਨਾ ਸਿੰਘ ਨੂੰ ਦੋਬਾਰਾ ਭਦੌੜ ਆਬਾਦ ਕਰਕੇ ਦਿੱਤਾ। ਜਿਸਦੀ ਸੰਤਾਨ ਵਿਚੋਂ 'ਸਰ' ਅਤਰ ਸਿੰਘ ਆਦਿਕ ਬੜੇ ਬੜੇ ਵਿਦ੍ਵਾਨ ਰਈਸ ਹੋਏ ਹਨ। ਭਦੌੜ ਦੇ ਸਤ ਲੱਖ ਦੇ ਕਿਲੇ ਵਿਚੋਂ ਅੱਧ ਦੇ ਮਾਲਿਕ 'ਸਰ' ਅਤਰ ਸਿੰਘ ਜੀ ਸਨ। ਜਿਨ੍ਹਾਂ ਨੂੰ ਪੰਜਾਬ ਵਿਸ਼੍ਵ-ਵਿਦਿਆਲੇ ਵਲੋਂ 'ਮਹਾਂ ਮਹੋਪਾਧਿਆਇ' ਦੀ ਪਦਵੀ ਦਿਤੀ ਗਈ ਸੀ। ਇਨ੍ਹਾਂ ਨੇ ਭਦੌੜ ਦੀ ਅਡਰੀ ਰਿਆਸਤ ਬਣਾਉਣ ਦਾ ਬੜਾ ਯਤਨ ਕੀਤਾ। ਪਰ ਮਹਾਰਾਜਾ ਮਹਿੰਦਰ ਸਿੰਘ ਦੇ ਵਿਰੋਧ ਕਰਨ ਤੋਂ ਇਸ ਨੂੰ ਅੰਗ੍ਰੇਜ਼ਾਂ ਨੇ ਪਟਿਆਲਾ ਰਾਜ ਵਿਚ ਹੀ ਰਖਿਆ।

## (੨੫) ਮਮਦੋਟ

ਇਹ ਛੋਟੀ ਜਿਹੀ ਰਿਆਸਤ ਕਸੂਰ ਵਾਲੇ ਨਵਾਬ ਕੁਤਬਦ-ਦੀਨ ਦੀ ਸੰਤਾਨ ਦੇ ਕਬਜ਼ੇ ਵਿਚ ਸੀ। ਜਿਸਦੀ ਰਾਜਧਾਨੀ ਜਲਾਲਾਬਾਦ ਪਛਮੀ (ਜ਼ਿਲਾ ਫ਼ੀਰੋਜ਼ਪੁਰ) ਸੀ। ਮਹਾਰਾਜਾ ਰਣਜੀਤ ਸਿੰਘ ਨੇ ਕਸੂਰ ਨੂੰ ਜਿਤ ਕੇ ਕੁਤਬੁਦੀਨ ਨੂੰ ਉਸਦੀ ਗੁਜ਼ਰਾਨ ਵਾਸਤੇ ਇਹ ਇਲਾਕਾ ਦਿਤਾ ਸੀ। ਜੋ ਉਸਨੇ ਪਹਿਲਾਂ ਫਰੀਦ ਕੋਟੀਆਂ ਤੋਂ ਖੋਹਿਆ ਸੀ।

## (੨੬) ਤੁ: ਮੁਦਕੀ ਜ਼ਿਲਾ ਫ਼ੀਰੋਜ਼ਪੁਰ

ਪੰਥ ਖਾਲਸਾ ਦੀ ਉੱਨਤੀ ਦੇ ਸਮੇਂ ਸਰਦਾਰ ਕਰਮ ਸਿੰਘ ਗਿੱਲ ਨੇ ਮੁਦਕੀ ਦਾ ਇਲਾਕਾ ਆਪਣੇ ਅਧੀਨ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਅਤੇ ਅੰਗ੍ਰੇਜ਼ਾਂ ਦੇ ਸਮੇਂ ਤੋਂ ਇਹ ਇਲਾਕਾ ਉਨ੍ਹਾਂ ਕੋਲੋਂ ਖੁਸਕੇ ਅੰਗ੍ਰੇਜ਼ਾਂ ਦੇ ਕਬਜ਼ੇ ਵਿਚ ਆਗਿਆ।

## (੨੭) ਰਾਣੀਆਂ

ਇਹ ਕਸਬਾ ਸਰਸਾ ਜ਼ਿਲਾ ਹਿਸਾਰ ਦੇ ਕੋਲ ਹੈ। ਏਥੇ ਜੈਸਲਮੇਰ ਦੇ ਭੱਟੀ ਰਾਜਪੂਤਾਂ ਨੇ ਸਮਸੁਦੀਨ 'ਇਲਤਮਸ਼' ਦੇ ਸਮੇਂ ਮੁਸਲਮਾਨ ਹੋਕੇ ਭਟਿਆਣੇ ਦੀ ਚੌਧਰ ਹਾਸਿਲ ਕੀਤੀ। ਅਤੇ ਸਿੱਧੂਆਂ ਨਾਲ ਕਈ ਸਦੀਆਂ ਤਕ ਇਹਨਾਂ ਦੀ ਜੰਗ ਹੁੰਦੀ ਰਹੀ। ਛੇਕੜ ਸਿੱਧੂ ਤਕੜੇ ਹੋਣ ਕਰਕੇ ਉਨ੍ਹਾਂ ਨੇ ਗੜ੍ਹ ਹਿਸਾਰ ਅਤੇ ਬੀਦੋ ਵਾਲੀ ਆਦੀ ਤੇ ਕਬਜ਼ਾ ਕਰਕੇ ਭੱਟੀਆਂ ਨੂੰ ਆਪਣੇ ਅਧੀਨ ਕਰ ਲਿਆ।

Digitized by Panjab Digital Library | www.panjabdigilib.org

ਪਰ ਮਹਿਰਾਜ ਦੇ ਸੁਰਗਵਾਸ ਹੋ ਜਾਣ ਤੇ ਚੌਧਰੀ ਮੋਹਣ ਏਸ ਨੂੰ ਛਡਕੇ ਨਥਾਣੇ ਦੇ ਇਲਾਕੇ ਵਿਚ ਆਬਾਦ ਹੋ ਗਿਆ। ਤਾਂ ਭੱਟੀਆਂ ਨੇ ਏਸ ਇਲਾਕੇ ਤੇ ਕਬਜ਼ਾ ਕਰ ਲਿਆ। ਉਹਨਾਂ ਵਿਚੋਂ ਨਵਾਬ ਜ਼ਾਬਤੇ ਖਾਂ ਰਾਣੀਆਂ ਦਾ ਨਵਾਬ ਹਜ਼ੂਰ ਦਸਮ ਪਾਤਸ਼ਾਹ ਦਾ ਸੇਵਕ ਹੋਇਆ। ਜਿਸਨੇ ਗੁਰਦੁਆਰਾ ਦਮਦਮੇ ਸਾਹਿਬ ਦੇ ਲੰਗਰ ਲਈ ਅੱਠ ਪਿੰਡ ਦਿਤੇ ਸਨ। ਜੋ ਅੱਜ ਤਕ ਗੁਰਦੁਆਰੇ ਦੇ ਨਾਉਂ ਹਨ।

ਭੱਟੀਆਂ ਨੇ ਫੂਲਕਿਆਂ ਨਾਲ ਛੇੜ ਛਾੜ ਕਰਕੇ ਆਪਣਾ ਇਲਾਕਾ ਖੁਹਾ ਲਿਆ, ਤਾਂ ਕੁਝ ਹਿੱਸਾ ਰਾਜ ਪਟਿਆਲਾ ਦੇ ਹਿੱਸੇ ਆਇਆ। ਜੋ ਮਹਾਰਾਜਾ ਕਰਮ ਸਿੰਘ ਦੇ ਸਮੇਂ ਤਕ ਰਿਹਾ। ਫਿਰ ਇਲਾਕਿਆਂ ਦੀ ਅਦਲਾ ਬਦਲੀ ਕਰਕੇ ਅੰਗ੍ਰੇਜ਼ਾਂ ਕੋਲ ਚਲਿਆ ਗਿਆ।

## (੨੮) ਤ: ਬੀਦੋਵਾਲੀ

ਇਹ ਪਿੰਡ ਪਹਿਲਾਂ ਹੰਸਾਰ ਵਿਚ ਸੀ। ਹੁਣ ਫ਼ੀਰੋਜ਼ ਪੁਰ ਵਿਚ ਹੈ। ਏਥੇ ਫੂਲਕੇ ਵਡਾਰੂਆਂ ਦਾ ਭੱਟੀ ਮੁਸਲਮਾਨਾਂ ਨਾਲ ਕਈ ਵੇਰ ਯੁੱਧ ਹੋਇਆ। ਅਕਸਰ ਕਰਕੇ ਤ: ਬੀਦੋਵਾਲੀ ਤੇ-ਸਿੱਧੂਆਂ ਦਾ ਹੀ ਕਬਜ਼ਾ ਹੁੰਦਾ ਰਿਹਾ। 'ਮਹਿਰਾਜ' ਦੇ ਪੜੋਤੇ ਮੋਹਣ ਨੇ ਨਿਤ ਦੇ ਝਗੜਿਆਂ ਤੋਂ ਦੁਖੀ ਹੋ ਕੇ ਦੀਨੇ-ਕਾਂਗੜ ਦੇ ਇਲਾਕੇ ਵਿਚ ਨਿਵਾਸ ਕੀਤਾ ਅਤੇ ੧੬੨੭ ਈਸਵੀ ਵਿਚ ਆਪਣੇ ਵਡਿਆਂ ਦੇ ਨਾਮ ਤੇ ਕਸਬਾ ਮਹਿਰਾਜ ਬੰਨ੍ਹਿਆ। ਭਾ: ਸਾਹਿਬ ਬਾਗੜੀਆਂ ਦੇ ਵਡਕੇ ਭੀ ਏਥੇ ਅਤੇ ਕਾਲਝਰਾਣੀ ਵਿਚ ਹੀ ਰਹਿੰਦੇ ਸੀ।

## (੨੯) ਬਡਰੁਖਾ

ਸੰਗਰੂਰ ਤੋਂ ਢਾਈ ਮੀਲ ਪੱਛੋਂ ਵਲ ਨੂੰ ਇਹ ਪਿੰਡ ਹੈ। ਇਸ ਨੂੰ ਫੂਲ ਦੇ ਪੁਤੱਰ ਚੌਧਰੀ ਤ੍ਰਲੋਕ ਸਿੰਘ ਨੇ ਮੁਸਲਮਾਨ ਵਰਿਯਾਹਾਂ ਰੰਘੜਾਂ ਕੋਲੋਂ ਖੋਹਿਆ ਸੀ ਪਹਿਲਾਂ ਏਥੇ ਕੱਚਾ ਕਿਲਾ ਸੀ ਹੁਣ ਪੱਕਾ ਹੈ। ਉਸ ਦੇ ਪੋਤੇ ਰਾਜਾ ਗਜਪਤ ਸਿੰਘ ਨੇ ਆਲੇ ਦੁਆਲੇ ਦੇ ਪਿੰਡਾਂ ਸਣੇ ਏਥੇ ਆਪਣਾ ਅਧਿਕਾਰ ਜਮਾ ਕੇ ਆਪਣਾ ਕੇਂਦਰ ਬਣਾਇਆ। ਏਸੇ ਰਾਜੇ ਦੀ ਪੁਤਰੀ ਰਾਜ ਕੌਰ ਤੋਂ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਏਸੇ ਕੱਚੇ ਕਿਲੇ ਵਿਚ ਹੋਇਆ। ਏਸੇ ਖਾਨਦਾਨ ਦੇ ਸਰਦਾਰ ਸੁਖਾ ਸਿੰਘ ਦੇ ਪੁਤ੍ਰ ਮਹਾਰਾਜਾ ਹੀਰਾ ਸਿੰਘ ਨਾਭਾ ਦਾ ਜਨਮ ਭੀ ਏਥੇ ਹੀ ਹੋਇਆ ਅਤੇ ਪਹਿਲੀ ਰਿਹਾਇਸ਼ ਭੀ ਇਸੇ ਪਿੰਡ ਵਿਖੇ ਸੀ। ਇਹ ਪਿੰਡ ਪਹਿਲਾਂ ਤੋਂ ਹੀ ਰਿਆਸਤ ਸੰਗਰੂਰ ਵਿਚ ਹੈ।

## (੩੦) ਬੋਹਾ

ਇਹ ਪਿੰਡ ਜਾਖਲ ਤੋਂ ਪੱਛੋਂ ਨੂੰ ੮ ਕੋਹ ਦੇ ਫਾਸਲੇ ਤੇ ਹੈ। ਏਥੇ ਰਿਆਸਤ ਪਟਿਆਲਾ ਦਾ ਥਾਣਾ ਹੈ। ਏਸ ਇਲਾਕੇ ਨੂੰ ਮਹਾਰਾਜਾ ਆਲਾ ਸਿੰਘ ਤੇ ਅਮਰ ਸਿੰਘ ਨੇ ਬੁਡਲਾਢੇ ਵਾਲੇ ਹਸਨ ਖਾਂ ਆਦਿਕ ਰੰਘੜਾਂ ਕੋਲੋਂ ਜਿੱਤ ਕੇ ਬੁਡਲਾਢੇ ਆਦਿਕ ਕਈ ਪਿੰਡ ਕੈਂਥਲ ਵਾਲਿਆਂ ਭਾਈਕਿਆਂ ਨੂੰ ਦਿਤੇ ਤੇ ਕੁਝ ਆਪਣੇ ਪਾਸ ਰਖੇ। ਜਿਨ੍ਹਾਂ ਵਿਚੋਂ ਇਹ ਪਿੰਡ ਭੀ ਹੈ।

Digitized by Panjab Digital Library | www.panjabdigilib.org

## (੩੧) ਬਜ਼ੀਦ ਪੁਰ

ਇਹ ਪਟਿਆਲੇ ਤੋਂ ਸਮਾਣੇ ਵਲ ਨੂੰ ੬-੭ ਕੋਹ ਤੇ ਰਿਆਸਤ ਸੰਗਰੂਰ ਦਾ ਪਿੰਡ ਹੈ। ਏਥੇ ਰਾਜਾ ਗਜਪਤ ਸਿੰਘ ਜੀਂਦ ਦੇ ਪੁਤ੍ਰ ਕੰਵਰ ਭੂਪ ਸਿੰਘ ਦੀ ਰਿਹਾਇਸ਼ ਸੀ। ਜਿਸ ਦੇ ਪੋਤੇ ਸਰੂਪ ਸਿੰਘ ਨੂੰ ਰਾਜਾ ਸੰਗਤ ਸਿੰਘ ਜੀਂਦ ਦੇ ਆਉਤ ਜਾਣ ਤੋਂ ਰਿਆਸਤ ਜੀਂਦ ਦਾ ਰਾਜਾ ਬਣਾਇਆ ਗਿਆ ਸੀ। ਅਤੇ ਹੁਣ ਤਕ ਓਸੇ ਦੀ ਔਲਾਦ ਰਿਆਸਤ ਸੰਗਰੂਰ ਦੀ ਰਾਜਾ ਹੈ। ਇਸ ਦਾ ਜਲ ਵਾਯੂ ਅੱਛਾ ਹੋਣ ਕਰਕੇ ਏਸ ਰਿਆਸਤ ਦੇ ਕਈ ਰਾਜੇ ਏਥੇ ਨਿਵਾਸ ਰਖਦੇ ਰਹੇ ਹਨ।

## (੩੨) ਵਾਲਿਆਂ ਵਾਲੀ

ਇਹ ਪਿੰਡ ਰਾਮਪੁਰਾ ਸਟੇਸ਼ਨ ਤੋਂ ੪ ਕੋਹ ਦੱਖਣ ਨੂੰ ਹੈ। ਇਥੇ ਰਿਆਸਤ ਜੀਂਦ ਦਾ ਇਲਾਕਾ ਤੇ ਥਾਣਾ ਹੈ। ਇਸ ਨੂੰ ਗਜਪਤ ਸਿੰਘ ਰਾਜਾ ਜੀਂਦ ਨੇ ਜਿਤ ਕੇ ਆਪਣੇ ਪੁਤ੍ਰ ਆਲਮ ਸਿੰਘ ਲਈ ਬਸਾਇਆ ਸੀ। ਏਥੋਂ ਦੇ ਵਸਨੀਕਾਂ ਨੇ ਰਿਆਸਤ ਨਾਲ ਕਈ ਬਾਰ ਗਦਰ ਕੀਤਾ। ਇਕ ਬਾਰ ਅਕਾਲੀ ਫੂਲਾ ਸਿੰਘ ਨੂੰ ਚੜ੍ਹਾਕੇ ਲੈ ਆਏ। ਮਗਰ ਆਲਮ ਸਿੰਘ ਦੀ ਬਹਾਦਰੀ ਤੇ ਨਾਭੇ ਦੀ ਫੌਜ ਆਈ ਦੇਖਕੇ ਅਕਾਲੀ ਫੂਲਾ ਸਿੰਘ ਭੀ ਟਲ ਗਿਆ। ਓਸ ਸਮੇਂ ਰਿਆਸਤ ਸੰਗਰੂਰ ਦਾ ਚੰਗੀ ਤਰ੍ਹਾਂ ਦਾਬਾ ਪੈ ਗਿਆ।

## (੩੩) ਬੱਸੀਆਂ

ਇਹ ਪਿੰਡ ਜ਼ਿਲਾ ਲੁਧਿਆਣੇ ਵਿਚ ਰਾਏ ਕੋਟ ਤੋਂ ਜਗਰਾਉਂ ਵਾਲੀ ਸੜਕ ਤੇ ੪ ਮੀਲ ਪਛੋਂ ਨੂੰ ਹੈ। ਅੰਗਰੇਜ਼ੀ ਰਾਜ ਤੋਂ ਪਹਿਲਾਂ ਇਹ ਰਾਇਕੋਟੀਆਂ ਦੇ ਰਾਜ ਵਿਚ ਅਤੇ ਫੇਰ ਰਿਆਸਤ ਜੀਂਦ ਦੇ ਕਬਜ਼ੇ ਵਿਚ ਆਇਆ, ਇਸ ਪਰਗਣੇ ਦਾ ਮੁਖ ਗ੍ਰਾਮ ਸੀ। ਇਥੇ ਹੀ ਰਾਜਾ ਸੰਗਤ ਸਿੰਘ ਨੇ ਲਾਹੌਰ ਨੂੰ ਜਾਂਦਿਆਂ ਚਲਾਣਾ ਕੀਤਾ। ਅੰਗਰੇਜ਼ੀ ਰਾਜ ਵਿਚ ਆਉਣ ਸਮੇਂ ਇਥੋਂ ਦੀ ਕੋਠੀ ਵਿਚ ਗਵਰਨਮੈਂਟ ਦਾ ਅਮਲਾ ਰਹਿੰਦਾ ਰਿਹਾ ਹੈ।

## (੩੪) ਬਹਿਲੋਲ ਪੁਰ

ਇਹ ਪਿੰਡ ਲੁਧਿਆਣੇ ਵਿਚ ਬੁੱਢੇ ਨਾਲੇ ਉਤੇ ਜ਼ਿਲਾ ਹੁਸ਼ਿਆਰ ਪੁਰ ਤੇ ਅੰਬਾਲੇ ਦੀ ਹਦ ਤੇ ਲੁਧਿਆਣੇ ਤੋਂ ੨੫-੨੬ ਮੀਲ ਤੇ ਬਸਦਾ ਹੈ। ਏਥੇ ਬਹੁਤੀ ਆਬਾਦੀ ਰੰਘੜਾਂ ਅਤੇ ਹੋਰ ਮੁਸਲਮਾਨ ਜਾਤੀਆਂ ਦੀ ਸੀ। ਏਸ ਨੂੰ ਬਹਿਲੋਲ ਲੋਧੀ ਨੇ ਬਸਾਇਆ ਸੀ। ਅਕਬਰ ਬਾਦਸ਼ਾਹ ਨੇ ਅਪਣੀ ਪਹਿਲੀ ਉਮਰ ਵਿਚ ਏਸ ਨੂੰ ਲੋਧੀਆਂ ਤੋਂ ਜੰਗ ਵਿਚ ਜਿਤਿਆ ਸੀ। ਜੋ ਸੂਰੀ ਖਾਨਦਾਨ ਵੇਲੇ ਇਸ ਨੂੰ ਦਬਾ ਬੈਠੇ ਸੀ।

## (੩੫) ਬਠਿੰਡਾ

ਮਹਾਰਾਜਾ ਸ੍ਰੀ ਹਰਸ਼ ਵਰਧਨ ਜੋ ਕਿ ਭਾਰਤ ਵਰਸ਼ ਦਾ ਅੰਤਿਮ ਹਿੰਦੂ ਸ਼ਹਿਨਸ਼ਾਹ ਸੀ, ਦੇ ਮਰਨ

Digitized by Panjab Digital Library | www.panjabdigilib.org

ਤੋਂ ੮ ਸਾਲ ਪਿਛੋਂ ਅਰਥਾਤ ੭੧੨ ਬਿਕ੍ਰਮੀ ਵਿਚ 'ਬਿਨੇ ਪਾਲ' (ਵਰਿਯਾਹ) ਨੇ ਭਟਨੇਰ ਤੋਂ ਆ ਕੇ ਇਸ ਨੂੰ ਆਬਾਦ ਕੀਤਾ। ਉਸ ਵੇਲੇ ਸਤਲੁਜ ਕਿਲੇ ਦੇ ਨਾਲ ਦੀ ਬਹਿੰਦਾ ਸੀ। ਸਤਲੁਜ ਦੇ ਦੂਰ ਹਟ ਜਾਣ ਤੋਂ ਉਸ ਦਾ ਚੋਆ ਇਹਦੇ ਕੋਲ ਦੀ ਵਗਦਾ ਰਿਹਾ। ਉਸ ਵੇਲੇ ਉਸ ਦਾ ਨਾਮ ਦਰਿਆ 'ਆਕੜਾ' ਸੀ, ਜੋ ਬੀਕਾਨੇਰ ਦੇ ਰਾਜ ਵਿਚ ਜਾ ਕੇ ਰੇਤੇ ਵਿਚ ਹੀ ਰੌਂ ਜਾਂਦਾ ਹੈ ਅਤੇ ਸਿੰਧ ਵਿਚ ਫੇਰ ਜਾ ਉਘੜਦਾ ਹੈ। ਓਥੇ ਇਸ ਦਾ ਨਾਉਂ ਹੈ—'ਹਾਕੜਾ' ਇਹ ਰਾਜਾ ਬਿਨੈਪਾਲ ਭਟਨੇਰ ਦਾ ਭੀ ਰਾਜਾ ਸੀ, ਜੋ ਭੱਟਾਂ ਨੇ ਬੰਨ੍ਹਿਆ ਸੀ। ਆਪ ਨੂੰ ਉਜੈਨੀ ਦੇ ਬਿਕ੍ਰਮਾਦਿੱਤ ਦੀ ਸੰਤਾਨ ਮੰਨ ਕੇ ਇਸ ਸ਼ਹਿਰ ਦਾ ਨਾਉਂ 'ਕਿਲਾ ਬਿਕ੍ਰਮ ਗੜ੍ਹ' ਰਖਿਆ ਸੀ ਪਰ ਭਟਨੇਰ ਦੇ ਸੰਬੰਧ ਕਰ ਕੇ ਇਹਦਾ ਨਾਉਂ ਭਟਿੰਡਾ ਅਤੇ ਫੇਰ ਬਿਗੜ ਕੇ ਬਠਿੰਡਾ ਪੈ ਗਿਆ।

ਬਿਨੇ ਪਾਲ ਦੀ ਸੰਤਾਨ ਨੇ ੩੫੦ ਬਰਸ ਰਾਜ ਕੀਤਾ। ਫੇਰ ੮੫੭ ਈ: ਤੋਂ ਤੰਵਾਰ ਬੰਸ ਦੇ ਅਧਿਕਾਰ ਵਿਚ ੨੦੦ ਬਰਸ ਤਕ ਆਇਆ। ਬਿਨੇ ਪਾਲ ਦੀ ਬੰਸ ਲਾਹੌਰ ਤੋਂ ਕਾਬਲ ਤਕ ਦਾ ਰਾਜ ਕਰਦੀ ਰਹੀ। ਇਸ ਬੰਸ ਦਾ ਆਖਰੀ ਰਾਜਾ ਜੈਪਾਲ ਦਾ ਪੁਤ੍ਰ ਅਨੰਦ ਪਾਲ ਸੀ। ਜਿਸ ਨੂੰ ਮਹਮੂਦ ਗਜ਼ਨਵੀ ਨੇ ਮਾਰਿਆ। ੧੨੩੯ ਈ: ਤਕ ਖਾਨਦਾਨ ਗ਼ੁਲਾਮਾਂ ਦੀ ਮਲਕਾ ਰਜ਼ੀਆ ਬੇਗਮ ਏਸੇ ਕਿਲੇ ਵਿਚ ੧ ਸਾਲ ਕੈਦ ਰਹੀ। ਜੋ ਦਰਬਾਰੀਆਂ ਦੇ ਹਥੋਂ ਏਥੇ ਜੰਗ ਕਰਦੀ ਹੋਈ ਮਾਰੀ ਗਈ।

ਮਹਾਰਾਜਾ ਅਮਰ ਸਿੰਘ ਪਟਿਆਲਾ ਦੇ ਸਮੇਂ ਸਾਬੋ ਕਾ ਸਰਦਾਰ ਸੁਖਚੈਨ ਸਿੰਘ ਏਥੇ ਰਿਹਾਇਸ਼ ਰਖਦਾ ਸੀ। ਜਿਸ ਨੂੰ ਮਹਾਰਾਜਾ ਅਮਰ ਸਿੰਘ ਨੇ ਦੋ ਬਾਰ ਯੁਧ ਕਰਕੇ ਫਤਹ ਕੀਤਾ ਅਤੇ ਸਾਬੋ ਦੇ ਕੁਝ ਹੋਰ ਪਿੰਡਾਂ ਸਣੇ ਬਠਿੰਡੇ ਨੂੰ ਆਪਣੇ ਰਾਜ ਵਿਚ ਰਲਾ ਲਿਆ। ਜੋ ਅਜ ਤਕ ਰਿਆਸਤ ਪਟਿਆਲੇ ਵਿਚ ਹਨ। ਏਥੇ ਗੁਰੂ ਗੋਬਿੰਦ ਸਿੰਘ ਜੀ ਦੇ ਕਿਲੇ ਵਿਚ ਆਉਣ ਕਰ ਕੇ ਏਥੋਂ ਦੀ ਨਜ਼ਾਮਤ 'ਗੋਬਿੰਦ ਗੜ੍ਹ' ਨਾਮ ਕਰਕੇ ਪ੍ਰਸਿਧ ਸੀ। ਬਾਹਰ-ਰਤਨ ਹਾਜੀ ਦੇ ਮਕਾਨ ਕੋਲ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦਾ ਗੁਰਦੁਆਰਾ ਹੈ।

## (੩੬) ਭੜੀ

ਇਹ ਪਿੰਡ ਖੰਨੇ ਤੋਂ ਪੰਜ ਮੀਲ ਪੂਰਬ ਨੂੰ ਜ਼ਿਲਾ ਲੁਧਿਆਣਾ ਵਿਖੇ ਹੈ। ੧੮੨੦ ਬਿਕ੍ਰਮੀ ਵਿਚ ਜਦੋਂ ਪੰਥ ਖ਼ਾਲਸਾ ਨੇ ਸਰਹੰਦ ਦਾ ਇਲਾਕਾ ਫ਼ਤਹ ਕੀਤਾ ਤਾਂ ਸਰਦਾਰ ਮਤਾਬ ਸਿੰਘ ਭੰਗੂ ਦੀ ਵੰਡ ਵਿਚ ਭੜੀ ਤੇ ਕੋਟਲਾ ਆਦਿਕ ਪਿੰਡ ਆਏ। ਉਹਨਾਂ ਦੇ ਸ਼ਹੀਦ ਹੋ ਜਾਣ ਤੋਂ ਪਿਛੋਂ ਉਹਨਾਂ ਦਾ ਪੁਤਰ ਸ: ਰਾਇ ਸਿੰਘ 'ਮੀਰਾਂ ਕੋਟ' ਜ਼ਿਲਾ ਅੰਮ੍ਰਿਤਸਰ ਤੋਂ ਬਚ ਕੇ ਇਥੇ ਆਪਣੀ ਜਾਗੀਰ ਵਿਚ ਆ ਵਸਿਆ। ਜਿਸ ਦੇ ਪੁਤ੍ਰ ਸ: ਰਤਨ ਸਿੰਘ ਨੇ ਅਕਤਰ ਲੂਨੀ ਦੇ ਕਹਿਣ ਤੇ ਪ੍ਰਾਚੀਨ ਪੰਥ ਪ੍ਰਕਾਸ਼ ਲਿਖਿਆ। ਹੁਣ ਤਕ ਇਹ ਪਿੰਡ ਉਹਨਾਂ ਦੀ ਬੰਸ ਦੀ ਮਲਕੀਅਤ ਵਿਚ ਹੈ। ਕਿਲੇ ਵਿਚ ਭੰਗੂ ਜਾਗੀਰਦਾਰ ਰਹਿੰਦੇ ਹਨ ਤੇ ਪਿੰਡ ਵਿਚ ਹੇਹਰ ਤੇ ਸੇਖੋਂ ਕੌਮ ਦੇ ਜ਼ਿਮੀਂਦਾਰ ਰਹਿੰਦੇ ਹਨ।

## (੩੭) ਭਾਈ ਰੂਪਾ

ਇਹ ਪਿੰਡ ਦੀਨਾ-ਕਾਂਗੜ ਤੋਂ ਥੋੜੀ ਦੂਰ ਤੇ ਹੈ। ਜਿਸ ਨੂੰ ਛੇਵੇਂ ਪਾਤਸ਼ਾਹ ਦੇ ਸਮੇਂ ਭਾਈ ਰੂਪ ਚੰਦ (ਬਾਗੜੀਆਂ ਵਾਲਿਆਂ ਦੇ ਬਜ਼ੁਰਗ) ਨੇ ਬਸਾਇਆ ਸੀ। ਪਿਛੋਂ ਫੂਲਕਿਆਂ ਦੇ ਕਬਜ਼ੇ ਵਿਚ

Digitized by Panjab Digital Library | www.panjabdigilib.org

ਆਇਆ। ਜਿਸ ਦੀ ਵੰਡ ਖਾਤਿਰ ਉਹਨਾਂ ਦਾ ਪਰਸਪਰ ਝਗੜਾ ਹੀ ਰਹਿੰਦਾ ਸੀ। ਹੁਣ ਚਿਰ ਤੋਂ ਰਿਆਸਤ ਨਾਭਾ ਦੇ ਕਬਜ਼ੇ ਵਿਚ ਹੈ, ਅਤੇ ਏਥੋਂ ਦੇ ਜਾਗੀਰਦਾਰ 'ਭਾਈ ਸਾਹਿਬ' ਅਰਦਮਨ ਸਿੰਘ ਜੀ ਬਾਗੜੀਆਂ ਵਾਲੇ ਹਨ। ਓਥੇ ਭੀ ਭਾਈਕਿਆਂ ਦਾ ਆਮ ਲੰਗਰ ਚਲਦਾ ਹੈ।

## (੩੮) ਲਾਡੂਆ

ਇਹ ਕਸਬਾ ਜ਼ਿਲਾ ਕਰਨਾਲ ਵਿਚ ਸ਼ਾਹ ਆਬਾਦ ਦੇ ਆਸ ਪਾਸ (ਜਮਨਾ ਤੇ) ਹੈ। ਕਈਆਂ ਦਾ ਖਿਆਲ ਹੈ ਕਿ ਇਹ ਕਸਬਾ ਲਾਟ ਦੇਸ ਤੋਂ ਆਏ ਹੋਏ ਸ਼ਾਹ ਰਾਜਿਆਂ ਨੇ ਬਸਾਇਆ ਸੀ। ਜਿਸ ਲਈ ਲਾਟੂਆ ਤੋਂ ਬਿਗੜ ਕੇ ਲਾਡੂਆ ਸ਼ਬਦ ਬਣ ਗਿਆ ਪਰ ਇਹ ਗਲ ਅਜੇ ਵਿਚਾਰ ਦੇ ਵਿਸ਼ੇ ਹੈ। ਮੁਗ਼ਲ ਰਾਜ ਦੀ ਗਿਰਾਵਟ ਦੇ ਸਮੇਂ ਬਾਬੇ ਬੰਦੇ ਦੇ ਦੌਰੇ ਤੋਂ, ਜਦੋਂ ੧੮੨੦ ਬਿ: ਵਿਚ ਪੰਥ ਖਾਲਸਾ ਨੇ ਸਰਹੰਦ ਨੂੰ ਦੋਬਾਰਾ ਬਰਬਾਦ ਕੀਤਾ ਤਾਂ ਇਹ ਸ: ਗੁਰਦਿਤ ਸਿੰਘ ਵੇਈਂ ਪੋਈਂ ਵਾਲਿਆਂ ਦੇ ਹਿਸੇ ਵਿਚ ਆਇਆ। ਉਸ ਤੋਂ ਪਿਛੋਂ ਉਸ ਦੇ ਭਤੀਜੇ ਰਾਜਾ ਅਜੀਤ ਸਿੰਘ ਬੱਦੋਵਾਲੀਏ ਦੇ ਕਬਜ਼ੇ ਵਿਚ ਰਿਹਾ। ੧੮੪੬ ਈਸਵੀ ਵਿਚ ਇਹ ਤਅੱਲਕਾ ਅੰਗ੍ਰੇਜ਼ੀ ਰਾਜ ਵਿਚ ਸ਼ਾਮਿਲ ਹੋਇਆ।

## (੩੯) ਖਮਾਣੋਂ

ਇਹ ਪਿੰਡ ਸਮਰਾਲੇ ਤੋਂ ੪ ਕੋਹ ਪੂਰਬ ਵਲ ਨੂੰ ਰਾਜ ਪਟਿਆਲਾ ਵਿਖੇ ਸੀ। ਇਸ ਪਰਗਣੇ ਨੂੰ ਸਿੰਘਾਂ ਨੇ ਸਰਹੰਦ ਦੀ ਫ਼ਤਹ ਵੇਲੇ ਮੱਲਿਆ ਸੀ। ਹੁਣ ਪੈਪਸੂ ਨਾਲ ਏਸ ਦੇ ਪਿੰਡਾਂ ਦੀ ਬਦਲੀ ਹੋ ਕੇ ਇਹ ਤੈਹਸੀਲ ਸਮਰਾਲਾ ਨਾਲ ਲਗ ਗਿਆ ਹੈ।

## (੪੦) ਖੰਨਾ

ਇਹ ਕਸਬਾ ਜ਼ਿਲਾ ਲੁਧਿਆਣਾ ਵਿਚ ਅੰਬਾਲੇ ਵਾਲੀ ਲਾਈਨ ਤੇ ਹੈ। ਅਤੇ ਵਪਾਰ ਦੀ ਭਾਰੀ ਮੰਡੀ ਹੈ।

ਪਹਿਲਾਂ ਇਹ ਇਲਾਕਾ ਸਃ ਕਰਮ ਸਿੰਘ ਗਿੱਲ ਦੇ ਅਧੀਨ ਰਿਹਾ। ਫੇਰ ਕਰੋੜੀਆ ਮਿਸਲ ਦੇ ਅਧਿਕਾਰ ਵਿਚ ਆਇਆ। ਕੁਝ ਚਿਰ ਫੂਲਕਿਆਂ ਦੇ ਕਬਜ਼ੇ ਵਿਚ ਰਿਹਾ। ਫੇਰ ੧੮੦੫ ਈਸਵੀ ਦੇ ਅਹਿਦਨਾਮੇਂ ਦੇ ਏੜ ਗੇੜ ਤੋਂ ਏਥੋਂ ਦੀ ਰਾਣੀ ਦਇਆ ਕੌਰ ਦੇ ਸੰਤਾਨਹੀਨ ਹੋਣ ਕਰਕੇ ਅੰਗ੍ਰੇਜ਼ਾਂ ਨੇ ਇਹ ਇਲਾਕਾ ਜ਼ਬਤ ਕਰ ਲਿਆ।

## (੪੧) ਗੜ੍ਹ ਦਰੇੜਾ

ਇਹ ਪਿੰਡ ਬੀਕਾਨੇਰ ਅਤੇ ਹਿਸਾਰ ਦੇ ਪਰਲੇ ਹਿਸੇ 'ਬਾਗੜ' ਦੇਸ ਦਾ ਸਿਰ ਸੀ। ਏਥੇ ਗੁੱਗੇ ਚੌਹਾਣ ਦੇ ਪਿਤਾ (ਜੰਬਰ) ਦੀ ਰਾਜਧਾਨੀ ਸੀ। ਜੋ ਗੁਰੂ ਨਾਨਕ ਦੇਵ ਤੋਂ ਕੁਝ ਸਮਾਂ ਪਹਿਲੇ ਹੋਇਆ ਹੈ। ਫ਼ੀਰੋਜ਼ ਸ਼ਾਹ ਤੁਗ਼ਲਕ ਨੇ ਇਹ ਤਅੱਲਕਾ ਚੌਹਾਣਾਂ ਕੋਲੋਂ ਖੋਹ ਕੇ ਆਪਣੇ ਰਾਜ ਨਾਲ ਮਿਲਾ ਲਿਆ। ਹੁਣ ਇਹ ਪਿੰਡ ਢੱਠਾ ਹੋਇਆ ਹੈ ਤੇ ਏਥੇ ਕੇਵਲ ਗੁੱਗੇ ਦੀ ਮਾੜੀ ਹੈ। ਗੁੱਗੇ ਨੇ ਅਪਣੇ ਭਾਈਆਂ

Digitized by Panjab Digital Library | www.panjabdigilib.org

ਨਾਲ ਲੜਕੇ ਰਤਨ ਹਾਜੀ ਦੇ ਗੱਦੀ ਵਾਲੇ ਤੋਂ ਮੁਸਲਮਾਨ ਹੋਕੇ ਤੁਗਲਕਾਂ ਤੋਂ ਗੜ੍ਹ ਦਰੇੜੇ ਦਾ ਨਾਸ ਕਰਵਾਇਆ ਤਾਂ ਉਸ ਦੇ ਭਾਈ ਲੁਦਿਹਾਣੇ ਵਲ ਭੈਣੀ ਗਰੇੜ੍ਹ ਅਤੇ ਚੁਹਾਣਕੇ ਆਦਿ ਪਿੰਡ ਬਸਾਕੇ ਰਹਿਣ ਲਗੇ। ਆਪ ਸਿੱਧ ਸੁਲੱਖਣ ਕੋਲ ਛਪਾਰ ਜਾ ਬਸਾਇਆ।

## (੪੨) ਢੋਡੇ (ਭਵਾਨੀਗੜ੍ਹ)

ਇਹ ਪਟਿਆਲਾ, ਸੰਗਰੂਰ ਦੇ ਵਿਚਕਾਰ, ਸੰਗਰੂਰ ਤੋਂ ੧੨ ਮੀਲ ਚੜ੍ਹਦੇ ਨੂੰ ਹੈ। ਪਹਿਲ ਇਹ ਤਅੱਲਕਾ ਸਮਾਣੇ ਵਾਲੇ ਨਵਾਬਾਂ ਦੇ ਅਧੀਨ ਸੀ। ਪਿਛੋਂ ਭੀਖੀ ਵਾਲੇ ਗੈਂਡੇ ਕੋਲ ਆਇਆ ਉਸ ਤੋਂ ਮ: ਆਲਾ ਸਿੰਘ ਨੇ ਜਿੱਤਿਆ। ਕੁਝ ਚਿਰ ਪਟਿਆਲਾ ਰਾਜ ਦੀ ਏਥੇ ਨਜ਼ਾਮਤ ਰਹੀ ਹੁਣ ਤਹਸੀਲ ਹੈ। ਏਸ ਦੀ ਗੜ੍ਹੀ ਵਿਚ ਹੀ ਮ: ਅਮਰ ਸਿੰਘ ਦਾ ਭਾਈ ਕੰਵਰ ਹਿੰਮਤ ਸਿੰਘ ਆਕੀ ਹੋ ਗਿਆ ਸੀ।

## (੪੩) ਨਾਰਨੌਲ

ਇਹ ਪਹਿਲਾਂ ਝੱਜਰ ਬੇਰੀ ਦੇ ਨਵਾਬਾਂ ਕੋਲ ਸੀ। ੧੮੫੭ ਦੇ ਗਦਰ ਵੇਲੇ ਮ: ਨਰਿੰਦਰ ਸਿੰਘ ਨੂੰ ਅੰਗ੍ਰੇਜ਼ਾਂ ਵਲੋਂ ਇਨਾਮ ਮਿਲਿਆ ਸੀ। ਕਿਉਂਕਿ ਉਨ੍ਹਾਂ ਨੇ ਓਸ ਸਮੇਂ ਅੰਗ੍ਰੇਜ਼ਾਂ ਦੀ ਪੂਰੀ ੨ ਮਦਦ ਕੀਤੀ ਸੀ। ਇਥੇ ਹੁਣ ਪਟਿਆਲੇ ਦਾ ਜ਼ਿਲਾ ਹੈ।

## (੪੪) ਪੱਖੋਵਾਲ

ਇਹ ਪਿੰਡ ਰਾਇਕੋਟ (ਜ਼ਿ: ਲੁਦਿਹਾਣਾ) ਤੋਂ ੫ ਕੋਹ ਪੂਰਬ ਨੂੰ ਹੈ। ਏਹ ਰਿਆਸਤ ਨਾਭਾ ਦੇ ਜ਼ਬਤ ਕੀਤੇ ਪਿੰਡਾਂ ਦੀ ਤਹਸੀਲ ਸੀ, ਜੋ ੧੮੫੪ ਤੋਂ ਲਾਕੇ ੧੮੬੭ ਤਕ ਰਹੀ। ਪਹਿਲਾਂ ਇਹ ਅਲਾਕਾ ਰਿ: ਰਾਇਕੋਟ ਵਿਚ ਸੀ। ਫੇਰ ਰਾਜਾ ਅਮਰ ਸਿੰਘ ਨੇ ਅਪਣੇ ਅਧਿਕਾਰ ਵਿਚ ਲੈ ਕੇ ਰਿ: ਨਾਭਾ ਨੂੰ ਦਿਤਾ। ਮ: ਦੇਵਿੰਦਰ ਸਿੰਘ ਦੇ ਵੇਲੇ ਅੰਗ੍ਰੇਜ਼ਾਂ ਨੇ ਇਹ ਜ਼ਬਤ ਕਰ ਲਿਆ।

## (੪੫) ਤ: ਚਰਖੀ-ਦਾਦਰੀ

ਇਹ ਇਲਾਕਾ ਹਿਸਾਰ ਤੋਂ ਪਰੇ ਭਟਿਆਣੇ ਦੀ ਦੱਖਣ-ਪਛਮੀ ਸੀਮਾ ਤੇ ਹੈ। ਏਥੇ ਪਹਿਲਾਂ ਭੱਟੀਆਂ ਦਾ ਕਬਜ਼ਾ ਸੀ। ਫੇਰ ਝੱਜਰ-ਬੇਰੀ ਦੇ ਨਵਾਬਾਂ ਦੇ ਕਬਜ਼ੇ ਵਿਚ ਰਿਹਾ। ਗ਼ਦਰ ਵੇਲੇ ਜ਼ਬਤ ਹੋ ਕੇ ਇਹ ਅਲਾਕਾ ਰਿ: ਨਾਭਾ ਦੇ ਅਧਿਕਾਰ ਵਿਚ ਆਇਆ।

## (੪੬) ਸਿੱਧੂਵਾਲ

ਇਹ ਪਿੰਡ ਪਟਿਆਲੇ ਤੋਂ ੩ ਮੀਲ ਪੂਰਬ-ਉਤਰ ਨੂੰ ਹੈ। ਕੈਂਥਲ ਵਾਲੇ ਭਾਈ ਸਾਹਿਬ ਦੇਸੂ ਸਿੰਘ ਦੇ ਅੱਧ ਵਾਲੇ ਭਾਈ ਜਸਮੇਰ ਸਿੰਘ ਦੀ ਸੰਤਾਨ ਦੇ ਅਧਿਕਾਰ ਵਿਚ ਆਏ ਹੋਏ ੮੪ ਪਿੰਡਾਂ ਦੇ ਅੱਧ ਵਾਲੇ ਰਈਸ ਏਥੇ ਰਹਿੰਦੇ ਹਨ। ਵਰਤਮਾਨ ਵਿਚ ਭਾਈ ਜਬਰ ਜੰਗ ਸਿੰਘ ਦੇ ਪੁਤ੍ਰ ਭਾਈ ਫਤੇ ਜੰਗ ਸਿੰਘ ਜੀ ਇਹਦੇ ਅਧਿਕਾਰੀ ਹਨ। ਇਹ ਪਿੰਡ ਜ਼ਿਲਾ ਕਰਨਾਲ ਵਿਚ ਹੈ।

Digitized by Panjab Digital Library | www.panjabdigilib.org

## (੪੭) ਅਰਨੌਲੀ

ਭਾਃ ਸਾਹਿਬ ਜਸਮੇਰ ਸਿੰਘ ਜੀ ਕੈਂਥਲ ਵਾਲਿਆਂ ਦੇ ਬੰਸ ਅਤੇ ਭਾਃ ਫਤੇਹ ਜੰਗ ਸਿੰਘ (ਸਿਧੂ-ਵਾਲ) ਦੇ ਅੱਧ ਵਾਲੇ ਭਾਈ ਸਾਹਿਬ 'ਸ਼ੁਭ ਸੇਰ ਸਿੰਘ ਏਥੇ ਦੇ ਰਈਸ ਹਨ। ਇਹ ਪਿੰਡ ਪਟਿਆਲੇ' ਤੋਂ ੯ ਮੀਲ (ਘੁੜਾਮ ਵਲ) ਹੈ। ਜ਼ਿਲਾ ਇਸ ਨੂੰ ਭੀ ਕਰਨਾਲ ਲਗਦਾ ਹੈ।

## (੪੮) ਮਲੌਦ

ਇਹ ਸਵਾ ਲੱਖ ਦਾ ਤਅੱਲਕਾ ਸਃ ਮਾਨ ਸਿੰਘ ਜੀ ਸਹਿਣੇ ਵਾਲਿਆਂ ਦੀ ਬੰਸ ਕੋਲ ਹੈ। ਏਥੋਂ ਦੇ ਰਈਸ ਸਃ ਦਲ ਸਿੰਘ ਨੂੰ 'ਰਾਜਾ ਸਾਹਿਬ ਦਾ ਖਿਤਾਬ ਸੀ। ਓਸ ਵੇਲੇ ਤੋਂ ਇਹ ਤਅੱਲਕਾ ਸਵਾ ਲਖ ਦਾ ਹੈ। ਸਃ ਦਲ ਸਿੰਘ ਦੇ ਪਿਤਾ ਸਃ ਬਦਨ ਸਿੰਘ ਜੀ ਚੰਗੇ ਧਾਰਮਿਕ ਪੁਰਸ਼ ਸਨ। ਕੂਕਿਆਂ ਦੇ ਗਦਰ ਸਮੇਂ ਇਹਨਾਂ ਨੇ ਕੂਕਿਆਂ ਦੇ ਵਿਰੁਧ ਯੋਗ ਹਿੱਸਾ ਲਿਆ ਸੀ, ਕਿਉਂਕਿ ਉਹ ਉਸ ਦੇ ਕਿਲੇ ਤੇ ਹਥਿਆਰ ਖੋਹਣ ਲਈ ਆ ਪਏ ਸਨ।

## (੪੯) ਰਾਮ ਗੜ੍ਹ-ਸਰਦਾਰਾਂ

ਮਲੌਦ ਵਾਲਿਆਂ ਵਿਚੋਂ ਪਖੋ ਕੇ ਦੇ ਰਈਸ ਸਃ ਸੁੰਦਰ ਸਿੰਘ ਦੇ ਸੁਪੁਤ੍ਰ ਸਃ ਰਾਜੇਂਦਰ ਸਿੰਘ, ਸਃ ਕਿਸ਼ਨ ਸਿੰਘ ਅਤੇ ਸਃ ਗੁਰਦਿਤ ਸਿੰਘ ਦੀ ਜਾਗੀਰ ਵਿਚ ਇਹ ਪਿੰਡ ਹੈ। ਏਥੇ ਸਿੰਘਾਂ ਦੇ ਵੇਲੇ ਦਾ ਇਕ ਕਿਲਾ ਹੈ। ਇਹ ਪਿੰਡ ਮਲੌਦ ਤੋਂ ੧ ਕੋਸ ਪੱਛੋਂ ਨੂੰ ਹੈ।

## (੫੦) ਬੇਰ

ਰਾਮ ਗੜ੍ਹ ਤੋਂ ਦੋ ਮੀਲ ਦੱਖਣ-ਪੱਛਮ ਨੂੰ ਇਨ੍ਹਾਂ ਵਿਚੋਂ ਹੀ ਸਰਦਾਰ ਸਾਹਿਬ 'ਬੇਰ' ਹਨ। ਜੋ ਰਾਮਗੜ੍ਹ ਵਾਲਿਆਂ ਨਾਲੋਂ ਤੀਜੇ ਹਿਸੇ ਵਿਚ ਹਨ।

## (੫੧) ਹਾਂਸੀ

ਇਹ ਜ਼ਿਲਾ ਹਿਸਾਰ ਦੀ ਤਹਿਸੀਲ ਹੈ। ਇਹ ਨਗਰ ਸਾਲਿਬਾਹਨ ਦੇ ਪੁਤ੍ਰ ਹੰਸਰਾਉ ਦਾ ਬਸਾਇਆ ਹੋਇਆ ਹੈ। ਭੱਟੀ ਮੁਸਲਮਾਨਾਂ ਅਤੇ ਸਿਧੂਆਂ ਦੇ ਪਰਸਪਰ ਜੁੱਧਾਂ ਕਰਕੇ ਮਸ਼ਹੂਰ ਹੈ। ਏਸ ਦੇ ਕਿਲੇ ਵਿਚ ਕੁਝ ਚਿਰ ਲਈ ਫ਼ਰਾਂਸੀਸੀ ਟਾਮਸਨ ਨੇ ਆਪਣਾ ਕੇਂਦਰ ਰਖਿਆ। ਜੋ ਪਹਿਲਾਂ ਮਰਹਟਿਆਂ ਦਾ ਜਰਨੈਲ ਸੀ। ਅਤੇ ਉਹਨਾਂ ਦਾ ਗਿਰਾਓ ਹੋਣ ਦੇ ਪਿਛੋਂ ਇਸ ਇਲਾਕੇ ਦਾ ਮਾਲਿਕ ਬਣ ਬੈਠਾ ਸੀ। ਜਨਰਲ ਪੈਰਨ ਸਾਹਿਬ ਨੇ ਇਸ ਇਲਾਕੇ ਨੂੰ ਉਸ ਤੋਂ ਖੋਹ ਕੇ ਅੰਗ੍ਰੇਜ਼ੀ ਰਾਜ ਵਿਚ ਮਿਲਾ ਲਿਆ।

## (੫੨) ਕੋਟ ਦੂਨਾ ਸਿੰਘ

ਇਹ ਪਿੰਡ ਰਿਆਸਤ ਪਟਿਆਲਾ ਵਿਚ ਬਰਨਾਲੇ ਤੋਂ ੧੦ ਮੀਲ ਦੱਖਣ ਨੂੰ ਹੈ ਚੌਧਰੀ

Digitized by Panjab Digital Library | www.panjabdigilib.org

ਰਾਮ ਸਿੰਘ ਦੇ ਪੁਤਰ ਦੁੰਨਾ ਸਿੰਘ ਦੀ ਜਾਗੀਰ ਵਿਚ ਰਿਹਾ, ਇਸ ਦਾ ਅਸਥਾਨ ਹੈ । ਜਿਸ ਦੇ ਪੁਤਰ ਬਿੱਘਾ ਸਿੰਘ ਦੀ ਸੰਤਾਨ ਵਿਚੋਂ ਸ੍ਰ: ਸਾਹਿਬ ਪੱਖੋਕੇ, ਮਲੌਦ ਸ਼ਹਿਣਾ ਅਤੇ ਬੇਰ ਵਾਲੇ ਹਨ। ਸ: ਦੁੰਨਾ ਸਿੰਘ ਦੀ ਬੰਸ ਵਿਚੋਂ ਸ: ਮੋਹਰ ਸਿੰਘ ਜੀ ਅਫਸਰ ਮਾਲ, ਸਿੰਘ ਸਭਾ ਲਹਿਰ ਦੇ ਬੜੇ ਪਰਚਾਰਕ ਹੋ ਗੁਜ਼ਰੇ ਹਨ। ਸ: ਕਿਸ਼ਨ ਸਿੰਘ ਪੱਖੋਕੇ ਸ: ਨਾਨਕ ਸਿੰਘ ਭਦੌੜ ਵਾਲੇ ਸਿਖ ਧਰਮ ਦੇ ਚੰਗੇ ਗਿਆਤਾ ਤੇ ਪਰਚਾਰਕ ਹੋਏ ਹਨ।

## (੫੩) ਧਮੋਟ

ਇਹ ਪਿੰਡ ੧੨ਵੀਂ ਸਦੀ ਦੇ ਆਰੰਭ ਵਿਚ ਬੋਧੀਆਂ ਦੇ ਪਰਤਾਪ ਦੇ ਸਮੇਂ ਬਠਿੰਡੇ ਵਲੋਂ ਆਏ ਝੱਲੀ ਗੋਤ ਦੇ ਜ਼ਿਮੀਂਦਾਰਾਂ ਨੇ ਪਾਇਲ ਨੂੰ ਕੇਂਦ੍ਰ ਬਣਾਕੇ ਉਸ ਦੇ ਆਸ ਪਾਸ ਆਪਣੇ ਪਿੰਡ ਵਸਾਏ। ਅਤੇ ਆਪਣੀ ਚੌਧਰ ਕਾਇਮ ਕੀਤੀ । ਝੱਲੀ ਦਾ ਪਿਤਾ 'ਗਿੱਲ' ਰਾਜੇ ਵਿਨੇਪਾਲ ਦੀ ਦਸਵੀਂ ਪੀੜੀ ਵਿਚ ਸੀ।

ਪਹਿਲਾਂ ਇਹਨਾਂ ਨੇ ਚੋਮੋਂ ਪਿੰਡ ਵਸਾਇਆ। ੧੨ਵੀਂ ਸਦੀ ਦੇ ਅੰਤ ਵਿਚ ਰਾਇ ਮੋਖਾ ਦਾ ਵਡਾ ਪੁੱਤਰ ਹਰ ਪਾਲ ਚੌਧਰੀ ਹੋਇਆ। ਉਸ ਦੇ ਵੱਡੇ ਪੁੱਤਰ 'ਸਹਿਜਾ' ਨੇ ਸਿਹੋੜਾ (ਸਹਿਜਵਾੜਾ) ਵਸਾਸਿਆ। ਉਸ ਦੇ ਛੋਟੇ ਭਾਈ 'ਤ੍ਰੂਹਣ' ਨੇ ਧਮੋਟ (ਧਰਮ ਵੱਟ) ਨੂੰ ਵਸਾਇਆ।

ਫ਼ੀਰੋਜ਼ ਸ਼ਾਹ ਤੁਗ਼ਲਕ ਦੇ ਵੇਲੇ ਜਦੋਂ ਚਾਰ ਸਾਲ ਤਕ ਕਾਲ ਪਿਆ, ਤਾਂ ਏਥੋਂ ਦੇ ਚੌਧਰੀ ਮੇਘੇ ਨੇ ਸਾਰੇ ਪਰਗਣੇ ਦਾ ਹਾਲਾ ਆਪਣੇ ਪਲਿਓਂ ਤਾਰ ਦਿਤਾ । ਜਿਸ ਦਾ ਜਸ ਅਜ ਤਕ ਭੱਟ ਇਓਂ ਗਾਉਂਦੇ ਹਨ :—

"ਦੋਹੀ ਭਗ਼ਲੀ ਵਾਲੇ ਦੀ,
ਬੈਠੀ ਜੱਟੀ ਦੁਧ ਵਿਲੋਵੇ
ਚਿੰਤਾ ਨਹੀਂ ਹੁਣ ਹਾਲੇ ਦੀ"

ਬਾਘੇ, ਸੁੱਖੇ ਅਤੇ ਚੌਧਰੀ ਹਮੀਰੇ ਨੇ ਸ਼ਹੀਦ ਹੋ ਕੇ ਸਾਰਾ ਪਿੰਡ ਮੁਸਲਮਾਨ ਹੋਣ ਤੋਂ ਬਚਾ ਲਿਆ। ਚੌਧਰੀ ਚਤਰੇ ਦਾ ਪੁੱਤਰ 'ਰਾਜ ਰੂਪ' ਮਹਿਰ ਮਿੱਠੇ ਦੀ ਪੋਤਰੀ ਗੌਰੀ ਨਾਲ ਵਿਆਹਿਆ ਗਿਆ। ਜਿਸ ਤੋਂ ਧਾਲੀਵਾਲ ਅਤੇ ਗਿੱਲ ਬਹੁਤ ਸਾਰੀ ਗਿਣਤੀ ਵਿਚ ਮੁਸਲਮਾਨ ਹੋਣੋਂ ਬਚ ਗਏ। ਇਹ ਬੀਬੀ ਗੌਰੀ ਮਹਿਰ ਮਿੱਠੇ ਦੀ ਛੋਟੀ ਪੋਤਰੀ ਸੀ ਇਸ ਨੂੰ ਮਹਿਰ ਨੇ ਜੋ ਭੋਇੰ ਦਾਜ ਵਿਚ ਦਿਤੀ, ਉਹ ਕਾਂਗੜ ਤੋਂ ਧਮੋਟ (ਪੰਜਾਹਾਂ ਕੋਹਾਂ) ਤਕ ਵਟਾ ਕੇ ਪਹੁੰਚਾ ਦਿਤੀ। ਜੋ ਹੁਣ ਤਕ 'ਗੌਰੀਵਾਲਾ' ਨਾਮ ਤੇ ਛੋਟਾ ਜਿਹਾ ਪਿੰਡ ਧਮੋਟ ਵਾਲੇ ਚੌਧਰੀਆਂ ਦੇ ਕਬਜ਼ੇ ਵਿਚ ਹੈ।

ਏਸੇ ਚੌਧਰੀ ਚਤਰੇ ਨੇ ਬਹੁ ਗਿਣਤੀ ਦੇ ਛੱਤੀ ਗੋਤਾਂ ਦੀ ਛੱਤੀ ਕਾਇਮ ਕਰਕੇ ਉਹਨਾਂ ਦਾ ਪਰਸਪਰ ਸੰਘਟਨ ਕਰਦੇ ਹੋਏ ਏਸ ਦੇਸ ਵਿਚ ਪੰਚਾਇਤੀ ਰਾਜ ਦੀ ਮ੍ਰਯਾਦਾ ਮੁੜ ਕਾਇਮ ਕੀਤੀ। ਇਹ ਜੋ ਪੁਰਾਣੇ ਸਮੇਂ ਵਿਚ ਪ੍ਰਮਾਰਾਂ ਨੇ ਅਪਣੀ ਸੁਤੰਤ੍ਰਤਾ ਅਤੇ ਪ੍ਰਭਤਾ ਦੇ ਸਮੇਂ ਕੀਤੀ ਸੀ । ਝੱਲੀ-ਗਿੱਲ ਰਾਜੇ ਵਿਨੇਪਾਲ ਦੀ ਸੰਤਾਨ ਵਿਚੋਂ ਸਨ। ਉਹ ਵਿਕ੍ਰਮਾਦਿੱਤ ਪੰਵਾਰ ਦੀ ਬੰਸ ਵਿਚੋਂ ਸੀ ਅਤੇ ਪੰਵਾਰਾਂ ਦੀਆਂ ਛੱਤੀ ਸ਼ਾਖ਼ਾਂ ਹੋਣ ਦੇ ਕਾਰਣ ਇਹਨਾਂ ਚੌਧਰੀਆਂ ਨੇ ਭੀ ਆਪਣੇ ਸੰਘਠਨ ਦਾ ਨਾਮ 'ਛੱਤੀ'

Digitized by Panjab Digital Library | www.panjabdigilib.org

ਰਖਿਆ। ਇਹਨਾਂ ਦੀ ਰੀਸੇ ਹੋਰ ਜ਼ਿਮੀਂਦਾਰਾਂ ਨੇ ਭੀ ਆਪੋ ਆਪਣੀਆਂ ਛੱਤੀਆਂ ਕਾਇਮ ਕਰਕੇ ਆਪਣਾ ੨ ਪੰਚਾਇਤੀ ਪ੍ਰਬੰਧ ਚਲਾਇਆ। ਇਹ ਅਕਬਰ ਬਾਦਸ਼ਾਹ ਦੇ ਸਮੇਂ ਦੀ ਗੱਲ ਹੈ।

ਚੌਧਰੀ ਸਾਗਰ ਨੇ ਗੰਗਾ ਦੇ ਨ੍ਹਾਉਣ ਤੇ ਸਭ ਯਾਤਰੂਆਂ ਦਾ †ਮੁੰਡੀਆ (Tax) ਆਪਣੇ ਪੱਲਿਓਂ ਦੇ ਕੇ ਜਸ ਖੱਟਿਆ। ਅਤੇ ਦਿੱਲੀ ਜਾ ਕੇ ਚਾਰ ਸਾਲ ਦਾ ਜਜ਼ੀਆ ਬੰਦ ਕਰਾਇਆ। ਗੰਗਾ ਨ੍ਹਾਉਣ ਤੋਂ ਆ ਕੇ ਛੇ ਸੌ ਬਿਘੇ ਜ਼ਮੀਨ ਛਿਆਂ ਡੇਰਿਆਂ ਨੂੰ ਅਰਦਾਸ ਕਰਾਈ। ਏਸੇ ਵਾਸਤੇ ਭੱਟ ਚਤਰੇ ਅਤੇ ਸਾਗਰ ਨੂੰ ਅੱਜ ਤਕ ਖੁੱਲ੍ਹੇ ਮੂੰਹ ਗਾਂਵਿਆ ਕਰਦੇ ਹਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਏਥੇ ਚਰਨ ਪਾਏ, ਤਾਂ ਮਲਕਾਂ ਵਾਲੇ ਸੁੱਕੇ ਖੂਹ ਵਿਚੋਂ ਪਾਣੀ ਕਢਿਆ ਤੇ ਉਸ ਨਾਲ ਚੌਧਰੀ ਮੋਹਰ ਸਿੰਘ ਦਾ ਰੋਗ ਹਟਾਇਆ। ਅਜ ਉਸ ਥਾਂ ਤੇ ਗੁਰਦੁਆਰੇ ਦੀ ਇਮਾਰਤ ਲਗ ਪਗ ੩੫੦੦੦) ਦੀ ਹੈ ਤੇ ਇਕ ਸੁੰਦਰ ਲਾਇਬ੍ਰੇਰੀ ਭੀ ਹੈ, ਜਿਸ ਵਿਚ ਛਿਆਂ ਬੋਲੀਆਂ ਦੀਆਂ ਇਕ ਹਜ਼ਾਰ ਤੋਂ ਵਧ ਪੁਸਤਕਾਂ ਹਨ।

ਸਿੰਘਾਂ ਦੇ ਸਮੇਂ ਏਥੋਂ ਦੇ ਵਸਨੀਕ ਬਾਬਾ ਸੁੱਖਾ ਸਿੰਘ ਨੇ ਜ਼ੈਨ ਖ਼ਾਂ ਸੂਬਾ ਸਰਹੰਦ ਪਾਸੋਂ ਪੰਡਿਤ ਰਾਮ ਕਿਸ਼ਨ ਦੀ ਇਸਤ੍ਰੀ ਸਾਵਿੱਤ੍ਰੀ ਨੂੰ ਜੁੱਧ ਕਰਕੇ ਛੁਡਾਇਆ ਸੀ। ਜਿਸ ਵਿਚ ਪੰਜ ਸੌ ਸੂਰਮਿਆਂ ਨਾਲ ੬੦ ਸਾਲ ਦੀ ਆਯੂ ਵਿਚ ਸ਼ਹੀਦੀ ਪ੍ਰਾਪਤ ਕੀਤੀ ਸੀ। ਉਸੇ ਦਿਨ ਬਾਬੇ ਮੱਲਾ ਸਿੰਘ ਨੇ ਸਿੰਘਾਂ ਦੇ ਸਿਰਾਂ ਦੇ ੮੦ ਗੱਡੇ, ਜੋ ਸੂਬੇ ਲਾਹੌਰ ਵਲੋਂ ਦਿਲੀ ਜਾ ਰਹੇ ਸੀ, ਤੁਰਕਾਂ ਤੋਂ ਛੁੜਾਏ ਤੇ ਉਹਨਾਂ ਦਾ ਸੰਸਕਾਰ ਕਰਕੇ ਫਿਰ ਜੁੱਧ ਵਿਚ ਸ਼ਹੀਦ ਹੋਇਆ। ਇਹਨਾਂ ਦੋਹਾਂ ਸਿੰਘਾਂ ਦੇ ਸ਼ਹੀਦ ਗੰਜ ਫ਼ਤੇ ਗੜ੍ਹ ਸਾਹਿਬ ਵਿਚ ਹਨ। ਧਮੋਟ ਵਿਚ ਵੀ ਇਹਨਾਂ ਦੀ ਯਾਦਗਾਰ ਤੇ ਸੰਤਾਨ ਹੈ।

ਇਨ੍ਹਾਂ ਵਿਚੋਂ ਨਾਮਧਾਰੀ ਲਹਿਰ ਵਿਚ ਮਾਲੇਰ ਕੋਟਲੇ ਦੇ ਸਾਕੇ ਵਿਚ ਭਾ: ਹਰਨਾਮ ਸਿੰਘ ਜੀ ਸ਼ਹੀਦ ਹੋਏ ਅਤੇ ਨਾਭੇ ਦੇ ਮੋਰਚੇ ਵਿਚ ਭਾਈ ਧਰਮ ਸਿੰਘ ਜੀ ਸ਼ਹੀਦ ਹੋਏ।

ਧਮੋਟ ਦੀ ਭੋਇੰ ਤੀਹ ਹਜ਼ਾਰ ਵਿਘੇ ਅਤੇ ਵਸੋਂ ਅੱਠ ਹਜ਼ਾਰ ਦੀ ਹੈ। ਘੇਰਾ ਸਤ ਮੀਲ ਦਾ ਹੈ। ਅਜ ਕਲ ਏਥੋਂ ਦੇ ਚੌਧਰੀ ਮੋਹਰ ਸਿੰਘ ਦੇ ਸਪੁੱਤਰ ਸਰਦਾਰ ਜੋਗਿੰਦਰ ਸਿੰਘ ਜੀ ਇੰਜੀਨੀਅਰ ਆਦਿਕ ਹਨ।

( ਗਿ: ਕਰਮ ਸਿੰਘ ਧਮੋਟ ਦੁਆਰਾ ਪ੍ਰਾਪਤ )

## (੫੪) ਤਲਵੰਡੀ ਰਾਇ

ਇਹ ਮੁਸਲਮਾਨ 'ਮੰਜ' ਰਾਜਪੂਤਾਂ ਦਾ ਪਿੰਡ ਜ਼ਿਲਾ ਲੁਧਿਆਣਾ ਵਿਖੇ ਰਾਏ ਕੋਟ ਤੋਂ ਚਾਰ ਮੀਲ ਉੱਤਰ ਵਲ ਨੂੰ ਹੈ। ਜੋ ਜੈਸਲਮੇਰ ਤੋਂ ਆਉਣ ਵਾਲੇ ਰਾਇ ਤੁਲਸੀ ਰਾਮ, ਜੋ ਪੀਰ ਮਖ਼ਦੂਮ ਜਹਾਨੀਆਂ ਤੋਂ ਬੈਤ ਲੈ ਕੇ 'ਸ਼ੇਖ ਚਾਚੋ' ਬਣਿਆ ਸੀ, ਉਹ ਪਹਿਲਾਂ ਹਠੂਰ ਨੂੰ ਮਾਰ ਕੇ ਓਥੇ ਆਪ ਆਬਾਦ ਹੋਇਆ। ਉਸ ਦੀ ਸੰਤਾਨ ਨੇ ਅਗਲੀ ਸਦੀ ਵਿਚ ਸ਼ਾਹ ਜਹਾਨਪੁਰ ਅਤੇ ਤਲਵੰਡੀ ਰਾਇ ਬੰਨ੍ਹੀ। ਏਥੋਂ ਦੇ ਰਈਸ ਚੌਧਰੀ ਰਾਏ ਕੱਲ੍ਹਾ ਦੇ ਪੁਤਰ ਰਾਏ ਅਹਿਮਦ ਨੇ ੧੭੩੫ ਈਸਵੀ ਵਿਚ

---

†ਜਿਜ਼ੀਆ

Digitized by Panjab Digital Library | www.panjabdigilib.org

ਰਾਏ ਕੋਟ ਨੂੰ ਵਸਾਕੇ ਰਿਆਸਤ ਕਾਇਮ ਕੀਤੀ । ਏਥੋਂ ਦੇ ਅੰਤਮ ਰਈਸ 'ਅਲੀਆਸ' ਦੀ ਵਿਧਵਾ ਰਾਣੀ ਭਾਗਭਰੀ ਨੇ ਹੇਰਾਂ ਆਦਿਕ ਸਿਖ ਗੁਰਦੁਆਰਿਆਂ ਨੂੰ ਬਹੁਤ ਜ਼ਮੀਨਾਂ ਅਰਦਾਸ ਕਰਾਈਆਂ ।

## (੫੫) ਤਰਾਵੜੀ

ਇਹ ਕਸਬਾ ਜ਼ਿਲਾ ਕਰਨਾਲ ਵਿਚ ਦਿਲੀ ਵਾਲੀ ਲਾਈਨ ਤੇ ਹੈ। ਏਥੇ ਪੱਛਮੀ ਧਾਵਾ ਕਰਨ ਵਾਲਿਆਂ ਦੇ ਦਿਲੀ ਦੇ ਰਾਜਿਆਂ ਨਾਲ ਕਈ ਜੁੱਧ ਹੋਏ । ਮਹਾ ਭਾਰਤ ਦੇ ਜੁੱਧ ਵਿਚ ਭੀ ਏਥੇ ਦਾ ਮੈਦਾਨ ਵਰਤਿਆ ਗਿਆ ਸੀ । ਪ੍ਰਿਥੀ ਰਾਜ ਤੇ ਸਹਾਬਦੀਨ ਗ਼ੌਰੀ ਦੀ ਦੋ ਵੇਰ ਏਥੇ ਹੀ ਲੜਾਈ ਹੋਈ। ਬਾਬਰ ਬਾਦਸ਼ਾਹ ਤੇ ਇਬ੍ਰਾਹੀਮ ਲੋਧੀ ਦਾ ਭੀ ਏਥੇ ਹੀ ਜੰਗ ਹੋਇਆ । ਮਰਹਟਿਆਂ ਤੇ ਅਬਦਾਲੀ ਦੇ ਭੀ ਏਥੇ ਹੀ ਦੋ ਜੰਗ ਹੋਏ ਸਿਖਾਂ ਦੇ ਮਰਹਟਿਆਂ, ਭੱਟੀਆਂ ਅਤੇ ਰੰਘੜਾਂ ਨਾਲ ਏਥੇ ਹੀ ਕਈ ਛੋਟੇ ਮੋਟੇ ਜੰਗ ਹੋਏ । ਚੰਦ੍ਰ ਗੁਪਤ ਅਤੇ ਸ਼ਾਹ ਸਲੋਕਸ ਭੀ ਏਥੇ ਹੀ ਟੱਕਰੇ ਸੀ ਅਤੇ ਅਤਿ ਪ੍ਰਾਚੀਨ ਸਮੇਂ ਵਿਚ ਭੀ ਦੇਵ-ਦੈਂਤਾਂ ਦੇ ਏਥੇ ਹੀ ਜੁੱਧ ਹੋਏ ਸੀ ।

## (੫੬) ਗੜ੍ਹ ਦਰੇੜਾ (ਜ਼ਿ: ਹੰਸਾਰ)

ਕੋਈ ੭੦੦ ਬਰਸ ਤੋਂ ਉਪਰ ਹੋਏ ਕਿ ਚੋਹਰਾਣਾਂ ਦੀ ਇਕ ਸਾਖਾ-ਦਰੇੜਾ ਨੇ 'ਗੜ੍ਹਦਰੇੜਾ' ਵਸਾਕੇ ਬਾਗੜ ਨੂੰ ਅਪਣੇ ਅਧਿਕਾਰ ਵਿਚ ਲਿਆ । ਉਸ ਦਾ ਇਕ ਰਾਜਕੁਮਾਰ ਗੁੱਗਾ (ਜੰਬਰ ਦਾ ਪੁਤ੍ਰ) ਹੋਇਆ ਜੋ ਅਪਣੇ ਭਾਈਆਂ ਨਾਲ ਲੜਕੇ ਰਤਨ ਹਾਜੀ (ਬਠਿੰਡਾ) ਦਾ ਕਲਮਾ ਪੜ੍ਹਕੇ ਮੁਸਲਾਂ ਬਣ ਗਿਆ ਅਤੇ ਮੁਸਲਮਾਨ ਹਾਕਿਮਾਂ ਤੋਂ ਦਰੇੜੇ ਵਾਲਿਆਂ ਨੂੰ ਬਰਬਾਦ ਕਰਾਇਆ । ਤਾਂ ਉਹ ਉਸ ਥਾਂ ਨੂੰ ਛਡਕੇ ਚੁਹਾਣਕੇ (ਰਾਇ ਕੋਟ ਕੋਲ) ਭੈਣੀ ਦਰੇੜਾ (ਆਂਡਲੂ ਕੋਲ) ਆ ਬਸੇ। ਗੁੱਗੇ ਦਾ ਸਿਧ ਸੁਲਖਣ (ਸੇਖੋਂ ਦਾ ਪਿਤਾ) ਨਾਲ ਬਹੁਤ ਪ੍ਰੇਮ ਸੀ। ਇਸ ਕਰਕੇ ਸਿਧ ਜੀ ਕੋਲੋਂ ਕੁਝ ਚੇਟਕਾਂ, ਤ੍ਰਾਟਕਾਂ ਆਦਿ ਜੋਗ ਮਾਰਗ ਦੀਆਂ ਸਾਧਨਾਂ ਸਿਖੀਆਂ ਅਤੇ ਸੁਲਖਣ ਨਾਲ ਪ੍ਰਣ ਕੀਤਾ ਕਿ ਜਿਥੇ ਤੂੰ ਸਮਾਵੇਂ ਓਥੇ ਹੀ ਮੈਂ ਸਮਾਊਂਗਾ । ਸੋ ਸਿੱਧ ਸੁਲਖਣ ਛਪਾਰ (ਜਿ: ਲੁਦਿਹਾਣਾ) ਵਿਖੇ ਆ ਰਿਹਾ ਓਸੇ ਹੀ ਦੀ ਬੰਸ ਦੇ 'ਸੇਖੋਂ' ਲੋਕ ਆ ਰਹੇ। ਓਸੇ ਪੱਤੀ ਵਿਚ ਸਿੱਧ ਦੀ ਮਾੜੀ ਹੈ, ਜਿਥੇ ਹਰ ਸਾਲ ਮੇਲਾ (ਛਪਾਰ ਦਾ) ਲਗਦਾ ਹੈ। ਆਖਦੇ ਹਨ ਕਿ ਗੁੱਗਾ ਭੀ ਓਸੇ ਮਾੜੀ ਵਿਚ ਸਿਧ ਸੁਲਖਣ ਦੇ ਪ੍ਰੇਮ ਕਰਕੇ ਸਮਾਇਆ ਹੋਇਆ ਹੈ। ਓਥੋਂ ਅਜ ਤਕ ਗੁੱਗੇ ਦਾ ਸਾਹ ਆਉਂਦਾ ਦਸਦੇ ਹਨ । ਕਹਿੰਦੇ ਹਨ ਕਿ ਗੁੱਗੇ ਦੀ ਮਾਂ 'ਬਾਛਲ' ਨੂੰ ਗੁੱਗੇ ਨਾਲ ਸੱਪ ਜੰਮਿਆ ਸੀ, ਪਰ ਉਹ ਬੜਾ ਹੋਕੇ ਮਰ ਗਿਆ ਸੀ । ਗੁੱਗਾ ਉਸ ਨਾਲ ਪ੍ਰੇਮ ਕਰਕੇ ਉਸ ਦੀ ਯਾਦ ਵਿਚ ਅਪਣੇ ਸਿਰ ਤੇ ਕਲਗੀ ਸੱਪ ਦੇ ਆਕਾਰ ਦੀ ਰਖਦਾ ਹੁੰਦਾ । ਇਸ ਲਈ ਸੱਪ ਨੂੰ ਭੀ ਲੋਕੀ 'ਬਾਬਾ ਗੁੱਗਾ' ਕਹਿੰਦੇ ਹਨ । ਆਖਦੇ ਹਨ ਕਿ ਗੁੱਗਾ ਦਿਲੀ ਤੇ ਤੂਰਾਂ ਦਾ ਦੁਹਤਾ ਹੋਣ ਕਰਕੇ ਤੂਰਾਂ, ਤਿੰਗਾਂ ,ਅਤੇ ਕੰਦੋਹਲਿਆਂ ਦੇ ਨਹੀਂ ਲੜਦਾ ।

## (੫੭) ਸਿੰਘ ਪੁਰੀਆਂ

ਨਵਾਬ ਕਪੂਰ ਸਿੰਘ ਨੇ ਕਾਠੀ ਵੰਡ ਦੇ ਹਿੱਸੇ ਵਿਚ ਜੋ ਇਲਾਕਾ ਪ੍ਰਾਪਤ ਕੀਤਾ ਉਹ 'ਸਿੰਘ

Digitized by Panjab Digital Library | www.panjabdigilib.org

ਪੁਰੀਆਂ' ਦੀ ਮਿਸਲ ਦੇ ਨਾਮ ਤੇ ਆਖਿਆ ਗਿਆ। ਉਸ ਮਿਸਲ ਦਾ ਮਾਲਿਕ ਨਵਾਬ ਕਪੂਰ ਸਿੰਘ ਦਾ ਭਤੀਜਾ ਸ: ਖੁਸ਼ਹਾਲ ਸਿੰਘ ਬਣਿਆ। ਉਸ ਦੀ ਔਲਾਦ ਵਿਚੋਂ ਘਨੌਲੀ, ਮਨੌਲੀ, ਭਰਤ ਗੜ੍ਹ ਅਤੇ ਕੰਧੋਲਾ, (ਜਿ: ਅੰਬਾਲਾ) ਆਦੀ ਪਿੰਡਾਂ ਦੇ ਰਈਸ ਹਨ ਕਾਠਗੜ ਜਿ: ਹੁਸ਼ਿਆਰਪੁਰ ਵਿਚ ਹੈ। ਤਅੱਲਕੇ ਦੀ ਆਮਦਨੀ ਓਸ ਵੇਲੇ ਡੇੜ ਲਖ ਸੀ ਤੇ ਇਹਨਾਂ ਦੇ ਅੱਧ ਵਿਚ ਕਾਠਗੜ੍ਹ ਵਖਰਾ ਹੈ।

## (੫੮) ਸਿਆਲਬਾ

ਇਹ ਤਅੱਲਕਾ ਜ਼ਿਲਾ ਅੰਬਾਲਾ ਵਿਚ ਸ: ਹਰੀ ਸਿੰਘ ਦੀ ਬੰਸ ਦਾ ਹੈ। ਜਿਸ ਨਾਲ ਮਹਾਰਾਜਾ ਅਮਰ ਸਿੰਘ (ਪਟਿਆਲਾ) ਦਾ ਕਈ ਵੇਰ ਟਾਕਰਾ ਹੋਇਆ। ਅੰਤ ਨੂੰ ਇਸ ਦੇ ਕੁਝ ਪਿੰਡ ਮਹਾਰਾਜਾ ਅਮਰ ਸਿੰਘ ਨੇ ਖੋਹ ਲਏ। ਬਾਕੀ ਉਸ ਦੀ ਸੰਤਾਨ ਪਾਸ ਹਨ।

## (੫੯) ਬੂੜੀਆ

ਇਹ ਜ਼ਿਲਾ ਅੰਬਾਲਾ ਵਿਚ ਸ: ਸ਼ੇਰ ਸਿੰਘ ਦੀ ਬੰਸ ਵਿਚ ਇਕ ਲਖ ਦੀ ਆਮਦਨੀ ਦਾ ਤਅੱਲਕਾ ਹੈ। ਵਰਤਮਾਨ ਵਿਚ ਰਾਜਾ ਲਖਮਣ ਸਿੰਘ ਦੇ ਸੁਪੁਤ੍ਰ ਕੈਪਟਨ ਰਤਨ ਅਮੋਲ ਸਿੰਘ ਜੀ ਹਨ। ਜੋ ਪੰਜਾਬ ਅਸੈਂਬਲੀ ਦੇ ਐਮ. ਐਲ. ਏ. ਹੋਏ ਹਨ। ਇਹ ਖੇੜਾ ਜਮਨੇ ਦੇ ਕੰਢੇ ਤੇ ਮਹਾਂ ਕਵਿ ਸੰਤੋਖ ਸਿੰਘ ਜੀ ਦਾ ਜਨਮ ਅਸਥਾਨ ਹੈ। ਜਿਥੇ ਉਹ ਕਈਆਂ ਪੀੜ੍ਹੀਆਂ ਤੋਂ ਰਹਿੰਦੇ ਸੀ। ਇਨ੍ਹਾਂ ਦੇ ਭ੍ਰਾਤਾ ਭਾਈ ਜੋਗ ਸਿੰਘ ਜੀ ਨੇ ਹੀਰ ਜੋਗ ਸਿੰਘ ਵਿਚ ਇਸ ਗੱਲ ਦਾ ਸਬੂਤ ਦਿਤਾ ਹੈ ਕਿ ਅਸਾਡੇ ਵਡੇ ਪਾਇਲ ਤੋਂ ਆਏ ਹਨ।

## (੬੦) ਤ: ਭਰੇਲੀ

ਇਹ ਪਿੰਡ ਜ਼ਿਲਾ ਅੰਬਾਲਾ ਵਿਚ ਹੈ। ਜਿਸ ਦੇ ਮਾਲਿਕ ਸ: ਭਗਵੰਤ ਸਿੰਘ ਜੀ ਹਨ। ਜਿਨ੍ਹਾਂ ਦੀ ਸੁਪੁਤ੍ਰੀ ਮਹਾਰਾਜਾ ਹਰਇੰਦਰ ਸਿੰਘ ਫ਼ਰੀਦ ਕੋਟ ਨਾਲ ਵਿਆਹੀ ਹੋਈ ਹੈ।

## (੬੧) ਮਨੀ ਮਾਜਰਾ

ਇਹ ਕਸਬਾ ਜ਼ਿਲਾ ਅੰਬਾਲਾ ਵਿਚ ਹੈ। ਏਸ ਤਅੱਲਕੇ ਦਾ ਮੁੱਢ ਸਾਈਂ ਦਾਸ ਨੇ ਬੰਨਿਆ ਸੀ। ਜਿਸ ਦਾ ਪਟਿਆਲੇ ਵਾਲਿਆਂ ਨਾਲ ਕਈ ਵੇਰ ਟਾਕਰਾ ਹੋਇਆ। ਜਿਸ ਕਰਕੇ ਇਸ ਦਾ ਬਹੁਤ ਸਾਰਾ ਇਲਾਕਾ ਪਟਿਆਲੇ ਵਿਚ ਆ ਗਿਆ। ਬਾਕੀ ਦਾ ਉਸ ਦੀ ਸੰਤਾਨ ਪਾਸ ਹੈ।

## (੬੨) ਘੜੂਆਂ

ਇਹ ਬਾਗਾਂ ਵਾਲੇ ਤੋਂ ਢਾਈ ਮੀਲ ਪੂਰਬ ਨੂੰ ਬੜਾ ਪੁਰਾਣਾ ਤੇ ਬਰਾਦਰ ਪਿੰਡ ਮੈਨ ਦੁਆਬ ਦਾ ਸਿਰ ਹੈ। ਇਥੇ ਮਾਝੇ ਤੋਂ ਆਏ ਹੋਏ ਜਾਗੀਰਦਾਰ ਹਨ। ਜਿਨ੍ਹਾਂ ਵਿਚੋਂ ਸ: ਭਗਵਾਨ ਸਿੰਘ ਜੱਜ ਦੇ ਸੁਪੁਤ੍ਰ ਸ: ਵਿਸ਼ੇਸਰ ਸਿੰਘ ਹਨ। ਰਾਜ ਪੈਪਸੂ ਹੈ। ਏਥੋਂ ਦੇ ਹੀ ਸ: ਮੱਖਣ ਸਿੰਘ ਦੇ ਭਤੀਜੇ ਸੰਤ ਧਰਮ ਸਿੰਘ ਜੀ ਗਿਆਨੀ ਹਨ। ਕਹਿੰਦੇ ਹਨ ਕਿ ਇਹ ਭੀਮ ਸੇਨ ਦੇ ਪੁਤ੍ਰ 'ਘਟੋਤਕਚ' ਦਾ ਬਸਾਇਆ ਹੋਇਆ ਹੈ। ਕਰਤਾਰ ਜਾਣੇ।

Digitized by Panjab Digital Library | www.panjabdigilib.org

## (੬੩) ਮੋਰੰਡਾ

ਮੋਰੰਡ ਜਾਤੀ ਦਾ ਬਸਾਇਆ ਹੋਇਆ ਸਰਹਿੰਦ ਤੋਂ ੧੬ ਮੀਲ ਪੂਰਬ ਨੂੰ ਪੁਰਾਣਾ ਪਿੰਡ ਹੈ ਜੋ ਸਿਕੰਦਰ ਦੇ ਵਜੀਰ ਸਾਲੂਕਸ ਨਾਲ ਲੜੀ ਸੀ । ਅਤੇ ਚੰਦ੍ਰਬੰਸੀਆਂ ਦੇ ਭੀ ਇਹ ਲੋਕ ਵੈਰੀ ਸਨ। ਹੁਣ ਇਹ ਪੈਪਸੂ ਵਿਚ ਹੈ, ਜਿਸ ਵਿਚ ਰੰਘੜਾਂ ਦੀ ਮਲਕੀਅਤ ਤੇ ਵਸੋਂ ਅਧਿਕ ਸੀ। ਇਸ ਨੂੰ ਸਾਧਾਰਣ ਲੋਕ ਬਾਗਾਂ ਵਾਲਾ ਕਹਿੰਦੇ ਹਨ।

## (੬੪) ਬਸੀਪਠਾਣਾ

ਸਰਹਿੰਦ ਤੋਂ ੬ ਮੀਲ ਪੂਰਬ ਨੂੰ ਬਸਦੀ ਹੈ । ਇਥੇ ਪੈਪਸੂ ਦਾ ਜ਼ਿਲ੍ਹਾ ਹੈ । ਇਕ ਬਾਗ 'ਆਮ ਖਾਸ' ਨਾਮ ਦਾ ਖਾਸ ਅਸਥਾਨ ਹੈ। ਬੰਦੇ ਬਹਾਦਰ ਦੇ ਸਰਹਿੰਦ ਮਾਰਨ ਤੋਂ ਪਿਛੋਂ ਪਠਾਣਾਂ ਨੇ ਮੁੜ ਬਸਾਈ । ਇਸ ਸਦਕੇ ਇਹਦਾ ਨਾਉਂ 'ਬਸੀ ਪਠਾਣਾ, ਪਿਆ।

## (੬੫) ਪਾਇਲ

ਇਹ ਪੈਪਸੂ ਦੀ ਤਹਸੀਲ ਚਾਵਾ ਸਟੇਸ਼ਨ ਤੋਂ ੫ ਮੀਲ ਦੱਖਣ ਨੂੰ ਹੈ । ਇਥੇ ਪੁਰਾਣਾ ਕਿਲਾ ਹੈ। ਜੋ ਕਿ ਬਠਿੰਡੇ ਵਾਲੇ 'ਵਿਨੈਪਾਲ' ਰਾਜੇ ਨੂੰ ਏਸ ਇਲਾਕੇ ਦੇ ਸਿਰ ਤੇ ਬਸਾਇਆ ਸੀ। ਮੁਸਲਮਾਨਾਂ ਦੇ ਸਮੇਂ ਤੋਂ ਏਥੋਂ ਦੇ ਲੋਕ ਵਿਦਿਆ ਦੇ ਬੜੇ ਚਾਹਵਾਨ ਪ੍ਰਸਿੱਧ ਰਹੇ ਹਨ । ਭਾ: ਜੋਗ ਸਿੰਘ ਅਤੇ ਭਾਃ ਸੰਤੋਖ ਸਿੰਘ ਜੀ ਦਾ ਪਿਛੋਕਾ ਇਹੋ ਸੀ।

## (੬੬) ਸਧਾਰ

ਏਹ ਲੁਦਿਹਾਣੇ ਤੋਂ ੧੬ ਮੀਲ ਅਤੇ ਦਾਖੇ ਤੋਂ ੬ ਮੀਲ ਦੀ ਵਿਥ ਤੇ ਵਸਦਾ ਹੈ । ਸਧਾਰ ਖਾਂ ਮੰਜ ਨੇ ਇਸ ਨੂੰ ਹਲਵਾਰੇ ਤੋਂ ਆਕੇ ਬੱਧਾ ਸੀ। ਦੋ ਪਤੀਆਂ ਰੰਘੜਾਂ ਦੀਆਂ, ਪਿਛੋਂ ਦੋ ਗਿੱਲਾਂ ਦੀਆਂ ਅਤੇ ਇਕ ਸਰਾਭੇ ਦੇ ਧਾਲੀਵਾਲਾਂ ਦੀ ਹੈ। ਰੰਘੜ ਪਾਕਸਤਾਨ ਨੂੰ ਚਲੇ ਗਏ ਹਨ।

ਇਥੇ ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਦਾਖੇ-ਰਕਬੇ ਹੁੰਦੇ ਹੋਏ ੧੬੮੯ ਬਿਃ ਨੂੰ ਬਹੁਤ ਦਿਨ ਬਿਰਾਜੇ ਸਨ । ਕਹਿੰਦੇ ਹਨ ਕਿ ਭਾਃ ਬਿਧੀ ਚੰਦ ਨੇ ਦੂਜਾ ਘੋੜਾ ਏਥੇ ਹੀ ਲਿਆਂਦਾ ਸੀ ਅਤੇ ਰਾਇ ਜੋਧ ਆਦਿ ਮੁਖੀ ਸਿਖ ਭੀ ਆਪ ਦੇ ਏਥੇ ਦਰਸ਼ਨ ਕਰਦੇ ਰਹੇ। ਹੁਣ ਏਥੇ ਨਿਹੰਗ ਸ਼ਮਸ਼ੇਰ ਸਿੰਘ ਜੀ ਦਾ ਆਰੰਭ ਕੀਤਾ ਹੋਇਆ ਖਾਃ ਹਾਃ ਸਕੂਲ ਅਤੇ ਭਾਈ ਇਕਬਾਲ ਸਿੰਘ B A.B.T. ਦਾ ਅਰੰਭ ਕੀਤਾ ਹੋਇਆ ਖਾਲਸਾ ਕਾਲਜ ਹੈ।

## (੬੭) ਸਿੱਧਵਾਂ

ਬੜੇ ਸਿਧਵੀਂ ਗੁਰੂ ਹਰਿ ਗੋਬਿੰਦ ਜੀ ਦਾ ਗੁਰਦੁਆਰਾ ਅਤੇ ਖਾਃ ਮਿਡਲ ਸਕੂਲ ਹੈ। ਛੋਟੇ ਸਿਧਵੀਂ ਭਾਃ ਸਾਹਿਬ ਨਰੈਣ ਸਿੰਘ ਜੀ ਦਾ ਆਰੰਭਿਆ ਹੋਇਆ ਬੀਬੀਆਂ ਦਾ ਆਸ੍ਰਮ ਉਜਾਗਰ ਸਿੰਘ ਖਾਃ ਕਾਲਜ (ਬੀਬੀਆਂ ਦਾ) ਐਫ. ਏ. ਤਕ ਹੈ। ਇਸ ਦੀ ਇਮਾਰਤ ਬੜੀ ਸ਼ਾਨਦਾਰ ਹੈ।

Digitized by Panjab Digital Library | www.panjabdigilib.org

# (੬੮) ਮਾਹਲ ਵਡੇ

ਇਹ ਰਾਇ ਕੋਟ ਬਰਨਾਲਾ ਦੇ ਵਿਚਕਾਰ ੭ ਕੋਹ ਤੇ ਬੜਾ ਸ਼ਾਨਦਾਰ ਗ੍ਰਾਮ ਹੈ, ਜਿਸ ਨੂੰ ਪਹਿਲਾਂ 'ਸੋਢਾ' ਗੋਤ ਦੇ ਜ਼ਿਮੀਂਦਾਰਾਂ ਨੇ ਬੰਨ੍ਹਿਆ ਸੀ। ਰਾਇਕਿਆਂ ਦਾ ਪੁਰਾਣਾ ਕਿਲਾ ਏਥੇ ਸੀ। ੬ਵੇਂ ਪਾਤਸਾਹ ਦਾ ਗੁਰਦੁਆਰਾ ਹੈ। ਏਥੇ ੧੧੯੦ ਦੇ ਲਗ ਪਗ ਮਹਾਰਾਜ ਦਾ ਤੁਰਕਾਂ ਨਾਲ ਬੜਾ ਜੁਧ ਹੋਇਆ, ਜਿਨ੍ਹਾਂ ਦੀ ਲੱਖਾਂ ਦੀ ਗਿਣਤੀ ਵਿਚ ਮੁਸਲੀ ਫੌਜ ਸੀ। ਫਤੇ ਗੁਰੂ ਜੀ ਦੀ ਹੋਈ।

# ਬੱਧਨੀ ਵਡੀ

ਇਹ ਧਾਲੀਵਾਲਾਂ ਦਾ ਪਿੰਡ ਮੋਗੇ ਤੋਂ ੧੪ ਮੀਲ ਟੱਲੇਵਾਲੇ ਵਾਲੇ ਦੇ ਰਾਹ ਉਤੇ ਹੈ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਜਦੋਂ ਅੰਗ੍ਰੇਜ਼ ਆਏ ਤਾਂ ਪਹਿਲਾਂ ਇਸ ਦੀ ਜਲ ਵਾਯੂ ਦੀ ਵਿਸ਼ੇਸ਼ਤਾ ਅਤੇ ਮਾਲਵੇ ਦੇ ਗੱਭੇ ਹੋਣ ਕਰ ਕੇ ਲੁਦਿਹਾਣੇ ਦੇ ਥਾਂ ਏਥੇ ਜ਼ਿਲਾ ਬਣਨ ਦੀ ਆਸ ਬੱਝੀ ਸੀ, ਪਰ ਰਿਆਸਤ ਦਾ ਇਲਾਕਾ ਨੇੜੇ ਹੋਣ ਤੇ ਲੁਦਿਹਾਣਾ, ਫੀਰੋਜ਼ਪੁਰ ਅਤੇ ਬਧਣੀ ਇਹ ਤਿੰਨ ਜ਼ਿਲੇ ਨਹੀਂ ਬਣ ਸਕਦੇ ਸਨ। ਇਹ ਤਜਵੀਜ਼ ਗਿਰ ਗਈ। ਏਥੇ ਰਾਣੀ ਸਦਾ ਕੌਰ ਦਾ ਕਿਲਾ ਹੈ।

# ਪਿੰਜੌਰ

ਰਾਜਪੁਰੇ ਤੋਂ ਪੂਰਬ ਉਤਰ ਨੂੰ ੧੬ ਮੀਲ ਤੇ ਬਹੁਤ ਪੁਰਾਣਾ ਕਸਬਾ ਹੈ। ਏਥੇ ੧ ਪੁਰਾਣਾ ਕਿਲਾ ਅਤੇ ਬਉਲੀ ਹੈ। ਕਹਿੰਦੇ ਹਨ ਕਿ ਇਹ ਕਸਬਾ ਸਭ ਤੋਂ ਪਹਿਲਾਂ ਦੇਵਤਿਆਂ ਨੇ ਬਸਾਇਆ ਫੇਰ ਦੋਬਾਰਾ ਪੰਜਾਂ ਪਾਂਡਵਾਂ ਨੇ ਬਸਾਇਆ ਸੀ।

ਇਹ ਬਹੁਤ ਪੁਰਾਣਾ ਅਤੇ ਪੰਚ ਜਾਤੀਆਂ ਦਾ ਸਭ ਤੋਂ ਪਹਿਲਾ ਅਤੇ ਪਵਿਤ੍ਰ ਮੰਨਿਆ ਹੋਇਆ ਨਗਰ ਹੈ ਆਖਿਆ ਜਾਂਦਾ ਹੈ ਕਿ ਏਸ ਨੂੰ ਦੇਵਤਿਆਂ ਨੇ ਇਸ ਦੇਸ ਦੇ ਵਡੇ ਪੰਚ ਜਨਾ ਲਈ, ਜੋ ਰਿਗ ਵੇਦ ਵਿਚ ਆਪ ਨੂੰ ਪੰਜ ਧਰਤੀਆਂ ਦੇ ਮਾਲਕ ਆਖਦੇ ਹਨ, ਆਪ ਬਸਾਇਆ ਸੀ। ਉਹ ਪੰਚ ਜਨ ਅਰਥਾਤ ਪੰਜ ਜਾਤੀਆਂ ਇਹ ਸਨ–(੧) ਕਰੂ, (੨) ਪੁਰੂ, (੩) ਭਰਤ ਗਣ, ਪੰਚਾਲ, ਕੁਸ਼ੈਕ ਬੰਸੀ। ਇਥੋਂ ਉਠ ਕੇ ਹੀ ਉਨ੍ਹਾਂ ਨੇ 'ਬ੍ਰਹਮਾਵਰਤ' ਦੇਸ ਨੂੰ ਪਹਿਲਾਂ ਅਤੇ ਪਿਛੋਂ ਰਾਜਸਥਾਨ ਤਥਾ ਯਮਨਾਂ ਤੋਂ ਲੈ ਕੇ ਗੰਡਕ ਨਦੀ ਤਕ ਪੂਰਬ ਨੂੰ ਅਤੇ ਨਰਬਦਾ ਤਕ ਦਖਣ ਦੇਸ ਨੂੰ ਵਸਾਇਆ ਸੀ। ਏਥੋਂ ਪਾਂਡਵਾਂ ਨੇ ਤੰਗਣ (ਕੁੱਲੂ ਦਾ ਇਲਾਕਾ) ਆਦਿ ਦੇਸ ਉਤੇ ਅਧਿਕਾਰ ਰਖਣ ਲਈ ਭਾਰਾ ਕਿਲਾ ਬਣਾਇਆ। ਏਥੇ ਬਹੁਤ ਪੁਰਾਣਾ ਥੇਹ ਕਈਆਂ ਕੋਹਾਂ ਵਿਚ ਪਿਆ ਹੈ। ਹੁਣ ਇਹ ਨਗਰ ਰਿਆਸਤ ਪਟਿਆਲਾ ਵਿਚ ਰਾਜਪੁਰੇ ਤੋਂ ਕਾਲਕਾ ਵਲ ਨੂੰ ੨੫ ਮੀਲ ਦੇ ਲਗ ਪਗ ਹੈ।

# ਬੇਨੂੜ

ਪੁਰਾਣੇ ਵਕਤਾਂ ਦਾ ਬਸਿਆ ਹੋਇਆ ਰੰਘੜਾਂ ਦਾ ਪਿੰਡ ਹੈ। ਜੋ ਇਕ ਵਾਰ ਬੰਦੇ ਬਹਾਦਰ ਦੇ ਸਮੇਂ ਉਜੜ ਕੇ ਕਿਸੇ ਬੰਨੂ ਦੇ ਰਹਿਣ ਵਾਲੇ ਪਠਾਣ ਨੇ ਇਸ ਨੂੰ ਫੇਰ ਬਸਾਇਆ। ਹਿੰਦੂ ਕਹਿੰਦੇ ਹਨ ਕਿ ਵਾਣ ਅਸੁਰ ਦਾ ਪਿੰਡ ਹੈ। ਜਿਸ ਨੂੰ ਕ੍ਰਿਸ਼ਨ ਨੇ ਮਾਰਿਆ ਸੀ। ਇਸ ਦੇ ਆਸ ਪਾਸ ਛੱਤ ਆਦਿ ਪਿੰਡ ਵਿਚ ਪ੍ਰਮਾਰ ਬੰਸੀ ਰਾਜਪੂਤਾਂ ਦੀ ਬਸੋਂ ਅਧਿਕ ਹੈ।

Digitized by Panjab Digital Library | www.panjabdigilib.org

## ਅੰਬਾਲਾ

ਲੁਦਿਹਾਣੇ ਤੋਂ ੭੧ ਮੀਲ ਪੂਰਬ ਨੂੰ ਹੈ। ਏਥੇ ਅੰਗ੍ਰੇਜ਼ਾਂ ਦੇ ਵੇਲੇ ਤੋਂ ਕਮਿਸ਼ਨਰੀ ਹੈ। ਪੰਜਾਬ ਅਤੇ ਸਰਹਿੰਦ ਬਾਵਨੀ ਦੀ ਪੂਰਬੀ ਹੱਦ ਦਾ ਸਭ ਤੋਂ ਵਡਾ ਸ਼ਹਿਰ ਹੈ ਜੋ ਘੱਗਰ ਦੇ ਪੂਰਬੀ ਕੰਢੇ ਤੇ ਵਸਦਾ ਹੈ। ਕਹਿੰਦੇ ਹਨ ਕਿ ਬਿਦੁਰ ਦੀ ਮਾਤਾ ਅਤੇ ਸੰਤਨੂੰ ਦੀਆਂ ਨੋਹਾਂ (ਅੰਬੋ ਤੇ ਅੰਬਕਾ) ਦੀ ਦਾਸੀ ਅੰਬਾਲਿਕਾ ਨੇ ਬਸਾਇਆ ਹੈ। ਧ੍ਰਿਤਰਾਸ਼ਟ੍ਰ ਨੇ ਆਪਣੇ ਛੋਟੇ ਭਾਃ ਪੰਡੂ ਨੂੰ ਰਾਜ ਦੇ ਦਿਤਾ ਸੀ ਤਾਂ ਆਪਣੀ ਮਤੇਈ ਅੰਬਾਲਿਕਾ ਦੇ ਹਿਸੇ ਅੰਬਾਲੇ ਦਾ ਇਲਾਕਾ ਆਇਆ ਸੀ।

## (੬੯) ਅਮਲੋਹ

ਇਹ ਪਿੰਡ ਰਿਆਸਤ ਨਾਭਾ ਤੇ ਖੰਨੇ ਦੇ ਵਿਚਕਾਰ ਹੈ। ਇਹ ਇਲਾਕਾ ਪਹਿਲਾਂ ਖੰਨੇ ਵਾਲਿਆਂ ਕੋਲ ਸੀ। ਸੰਗਰੂਰ ਤੇ ਪਟਿਆਲੇ ਦੇ ਰਾਜਿਆਂ ਨੇ ਖੋਹ ਕੇ ਆਪਣੇ ਕਬਜ਼ੇ ਵਿਚ ਕਰ ਲਿਆ। ਫਿਰ ਸੰਗਰੂਰ ਦੇ ਰਈਸ ਗਜਪਤ ਸਿੰਘ ਨੇ ਨਾਭੇ ਵਾਲੇ ਹਮੀਰ ਸਿੰਘ ਤੋਂ ਧੋਖੇ ਨਾਲ ਲੈ ਲਿਆ। ਫੇਰ ਹਮੀਰ ਸਿੰਘ ਨਾਭਾ ਦੀ ਵਿਧਵਾ ਰਾਣੀ 'ਦੇਸੋ' ਨੇ ਭੂਪ ਸਿੰਘ ਨੂੰ ਧੋਖਾ ਦੇ ਕੇ ਅਮਲੋਹ ਤੇ 'ਭਾਦਸੋ'' ਦਾ ਇਲਾਕਾ ਵੀ ਆਪਣੇ ਕਬਜ਼ੇ ਵਿਚ ਕਰ ਲਿਆ।

## (੭੦) ਸ਼ਾਹ ਆਬਾਦ

ਇਹ ਕਸਬਾ ਅੰਬਾਲਾ ਤੇ ਕਰਨਾਲ ਦੇ ਵਿਚਕਾਰ ਰੇਲਵੇ ਲਾਈਨ ਤੇ ਹੈ। ਸਰਹੰਦ ਮਾਰਨ ਤੋਂ ਪਿਛੋਂ ਥੋੜੇ ਜਿਹੇ ਸਿੰਘਾਂ ਨੇ ਏਥੋਂ ਦੇ ਮੁਸਲਮਾਨ ਹਾਕਿਮਾਂ ਨੂੰ ਭਾਰੀ ਜੁੱਧ ਕਰਕੇ ਫਨਾਹ ਕਰ ਦਿੱਤਾ। ਆਪਣਾ ਕਬਜ਼ਾ ਕਰ ਲਿਆ। ਅਤੇ ਮਸੀਤ ਉਤੇ ਗੁਰਦੁਆਰਾ ਬਣਾਇਆ। ਜੋ ਅਜ ਤਕ ਹੈ। ਓਦੋਂ ਤੋਂ ਇਹ ਲੋਕੋਕਤੀ ਪਰਸਿੱਧ ਹੈ—'ਲੋਹਾ ਫੌਲਾਦ ਦਾ ਸਿੱਖ ਸ਼ਾਹਆਬਾਦ ਦਾ।' ਏਥੋਂ ਦੇ ਰਈਸ ਸ: ਕਰਮ ਸਿੰਘ ਨੇ ਕੈਂਥਲ ਵਾਲਿਆਂ ਨਾਲ ਮਿਲ ਕੇ ਸਤਲੁਜ ਉਰਾਰ ਦੇ ਰਈਸਾਂ ਸਣੇ ਅੰਗ੍ਰੇਜ਼ਾਂ ਦੀ ਅਧੀਨਤਾ ਪ੍ਰਵਾਨ ਕੀਤੀ ਸੀ।

## (੭੧) ਸ਼ਾਹਜ਼ਾਦ ਪੁਰ

ਇਹ ਕਸਬਾ ਅੰਬਾਲੇ ਤੋਂ ੯ ਮੀਲ ਪੂਰਬ ਨੂੰ ਹੈ। ਇਸ ਨੂੰ ਬਾਬਾ ਦੀਪ ਸਿੰਘ ਦੇ ਜਾਨਸ਼ੀਨ ਸ਼ਹੀਦਾਂ ਦੀ ਮਿਸਲ ਦੇ ਜਥੇਦਾਰ ਸ: ਸੱਦਾ ਸਿੰਘ 'ਸੰਧੂ' ਨੇ ਮੁਸਲਮਾਨਾਂ ਕੋਲੋਂ ਜਿੱਤਿਆ ਸੀ। ਏਸ ਤਅੱਲਕੇ ਤੋਂ ਬਿਨਾਂ ਦਮਦਮੇ ਸਾਹਿਬ ਦੇ ਆਸ ਪਾਸ ਦੇ ੮੪ ਪਿੰਡਾਂ ਦੀ ਜਾਗੀਰ ਭੀ ਮਃ ਮਹਿੰਦਰ ਸਿੰਘ ਦੀ ਸੁਪੁਤ੍ਰੀ ਦੇ ਵਿਆਹ ਸਮੇਂ ਸਃ ਜੀਉਣ ਸਿੰਘ ਨੂੰ ਦਾਜ ਵਿਚ ਮਿਲੀ ਸੀ। ਇਨ੍ਹਾਂ ਤੋਂ ਇਲਾਵਾ ਜ਼ਿਲਾ ਹੰਸਾਰ ਦੇ ਪੱਕਾ ਪਥਰਾਲਾ ਆਦਿਕ ੮ ਪਿੰਡ ਨਵਾਬ ਜ਼ਾਬਤੇ ਖਾਂ (ਰਾਣੀਆਂ) ਨੇ ਗੁਰਦੁਆਰਾ ਦਮਦਮਾ ਸਾਹਿਬ ਦੇ ਨਾਮ ਲਾਏ ਹੋਏ ਹਨ। ਇਨ੍ਹਾਂ ਸਾਬੋਕੇ ਪਿੰਡਾਂ ਦੀ ਆਮਦਨੀ ਤ੍ਰਾਨਵੇਂ ਹਜ਼ਾਰ ਰੁਪਏ ਸਾਲਾਨਾ ਰਈਸ ਸ਼ਹਜ਼ਾਦ ਪੁਰ ਨੂੰ ਮਿਲਦੀ ਹੈ। ਗੁਰਦੁਆਰਾ ਦਮਦਮੇ ਸਾਹਿਬ ਦਾ ਪ੍ਰਬੰਧ ਭੀ ਇਹਨਾਂ ਦੇ ਪਾਸ ਹੈ। ਜਿਸ ਦੇ ਨਾਲ ਤੇਰਾਂ ਸੌ ਵਿਘੇ ਜ਼ਮੀਨ ਬਾਬੇ ਡੱਲਾ ਸਿੰਘ ਦੀ ਦਿਤੀ ਹੋਈ ਭੀ ਹੈ।

Digitized by Panjab Digital Library | www.panjabdigilib.org

## (੭੨) ਤ: ਹੰਸਾਰ

ਇਹ ਸ਼ਹਿਰ ਤੇ ਇਲਾਕਾ ਭਟਿਆਣੇ ਦਾ ਸਿਰ ਸੀ। ਏਸ ਨੂੰ ਪੰਜਵੀਂ ਸਦੀ ਵਿਚ ਸਿਆਲਕੋਟ ਦੇ ਰਾਜੇ ਸਾਲਬਾਹਨ ਦੇ ਪੁਤ੍ਰ ਹੰਸ ਰਾਏ ਨੇ ਬਸਾਇਆ ਸੀ। ਫੇਰ ੧੨੩੧ ਬਿ: (੧੧੭੪ ਈ:) ਵਿਚ ਜੈਸਲਮੇਰ ਵਾਲੇ ਹੇਮਹੋਲੋ (ਭੀਮ ਮਲ) ਭੱਟੀ ਨੇ ਏਥੇ ਕਿਲਾ ਬਣਾਇਆ ਅਤੇ ੧੧੯੧ ਈਃ ਵਿਚ ਸ਼ਹਾਬੁਦੀਨ ਗ਼ੌਰੀ ਦੀ ਮਦਦ ਕੀਤੀ ਤਾਂ ਉਸ ਨੇ ਭਟਿਆਣੇ ਦੀ ਚੌਧਰ ਦਾ ਪਟਾ ਲਿਖ ਦਿਤਾ। ਪਰ ਜੋ ਭੱਟੀ ਨਵੇਂ ਮੁਸਲਮਾਨ ਹੋਏ ਸੀ, ਉਹਨਾਂ ਦੇ ਨਾਲ ਹੀ ਉਸ ਦੇ ਪੋਤੇ ਮੰਗਲ ਰਾਓ ਅਤੇ ਪੜੋਤੇ ਆਨੰਦ ਰਾਉ ਆਦੀ ਦਾ ਸਦਾ ਜੁੱਧ ਹੁੰਦਾ ਰਿਹਾ। ਆਨੰਦ ਰਾਓ ਦੇ ਪੁਤਰ ਖੀਵਾ ਰਾਓ ਨੇ ਸੰਤਾਨ-ਹੀਨ ਹੋਣ ਦੇ ਕਾਰਣ 'ਲੱਧੂ ਕੋਟ' ਵਾਲੇ ਚੌਧਰੀ ਬਸੀਰਾ 'ਸਰਾਓ' ਗੋਤ ਦੇ ਜਟ ਦੀ ਲੜਕੀ ਨਾਲ ਵਿਆਹ ਕੀਤਾ। ਉਸ ਤੋਂ ਸਿੱਧੂ ਪੈਦਾ ਹੋਇਆ। ਸਿੱਧੂ ਦੀ ਸੰਤਾਨ ਨੇ ਹਾਂਸੀ ਤੇ ਬੀਦੋਵਾਲੀ ਆਦੀ ਦੇ ਇਲਾਕੇ ਤੇ ਕਬਜ਼ਾ ਕਰ ਲਿਆ। ਜਿਸ ਤੋਂ ਸਿੱਧੂ ਕੌਮ ਦਾ ਭੱਟੀਆਂ ਨਾਲ ਕਈ ਸਦੀਆਂ ਤਕ ਜੰਗ ਹੁੰਦਾ ਰਿਹਾ। ਸਿੱਧੂ ਦੇ ਦਸਵੇਂ ਥਾਂ ਬੈਰਾੜ ਹੋਇਆ। ਉਸਦੀ ਸੰਤਾਨ ਬਹੁਤੀ ਹੋਣ ਕਰ ਕੇ ਉਸ ਨੇ ਭਟੀਆਂ ਨੂੰ ਦਬਾ ਲਿਆ। ਇਸ ਸਿੱਧੂ ਕੌਮ ਦੇ ਚਮਕਦਾਰ ਸਿਤਾਰੇ ਬਾਬਾ ਆਲਾ ਸਿੰਘ ਅਤੇ ਮਹਾਰਾਜਾ ਅਮਰ ਸਿੰਘ ਨੇ ਇਸ ਇਲਾਕੇ ਨੂੰ ਭੱਟੀਆਂ ਪਾਸੋਂ ਕਈ ਵੇਰ ਜਿਤਿਆ ਅਤੇ ਉਸ ਵਿਚੋਂ ਕੁਝ ਕੈਂਥਲ ਵਾਲੇ ਭਾਈਕਿਆਂ ਨੂੰ ਦਿਤਾ। ਮਹਾਰਾਜਾ ਕਰਮ ਸਿੰਘ ਪਟਿਆਲਾ ਦੇ ਪਿਛੋਂ ਦਿੱਲੀ ਦੇ ਗ਼ਦਰ ਵੇਲੇ ਇਹ ਸਾਰਾ ਇਲਾਕਾ ਅੰਗਰੇਜ਼ਾਂ ਦੇ ਕਬਜ਼ੇ ਆਇਆ।

## (੭੩) ਸਰਹੰਦ

ਏਸ ਸ਼ਹਿਰ ਨੂੰ ਪੰਜਵੀਂ ਸਦੀ ਵਿਚ ਸਾਲਬਾਹਨ ਦੇ ਪੁਤ੍ਰ 'ਸਾਰ ਰਾਉ' ਨੇ ਬਸਾਇਆ ਸੀ। ਓਸ ਸਮੇਂ ਏਸ ਦੇ ਬੜੇ ਭਾਈ-ਰਿਸਾਲੂ ਦੇ ਅਧੀਨ ਭਾਦਸੋਂ, 'ਹੋਡਲਾ' ਤੇ ਸੁਨਾਮ ਆਦੀ ਪਰਗਣੇ ਸਨ। ਹਾਂਸੀ ਵਿਚ ਇਸ ਦੇ ਭਾਈ ਹੰਸ ਰਾਏ ਦਾ, ਝੰਡੂ ਰਾਇ ਦਾ ਹੰਸਾਰ ਵਿਚ ਰਾਜ ਸੀ। ਫ਼ੀਰੋਜ਼ ਸ਼ਾਹ ਤੁਗ਼ਲਕ ਨੇ ਏਸ ਨਗਰ ਨੂੰ ਬਹੁਤ ਤਰੱਕੀ ਦਿਤੀ। ਅਕਬਰ ਦੇ ਸਮੇਂ ਇਹ ੫੨ ਲੱਖ ਦੇ ੩੨ ਪਰਗਣਿਆਂ ਦੀ ਸਰਕਾਰ ਬਣੀ ਅਤੇ ਪੰਥ ਖ਼ਾਲਸਾ ਤੋਂ ਬਰਬਾਦ ਹੋਣ ਤਕ ਇਹ ਬਹੁਤ ਉੱਨਤੀ ਤੇ ਰਹੀ। ਸਗੋਂ ਮੁਸਲਮਾਨ ਬਾਦਸ਼ਾਹਾਂ ਨੇ ਏਸ ਨੂੰ ਹਿੰਦੋਸਤਾਨ ਦਾ ਦਰਵਾਜ਼ਾ ਸਮਝ ਕੇ ਏਸ ਨੂੰ ਬਹੁਤ ਪਰਫੁਲਤ ਕੀਤਾ। ਕਹਿੰਦੇ ਹਨ ਕਿ ਇਹ ਨਗਰ ੧੨ ਮੁਰੱਬਾ ਮੀਲ ਵਿਚ ਵਸਦਾ ਸੀ।

ਇਹ ਸਰਕਾਰ ਮਦ੍ਰ ਦੇਸ ਅਥਵਾ 'ਗੁਰੂ ਕੇ ਮਾਲਵੇ' ਦੀ ਰੂਪ ਰੇਖਾ ਬਣਾਉਣ ਦਾ ਅਜ ਤਕ ਪ੍ਰਤੀਕ ਮੰਨੀ ਜਾਂਦੀ ਹੈ। ਆਈਨ ਅਕਬਰੀ ਅਨੁਸਾਰ ਇਸ ਦੇ ੫੨ ਲੱਖ ਦੇ ੩੨ ਪ੍ਰਗਣੇ ਹੇਠਾਂ ਲਿਖੇ ਜਾਂਦੇ ਹਨ ਃ—

੧. ਅੰਬਾਲਾ, ੨. ਬੰਨੂੜ, ੩. ਪਾਇਲ, ੪. ਭਦੌੜ, ੫. ਬਠਿੰਡਾ, ੬. ਪੁਰੰਦਰੀ, ੭. ਤਿਹਾੜਾ, ੮. ਥਾਨੇਸਰ, ੯. ਛੱਤ ੧੦ ਚੜਿੱਕ, ੧੧. ਖਿਜ਼ਰਾਬਾਦ, ੧੨. ਦੁਰਾਲਾ, ੧੩. ਦਰੂਤ, ੧੪. ਦੇਰੁਰਾਣਾ, ੧੫. ਰੋਪੜ, ੧੬. ਸਰਹਿੰਦ ਯਾ ਹਵੇਲੀ, ੧੭. ਸਮਾਣਾ, ੧੮. ਸੁਨਾਮ, ੧੯. ਸੁਢੋਰਾ,

Digitized by Panjab Digital Library | www.panjabdigilib.org

੨੦. ਸੁਲਤਾਨਪੁਰ (ਬਾਰਾਹ) ੨੧. ਸ਼ਾਹਆਬਾਦ, ੨੨. ਫਤੇ ਪੁਰ, ੨੩. ਕਰਯਾਤ ਰਾਇ ਸਾਮੂ ? ੨੪, ਕੈਂਥਲ, ੨੫. ਘੁੜਾਮ, ੨੬. ਲੁਧਿਹਾਣਾ, ੨੭. ਮਸੁਤਫਾਬਾਦ, ੨੮. ਮਸੀਂਗਣ, ੨੯. ਮਨਸੂਰ ਪੁਰ, ੩੦. ਮਾਲੇਰ, ੩੧. ਮਾਛੀਵਾੜਾ, ੩੨. ਹਾਪਰੀ । ਇਨ੍ਹਾਂ ਵਿਚੋਂ ਨੰਃ ੨੩ ਅਤੇ ੩੨ ਦਾ ਪਤਾ ਨਹੀਂ ਕਿਹੜੇ ਥਾਂ ਹਨ ਅਤੇ ਪੁਰੰਦਰੀ ਭੀ ਸਰਸੂਤੀ ਨਦੀ ਉਪਰ ਬਸਿਆ ਹੋਇਆ ਕੋਈ ਬਹੁਤ ਪੁਰਾਣਾ ਕਸਬਾ ਹੋ ਸਕਦਾ ਹੈ। ਕਿਉਂਕਿ ਇਹਦਾ ਅਰਥ ਹੈ ਇੰਦਰ ਦੇਵਤਾ ਦਾ ਸ਼ਹਿਰ (ਦੈਤਾਂ ਦੀਆਂ ੯੯ ਪੁਰੀਆਂ ਨੂੰ ਦਲਨ ਵਾਲਾ ਪੁਰੰਦਰ=ਇੰਦਰ) ਹੈ । ਉਹ ਸਰਸੂਤੀ ਤੇ ਹੀ ਹੋ ਸਕਦਾ ਹੈ । ਹੋਰ ਪ੍ਰਸਿਧ ਪ੍ਰਾਣਿਆਂ ਦਾ ਸਮਾਚਾਰ ਇਸੇ ਨਿਬੰਧ ਦੇ ਕਿਤੇ ਹੋਰ ਥਾਂ ਲਿਖਿਆ ਗਿਆ ਹੈ।

## (੭੪) ਸਾਲਬਾਹਨ ਪੁਰ

੫੨੦ ਈ: ਵਿਚ ਸਿਆਲਕੋਟ ਦੇ ਰਾਜਾ ਗਜ਼ਨੀ ਵਾਲੇ ਗਜਰਾਜ ਯਾਦਵ ਦੇ ਪੁਤ੍ਰ ਰਾਜਾ ਸਾਲਬਾਹਨ ਨੇ ਮੁਕਤਸਰ ਦੇ ਇਲਾਕੇ ਵਿਚ ਸਾਲਬਾਹਨ ਪੁਰ ਨਾਮੇ ਨਗਰ ਬਸਾ ਕੇ ਉਸ ਨੂੰ ਅਪਣੇ ਦਸਵੇਂ ਪੁਤ੍ਰ ਤ੍ਰੇਹਣ ਦੀ ਰਾਜਧਾਨੀ ਬਣਾਇਆ, ਜੋ ਕਿ ਪਿਛੋਂ ੯ਵੀਂ ਸਦੀ ਵਿਚ ਬਗਦਾਦੀਆਂ ਦੇ ਹਥੋਂ ਬਰਬਾਦ ਹੋਇਆ। ਹੁਣ ਤਕ ਓਥੋਂ ਦੇ ਥੇਹ ਤੋਂ ਪੁਰਾਣੇ ਸਿੱਕੇ ਅਤੇ ਭਾਂਡੇ ਲਭਦੇ ਹਨ। ਇਹ 'ਥੇਹੁ ਨਾਗੇ ਦੀ ਸਰਾਂ' (ਗੁਰੂ ਅੰਗਦ ਦੇਵ ਜੀ ਦਾ ਜਨਮ ਅਸਥਾਨ) ਦੇ ਪਾਸ ਹੈ।

## (੭੫) ਕੁੰਜ ਪੁਰਾ

ਇਹ ਕਸਬਾ ਕਰਨਾਲ ਦੇ ਜ਼ਿਲੇ ਵਿਚ ਮੁਸਲਮ ਰਾਜ ਦੇ ਵੇਲੇ ਦਾ ਵਸਿਆ ਹੋਇਆ ਹੈ ਇਸਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਸਭ ਤੋਂ ਪਹਿਲਾਂ ਤਬਾਹ ਕੀਤਾ। ਮਿਸਲਾਂ ਵਾਲਿਆਂ ਨੇ ਭੀ ਇਕ ਵੇਰ ਇਥੋਂ ਦੇ ਹਾਕਮਾਂ ਨੂੰ ਤਬਾਹ ਕੀਤਾ। ਨਵਾਬ ਲਿਆਕਤ ਅਲੀ ਖਾਂ ਪਾਕਿਸਤਾਨ ਦਾ ਵਡਾ ਵਜ਼ੀਰ ਇਥੋਂ ਦੇ ਹੀ ਨਵਾਬਾਂ ਚੋਂ ਸੀ।

## (੭੫) ਕੋਲ ਗੜ

ਇਹ ਪਿੰਡ ਮਹਾਰਾਜਾ ਕਰਮ ਸਿੰਘ ਪਟਿਆਲਾ ਦੇ ਦੀਵਾਨ ਸੋਢਾ ਸਿੰਘ ਨੇ ਰਿਆਸਤ ਦੇ ਪਿੰਡ ਆਬਾਦ ਕਰਨ ਵੇਲੇ ਆਪ ਹੀ ਅੱਠ ਆਨਾ ਵਿੱਘਾ ਦੇ ਕੇ ਆਬਾਦ ਕੀਤਾ ਸੀ । ਇਹ ਖੰਨੇ ਤੋਂ ਚਾਰ ਮੀਲ ਦੱਖਣ ਨੂੰ ਹੈ। ਏਸੇ ਦੀਵਾਨ ਸੋਢਾ ਸਿੰਘ ਨੇ ਮਹਾਰਾਜਾ ਕਰਮ ਸਿੰਘ ਦੇ ਵੇਲੇ ਰਿਆਸਤ ਦੇ ਸਭ ਗੁਰਦੁਆਰੇ ਆਪਣੀ ਨਿਗਰਾਨੀ ਵਿਚ ਬਣਾਏ ਹਨ । ਸਭ ਤੋਂ ਪਹਿਲਾਂ ਗੁਃ ਕੀਰਤ ਪੁਰ ਸਾਹਿਬ ਬਣਵਾਇਆ, ਜਿਸ ਕਰਕੇ ਓਥੋਂ ਦੇ ਪ੍ਰਬੰਧਕਾਂ ਨੇ ਅਮੋਲਕ ਵਸਤਾਂ ਵਿਚੋਂ ਦੀਵਾਨ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਜੋ ੧੭੧੮ ਬਿਃ ਦੀ ਲਿਖੀ ਹੋਈ ਸੀ, ਦਿਤੀ । ਇਹ ਬੀੜ ਪੰਜਵੇਂ ਪਾਤਸ਼ਾਹ ਦੀ ਲਿਖਾਈ ਬੀੜ ਦੀ ਹੂਬਹੂ ਨਕਲ ਕਾਨ੍ਹ ਗੜ੍ਹ ਮੌਜੂਦ ਹੈ।

## (੭੬) ਕਾਨ ਗੜ੍ਹ ਤੇ ਕਿਸ਼ਨ ਗੜ੍ਹ

ਇਹ ਦੋਵੇਂ ਪਿੰਡ ਦੀਵਾਨ ਸੋਢਾ ਸਿੰਘ ਦੇ ਲੜਕਿਆਂ ਨੇ ਆਪਣੇ ਨਾਮ ਉਤੇ ਆਬਾਦ ਕੀਤੇ ਇਹ

Digitized by Panjab Digital Library | www.panjabdigilib.org

ਬੀੜ ਦਾ ਥਾਂ ਸੀ, ਜੋ ਮਹਾਰਾਜਾ ਕਰਮ ਸਿੰਘ ਜੀ ਨੇ ਉਕਤ ਦੀਵਾਨ ਸਾਹਿਬ ਨੂੰ ਬਖ਼ਸ਼ਿਆ ਸੀ। ਕਾਨ੍ਹ ਗੜ੍ਹ ਵਿਖੇ ਸਃ ਹਰਦਮ ਸਿੰਘ ਦੇ ਪੁੱਤਰ ਸਰਦਾਰ ਸ਼ਮਸ਼ੇਰ ਸਿੰਘ ਦੀ ਹਵੇਲੀ ਵਿਚ ਕੀਰਤ ਪੁਰ ਸਾਹਿਬ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁਹਤਬਿਰ ਬੀੜ ਮੌਜੂਦ ਹੈ।

## (੭੭) ਸੰਗਰੂਰ

ਇਹ ਪਿੰਡ ਰੱਠਿਆਂ ਤੋਂ ਆਉਣ ਵਾਲੇ ਸੇਖਵਾਂ ਨੇ ੧੭ਵੀਂ ਸਦੀ ਈਸਵੀ ਵਿਚ ਬੰਨ੍ਹਿਆ ਸੀ। ਨਾਭੇ ਰਾਜ ਦੇ ਮੋਢੀ ਰਾਜਾ ਹਮੀਰ ਸਿੰਘ ਨੇ ਸੇਖਵਾਂ ਤੋਂ ਜ਼ਮੀਨ ਮੁਲ ਲੈ ਕੇ ਏਥੇ ਕਿਲਾ ਬਣਾਕੇ ਰਾਜਧਾਨੀ ਕਾਇਮ ਕੀਤੀ ਜਿਸ ਨੂੰ ਬਡਰੁਖਿਆਂ ਵਾਲੇ ਗਜਪਤ ਸਿੰਘ ਨੇ ਹਮੀਰ ਸਿੰਘ ਨੂੰ ਕੈਦ ਕਰਕੇ ਸੰਗਰੂਰ ਆਪਣੇ ਪ੍ਰਬੰਧ ਵਿਚ ਲੈ ਲਿਆ, ਜੋ ਅਜ ਤਕ ਓਸ ਦੀ ਰਿਆਸਤ ਵਿਚ ਰਿਹਾ ਹੈ। ਹੁਣ ਏਥੇ ਪੈਪਸੂ ਦਾ ਜ਼ਿਲਾ ਹੈ।

## (੭੮) ਭਾਦਸੋਂ

ਇਹ ਪਿੰਡ ਨਾਭਾ ਤੋਂ ਅਮਲੋਹ ਵਾਲੀ ਸੜਕ ਤੇ ਗਿਆਰਾਂ ਮੀਲ ਦੀ ਵਿਥ ਤੇ ਹੈ। ਇਸ ਨੂੰ ਸ਼ਾਹ ਸਲੋਕਸ ਦੇ ਨਾਲ ਆਉਣ ਵਾਲੇ ਉਤਮ ਭੱਦਰਾਂ ਨੇ ਬਸਾਇਆ ਸੀ। ਫੇਰ ਏਥੇ ਗ਼ਜ਼ਨੀ ਵਾਲੇ ਸਾਲਬਾਹਨ (ਯਦੂਬੰਸੀ) ਦੇ ਪੁਤੱਰ ਰਿਸਾਲੂ ਨੇ ਛੇਵੀਂ ਸਦੀ ਵਿਚ ਕਿਲਾ ਬਣਾ ਕੇ ਆਪਣਾ ਰਾਜ ਕਾਇਮ ਕੀਤਾ ਸੀ। ਏਥੋਂ ਇਕ ਮੀਲ ਦੀ ਵਿਥ ਤੇ ਇਹਦੀ ਰਾਣੀ ਕੋਕਲਾਂ ਦਾ ਮਹਲ ਸੀ ਜੋ ਹੋਡਲਾ ਦੇ ਰਾਜੇ ਦੀ ਪੁਤੱਰੀ ਸੀ ਜਿਸ ਨੂੰ ਰਿਸਾਲੂ ਹੋਡੀ ਤੋਂ ਖੇਲ ਵਿਚ ਸਿਰ ਧੜ ਦੀ ਬਾਜ਼ੀ ਲਾਕੇ ਜਿਤਿਆ ਸੀ।

## (੭੯) ਮਲਿਕ ਵਾਲ

ਅਠਵੀਂ ਸਦੀ ਵਿਚ ਮਲੇਰ ਕੋਟਲੇ ਦੇ ਇਲਾਕੇ ਵਿਚ ਪੰਜ ਗਿਰਾਈਆਂ ਤੋਂ ਲੈ ਕੇ ਠੁੱਲੀਵਾਲ ਤਕ ਤਿੰਨ ਕੋਹ ਲੰਮਾ ਅਤੇ ਇਕ ਕੋਹ ਚੌੜਾ ਸ਼ਹਿਰ ਵਸਦਾ ਸੀ। ਜੋ ਬਗਦਾਦ ਦੇ ਖਲੀਫਿਆਂ ਦੇ ਪਹਿਲਿਆਂ ਹਮਲਿਆਂ ਵਿਚ ਮੁਸਲਮਾਨ ਹੋਏ ਹੋਏ ਗੁੱਜਰਾਂ ਦੀ ਰਾਜਧਾਨੀ ਸੀ। ਜੋ ਉਹਨਾਂ ਨੇ ਪ੍ਰਮਾਰ ਬੰਸੀ ਝਾਮ ਨਗਰ (ਝਨੇਰ) ਜਾਂ ਝਾਂਡੇ ਨਗਰ ਦਾ ਥੇਹ ਕਰ ਕੇ ਭਡਲੀ ਦੇ ਉਰਲੇ ਕੰਢੇ ਉਤੇ ਇਹ ਪਿੰਡ ਬੰਨ੍ਹਿਆ ਸੀ, ਦੇ ਅਧੀਨ ਧਮੋਟ ਤੋਂ ਲੈ ਕੇ ਲਿਛਾਬੱਦੀ ਉਜਾੜ ਕੇ ਉਥੇ 'ਸੈਦਪੁਰ' ਨਗਰ ਬਸਾਇਆ ਸੀ, ਜਿਥੇ ਹੁਣ ਉਸ ਦੇ ਥੇਹ ਉਪਰ ਪੰਜ ਖੰਡ-ਭਸੌੜ ਦਾ ਗੁਰਦੁਆਰਾ ਹੈ।

## (੮੦) ਅਸ਼ਟਾਂਗ ਕੋਟ

ਇਹ ਪਿੰਡ ਨੌਵੀਂ ਸਦੀ ਈਸਵੀ ਵਿਚ ਚੜਿਕ ਕੋਲ ਮਾੜੀ ਨਾਮੇਂ ਪਿੰਡ ਦੇ ਕੋਲ ਵਸਦਾ ਸੀ। ਇਹ ਪੁਰਾਣੇ ਮਲੋਈਆਂ ਜਾਂ ਮੱਲ੍ਹੀਆਂ ਦਾ ਕੇਂਦਰੀ ਅਸਥਾਨ ਸੀ, ਅਤੇ ਓਸ ਵੇਲੇ ਸਿੱਧਾਂ ਦਾ ਪ੍ਰਭਾਵ ਇਹਨਾਂ ਉਪਰ ਹੋਣ ਕਰ ਕੇ ਸਿੱਧਾਂ ਦੇ ਨਾਮ ਉਤੇ ਇਸ ਦਾ ਨਾਮ ਕਰਣ ਕੀਤਾ ਗਿਆ ਸੀ। ਉਹਨਾਂ ਵਿਚੋਂ ਲਛਮਣ ਨਾਮ ਦਾ ਸਿੱਧ ਬੜਾ ਪ੍ਰਸਿਧ ਹੋਇਆ ਹੈ, ਜੋ ਦੁਆਬੇ ਦੇ ਘੇਹਰਿਆਂ ਅਤੇ ਹੋਰਨਾਂ ਕੌਮਾਂ

Digitized by Panjab Digital Library | www.panjabdigilib.org

ਨਾਲ ਲੜਦਾ ਹੋਇਆ ਸ਼ਹੀਦ ਹੋਇਆ ਸੀ। ਉਸ ਦੀ ਮਾੜੀ ਮੁਸਤਫਾ† ਦੇ ਨਾਉਂ ਤੇ ਮਾੜੀ ਪਿੰਡ ਆਬਾਦ ਹੈ ਅਤੇ ਅਸ਼ਟਾਂਗ ਕੋਟ ਨੂੰ ਤੁਖਾਣ ਬੱਧ ਵਾਲੇ ਖੇਹਰਿਆਂ ਨੇ ਪਿਛੋਂ ਬਰਬਾਦ ਕਰ ਦਿਤਾ।

## (੮੧) ਫਫੜੇ ਭਾਈਕੇ

ਏਥੋਂ ਦੇ ਵਸਨੀਕ ਭਾਈ 'ਬਹਿਲੋ' ਗੁਰੂ ਰਾਮ ਦਾਸ ਸਾਹਿਬ ਜੀ ਦੇ ਸਿਖ ਹੋਏ, ਗੁਰੂ ਅਰਜਨ ਦੇਵ ਜੀ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਲਈ ਆਵੇ ਪਕੌਣ ਵਾਲਿਆਂ ਦੇ ਮੋਹਰੀ ਸਨ। ਜਿਨ੍ਹਾਂ ਨੇ ਗੁਰੂ ਮਹਾਰਾਜ ਤੋਂ 'ਭਾਈ ਬਹਿਲੋ, ਸਭ ਤੋਂ ਪਹਿਲੋ' ਦਾ ਵਰਦਾਨ ਲਿਆ। ਇਹਨਾਂ ਦੀ ਸੰਤਾਨ ਵਿਚ ਭਾਈ ਭਗਤੂ ਜੈਸੇ ਪੂਰਨ ਸਿਖ ਅਤੇ ਭਾਈ ਦੇਸੂ ਸਿੰਘ ਜੈਸੇ ਜੋਗੀ ਰਾਜੇ ਹੋਏ। ਜਿਨ੍ਹਾਂ ਨੇ ਕੈਂਥਲ ਦੀ ਰਿਆਸਤ ਕਾਇਮ ਕੀਤੀ। ਭਾਈ ਬਹਿਲੋ ਦੀ ਸੰਤਾਨ ਵਿਚੋਂ ਫਫੜਿਆਂ ਤੋਂ ਬਿਨਾਂ ਸੇਲਬਰਾਹ (ਸ਼ੇਰ-ਬਰਾਹ) ਅਤੇ ਭਾਈਕੇ ਚਕ ਆਦੀ ਬਹੁਤ ਪਿੰਡ ਹਨ।

## (੮੨) ਬੋੜਾਵਾਲ ਕਸਬਈ

ਇਹ ਪਿੰਡ ਸ਼ੇਸ਼ ਰਾਮ ਪੰਵਾਰ (ਸੇਖੋਂ) ਦੇ ਪੋਤਰੇ ਬੋੜੇ ਨੇ ਕਸਬੇ ਤੋਂ ਉਠ ਕੇ ੧੩ਵੀਂ ਸਦੀ ਈਸਵੀ ਦੇ ਅਰੰਭ ਵਿਚ ਭਾਈਕੇ ਫਫੜਿਆਂ ਦੇ ਕੋਲ ਆਬਾਦ ਕੀਤਾ, ਪਿਛੋਂ ਕਸਬੇ ਵਾਲੇ ਹੋਰ ਲੋਕਾਂ ਦੇ ਆ ਜਾਣ ਤੇ ਬੋੜੇ ਨੇ ਬੇੜ੍ਹੂੰਦੀ ਪਿੰਡ (ਛਪਾਰ ਕੋਲ) ਬੰਨ੍ਹ ਲਿਆ ਤੇ ਬੋੜਾ ਵਾਲ ਦੀ ਰਾਂਵਲ ਪਤੀ ਵਿਚੋਂ ਪਹਿਲਾਂ ਬਾਬਾ 'ਸਾਈਂ ਦਿਤੇ' ਦੀ ਰਖੀ ਨੀਂਹ ਤੇ ਬਾਬਾ ਹਮੀਰ ਨੇ 'ਦਾਖਾ' ਪਿੰਡ ਬੰਨ੍ਹਿਆ। ਏਸ ਪਿੰਡ ਦੀਆਂ ਸਕੀਰੀਆਂ ਬੜੇ ਬੜੇ ਥਾਈਂ ਹੋਣ ਕਰ ਕੇ ਇਹ ਠੁੱਕ ਵਾਲਾ ਪਿੰਡ ਮੰਨਿਆ ਜਾਂਦਾ ਹੈ। ਮਹਾਰਾਜਾ ਹੀਰਾ ਸਿੰਘ (ਨਾਭਾ) ਅਤੇ ਰਾਜਾ ਗੁਰਦਿੱਤ ਸਿੰਘ (ਰੇਤ ਗੜ੍ਹ) ਏਥੋਂ ਦੇ ਦੋਹਤੇ ਤੇ ਆਪੋ ਵਿਚ ਮਾਸੇਰ ਭਰਾ ਸਨ।

## (੮੩) ਹੋਡਲਾ

ਇਹ ਪਿੰਡ ਸੁਨਾਮ ਦੇ ਪਰਗਣੇ ਵਿਚ ਬੋੜਾ ਵਾਲ ਤੋਂ ਚਾਰ ਕੋਹ ਦੇ ਫ਼ਾਸਲੇ ਤੇ ਹੈ। ਜੋ ਸ਼ੱਕ ਬੰਸੀ ਹੋਡੀ ਦਾ ਬੰਨ੍ਹਿਆ ਹੋਇਆ ਆਖਿਆ ਜਾਂਦਾ ਹੈ। ਸਯਦਾਂ ਦੇ ਰਾਜ ਸਮੇਂ ਏਥੋਂ ਦੇ ਮੁਸਲਮਾਨ ਨਵਾਬ ਨੇ ਚੌਧਰੀ ਹਮੀਰ ਬੋੜਾ ਵਾਲ ਵਾਲੇ ਤੋਂ ਧੱਕੇ ਨਾਲ ਲੜਕੀ ਦਾ ਨਾਤਾ ਮੰਗਿਆ ਤਾਂ ਬਾਬਾ ਹਮੀਰ ਨੇ ਬੋੜਾ ਵਾਲ ਸੱਦ ਕੇ ਉਸ ਨੂੰ ਯੁਗਤੀ ਨਾਲ ਬਰਾਤ ਸਣੇ ਫੂਕ ਦਿਤਾ, ਤੇ ਆਪ ਦਾਖੇ ਨੂੰ ਆ ਬੰਨ੍ਹਿਆ। ਇਹ ਓਹੀ ਹੋਡਲਾ ਹੈ ਜਿਸ ਨੂੰ ਛੇਵੀਂ ਸਦੀ ਵਿਚ ਰਾਜੇ ਰਿਸਾਲੂ ਨੇ ਜਿਤ ਕੇ ਕੋਕਲਾਂ ਵਿਆਹੀ ਸੀ।

## (੮੪) ਭੈਣੀ ਦਰੇੜਾ

ਇਹ ਪਿੰਡ ਤੂਰਾਂ ਦੇ ਵੇਲੇ ਦਾ ਵਸਿਆ ਹੋਇਆ ਚੌਹਾਣਾਂ ਦਾ ਪਿੰਡ ਸੀ। ਜੋ ੧੧ਵੀਂ ਸਦੀ ਵਿਚ ਗੁੱਗੇ ਦੇ ਉਸੀਖਣ ਤੋਂ ਤੂਰਾਂ ਦੇ ਖਦੇੜੇ ਹੋਏ ਉਸ ਦੇ ਭਾਈਆਂ (ਜੌਰੇ ਤੇ ਭੌਰੇ) ਨੇ ਬੰਨ੍ਹਿਆ ਸੀ। ਪਰ ੧੩ਵੀਂ ਸਦੀ ਦੇ ਅੰਤ ਵਿਚ ਪਖੋਵਾਲ ਆਦਿ ਪਿੰਡਾਂ ਦੇ ਬਨ੍ਹੰਣ ਨਾਲ ਧਾਲੀਵਾਲਾਂ ਨੇ ਰੋਕ

---

†ਇਸ ਪਿੰਡ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਚਰਨ ਪਾ ਕੇ ਨਿਵਾਜਿਆ ਸੀ ਅਤੇ ਹੁਣ ਹਰਿ ਗੋਬਿੰਦ ਖਾਲਸਾ ਹਾਈਸਕੂਲ ਸੰਤ ਵਿਸਾਖਾ ਸਿੰਘ ਜਨੇਤ ਪੁਰਾ ਕਰਤਾ ਮਾਲਵਾ ਇਤਿਹਾਸ ਦੀ ਪ੍ਰੇਰਨਾ ਨਾਲ ਚਲ ਰਿਹਾ ਹੈ ਅਤੇ ਗੁਰਦਵਾਰਾ ਸਾਹਿਬ ਜੀ ਦੀ ਸੇਵਾ ਭਾਈ ਜੈ ਸਿੰਘ ਜੀ ਹਕੀਮ ਤੇ ਮਾ: ਭਗਤ ਸਿੰਘ ਜੋ ਕਿਸ਼ਨ ਪੁਰਾ ਨੇ ਅਗੇ ਲਗ ਕੇ ਕਰਾਈ ਹੈ।

Digitized by Panjab Digital Library | www.panjabdigilib.org

ਲਿਆ। ੧੬੯੭ ਦੇ ਲਗ ਪਗ ਮੰਜ ਰਾਜਪੂਤਾਂ ਨੇ ਏਸ ਨੂੰ ਫੂਕ ਕੇ ਉਜਾੜ ਦਿਤਾ, ਅਤੇ ਆਂਡਲੂ ਓਥੇ ਬੰਨ੍ਹਿਆ। ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਭੈਣੀ ਵਾਲਿਆਂ ਦੀ ਬੇਨਤੀ ਕਰਨ ਤੇ ਉਨ੍ਹਾਂ ਨੂੰ ਫੂਕ ਕੇ ਅਤੇ ਭਾਰਾ ਜੁਧ ਕਰਕੇ ਭੈਣੀ ਦਰੇੜੇ ਵਾਲਿਆਂ ਨੂੰ ਏਸ ਜਗਾ ਬਸਾਇਆ। ਜੁੱਧ ਦੇ ਥਾਂ ਸ਼ਹੀਦ ਗੰਜ ਬਣਿਆ ਹੋਇਆ ਹੈ। ਜਿਸ ਨੂੰ ਮੁਸਲਮਾਨਾਂ ਨੇ ਜੋਰ ਫੜ ਕੇ 'ਜ਼ਾਹਰ ਪੀਰ' ਕਹਿਕੇ ਹੁਣ ਤਕ ਦੱਬੀ ਰਖਿਆ ਸੀ। ਰੰਘੜਾਂ ਦੇ ਹਾੜ੍ਹੇ ਕਢਣ ਤੋਂ ਮਹਾਰਾਜ ਨੇ ਉਨ੍ਹਾਂ ਨੂੰ ਸ਼ਹੀਦ ਗੰਜ ਤੋਂ ਪਛੋਂ ਵਲ ਨੂੰ ਬਸਣ ਦੀ ਆਗਿਆ ਦਿਤੀ, ਜਿਥੇ ਇਹ ਹੁਣ ਤਕ ਵਸਦਾ ਰਿਹਾ ਹੈ। ਸਿੱਖਾਂ ਨੂੰ ਇਹ ਕਹਿਕੇ ਆਗਿਆ ਕੀਤੀ 'ਭਾਈ ਹੁਣ ਜੁੱਧ ਬੰਦ ਕਰੋ, ਜਦੋਂ ਇਹ ਪੰਥ ਨਾਲ ਫੇਰ ਧੱਕਾ ਕਰਨਗੇ ਤਾਂ ਦੋਬਾਰਾ ਇਨ੍ਹਾਂ ਨੂੰ ਫੇਰ ਫੂਕਾਂਗੇ'।

## (੮੫) ਗਿਦੜੀ

ਇਹ ਪਿੰਡ ਦੋਰਾਹੇ ਤੋਂ ਦੋ ਮੀਲ ਬਠਿੰਡੇ ਵਾਲੀ ਨਹਿਰ ਉਪਰ ਹੈ। ਇਸ ਦਾ ਗੋਤ 'ਝੱਜ' ਹੈ। ਜੋ ਬੁਆਣੀ, ਲੰਢਾ, ਰੌਲ ਅਤੇ ਬਿਲਾਸਪੁਰ ਆਦਿਕ ਕਈ ਪਿੰਡ ਇਨ੍ਹਾਂ ਦੇ ਹਨ। ਪਿਛਲੇ ਸਮੇਂ ਵਿਚ ਗਿਦੜੀ ਦਾ ਨਾਉਂ 'ਸ਼ੀਹਣੀ' ਸੀ। ਅਤੇ ਝੱਜਾਂ ਦੇ ਪਿੰਡਾਂ ਦੀ ਇਹਨੂੰ ਚਉਧਰ ਲਗਦੀ ਸੀ। ਗੁਰੂ ਹਰਿਗੋਬਿੰਦ ਸਾਹਿਬ ਜਦੋਂ ਏਥੇ ਆਏ ਤਾਂ ਉਨ੍ਹਾਂ ਨੇ ਗੁਰੂ ਸਾਹਿਬ ਦਾ ਆਦਰ ਨ ਕੀਤਾ, ਤਾਂ ਸਾਹਿਬਾਂ ਨੇ ਸੁਤੇ ਹੀ ਬਚਨ ਕੀਤਾ 'ਭਾਈ ਇਹ ਸ਼ੀਹਣੀ ਨਹੀਂ ਗਿਦੜੀ ਹੈ।' ਓਦੋਂ ਤੇ ਏਸ ਦਾ ਨਾਉਂ ਗਿਦੜੀ ਪੈ ਗਿਆ। ਹੁਣ ਥੋੜੀ ਜਿਹੀ ਵਸੋਂ ਏਸਦੀ ਹੈ, ਪਰ ਉਜੜੀ ਹੋਈ ਪ੍ਰਤੱਖ ਦਿਸਦੀ ਹੈ।

## (੮੬) ਰੋਪੜ

ਇਹ ਨਗਰ ਅੰਬਾਲੇ ਦੇ ਜ਼ਿਲੇ ਵਿਚ ਦੋਰਾਹੇ ਤੋਂ ਨਹਿਰ ਦੇ ਰਸਤੇ ੩੬ ਮੀਲ ਤੇ ਅਤੇ ਬਹੁਤ ਸੁੰਦਰ ਹੈ। ਇਹ ਵੈਦਿਕ ਸਮੇਂ ਵਿਚ ਚੰਦ੍ਰ ਬੰਸੀਆਂ ਨੇ 'ਰੂਪ ਪੁਰ' ਨਾਮ ਤੇ ਬਸਾਇਆ ਸੀ। ਏਥੇ ਸਿਖ ਰਾਜ ਦੇ ਸਮੇਂ ਭੂਪ ਸਿੰਘ ਰਾਜਾ ਬੜਾ ਦਾਨੀ ਤੇ ਪ੍ਰਤਾਪੀ ਹੋਇਆ ਹੈ। ਜਿਸ ਦੇ ਸੰਤਾਨ ਹੀਨ ਹੋਣ ਦੇ ਕਾਰਣ ਇਹ ਰਿਆਸਤ ਜ਼ਬਤ ਹੋ ਗਈ। ਰਾਜੇ ਭੂਪ ਸਿੰਘ ਦਾ ਬਣਵਾਇਆ ਹੋਇਆ ੯ਵੇਂ ਪਾਤਸ਼ਾ ਦਾ ਗੁਰਦੁਆਰਾ ਬਾਹਰ ਹੈ। ਇੱਕ ਗੁਰਦੁਆਰਾ ਦਸਵੇਂ ਪਾਤਸ਼ਾਹ ਦਾ ਨਗਰ ਦੇ ਅੰਦਰ ਹੈ। ਦੋ ਮੀਲ ਤੇ ਗੁਰਦੁਆਰਾ ਭੱਠਾ ਸਾਹਿਬ ਹੈ। ਏਥੋਂ ਦੇ ਪਠਾਣਾਂ ਨੇ ਗੁਰੂ ਮਹਾਰਾਜ ਦੀ ਬੜੀ ਸੇਵਾ ਕੀਤੀ। ਹਿੰਦੂਆਂ ਨੇ ਬੜਾ ਵਿਰੋਧ ਕੀਤਾ। ਇਹ ਹੁਣ ਤਕ ਭੀ (ਰੋਪੜ ਦੇ ਹਿੰਦੂ) ਸਿਖ ਪੰਥ ਨਾਲ ਵਿਰੋਧ ਕਰਦੇ ਆਉਂਦੇ ਹਨ। ਇਕ ਮੁਸਲਮਾਨ ਤੇਲੀ ਨੇ ਰੌਲਾ ਪਾਇਆ—'ਇਹ ਹਿੰਦੂਆਂ ਦਾ ਪੀਰ ਜਾਂਦਾ ਹੈ, ਇਸਨੂੰ ਫੜੋ' ਤਾਂ ਮਹਾਰਾਜ ਨੇ ਬਚਨ ਕੀਤਾ—'ਰੋਪੜ ਵਿਚ ਕੋਈ ਤੇਲੀ ਨਾ ਰਹੇਗਾ' ਜੋ ਹੁਣ ਤਕ ਪ੍ਰਤੱਖ ਦੇਖਣ ਵਿਚ ਆਉਂਦਾ ਹੈ ਕਿ ਰੋਪੜ ਵਿਚ ਕੋਈ ਮੁਸਲਮਾਨ ਤੇਲੀ ਨਹੀਂ ਰਹਿ ਸਕਿਆ।

## (੮੭) ਦਾਖਾ

ਇਹ ਪਿੰਡ ਲੁਧਿਆਣੇ ਤੋਂ ੧੦ ਮੀਲ ਪਛੋਂ ਨੂੰ ਫ਼ੀਰੋਜ਼ਪੁਰ ਵਾਲੀ ਸੜਕ ਤੇ ਹੈ। ਲੋਧੀਆਂ ਤੋਂ ਪਹਿਲਾਂ ਸਯਦਾਂ ਦੇ ਖ਼ਾਨਦਾਨ ਦੇ ਸਮੇਂ ੧੪੪੫ ਈ: ਦੇ ਲਗ ਭਗ ਇਹ ਆਬਾਦ ਹੋਇਆ।

Digitized by Panjab Digital Library | www.panjabdigilib.org

ਉਸ ਸਮੇਂ ਸਤਲੁਜ ਇਸ ਦੇ ਇਕ ਕੋਹ ਦੇ ਫ਼ਾਸਲੇ ਤੇ ਉਤਰ ਵਲ ਨੂੰ ਵਗਦਾ ਸੀ, ਜੋ ਹੁਣ ੭ ਕੋਹ ਤੇ ਹੈ। ਲੋਧੀਆਂ ਦੇ ਸਮੇਂ ਇਹ ਪਿੰਡ ਸੁਲਤਾਨ ਪੁਰ ਵਾਲੇ ਦੌਲਤ ਖ਼ਾਂ ਲੋਧੀ ਦੇ ਹਲਕੇ ਵਿਚ ਸੀ। ਉਸ ਵਕਤ ਇਸ ਦੇ ਉਦਾਲੇ ਕੱਚਾ ਕੋਟ ਸੀ। ਜਿਸ ਦੇ ਨਿਸ਼ਾਨ ਹੁਣ ਤਕ ਮੌਜੂਦ ਹਨ ੧੭੪੦ ਈਃ ਦੇ ਲਗ ਪਗ ਏਥੇ ਦੇ ਵਸਨੀਕ ਚੌਧਰੀ ਗਿਰਧਾਰੀ (ਠੁਲਾ ਰੰਗਾ) ਦੇ ਯਤਨ ਨਾਲ ਇਹ ਰਾਏਕੋਟੀਆਂ ਦੇ ਕਬਜ਼ੇ ਵਿਚ ਆਇਆ ਜਿਨ੍ਹਾਂ ਨੇ ਇਸ ਦੇ ਦਖਣ ਪਛੋਂ ਨੂੰ 'ਖਾਰੇ ਖੂਹ' ਉਤੇ ਕੱਚਾ ਕਿਲਾ ਬਣਾਇਆ ਸੀ। ਜਿਸ ਦਾ ਹੁਣ ਕੋਈ ਨਿਸ਼ਾਨ ਨਹੀਂ। ਏਸ ਤੋਂ ਪਿਛੋਂ ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ਜਦੋਂ ਰਾਏਕੋਟ ਤੇ ਦਾਖਿਆਂ ਦਾ ਪ੍ਰਗਣਾ ਜਿਤਿਆ ਤਾਂ ਉਸ ਨੇ ਇਸ ਨੂੰ ਕੈਂਥਲ ਵਾਲੇ ਭਾਈਕਿਆਂ ਨੂੰ ਦੇ ਦਿਤਾ। ਮਗਰ ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਸਤਲੁਜ ਉਰਾਰ ਦਾ ਇਲਾਕਾ ਫਤੇਹ ਕੀਤਾ ਤਾਂ ਉਸ ਨੇ ਇਸ ਪਰਗਣੇ ਨੂੰ ਆਪਣੇ ਮਿਤਰ ਰਾਜਾ ਫਤਹ ਸਿੰਘ ਆਹਲੂ-ਵਾਲੀਏ (ਕਪੂਰਥਲੇ ਵਾਲੇ) ਨੂੰ ਦੇ ਦਿਤਾ। ਜੋ ਅੰਗ੍ਰੇਜ਼ੀ ਰਾਜ ਵਿਚ ਆਉਣ ਤਕ ਉਨ੍ਹਾਂ ਦੇ ਕਬਜ਼ੇ ਵਿਚ ਹੀ ਰਿਹਾ। ਉਪਰ ਕਹਿਆ ਹੋਇਆ ਚੌਧਰੀ ਗਿਰਧਾਰੀ ਉਹੋ ਹੀ ਹੈ, ਜਿਸ ਕੋਲ ਮੀਰਮਨੂੰ ਦੀ ਵਿਧਵਾ ਬੇਗਮ ਦਿੱਲੀ ਨੂੰ ਜਾਂਦੀ ਹੋਈ ਦੋ ਦਿਨ ਰਹੀ ਸੀ। ਇਸ ਪਿੰਡ ਵਿਚ ਡੀ. ਬੀ. ਹਾਈ ਸਕੂਲ, ਡੀ. ਬੀ. ਕੰਨਯਾ ਮਿਡਲ ਸਕੂਲ ਅਤੇ ਕੰਨਯਾ ਪਬਲਿਕ ਹਾਈ ਸਕੂਲ ਹੋਣ ਕਰਕੇ ਵਿਦਿਆ ਦੀ ਚੰਗੀ ਉੱਨਤੀ ਹੋ ਰਹੀ ਹੈ। ਫ਼ੌਜ ਵਿਚ ਭੀ ਬੜੇ ਬੜੇ ਅਤੇ ਬਹੁ ਗਿਣਤੀ ਵਿਚ ਅਫ਼ਸਰ ਹਨ। ਪਰ, ਸ਼ੋਕ ! ਕਿ ਸਿੰਘ ਸਭਾ ਦੇ ਸਮੇਂ ਧਾਰਮਿਕ ਅਤੇ ਗੁਰਮਰਯਾਦਾ ਵਿਚ ਜੋ ਇਹਦਾ ਸਿਰ ਉੱਚਾ ਸੀ, ਉਤਨਾ ਹੀ ਹੁਣ ਨੀਵਾਂ ਹੁੰਦਾ ਜਾ ਰਿਹਾ ਹੈ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜਦੋਂ ਦੁਆਬੇ ਵਲੋਂ ਆਉਂਦੇ ਹੋਏ ਇਆਲੀ (ਜ਼ਿਲਾ ਲੁਦਿਹਾਣਾ) ਤੋਂ ਉਠ ਕੇ 'ਸਧਾਰ' ਵਲ ਨੂੰ ਆ ਰਹੇ ਸਨ। ਏਸ ਪਿੰਡ ਦੇ ਕੋਲ ਦੀ (ਪੱਤੀ—ਬਾਲਾ ਵਲ ਦੀ) ਲੰਘੇ ਤਾਂ ਭਾਃ ਨਰੈਣ ਅਤੇ ਭਾਃ ਰੱਲਾ ਲੁਹਾਰ ਦੀ ਵਡਕੀ ਮਾਈ (ਜੋ ਭਾਃ ਰੂਪੇ ਕਿਆਂ ਦੀ ਧੀ ਸੀ) ਨੇ ਪਛਾਣ ਕੇ ਬਾਬੇ ਚੂਹੜ ਦੀ ਮਾਈ ਨੂੰ ਪ੍ਰੇਰਨਾ ਕੀਤੀ ਕਿ ਆਪਾਂ ਗੁਰੂ ਸਾਹਿਬਾਂ ਦੀ ਸੇਵਾ ਕਰ ਕੇ ਉਨ੍ਹਾਂ ਦੀਆਂ ਖੁਸ਼ੀਆਂ ਲਈ। ਤਾਂ ਦੋਵੇਂ ਜਣੀਆਂ ਪ੍ਰਸ਼ਾਦੇ ਅਤੇ ਦੁਧ ਗਰਮ ਕਰ ਕੇ ਗੁਰੂ ਜੀ ਦੇ ਪਿਛੇ ਪਿਛੇ ਚੱਲੀਆਂ ਤਾਂ ਦਿਆਲੂ ਸਤਿਗੁਰੂ ਜੀ ਰਕਬੇ ਤੇ ਪ੍ਰਿਡੋਰੀ ਦੇ ਵਿਚਾਲੇ (ਜਿਥੇ ਗੁਰਦੁਆਰਾ ਦਮਦਮਾ ਸਾਹਿਬ ਬਣਿਆ ਹੋਇਆ ਹੈ) ਠਹਰ ਗਏ। ਮਾਈਆਂ ਤੇ ਪ੍ਰਸ਼ਾਦਾ ਛਕ ਕੇ ਆਖਣ ਲਗੇ— 'ਮਾਈ ਕੁਝ ਮੰਗੋ ਗੁਰੂ ਕੇ ਪ੍ਰਸੰਨ ਹਨ' ਤਾਂ ਲੁਹਾਰਾਂ ਦੀ ਮਾਈ ਨੇ ਭਾਈ ਰੂਪੇ ਵਾਂਗ ਅਪਣੇ ਘਰ ਸਿਖੀ ਮੰਗੀ ਤਾਂ ਸਾਹਿਬਾਂ ਨੇ ਪ੍ਰਸੰਨ ਹੋ ਕੇ ਬਚਨ ਕੀਤਾ—'ਮਾਈ ਤੁਹਾਡੇ ਰਹਿੰਦੀ ਦੁਨੀਆ ਤਕ ਸਿਖੀ ਰਹੇਗੀ ਅਤੇ ਤੇਰੀ ਸੰਤਾਨ ਵਿਚ ਬੜੇ ਗੁਣੀ ਹੋਣਗੇ ਜਿਨ੍ਹਾਂ ਤੋਂ ਲੋਕ ਗੁਣ ਸਿਖ ਕੇ ਜਾਇਆ ਕਰਨਗੇ।' ਫੇਰ ਦੂਜੀ ਮਾਈ ਨੂੰ ਪੁਛਿਆ ਤਾਂ ਓਸ ਨੇ ਭੀ ਸਿਖੀ ਮੰਗੀ ਤਾਂ ਸਾਹਿਬਾਂ ਅਧਿਕ ਪ੍ਰਸੰਨ ਹੋ ਕੇ ਹੁਕਮ ਕੀਤਾ—'ਮਾਈ ਤੇਰੀ ਸੰਤਾਨ ਵਿਚ ਭੀ ਰਹਿੰਦੀ ਦੁਨੀਆ ਤਕ ਸਿਖੀ ਰਹੇਗੀ ਅਤੇ ਗੁਣੀ ਭੀ ਜਗਤ ਪ੍ਰਸਿਧ ਹੋਣਗੇ ਜੋ ਲੋਕਾਂ ਦੇ ਘਰੀਂ ਜਾ ਕੇ ਸਿਖੀ ਪ੍ਰਚਾਰ ਦੀ ਸੇਵਾ ਕਰਿਆ ਕਰਨਗੇ, ਤੂੰ ਪਿਛੇ ਲਗ ਕੇ ਆਈਂ ਹੈਂ ਇਸ ਲਈ ਜ਼ਰਾ ਪੱਛੜ ਕੇ ਹੋਣਗੇ।' ਮਾਈ ਸੰਤਾਨ ਹੀਨ ਸੀ। ਅਗਲੇ ਸਾਲ ਬਾਬਾ ਚੂਹੜ ਨੇ ਜਨਮ ਲਿਆ, ਜੋ ਪੱਤੀ ਬਾਲਾ ਦਾ ਅੱਧ ਵਾਲਾ ਹੋਇਆ, ਅਜ ਤਕ ਏਸ ਠੁਲੇ ਵਿਚ ਗੁਰਸਿਖੀ ਚਲੀ ਆਉਂਦੀ ਹੈ। ਲੇਖਕ ਏਸੇ ਠੁਲੇ ਵਿਚੋਂ ਹੋਣ ਕੜ ਕੇ ਸ੍ਰੀ ਗੁਰੂ ਵਿਆਕਰਣ ਪੰਚਾਇਣ ਦੇ ਆਰੰਭ ਵਿਚ

Digitized by Panjab Digital Library | www.panjabdigilib.org

ਲਿਖਦਾ ਹੈ–'ਜਾਸ ਕ੍ਰਿਪਾ ਤੇ ਸਜੇ ਹਮ ਹੈਂ ਅਰੁ ਜਾਸ ਕ੍ਰਿਪਾ ਤੇ ਲਏ ਸੁਖ ਸਿੰਧੂ। ਜਾਸ ਕ੍ਰਿਪਾ ਗੁਣ ਗਿਆਨ ਪ੍ਰਾਪਤਿ ਜਾਸ ਕ੍ਰਿਪਾ ਤੇ ਟਰੇ ਦੁਖ ਦੁੰਦੂ। ਰਿਧਿ ਪ੍ਰਸਿਧ ਸੁ-ਬਿਧ ਦਈ ਅਰੁ ਨਿਧਿ ਦਈ ਜਿਨਿ 'ਕੇਹਰਿ' ਜਿੰਦੂ। ਸੋ ਹਰਿ ਗੋਬਿੰਦ ਦੇਵ ਗੁਰੂ ਤਿਨ ਕੇ ਪਗ ਪੂਜ ਰਹਾਂ ਅਰ ਬਿੰਦੂ।

ਪੂਰਬੋਕਤ ਪ੍ਰਸੰਗ ਭਾਦੂੰ ਸੁਦੀ ੫ ਸੰਨ ੧੬੯੯ ਵਿਕ੍ਰਮ ਦਾ ਅਨੁਮਾਨਤ ਹੁੰਦਾ ਹੈ।

## (੮੮) ਪਟਿਆਲਾ

ਇਹ ਸਿੱਖਾਂ ਦੀ ਸਭ ਤੋਂ ਵਡੀ ਰਿਆਸਤ ਦੀ ਅਤੇ ਹੁਣ ਪੈਪਸੂ ਦੀ ਰਾਜਧਾਨੀ ਹੈ। ਜੋ ਕਿ ਮਹਾਰਾਜਾ ਆਲਾ ਸਿੰਘ ਨੇ ਬਡੂੰਗਰ ਪਿੰਡ ਵਿਚੋਂ ਜ਼ਮੀਨ ਮੁਲ ਲੈ ਕੇ ਸ: ੧੭੭੮ ਈ: ਵਿਚ ਬਸਾਇਆ ਸੀ। ਏਥੇ ਮਹਾਰਾਜਾ ਸਾਹਿਬ ਸਿੰਘ ਨੇ ਬਰਨਾਲੇ ਨੂੰ ਛੱਡ ਕੇ ਸਭ ਤੋਂ ਪਹਿਲਾਂ ਰਿਹਾਇਸ਼ ਕੀਤੀ ਸੀ। ਮਹਰਾਜਾ ਆਲਾ ਸਿੰਘ ਦੇ ਪੋਤਰੇ ਮਹਾਰਾਜਾ ਅਮਰ ਸਿੰਘ ਨੂੰ ਅਹਿਮਦ ਸ਼ਾਹ ਅਬਦਾਲੀ ਨੇ 'ਰਾਜਾ ਰਾਜਗਾਨ' ਦਾ ਖ਼ਿਤਾਬ ਦਿਤਾ। ਏਥੋਂ ਦੇ ਕਈ ਰਾਜਿਆਂ ਦੇ ਛੋਟੀ ਉਮਰ ਵਿਚ ਹੋਣ ਦੇ ਕਾਰਣ ਏਸ ਖ਼ਾਨਦਾਨ ਦੀਆਂ ਬੀਬੀਆਂ ਨੇ ਰਿਆਸਤ ਪਟਿਆਲਾ ਦੀ ਆਨ ਸ਼ਾਨ ਨੂੰ ਕਾਇਮ ਰਖਿਆ। ਅਤੇ ਵਿਰੋਧੀਆਂ ਦਾ ਮੁਕਾਬਲਾ ਕੀਤਾ। ੧੮੦੯ ਈਸਵੀ ਤੋਂ ਪਹਿਲਾਂ ਇਹ ਰਿਆਸਤ ਸੁਤੰਤਰ ਸੀ। ਉਸ ਸਮੇਂ ਤੋਂ ਸਰਕਾਰ ਅੰਗ੍ਰੇਜ਼ੀ ਦੀ ਛਤਰ ਛਾਇਆ ਹੇਠ ਆਈ। ਅਜ ਕਲ ਇਹ ਪੈਪਸੂ ਵਿਚ ਹੈ।

## (੮੯) ਦੁਲੱਦੀ

ਇਹ ਛੋਟਾ ਜਿਹਾ ਪਿੰਡ ਨਾਭੇ ਤੋਂ ਇਕ ਕੋਹ ਦੇ ਫ਼ਾਸਲੇ ਤੇ ਬਾਗੜੀਆਂ ਵਾਲੀ ਸੜਕ ਉਤੇ ਰਾਜ ਪਟਿਆਲਾ ਵਿਖੇ ਹੈ। ਏਸ ਪਿੰਡ ਦੀ ਵੰਡ ਬਾਬਤ ਰਾਜਾ ਜਸਵੰਤ ਸਿੰਘ ਨਾਭਾ ਨੇ ਮਹਾਰਾਜਾ ਸਾਹਿਬ ਸਿੰਘ ਪਟਿਆਲਾ ਨਾਲ ਚੋਖਾ ਜੰਗ ਯੁਧ ਕੀਤਾ। ਮਗਰ ਮਹਾਰਾਜਾ ਰਣਜੀਤ ਸਿੰਘ ਨੇ ਉਹਨਾਂ ਦਾ ਰਾਜ਼ੀ ਨਾਮਾ ਕਰਾਕੇ ਇਹ ਪਿੰਡ ਰਿਆਸਤ ਪਟਿਆਲਾ ਨੂੰ ਦਿਵਾਇਆ। ਉਰਲੇ ਸਮੇਂ ਵਿਚ ਮਃ ਹੀਰਾ ਸਿੰਘ ਨੂੰ ਏਥੋਂ ਦੇ ਲੋਕ ਐਵੇਂ ਹੀ ਦੁਖ ਦਿੰਦੇ ਰਹਿੰਦੇ ਸੀ।

## (੯੦) ਧਨੌਲਾ

ਇਸ ਪਿੰਡ ਦੇ ਵਸਣ ਤੋਂ ਪਹਿਲਾਂ ਏਸ ਦੇ ਲਾਗੇ ਜਵੰਧੇ ਜ਼ਿਮੀਂਦਾਰਾਂ ਦਾ ਪਿੰਡ ਵਸਦਾ ਸੀ। ਫੂਲ ਦੇ ਬੜੇ ਪੁਤਰ ਚੌਧਰੀ ਤਲੋਕ ਸਿੰਘ ਦੇ ਪੁਤਰ ਗੁਰਦਿਤ ਸਿੰਘ ਨੇ ਇਸ ਜਗ੍ਹਾ ਨੂੰ ਆਬਾਦ ਕੀਤਾ। ਦੇਵਨੇਤ ਨਾਲ ਇਥੋਂ ਦੇ ਥੇਹ ਵਿਚੋਂ ਉਸ ਨੂੰ ਬਹੁਤ ਧਨ ਮਿਲਿਆ। ਇਸ ਲਈ ਉਸ ਨੇ ਏਸੇ ਦਾ ਨਾਉਂ ਧਨੌਲਾ ਰਖਿਆ। ਉਸ ਦੇ ਪੁਤਰ ਹਮੀਰ ਸਿੰਘ ਦੇ ਨਾਭਾ ਆਬਾਦ ਕਰਨ ਤਕ ਏਸ ਰਿਆਸਤ ਦੀ ਰਾਜਧਾਨੀ ਇਥੇ ਹੀ ਰਹੀ।

## (੯੧) ਜਨੇਰ

ਪੁਰਾਣੇ ਸਮੇਂ ਜ਼ਿਲਾ ਲੁਧਿਆਣਾ ਤੋਂ ਜੋ ਸੜਕ ਫ਼ੀਰੋਜ਼ਪੁਰ ਨੂੰ ਜਾਂਦੀ ਹੈ ਉਸ ਤੋਂ ਸੱਜੇ ਪਾਸੇ ਦਾ (ਸਤਲੁਜ ਤੋਂ ਉਰਲਾ) ੧੦ ਕੋਹ ਚੌੜਾ ਅਤੇ ਮਾਨਾਂ ਤੋਂ ਲੈ ਕੇ ਮੋਗੇ ਤਕ ਲੰਬਾ ਇਲਾਕਾ ਤਿਹਾੜਾ ਕਹਾਉਂਦਾ ਸੀ। ਜਿਸ ਦੀ ਬੜੀ ਰਾਜਧਾਨੀ ਵਿਰਾਟ ਨਗਰ ਸੀ ਅਤੇ ਉਸ ਦੀਆਂ ਉਪ

Digitized by Panjab Digital Library | www.panjabdigilib.org

ਰਾਜਧਾਨੀਆਂ ਵਿਚ ਇਕ ਸ਼ਹਿਰ ਜਿਸਦੇ ਨਾਮ ਦਾ ਹੁਣ ਪਤਾ ਨਹੀਂ, ਵਿਰਾਟ ਦੇ ਰਾਜਾ ਦੇ ਸਾਲੇ ਕ੍ਰੀਚਕ ਦੀ ਰਾਜਧਾਨੀ ਸੀ, ਜੋ ਮੋਗੇ ਤੋਂ ੬ ਮੀਲ ਉਤਰ ਲਹਿੰਦੇ ਨੂੰ ਸੀ।

ਪਾਂਡਿਵਾਂ ਦੇ ਵੇਲੇ ਏਥੇ ਕੋਈ ਵਡਾ ਨਗਰ ਸੀ ਫੇਰ ਕਾਲਕਮ ਤੇ ਇਹ ਉਜੜ ਗਿਆ। ਤਾਂ ਕੁੱਕਰਾਂ ਤੇ ਬਾਹਾਂ ਨਾਲ ਆਉਣ ਵਾਲੇ 'ਜਾਕੇ' ਜੱਟਾਂ ਨੇ ਏਸ ਨੂੰ ਈਃ ਸਦੀ ਪਹਿਲੀ ਵਿਚ ਫੇਰ ਬਸਾਕੇ ਅਪਣੀ ਰਾਜਧਾਨੀ ਥਾਪੀ। ਏਸ ਕਬੀਲੇ ਦੇ ਹੋਰ ਪਿੰਡ ਕੜਿਆਲ ਆਦਿ ਏਸ ਦੇ ਲਾਗ ਪਾਸ ਹਨ। ਏਸ ਗਣ ਨੂੰ ਪਾਨਿਨਿ ਨੇ ਵਿਆਕਰਣ ਵਿਚ 'ਜਾਨਕਿ' ਗਣ ਲਿਖਿਆ ਹੈ। ਸਮੁਦ੍ਰ ਗੁਪਤ ਦੇ ਪੁਤ੍ਰ ਰਾਮ ਗੁਪਤ ਅਤੇ ਚੰਦ੍ਰ ਗੁਪਤ ਨਾਲ ਇਨ੍ਹਾਂ ਦਾ ਜੁਧ ਹੋਇਆ। ਇਹ ਨਗਰ ਉਜੜ ਕੇ ਤੂਰਾਂ ਦੇ ਵੇਲੇ ਫੇਰ ਬਸਿਆ ਹੈ।

## (੯੨) ਝਨੇਰ (ਝਾਂਡੇ ਨਗਰ=ਝਾਂਡੇ ਨਯਰ=ਝਾਨੇਰ)

ਇਹ ਪਿੰਡ ਮਾਲੇਰ ਕੋਟਲੇ ਤੋਂ ੬ ਕੋਹ ਪਛਮ ਨੂੰ ਹੈ ਜੋ ਸਾਲਬਾਹਨ ਦੇ ਪੁਤ੍ਰ ਝਾਂਡੇ ਰਾਇ ਨੇ ਛੇਵੀਂ ਸਦੀ ਦੇ ਆਰੰਭ ਵਿਚ ਥਾਇਆ ਸੀ। ਇਸ ਦੇ ਛਿਪਦੀ ਵਲ ਭੱਡਲੀ ਨਦੀ ਅਤੇ ਪੂਰਬ ਦੇ ਪਾਸੇ ਸਤਲੁਜ ਵਗਦਾ ਸੀ। ਇਹ ਨਗਰ ਤਿੰਨਾ ਕੋਹਾਂ ਵਿਚ (ਪੰਜ ਗਰਾਈਆਂ ਤਕ) ਵਸਦਾ ਸੀ। ਮਹਮੂਦ ਨੇ ਥਾਨੇਸਰ ਨੂੰ ਉਜਾੜਕੇ ਗ਼ਜ਼ਨੀ ਵਾਲਿਆਂ ਦੀ ਰਾਜਧਾਨੀ ਹੋਣ ਦੇ ਕਾਰਣ ਜਮਾਂ ਹੀ ਉਜਾੜ ਦਿਤਾ ਅਤੇ ਏਸ ਦੇ ਥਾਂ 'ਮਲਕਵਾਲ' ਬਸਾਇਆ, ਜਿਸ ਨੂੰ ਸਤਲੁਜ ਨੇ ਆਪਣਾ ਰਾਹ ਬਦਲਣ ਦੇ ਸਮੇਂ ਢਾਹ ਲਾਈ ਤਾਂ ਓਸ ਦੇ ਥੇਹ ਤੇ ਅਕਬਰ ਦੇ ਸਮੇਂ ਹਿੰਦੂ ਜੱਟਾਂ ਨੇ ਮੁੜ ਓਸੇ ਨਾਮ ਦਾ ਨਗਰ ਬਸਾਇਆ। ਪਰ 'ਝਾਂਡੇ' ਦੀ ਸੰਤਾਨ ਲੁਦਿਹਾਣੇ ਕੋਲ ਪਹਿਲਾਂ ਤੋਂ ਹੀ ਜਾ ਬਸੀ ਸੀ ਅਜ ਕੱਲ ਏਥੇ ਗਰੇਵਾਲਾਂ ਦੀ ਵਸੋਂ ਹੈ। ਨਾਉਂ ਝਾਂਡੇ ਹੀ ਹੈ।

## (੯੩) ਛੀਂਟਾਂ ਵਾਲਾ

ਇਹ ਪੁਰਾਣਾ ਅਤੇ ਮੁਸਲਮਾਨਾਂ ਦੇ ਵੇਲੇ ਦਾ ਖੇੜਾ ਹੈ। ਜੋ ਧੂਰੀ-ਪਟਿਆਲਾ ਲਾਈਨ ਦਾ ਸਟੇਸ਼ਨ ਹੈ। ਇਸ ਦਾ ਪਹਿਲਾ ਨਾਉਂ ਮਨਸੂਰਪੁਰ ਸੀ। ਏਥੇ ਮੁਸਲਮ ਰਾਜ ਦੇ ਸਮੇਂ ਛੀਂਟਾ ਦਾ ਬਿਉਪਾਰ ਬਹੁਤਾ ਹੁੰਦਾ ਸੀ। ਇਸ ਕਰਕੇ ਸਰਬ ਸਾਧਾਰਣ ਵਿਚ ਇਸ ਦਾ ਨਾਉਂ 'ਛੀਟਾਂ ਵਾਲਾ' ਪੈ ਗਿਆ ਸੀ। ਲੋਧੀਆਂ ਦੇ ਵੇਲੇ ਤੋਂ ਦਿੱਲੀ, ਸੁਨਾਮ, ਸਮਾਣਾ ਅਤੇ ਲੁਦਿਹਾਣੇ ਦੇ ਰਾਹ ਵਿਚ ਇਕ ਜ਼ਰੂਰੀ ਸਟੇਸ਼ਨ ਅਤੇ ਬਿਉਪਾਰ ਦਾ ਕੇਂਦਰ ਸੀ। ਬੰਦਾ ਬਹਾਦਰ ਨੇ ਏਸ ਨੂੰ ਬੁਰੀ ਤਰਾਂ ਬਰਬਾਦ ਕੀਤਾ। ਜਿਸ ਕਰਕੇ ਇਹ ਬਿਲਕਲ ਉਜੜਿਆ ਪਿਆ ਹੈ।

## (੯੪) ਪੁਰੰਦਰੀ

ਇਹ ਕੋਈ ਬਹੁਤ ਪੁਰਾਣਾ ਨਗਰ ਵੈਦਿਕ ਸਮੇਂ ਵਿਚ ਸਰਸ੍ਵਤੀ ਦੇ ਕੰਢੇ ਉਪਰ ਸੀ। ਜੋ ਪੁਰੰਦਰ ਅਰਥਾਤ ਇੰਦਰ ਦੇ ਕੈਂਪ ਦਾ ਥਾਂ ਪ੍ਰਤੀਤ ਹੁੰਦਾ ਹੈ। ਜਿਥੋਂ ਚੜ੍ਹਾਈ ਕਰਕੇ ਇੰਦਰ ਦੈਂਤਾਂ ਨੂੰ ਮਾਰਦਾ ਸੀ 'ਆਈਨ ਅਕਬਰੀ' ਵਿਚ ਇਹਦਾ ਨਾਉਂ ਸਰਹਿੰਦ ਦੀ ਸਰਕਾਰ ਵਿਚ ਗਿਣਿਆ ਗਿਆ ਹੈ। ਜਿਸ ਤੋਂ ਸਿੱਧ ਹੈ ਕਿ ਅਕਬਰ ਦੇ ਸਮੇਂ ਇਹ ਚੰਗੀ ਦਸ਼ਾ ਵਿਚ ਵਸਦਾ ਸੀ।

Digitized by Panjab Digital Library | www.panjabdigilib.org

# (੯੫) ਤਿਹਾੜਾ

ਪੁਰਾਣੇ ਸਮਿਆਂ ਵਿਚ, ਜਦ ਕਿ ਵਿਆਸਾ ਨਦੀ ਲੁਦਿਹਾਣੇ ਤੇ ਸੁਨੇਤ ਕੋਲ ਦੀ ਵਗਦੀ ਸੀ।ਉਸ ਦੇ ਉਪਰ ਵਿਰਾਟ ਨਗਰ ਬੜੀ ਸਜ ਧਜ ਨਾਲ ਵਸਦਾ ਸੀ। ਜਿਸ ਦਾ ਰਾਜਾ 'ਵਿਰਾਟ' 'ਮਹਾਭਾਰਤ' ਜੁੱਧ ਵਿਚ ਵਰਤਮਾਨ ਸੀ। ਅਤੇ ਜੁੱਧ ਤੋਂ ਪਹਿਲਾਂ ਦ੍ਰੋਪਦੀ ਸਣੇ ਪੰਜੇ ਪਾਂਡਵ ਜਿਸ ਦੇ ਦੁਆਰੇ ੧ ਬਰਸ ਲਈ ਗੁਪਤ ਰੂਪ ਵਿਚ ਰਹੇ ਸਨ। ਉਸ ਸ਼ਹਿਰ ਦੇ ਥੇਹ ਤੇ ਵਿਕ੍ਰਮਾਦਿਤ ਦੇ ਸਮੇਂ ਜੋ (ਤ੍ਰਿਗਰਤ) ਨਗਰ ਬਸਿਆ, ਉਸਦਾ ਨਾਉਂ ਇਲਾਕੇ ਦੇ ਨਾਉਂ ਤੇ ਜੋ ਤਿਹਾਂ ਪਾਸਿਆਂ ਨੂੰ ਇਕੋ ਜਿਹਾ ਹੋਣ ਤੇ 'ਤਿਹਾੜਾ'† ਰਖਿਆ ਗਿਆ। ਕਿਉਂਕਿ ਇਸ ਦੇ ਲਾਂਭੀਂ ਪੁਆਧ, ਜੰਗਲ ਅਤੇ ਦੁਆਬਾ ਸੀ। ਉਸ ਸਮੇਂ ਏਥੋਂ ਬਿਆਸਾ ਪਹਾੜ ਵਲ ਦੇ ਪਾਸੇ ਨੂੰ ਹਟ ਚੁਕਿਆ ਸੀ ਪਾਂਡਵਾਂ ਦੇ ਰਹਿਣ ਦੇ ਸਮੇਂ ਦਾ ਤਾਲ ਧਰਤੀ ਵਿਚ ਦਬਿਆ ਹੋਇਆ ਹੁਣ ਮਿਲਿਆ ਹੈ ਜੋ ਗੁਰਦੁਆਰਾ ਬਾਉਲੀ ਸਾਹਿਬ (ਸੋਢੀਵਾਲਾ) ਤੋਂ ੧ ਮੀਲ ਦੀ ਵਿਥ ਤੇ ਹੈ ਜਿਸ ਦੀ ਇੱਟ ਬਹੁਤ ਬੜੀ ਹੈ। ਅਤੇ ਉਸ ਉਪਰ 'ਚੰਦ' ਦਾ ਚਿੰਨ ਉਕਰਿਆ ਹੋਇਆ ਪ੍ਰਤੀਤ ਹੁੰਦਾ ਹੈ। ਜਨੇਰ ਦੇ ਨਾਲ ਹੀ ਪੰਜਵੀਂ ਸਦੀ ਦੇ ਅੰਤਿਮ ਹਿੱਸੇ ਵਿਚ ਏਸ ਨੂੰ ਹੂਨਾਂ ਦੀ ਬਾਢ ਨੇ ਬਰਬਾਦ ਕਰ ਦਿਤਾ ਪਰ ੮ਵੀਂ ਸਦੀ ਵਿਚ ਦਿੱਲੀ ਦੇ ਤੰਵਾਰ ਬੰਸ ਦੇ ਰਾਜ ਸਮੇ ਏਥੇ ਦਿੱਲੀ ਰਾਜ ਦਾ ਸੂਬਾ ਬਣ ਜਾਣ ਤੇ 'ਤਿਹਾੜਾ' ਫੇਰ ਉੱਨਤੀ ਦੇ ਸਿਖਰ ਤੇ ਆਇਆ। ਉਸ ਸਮੇਂ ਦਿਲੀ–ਲਾਹੌਰ ਦੇ ਰਾਹ ਤੇ ਇਹ ਕੇਂਦਰੀ ਨਗਰਾਂ ਵਿਚੋਂ ਸੀ। ਉਸ ਸਮੇਂ ਇਸ ਦੇ ਬਹੁਤੀ ਵਸੋਂ ਸ਼ੇਰਪੁਰਾ–ਗਾਲਬ ਦੇ ਵਿਚਕਾਰਲੇ ਥੇਹ ਉਪਰ ਸੀ। ਜਿਸ ਨੂੰ ਅਜ ਕਲ 'ਕਿਰਾੜੀ ਵਾਲਾ ਥੇਹ' ਆਖਿਆ ਜਾਂਦਾ ਹੈ।

੧੩੩੫ ਈਃ ਦੇ ਲਗ ਪਗ ਜੈਸਲਮੇਰ ਤੋਂ ਆਉਣ ਵਾਲੇ ਨਵੇਂ ਮੁਸਲਮਾਨ 'ਮੰਜ' ਰਾਜਪੂਤਾਂ ਨੇ ਏਸ ਨੂੰ ਫੇਰ ਉਜਾੜ ਕੇ ੩ ਕੋਹ ਪਛੋਂ ਵਲ ਨੂੰ ਸਤਲੁਜ ਦੇ ਕੰਢੇ ਤੇ ਵਿਰਾਟ ਨਗਰ ਵਾਲੇ ਥਾਂ ਤੇ ਬੱਧਾ ਅਤੇ ਰਾਇਕੋਟ ਦੀ ਰਿਆਸਤ ਬਣਨ ਦੇ ਸਮੇਂ ਰਾਇ ਅਹਮਦ (੧੭੪੦ ਈ:) ਨੇ ਗਊ ਮਾਰਨ ਦਾ ਏਥੇ ਨਿਖੇਧ ਕੀਤਾ ਪਰ ਏਥੋਂ ਦੇ ਚੌਧਰੀ ਦੇ ਪ੍ਰਤਿਗਿਆ ਭੰਗ ਕਰਨ ਦੇ ਕਾਰਣ ਸਤਲੁਜ ਨੇ ਏਸ ਦੇ ਅੱਧੇ ਪਾਸੇ ਨੂੰ ਢਾ ਲਾਈ। ਜੋ ਓਦੋਂ ਦਾ ਭੈੜੀ ਜਿਹੀ ਦਸ਼ਾ ਵਿਚ ਬਸ ਰਿਹਾ ਹੈ। ਦੀਵਾਨ ਲਛਮੀ ਨਾਰਾਇਣ, ਜੋ ਪਹਿਲਾਂ ਰੋਪੜ ਅਤੇ ਮਾਲੇਰ ਕੋਟਲੇ ਆਦਿ ਦਾ ਦੀਵਾਨ ਸੀ, ਰਾਇਕੋਟ ਰਿਆਸਤ ਦਾ ਦੀਵਾਨ ਹੋਣ ਤੋਂ ਪਿਛੋਂ ਇਥੇ ਹੀ ਰਹਿਣ ਲਗ ਪਿਆ ਸੀ। ਉਸ ਦੀ ਸੰਤਾਨ ਪਾਸ ਰਿਆਸਤ ਰਾਇਕੋਟ ਦਾ ਸਾਰਾ ਰੀਕਾਰਡ ਹੈ ਜਿਸ ਵਿਚੋਂ ਏਸ ਅਲਾਕੇ ਦੇ ਵਿਸ਼ੇਸ਼ ਸਮਾਚਾਰ ਠੀਕ ੨ ਜਾਣੇ ਜਾ ਸਕਦੇ ਹਨ। ਏਸ ਇਲਾਕੇ ਦਾ ਵਿਸਥਾਰ ਪੂਰਬ ਨੂੰ ਦਾਖੇ ਤਕ ਦਖਣ ਵਲ ਰਾਇਕੋਟ ਹਠੂਰ ਅਤੇ ਪਛੋਂ ਨੂੰ ਧਰਮਕੋਟ ਤਕ ਸੀ ਅਤੇ ਉਚਾ ਢਾਹਾ ਭੀ ਏਸ ਦੇ ਅੰਦਰ ਹੋਣ ਕਰ ਕੇ ਉਤਰੀ ਦਰਵਾਜਾ ਮਹਤਪੁਰ ਦੇ ਥਾਂ ਸੀ। ਉਸ ਸਮੇਂ ਸਤਲੁਜ ਏਥੇ ਨਹੀਂ ਸੀ, ਕਿੰਤੂ ਮਹਤ ਪੁਰ ਤੇ ਡੱਲੇ ਦੇ ਨਾਲ ਲਗਦਾ ਬਿਆਸ ਵਗਦਾ ਸੀ।

---

†ਵਰਤਮਾਨ ਵਿਚ ਸ੍ਰੀ ਮਾਨ ਸੰਤ ਵਿਸਾਖਾ ਸਿੰਘ ਕਰਤਾ 'ਮਾਲਵਾ ਇਤਿਹਾਸ' ਨੇ ਏਸ ਇਲਾਕੇ ਵਿਚ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਦੇ ਨਾਮ ਦੀ ਸੰਸਥਾ ਕਾਇਮ ਕੀਤੀ ਹੈ। ਇਸੇ ਹੀ ਸੰਸਥਾ ਦੁਆਰਾ ਆਪਨੇ ਗੁਰਮਤ ਤੇ ਅੰਮ੍ਰਿਤ ਪ੍ਰਚਾਰ ਦੇ ਤੇ ਅਤਿਅੰਤ ਹੀ ਸੁਧਾਰਕ ਕੰਮ ਕੀਤੇ ਹਨ। ਜਨੇਰ ਅਤੇ ਮਾੜੀ ਮੁਸਤਫਾ ਦੇ ਨਗਰਾਂ ਵਿਖੇ ਆਪ ਜੀ ਦੇ ਸਦਕਾ ਹੀ ਅਜ ਹਾਈ ਸਕੂਲ ਚਲ ਰਹੇ ਹਨ।

Digitized by Panjab Digital Library | www.panjabdigilib.org

## (੯੬) ਸਫੈਦੋਂ

ਇਹ ਖੇੜਾ (ਕਸਬਾ) ਰਿਆਸਤ ਜੀਂਦ ਵਿਚ ਜੀਂਦ ਤੋਂ ਥੋੜੀ ਦੂਰ ਤੇ ਬਹੁਤ ਪੁਰਾਣਾ ਹੈ। ਇਥੇ 'ਨਾਗ ਛੇਤ੍ਰ' ਨਾਮ ਦੀ ਇਕ ਜਗ੍ਹਾ ਹੈ, ਜਿਥੇ ਜਨਮੇਜੇ ਨੇ ਸੱਪਾਂ ਦੀਆਂ ਬਹੁਤ ਸਾਰੀਆਂ ਕੁਲਾਂ ਦਾ ਹਵਨ ਕਰ ਕੇ ਨਾਸ ਕੀਤਾ ਸੀ। ਪੁਰਾਣੇ ਸਮੇਂ ਏਸ ਦਾ (ਅਸਲ) ਨਾਉਂ—'ਸਰਪ ਦਮਨ' ਸੀ। ਜਿਸ ਤੋਂ ਬਿਗੜ ਕੇ 'ਸੱਪ ਦਉਨ' ਬਣਿਆ ਅਤੇ ਫੇਰ ਸਪੈਦੋਂ ਜਾਂ ਸਫੈਦੋਂ ਬਣ ਗਿਆ।

## (੯੭) ਗਾਗਾ

ਇਹ ਪੁਰਾਣਾ ਖੇੜਾ ਜਾਖਲ-ਧੂਰੀ ਲਾਈਨ ਦਾ ਸਟੇਸ਼ਨ ਹੈ, ਜੋ ਬਹੁਤ ਪੁਰਾਣਾ ਹੈ। ਇਹ ਪੁਰਾਤਨ ਜੋਤਿਸ਼ੀ 'ਗਰਗ' ਦੇ ਪੁਤ੍ਰ ਗਾਰਗਯ: (ਜੋ ਕ੍ਰਿਸ਼ਨ ਜੀ ਨੂੰ ਜੋਤਿਸ਼ ਸ਼ਾਸਤ੍ਰ ਪੜ੍ਹਾਉਣ ਵਾਲਾ ਸੀ) ਦੇ ਨਾਉਂ ਤੇ ਬਸਿਆ ਸੀ। ਇਨ੍ਹਾਂ ਪਿਤਾ-ਪੁਤ੍ਰਾਂ ਨੇ ਸਭ ਤੋਂ ਪਹਿਲਾਂ ਚੰਦ੍ਰਮਾ ਦੀ ਰਾਸੀ ਨੂੰ, ਫੇਰ ਸੂਰਜ ਰਾਸੀ ਨੂੰ ਥਿਰ ਕੀਤਾ ਸੀ। 'ਗਾਰਗਯ:' ਦੇ ਰੇਠ ਦਾ ਲੋਪ ਅਤੇ ਅੰਤਿਮ 'ਯ' ਦ ਲੋਪ ਹੋ ਕੇ, ਵਿਸਰਗ ਦਾ ਕੰਨਾ ਬਣ ਕੇ 'ਗਾਗਾ' ਸਬਦ ਬਣ ਗਿਆ ਹੈ। ਅੱਜ ਕਲ ਇਹ ਖੇੜਾ ਬਹੁਤ ਢਹਿਆ ਹੋਇਆ ਅਤੇ ਉਜੜਿਆ ਪਿਆ ਹੈ।

## (੯੮) ਦਾਮਲਾ

ਇਹ ਪੁਰਾਣਾ ਨਗਰ ਜਗਾਧਰੀ (ਅਬਦੁੱਲਾ ਪੁਰ) ਤੋਂ ਦੱਖਣ ਨੂੰ ੫ ਮੀਲ ਤੇ ਹੈ। ਕਈਆਂ ਦੇ ਖਿਆਲ ਵਿਚ ਇਹ ਮੌਰਯ ਰਾਜ ਦੇ ਨੇਤਾ ਅਤੇ ਚੰਦ੍ਰ ਗੁਪਤ ਦੇ ਗੁਰੂ 'ਵਾਤਸਯਾਇਨ' ਦਾ ਵਸਾਇਆ ਹੋਇਆ ਹੈ। ਏਸ ਨੇਤਾ ਦੇ ਵਿਸਨੂੰ ਗੁਪਤ, ਚਾਣਕਯ, ਵਾਤਸਯਾਇਨ, ਪਾਕਿਸ਼ਲ ਸ੍ਵਾਮੀ ਅਤੇ ਕੌਟਿਲਯ ਆਦਿ ਅਨੇਕ ਨਾਵਾਂ ਵਿਚ ਦ੍ਰੌਮਿਲ ਭੀ ਇਕ ਨਾਉਂ ਸੀ। ਸੋ 'ਦ੍ਰੌਮਿਲਾ' ਤੋਂ ਬਿਗੜ ਕੇ ਇਸ ਦਾ ਨਾਉਂ 'ਦਾਮਲਾ' ਬਣ ਗਿਆ ਹੈ। ਇਸ ਨੂੰ ਭੀ ਬੰਦਾ ਬਹਾਦਰ ਨੇ ਤਬਾਹ ਕੀਤਾ ਸੀ। ਇਹ ਬਹੁਤ ਲੰਬਾ, ਬੇ ਡੌਲ ਅਤੇ ਉਜੜਿਆ ਪਿਆ ਹੈ। ਪਰਦਾਮਨਿ ਕਬੀਲੇ ਦਾ ਨਗਰ ਹੈ। ਜਿਸ ਨੂੰ ਪਾਣਿਨਿ ਅਪਣੇ ਵਿਆਕਰਣ ਵਿਚ ਲਿਖਿਆ ਹੈ।

## (੯੯) ਸੁਨੇਤ

ਇਹ ਪਿੰਡ ਲੁਦਿਹਾਣੇ ਤੋਂ ੪ ਮੀਲ ਪਛੋਂ ਨੂੰ ਫੀਰੋਜ਼ ਪੁਰ ਵਾਲੀ ਸੜਕ ਤੇ ਹੈ। ਇਹ ਬਹੁਤ ਪੁਰਾਣਾ ਦੱਸੀਦਾ ਹੈ। ਕਹਿੰਦੇ ਹਨ ਕਿ ਏਥੇ ਕਿਸੇ ਸਿਰਕੱਪ (ਆਦਮ ਖੋਰ) ਰਾਜੇ ਦੀ ਰਾਜਧਾਨੀ ਸੀ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਨਰਬਲੀ ਦੇਣ ਦੇ ਸਮੇਂ ਦੀ ਸਭਯਤਾ ਵਾਲੇ ਦ੍ਰਾਵੜ ਜਾਂ ਦਸ੍ਯੂ ਰਾਜੇ ਦਾ ਨਗਰ ਸੀ। ਕਹਿੰਦੇ ਹਨ ਕਿ ਏਸਨੂੰ ਰਾਜਾ ਰਿਸਾਲੂ ਨੇ ਜਿਤਿਆ ਸੀ ਪਰ ਇਹ ਠੀਕ ਨਹੀਂ। ਕਿਉਂਕਿ ਰਿਸਾਲੂ ਹੋਏ ਨੂੰ ਥੋੜਾ ਚਿਰ ਹੋਇਆ ਹੈ, ਨਾਲੇ ਉਸ ਵੇਲੇ ਏਥੇ ਅਜਿਹਾ ਰਾਜਾ ਜਾਂ ਅਜਿਹੀ ਸਭਯਤਾ ਭੀ ਨਹੀਂ ਸੀ। ਰਿਸਾਲੂ ਨੇ ਤਾਂ ਹੋਡਲੇ ਵਾਲੇ 'ਹੋਡੀ' ਰਾਜਾ ਨੂੰ ਜਿਤ ਕੇ ਉਹਦੀ ਪੁਤ੍ਰੀ ਕੋਕਲਾਂ ਵਿਆਹੀ ਸੀ ਜੋ ਸੁਨਾਮ ਨਾਮੇ ਪਰਗਣੇ ਵਿਚ ਸੀ। ਰਾਜਾ ਰਿਸਾਲੂ ਦਾ ਨਗਰ 'ਭਾਦਸੋਂ' ਅਤੇ ਕੋਕਲਾਂ ਦਾ ਮੰਦਰ ਹੁਣ ਤਕ ਹੈ। ਇਹ ਇਸ ਪ੍ਰਕਾਰ ਜਚਦਾ ਹੈ ਕਿ ਪੁਰਾਣੇ ਸਮੇਂ ਵਿਚ ਜਦ ਕਿ

Digitized by Panjab Digital Library | www.panjabdigilib.org

ਬਿਆਸਾ ਨਦੀ ਏਥੋਂ ਦੀ ਬਹਿੰਦੀ ਹੋਈ ਲੋਹਟ ਬੱਦੀ ਦੇ ਆਸ ਪਾਸ ਸਤਲੁਜ ਨਾਲ ਮਿਲਦੀ ਸੀ। ਉਸ ਸਮੇਂ ਏਥੇ ਕੋਈ ਦ੍ਰਾਵੜ ਰਾਜਾ ਦੀ ਰਾਜਧਾਨੀ ਸੀ। ਜਿਸ ਨੂੰ ਇੰਦਰ ਨੇ ੯੯ ਨਗਰੀਆਂ ਦੇ ਨਾਲ ਨਸ਼ਟ ਕੀਤਾ ਸੀ ਅਤੇ ਪਿਛੋਂ ਦੀ ਗਲ ਦਸਦੇ ਹਨ ਕਿ ਚੰਦ੍ਰ ਗੁਪਤ ਦੇ ਗੁਰੂ ਚਾਣਕਯ ਨੇ ਇਸ ਦੇ ਥੇਹ ਉਤੇ ਨਗਰ ਬਸਾਇਆ ਸੀ। ਪਰ, ਇਹ ਠੀਕ ਨਹੀਂ ਜਾਪਦਾ। ਕਿਉਂਕਿ ਇਥੇ ਦੇ ਥੇਹ ਉਤੋਂ ਕਈ ਵਾਰ ਜੋ ਸਿੱਕੇ (ਦਮੜੀਆਂ, ਪੈਸੇ ਆਦਿ) ਮਿਲੇ ਹਨ ਉਨ੍ਹਾਂ ਨੂੰ ਪੁਰਾਤਤ੍ਵ ਵਿਭਾਗ ਦੇ ਖੋਜੀ ੪੦੦੦ ਬਰਸ ਤੋਂ ਪਹਿਲਾਂ ਦੇ ਦਸਦੇ ਹਨ। ਅਸਾਨੂੰ ਏਥੋਂ ਕੁਝ ਸਿਕੇ ਮਿਲੇ ਹਨ। ਉਨ੍ਹਾਂ ਉਪਰ ਖਰੋਸਤੀ ਲਿਪੀ ਦੇ ਅਖਰ ਹਨ, ਜੋ ਕੇਵਲ ਇਕ ਦਮੜੀ ਉਪਰਲੇ ਪੜ੍ਹੇ ਗਏ ਹਨ। ਜਿਸ ਨੂੰ ਮੈਂ 'ਵ' ਅਤੇ 'ਰ' ਸਮਝਿਆ ਹੈ ਮੈਂ ਇਸ ਤੋਂ ਇਹ ਸਿੱਟਾ ਕਢਦਾ ਹਾਂ ਕਿ ਇਹ ਪਾਂਡਿਵ ਬੰਸੀ 'ਵਿਸ਼ਨੂੰ ਰਾਤ' ਦੇ ਹਨ। ਜੋ ੩੫੦੦ ਬਰਸ ਦੇ ਸਮੇਂ ਦੇ ਹਨ ਓਸ ਸਮੇਂ ਖਰੋਸਤੀ ਲਿੱਪੀ ਬਹੁਤੀ ਵਰਤੀ ਜਾਂਦੀ ਸੀ ਅਤੇ ਸੁਨਾਮ ਦੇ ਵਾਂਗ 'ਸੁਨੇਤ' ਭੀ ਪਾਂਡਿਵ ਕੁਲ ਦੇ ਢੰਗ ਦਾ ਹੀ ਪ੍ਰਤੀਤ ਹੁੰਦਾ ਹੈ ਜੋ ਵਿਸ਼ਨੂੰਰਾਤ ਨੇ ਅਪਣੀ ਕੁਲ ਮ੍ਰਯਾਦਾ ਅਨੁਸਾਰ ਰਖਿਆ ਸੀ ਅਤੇ ਸਿੱਕੇ ਜਾਂ ਸਿਲਾ-ਲੇਖਾਂ ਉਪਰ ਸੰਸਕ੍ਰਿਤ ਦੀ ਵਾਰਤਕ (ਗਦ) ਅਜੇ ਪਧਰੀ ਨ ਹੋਣ ਦੇ ਕਾਰਣ ਲਿਖੀ ਜਾਣ ਦਾ ਰਿਵਾਜ ਨਹੀਂ ਸੀ ਪਿਆ। ਇਹ ਹੋ ਸਕਦਾ ਹੈ ਕਿ ਏਸ ਦੇ ਦੋਬਾਰਾ ਉਜੜ ਜਾਣ ਤੋਂ ਫੇਰ ਤੀਜੀ ਵਾਰ ਚਾਣਕਯ ਨੇ ਭੀ ਬਸਾਇਆ ਹੋਵੇ। ਇਕ 'ਹਾਥੀ-ਵਾੜਾ' ਨਾਮ ਦੀ ਜਗਾ ਏਥੇ ਹੁਣ ਤਕ ਪ੍ਰਸਿਧ ਹੈ, ਜੋ ਕਈਆਂ ਘਮਾਵਾਂ ਵਿਚ ਹੈ। ੧੯੧੪-੧੫ ਵਾਲਾ ਸ਼ਹੀਦ ਭਾਨ ਸਿੰਘ ਆਜ਼ਾਦੀ ਦਾ ਮੋਢੀ ਏਸੇ ਪਿੰਡ ਦਾ ਸੀ।

## (੧੦੦) ਘੜਾਮ

ਇਹ ਪਿੰਡ ਪਟਿਆਲੇ ਤੋਂ ੯ ਮੀਲ ਦਖਣ ਨੂੰ ਘਗਰ ਉਪਰ ਹੈ। ਪੁਰਾਣੇ ਸਮੇਂ ਵਿਚ ਇਹ ਸੂਰਜ ਬੰਸੀ ਰਾਜਿਆਂ ਨੇ 'ਗੁਹਰਾਮ' ਨਾਮੇ (ਖੱਡ ਵਾਲਾ) ਪੁਰਾਣੇ ਥੇਹ ਉਤੇ ਬਸਾਇਆ ਸੀ। ਆਖਿਆ ਜਾਂਦਾ ਹੈ ਕਿ ਪਹਿਲਾਂ ਇਹ ਸਰਸ੍ਵਤੀ ਦੇ ਅੰਦਰ ਬ੍ਰਿਤ੍ਰ ਨਾਮੇ ਦੈਂਤ ਦਾ ਕਿਲਾ ਤੇ ਰਾਜਧਾਨੀ ਸੀ, ਜਿਸ ਨੂੰ ਇੰਦਰ ਨੇ ੯੯ ਨਗਰੀਆਂ ਦੀ ਮੁਖ ਨਗਰੀ ਸਮਝ ਕੇ ਨਸ਼ਟ ਕੀਤਾ ਸੀ। ਹੁਣ ਏਥੋਂ ਸਰਸ੍ਵਤੀ ਹਟ ਕੇ ਪਰੇ ਚਲੀ ਗਈ ਹੈ, ਅਤੇ ਉਸ ਦਾ ਥਾਂ ਕਈਆਂ ਹੋਰ ਥਾਵਾਂ ਵਾਂਗ ਘਗਰ ਨੇ ਲੈ ਲਿਆ ਹੈ। ਪੁਰਾਣੇ ਲੋਕਾਂ ਦਾ ਕਥਨ ਹੈ ਕਿ ਦਸਰਥ ਦੇ ਸਹੁਰੇ ਕੁਲ ਕੋਸ਼ਲਾਂ ਦੀ ਇਹ ਰਾਜਧਾਨੀ ਸੀ।

## (੧੦੧) ਸੁਢੋਰਾ

ਸੋਢੀ ਰਾਇ ਕਸੂਰ ਦਾ ਰਾਜ ਛਡਣ ਤੋਂ ਪਿਛੋਂ ਲੱਖੀ ਜੰਗਲ ਵਿਚ ਦੀ ਹੋ ਕੇ ਗੁਰੂ ਕੇ ਮਾਲਵੇ ਵਿਚ ਬਸੇ। ਇਹ ਸਮਾਂ ੪੦੦੦ ਬਰਸ ਤੋਂ ਉਪਰ ਦਾ ਹੈ। ਉਨ੍ਹਾਂ ਦੀ ਬੰਸ ਦੇ ਕਿਸੇ ਰਾਜ਼ਾ ਨੇ ਦੱਖਣੀ ਮਦ੍ਰ ਦੇਸ ਤੇ ਅਧਿਕਾਰ ਜਮਾਕੇ ਆਪਣੇ ਵਡਿਆਂ ਦੇ ਨਾਉਂ ਉਤੇ 'ਸੁਢੌਰਾ' ਬਸਾਇਆ। ਜਿਸ ਨੂੰ ਰਾਜਧਾਨੀ ਬਣਾਕੇ ਜਮਨਾ ਤਕ ਰਾਜ ਕੀਤਾ। ਇਹ ਪੁਰਾਣਾ ਨਗਰ ਕਰਨਾਲ ਦੇ ਜ਼ਿਲੇ ਵਿਚ ਥਾਨੇਸਰ ਤੋਂ ਥੋੜੀ ਦੂਰ ਤੇ ਹੈ। ਬੰਦਾ ਬਹਾਦਰ ਨੇ ਏਸ ਨੂੰ ਭੀ ਬਰਬਾਦ ਕੀਤਾ। ਏਥੋਂ ਦਾ ਸਾਈਂ-ਬੁੱਧੂ ਸ਼ਾਹ ਅਪਣੇ ੫੦੦ ਮੁਰੀਦਾਂ ਨੂੰ ਨਾਲ ਲੈ ਕੇ ਭੰਗਾਣੀ ਦੇ ਜੁੱਧ ਵਿਚ ਗੁਰੂ ਦਸਮ ਪਾਤਸ਼ਾਹ ਵਲੋਂ ਮੁਸਲਮਾਨ ਸੇਨਾ ਨਾਲ ਲੜਿਆ ਸੀ। ਜਿਸ ਦੇ ਪੁਤ੍ਰ ਓਸ ਜੰਗ ਵਿਚ ਸ਼ਹੀਦ ਹੋਏ।

Digitized by Panjab Digital Library | www.panjabdigilib.org

# (੧੦੨) ਠੀਕਰੀਵਾਲਾ

ਬਰਨਾਲਾ (ਰਿ: ਪਟਿਆਲਾ) ਤੋਂ ੪ ਮੀਲ ਉੱਤਰ ਦੇ ਵਲ ਧਾਲੀਵਾਲ ਜੱਟਾਂ ਦਾ ਬਹੁਤ ਪੁਰਾਣਾ ਪਿੰਡ ਹੈ। ੮ਵੀਂ ਸਦੀ ਵਿਕ੍ਰਮੀ ਵਿਚ ਸਤਲੁਜ ਏਥੋਂ ਦੀ ਹੋ ਕੇ ਬਠਿੰਡੇ ਹੇਠ ਦੀ ਬਹਿੰਦਾ ਸੀ। ਏਥੋਂ ਦਾ ਪੱਤਣ ਪੰਜਾਬੀ ਗੀਤਾਂ ਲਈ ਅਗਾਹਾਂ ਵੱਧੂ ਨੀਤੀ ਦਾ ਚਿਰ ਕਾਲ ਤਕ ਨਾਯਕ ਬਣਿਆ ਰਿਹਾ ਹੈ। ਏਥੇ ਹੀ ਪੰਥ ਦੇ ਜਥੇਦਾਰ ਨਵਾਬ ਕਪੂਰ ਸਿੰਘ ਨੇ ਮਹਾਰਾਜਾ ਆਲਾ ਸਿੰਘ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਵਿਚ ਸ਼ਾਮਲ ਕੀਤਾ ਸੀ। ਜਿਥੇ ਨਵਾਬ ਸਾਹਿਬ ਦਾ ਡੇਰਾ ਸੀ ਉਤਨੀ ਭੋਂਇ ਰਿਆਸਤ ਵਲੋਂ ਬਾਬਾ ਤੋਤਾ ਸਿੰਘ ਦੇ ਗੁਰਦੁਆਰੇ ਨਾਲ ਲਗੀ ਹੋਈ ਹੈ। ਪੰ: ਦੀਵਾਨ ਸਿੰਘ ਜੀ ਦੇ ਵਿਦਿਆਰਥੀ 'ਪੰਡਿਤ ਰਾਜ' ਬਸੰਤ ਸਿੰਘ ਜੀ ਏਸੇ ਗੁਰਦੁਆਰੇ ਦੇ ਹੀ ਸਾਧੂ ਸਨ, ਜੋ ਸਰਬ ਵਿਸ਼ਿਆਂ ਦੇ ਸੰਪੂਰਣ ਪੰਡਿਤ ਅਤੇ ਅਨੁਭਵੀ ਸਨ। ਇਨ੍ਹਾਂ ਨੇ ਹੀ ਗੁ: ਮੋਤੀਬਾਗ ਪਟਿਆਲਾ ਵਿਚ ਰਹਿਕੇ ਮ: ਭੁਪਿੰਦਰ ਸਿੰਘ, ਮ: ਯਾਦਵਿੰਦਰ ਸਿੰਘ ਪੰ: ਰਾਮ ਬਸੰਤ ਸਿੰਘ (ਟੋਢੇ ਵਾਲੇ) ਆਦਿ ਨੂੰ ਪੜ੍ਹਾਇਆ। ਅਤੇ ਪੰ: ਕਰਤਾਰ ਸਿੰਘ ਦਾਖਾ ਨੂੰ ਸਿੱਧਾਂਤ ਕੌਮ ਦੀ ਅਤੇ ਨਿਰੁਕਤ ਆਦਿ ਪੜ੍ਹਾਕੇ ਸੰਸਕ੍ਰਿਤ ਭਾਸ਼ਾ ਤਥਾ ਭਾਸ਼ਾ ਵਿਗਿਆਨ ਵਿਚ ਪਾਰੰਗਤ ਹੋਣ ਲਈ ਸਰਸ੍ਵਤੀ ਦੇਵੀ ਦਾ ਦਿਰ ਦਰਸ਼ਨ ਕਰਾਇਆ ਸੀ।

ਪ੍ਰਸਿੱਧ ਲੀਡਰ ਸ੍ਰੀ ਮਾਨ ਸ: ਸੇਵਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਜੀ ਭੀ ਏਸੇ ਪਿੰਡ ਦੇ ਵਸਨੀਕ ਸਨ।

# (੧੦੩) ਭੈਣੀ ਸਾਲੋ (ਭੈਣੀ ਕੂਕਾ)

ਇਹ ਪਿੰਡ ਜਿ: ਲੁਦਿਹਾਣੇ ਵਿਚ ਸਮਰਾਲੇ ਵਾਲੀ ਸੜਕ ਦੇ ਕੋਲ ਲੁਦਿਹਾਣੇ ਤੋਂ ੧੨ ਮੀਲ ਦੀ ਵਿਥ ਤੇ ਹੈ। ਇਥੇ ਕੂਕਿਆਂ ਦੇ ਗੁਰੂ ਭਾਈ ਰਾਮ ਸਿੰਘ ਜੀ ਦਾ ਜਨਮ ਹੋਇਆ। ਅਤੇ ਹੁਣ ਭੀ ਉਨ੍ਹਾਂ ਦਾ ਗੁਰਦੁਆਰਾ ਓਥੇ ਦਾ ਪ੍ਰਸਿੱਧ ਅਸਥਾਨ ਹੈ। ਜਿਥੇ ਉਨ੍ਹਾਂ ਦਾ ਇਕ ਪ੍ਰੈਸ ਅਤੇ 'ਸਤਿਜੁਗ'(ਸਪਤਾਹਕ) ਪਤ੍ਰ ਭੀ ਹੈ।

ਭਾਈ ਰਾਮ ਸਿੰਘ ਜੀ ਸਿਖ ਰਾਜ ਦੇ ਅੰਤ ਹੋਣ ਤੇ ਫੌਜ ਦੀ ਨੌਕਰੀ ਛਡ ਕੇ ਹਜਰੋ (ਰਾਵਲ ਪਿੰਡੀ) ਦੇ ਵਸਨੀਕ ਭਾਈ ਬਾਲਕ ਸਿੰਘ ਜੀ ਦੇ ਪ੍ਰੇਮੀ ਹੋ ਗਏ। ਜੋ ਸਾਈਂ ਜਵਾਹਰ ਮਲ (ਆਹਲੂ-ਵਾਲੀਏ) ਰਾਵਲ ਪਿੰਡੀ ਦੇ ਭਗਤ ਸਨ। ਜੋ ਆਪਨੂੰ 'ਭਗਤ' ਜਾਂ 'ਜਗਿਆਸੂ' ਕਹਾਇਆ ਕਰਦੇ ਸੀ। ਇਸ ਲਈ ਭਾ: ਬਾਲਕ ਸਿੰਘ ਦੀ 'ਜਗਿਆਸੀ' ਸੰਗਤ ਵਿਚ ਭਾ: ਰਾਮ ਸਿੰਘ ਜੀ ਸ਼ਾਮਲ ਹੋਗਏ। ਓਥੋਂ ਅਪਣੇ ਪਿੰਡ ਆ ਕੇ ਪਹਿਲਾਂ ਦੁਕਾਨ ਪਾ ਲਈ। ਫੇਰ ਸਭ ਕੁਝ ਛਡ ਕੇ ਕੇਵਲ ਨਾਮ ਜਪਣ ਤੇ ਜਪਾਉਣ ਤੇਹੀ ਹੋ ਗਏ। ਅਤੇ ਅਪਣੀ ਕਮਾਈ ਤੇ ਪ੍ਰੇਮ ਦੇ ਸਦਕੇ ਸਾਰੇ ਪੰਜਾਬ ਵਿਚ ਨਾਮ ਅੰਮ੍ਰਿਤ ਦਾ ਪ੍ਰਚਾਰ ਕਰਕੇ ਸਾਰੇ ਦੇਸ ਵਿਚ ਜਾਗ੍ਰਤ ਪੈਦਾ ਕਰ ਦਿਤੀ। ਇਨ੍ਹਾਂ ਦਾ ਪੂਰਾ ਪੂਰਾ ਅਤੇ ਸਹੀ ਸਹੀ ਸਮਾਚਾਰ 'ਗੁਰੂ ਕਾਸ਼ੀਪਤ੍ਰ' ਵਿਚ ਕਈ ਵਾਰ ਛਪ ਚੁਕਿਆ ਹੈ ਤੇ 'ਮਾਲਵਾ ਇਤਿਹਾਸ' ਵਿਚ ਭੀ ਆਇਆ ਹੈ। ਇਹ ਨਾਮ ਦਾ ਪ੍ਰਚਾਰ ਕਰਨ ਕਰ ਕੇ ਆਪ ਨੂੰ ਨਾਮਧਾਰੀ ਕਹਾਉਂਦੇ ਸੀ ਅਤੇ ਵਾਹਿਗੁਰੂ ਮੰਤ੍ਰ ਕੰਨ ਵਿਚ ਦਿੰਦੇ ਸੀ। ਇਸ ਕਰ ਕੇ ਇਨ੍ਹਾਂ ਦੀ ਸੰਗਤ ਦਾ ਨਾਉਂ

Digitized by Panjab Digital Library | www.panjabdigilib.org

'ਨਾਮਧਾਰੀ' ਪਿਆ। ਪਰ ਪ੍ਰੇਮ ਨਾਲ ਉਚੀ ਉਚੀ ਕੂਕਾਂ ਮਾਰਨ ਕਰਕੇ ਇਨ੍ਹਾਂ ਦੇ ਜਗਿਆਸੂਆਂ ਦਾ ਨਾਉਂ 'ਕੂਕੇ' ਪ੍ਰਸਿਧ ਹੋਇਆ। ਸੋ 'ਭੈਣੀ ਕੂਕਿਆਂ' ਦੀ ਪਸਿਧੀ ਕੇਵਲ ਕੂਕਿਆਂ ਕਰਕੇ ਹੀ ਹੈ। ਕਾਗਜ਼ਾਂ ਵਿਚ ਇਸ ਦਾ ਨਾਉਂ 'ਭੈਣੀ ਸਾਲੋ' ਹੈ।

## (੧੦੪) ਜੈਤੋ

ਕੋਟ ਕਪੂਰੇ ਵਿਚੋਂ ਜੈਤੋ ਦੇ ਨਾਉਂ ਤੇ ਅਤੇ ਚੰਦ-ਭਾਨ ਦੋ ਭਾਈਆਂ ਦੇ ਨਾਉਂ ਤੇ ਚੰਦ ਭਾਨ ਪਿੰਡ ਵਸਿਆ ਹੈ। ਇਹ ਬੈਰਾੜਾਂ ਦੇ ਵਡੇ ਪਿੰਡਾਂ ਵਿਚੋਂ ਹਨ। ਏਥੇ ਗੁਰੂ ਦਸਮੇ ਪਾਤਸ਼ਾਹ ਜੀ ਦੇ ਦੋ ਗੁਰਦੁਆਰੇ ਗੰਗਸਰ ਅਤੇ ਟਿੱਬੀ ਸਾਹਿਬ ਹਨ। ੧੯੨੩ ਈ: ਵਿਚ ਏਸੇ ਗੁਰਦੁਆਰੇ ਗੰਗਸਰ ਵਿਚ ਅਖੰਡ ਪਾਠ ਦੇ ਖੰਡਿਤ ਹੋਣ ਦੀ ਅਫਵਾਹ ਤੇ ਮੋਰਚਾ ਲਗਿਆ ਜਿਸ ਵਿਚ ਖਾਲਸਾ ਪੰਥ ਦਾ ਬਹੁਤ ਨੁਕਸਾਨ ਹੋਇਆ ਹੁਣ ਏਥੇ ਪੈਪਸੂ ਦੀ ਸਬ-ਤਹਸੀਲ ਹੈ। ਆਖਰ ਕਾਰ ਗੁਰੂ ਪੰਥ ਦੀ ਜਿਤ ਤੇ ਸਰਕਾਰ ਦੀ ਹਾਰ ਹੋਈ।

## (੧੦੫) ਪੋਨਾ

ਇਹ ਪਿੰਡ ਜ਼ਿਲਾ ਲੁਦਿਹਾਣਾ ਵਿਚ ਬੜੇ ਸਿਧਵਾਂ ਤੋਂ ੧ ਕੋਹ ਦੀ ਵਿਥ ਤੇ ਹੈ। ਜੋ ਬਹੁਤ ਪੁਰਾਣਾ ਹੋਣ ਤੇ ਭੀ ਵਧਿਆ ਨਹੀਂ। ਕੋਈ ਆਖਦੇ ਹਨ ਕਿ ਕਿਸੇ ਸਾਧ ਦਾ ਏਸ ਨੂੰ ਸ੍ਰਾਪ ਹੈ ਕਿ 'ਪੋਨਾ ਓਨੇ ਦਾ ਓਨਾ'। ਪਰ ਕਈ ਵਿਚਾਰ ਦਸਦੇ ਹਨ ਕਿ ਪੰਜੇ ਪਾਂਡੋ ਅਤੇ ਦ੍ਰੋਪਦੀ ਜਦੋਂ ਵਿਰਾਟ ਨਗਰ ਨੂੰ ਗੁਪਤ ਰਹਿਣ ਲਈ ਆਏ ਤਾਂ ਏਥੋਂ ਦੀ ਲੰਘੇ ਤਾਂ ਉਨ੍ਹਾਂ ਦੇ ਰਹਿਣ ਲਈ ਕੋਈ ਜਗਾ ਏਥੇ ਨਾ ਮਿਲੀ ਅਤੇ ਵਿਰਾਜਣ ਲਈ ਭੀ ਕੋਈ ਮੰਜਾ ਨ ਮਿਲਿਆ ਕੇਵਲ ਛੋਟੀ ਮੰਜੀ ਦ੍ਰੋਪਦੀ ਨੂੰ ਮਿਲੀ ਜਿਸ ਤੇ ਉਹ ਆਰਾਮ ਨ ਕਰ ਸਕੀ। ਪਾਂਡੋ ਭੁੰਜੇ ਹੀ ਸਬਰ ਕਰ ਕੇ ਪੈ ਰਹੇ। ਸਵੇਰੇ ਉਠ ਕੇ ਸਾਰੇ ਹੀ ਦੁਖੀਏ ਆਪਣੀ ਵਿਥਿਆ ਸੁਣਾਉਣ ਤੋਂ ਪਿਛੋਂ ਸ੍ਰਾਪ ਦੇ ਕੇ ਚਲੇ ਗਏ—'ਪੋਨਾ ਓਨੇ ਦਾ ਓਨਾ' ਕਰਤਾਰ ਜਾਣੇ ਅਸਲ ਗਲ ਕੀ ਹੈ। ਇਹ ਸ੍ਰਾਪ ਗੋਪੀ ਚੰਦ ਦਾ ਹੈ।

## (੧੦੬) ਜੀਂਦ

ਇਹ ਜਾਖਲ-ਦਿੱਲੀ ਲਾਈਨ ਤੇ ਸਟੇਸ਼ਨ ਹੈ। ਫੂਲਕਿਆਂ ਦੇ ਰਾਜਾ ਗਜਪਤ ਸਿੰਘ ਦੇ ਸਮੇਂ ਤੋਂ ਏਥੇ ਉਨ੍ਹਾਂ ਦੇ ਉਤਰਾਧਿਕਾਰੀ ਗੱਦੀ ਬੈਠਣ ਦੀ ਰਸਮ ਕਰਦੇ ਹਨ। ਰਾਜਧਾਨੀ ਸੰਗਰੂਰ ਹੀ ਰਹੀ ਹੈ। ਜੀਂਦ ਵਿਚ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ ਜਿਸ ਨੂੰ ਰਿਆਸਤ ਵਲੋਂ ਤਕੜੀ ਮੁਆਫੀ ਹੈ।

## (੧੦੭) ਤਖਤੂ ਪੁਰਾ

ਇਹ ਪਿੰਡ ਜ਼ਿਃ ਫੀਰੋਜਪੁਰ ਵਿਚ ਮੋਗੇ ਤੋਂ ੨੧ ਮੀਲ ਦੱਖਣ ਨੂੰ ਧਾਲੀਵਾਲਾਂ ਦੇ ਤਿਅੱਪੇ ਵਿਚ ਹੈ। ਏਥੇ ਪੁਰਾਣੇ ਸਮੇਂ ਵਿਚ ਗੋਪੀ ਚੰਦ, ਭਰਥਰੀ ਅਤੇ ਮਹਾਦੇਵ ਨਾਮੇ ਸਿੱਧਾਂ ਦਾ ਅਸਥਾਨ ਸੀ। ਜਿਸ ਦਾ ਨਿਸ਼ਾਨ ਅੱਜ ਤਕ ਇਕ ਛਪੜੀ ਅਤੇ ਥੜ੍ਹਾ ਵਰਤਮਾਨ ਹੈ। ਇਹ ਸਿੱਧ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਹਰ ਸਮੇਂ ਹੀ ਗੁਪਤ ਰੂਪ ਵਿਚ ਰਹਿੰਦੇ ਸੀ। ਜੋ 'ਸ੍ਰੀ' ਪਰਬਤ ਤੋਂ ਗੁਰੂ

Digitized by Panjab Digital Library | www.panjabdigilib.org

ਸਾਹਿਬਾਂ ਦੇ ਸਿਖ ਹੋ ਕੇ ਨਾਲ ਹੀ ਆ ਗਏ ਸਨ । ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਤਖਤੂਪੁਰੇ ਆਏ ਸੀ । ਤਾਂ ਮਹਾਰਾਜ ਨੇ ਏਥੋਂ ਦੇ ਸਿੱਖਾਂ ਨੂੰ ਉਨ੍ਹਾਂ ਦੇ ਪ੍ਰਤੱਖ ਦਰਸ਼ਨ ਭੀ ਕਰਾਏ ਸਨ । ਜਦੋਂ ਗੁਰੂ ਹਰਿ ਗੋਬਿੰਦ ਸਹਿਬ ਤਖਤੂਪੁਰੇ ਆਏ ਤਾਂ ਓਥੋਂ ਦੀ ਸੰਗਤ ਦੇ ਮੁਹਰੀ ਭਾਈ ਜੱਕੋ ਨੇ ਬੇਨਤੀ ਕੀਤੀ– ਮਹਾਰਾਜ ! ਅਸਾਡੇ ਵਡਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਦੇ ਦਰਸ਼ਨ ਕਰਾਏ ਸੀ । ਆਪ ਭੀ ਉਨ੍ਹਾਂ ਦੇ ਰੂਪ ਹੋ । ਇਸ ਲਈ ਸਾਨੂੰ ਭੀ ਉਨ੍ਹਾਂ ਦੇ ਦਰਸ਼ਨ ਕਰਾਉਣ ਦੀ ਕ੍ਰਿਪਾ ਕਰੋ ਤਾਂ ਹਜ਼ੂਰ ਛੇਵੇਂ ਪਾਤਸ਼ਾਹ ਦੇ ਹੁਕਮ ਨਾਲ ਸਿੱਧ ਹਾਜ਼ਿਰ ਹੋ ਗਏ । ਪਰ ਗੁਰੂ ਜੀ ਨੇ ਸਿੱਖਾਂ ਨੂੰ ਵਰਜ ਦਿਤਾ ਸੀ ਕਿ ਤੁਸੀਂ ਇਨ੍ਹਾਂ ਮੁਕਤ ਪੁਰਖਾਂ ਦੀ ਗੱਲ ਵਿਚ ਗੱਲ ਨਾ ਕਰ ਬੈਠਣਾ । ਜਦੋਂ ਵਾਰਤਾਲਾਪ ਕਰਦਿਆਂ ਇਹ ਸਿੱਧਾਂਤ ਆਇਆ ਕਿ ਗ੍ਰਹਸਤ ਆਸ਼ਰਮ ਹੀ ਸਭ ਤੋਂ ਪ੍ਰਧਾਨ ਹੈ । ਯੁਵਾ ਪੁਰਖ ਨੂੰ ਤਾਂ ਘਰਬਾਰ, ਇਸਤ੍ਰੀ-ਪੁਤ੍ਰ ਛਡ ਕੇ ਸੰਨਿਆਸੀ ਹੋਣ ਨਾਲ ਨਰਕ ਦੀ ਪ੍ਰਾਪਤੀ ਹੁੰਦੀ ਹੈ । ਭਾਃ ਜੱਕੋ ਨੂੰ ਗੁਰੂ ਸਾਹਿਬ ਦੇ ਨਿਖੇਧ ਬਚਨ ਉੱਕਾ ਹੀ ਭੁੱਲ ਗਏ । ਅਤੇ ਆਖਣ ਲਗਾ–'ਮਹਾਰਾਜ ! ਇਹ ਗੋਪੀ ਚੰਦ ੩੬੦ ਰਾਣੀਆਂ ਰੋਂਦੀਆਂ-ਕੁਰਲਾਂਦੀਆਂ ਨੂੰ ਛਡਕੇ ਭਰੇ ਜੋਬਨ ਵਿਚ ਸਾਧੂ ਹੋਇਆ ਹੈ । ਪਤਾ ਨਹੀਂ, ਕਿਹੜੇ ਨਰਕ ਵਿਚ ਪਊਗਾ ।' ਬਸ ! ਗੋਪੀ ਚੰਦ ਦੀ ਕ੍ਰੋਧ ਅਗਨੀ ਨਾਲ ਉਸਦਾ ਮੂੰਹ ਜਲਨ ਲਗ ਪਿਆ ਤਾਂ ਮਹਾਰਾਜ ਨੇ ਜਕੋ ਨੂੰ ਭੀ ਬੰਦ ਕੀਤਾ । ਅਤੇ ਗੋਪੀਚੰਦ ਨੂੰ ਭੀ ਸ਼ਾਂਤ ਕਰਕੇ ਵਿਦਾ ਹੋਣ ਦਾ ਹੁਕਮ ਕੀਤਾ । ਉਸ ਛਪੜੀ ਵਿਚ ਭਾਈ ਜੱਕੋ ਨੂੰ ਮੂੰਹ ਧੋਣ ਲਈ ਆਗਿਆ ਕੀਤੀ । ਜਿਸ ਵਿਚ ਗੁਰੂ ਨਾਨਕ ਦੇਵ ਨੇ ਚਰਨ ਪਾਏ ਸਨ । ਤਾਂ ਭਾਃ ਜੱਕੋ ਨੇ ਅਪਣਾ ਮੂੰਹ ਧੋਕੇ ਜਲਨ ਤਾਂ ਹਟਾ ਲਈ ਪਰ ਉਸ ਦੀ ਸੰਤਾਨ ਦੇ ਮੂੰਹ ਤੇ ਕਾਲੇ ਦਾਗ ਅਜ ਤਕ ਰਹਿੰਦੇ ਹਨ ।

ਪਿਛੋਂ ਏਥੇ ਦਸਮ ਪਾਤਸ਼ਾਹ ਨੇ ਭੀ ਦਰਸ਼ਨ ਦਿਤੇ । ਇਸ ਲਈ ੩ ਗੁਰਦੁਆਰੇ ਓਥੇ ਪ੍ਰਤੱਖ ਹਨ । ਆਖਦੇ ਹਨ ਕਿ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਹਰ ਰਾਇ ਸਾਹਿਬ ਨੇ ਭੀ ਏਥੇ ਦਰਸ਼ਨ ਦਿਤੇ ਹਨ । ਪਰ ਅਸਥਾਨ ਪ੍ਰਗਟ ਨਹੀਂ ।

## (੧੦੮) ਗੰਗਾ-ਨਥਾਣਾ

ਭੁਚੋ ਸਟੇਸ਼ਨ ਤੋਂ ੮ ਮੀਲ ਪਛੋਂ ਨੂੰ ਇਹ ਸਿੱਧੂਆਂ ਦਾ ਪਿੰਡ ਜੋ ਉਨ੍ਹਾਂ ਦੇ ਬਾਹੀਏ ਦੇ ਮਸ਼ਹੂਰ ਪਿੰਡਾਂ ਵਿਚੋਂ ਹੈ । ਇਹ ਸਿੱਧਾਂ ਦੇ ਸਮੇਂ ਤੋਂ ਬਸਿਆ ਹੋਇਆ ਹੈ । ਏਥੇ ਕਾਲੂ ਨਾਥ ਦਾ ਅਸਥਾਨ ਇਸ ਲਈ ਪ੍ਰਸਿਧ ਹੈ ਕਿ ਓਸ ਨੇ ਬਠਿੰਡੇ ਵਾਲੇ ਰਤਨ ਹਾਜੀ ਦੇ (ਜੋ ਹਿੰਦੂ ਤੋਂ ਮੁਸਲਮਾਨ ਹੋਇਆ ਸੀ) ਨਾਲ ਕਰਾਮਾਤਾਂ ਦੇ ਭੇੜ ਵਿਚ ਆਪਣੀ ਕਹੀ ਦੇ ਇਕ ਚੇਪੇ ਵਿਚ ਹੀ ਟਿੱਬੇ ਦੀ ਮਿੱਟੀ ਇਕੱਠੀ ਕਰ ਦਿਤੀ ਸੀ ਜੋ ਹੁਣ ਤਕ ਦਿਖਾਈ ਦਿੰਦਾ ਹੈ । ਏਸੇ ਕਾਲੂ ਨਾਥ ਨੂੰ ਗੁਰੂ ਹਰਿ ਗੋਬਿੰਦ ਸਾਹਿਬ ਨੇ ਆਪਣੀ ਸ਼ਕਤੀ ਦਿਖਾ ਕੇ ਸਿਖ ਬਣਾਇਆ ਸੀ । ਜਿਸ ਨੇ ਇਕ ਬ੍ਰਹਮਚਾਰੀ ਦਾ ਗੰਗਾ ਵਿਚ ਡੁਬਿਆ ਹੋਇਆ ਕਰਮੰਡਲ ਅਤੇ ਫਾਹੁੜੀ ਏਥੋਂ ਹੀ ਕਢ ਵਿਖਾਈ ਸੀ । ਜਿਸ ਤੋਂ ਓਸ ਜਗਾ 'ਗੰਗਾ' ਨਾਮ ਦਾ ਪਿੰਡ ਅਜ ਤਕ ਹੈ । 'ਨਥਾਣੇ' ਇਕ ਹਾਈ ਸਕੂਲ ਅਤੇ ੬ਵੇਂ ਪਾਤਸ਼ਾਹ ਦਾ ਗੁਰਦੁਆਰਾ ਅਤੇ ਹਸਪਤਾਲ ਹੈ । ਜ਼ਿਃ ਫੀਰੋਜ਼ਪੁਰ ਦੀ ਸਬ-ਤਹਿਸੀਲ ਹੈ । ਇਸ ਮੁਕਾਮ ਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਸ਼ਾਹਜਹਾਂ ਦੀਆਂ ਫੌਜਾਂ ਨਾਲ ਯੁਧ ਹੋਇਆ ਸੀ । ਜਿਸ ਵਿਚ ਗੁਰੂ ਸਾਹਿਬ ਦੀ ਫਤਹ ਹੋਈ ਸੀ । ਫੂਲ ਦੇ ਦਾਦੇ ਮੋਹਨ ਨੇ ਪਹਿਲਾਂ ਏਸ ਇਲਾਕੇ ਨੂੰ ਰੋਕਿਆ । ਫੇਰ ਮਰਾੜ ਬੰਨ੍ਹਣ ਤੋਂ ਪਿਛੋਂ ਏਸ ਦੀ ਉਲਾਦ ਦੇ ਚੰਗੀ ਤਰਾਂ ਕਬਜ਼ੇ ਵਿਚ ਆਇਆ ।

Digitized by Panjab Digital Library | www.panjabdigilib.org

## (੧੦੯) ਕੋਟ ਕਪੂਰਾ

ਇਹ ਕਸਬਾ ਫ਼ੀਰੋਜ਼ ਪੁਰ ਬਠਿੰਡਾ ਲਾਈਨ ਤੇ ਹੈ। ਚੌਧਰੀ ਸੰਘਰ ਬੈਰਾੜ ਨੇ ਬਾਬਰ ਬਾਦਸ਼ਾਹ ਨੂੰ ਮਦਦ ਦੇ ਕੇ ਏਸ ਇਲਾਕੇ ਦੀ ਚੌਧਰ ਪ੍ਰਾਪਤ ਕੀਤੀ ਸੀ। ਫੇਰ ਮਨਸੂਰ ਖ਼ਾਂ ਭੱਟੀ (ਰੰਘੜ) ਨੇ ਅਕਬਰ ਨੂੰ ਭੈਣ ਵਿਆਹ ਕੇ ਆਪਣੇ ਨਾਮ ਚੌਧਰ ਕਰਵਾ ਲਈ। ਤਾਂ ਸੰਘਰ ਦੇ ਪੋਤ੍ਰੇ ਭੱਲਣ ਨੇ ਅਕਬਰ ਦੇ ਹਜ਼ੂਰ ਦਾਵਾ ਕੀਤਾ ਤੇ ਅਕਬਰ ਨੇ ਰਿਆਇਤ ਨਾਲ ਆਪਣੇ ਸਾਲੇ ਨੂੰ ਚੌਧਰ ਦਿ ਤੀ। ਜਦੋਂ ਦਸਤਾਰ ਬੰਨ੍ਹਣ ਲਗਿਆ ਤਾਂ ਭੱਲਣ ਨੇ ਉਸ ਤੋਂ ਦਸਤਾਰ ਖੋਹ ਲਈ ਤੇ ਓਥੇ ਹੀ ਢਾਹ ਲਿਆ ਅਤੇ ਆਖਣ ਲਗਾ—'ਬਾਦਸ਼ਾਹ! ਚੌਧਰ ਐਉਂ ਲਈ ਦੀ ਹੈ। ਅਕਬਰ ਨੇ ਹੈਰਾਨ ਹੋ ਕੇ ਅੱਧੀ ਚੌਧਰ ਭੱਲਣ ਨੂੰ ਦੇ ਦਿਤੀ। ਉਸ ਦੇ ਭਾਈ ਲਾਲੇ ਦੇ ਪੁਤ੍ਰ ਕਪੂਰੇ ਨੇ ਚੌਧਰੀ ਬਣ ਕੇ ਕੋਟ ਕਪੂਰਾ ਬੰਨ੍ਹਿਆ ਜਿਸ ਦੇ ਪੁਤ੍ਰ ਸੁਖੀਏ ਨੇ ਗੁਰੂ ਦਸਮ ਪਾਤਸ਼ਾਹ ਦੇ ਨਾਲ ਹੋ ਕੇ ਮੁਕਤਸਰ ਦੇ ਯੁੱਧ ਦੀ ਸੇਵਾ ਕਰਕੇ ਰਾਜਗੀ ਦਾ ਵਰ ਪ੍ਰਾਪਤ ਕੀਤਾ। ਉਸ ਦੇ ਪੋਤੇ ਹਮੀਰ ਸਿੰਘ ਨੇ ਫਰੀਦ ਕੋਟ ਨੂੰ ਆਪਣੀ ਰਾਜਧਾਨੀ ਬਣਾਇਆ। ਜੋ ਅਜ ਤਕ ਉਨ੍ਹਾਂ ਦੀ ਬੰਸ ਦੇ ਕਬਜ਼ੇ ਰਹਿ ਕੇ ਹੁਣ ਪੈਪਸੂ ਨਾਲ ਮਿਲੀ ਹੈ।

## (੧੧੦) ਰਾਮ ਪੁਰਾ

ਇਹ ਪਿੰਡ ਰਾਜ ਪਟਿਆਲਾ ਵਿਖੇ ਬਠਿੰਡਾ ਬਰਨਾਲਾ ਲਾਈਨ ਪਰ ਸਟੇਸ਼ਨ ਹੈ। ਚੌਧਰੀ ਫੂਲ ਦੇ ਛੋਟੇ ਬੇਟੇ ਸ: ਰਾਮ ਸਿੰਘ ਨੇ ਆਪਣੇ ਨਾਮ ਤੇ ਏਸ ਨੂੰ ਆਬਾਦ ਕਰਕੇ ਆਪਣੀ ਰਿਹਾਇਸ਼ ਏਥੇ ਕੀਤੀ। ਏਥੇ ਸਰਦਾਰ ਰਾਮ ਸਿੰਘ ਅਤੇ ਇਸ ਦੇ ਬੜੇ ਭਾਈ ਤ੍ਰਲੋਕ ਸਿੰਘ ਨੇ ਗੁਰੂ ਦਸਮ ਪਾਤਸ਼ਾਹ ਪਾਸੋਂ ਦਮਦਮੇ ਸਾਹਿਬ ਵਿਖੇ ਅੰਮ੍ਰਿਤ ਛਕਿਆ ਅਤੇ ਉਸ ਤੋਂ ਪਹਿਲਾਂ ਭੰਗਾਣੀ ਦੇ ਜੁੱਧ ਵਿਚ ਆਪਣੇ ਸਵਾਰਾਂ ਸਮੇਤ ਹਜ਼ੂਰ ਦੀ ਸੇਵਾ ਕੀਤੀ ਸੀ। ਏਸੇ ਸ: ਰਾਮ ਸਿੰਘ ਦੇ ਮਝਲੇ ਪੁਤ੍ਰ ਬਾਬਾ ਆਲਾ ਸਿੰਘ ਨੇ ਬਰਨਾਲੇ ਤੋਂ ਪਟਿਆਲਾ ਬੰਨ੍ਹਕੇ ਰਾਜ ਪਟਿਆਲਾ ਦੀ ਨਿਉਂ ਰਖੀ।

## (੧੧੧) ਲਿੱਛ ਵੱਦੀ

ਇਥੇ ਲਿਛਵੀ ਕੌਮ ਦਾ ਕੋਈ ਹਿੰਦੂ ਰਾਜਾ ਪੁਰਾਣੇ ਸਮੇਂ ਵਿਚ ਰਾਜ ਕਰਦਾ ਸੀ। ਜੋ ਮਗਧ ਦੇ 'ਗੁਪਤਾ' ਬੰਸ ਦੇ ਸਮੇਂ ਸਮੁਦ੍ਰ ਗੁਪਤ ਦੀ ਦਿਗ ਵਿਜੇ ਕਰਨ ਵੇਲੇ ਓਸ ਦੇ ਨਾਲ ਆਉਣ ਵਾਲਿਆਂ ਲਿੱਛਵੀਆਂ ਵਿਚੋਂ ਸੀ ਅਤੇ ਪਹਾੜੀਏ ਰਾਜੇ 'ਲਲਤਾ ਦਿਤ' ਦੇ ਵਿਆਹਿਆ ਹੋਇਆ ਸੀ। ਕਿਸੇ ਗਲੋਂ ਉਹਨਾਂ ਦੋਹਾਂ ਦੀ ਅਣ ਬਣ ਹੋ ਗਈ। ਤਾਂ ਰਾਜਾ ਲਲਤਾ ਦਿੱਤ ਜੁੱਧ ਵਿਚ ਤਾਂ ਉਹਦੇ ਕੋਲੋਂ ਹਾਰ ਗਿਆ ਪਰ ਸਤਲੁਜ ਨੂੰ ਉਸਦੇ ਰਾਜ ਪ੍ਰਵੇਸ਼ ਕਰਨ ਤੋਂ ਬੰਨ੍ਹ ਲਾ ਕੇ ਰੋਕ ਲਿਆ, ਜੋ ਕਿ ਲਿੱਛਾਵੱਦੀ ਦੇ ਨਾਲ ਦੀ ਵਗਦਾ ਸੀ। ਪਰ ਜਾਲੰਧਰ ਤਕ ਦਾ ਇਲਾਕਾ ਓਦੋਂ ਤੋਂ ਸਤਲੁਜ ਨੇ ਆਪਣਾ ਰੁਖ ਓਥੋਂ ਬਹੁਤ ਸਾਰਾ ਉਤਰ ਵਲ ਨੂੰ ਕਰ ਲਿਆ ਹੈ। ਓਸ ਸਮੇਂ ਇਹ ਸ਼ਹਿਰ ਓਥੇ ਸੀ ਜਿਥੇ ਅਜ ਕਲ ਭਸੌੜ ਦਾ ਗੁਰਦੁਆਰਾ 'ਪੰਚ ਖੰਡ' ਹੈ। ਹੁਣ ਤਕ ਏਥੇ ਪੁਰਾਣੇ ਕਿਲੇ ਦਾ ਢਾਂਚਾ ਨਜ਼ਰ ਆਉਂਦਾ ਹੈ। ਪਿਛੋਂ ਏਥੇ ਸੈਦਪੁਰ ਨਾਮੇਂ ਕੋਈ ਸ਼ਹਿਰ ਬਸਿਆ। ਕਹਿੰਦੇ ਹਨ ਏਥੇ ਗੁਰੂ ਨਾਨਕ ਦੇਵ ਜੀ ਭੀ ਆਏ ਮਨ। ਸਮਾਂ ਪਾ ਕੇ ਇਹ ਉਜੜ ਗਿਆ। ਫੇਰ ਭਸੌੜ ਬਸ ਜਾਣ ਦੇ ਕਾਰਣ ਫੇਰ ਲਿੱਛਾਬੱਦੀ ਉਸ ਤੋਂ ਬਾਹਰ ਬਸੀ।

Digitized by Panjab Digital Library | www.panjabdigilib.org

## (੧੧੨) ਫ਼ੀਰੋਜ਼ ਪੁਰ

ਇਹ ਸ਼ਹਿਰ ਫ਼ੀਰੋਜ਼ ਸ਼ਾਹ ਤੁਗ਼ਲਕ ਦਾ ਲਗ ਪਗ ੧੩੪੦ ਈ: ਦਾ ਬਸਾਇਆ ਹੋਇਆ ਹੈ। ਮੁਗ਼ਲ ਰਾਜ ਤੋਂ ਪਿਛੋਂ ਇਹ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਵਿਚ ਸੀ। ਸਬਰਾਉਂ ਦੀ ਲੜਾਈ ਤੋਂ ਪਿਛੋਂ ਅੰਗ੍ਰੇਜ਼ਾਂ ਨੇ ਪਹਿਲਾਂ ਏਸ ਸ਼ਹਿਰ ਤੇ ਕਬਜ਼ਾ ਕਰ ਕੇ ਲਾਹੌਰ ਤੇ ਕਬਜ਼ਾ ਕੀਤਾ ਸੀ।

## (੧੧੩) ਸਬਰਾਉਂ

ਇਹ ਪਿੰਡ ਫ਼ੀਰੋਜ਼ ਪੁਰ ਤੋਂ ਥੋੜੀ ਵਿਥ ਤੇ ਸਤਲੁਜ ਦਰਿਆ ਉਤੇ ਹੈ। ਏਥੇ ੧੮੪੬ ਈਸਵੀ ਵਿਚ ਅੰਗ੍ਰੇਜ਼ਾਂ ਤੇ ਸਿਖਾਂ ਦੀ ਲੜਾਈ ਹੋਈ। ਜਿਸ ਵਿਚ ਸ: ਸ਼ਾਮ ਸਿੰਘ ਅਟਾਰੀ ਵਾਲੇ ਸ਼ਹੀਦ ਹੋਏ ਅਤੇ ਸਰਕਾਰ ਲਾਹੌਰ ਨੂੰ ਪੂਰੀ ਹਾਰ ਹੋਈ ਅਤੇ ਸਰਕਾਰ ਅੰਗ੍ਰੇਜ਼ੀ ਨੇ ਫ਼ੀਰੋਜ਼ ਪੁਰ ਦੇ ਰਾਹੀਂ ਲਾਹੌਰ ਨੂੰ ਜਾ ਰੋਕਿਆ।

## (੧੧੪) ਨਾਂਗੇ ਦੀ ਸਰਾਂ

ਇਹ ਪਿੰਡ ਮੁਕਤਸਰ ਤੋਂ ੫ ਕੋਹ ਪੂਰਬ ਵਲ ਨੂੰ ਕੋਟ ਕਪੂਰੇ ਵਾਲੀ ਸੜਕ ਤੇ ਹੈ। ਇਹਦਾ ਪਹਿਲਾ ਨਾਮ 'ਮਤੇ ਦੀ ਸਰਾਂ' ਸੀ। ਇਹ ਬਹੁਤ ਪੁਰਾਣਾ ਅਸਥਾਨ ਹੈ। ਕਹਿੰਦੇ ਹਨ ਕਿ ਏਥੇ ਯਦੂ ਬੰਸੀ ਰਾਜਾ ਸਾਲਬਾਹਨ (ਪੰਜਵੀਂ ਸਦੀ) ਦਾ ਸੂਬਾ, ਉਸ ਦਾ ਪੁਤ੍ਰ ਤ੍ਰੈਹਣ ਰਹਿੰਦਾ ਸੀ ਅਤੇ ਨਗਰ ਦਾ ਨਾਉਂ 'ਸਾਲਬਾਹਨ ਪੁਰ' ਸੀ। ਏਸ ਨੂੰ ਬਗ਼ਦਾਦੀ ਮੁਸਲਿਆਂ ਨੇ ਬਰਬਾਦ ਕੀਤਾ। ਏਸ ਦੇ ਥੇਹ ਤੋਂ ਹੁਣ ਤਕ ਪੁਰਾਣੇ ਸਿੱਕੇ ਅਤੇ ਮਿਟੀ ਦੇ ਅਦਭੁਤ ਬਰਤਨ ਨਿਕਲਦੇ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਜਨਮ ਭੂਮੀ ਭੀ ਇਹੋ ਹੈ।

## (੧੧੫) ਨਿਰਵਾਣਾ

ਇਹ ਇਲਾਕਾ ਪਟਿਆਲਾ ਦੀ ਤਹਿਸੀਲ ਹੈ। ਜੋ ਜਾਖਲ ਅਤੇ ਰੋਹਤਕ ਲਾਈਨ ਤੇ ਰੇਲਵੇ ਸਟੇਸ਼ਨ ਹੈ। ਏਸ ਨੂੰ ਪਹਿਲਾਂ ਫੂਲਕਿਆਂ ਦੇ ਵਡੇਰਿਆਂ ਨੇ ਭੱਟੀਆਂ ਪਾਸੋਂ ਜਿਤਿਆ ਸੀ। ਫੇਰ ਮੋਹਣ ਦੇ ਬੀਦੋਵਾਲ ਛਡਣ ਤੋਂ ਭੱਟੀਆਂ ਨੇ ਰੋਕ ਲਿਆ ਮਗਰ ਮਹਾਰਾਜਾ ਕਰਮ ਸਿੰਘ (ਪਟਿਆਲਾ) ਨੇ ਏਸ ਨੂੰ ਅਜਿਹੇ ਤਕੜੇ ਹਥ ਪਾਏ ਜੋ ਅਜ ਤਕ ਰਿਆਸਤ ਪਟਿਆਲਾ ਦੇ ਕਬਜ਼ੇ ਵਿਚ ਹੈ।

## (੧੧੬) ਫੇਰੂ ਸ਼ਹਿਰ

ਇਹ ਫ਼ੀਰੋਜ਼ ਪੁਰ ਤੋਂ ੧੦ ਮੀਲ ਦੇ ਲਗ ਪਗ ਲੁਧਿਆਣੇ ਲਾਈਨ ਤੇ ਹੈ। ਇਸ ਨੂੰ ਫ਼ੀਰੋਜ਼ ਸ਼ਾਹ ਭੀ ਕਹਿੰਦੇ ਹਨ, ਅਸਲ ਵਿਚ ਇਸ ਦਾ ਨਾਮ ਫੇਰੂ ਸ਼ਹਿਰ ਹੀ ਹੈ। ਇਥੇ ਸਿਖਾਂ ਤੇ ਅੰਗ੍ਰੇਜ਼ਾਂ ਦੀ ੧੮੪੫ ਈ: ਵਿਚ ਬਹੁਤ ਭਾਰੀ ਲੜਾਈ ਹੋਈ। ਜਿਸ ਵਿਚ ਪਹਿਲਾਂ ਅੰਗ੍ਰੇਜ਼ ਮੋਰਚਾ ਛਡਕੇ ਭਜ ਗਏ, ਪਿਛੋਂ ਸਿਖ ਰਾਜ ਦੇ ਲੂਣ ਹਰਾਮੀ ਲਾਲ ਸਿੰਘ, ਤੇਜਾ ਸਿੰਘ (ਬਾਹਮਣ) ਕਮਾਂਡਰ ਇਨਚੀਫ਼ ਜਾਣ ਬੁਝ ਕੇ ਸਿੱਖ ਫ਼ੌਜ ਨੂੰ ਪਿਛੇ ਹਟਾ ਲੈ ਗਏ। ਤਾਂ ਅੰਗ੍ਰੇਜ਼ਾਂ ਨੇ ਹਾਰਿਆ ਹੋਇਆ ਜੰਗ ਜਿਤਿਆ।

Digitized by Panjab Digital Library | www.panjabdigilib.org

## (੧੧੬ ੳ) ਅੰਡਲੂ

ਇਹ ਮੰਜ ਰਾਜਪੂਤਾਂ ਦਾ ਪਿੰਡ ਰਾਇਕੋਟ ਤੋਂ ੪ ਕੋਸ ਚੜ੍ਹਦੇ ਨੂੰ ਹੈ। ਜਦੋਂ ਇਨ੍ਹਾਂ ਨੇ 'ਭੈਣੀ ਦਰੇੜੇ' ਨੂੰ ਤਅਸਬ ਕਰ ਕੇ ਉਜਾੜ ਕੇ ਉਸ ਦਾ ਥੇਹ ਬਣਾ ਦਿਤਾ ਤਾਂ ਗੁਰੂ ਹਰਿ ਗੋਬਿੰਦ ਸਾਹਿਬ ਕੋਲ ਉਨ੍ਹਾਂ ਲੋਕਾਂ ਨੇ ਫਰਿਆਦ ਕੀਤੀ ਜੋ 'ਕੈਲੇ' ਪਿੰਡ ਵਿਖੇ ਫੌਜਾਂ ਸਮੇਤ ਵਿਰਾਜਮਾਨ ਸਨ। ਤਾਂ ਹਜੂਰ ਨੇ ਆਪਣੀਆਂ ਫੌਜਾਂ ਭੇਜ ਕੇ ਅੰਡਲੂ ਦਾ ਥੇਹ ਕਰ ਦਿਤਾ। ਜੋ ਅਜ ਤਕ ਹੈ,ਅਤੇ ਉਨ੍ਹਾਂ ਨੂੰ ਲਹਿੰਦੇ ਵਲ ਬਸਣ ਦੀ ਆਗਿਆ ਕੀਤੀ। ਸਿਖਾਂ ਨੂੰ ਆਖਿਆ ਹੁਣ ਇਹ ਵਾਸਤਾ ਪਾਉਂਦੇ ਹਨ, ਖਿਮਾ ਕਰੋ। ਜੇ ਖਾਲਸੇ ਨਾਲ ਫੇਰ ਅੜੇ ਤਾਂ ਦੂਜੀ ਵਾਰ ਫੇਰ ਫੂਕਾਂਗੇ, ਤਾਂ ਪਾਕਸਤਾਨ ਬਣਨ ਦੇ ਵੇਲੇ ਉਸੇ ਤਰ੍ਹਾਂ ਹੀ ਹੋਇਆ ਅੰਡਲੂ ਦੂਜੇ ਥਾਂ ਵਸਿਆ ਹੈ। ਥੇਹ ਉਤੇ ਇਕ ਅਸਥਾਨ ਹੈ ਜਿਥੇ ਮੁਸਲਮਾਨ ਫ਼ਕੀਰ ਰਹਿੰਦੇ ਹਨ ਅਤੇ ਉਸ ਮਕਾਨ ਨੂੰ 'ਜਾਹਰ ਵਲੀ' ਦਾ ਮੁਕਾਮ ਆਖਦੇ ਹਨ। ਅਸਲ ਵਿਚ ਉਹ ਗੁਰੂ ਹਰਿ ਗੋਬਿੰਦ ਸਾਃ ਦਾ ਨਿਵਾਸ ਸਥਾਨ ਹੈ।

## (੧੧੭ ਅ) ਲਧੜਾਂ

ਇਹ ਪਿੰਡ ਸਮਰਾਲੇ ਤੋਂ ੨ ਮੀਲ ਪੱਛਮ ਵਲ ਨੂੰ ਜ਼ਿਲਾ ਲੁਧਿਆਣਾ ਵਿਚ ਹੈ। ਸਿਖਾਂ ਦੀ 'ਨਿਸ਼ਾਨਾਂ ਵਾਲੀ' ਮਿਸਲ ਦੇ ਸਰਦਾਰ—ਜੈ ਸਿੰਘ ਦੀ ਰਿਹਾਇਸ਼ ਦਾ ਅਸਥਾਨ ਹੈ। ਇਹ ਪਰਗਣਾਂ ਮੁਗ਼ਲ ਰਾਜ ਤੋਂ ਪਿਛੋਂ ਰਿਆਸਤ ਨਾਭਾ ਦੇ ਅਧੀਨ ਸੀ ਅਤੇ ਰਾਜਾ ਜਸਵੰਤ ਸਿੰਘ ਨਾਭਾ ਦੇ ਸਖ਼ਤੀ ਕਰਨ ਤੋਂ ਸਰਦਾਰਾਂ ਨੇ ਝਗੜਾ ਕੀਤਾ। ਤਾਂ ਅੰਗ੍ਰੇਜ਼ਾਂ ਨੇ ਇਹਨਾਂ ਨੂੰ ਰਿਆਸਤ ਦੇ ਪੰਜੇ ਵਿਚੋਂ ਆਜ਼ਾਦ ਕਰਕੇ ਸਿੱਧਾ ਆਪਣੇ ਅਧੀਨ ਕਰ ਲਿਆ। ਏਥੋਂ ਦੇ ਮਸ਼ਹੂਰ ਸਰਦਾਰ ਬਲਵੰਤ ਸਿੰਘ, ਹਰਬੰਸ ਸਿੰਘ ਅਤੇ ਉਦੇ ਸਿੰਘ ਆਦਿ ਹਨ। ਇਨ੍ਹਾਂ ਦਾ ਖਾਨਦਾਨ (ਗੁਰਮ ਗੋਤ) ਸੇਖਵਾਂ ਦੇ ਰਾਹੀਂ ਰਾਜਾ ਜਗਦੇਵ ਨਾਲ ਜਾ ਮਿਲਦਾ ਹੈ।

## (੧੧੭) ਲੁਧਿਆਣਾ

ਇਹ ਸ਼ਹਿਰ ਸਤਲੁਜ ਦਰਿਆ ਦੇ ਬੁਢੇ ਨਾਲੇ ਪਰ ਬਸਦਾ ਹੈ। ਜੋ ਕਿ ਅਜ ਕਲ ਸਾਰੇ ਮਾਲਵੇ ਦਾ ਕੇਂਦਰ ਹੈ। ਏਥੇ ਜ਼ਿਲਾ ਹੈ, ਜਿਸ ਵਿਚ ਲੁਧਿਆਣਾ ਖਾਸ ਜਗਰਾਉਂ ਤੇ ਸਮਰਾਲਾ ਇਹ ਤਿੰਨ ਤਸੀਲਾਂ ਹਨ।

ਏਸ ਸ਼ਹਿਰ ਨੂੰ ੧੪੯੧ ਈਸਵੀ ਵਿਚ ਸਿਕੰਦਰ ਲੋਧੀ ਦੀ ਆਗਿਆ ਨਾਲ ਉਸ ਦੇ ਅਹਿਲ-ਕਾਰ ਨਿਹੰਗ ਖਾਂ ਤੇ ਆਸਫ ਖਾਂ ਨੇ ਬਸਾਇਆ। ਜਿਨ੍ਹਾਂ ਨੇ ਕਿਲ੍ਹਾ ਤੇ ਛੌਣੀ ਆਬਾਦ ਕਰ ਕੇ ਦੁਆਬੇ ਅਤੇ ਉਰਾਰ ਦੇ ਲੋਕਾਂ ਦੇ ਝਗੜੇ ਮਿਟਾਏ। ਉਸ ਵੇਲੇ ਏਸ ਸ਼ਹਿਰ ਦੀ ਵਸੋਂ ਸਤਲੁਜ ਦੇ ਐਨ ਉਤੇ ਸੀ। ਹੁਣ ਸਤਲੁਜ ਪੰਜ ਕੋਹ ਦੀ ਵਿੱਥ ਤੇ ਹੈ ਅਤੇ ਏਥੇ ਪੁਰਾਣਾ ਬੁਢਾ ਨਾਲਾ ਛਡ ਗਿਆ ਹੈ।

ਜਿਥੇ ਅਜ ਕਲ ਰਾਉ ਘਾਟ ਅਤੇ ਪਹਿਲੀ ਪਾਤਸ਼ਾਹੀ ਦਾ ਗੁਰਦੁਆਰਾ ਹੈ। ਓਥੋਂ ਲੈ ਕੇ ਪੁਰਾਣਾ ਬਾਜ਼ਾਰ, 'ਆਦਾਂ ਦਾ ਫਲ੍ਹਾ' ਸੱਯਦਾਂ ਦਾ ਮੁਹੱਲਾ ਅਤੇ ਨੌ-ਘਰੇ ਸ਼ਹਿਰ ਦੀ ਆਬਾਦੀ ਸੀ। ਪਰ ਹੁਣ ਬਹੁਤ ਵਧ ਗਈ ਹੈ।

Digitized by Panjab Digital Library | www.panjabdigilib.org

ਸਮਾਂ ਪਾ ਕੇ ਜਦੋਂ ਲੋਧੀਆਂ ਨੇ ਏਥੋਂ ਦੀ ਹਿੰਦੂ ਪਰਜਾ ਨੂੰ ਦੁਖ ਦਿਤਾ ਤਾਂ ਉਨ੍ਹਾਂ ਨੇ ਜਹਾਂਗੀਰ (ਮੁਗ਼ਲ) ਬਾਦਸ਼ਾਹ ਕੋਲ (ਜੋ ਕਿ ਲਾਹੌਰ ਨੂੰ ਦੌਰੇ ਤੇ ਜਾ ਰਿਹਾ ਸੀ) ਫਰਿਆਦ ਕੀਤੀ। ਉਸ ਨੇ ਕੁਲ ਲੋਧੀ ਪਠਾਣਾਂ ਨੂੰ ਕਤਲ ਕਰਕੇ ਅਮਨ ਕਾਇਮ ਕੀਤਾ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਬਾਹਰ ਛਾਉਣੀ ਪੁਆਈ, ਜਿਥੇ ਅਜ ਕਲ ਜਵਾਹਰ ਲਾਲ ਕੈਂਪ ਹੈ।

ਅੰਗ੍ਰੇਜ਼ੀ ਰਾਜ ਤੋਂ ਪਹਿਲਾਂ ਇਹ ਕਈ ਬਾਰ ਰਿਆਸਤ ਫੂਲਕਿਆਂ, ਰਾਏ ਕਿਆਂ, ਆਹਲੂ-ਵਾਲੀਆਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਆਇਆ ਅਤੇ ੧੮੦੫ ਤੇ ੧੮੦੯ ਈ: ਦੇ ਐਹਦਨਾਮਿਆਂ ਅਨੁਸਾਰ ਅੰਗਰੇਜ਼ੀ ਰਾਜ ਵਿਚ ਸ਼ਾਮਲ ਹੋਇਆ ਤੇ ਸਤਲੁਜ ਦੇ ਉਰਾਰ ਦੇ ਇਲਾਕੇ ਦੀ ਰੈਜ਼ੀਡੈਨਸੀ ਕਿਲੇ ਵਿਚ ਕਾਇਮ ਹੋਈ।

ਜਦੋਂ ਮੁੱਦਕੀ ਅਤੇ ਅਲੀਵਾਲ ਦੀ ਲੜਾਈ ਦੇ ਪਿਛੋਂ ਲਾਡੂਏ ਵਾਲੇ ਅਜੀਤ ਸਿੰਘ ਦੀ, ਜਿਸ ਦਾ ਕਿਲਾ ਬਦੋਵਾਲ ਵਿਚ ਸੀ, ਅੰਗ੍ਰੇਜ਼ਾਂ ਨਾਲ ਲੜਾਈ ਹੋਈ ਤਾਂ ਅਜੀਤ ਸਿੰਘ ਇਕੱਲੇ ਨੇ ਲੁਧਿਆਣੇ ਅਤੇ ਛਾਉਣੀ ਨੂੰ ਫੂਕ ਦਿਤਾ ਸੀ।

## (੧੧੮) ਲੌਂਗੋਵਾਲ

ਇਹ ਪਿੰਡ ਰਿਆਸਤ ਪਟਿਆਲਾ ਵਿਚ ਦੁੱਲਟ ਜ਼ਿਮੀਂਦਾਰਾਂ ਦਾ ਹੈ। ਜਿਸ ਦੀ ਜੂਹ ੧੨ ਕੋਹਾਂ ਵਿਚ ਹੈ। ਅਤੇ ਸਾਰੇ ਮਾਲਵੇ ਦੇ ਪਿੰਡਾਂ ਵਿਚੋਂ ਸਭ ਤੋਂ ਵੱਡਾ ਹੈ। ਪ੍ਰਸਿੱਧ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਪਿੰਡ ਕੈਂਬੋਵਾਲ ਭੀ ਏਸੇ ਪਿੰਡ ਵਿਚ ਹੀ ਸਮਾ ਗਿਆ ਹੈ। (ਤਃ ਖਾਃ ਗਿਃ ਗਿਆਨ ਸਿੰਘ ਜੀ) ਇਹ ਪਿੰਡ ਮੁਸਲਮਾਨਾਂ ਦੇ ਵੇਲੇ ਉਜਾੜ ਹੋਗਿਆ ਸੀ। ਮਹਾਰਾਜਾ ਆਲਾ ਸਿੰਘ ਨੇ ਏਸ ਨੂੰ ਦੋਬਾਰਾ ਬਸਾਇਆ। ਸੁਨਾਮ ਦੀ ਕੈਦ ਵਿਚੋਂ ਨਿਕਲਕੇ ਮਹਾਰਾਜਾ ਆਲਾ ਸਿੰਘ ਜੀ ਏਥੇ ਹੀ ਬਿਰਾਜੇ ਸਨ।

## (੧੧੯) ਲਲਤੋਂ

ਜੋ ਲਲਿਤਪੁਰ ਦੇ ਚੰਦੇਲਾਂ ਦੀ ਸ਼ਾਖਾ ਹੈ। ਪਹਿਲਾਂ ਇਨ੍ਹਾਂ ਨੇ ਆਪਣੇ ਵਡੇ 'ਪਰਮਰਦੀਦੇਵ'— 'ਪਰਿਮਾਲ' (ਕਾਲੰਜਰ ਦੇ ਰਾਜੇ) ਦੇ ਨਾਉਂ ਤੇ ਪਰਿਮਾਲ ਪਿੰਡ ਬੰਨ੍ਹਿਆ। ਪਰ ਓਥੇ ਪ੍ਰਮਾਰਾਂ ਦਾ ਅਧਿਕਾਰ ਹੋਗਿਆ। ਤਾਂ ਇਨ੍ਹਾਂ ਨੇ ਓਥੋਂ ਡੇਢ ਮੀਲ ਪੂਰਬ ਨੂੰ 'ਲਲਤੋਂ' ਬਸਾਇਆ।

ਇਹ ਪਿੰਡ ਲੁਧਿਆਣੇ ਤੋਂ ੫ ਮੀਲ ਦੀ ਵਿੱਥ ਤੇ ਦੱਖਣ ਵਲ ਹੈ। ਏਸ ਦਾ ਗੋਤ ਚੰਦੇਲ ਗਰੇਵਾਲ ਹੈ। ਜਿਸ ਵੇਲੇ ਅੰਗਰੇਜ਼ਾਂ ਅਤੇ ਸਿਖਾਂ ਦੀ ਲੜਾਈ ਹੋਈ ਤਾਂ ਏਥੋਂ ਦੇ ਮਸ਼ਹੂਰ ਆਦਮੀ ਗੈਂਡੇ ਨੇ ਸਰਕਾਰ ਅੰਗਰੇਜ਼ੀ ਨੂੰ ਮਦਦ ਦਿੱਤੀ। ਤਾਂ ਉਸ ਨੇ ਚਉਧਰੀ ਗੈਂਡੇ ਨੂੰ ਕਾਫੀ ਜਾਗੀਰ ਦਿਤੀ। ਜਿਸ ਤੋਂ ਉਸ ਨੇ ਇਕ ਸੁੰਦਰ ਕਿਲਾ ਭੀ ਬਣਾ ਲਿਆ। ਉਸ ਦੀ ਔਲਾਦ ਵਿਚ ਸਰਦਾਰ ਸ਼ਿਵਦਿਤ ਸਿੰਘ, ਬਲਵੰਤ ਸਿੰਘ ਡੀ. ਸੀ, ਰਘਬੀਰ ਸਿੰਘ, ਸਃ ਬਸਾਵਾ ਸਿੰਘ ਅਤੇ ਅਰਜਨ ਸਿੰਘ ਵੇਦਾਂਤੀ ਚੰਗੇ ਆਦਮੀ ਹੋ ਗੁਜ਼ਰੇ ਹਨ।

## (੧੨੦) ਲੋਹਟ ਬੱਦੀ

ਇਹ ਪਿੰਡ ਅਜ ਕਲ ਰਿਆਸਤ ਨਾਭਾ ਵਿਚ ਹੈ ਇਥੇ ਥਾਣਾ ਤੇ ਡਾਕਖਾਨਾ ਭੀ ਹੈ। ਪੁਰਾਣੇ

Digitized by Panjab Digital Library | www.panjabdigilib.org

ਸਮੇਂ ਵਿਚ ਸਤਲੁਜ ਦਰਿਆ ਏਸ ਦੀ ਵਸੋਂ ਦੇ ਕੋਲ ਦੀ ਵਗਦਾ ਸੀ। ਏਸ ਦੇ ਵਸਣ ਤੋਂ ਪਹਿਲਾਂ ਏਥੇ ਕਿਸੇ ਰਾਜੇ ਦੀ ਬੜੀ ਰਿਆਸਤ ਅਤੇ ਰਾਜਧਾਨੀ ਸੀ। ਪੁਰਾਣੇ ਸਮੇਂ ਵਿਚ ਏਥੋਂ ਦੋ ਮੀਲ ਪੱਛੋਂ ਵਲ ਨੂੰ ਸਤਲੁਜ ਨਾਲ ਬਿਆਸਾ ਆ ਮਿਲਦੀ ਸੀ, ਏਥੇ ਹੀ 'ਦ੍ਵਿਪਾਇਨ-ਸਰੋਵਰ' ਸੀ। ਜਿਥੇ ਪਰਾਸਰ ਦਾ ਪੁਤ੍ਰ 'ਵੇਦ-ਬਿਆਸ' ਜੰਮਿਆ ਸੀ। ਏਸ ਦੇ ਅਤੇ ਕਲਸੀਆਂ ਦੇ ਥਾਂ ਤੇ ਤੇਜ-ਕ੍ਰਿਸ਼ਨ–ਬ੍ਰਹਮ ਰਾਕਸ਼ ਦੀ ਨਗਰੀ ਕ੍ਰਿਸ਼ਨ ਦੀਪ ਸੀ। ਜਿਸ ਨੇ ਤਿਹਾੜੇ ਦੇ ਟਾਕਰੇ ਤੇ ਸਰੋਵਰ ਬਣਾਇਆ ਹੋਇਆ ਸੀ।

ਲੋਹਟ ਬਦੀ ਦਾ ਪਰਗਣਾ ਪਹਿਲਾਂ ਰਿਆਸਤ ਰਾਏ ਕੋਟ ਵਿਚ ਸੀ। ਸਿਖਾਂ ਦੇ 'ਘਲੂ-ਘਾਰੇ' ਤੋਂ ਪਿਛੋਂ ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ਜਦੋਂ ਰਿਆਸਤ ਰਾਏ ਕੋਟ ਬਰਬਾਦ ਕੀਤੀ ਤਾਂ ਇਹ ਰਿਆਸਤ ਨਾਭਾ ਦੇ ਕਬਜ਼ੇ ਵਿਚ ਆਇਆ।

## (੧੨੧) ਰਾਇ ਕੋਟ

ਇਹ ਨਗਰ ਲੁਧਿਆਣੇ ਤੋਂ ੨੪ ਮੀਲ ਦੱਖਣ ਨੂੰ ਜ਼ਿਲਾ ਲੁਧਿਆਣਾ ਵਿਖੇ ਹੈ। ਇਸ ਨੂੰ ੧੭੩੫ ਈਃ ਵਿਚ 'ਰਾਇ ਕੱਲ੍ਹਾ' ਮੰਜ ਰਾਜਪੂਤ ਦੇ ਪੁਤ੍ਰ 'ਰਾਇ ਅਹਿਮਦ' ਨੇ ਤਲਵੰਡੀ ਰਾਇ ਕੀ (ਜ਼ਿਲਾ ਲੁਧਿਆਣਾ) ਤੋਂ ਉਠ ਕੇ ਆਬਾਦ ਕੀਤਾ। ਉਸ ਦੇ ਅਧੀਨ ਜ਼ਿਲਾ ਲੁਧਿਆਣਾ ਦਾ ਬਹੁਤ ਸਾਰਾ ਇਲਾਕਾ ਹੋ ਗਿਆ ਸੀ। ਉਸ ਦੇ ਪੁਤ੍ਰ ਨੇ ਬਾਬਾ ਆਲਾ ਸਿੰਘ ਦੇ ਨਾਲ ਛੇੜ ਛਾੜ ਕੀਤੀ ਤਾਂ ਕੁਝ ਇਲਾਕਾ ਗੁਆ ਬੈਠਾ। ਜਦੋਂ ਅਹਿਮਦ ਸ਼ਾਹ ਅਬਦਾਲੀ ਦਾ ਸਿਖਾਂ ਨਾਲ 'ਕੁਤਬੇ' ਪਿੰਡ ਵਿਖੇ ਜੁੱਧ (ਘੱਲੂ ਘਾਰਾ) ਹੋ ਰਿਹਾ ਸੀ ਤਾਂ ਇਥੋਂ ਦੇ ਹਾਕਿਮ ਅੱਲਾ ਯਾਰ (ਅਲਿਆਸ)ਨੇ ਅਹਿਮਦ ਸ਼ਾਹ ਨੂੰ ਮੁਸਲਮਾਨ ਹੋਣ ਕਰਕੇ ਕੁਝ ਮਦਦ ਭੇਜੀ ਤਾਂ ਉਸ ਜੁਧ ਤੋਂ ਥੋੜੇ ਹੀ ਚਿਰ ਮਗਰੋਂ ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ਆਪ ਨੂੰ ਸਿਖ ਸਮਝ ਕੇ ਰਈਸ ਰਾਇਕੋਟ ਤੋਂ ਬਹੁਤ ਸਾਰਾ ਇਲਾਕਾ ਖੋਹ ਲੈਣਾ ਯੋਗ ਸਮਝਿਆ, ਅਤੇ ਕੁਝ ਹਿੱਸਾ (ਬਸੀਆਂ ਆਦਿਕ) ਸੰਗਰੂਰਾਂ ਵਾਲਿਆਂ ਨੂੰ, ਪਖੋਵਾਲ ਆਦਿ ਨਾਭਾ ਨੂੰ, ਈਸੜੂ ਦਾ ਪ੍ਰਗਣਾ ਸਃ ਜੱਸਾ ਸਿੰਘ ਆਹਲੂਵਾਲੀਏ ਨੂੰ ਦਿਤਾ ਅਤੇ ਜਲਾਲਦੀ ਵਾਲ ਅਰ ਮਹਲਾਂ ਆਦਿਕ ਦਾ ਪਰਗਣਾ ਆਪਣੇ ਕੋਲ ਰਖਿਆ, ਜੋ ਹੁਣ ਤਕ ਹੈ। ਨਾਭਾ, ਸੰਗਰੂਰ ਅਤੇ ਈਸੜੂ ਵਾਲਾ ਇਲਾਕਾ ਹੁਣ ਸਰਕਾਰ ਅੰਗ੍ਰੇਜ਼ੀ ਦੇ ਅਧੀਨ ਹੈ ਛੇਕੜਲੇ ਰਈਸ ਮੁਹੰਮਦ ਅਲੀਆਸ ਨੂੰ ਮਃ ਰਣਜੀਤ ਸਿੰਘ ਨੇ ੪ ਪਿੰਡ (ਰਾਇਕੋਟ, ਮੋਰਗ੍ਰੀਵਾਂ, ਕੋਟਲੀ ਅਤੇ ਰਾਣਕੇ) ਛਡਕੇ ਹੋਰ ਸਭ ਇਲਾਕਾ ਖੋਹ ਲਿਆ ਸੀ ਜੋ ਸਰਕਾਰ ਅੰਗ੍ਰੇਜ਼ੀ ਦੇ ਅਧੀਨ ਹੈ। ਅਲੀਆਸ ਦੇ ਅਉਤ ਚਲੇ ਜਾਣ ਤੋਂ ਉਸ ਦੀ ਰਾਣੀ ਭਾਗਭਰੀ ਉਸ ਦੇ ਪਿੰਡਾਂ ਤੇ ਕਾਬਿਜ਼ ਰਹੀ। ਉਸ ਤੋਂ ਪਿਛੋਂ ਉਸ ਦੇ ਭਾਈਆਂ ਦੀ ਔਲਾਦ ਉਸ ਦੇ ਪਿੰਡਾਂ ਤੇ ਹੁਣ ਤਕ ਕਾਬਿਜ਼ ਹੈ।

## (੧੨੨) ਆਲੀਵਾਲ-ਭੂੰਦੜੀ

ਇਹ ਪਿੰਡ ਜ਼ਿਲਾ ਲੁਧਿਆਣੇ ਵਿਚ ਬੁਢੇ ਨਾਲੇ ਉਤੇ ਲੁਧਿਆਣੇ ਤੋਂ ਲਗ ਪਗ ੧੫ ਮੀਲ ਪਛੋਂ ਨੂੰ ਹੈ। ਏਥੇ ੧੮੪੬ ਈਸਵੀ ਵਿਚ ਅੰਗ੍ਰੇਜ਼ਾਂ ਤੇ ਸਿੱਖਾਂ ਦੀ ਲੜਾਈ ਹੋਈ ਸੀ। ਜਿਸ ਵਿਚ ਲਾਰਡ ਹਾਰਡਿੰਗ ਮਾਰਿਆ ਗਿਆ ਸੀ ਜਿਸਨੂੰ ਇਕ ਬੀਬੀ ਮਾਨ ਕੌਰ ਨੇ ਮਾਰਿਆ ਸੀ। ਉਸ ਬੀਬੀ ਨੂੰ

Digitized by Panjab Digital Library | www.panjabdigilib.org

ਬਹਾਦਰੀ ਦੇ ਕਦਰਦਾਨ ਅੰਗ੍ਰੇਜ਼ ਜਰਨੈਲ ਨੇ ਮਾਰਿਆ ਨਹੀਂ ਸਗੋਂ ਉਸ ਨੂੰ ਬੁਰਜ ਮਾਨ ਕੌਰ ਪਿੰਡ ਦਿਤਾ, ਜੋ ਗੋਰਾ ਹੂਰ ਕੋਲ ਮੰਡ ਵਿਚ ਹੈ।

## (੧੨੩) ਬਰਨਾਲਾ

ਇਹ ਰਿਆਸਤ ਪਟਿਆਲਾ ਦੀ ਮੁਢਲੀ ਰਾਜਧਾਨੀ ਹੈ। ਜੋ ਰਾਏ ਕੋਟ ਤੋਂ ੧੫ ਕੋਹ ਦਖਣ ਨੂੰ ਅਰਧੂਰੀ ਤੋਂ ੧੫–੧੬ ਕੋਹ ਪੜੋਂ ਨੂੰ ਬਠਿੰਡਾ ਲਾਈਨ ਤੇ ਹੈ। ਏਥੇ ਰਿਆਸਤ ਪਟਿਆਲਾ ਦੀ ਨਜ਼ਾਮਤ ਅਤੇ ਮਹਾਰਾਜਾ ਆਲਾ ਸਿੰਘ ਜੀ ਦਾ ਬਣਾਇਆ ਹੋਇਆ ਕਿਲਾ ਹੈ। ਬਾਬਾ ਆਲਾ ਸਿੰਘ ਦੀ ਵਿਧਵਾ ਪੁਤ੍ਰੀ ਬੀਬੀ ਪ੍ਰਧਾਨ ਦਾ ਬਣਾਇਆ ਹੋਇਆ ਨਿਰਮਲੇ ਸੰਤਾਂ ਦਾ ਡੇਰਾ ਬੜਾ ਭਾਰਾ ਅਤੇ ਪ੍ਰਸਿੱਧ ਹੈ। ਜੋ ਬੀਬੀ ਨੇ ਅਪਣੇ ਸਿਖਅਕ ਸੰਤ ਨਿਕਾ ਸਿੰਘ ਲਈ ਬਣਾਇਆ ਸੀ। ਅਤੇ ਕੁਝ 'ਬਾਬਾ ਗਾਂਧਾ ਸਿੰਘ ਦਾ ਡੇਰਾ' ਕਰ ਕੇ ਪ੍ਰਸਿੱਧ ਹੈ। ਅਜ ਕਲ ਉਸ ਦੇ ਪ੍ਰਬੰਧਕ ਮ: ਗੁਰਬਚਨ ਸਿੰਘ ਜੀ ਹਨ, ਜੋ ਬੜੇ ਨੇਕ ਅਤੇ ਆਉਣ ਜਾਣ ਵਾਲਿਆਂ ਦੀ ਯਥਾ ਯੋਗ ਸੇਵਾ ਕਰਦੇ ਹਨ।

ਚੌਧਰੀ ਫੂਲ ਦੇ ਛੋਟੇ ਪੁਤ੍ਰ ਸਰਦਾਰ ਰਾਮ ਸਿੰਘ ਦੇ ਮਝਲੇ ਸਪੁਤ੍ਰ ਮਹਾਰਾਜਾ ਆਲਾ ਸਿੰਘ ਜਦੋਂ ੧੮-੧੯ ਸਾਲ ਦੇ ਹੀ ਸਨ ਤਾਂ ਸੰਘੇੜੇ ਪਿੰਡ ਦੇ ਵਸਨੀਕਾਂ ਨੇ ਆਪਣੇ ਚੌਧਰੀ ਰਾਮ ਸਿੰਘ ਕੋਲ ਫਰਿਆਦ ਕੀਤੀ ਕਿ ਸਾਡੇ ਪਿੰਡ ਨੂੰ ਪਠਾਣ ਡਾਕੂ ਲੁਟ ਰਹੇ ਹਨ। ਸਾਡੀ ਰਖਿਆ ਕੀਤੀ ਜਾਵੇ। ਤਾਂ ਉਨ੍ਹਾਂ ਦੀ ਆਗਿਆ ਅਨੁਸਾਰ ਮਹਾਰਾਜਾ ਆਲਾ ਸਿੰਘ ਨੇ ਥੋੜੇ ਜਿਹੇ ਜੁਆਨ ਲੈ ਕੇ ਡਾਕੂਆਂ ਦੀ ਖੁੰਬ ਆ ਠੱਪੀ। ਅਤੇ ਬਹੁਤ ਜਸ ਪ੍ਰਾਪਤ ਕੀਤਾ। ਅਤੇ ਉਸ ਤੋਂ ਪਿਛੋਂ ਭੱਟੀਆਂ ਅਤੇ ਮੰਜ ਰਾਜਪੂਤਾਂ ਦੇ ਮੁਕਾਬਲੇ ਤੇ ਆਪਣੇ ਪਿਤਾ ਦੇ ਜੀਉਂਦੇ ਜੀ ਬਹੁਤ ਸਾਰੀਆਂ ਜਿੱਤਾਂ ਜਿੱਤੀਆਂ। ਸਰਦਾਰ ਰਾਮ ਸਿੰਘ ਦੇ ਚਲਾਣੇ ਤੋਂ ਪਿਛੋਂ ਪੰਥ ਖਾਲਸਾ ਨੇ ਲੰਮੀ ਵਿਚਾਰ ਕਰਕੇ ਮਹਾਰਾਜਾ ਆਲਾ ਸਿੰਘ ਨੂੰ ਰਾਏ ਕੋਟ, ਝੱਜਰ, ਬੇਰੀ, ਮਾਲੇਰਕੋਟਲਾ ਅਤੇ ਕੋਟ ਈਸੇ ਖਾਂ ਆਦਿ ਰਜਵਾੜਿਆਂ ਦੇ ਸਿਰ ਤੇ ਮਾਲਵੇ ਵਿਚ ਸੁਤੰਤ੍ਰ ਰਾਜ ਕਾਇਮ ਕਰਨ ਲਈ ਪ੍ਰੇਰਿਆ। ਤਾਂ ਉਸ ਨੇ ਸੰਘੇੜਿਆਂ ਦੇ ਕੋਲ ਸੰ: ੧੭੭੫ ਈ: ਵਿਚ ਮਾਲਵੇ ਦੇ ੨੧ ਗੋਤਾਂ ਦੀ ਮਦਦ ਨਾਲ ਕਿਲਾ ਬਰਨਾਲਾ ਬਣਾ ਕੇ ਸਿਖ ਰਾਜਧਾਨੀ ਕਾਇਮ ਕੀਤੀ। ਉਨ੍ਹਾਂ ਗੋਤਾਂ ਵਿਚ ਸੰਧੂ, ਸਿਧੂ, ਸੇਖੋਂ, ਧਾਲੀਵਾਲ, ਢਿਲੋਂ, ਸਰਾਉ ਅਤੇ ਭੱਠਲ ਆਦਿ ਮਸ਼ਹੂਰ ਹਨ।

## (੧੨੪) ਫ਼ਤਹ ਆਬਾਦ

ਇਹ ਜ਼ਿਲਾ ਹਿਸਾਰ ਦੀ ਤਹਿਸੀਲ ਹੈ। ਏਥੇ ਪਹਿਲੀ ਬਾਰ ਬਾਬਾ ਆਲਾ ਸਿੰਘ ਦਾ ਭੱਟੀਆਂ ਨਾਲ ਯੁਧ ਹੋਇਆ। ਜਿਸ ਵਿਚ ਭੱਟੀਆਂ ਦੀ ਹਾਰ ਹੋਈ। ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ਭੱਟੀਆਂ ਨਾਲ ਕਈ ਯੁਧ ਕਰਨ ਤੋਂ ਪਿਛੋਂ ਫਤਹ ਆਬਾਦ ਜਿਤ ਕੇ ਅਤੇ ਬੁਢਲਾਡੇ ਦਾ ਇਲਾਕਾ ਕੈਂਥਲ ਵਾਲੇ ਭਾਈਕਿਆਂ ਨੂੰ ਦੇ ਦਿਤਾ। ਜੋ ਰਿਆਸਤ ਕੈਂਥਲ ਦੇ ਜ਼ਬਤ ਹੋਣ ਤੇ ਸਰਕਾਰ ਅੰਗਰੇਜ਼ੀ ਦੇ ਕਬਜ਼ੇ ਵਿਚ ਆਇਆ।

## (੧੨੫) ਫੂਲ

ਇਹ ਪਿੰਡ ਰਾਮ ਪੁਰਾ ਸਟੇਸ਼ਨ ਤੋਂ ਉਤਰ ਵਲ ਨੂੰ ੪ ਮੀਲ ਰਿਆਸਤ ਨਾਭਾ ਵਿਚ ਹੈ। ਏਥੇ

Digitized by Panjab Digital Library | www.panjabdigilib.org

ਛੋਟਾ ਜਿਹਾ ਸੁੰਦਰ ਕਿਲਾ ਹੈ। ਏਸ ਨੂੰ ਫੂਲਕਿਆਂ ਦੇ ਵਡੇਰੇ ਚੌਧਰੀ ਫੂਲ ਨੇ ੧੭੦੩ ਬਿ: ਵਿਚ ਆਬਾਦ ਕੀਤਾ ਸੀ। ਉਸ ਤੋਂ ਪਿਛੋਂ ਉਸ ਦੇ ਬੜੇ ਬੇਟੇ ਗੁਰਦਿੱਤ ਸਿੰਘ ਦੇ ਕਬਜ਼ੇ ਵਿਚ ਆਇਆ ਜਿਸ ਤੋਂ ਉਸ ਦੇ ਛੋਟੇ ਭਾਈ ਸੁਖਚੈਨ ਸਿੰਘ ਵਾਲੀਏ ਜੀਂਦ ਨੇ ਬਹੁਤ ਚਿਰ ਤਕ ਈਰਖਾ ਰਖੀ। ਮਗਰ ਹੁਣ ਤਕ ਰਿਆਸਤ ਨਾਭਾ ਦੇ ਕਬਜ਼ੇ ਵਿਚ ਹੈ। ਇਥੇ ਰਿਆਸਤ ਨਾਭਾ ਦੀ ਨਜ਼ਾਮਤ ਸੀ। ਹੁਣ ਪੈਪਸੂ ਦੀ ਤਹਿਸੀਲ ਹੈ।

## (੧੨੬) ਸ਼ੇਰ ਪੁਰਾ

ਇਹ †ਪਿੰਡ ਜ਼ਿਲਾ ਲੁਧਿਆਣਾ ਵਿਚ ਜਗਰਾਵਾਂ ਤੋਂ ੨ ਮੀਲ ਤੇ ਵਸਦਾ ਹੈ। ਇਸ ਦੀ ਜੂਹ ਵਿਚ ਇਕ ਪੁਰਾਣਾ ਥੇਹ ਹੈ। ਜਿਸ ਨੂੰ 'ਕਿਰਾੜੀ ਵਾਲਾ' ਥੇਹ ਆਖਦੇ ਹਨ। ਪਹਿਲੇ ਸਮੇਂ ਵਿਚ 'ਵਿਰਾਟ ਨਗਰ' ਉਜੜਨ ਤੋਂ ਹੁੰਨ ਕੌਮ ਨੇ ਛੇਵੀਂ ਸਦੀ ਵਿਚ ਬਰਬਾਦ ਕੀਤਾ। ਉਸ ਤੋਂ ਪਿਛੋਂ ਏਥੇ ਵਿਕ੍ਰਮਾਦਿੱਤ ਪ੍ਰਮਾਰ ਨੇ 'ਤਿਹਾੜਾ' ਨਾਮ ਦਾ ਨਗਰ ਬਸਾਇਆ। ਜੋ ਪਵੀਂ ਸਦੀ ਵਿਚ ਹੂੰਨਾਂ ਨੇ ਬਰਬਾਦ ਕਰ ਦਿਤਾ। ਫੇਰ ਸਾਲਿਬਾਹਨ ਯਾਦਵ ਨੇ ਏਸ ਨੂੰ ਬਸਾਇਆ। ਤੂਰਾਂ ਦੇ ਵੇਲੇ ਏਥੇ ਉਨ੍ਹਾਂ ਦਾ ਸੂਬਾ ਸੀ। ਮੰਜਾਂ ਨੇ ੧੨੩੫ ਦੇ ਲਗ ਪਗ ਇਸ ਨੂੰ ਫੇਰ ਬਰਬਾਦ ਕਰ ਦਿਤਾ। ਓਦੋਂ ਦਾ ਏਸ ਦਸ਼ਾ ਵਿਚ ਹੈ। ਏਥੇ ਨੌ-ਗਜ਼ੇ ਦੀ ਕਬਰ ਹੈ। ਅਜ ਕਲ ਏਸ ਨੂੰ 'ਕਿਰਾੜੀ ਵਾਲਾ' ਆਖਦੇ ਹਨ।

## (੧੨੭) ਮਹਰਾਜ

ਇਹ ਕਸਬਾ ਫੂਲਕਿਆਂ ਰਾਜਿਆਂ ਦੇ ਬਜ਼ੁਰਗ ਭਾਈ ਮੋਹਣ ਆਦਿਕ ਸਿੱਧੂਆਂ ਦਾ ਬੰਨ੍ਹਿਆ ਹੋਇਆ ਹੈ। ਜਿਸ ਨੂੰ ਉਨ੍ਹਾਂ ਨੇ ੧੬੮੪ ਬਿ: ਵਿਚ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਆਗਿਆ ਅਨੁਸਾਰ ਆਪਣੇ ਦਾਦੇ 'ਮਹਰਾਜ' ਦੇ ਨਾਉਂ ਤੇ ਆਬਾਦ ਕੀਤਾ। ਤਾਂ ਇਸ ਇਲਾਕੇ ਦੇ ਮਾਲਿਕ ਮਾਨ, ਭੁੱਲਰ ਅਤੇ ਕੌੜੇ ਜੱਟਾਂ ਨੇ ਉਨ੍ਹਾਂ ਨਾਲ ਜੁਧ ਕੀਤਾ। ਮਗਰ ਮਹਾਰਾਜ ਦੀ ਕ੍ਰਿਪਾ ਨਾਲ ਸਿੱਧੂਆਂ ਦੀ ਜਿੱਤ ਹੋਈ ਅਤੇ ਥੋੜੇ ਹੀ ਸਮੇਂ ਪਿਛੋਂ 'ਮੋਹਣ ਬੰਸ' ਦੀਆਂ ੩ ਰਿਆਸਤਾਂ ਕਾਇਮ ਹੋਈਆਂ। ਇਹ ਪਿੰਡ ਜ਼ਿਲਾ ਫੀਰੋਜ਼ ਪੁਰ ਵਿਚ ਹੈ। ਮਹਰਾਜ ਦੀ ਸੰਤਾਨ ਦੇ ੨੨ ਪਿੰਡ ਹਨ। ਉਸ ਇਲਾਕੇ ਨੂੰ ਬਾਹੀਆ ਆਖਿਆ ਜਾਂਦਾ ਹੈ। ਸਭ ਪਿੰਡ ਗਵਰਨਮੈਂਟ ਵਲੋਂ ਮੁਆਫੀਦਾਰ ਹਨ।

## (੧੨੮) ਮੂਣਕ

ਇਹ ਖੇੜਾ ਜਾਖਲ ਤੋਂ ੩ ਕੋਸ ਚੜ੍ਹਦੇ ਵਲ ਨੂੰ ਰਾਜ ਪਟਿਆਲਾ ਵਿਚ ਹੈ। ਇਥੇ ਫੂਲਕਿਆਂ ਦੇ ਕਈ ਜੁਧ ਮੁਸਲਮਾਨ ਰੰਘੜਾਂ ਨਾਲ ਹੋਏ ਸੀ। ਅਖੀਰ ਨੂੰ ਬਾਬਾ ਆਲਾ ਸਿੰਘ ਅਤੇ ਉਸ ਦੇ ਪੁਤ੍ਰ ਸਰਦੂਲ ਸਿੰਘ ਨੇ ਇਸ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਏਥੋਂ ਦਾ ਕਿਲਾ 'ਸਰਦੂਲ ਗੜ੍ਹ' ਕਰ ਕੇ ਪ੍ਰਸਿਧ ਹੈ। ਜਿਥੇ ਥਾਣਾ ਹੈ। ਬਹੁਤੀ ਵਸੋਂ ਸੇਖੋਂ ਜ਼ਿਮੀਂਦਾਰਾਂ ਦੀ ਹੈ।

---

† ਇਸ ਪਿੰਡ ਦੇ ੧੯੧੪—੧੫ ਮਾਂਡਲੇ ਕੇਸ ਦੇ ਪ੍ਰਸਿਧ ਮੋਢੀ ਸ਼ੇਰ ਦਿਲ ਬਾਬੂ ਅਮਰ ਸਿੰਘ ਜੀ, ਪੂਰਨ ਬਰੱਕਤ ਭਾਈ ਵੀਰਮ ਦਾਸ ਜੀ ਰਿਖੀ, ਸੰਤ ਨੰਦ ਸਿੰਘ ਜੀ ਅਤੇ ਮਾਲਵਾ ਇਤਿਹਾਸ ਕਰਤਾ ਸੰਤ ਵਿਸਾਖਾ ਸਿੰਘ ਜਨੇਤ ਪੁਰ ਨੇ ਸ੍ਰੀ ਗੁਰੂ ਜੀ ਦੀ ਕ੍ਰਿਪਾ ਨਾਲ ਸਿਖੀ ਪ੍ਰਚਾਰ ਤੇ ਬਹੁਤ ਸੁੰਦ੍ਰ ਗੁਰਦੁਵਾਰਾ ਤਿਆਰ ਕੀਤਾ ਹੈ ਜਿਥੇ ਲੋਕ ਸੁਬਾ ਸ਼ਾਮ ਭਜਨ ਕੀਰਤਨ, ਤੇ ਸਾਲਾਨਾ ਧਾਰਮਕ ਦੀਵਾਨ ਹੁੰਦਾ ਹੈ ਅਰ ਡੀ. ਬੀ. ਹਾਈ ਸਕੂਲ ਭੀ ਹੈ।

Digitized by Panjab Digital Library | www.panjabdigilib.org

## (੧੨੯) ਮੁਕਤਸਰ

ਇਹ ਜ਼ਿਲਾ ਫੀਰੋਜ਼ ਪੁਰ ਦੀ ਤਹਿਸੀਲ ਹੈ। ਇਥੇ ਸੂਬਾ ਸਰਹੰਦ ਦੀ ਫੌਜ ਨਾਲ ੧੭੬੧ ਬਿਃ ਵਿਚ ਦਸਮ ਪਾਤਸ਼ਾਹ ਜੀ ਦਾ ਜੁੱਧ ਹੋਇਆ ਸੀ। ਜਿਸ ਵਿਚ ਭਾਃ ਮਹਾਂ ਸਿੰਘ ਜੀ ਆਦੀ ੪੦ ਸ਼ਹੀਦਾਂ ਨੂੰ ੪੦ ਮੁਕਤੇ ਦੀ ਪਦਵੀ ਦਿਤੀ ਗਈ। ਜਿੱਤ ਖਾਲਸੇ ਦੀ ਹੋਈ। ਪਹਿਲਾਂ ਏਥੇ ਖਿਦਰਾਣਾ ਪਿੰਡ ਅਤੇ ਉਸ ਦੀ ਢਾਬ ਸੀ। ੪੦ ਮੁਕਤਿਆਂ ਦੇ ਨਾਮ ਤੇ ਸ਼ਹਿਰ ਦਾ ਨਾਮ 'ਮੁਕਤਸਰ' ਹੋਇਆ।

## (੧੩੦) ਮਾਛੀਵਾੜਾ

ਇਹ ਖੇੜਾ ਜ਼ਿ: ਲੁਦਿਹਾਣਾ ਵਿਚ ਬਹਿਲੋਲ ਪੁਰ ਤੋਂ ੩ ਕੋਹ ਪਛੋਂ ਨੂੰ ਹੈ। ਏਥੇ ਚਮਕੌਰ ਸਾਹਿਬ ਦੇ ਯੁਧ ਪਿਛੋਂ ਗੁਰੂ ਦਸਮ ਪਾਤਸ਼ਾਹ ਨਾਲ ਸ਼ਾਹੀ ਫੌਜ ਦਾ ਥੋੜਾ ਮੁਕਾਬਲਾ ਪਿਆ ਹੈ। ਗੁਰੂ ਮਹਾਰਾਜ ਨੇ ਹਲਾਲ ਮਾਸ ਦਾ ਕੜਾਹ ਪ੍ਰਸ਼ਾਦ ਬਣਾ ਕੇ ਦਲੇਲ ਖਾਂ ਫੌਜਦਾਰ ਨੂੰ ਆਪਣੇ ਅਧੀਨ ਕਰ ਲਿਆ ਸੀ ਅਤੇ ਪਿਛੋਂ ਨਕਲੀ ਠੂਹ-ਠਾਹ ਹੁੰਦੀ ਤੇ ਗੁਰੂ ਮਹਾਰਾਜ ਜੀ ਅਗਾਂਹ ਨੂੰ ਚਾਲੇ ਪਾ ਗਏ। ਏਥੇ ਗੁਰਦੁਆਰਾ ਚਰਨ ਕਮਲ ਹੈ।

## (੧੩੧) ਮਾਨਸਾ

ਇਹ ਕਸਬਾ ਬਠਿੰਡਾ ਜਾਖਲ ਲਾਇਨ ਤੇ ਰਿਆਸਤ ਪਟਿਆਲਾ ਦੀ ਤਹਿਸੀਲ ਹੈ। ਇਹ ਚਿਰ ਤੋਂ ਮਾਨ ਕੌਮ ਦੇ ਜ਼ਿਮੀਂਦਾਰਾਂ ਦਾ ਹੈ। ਸ਼ਕੱਸਥਾਨ ਤੋਂ ਆਏ ਹੋਏ 'ਸ਼ਾਹੀ' ਗਣ ਸਾਹੀਵਾਲ ਵਿਚ ਅਤੇ ਕਾਲਾਕਾ ਚਾਰਯ ਦੇ ਨਾਲ ਆਏ ਹੋਏ ਉਜੈਨ ਤੋਂ ਹਾਰ ਕੇ ਆਏ ਹੋਏ ਗੁਜਰਾਤ ਦੇ 'ਸ਼ਾਹ' ਰਾਜਿਆਂ ਦੀ ਬੰਸ ਨੇ ਤੀਜੀ ਸਦੀ ਈਸਵੀ ਵਿਚ ਮਾਨਸ਼ਾਹ ਬੰਨ੍ਹਿਆ। ਕੁਝ ਮਥਰਾ ਦੇ ਛਤ੍ਰਪ ਭੀ ਸਮੁੰਦ੍ਰ ਗੁਪਤ ਅਤੇ ਚੰਦਰ ਗੁਪਤ ਤੋਂ ਹਾਰ ਖਾ ਕੇ 'ਗੁਰੂ ਕੇ ਮਾਲਵੇ' ਵਿਚ ਆ ਬਸੇ ਸੀ। ਉਨ੍ਹਾਂ ਦੇ ਇਕ ਸਰਦਾਰ 'ਮਾਨ ਸ਼ਾਹ' ਨੇ ਇਸ ਨੂੰ ਵਸਾਇਆ ਸੀ।

## (੧੩੨) ਮਲੇਰ ਕੋਟਲਾ

ਇਹ ਪਠਾਣਾਂ ਦੀ ਰਿਆਸਤ ੭-੮ ਲੱਖ ਦੀ ਹੈ। ਪਹਿਲਾਂ ਇਹ ਮੁਗਲ ਰਾਜ ਦੇ ਸੂਬਾ ਸਰਹਿੰਦ ਦੇ ਅਧੀਨ ਸੀ। ਗੁਰੂ ਮਹਾਰਾਜ ਦੇ ਸਾਹਿਬਜ਼ਾਦਿਆਂ ਨੂੰ ਨੀਂਹ ਵਿਚ ਚਿਣਨ ਸਮੇਂ ਇਥੋਂ ਦੇ ਹਾਕਮ ਫਤੇਹ ਮੁਹੰਮਦ ਖਾਂ ਨੇ ਸੂਬਾ ਸਰਹਿੰਦ ਨੂੰ ਵਰਜਿਆ ਸੀ। ਇਸ ਲਈ ਗੁਰੂ ਮਹਾਰਾਜ ਨੇ ਇਹਨਾਂ ਦਾ ਰਾਜ ਅਟਲ ਰਹਿਣ ਦਾ ਵਰ ਦਿਤਾ ਸੀ ਅਤੇ ਪੰਥ ਨੇ ਭੀ 'ਹਾ ਦਾ ਨਾਰਾ' ਮਾਰਨ ਕਰਕੇ ਇਸ ਰਿਆਸਤ ਤੇ ਮਿਹਰ ਦੀ ਨਿਗ੍ਹਾ ਰਖੀ। ਮਗਰ ਉਸ ਦੇ ਉਤਰਾਧਿਕਾਰੀਆਂ ਵਲੋਂ ਜਦੋਂ ਦਿੱਲੀ ਵਿਚ ਸਿੱਖਾਂ ਦੀਆਂ ਚੁਗਲੀਆਂ ਹੋਣ ਲਗੀਆਂ ਤਾਂ ਫੂਲਕਿਆਂ ਨੇ ਇਸ ਰਿਆਸਤ ਦਾ ਬਹੁਤ ਸਾਰਾ ਹਿੱਸਾ-ਮਲੌਦ ਦਾ ਪਰਗਣਾ ਅਤੇ ਧੂਰੀ ਦਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ, ਜੋ ਅੱਜ ਤਕ ਰਾਜ ਪਟਿਆਲਾ ਅਤੇ ਕੁਝ ਹਿੱਸਾ (ਪਰਗਣਾ ਮਲੌਦ ਤੇ ਬੇਰ) ਅੰਗਰੇਜ਼ੀ ਇਲਾਕੇ ਵਿਚ ਚਲਿਆ ਗਿਆ। ਹੁਣ ਇਹ ਰਿਆਸਤ ਪੈਪਸੂ ਵਿਚ ਆ ਜਾਣ ਨਾਲ ਸੁਰਖਿਅਤ ਹੈ। ਪਿਛਲੇ ਕਤਲਾਮ ਵਿਚ ਭੀ ਗੁਰੂ ਮਹਾਰਾਜ ਦੇ ਵਰਦਾਨ ਦੇ ਸਦਕੇ ਇਸ ਦਾ ਵਾਲਵਿੰਗਾਂ ਨਹੀਂ ਹੋਇਆ।

Digitized by Panjab Digital Library | www.panjabdigilib.org

## (੧੩੩) ਫ਼ਰੀਦ ਕੋਟ

ਇਹ ਸ਼ਹਿਰ ਫ਼ੀਰੋਜ਼ ਪੁਰ ਅਤੇ ਕੋਟਕਪੂਰੇ ਦੇ ਵਿਚਕਾਰ ਹੈ। ਕਈ ਕਹਿੰਦੇ ਹਨ ਕਿ ਏਸ ਨੂੰ ਕਿਸੇ ਪਹਾੜੀ ਰਾਜਾ 'ਮੋਕਲ ਰਾਏ' ਨੇ ਆਬਾਦ ਕੀਤਾ ਸੀ। ਜਿਸ ਦੀ ਲੜਕੀ ਨੇ ਫ਼ੀਰੋਜ਼ ਤੁਗ਼ਲਕ ਨਾਲ ਵਿਆਹ ਕਰਾਇਆ ਸੀ ਅਤੇ ਫੇਰ ਆਪ ਭੀ ਮੁਸਲਮਾਨ ਹੋ ਗਿਆ ਸੀ। ਜਦੋਂ ਉਹ ਸ਼ਹਿਰ ਬਸਾਉਣ ਲਈ ਕਿਲਾ ਬਣਾ ਰਿਹਾ ਸੀ ਤਾਂ ਫਰੀਦ ਸਾਹਿਬ ਭੀ ਫੜ ਕੇ ਮਜ਼ਦੂਰਾਂ ਵਿਚ ਲਾਏ ਗਏ ਪਰ ਕਿਲਾ ਢਹਿ ਜਾਣ ਤੋਂ ਪਤਾ ਲਗਾ ਕਿ ਇਸ ਦਾ ਕਾਰਣ ਫਰੀਦ ਸਾਹਿਬ ਦੀ ਬੇ ਅਦਬੀ ਹੈ, ਤਾਂ ਰਾਜਾ ਨੇ ਫ਼ਰੀਦ ਸਾਹਿਬ ਨੂੰ ਮਨਾ ਕੇ ਲਿਆਂਦਾ ਅਤੇ ਉਨ੍ਹਾਂ ਦੇ ਨਾਉਂ ਤੇ ਸ਼ਹਿਰ ਦਾ ਨਾਉਂ ਮੋਕਲ ਹਾਰ ਦੇ ਥਾਉਂ ਫ਼ਰੀਦ ਕੋਟ ਰਖਿਆ। ਆਪ ਫਰੀਦ ਸਾਹਿਬ ਦੇ ਹੱਥੋਂ ਮੁਸਲਮਾਨ ਭੀ ਹੋਇਆ।

ਕੋਟ ਕਪੂਰੇ ਵਾਲਿਆਂ ਵਿਚੋਂ ਸ: ਹਮੀਰ ਸਿੰਘ ਦੀ ਵੰਡ ਵਿਚ ਇਹ ਸ਼ਹਿਰ ਤੇ ਇਲਾਕਾ ਆਇਆ। ਜਿਸ ਦੀ ਸੰਤਾਨ ਏਥੋਂ ਦੀ ਰਾਜਾ ਬਣੀ। ਇਹਨਾਂ ਵਿਚੋਂ ਹੀ ਮਹਾਰਾਜਾ ਬਿਕ੍ਰਮ ਸਿੰਘ ਜੀ ਹੋਏ। ਜਿਨ੍ਹਾਂ ਨੇ ਤਿੰਨ ਲੱਖ ਰੁਪਇਆ ਖਰਚ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕਰਵਾਇਆ।

## (੧੩੪) ਕਾਕੜਾ

ਇਹ ਰੰਘੜਾਂ ਦਾ ਪਿੰਡ ਰਿਆਸਤ ਪਟਿਆਲਾ ਵਿਚ ਢੋਡਿਆਂ ਤੋਂ ਇਕ ਕੋਹ ਪਛੋਂ ਉਤਰ ਨੂੰ ਹੈ। ਏਥੋਂ ਦੇ ਮੁਸਲਮਾਨ ਅਹਿਲਕਾਰਾਂ ਨੂੰ ਬਾਬੇ ਬੰਦਾ ਸਿੰਘ ਨੇ ਬੁਰੀ ਤਰ੍ਹਾਂ ਕਤਲ ਕੀਤਾ। ਜਿਨ੍ਹਾਂ ਨੇ ਦਿਲੀ ਦਰਬਾਰ ਵਿਚ ਸਿਖਾਂ ਤੇ ਅਤਿਆਚਾਰ ਕੀਤਾ ਸੀ।

## (੧੩੫) ਕੁਢਾਣੀ

ਇਹ ਪਿੰਡ ਰਿਆਸਤ ਪਟਿਆਲਾ ਵਿਚ ਦੁਰਾਹਾ ਤੋਂ ੫ ਕੋਹ ਪਛੋਂ ਨੂੰ ਹੈ। ਏਥੋਂ ਦੇ ਰਾਮ ਰਾਈਏ ਮਸੰਦਾਂ ਨੇ ਗੁਰੂ ਘਰ ਨਾਲ ਧ੍ਰੋਹ ਕਮਾਇਆ ਸੀ। ਇਸ ਲਈ ਬਾਬਾ ਬੰਦਾ ਸਿੰਘ ਨੇ ਉਨ੍ਹਾਂ ਨੂੰ ਡੰਡ ਦੇਣਾ ਚਾਹਿਆ। ਮਗਰ ਉਨ੍ਹਾਂ ਨੇ ਗੁਰੂ ਛੇਵੇਂ ਦੀ ਦੁਹਾਈ ਦਿਤੀ ਅਤੇ ਛੇਵੇਂ ਪਾਤਸ਼ਾਹ ਦੇ ਗੁਰਦੁਆਰੇ ਉਨ੍ਹਾਂ ਦੇ ਕਿਲੇ ਗਵਾਲੀਅਰ ਵਿਚੋਂ ਨਿਕਲਣ ਵੇਲੇ ਦੇ ਪ੨ ਕਲੀਆਂ ਵਾਲੇ ਚੋਗੇ ਦਾ ਦਰਸ਼ਨ ਕਰਾਇਆ। ਤਾਂ ਬਾਬਾ ਬੰਦਾ ਨੇ ਉਨ੍ਹਾਂ ਨੂੰ ਛੱਡ ਦਿਤਾ।

## (੧੩੬) ਗਹਿਲਾਂ

ਇਹ ਪਿੰਡ ਰਾਏ ਕੋਟ ਤੋਂ ੭ ਕੋਹ ਦੱਖਣ ਰਿਆਸਤ ਪਟਿਆਲਾ ਵਿਚ ਹੈ। ਏਥੇ ਆਕੇ ਅਹਿਮਦ ਸ਼ਾਹ ਤੇ ਸਿਖਾਂ ਦੇ ਘਲੂਘਾਰੇ ਦਾ ਯੁਧ ਸਮਾਪਤ ਹੋਇਆ ਸੀ। ਏਥੋਂ ਦੇ ਲੋਕਾਂ ਨੇ ਸਿੰਘਾਂ ਨੂੰ ਅਪਣੇ ਅੰਦਰੀਂ ਪਨਾਹ ਦੇ ਕੇ ਬਚਾਇਆ ਸੀ।

## (੧੩੭) ਹਠੂਰ

ਇਹ ਜਗਰਾਉਂ ਤੋਂ ਅੱਠ ਕੋਹ ਦੱਖਣ ਵਲ ਨੂੰ ਜ਼ਿਲਾ ਲੁਧਿਆਣਾ ਵਿਚ ਬਹੁਤ ਪੁਰਾਣਾ ਪਿੰਡ ਹੈ। ਕਿਸੇ ਜ਼ਮਾਨੇ ਵਿਚ ਏਥੋਂ ਦੀ ਸਤਲੁਜ ਵਗਿਆ ਸੀ ਅਤੇ ਸਤਲੁਜ ਦੇ ਉਰਾਰ ਦਾ ਇਲਾਕਾ

Digitized by Panjab Digital Library | www.panjabdigilib.org

'ਹਿਠਾੜ' ਕਹਾਉਂਦਾ ਸੀ, ਜਿਹੜਾ ਕਿ ਉਸ ਦੇ ਮੰਡ ਤੋਂ ਨੇੜੇ ਅਥਵਾ ਨਾਲ ਲਗਦਾ ਸੀ। ਇਸ ਲਈ ਇਸ ਪਿੰਡ ਦਾ ਨਾਉਂ ਹਿਠਾਰ ਯਾ ਹਠੂਰ ਰਖਿਆ ਗਿਆ ਸੀ। ਪੰਜਵੀਂ ਸਦੀ ਈਸਵੀ ਦੇ ਅੰਤ ਵਿਚ ਹੂੰਨਾਂ ਨੇ ਇਹ ਬਰਬਾਦ ਕੀਤਾ। ਪਰ ਛੇਵੀਂ ਸਦੀ ਦੇ ਆਰੰਭ ਵਿਚ ਇਹ ਖਾਸ ਨਗਰ ਸੀ। ੯ਵੀਂ ਸਦੀ ਈਸਵੀ ਵਿਚ ਤੁਰਾਂ ਨੇ ਏਸ ਨੂੰ ਬਹੁਤ ਉੱਨਤ ਕੀਤਾ। ਮੰਜ ਰਾਜਪੂਤਾਂ ਦੇ ਏਥੇ ਆਉਣ ਤੋਂ ਪਹਿਲਾਂ ਪ੍ਰਿਥੀ ਰਾਜ ਦੇ ਨਾਨਕਿਆਂ ਦੇ ਖਾਨਦਾਨ ਵਿਚੋਂ ਕੋਈ ਛੋਟਾ ਜਿਹਾ ਤੰਵਾਰ ਰਾਜਾ ਰਾਜ ਕਰਦਾ ਸੀ। ਜਿਸ ਨੂੰ ਰਾਏ ਤੁਲਸੀ ਰਾਮ (ਸ਼ੇਖ ਚਾਚੋ) ਨੇ ਜੈਸਲਮੇਰ ਤੋਂ ਆਕੇ ਮਾਰਿਆ। ਅਤੇ ਉਸ ਦੇ ਇਲਾਕੇ ਉਤੇ ਕਬਜ਼ਾ ਕਰਕੇ ਹਠੂਰ ਨੂੰ ਆਪਣੀ ਰਾਜਧਾਨੀ ਬਣਾਇਆ। ਇਹ ਖਾਨਦਾਨ ਗੁਲਾਮਾਂ ਦੇ ਸ਼ਮਸ਼ੁਦੀਨ ਦੇ ਵੇਲੇ ਦੀ ਗੱਲ ਹੈ। ਇਹ ਬਹੁਤ ਪੁਰਾਣਾ ਸ਼ਹਿਰ ਹੈ, ਜੋ ਵਿਰਾਟ ਨਗਰ ਦੀ ਉਪ ਰਾਜਧਾਨੀ ਅਤੇ ਪੁਰਾਣੇ ਰਾਜਿਆਂ ਦੇ ਖੇਡਾਂ ਖੇਡਣ ਦਾ ਥਾਂ, ਫੌਜਾਂ ਦੀ ਛਾਉਣੀ ਅਤੇ ਹਾਥੀ-ਘੋੜਿਆਂ ਲਈ ਚਰਾਂਦਾਂ ਤੇ ਬਾੜੇ ਸਨ। ੭ਵੀਂ ਸਦੀ ਵਿਚ ਆਉਣ ਵਾਲਾ ਚੀਨੀ ਯਾਤਰੂ ਭੀ ਏਸ ਨੂੰ ਪੁਰਾਣਾ ਅਤੇ ਭਾਗ ਭਰਿਆ ਨਗਰ ਦਸਦਾ ਹੈ। ਕਈਆਂ ਦਾ ਵਿਚਾਰ ਹੈ, ਕਿ ਕੁਸ਼ਾਣ ਕੌਮ ਦੇ ਜਟ ਰਾਜਾ ਕਨਿਸ਼ਕ ਨੇ ਮੁੜ, ਸੰਨ ੫੫ ਈਸਵੀ ਦੇ ਲਗ ਪਗ ਏਸ ਨੂੰ ਵਸਾਇਆ। ਜਦ ਕਿ ਓਸਨੇ ਚੀਨ ਨੂੰ ਜਿਤ ਕੇ ਓਥੋਂ ਦੇ ਰਾਜਕੁਮਾਰਾਂ ਨੂੰ ਆਪਣੇ 'ਕਰ' ਦੇ ਗਹੇ ਵਿਚ ਰਖਿਆ ਸੀ। ਏਸ ਗਲ ਦੀ ਸਾਖੀ 'ਹਿਊਨ ਸਾਂਗ' ਚੀਨੀ ਯਾਤਰੂ ਦੇ ਲਿਖੇ ਬ੍ਰਿਤਾਂਤ ਤੋਂ ਵੀ ਮਿਲਦੀ ਹੈ। ਉਹ ਆਖਦਾ ਹੈ ਕਿ ਜਾਲੰਧਰ ਤੋਂ ਦੱਖਣ ਦੇ ਪਾਸੇ ਥੋੜੀ ਦੂਰ ਕੋਈ ਥਾਂ ਹੈ ਜਿਥੇ ਉਹ ਚੀਨ ਦੇ ਰਾਜ ਕੁਮਾਰਾਂ ਨੂੰ ਰਖਿਆ ਕਰਦਾ ਸੀ।

## (੧੩੬) ਕੈਂਥਲ

ਇਹ ਜ਼ਿਲਾ ਕਰਨਾਲ ਦੀ ਤਹਿਸੀਲ ਹੈ। ਹਿੰਦੂ ਇਸ ਨੂੰ 'ਕਪਿਥਲ' ਅਰਥਾਤ ਹਨੂਮਾਨ ਦਾ ਅਸਥਾਨ ਕਹਿੰਦੇ ਹਨ। ਇਸ ਤੋਂ ਬਿਨਾਂ ਇਹ ਨਗਰ ਵੈਦਿਕ ਸਮੇਂ ਵਿਚ ਇਕ ਵਾਰ ਚੰਦ੍ਰ ਬੰਸੀਆਂ ਦੇ ਅਧਿਕਾਰ ਵਿਚ ਆਇਆ ਅਤੇ ਸਰਸ੍ਵਤੀ ਦੇ ਕੰਢੇ ਹੋਣ ਤੇ ਬਹੁਤ ਪਵਿਤ੍ਰ ਮੰਨਿਆ ਜਾਂਦਾ ਸੀ। ਏਥੇ ਵੇਦ ਅਤੇ ਉਪਨਿਸ਼ਦਾਂ ਦੀ ਰਚਨਾ ਅਤੇ ਪਠਨ ਪਾਠਨ ਦਾ ਬਹੁਤ ਪਰਚਾਰ ਰਿਹਾ। ਰਾਜਾ ਨਹੁਸ਼ ਦੇ ਸਮੇਂ ਇਸ ਦੀ ਬਹੁਤ ਉੱਨਤੀ ਹੋਈ।

੧੭੭੮ ਈ: ਵਿਚ ਏਥੋਂ ਦੇ ਨਵਾਬ ਨੇ ਜਦੋਂ ਪਰਜਾ ਬਹੁਤ ਦੁਖੀ ਕੀਤੀ ਤਾਂ ਭਾਈ ਭਗਤੂ ਦੀ ਸੰਤਾਨ ਵਿਚੋਂ ਭਾਈ ਦੇਸੂ ਸਿੰਘ ਪਾਸ ਲੋਕਾਂ ਨੇ ਫਰੀਆਦ ਕੀਤੀ ਜੋ ਕਿ ੨੫ ਸਵਾਰਾਂ ਸਮੇਤ ਕੈਂਥਲ ਦੇ ਨੇੜੇ ਹੀ ਉਤਰੇ ਹੋਏ ਸਨ। ਤਾਂ ਉਨ੍ਹਾਂ ਨੇ ਪਹਿਲਾਂ ਨਵਾਬ ਨੂੰ ਦ੍ਵੰਦ ਯੁਧ ਵਿਚ ਹਰਾ ਕੇ ਕੁਲ ੨੫ ਸਵਾਰਾਂ ਨਾਲ ਹੀ ਕੈਂਥਲ ਪਰ ਕਬਜ਼ਾ ਕਰ ਲਿਆ। ਉਪ੍ਰੰਤ ਨਵਾਬ ਨੂੰ ੪ ਪਿੰਡ ਜਾਗੀਰ ਵਿਚ ਦੇ ਦਿਤੇ। ਇਹਨਾਂ ਦੇ ਪੋਤੇ ਭਾਈ ਉਦੇ ਸਿੰਘ ਜੀ ਜੋ ਆਪ ਨੂੰ 'ਰਾਜਾ' ਨਾਲੋਂ 'ਭਾਈ ਸਾਹਿਬ' ਕਹਾਉਣਾ ਅਧਿਕ ਪਸੰਦ ਕਰਦੇ ਸੀ। ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਤੋਂ ਗੁਰ ਪਰਤਾਪ ਸੂਰਜ (ਸੂਰਜ-ਪ੍ਰਕਾਸ਼) ਲਿਖਵਾਇਆ। ਏਸ ਤੋਂ ਪਹਿਲੋਂ ਬਾਲਮੀਕੀ ਰਾਮਾਇਣ ਦਾ ਟੀਕਾ ਤੇ ਸ੍ਰੀ ਜਪੁ ਜੀ ਸਾਹਿਬ ਦਾ 'ਗਰਬ ਗੰਜਨੀ' ਨਾਮ ਦਾ ਟੀਕਾ ਲਿਖਵਾਇਆ ਸੀ, ਅਤੇ ਮੋਰਥਲੀ ਨਾਮ ਦਾ ਗ੍ਰਾਮ ਭਾਈ ਸਾਹਿਬ ਨੂੰ ਭੇਟਾ ਕੀਤਾ ਸੀ (ਜੋ ਰਿਆਸਤ ਕੈਂਥਲ ਦੇ ਜ਼ਬਤ ਹੋਣ ਨਾਲ ਹੀ ਖੋਹਿਆ ਗਿਆ) ਸੂਰਜ-

Digitized by Panjab Digital Library | www.panjabdigilib.org

ਪ੍ਰਕਾਸ਼ ਲਿਖੇ ਜਾਣ ਤੋਂ ਪਹਿਲਾਂ ਹੀ ਆਪ ਜੀ ਦਾ ਦੇਹਾਂਤ ਹੋ ਗਿਆ। ਆਪ ਜੀ ਦੀ ਮਾਤਾ ਨੇ ਇਹਨਾਂ ਦੀ ਮ੍ਰਿਤੂ ਤੋਂ ਉਪਰੰਤ ੧੪ ਸਾਲ ਤਕ ਰਾਜ ਕੀਤਾ ਤੇ ਸੂਰਜ ਪ੍ਰਕਾਸ਼ ਭਾਃ ਸੰਤੋਖ ਸਿੰਘ ਜੀ ਪਾਸੋਂ ਸੰਪੂਰਨ ਕਰਵਾਇਆ। ਮਾਤਾ ਜੀ ਵੀ ਬਹੁਤ ਵਿਦ੍ਵਾਨ ਸਨ। ਭਾਃ ਉਦੇ ਸਿੰਘ ਜੀ ਦੇ ਵੇਲੇ ਕੈਂਥਲ ਵਿਚ ੧੦੦ ਘਰ ਵੇਦ ਪਾਠੀ ਬ੍ਰਾਹਮਣਾਂ ਦਾ ਸੀ, ਜੋ ਭਾਃ ਸਾਹਿਬ ਦੇ ਵਿਦਿਅਕ ਅਤੇ ਧਾਰਮਿਕ ਪ੍ਰੇਮ ਦਾ ਉਦਾਹਰਣ ਹੈ।

ਇਹ ਰਿਆਸਤ ੧੮੫੭ ਈਃ ਦੇ ਗ਼ਦਰ ਸ਼ਾਂਤ ਹੋਣ ਤੇ ੧੮੫੮ ਵਿਚ ਅੰਗ੍ਰੇਜ਼ਾ ਨੇ ਜ਼ਬਤ ਕੀਤੀ।

## (੧੩੯) ਕੁੱਪ-ਰਹੀੜਾ

ਇਹ ਜ਼ਿਲਾ ਲੁਧਿਆਣਾ ਦੀ ਹਦ ਤੇ ਮਾਲੇਰਕੋਟਲੇ ਦੀ ਰਿਆਸਤ ਵਿਚ ਦੋਵੇਂ ਪਿੰਡ ਕੋਲੋ ਕੋਲੀ ਹਨ। ਕੁੱਪ ਧੂਰੀ ਲਾਇਨ ਤੇ ਹੈ, ਜੋ ਲੁਧਿਆਣੇ ਤੋਂ ਦੱਖਣ ਨੂੰ ਲਗ ਭਗ ੨੦ ਮੀਲ ਤੇ ਹੈ। ਅਹਿਮਦ ਸ਼ਾਹ ਅਬਦਾਲੀ ਅਤੇ ਸਿਖਾਂ ਦਾ ਘੋਰ ਯੁੱਧ ਜਿਸ ਨੂੰ ਘੱਲੂ ਘਾਰਾ ਕਹਿੰਦੇ ਹਨ ਏਥੋਂ ਹੀ ਅੰਰੰਭ ਹੋਇਆ ਸੀ।

## (੧੪੦) ਕੁਠਾਲਾ

ਇਹ ਪਿੰਡ ਭੀ ਰਿਆਸਤ ਮਾਲੇਰ ਕੋਟਲਾ ਵਿਚ ਹੈ। ਘੱਲੂਘਾਰਾ ਕੁਪ ਤੋਂ ਤੁਰਕੇ ਅਬਦਾਲੀ ਏਸ ਪਿੰਡ ਵਿਚੋਂ ਦੀ ਲੰਘਦਾ ਗਿਆ ਸੀ। ਏਥੇ ਸ਼ਹੀਦ ਗੰਜ ਭੀ ਸਿੰਘਾਂ ਦਾ ਬਣਿਆਂ ਹੋਇਆ ਹੈ।

## (੧੪੧) ਕੁਤਬਾ

ਇਹ ਪਿੰਡ ਰਾਏ ਕੋਟ ਤੋਂ ੩ ਕੋਹ ਦੱਖਣ ਪੂਰਬ ਨੂੰ ਰਿਆਸਤ ਪਟਿਆਲੇ ਦੇ ਇਲਾਕੇ ਵਿਚ ਹੈ। ਏਥੇ ਮੁਸਲਮਾਨ ਰੰਘੜ ਅਤੇ ਜੱਟ ਸਿੱਖਾਂ ਦੀ ਰਲਵੀਂ ਆਬਾਦੀ ਸੀ। ਸਿਖਾਂ ਅਤੇ ਅਹਿਮਦ ਸ਼ਾਹ ਦਾ 'ਘੱਲੂ ਘਾਰਾ' ਯੁੱਧ ਏਥੇ ਬਹੁਤ ਚਮਕਿਆ ਸੀ। ਏਥੇ ਹੀ ਰਾਏ ਕੋਟ ਦੇ ਰਈਸ ਨੇ ਸਿਖਾਂ ਦੇ ਮੁਕਾਬਲੇ ਅਹਿਮਦ ਸ਼ਾਹ ਨੂੰ ਮਦਦ ਭੇਜੀ ਸੀ। ਏਥੇ ਹੁਣ ਤਾਈਂ ਯੁੱਧ ਦੇ ਨਿਸ਼ਾਨ ਕਾਇਮ ਹਨ।

## (੧੪੨) ਸਰਸਾ

ਇਹ ਜ਼ਿਲਾ ਹਿਸਾਰ ਦੀ ਤਹਿਸੀਲ ਹੈ। ਪੁਰਾਣੇ ਸਮੇਂ ਦਾ ਬਣਿਆ ਹੋਇਆ ਹੈ। ਪ੍ਰਾਚੀਨ ਸਮੇਂ ਏਥੋਂ ਦੀ ਸਰਸਾ ਨਦੀ ਵਗਦੀ ਸੀ। ਏਥੇ ਹਿੰਦੂ ਭੱਟੀ ਮੰਗਲ ਰਾਓ ਦਾ ਕਿਲਾ ਸੀ। ਜੋ ਹੁਣ ਢੱਠਾ ਪਿਆ ਹੈ। ਕਹਿੰਦੇ ਹਨ ਕਿ ਦ੍ਰਾਵੜ ਸਭਯਤਾ ਦੇ ਸਮੇਂ ਏਥੇ ਇਕ ਰਾਜਾ ਹਰ ਰੋਜ਼ ਇਕ ਆਦਮੀ ਦਾ ਸਿਰ ਲਿਆ ਕਰਦਾ ਸੀ। ਜਿਸ ਕਰ ਕੇ ਇਸ ਸ਼ਹਿਰ ਦਾ ਨਾਉਂ ਸਿਰਸਾ ਜਾਂ ਸਰਸਾ ਪੈ ਗਿਆ ਹੈ। ਕਰਤਾਰ ਜਾਣੇ। ਏਥੇ ਦਸਵੇਂ ਪਾਤਸ਼ਾਹ ਦਾ ਇਤਿਹਾਸਕ ਗੁਰਦੁਆਰਾ ਭੀ ਹੈ। ਕੁਝ ਭੀ ਹੋਵੇ, ਇਹ ਅਸਥਾਨ ਵੈਦਿਕ ਸਮੇਂ ਜਾਂ ਦ੍ਰਾਵੜ ਸਭਯਤਾ ਦੇ ਵੇਲੇ ਦੀ ਯਾਦਗਾਰ ਹੈ।

Digitized by Panjab Digital Library | www.panjabdigilib.org

## (੧੪੩) ਛਲੌਦੀ (ਜ਼ਿਲਾ ਕਰਨਾਲ)

ਇਹ ਕਰੋੜੀਆ ਮਿਸਲ ਦੇ ਸਰਦਾਰ ਕਰੋੜਾ ਸਿੰਘ ਅਤੇ ਸ: ਬਘੇਲ ਸਿੰਘ ਜੀ ਦੀ ਰਾਜਧਾਨੀ ਸੀ। ਇਹ ਪਿੰਡ ਜਮਨਾ ਅਤੇ ਮੁਕੰਦਾ ਨਦੀ ਦੇ ਵਿਚਕਾਰ ਹੈ। ਪ੍ਰਾਚੀਨ ਸਮੇਂ ਵਿਚ 'ਸ਼ੈਲੋਦਯ' ਨਾਮੇ ਇਕ ਦੇਵ ਨਗਰ ਕੁਰੂ ਬੰਸੀਆਂ ਨੇ ਕਸ਼ਮੀਰ ਵਿਚ ਵਸਾਇਆ ਸੀ ਜੋ 'ਉਤਰ ਕੁਰੂ ਦੀ ਰਾਜਧਾਨੀ ਸੀ। ਜਦੋਂ ਕੌਰਵਾਂ ਨੇ ਹਸਤਨਾ ਪੁਰ ਆਦਿ ਮੈਦਾਨੀ ਨਗਰ ਬਸਾਏ ਓਦੋਂ ਹੀ ਪਿਛੋਕੇ ਦੀ ਯਾਦ ਵਿਚ ਸ਼ੈਲੋਦਯੀ ਤੋਂ ਵਿਗੜ ਕੇ ਸ਼ੈਲੋਦੀ ਬਸੀ, ਅਤੇ ਕੁਰੂਛੇਤ੍ਰ ਤੋਂ ਪਹਿਲਾਂ ਦੱਖਣ ਕੁਰੂ ਦੀ ਰਾਜਧਾਨੀ ਬਣੀ ਸੀ। ਸ: ਬਘੇਲ ਸਿੰਘ ਨੇ ਥਾਨੇਸਰ ਤੋਂ ਲੈ ਕੇ ਜਮਨਾ ਤਕ ਦਾ ਇਲਾਕਾ ਜਿਤਿਆ ਸੀ ਅਤੇ ਸ਼ਾਹ ਆਲਮ ਸਾਨੀ ਦੇ ਸਮੇਂ ਪੰਥ ਖਾਲਸਾ ਦਾ ਦਿੱਲੀ ਪਰ ਕਬਜ਼ਾ ਕਰਾ ਕੇ ਸ: ਜੱਸਾ ਸਿੰਘ ਆਹਲੂਵਾਲੀਏ ਦੇ ਸਿਰ ਤੇ ਤਾਜ ਰਖ ਦਿਤਾ। ਜਿਸ ਨੂੰ ਸ: ਜੱਸਾ ਸਿੰਘ ਰਾਮਗੜ੍ਹੀਆ ਨੇ ਅੱਛਾ ਨਾ ਸਮਝਿਆ। ਤਾਂ ਉਹ ਗਲ ਇਕ ਪਲ ਵਿਚ ਹੀ ਸੁਪਨਾਂ ਬਣ ਗਈ। ਤਾਂ ਖਾਲਸਾ ਪੰਥ ਨੇ ਅਪਣਾ ਨਾਇਬ ਸ਼ਾਹ ਆਲਮ ਨੂੰ ਬਣਾਇਆ। ਸ: ਬਘੇਲ ਸਿੰਘ ਦੇ ਅਉਤ ਚਲੇ ਜਾਣ ਤੋਂ ਉਸ ਦੀ ਰਿਆਸਤ ਸਰਕਾਰ ਅੰਗ੍ਰੇਜ਼ੀ ਨੇ ਜ਼ਬਤ ਕਰ ਲਈ ਮਗਰ ਉਸ ਦੀਆਂ ਸਰਦਾਰਨੀਆਂ ਆਪਣੀ ਜ਼ਿੰਦਗੀ ਤਕ ਉਸ ਤੇ ਰਾਜ ਕਰਦੀਆਂ ਰਹੀਆਂ। ਸ: ਬਘੇਲ ਸਿੰਘ ਜੀ ਦੇ ਭਤੀਜੇ ਸਰਦਾਰ ਜੋਧ ਸਿੰਘ ਜੀ ਦੀ ਰਿਆਸਤ ਕਲਸੀਆ (ਛਛਰੌਲੀ) ਹੈ। ਜੋ ੪ ਲੱਖ ਦੀ ਹੈ। ਹੁਣ ਪੈਪਸੂ ਵਿਚ ਆ ਗਈ ਹੈ।

## (੧੪੪) ਦੇਉਝਲਾ (ਦੇਹੁਲਾ)

ਪੁਰਾਤਨ ਸਮੇਂ ਵਿਚ 'ਸੁਨਾਮ' ਤੋਂ ਪਰੇ ਘੱਗਰੇ ਦੇ ਕੰਢੇ ਘੁੜਾਮ ਤੋਂ ਦੂਜੇ ਪੜਾਉ ਸੂਰਜ ਬੰਸੀ ਛਤ੍ਰੀਆਂ ਦਾ ਬਸਾਇਆ ਹੋਇਆ 'ਦੇਵਝਲਾ' ਜਾਂ 'ਦੇਹੁਲਾ' ਨਾਮੇ ਨਗਰ ਸੀ, ਜਿਸ ਦੇ ਅਨੁਰੂਪ ਉਸ ਦੀ ਬੰਸ ਨੇ ਅਗਾਹਾਂ ਵਧਕੇ ਜਮਨਾ ਦੇ ਕੰਢੇ ਦੇਹਲੀ ਜਾਂ ਦਿੱਲੀ ਬਸਾਈ। ਇਹਦਾ ਥੇਹ ਗਾਗੇ ਲਹਰੇ ਕੋਲ ਪਿਆ ਹੈ। ਏਥੇ ਬਹੁਤ ਬੜਾ ਝੱਲਾ ਹੁੰਦਾ ਸੀ। ਜਿਸ ਕਰਕੇ ਪਹਿਲਾਂ 'ਦੇਵਝੱਲਾ' ਨਾਉਂ ਸੀ। ਪਿਛੋਂ 'ਝ' ਦਾ 'ਹ' ਹੋ ਕੇ 'ਦੇਹੁਲਾ' ਰਹਿ ਗਇਆ। ਕਈ ਆਖਦੇ ਹਨ ਕਿ ਇਤਿਆਦਿਕ ਜੋ ਨਗਰ ਬੇ ਆਬਾਦ ਹੋਏ ਹਨ ਉਹ ਸਭ ਇੰਦਰ ਦੇ ਵਿਰੋਧੀ ਦੈਂਤਾਂ ਦੇ ਸਨ। ਜੋ ਆਰਯ ਲੋਕਾਂ ਨੇ ਮੁੜ ਨਹੀਂ ਬਸਾਏ। ਬਲਕਿ ਉਨ੍ਹਾਂ ਦੇ ਥਾਂ ਸੁਨੇਤ, ਸੁਨਾਮ ਅਤੇ ਸੁਨੌਰ ਆਦਿ ਅਪਣੇ ਢੰਗ ਦੇ ਨਾਉਂ ਰਖਕੇ ਅਪਣੇ ਨਗਰ ਬਸਾ ਲਏ। ਹੋ ਸਕਦਾ ਕਿ ਗਾਗਾ–'ਗਾਰਗਯ' ਨਗਰ (ਗਰਗ ਰਿਸ਼ੀ ਦੇ ਨਾਮ ਤੇ) ਆਰਯਾਂ ਨੇ ਦੇਹੁਲੇ ਦੇ ਥਾਂ ਬਸਾਇਆ ਹੋਵੇ ਅਤੇ ਇਹ ਦੇਵ ਦਾਨਵਾਂ ਦਾ 'ਦੇਉਝੱਲਾ' ਨਗਰ ਹੋਵੇ। ਮਝਲੇ ਸਮੇਂ ਵਿਚ ਏਥੇ ਪੁਰਾਣੇ ਨਾਉਂ ਤੇ 'ਦੇਹੁਲਾ' ਗ੍ਰਾਮ ਜਰੂਰ ਬਸਿਆ ਸੀ, ਜੋ ਅਕਾਲੀ ਫੂਲਾ ਸਿੰਘ ਦਾ ਪਿਛੋਕਾ (ਸ਼ੀਂਹ ਅਤੇ ਲੇਲ੍ਹ ਆਦਿ ਕਈਆਂ ਪਿੰਡਾਂ ਦਾ ਕੇਂਦਰ ਸੀ) ਆਖਿਆ ਜਾਂਦਾ ਹੈ। ਪਰ ਹੁਣ ਇਹ ਪਿੰਡ ਮੁਗਲਾਂ ਦੇ ਅੰਤਿਮ ਸਮੇਂ ਤੋਂ ਉਜੜ ਗਿਆ ਹੈ। ਅਤੇ ਬਾਬਾ ਫੂਲਾ ਸਿੰਘ ਦਾ ਪਿੰਡ ਸ਼ੀਹਾਂ ਭੀ ਹੁਣ ਉਜੜ ਗਿਆ ਹੈ। ਜੋ ਉਸ ਦੇ ਥੇਹ ਤੇ ਸੀ। ਬਾਬਾ ਜੀ ਦਾ ਜਨਮ 'ਗਿੱਦੜ' ਪਿੰਡ (ਨਥਾਣੇ ਕੋਲ) ਉਜਾੜੇ ਦੇ ਸਮੇਂ ਵਿਚ ਹੋਇਆ।

Digitized by Panjab Digital Library | www.panjabdigilib.org

# (੧੪੫) ਡਰੌਲੀ

ਇਹ ਪਿੰਡ ਸੰਘੇ ਗੋਤ ਦਾ ਸਿਧਾਂ ਦੇ ਸਮੇਂ ਵਿਚ 'ਚੜਿਕ' ਨਾਮ ਕਰਕੇ ਬਸਿਆ ਸੀ, ਜੋ ਲਛਮਣ (ਮਲ੍ਹੀ) ਸਿੱਧ ਦੇ ਭਾਈਚਾਰੇ ਵਿਚੋਂ ਸੀ, ਜੋ ਅਸਟਾਂਗਕੋਟ ਰਹਿੰਦਾ ਸੀ। 'ਗਿੱਲਾਂ ਦੇ ਜੋਰ ਫੜਨ ਤੋਂ ਉਨ੍ਹਾਂ ਨੇ ਸੰਘਿਆਂ ਨੂੰ ਭਾਰਾ ਡਰ ਦੇਕੇ ਉਜਾੜ ਦਿੱਤਾ। ਉਨ੍ਹਾਂ ਨੇ ਓਸ ਨੰਬਰਦਾਰ ਨੂੰ ਸ੍ਰਾਪ ਦੇ ਦਿਤਾ, ਕਿ 'ਤੇਰੇ ਵਾਧਾ ਨਹੀਂ ਹੋਊਗਾ। ਸੋ ਹੁਣ ਤਕ ਓਸ ਦਾ ਵਧਾਉ ਨਹੀਂ ਹੁੰਦਾ। ਮੋਗੇ ਤੋਂ ੧੦ ਕੋਹ ਦੇ ਲਗ ਪਗ, ਪੱਛੋਂ ਵਲ ਨੂੰ ਸੰਘੇ ਜਾ ਬਸੇ। ਅਤੇ ਪਿੰਡ ਦਾ ਨਾਉਂ 'ਡਰੌਲੀ' ਰਖਿਆ। ਏਥੇ ੬ਵੇਂ ਪਾਤਸ਼ਾਹ ਦਾ ਸਾਢੂ ਭਾਈ ਸਾਈ ਦਾਸ ਰਹਿੰਦਾ ਸੀ। ਇਸ ਕਰ ਕੇ ਮਹਾਰਾਜ ਓਸ ਕੋਲ ਬਹੁਤ ਆਇਆ ਕਰਦੇ ਸੀ। ਬਾਬੇ ਗੁਰਦਿਤੇ ਦਾ ਜਨਮ ਭੀ ਏਥੇ ਦਾ ਸੀ। ਏਥੋਂ ਦੇ ਜ਼ਿਮੀਂਦਾਰ ਗੁਰੂ ਸਾਹਿਬ ਦੇ ਬਹੁਤੇ ਪ੍ਰੇਮੀ ਸੇਵਕ ਹਨ। ਇਸ ਲਈ ਉਹ 'ਭਾਈ ਕੇ' ਕਹਾਉਂਦੇ ਹਨ। ਡਰੌਲੀ ਵਿਚੋਂ ਕੌਰੇਵਾਲਾ, ਬਘੇਲੇਵਾਲਾ ਅਤੇ 'ਭਾਈ ਕਾ ਬਾੜਾ' ਕਈ ਪਿੰਡ ਬਸੇ ਹਨ।

# (੧੪੬) ਚੂਸ਼ਕ ਤੇ ਅੰਭਰ ਹਾਰ

ਪਸ਼ੌਰ ਦੇ ਜ਼ਿਲੇ ਵਿਚ ਹਿੰਦੂ ਪਾਰਥੀ ਜਟਾਂ ਦਾ ਇਕ ਪ੍ਰਧਾਨ ਨਗਰ 'ਤਖਤਿ ਬਾਹੀ' ਹੈ। ਜਿਸ ਦਾ ਗੋਤ 'ਬਾਹ' ਹੈ। ਉਹਨਾਂ ਦਾ ਇਕ ਛੋਟਾ ਜਿਹਾ ਇਲਾਕਾ 'ਚੂਸ਼ਕ' ਸੀ। ਉਹ ਜਦੋਂ ਪਹਿਲੀ ਸਦੀ ਈਸਵੀ ਵਿਚ ਓਥੋਂ ਤਿਹਾੜੇ ਕੋਲ ਕੁੱਕਰਾਂ ਤੇ ਖਹਿਰਿਆਂ ਦੇ ਅੱਗੇ ਪਿਛੋਂ ਆਏ, ਤਾਂ ਉਹਨਾਂ ਨੇ ਬਹਿਕ, ਬਹਣੀਵਾਲ ਅਤੇ ਚੂਸ਼ਕ ਆਦਿ ਨਗਰ ਬਸਾਏ। ਚੂਸ਼ਕ ਉਹਨਾਂ ਦਾ ਪਰਧਾਨ ਨਗਰ ਸੀ। ਓਸ ਕਬੀਲੇ ਦੇ ਅਤੇ ਨਗਰ ਦੇ ਨਾਉਂ ਤੇ ਏਸ ਇਲਾਕੇ ਦਾ ਨਾਉਂ ਭੀ ਚੂਸ਼ਕ ਪੈ ਗਿਆ, ਜੋ ਜ਼ੀਰੇ ਦੇ ਆਸ ਪਾਸ ਸਤਲੁਜ ਦੇ ਨਾਲ ੨ ਦੋਹੀਂ ਪਾਸੀਂ ਸੀ। ਹੂੰਨਾਂ ਨੇ ਏਸ ਨੂੰ ੫ਵੀਂ ਸਦੀ ਵਿਚ ਬਿਲਕੁਲ ਉਜਾੜ ਦਿਤਾ। ੧੨ਵੀਂ ਸਦੀ ਈਸਵੀ ਵਿਚ ਡੁੱਗਰ (ਜੰਮੂ) ਦੇ ਹਿੰਦੂ ਡੋਗਰ ਆਬਾਦ ਹੋਏ, ਉਨ੍ਹਾਂ ਨੇ ਆਪਣੇ ਗੋਤ ਦੇ ਨਾਉਂ ਤੇ ਓਥੇ 'ਅੰਭਰ ਹਾਰ' ਨਾਮੇ ਸ਼ਹਰ ਬਸਾਇਆ, ਜੋ ਓਸ ਸਮੇਂ ਚੰਗਾ ਬਿਉਪਾਰੀ ਅਤੇ ਮਹਾਜਨਾ ਖੇੜਾ ਸੀ। ੧੪ਵੀਂ ਸਦੀ ਦੇ ਮੰਜ ਰਾਜਪੂਤਾਂ ਨੇ ਏਸ ਨੂੰ ਫੇਰ ਉਜਾੜ ਦਿਤਾ। ਤਾਂ ਡੋਗਰ ਚੁਘੇ ਆਦਿ ਪਿੰਡਾਂ ਵਿਚ ਮੁਸਲਮਾਨ ਹੋ ਕੇ ਰਹੇ। ਥੋੜੇ ਚਿਰ ਪਿਛੋਂ ਹੁਣ 'ਚੂਸ਼ਕ' ਨਾਉਂ ਦਾ ਛੋਟਾ ਜਿਹਾ ਪਿੰਡ ਬਸਿਆ ਹੈ।

# (੧੪੭) ਮੋਗ ਪੁਰ ਦਾ ਬੇਹ

ਪਹਿਲੀ ਸਦੀ ਈਸਵੀ ਵਿਚ 'ਤਖਤਿ ਬਾਹੀ' ਦੇ ਰਹਿਣ ਵਾਲੇ 'ਇੰਡੋ ਪਾਰਥੀ' ਲੋਕਾਂ ਨੇ ਯੂਨਾਨੀਆਂ ਨੂੰ ਦਬਾ ਕੇ ਪੂਰਬੀ ਪੰਜਾਬ ਦੀ ਹੱਦ ਤਕ ਆਪਣਾ ਰਾਜ ਕਾਇਮ ਕੀਤਾ। ਉਨ੍ਹਾਂ ਵਿਚ ਬਨੋਨੀ ਦੀ ਬੰਸ ਵਿਚੋਂ ਰੱਜੂ ਬੁੱਲ ਬੜਾ ਪ੍ਰਭਾਵ ਸਾਲੀ ਹੋਇਆ। 'ਮੋਗ' ਜਾਂ 'ਮਯ' ਦੇ ਨਾਮ ਦੇ ਉਸ ਨੇ ਸਿੱਕੇ ਚਲਾਏ, ਜੋ ਉਹਨਾਂ ਦੇ ਸਹਾਇਕ ਦੂਜੀ ਸ਼ਾਖ ਨੇ ਅਯਸ (ਅਜ਼ੇਸ) ਦੇ ਵੇਲੇ ਚਲਾਏ ਸੀ ਅਤੇ ਉਨ੍ਹਾਂ ਦਾ ਮੋਗ ਬੰਸ ਦਾ ਰਾਜ ਸਾਂਝਾ ਸੀ। ਇਉਂ ਜਾਪਦਾ ਹੈ ਕਿ 'ਮੋਗ' ਬੰਸ ਤਾਂ ਪਾਰਥੀਅਨ ਸੀ, ਅਤੇ 'ਬਨੋਨੀ' ਸ਼ੱਕਾਂ ਵਿਚੋਂ ਸੀ, ਜਿਨ੍ਹਾਂ ਨੇ ਯੂਨਾਨੀਆਂ ਨੂੰ ਪੰਜਾਬ ਵਿਚੋਂ ਕਢਿਆ, ਇਸੇ ਲਈ

Digitized by Panjab Digital Library | www.panjabdigilib.org

ਇਨ੍ਹਾਂ ਦੋਹਾਂ ਸ਼ਾਖਾਂ ਨੂੰ ਵਖੋ ਵਖ ਸਮਝਣ ਵਿਚ ਇਤਿਹਾਸਕਾਰਾਂ ਨੂੰ ਸਦਾ ਅੜਚਨ ਹੀ ਰਹੀ ਹੈ। ਅੱਗਾ ਪਿੱਛਾ ਵਿਚਾਰਨ ਨਾਲ ਇਹ ਸਿੱਟਾ ਨਿਕਲਦਾ ਹੈ ਕਿ ਮੋਗ ਬੰਸ ਪਹਿਲੀ ਅਤੇ ਪ੍ਰਧਾਨ ਸੀ, ਬੋਨਨੀ ਉਸ ਦੇ ਅਧੀਨ ਛਤ੍ਰਪ ਜਾਂ ਸੂਬੇਦਾਰ ਸੀ, ਉਨ੍ਹਾਂ ਦੀ ਕਮਜ਼ੋਰੀ ਦੇ ਦਿਨਾਂ ਵਿਚ ਏਸ ਸ਼ਾਖਾ ਦੇ ਸਃ ਰੱਜੂਬੱਲ ਜਾਂ ਰਾਜਬੱਲ ਨੇ ਕੁਝ ਚਿਰ ਲਈ ਮੋਗ ਜਾਮਯ ਬੰਸ ਨੂੰ ਚਮਕਾ ਦਿੱਤਾ। ਅਰਥਾਤ ਅਪਣੇ ਤੋਂ ਪਹਿਲੀ ਸ਼ਾਖਾ ਦੇ ਨਾਉਂ ਉਤੇ ਹੀ ਸਿੱਕੇ ਅਤੇ ਨਗਰ ਬਸਾਏ ਸਨ, ਜਿਸ ਪ੍ਰਕਾਰ ਉਹ ਪਹਿਲਾਂ ਤੋਂ ਕਰਦੇ ਆਏ ਸੀ। ਰਾਜਬੱਲ ਨੇ ਸਭ ਤੋਂ ਪਹਿਲਾਂ ਕਾਬੁਲ (ਜੰਗਲ) ਨੂੰ ਬਸਾਇਆ, ਫੇਰ ਪੂਰਬੀ ਪੰਜਾਬ ਵਿਚ ਤਿਹਾੜੇ ਦੇ ਰਾਹ ਆ ਕੇ ਕੁੱਕਰਾਂ, ਹੇਹਰਾਂ ਤੇ ਬੁੱਟਰਾਂ ਦੀ ਸਹਾਇਤਾ ਨਾਲ ਮੋਗ ਪੁਰ ਜਾਂ ਮੋਗਾਂ ਦੀ ਕੋਕਰੀ ਅਤੇ ਹੇਹਰਾਂ ਦੀ ਕੋਕਰੀ ਆਦਿ ਕਈ ਪਿੰਡ ਤਿਹਾੜੇ ਵਿਚ ਵਸਾਏ। ਜੋ ਕੋਕਰੀ ਕੋਲ ਅਤੇ ਮਲ੍ਹੀਆਂ ਦੀ ਜੂਹ ਵਿਚ ਬੜਾ ਸਾਰਾ ਥੇਹ ਹੈ, ਉਹ ਇਹੋ ਮੋਗ ਪੁਰ ਸ਼ਹਿਰ ਸੀ, ਜੋ ਖਹਰਿਆਂ ਦੇ ਆਉਣ ਤੋਂ ਬਰਬਾਦ ਹੋਇਆ, ਫੇਰ ਕੋਕਰੀ ਨਾਮ ਤੇ ਬਸਿਆ ਅਤੇ ਤੀਜੀ ਵਾਰ ਬਰਬਾਦ ਹੋਕੇ ਫ਼ੇਰ ਤੀਜੀ ਵਾਰ 'ਮਲ੍ਹੀਆਂ ਵਾਲਾ' ਨਾਮ ਤੇ ਬਸਿਆ, ਤੀਜੀ ਵਾਰ ਸਿਧਾਂ ਦੇ ਸਮੇਂ ਅਤੇ ਮੰਜ ਰਾਜਪੂਤਾਂ ਦੇ ਆਉਣ ਤੇ ਫੇਰ ਉਜੜ ਗਿਆ ਅਤੇ ਏਸ ਵਿਚੋਂ ਤਲਵੰਡੀ ਮਲ੍ਹੀਆਂ, ਬਹਣੀਵਾਲ, ਕੋਕਰੀਆਂ ਅਤੇ ਦਾਇਆ ਆਦਿ ਅੱਡੋ ਅੱਡ ਪਿੰਡ ਬਸੇ।

## (੧੪੬) ਮੋਗ ਬੱਧ

ਏਸੇ ਸਮੇਂ 'ਮੋਗ ਬੱਧ' ਨਗਰ ਬਸਿਆ, ਜੋ ਉਪਰੋਕਤ ਸ਼ੱਕਾਂ ਦੀ ਬੜੀ ਰਾਜਧਾਨੀ ਸੀ। ਜਗਰਾਵਾਂ ਦੀ ਮੰਡੀ ਕੋਲ ਕਾਉਂਕਿਆਂ ਵਲ, ਜੋ ਥੇਹ ਪਿਆ ਹੈ, ਉਹ ਏਸੇ ਨਗਰ ਦਾ ਹੈ, ਜਿਸ ਨੂੰ ਬੱਗਿਆਂ ਊਠਾਂ ਵਾਲਿਆਂ ਹੁੰਨਾਂ ਅਤੇ ਹੈਫ਼ਤਾਲਾਂ ਨੇ ਪੰਜਵੀਂ ਸਦੀ ਈਃ ਵਿਚ ਉਜਾੜਿਆ ਸੀ। ਇਹ ਲੋਕ ਆਪ ਨੂੰ 'ਬਾਹ' ਜੱਟ ਕਹਾਉਂਦੇ ਸੀ। ਬਾਹਕ (ਬਹਿਕ) ਬਹਣੀਵਾਲ, ਬਹਿਕਪੁਰ (ਡਾਗੀਆਂ ਦਾ ਥੇਹ) ਆਦਿ, ਇਨ੍ਹਾਂ ਦੇ ਬਸਾਏ ਹੋਏ ਪਿੰਡ ਸਨ। ਮੋਗ ਬੱਧ ਨੂੰ ਹੀ ਪੁਰਾਣੇ ਆਦਮੀ ਮੂੰਗ ਬੱਧ ਆਖਿਆ ਕਰਦੇ ਸਨ।

## (੧੪੭) ਸੰਘੋਲ ਦਾ ਥੇਹ

ਇਹ ਪਿੰਡ ਜ਼ਿਲਾ ਲੁਦਿਹਾਣਾ ਵਿਚ ਬਾਗਾਂ ਵਾਲੇ (ਮੁਰੰਡਾ) ਅਤੇ ਸਮਰਾਲੇ ਦੇ ਰਾਹ ਵਿਚ ਖਮਾਣੋਂ ਕੋਲ ਹੈ, ਜੋ ਪੁਰਾਣੇ ਸਮੇਂ ਸੰਘਿਆਂ ਦਾ ਪ੍ਰਧਾਨ ਨਗਰ ਸੀ। ਆਖਦੇ ਹਨ ਕਿ ਏਥੇ ਇਕ ਸਮੇਂ ਪੱਥਰਾਂ ਦਾ ਮੀਂਹ ਐਤਨਾ ਵਰ੍ਹਿਆ ਕਿ ਸਾਰਾ ਪਿੰਡ ਅਤੇ ਮਾਲ-ਪਸੂ ਸਭ ਤਬਾਹ ਹੋ ਗਏ। ਇਹ ਪੰਜ ਸੌ ਵਰਸ ਦੇ ਲਗ ਪਗ ਦੀ ਗੱਲ ਦਸਦੇ ਹਨ ਕਿ ਕੋਈ ਤਾਰਾ ਅਜਿਹਾ ਟੁੱਟਿਆ ਕਿ ਉਸ ਦੇ ਟੁਕੜੇ ਬਹੁਤੇ ਥਾਂਈਂ ਡਿਗੇ। ਏਥੇ ੧ ਸੇਰ ਪੱਕੇ ਦੇ ਗੋਲੇ ਕਈ ਘੜੀਆਂ ਤਕ ਬਰਸਦੇ ਰਹੇ। ਓਦੋਂ ਤੋਂ ਏਸ ਇਲਾਕੇ ਵਿਚ ਜੇ ਕਿਸੇ ਨੂੰ ਦੁਰਾਸੀਸ ਦੇਣੀ ਹੋਵੇ ਤਾਂ ਆਖਦੇ ਹਨ—'ਤੈਨੂੰ ਪੈਣ ਸੰਘੋਲ ਦੇ ਪੱਥਰ।' ਪਰ ਹੁਣ ਨਵੀਂ ਸਭਯਤਾ ਵਾਲੇ ਪਿਛਲੇ ਇਤਿਹਾਸਾਂ ਨੂੰ ਭੁੱਲ ਜਾਣ ਦੇ ਕਾਰਣ ਇਉਂ ਨਹੀਂ ਆਖਦੇ।

Digitized by Panjab Digital Library | www.panjabdigilib.org

# (੧੪੮) ਜਰਗ

ਇਹ ਪਿੰਡ ਪੈਲ ਤੋਂ ੩ ਕੋਹ ਦੱਖਨ-ਪੱਛੋਂ ਨੂੰ ਹੈ, ਜੋ ਬੜੇ ਠਿਕਾਣਿਆਂ ਵਿਚੋਂ ਹੈ। ਪੁਰਾਣੇ ਲੋਕਾਂ ਤੋਂ ਸੁਣਿਆ ਹੈ ਕਿ ਏਥੇ ਰਾਜਾ ਜਗਦੇਵ ਪ੍ਰਮਾਰ ਨੇ ਗਜ਼ਨੀ ਵਾਲੇ ਮੁਸਲਮਾਨਾਂ ਨਾਲ ਜੁੱਧ ਕਰਕੇ ਉਨ੍ਹਾਂ ਨੂੰ ਅਗੇ ਵਧਣ ਤੋਂ ਸਦਾ ਲਈ ਰੋਕ ਦਿੱਤਾ ਸੀ। ਓਸ ਸਮੇਂ ਇਨ੍ਹਾਂ ਦੇ ਨਾਲ ਸਾਂਭਰ ਮਤੀ ਦੇ ਚੋਹਾਣ ਮਾਂਡੂ (ਮੰਡਪ) ਦੇ ਪ੍ਰਮਾਰ ਅਤੇ ਰਣਧਉਲ ਦੀ ਬੰਸ ਦੇ ਬਾਘੌਰ ਦੇ ਟੇਊਂ ਜਾਂ ਟਿਵਾਣੇ ਸਹਾਇਕ ਸਨ। ਕੁਝ ਓਦੋਂ ਅਤੇ ਕੁਝ ਅਗਲੀ ਸਦੀ ਵਿਚ ਪ੍ਰਮਾਰਾਂ ਨੇ ਏਥੇ ਅਪਣੇ ਬਹੁਤ ਪਿੰਡ ਬਸਾ ਕੇ ਅਪਣੀਆਂ ਚਉਧਰਾਂ ਕਾਇਮ ਕਰ ਲਈਆਂ ਸਨ ਅਤੇ ਗਜ਼ਨੀ ਦੇ ਛੋਕਰਲੇ ਸੁਲਤਾਨ ਬਲਦੋਜ਼ ਦਾ ਨੱਕ ਭੰਨ ਕੇ ਸਰਹੰਦ ਤੋਂ ਕੱਢ ਕੇ ਲਾਹੌਰ ਵਾੜ ਦਿਤਾ ਸੀ।

ਸੋ ਹੋਡਲਾ ਤੇ ਕਸਬੇ ਪਿੰਡ ਵਿਚ ਮਾਂਡੂ ਵਾਲੇ ਪ੍ਰਮਾਰਾਂ ਦੀ ਚਉਧਰ ਸੀ, ਖਮਾਣੋਂ—ਸਮਰਾਲੇ ਕੋਲ ਬਘੌਰ, ਸਰਵਰ ਪੁਰ ਆਦਿ ਅਤੇ ਸਰਹਿੰਦ-ਭਾਦਸੋਂ ਢੋਲ ਚਨਾਰਥਲ ਆਦਿ ਵਿਚ ਟਿਵਾਣਿਆਂ ਦਾ ਲੋਕ ਰਾਜ ਸੀ। ਪਾਇਲ-ਜਰਗ, ਛਪਾਰ ਆਦਿ ਵਿਚ ਸਾਰਾ ਨਗਰੀ ਤੋਂ ਆਉਣ ਵਾਲੇ ਜਗਦੇਵ ਦੀ ਚਉਧਰ ਸੀ। ਇਨ੍ਹਾਂ ਹੀ ਪ੍ਰਮਾਰਾਂ ਵਿਚੋਂ ਪਹਾੜ ਵਿਚ 'ਚੈਲ' ਦੇ ਰਾਜੇ ਭੀ ਏਸੇ ਬੰਸ ਵਿਚੋਂ ਹਨ। ਇਹ ਉਪਰੋਕਤ ਘਟਨਾ ਸੰਨ ੧੧੨੫ ਈ: ਦੇ ਲਗ ਪਗ ਹੋਈ। ਧਾਰਾ ਨਗਰੀ ਦੇ ਰਾਜੇ ਉਦਿਆਦਿੱਤ ਦੇ ਸਪੁਤ੍ਰ ਰਾਜਾ ਜੱਗਦੇਵ ਪ੍ਰਮਾਰ ਜਮਾਂਦਰੂ ਸਿੱਧ ਤੇ ਬੜੀ ਸ਼ਕਤੀ ਵਾਲੇ ਸਨ। ਇਨ੍ਹਾਂ ਦੇ ਦਾਦੇ ਮਹਾਰਾਜ ਧਿਰਾਜ ਭੋਜਰਾਜ ਨੇ ਮਹਮੂਦ ਨੂੰ ਗੁਆਲੀਏਰ ਦੇ ਕੋਲ ੧੦੨੦ ਈ: ਦੇ ਲਗ ਪਗ ਭਾਰੀ ਹਾਰ ਦਿਤੀ ਸੀ। ਉਨ੍ਹਾਂ ਤੋਂ ਪਿਛੋਂ ਜਗਦੇਵ (੧੦੬੬ ਈਃ ਤੋਂ ੧੧੬੦ ਈਃ ਤਕ) ਨੇ ਓਸੇ ਬੰਸ ਦੇ ਰਾਜਿਆਂ ਨੂੰ ਅਪਣੀ ਸਿੱਧ ਮੰਡਲੀ ਅਤੇ ਚੌਹਾਣ ਰਾਜਿਆਂ ਦੀ ਮਦਦ ਨਾਲ ਭਾਰਤ ਵਲ ਵਧਣ ਤੋਂ ਸਦਾ ਲਈ ਰੋਕ ਦਿਤਾ ਸੀ। 'ਰਾਣੋ' ਦੇ ਕੋਲ 'ਸਿੱਧ ਸਰ' ਨਾਮੇ ਅਸਥਾਨ ਇਨ੍ਹਾਂ ਸਿੱਧਾਂ ਦਾ ਹੈ। ਉਸ ਤੋਂ ਅਗਲੀ ਸਦੀ ਵਿਚ ਧਾਰਾ ਨਗਰ ਦੇ ਰਾਜ ਦੀ ਤਬਾਹੀ ਹੋਣ ਤੇ ਜਗਦੇਵ ਦੀ ਬੰਸ 'ਮਾਰਵਾੜ' ਦੇ ਨਗਰ 'ਲਖ ਤੋਤਲਾਣੀ'* ਨੂੰ ਜਿਤ ਕੇ ਕੁਝ ਚਿਰ ਓਥੇ ਪ੍ਰਭਾਵ ਸ਼ਾਲੀ ਰਹੀ। ਉਨ੍ਹਾਂ ਵਿਚੋਂ ਬਹੁਤ ਸਾਰੇ ਬਗਦਾਦੀ ਬਘਿਆੜਾਂ ਤੇ ਗ਼ੌਰੀ-ਗਿੱਦੜਾਂ ਦਾ ਪਿੱਛਾ ਕਰਦੀ ਹੋਈ ਮਾਨਸਾ ਦੇ ਇਲਾਕੇ ਵਿਚ 'ਗੁਰਨੇ' ਬੋੜਾ ਵਾਲ, ਕਸਬਾ ਤੇ ਹੋਡਲਾ ਆਦਿ ਵਿਚ ਬਸ ਗਈ। ਕੁਝ ਪਾਇਲ, ਸਰਹੰਦ ਤੇ ਖਮਾਣੋਂ ਦੇ ਇਲਾਕੇ ਵਿਚ ਅਤੇ ਕੁਝ ਛੱਤ-ਬਜੂੜ ਅਤੇ ਚੈਲ ਦੇ ਪਹਾੜਾਂ ਵਿਚ ਬਸੀ। 'ਚੈਲ' ਅਤੇ ਰਿ: 'ਬਾਆਟ' ਦਾ ਰਾਜਾ ਬਘੌਰ ਵਾਲਿਆਂ ਵਿਚੋਂ ਹੀ ਹੈ। ਏਸੇ ਹੀ ਬੰਸ ਵਿਚੋਂ ਸਿੱਧ ਸੁਲੱਖਣ (ਸੇਖੋਂ ਦਾ ਪਿਤਾ) 'ਛਪਾਰ' ਵਿਚ ਹੋਇਆ ਹੈ। ਜੋ ਪਿਛੋਂ ਆਉਣ ਵਾਲੇ ਸੇਖਵਾਂ ਅਤੇ ਹੋਰ ਪ੍ਰਮਾਰਾਂ ਤੋਂ ਅਗੋਂ ਸਿੱਧ-ਮੰਡਲੀ ਨਾਲ ਅਪਣੀ ਚਉਧਰ ਦੇ ਪਿੰਡਾਂ ਵਿਚ ਰਹਿੰਦਾ ਸੀ। ਏਸ ਦੇ ਪੁਤ੍ਰ ਸੇਸ ਰਾਮ (ਸਖੋਂ) ਦੇ ੨ ਪੁੱਤ੍ਰਾਂ (ਸਰਾਇ-ਮਰਾਇਚ) ਅਤੇ ੧੨ ਪੋਤੇ (ਛੱਤੂ, ਝਾਮ, ਬੱਲ, ਦੁੰਮ, ਤੇਜ, ਪਾਲ, ਔਲਖ, ਕੱਕੜ, ਸੋਲੂ, ਦੇਉਲ, ਦੇਊ, ਗੁਰਮ, ਸੁਰੋ) ਬੋੜਾ ਵਾਲ ਆਦਿ ਵਿਚ ਬਸੇ। ਜਰਗ ਦੇ ਪੁਰਾਣੇ ਲੋਕ ਜਗਦੇਵ ਦੀਆਂ ਸਿੱਧੀਆਂ ਤੇ ਸਿੱਧ ਸੁਲੱਖਣ ਦੀਆਂ ਸਿੱਧੀਆਂ ਦੀਆਂ ਬਹੁਤ ਸਾਰੀਆਂ ਗੱਲਾਂ ਦਸਿਆ ਕਰਦੇ ਸਨ।

---

*ਇਹ ਨਗਰ ਮਾਰਵਾੜ ਸਟੇਸ਼ਨ ਰੇਲ ਹੈ। ਅਜ ਕਲ ਏਸ ਨੂੰ 'ਲਖਲਾਣੀ' ਆਖਿਆ ਜਾਂਦਾ ਹੈ। ਅਸੀਂ ਚਿੱਭੜਾਂ ਵਾਲੇ ਦੇ ਮੀਰਾਸੀ ਤੋਂ ਵਾਰ ਸੁਣੀ ਸੀ—'ਲਖਲਾਣੀ ਮਾਰੀ ਸੇਖਵਾਂ ਪਰਜਾ ਹੈਰਾਨ।'

Digitized by Panjab Digital Library | www.panjabdigilib.org

# (੧੪੯) ਮੋਗਾ

ਪਹਿਲੀ ਸਦੀ ਈਃ ਵਿਚ ਰਾਜਾ 'ਮੋਗ' ਦੀ ਬੰਸ ਨੇ 'ਮੋਗ ਬੱਧ' ਦੇ ਨਾਲ ਹੀ ਇਹ ਪਿੰਡ ਬੱਧਾ ਸੀ, ਇਹ ਸਤਲੁਜ ਦੇ ਹਿਠਾੜ ਦਾ ਸਿਰ ਸੀ। ਜਦੋਂ ਹੂੰਨਾਂ ਦਾ ਹੁੱਲੜ ਆਇਆ ਤਾਂ ਜਨੇਰ ਤੇ ਤਿਹਾੜੇ ਆਦਿ ਦੇ ਨਾਲ ਹੀ ਇਹ ਉਜਾੜਿਆ ਗਿਆ। ਬਠਿੰਡੇ ਰਾਜ ਦਾ ਨੂਣ ਹਰਾਮੀ ਰਤਨ ਮਲ ਜੋ ਮੁਸਲਮਾਨ ਹੋਕੇ ਝੂਠਾ ਹੀ, ਸਿੱਧ ਕਹਾਉਂਦਾ ਸੀ, ਉਹ ਵਿਨੈਪਾਲ ਦੀ ਬੰਸ ਨਾਲ ਵਿਰੋਧ ਰਖਣ ਲੱਗ ਪਿਆ ਸੀ। ਉਸ ਨੇ 'ਗਣਪਾਲ' ਰਾਜੇ ਬਠਿੰਡਾ, ਮਾਰਵਾੜ ਦਾ ਗੜ੍ਹ ਬੀਟਲੀ ਅਤੇ ਭਟਨੇਰ ਬਗਦਾਦੀ ਮੁਸਲਮਾਨਾਂ ਕੋਲ ਉਜਾੜ ਕਰਾਏ ਸੀ। ਮਹਮੂਦ ਨੂੰ ਪ੍ਰੇਰ ਕੇ ਗਿੱਲਾਂ (ਵਿਨੈਪਾਲ ਦੀ ਬੰਸ) ਨੂੰ ਬਠਿੰਡੇ ਤੋਂ ਕਢਵਾਇਆ ਅਤੇ ਲੁੱਟ ਭੀ ਕਰਵਾਈ, ਤਾਂ ਉਹ ਬਹੁਤੇ ਪਿੰਡਾਂ ਵਿਚ ਖਿੰਡ ਕੇ ਜਾ ਬਸੇ। ਉਨ੍ਹਾਂ ਵਿਚੋਂ ਇਕ ਸ਼ਾਖਾ ਉਸ ਵੇਲੇ 'ਵੈਰੋਕਿਆਂ' ਕੋਲ ਜਾ ਬਸੀ ਸੀ, ਉਨ੍ਹਾਂ ਦਾ ਮੁਖੀਆ 'ਮੋਗਾ' ਗਿੱਲ ਸੀ। ਉਸ ਦੀ ਅਗਵਾਈ ਵਿਚ ਗਿੱਲਾਂ ਨੇ ਰਤਨ ਪਾਲ ਦੇ ਦੁਖ ਦੇਣ ਤੇ ਮੋਗੇ ਦੇ ਥੇਹ ਉਤੇ 'ਮੋਗਾ' ਪਿੰਡ ਆ ਬੰਨ੍ਹਿਆ, ਓਸ ਸਮੇਂ ਇਹ ਤੂਰਾਂ ਦੇ ਰਾਜ ਵਿਚ ਸੀ। 'ਮੋਗਾ' ਹਿੰਦੂ ਸਿੱਧਾਂ ਦਾ ਉਪਾਸ਼ਕ ਸੀ, ਇਸ ਕਰਕੇ ਰਤਨ ਪਾਲ ਹੋਰ ਜ਼ਿਦ ਕਰਦਾ ਸੀ, ਰਾਜ ਵਲੋਂ ਤਾਂ ਉਹ ਉਨ੍ਹਾਂ ਦਾ ਕੁਝ ਵਿਗਾੜ ਨ ਸਕਿਆ, ਨਿਰਾ ਬਦ ਦੁਆ ਦਿਆ ਕਰੇ ਕਿ ਤੂੰ ਬੇਔਲਾਦਾ ਹੀ ਰਹੇਂਗਾ। ਤਾਂ ਉਹ ਦੇਵਨੇਤ ਨਾਲ ਬ੍ਰਿਧ ਅਵਸਥਾ ਤਕ ਅਉਤ ਹੀ ਰਹਿਆ, ਇਹ ਗੱਲ ਇਕ ਸਾਂਈਂ ਲੋਕ ਮੁਸਲਮਾਨ ਸਿੱਧ ਨੇ ਸੁਣੀ ਤਾਂ ਮੋਗੇ ਨੂੰ ਅਸੀਸ ਦੇਣ ਲੱਗਾ ਕਿ ਤੇਰੀ ਸੰਤਾਨ ਦੇ ੪੨ ਪਿੰਡ ਬਸਣ, ਤਾਂ ਉਹਨੇ ਆਖਿਆ ਕਿ ਮੇਰੇ ਤਾਂ ਸੰਤਾਨ ਹੀ ਨਹੀਂ। ਤਾਂ ਸਿੱਧ ਨੇ ਆਖਿਆ ਕਿ ਮੈਂ ੪੨ ਦਿਨ ਛਿਲਾ ਏਸੇ ਕਰਕੇ ਕੀਤਾ ਹੈ। ਤੇਰੇ ੪੨ ਪਿੰਡ ਬਸਣਗੇ। ਪਹਿਲਾ ਪੁਤ੍ਰ ਅਸਾਨੂੰ ਦੇਣਾ। ਤਾਂ ਓਵੇਂ ਹੀ ਹੋਇਆ। ਪਹਿਲੇ ਬੱਚੇ ਦਾ ਨਾਉਂ ਓਸ ਨੇ 'ਅਵਲ ਖੈਰ' ਰਖਿਆ। ਜਿਸ ਨੇ 'ਅੱਵਲ ਖਰਾਣਾ' ਆਦਿ ਪਿੰਡ ਬੰਨ੍ਹ ਕੇ ਅਪਣੀ ਚਉਧਰ ਕਾਇਮ ਕੀਤੀ। ਮੋਗੇ ਦੀ ਹੋਰ ਬੰਸ ਬਹੁਤ ਵਧੀ, ਜਿਨ੍ਹਾਂ ਦੇ ੪੨ ਪਿੰਡ ਹਨ। 'ਮੋਗਾ ਬਤਾਲੀਆ' ਇਹ ਬੋਲਾ ਸਾਂਈਂ ਲੋਕ ਦਾ ਸੱਚ ਹੋਇਆ। ਅਵਲ ਖੈਰ ਦੀ ਬੰਸ ਨੇ ਮੋਗੇ ਵਾਲਿਆਂ ਅਤੇ ਕਾਲੂ ਨਾਥ ਤੇ ਭੋਈ ਆਦਿ ਸਿੱਧਾਂ ਦੀ ਮਦਦ ਨਾਲ ਰਤਨ ਪਾਲ ਦੀ ਖੂਬ ਖਬਰ ਲਈ ਅਤੇ ਭੋਈ ਸਿੱਧ ਜੋ ਧਾਲੀਵਾਲਾਂ ਵਿਚੋਂ ਸੀ, ਉਹਦੀ ਮੰਨਤ ਲਈ ਗਿੱਲਾਂ ਨੇ ਕਈ ਠਿਕਾਣੇ ਬਣਾਏ। ਇਕ ਲੋਪੋਂ ਦੀ ਜੂਹ ਵਿਚ ਵਧਨੀ ਕੋਲ, ਇਕ 'ਰਾਜੇਆਣੇ' (ਬਾਘੇ ਪੁਰਾਣੇ ਕੋਲ) ਇਕ 'ਲੱਲੂ ਵਾਲੇ' ਪਿੰਡ ਕੋਲ ਹੈ।

ਬਠਿੰਡੇ ਤੋਂ ਉਜੜ ਕੇ ਏਸ ਕੌਮ ਨੇ 'ਬੈਰੋਕਿਆਂ' ਕੋਲ ਅਪਣੀ ਮੁਖ ਬਸਤੀ ਬਣਾਈ ਸੀ। ਉਹ ਰਤਨ ਪਾਲ ਨੇ ਉਜਾੜ ਦਿੱਤਾ ਸੀ, ਓਸ ਦਾ ਥੇਹ ਹੁਣ ਬੈਰੋਕਿਆਂ ਕੋਲ ਪਿਆ ਹੈ। ਹੋਰ ਇਨ੍ਹਾਂ ਦੀਆਂ 'ਝੱਲੀ' ਆਦਿ ਕਈ ਸ਼ਾਖਾਂ ਚੋਮੋ, ਧਮੋਟ ਆਦਿ ਵਿਚ ਏਥੋਂ ਹੀ ਜਾ ਬਸੀਆਂ ਸਨ।

ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮਰਾੜ ਦਾ ਜੁੱਧ ਲੜਿਆ ਸੀ, ਓਸ ਵਿਚ ਰਾਇ ਜੋਧ ਨਾਲ ਹੋਕੇ ਧਾਲੀਵਾਲਾਂ ਨੇ ਅਤੇ ਮੋਗੇ ਦੀ ਬੰਸ (ਗਿਲਾਂ) ਨੇ ਗੁਰੂ ਮਹਾਰਾਜ ਦੇ ਤਾਬੇ ਜੁੱਧ ਦੀ ਬੜੀ ਸੇਵਾ ਕੀਤੀ ਸੀ।

Digitized by Panjab Digital Library | www.panjabdigilib.org

ਮਾਲਵੇ ਵਿਚ ਭਾਵੇਂ ਆਖਣ ਨੂੰ ਤਾਂ ਮੁਸਲਮਾਨ ਰਾਜ ਸੀ, ਪਰ ਅਮਲੀ ਤੌਰ ਤੇ ਜੱਟ-ਕਬੀਲਿਆਂ ਦੀਆਂ ਚਉਧਰਾਂ ਦਾ ਹੀ ਪ੍ਰਭਾਵ ਸੀ। ਮੋਗੇ ਦੇ ਇਲਾਕੇ ਧਾਲੀਵਾਲ ਅਤੇ ਗਿੱਲ ਦੋ ਹੀ ਸ਼ਾਖਾਂ ਮੁਖ ਸਨ।

## (੧੫੦) ਭੂੰਬਾ ਭਾਈ ਕਾ

ਜ਼ਿਲਾ ਫੀਰੋਜ਼ਪੁਰ ਵਿਚ ਮੁਕਤਸਰ ਦੀ ਤਹਿਸੀਲ ਵਿਚ ਬੀਕਾਨੇਰ ਦੀ ਹੱਦ ਤੇ ਇਹ ਪਿੰਡ ਹੈ, ਜੋ ਭਾਈ ਜਸਮੇਰ ਸਿੰਘ ਜੀ ਕੈਂਥਲ ਵਾਲਿਆਂ ਦੀ ਬੰਸ ਦੀ ਚਉਧਰ ਵਿਚ ਹੈ। ਏਥੇ ਦੇ ਰਈਸ ਭਾ: ਸ਼ਿਵਸ਼ਾਮ ਸਿੰਘ ਅਤੇ ਉਨ੍ਹਾਂ ਦੇ ਪੁਤ੍ਰ ਭਾ: ਸ੍ਰੀ ਰਾਮ ਸਿੰਘ ਜੀ ਪਹਿਲਾਂ ਤੋਂ ਹੀ ਚੰਗੇ ਸਿਖੀ ਖਿਆਲ ਦੇ ਅਤੇ ਸਿੰਘ ਸਭਾ ਲਹਿਰ ਦੇ ਹਾਮੀ ਹਨ। ਇਨ੍ਹਾਂ ਵਿਚੋਂ ਬਿਹੜੀ ਵਾਲੇ ਭਾ: ਗੁਰਦਿਆਲ ਸਿੰਘ ਹੁਰੀਂ ਭੀ ਚੰਗੇ ਪੰਥਕ ਸੱਜਨ ਹਨ।

## (੧੫੧) ਭਾਈ ਕੇ ਚੱਕ

ਬੁਢਲਾਡੇ (ਜ਼ਿਲਾ ਹਿਸਾਰ) ਕੋਲ ਚੱਕ ਭਾਈ ਕੇ ਭਾਈ ਭਗਤੂ ਦੀ ਬੰਸ ਦੇ ਅਧਿਕਾਰ ਵਿਚ ਹੈ। ਏਥੋਂ ਦੇ ਸ: ਨਰੋਤਮ ਸਿੰਘ ਵਕੀਲ ਬੜੇ ਪ੍ਰਸਿਧ ਸੱਜਨ ਹਨ। ਇਨ੍ਹਾਂ ਦੇ ਪਿਤਾ ਸ: ਚਤਰ ਸਿੰਘ ਜੀ ਸੰਸਕ੍ਰਿਤ ਭਾਸ਼ਾ ਅਤੇ ਵੇਦਾਂਤ ਦੇ ਬੜੇ ਉਘੇ ਵਿਦ੍ਵਾਨ ਸਨ। ਆਪ ਸ਼ਿਰੋਮਣੀ ਗੁ: ਪ੍ਰ: ਕਮੇਟੀ ਦੇ ਮੈਂਬਰ ਸਨ। ਸ: ਨਰੋਤਮ ਸਿੰਘ ਹੁਰੀਂ ਕਈ ਵਾਰ ਸ਼੍ਰਿ: ਗੁ: ਪ੍ਰ: ਕਮੇਟੀ ਦੇ ਚੋਣਵੇਂ ਮੈਂਬਰ ਅਤੇ ਪੰਜਾਬ ਐਸੰਬਲੀ ਦੇ ਮੈਂਬਰ ਰਹੇ ਹਨ।

—o—

Digitized by Panjab Digital Library | www.panjabdigilib.org

# ਇਤਿਹਾਸ – ਕੌਮਾਂ ਦੀ ਜਿੰਦ ਜਾਨ

ੴ ਸਤਿਗੁਰ ਪ੍ਰਸਾਦਿ।

ਸ੍ਰੀ ਅਕਾਲ ਪੁਰਖ ਜੀ ਦੇ, "ਗੁਰੂ ਨਾਨਕ ਦੇਵ ਗੋਬਿੰਦ ਰੂਪ" ਨੇ ਦਸ ਅਵਤਾਰ ਧਾਰਕੇ ਸੰਸਾਰ ਵਿਚ ਸੱਚ ਦਾ ਪ੍ਰਕਾਸ਼ ਕੀਤਾ। ਗੁਰੂ ਗ੍ਰੰਥ ਸਾਹਿਬ ਯਾਰਵੇਂ ਸਰੂਪ ਤੇ ਖਾਲਸਾ ਪੰਥ ਸਾਜਿਆ। ਗੁਰ ਮਾਰਗ ਚਲਣ ਵਾਲੇ ਗੁਰਸਿਖਾਂ ਨੂੰ ਚੌਰਾਸੀ ਦੇ ਦੁਖਾਂ ਤੋਂ ਛੁਡਾਕੇ "ਰਾਜ ਮੈ ਰਾਜਾ ਜੋਗ ਮੈ ਜੋਗੀ," ਮੁਕਤ ਭੁਗਤ ਦੇ ਦਾਤੇ ਬਣਾਕੇ ਭਾਵ ਜੀਵਨ ਮੁਕਤੀ ਤੇ ਉਸ ਤੋਂ ਵੱਧ ਪ੍ਰੇਮਾ ਭਗਤੀ ਦੇ ਸੁਖ ਭੁਗਾਏ।"

ਦੁਨੀਆਂ ਵਿਚ ਹਰ ਇਕ ਪੰਥ ਦੀ ਬੁਨਿਆਦ ਸੱਚਾ ਅਤੇ ਪੂਰਨ ਇਤਿਹਾਸ ਸਮਝਿਆ ਜਾਂਦਾ ਹੈ। ਪਰ ਸ੍ਰੀ ਗੁਰੂ ਸਾਹਿਬਾਂ ਨੇ ਗੁਰੂ ਪੰਥ ਦੀ ਟੇਕ ਅਕਾਲੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਰੱਖੀ। ਆਪ ਨੇ ਧਰਮ, ਆਦਰਸ਼ ਤੇ ਗੁਰੂ ਪੰਥ ਨੂੰ ਇਤਿਹਾਸ ਅਤੇ ਕੇਵਲ ਇਤਿਹਾਸ ਤੇ ਨਹੀਂ ਟਿਕਾਇਆ। ਪਰੰਤੂ "ਛੈਲ ਲਘੰਦੇ ਪਾਰ ਗੋਰੀ ਮਨ ਧੀਰਿਆ" ਦੇ ਅਸੂਲ ਅਨੁਸਾਰ ਗੁਰ ਸਿੱਖਾਂ ਦੇ ਪੰਥ (ਰਸਤੇ) ਵਿੱਚ ਇਤਿਹਾਸ ਰੂਪੀ ਦੀਪ ਦੇ ਚਾਨਣ (ਸੱਚ) ਦੀ ਲੋੜ ਕਦੇ ਘਟ ਨਹੀਂ ਹੋ ਸਕਦੀ। ਚਾਨਣ ਮੁਨਾਰਾ ਸਿਧਾਂਤ ਇਤਿਹਾਸ ਦੇ ਸਮਝਣ ਤੇ ਉਸ ਤੋਂ ਸੁਖ ਲੈਣ ਲਈ ਪੁਰਨਿਆਂ ਦਾ ਕੰਮ ਦਿੰਦਾ ਹੈ ਸਥੂਲ ਨਮੂਨੇ ਅੱਖਾਂ ਅਗੇ ਲਿਆਕੇ ਸੂਖਮ ਭਾਵਾਂ ਦਾ ਨਕਸ਼ਾ ਬੰਨ੍ਹਕੇ ਦਿਲ ਤੇ ਬਿਠਾਂਦਾ ਹੈ ਇਸ ਲਈ ਸੱਚਾ ਇਤਿਹਾਸ ਬੁਨਿਆਦੀ ਪੱਥਰਾਂ ਵਿਚੋਂ ਇਕ ਸੁਚੇਜੀ ਥਾਂ ਮਲਦਾ ਹੈ।

ਸਿਖ ਕੌਮ ਅੰਦਰ ਇਤਿਹਾਸਕ ਸੋਮੇਂ ਹੇਠ ਲਿਖੇ ਹਨ।

(੧) ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਸੰਮਤ ੭੧ ਸ੍ਰੀ ਗੁਰੂ ਨਾਨਕ ਸ਼ਾਹੀ ਵਿਖੇ ਭਾਈ ਬਾਲੇ ਜੀ ਤੋਂ ਸੁਣਿਆਂ ਤੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੀ ਜਨਮ ਸਾਖੀ ਨੂੰ ਇਤਿਹਾਸਕ ਰੂਪ ਵਿਚ ਪ੍ਰਕਾਸ਼ਤ ਕੀਤਾ। (ਜਿਸ ਦੇ ਲਿਖਾਰੀ ਭਾਈ ਪੈੜਾ ਮੋਖਾ ਜੀ ਸਨ)

(੨) ਫੇਰ ਸ੍ਰੀ ਮਾਨ ਭਾਈ ਗੁਰਦਾਸ ਜੀ ਨੇ ਸੰ: ੧੯੨ ਵਿਖੇ ਛੇਵੀਂ ਪਾਤਸ਼ਾਹੀ ਤੱਕ ਵਾਰਾਂ ਵਿਖੇ ਪ੍ਰਕਾਸ਼ਤ ਕੀਤਾ।

(੩) ਸ੍ਰੀ ਮਾਨ ਬ੍ਰਹਮ ਗਿਆਨੀ ਭਾਃ ਸਾ. ਮਨੀ ਸਿੰਘ ਜੀ ਨੇ ਸੰਃ ੨੫੦ ਵਿਖੇ ਜਨਮ ਸਾਖੀ ਆਦਿ ਲਿਖੀ ਅਤੇ ਭਾਈ ਭਗਤ ਸਿੰਘ ਜੀ ਨੇ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਪ੍ਰਕਾਸ਼ਤ ਕੀਤਾ।

(੪) ਸ੍ਰੀ ਮਾਨ ਭਾਈ ਸੁਖਾ ਸਿੰਘ ਜੀ ਨੇ ਸੰਃ ੩੩੦ ਵਿਖੇ ਗੁਰ ਬਿਲਾਸ ਪਾਤਸ਼ਾਹੀ ੧੦ ਪ੍ਰਕਾਸ਼ਤ ਕੀਤਾ।

(੫) ਸ੍ਰੀ ਮਾਨ ਵਿਦਿਆ ਸਾਗਰ ਭਾਈ ਸੰਤੋਖ ਸਿੰਘ ਜੀ ਕਵੀ ਚੂੜਾਮਣਿ ਨੇ ਸੰ: ੧੮੮੦ ਵਿਖੇ ਗਰੰਥਾਂ (੧) ਅਮਰ ਕੋਸ਼ (੨) ਗੁਰੂ ਨਾਨਕ ਪਰਕਾਸ਼ ਸੰਮਤ ੧੮੮੦ (੩) ਜਪੁ ਜੀ ਸਾਹਿਬ ਦਾ ਗਰਬ ਗੰਜਨੀ ਟੀਕਾ ਸੰਮਤ ੧੮੮੬ ਵਿਚ ਸਮਾਪਤ ਕੀਤਾ (੪) ਆਤਮ ਪੁਰਾਣੀ ਦਾ ਉਲਥਾ (੫) ਬਾਲਮੀਕ ਰਾਮਾਇਣ ਦਾ ਉਲਥਾ ੧੮੯੧ (੬) ਗੁਰ ਪ੍ਰਤਾਪ (ਸੂਰਜ ਪ੍ਰਕਾਸ਼ ਦੇ ਖਰੜੇ ਸੰਮਤ ੧੯੦੦ ਵਿਚ ਤਿਆਰ ਕੀਤੇ। ਪਰੰਤੂ* ਸ਼ੋਕ ਹੈ ਕਿ ਪਰਕਾਸ਼ਤ ਹੋਣ ਤੋਂ ਪਹਿਲੇ

*ਭਾਈ ਸਾਃ ਸੰਤੋਖ ਸਿੰਘ ਜੀ ਦੇ ਸਰੀਰ ਸ਼ਾਂਤ ਹੋਣ ਪਿਛੋਂ।

Digitized by Panjab Digital Library | www.panjabdigilib.org

ਹੀ ਇਹ ਖਰੜਾ ਗੁਰਮਤ ਵਿਰੋਧੀਆਂ ਦੇ ਹੱਥ ਆਕੇ ਅਨੇਕ ਗੁਰਮਤ ਪ੍ਰਿਤਕੂਲ ਪ੍ਰਸੰਗ ਸਹਿਤ ਪ੍ਰਕਾਸ਼ਤ ਹੋਯਾ। ਪਰੰਤੂ ਸਤਿ ਪੁਰਸ਼ ਜੋ ਬੀਜ ਬੀਜਦੇ ਹਨ ਓਹ ਨਿਸਫਲ ਕਦੀ ਨਹੀਂ ਜਾਂਦਾ। ਗੁਰ ਇਤਿਹਾਸ ਵਿਖੇ ਇਸ ਤਰ੍ਹਾਂ ਦੀ ਮਿਲਾਵਟ ਹੋ ਜਾਨ ਤੇ ਭੀ ਜੋ ਗੁਰਮਤ ਪਿਆਰੇ ਭਰੋਸੇ ਵ ਲੇ ਗੁਰ ਸਿਖ ਸਨ ਉਹ ਸਦਾ ਹੀ ਗੁਰ ਬਾਣੀ ਦੇ ਆਸਰੇ ਹੋ ਕਰ ਆਪਣੇ ਸ੍ਰੀ ਗੁਰਪੁਰ ਦੇ ਅਨੰਦ ਨੂੰ ਮਾਣਦੇ ਰਹੇ।

(੬) ਸ੍ਰੀ ਮਾਨ ਗਿ: ਗਿਆਨ ਸਿੰਘ ਜੀ ਨੇ ਸੰ: ੧੯੩੭ ਵਿਖੇ ਤਵਾਰੀਖ ਗੁਰ ਖਾਲਸਾ ਤੇ ਪੰਥ ਪ੍ਰਕਾਸ਼ ਇਤ ਆਦਿ ਲਿਖ ਕਰਕੇ ਗੁਰੂ ਪੰਥ ਦੀ ਬੇਮਸਾਲ ਸੇਵਾ ਕੀਤੀ ਹੈ।

(੭) ਸ੍ਰੀ ਮਾਨ ਭਾ: ਧੰਨਾ ਸਿੰਘ ਜੀ ਨੇ ਲਿਖਣ ਦਾ ਉਪਰਾਲਾ ਕੀਤਾ ਜੋ ਸਰੀਰ ਸ਼ਾਂਤ ਹੋਣ ਤੇ ਸਿਰੇ ਨਾ ਚੜ੍ਹ ਸਕਿਆ।

(੮) ਸ੍ਰੀ ਮਾਨ ਸ. ਕਰਮ ਸਿੰਘ ਜੀ ਝਬਾਲ ਹਿਸਟੋਰੀਅਨ ਨੇ ਬੜੀ ਹੀ ਪੁਰਸ਼ਾਰਥ ਅਤੇ ਅਨਗਿਣਤ ਮਿਹਨਤ ਕੀਤੀ ਸੀ ਸੋ ਸਿਰੇ ਨਾ ਚੜ ਸਕੀ ਕਿਉਂ ਜੋ ਆਪ ਸ੍ਰੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰਪੁਰਿ ਸਿਧਾਰ ਗਏ। ਆਪ ਨੇ ਜੋ ਇਤਿਹਾਸ ਮਸਾਲਾ ਇਕਤ੍ਰ ਕੀਤਾ ਸੀ ਉਹ ਕਿਸੇ ਗੁਰੂ ਪਿਆਰੇ ਕੋਲ ਪਿਆ ਹੋਣਾ ਹੈ।

(੯) ਦਾਸ ਨੂੰ ਇਤਿਹਾਸ ਲਿਖਣ ਦਾ ਖਿਆਲ ਕਿਉਂ ਪੈਦਾ ਹੋਇਆ ? ਜਦ ਨਵੰਬਰ ੧੯੨੭ ਵਿਚ ਗੁਰਦਵਾਰਾ ਜਾਗਰਤ ਸਰ*ਸ਼ੇਰ ਪੁਰਾ ਕਲਾਂ ਤਸੀਲ ਜਗਰਾਉਂ ਜ਼ਿਲਾ ਲੁਧਿਆਣਾ ਵਿਖੇ ਗੁਰੂ

---

*ਇਸ ਜਗਾ ਛਪੜ ਕਿਨਾਰੇ ਸ਼ਾਮਲਾਟ ਵਿਚ ਰਵਿਦਾਸ ਉਦਾਸੀ ਸਾਧੂ ਆ ਕੇ ਟਿਕ ਗਿਆ, ਜਿਸਨੇ ਆਪ ਹੀ ਛਪੜ ਵਿਚੋਂ ਇਟਾਂ (ਗੁਮੇ ਰੋੜੇ) ਚੁਕ ੨ ਕੇ ਜਗ੍ਹਾ ਬਣਾ ਲਈ ਅਰ ਨਾਲ ਹੀ ਨਿਵਾਣ ਵਿਚ ਭਰਤ ਪਾਕੇ ਜਗ੍ਹਾ ਪਾਣੀ ਤੋਂ ਉਚੀ ਕਰ ਲਈ। ਉਸ ਦੇ ਸਰੀਰ ਛਡ ਜਾਣ ਪਿਛੋਂ ਸੰਤ ਪ੍ਰਿਆ ਦਾਸ ਨਿਰੰਕਾਰੀ ਆਇਆ ਜਿਸ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਾਸਤੇ ਛੋਟੀ ਜਿਹੀ ਕੋਠੜੀ ਪਕੀ ਬਣਾ ਲਈ। ਸੰ: ਪ੍ਰਿਆ ਦਾਸ ਦੇ ਉਠ ਜਾਣ ਤੋਂ ਪਿਛੋਂ ਕੋਈ ਸੇਵਾਦਾਰ ਨਾ ਹੋਣ ਕਰਕੇ ਨਗਰ ਵਾਲਿਆਂ ਨੇ ਇਕ ਮਹਾਂ ਦਲਿੱਦਰੀ ਘੋਗੀ ਜਿਹਾ ਅਲੂੜ ਖਾਣ ਪੀਣ ਵਾਲਾ ਹਰਚੰਦ ਸਿੰਘ ਮਾਣੂਕੇ ਗਿਲਾਂ ਦਾ ਟਿਕਾ ਲਿਆ ਜਿਸ ਦੀ ਮੌਜੂਦਗੀ ਤੇ ਅਨਗਹਿਲੀ ਨਾਲ ੧੬-੧੭ ਨਵੰਬਰ ੧੯੨੭ ਦੀ ਦਰਮਿਆਨੀ ਰਾਤ ਨੂੰ ਕਿਸੇ ਅਧਮ ਪਾਪੀ ਨੇ ਤਿੰਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਤਲ ਕਰਕੇ ਸਮੂੰਹ ਗੁਰੂ ਨਾਨਕ ਨਾਮ ਲੇਵਾ ਪੰਥ ਦੇ ਹਿਰਦੇ ਤੇ ਸਖਤ ਚੋਟ ਮਾਰੀ। ਸੂਬਾ ਤੇਤਾ ਸਿੰਘ ਮਜ਼ਹਬੀ ਸਿੰਘ ਨੇ ਆਕੇ ਜਦ ਸਤਿਗੁਰੂ ਜੀ ਦੇ ਸਰੂਪ ਨੂੰ ਦੇਖਿਆ ਤਾਂ ਮਹੰਤ ਨੂੰ ਬਹੁੜੀ ਪੈਂਦੇ ਪਾਕੇ ਦੁਹਾਈ ਦਿੰਦੇ ਨੇ ਜਗਾਇਆ। ਪਰ ਮਹੰਤ ਪਛਤਾਵਾ ਕਰਨ ਦੀ ਥਾਂ ਆਪਣੇ ਨਿਤਾ ਪ੍ਰਤੀ ਅਮਲ ਚਾਹ ਪਾਣੀ ਛਕਣ ਦੇ ਆਹਰ ਵਿਚ ਲਗਾ ਰਿਹਾ। ਪਿੰਡ ਵਾਲੀ ਸੰਗਤ ਨੇ ਖੋਜੀ ਲੈਕੇ ਪੈੜ ਕਢਾਉਣ ਦਾ ਜਤਨ ਕੀਤਾ ਪਰ ਉਹ ਨਿਸਫਲ ਰਹੇ। ਓਹਨੀ ਦਿਨੀਂ ਬਾਬਾ ਖੜਕ ਸਿੰਘ ਪੰਥ ਦੇ ਬੇਤਾਜ ਬਾਦਸ਼ਾਹ ਨੇ ਪੰਜ ਸਾਲ ਨਗਨ ਜਿਹਲ ਕਟਕੇ ਪੰਜਾਬ ਦਾ ਦੌਰਾ ਅਰੰਭਿਆ ਉਸ ਅਨੁਸਾਰ ਜ਼ਿਲਾ ਲੁਧਿਆਣਾ ਪਿੰਡ ਰੂਮੀ ਤਸੀਲ ਜਗਰਾਉਂ ਵਿਖੇ ਬਾਬਾ ਜੀ ਦਾ ਸੁਆਗਤ ਹੋਣਾ ਸੀ ਜਿਸ ਦੀ ਸੁਆਗਤੀ ਕਮੇਟੀ ਵਿਚ ਦਾਸ ਨੂੰ ਸੰਗਤ ਨੇ ਸ਼ਾਮਲ ਕੀਤਾ। ਬਾਬਾ ਜੀ ਦਾ ਦੌਰਾ ੧੬–੧੭ ਨਵੰਬਰ ੧੯੨੭ ਦਾ ਸੀ। ਬਾਬਾ ਜੀ ਦਾ ਸੁਆਗਤ ਤੇ ਦੀਵਾਨ

[ ਬਾਕੀ ਅਗਲੇ ਸਫੇ ਤੇ ]

Digitized by Panjab Digital Library | www.panjabdigilib.org

ਪੰਥ ਨੇ ਦਾਸ ਦੀ ਸੇਵਾ ਲਾਈ ਤਾਂ ਦਾਸ ਨੇ ਧੰਨ ਭਾਗ ਸਮਝਕੇ ਸੇਵਾ ਪ੍ਰਵਾਨ ਕੀਤੀ। ਜਦ ਏਥੇ ਰਹਿੰਦਿਆਂ ਕੁਝ ਸਮਾਂ ਬੀਤਿਆ ਤਾਂ ਪਿੰਡ ਦੀ ਸੰਗਤ ਨਾਲ ਮਿਲ ਕੇ ਅਖ਼ਬਾਰਾਂ ਦਾ ਇੰਤਜ਼ਾਮ ਕੀਤਾ। ਅਖਬਾਰਾਂ ਤੋਂ ਪਤਾ ਲਗਾ ਕਿ 'ਸ: ਭਗਤ ਸਿੰਘ ਜੀ ਨੂੰ ਫਾਂਸੀ ਲਗਾ ਦਿਤਾ ਗਿਐ।' ਚਿਤ ਵਿਚ ਖਿਆਲ ਫੁਰਿਆ ਕਿ ਮੈਂ ਏਹਨਾਂ ਸ਼ਹੀਦਾਂ ਦੀ ਸੇਵਾ ਕਰਾਂ। ਸਰਬ ਬਿਆਪੀ ਗੁਰੂ ਜੀ ਨੇ ਪ੍ਰੇਰਨਾ ਇਸ ਪਰਕਾਰ ਕੀਤੀ ਕਿ ਦੋ-ਮੰਜ਼ਲਾ ਗੋਲ ਮਕਾਨ ਬਣਵਾਇਆ ਜਾਵੇ ਜਿਸ ਦੀ ਇਕ ਛੱਤ ਤੇ ਦੇਸ਼ ਭਗਤਾਂ ਦੇ ਫੋਟੋ ਚਿਤਰੇ ਜਾਣ, ਦੂਜੇ 'ਚ ਨਾਮ ਅਭਿਆਸੀ ਸੰਤ ਮਹਾਤਮਾਂ ਦੇ ਫੋਟੋ ਚਿਤਰੇ ਜਾਣ ਤੇ ਸਾਲ ਦੇ ਸਾਲ ਸ਼ਹੀਦਾਂ ਦੀ ਯਾਦ ਵਿਚ ਮੇਲਾ ਹੋਵੇ। ਉਸ ਵਕਤ ਸ਼ਰਧਾਲੂਆਂ ਨੂੰ ਦਰਸ਼ਨ ਕਰਾਇ ਜਾਇਆ ਕਰਨ। ਇਸ ਖਿਆਲ ਨਾਲ ਮੈਂ ਬੇਅੰਤ ਸੰਤ ਮਹਾਤਮਾ ਤੇ ਕੁਰਬਾਨੀ ਪੁੰਜ ਸ਼ਹੀਦਾਂ ਦੇ ਫੋਟੋ ਇਕੱਤਰ ਕੀਤੇ ਅਤੇ ਬੜੇ ਪ੍ਰੇਮ ਨਾਲ ਸਾਂਭ ਕੇ ਰਖੇ। ਜਦ ਨੂੰ ਗੁਰੂ ਸੰਗਤ ਜੀ ਨੇ ਦਾਸ ਨੂੰ ਗੁਰਦਵਾਰਾ ਗੁਰੂ ਨਾਨਕ ਹਰਿ ਗੋਬਿੰਦ ਸਰ, ਸੋਢੀ ਵਾਲ ਸੇਵਾ ਲਈ ਬਦਲ ਕੇ ਲਿਆਂਦਾ। ਇਤਿਹਾਸਕ ਮਸਾਲਾ ਗੁ: ਸਾਹਿਬ ਜਾਗਰਤਸਰ ਸ਼ੇਰਪੁਰਾ ਦੇ ਪ੍ਰਬੰਧਕਾਂ ਦੇ ਸਪੁਰਦ ਕਰ ਕੇ ਗੁ: ਬੌਲੀ ਸਾਹਿਬ ਜੀ ਆ ਗਿਆ। ਜਦ ਕੁਝ ਚਿਰ ਤੋਂ ਬਾਦ ਦਾਸ ਗੁ: ਸ: ਜਾਗਰਤ ਸਰ ਸ਼ੇਰ ਪੁਰਾ ਕਲਾਂ ਵਿਖੇ ਦਰਸ਼ਨ

---

(ਪਿਛਲੇ ਸਫੇ ਦੀ ਬਾਕੀ)

ਦੀ ਸਮਾਪਤੀ ਪਿਛੋਂ ਭਾਈ ਮਹਿੰਗਾ ਸਿੰਘ ਜੀ ਜਨੇਤ ਪੁਰ, ਭਾਈ ਗੁਰਮੁਖ ਸਿੰਘ ਜੀ ਮਨਸੀਹਾਂ ਬਾਜਨ ਤੇ ਦਾਸ ਜਦ ਜਗਰਾਉਂ ਤੇ ਸ਼ੇਰ ਪੁਰਾ ਦੇ ਅਧ ਵਿਚ ਆਏ ਤਾਂ ਸ: ਰੋਡਾ ਸਿੰਘ ਜਥੇਦਾਰ ਰਾਮਗੜ੍ਹੀਆ ਸ਼ੇਰ ਪੁਰਾ ਵਾਲੇ ਨੇ ਇਸ ਘੋਰ ਬੇਅਦਬੀ ਦਾ ਹਾਲ ਸੁਣਾਇਆ। ਅਸੀਂ ਤਿੰਨੇ ਸਿੰਘ ਗੁਰਦੁਆਰਾ ਸਾਹਿਬ ਜੀ ਆਏ ਤੇ ਹਾਲਤ ਦੇਖਕੇ ਸਾਰਿਆਂ ਦੇ ਸਾਨ ਮਾਰੇ ਗਏ। ਪੜਤਾਲ ਲਈ ਗਲ ਬਾਤ ਕਰਦਿਆਂ ਦਿਨ ਛਿਪ ਗਿਆ। ਦਾਸ ਨੇ ਪੈਰ ਦਬਾਕੇ ਭਾ. ਤੋਤਾ ਸਿੰਘ ਮਜ਼ਬੀ ਨੂੰ ਨਿਗਾਹਬਾਨੀ ਛਡਕੇ ਚੌਫੇਰੇ ਦੇ ਪਿੰਡੀਂ ਰਾਤੋ ਰਾਤ ਏਹ ਦੁਖਦਾਈ ਘਟਨਾ ਸੁਣਾ ਕੇ ਅੰਮ੍ਰਿਤ ਵੇਲੇ ਮੁੜ ਕੇ ਗੁਰਦੁਆਰਾ ਸ਼ੇਰ ਪੁਰਾ ਕਲਾਂ ਵਿਖੇ ਆ ਦਰਸ਼ਨ ਕੀਤੇ। ਥੋੜੇ ਹੀ ਸਮੇਂ ਦੇ ਅੰਦਰ ਗੁਰੂ ਪਿਆਰੀਆਂ ਸੰਗਤਾਂ ਸ਼ੇਰ ਪੁਰੇ ਦੇ ਚੌਗਿਰਦੇ ਪਿੰਡਾਂ ਤੋਂ ਔਣ ਲਗੀਆਂ ਅਤੇ ੧੮ ਨਵੰਬਰ ੧੯੨੭ ਨੂੰ ਸਵੇਰੇ ੧੨ ਬਜੇ ਪੰਜ ਹਜ਼ਾਰ ਦੇ ਲਗ ਭਗ ਜਨਰਲ ਇਕੱਤ੍ਰਤਾ ਹੋਈ। ਇਕੱਤਰਤਾ ਵਿਚ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਵਾਇਸਰਾਇ ਹਿੰਦ ਸ਼ਿਮਲਾ, ਗਵਰਨਰ ਪੰਜਾਬ ਲਾਹੌਰ, ਕਮਿਸ਼ਨਰ ਜਾਲੰਧਰ, ਡਿਪਟੀ ਕਮਿਸ਼ਨਰ, ਪੁਲੀਸ ਕਪਤਾਨ ਜ਼ਿਲਾ ਲੁਧਿਆਣਾ, ਥਾਨੇਦਾਰ ਜਗਰਾਉਂ, ਸ਼੍ਰੋ: ਗੁ: ਪ੍ਰ: ਕਮੇਟੀ, ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ ਅਤੇ ਪ੍ਰਤੀਨਿਧ ਖਾਲਸਾ ਮਾਲਵਾ ਦੀਵਾਨ ਆਦਿ ਨੂੰ ਤਾਰਾਂ ਤੇ ਫੋਨ ਕੀਤੇ ਜਾਣ। ਪ੍ਰਾਸਚਿਤ ਵਜੋਂ ੧੦੧ ਅਖੰਡ ਪਾਠ ਗੁਰੂ ਪੰਥ ਵਲੋਂ ਕੀਤੇ ਜਾਣ। ਪਾਠ ਪ੍ਰਬੰਧਕ ਦਾਸ ਨੂੰ ਜਥੇਦਾਰ ਥਾਪ ਕੇ ੧੦੧ ਅਖੰਡ ਪਾਠ ਅਰੰਭ ਕਰ ਦਿਤੇ। ੧੦੧ ਅਖੰਡ ਪਾਠਾਂ ਦੀ ਸੰਪੂਰਨਤਾਈ ੨੭ ਮਈ ੧੯੨੮ ਨੂੰ ਹੋਣ ਤੇ ਇਸ ਹਾਦਸੇ ਦੀ ਯਾਦ ਵਿਚ ਗੁ: ਜਾਗਰਤਸਰ ਸਾਹਿਬ ਜੀ ਦੀ ਪੰਥ ਵਲੋਂ ਬੁਨਿਆਦ ਰਖੀ ਗਈ। ਬਹੁਤ ਸੁੰਦਰ ਗੁਰਅਸਥਾਨ ਬਣਾਇਆ ਜਿਸ ਵਿਚ ਲੰਗਰ ਤੇ ਰਿਹੈਸ਼ ਦੀ ਇਮਾਰਤ ਵੀ ਤਿਆਰ ਕੀਤੀ ਗਈ। ਇਸ ਯਾਦ ਵਿਚ ਸਾਲਾਨਾ ਦੀਵਾਨ ਸਜਾਇਆ ਜਾਂਦਾ ਹੈ। ਸ: ਸਰਵਣ ਸਿੰਘ ਸਪੁਤਰ ਸ: ਭਜਨ ਸਿੰਘ ਮਾਤਾ ਬਿਸ਼ਨ ਕੌਰ ਸ਼ੇਰ ਪੁਰਾ ਕਲਾਂ ਨੇ ਗੁਰਦੁਆਰੇ ਅੰਦਰ ਫਰਸ਼ ਤੇ ਨਗਾਰੇ ਦੀ ਸੇਵਾ ਕਰਾਈ। ਇਸ ਵਕਤ ਸੰਤ ਤਰਲੋਕ ਸਿੰਘ ਜੀ ਜੋਗ ਉਦਮੀ ਸੇਵਾ ਕਰਦੇ ਹਨ।

Digitized by Panjab Digital Library | www.panjabdigilib.org

ਕਰਨ ਵਾਸਤੇ ਗਿਆ ਅਤੇ ਪੇਟੀ ਚੋਂ ਫੋਟੋ ਦੇਖੇ ਤਾਂ ਕੁਝ ਟੁਟੇ, ਕੁਝ ਮਰੋੜੇ ਅਤੇ ਕੁਝ ਹੈ ਹੀ ਨਹੀਂ ਸਨ। "ਲਗਣ ਬਿਨ ਰੈਣ ਨਾ ਜਾਗੇ ਕੋਈ" ਦੇ ਭਾਵ ਅਨੁਸਾਰ ਇਸ ਗਲ ਦੀ ਦਿਲੀ ਲਗਨ ਨਾ ਹੋਣ ਤੇ ਸਾਰਾ ਮਸਾਲਾ ਖੁਰਦ ਬੁਰਦ ਕੀਤਾ ਦੇਖ ਕੇ ਦਾਸ ਦੇ ਦਿਲ ਵਿਚ ਬਹੁਤ ਹੀ ਅਫਸੋਸ ਹੋਇਆ। ਪਰ ਹੁਣ ਕੀਤਾ ਕੀ ਜਾਵੇ? ਦਾਸ ਨੇ ਅਸ਼ਨਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹਾਜ਼ਰ ਹੋ ਅਰਦਾਸ ਕੀਤੀ ਕਿ "ਅਬ ਹਮ ਚਲੀ ਠਾਕਰ ਪਹਿ ਹਾਰ" ਇਤ ਆਦਿ ਬੇਨਤੀਆਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਕੀਤਾ। ਹਜ਼ੂਰ ਦਾ ਮੁਖ ਵਾਕ ਆਇਆ— "ਹਰਿ ਕੀਆਂ ਕਥਾ ਕਹਾਣੀਆਂ ਗੁਰਮੀਤ ਸੁਣਾਈਆ।" (ਆਸਾ ਮਃ ੪)

ਫੁਰਨਾ ਫੁਰਿਆ ਕਿ ਇਹ ਜੀਵਨ ਲਿਖਤ ਵਿਚ ਲਿਆਂਦੇ ਜਾਣ। ਏਸ ਸੋਚ ਅਨੁਸਾਰ ਦਾਸ ਖਿਆਲ ਕਰਦਾ ਹੀ ਸੀ ਤਾਂ ਪਿੰਡ ਕਿਸ਼ਨ ਪੁਰਾ ਕਲਾਂ ਦੀ ਸੰਗਤ ਸਾਹਿਬ ਸ੍ਰੀ ਮਾਨ ਪਰਉਪਕਾਰੀ ਮਲ ਸਿੰਘ ਹੌਲਦਾਰ ਜੀ ਦੀ ਪ੍ਰੇਰਤ ਕੀਤੀ ਹੋਈ ਮਿਲ ਕਰਕੇ ਦਾਸ ਨੂੰ ਹੁਕਮਿਆ। ਕਿਸ਼ਨ ਪੁਰਾ ਕਲਾਂ ਤਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਖੇ ਲਿਆਕੇ ਇਕ ਟਿਬੇ ਤੇ ਬਠਾ ਦਿਤਾ। ਹੁਣ ਦਾਸ 'ਹੁਕਮ ਮੰਨਿ ਹੋਵੈ ਪ੍ਰਵਾਣ' ਦੇ ਭਾਵ ਅਨੁਸਾਰ ਬੈਠ ਤਾਂ ਗਿਆ ਪਰ ਚਿਤ ਉਦਾਸ। ਕਿਉਂਕਿ "ਜਿਉ ਮਛਲੀ ਬਿਨ ਪਾਣੀਐ ਕਿਉ ਜੀਵਨ ਪਾਵੈ"॥ ਪੁਨਾ॥ "ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖ ਗੁਰੂ ਬਿਨ ਮਰਿ ਜਾਈ" ਏਥੇ ਗੁਰਦਰਬਾਰ ਹੋਣ ਨਾ ਕਰਕੇ, ਤੇ ਸਾਰੇ ਪਿੰਡ ਵਾਸੀ ਮਨਮਤ ਦੇ ਹੜ ਦੀ ਮੰਝਦਾਰ ਵਿਚ ਰੁੜ੍ਹੇ ਜਾਂਦੇ ਦੇਖ ਕੇ ਦਾਸ ਬਹੁਤ ਉਦਾਸ ਰਿਹਾ। ਮੇਰੀ ਉਦਾਸੀ ਨੂੰ ਦੇਖ ਕੇ ਹੌਲਦਾਰ ਮਲ ਸਿੰਘ, ਸ: ਅਮਰ ਸਿੰਘ, ਬਾਬਾ ਲਾਲ ਸਿੰਘ, ਸ: ਦੇਵਾ ਸਿੰਘ, ਸ: ਭਾਗ ਸਿੰਘ ਪੰਚੈਤ ਆਫੀਸਰ, ਸ: ਹਰਨਾਮ ਸਿੰਘ, ਸ: ਸਦਾ ਸਿੰਘ, ਸ: ਚਾਨਣ ਸਿੰਘ, ਸ: ਭਗਵਾਨ ਸਿੰਘ, ਸ: ਬੁਧ ਸਿੰਘ ਨੰ., ਸ. ਜੋ ਗੰਦਰ ਸਿੰਘ ਨੰਬਰਦਾਰ, ਸ: ਜਸਵੰਤ ਸਿੰਘ, ਸ: ਬੰਤ ਸਿੰਘ, ਸ: ਗਜਣ ਸਿੰਘ, ਸ: ਸਰਦਾਰਾ ਸਿੰਘ, ਸ: ਕੇਹਰ ਸਿੰਘ ਸ: ਸ਼ੇਰ ਸਿੰਘ, ਸਃ ਕਰਤਾਰ ਸਿੰਘ, ਸਃ ਨਿਰੰਜਨ ਸਿੰਘ, ਸਃ ਨਰਾਇਣ ਸਿੰਘ, ਸ: ਜੀਉਣ ਸਿੰਘ, ਸਃ ਹਰਬੰਸ ਸਿੰਘ ਜ਼ੈਲਦਾਰ, ਸਃ ਪਾਲ ਸਿੰਘ ਸ਼ੇਰ, ਸ: ਲਾਲ ਸਿੰਘ, ਖੁਸ਼ੀ ਮੁਹੰਮਦ, ਦੇਵੀ ਚੰਦ, ਪੰਡਤ ਹਰੀ ਰਾਮ, ਕਸ਼ੋਰੀ ਲਾਲ, ਸਃ ਜਗਤ ਸਿੰਘ, ਸਃ ਮੋਹਨ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਨਰਾਇਣ ਸਿੰਘ, ਸਃ ਸ਼ੇਰ ਸਿੰਘ ਕਲੇਰ, ਸਃ ਸੰਤਾ ਸਿੰਘ ਲਾਂਬਾ, ਸ. ਰਤਨ ਸਿੰਘ ਸ. ਚਤਰ ਸਿੰਘ, ਸ. ਬੇਲਾ ਸਿੰਘ, ਸ. ਜਾਗੀਰ ਸਿੰਘ, ਸ. ਗੰਗਾ ਸਿੰਘ, ਮ: ਭਗਤ ਸਿੰਘ ਇਤ ਆਦਿ ਹੋਰ ਸੰਗਤਾਂ ਪਾਸ ਗੁਰਦੁਆਰਾ ਬਣੌਣ ਲਈ ਬੇਨਤੀ ਕੀਤੀ। ਸਰਬ ਸੰਮਤੀ ਨਾਲ ਪ੍ਰਵਾਨ ਹੋਣ ਤੇ ਗੁਰੂ ਰੂਪ ਸੰਗਤ ਜੀ ਨੇ ਸ੍ਰੀ ਹਜ਼ੂਰ ਦਾ ਅਖੰਡ ਪਾਠ ਪ੍ਰਕਾਸ਼ ਕਰਕੇ ਅਰਦਾਸ ਕੀਤੀ ਤੇ ਦੀਵਾਨ ਸਜਾਇਆ ਤਾਂ ਨਗਰ ਨਿਵਾਸੀ ਸੰਗਤ ਸਾਹਿਬ ਜੀ ਨੇ ਬੇਨਤੀ ਪਰਵਾਨ ਕਰਕੇ ਗੁਰਦੁਆਰਾ ਸਾਹਿਬ ਜੀ ਦੀ ਬੁਨਿਆਦ ਰਖੀ। ਥੋੜੇ ਦਿਨ 'ਚ ਮੁਕੰਮਲ ਹੋਣ ਤੋਂ ਬਾਦ ਦਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੇਗ ਲਿਆ ਕੇ ਹੇਠ ਲਿਖੇ ਗੁਰੂ ਪੰਜਾਂ ਪਿਆਰੇ ਸਿੰਘਾਂ ਸਹਿਤ ਤਖਤ ਚੌਰ ਦੇ ਮਾਲਕ ਦੇ ਦਰਬਾਰ ਵਿਖੇ ਹਾਜ਼ਰ ਹੋਇਆ।

(੧) ਬਾਬਾ ਲਾਲ ਸਿੰਘ ਜੀ ਕਿਸ਼ਨ ਪੁਰਾ

(੨) ਭਾਈ ਅਮਰ ਸਿੰਘ ਜੀ ,, ,,

Digitized by Panjab Digital Library | www.panjabdigilib.org

(੩) ਹੌਲਦਾਰ ਮਲ ਸਿੰਘ ਜੀ ਕਿਸ਼ਨਪੁਰਾ

(੪) ਜ: ਜਾਗੀਰ ਸਿੰਘ ਜੀ ,, ,,

(੫) ਦਾਸ ਵਿਸਾਖਾ ਸਿੰਘ ਨੇ ਇਤਹਾਸ ਦਾ ਕੰਮ ਅਰੰਭ ਕਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸ ਕੀਤੀ। ਸ੍ਰੀ ਹਜ਼ੂਰ ਜੀ ਨੇ ਉਸ ਵਕਤ ਜੋ ਮੁਖ ਵਾਕ ਬਖਸ਼ਿਸ਼ ਕੀਤਾ। "[ਸੋਰਠ ਮ: ੩ ॥ "ਭਗਤਾ ਦੀ ਸਦਾ ਤੂੰ ਰਖਦਾ ਹਰਿ ਜੀਉ ਧੁਰਤੂ ਰਖਦਾ ਆਇਆ।"

ਬਸ ਫੇਰ ਕੀ ਸੀ "ਤੇਰੇ ਭਰੋਸੇ ਪਿਆਰੇ ਲਾਡ ਲਡਾਇਆ" ਅਤੇ ਇਤਹਾਸ ਦਾ ਕਾਰਜ ਅਰੰਭ ਕਰ ਦਿਤਾ। ਭਰੋਸਾ ਸੀ ਕਿ ਸ਼੍ਰੋ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਸ੍ਰੀ ਅੰਮ੍ਰਿਤਸਰ ਤੋਂ ਅਕਾਲੀ ਲੈਹਰ ਦਾ ਬਹੁਤ ਸਾਰਾ ਮਸਾਲਾ ਮਿਲੇਗਾ। ਪਰ ਕਈ ਵਾਰੀ ਸ਼੍ਰੋਃ ਗੁਃ ਕਃ ਤੋਂ ਮੰਗ ਕਰਨ ਤੋਂ ਭੀ ਕੁਝ ਹਥ ਨਾ ਆਇਆ। ਹਾਰ ਕੇ ਇਕ ੨ ਜ਼ਿਲੇ ਚੋਂ ਇਕ ਥੇਲ ਦਾ ਪਿੰਡ ਪਿੰਡ ਫਿਰਕੇ ਥਾਣਾ ਪੂਰਾ ਕੀਤਾ। ਏਸੇ ਤਰ੍ਹਾਂ ਤਸੀਲ ਦੇ ਸਾਰੇ ਥਾਣੇ ਫਿਰ ਕੇ ਸਾਰੀਆਂ ਤਸੀਲਾਂ ਫਿਰ ਕੇ ਜ਼ਿਲਾ ਪੂਰਾ ਕਰਨਾ। ਇਸ ਪਰਕਾਰ ਜ਼ਿਲਾ ਫੀਰੋਜ਼ਪੁਰ, ਜ਼ਿਲਾ ਲੁਧਿਆਣਾ, ਅੰਬਾਲਾ, ਰਿ: ਜ਼ੀਂਦ, ਰਿਃ ਪਟਿਆਲਾ ਰਿ: ਨਾਭਾ, ਰਿਃ ਫਰੀਦ ਕੋਟ, ਰਿਃ ਮਲੇਰ ਕੋਟਲਾ, ਪਾਨੀਪਤ ਆਦਿ। ਤੁਰਨ ਫਿਰਨ ਤੇ ਚਾਰ ਹਜ਼ਾਰ ਪੰਜ ਸੋ ਖਰਚ ਆਇਆ। ਹੁਨ ਸੋਚੋ ਮਾਝਾ ਦੋਆਬਾ ਫਿਰਨ ਤੇ ਕਿਨਾ ਕੁ ਹੋਰ ਖਰਚ ਔਣਾ ਚਾਹੀਦਾ ਹੈ। ਇਸ ਪਰਕਾਰ ਸ੍ਰੀ ਸਤਿਗੁਰੂ ਜੀ ਦੀ ਬਖ਼ਸ਼ੀ ਹੋਸੀ ਬੁੱਧੀ ਅਨੁਸਾਰ ਰਾਤ ਦਿਨ ਦੀ ਅਥਕ ਮਿਹਨਤ ਨਾਲ ੧੨ ਸਾਲਾਂ ਵਿਖੇ ਇਸ ਗ੍ਰੰਥ ਦਾ ਖਰੜਾ ਤਿਆਰ ਹੋਇਆ। ਤਦ ਗੁਃ ਪ੍ਰਃ ਸਿੰਘ ਸਭਾ ਤੇ ਇਤਿਹਾਸ ਕਮੇਟੀ ਦੇ ਪ੍ਰੇਮੀਆਂ ਨਾਲ ਮਿਲ ਕੇ ਮਾਲਵਾ ਇਤਿਹਾਸ ਦੀ ਸੁਧਾਈ ਵਾਸਤੇ ਇਕ ਇਤਿਹਾਸ ਸੋਧਕੇ ਦੀਵਾਨ ਕਰਨ ਦਾ ਪ੍ਰਬੰਧ ੧-੨-੩ ਕਤਕ ੨੦੨੦ ਮੁਤਾਬਕ ੧੭-੧੮-੧੯ ਅਕਤੂਬਰ ੧੯੫੩ ਨੂੰ ਪੰਥਕ ਗੁਃ ਸਾਃ ਕਿਸ਼ਨ ਪੁਰਾ ਕਲਾਂ ਵਿਖੇ ਪੰਜ ਗੁਰੂ ਸਿਖ ਵਿਅਕਤੀਆਂ ਦੀ ਪ੍ਰਧਾਨਗੀ ਹੇਠ ਕਰਨਾ ਨਿਸਚਿਤ ਹੋਇਆ। ਇਸ ਦੀਵਾਨ ਵਾਸਤੇ ਪੰਥਕ ਅਖਬਾਰਾਂ ਤੇ ਇਸ਼ਤਿਹਾਰਾਂ ਰਾਹੀਂ ਕਈ ਦਫ਼ਾ ਕੀਤੀ ਪ੍ਰੇਰਨਾ ਅਖਰਾਂ ਵਿਚ ਇਉਂ ਹੈਃ—

ਪ੍ਰਃ ਗੁਃ ਸਾਃ ਕਿਃ ਪੁਰਾ ਕਲਾਂ

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ।

ਸਰਬੱਤ ਗੁਰੂ ਪੰਥ ਪ੍ਰਤਿ ਵਿਦਿਤ ਹੋਵੇ ਕਿ ਸਾਡੇ ਇਤਿਹਾਸ ਦੇ ਬੇਅੰਤ ਹੀਰੇ ਜੋ ਸਾਡੀ ਅਨਗਹਿਲੀ ਕਰਕੇ ਗੁਪਤ ਪਏ ਸਨ, ਜਿਨ੍ਹਾਂ ਨੂੰ ਸ੍ਰੀ ਅਕਾਲ ਪੁਰਖ ਦੀ ਤੇ ਗੁਰੂ ਪੰਥ ਦੀ ਅਪਾਰ ਕ੍ਰਿਪਾ ਦਾ ਸਦਕਾ ਇਕਤਰ ਕਰਕੇ ਲੜੀ ਵਿਚ ਜੋੜਨ ਦਾ ਜਤਨ ਕੀਤਾ ਗਿਆ ਹੈ। ਸਾਰੇ ਗੁਰੂ ਪੰਥ ਦਾ ਖਾਸ ਦੀਵਾਨ ਇਸ ਦੀ ਸੁਧਾਈ ਵਾਸਤੇ ਸਦਿਆ ਗਿਆ ਹੈ। ਕਿਉਂਕਿ ਇਹ ਇਤਹਾਸ ਗੁਰੂ ਪੰਥ ਦਾ ਸਾਂਝਾ ਹੈ ਸਰਬਤ ਪੰਥ ਸ਼ਿਰੋਮਣੀ ਇਤਿਹਾਸ ਗਯਾਤਾ ਗੁਰਮਤ ਪ੍ਰੇਮੀ,ਗੁਣੀ ਗਿਆਨੀ ਦਰਸ਼ਨ ਦੇ ਕੇ ਸਾਂਝੇ ਬਲ ਨਾਲ ਇਸ ਕਾਰਜ ਨੂੰ ਸਿਰੇ ਚੜ੍ਹਾਵਣ ਤਾਂ ਜੋ ਕਿਸੀ ਪਰਕਾਰ ਦੀ ਊਣਤਾ ਨਾ ਰਹੇ।

Digitized by Panjab Digital Library | www.panjabdigilib.org

ਸੋ ਏਹ ਡਾਕ ਸਭ ਤੋਂ ਪਹਿਲੇ ਪੰਜੇ ਤਖਤ ਸਾਹਿਬਾਨਾਂ ਦੇ ਜਥੇਦਰਾਰਾਂ ਨੂੰ, ਫੇਰ ਅਮਰੀਕਾ, ਅਫਰੀਕਾ, ਕਨੇਡਾ, ਇੰਗਲੈਂਡ, ਚੀਨ, ਮਲਾਇਆ, ਸਿੰਘਾ ਪੁਰ ਆਦਿ ਅਤੇ ਸਾਰੇ ਹਿੰਦੁਸਤਾਨ ਦੇ ਕੋਨੇ ਕੋਨੇ ਮਦਰਾਸ, ਬੰਬਈ, ਕਲਕਤਾ, ਦਿਲੀ ਪੰਜਾਬ ਆਦਿ। ਫੇਰ ਸ਼੍ਰੋ: ਗੁ: ਪ੍ਰ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਸ੍ਰੀ ਅੰਮ੍ਰਤਸਰ, ਤਰਨਾ ਦਲ ਤੇ ਬੁਢਾ ਦਲ, ਚੀਫ ਖਾਲਸਾ ਦੀਵਾਨ, ਉਦਾਸੀਨ ਮਹਾਂ ਮੰਡਲ, ਪੰਚ ਖੰਡ ਭਸੌੜ ਦੀਵਾਨ, ਨਿਰਮਲ ਭੇਖ ਤੇ ਸ੍ਰੀ ਮਹੰਤ ਇਤ ਆਦਿ ਸਰਬ ਸੰਪਰਦਾਵਾਂ ਨੂੰ ਤੇ ਰਾਜਿਆਂ ਮਹਾਰਾਜਿਆਂ ਨੂੰ ਸੰਦੇਸ ਭੇਜੇ ਗਏ। ਪ੍ਰਬੰਧਕ ਤੇ ਨਗਰ ਨਿਵਾਸੀ ਮਾਈ ਭਾਈ ਚਾਈਂ ੨ ਵਿਦਿਵਾਨਾਂ ਦੀ ਰਹੈਸ਼ ਤੇ ਬੈਠਕ ਵਾਸਤੇ ਤਿਆਰੀਆਂ ਵਿਚ ਰੁਝ ਗਏ। ਆਏ ਵਿਦਿਵਾਨਾਂ ਨੇ ਕਈ ਦਿਨ ਅਗੋਂ ਔਣਾ ਅਰੰਭ ਦਿਤਾ ਅਤੇ ਦੇਸ਼ ਪ੍ਰਦੇਸ ਤੋਂ ਡਾ: ਤੇ ਹਵਾਈ ਜਹਾਜ਼ਾਂ ਰਾਹੀਂ ਪ੍ਰੇਮ ਸੰਦੇਸ਼ ਤੇ ਰੇਲ ਮੋਟਰਾਂ ਰਾਹੀਂ ਪੰਥਕ ਪਿਆਰੇ ਗੁਣੀ, ਗਿਆਨੀ, ਵਿਦਿਆਨ ਆਉਨ ਲਗ ਪਏ। ਜੈਸੇ ਸੂਰਜ ਚੜ੍ਹਾਉ ਨਾਲ ਖਿੜੀ ਹੋਈ ਫੁਲਾਂ ਦੀ ਬਿਗੀਚੀ ਨੂੰ ਭੌਰੇ ਗੁੰਜਾਂ ਪਾਉਂਦੇ ਆਉਂਦੇ ਹਨ। ਮਾਨ ਸਰੋਵਰ ਤੇ ਹੰਸ ਮੋਤੀਆਂ ਦੀ ਚੋਗ ਨੂੰ ਕੋਈ ਤੇਜ਼ ਤੇ ਕੋਈ ਧੀਮੀ ਉਡਾਰੀ ਨਾਲ ਔਂਦੇ ਹਨ ਸੋ ਇਸ ਪ੍ਰਕਾਰ ਆ ਦਰਸ਼ਨ ਦਿਤੇ। ਪ੍ਰਬੰਧਕਾਂ ਨੂੰ ਤਕਦਿਆਂ ੨, ੧ ਕਤਕ ੨੦੧੦, ੧੭ ਅਕਤੂਬਰ ੧੯੫੩ ਦਾ ਦਿਨ ਆਇਆ। ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋਣ ਤੇ ਇਸ ਸਮਾਗਮ ਦੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਖ਼ੇ ਹੋਏ ਸਹਜ ਪਾਠਾਂ ਦੇ ਭੋਗ ਪਾਕੇ ਹੇਠ ਲਿਖੇ ਪੰਜਾਂ ਸਿੰਘ ਸਾਹਿਬਾਂ ਨੇ ਸਮੇਤ ਗੁਰੂ ਸੰਗਤ ਸਾਹਿਬ ਜੀ ਦੇ ਅਰਦਾਸਾ ਸੋਧਿਆ।

(੧) ਮੋਹਨ ਸਿੰਘ ਅਕਾਲੀ ਕਿਸ਼ਨ ਪੁਰਾ।

(੨) ਵਾਧਾਵਾ ਸਿੰਘ ਭਾਈਕੇ ਭਠਲ ਜ਼ਿਲਾ ਅੰਮ੍ਰਿਤਸਰ।

(੩) ਰਾਗੀ ਬਲਵੰਤ ਸਿੰਘ ਕਿਲਾ ਰਾਏਪੁਰ।

(੪) ਗਿ: ਬਦਨ ਸਿੰਘ ਚੁਗਾ ਕਲਾਂ ਫੀਰੋਜ਼ਪੁਰ।

(੫) ਦਾਸ ਵਿਸਾਖਾ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਅਰਦਾਸਾ ਸੋਧਿਆ ਤਾਂ ਸ੍ਰੀ ਹਜ਼ੂਰ ਜੀ ਨੇ ਮੁਖ ਵਾਕ ਦੀ ਬਖਸ਼ਸ਼ਿ ਕਰਦਿਆਂ ਫਰਮਾਇਆ ਜੈਤਸਰੀ ਮਃ ੫।। "ਕੋਈ ਜਨ ਹਰਿ ਸਿਉ ਦੇਵੇ ਜੋਰ"।

ਹੁਣ ਸ੍ਰੀ ਗੁਰੂ ਜੀ ਦਾ ਮੁਖ ਵਾਕ ਸੁਣ ਸਰਬਤ ਸੰਗਤ ਨਿਹਾਲ ਹੋਈ ਸੰਗਤ ਵਿਚ ਕੜਾਹ ਪ੍ਰਸਾਦਿ ਦੀ ਦੇਗ ਵਰਤਾ ਕੇ ਸ੍ਰੀ ਹਜ਼ੂਰ ਜੀ ਦੇ ਸੱਚ ਖੰਡ ਦਰਬਾਰ ਵਿਚ ਸਜੀ ਹੋਈ ਸੰਗਤ ਸਾਹਿਬ ਜੀ ਨੂੰ ਪ੍ਰੇਮ ਭਿੰਨੇ ਲਹਿਜੇ ਨਾਲ ਸਕਤ੍ਰ ਬਦਨ ਸਿੰਘ ਜੀ ਨੇ ਰਸ ਭਿੰਨੇ ਸ਼ਬਦਾਂ ਵਿਚ ਬੇਨਤੀ ਕੀਤੀ ਕਿ ਸਮੂਹ ਵਿਦਵਾਨ ਸਾਹਿਬ ਇਤਿਹਾਸਕ ਪੰਡਾਲ ਵਿਚ ਦਰਸ਼ਨ ਦੇਣ। ਇਸ ਬੇਨਤੀ ਨੂੰ ਪ੍ਰਵਾਨ ਕਰਦੇ ਹੋਇ ਗੁਰਮੁਖ ਸਜਨ ਸੰਤ ਜਨ, ਕਵਿ ਚੂੜਮਨ ਸੰਤੋਖ ਸਿੰਘ ਜੀ ਗੇਟ [ਦਰਵਾਜ਼ੇ] ਰਾਹੀਂ ਪੰਡਾਲ ਵਿਚ ਸ਼ਾਮਲ ਹੋਏ [ਜੋ ਕਿ ਸ਼ਾਹਾਨਾ ਤਰੀਕੇ ਨਾਲ ਸਜਾਇਆ ਹੋਇਆ ਸੀ] ਅਰ ਸੇਵਾਦਾਰਾਂ ਦੀ ਬੇਨਤੀ ਅਨੁਸਾਰ ਸਰਬਤ ਆਪੋ ਆਪਣੇ ਨੰਬਰ ਪਰ ਸ਼ਸ਼ੋਭਤ ਹੋ ਗਏ। ਉਸ ਵਕਤ ਰਬੀ ਬਾਣੀ ਦਾ ਇਕ ਸ਼ਬਦ "ਕੀਤਾ ਲੋੜੀਐ ਕੰਮ ਸੁ ਹਰ ਪਹਿ ਆਖੀਐ" ਸਭ ਨੇ ਇਕਠਿਆਂ ਗਾਇਆ।

ਸ੍ਰੀ ਅਕਾਲ ਪੁਰਖ ਦੇ ਸਰੂਪ ਸ੍ਰੀ ਦਸੋ ਪਾਤਸ਼ਾਹੀਆਂ ਦੀ ਆਤਮਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਧਿਆਨ ਧਰਕੇ ਅਰਦਾਸਾ ਸੋਧਿਆ ਗਿਆ ਤੇ ਜੈਕਾਰਿਆਂ ਦੀ ਗੂੰਜ ਵਿਚ ਸਰਬਤ ਵਿਦਿਵਨ

Digitized by Panjab Digital Library | www.panjabdigilib.org

ਆਪੋ ਆਂਪਣੀ ਥਾਂ ਪਰ ਸ਼ਸ਼ੋਭਤ ਹੋ ਗਏ । ਹੁਣ ਸੈਕ੍ਰਟਰੀ ਸਾਹਿਬ ਜੀ ਦੇ ਹੁਕਮ ਅਨੁਸਾਰ ਪੰਜ ਪ੍ਰਧਾਨ ਚੁਣਨ ਦਾ ਮਤਾ ਪੇਸ਼ ਹੋਇਆ । ਹੇਠ ਲਿਖੇ ਪੰਜ ਪ੍ਰਧਾਨ ਸਰਬ ਸੰਮਤੀ ਨਾਲ ਚੁਣੇ ਗਏ ।

# ਪੰਜ ਪ੍ਰਧਾਨ ਸਾਹਿਬਾਨ

੧. ਸ੍ਰੀ ਮਾਨ ਪੰਡਤ ਕਰਤਾਰ ਸਿੰਘ ਜੀ ਸਾਹਿਤਚਾਰਯ ਦਾਖਾ, ਲੁਧਿਆਣਾ ।
੨. ,, ,, ਸਃ ਹਰਦਿਤ ਸਿੰਘ ਜੀ ਜੰਡੀ ਐਲ. ਐਲ. ਬੀ, ਐਡਵੋਕੇਟ, ਲੁਧਿਆਣਾ ।
੩. ,, ,, ਡਿਪਟੀ ਅਣੋਖ ਸਿੰਘ ਜੀ ਲੰਢੇਕੇ,
੪. ,, ,, ਸਃ ਸੁਚਾ ਸਿੰਘ ਕਿਸ਼ਨ ਪੁਰਾ ਪ੍ਰਧਾਨ ਫਾਰਵਰਡ ਬਲਾਕ ਜ਼ਿਲਾ ਫੀਰੋਜ਼ਪੁਰ ।
੫. ਦਾਸਨ ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੁਰਾ ਪਰਧਾਨ ਗੁ. ਪ੍ਰ. ਸਿੰਘ ਸਭਾ ਇਲਾਕਾ ਤਿਹਾੜਾ, ਲੁਧਿਆਣਾ ।

ਇਤਿਹਾਸਕ ਕਾਰਵਾਈ ਅਰੰਭ ਹੋਣ ਸਮੇਂ ਗੁਰੂ ਰੂਪ ਸੰਗਤ ਸਾਹਿਬ ਜੀ ਨੂੰ ਪੰਜ ਪ੍ਰਧਾਨ ਹਥ ਜੋੜ ਪ੍ਰੇਮ ਨਾਲ ਫਤਹ ਬੁਲਾਕੇ ਆਪਣੀ ੨ ਜਗ੍ਹਾ ਸਜ ਗਏ । ਪ੍ਰਧਾਨਾਂ ਬਾਰੇ ਸਭ ਤੋਂ ਉਚੀ ਸਟੇਜ ਬਣਾਈ ਹੋਈ ਸੀ । ਦਾਸ ਨੇ ਆਈਆਂ ਹੋਈਆਂ ਸੰਗਤਾਂ ਨੂੰ ਮਾਲਵਾ ਇਤਿਹਾਸ ਲਿਖਣ ਤੇ ਸਦਣ ਦਾ ਕਾਰਣ ਅਤੇ ਜਾਣ ਪਛਾਣ ਕਰਾਉਂਦਿਆ ਹੋਇਆ 'ਜੀਅ ਆਇਆਂ' ਕਿਹਾ । ਜਿਸ ਦੇ ਜਵਾਬ ਵਿਚ ਯੋਗ ਉਪਰਾਲੇ ਦੀ ਪ੍ਰਸੰਸਾ ਸ੍ਰੀ ਮਾਨ ੧੦੮ ਪੰ: ਕਰਤਾਰ ਸਿੰਘ ਜੀ ਸਾਹਿਤਚਾਰਜ ਦਾਖਾ ਸਃ ਅਣੋਖ ਸਿੰਘ ਜੀ ਡਿਪਟੀ ਲੰਢੇਕੇ, ਸ: ਮਿਤ ਸਿੰਘ ਜੀ ਸਿਧਵਾਂ ਖੁਰਦ, ਗਿ: ਵੀਰ ਸਿੰਘ ਜੀ ਸਵੱਦੀ ਨੇਣਾ ਆਦਿ ਸਜਣਾਂ ਨੇ ਸਚੇ ਦਿਲੋਂ ਕੀਤੀ । ਫੇਰ ਸਟੇਜ ਸਕਤ੍ਰ ਗਿ: ਬਦਨ ਸਿੰਘ ਜੀ ਸਾਇਲ ਨੇ ਬਾਹਰੋਂ ਆਇ ਹੋਏ ਚਿਠੀ ਪੱਤ੍ਰ ਸੁਣਾਇ ਅਤੇ ਸਮੂਹ ਵਿਦਵਾਨਾਂ ਅਗੇ ਕਾਗਜ਼ ਪਿਨਸਲ ਇਤਿਹਾਸ ਦੇ ਖਰੜੇ ਬੈਂਚਾਂ ਤੇ ਰਖੇ ਗਏ । ਜਦ ਇਸ ਪਰਕਾਰ ਖਰੜੇ ਦੇਖਦਿਆਂ ਨੂੰ ਕੁਝ ਚਿਰ ਹੋਇਆ ਤਾਂ ਸ: ਗਜਨ ਸਿੰਘ ਜੀ ਚੀਮਨਾ, ਸ: ਜਗਤ ਸਿੰਘ ਜੀ ਅਮਰੀਕਨ (ਕਮਾਲ ਪੁਰਾ) ਸ: ਮਿਤ ਸਿੰਘ ਜੀ ਸਿਧਵਾਂ, ਸੋਢੀ ਗੁਰਚਰਨ ਸਿੰਘ ਜੀ ਮੋਗਾ ਆਦਿ ਨੇ ਖਿਆਲ ਪੇਸ਼ ਕੀਤੇ ਕਿ ਮਾਲਵਾ ਇਤਿਹਾਸ ਦੇ ਖਰੜੇ ਦੇਖਣ ਵਾਸਤੇ ਇਕ ਕਮੇਟੀ ਚੁਣੀ ਜਾਇ ਜਿਸ ਦੇ ਦੇਖਣ ਤੇ ਸਾਰਿਆਂ ਨੂੰ ਪ੍ਰਵਾਨਗੀ ਹੈ ਅਤੇ ਫੇਰ ਪਰੈਸ ਨੂੰ ਦਿਤਾ ਜਾਵੇ । ਇਹ ਫੈਸਲਾ ਸਰਬਤ ਸੰਗਤ ਨੇ ਪਰਵਾਨ ਕਰ ਲਿਆ ਅਤੇ ਇਤਿਹਾਸ ਸੋਧਕ ਕਮੇਟੀ ਦੀ ਚੋਣ ਦਾ ਮਤਾ ਪੇਸ਼ ਹੋ ਕੇ ਪਾਸ ਹੋਇਆ । ਹੇਠ ਲਿਖੇ ਸਜਣ ਸਰਬ ਸੰਮਤੀ ਨਾਲ ਚੁਣੇ ਗਏ ।

ਪੰਡਤ ਕਰਤਾਰ ਸਿੰਘ ਜੀ ਸਾਹਿਤ ਚਾਰਯ (ਦਾਖਾ) ਇਸ ਕਮੇਟੀ ਦੇ ਪਰਧਾਨ ਚੁਣੇ ਗਏ ।
ਡਾ: ਗੰਡਾ ਸਿੰਘ ਜੀ ਡਾਇਰੈਕਟਰ ਆਰਕਾਈਵਜ਼ ਪੈਪਸੂ ।
ਡਾ: ਹਰਦਿਤ ਸਿੰਘ ਜੀ ਢਿਲੋਂ ਪੀ. ਐਚ. ਡੀ. ਡਾਇਰੈਕਟਰ ਵਿਦਿਅਕ ਵਿਭਾਗ ਪੈਪਸੂ
ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਪਟਿਆਲਾ ।

Digitized by Panjab Digital Library | www.panjabdigilib.org

ਸ: ਲਾਲ ਸਿੰਘ ਜੀ ਡਿ. ਡਰਾਇਕਟਰ ਪੰਜਾਬੀ ਵਿਭਾਗ ਪਟਿਆਲਾ।
ਸ: ਨਾਹਰ ਸਿੰਘ ਜੀ ਗਿਆਨੀ।
ਸ: ਪਿਆਰਾ ਸਿੰਘ ਜੀ ਪਦਮ
ਸ: ਰਣਧੀਰ ਸਿੰਘ ਜੀ ਰੀਸਰਚ ਸਕਾਲਰ
ਡਾ. ਸ਼ੇਰ ਸਿੰਘ ਜੀ ਪਸਰੂਰ
ਗਿ: ਜੰਗ ਸਿੰਘ ਜੀ ਐਡੀਟਰ ਖਾਲਸਾ ਸੇਵਕ
ਸ. ਬਦਨ ਸਿੱਘ ਜੀ ਢੁਗਾ ਹਾਈ ਸਕੂਲ ਧਰਮ ਕੋਟ
ਦਾਸ ਨੂੰ ਭੀ ਨਾਲ ਮਿਲਾਇਆ ਗਿਆ।

ਇਹ ਇਤਿਹਾਸਕ ਇਕਤਰਤਾ ਲਗਾਤਾਰ ਤਿੰਨ ਦਿਨ ਹੁੰਦੀ ਰਹੀ। ਅੰਤਲੇ ਦਿਨ ਸੇਵਕਾਂ ਵਲੋਂ ਆਇ ਵਿਦਵਾਨਾਂ ਦਾ ਅਤਿਅੰਤ ਧਨਵਾਦ ਕੀਤਾ ਗਿਆ। ਸਭ ਵਿਦਵਾਨਾਂ ਨੇ ਗੁਰਮਤ ਪ੍ਰਚਾਰਕ ਸਭਾ ਦਾ ਤੇ ਇਸ ਦੇ ਪ੍ਰਬੰਧਕਾਂ ਦਾ ਇਸ ਮਹਾਨ ਉਦਮ ਲਈ ਹਾਰਦਿਕ ਧੰਨਵਾਦ ਕੀਤਾ। ਹੁਣ ਇਹ ਸਭਾ ਜਗਤਗੁਰੂ ਸਾਹਿਬਾਨ ਤੇ ਉਹਨਾਂ ਦੀਆਂ ਨਿਵਾਜੀਆਂ ਮਹਾਨ ਵਿਯਕਤੀਆਂ ਤੇ ਸ਼ਹੀਦਾਂ ਦੇ ਚਰਨਾਂ ਵਿਚ ਸ਼ਰਧਾ ਦੇ ਫੁਲ ਭੇਟ ਕਰਦੀ ਹੈ ਜਿਨਾਂ ਦੀ ਯਾਦ ਹਮੇਸ਼ਾਂ ਦਾਸਾਂ ਨੂੰ ਦੇਸ਼ ਤੇ ਕੌਮ ਦੇ ਪਿਆਰ ਤੇ ਕੁਰਬਾਨੀ ਲਈ ਉਤਸ਼ਾਹ ਕਰਦੀ ਰਹੀ ਹੈ।

## ਛਪਣ ਵਿਚ ਦੇਰ ਕਿਉਂ

ਪੰਃ ਕਰਤਾਰ ਸਿੰਘ ਜੀ ਪ੍ਰਧਾਨ ਨੇ ਉਪਰ ਲਿਖੇ ਵਿਦਵਾਨਾਂ ਨੂੰ ਖਰੜੇ ਦਖਾਉਣ ਦੀ ਸੇਵਾ ਆਪਣੇ ਜ਼ੁਮੇ ਲਈ। ਚਾਹੇ ਆਪ ਦਾ ਵੈਹਦਾ ੩ ਕਤਕ ੨੦੧੦ ਮੁਤਾਬਕ ੧੯ ਅਕਤੂਬਰ ਤੋਂ ੫ ਦਸੰਬਰ ੧੯੫੩ (ਭਾਵ ਡੇਢ ਮਹੀਨਾ ਦੇ ਅੰਦਰ ੨) ਦਾ ਸੀ ਪਰ ਕੁਝ ਸੁਭਾਵ ਤੇ ਕੁਝ ਬੀਮਾਰੀ ਦੇ ਕਾਰਨ ੧ ਜਨਵਰੀ ੧੯੫੬ ਹੋ ਗਈ ਹੈ।

## ਇਤਿਹਾਸ ਬਾਰੇ ਇਕੱਤ੍ਰਤਾ ਵਿਚ ਆਏ ਵਿਦਵਾਨ ਸਜਣ

੧੮—੧੦—੧੯੫੩
ਕਿਸ਼ਨ ਪੁਰਾ ਕਲਾਂ

ਗਿਆਨੀ ਜੰਗ ਸਿੰਘ ਸਾਬਕ ਐਡੀਟਰ ਅਕਾਲੀ ਪਤ੍ਰਕਾ
ਸ: ਰੂੜ ਸਿੰਘ ਜੀ ਦਾਇਆ ਕਲਾ ਖਜ਼ਾਨਚੀ ਇਤਿਹਾਸ ਕਮੇਟੀ
ਰਾਗੀ ਬਲਵੰਤ ਸਿੰਘ ਜੀ ਕਿਲਾ ਰਾਇ ਪੁਰ
ਸਿੰਘ ਸਾਹਿਬ ਫੌਜਾ ਸਿੰਘ ਜੀ ਗਿਆਨੀ ਜਥੇਦਾਰ ਕੇਸ ਗੜ੍ਹ ਸਾਹਿਬ ਅਨੰਦ ਪੁਰ ਸਾਹਿਬ
ਗਿ: ਬਦਨ ਸਿੰਘ ਜੀ ਢੁੱਗਾ ਕਲਾਂ (ਏ.ਡੀ. ਹਾਈ ਸਕੂਲ ਧਰਮਕੋਟ)
ਸ: ਰਤਨ ਸਿੰਘ ਜੀ ਮਦੋਕੇ
ਸ. ਜਗਤ ਸਿੰਘ ਜੀ ਲੈਂਡ ਲਾਰਡ ਕਿਸ਼ਨ ਪੁਰਾ ਕਲਾਂ

Digitized by Panjab Digital Library | www.panjabdigilib.org

ਸ: ਜਗਤ ਸਿੰਘ ਜੀ ਸਪੁਤਰ ਸ: ਕਾਹਨ ਸਿੰਘ ਜੀ ਕਿਸ਼ਨ ਪੁਰਾ ਕਲਾਂ
ਪ੍ਰਧਾਨ ਪੰਥਕ ਸ: ਗੁ: ਸ: ੧੦੦੦)

ਸ: ਵਸਾਵਾ ਸਿੰਘ ਜੀ ਹੈਲਥ ਇਨਸਪੈਕਟਰ ਪਿੰਡ ਵਰੇ ੩੦੦)
ਹਾਲ ਮਲਾਕਾ

ਸ: ਅਮਰ ਸਿੰਘ ਜੀ ਮੇਹਣਾ ਹਾਲ ਸਰਵਨ ਮੋਟਰ ਕੰਪਨੀ ੧੫੦)

ਸ: ਸੋਦਾਗਰ ਸਿੰਘ ਜੀ ਪਿੰਡ ਬੁਗੀਪੁਰਾ
ਸਰਵਨ ਮੋਟਰ ਕੰਪਨੀ ੧੦੦)

ਸ੍ਰੀ ਮਾਨ ਸੰਤ ਸੋਹਣ ਸਿੰਘ ਜੀ ਪਿੰਡ ਚਠੇ ਹਾਲ ਮਲਾਕਾ ੧੦੫)

ਸ: ਜਗਤ ਸਿੰਘ ਜੀ ਅਮਰੀਕਨ ਕਮਾਲ ਪੁਰਾ ੫੦)

ਸੋਢੀ ਗੁਰਚਰਨ ਸਿੰਘ ਜੀ ਮੋਗਾ ੧੦੧)

ਬੀਬੀ ਨਸੀਬ ਕੌਰ ਜੀ ਧਰਮ ਸਪਤਨੀ ਸ:
ਮੇਜਰ ਸਿੰਘ ਜੀ ਓਵਰ ਸੀਅਰ ਬੁੱਟਰ ਹਾਲ ਚੰਡੀ ਗੜ੍ਹ ੫੦)

ਭਾ: ਸਾ: ਕਪੂਰ ਸਿੰਘ ਜੀ ਮਲਕ ੫੦)

ਬੀਬੀ ਦਯਾ ਕੌਰ ਜੀ ਭੈਣ ਜੱਥੇਦਾਰ ਜਾਗੀਰ ਸਿੰਘ ਜੀ ੧੦੦)
ਕਿਸ਼ਨ ਪੁਰਾ ਕਲਾਂ

ਬੀਬੀ ਕਰਤਾਰ ਕੌਰ ਜੀ ਰੋੜੀ ਕਪੂਰਾ ਫਰੀਦ ਕੋਟ ੪੦)
ਬੀਬੀ ਬਸੰਤ ਕੌਰ ਜੀ ਰੋੜੀ ਕਪੂਰਾ ਫਰੀਦ ਕੋਟ ੪੦)
ਸ: ਕਰਨੈਲ ਸਿੰਘ ਜੀ ਹੌਲਦਾਰ ਰੁੜਕਾ, ਲੁਧਿਆਣਾ ੫੦)
ਸ: ਬਚਨ ਸਿੰਘ ਜੀ ਕਨੇਡੀਅਨ ਜਗਰਾਓਂ ੧੧੦)

ਸੰਤ ਸਾਧੂ ਦੂਧਾਧਾਰੀ ਭਾਈ ਕੇ ਭਠਲ ਜ਼ਿਲਾ ਅੰਮ੍ਰਿਤਸਰ ੬੦)
ਸੰਤ ਮੋਹਣ ਸਿੰਘ ਜੀ ਪ੍ਰ: ਬੋਲੀ ਸਾਹਿਬ ਜੀ ੫੦)

ਸੰਤ ਨਿਹਾਲ ਸਿੰਘ ਜੀ ੧੧੦)
ਮਾਤਾ ਧੰਨ ਕੌਰ ਜੀ ਖਾਈ ਫੀਰੋਜ ਪੁਰ ੧੦੦)

ਸੰਤ ਪ੍ਰੇਮ ਸਿੰਘ ਮਲਕ ੧੦੦)
ਸ; ਸਰੂਪ ਸਿੰਘ ਜੀ ਮਲਕ ੨੦੦)

ਬੀਬੀ ਹਰਸਰਨ ਕੌਰ ਜੀ ਹੈਡ ਮਿਸਟਰੈਸ ਪਤੋ ਹੀਰਾ ਸਿੰਘ ਵਾਲੀ ੫੦)

ਸ: ਰਤਨ ਸਿੰਘ ਜੀ ਮਦੋ ਕੇ ਤਹਿਸੀਲ ਮੋਗਾ ਜ਼ਿਲਾ ਫੀਰੋਜਪੁਰ ੬੦)

ਨਹਿੰਗ ਸ਼ਾਮ ਸਿੰਘ ਜੀ ਹਜ਼ੂਰੀਆ ਧਰਮ ਕੋਟ ੬੦)
ਸ: ਨਿੱਕਾ ਸਿੰਘ ਦਾਇਆਂ ਕੱਲਾਂ ੧੦੦)

Digitized by Panjab Digital Library | www.panjabdigilib.org

# ਧੰਨਵਾਦ

ਦੀ ਗੁਰਦਸਮੇਸ਼ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਸਿੰਡੀਕੇਟ ਨੇ ਤਾਂ ਦਾਸ ਨੂੰ ਅਤਿ ਰਿਣ ਬਣਾ ਛਡਿਆ ਹੈ। ਜਿਸ ਨੇ ਇਤਿਹਾਸ ਦੀ ਛਪਵਾਈ ਨੂੰ ਮੁਖ ਰਖਕੇ ਇਹ ਪ੍ਰੈਸ ਚਾਲੂ ਕੀਤਾ ਅਤੇ ਦਾਸ ਦੀ ਅਭਿਲਾਖਾ ਅਨੁਸਾਰ ਟਾਈਪ ਭਰਕੇ ਛਾਪਣ ਵਿਚ ਸਹਾਈ ਹੋਏ। ਉਹਨਾਂ ਦੇ ਨਿਘੇ ਮਿਲਵਰਤਣ ਨਾਲ ਹੀ ਇਹ ਇਤਿਹਾਸ ਪਾਠਕਾਂ ਦੇ ਹਥਾਂ ਦੀ ਛੋਹ ਪ੍ਰਾਪਤ ਕਰ ਰਿਹਾ ਹੈ। ਦਾਸ ਭੁਲਣਹਾਰ ਅਤੇ ਅਨਜਾਣ ਹੋਣ ਤੇ ਇਸ ਵਿਚ ਜੋ ਸੁਤੇ ਗਲਤੀਆਂ ਰਹਿ ਗਈਆਂ ਹਨ ਉਹਨਾਂ ਨੂੰ ਪਾਠਕ ਜਨ ਦਸਣ ਦੀ ਕ੍ਰਿਪਾਲਤਾ ਕਰਨ। ਅਗਲੀ ਐਡੀਸ਼ਨ ਵਿਚ ਧੰਨਵਾਦ ਸਹਿਤ ਉਹਨਾਂ ਦੀ ਸੁਧਾਈ ਕਰ ਦਿਤੀ ਜਾਵੇਗੀ।

ਦਫਤਰ
ਪੰਥਕ ਗੁਰਦੁਆਰਾ ਸਾਹਿਬ
ਕਿਸ਼ਨਪੁਰਾ ਕਲਾਂ (ਜ਼ਿ: ਫੀਰੋਜ਼ਪੁਰ)
੧੪-੯-੧੯੫੪
ਮੁਤਾਬਕ ੩੧ ਭਾਦੋਂ ੨੦੧੦

ਗੁਰਮਤ ਤੇ ਇਤਿਹਾਸ ਖੋਜੀਆਂ
ਦਾ ਚਰਨ ਸੇਵਕ
ਦਾਸ ਵਿਸਾਖਾ ਸਿੰਘ ਸੰਤ ਸਪਾਹੀ
ਜਨੇਤ ਪੁਰਾ
ਖਾਲਸਾ ਪੰਥ ਸੰਨ ੨੫੫

Digitized by Panjab Digital Library | www.panjabdigilib.org

(ਢ)

# ਮਾਲਵੇ ਦੀ ਪਵਿੱਤ੍ਰ ਭੂਮੀ

ਪਾਵਨ ਪਵਿੱਤ੍ਰ ਸੁਹਾਣੀ, ਪਧਰੀਲੀ, ਹਰਿਆਵਲ (ਸਬਜ਼ ਬਾਗਾਂ ਵਾਲਾ) ਜਿਸ ਵਿਚ ਅਨੇਕਾਂ ਹੀ ਨਦੀਆਂ, ਨਹਿਰਾਂ, ਨਾਲੇ ਨਾਗਾਂ ਦੀ ਚਾਲ ਚਲਦੇ ਹੋਏ ਸਫਰ ਤਹਿ ਕਰਦੇ ਪਹਾੜਾਂ ਜਿਹੀਆਂ ਚੋਟੀਆਂ ਦਰਸੌਣ ਵਾਲੇ ਰੇਤਲੇ ਟਿਬਿਆਂ ਨੂੰ ਸਰਸਬਜ਼ ਕਰਦੇ ਹੋਏ ਕਣਕ, ਮੱਕੀ, ਸਰਸੋਂ, ਤੋਰੀਆ, ਜੌ, ਤਿਲ, ਬਾਜਰਾ ਮੋਠ, ਮਾਂਹ, ਮੂੰਗੀ, ਮੂੰਗਫਲੀ, ਆਲੂ, ਅਰਬੀ, ਪਿਆਜ਼, ਕਮਾਦ, ਪੋਨਾ, ਝੋਨਾ, ਕਪਾਹ, ਨਰਮਾ, ਮਿਠਾ ਮਿਠਾ ਅੰਨ, ਸ੍ਰੀ ਅਨੰਦਪੁਰ ਤੇ ਕੀਰਤਪੁਰ ਦੀ ਚਰਨ ਛੋਹ ਲੈਂਦਾ ਹੋਇਆ ਸਤਲੁਜ ਦਾ ਅੰਮ੍ਰਿਤ ਜਲ, ਮਾਲਵੇ ਨੂੰ ਪਿਆਰ ਦੀ ਗਲਵਕੜੀ ਵਿਚ ਲੈਂਦਾ ਹੋਇਆ, ਆਪਣੇ ਸਾਥੀਆਂ ਨਾਲ ਜਾ ਮਿਲਦਾ ਹੈ। ਖਟੇ ਮਿਠੇ ਕਾਠੇ ਪੇਊਂਦ ਹਰੇ ਸਬਜ਼ ਬੇਰ ਤੇ ਅੰਬ, ਆੜੂ,ਅਨਾਰ,ਸਿਉ, ਕੇਲਾ, ਸੰਗਤਰਾ, ਅੰਗੂਰ, ਮਾਲਟਾ, ਅਮਰੂਦ, ਨਿੰਬੂ, ਕਾਠੀਆਂ ਮਿਠੀਆਂ ਹਰੜਾਂ, ਜਾਮਨਾਂ, ਚਕੋਤਰਾ, ਆਦਿ ਫਲ, ਖਖੜੀ, ਖ਼ਰਬੂਜ਼ਾ, ਤਰਬੂਜ, ਕਦੂ, ਮਿਰਚਾਂ, ਹਲਦੀ, ਅਦਰਕ ਆਦਿ ਫਲ ਸਬਜ਼ੀਆਂ।

ਚੰਬਾ, ਚੰਬੇਲੀ, ਗੁਲਾਬ, ਦਿਨ ਦਾ ਰਾਜਾ, ਰਾਤ ਦੀ ਰਾਣੀ, ਹਾਰ ਸ਼ਿੰਗਾਰ, ਸਦਾ ਬਹਾਰ ਆਦਿ ਫੁਲ।

ਮੋਰ, ਚਕੋਰ, ਕੋਇਲ, ਪਪੀਹੇ, ਤੋਤੇ, ਹਾਥੀ, ਘੋੜੇ, ਗਊਆਂ, ਮੱਝਾਂ, ਊਠ।

ਜਿਸ ਤਰ੍ਹਾਂ ਕੇਸਰ ਕਸ਼ਮੀਰ ਤੋਂ ਬਿਨਾ ਹੋਰ ਥਾਂ ਅਜੇ ਨਹੀਂ ਹੋਇਆ, ਬਾਵਨ ਚੰਦਨ ਪੈਦਾ ਕਰਨ ਦਾ ਮਾਨ ਹਰ ਇਕ ਪਹਾੜ ਨੂੰ ਨਹੀਂ ਮਿਲਿਆ, ਐਸੇ ਹੀ ਸ੍ਰੀ ਗੁਰੂ ਜੀ ਦੀ ਕ੍ਰਿਪਾ ਦਾ ਸਦਕਾ ਮਾਲਵੇ ਦੀ ਧਰਤੀ ਨੂੰ ਸੰਤ, ਮਹੰਤ, ਗਿਆਨੀ, ਬ੍ਰਹਮ ਗਿਆਨੀ, ਗੁਰਮੁਖ, ਗੁਰਸਿਖ, ਮਹਾਂਦਾਨੀ, ਸ਼ਹੀਦ, ਵਿਦਵਾਨ, ਕਲਮ ਦੇ ਧਨੀ, ਰਾਜੇ, ਤਿਆਗੀ, ਬੈਰਾਗੀ, ਸਮਦਰਸੀ, ਜੋਧੇ, ਸਿਦਕੀ, ਭਗਤ, ਸੇਵਕ, ਸਖ਼ੀ ਤੇ ਦਾਤੇ, ਸਿਖ ਦੇਵੀਆਂ ਤੇ ਗੁਰਸਿਖ ਜੋ ਸਿਖ ਇਤਿਹਾਸ ਦੇ ਪਵਿੱਤਰ ਮੰਦਰ ਵਿਚ ਆਪ ਆਪਣੀ ਥਾਈਂ ਹੀਰਿਆਂ ਦੀ ਤਰ੍ਹਾਂ ਰਹਿੰਦੀ ਦੁਨੀਆ ਤਕ ਦਮਕਣਗੇ, ਪੈਦਾ ਕਰਨ ਦਾ ਫ਼ਖ਼ਰ ਹਾਸਲ ਹੈ।

ਇਸ ਸੁਭਾਗ ਧਰਤੀ ਤੇ "ਆਤਮਿਕ-ਮੈਦਾਨ, ਅਰ ਰੂਹਾਨੀ ਖੇੜੇ ਦੀ ਅਗਵਾਈ ਕਰਨ ਵਾਲੇ ਲੋਕ ਪਰਲੋਕ ਦੇ ਸਹਾਇਕ ਅਤੇ ਸਭ ਤੋਂ ਵਡਾ ਸਤਿਗੁਰ ਨਾਨਕ ਦੇਵ ਜ਼ਾਹਿਰਾ ਪੀਰ ਨੇ ਪਹਿਲੀ ਤੇ ਦੂਜੀ ਉਦਾਸੀ ਵਿਚ ਮਾਲਵੇ ਦੇ ਕੋਨੇ ਕੋਨੇ ਚਰਨ ਪਾਉਣੇ ਤੇ ਰੱਬੀ ਬਾਣੀ ਦਾ ਬੀਜ ਬੀਜਣ ਦਾ ਸਿਟਾ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਗਟਣਾ।

ਸ੍ਰੀ ਗੁਰੂ ਅਮਰ ਦੇਵ ਜੀ ਨੇ ਸੋਹਣੀ ਤੇ ਮੋਹਣੀ ਝਲਕ ਦੇ ਕੇ ਹਰਿਆਵਲ ਕਰਨਾ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਤਾਂ ਸੰਤ ਉਬਾਰਨੇ, ਦੁਸ਼ਟ ਸੰਘਾਰਣੇ, ਜੰਗ ਕਰਨੇ ਤੇ ਸ਼ਰਧਾਲੂਆਂ ਦੀਆਂ ਮਨੋ ਕਾਮਨਾ ਪੂਰੀਆਂ ਕਰਨੀਆਂ, ਰਾਜ ਭਾਗ ਦੇ ਵਰ ਦੇਣੇ ਤੇ ਬੀਰ ਰਸ ਭਰਨੇ। ਖਾਸ ਕਰਕੇ ਜੰਗਾਂ ਤੇ ਜੁਧਾਂ ਸਮੇਂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਮਹਾਰਾਜ ਜੀ ਇਸ

Digitized by Panjab Digital Library | www.panjabdigilib.org

ਮਾਲਵੇ ਦੀ ਧਰਤੀ ਨੂੰ ਨਿਵਾਜਦੇ ਰਹੇ। ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਚਰਨਾਂ ਦੀ ਛੋਹ ਤੇ ਉਪਦੇਸ਼ ਨਾਲ ਇਹ ਧਰਤੀ ਅਤੇ ਡੀਲ ਡੌਲ ਸਰੂਆਂ ਵਰਗੇ ਕੱਦਾਂ ਵਾਲੇ ਬੰਦਿਆਂ ਦੀ ਆਤਮਾ ਪਵਿਤਰ ਤੇ ਮਜ਼ਬੂਤ ਹੋ ਚੁਕੀ ਸੀ, ਇਸ ਕਰਕੇ ਮਾਲਵੇ ਦੀ ਧਰਤੀ'ਚੋਂ ਸੂਰਬੀਰ, ਜੋਧੇ, ਦਾਤੇ, ਧਰਮੀ ਨਿਰਭੈ, ਨਿਰਛਲ ਤੇ ਉਦਾਰ ਚਿਤ ਬੜੇ ਸੁਖੱਲੇ ਹੀ ਮਿਲ ਸਕਦੇ ਸਨ। ਸ੍ਰੀ ਗੁਰੂ ਜੀ ਉਸ ਇਲਾਕੇ ਸ਼ਹਿਰ, ਨਗਰ ਤੇ ਘਰਾਂ ਵਿਚ ਜਾਂਦੇ ਜਿਥੇ ਸ਼ਰਧਾ ਤੇ ਨਿਰਭੈਤਾ ਨਾਲ ਜਿਜਾਨ ਵਾਲੇ ਸਿਖ ਲਜਾਂਦੇ। ਕਿਉਂਕਿ ਉਸ ਵੇਲੇ ਮੁਗਲੀਆ ਰਾਜ ਗੁਰੂ ਮਹਾਰਾਜ ਦੇ ਮਿਸ਼ਨ ਦਾ ਸਖਤ ਵਿਰੋਧੀ ਸੀ। ਇਸ ਤੋਂ ਪਹਿਲਾਂ ਸ੍ਰੀ ਗੁਰੂ ਜੀ ਨਾਲ ਟਾਕਰਾ ਲਾ ਕੇ ਕਈ ਵਾਰ ਹਾਰ ਖਾ ਚੁਕਾ ਸੀ। ਖਾਸ ਕਰਕੇ ਹਿੰਦੂ ਅਤੇ ਆਮ ਕਰਕੇ ਹੋਰ ਇਲਾਕਿਆਂ ਦੇ ਲੋਕ ਇਸ ਛਿੜੀ ਰਹਿਣ ਵਾਲੀ ਛਿੜਗ ਤੋਂ ਭਾਰੀ ਭੈ ਭੀਤ ਹੋ ਚੁਕੇ ਸਨ। ਅਜੇਹੇ ਸਮੇਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਮਹਾਰਾਜ ਨੇ ਮਾਲਵੇ ਦੇ ਸਿਖਾਂ ਨੂੰ ਜਥੇਬੰਦ ਕਰਕੇ ਬੇਅੰਤ ਜੰਗ ਕੀਤੇ ਅਤੇ ਮੁਗਲਾਂ ਨੂੰ ਭਾਰੀ ਹਾਰ ਦਿਖਾਈ। ਗੁਰੂ ਹਰਿ ਰਾਇ ਸਾਹਿਬ ਜੀ ਦਾ ਮਾਲਵਾ ਨਿਵਾਸੀਆਂ ਨੂੰ ਨਾਮ ਦਾਨ ਬਖ਼ਸ਼ਣਾ ਅਤੇ ਛੇਵੇਂ ਪਾਤਿਸ਼ਾਹ ਦੇ ਵਰ ਦੀ ਪੁਸ਼ਟੀ ਕਰਨੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪੰਜੋਖਰੇ ਸਾਹਿਬ ਦੇ ਈਰਖਾਵਾਦੀ ਪੰਡਤ ਦੀ ਈਰਖਾ ਨੂੰ ਮਿਟੌਣ ਵਾਸਤੇ ਬੋਲੇ ਤੇ ਗੂੰਗੇ ਝੀਵਰ ਦੇ ਸਿਰ ਤੇ ਛਿਟੀ ਰਖਕੇ ਗੀਤਾ ਦੇ ਅਰਥ ਕਰਵਾਣੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭੀ ਮਾਲਵੇ ਦੀ ਚੱਪਾ ਚੱਪਾ ਧਰਤੀ ਨੂੰ ਭਾਗ ਲਾਉਣੇ ਅਤੇ ਵਰ ਦੇਣਾ ਕਿ ਇਥੇ ਗੁਰੂ ਕਾ ਚੌਥਾ ਤਖਤ ਰਚਣ ਵਾਲਾ ਆਵੇਗਾ ਅਤੇ ਬੇਅੰਤ ਕੌਤਕ ਦਖਾਵੇਗਾ।

## ਚਮਕਦੀਆਂ ਯਾਦਾਂ

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮੇਰਾ ਮਾਲਵਾ ਕਹਿ ਕੇ ਸਤਕਾਰਨਾ ਅਤੇ ਅਨੰਤ ਖੇਲਾਂ ਰਚਾਣੀਆਂ। ਜਿਵੇਂ ਗੜ੍ਹੀ ਚਮਕੌਰ ਸਾਹਿਬ (ਅੰਬਾਲਾ) ਵਿਖੇ ਦੋਨੋਂ ਸਾਹਿਬ ਜ਼ਾਦਿਆਂ, ਤੇ ੪੦ ਸਿੰਘਾਂ ਦੀ ਸ਼ਹੀਦੀ, ਖਾਲਸੇ ਨੂੰ ਗੁਰਤਾ ਦੇਣੀ।

## ਚਿੜੀਆਂ ਕੋਲੋਂ ਬਾਜ ਤੁੜਾਉਣੇ

ਮਾਛੂਵਾੜੇ ਆ ਕੇ ਉਚ ਦੇ ਪੀਰ ਬਨਣਾ।

ਫਤਹਿਗੜ੍ਹ ਸਾਹਿਬ (ਸਰਹੰਦ) ਦੋਨੋ ਛੋਟੇ ਸਾਹਿਬ ਜ਼ਾਦਿਆਂ ਅਤੇ ਜਗਤ ਮਾਤਾ ਜੀ ਦਾ ਸ਼ਹੀਦ ਹੋਣਾ।

ਰਾਏਕੋਟ (ਟਾਹਲੀਆਣੇ ਸਾਹਿਬ) ਤੁਰਕ ਰਾਜ ਦੀ ਜੜ੍ਹ ਪੁਟਣੀ।

ਮਾਲਵੇ ਦੇ ਸਰੂਆਂ ਵਰਗੇ ਦੀਨੇ ਕਾਂਗੜ ਖ਼ਾਲਸੇ ਨੂੰ ਮੁੜ ਜੱਥੇਬੰਦ ਕਰਨਾ ਤੇ ਦੁਸ਼ਟਾਂ ਨੂੰ ਸੋਧਨ ਵਾਸਤੇ ਤਿਆਰ ਕਰਨਾ ਅਤੇ ਮਾਲਵੇ ਚੋਂ ਸਦੀਵੀ ਕਾਲ ਦੂਰ ਕਰਨਾ, ਜ਼ਫਰ ਨਾਮਾਂ ਲਿਖ ਕੇ ਔਰੰਗਜ਼ੇਬ ਨੂੰ ਝੂਠਾ ਸਾਬਤ ਕਰਕੇ ਕੀਤੇ ਦਾ ਫੱਲ ਭੁਗਤਾਉਣਾ।

ਸ੍ਰੀ ਮੁਕਤਸਰ ਸਾਹਿਬ ਜੀਃ— ਬੇਦਾਵਾ ਪਾੜ ਕੇ ਟੁਟੀ ਗੰਢਣੀ ਅਤੇ ਮੁਕਤੀ ਦਾ ਵਰ ਦੇਣਾ।

Digitized by Panjab Digital Library | www.panjabdigilib.org

ਸ੍ਰੀ ਦਮਦਮਾ (ਸਾਬੋਕੀ ਤਲਵੰਡੀ) ਸਾਹਿਬ ਵਿਖੇ ਚੌਥਾ ਤਖਤ ਰਚਣਾ । ਜੰਗ ਦਾ ਕਮਰ ਕਸਾ ਖੋਲਣਾ ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨਭਵੀ ਉਲਥਾ ਕਰਕੇ ਸਰੂਪ ਤਿਆਰ ਕਰਨਾ ਅਤੇ ੪੮ ਸਿੰਘਾਂ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਨਾਉਣੀ । ਦਮਦਮੇ ਸਾਹਿਬ ਜੀ ਨੂੰ ਗੁਰੂ ਕਾਸ਼ੀ ਦਾ ਵਰ ਦੇਣਾ ਤੇ ਮਾਲਵੇ ਦੇ ਕੋਨੇ ਕੋਨੇ ਧਰਤੀ ਨੂੰ ਭਾਗ ਲੌਣੇ ਵਾਲੀ ਜਗਾ ਗੁਰ ਸਿੱਖ ਰਾਜਿਆਂ, ਗੁਰ ਸਿੱਖ ਸੰਤਾਂ ਅਤੇ ਗੁਰਸਿਖਾਂ ਵਲੋਂ ੪੫੧ ਦੇ ਲਗਪਗ ਗੁਰਦਵਾਰੇ ਜੋ ਸਾਡੀ ਪੜਤਾਲ ਵਿਚ ਆਇ ਹਨ । ਇਸ ਤੋਂ ਉਪਰੰਤ ਭੀ ਬੇਅੰਤ ਸੰਗਤਾਂ ਨੂੰ ਜੀ ਦਾਨ ਦੇਣ ਦਾ ਸੁਭਾਗ ਸਮਾਂ ਬਖ਼ਸ਼ਿਆ ਹੈ । ਜਿਸ ਦਾ ਸਿੱਟਾ ਇਸ ਪਰਕਾਰ ਨਿਕਲਿਆ ਹੈ ।

## ਸ਼ਹੀਦਾਂ ਦੇ ਲਹੂ ਨਾਲ ਰੰਗੀ ਹੋਈ ਇਹ ਧਰਤੀ

ਮਾਲਵੇ ਦੇ ਸਿੱਖਾਂ ਨੂੰ ਪੁਕਾਰ ਕੇ ਜਗਾਉਂਦੀ ਹੈ । ਕੌਣ ਨਹੀਂ ਜਾਣਦਾ ਕਿ ਪੁਰਾਣੇ ਵਕਤਾਂ ਵਿਚ ਪੰਥ ਪਰ ਜਦ ਜ਼ਿਆਦਾ ਤੋਂ ਜ਼ਿਆਦਾ ਭੀੜ ਬਣੀ ਤਦ ਖਾਲਸੇ ਨੂੰ ਬਿਸਰਾਮ ਦੀ ਜਗ੍ਹਾਂ ਮਾਲਵਾ ਹੀ ਲਭਦਾ ਰਿਹਾ ੧੯੪੭ ਵਿਚ ਪੰਥ ਅਤੇ ਹਿੰਦੂ ਸਿੱਖਾਂ ਪੁਰ ਜੋ ਮੁਸੀਬਤ ਆਈ ਇਸ ਵਿਚ ਭੀ ਮਾਲਵਾ ਨਿਵਾਸੀਆਂ ਨੇ ਉਧਰੋਂ ਆਇ ਗੁਰੂ ਪਿਆਰਿਆ ਨੂੰ ਜੀ ਆਇ ਆਖ ਕੇ ਆਪਣੇ ਆਪ ਨੂੰ ਸਿਖੀ ਦਾ ਇਕ ਜ਼ਰੂਰੀ ਤੇ ਨਰੋਆ ਅੰਗ ਸਾਬਤ ਕੀਤਾ । ਹਿੰਦੁਸਤਾਨ ਵਿਚ ਰਹਿਣ ਵਾਲੀ ਸਮੂੰਹ ਸਿੱਖ ਵਸੋਂ ਦਾ ੪੦ ਫੀ ਸਦੀ ਤੋਂ ਵੱਧ ਮਾਲਵੇ ਦਾ ਹੀ ਵਸਨੀਕ ਹੈ । ਇਹ ਨਿਸਚਾ ਹੈ ਕਿ ਮਾਲਵਾ ਆਪਣੀ ਜ਼ੁਮੇਵਾਰੀ ਨੂੰ ਅਗੇ ਨੂੰ ਭੀ ਪੂਰੀ ਤਰ੍ਹਾਂ ਨਿਭਾਵੇਗਾ ।

## ਦਮਕਦੇ ਲਾਲ

ਹੇਠ ਲਿਖੇ ਗੁਰੂ ਪੰਥ ਦੀ ਬੁਨਆਦਿ ਵਿਚ ਆਉਣ ਵਾਲੇ ਪੰਜ ਪਿਆਰੇ, ਸ਼ਿਲਥ, ਬੰਦ ਬੰਦ ਕਟਾਉਣ ਵਾਲੇ, ਉਚ ਦਾ ਪੀਰ ਬਣੌਣ ਵਾਲੇ, ਨਾਮ ਅਭਿਆਸੀ, ਵਿਦਿਆ ਦਾਤੇ, ਦੇਸ਼ ਕੌਮ ਤੋਂ ਮਰ ਮਿਟਣ ਤੇ ਗੁਲਾਮੀ ਦੇ ਜੂਲੇ ਲੌਹਣ ਵਾਲੇ ਤੇ ਉਚ ਕੋਟੀ ਦੇ ਲਿਖਾਰੀ । ਜ਼ਾਲਮ ਉਡਵੈਰ ਤੇ ਬੀਟੀ ਵਰਗੇ ਜ਼ਾਲਮਾਂ ਨੂੰ ਕਰਨੀ ਦਾ ਫਲ ਦੇਣ ਵਾਲੇ ਸੂਰਮੇ ਇਸੇ ਧਰਤੀ ਵਿਚ ਜਨਮੇ । ਜਿਸ ਤਰਾਂ—

ਪੰਜ ਪਿਆਰਾ ਭਾਈ ਧਰਮ ਸਿੰਘ ਜੀ‡ ਪਿੰਡ ਜਟ ਵਾਲ ਸਹਾਰਨ ਪੁਰ ।
,, ਭਾਈ ਹਿੰਮਤ ਸਿੰਘ ਜੀ† ਪਿੰਡ ਸੰਗਤ ਪੁਰਾ ਪਟਿਆਲਾ ।
,, ਭਾਈ ਮੁਹਕਮ ਸਿੰਘ ਜੀ* ਪਿੰਡ ਬੂੜੀਏ ਜ਼ਿਲਾ ਅੰਬਾਲਾ ।

---

‡ ਦੇਖੋ ਮਹਾਨ ਕੋਸ਼ ਸਫ਼ਾ ੨੩੭੧ ਕਰਤ ਕਾ: ਸ: ਕਾਨ ਸਿੰਘ ਜੀ ਨਾਭਾ ਕਾਲਮ ੧ ਨੰ: ੨

† ਮਹਾਨ ਕੋਸ਼ ਸਫ਼ਾ ੨੩੭੧ ਕਾਲਮ ੨ ਨੰ: ੪

* ਮਹਾਨ ਕੋਸ਼ ਸਫਾ ੨੩੭੧ ਕਾਲਮ ੨ ਨੰ ੨

Digitized by Panjab Digital Library | www.panjabdigilib.org

ਮਹਾਕਵੀ ਚੂੜਾਮਣ ਭਾਈ ਸੰਤੋਖ ਸਿੰਘ ਜੀ ਬੂੜੀਏ ਕਰਤਾ ਸੂਰਜ ਪਰਕਾਸ਼ ।

ਸ੍ਰਿਲੱਥ ਬਾਬਾ ਦੀਪ ਸਿੰਘ ਜੀ ਸ਼ਹੀਦ ਪਿੰਡ ਗੁਰਮ ਜ਼ਿਲਾ ਲੁਧਿਆਣਾ ਜੱਥੇਦਾਰ [ਤਖਤ ਦਮਦਮਾ ਸਾਹਿਬ ਜੀ ।

ਬੰਦ ਬੰਦ ਕਟਾਉਣ ਵਾਲੇ ਭਾਈ ਮਨੀ ਸਿੰਘ ਜੀ ਪਿੰਡ ਲੌਂਗੋ ਦੇਵਾ
ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ।
ਨਿਰਭੈ ਜੋਧਾ ਅਕਾਲੀ ਫੂਲਾ ਸਿੰਘ ਜੀ ਪਿੰਡ ਗਿਦੜੀ ਪਟਿਆਲਾ ।
ਖ਼ਾਲਸਾ ਰਾਜ ਦੇ ਥੰਮ ਭਾਈ ਧੰਨਾ ਸਿੰਘ ਜੀ ਮੱਲਵਈ ਪਿੰਡ ਮੈੜ ਪਟਿਆਲਾ ।
ਸੂਰਜ ਵਤ ਚਮਕਦੇ ਸ: ਸ਼ਾਮ ਸਿੰਘ ਜੀ ਅਟਾਰੀ ਪਿੱਛਾ ਕਾਉਂਕੇ ਕਲਾਂ ਲੁਧਿਆਣਾ ।
ਸ੍ਰੀ ਸੰਤ ਖ਼ੁਦਾ ਸਿੰਘ ਜੀ ।
ਭਾਈ ਭਲਣ ਪੰਜ ਗਰਾਈਂ ਕਲਾਂ ਫ਼ਰੀਦ ਕੋਟ ।

ਭਾਈ ਬਹਿਲੋ ਜੀ
ਭਾਈ ਭਗਤੂ ਜੀ
ਸੰਤ ਅਤਰ ਸਿੰਘ ਜੀ ਮਸਤੂਆਣਾ
ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਜੀ
ਸੰਤ ਸੁੰਦਰ ਸਿੰਘ ਜੀ ਭਿੰਡਰ
ਸੰਤ ਮੱਘਰ ਸਿੰਘ ਜੀ ਰਾਮਗੜ੍ਹ
ਸੰਤ ਗੁਲਾਬ ਸਿੰਘ ਜੀ ਘੋਲੀਆ
ਸੰਤ ਬਾਬਾ ਗੁਰਮੁਖ ਸਿੰਘ ਜੀ ਪਟਿਆਲਾ
ਸੰਤ ਨੰਦ ਸਿੰਘ ਜੀ ਕਲੇਰ
ਸੰਤ ਰਣਧੀਰ ਸਿੰਘ ਜੀ ਨਾਰੰਗਵਾਲ
ਗਿਆਨੀ ਗੁਰਬਚਨ ਸਿੰਘ ਜੀ ਅਖਾੜਾ

ਪੰਡਤ ਸੁਚਾ ਸਿੰਘ ਜੀ ਭਿੰਡਰ, ਸ੍ਰੀ ਮਹੰਤ ਨਿਰਮਲ ਅਖਾੜਾ
ਬਾਬਾ ਮਲੂਕ ਸਿੰਘ ਜੀ ਪੰਜ ਗਰਾਈ ਕਲਾਂ
ਪੰਡਤ ਦਯਾ ਸਿੰਘ ਜੀ ਉਗੋ

ਪੰਡਤ ਝੰਡਾ ਸਿੰਘ ਜੀ ਜੌਹਲ ਜਨੇਤ ਪੁਰਾ
ਸ: ਪਰੇਮ ਸਿੰਘ ਜੀ ,, ,,
ਸ: ਕਰਤਾਰ ਸਿੰਘ ਜੀ ਦਾਖਾ

ਭਾਈ ਤਖਤ ਸਿੰਘ ਜੀ ਭਰੋਵਾਲ ਖੁਰਦ, ਮੋਢੀ ਕੰਨਿਆ ਮਹਾ ਵਿਦਿਆਲਾ, ਫੀਰੋਜ਼ਪੁਰ
ਭਾਈ ਨਰੈਣ ਸਿੰਘ ਜੀ ਸਿਧਵਾਂ ਖੁਰਦ, ਬਾਨੀ ਗਰਲਜ਼ ਕਾਲਜ
ਸਰ ਅਤਰ ਸਿੰਘ ਜੀ ਭਦੌੜ
ਗਿਆਨੀ ਦਿਤ ਸਿੰਘ ਜੀ ਅਨੰਦ ਪੁਰ ਕਲੌੜ

Digitized by Panjab Digital Library | www.panjabdigilib.org

ਭਾਈ ਸਾਹਿਬ ਕਾਹਨ ਸਿੰਘ ਜੀ ਨਾਭਾ
ਭਾਈ ਕਰਤਾਰ ਸਿੰਘ ਜੀ ਸਰਾਭਾ ਮੋਢੀ ੧੯੧੪–੧੫ ਵਾਲੇ
ਬਾਬਾ ਰੂੜ ਸਿੰਘ ਜੀ ਚੂਹੜ ਚੱਕ ੧੯੧੪-੧੫ ਵਾਲੇ।
ਭਾਈ ਇੰਦਰ ਸਿੰਘ ਜੀ ਸਿਖ ਦੌਲਤ ੧੯੧੪-੧੫ ਵਾਲੇ
ਭਾਈ ਪੂਰਨ ਸਿੰਘ ਜੀ ਜਨੇਤਪੁਰਾ
ਬਾਬੂ ਅਮਰ ਸਿੰਘ ਜੀ ਸ਼ੇਰ ਪੁਰਾ ਕਲਾਂ, ਲੁਧਿਆਣਾ ਮੋਢੀ ਮਾਂਡਲੇ ਸਾਜ਼ਸ਼ ਕੇਸ
ਸਃ ਪਾਲ ਸਿੰਘ ਜੀ ਸ਼ੇਰਪੁਰਾ ਖੁਰਦ, ਮਾਂਡਲੇ ਸਾਜ਼ਸ਼ ਕੇਸ
ਭਾਈ ਦਿਆਲ ਸਿੰਘ ਜੀ ਬੇਲਾ ਪਿੰਡ
ਭਾਈ ਦਿਆਲ ਸਿੰਘ ਜੀ ਪਰਵਾਨਾ ਪੰਜ ਗਰਾਈਂ
ਭਾਈ ਊਧਮ ਸਿੰਘ ਜੀ ਸੁਨਾਮ, ਉਡਵੈਰ ਕਾਤਲ ਜਲ੍ਹਿਆਂ ਵਾਲੇ ਬਾਗ ਨੂੰ ਕੀਤੀ ਦਾ ਫਲ ਵਲਾਇਤ ਜਾਕੇ ਦੇਣ ਵਾਲੇ।

ਭਾਈ ਮਾਨ ਸਿੰਘ ਜੀ ਬੜੀ ਟਿਬਾ
ਭਾਈ ਕੂੰਡਾ ਸਿੰਘ ਜੀ ਗਾਜ਼ੀਆਣਾ
ਭਾਈ ਕਰਤਾਰ ਸਿੰਘ ਜੀ ਛੀਨੀਵਾਲ

ਇਨ੍ਹਾਂ ਸੂਰਮਿਆਂ ਨੇ ਜ਼ਾਲਮ ਬੀ.ਟੀ. ਗੁਰੂ ਕੇ ਬਾਗ ਵਾਲੇ ਨੂੰ ਸੋਧਿਆ

ਭਾਈ ਮੇਰਾ ਸਿੰਘ (ਮੇਰਾ ਸਿੰਘ) ਜੀ ਮੰਗੇਵਾਲ
ਭਾਈ ਸਾਈਂ ਦਾਸ ਭਾਈ ਕੀ ਡਰੋਲੀ
ਬੀਬੀ ਹਰਸਰਨ ਕੌਰ ਪਿੰਡ ਖਰੂੰਡਾ (ਚਮਕੌਰ ਸਾਹਿਬ ਦੇ ਸ਼ਹੀਦ ਸਿੰਘਾਂ, ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਵਾਲੀ ਦਲੇਰ ਸਪੁਤ੍ਰੀ)
ਬਾਬਾ ਰਾਮ ਸਿੰਘ ਜੀ ਨਾਮਧਾਰੀ ਪਿੰਡ ਲਲਤੋਂ (ਲੁਧਿਆਣਾ) ਭੈਣੀ ਸਾਹਿਬ, ਗ਼ਦਰ ਮਾਲੇਰਕੋਟਲਾ ਦੇ ਮੋਢੀ।
ਸ੍ਰੀਮਾਨ ਸੰਤ ਹੀਰਾ ਦਾਸ ਜੀ, ਸਿੰਘ ਸਭਾ ਦੇ ਮੋਢੀਆਂ ਵਿਚੋਂ।
ਸ੍ਰੀਮਾਨ ਸੰਤ ਗੁਰਬਖਸ਼ ਸਿੰਘ ਜੀ ਜਲੰਧਰ ਪੰਡਤ ਪਟਿਆਲਾ।

## ਅਕਾਲੀ ਲਹਿਰ ੧੯੨੧ ਤੋਂ

ਸ: ਮੰਗਲ ਸਿੰਘ ਜੀ ਗਿਲ, ਅਕਾਲੀ ਲਹਿਰ ਸਮੇਂ ਤੇ ਮੋਰਚਾ ਜੈਤੋ ਵੇਲੇ ਪ੍ਰਧਾਨ, ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ।
ਲਾਲਾ ਲਾਜਪਤ ਰਾਏ ਜਗਰਾਉਂ, ਕਾਂਗਰਸ ਦੇ ਮੋਢੀ।
ਸ: ਮਹਿੰਦਰ ਸਿੰਘ ਜੀ ਸਿਧਵਾਂ, ਜਨਰਲ ਸਕੱਤਰ ਸ਼੍ਰੋ. ਗੁ. ਪ੍ਰ. ਕਮੇਟੀ ਅੰਮ੍ਰਿਤਸਰ।
ਸ: ਬਖਸ਼ੀਸ਼ ਸਿੰਘ ਜੀ ਭਮੱਦੀ ਵਾਲੇ, ਪ੍ਰਧਾਨ ,, ,, ,,
ਸ: ਕਰਤਾਰ ਸਿਘ ਜੀ ਦੀਵਾਨਾ ,, ,, ,, ,,

Digitized by Panjab Digital Library | www.panjabdigilib.org

ਜੱਜ ਤਾਰਾ ਸਿੰਘ ਜੀ ਮੋਗਾ, ਗੁਰਦੁਆਰਾ ਐਕਟ ਪਾਸ ਕਰਾਉਣ ਵਾਲੇ।
ਗਿਆਨੀ ਸ਼ੇਰ ਸਿੰਘ ਜੀ ਠੀਕਰੀ ਵਾਲਾ, ਅਕਾਲੀ ਲਹਿਰ ਦੇ ਮੋਢੀ ਪਟਿਆਲਾ।
ਸ: ਸੇਵਾ ਸਿੰਘ ਜੀ ਠੀਕਰੀ ਵਾਲਾ, ਦੇਸ਼ ਕੌਮ ਦਾ ਪ੍ਰਵਾਨਾ, ਅਮਰ ਸ਼ਹੀਦ, ਪਟਿਆਲਾ।

## ਜੈਤੋ ਗੁਰਦੁਆਰਾ ਗੰਗਸਰ

ਗੁਰਦੁਆਰਾ ਗੰਗਸਰ ਦੇ ਘੇਰੇ ਵੇਲੇ ਰਾਸ਼ਨ ਸਿਟਣ ਵਾਲੇ:—
ਸ: ਦੁਲਾ ਸਿੰਘ ਜੀ ਰੋਡੇ, ਸ: ਸੁਚਾ ਸਿੰਘ ਜੀ ਰੋਡੇ, ਸੰਤ ਕ੍ਰਿਪਾਲ ਸਿੰਘ ਜੀ ਰੋਡੇ ਇਤ ਆਦਿ ਸੱਜਣ ਸਨ।

## ਦਲੇਰ ਬੀਬੀਆਂ

ਬੇਬੇ ਬਸੰਤ ਕੌਰ ਜਥੇਦਾਰ, ਸੁਪਤਨੀ ਭਾਈ ਮਨੀ ਸਿੰਘ ਜੀ ਜਿਨ੍ਹਾਂ ਨੂੰ ਜ਼ਾਲਮ ਮੀਰ ਮੰਨੂੰ ਨੇ ਮੁਲਾਂਪੁਰ ਕੈਂਪ ਤੋਂ ਲਾਹੌਰ ਲਿਜਾ ਕੇ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿਤੇ। (ਪਟਿਆਲਾ)
ਬੀਬੀ ਜੱਸੋ ਗਿਲ, ਕੁਆਰੀ ਸਪਤਨੀ ਭਾਈ ਭਗਤੂ (ਲੁਧਿਆਣਾ)
ਮਾਤਾ ਕਿਸ਼ਨ ਕੌਰ ਕਾਉਂਕੇ (ਲੁਧਿਆਣਾ)
ਬੀਬੀ ਹਰਪ੍ਰਕਾਸ਼ ਕੌਰ ਐਮ. ਐਲ. ਏ. ਸਿਧਵਾਂ ਖੁਰਦ (ਲੁਧਿਆਣਾ)
ਸ: ਸੰਤਾ ਸਿੰਘ ਸਕੱਤਰ, ਬਬਰ ਅਕਾਲੀ ਪਾਰਟੀ
ਗਿ: ਗਿਆਨ ਸਿੰਘ ਜੀ, ਕਰਤਾ ਪੰਥ ਪ੍ਰਕਾਸ਼ ਲੌਂਗੋਵਾਲ।
ਸੰਤ ਮਿਤ ਸਿੰਘ ਮੰਡਿਆਣੀ ਜਥੇਦਾਰ ਮਾਤਾ ਜੀ ਦਾ ਗੁਰਦੁਆਰਾ ਸਚਖੰਡ।
ਭਾਈ ਸੰਤੋਖ ਸਿੰਘ ਜੀ ਪਹਿਲੇ ਜਥੇਦਾਰ ਤਖਤ ਸ੍ਰੀ ਹਜ਼ੂਰ ਸਾਹਿਬ
ਭਾਈ ਮਾਨ ਸਿੰਘ ਬੜੀ ਰਿਆਸਤ ਪਟਿਆਲਾ

## ਹਰ ਔਕੜ ਵੇਲੇ

੧੯੪੭ ਤੋਂ ਬਾਦ ਭੀ ਸ਼੍ਰੋ: ਅਕਾਲੀ ਦਲ ਵਲੋਂ ਲਾਏ ਗਏ ਮੋਰਚਿਆਂ ਦੇ ਆਗੂ ਭੀ ਕਰੀਬਨ ਕਰੀਬਨ ਮਾਲਵੇ ਦੇ ਹੀ ਜਥੇਦਾਰ ਸਨ। ਸੰਨ ੧੯੪੯ ਵਿਚੱ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਦੇ ਦਿਲੀ ਗ੍ਰਿਫਤਾਰ ਹੋਣ ਪਿਛੋਂ ਪੈਪਸੂ ਵਿਚੋਂ ਮੋਰਚਾ ਲਾਉਣ ਵੇਲੇ ਜਥੇਦਾਰ ਪ੍ਰੀਤਮ ਸਿੰਘ ਗੋਜਰਾਂ ਪਟਿਆਲਾ ਸਨ। ਸੰਨ ੧੯੫੫ ਪੰਜਾਬੀ ਸੂਬਾ ਜ਼ਿੰਦਾ ਬਾਦ ਦੇ ਨਾਹਰੇ ਤੋਂ ਪਾਬੰਦੀ ਚੁਕਣ ਵਾਸਤੇ ਲਾਏ ਗਏ ਮੋਰਚੇ ਦੇ ਸਤਾਂ ਡਿਕਟੇਟਰਾਂ ਵਿਚੋਂ ਹੇਠ ਲਿਖੇ ਅਨੁਸਾਰ ਪੰਜ ਸਜਨ ਮਾਲਵੇ ਦੇ ਸਨ।

(੧) ਪ੍ਰਿੰਸੀਪਲ ਇਕਬਾਲ ਸਿੰਘ ਜੀ ਬੋਪਾਰਾਏ, ਲੁਧਿਆਣਾ।
(੨) ਸ: ਭੁਪਿੰਦਰ ਸਿੰਘ ਮਾਨ ਪਟਿਆਲਾ।
(੩) ਸ: ਮੋਹਾਂ ਸਿੰਘ ਜੀਗਿਲ।
(੪) ਬੀਬੀ ਮਨਮੋਹਨ ਕੌਰ ਪਟਿਆਲਾ ਧਰਮ ਪਤਨੀ ਸ: ਗਿਆਨ ਸਿੰਘ ਜੀ ਰਾੜਾ ਪਟਿਆਲਾ

Digitized by Panjab Digital Library | www.panjabdigilib.org

ਸ਼ ਕਪੂਰ ਸਿੰਘ ਜੀ ਜਥੇਦਾਰ ਸਿੱਖਦੌਲਤ ਤਹਿਸੀਲ ਜਗਰਾਉਂ
,, ਅਮਰ ਸਿੰਘ ਜੀ ਸਰਪੰਚ ਪੰਚੈਤ ਕਮੇਟੀ
ਸਿੱਖ ਦੌਲਤ, ਤਹਿਸੀਲ ਜਗਰਾਉਂ
,, ਨਰੈਣ ਸਿੰਘ ਜੀ ਨੰਬਦਾਰ ਮੇਲਕ ਤਹਿਸੀਲ ਜ਼ੀਰਾ
,, ਪ੍ਰੀਤਮ ਸਿੰਘ ਜੀ ਮੇਲਕ ਤਹਿਸੀਲ ਜ਼ੀਰਾ
,, ਕੁੰਦਨ ਸਿੰਘ ਜੀ ਦਾਨੂ ਵਾਲ ਤਹਿਸੀਲ ਜ਼ੀਰਾ
,, ਪ੍ਰੀਤਮ ਸਿੰਘ ਜੀ ਦਾਨੂ ਵਾਲ ਤਹਿਸੀਲ ਜ਼ੀਰਾ
,, ਮਹੰਤ ਅਰਜਣ ਸਿੰਘ ਜੀ ਜਨੇਤ ਪੁਰਾ ਤਹਿਸੀਲ ਜਗਰਾਉਂ
,, ਸ੍ਰੀ ਮਾਨ ਪ੍ਰੀਤਮ ਸਿੰਘ ਜੀ ਪਟਿਆਲਾ
,, ਲਾਲ ਸਿੰਘ ਜੀ ਅਕਾਲੀਆਂ ਵਾਲਾ ਜ਼ੀਰਾ ਫੀਰੋਜ਼ਪੁਰ
,, ਅਮਰ ਸਿੰਘ ਜੀ ਕਿਸ਼ਨਪੁਰਾ ਤਹਸੀਲ ਜ਼ੀਰਾ ਫੀਰੋਜ਼ਪੁਰ
,, ਪ੍ਰਤੀਮ ਸਿੰਘ ਜੀ ਦਾਇਆ ਖੁਰਦ ,, ,,
,, ਹੋ: ਖੇਮ ਸਿੰਘ ਜੀ ਪ੍ਰਧਾਨ ਗੁ: ਅਕਾਲਗੜ ਦਾਇਆ ਕਲਾਂ
ਭਾਈ ਸਾਹਿਬ ਕਪੂਰ ਸਿੰਘ ਜੀ ਜਥੇਦਾਰ ਮਲਕ, ਜਗਰਾਤੇਂ
ਸ਼ ਮੁਤਿਆਰ ਸਿੰਘ ਜੀ ਦਾਇਆ ਕਲਾਂ
,, ਬਿਰਾਰਾ ਸਿੰਘ ਜੀ ਸਕਤਰ ਗੁਃ ਕਮੇਟੀ ਸਿੱਖ ਦੌਲਤ
ਸੰਤ ਪ੍ਰੇਮ ਸਿੰਘ ਜੀ ਮਲਕ
ਸ਼ ਅਮਰ ਸਿੰਘ ਜੀ ਸਿੱਖ ਦੌਲਤ
,, ਮਿਤ ਸਿੰਘ ਜੀ ਸਿੱਖ ਦੌਲਤ
,, ਨਰਿੰਦ੍ਰ ਸਿੰਘ ਜੀ ਜਨੇਤਪੁਰ ਖਜ਼ਾਨਚੀ ਗੁਃ ਪ੍ਰਃ ਸਿੰਘ ਸਭਾ,
ਗਿਃ ਸੰਪੂਰਨ ਸਿੰਘ ਜੀ ਜ਼ੈਲਦਾਰ ਖਾਨਪੁਰ
,, ਬਾਬੂ ਗੁਲਜ਼ਾਰ ਸਿੰਘ ਜੀ ਵਹਿਣੀਵਾਲ ਸਕਤ੍ਰ ਇਤਿਹਾਸ ਕਮੇਟੀ
ਸ਼ ਬਦਨ ਸਿੰਘ ਜੀ ਭਿੰਡਰ
,, ਚੰਨਣ ਸਿੰਘ ਜੀ ਜਮਾਂਦਾਰ ਸਨੇਤ ਪੁਰਾ ਖ਼ਜ਼ਾਨਚੀ ਗੁਃ ਪ੍ਰਃ ਸਿੰਘ ਸਭਾ
,, ਈਸ਼ਰ ਸਿੰਘ ਜੀ ਫਤੇਗੜ ਸਿਵੀਆਂ
,, ਮੋਹਣ ਸਿੰਘ ਕਿਸ਼ਨ ਪੁਰਾ
,, ਭਗਤ ਸਿੰਘ ਜੀ ਇੰਨਸਪੈਕਟਰ ਕਿਸ਼ਨ ਪੁਰਾ ਕਲਾਂ
,, ਜਾਗੀਰ ਸਿੰਘ ਜੀ ਜੱਥੇਦਾਰ ਅਕਾਲੀ ਜੱਥਾ ਕਿਸ਼ਨ ਪੁਰ ਕਲਾਂ
,, ਜੋਗਦਰ ਸਿੰਘ ਜੀ ਨੰਬਦਾਰ ਮੁਖ ਪ੍ਰਬੰਧਕ ਕਮੇਟੀ ਕਿਸ਼ਨ ਪੁਰਾ ਕਲਾਂ
,, ਕੇਹਰ ਸਿੰਘ ਜੀ ਕਿਸ਼ਨ ਪੁਰਾ ਮੈਂਬਰ ਸ਼ੋਃ ਅਕਾਲੀ ਦਲ ਸ੍ਰੀ ਅੰਮ੍ਰਿਤਸਰ
,, ਜਗਤ ਸਿੰਘ ਜੀ ਅਮਰੀਕਨ ਕਮਾਲ ਪੁਰਾ
,, ਬੇਬੇ ਅਮਰ ਕੌਰ ਜੀ ਗਿਆਨੀ ਮੋਗਾ

Digitized by Panjab Digital Library | www.panjabdigilib.org

ਸ. ਪਾਲ ਸਿੰਘ ਜੀ ਕਿਸ਼ਨ ਪੁਰਾ ਕਲਾਂ
ਸ. ਸ਼ੇਰ ਸਿੰਘ ਜੀ ਕਲੇਰ, ਕਿਸ਼ਨ ਪੁਰਾ।
ਹੌਲਦਾਰ ਮਲ ਸਿੰਘ ਜੀ ਜਥੇਦਾਰ ਅਕਾਲੀ ਜਥਾ ਕਿਸ਼ਨ ਪੁਰਾ
ਸ. ਦਲੀਪ ਸਿੰਘ ਨੰਬਰਦਾਰ ਦਾਇਆ ਕਲਾਂ
ਸ. ਗੁਰਮੁਖ ਸਿੰਘ ਜੀ ਮਨਸੀਹਾਂ ਬਾਜਨ, ਜਗਰਾਉਂ
ਸ. ਨਿੱਕਾ ਸਿੰਘ ਜੀ ਦਾਇਆ ਕਲਾਂ
ਸ. ਦੀਵਾਨ ਸਿੰਘ ਜੀ ,, ,,
ਸ. ਕਰਤਾਰ ਸਿੰਘ ਜੀ ,, ,,
ਸ. ਜਰਨੈਲ ਸਿੰਘ ਜੀ ,, ,,
ਸ. ਸਰਦਾਰਾ ਸਿੰਘ (ਸਾਈਂ) ਜੀ ਦਇਆ ਕਲਾਂ
ਸ. ਅਜੈਬ ਸਿੰਘ ਜੀ ਦਇਆ ਕਲਾਂ
ਸ. ਪੂਰਨ ਸਿੰਘ ਜੀ ਗਿਦੜ ਵਿੰਡੀ
ਸ. ਲਾਭ ਸਿੰਘ ਜੀ ਗਿਦੜ ਵਿੰਡੀ
ਸ. ਮਿਲਖਾ ਸਿੰਘ ਜੀ ਗਿਦੜ ਵਿੰਡੀ
ਸ. ਨਰੈਣ ਸਿੰਘ ਜੀ ਗਿਦੜ ਵਿੰਡੀ
ਸੰਤ ਫੌਗਾ ਸਿੰਘ ਜੀ ਗੁ: ਇੰਦਰਗੜ੍ਹ, ਜ਼ੀਰਾ
ਸੰਤ ਚੰਨਣ ਸਿੰਘ ਜੀ ਸਕੱਤਰ ਗੁ: ਪ੍ਰ: ਕਮੇਟੀ ਇੰਦਰਗੜ੍ਹ
ਸ. ਹਰਨਾਮ ਸਿੰਘ ਜੀ ਖਜ਼ਾਨਚੀ ਗੁ: ਪ੍ਰ: ਕਮੇਟੀ ਇੰਦਰਗੜ੍ਹ
ਸ. ਪਾਲਾ ਸਿੰਘ ਜੀ ਨੰਬਰਦਾਰ ਮੈਂਬਰ ਗੁ: ਪ੍ਰ. ਕਮੇਟੀ ਇੰਦਰਗੜ੍ਹ
ਸ. ਨਾਜ਼ਰ ਸਿੰਘ ਜੀ ਸਰਪੰਚ ਪੰਚੈਤ ਇੰਦਰਗੜ੍ਹ
ਸ. ਚੇਤ ਸਿੰਘ ਜੀ ਗ੍ਰੰਥੀ ਗੁ. ਸਾ. ਇੰਦਰਗੜ੍ਹ
ਸ. ਸੁਰਜਨ ਸਿੰਘ ਨੰਬਰਦਾਰ, ਸਰਪੰਚ ਇੰਦਰਗੜ੍ਹ
ਸ. ਲਾਲ ਸਿੰਘ ਜੀ ਜਥੇਦਾਰ ਤੇ ਮੈਂਬਰ ਪ੍ਰ: ਕਮੇਟੀ ਗੁ. ਇਦਰਗੜ੍ਹ
ਸ. ਸੰਤਾ ਸਿੰਘ ਜੀ ਮੈਂਬਰ ਗੁ. ਪ੍ਰਬੰਧਕ ਕਮੇਟੀ ਇੰਦਰਗੜ੍ਹ
ਸੂਬੇਦਾਰ ਮੋਹਣ ਸਿੰਘ ਜੀ ਖਜ਼ਾਨਚੀ ਸਕੂਲ ਕਮੇਟੀ ਇੰਦਰਗੜ੍ਹ
ਸ. ਪ੍ਰੀਤਮ ਸਿੰਘ ਜੀ ਇੰਦਰਗੜ੍ਹ
ਸ. ਬਦਨ ਸਿੰਘ ਜੀ ਇੰਦਰਗੜ੍ਹ
ਸ. ਸੁਚਾ ਸਿੰਘ ਜੀ ,,
ਸ. ਦੇਵਾ ਸਿੰਘ ਜੀ ਕਿਸ਼ਨ ਪੁਰਾ ਕਲਾਂ
ਗਿ. ਵੀਰ ਸਿੰਘ ਜੀ ਸਵੱਦੀ, ਜਗਰਾਉਂ
ਸ. ਮਲਕੀਤ ਸਿੰਘ ਜੀ ਕਿਸ਼ਨ ਪੁਰ
ਬਾਬਾ ਲਾਲ ਸਿੰਘ ਜੀ ਗ੍ਰੰਥੀ ਪੰਥਕ ਗੁ. ਸਾਹਿਬ ਕਿਸ਼ਨਪੁਰਾ ਕਲਾਂ
ਵਸਾਵਾ ਸਿੰਘ ਜੀ ਜਨੇਤ ਪੁਰਾ

Digitized by Panjab Digital Library | www.panjabdigilib.org

ਸ. ਨਗਿੰਦਰ ਸਿੰਘ ਜੀ ਜਗਰਾਉਂ ਮੈਂਬਰ ਅੰਤਰਿੰਗ ਕਮੇਟੀ ਗੁ. ਪ੍ਰ: ਸਿੰਘ ਸਭਾ
ਸ: ਭਗਵਾਨ ਸਿੰਘ ਜੀ ਮੀਤ ਪ੍ਰਧਾਨ ਗੁ: ਸ: ਕਿਸ਼ਨਪੁਰਾ ਕਲਾਂ
ਸ. ਸਰਵਨ ਸਿੰਘ ਜੀ ਧਰਮ ਕੋਟ
ਸ. ਮਲ ਸਿੰਘ ਜੀ ਧਰਮ ਕੋਟ
ਸ. ਮੱਸਾ ਸਿੰਘ ਇੰਦ੍ਰ ਗੜ
ਸ. ਨਰੈਣ ਸਿੰਘ ਗਿਦੜ ਵਿੰਡੀ
ਸ. ਲੱਖਾ ਸਿੰਘ ਜੀ ਜਥੇਦਾਰ ਲੰਗਰ ਗੁ: ਕਿਸ਼ਨ ਪੁਰਾ ਕਲਾਂ
ਸ. ਈਸ਼ਰ ਸਿੰਘ ਜੀ ਫਤੇਗੜ ਕੋਰੋਟਾਣਾ
ਸ. ਮੋਹਨ ਸਿੰਘ ਜੀ ਨਸੀਰੇ ਵਾਲ

ਸ. ਸ਼ੇਰ ਸਿੰਘ ਜੀ ਕਿਸ਼ਨਪੁਰਾ
ਸ. ਜਗਤ ਸਿੰਘ ਜੀ ,,
ਸ. ਪਾਲ ਸਿੰਘ ਜੀ ,,
ਸ. ਪ੍ਰੀਤਮ ਸਿੰਘ ਜੀ ਗ੍ਰੰਥੀ ਗੁ: ਵਹਿਣੀ ਵਾਲ
ਸੋਢੀ ਗੁਰਚਰਨ ਸਿੰਘ ਜੀ ਬੁਟਰ ਮੋਗਾ
ਸ. ਗੁਰਬਖ਼ਸ਼ ਸਿੰਘ ਜੀ ਲਾਂਬਾ ਮੋਗਾ
ਬੀਬੀ ਜੁਆਲ ਕੌਰ ਕਿਸ਼ਨਪੁਰਾ (ਧਰਮ ਪਤਨੀ ਸ: ਅਰਜਣ ਸਿੰਘ ਜੀ ਸਾਬਕ ਮਨੇਜਰ ਗੁਰਦਸਮੇਸ਼ ਪ੍ਰੈਸ) ਪ੍ਰਧਾਨ ਇਸਤ੍ਰੀ ਸਤਸੰਗ ਸਭਾ ਕਿਸ਼ਨ ਪੁਰਾ
ਬੀਬੀ ਬਚਨ ਕੌਰ (ਸੁਪਤ੍ਰੀ ਸ: ਬਿਸ਼ਨ ਸਿੰਘ ਮਿਸਤ੍ਰੀ) ਸਕਤ੍ਰ ਇਸਤ੍ਰੀ ਸਤਸੰਗ ਸਭਾ ਕਿਸ਼ਨ ਪੁਰ
ਬੇਬੇ ਬਸੰਤ ਕੌਰ (ਧਰਮ ਪਤਨੀ ਮਾ: ਭਗਤ ਸਿੰਘ ਜੀ) ਖ਼ਜ਼ਾਨਚੀ ਇਸਤ੍ਰੀ ਸਤਸੰਗ ਸਭਾ ਕਿਸ਼ਨ ਪੁਰਾ

ਬੀਬੀ ਸਦਾ ਕੌਰ ਜੀ ਕਿਸ਼ਨ ਪੁਰਾ
ਬੀਬੀ ਨਿਕੀ ਜੀ ,,
ਬੀਬੀ ਜੈ ਕੌਰ ਜੀ ਮਹਿਣਾ
ਧੰਨ ਕੌਰ ਜੀ ਕਿਸ਼ਨ ਪੁਰਾ
ਬੇਬੇ ਰਾਮ ਕੌਰ ਜੀ ,,
ਬੇਬੇ ਸੰਤ ਕੌਰ ਦੀ ,,
ਮਾਤਾ ਲਾਜਵੰਤ ਕੌਰ ਜੀ ਧਰਮਪਤਨੀ ਸੋਢੀ ਗੁਰਚਰਨ ਸਿੰਘ ਦੀ ਬੁਟਰ ਮੋਗਾ
ਬੀਬੀ ਸਰਨ ਕੌਰ ਹੈਡ ਮਿਸਟ੍ਰੈਸ ਪਤੋ ਹੀਰਾ ਸਿੰਘ ਵਾਲੀ ਮੋਗਾ ।

Digitized by Panjab Digital Library | www.panjabdigilib.org

# "ਅਸ਼ੀਰਵਾਦ"

ਮਾਲਵਾ ਇਤਿਹਾਸ ਸੁਧਾਈ ਸਮਾਗਮ ਇਹਨਾਂ ਹੀ ਤਾਰੀਖ਼ਾਂ ਤੇ ੩੭ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਕਾਨਪੁਰ ਤੇ ਜੋੜ ਮੇਲਾ ਸ੍ਰੀ ਹਜ਼ੂਰ (ਸਚ ਖੰਡ) ਸਾਹਿਬ ਹੋਣ ਕਰਕੇ ਜੋ ਸਜਣ ਮਾਲਵਾ ਇਤਹਾਸ ਸੁਧਾਈ ਸਮਾਗਮ ਤੇ ਨਹੀਂ ਪੁਜ ਸਕੇ ਉਹਨਾਂ ਵਲੋਂ ਪ੍ਰੇਮ ਪੱਤ੍ਰ ਦੁਆਰਾ ਅਸ਼ੀਰ,ਵਾਦ ਪਹੁੰਚੀ। ਉਹਨਾਂ ਗੁਰੂ ਸਵਾਰਿਆਂ ਦੇ ਨਾਮ ਹੇਠ ਲਿਖੇ ਜਾਂਦੇ ਹਨ।

ਸ੍ਰੀ ੧੦੮ ਸਿੰਘ ਸਾਹਿਬ ਗਿ: ਪ੍ਰਤਾਪ ਸਿੰਘ ਜੀ ਜੱਥੇਦਾਰ ਅਕਾਲ ਤਖਤ ਸਾਹਿਬ ਅੰਮ੍ਰਿਤਸਰ

ਯੋਗ ਸ੍ਰੀ ਮਹਾਰਾਜ ਬ. ਦਵਿੰਦੁਰ ਸਿੰਘ ਜੀ ਅਧੀਰਾਜ ਪਟਿਆਲਾ ਸ੍ਰੀ ਮਾਨ ਗਿ: ਕਰਤਾਰ ਸਿੰਘ ਜੀ ਵਜ਼ੀਰ ਪੰਜਾਬ।

ਸ: ਬ: ਸ: ਮੰਗਲ ਸਿੰਘ ਜੀ 'ਮਾਨ' ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ।
ਸ: ਮਹਿੰਦ੍ਰ ਸਿੰਘ ਸਿਧਵਾਂ ਮੋਢੀ ਅਕਾਲੀ ਲਹਿਰ।
ਬਾਬਾ ਮਿਤ ਸਿੰਘ ਜੀ ਪਡੋਰੀ ਕਨੇਡੀਅਨ ਜਗਰਾਉਂ (ਲੁਧਿਆਣਾ)।
ਸ: ਮੇਹਰ ਸਿੰਘ ਜੀ ਗਿ: ਐਡੀਟਰ ਖ਼ਾਲਸਾ ਐਡਵੋਕੇਟ ਸ੍ਰੀ ਅੰਮ੍ਰਿਤਸਰ
ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਹਿਸਟੋਰੀਅਨ ਪੰਜਾਬੀ ਵਿਭਾਗ ਪਟਿਆਲਾ।
ਸ: ਮਹਿੰਦ੍ਰ ਸਿੰਘ ਜੀ ਥਿੰਦ ਮੋਹੀ ਜਨਰਲ ਸਕਤ੍ਰ ਜ਼ਿਮੀਦਾਰ ਲੀਗ।
ਸੀ ਮਾਨ ਮਹੰਤ ਮਹਾਣਾ ਸਿੰਘ ਜੀ ਗੁ: ਪੰਜਗਿਰਾਈਂ ਫਰੀਦਕੋਟ।
ਡਾਕਟਰ ਦਯਾ ਸਿੰਘ ਜਗਰਾਉਂ।
ਸ: ਨਾਹਰ ਸਿੰਘ ਜੀ ਕੈਪਟਨ ਆਜ਼ਾਦ ਹਿੰਦ ਫ਼ੌਜ ਜਗਰਾਉਂ।
ਸ: ਲਾਲ ਸਿੰਘ ਜੀ ਐਮ.ਏ: ਗਿ:। (ਸਹਾਇਕ ਡਾਇਰੈਕਟਰ ਮਹਿਕਮਾਂ ਪੰਜਾਬੀ ਪਟਿਆਲਾ)
ਸ: ਰਤਨ ਸਿੰਘ ਜੀ ਲੋਹਗੜ ਐਮ.ਐਲ ਏ. ਫ਼ੀਰੋਜ਼ਪੁਰ।
ਸ੍ਰੀ ੧੦੮ ਗਿ: ਗੁਰਬਚਨ ਸਿੰਘ ਜੀ ਅਖਾੜਾ ਜਗਰਾਉਂ।
ਸ; ਪਰੇਮ ਸਿੰਘ ਜੀ ਗਾਲਬ ਕਲਾਂ ਜਗਰਾਉਂ।
ਸ: ਅਜਮੇਰ ਸਿੰਘ ਜੀ ਐਮ.ਏ ਲੋਗੜ ਲੁਧਿਆਣਾ।
ਸ੍ਰੀ ਮਾਨ ਗਿ: ਮਹਾਂ ਸਿੰਘ ਜੀ ਐਡੀਟਰ ਖ਼ਾਲਸਾ ਸਮਾਚਾਰ ਸ੍ਰੀ ਅੰਮ੍ਰਿਤਸਰ।
,, ਚੰਦਾ ਸਿੰਘ ਜੀ ਸਕਤਰ ਪੰਚ ਖੰਡ ਭਸੌੜ ਪਟਿਆਲਾ।
,, ਗਿ: ਕਰਤਾਰ ਸਿੰਘ ਜੀ ਰਸੂਲ ਪੁਰ ਜਗਰਾਉਂ।
ਡਾ: ਕਰਤਾਰ ਸਿੰਘ ਰਸੂਲ ਪੁਰ ਜਗਰਾਉਂ।
ਡਾ: ਹਰਦਿਤ ਸਿੰਘ ਢਿਲੋਂ ਪੀ.ਐਚ ਡੀ. ਡਾਇਰੈਕਟਰ ਵਿਦਿਅਕ ਵਿਭਾਗ ਪਟਿਆਲਾ।

Digitized by Panjab Digital Library | www.panjabdigilib.org

# ਸਹਾਇਕ ਸੱਜਣ

ਜਿਨ੍ਹਾਂ ਗੁਰੂ ਪਿਆਰੇ ਉਪਕਾਰੀ ਤੇ ਹਿਤਕਾਰੀ ਗੁਰਮੁਖਾਂ ਨੇ ਇਸ ਇਤਿਹਾਸ ਵਿਚ ਦਾਸ ਨੂੰ ਕਿਸੇ ਕਿਸਮ ਦੀ ਸਹਾਇਤਾ ਦਿਤੀ ਅਤੇ ਮਸਾਲਾ ਇਕੱਠਾ ਕਰਨ ਵਿਚ ਹੱਥ ਵੰਡਾਇਆ ਦਾਸ ਉਹਨਾਂ ਦਾ ਅੱਤ ਰਿਣੀ ਤੇ ਧੰਨਵਾਦੀ ਹੈ, ਖਾਸ ਕਰਕੇ:—

ਸ: ਸੁਚਾ ਸਿੰਘ ਜੀ ਮਲਾਈ ਕਿਸ਼ਨ ਪੁਰਾ ਕਲਾਂ ਫੀਰੋਜ਼ਪੁਰ।

ਗਿ: ਬਦਨ ਸਿੰਘ ਜੀ ਸਾਇਲ ਚੁੱਘਾ ਕਲਾਂ ਡਾ: ਧਰਮਕੋਟ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ਪੁਰ

ਬੇਦੰਤ ਬਿਸ਼ਨ ਸਿੰਘ ਜੀ ਗਿ: ਭਰੋਵਾਲ ਡਾ ਸਵੱਦੀ ਤਹਿਸੀਲ ਜਗਰਾਉਂ ਲੁਧਿਆਣਾ।

ਸ: ਜੋਗਿੰਦ੍ਰ ਸਿੰਘ ਜੀ ਕਪੂਰੇ, ਡਾ: ਕੋਕਰੀ ਕਲਾਂ ਤਹਿਸੀਲ ਮੋਗਾ ਫੀਰੋਜ਼ਪੁਰ ਜੋ ਮਸਾਲਾ ਇਕਠਾ ਕਰਨ ਵੇਲੇ ਮਹਾਂ ਪਰਉਪਕਾਰੀਆਂ ਵਲੋਂ ਛਾਤੀ ਨਾਲ ਦੋਨਾਲੀ ਲਾਕੇ ਸ਼ੂਟ ਕਰਨ ਦੇ ਭੇ ਦੇਣ ਤੇ ਭੀ ਦਾਸ ਨਾਲ ਪੂਰਨ ਹਮਦਰਦੀ ਰਖਦੇ ਹੋਏ ਨਿਰਭੈਤਾ ਨਾਲ ਉਸੇ ਧੁਨ ਵਿਚ ਸੇਵਾ ਕਰਦੇ ਰਹੇ।

ਸ: ਕਰਤਾਰ ਸਿੰਘ ਜੀ ਢੈਪਈ ਡਾ: ਖਾਸ ਜ਼ਿਲਾ ਲੁਧਿਆਣਾ

ਹੌ: ਸਾਧੂ ਸਿੰਘ ਜੀ ਪੈਨਸ਼ਨਰ ਸਪੁਤ੍ਰ ਸ. ਬਖਤਾਵਰ ਸਿੰਘ ਜੀ ਪਿੰਡ ਤੇ ਡਾ. ਸਠਿਆਲਾ ਜ਼ਿਲਾ ਅੰਮ੍ਰਿਤਸਰ

ਗਿ: ਜੰਗ ਸਿੰਘ ਜੀ ਡਾ: ਤੇ ਪਿੰਡ ਸੁਖਨਾ, ਜ਼ਿਲਾ ਫੀਰੋਜ਼ਪੁਰ।

ਗਿ: ਅਜਮੇਰ ਸਿੰਘ ਜੀ ਲੋਹਗੜ੍ਹ ਡਾ: ਕਿਲਾ ਰਾਇਪੁਰ।

ਹੈਡਮਾਸਟਰ ਧਿਆਨ ਸਿੰਘ ਐਮ.ਏ. ਕਲਿਆਣ ਮਲੱਕੀ ਤਹਿਸੀਲ ਨਥਾਣਾ ਜ਼ਿਲਾ ਫੀਰੋਜ਼ਪੁਰ।

ਗਿ: ਧਰਮ ਸਿੰਘ ਪ੍ਰਧਾਨ ਗੁਰੂ ਨਾਨਕ ਸੋਸ਼ਲ ਸਰਵਸ।

ਗਿ: ਜੀਵਾ ਸਿੰਘ ਜੀ ਡਾ: ਤੇ ਪਿੰਡ ਗਾਲਬ ਕਲਾਂ ਤਹਿਸੀਲ ਜਗਰਾਓਂ ਲੁਧਿਆਣਾ।

ਗਿ: ਨਰਿੰਦਰ ਸਿੰਘ ਜੀ ਜਨੇਤ ਪੁਰਾ ਡਾ: ਸ਼ੇਰਪੁਰਾ ਕਲਾਂ ਜਗਰਾਓਂ ਲੁਧਿਆਣਾ।

ਜਮਾਂਦਾਰ ਚੰਨਣ ਸਿੰਘ ਜੀ ਜਨੇਤ ਪੁਰਾ ਕਲਾਂ ਜਗਰਾਓਂ ਲੁਧਿਆਣਾ।

ਸ: ਇੰਦਰ ਸਿੰਘ ਜੀ ਸਿਧੂ ਹਾਂਸ ਹਾਲ ਜਗਰਾਓਂ ਲੁਧਿਆਣਾ।

ਗਿ: ਬਲਵੰਤ ਸਿੰਘ ਜੀ ਡਾ: ਪਿੰਡ ਕਿਲਾ ਰਾਏਪੁਰ।

ਰਾਇ ਗੰਧਰਬ ਲਛਮਣ ਸਿੰਘ ਜੀ ਗਿ: ਮਹਿਮੂਦ ਪੁਰਾ, ਲੁਧਿਆਣਾ।

ਗਿ: ਅਵਤਾਰ ਸਿੰਘ ਜੀ ਬਰਸਾਲ ਜਗਰਾਓਂ ਲੁਧਿਆਣਾ।

ਭਾ: ਸ: ਕਪੂਰ ਸਿੰਘ ਜੀ ਡਾ: ਤੇ ਪਿੰਡ ਮਲਕ ,,

ਸ: ਸਰੂਪ ਸਿੰਘ ਜੀ ਡਾ: ਤੇ ਪਿੰਡ ਮਲਕ ,,

ਸ: ਉਤਮ ਸਿੰਘ ਜੀ ਵੈਦਰਾਜ ਡਾ: ਤੇ ਪਿੰਡ ਮਲਕ ,,

ਹੌਲਦਾਰ ਚੰਨਣ ਸਿੰਘ ਜੀ ਸ਼ੇਰ ਪੁਰਾ ਖੁਰਦ ਡਾ:ਸ਼ੇਰ ਪੁਰਾ ਕਲਾਂ ਤਹਿਸੀਲ ਜਗਰਾਉਂ ਲੁਧਿਆਣਾ

ਸ: ਸਰਵਨ ਸਿੰਘ ਜੀ ਐਸ.ਡੀ.ਓ. ਲੁਧਿਆਣਾ।

Digitized by Panjab Digital Library | www.panjabdigilib.org

ਮੋਟਰ ਕੰਪਨੀ ਜਗਰਾਉਂ ਤੇ ਲੁਧਿਆਣਾ ।
ਗਿ: ਜਸਵੰਤ ਸਿੰਘ ਜੀ ਡਾ: ਤੇ ਪਿੰਡ ਬਦੋਵਾਲ ਲੁਧਿਆਣਾ ।
ਸ: ਜਰਨੈਲ ਸਿੰਘ ਜੀ ਸੁਨੇਤ ਲੁਧਿਆਣਾ ।
ਸ: ਇੰਦਰ ਸਿੰਘ ਜੀ ਕੁਰੜ ਡਾ: ਸ਼ੇਰਪੁਰ ਪਟਿਆਲਾ ।
ਹੌਲਦਾਰ ਬਖ਼ਸ਼ੀਸ਼ ਸਿੰਘ ਜੀ ਡਾ: ਤੇ ਪਿੰਡ ਕਿਸ਼ਨ ਪੁਰਾ ਕਲਾਂ ਜ਼ਿਲਾ ਫੀਰੋਜ਼ਪੁਰ ।
ਗੁਰਦੇਵ ਸਿੰਘ ਜੀ ਚੂਹੜ ਚੱਕ ਮੋਗਾ, ਫੀਰੋਜ਼ਪੁਰ
ਸ: ਗੁਰਦਿਆਲ ਸਿੰਘ ਜੀ ਡਾ: ਤੇ ਪਿੰਡ ਕਿਸ਼ਨ ਪੁਰਾ ਜਿਲਾ ਫ਼ੀਰੋਜ਼ਪੁਰ ।
ਸ: ਗੁਲਜ਼ਾਰਾ ਸਿੰਘ ਜੀ ਬਾਬੂ ਡਾ: ਤੇ ਪਿੰਡ ਵਾਹਿਣੀ ਵਾਲ ਫੀਰੋਜ਼ਪੁਰ ।
ਸ: ਜਗੀਰ ਸਿੰਘ ਜੀ ਜੱਥੇਦਾਰ ਪਿੰਡ ਤੇ ਡਾ: ਕਿਸ਼ਨ ਪੁਰਾ ਕਲਾਂ ਫੀਰੋਜ਼ਪੁਰ ।
ਭਾਈ ਸ: ਸੁੰਦ੍ਰ ਸਿੰਘ ਜੀ ਪਿੰਡ ਤੇ ਡਾ: ਤਲਵੰਡੀ ਮਲੀਆਂ ਜ਼ੀਰਾ ਫੀਰੋਜਪੁਰ ।
ਸ: ਬਿਸ਼ਨ ਸਿੰਘ ਜੀ ਪਿੰਡ ਤੇ ਡਾ: ਤਵੰਲਡੀ ਮਲੀਆਂ, ਜ਼ੀਰਾ, ਫੀਰੋਜਪੁਰ ।
ਮਾ: ਅਣੋਖ ਸਿੰਘ ਜੀ ਪਿੰਡ ਡਾ: ਤਲਵੰਡੀ ਮਲੀਆਂ ਜ਼ੀਰਾ, ਫੀਰੋਜਪੁਰ ।
ਸਾਰਜੰਟ ਮੇਜਰ ਭਗਤ ਸਿੰਘ ਜੀ ਡਾ: ਤਲਵੰਡੀ ਮਲੀਆਂ ਜ਼ੀਰਾ, ਫੀਰੋਜਪੁਰ ।
ਸ: ਬ: ਗਹਿਲ ਸਿੰਘ ਜੀ ਨਾਜ਼ਮ ਡਾ: ਤਲਵੰਡੀ ਮਲੀਆਂ ਜ਼ੀਰਾ ਫੀਰੋਜਪੁਰ ।
ਸ: ਜੇਠਾ ਸਿੰਘ ਜੀ ਪਿੰਡ ਡਾ: ਤਲਵੰਡੀ ਮਲੀਆਂ ਜ਼ੀਰਾ ਫੀਰੋਜਪੁਰ ।
ਸੰਤ ਕਰਮ ਸਿੰਘ ਜੀ ਗੁ: ਦਾਇਆ ਖੁਰਦ ਜ਼ਿਲਾ ਫੀਰੋਜਪੁਰ ।
ਸੂਬੇਦਾਰ ਰੂੜ ਸਿੰਘ ਜੀ
ਸ: ਗੁਰਦੇਵ ਸਿੰਘ ਜੀ ਪੰਛੀ ਜਲਾਲਾਬਾਦ ।
ਸ: ਕਰਨੈਲ ਸਿੰਘ ਜੀ ਹਸਮੁਖ, ਜਲਾਲਾਬਾਦ, ਪਿਤਾ ਬਗਾ ਸਿੰਘ ਫੀਰੋਜਪੁਰ ।
ਸ: ਧਰਮ ਸਿੰਘ ਜੀ ਵੀਰ ਡਾ: ਤੇ ਪਿੰਡ ਜਲਾਲਾਬਾਦ ਫੀਰੋਜ਼ਪੁਰ ।
ਸ: ਪ੍ਰੀਤਮ ਸਿੰਘ ਜੀ ਅਨੰਦ ਸਪੁਤ੍ਰ ਬਸੰਤ ਸਿੰਘ ਨੂਰਪੁਰ ।
ਸ: ਇੰਦ੍ਰਪਾਲ ਸਿੰਘ ਜੀ ਸਪੁਤਰ ਅਰਜਣ ਸਿੰਘ ਨੂਰਪੁਰ ਫੀਰੋਜ਼ਪੁਰ ।
ਸ: ਸੋਹਣ ਸਿੰਘ ਜੀ ਮੇਹਰ ਸਿੰਘ ਬਡੂਆਲ ।
ਸ: ਸਰਦੂਲ ਸਿੰਘ ਜੀ ਸੰਧੂ ਦਲੀਪ ਸਿੰਘ ।
ਸ: ਹਰਦਿਤ ਸਿੰਘ ਜੀ ਢਿਲੋਂ ਪੀ.ਐਚ.ਡੀ ਡਾਇਰੈਕਟਰ ਵਿਦਿਅਕ ਵਿਭਾਗ ਪਟਿਆਲਾ ।
ਸ੍ਰੀ ਪੰਡਤ ਕਰਤਾਰ ਸਿੰਘ ਜੀ ਸਾਹਿਤਆ ਚਾਰਯ (ਦਾਖਾ) ।
ਸ੍ਰੀ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਅਖਾੜਾ ।
ਸ੍ਰੀ ਗਿ: ਨਾਹਰ ਸਿੰਘ ਜੀ ਗੁਜਰਵਾਲ ਲੁਧਿਆਨਾ ।
,, ਦਿਆਲ ਸਿੰਘ ਜੀ ਪੰਜ ਗਰਾਈ ਕਲਾਂ ਫੀਰੀਦਕੋਟ ।
,, ਮਹਿੰਦ੍ਰ ਸਿੰਘ ਜੀ ਗੂੰਬੀ ਦਾਇਆ ਕਲਾਂ ।
,, ਜਾਗੀਰ ਸਿੰਘ ਜੀ ਰਾਹੀ ।

Digitized by Panjab Digital Library | www.panjabdigilib.org

# ਬਲਾਕਾਂ ਦੀ ਇਮਦਾਦ ਦੇਣ ਵਾਲੇ

ਸ੍ਰੀ ਮਾਨ ਗਿਆਨੀ ਮਹਾਂ ਸਿੰਘ ਜੀ ਐਡੀਟਰ ਖ਼ਾਲਸਾ ਸਮਾਚਾਰ ਅੰਮ੍ਰਿਤਸਰ ।
,, ਸੰਤ ਬਿਸ਼ਨ ਸਿੰਘ ਜੀ ਕਾਰ ਸੇਵਾ ਵਾਲੇ ਪ੍ਰਕਰਮਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ।
ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਪਟਿਆਲਾ ।
,, ਅਮਰ ਸਿੰਘ ਜੀ ਦੋਸਾਂਝ ਐਡੀਟਰ ਅਕਾਲੀ ਜਲੰਧਰ ।
,, ਭਜਨ ਸਿੰਘ ਜੀ ਪੰਜਾਬ ਗਿਆਨੀ ਪ੍ਰੈਸ ਲੁਧਿਆਣਾ ਆਦਿ ਸਜਨਾਂ ਦੀ ਭੀ ਧੰਨਵਾਦੀ ਹਾਂ ਜਿਨਾਂ ਨੇ ਬੁਲਾਕਾਂ ਦੁਆਰਾ ਦਾਸ ਨਾਲ ਪੂਰਾ ਹਥ ਵਟਾਇਆ ਹੈ ।

# ਜੋ ਗ੍ਰੰਥ ਦੇਖੇ ਗਏ

ਇਸ ਇਤਿਹਾਸ ਵਾਸਤੇ ਜਿਨ੍ਹਾਂ ਜਿਨ੍ਹਾਂ ਗਰੰਥਾਂ ਦੀ ਸਹਾਇਤਾ ਲਈ ਗਈ ਹੈ । ਉਹਨਾਂ ਦੀ ਅਖੀਰ ਜਾਕੇ ਫਿਰਿਸਤ ਦਿਤੀ ਜਾਵੇਗੀ ।

# ਆਪਣੇ ਪੁਰਾਏ ਬਣੇ ਹਥ ਦੀਪਕ ਕੂਏ ਪੜੇ

ਇਸ ਇਤਿਹਾਸ ਦੇ ਸੰਪੂਰਨ ਕਰਨ ਅਤੇ ਛਾਪਣ ਵਿਚ ਜੋ ਔਕੜਾਂ ਖਾਸ ਹਮਦਰਦ ਮਨੇ ਜਾਂਦੇ ਗਿਆਨੀਆਂ, ਸੰਤਾਂ, ਗੁਰਸਿਖਾਂ ਪਾਰਟੀਆਂ ਦੇ ਜ਼ੁਮੇਵਾਰ; ਗਰੰਥੀ ਸਾਹਿਬਾਨਾਂ, ਗੁਰਦੁਆਰੀਆਂ ਆਦਿ ਵਲੋਂ ਜੋ ਤਨ ਧਨ ਵਿਚ ਬਿਘਨ ਕਾਰੀ ਹੋਏ ਹਨ ਉਹਨਾਂ ਦਾ ਪੂਰਾ ਹਾਲ ਦੇਣ ਨਾਲ ਲਿਖਾਰੀ ਤੇ ਵਿਚਾਰੀ ਸਜਣਾਂ ਦਾ ਹੌਸਲਾ ਤੋੜਨ ਦਾ ਕਾਰਨ ਹੈ । ਪਰ ਥੋੜੇ ਅਖਰਾਂ ਵਿਚ ਦਸਣਾ ਭੀ ਜ਼ਰੂਰੀ ਹੈ ਕਿਉਂਕਿ ਸਾਡੀ ਕੌਮ ਦੇ ਬਹੁਤ ਸਾਰੇ ਸਜਣਾਂ ਨੂੰ ਆਪ ਦੇ ਤਖੱਲਸ ਦਾ ਹੀ ਪਤਾ ਨਾ ਹੋਣ ਤੇ ਸਾਕਤਾ ਵਾਲੇ ਕਰਮ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਨਿਧੜਕ (ਹੋ ਕੇ) ਬੜੀ ਦਲੇਰੀ ਨਾਲ ਅਨਹੋਇਆ ਚਿਕੜ ਸਿਟਦੇ ਹੋਏ ਸਭ ਕਰਮ ਵਿਚ ਰੋੜੇ ਦਾ ਕਾਰਨ ਬਣਦੇ ਰਹੇ* ਬਹੁਤ ਐਸੇ ਭੀ ਸਜਨ ਜਿਨ੍ਹਾਂ ਨੂੰ ਆਪਦੀ ਐਸ਼ ਤੋਂ ਬਿਨਾ ਪਤਾ ਹੀ ਨਹੀਂ ਕਿ ਕੌਮੀ ਸੇਵਾ ਕਿਸ ਕਿਸ ਕਿਸਮ ਦੀ ਹੁੰਦੀ ਹੈ ਅਤੇ ਤਵਾਰੀਖਾਂ ਤੇ ਗਰੰਥ ਕਿਵੇਂ ਲਿਖੇ ਜਾਂਦੇ ਹਨ ਤੇ ਇਨ੍ਹਾਂ ਤੋਂ ਕੌਮਾਂ ਨੂੰ ਕੀ ਕੀ ਲਾਭ ਪ੍ਰਾਪਤ ਹੁੰਦੇ ਹਨ ।

---

# ਭੋਲੇ ਲੋਕ

*ਮਾਇਆ ਦੇ ਪਿਆਰੇ ਚੌਧਰ ਦੇ ਭੁਖੇ ਆਪ ਦੇ ਕੋਝੇ ਕਰਮਾਂ ਨੂੰ ਲੁਕੌਨ ਦੀ ਖਾਤਰ, ਭੋਲੇ ਭਾਲੇ ਅਨਪੜ੍ਹ ਲੋਕਾਂ ਨੂੰ ਟਪਲਾ ਦੇਣਾ ਕਿ ਜੋ ਕੋਈ ਸਭਾ ਸੋਸਾਇਟੀਆਂ ਹਨ ਉਨ੍ਹਾਂ ਸਾਰਿਆਂ ਨੇ ਖਾਣ ਦਾ ਢੰਗ ਬਣਾਇਆ ਹੈ । ਕੀ ਦਸੀਏ ਸ਼੍ਰੋ: ਗੁ. ਪ੍ਰ: ਕਮੇਟੀ ਅੰਮ੍ਰਿਤ ਸਰ, ਸ਼੍ਰੋ: ਅਕਾਲੀ ਦਲ, ਆਲ ਇੰਡੀਆਂ ਕਾਨਫਰੰਸ, ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਤੇ ਵਿਦਿਅਕ ਕਾਨਫਰੰਸਾਂ । ਭਸੌੜ ਵਾਲੇ ਮਹਾਵਾਰੀ ਸਮਾਗਮ ਕਰਕੇ ਗਿਆਨੀ ਗੁਰਬਚਨ ਸਿੰਘ ਜੈਸੇ ਵਿਦਿਆਰਥੀਆਂ ਦੇ ਟੋਲੇ ਲਈ ਫਿਰਦੇ

[ਅਗਲੇ ਸਫੇ ਦੇ ਹੇਠ ਦੇਖੋ]

Digitized by Panjab Digital Library | www.panjabdigilib.org

## ਮਾਇਕ ਸਹਾਇਤਾਂ

ਜਿਨ੍ਹਾਂ ਗੁਰੂ ਪਿਆਰੇ ਦਾਨੀ ਸਜਨਾਂ ਨੇ ਇਤਿਹਾਸ ਲਈ ਮਾਇਕ ਸਹਾਇਤਾ ਕੀਤੀ ਓਹਨਾਂ ਦਾ ਸਾਰੀ ਸਭਾ ਵਲੋਂ ਬਹੁਤ ਬਹੁਤ ਧੰਨਵਾਦ ਤੇ ਹੇਠ ਵੇਰਵੇ ਨਾਲ ਨਾਮ ਅਤੇ ਰਕਮ ਅੰਕਤ ਕੀਤੀ ਜਾਂਦੀ ਹੈ।

| | |
|---|---|
| ਸ੍ਰੀ ਮਾਨ ਯੋਗ ਸੰਗਤ ਕਿਸ਼ਨਪੁਰਾ ਕਲਾਂ ਵਲੋਂ ਅਤੇ ਹਰਕਿਸਮ ਦੀ ਸੇਵਾ | ੧੦੦੦) |
| ਸ੍ਰੀ ਮਾਨ ਯੋਗ ਸੰਗਤ ਸਿੱਖਦੌਲਤ ਵਲੋਂ | ੧੦੦੦) |
| ਸ: ਜੋਗਿੰਦ੍ਰ ਸਿੰਘ ਜੀ ਏ.ਐਸ.ਪੀ. ਕਿਸ਼ਨਪੁਰਾ ਕਲਾਂ ਹਾਲ ਮਲਾਇਆ ਨਿਵਾਸੀ ਵਲੋਂ | ੧੦੦੦) |

---

[ਪਿਛਲੇ ਸਫੇ ਦੀ ਟਿਪਣੀ]

ਹਨ। ਕੋਈ ਅਖਬਾਰਾਂ ਕਢਕੇ, ਕੋਈ ਸਕੂਲ ਖੋਲਕੇ, ਏਸੇ ਤਰ੍ਹਾਂ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ ਏਹ ਸਭ ਮਾਇਆ ਕਠੀ ਕਰਕੇ ਇਲਾਕੇ ਦੇ ਪਿੰਡਾਂ ਚੋਂ ਆਪਣੇ ਅਖੀਂ ਘਟਾ ਪਾਕੇ ਲੈ ਜਾਂਦੇ ਅਤੇ ਤੁਸੀਂ ਦੇਖਦੇ ਰਹਿ ਜਾਂਦੇ ਹੋ। ਐਵੇਂ ਬਈ ਗਲ ਤਾਂ ਠੀਕ ਆਖੀ ਗਿਆਨੀ ਜੀ ਨੇ ਅਪਾਂ ਨੂੰ ਕੀ ਪਤਾ ਇਨ੍ਹਾਂ ਗੱਲਾਂ ਦਾ। ਹਾਂ ਬਈ ਸਿਆਣੇ ਜੋ ਹੋਏ ਜੇ ਅਜੇ ਦਿਸਦਾ ਹੁੰਦਾ ਤਾਂ ਏਹ ਵਲੈਤ ਦੀਆਂ ਗਲਾਂ ਦਸਿਆ ਕਰਦੇ।

## ਅਫਸੋਸ

ਇਨਾ ਪੇਂਡੂ ਲੋਕਾਂ ਨੂੰ ਕੀ ਪਤਾ ਹੈ ਕਿ ਅਖੀਂ ਘਟਾ ਪਾਉਣ ਵਾਲੇ ਕੌਣ ਹਨ? ਇਹ ਕਿ ਉਹ। ਕਿਉਂ ਜਿਨ੍ਹਾਂ ਸੋਸਾਇਟੀਆਂ ਦੀ ਚੋਣ ਲੋਕਾਂ ਦੇ ਹਥ ਹੋਵੇ। ਫ਼ੇਰ ਹਿਸਾਬ ਕਿਤਾਬ ਰਸੀਦ ਬੁਕਾਂ ਅਨੁਸਾਰ ਆਡੀਟਰ ਚੈਕ ਕਰਦੇ ਹੋਣ ਅਤੇ ਕੌਮੀ ਕੰਮਾਂ ਸਕੂਲਾਂ ਯਤੀਮ ਖਾਨਿਆਂ ਲਾਇਬਰੇਰੀਆਂ, ਇਤਿਹਾਸਾਂ ਤੇ ਖਰਚ ਕਰਨ, ਉਹ ਲੁਟੇਰੇ ਇਹ ਇਮਾਨਦਾਰ।

ਇਹਨਾਂ ਗੁਰਮੁਖਾਂ ਨੂੰ ਸਭ ਪਤਾ ਹੈ ਕਿ ਪੂਜਾ ਇਕ ਜ਼ਹਿਰ ਸਮਝਕੇ ਸ੍ਰੀ ਦਸਮੇਸ਼ ਜੀ ਨੇ ਪੁਤਰਾਂ (ਸਿੱਖਾਂ) ਨੂੰ ਨਹੀਂ ਦਿਤੀ, ਸਤਲੁਜ ਵਿਚ ਰੋੜ੍ਹੀ ਸੀ ਨਿਰਬਾਹ ਮਾਤ੍ਰ ਵਰਤਨੀ, ਬਾਕੀ ਕੌਮੀ ਕੰਮਾਂ ਤੇ ਲੈਣੀ ਯੋਗ ਹੈ, ਇਹ ਸਭ ਕੁਝ ਜਾਣ ਬੁਝਦੇ ਹੋਇ ਮਾਇਆ (ਪੂਜਾ) ਦੇ ਡੰਗੇ ਹੋਏ "ਲੋਭ ਲਹਿਰ ਹਲਕਾਇਆ ਭੌਂਕਾ ਜਿਉਂ ਕੁਤਾ" (ਭਾ: ਗੁਰਦਾਸ ਜੀ) ਊਲ ਜਲੂਲ ਬੋਲਦੇ ਹੋਏ ਸਮਝਦੇ ਨਹੀਂ ਕਿ ਜੋ ਅਸੀਂ ਕੋਈ ਹਿਸਾਬ ਕਿਤਾਬ ਨਹੀਂ ਦੇਣਾ ਹਜ਼ਾਰਾਂ ਦੀ ਸਾਲਾਨਾ ਆਮਦਨ, ਘਰ ਦਿਆਂ ਨੂੰ ਜਾ ਬੋਲਦਾਰੀਆਂ ਅਤੇ ਆਪ ਦੇ ਮੂੰਹ ਥਾਣੀ ਖਾਕੇ, ਹਵਾ ਵਾਲੀ ਨਾਲੀ ਥਾਣੀ ਕੱਢੀ ਜਾਣੀ ਇਸ ਨੂੰ ਕਹਿੰਦੇ ਹਨ ਅਸੀਂ ਅਰਥ ਲੈਂਦੇ ਹਾਂ। ਭਲਾ ਜੇ ਕੋਈ ਪੁਛੇ ਮਹੰਤ ਜੀ, ਸੰਤ ਜੀ ਜਾਂ ਗਿਆਨੀ ਜੀ ਆਪਣੇ ਪਿੰਡ ਦੀ ਆਮਦਨ ਤਾਂ ਬਹੁਤ ਹੈ ਪਰ ਲਾਈ ਤਾਂ ਆਪ ਨੇ ਕਿਤੇ ਨਜ਼ਰ ਨਹੀਂ ਆਉਂਦੀ ਬਾਬਾ ਏਹੀ ਤਾਂ ਥੋੜੀ ਸਮਝ ਦਾ ਫਰਕ ਹੈ ਕਿਉਂ ਲਗੇ ਨਾ ਲਗੇ ਰਹਿੰਦੀ ਤਾਂ ਪਿੰਡ ਦੀ ਪਿੰਡ 'ਚ ਹੈ, ਵਾਹ ਬਈ ਵਾਹ।

---

* ਜਿਸ ਵਿਚ ਜਥੇਦਾਰ ਕਪੂਰ ਸਿੰਘ ਜੀ ਵਲੋਂ ੫੦੦) ਸ਼ਾਮਲ ਹੈ

Digitized by Panjab Digital Library | www.panjabdigilib.org

(੫) ਸ: ਪ੍ਰੀਤਮ ਸਿੰਘ ਜੀ ਮੋਫਰ ਮਾਨਸਾ ਪਟਿਆਲਾ।

(੬) ਇਸ ਮੋਰਚੇ ਦੀ ਭਿਆਨਕ ਸ਼ਕਲ ਅਖਤਿਆਰ ਕਰਨ ਦੇ ਸਮੇਂ ਜਦ ਕਿ ਖੰਭੇ ਖੰਭੇ ਨਾਲ ਪੁਲਸ ਸੰਗੀਨਾ ਲਾਈ ਪਹਿਰੇ ਤੇ ਸੀ ਅਤੇ ਤੁਰਨ ਫਿਰਨ ਵਾਲਿਆਂ ਵਿਚੋਂ ਹਰ ਚੌਥਾ ਆਦਮੀ ਸੀ.ਆਈ.ਡੀ. ਦਾ ਹੁੰਦਾ ਸੀ ਉਸ ਵੇਲੇ ਭੀ ਸ਼੍ਰੋਮਣੀ ਕਮੇਟੀ ਦੀ ਡੋਰ ਮਾਲਵੇ ਦੇ ਸ: ਗਿਆਨ ਸਿੰਘ ਜੀ ਰਾੜਾ ਦੇ ਹੱਥ ਵਿਚ ਸੀ।

ਗੁਰਮਤ ਤੇ ਇਤਿਹਾਸ ਖੋਜੀਆਂ ਦਾ
ਦਾਸ ਵਿਸਾਖਾ ਸਿੰਘ ਸੰਤ ਸਪਾਹੀ
ਜਨੇਤਪੁਰਾ।

ਦਫਤਰ
ਪੰਥਕ ਗੁਰਦਵਾਰਾ ਸਾਹਿਬ
ਕਿਸ਼ਨ ਪੁਰਾ (ਜ਼ਿः ਫੀਰੋਜ਼ਪੁਰ)

Digitized by Panjab Digital Library | www.panjabdigilib.org

# ਮਾਲਵੇ ਵਿਚ ਕਦ ਤੇ ਕੌਣ ਆਏ

ਸਾਰੇ ਪੰਜਾਬ ਪਰਾਂਤ ਵਿਚੋਂ ਘਲੂ ਘਾਰਿਆਂ ਦੇ ਸਮੇਂ ਜ਼ਾਲਮ ਹਕੂਮਤ ਦੇ ਉਜਾੜੇ ਹੋਏ ਇਲਾਕੇ ਸ਼ਹਿਰ ਅਤੇ ਪਿੰਡ:—

(੧) ਜਦੋਂ ਫ਼ਰਖ਼ ਸੀਅਰ ਨੇ ਗਸ਼ਤੀ ਫ਼ੌਜ ਦੇ ਰਾਹੀਂ ਸਿੱਖਾਂ ਨੂੰ ਟੋਲ ਟੋਲ ਕੇ ਕਤਲ ਕਰਨਾ ਅਰੰਭ ਕੀਤਾ ਤਾਂ ਮਾਝੇ ਦੇ ਬਹੁਤ ਸਾਰੇ ਅਣਖੀਲੇ ਸਿੱਖ ਮਾਲਵੇ ਦੇ ਜੰਗਲਾਂ ਵਿੱਚ ਆ ਵੱਸੇ ਜੈਸੇ ਦਿਲੋਂ ਭੈਲ, ਕੰਗ ਅਤੇ ਬ੍ਰਿਕ ਆਦਿ। ਇਹ ਸਮਾਂ ੧੭੧੩ ਈ: ਤੋਂ ੧੭੨੦ ਦਾ ਸੀ।

(੨) ਲਾਹੌਰ ਦੇ ਸੂਬਿਆਂ ਵਲੋਂ ਸਖ਼ਤੀ ਕਰਨ ਅਤੇ ਪਿੰਡ ਉਜਾੜ ਦੇਣ ਤੋਂ ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਵਿੱਚ ਛੀਨੇ,ਤੱਖਰ,ਰੰਧਾਵੇ,ਦਿਲੋਂ ਅਤੇ ਰਾਇ ਸਿੱਖ ਲੁਧਿਆਣੇ ਤੇ ਮੋਗੇ ਦੇ ਸੰਨ੍ਹ ਵਿੱਚ ਆ ਵੱਸੇ। ਇਹ ਸਮਾਂ ੧੭੨੦ ਤੋਂ ੧੭੪੮ ਈ: ਦਾ ਸੀ।

(੩) ਅਹਿਮਦ ਸ਼ਾਹ, ਨਾਦਰ ਸ਼ਾਹ, ਤੇ ਅਹਮਦ ਸ਼ਾਹ ਅਬਦਾਲੀ ਦੇ ਸਮੇਂ ਸੂਬਿਆਂ ਵਲੋਂ ਸਖ਼ਤੀ ਕਰਨ ਤੇ ਬਹੁਤ ਸਾਰੇ ਸਿੱਖ ਮਾਲਵੇ ਅਤੇ ਬੀਕਾਨੇਰ ਦੇ ਇਲਾਕੇ ਰਾਮ ਨਗਰ ਦੇ ਨੇੜੇ ਤੇੜੇ ਆ ੱਸੇ! ਇਹ ਸਮਾਂ ੧੭੬੫ ਤਕ ਦਾ ਸੀ।

ਗੁਰੂ ਦਾ ਮਾਲਵਾ ਹੀ ਇਕ ਅਜਿਹਾ ਇਲਾਕਾ ਹੈ, ਜਿਥੇ ਹਰ ਸਮੇਂ ਹਿੰਦੂ ਸਿੱਖਾਂ ਉਪਰ ਮੁਸੀਬਤ ਆਉਣ ਪੁਰ ਮਾਲਵਾ ਨਿਵਾਸੀ ਸੱਕੇ ਭਰਾਵਾਂ ਵਾਂਗ ਨਿਵਾਸ ਦੇਕੇ ਜ਼ਖਮੀਆਂ ਦੀ ਮਲ੍ਹਮ ਪਟੀ ਅਤੇ ਅਨ ਦੁਧ ਦੁਆਰਾ ਸੇਵਾ ਕਰਦੇ ਰਹੇ। ਕਿਉਂਕਿ ਇਹ ਧਰਤੀ ਜੰਗਾਂ ਜੁਧਾਂ ਦਾ ਅਕੇਵਾਂ, ਥਕੇਵਾਂ, ਸਟਾਂ, ਜ਼ਖਮਾਂ ਆਦਿ ਦੇ ਦੂਰ ਕਰਨ ਵਾਲੀ ਇਕ ਸਿਵਲ ਹਸਪਤਾਲ ਦਾ ਕੰਮ ਦਿੰਦੀ ਰਹੀ ਹੈ। ਇਥੋਂ ਹੀ ਦਮਗਜ਼ੇ ਮਾਰਕੇ ਸਰਦਾਰ ਮਹਿਤਾਬ ਸਿੰਘ ਜੀ ਮੀਰਾਂਕੋਟੀਏ, ਸ: ਸੁਖਾ ਸਿੰਘ ਮਾੜੀਕੰਬੋ ਵਾਲੇ ਅਤੇ ਬਾਬਾ ਦੀਪ ਸਿੰਘ ਜੀ ਗੁਰਮ ਆਦਿ ਧਰਮ ਵਿਰੋਧੀ ਮੱਸੇ ਰੰਗੜ ਵਰਗਿਆਂ ਦਾ ਸੁਧਾਰ ਕਰਨ ਹਿਤ ਜਾਂਦੇ ਰਹੇ, ਇਸੇ ਮਾਲਵੇ ਦਾ ਆਸਰਾ ਰਾਜਪੂਤਾਂ ਦੇ ਉਜਾੜੇ ਹੋਏ ਜੈਸਲਮੇਰੀ ਸਿਧੂ ਬਰੜਾਂ ਆਦਿਕਾਂ ਨੂੰ ਭੀ ਮਿਲਿਆ। ਇਸ ਵਾਸਤੇ ਸੇਵਾ ਦਾ ਫ਼ਰਜ਼ ਸਮਝਣਾ ਹੀ ਨਹੀਂ ਸਗੋਂ ਸਰੂਆਂ ਵਰਗੇ ਮਲਵੀਈ ਸੂਰਿਆਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੰਗਾਂ ਤੇ ਸ੍ਰੀ ਦਸਮੇਸ਼ ਜੀ ਦੇ ਜੰਗਾਂ ਵਿਚ ਵਧ ਚੜ੍ਹਕੇ ਹਿਸਾ ਲਿਆ ਅਤੇ ਮੁੜ ਬਾਰਾਂ ਨੂੰ ਵਸਾਇਆ।

(੪) ਧਾਲੀ ਵਾਲ, ਧਾਰਾਂ ਤੋਂ ਨਿਕਲ ਕੇ ਬਮਰੌਲੀ ਨਗਰ ਵਿੱਚ ਵੱਸੇ ਜੋ ਅਜ ਕਲ ਧੌਲ ਪੁਰ ਦੇ ਇਲਾਕੇ ਵਿੱਚ ਹੈ। ਇਹ ਅੱਠਵੀਂ ਸਦੀ ਦਾ ਮੱਧ ਸੀ। ਬਹੁਤ ਸਾਰੇ ਜੋਧਪੁਰ ਦੇ ਇਲਾਕੇ ਵਿੱਚ ਜਾ ਵੱਸੇ ਕੁਝ ਸਰਸਾ ਦੇ ਆਸ ਪਾਸ ਘਗਰ ਤੇ ਆ ਵੱਸੇ। ਜਦ ਕਿ ਬਗਬਾਦ ਵਾਲੇ ਦਰਿੰਦਿਆਂ ਨੇ ਇਹਨਾਂ ਦੇ ਪਿੰਡ ਉਜਾੜਨੇ ਅਰੰਭੇ। ਇਹ ਗਿਆਰਵੀਂ ਸਦੀ ਦਾ ਅਖ਼ੀਰਲਾ ਸਮਾਂ ਸੀ। ਮਾਲਵੇ ਵਿੱਚ ਇਹਨਾਂ ਦੇ ਪ੍ਰਸਿਧ ਪਿੰਡ ਫਤਾ (ਝਨੇਰ) ਝਨੀਰ, ਰਾਊਕੇ ਅਤੇ ਫੇਰ ਕਾਂਗੜ ਆਦਿ ਹਨ।

Digitized by Panjab Digital Library | www.panjabdigilib.org

(੫) ਦਸਵੀਂ ਸਦੀ ਦੇ ਅੰਤ ਵਿੱਚ ਜੈਸਲਮੇਰ ਤੋਂ ਜੋਧਰ ਭਟੀ ਬਠਿੰਡੇ ਦੇ ਇਲਾਕੇ ਵਿੱਚ ਆਇਆ।

(੬) ਪ੍ਰਮਾਰ ਰਾਜਾ ਜਗਦੇਵ ਦੇ ਲਿਆਂਦੇ ਹੋਇ ਪਮਾਰ, ਮਾਡੂ ਦੇ ਮੰਡੇਰ, ਪਮਾਰ, ਟਿਵਾਣੇ, ਮੂਰੀ ਭਟਨੇਰ ਤੋਂ ਬਿਨੋਪਾਲ ਦੀ ਬੰਸ ਗੰਢ, ਔਝਲੇ, ਪੰਧੇਰ,ਝਜ, ਆਦਿ ੧੧ਵੀਂ ਸਦੀ ਦੇ ਅੰਤ ਵਿੱਚ ਆਏ ਜਦ ਕੇ ਮਹਿਮੂਦ ਦਾ ਪੋਤਾ ਸਰਹਿੰਦ ਤਕ ਦੇਸ ਮਲ ਬੈਠਾ ਸੀ। ਉਸ ਵੇਲੇ ਭੁੱਲ ਮਾਲਵੇ ਵਿੱਚ ਪਹਿਲੇ ਹੀ ਚੌਮੁਖ ਬਾਦ ਪਰ ਸਿਧੂ ਚੋਮੋਂ ਵਿੱਚ ਵਸੇ ਹੋਏ ਸੀ। ਇਨ੍ਹਾਂ ਨੇ ਮਹਿਮੂਦ ਦੇ ਪੋਤੇ ਮਦੂਦ ਨੂੰ ਰਾਮ ਨਗਰ ਦੇ ਮੁਕਾਮ ਜਿਸ ਦਾ ਥੇਹੁ ਬੀਜਾ ਪਿੰਡ ਮੱਲ ਜਰਨੈਲੀ ਸੜਕ ਤੇ ਹੈ ਤੇ ਸ਼ਿਕਸਤ ਦਿਤੀ। ਜਗਦੇਵ ਨੇ ਜਰਗ ਵਸਾਇਆ ਜਿਥੇ ਉਹਦੀ ਫੌਜ ਦਾ ਡੀਪੂ ਸੀ। ਰਾਜਾ ਪਿੰਗਲ ਨੇ ਜਗਦੇਵ ਦੇ ਅਧੀਨ ਸਹਾਇਕ ਹੋਕੇ ਪੈਲ ਦੇ ਮੁਕਾਮ ਤੇ ਮਦੂਦ ਨਾਲ ਜੁਧ ਕੀਤਾ ਅਤੇ ਪੈਲ ਵਸਾਇਆ। ਜਰਗ ਦਾ ਗੋਤ ਪ੍ਰਮਾਰ ਹੈ ਪਰ ਮਾਡੂ ਨਗਰ ਤੋਂ ਆਇ ਹੋਣ ਕਰਕੇ ਮੰਡੇਰ ਅਲ ਪੈ ਗਈ। ਮਾਨ ਗੁਜਰਾਤ ਵਿੱਚ ੨੦ ਗਦੀਆਂ ਰਾਜ ਕਰਕੇ ਦਖਣੀ ਲੋਕਾਂ ਤੋਂ ਹਾਰ ਖਾਕੇ ੧੧ ਵੀਂ ਸਦੀ ਦੇ ਅੰਤ ਮਾਲਵੇ ਵਿੱਚ ਆਏ। ਪਹਿਲੇ ਬੁਰਜ ਮਾਨਸਾ ਬੰਨ੍ਹਿਆ। ਫੇਰ ਮਹਿਲਾਂ ਵਾਲਾ ਬੜਾ ਵਿਸ਼ਾਲ ਨਗਰ ਰਾਜਧਾਨੀ ਬਣਾਕੇ ਤਿਹਾਈ ਮਾਲਵੇ ਤੇ ਰਾਜ ਕੀਤਾ। ਇਹ ਮਹਿਲਾਂ ਵਾਲਾ ਨਥਾਣੇ ਭੁਚੋ ਦੇ ਸੰਨ੍ਹ ਵਿੱਚ ਸੀ। ਫੇਰ ਕੰਗਾ ਗੜ੍ਹ (ਕਾਂਗੜ) ਵਾਲੇ ਕੰਗਾਂ ਨੂੰ ਹਰਾਕੇ ਮਾਨ ਸ਼ਾਹ ਮਾਨਸਾ ਬਣਿਆ।

(੭) ਜਗਦੇਵ ਦੀ ਬੰਸ ਵਿਚੋਂ ਦੇਉਲ ਦੇਊ, ਔਲਖ, ਕਕੜ ਤੇ ਗੁਰਮ ਆਦਿਕ ਇਕੋ ਗੋਤ ਰਾਜਪੂਤਾਨੇ ਬਗਦਾਦੀਆਂ ਦਾ ਟਾਕਰਾ ਕਰਦੇ ਕਰਦੇ ਹਾਰ ਗਏ। ਉਹ ਭੂਮੀਏ ਬਣਕੇ ਵਸਣ ਲਗੇ। ੧੨੨੫ ਈਸਵੀ ਦੇ ਲਗ ਪਗ ਖਾਨਦਾਨ ਗੁਲਾਮਾਂ ਦੇ ਬਾਦਸ਼ਾਹ ਸ਼ਮਸ ਦੀਨ ਦੇ ਸਮੇਂ ਉਹ ਆਪਣੀ ਸਰਬੰਸ ਹਾਰ ਕੇ ਮਲਵਈ ਭਾਈਆਂ ਦਾ ਆਸਰਾ ਲੈ ਕੇ ਵਸੇ।

(੮) ਦੋ ਹਜ਼ਾਰ ਬਰਸ ਦੇ ਲਗ ਪਗ ਹੋਏ ਜਦੋਂ ਕਕਰਾਂ ਨੇ ਕੋਕਰੀ ਅਤੇ ਬੁਟਰਾਂ ਨੇ ਬੁਟਰਾਂ ਦੀ ਕੋਕਰੀ, ਮਲੀਆਂ ਨੇ ਮਲੀਆਂ ਦੀ ਕੋਕਰੀ ਅਤੇ ਬਾਹ ਲੋਕਾਂ ਨੇ ਵਹਿਣੀਵਾਲ ਦੀ ਕੋਕਰੀ ਵਸਾਈ। ਇਹ ਪਿਸ਼ੌਰ ਦੇ ਜ਼ਿਲੇ ਵਿਚੋਂ ਤਖਤ ਬਾਹੀ ਤੋਂ ਆਏ ਸੀ।

(੯) ਖੇਹਰੇ— ਕੁਝ ਸਮਾਂ ਪਿਛੋਂ ਪਿਸ਼ੌਰ ਦੇ ਜ਼ਿਲੇ ਦੇ ਖੈਰਾਤ ਸ਼ਹਿਰ ਤੋਂ ਆਏ।

(੧੦) ਮਾਂਗਟ ਤੇ ਬੜੈਚ ਗੜ੍ਹ ਗਜ਼ਨੀ ਤੋਂ (ਮਾਰਵਾੜ) ਵਿਚੋਂ ਉਜਾੜੇ ਹੋਏ ੧੩ਵੀਂ ਸਦੀ ਵਿਚ ਆਏ।

(੧੧) ੧੩ਵੀਂ ਸਦੀ ਵਿਚ ਜੈਸਲਮੇਰ ਤੋਂ ਆਪਣੇ ਭਰਾਵਾਂ ਦਾ ਖਦੇੜਿਆ ਤੁਲਸੀ ਰਾਮ (ਮੰਝ) ਗਜ਼ਨੀਆ ਵਿਚ ਮੁਸਲਮਾਨ ਹੋਇਆ ਜਿਸ ਦਾ ਨਾਉਂ ਸ਼ੇਖ਼ ਚਾਚੋ ਪਿਆ। ਅਠੂਰ ਨੂੰ ਆਪਣੀ ਰਾਜਧਾਨੀ ਬਣਾਇਆ।

(੧੨) ਅਮੀਰ ਤੈਮੂਰ ਨੇ ੧੩੯੮ ਈ: ਵਿਚ ਜੈਸਲਮੇਰ ਤੇ ਭਟਨੇਰ ਨੂੰ ਤਬਾਹ ਕੀਤਾ ਤਾਂ ਜੌਹਲ ਆਦਿ ਸਭ ਧਾਵਦ ਬੰਸੀ ਅਤੇ ਭਟਨੇਰ ਦੇ ਭਟਲ ਉਥੋਂ ਉਠ ਕੇ ਭੱਠਾ ਧੂਹਾ ਜ਼ਿਲਾ ਲੁਧਿਆਣਾ

Digitized by Panjab Digital Library | www.panjabdigilib.org

ਵਿਚ ਆ ਵੱਸੇ । ਫੇਰ ਭਠਲੋਰ (ਭਨੋਹੜ) ਤੇ ਹਮਨ ਪੁਰ ਆਦਿ ਪਿੰਡ ਬੰਨ੍ਹੇ ।

(੧੩) ਸੋਲੀਆਂ ਬੰਸ ਵਿਚੋਂ ਗੜ੍ਹ ਮੁਕਤੇਸ਼ੁਰ ਅਤੇ ਗੜ੍ਹ ਕੇਸਰ ਤੋਂ ਘੁਮਾਣ, ਸੁਨਾਮ, ਢੋਡਿਆਂ ਦੇ ਵਿਚਕਾਰ ੧੪ਵੀਂ ਸਦੀ ਵਿਚ ਆਏ ।

(੧੪) ਰਛੀਨ ਵਾਲੇ ਰਸ਼ੀਦ ਅਤੇ ਉਹਨਾਂ ਦੇ ਬੰਸੀ ਬਿੰਦ, ਛਿੰਦ ਰਾਏ ਦੀ ਉਲਾਦ ਦਿਲੀ ਤੇ ਬਿਲੀ ਬਿਲਗ ਟਾਮ ਤੋਂ ਲੋਧੀਆਂ ਦੇ ਹਰਾਏ ਹੋਏ ੧੪ ਵੀਂ ਸਦੀ ਦੇ ਅੰਤ ਵਿਚ ਆਏ ।

(੧੫) ਸੰਨ ੧੯੪੭ ਈਸਵੀ ਵਿਚ ਹਰੀਪੁਰ ਹਜ਼ਾਰਾ, ਜ਼ਿਲਾ ਲਾਇਲਪੁਰ, ਸ਼ੇਖੂਪੁਰਾ, ਮਿੰਟਗੁਮਰੀ, ਰਾਵਲਪਿੰਡੀ, ਗੁਜਰਾਤ ਅਤੇ ਕਸ਼ਮੀਰ ਆਦਿ ਦੇ ਹਿੰਦੂ ਸਿਖ ਵਸਨੀਕ ਸਾਰੇ ਹੀ ਆਏ । ੧੯੪੭ ਵਿਚ ਓਧਰੋਂ ਏਧਰ ਆਉਣਾ ਇਹ ਕੋਈ ਅਨੋਖੀ ਗੱਲ ਨਹੀਂ । ਆਪਾਂ ਸਾਰੇ ਕੋਈ ਅਗੋਂ ਕੋਈ ਪਿਛੋਂ ਇਥੇ ਆਏ ਹੋਏ ਸਮਝ ਕੇ ਪਿਆਰ ਨਾਲ ਭਰਾਵਾਂ ਵਾਂਗ ਵਸਦੇ ਹੋਏ ਜਥੇਬੰਦ ਹੋ ਗੁਰੂ ਪੰਥ ਦੇ ਹੁਕਮ ਨੂੰ ਮੰਨਣਾ ਆਪਣਾ ਧਰਮ ਸਮਝੀਏ ।

ਗੁਰਮਤ ਤੇ ਇਤਿਹਾਸ ਖੋਜੀਆਂ ਦਾ
ਦਾਸ ਵਿਸਾਖਾ ਸਿੰਘ ਸੰਤ ਸਪਾਹੀ
ਜਨੇਤ ਪੁਰਾ ।

ਦਫ਼ਤਰ
ਪੰਥਕ ਗੁਰਦੁਆਰਾ ਸਾਹਿਬ
ਕਿਸ਼ਨਪੁਰਾ ਕਲਾਂ (ਫ਼ੀਰੋਜ਼ਪੁਰ)

Digitized by Panjab Digital Library | www.panjabdigilib.org

# ਪਰਸੰਸਾ ਪਤ੍ਰ

—ਬਾਲ ਪੁਣੇ ਵਿਚ ਹੀ ਏਹ ਲਗਿਆ ਪ੍ਰੇਮ ਭਾਰੀ ਵਾਂਗਰ ਧਰੂਹ ਦੇ ਵੈਰਾਗ ਜਿਨਾਂ ਧਾਰਿਆ
ਪਹਿਲਾਂ ਸੀ ਉਦਾਸੀ ਫੇਰ ਸਿਖ ਬਣੇ ਸਿਖਿਆ ਲਏ, ਪੰਜ ਕਕੇ ਪਹਿਨ ਅਤੇ ਪੰਜਾਂ ਤਾਈਂ ਮਾਰਿਆ
ਜੈਤੋ ਗੰਗ ਸਰ ਗੁਰੂ ਕਾ ਬਾਗ ਅਤੇ ਮੁਕਤਸਰ, ਜਥਿਆਂ ਵਿਚ ਜਾਕੇ ਜਿਹਨਾਂ ਜਨਮ ਸਵਾਰਿਆ
ਜੇਹਲਾਂ ਵਿਚੋਂ ਆਕੇ ਡਾਢੀ ਸੇਵਾ ਦੀ ਉਠਾਈ ਪੰਡ, ਗੁਰ ਅਸਥਾਨਾਂ ਉਤੋਂ ਤਨ ਮਨ ਵਾਰਿਆ
ਸ਼ੇਰ ਪੁਰਾ ਬੌਲੀ ਤੇ ਜਨੇਤ ਪੁਰੇ ਆਦਿਕਾਂ ਦੀ, ਕਿਸ਼ਨ ਪੁਰੇ ਵਿਚ ਡਾਢੀ ਘਾਲ ਹੀ ਘੁਮਾਈਐ
ਐਸੇ ਕ੍ਰਿਪਾਲੂ ਜਾਨੋਂ ਸੰਤ ਜੀ ਵਿਸਾਖਾ ਸਿੰਘ, ਜੁਗੋਂ ਜੁਗਾਂ ਵਿਚ ਹੋਵੇ ਕੀਰਤੀ ਸਵਾਈਐ

ਪਰੈਮਰੀ ਮਿਡਲ ਅਤੇ ਹਾਈ ਜੋ ਸਕੂਲ ਸੋਹਣੇ, ਡਾਢੀ ਬੇਅੰਤ ਇਹਨਾਂ ਸੇਵ ਨਾ ਚਲਾਏ ਨੇ
ਮਾਲਵੇ ਤਿਹਾੜੇ ਵਾਲੀ ਉਨਤੀ ਦੇ ਸਾਧਨਾ ਚਿ, ਹੋਕ ਸਹਾਈ ਇਹਨਾ ਚਾਰ ਚੰਨ ਲਾਏ ਨੇ
ਅਪ ਜਪ ਨਾਮ ਅਤੇ ਹੋਰਾਂ ਨੂੰ ਜਪਾਉਣ ਵਾਲੇ, ਧਾਰਮਕ ਵਿਦਿਆ ਕੇ ਟੀਚਰ ਸਦਾਏ ਨੇ
ਦੇਖਕੇ ਦੀਦਾਰ ਦੁਖ ਹੋਵਦੇ ਨੇ ਦੂਰ ਸਾਰੇ, ਸੁਖ ਅਤੇ ਸੰਮਤੀ ਦੇ ਦਾਤੇ ਬਣ ਆਏ ਨੇ।
ਰਾਜ ਅਤੇ ਜੋਗ ਦੋਵੇਂ ਮਾਣਦੇ ਹਮੇਸ਼ ਇਹ, ਨਿਰੇ ਨਹੀਂ ਸਾਧੂ ਸਗੋਂ ਸੰਤ ਸਿਪਾਹੀ ਐ।
ਐਸੇ ਗੁਣ ਖਾਨੀ ਅਤੇ ਮਹਾਨੀਐ ਵਿਸਾਖਾ ਸਿੰਘ, ਜੁਗੋਂ ਜੁਗ ਹੋਵੇ ਕੀਰਤੀ ਸਵਾਈ ਐ।

ਲਿਖ ਇਤਿਹਾਸ ਹੋਰ ਏਹਨਾਂ ਏਹ ਉਪਕਾਰ ਕੀਤਾ, ਮਾਲਵੇ ਦੇ ਤਾਈਂ ਸੋਹਣਾ ਡਾਢਾ ਚਮਕਾਇਆ ਏ।
ਨਾਨਕ ਗੁਰੂ ਤੋਂ ਲੈਕੇ ਦਸਵੇਂ ਗੁਰਾ ਦੇ ਤਾਈਂ, ਜਿਥੋਂ ਜਿਥੋਂ ਤੀਕ ਉਹਨਾਂ ਫੇਰਾ ਏਥੇ ਪਾਇਆ ਏ,
ਗੁਰ ਅਸਥਾਨ ਅਤੇ ਗੁਰਾਂ ਦੇ ਹਜ਼ੂਰੀ ਸਿਖ, ਨਿਰਮਲੇ ਨਿਹੰਗਾ ਦਾ ਵੀ ਵੇਰਵਾ ਸਹਾਇਆ ਏ
ਪੰਦਰਾਂ ਤੇ ਚੌਦਾਂ ਵਿਚ ਹੋਇਆ ਜੋ ਗਦਰ ਡਾਢਾ, ਖੋਹਲ ਇਤਿਹਾਸ ਵਿਚ ਠੀਕ ਉਹ ਗਾਇਆ ਏ
ਜਿਨ੍ਹਾਂ ਜਿਨ੍ਹਾਂ ਬੀਬੀਆਂ ਨੇ ਕੀਤੀ ਕੁਰਬਾਨੀ ਏਥੇ, ਓਹ ਭੀ ਇਤਿਹਾਸ ਵਿਚ ਏਹਨਾਂ ਛਪਵਾਈ ਐ
ਐਸੇ ਉਪਕਾਰੀ ਤੇ ਦਇਆ ਧਾਰੀ ਇਹ ਵਿਸਾਖਾ ਸਿੰਘ, ਜੁਗੋ ਜੁਗ ਵਿਚ ਹੋਵੇ ਕੀਰਤੀ ਸਵਾਈ ਐ।

ਗੁਰ ਅਸਥਾਨਾਂ ਅਤੇ ਲਹਿਰਾਂ ਦੇ ਅੰਦੋਲਣਾਂ ਨੂੰ, ਏਸ ਇਤਿਹਾਸ ਵਿਚ ਖੋਹਲ ਖੋਹਲ ਦਸਿਆ
ਕਿਨ੍ਹਾਂ ੨ ਫਾਂਸੀਆਂ ਦੇ ਰਸਿਆਂ ਨਾਲ ਪਾਈਆਂ ਪੀਂਘਾਂ, ਕੌਣ ਕੌਣ ਉਜੜੇ ਤੇ ਕੇਹੜਾ ਕੇਹੜਾ ਵਸਿਆ
ਜਬਰੀ ਅੰਗਰੇਜ਼ ਜਦੋਂ ਕਰਦਾ ਸੀ ਡਾਢੀ ਏਥੇ, ਕੌਣ ਕੌਣ ਰੋਏ ਅਤੇ ਕੇਹੜਾ ਕੇਹੜਾ ਹਸਿਆ
ਲਿਖਾਰੀ ਤੇ ਐਡੀਟਰ ਗਿਆਨੀ ਦਰਸਾਏ ਏਥੇ, ਕਿਨ੍ਹਾਂ ਕਿਨ੍ਹਾਂ ਕਵੀਆਂ ਨੇ ਭਾਈ ਏਹ ਸਮਸਿਆ
ਕਹੇ ਦਿਆਲ ਸਿੰਘ ਏਹ ਮਾਲਵਾ ਇਤਿਹਾਸ ਲਿਖ, ਬੁਝੀ ਹੋਈ ਸ਼ਾਨ ਮੁੜ ਏਹਨਾਂ ਚਮਕਾਈ ਐ
ਮਹਾਂ ਕ੍ਰਿਪਾਲੂ ਤੇ ਦਿਆਲੂ ਏ ਮਹਾਤਮਾ ਦੀ, ਜੁਗੋ ਜੁਗ ਵਿਚ ਹੋਵੇ ਕੀਰਤੀ ਸਵਾਈ ਐ

ਦਿਆਲ ਸਿੰਘ ਪ੍ਰਵਾਨਾ ਹਸਦਾ ਬਾਦਸ਼ਾਹ
ਐਡੀਟਰ ਪੰਜਾਬੀ ਪ੍ਰਵਾਨਾ ਪੰਜ ਗਰਾਈ ਕੋਟ ਕਪੂਰਾ

Digitized by Panjab Digital Library | www.panjabdigilib.org

# ਸਮਰਪਣ

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ, ਮਹਾਰਾਜਾ ਪਟਿਆਲਾ, ਮਹਾਰਾਜਾ ਨਾਭਾ ਮਹਾਰਾਜਾ ਸੰਗਰੂਰ, ਮਹਾਰਾਜਾ ਫਰੀਦਕੋਟ, ਹੋਰ ਬੇਅੰਤ ਗੁਰਸਿਖ, ਸੰਤ ਮਹਾਤਮਾਂ ਮਹਾਂ ਪੁਰਖ ਹੋਏ ਹਨ। ਜਿਨ੍ਹਾਂ ਗੁਰ ਪਿਆਰਿਆਂ ਨੇ ਗੁਰ ਚਰਨਾਂ ਦੇ ਛੋਹ ਵਾਲੀ ਜਗ੍ਹਾ ਨੂੰ ਢੂੰਡ ਕੇ ਸੁੰਦਰ ਇਮਾਰਤਾਂ, ਜ਼ਮੀਨਾਂ ਜਾਗੀਰਾਂ ਨਾਉਂ ਲੁਆਕੇ ਸਦਾ ਅਟਲ ਯਾਦਾਂ ਅਤੇ ਕਲਜੁਗੀ ਜੀਵਾਂ ਦੇ ਕਲਿਆਣ ਹਿਤ ਗੁਰ ਅਸਥਾਨਾਂ ਨੂੰ ਮੁਕੰਮਲ ਕਰਕੇ 'ਆਪ ਮੁਕਤ ਮੁਕਤ ਕਰੈ ਸੰਸਾਰ' ਅੰਮ੍ਰਿਤ ਸੋਮੇ ਜਾਰੀ ਕਰਕੇ ਸਦਾ ਅਮਰ ਹੋ ਗਏ ਹਨ। ਉਨ੍ਹਾਂ ਗੁਰ ਪਿਆਰਿਆਂ ਦੀ ਸੇਵਾ ਵਿਖੇ ਸ਼ਰਧਾ ਨਾਲ ਭੇਟਾ ਕਰਦਾ ਹਾਂ।

**ਦਾਸ ਵਿਸਾਖਾ ਸਿੰਘ ਸੰਤ ਸਪਾਹੀ**

Digitized by Panjab Digital Library | www.panjabdigilib.org



ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੂਰਾ

ਜਿਸ ਤੋਂ ਸ੍ਰੀ ਗੁਰੂ ਜੀ ਨੇ ਇਤਿਹਾਸ ਦੀ ਸੇਵਾ ਲਈ ਹੈ।

Digitized by Panjab Digital Library | www.panjabdigilib.org

# ਸ਼ਰਧਾਂਜਲੀ

**ਜੋਗ**

ਪਰਮ ਸਤਿਕਾਰ ਜੋਗ ਪੰਥ ਨਿਰਮਾਣ ਸੇਵਕ ਸ੍ਰੀ ਸੰਤ ਮੋਹਣ ਸਿੰਘ ਜੀ, ਸਃ ਨਰਿੰਦਰ ਸਿੰਘ ਜੀ, ਭਾਃ ਕੇਹਰ ਸਿੰਘ ਜੀ, ਭਾਈ ਮਹਿੰਗਾ ਸਿੰਘ ਜੀ, ਭਾਈ ਬੇਲਾ ਸਿੰਘ ਜੀ, ਹੌਲਦਾਰ ਗੁਰਦਿਤ ਸਿੰਘ ਜੀ, ਸਃ ਹੀਰਾ ਸਿੰਘ ਜੀ, ਸਃ ਸ਼ੇਰ ਸਿੰਘ ਜੀ, ਸ; ਹਾਕਮ ਸਿੰਘ ਜੀ ਆਦਿ ਜਨੇਤਪੁਰਾ ਜਿਨਾ ਦੇ ਮਿਠੇ ਤੇ ਨਿਘੇ ਪਿਆਰ ਨੂੰ ਬਾਲਪਣ ਤੋਂ ਹੁਣ ਤੀਕ ਅਮਿੱਤ ਮਾਣ ਰਿਹਾ ਹਾਂ।

ਜਿਨਾਂ ਦੀ ਪਿਆਰੀ ਅਸੀਸ ਮੇਰੇ ਜੀਵਨ ਵਿਚ ਸਦਾ ਉਤਸ਼ਾਹ ਭਰਦੀ ਰਹੀ ਅਤੇ ਪੰਥਕ ਸੇਵਾ ਵਿਚ ਆਈਆਂ ਔਕੜਾਂ ਵਿਚ ਸਹਾਈ ਹੁੰਦੀ ਰਹੀ।

ਜਿਨਾਂ ਦਾ ਪਿਆਰ ਤੇ ਨਿਘਸ ਮਾਣਨ ਵਾਲਾ

**ਦਾਸ ਵਿਸਾਖਾ ਸਿੰਘ ਸੰਤ ਸਪਾਹੀ**

Digitized by Panjab Digital Library | www.panjabdigilib.org

ਸਭ ਹੱਕ ਰਾਖਵੇਂ ਹਨ।

ਜੇ ਗੁਰ ਦਸੇ ਵਾਟ ਮੁਰੀਦਾ ਜੋਲੀਐ ॥

੧ ੴ ਸਤਿਗੁਰ ਪ੍ਰਸਾਦਿ ॥

ਸਤਿਗੁਰੂ ਫੁਰਮਾਇਆ ਕਾਰੀ ਇਹ ਕਰੇਹੁ ॥ ਗੁਰਦੁਆਰਾ ਹੋਇਕੈ ਸਾਹਿਬ ਸਾਹਿਬ ਸਮਾਲੇਹੁ ॥

ਜੋ ਨ ਭਜੰਤੇ ਨਾਰਾਇਣਾ
ਤਿਨ ਕਾ ਮੈ ਨ ਕਰਉ
ਦਰਸਨਾ ॥

———

ਜਪਿ ਮਨ
ਸਤਿਨਾਮੁ ਸਦਾ ਸਤਿਨਾਮ ॥
ਸਦਾ ਸਹਾਈ।
ਵਾਹਿਗੁਰੂ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ

# ਮਾਲਵਾ ਇਤਿਹਾਸ

ਦਾ

# ਪਹਿਲਾ ਕਾਂਡ

ਜਿਸ ਵਿੱਚ ਅਰਸ਼ੀ ਪ੍ਰੀਤਮ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗਿਆਰ੍ਹਵੇਂ ਪਾਤਿਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਖੇਪ ਜੀਵਨ, ਜਿਥੇ ਜਿਥੇ ਮਾਲਵਾ ਧਰਤੀ ਨੂੰ ਦਸਾਂ ਗੁਰੂ ਸਾਹਿਬਾਨ ਵਿਚੋਂ ਆਪਣੀ ਪਵਿੱਤ੍ਰ ਚਰਨ ਛੋਹ ਪਰਸੀ, ਉਨ੍ਹਾਂ ਪਵਿੱਤ੍ਰ ਗੁਰ ਅਸਥਾਨਾਂ ਦਾ ਸੰਖੇਪ ਇਤਿਹਾਸ, ਜਿਨ੍ਹਾਂ ਗੁਰਮੁਖ ਸੇਵਕਾਂ ਨੂੰ ਸਤਿਗੁਰਾਂ ਤਰੁਠ ਕੇ ਆਪਣੇ ਪਵਿੱਤ੍ਰ ਮੁਖਾਰਬਿੰਦ ਤੇ ਵਰਤੇ ਆਪਣੇ ਪਵਿੱਤ੍ਰ ਕਰਕੰਵਲਾ ਤੋਂ, ਵਸਤੂ ਬਖਸ਼ ਕੇ ਆਰਥਕ ਤੇ ਵਿਦਿਅਕ ਦਸ਼ਾ ਬਿਆਨ ਕੀਤੀ ਗਈ ਹੈ।

ਕਰਤਾ
ਗੁਰੂ ਪੰਥ ਦਾ
ਦਾਸ–ਸੰਤ ਵਿਸਾਖਾ ਸਿੰਘ ਸੰਤ ਸਿਪਾਹੀ, ਜਨੇਤ ਪੁਰਾ, ਪ੍ਰ: ਗੁ: ਪ੍ਰ: ਸਿੰਘ ਸਭਾ

ਪ੍ਰਕਾਸ਼ਕ
ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ
ਦਫਤਰ ਪੰਥਕ ਗੁਰਦੁਆਰਾ ਸਾਹਿਬ ਕਿਸ਼ਨਪੁਰਾ ਕਲਾਂ, ਤਹਿਸੀਲ ਜ਼ੀਰਾ, ਜ਼ਿਲਾ ਫੀਰੋਜ਼ਪੁਰ (ਪੰਜਾਬ)

ਵਖਤ ਪਛਾਣੇ ਇਕੋ ਜਾਣੇ ਬੰਦਾ ਕਹੀਐ ਸੋਈ ॥

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਾਂਝਾ ਪੀਰ ਜਗਤ ਗੁਰ ਬਾਬਾ

ਵੇਖੋ ਕਾਜ਼ੀ ਰੁਕਨਦੀਨ (ਵਿੱਚ) ਮੱਕੇ ਮਾਨ ਮਕਾਇ ॥ ਗੁਰ ਚਰਨਾਂ ਤੇ ਡਿਗਕੇ ਭੁਲ ਰਿਹਾ ਬਖਸ਼ਾਇ ॥




ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਹ ਪੁਰਾਣੀ ਤੇ ਇਤਿਹਾਸਕ ਤਸਵੀਰ ਜੋ ਸ੍ਰੀ ਗੁਰੂ ਜੀ ਦੇ ਬਗ਼ਦਾਦ ਪੁਜਣ ਤੇ ਇਕ ਮੁਸਲਮਾਨ ਮੁਸੱਵਰ ਨੇ ਪ੍ਰੇਮ ਤੇ ਸਿਦਕ ਨਾਲ ਬਣਾਈ ।

ਪੰਨਾ ੩

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਏਕੰਕਾਰਾ[੧] ਸਤਿਗੁਰੂ[੨] ਤਿਹਿ ਪ੍ਰਸਾਦਿ[੩] ਸਚੁ[੪] ਹੋਇ ॥
ਵਾਹਿਗੁਰੂ ਜੀ ਕੀ ਫਤਹ ਬਿਘਨ[੫] ਬਿਨਾਸਨ ਸੋਇ ॥ ੧ ॥

## ਦੋਹਿਰਾ ॥

ਸ੍ਰੀ ਨਾਨਕ ਪੁਰਸ਼ੋਤਮੰ[੬] ਪਰਮ ਪਰਾਵਰ[੭] ਨਾਥ ॥
ਯੁਗਲ[੮] ਚਰਨ ਪਰ ਬੰਦਨਾ ਧਰਪਰ[੯] ਧਰਕਰਿ ਮਾਥ ॥ ੨ ॥

## ਸਵੈਯਾ ॥

ਬਰ[੧] ਚਾਰ ਪਦਾਰਥ ਦਾ[੨] ਬਰ ਚਾਰ[੩], ਬਿਚਾਰ ਕੌ ਮੂਰ[੪] ਉਚਾਰ ਸੁਹਾਵੈ ॥
ਉਪਕਾਰ[੫] ਸਖ੍ਹਾ ਸੁਖਕਾਰ[੬] ਸਦਾ, ਤਮ[੭] ਪਾਰ ਕਰੈ ਉਰ[੮] ਜਾਂ ਬਸ ਜਾਵੈ ॥
ਅਘ[੯] ਜਾਲਨ[੧੦] ਤੇ ਜਮ ਜਾਲਨ[੧੧] ਤੇ, ਕਲ[੧੨] ਕਾਲਨ ਤੇ ਤਤਕਾਲ[੧੩] ਛੁਟਾਵੈ ॥
ਅਰਬਿੰਦ[੧੪] ਬਿਖੈ ਗੁਨ ਏਹ ਸਬੁ ਹੋਹਿ ਤਬੈ ਉਪਮਾ[੧੫] ਪਗ ਸ੍ਰੀ ਗੁਰ ਖਾਵੈ ॥ ੩ ॥

---

੧. ਜੋ ਇਕ, ਸੋਈ ਅਨੇਕ ਰੂਪ, ਭਾਵ—ਨਿਰਗੁਣ ਤੇ ਸਰਗੁਣ ਸੁਰੂਪ। ੨. ਸਤਿਪੁਰਖ ਨਾਲ ਅਭੇਦ ਹੋਇਆ ੨, ਭਾਵ—ਪੂਰਨ ਗੁਰੂ। ੩. ਕ੍ਰਿਪਾ। ੪. ਵਾਹਿਗੁਰੂ। ੫. ਬਿਘਨਾਂ ਨੂੰ ਦੂਰ ਕਰਨ ਵਾਲਾ। ੬. ਪੁਰਖਾਂ ਵਿਚੋਂ ਸ੍ਰੇਸ਼ਟ, ਭਾਵ-ਬੱਧ, ਪਾਮਰ ਅਤੇ ਮੁਕਤ—੩ ਪ੍ਰਕਾਰ ਦੇ ਪੁਰਖਾਂ ਤੋਂ ਉੱਤਮ—ਪੁਰਖਮਤੀ। ੭. ਪਰ = ਉਤਮ ਅਤੇ ਅਵਰ = ਨੀਚ। ੮. ਦੋਵੇਂ। ੯. ਪ੍ਰਿਥਵੀ।

੧. ਸ੍ਰੇਸ਼ਟ। ੨. 'ਦਾ' ਪਦ 'ਦੇਹਲੀ ਦੀਪਕ' ਹੋਣ ਕਰਕੇ ਪਦਾਰਥ ਅਤੇ 'ਬਰ' ਦੋਹਾਂ ਨਾਲ ਲਗਦਾ ਹੈ। ਸੋ ਧਰਮ ਆਦਿ ੪ ਪਦਾਰਥ ਦੇਣ ਵਾਲੇ ਅਤੇ ਬਰ ਦੇਣ ਵਾਲੇ। ੩. ਭਲਾ। ੪. ਮੂਢ। ੫. ਇਹਸਾਨ—ਭਲਾ ਕਰਨਾ। ੬. ਸੁਖਦਾਈ। ੭. ਅਗਿਆਨ ਰੂਪੀ ਅੰਧੇਰਾ। ੮. ਹਿਰਦੇ। ੯. ਪਾਪ। ੧੦. ਸਮੂਹ। ੧੧. ਫਾਹੀਆਂ—ਜਾਲ ੧੨. ਭੈੜੇ, ਅਉਖੇ। ੧੩. ਤੁਰਤ। ੧੪. ਕਮਲ। ੧੫. ਤਸ਼ਬੀਹ—ਰੀਸ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਤੁਠਾ ਸਚਾ ਪਾਤਸਾਹੁ ਤਾਪ ਗਇਆ ਸੰਸਾਰਾ ॥

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਦਾ ਕਾਰਣ

'ਗੁਰ ਬਿਨ ਘੋਰ ਅੰਧਾਰ ਗੁਰੂ ਬਿਨੁ ਸਮਝ ਨ ਆਵੈ' ਇਤਿ ਆਦਿ ਪ੍ਰਮਾਣਾਂ ਦੁਆਰਾ ਪਰਮ-ਪੁਰਖ ਅਤੇ ਪਰਮ ਪਦ ਦਾ ਗਿਆਨ ਕਰਾਉਣ ਲਈ ਗੁਰੂ ਜੋਤਿ ਵਿਚ ਅਪੂਰਬਤਾ (ਅਦੁੱਤਿਤਾ) ਸਿੱਧ ਹੋਣ ਤੇ ਉਸਦੇ ਮਾਨਵੀ ਰੂਪ ਵਿਚ ਪ੍ਰਗਟ ਹੋਣ ਦੀ ਆਵੱਸ਼ਕਤਾ ਸਰਬ ਜਗਿਆਸੂਆਂ ਦੇ ਅਨੁਭਵ ਸਿੱਧ ਹੋਣ ਕਰਕੇ ਉਹ ਪ੍ਰਾਣੀ ਮਾਤ੍ਰ ਦੀ ਬਾਂਛਾ ਦੇ ਵਿਸ਼ੇ ਹੈ, ਅਤੇ ਅਨਾਦਿ ਕਾਲ ਤੋਂ ਗੁਰੂ-ਚੇਲੇ ਦੀਆਂ ਅਣਗਿਣਤ ਪਰੰਪਰਾਵਾਂ ਅਤੇ ਬਿਅੰਤ ਸ਼ਾਖਾਂ ਤੇ ਉਨ੍ਹਾਂ ਦੀਆਂ ਪੀੜ੍ਹੀਆਂ ਭੀ ਸੰਸਾਰ ਵਿਚ ਪ੍ਰਚਲਿਤ ਹਨ, ਪਰ 'ਕਾਚੇ ਗੁਰ ਤੇ ਮੁਕਤ ਨ ਹੋਆ ॥ ਕੇਤੇ ਗੁਰ ਚੇਲੇ ਫੁਨਿ ਹੋਆ ॥' ਅਤੇ "ਬਿਨੁ ਗੁਰ ਪੂਰੇ ਨਹੀਂ ਉਧਾਰ ॥ ਬਾਬਾ ਨਾਨਕੁ ਆਖੈ ਇਹੁ ਵਿਚਾਰ ॥" ਇਤਿਆਦਿ ਵਾਕਾਂ ਕਰਕੇ ਉਨ੍ਹਾਂ ਸਭਨਾਂ ਨੂੰ ਕੱਚੇ ਗੁਰੂ ਅਤੇ ਨਿਸਤਾਰਾ ਕਰਨ ਦੇ ਅਯੋਗ ਲਿਖਿਆ ਹੈ। ਏਥੇ ਹੀ ਬਸ ਨਹੀਂ ਸਗੋਂ ਵੇਦਾਂ, ਦੇਵਤੇ ਅਤੇ ਅਵਤਾਰਾਂ ਨੂੰ ਭੀ ਉਕਤ ਕਾਰਯ ਸਿੱਧੀ ਲਈ ਅਸਮਰਥ ਦਸਿਆ ਹੈ। ਯਥਾ 'ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹੁ ਪਸਾਰਾ। ਮਹਾ ਦੇਉ ਗਿਆਨੀ ਵਰਤੈ ਘਰੁ ਅਪਣੈ ਤਾਮਸ ਬਹੁਤ ਅਹੰਕਾਰਾ। ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ। ਗੁਰਮੁਖਿ ਨਾਮ ਰਤੇ ਜੁਗ ਅੰਤਰਿ ਤਿਨ ਚੁਕਾ ਮੋਹੁ ਗਵਾਰਾ।' ਅਰਥ ਸਪੱਸ਼ਟ ਹੈ। ਪੁਨਾ--'ਭਰਮੇ ਸੁਰ ਨਰ ਦੇਵੀ ਦੇਵਾ। ਕਾਲੁ ਨਾ ਛੋਡੈ ਬਿਨ ਗੁਰ ਕੀ ਸੇਵਾ। ਕਾਜੀ ਸੇਖ ਭੇਖ ਫਕੀਰਾ। ਵਡੇ ਕਹਾਵੈ ਹਉਮੈ ਤਨ ਪੀਰਾ। ਕਾਲੁ ਨ ਛੋਡੈ ਸਤਿਗੁਰ ਕੀ ਧੀਰਾ।' ਇਤਿਆਦਿ ਬਚਨਾਂ ਤੋਂ ਦੇਵਤੇ ਸਿੱਧ—ਨਾਥ, ਪੀਰ ਪੈਗੰਬਰ ਅਤੇ ਰਿਖੀਆਂ-ਮੁਨੀਆਂ ਦੇ ਕਰਤਾ, ਅਤੇ ਉਪਦੇਸ਼ਟਾ ਅਕਾਲਪੁਰਖ ਨੂੰ ਗੁਰੂ ਰੂਪ ਤੇ ਪ੍ਰਤੱਖ ਹੋਣ ਦੀ ਸੁਤੇ ਸਿੱਧ ਹੀ ਲੋੜ ਪਈ। ਸੋ 'ਪਸੁ ਪੰਖੀ ਭੂਤ ਅਰੁ ਪ੍ਰੇਤਾ। ਬਹੁ ਬਿਧਿ ਜੋਨੀ ਫਿਰਿਤ ਅਨੇਤਾ। ਸਾਧ ਰੂਪ ਅਪੁਨਾ ਤਨੁ ਧਾਰਿਆ। ਮਹਾ ਅਗਿਨ ਤੇ ਆਪਿ ਉਬਾਰਿਆ।' ਤਥਾ ਜੋਤਿ ਰੂਪ ਹਰਿ ਆਪੁ ਗੁਰੁ ਨਾਨਕ ਕਹਾਯਉ। ਤਾਂਤੇ ਅੰਗਦ ਭਯੋ ਤਤੁ ਮੈ ਤਤੁ ਮਿਲਾਯਉ।' ਪੁਨਾ-'ਆਪ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਯਉ। ਨਿਰੰਕਾਰਿ ਅਕਾਰੁ ਜੋਤਿ ਜਗ ਮੰਡਲ ਕਰਯਉ।' ਇਤਿਆਦਿ ਮਹਾ ਵਾਕਾਂ ਤੋਂ ਸਿੱਧ ਹੁੰਦਾ ਹੈ ਕਿ ਆਦਿ ਗੁਰੂ ਅਕਾਲਪੁਰਖ ਹੀ ਅਪਣੀ ਸਬਦ ਕਲਾ ਨੂੰ ਸਨਮੁਖ ਕਰਕੇ 'ਗੁਰੂ ਨਾਨਕ' ਨਾਮ ਤੇ ਪ੍ਰਗਟ ਹੋਇਆ। ਜਿਨ੍ਹਾਂ ਨੇ 'ਜੇ ਸਉ ਚੰਦਾ ਉਗਵੈ ਸੂਰਜ ਚੜ੍ਹੈ ਹਜਾਰ। ਏਤੇ ਚਾਨਣ ਹੁੰਦਿਆ ਗੁਰ ਬਿਨੁ ਘੋਰ ਅੰਧਾਰ।' ਦੀ ਸਚਾਈ ਨੂੰ 'ਬਲਿਹਾਰੀ ਗੁਰ ਆਪੁਣੇ ਦਿਉਹਾੜੀ ਸਦ ਵਾਰ। ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਬਾਰ।' ਦੁਆਰਾ ਤੁਰਤ ਹੀ ਮਨੁੱਖਾਂ ਦੀ ਅਦਿੱਬ ਪ੍ਰਕਿਰਤੀ ਤੋਂ ਦੇਵਤਿਆਂ ਵਾਲੀ ਦਿੱਬ ਪ੍ਰਕ੍ਰਿਤੀ ਵਾਲੇ ਕਰਿ ਦਿਖਲਾਇਆ, ਸਗੋਂ 'ਨਰ ਤੇ ਉਪਜ ਸੁਰਗ ਕਉ ਜੀਤਿਓ ਸੁ ਅਵਖਧ ਮੈ ਪਾਈ' ਅਨੁਸਾਰ ਏਸੇ ਨਰ ਜਾਮੇ ਵਿਚ ਦੇਵਤਿਆਂ ਨਾਲੋਂ ਭੀ ਉਪਰਲੀ ਗਤੀ-ਭਾਵ ਅਮਰਾ ਪਦ ਦੀ ਪ੍ਰਾਪਤੀ ਕਰਾ ਦਿਤੀ।

ਆਪ ਦੇ ਜੀਵਨ ਦੇ ਸਭ ਚੋਜਾਂ ਨੂੰ ਭਲੀ ਭਾਂਤ ਵਿਚਾਰਨ ਤੋਂ ਜਾਣਿਆ ਜਾਂਦਾ ਹੈ, ਕਿ

Digitized by Panjab Digital Library | www.panjabdigilib.org

ਆਪ ਪ੍ਰਕਿਰਤੀ ਦੇ ਸੁਆਮੀ, ਪ੍ਰਕ੍ਰਿਤੀ ਨੂੰ ਰੰਜਨ ਕਰਤਾ, ਵਿਅਤੇ (ਉਲਟ) ਕਰ ਦੇਣ ਵਾਲੇ, ਮੱਥੇ ਤੇ ਹੱਥ ਧਰ ਕੇ ਬੁਰਿਆਈਆਂ ਦੂਰ ਕਰਨ ਵਾਲੇ, ਕੇਵਲ ਬਚਨ ਜਾਂ ਦ੍ਰਿਸ਼ਟੀ ਨਾਲ ਹੀ ਤਾਰ ਦੇਣ ਵਾਲੇ ਸਿੱਧ ਹੋਣ ਕਰ ਕੇ ਅੰਦਰੋਂ ਜੋਤਿ ਸਰੂਪ ਅਤੇ ਬਾਹਰੋਂ ਮਾਨਵੀ ਰੂਪ ਵਿਚ ਆਪੇ ਅਪਣੇ ਵਿਚੋਲੇ ਸਨ, ਜੋ ਉਸ ਦੇ ਆਪੇ ਬਿਨਾ ਦੂਜਾ ਹੋ ਨਹੀਂ ਸਕਦਾ ਸੀ।

ਆਪ ਜਗਤ ਜਲੰਦੇ ਨੂੰ ਤਾਰਨ ਲਈ ਉਤਰਾ ਖੰਡ ਦੀ ਉਦਾਸੀ ਵਿਚ ਸਿੱਧਾਂ ਨੂੰ ਮਿਲਦੇ ਹਨ, ਤਾਂ ਉਹ ਪਹਿਲਾਂ ਗਿਆਨ ਚਰਚਾ ਕਰਕੇ ਚੰਗੀ ਤਰ੍ਹਾਂ ਨਿਰੁੱਤਰ ਹੁੰਦੇ ਹਨ, ਸਿਧੀਆਂ ਤੇ ਸ਼ਕਤੀਆਂ ਦਿਖਾ ਕੇ ਭੀ ਉਹਲੇ ਹੋ ਜਾਂਦੇ ਹਨ, ਤਾਂ ਮਾਇਆ ਤੋਂ ਅਤੀਤ ਹੋਣ ਦੀ ਪ੍ਰੀਖਿਆ ਕਰਨ ਲਈ ਆਪ ਨੂੰ ਪਾਣੀ ਲਿਆਉਣ ਲਈ ਬੇਨਤੀ ਕਰਦੇ ਹਨ ਅਤੇ ਆਪਣੀ ਸ਼ਕਤੀ ਨਾਲ ਹੀਰੇ ਲਾਲਾਂ ਦੇ ਢੇਰ ਲਾ ਦਿੰਦੇ ਹਨ। ਤਾਂ ਸਾਹਿਬਾਂ ਨੇ ਇਸ ਚਰਿਤ੍ਰ ਨੂੰ ਦੇਖ ਕੇ, ਓਥੋਂ ਮੁੜਕੇ ਗੋਰਖ ਨੂੰ ਆਖਦੇ ਹਨ–'ਪਾਣੀ ਠਉੜ ਨਹੀਂ ਉਸ ਤਾਲਾ' ਤਾਂ ਸਭ ਸਿੱਧ ਚਕ੍ਰਿਤ ਹੋ ਗਏ ਅਤੇ ਅੰਦਰੋ ਅੰਦਰੀ ਆਖਣ ਲਗੇ–ਇਹ ਜ਼ਰੂਰ ਮਾਇਆ ਤੋਂ ਲੰਘੇ ਹੋਏ ਮਹਾਂ ਪੁਰਖ ਹੀ ਹਨ, ਜੋ ਹੀਰੇ-ਲਾਲਾਂ ਜੇਹੀ ਵਡਮੁੱਲੀ ਸੰਪਦਾ ਦਾ ਨਾਮ ਭੀ ਨਹੀਂ ਲੈਂਦੇ। ਇਹ ਗਲ ਇਨ੍ਹਾਂ ਦੇ ਮਾਇਆ ਤੋਂ ਲੰਘੇ ਹੋਏ ਅਤੀਤ ਹੋਣ ਦਾ ਚਿੰਨ੍ਹ ਹੈ। ਇਸ ਪ੍ਰਕਾਰ ਸਿੱਧਾਂ ਦੀ ਸਿੱਧੀ ਨੂੰ ਬਦਲ ਕੇ ਬੁੱਧ ਦੇ ਰੂਪ ਵਿਚ ਰੰਗ ਕੇ ਆਤਮਾ ਗਿਆਨੀ ਬਣਾ ਦਿਤਾ। ਫੇਰ ਆਪ ਦੱਖਣ ਦੀ ਉਦਾਸੀ ਵਿਚ ਰਾਜਾ ਸ਼ਿਵ ਨਾਭਿ ਦੇ ਬਾਗ਼ ਵਿਚ ਜਾ ਰਹਿੰਦੇ ਹਨ, ਤਾਂ ਆਪਦੇ ਅੰਮ੍ਰਿਤ ਮੈ (ਦਿੱਬ) ਸਰੀਰ ਹੋਣ ਦੇ ਕਾਰਣ ਸੁੱਕਾ ਬਾਗ਼ ਹਰਾ ਹੋ ਜਾਂਦਾ ਹੈ। ਖਬਰ ਹੋਣ ਤੇ ਰਾਜ ਪੁਰਖ ਹੀਰੇ-ਮੋਤੀਆਂ ਦੇ ਥਾਲ ਭੇਟਾ ਕਰ ਕੇ ਸੁਆਗਤ ਕਰਦੇ ਹਨ, ਤਾਂ ਗੁਰਦੇਵ ਫੁਰਮਾਉਂਦੇ ਹਨ–'ਭਾਈ ਇਹ ਮੋਤੀ ਸਾਡੇ ਕੰਮ ਦੇ ਨਹੀਂ, ਜੇ ਰਾਜਾ ਨੂੰ ਲੋੜ ਹੈ ਤਾਂ ਹੋਰ ਸਾਥੋਂ ਲੈ ਲਵੇ। ਫੇਰ ਕਈ ਪ੍ਰੀਖਿਆਂ ਹੋਣ ਤੋਂ ਪਿਛੋਂ ਅੰਤਿਮ ਪ੍ਰੀਖਿਆ ਲਈ ਮਹਾ ਮੋਹਣੀਆਂ ਆਉਂਦੀਆਂ ਹਨ, ਸਚੇ ਗੁਰੂ ਨਾਨਕ ਬਸੰਤ ਰਾਗ ਵਿਚ ਸ਼ਬਦ ਉਚਾਰਣ ਕਰਦੇ ਹਨ–'ਗਾਛੋ ਪੁਤ੍ਰੀ ਰਾਜ ਕੁਮਾਰਿ। ਨਾਮ ਭਣਉ ਸਚੁਦਉਤ ਸਵਾਰ' ਅਰਥਾਤ ਪੁਤਰੀਓ! ਨਾਮ ਜਪ ਕੇ ਆਪ ਮਨੁੱਖਾ ਜਨਮ ਨੂੰ ਸਫਲ ਕਰੋ। ਤਾਂ ਮਹਾ ਚੰਚਲ ਮੋਹਣੀਆਂ ਨੂੰ ਦਿੱਬ ਪ੍ਰਕ੍ਰਿਤੀ ਵਾਲੀਆਂ ਸੰਤਣੀਆਂ ਬਣਾ ਦਿਤਾ। ਏਸੇ ਤਰ੍ਹਾਂ 'ਸਾਧ ਕੇ ਸੰਗਿ ਨਹੀਂ ਕਛੁ ਘਾਲ। ਦਰਸ਼ਨ ਭੇਟਤ ਹੋਤ ਨਿਹਾਲ।' ਅਨੁਸਾਰ ਕੌਡੇ ਜੇਹੇ ਦੁਸ਼ਟ ਆਦਮ ਖੋਰਾਂ ਨੂੰ ਗਿਆਨੀ ਬਣਾ ਦਿੱਤਾ ਅਤੇ ਸੱਜਨ ਠੱਗ ਨੂੰ 'ਕਰਿ ਹੁਕਮੁ ਮਸਤਕਿ ਹਥ ਧਰਿ ਵਿਚਹੁੰ ਮਾਰਿ ਕਢੀਆ ਬੁਰਿਆਈਆ' ਅਨੁਸਾਰ ਇਕ ਫੇਰੇ ਵਿਚ ਸੰਤ ਬਣਾ ਦਿਤਾ। ਇਹ ਸੀ ਉਨ੍ਹਾਂ ਦਾ ਪ੍ਰਕ੍ਰਿਰਤੀ ਨੂੰ ਵਿਅਤੇ ਕਰਨਾ, ਭਾਵ–ਉਲਟ ਕਰਿ ਦੇਣਾ। ਹੋਰ ਰੀਠੇ ਆਦਿ ਕੌੜੇ ਫਲਾਂ ਦਾ ਨਿਪਟ ਮਿਠੇ ਕਰ ਦੇਣਾ ਉਨ੍ਹਾਂ ਦੀ ਏਸ ਕਲਾ ਦੇ ਪ੍ਰਤੱਖ ਉਦਾਹਰਣ ਅਜ ਤਕ ਪ੍ਰਸਿੱਧ ਹਨ। ਸੰਸਾਰ ਵਿਚ ਕਾਰਣ ਤੋਂ ਬਿਨਾ ਕਾਰਯ ਨਹੀਂ ਹੋ ਸਕਦਾ, ਇਹ ਨਿਯਮ ਹੈ। ਪਰੰਤੂ ਗੁਰੂ ਨਾਨਕ ਤੋਂ ਦੂਜਾ ਗੁਰੂ ਨਾਨਕ (ਗੁਰੂ ਅੰਗਦ ਦੇਵ) ਅਤੇ ਏਸੇ ਤਰ੍ਹਾਂ ੯ ਸਰੂਪਾਂ ਦੀ ਪਰੰਪਰਾ 'ਬਾਬਾ ਬਕਾਲੇ' ਆਦਿਕ ਵਾਕਾਂ ਨਾਲ ਹੀ ਬਣਾ ਦੇਣੀ 'ਸੋ ਟਿਕਾ ਸੋ ਬਹਿਣਾ......' ਆਦਿ ਅਨੁਸਾਰ ਇਕ ਪੁਰਖ ਤੋਂ ਦੂਜਾ ਪ੍ਰਮਾਣ ਪੁਰਖ ਪ੍ਰਗਟ ਕਰ ਦੇਣਾ ਸੰਸਾਰੀ ਨਿਯਮ ਨਾਲ ਨਹੀਂ ਹੋ ਸਕਦਾ, ਕਿੰਤੂ 'ਅਗਮ ਅਗਚਤਾ' ਪੁਰਖ ਅਪਣੀ ਅਮਰੋ ਕਲਾ ਤੋਂ ਪ੍ਰਗਟ ਕਰ ਸਕਦਾ ਹੈ। ਸੋਈ ਕਉਤਕ ਪਰਮ ਪੁਰਖ-ਗੁਰੂ ਨਾਨਕ ਦੇਵ ਜੀ ਨੇ ਵਰਤਾਇਆ, ਜੋ ਕੋਈ ਭੀ ਹੋਰ ਅਜੇਹਾ ਨ ਕਰਿ ਸਕਿਆ। ਅਰਥਾਤ ਕਿਸੇ ਈਸਾ ਨੇ ਹੋਰ ਈਸਾ ਨ ਬਣਾਇਆ,

Digitized by Panjab Digital Library | www.panjabdigilib.org

ਕੋਈ, ਸਿੱਧ, ਬੁਧ, ਨਾਥ, ਰਿਸ਼ੀ-ਮੁਨੀ ਇਨ ਬਿਨ ਅਪਣੇ ਸਮਾਨ ਦੂਜਾ ਪੁਰਖ ਪ੍ਰਮਾਣ ਨ ਬਣਾ ਸਕਿਆ, ਨਾ ਹੀ ਕੋਈ ਮੁਹੰਮਦ ਜਾਂ ਰਾਮ ਅਥਵਾ ਕ੍ਰਿਸ਼ਨ ਅਪਣੇ ਵਰਗਾ, ਸਮਾਨ ਕਲਾ, ਸਮਾਨਾਧਿਕਾਰ ਅਤੇ ਸਮਾਨ ਜੋਤਿ ਸੰਪੰਨ ਦੂਜੀ ਵਿਅਕਤੀ ਪ੍ਰਗਟ ਕਰ ਸਕਿਆ। ਇਹ ਕਉਤਕ ਪੂਰਨ ਪੁਰਖ-ਸਾਖਿਆਤ ਅਕਾਲ ਪੁਰਖ ਤੋਂ ਬਿਨਾ ਕੋਈ ਹੋਰ ਨਹੀਂ ਕਰ ਸਕਦਾ ਸੀ। ਸੋ 'ਪੂਰਾ ਗੁਰੂ ਆਖ੍ਹਉ ਜਾਕਾ ਮੰਤ੍ਰ। ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ' ਅਨੁਸਾਰ ਪੂਰਨ ਤੇ ਅਬਿਨਾਸੀ ਤੇ ਗੁਰੂ ਪੁਰਖ ਨੇ ਅੰਮ੍ਰਿਤ ਭਰੀ ਦ੍ਰਿਸਟੀ ਨਾਲ ਜਿਸ ਨੂੰ ਤੱਕਿਆ, ਉਹ ਸੰਤ, ਬ੍ਰਹਮ ਗਿਆਨੀ ਅਤੇ ਜੀਵਨ ਮੁਕਤ ਬਣ ਗਿਆ। ਤਾਂ ਤੇ ਪ੍ਰਕਿਰਤੀ ਦੇ ਸੁਆਮੀ ਪ੍ਰਕ੍ਰਿਤੀ ਨੂੰ ਰੰਜਨ ਕਰਣਾਲੇ, ਵਿਅਤੇ ਕਰਨ ਵਾਲੇ ਅਤੇ ਪੁਰਖ ਤੋਂ ਪੁਰਖ ਪੈਦਾ ਕਰਨ ਵਾਲੇ ਅਰਥਾਤ ਕਾਰਣ ਬਿਨਾ ਹੀ ਕਾਰਯ ਪੈਦਾ ਕਰਨ ਵਾਲੇ 'ਗੁਰੂ ਗੋਬਿੰਦ-ਗੋਬਿੰਦ ਗੁਰੂ ਹੈ ਨਾਨਕ ਭੇਦ ਨਾ ਭਾਈ' ਤਥਾ-'ਗੁਰੂ ਨਾਨਕੁ ਗੋਬਿੰਦ ਰੂਪ।' ਆਦਿ ਵਾਕਾਂ ਤੋਂ ਸਿੱਧ, ਸਤਿਗੁਰ ਨਾਨਕ ਦੇਵ ਜਗਤ ਦੇ ਉਧਾਰ ਕਰਨ ਲਈ-

ਸਤਿਗੁਰ ਨਾਨਕਾਂ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ।
ਜਿਉਂ ਕਰ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰ ਪਲੋਆ।

---

## †ਸ੍ਰੀ ਗੁਰੂ ਨਾਨਕ ਸਾਹਿਬ ਜੀ

ਜਨਮ:--ਵਿਸਾਖ ਸੁਦੀ ਤੀਜ ਸੰਮਤ ੧੫੨੬ ਬਿ: (੧੪੬੯ ਈ:) ਨੂੰ ਤਲਵੰਡੀ ਨਗਰ ਵਿਚ (ਜਿਸ ਦਾ ਨਾਮ ਅਜ ਕਲ ਨਨਕਾਣਾ ਸਾਹਿਬ ਹੈ) ਸਤਿਗੁਰ ਨਾਨਕ ਦੇਵ ਜੀ ਪਰਗਟ ਹੋਏ।

[ਜਨਮ ਤਿਥੀ ਦੀ ਵਿਚਾਰ ਭਾਈ ਬਾਲੇ ਵਾਲੀ ਸਾਖੀ ਅਤੇ ਗੁਰੂ ਨਾਨਕ ਪ੍ਰਕਾਸ਼ ਵਿਚ ਜਨਮ ਕੱਤਕ ਸੁਦੀ ੧੫ ਦਾ ਲਿਖਿਆ ਹੋਇਆ ਹੈ, ਪੁਰਾਣੀਆਂ ਜਿਤਨੀਆਂ ਲਿਖਤ ਦੀਆਂ ਸਾਖੀਆਂ ਹਨ, ਉਨ੍ਹਾਂ ਵਿਚ ਵਿਸਾਖ ਸੁਦੀ ੩ ਹੈ, ਭਾਈ ਮਨੀ ਸਿੰਘ ਜੀ ਭੀ ਵਿਸਾਖ ਸੁਦੀ ੩ ਹੀ ਲਿਖਦੇ ਹਨ। ਪ੍ਰਬਲ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਇਹ ਥਿਤ ਜਿਉਤਿਸ਼ ਅਨੁਸਾਰ ਸ੍ਰਿਸ਼ਟੀ ਦੇ ਅਰੰਭਕ ਕਾਲ ਦੀ ਹੈ ਅਤੇ ਸਤਿਜੁਗ ਦਾ ਪਹਿਲਾ ਦਿਨ ਹੋਣ ਕਰ ਕੇ ਇਸ ਤੋਂ ਹੀ ਸੰਮਤ ਰਿਖੀ (੭ ਤਾਰਿਆਂ ਦਾ) ਸੰਮਤ ਮੰਨਿਆ ਜਾਂਦਾ ਹੈ, ਇਸ ਲਈ ਇਹੋ ਥਿਤ ਅਤੇ ਸਤਿਗੁਰਾਂ ਦੇ ਪ੍ਰਗਟ ਹੋਣ ਦੀ ਸਿੱਧ ਹੁੰਦੀ ਹੈ।

ਜ਼ਿਲਾ ਹਜ਼ਾਰਾ ਦੇ ਪਿੰਡ ਬਾਲਕੋਟ ਵਿਚ ਲਾਲਾ ਠਾਕਰ ਦਾਸ 'ਸੋਨੀ' ਦੇ ਘਰ ਸੰਮਤ ੧੬੦੦ ਜੇਠ ੩ ਦੀ ਲਿਖੀ ਹੋਈ ਇਕ ਸਾਖੀ ਹੈ ਉਸ ਵਿਚ ਸੰਮਤ ੧੫੨੬ ਵਿਸਾਖ ਸੁਦੀ ੫ ਨੂੰ ਸਤਿਗੁਰਾਂ ਦਾ ਜਨਮ ਹੋਣਾ ਲਿਖਿਆ ਹੈ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਪਹਿਲੋਂ ਪਹਿਲ ਨਾਨਕ ਸ਼ਾਹੀ ਰੁਪੱਈਆ ਸੰਨ ੧੮੦੦ ਈਸਵੀ ਵਿਚ ਆਪਣੀ ਵਲੋਂ ਟਕਸਾਲ ਵਿਚ ਤਿਆਰ ਕਰਾਇਆ।]

ਮਾਤਾ ਪਿਤਾ—ਪਿਤਾ ਦਾ ਨਾਮ ਮਹਿਤਾ ਕਾਲੂ ਜੀ ਤੇ ਮਾਤਾ ਦਾ ਨਾਮ ਤ੍ਰਿਪਤਾ ਜੀ ਸੀ ਅਤੇ ਇਨ੍ਹਾਂ ਦੀ ਕੁਲ ਬੇਦੀ ਸੀ।

ਵਿਆਹ—ਭਾਈ ਮੂਲਾ ਜ਼ਿਲਾ ਗੁਰਦਾਸ ਪੁਰ ਦੇ ਕੋਲ ਪਖੋ ਕੇ ਰੰਧਾਵੇ ਪਿੰਡ ਦੇ ਰਹਿਣ ਵਾਲੇ ਮੂਲੇ ਚੋਣੇ ਦੀ ਸਪੁਤ੍ਰੀ (ਜਗਤ ਮਾਤਾ ਜੀ) ਸੁਲੱਖਣੀ ਨਾਲ ਆਪ ਦਾ ਅਨੰਦ ਕਾਰਜ ਹੋਇਆ। ਅੰਨਦ ਕਾਰਜ ਦੀ ਰਸਮ ਹਜ਼ੂਰ ਨੇ ਖੁਦ ਆਪੇ ਕੀਤੀ।

ਸੰਤਾਨ—ਆਪ ਦੇ ਘਰ ਦੋ ਸਾਹਿਬਜ਼ਾਦੇ ਸਿਰੀ ਚੰਦ ਤੇ ਲਖਮੀ ਦਾਸ ਜੀ ਹੋਏ।

ਉਪਕਾਰ—ਆਪ ਨੇ ਚਾਰ ਵਡੀਆਂ ਉਦਾਸੀਆਂ ਵਿਚ ਸਾਰੇ ਜੱਗਤ ਦਾ ਅਧਾਰ ਕੀਤਾ, ਸਿਖ ਪੰਥ ਦੀ ਨੀਂਹ ਰਖੀ। ਗੁਰਬਾਣੀ ਲਿਖਣ ਲਈ ਗੁਰਮੁਖੀ ਅਖਰ ਉਚਾਰੇ।

ਜੋਤੀ ਜੋਤ ਸਮਾਉਣਾ—ਅਸੂ ਵਦੀ ੧੦ ਸੰ: ੧੫੯੬ ਮੁਤਾਬਕ ੧੫੩੯ ਈ: ਨੂੰ ਗੁਰੂ ਜੀ ਕਰਤਾਰ ਪੁਰ ਵਿਚ ਜੋਤੀ ਜੋਤ ਸਮਾਏ ਅਤੇ ਗੁਰੂ ਅੰਗਦ ਸਾਹਿਬ ਨੂੰ ਗਦੀ ਤੇ ਬਿਠਾ ਗਏ।

ਮਾਇਕੀ ਰੂਪ ਵਿਚ ਸੰਸਾਰ ਨੂੰ ਗੁਰੂ ਸਾਹਿਬ ਜੀ ੭੦ ਵਰਸ ੪ ਮਹੀਨੇ ੩ ਦਿਨ ਦਰਸ਼ਨ ਦਿੰਦੇ ਰਹੇ। ਜੋਤੀ ਜੋਤ ਸਮਾਉਣ ਦੀ ਵਾਰਤਾ ਭੀ ਇਕ ਅਦਭੁਤ ਅਤੇ ਅਲੌਕਿਕ ਘਟਣਾ ਹੈ ਅਰਥਾਤ ਜਗਤ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਬਾ ਸਿਰੀ ਚੰਦ ਜੀ ਮਹਾਰਾਜ ਤੇ ਬਾਬਾ ਲਖਮੀ ਦਾਸ ਜੀ ਮਹਾਰਾਜ ਨੇ ਵਿਰਾਗ ਵਿਚ ਆ ਕੇ ਅਰਦਾਸ ਕੀਤੀ ਕਿ ਸੱਚੇ

(ਬਾਕੀ ਦੇਖੋ ਸਫਾ ੭ ਹੇਠ)

Digitized by Panjab Digital Library | www.panjabdigilib.org

ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨਾ ਧੀਰ ਧਰੋਆ।
ਜਿਥੇ ਬਾਬਾ ਪੈਰ ਧਰੇ, ਪੂਜਾ ਆਸਣ ਥਾਪਣ ਸੋਆ।
ਸਿੱਧ ਆਸਣ ਸਭ ਜਗਤ ਦੇ, ਨਾਨਕ ਆਦਿ ਮਤੇ ਜੇ ਕੋਆ।
ਘਰ ਘਰ ਅੰਦਰ ਧਰਮਸਾਲ, ਹੋਵੇ ਕੀਰਤਨ ਸਦਾ ਵਸੋਆ।
ਬਾਬੇ ਤਾਰੇ ਚਾਰ ਚੱਕ ਨੌ ਖੰਡ ਪ੍ਰਿਥਮੀ ਸਚਾ ਢੋਆ।
ਗੁਰਮੁਖ ਕਲ ਵਿਚ ਪਰਗਟ ਹੋਆ।

ਇਸ ਤੋਂ ਉਪ੍ਰੰਤ ਸੋਲ੍ਹਵੀਂ ਸਦੀ ਦੇ ਅਰੰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਕੌਮਾਂ ਨੂੰ ਇਕੋ ਲੀਹ (ਸਿੱਖੀ ਮਾਰਗ) ਪਰ ਖੜਾ ਕਰ ਕੇ ਧਾਰਮਿਕ ਸੰਸਾਰ ਵਿਚ ਇਕ ਜੁਗ ਪਲਟਾ ਦਿੱਤਾ, ਉਨ੍ਹਾਂ ਦੇ ਜੀਵਨ ਦੀਆਂ ਲਹਿਰਾਂ ਵਲ ਖਿਚੇ ਜਾਕੇ ਅਣਗਿਣਤ ਹਿੰਦੂ ਅਤੇ ਮੁਸਲਮਾਨਾਂ ਨੇ ਉਨ੍ਹਾਂ ਦੇ ਨਵੇਂ ਪਰਚਾਰੇ ਧਰਮ, ਨਾਮ ਜਪਣਾ, ਵੰਡ ਛਕਣਾ, ਧਰਮ ਦੀ ਕਿਰਤ ਕਰਨੀ ਏਸ ਸੱਤ

---

(ਸਫਾ ੬ ਦੇ ਨੋਟ ਦੀ ਬਾਕੀ)

ਪਾਤਿਸ਼ਾਹੁ ਕ੍ਰਿਪਾ ਕਰ ਕੇ ਆਪ ਜੀ ਸਾਨੂੰ ਚਾਰ ਘੜੀ ਵਾਸਤੇ ਫੇਰ ਦਰਸ਼ਨ ਦਿਉ ਤਾਂ ਸਾਹਿਬਜ਼ਾਦਿਆਂ ਦੀ ਅਰਦਾਸ ਸੁਣ ਕੇ ਜਗਤ ਗੁਰੂ ਜੀ ਫੇਰ ਸਾਵਧਾਨ ਹੋ ਬੈਠੇ। ਅਤੇ ਉਨ੍ਹਾਂ ਨਾਲ ਵਾਰਤਾਲਾਪ ਕਰਨ ਦੇ ਪਰਸੰਗ ਦੋਬਾਰਾ ਸਾਹਿਬਜ਼ਾਦਿਆਂ ਨੂੰ ਸੰਬੋਧਨ ਕਰ ਕੇ ਆਖਿਆ ਕਿ ਜੇ ਚਾਰ ਘੜੀ ਦੀ ਜਗ੍ਹਾ ਚਾਰ ਜੁਗ ਮੰਗਦੇ ਤਾਂ ਉਵੇਂ ਹੀ ਹੋਣਾ ਸੀ ਪਰ ਹੁਣ ਨਾ ਅਰਦਾਸ ਕਰਨੀ। ਹੁਣ ਆਪਣੀ ਮੁਠੀ ਵਿਚ ਲੈ ਹੋਏ ਟਕੇ ਬਾਬਤ ਪੁਛਣ ਲਗੇ ਕਿ ਦੱਸੋ ਸਾਡੀ ਮੁਠੀ ਵਿਚ ਕੀ ਹੈ ? ਤਾਂ ਸਾਹਿਬ-ਜ਼ਾਦਿਆਂ ਆਖਿਆ ਪਿਤਾ ਜੀਉ, ਆਪ ਜੀ ਦੀ ਮੁਠੀ ਵਿਚ ਟਕਾ ਹੈ। ਤਾਂ ਆਪ ਨੇ ਗੁਰੂ ਅੰਗਦ ਸਾਹਿਬ ਜੀ ਨੂੰ ਪੁਛਿਆ, ਪੁਰਖਾ ਤੂੰ ਦਸ ਸਾਡੀ ਮੁਠੀ ਵਿਚ ਕੀ ਹੈ ? ਤਾਂ ਗੁਰੂ ਅੰਗਦ ਜੀ ਨੇ ਬੇਨਤੀ ਨਾਲ ਆਖਿਆ ਹਜ਼ੂਰ ਆਪ ਜੀ ਦੀ ਮੁਠੀ ਵਿਚ ਬੇਅੰਤ ਹੀ ਬ੍ਰਹਮੰਡ ਹਨ ਤਾਂ ਸਾਹਿਬ ਫੁਰਮਾਇਆ ਪੁਰਖਾ ਤੂੰ ਬੇ-ਅੰਤ ਬ੍ਰਹਮੰਡਾਂ ਦਾ ਮਾਲਕ ਹੋਇਆ। ਅਤੇ ਸਹਿਬਜ਼ਾਦਿਆਂ ਨੂੰ ਪਿਆਰ ਨਾਲ ਵਰਦਾਨ ਦਿਤਾ ਕਿ ਤੁਹਾਨੂੰ ਬੇਅੰਤ ਟਕੇ ਅਤੇ ਲਛਮੀ ਪ੍ਰਾਪਤ ਹੋਵੇਗੀ। ਏਸ ਕਥਨ ਤੋਂ ਉਪਰੰਤ ਆਪ ਦੋ ਪੱਟੀ ਚਾਦਰ ਲੈ ਕੇ ਫੇਰ ਬਰਾਜ ਗਏ ਤਾਂ ਸਸਕਾਰ ਕਰਨ ਲਈ ਸਿੱਖ ਹਿੰਦੂਆਂ ਅਤੇ ਮੁਸਲਮਾਨਾਂ ਦਾ ਪਰਸਪਰ ਬਹੁਤ ਵਿਵਾਦ ਹੋਇਆ ਕਿਉਂਕਿ ਸਾਰੇ ਜਗਤ ਗੁਰੂ ਨੂੰ ਆਪੋ ਅਪਣਾ ਗੁਰੂ ਪੀਰ ਮੰਨਦੇ ਸਨ। ਏਸ ਝਗੜੇ ਨੂੰ ਨਜਿੱਠਣ ਲਈ ਦੋਹਾਂ ਧਿਰਾਂ ਵਲੋਂ ਮਾਝੂ ਥਾਪੇ ਗਏ ਤਾਂ ਉਨ੍ਹਾਂ ਨੇ ਗੁਰੂ ਸਾਹਿਬਾਂ ਤੋਂ ਹੀ ਨਿਰਨਾ ਕਰਾਉਣ ਲਈ ਜਗਤ ਗੁਰੂ ਜੀ ਅਗੇ ਹੀ ਅਰਦਾਸ ਕੀਤੀ ਪਰ ਜਦ ਅੰਦਰੋਂ ਕੋਈ ਅਵਾਜ਼ਾ ਨਾ ਆਇਆ ਤਾਂ ਫੇਰ ਉਨ੍ਹਾਂ ਗੁਰਦੇਵ ਜੀ ਦੇ ਚਰਨ ਚੁੰਮਣ ਦੇ ਸੰਕਲਪ ਨਾਲ ਜਦ ਚਰਨੀ ਹੱਥ ਲਾਉਣ ਲਗੇ ਤਾਂ ਉਨ੍ਹਾਂ ਦੇ ਹੱਥ ਵਿਚ ਚਾਦਰੇ ਦਾ ਹੀ ਲੜ ਆਇਆ। ਜਦ ਚਾਦਰ ਚਕ ਕੇ ਦੇਖਣ ਲਗੇ ਤਾਂ ਸੁਵਾਇ ਫੁਲਾਂ ਦੇ ਢੇਰ ਦੇ ਹੋਰ ਕੁਝ ਭੀ ਦਿਖਾਈ ਨਾ ਦਿਤਾ। ਭਾਵ ਸਤਿਗੁਰੂ ਜੀ ਸਣਦੇਹੇ ਹੀ ਅਲੋਪ ਹੋ ਚੁਕੇ ਸਨ। ਹਾਰ ਕੇ ਇਉਂ ਨਿਆਉਂ ਕੀਤਾ ਗਿਆ ਕਿ ਦੋਹਾਂ ਧਿਰਾਂ ਨੂੰ ਚਾਦਰ ਦਾ ਇਕ ਇਕ ਪਲਾ ਉਧੇੜ ਕੇ ਦਿਤਾ ਜਾਵੇ ਤਾਂ ਸਿੱਖਾਂ ਹਿੰਦੂਆਂ ਨੇ ਪਲੇ ਦਾ ਸਸਕਾਰ ਕੀਤਾ। ਮੁਸਲਮਾਨਾਂ ਨੇ ਕਬਰ ਵਿਚ ਦਫਨਾਇਆ। ਇਸ ਕਰ ਕੇ ਭਾਈ ਗੁਰਦਾਸ ਜੀ ਦੇ ਬਚਨ ਅਨੁਸਾਰ 'ਸਾਂਝਾ ਪੀਰ ਜਗਤ ਗੁਰ ਬਾਬਾ' ਜਗਤ ਵਿਚ ਮੰਨੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਪਵਿਤ੍ਰ ਅਸਥਾਨ ਦਾ ਨਾਮ ਡੇਰਾ (ਦੇਹਰਾ) ਬਾਬਾ ਨਾਨਕ ਪ੍ਰਸਿੱਧ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਾਦਕੇ:—ਪਿੰਡ ਭਟੀਆਂ ਦੇ ਕੋਲ ਗੋਡੇ ਪਿੰਡ ਦੇ ਰਹਿਣ ਵਾਲੇ ਰਾਮ ਨਾਰੈਣ ਬੇਦੀ ਦੇ ਪੁਤੱਰ ਸ਼ਿਵਰਾਮ ਬੇਦੀ ਦੇ ਘਰ ਸੰ: ੧੪੯੭ ਬਿ: ਵਿਚ ਮਾਤਾ ਬਨਾਰਸੀ ਤੋਂ ਕਾਲੂ ਚੰਦ ਤੇ ਲਾਲੂ ਚੰਦ ਦੋ ਪੁਤਰ ਰਤਨ ਪੈਦਾ ਹੋਏ। ਜਿਨ੍ਹਾਂ ਵਿਚੋਂ ਮਹਿਤਾ ਕਾਲੂ ਚੰਦ ਵਡੇ ਸਨ। ਪਿੰਡ ਭਟੀਆਂ ਦੇ ਰਹਿਣ ਵਾਲੇ ਭਗਵਾਨ ਦਾਸ ਭਟੀ ਨੇ ਮੁਸਲਮਾਨ ਹੋ ਕੇ ਰਾਏ ਭੁਇ ਦੀ ਪਦਵੀ ਅਤੇ ਸ਼ਰਕ ਪੁਰ ਦੇ ਪਰਗਣੇ ਵਿਚ ਦਸ ਪਿੰਡ ਦੀ ਜਗੀਰ ਪ੍ਰਾਪਤ ਕੀਤੀ, ਰਾਏ ਭੁਇ ਦੀ ਤਲਵੰਡੀ ਨਾਮੇ ਦਾ ਪਿੰਡ ਵਸਾ ਕੇ ਆਪਣਾ ਕੇਂਦਰ ਬਣਾਇਆ। ਆਪਣੇ ਪਿਛਲੇ ਕਾਰਦਾਰ ਸ਼ਿਵਰਾਮ ਬੇਦੀ ਨੂੰ ਭੀ ਗੋਡਿਆਂ ਤੋਂ ਬੁਲਾਕੇ ਏਸ ਜਗੀਰ ਦਾ ਕਾਰਦਾਰ ਥਾਪਿਆ। ਰਾਇ ਭੁਇ ਤੋਂ ਪਿਛੋਂ ਉਸ ਦਾ ਪੁਤਰ ਰਾਏ ਬੁਲਾਰ ਹੋਇਆ, ਜਿਸ ਨੇ ਸ਼ਿਵ ਰਾਮ ਤੋਂ ਪਿਛੋਂ, ਉਨ੍ਹਾਂ ਦੇ ਥਾਂ ਮਹਿਤਾ ਕਾਲੂ ਚੰਦ ਨੂੰ ਆਪਣਾ ਕਾਰਮੁਖਤਾਰ ਬਣਾਇਆ। ਜਿਨ੍ਹਾਂ ਦੇ ਘਰ ਸੰ: ੧੫੨੬ ਬਿ: ਮਾਤਾ ਤ੍ਰਿਪਤਾ ਦੇ ਉਦਰ ਤੋਂ ਜਗਤ ਗੁਰੂ ਗੁਰੂ ਨਾਨਕ ਦੇਵ ਜੀ ਤਲਵੰਡੀ ਵਿਚ ਪ੍ਰਗਟ ਹੋਏ।

ਨਾਨਕੇ:—ਆਪ ਜੀ ਦੇ ਨਾਨਕੇ ਪਿੰਡ ਚਾਹਲ ਥਾਣਾ ਬਰਕੀ, ਜ਼ਿਲਾ ਲਾਹੌਰ ਵਿਚ ਸਨ।

Digitized by Panjab Digital Library | www.panjabdigilib.org

ਧਰਮ ਦਾ ਗ੍ਰਹਿਣ ਕੀਤਾ।

ਸੰਸਾਰ ਦੇ ਹੋਰ ਹਿੱਸਿਆਂ ਦਾ ਚੱਕਰ ਲਗਾਉਣ ਤੋਂ ਇਲਾਵਾ ਗੁਰੂ ਜੀ ਨੇ ਮਾਲਵੇ ਦੇਸ ਪਰ ਭੀ ਅਪਾਰ ਕ੍ਰਿਪਾ ਕੀਤੀ। ਜਿਨ੍ਹਾਂ ਅਸਥਾਨਾਂ ਪਰ ਆਪ ਜੀ ਨੇ ਅਪਣੇ ਪਵਿੱਤ੍ਰ ਚਰਨ ਪਾਏ, ਤੇ ਹੁਣ ਉਸ ਧਰਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਅਨੁਸਾਰ ਸਾਖਿਆਤ ਨਿਵਾਜਿਆ ਹੋਇਆ ਹੈ, ਉਨ੍ਹਾਂ ਗੁਰ ਅਸਥਾਨਾਂ ਦਾ ਇਤਹਾਸ ਹੇਠ ਲਿਖੇ ਅਨੁਸਾਰ ਹੈ।

ਪੂਰਬ, ਉੱਤਰ ਤੇ ਦੱਖਣ ਦੀਆਂ ਤਿੰਨਾਂ ਉਦਾਸੀਆਂ ਸਮੇਂ ਗੁਰੂ ਮਹਾਰਾਜ ਜੀ ਮਾਲਵੇ ਵਿਚ ਵਿਚਰੇ ਅਤੇ ਅਨੇਕ ਪ੍ਰਕਾਰ ਦੇ ਕੌਤਕ ਕਰਕੇ ਅਤੇ ਉਪਦੇਸ਼ ਦ੍ਰਿੜਾ ਕੇ ਲਖਾਂ ਪ੍ਰਾਣੀਆਂ ਦਾ ਉਧਾਰ ਕੀਤਾ, ਉਨ੍ਹਾਂ ਥਾਵਾਂ ਤੇ ਗੁਰੂ ਪ੍ਰੇਮੀਆਂ ਨੇ ਇਤਹਾਸੀ ਗੁਰ ਅਸਥਾਨ ਤਿਆਰ ਕੀਤੇ, ਕਿਉਂ ਨਾ ਕਰਨ ?' 'ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ,' ਅਰ 'ਗੁਰ ਸਿੱਖੀ ਸੋ ਥਾਨ ਭਾਲਿਆ ਲੈ ਧੂਰ ਮੁਖ ਲਾਵਾ।' ਅਨੁਸਾਰ ਗੁਰੂ ਚਰਨਾਂ ਦੇ ਪਿਆਰਿਆਂ ਨੂੰ ਗੁਰਦੁਆਰਿਆਂ ਦੇ ਜਾਤਰਾ ਦੀਆਂ ਔਕੜਾਂ ਨੂੰ ਦੂਰ ਕਰਨ ਹਿੱਤ ਗੁਰ ਅਸਥਾਨ ਲਿਖਣ ਦਾ ਉਦਮ ਕੀਤਾ, ਤਾਂ ਤੇ ਰਸਤਾ, ਸੜਕ, ਸਟੇਸ਼ਨ ਦਸਾਂ ਗੁਰੂ ਸਾਹਿਬਾਨ 'ਚੋਂ ਕਿਹੜੇ ਗੁਰੂ ਪਾਤਸ਼ਾਹ ਨੇ ਕੋਮਲ ਤੇ ਪਵਿੱਤ੍ਰ ਚਰਨ ਪਾ ਕੇ ਇਸ ਉਜੜੇ ਥਾਂ ਨੂੰ ਕਿਸ ਕਰ ਕੇ ਭਾਗ ਲਾ ਕੇ ਵਸਾਇਆ ਸੋ ਅਗੇ ਲਿਖੇ ਅਨੁਸਾਰ ਪੜ੍ਹੋ ਤੇ ਦਰਸ਼ਨ ਕਰੋ।

ੴ ਸਤਿਗੁਰ ਪ੍ਰਸਾਦਿ ॥

'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ, ਰਾਮਰਾਜੇ,
ਗੁਰ ਸਿੱਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥ ਮ: ੪ ॥'

ਪ੍ਰਥਮ ਕਰਉ ਧਨਜਵਾਦ ਗੁਰੂ ਪਰਮੇਸਰ ਕੇਰਾ, ਕਰ ਮਹਿਰਮਤ ਕੀਆ ਪੂਰਮਨੋਰਥ ਮੇਰਾ।
ਵਰਨਨ ਕੀਤੇ ਧਾਮ ਜਹਿੰ ਗੁਰ ਚਰਣ ਟਿਕਾਏ, ਜਨਮ ਜਗਜਾਸੂ ਸਫਲ ਕਰੋ ਸਾਡਾ ਚਿਤਲਾਏ।

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਜ ਨੇ ਭਾਰਤ ਵਰਸ਼ ਨੂੰ ਹਰ ਪਾਸਿਓਂ ਦੁਰਦਸ਼ਾ ਵਿਚ ਘਿਰਿਆ ਹੋਇਆ ਵੇਖਕੇ ਖਾਸ ਪ੍ਰੋਗ੍ਰਾਮ ਨੀਅਤ ਕੀਤਾ। ਜਨਤਾ ਨਾਲ ਹਮਦਰਦੀ, ਦੇਸ਼ ਪਿਆਰ, ਵਖੋ ਵਖ ਕੌਮਾਂ ਦਾ ਮਿਲਾਪ ਤੇ ਸਚਾਈ ਦਾ ਪ੍ਰਕਾਸ਼ ਆਦਿ ਆਪ ਦਾ ਮੁੱਖ ਮੰਤਵ ਸੀ। ਦੁਨੀਆਂ ਲਈ ਆਪ ਜੀ ਦਾ ਸਨੇਹਾ ਹੁਣ ਭੀ ਕੰਨਾਂ ਵਿਚ ਗੂੰਜ ਰਿਹਾ ਹੈ 'ਏਕ ਪਿਤਾ ਏਕਸ ਕੇ ਹਮ ਬਾਰਕ', ਪੁਨਾ, 'ਏਕ ਨੂਰ ਤੇ ਸਭ ਜਗ ਉਪਜਿਆ' ਭਾਵ ਅਸੀਂ ਸਾਰੇ ਏਕ ਪਿਤਾ ਦੇ ਪੁਤਰ ਹਾਂ, ਤੇ ਉਸ ਦੇ ਨੂਰ ਤੋਂ ਸਭ ਪੈਦਾ ਹੋਏ ਹਾਂ, ਨਾ ਕੋਈ ਭਲਾ ਹੈ ਨਾ ਮੰਦਾ ਹੈ, ਅਥਵਾ ਸਭ ਭਾਈ ਭਾਈ ਹਾਂ, ਕੋਈ ਉਚਾ ਨਹੀਂ ਕੋਈ ਨੀਵਾਂ ਨਹੀਂ, ਸੋ ਮਨੁੱਖ ਦੇ ਜੀਵਨ ਦਾ ਅਦਰਸ਼ ਹੈ, ਜੀਣਾ ਤੇ ਜੀਵਨ ਦੇਣਾ, ਵਸਣਾ ਤੇ ਦੂਜੇ ਨੂੰ ਵਸਣ ਦੇਣਾ ਤੇ ਮਨੁੱਖ ਮਾਤਰ ਦੀ ਸੇਵਾ ਕਰਨਾ, ਰਬ ਦੀ ਬਣਾਈ ਹੋਈ ਸ੍ਰਿਸ਼ਟੀ ਦੀ ਉਸ ਦਾ ਰੂਪ ਜਾਣ ਕੇ ਸੇਵਾ ਕਰਨੀ। ਧਾਰਮਿਕ ਤਅੱਸਬ ਨੂੰ ਦੂਰ ਕਰਨ ਲਈ ਸਚਾਈ ਦਾ ਨਿਸ਼ਾਨਾ ਅੱਖਾਂ ਤੋਂ ਉਹਲੇ ਨਾ ਹੋਣ ਦੇਣਾ। ਕਿਰਤ ਕਰਨੀ, ਵੰਡ ਕੇ ਛਕਣਾ, ਭਾਈ ਚਾਰਕ ਭਿਨ-

Digitized by Panjab Digital Library | www.panjabdigilib.org

ਭੇਦਾਂ ਨੂੰ ਮਿਟਾਉਣੇ ਲਈ ਮਨੁੱਖ ਮਾਤਰ ਦੀ ਕਦਰ ਕਰਨੀ। ਇਸਤਰੀ ਜਾਤੀ ਦਾ ਸਨਮਾਨ ਕਰਨਾ, ਗ਼ਰੀਬਾਂ ਦੁਖੀਆਂ ਦੀ ਸਹਾਇਤਾ ਕਰਨੀ। ਕੁਕਰਮੀ ਨੂੰ ਅਛੂਤ ਮੰਨਣਾ ਆਦਿ ਜੀਵਨ ਦੇ ਮੰਤਵ ਹਨ।

ਪਹਿਲੇ ਕਿਸੇ ਲਈ ਜੀਉਣਾ ਤੇ ਫੇਰ ਆਪਣੇ ਆਪ ਲਈ, ਏਸੇ ਹੀ ਆਸ਼ੇ ਅਨੁਸਾਰ ਜਗਤ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਜੀ ਦੇ ੯ ਸਰੂਪ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰ ਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 'ਬਾਬੇ ਤਾਰੇ ਚਾਰ ਚੱਕ ਨੌ ਖੰਡ ਪ੍ਰਿਥਵੀ ਸੱਚਾ ਢੋਆ' ਅਨੁਸਾਰ, ਬਾਬੇ ਨੇ ਸਾਰੇ ਜਗਤ ਨੂੰ ਤਾਰਿਆ, ਜਿਸ ਵਿਚੋਂ ਅਸੀਂ ਹਾਲੇ ਕੇਵਲ ਮਾਲਵੇ ਦੇ ਗੁਰ ਅਸਥਾਨਾਂ ਦਾ ਸੰਖੇਪ ਇਤਹਾਸ ਦੇ ਰਹੇ ਹਾਂ।

ਮਾਲਵੇ ਧਰਤੀ ਨੂੰ ਜਿਥੇ ੨ ਪਵਿੱਤ੍ਰ ਅਤੇ ਕੋਮਲ ਚਰਨ ਪਾ ਕੇ ਸੰਗਤਾਂ ਨੂੰ ਸਤਿ ਧਰਮ ਦਾ ਉਪਦੇਸ਼ ਦਿਤਾ, ਉਸ ੨ ਜਗ੍ਹਾ ਗੁਰੂ ਚਰਨਾਂ ਤੋਂ ਵਰੋਸਾਇ ਹੋਏ ਵਡਭਾਗਿਆਂ ਗੁਰਮੁਖਾਂ ਨੇ ਇਤਹਾਸਿਕ ਗੁਰਅਸਥਾਨ ਤਿਆਰ ਕਰਾਏ, ਕਿਉਂ 'ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ' (ਭਾਈ ਗੁਰਦਾਸ ਜੀ) ਸੋ ਇਹਨਾਂ ਗੁਰਅਸਥਾਨਾਂ ਦੇ ਦਰਸ਼ਨ ਪਰਸਨ ਵਾਲੇ ਵਡਭਾਗੇ ਗੁਰਸਿਖਾਂ ਦੀਆਂ ਔਕੜਾਂ ਨੂੰ ਮੁਖ ਰਖ ਕੇ ਗੁਰਅਸਥਾਨ ਕਾਂਡ ਲਿਖਣ ਲਈ ਪ੍ਰੇਰਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਸਦਕਾ ਲਿਖਣ ਦਾ ਉੱਦਮ ਕੀਤਾ ਗਿਆ ਹੈ। ਜਿਸ ਵਿੱਚ ਗੁਰ ਅਸਥਾਨ; ਪਿੰਡ, ਤਹਿਸੀਲ, ਜ਼ਿਲਾ ਅਤੇ ਪਾਤਸ਼ਾਹੀ, ਗੁਰਦੁਆਰੇ ਨਾਲ ਸਬੰਧਤ ਮਕਾਨ, ਜ਼ਮੀਨ, ਜਗੀਰ ਅਰ ਸਾਥ ਹੀ ਰਸਤਾ, ਪੱਕੀ ਸੜਕ ਤੇ ਰੇਲਵੇ ਸਟੇਸ਼ਨ ਦਾ ਵੇਰਵਾ ਵੀ ਦਿਤਾ ਗਿਆ ਹੈ। ਜਿਹੜੇ ਪ੍ਰੇਮੀ ਸੱਜਣ ਏਸ ਗੁਰ ਅਸਥਾਨ ਕਾਂਡ ਵਿੱਚ ਰਹੀ ਤ੍ਰੁਟੀ ਨੂੰ ਦੱਸਣ ਦੀ ਖੇਚਲ ਕਰਨਗੇ, ਤਾਂ ਦਾਸ ਉਨ੍ਹਾਂ ਦਾ ਸਚੇ ਦਿਲੋਂ ਧੰਨਵਾਦੀ ਹੋਵੇਗਾ। ਜੇ ਸ੍ਰੀ ਗੁਰੂ ਜੀ ਤੇ ਗੁਰੂ ਪੰਥ ਨੇ ਕਿਰਪਾ ਕੀਤੀ ਤਾਂ ਦੂਜੀ ਐਡੀਸ਼ਨ ਵਿਚ ਸੁਧਾਈ ਕੀਤੀ ਜਾਵੇਗੀ।

ਪ੍ਰਧਾਨ, ਗੁਃ ਪ੍ਰਃ ਸਿੰਘ ਸਭਾ
ਇਲਾਕਾ ਤਿਹਾੜਾ,
ਦਫ਼ਤਰ ਪੰਃ ਗੁਃ ਸਾਃ ਕਿਸ਼ਨਪੁਰਾ ਕਲਾਂ, ਜ਼ਿ: ਫੀਰੋਜ਼ਪੁਰ

ਮੈਂ ਹਾਂ ਗੁਰੂ ਦਰਸ ਪਿਆਸੀਆਂ
ਸੰਗਤਾਂ ਦਾ ਦਾਸ,
ਵਿਸਾਖਾ ਸਿੰਘ ਸੰਤ ਸਿਪਾਹੀ
ਜਨੇਤਪੁਰਾ

੧੫-੯-੧੯੫੪

Digitized by Panjab Digital Library | www.panjabdigilib.org

# ਜ਼ਿਲਾ ਲੁਧਿਆਣਾ ਦੇ ਗੁਰਦੁਆਰੇ

## ੧. ਗਊ-ਘਾਟ

ਗਊਘਾਟ—ਏਥੇ ਬੁੱਢੇ ਦਰਿਆ ਦੇ ਕਿਨਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤ੍ਰ ਗੁਰ ਅਸਥਾਨ ਗਊਘਾਟ ਕਰ ਕੇ ਪ੍ਰਸਿੱਧ ਹੈ। ਏਥੇ ਭੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਇਲਾਕੇ ਦੀਆਂ ਸੰਗਤਾਂ ਨੂੰ ਨਾਮ ਦਾਨ ਦ੍ਰਿੜਾ ਕੇ ਸਤਿ ਮਾਰਗ ਦਿਖਾਇਆ। ਜਦ ਕਿ ਅਜੇ ਲੁਧਿਆਣਾ ਬੱਝੇ ਨੂੰ ੧੬–੧੭ ਵਰ੍ਹੇ ਹੀ ਹੋਏ ਸੀ, ਪੁਰਾਣਾ ਬਾਜ਼ਾਰ ਅਤੇ 'ਆਦਾਂ ਦਾ ਫਲ੍ਹਾ' ਹੀ ਪ੍ਰਸਿੱਧ ਬਸਤੀਆਂ ਸੀ।

## ੨. ਗੁ: ਨਾਨਕ ਸਰ ਠਕਰਵਾਲ

ਪਿੰਡ ਠਕਰ ਵਾਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਵਿੱਤ੍ਰ ਚਰਨ ਪਾਏ। ਉਸ ਸਮੇਂ ਦੇ ਨਗਰ ਨਿਵਾਸੀਆਂ ਨੇ ਗੁਰੂ ਜੀ ਦੀ ਸੇਵਾ ਨਾ ਕੀਤੀ। ਜਦੋਂ ਆਪ ਚਲਣ ਲਗੇ ਤਾਂ ਕੁਝ ਆਦਮੀ ਤੋਰਨ ਆਏ। ਗੁਰੂ ਜੀ ਨੇ ਫ਼ਰਮਾਇਆ 'ਭਾਈ ਤੁਸੀਂ ਏਥੇ ਹੀ ਰਹੋ।' ਇਸ ਮਹਾਂ ਵਾਕ ਦਾ ਇਹ ਅਸਰ ਹੋਇਆ ਕਿ ਉਹ ਪਿੰਡ ਉਤਨਾ ਹੀ ਹੈ ਵਧਿਆ ਨਹੀਂ। ਇਸ ਵੇਲੇ ਇਥੇ ਗੁਰਦੁਆਰੇ ਦੀ ਚੰਗੀ ਸੋਹਣੀ ਇਮਾਰਤ ਬਣੀ ਹੋਈ ਹੈ, ਜਿਸ ਦੀ ਸੇਵਾ ਸੰਤ ਗੁਰਦਿਆਲ ਸਿੰਘ ਜੀ ਨੇ ਕਰਾਈ ਹੈ। ਗੁਰਦੁਆਰੇ ਦਾ ਨਾਮ 'ਨਾਨਕ ਸਰ' ਕਰ ਕੇ ਪ੍ਰਸਿੱਧ ਹੈ। ਠਕਰਵਾਲ ਨਗਰ ਦਾ ਜ਼ਿਲਾ ਤੇ ਤਹਿਸੀਲ ਲੁਧਿਆਣਾ ਹੈ।

## ੩. ਗੁ: ਨਾਨਕ ਝਿੰਗੜ–ਜਗਹੇੜਾ

ਲੁਧਿਆਣੇ ਤੋਂ ੧੭ ਮੀਲ ਤੇ ਮਾਲੇਰ ਕੋਟਲੇ ਵਾਲੀ ਸੜਕ ਉਤੇ ਨਹਿਰ ਦੇ ਪੁਲ ਕੋਲ ਜਗਹੇੜਾ ਪਿੰਡ ਹੈ। ਓਸ ਦੀ ਝਿੜੀ ਵਿਚ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ। ਓਥੇ ਇਕ ਥੜਾ ਤੇ ਛੋਟਾ ਜਿਹਾ ਨਿਸ਼ਾਨ (ਪੁਰਾਣੇ ਨਮੂਨੇ ਦਾ) ਪਹਿਲੇ ਸਮੇਂ ਵਿਚ ਹੁੰਦਾ ਸੀ। ਛੱਪੜ ਤੇ ਲੋਕੀ ਮਿੱਟੀ ਕਢਦੇ ਅਤੇ ਸੁੱਖਾਂ ਸੁੱਖਦੇ ਆਉਂਦੇ ਸਨ। ਛੱਪੜ ਦਾ ਨਾਉਂ 'ਨਾਨਕ ਸਰ' ਕਰ ਕੇ ਪ੍ਰਸਿੱਧ ਸੀ। ਝਿੜੀ ਨੂੰ 'ਨਾਨਕ ਝਿੰਗੜ' ਕਰ ਕੇ ਆਖਿਆ ਜਾਂਦਾ ਸੀ। ਹੁਣ 'ਨਾਨਕ ਸਰ' ਦੇ ਕੰਢੇ ਛੋਟਾ ਜਿਹਾ ਸੁੰਦਰ ਗੁਰਦੁਆਰਾ ਸੰਗਤਾਂ ਨੇ ਬਣਾਇਆ ਹੈ।

## ੪. ਗੁ: ਜਗਰਾਉਂ

ਗੁਰੂ ਜੀ ਮਲੇਰ ਕੋਟਲੇ ਵਲੋਂ ਹੁੰਦੇ ਹੋਏ ਜਗਰਾਉਂ ਵਿਖੇ ਪਵਿੱਤ੍ਰ ਚਰਨ ਪਾਉਂਦੇ ਹਨ। ਉਸ ਸਮੇਂ ਏਸ ਥਾਂ ਬਲੋਚਾਂ ਦਾ ਬੜਾ ਜ਼ੋਰ ਸੀ। ਆਪ ਉਸ ਥਾਂ ਤੇ ਵਿਰਾਜੇ ਜਿਥੇ ਸ਼ਹਿਰ ਦੇ ਲੋਕਾਂ ਨੇ ਜੰਵ ਘਰ ਬਣਾਇਆ ਹੋਇਆ ਸੀ। ਉਸ ਦੇ ਇਕ ਹਿੱਸੇ ਵਿਚ ਛੋਟੀ ਜਿਹੀ ਕੁਟੀਆ ਵਿਚ ਬੈਰਾਗੀ ਸਾਧੂ ਰਹਿੰਦਾ ਸੀ। ਸਤਿਗੁਰ ਸਚੇ ਪਾਤਿਸ਼ਾਹ ਨੇ ਚੌਧਰੀ ਬਲੋਚ ਨੂੰ ਪਹਿਲਾਂ ਸਚੇ ਮਾਰਗ ਦਾ ਉਪਦੇਸ਼ ਦਿਤਾ। ਸਭ ਤੋਂ ਬਾਹਲਾ ਚਿਰ ਬੈਰਾਗੀ ਅਤੇ ਉਸ ਦੇ ਚੇਲਿਆਂ ਨੂੰ ਸੋਧਣ ਤੇ ਲਗਾ। ਤਾਂ ਸਭ ਨਗਰ ਨਿਵਾਸੀ ਬੈਰਾਗੀ ਸਣੇ ਗੁਰੂ ਕੇ ਸਿਖ ਹੋਏ ਅਤੇ ਓਸ ਥਾਂ ਧਰਮਸਾਲਾ ਬਣਾਈ ਗਈ। ਜਿਥੇ ਦੋਨੋਂ ਵੇਲੇ

Digitized by Panjab Digital Library | www.panjabdigilib.org

ਲੰਗਰ ਤੇ ਸਤਸੰਗਤ ਲਗਦੀ ਰਹੀ। ਇਸੇ ਜਗ੍ਹਾ ਨੂੰ ਮਹਾਰਾਜਾ ਆਲਾ ਸਿੰਘ ਦੀ ਬੀਬੀ ਪ੍ਰਧਾਨ ਕੌਰ ਜੀ ਨੇ ਆਪਣੇ ਵਿਦਿਆ ਦਾਤਾ ਪੰ: ਨਿਕਾ ਸਿੰਘ ਵਾਸਤੇ ਸੁੰਦਰ ਮੰਦਰ, ਭੋਇੰ ਅਤੇ ਭਾਰੀ ਜਾਗੀਰ ੬੦ ਘੁਮਾ ਲਾ ਕੇ ਗੁਰਮਤ ਪ੍ਰਚਾਰ ਦਾ ਕੇਂਦਰ ਬਣਾਇਆ ਸੀ ਜੋ ਵਰਤਮਾਨ ਸਮੇਂ ਨਿੱਕਾ ਸਿੰਘ ਦੀ 'ਧਰਮ ਸਾਲਾ' ਆਖੀ ਜਾਂਦੀ ਹੈ। ਜਦੋਂ ਰਾਇ ਕੋਟ ਦੀ ਰਿਆਸਤ ਬਣੀ ਤਾਂ ਰਾਇ ਕਲ੍ਹਾ ਅਤੇ ਉਸ ਦੇ ਅੰਤਿਮ ਰਾਜਾ ਰਾਇ ਅਲਿਆਸ ਦੀ ਰਾਣੀ ਭਾਗਭਰੀ ਨੇ ਏਸ ਗੁਰਦੁਆਰੇ ਨੂੰ ਬਹੁਤ ਭੋਇੰ ਦਿੱਤੀ। ਜੋ ਅਜ ਤਕ ਹੈ। ਸਮਾਂ ਪਾ ਕੇ ਸਿੱਖ ਮਹੰਤ ਦੇ ਥਾਂ ਕੋਈ ਉਦਾਸੀ ਸੇਵਾਦਾਰ ਬੈਠ ਗਿਆ। ਉਸ ਸਮੇਂ ਗੁਰੂ ਘਰ ਦੀਆਂ ਸਭ ਸ਼੍ਰੇਣੀਆਂ ਦਾ ਪ੍ਰੇਮ ਸੀ। ਇਸ ਕਰ ਕੇ ਅਜ ਏਸ ਗੁਰਦੁਆਰੇ ਤੇ ਉਦਾਸੀਆਂ ਦਾ ਕਬਜ਼ਾ ਹੈ।

## ੫. ਗੁ: ਬੋਹੜ ਸਾਹਿਬ

ਜਗਰਾਉਂ ਨਗਰ ਤੋਂ ਦਖਣ ਦੇ ਪਾਸੇ ਪਿੰਡ ਕਾਉਂਕਿਆਂ ਦੇ ਰਾਹ ਤੇ ਇਕ ਪੁਰਾਣਾ ਥਾਂ, ਛੱਪੜ ਕੋਲ ਹੈ, ਜਿਥੇ ਇਕ ਪੁਰਾਣਾ ਬੋਹੜ ਹੈ। ਉਥੇ ਪੁਰਾਣੇ ਸਮੇਂ ਤੋਂ ਲੋਕੀ ਸੁਖਾਂ ਸੁਖਦੇ ਤੇ ਮਿੱਟੀ ਕਢਦੇ ਆਉਂਦੇ ਹਨ, ਅਤੇ ਉਸ ਥਾਂ ਨੂੰ ਗੁਰੂ ਕਾ ਥਾਉਂ ਕਰ ਕੇ ਆਖਿਆ ਕਰਦੇ ਹਨ। ਇਥੇ ਢਾਬ ਦੇ ਪਾਸ ਬਰੋਟਾ ਹਰਾ ਹੋਣ ਦੀ ਵਚਿੱਤਰ ਕਥਾ ਪ੍ਰਚਲਤ ਹੈ, ਇਹ ਬਰੋਟਾ ਹੁਣ ਸੁੱਕਾ ਤੇ ਡਿਗਿਆ ਪਿਆ ਸੀ ਲਗ-ਪਗ ੩੦ ਵਰਸ ਤੋਂ ਏਥੇ ਬੜਾ ਪ੍ਰਕਾਸ਼ ਹੋਇਆ। ਜੋ ਕਈਆਂ ਪ੍ਰੇਮੀਆਂ ਨੇ ਵੇਖਿਆ ਬਰੋਟਾ ਖੜਾ ਹੋ ਗਿਆ। ਜਿਸ ਨੂੰ ਵੇਖਣ ਲਈ ਦੂਰ ਦੂਰ ਤੋਂ ਸੰਗਤਾਂ ਆਉਣ ਲਗ ਪਈਆਂ। ਸੇਵਾ ਅਰੰਭ ਹੋ ਗਈ ਜੋ ਬਰੋਟਾ ਹੁਣ ਹਰਿਆ ਭਰਿਆ ਹੈ। ਸਤਿਗੁਰ ਨਾਨਕ ਦੇਵ ਇਥੇ ਸੰਝ ਨੂੰ ਕੁਝ ਚਿਰ ਵਿਰਾਜਿਆ ਕਰਦੇ ਸਨ। ਗੁਰਦੁਆਰਾ 'ਬੋੜ੍ਹ ਸਾਹਿਬ' ਦੀ ਸੇਵਾ ਭਾਈ ਅਰਜਨ ਸਿੰਘ 'ਈਨਾ' ਦੇਸ਼ ਭਗਤ ਨੇ ਕਰਾਈ ਹੈ।

## ੬. ਗੁ: ਨਾਨਕ ਹਰਿ ਗੋਬਿੰਦ ਸਰ (ਬਾਉਲੀ ਸਾਹਿਬ) ਸੋਢੀ ਵਾਲਾ ਗਿਦੜ ਵਿੰਡੀ

*ਗੁ: ਤਿਹਾੜਾ—ਜ਼ਿਲਾ ਲੁਧਿਆਣਾ ਤਹਿਸੀਲ ਜਗਰਾਉਂ ਦਾ ਨਗਰ 'ਤਿਹਾੜਾ' ਇਕ ਇਤਿਹਾਸਕ ਨਗਰ ਹੈ। ਪੁਰਾਤਨ ਗ੍ਰੰਥਾਂ ਵਿਚ ਲਿਖਿਆ ਹੈ, ਕਿ ਪਾਂਡਿਵਾਂ ਨੇ ਰਾਜਾ ਵਰਾਟ ਦੀ

---

* ਰਵਾਇਤ ਹੈ, ਕਿ ਇਸ ਤਿਹਾੜਾ ਦੀ ਪਵਿੱਤ੍ਰ ਧਰਤੀ ਨੇ ਸ੍ਰਵਣ ਕੁਮਾਰ ਦੇ ਦਿਲ ਵਿੱਚ ਉਹ ਖਿਚ ਪੈਦਾ ਕੀਤੀ, ਕਿ ਉਸ ਨੇ ਆਪਣੇ ਬਜ਼ੁਰਗਾਂ ਦਾ ਸ਼ਹਿਰ ਅਤੇ ਤਲੌਂ ਜਾਣ ਕੇ ਆਪਣੇ ਮਾਤਾ ਪਿਤਾ ਨੂੰ ਵਹਿੰਗੀ ਵਿੱਚ ਪਾ ਕੇ ਚਾਅ ਨਾਲ ਸ਼ਹਿਰ ਅਤੇ ਤਲੌਂ ਦੀ ਪ੍ਰਕਰਮਾ ਕੀਤੀ। ਪਰ ਜਦੋਂ ਸ੍ਰਵਣ ਕੁਮਾਰ ਆਪਣੇ ਮਾਤਾ ਪਿਤਾ ਨੂੰ ਵਹਿੰਗੀ ਵਿਚ ਪਾ ਕੇ ਤੀਰਥਾਂ ਦੀ ਯਾਤਰਾ ਕਰਦਾ ਭਹੋਏ ਦੀ ਧਰਤੀ ਤੇ ਪੁਜਾ, ਤਾਂ ਉਸ ਨੇ ਆਪਣੇ ਮਾਤਾ ਪਿਤਾ ਨੂੰ ਚੁਕਣ ਤੋਂ ਇਨਕਾਰ ਕਰ ਦਿੱਤਾ, ਤੇ ਕਰਾਇਆ ਮੰਗਣ ਲਗਾ, ਜਿਸ ਤੇ ਉਨ੍ਹਾਂ ਨੇ ਤੰਗ ਆ ਕੇ ਕਿਹਾ, ਕਿ ਅਸੀਂ ਤੇਰਾ ਮੂੰਹ ਨਹੀਂ ਦੇਖਣਾ, ਤੇ ਉਹ ਇਸ ਤਰ੍ਹਾਂ ਲੜਦਾ ੨ ਪਾਣੀ ਲੈਣ ਚਲਾ ਗਿਆ, ਜਦ ਗੜਵਾ ਨਦੀ ਵਿੱਚ ਡਬੋਇਆ, ਤਾਂ ਰਾਜਾ ਦਸ਼ਰਥ ਨੇ ਕੂੰਜ ਜਾਣ ਕੇ ਬਾਣ ਮਾਰ ਕੇ, ਮਾਰ ਦਿੱਤਾ। ਜਦ ਨੇੜੇ ਜਾ ਕੇ ਸ੍ਰਵਣ ਕੁਮਾਰ ਨੂੰ ਤੜਫਦੇ ਨੂੰ ਦੇਖਿਆ ਤੇ ਪੁਛਿਆ, ਉਪਰੰਤ ਸ੍ਰਵਣ ਸਰੀਰ ਛਡ ਗਿਆ, ਰਾਜਾ ਦਸ਼ਰਥ ਨੇ ਉਸ ਦੇ ਮਾਤਾ ਪਿਤਾ ਨੂੰ ਸਾਰੀ ਵਾਰਤਾ ਜਾ ਕੇ ਦਸੀ, ਤਾਂ ਉਹ ਬੜੇ ਦੁਖੀ ਹੋਏ ਤੇ ਉਨ੍ਹਾਂ ਨੇ ਦਸ਼ਰਥ ਨੂੰ ਸਰਾਪ ਦਿੱਤਾ 'ਜਿਸ ਤਰ੍ਹਾਂ ਅਸੀਂ ਪੁੱਤਰ ਦੇ ਵਿਯੋਗ ਵਿਚ ਦੁਖੀ ਹੋਕੇ ਮਰ ਰਹੇ ਹਾਂ, ਤੂੰ ਵੀ ਆਪਣੇ ਪੁੱਤਰਾਂ ਦੇ ਵਿਯੋਗ ਵਿਚ ਦੁਖੀ ਹੋਕੇ ਮਰੇਂਗਾ।' ਸੋ ਰਾਜਾ ਦਸ਼ਰਥ ਵੀ ਰਾਮਚੰਦਰ, ਲਛਮਣ ਨੂੰ ਬਣਬਾਸ ਦੇਕੇ, ਦੁਖੀ ਹੋਕੇ ਮਰਿਆ, ਤੇ ਉਨ੍ਹਾਂ ਦਾ ਸਰਾਪ ਪੂਰਾ ਹੋਇਆ।

Digitized by Panjab Digital Library | www.panjabdigilib.org

ਰਾਜਧਾਨੀ ਵਿਚ ਜਿਸ ਦਾ ਨਾਉਂ ਹੁਣ ਤਿਹਾੜਾ ਹੈ, ਦਸੌਂਟਾ ਕਟਿਆ ਸੀ ਅਤੇ ਪ੍ਰਸਿੱਧ ਆਗਿਆਕਾਰੀ ਪੁਤ੍ਰ ਸਰਵਣ ਕੁਮਾਰ ਨੇ ਆਪਣੇ ਮਾਤਾ ਪਿਤਾ ਨੂੰ ਵਹਿੰਗੀ ਵਿਚ ਬੈਠਾ ਕੇ ਇਸ ਨਗਰ ਦੀ ਯਾਤ੍ਰਾ ਕਰਾਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਮਾਲਵੇ ਦੇਸ ਨੂੰ ਤਾਰਦੇ ਹੋਏ ਇਸ ਨਗਰ ਵਿਚ ਪਹੁੰਚੇ। ਸੰਗਤਾਂ ਨੂੰ ਗੁਰਬਾਣੀ ਦਾ ਉਪਦੇਸ਼ ਦੇਕੇ ਸਚੇ ਮਾਰਗ ਪਾਇਆ। ਆਪ ਦੀ ਯਾਦ ਵਿਚ ਇਕ ਬਾਉਲੀ ਸਾਹਿਬ ਤੇ ਇਕ ਬਾਗ ਹੈ। ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਨੇ ਭੀ ਇਸ ਧਰਤੀ ਨੂੰ ਭਾਗ ਲਾਏ ਹਨ ਇਸ ਕਰ ਕੇ ਇਸ ਅਸਥਾਨ ਦਾ ਨਾਮ 'ਗੁਰ ਨਾਨਕ ਹਰਿ ਗੋਬਿੰਦ ਸਰ' ਪ੍ਰਸਿਧ ਹੋਇਆ ਹੈ।

੨ ਮਾਘ ਸੰਮਤ ੧੯੮੮ ਨੂੰ ਗੁ: ਬਾਉਲੀ ਸਾਹਿਬ ਵਿਚ ਇਲਾਕੇ ਦੀਆਂ ਸੰਗਤਾਂ ਦਾ ਪਹਿਲਾ ਭਾਰੀ ਦੀਵਾਨ ਸਜਿਆ ਜਿਸ ਵਿਚ ਹੇਠ ਲਿਖੀ ਆਰਜ਼ੀ ਕਮੇਟੀ ਚੁਣੀ ਗਈ।

(੧) ਸ੍ਰੀਮਾਨ ਸੰਤ ਮੋਹਣ ਸਿੰਘ ਜੀ ਜਨੇਤ ਪੁਰਾ ਪ੍ਰਧਾਨ।
(੨) ਸ੍ਰੀਮਾਨ ਸ: ਸੁੰਦਰ ਸਿੰਘ ਜੀ ਗਿਦੜ ਵਿੰਡੀ ਮੀਤ ਪ੍ਰਧਾਨ।
(੩) ਸ੍ਰੀਮਾਨ ਸੰਤ ਵਿਸਾਖਾ ਸਿੰਘ ਜੀ ਜਨੇਤ ਪੁਰਾ ਜਨਰਲ ਸਕੱਤ੍ਰ।
(੪) ਸ੍ਰੀਮਾਨ ਸ: ਲਾਭ ਸਿੰਘ ਜੀ ਸੋਢੀ ਵਾਲਾ ਸਕੱਤ੍ਰ।
(੫) ਸ੍ਰੀਮਾਨ ਸ: ਨਰਿੰਦ੍ਰ ਸਿੰਘ ਜੀ ਜਨੇਤ ਪੁਰਾ ਖਜ਼ਾਨਚੀ।

## ਮੈਂਬਰ

ਸ: ਹਾਕਮ ਸਿੰਘ ਜੀ ਜਨੇਤ ਪੁਰਾ, ਸ: ਭੁਮਣ ਸਿੰਘ ਜੀ ਗਿਦੜ ਵਿੰਡੀ, ਸ: ਪੂਰਨ ਸਿੰਘ ਜੀ ਸੋਢੀ ਵਾਲਾ, ਸ: ਮਹਾਂ ਸਿੰਘ ਜੀ ਸਿੱਧਮ ਬੇਟ, ਸ: ਮਘਰ ਸਿੰਘ ਸ: ਨੱਥਾ ਸਿੰਘ ਸਿੱਧਮ ਬੇਟ, ਸ: ਅਣੋਖ ਸਿੰਘ ਅੱਬੂਪੁਰਾ, ਸ: ਹਰਨਾਮ ਸਿੰਘ, ਸ: ਪ੍ਰਤਾਪ ਸਿੰਘ ਗਾਲਬ ਰਣ ਸਿੰਘ, ਸ: ਸਰਦਾਰਾ ਸਿੰਘ ਅੱਬੂਪੁਰਾ, ਸ: ਸੁੰਦਰ ਸਿੰਘ ਮਲਸੀਹਾਂ ਬਾਜਨ, ਸ: ਗਜਨ ਸਿੰਘ ਮਲਸੀਹਾਂ ਬਾਜਨ। ੧੫ ਮਾਘ ਸੰਮਤ ੧੯੮੮ ਨੂੰ ਪੱਕੀ ਚੋਣ ਹੇਠ ਲਿਖੇ ਅਨੁਸਾਰ ਹੋਈ:-

ਸ੍ਰੀਮਾਨ ਸੰਤ ਸੰਤੋਖ ਸਿੰਘ ਜੀ ਬੱਡੂਵਾਲ ਪ੍ਰਧਾਨ, ਸ੍ਰੀ ਮਾਨ ਸੰਤ ਮੋਹਣ ਸਿੰਘ ਜੀ ਜਨੇਤ ਪੁਰਾ ਮੀਤ ਪ੍ਰਧਾਨ, ਸ੍ਰੀਮਾਨ ਸੰਤ ਵਿਸਾਖਾ ਸਿੰਘ ਜੀ ਜਨਰਲ ਸਕੱਤ੍ਰ, ਸ: ਕੇਹਰ ਸਿੰਘ ਜਨੇਤਪੁਰਾ ਸਕੱਤ੍ਰ, ਸ: ਲਾਭ ਸਿੰਘ ਸੋਢੀਵਾਲਾ ਮੀਤ ਸਕੱਤ੍ਰ, ਸ: ਨਰਿੰਦ੍ਰ ਸਿੰਘ ਜੀ ਜਨੇਤ ਪੁਰਾ ਖਜ਼ਾਨਚੀ।

## ਮੈਂਬਰ

(੧) ਸ: ਨਿਰੰਜਨ ਸਿੰਘ ਸਿਧਮ ਬੇਟ।
(੨) ਸ: ਦਸੌਂਧਾ ਸਿੰਘ ਸਿਧਮ ਬੇਟ।
(੩) ਸ: ਭਗਵਾਨ ਸਿੰਘ ਦਾਇਆ ਕਲਾਂ।
(੪) ਸ: ਸਰਦਾਰਾ ਸਿੰਘ ਅੱਬੂਪੁਰਾ।
(੫) ਸ: ਅਣੋਖ ਸਿੰਘ ਅੱਬੂਪੁਰਾ।
(੬) ਨੰਬਰਦਾਰ ਹਜ਼ਾਰਾ ਸਿੰਘ ਦਾਇਆ ਕਲਾਂ।
(੭) ਸੋਹਣ ਸਿੰਘ ਗਿਦੜਵਿੰਡੀ।
(੮) ਭੁਮਣ ਸਿੰਘ ਗਿਦੜਵਿੰਡੀ।
(੯) ਸੁੰਦਰ ਸਿੰਘ ,,
(੧੦) ਕੇਹਰ ਸਿੰਘ ,,
(੧੧) ਭਾਨ ਸਿੰਘ ਸਿਖ ਦੌਲਤ।
(੧੨) ਹੌਲਦਾਰ ਹਜ਼ਾਰਾ ਸਿੰਘ ਸਿਖ ਦੌਲਤ।
(੧੩) ਸੁੰਦਰ ਸਿੰਘ ਮਲਸੀਹਾਂ।
(੧੪) ਗਜਨ ਸਿੰਘ ਮਲਸੀਹਾਂ।

Digitized by Panjab Digital Library | www.panjabdigilib.org

(੧੫) ਗੁਰਮੁਖ ਸਿੰਘ ਮਲਸੀਹਾਂ।
(੧੬) ਲਾਲਾ ਨਾਨਕ ਚੰਦ ਤਿਹਾੜਾ।
(੧੭) ਮੋਹਣ ਸਿੰਘ ਜਨੇਤ ਪੁਰਾ।
(੧੮) ਹਾਕਮ ਸਿੰਘ ਜਨੇਤ ਪੁਰਾ।
(੧੯) ਸ਼ੇਰ ਸਿੰਘ ,,
(੨੦) ਵਿਸਾਖਾ ਸਿੰਘ ,,
(੨੧) ਨਰਿੰਦਰ ਸਿੰਘ ,,
(੨੨) ਕੇਹਰ ਸਿੰਘ ,,
(੨੩) ਲਾਲ ਸਿੰਘ ਸੋਢੀ ਵਾਲਾ।
(੨੪) ਬਿਸ਼ਨ ਸਿੰਘ ਸੋਢੀ ਵਾਲਾ।
(੨੫) ਪੂਰਨ ਸਿੰਘ ,,

ਸਮੂੰਹ ਇਲਾਕਾ ਨਿਵਾਸੀ ਸੰਗਤਾਂ ਤੇ ਉਪਰੰਤ ਲਿਖੇ ਸੇਵਕਾਂ ਤੋਂ ਗੁਰੂ ਜੀ ਨੇ ਸੇਵਾ ਇਸ ਪ੍ਰਕਾਰ ਲਈ। ਇਕ ਸੁੰਦ੍ਰ ਬਾਉਲੀ ਸਾਹਿਬ, ਦੋ ਮੰਜ਼ਲਾ ਗੁਰਦੁਆਰਾ ਸਾਹਿਬ, ਜਿਸ ਸਮੇਂ ਗੁਰੂ ਨਾਨਕ, ਹਰਿਗੋਬਿੰਦ ਸਾਹਿਬ ਜੀ ਪਾਣੀ ਵਾਲੀ ਢਾਬ ਦੇ ਕੰਢੇ ਆਏ ਸੀ ਜਿਸ ਕਰ ਕੇ 'ਗੁਰੂ ਕੀ ਢਾਬ' ਨਾਮ ਪਇਆ। ਹੁਣ ਇਸ ਦਾ ਨਾਂ ਗੁਰੂ ਨਾਨਕ—ਹਰਿਗੋਬਿੰਦ ਸਰ ਆਮ ਪ੍ਰਚਲਤ ਹੈ। ਇਸ ਗੁ: ਅਸਥਾਨ ਦੇ ਨਾਉਂ ਸੰਗਤਾਂ ਵਲੋਂ ੩੦ ਘੁਮਾਂ ਜ਼ਮੀਨ ਹੈ। ਸਟੇਸ਼ਨ ਜਗਰਾਉਂ ਤੋਂ ੬ ਕੋਹ, ਤਿਹਾੜੇ ਤੋਂ ੩ ਮੀਲ, ਸਿਧਮਾ ਬੇਟ ਤੋਂ ੪ ਕੋਹ ਅਤੇ ਕਿਸ਼ਨਪੁਰਾ ਕਲਾਂ (ਦਫ਼ਤਰ ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ) ਤੋਂ ੪ ਕੋਹ ਹੈ।

## ੭. ਗੁ: ਰਿ: ਮਲੇਰ ਕੋਟਲਾ

ਨਾਭੇ ਤੋਂ ੧੨ ਕੋਹ ਉੱਤਰ ਪੱਛਮ ਇਕ ਰਿਆਸਤ ਜਿਸ ਦਾ ਵਡੇਰਾ ਸਦਰ ਦੀਨ 'ਸ਼ੇਰਵਾਨੀ' ਪਠਾਣ ਸੀ। ਇਸ ਦੀ ਸ਼ਾਦੀ ਸੁਲਤਾਨ ਬਹਲੋਲ ਲੋਧੀ ਦੀ ਪੁਤਰੀ ਨਾਲ ਹੋਈ। ਜਿਸ ਕਰ ਕੇ ਬਹੁਤ ਧਨ ਅਤੇ ਬਹੁਤ ਪਿੰਡ ਦਾਜ ਵਿਚ (ਜਗੀਰ) ਮਿਲੇ। ਇਹ ਮਹਲੇਰ ਸਿੰਘ ਰਾਜਪੂਤ ਦਾ ਵਸਾਇਆ ਹੋਇਆ ਗਰਾਮ ਮਹਲੇਰ ਜੋ ਬਰਬਾਦ ਹੋ ਚੁਕਿਆ ਸੀ, ਮਲੇਰ ਨਾਮ ਤੋਂ ਨਵੇਂ ਸਿਰੇ ਆਬਾਦ ਕੀਤਾ। ਅਰ ੧੬੫੭ ਵਿਚ ਨਵਾਬ ਬਜ਼ੀਦਖਾਨ ਨੇ ਓਸ ਦੇ ਲਾਗੇ 'ਕੋਟਲਾ' ਦੀ ਬਸਤੀ ਵਸਾਈ। ਦੋ ਨਾਮ ਮਿਲ ਕੇ 'ਮਾਲੇਰ ਕੋਟਲਾ' ਪ੍ਰਸਿਧ ਹੋਇਆ। ਹੁਣ ਇਹ ਰਿਆਸਤ ਪੰਜਾਬ ਵਿਚ ਦਸਵੇਂ ਦਰਜੇ ਪਰ ਗਿਣੀ ਗਈ ਹੈ। ਇਸ ਦਾ ਰਕਬਾ ੧੬੭ ਵਰਗ ਮੀਲ ਆਬਾਦੀ ੪੦੩੨੨ ਹੈ, ਰਿਆਸਤ ਦਾ ਸੰਬੰਧ ੧ ਨਵੰਬਰ ੧੯੨੧ ਤੋਂ ਏ. ਜੀ. ਜੀ. ਪੰਜਾਬ ਸਟੇਟ ਨਾਲ ਸੀ। ਏਥੋਂ ਦੇ ਹਾਕਮ ਸ਼ੇਰ ਮਹੰਮਦ ਨੇ ਸਰਹੰਦ ਵਿਚ ਸ੍ਰੀ ਕਲਗੀਧਰ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣ ਕੇ ਸ਼ਹੀਦ ਕਰਨ ਦਾ ਹੁਕਮ ਸੁਣ ਕੇ ਵਿਰੋਧਤਾ ਕੀਤੀ ਅਤੇ ਹਾ ਦਾ ਨਾਰ੍ਹਾ ਮਾਰਿਆ ਸੀ, ਅਰ ਸੂਬੇ ਨੂੰ ਆਖਿਆ ਸੀ ਕਿ ਇਨ੍ਹਾਂ ਸ਼ੀਰ ਖੋਰ ਬੱਚਿਆਂ ਦਾ ਕੀ ਦੋਸ਼ ਹੈ। ਇਸ ਲਈ ਸਿਖ ਇਸ ਰਿਆਸਤ ਨੂੰ ਸਨਮਾਨ ਨਾਲ ਦੇਖਦੇ ਹਨ। ਗੁਰ ਪਰਤਾਪ ਸੂਰਜ ਵਿਚ ਭੀ ਲਿਖਿਆ ਹੈ ਕਿ ਦਸਮ ਗੁਰੂ ਜੀ ਨੇ ਫਰਮਾਇਆ ਹੈ 'ਮਲੇਰੀਆਂ ਦੀ ਜੜ ਹਰੀ।'

Digitized by Panjab Digital Library | www.panjabdigilib.org

# ਜ਼ਿਲਾ ਫੀਰੋਜ਼ਪੁਰ ਦੇ ਗੁਰਦੁਆਰੇ

## ੧. ਗੁ: ਧਰਮ ਕੋਟ

ਸੁਲਤਾਨਪੁਰ ਵਿਚ ਕਈ ਮਹੀਨੇ ਠਹਿਰਨ ਤੋਂ ਉਪ੍ਰੰਤ ਗੁਰੂ ਜੀ ਤਲਵੰਡੀ ਗਏ। ਮਾਤਾ ਪਿਤਾ ਤੇ ਹੋਰ ਸੱਕੇ ਸਬੰਧੀਆਂ ਤੇ ਸ਼ਰਧਾਲੂਆਂ ਨੂੰ ਦਰਸ਼ਨ ਦੇਕੇ ਨਿਹਾਲ ਕੀਤਾ। ਇਸ ਤੋਂ ਉਪ੍ਰੰਤ ਗੁਰੂ ਜੀ ਨੇ ਸੁਲਤਾਨਪੁਰ ਆਕੇ ਭਾਈ ਮਰਦਾਨੇ ਨੂੰ ਨਾਲ ਲੈਕੇ ਦੂਜੀ ਉਦਾਸੀ (ਦੱਖਣ ਦੀ ਯਾਤ੍ਰਾ) ਧਾਰਨ ਕਰਨ ਲਈ ਤਿਆਰੀ ਕੀਤੀ। ਜਿਵੇਂ ਆਪ ਨੇ ਪਹਿਲੀ ਉਦਾਸੀ ਤੋਂ ਵਾਪਸ ਮੁੜਦੇ ਹੋਏ ਮਾਲਵਾ ਦੇਸ਼ ਨੂੰ ਭਾਗ ਲਾਏ ਸਨ ਇਸੀ ਪ੍ਰਕਾਰ ਦੂਜੀ ਉਦਾਸੀ ਧਾਰਨ ਕਰਨ ਸਮੇਂ ਆਪ ਦੀ ਸਭ ਤੋਂ ਪਹਿਲਾਂ ਕ੍ਰਿਪਾਦ੍ਰਿਸ਼ਟੀ ਮਾਲਵੇ ਦੇਸ ਪੁਰ ਪਈ। ਸਤਲੁਜ ਤੋਂ ਪਾਰ ਹੋ ਕੇ ਆਪ ਧਰਮ ਕੋਟ ਆ ਬਿਰਾਜੇ। ਇਲਾਕੇ ਦੀਆਂ ਸੰਗਤਾਂ ਨੇ ਗੁਰੂ ਜੀ ਦਾ ਅੰਮ੍ਰਿਤ ਮਈ ਉਪਦੇਸ਼ ਸੁਣ ਕੇ ਜਨਮ ਸਫਲ ਕੀਤਾ। ਸਿਖਾਂ ਦੀ ਇਤਹਾਸ ਲਿਖਣ ਵਲੋਂ ਅਨਗਹਿਲੀ ਅਤੇ ਧਰਮ ਕੋਟ ਵਿਚ ਮੁਸਲਮਾਨਾਂ ਦੀ ਵਧੇਰੇ ਵਸੋਂ ਹੋਣ ਕਰ ਕੇ ਗੁਰੂ ਜੀ ਦਾ ਉਹ ਅਸਥਾਨ ਪ੍ਰਗਟ ਨਹੀਂ ਹੋਇਆ ਜਿਥੇ ਆਪ ਧਰਮ ਕੋਟ* ਆਕੇ ਬਿਰਾਜੇ ਸਨ। ਧਰਮ ਕੋਟ ਵਿਚ ਪਿਛੋਂ ਕਈ ਗੁਰਦੁਆਰੇ ਬਣੇ ਹਨ।

## ੨. ਗੁ: ਕਲਿਆਣ ਸਰ ਫਤਹਿ ਗੜ੍ਹ ਕੋਰੋਟਾਣਾ

ਧਰਮ ਕੋਟ ਤੋਂ ਚਲ ਕੇ ਗੁਰੂ ਜੀ ਫਤਹਿ ਗੜ੍ਹ ਕੋਰੋਟਾਣਾ ਆ ਬਿਰਾਜੇ। ਜਿਥੇ ਗੁਰੂ ਜੀ ਨੇ ਅਪਣੇ ਪਵਿੱਤ੍ਰ ਚਰਨ ਪਾਏ ਉਸ ਥਾਂ ਦਾ ਨਾਂ ਕਲਿਆਣ ਸਰ ਕਰ ਕੇ ਪ੍ਰਸਿੱਧ ਹੈ। ਗੁਰੂ ਜੀ ਦਾ ਪਵਿੱਤ੍ਰ ਉਪਦੇਸ਼ ਸੁਣਕੇ ਲੋਕ ਕਲਿਆਣ (ਮੁਕਤੀ) ਦੇ ਭਾਗੀ ਬਣੇ ਇਸ ਕਰਕੇ ਇਸ ਅਸਥਾਨ ਦਾ ਨਾਮ ਗੁਰੂ ਜੀ ਨੇ ਕਲਿਆਣ ਸਰ ਰਖਿਆ। ਇਹ ਅਸਥਾਨ ਮੋਗੇ ਤੋਂ ਪੰਜ ਮੀਲ ਦੂਰ ਧਰਮ ਕੋਟ ਨੂੰ ਜਾਣ ਵਾਲੀ ਪੱਕੀ ਸੜਕ ਦੇ ਉਤੇ ਹੈ। ਸੰਗਤਾਂ ਗੁਰਦੁਆਰੇ ਦੀ ਨਵੀਂ ਇਮਾਰਤ ਬਨਾਉਣ ਦਾ ਵਿਚਾਰ ਕਰ ਰਹੀਆਂ ਹਨ।

---

* ਧਰਮ ਕੋਟ ਦਾ ਸੰਖੇਪ ਇਤਿਹਾਸ ਇਸ ਪ੍ਰਕਾਰ ਹੈ। ਇਹ ਪ੍ਰਗਣਾ ਭਾਈਕਿਆਂ ਦੇ ਅਧੀਨ ਸੀ ਜਿਨ੍ਹਾਂ ਵਿਚੋਂ ਸ: ਤਾਰਾ ਸਿੰਘ ਕੰਗ ਇਸ ਦਾ ਸਰਦਾਰ ਸੀ। ਉਸ ਦੀ ਘਰ ਵਾਲੀ ਦਾ ਨਾਮ ਧਰਮ ਕੌਰ ਸੀ, ਜਿਸ ਦੇ ਨਾਮ ਪਰ ਸ੍ਰੀ ਮਾਨ ਜੋਤਸੀ ਦੇਸਾ ਸਿੰਘ ਜੀ ਜੋ ਮੌਜੂਦਾ ਮਹੰਤ ਚਰਨ ਸਿੰਘ ਦੇ ਬਜ਼ੁਰਗ ਸਨ, ਤੇ ਇਸ ਦੀ ਮੋੜ੍ਹੀ ਗਡਵਾਈ ਗਈ। ਇਸ ਦਾ ਪਹਿਲਾ ਨਾਮ ਕੁਤਬਸਰ ਸੀ, ਪਰੰਤੂ ਪਿਛੋਂ ਧਰਮ ਕੌਰ ਦੇ ਨਾਮ ਪਰ ਧਰਮ ਕੋਟ ਪ੍ਰਸਿੱਧ ਹੋ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਂਵਾਂ ਦਾ ਪੱਤਣ ਲੰਘ ਕੇ ਇਸ ਸ਼ਹਿਰ ਵਾਲੀ ਥਾਂ ਨੂੰ ਭਾਗ ਲਾਏ। ਇਸ ਸ਼ਹਿਰ ਵਿਚ ਇਸ ਸਮੇਂ ਤਿੰਨ ਅਜੇਹੇ ਅਸਥਾਨ ਹਨ, ਜਿਨ੍ਹਾਂ ਸਬੰਧੀ ਕਿਹਾ ਜਾ ਸਕਦਾ ਹੈ ਕਿ ਸ਼ਾਇਦ ਸਤਿਗੁਰੂ ਨੇ ਉਨ੍ਹਾਂ ਵਿਚੋਂ ਕਿਸੇ ਇਕ ਅਸਥਾਨ ਨੂੰ ਭਾਗ ਲਾਏ ਹੋਣ।

੧. ਅਕਾਂਤਪੁਰਾ—ਧਰਮ ਕੋਟ ਤੋਂ ਚੜ੍ਹਦੇ ਵੱਲ।

੨. ਗੁ: ਨਾਨਕ ਸਰ—ਧਰਮ ਕੋਟ ਤੋਂ ਦੱਖਣ ਵੱਲ।

੩. ਸਮਾਧਾਂ—ਧਰਮ ਕੋਟ ਤੋਂ ਉੱਤਰ ਵੱਲ ਬਾਕਰ ਵਾਲੇ ਦੇ ਰਾਹ ਪਰ।

Digitized by Panjab Digital Library | www.panjabdigilib.org

## ਗੁਰਦੁਆਰਾ ਗੋਬਿੰਦ ਗੜ੍ਹ ਸਰ (ਦੌਧਰ†)

ਜ਼ਿਲਾ ਫੀਰੋਜ਼ਪੁਰ ਵਿਚ ਦੌਧਰ ਬੜਾ ਦੀਪ ਨਗਰ ਹੈ, ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਪਵਿੱਤਰ ਚਰਨ ਪਾ ਕੇ ਇਸ ਨਗਰ ਨੂੰ ਨਵਾਜਿਆ ਹੈ । ਇਸ ਵੇਲੇ ਇਥੇ ਗੁ: ਗੋਬਿੰਦ ਗੜ੍ਹ ਦੇ ਨਾਮ ਨਾਲ ਪ੍ਰਸਿੱਧ ਹੈ । ਇਹ ਅਸਥਾਨ ਰੇਲਵੇ ਸਟੇਸ਼ਨ ਅਜੀਤ ਵਾਲ ਤੋਂ ਪ ਮੀਲ ਪੱਛਮ ਵਲ ਹੈ । ਧਾਰਮਿਕ ਜੋੜਮੇਲੇ ਹੁੰਦੇ ਹਨ ।

## ੩. ਗੁ: ਨਾਨਕ ਸਰ ਤਖਤੂ ਪੁਰਾ

ਦੌਧਰ ਤੋਂ ਚਲ ਕੇ ਸਤਿਗੁਰੂ ਸਚੇ ਪਾਤਸ਼ਾਹ ਪਤੋ ਵਿਚ ਦੀ ਹੁੰਦੇ ਹੋਏ ਤਖਤੂ ਪੁਰੇ ਜਾ ਬਿਰਾਜੇ । ਇਥੇ ਭਰਥਰੀ ਹਰੀ ਤੇ ਗੋਪੀ ਚੰਦ ਜੋਗੀਆਂ ਦਾ ਡੇਰਾ ਸੀ ਉਨ੍ਹਾਂ ਨਾਲ ਗੁਰੂ ਜੀ ਨੇ ਕਾਫੀ ਗਿਆਨ ਚਰਚਾ ਕੀਤੀ । ਉਹ ਸ਼ਰਾਬ ਦਾ ਸੇਵਨ ਕਰਦੇ ਸਨ, ਗੁਰੂ ਜੀ ਨੇ ਨਿਮਨ ਲਿਖਤ ਸ਼ਬਦ ਦੁਆਰਾ ਸ਼ਰਾਬ ਦਾ ਖੰਡਣ ਕੀਤਾ ।

### ਆਸਾ ਮਹਲਾ ੧

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ।
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਿਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ ॥
ਪੂਰਾ ਸਾਚੁ ਪਿਆਲਾ ਸਹਿਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵਹਿ ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ।
ਦਰ ਦਰਸਨ ਕਾ ਪ੍ਰੀਤਮ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨਾ ਹਾਰੈ ॥
ਕਹੁ ਨਾਨਕ ਸੁਣ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥

ਇਸ ਸ਼ਬਦ ਵਿਚ ਗੁਰੂ ਜੀ ਨੇ ਦਸਿਆ ਹੈ, ਕਿ ਜਿਸ ਨੂੰ ਵਾਹਿਗੁਰੂ ਨਾਮ ਦੇ ਅੰਮ੍ਰਿਤ ਦਾ ਰਸ ਆਇਆ ਹੈ, ਤੇ ਜੋ ਇਸ ਰਸ ਵਿੱਚ ਹਰ ਸਮੇਂ ਖੀਵਾ ਰਹਿੰਦਾ ਹੈ ਉਹ ਝੂਠੀ ਸ਼ਰਾਬ ਨਹੀਂ ਪੀਂਦਾ । ਗੁਰੂ ਜੀ ਦੇ ਪਵਿੱਤ੍ਰ ਮੁਖਾਰਬਿੰਦ ਤੋਂ ਉਪ੍ਰੋਕਤ ਅਰਸ਼ੀ ਬਾਣੀ ਦਾ ਸ਼ਬਦ ਸੁਣ ਕੇ ਜੋਗੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ ਤੇ ਗੁਰੂ ਜੀ ਤੋਂ ਦੀਖਿਆ ਲਈ ਤਾਂ ਉਹ ਗੁਰੂ ਜੀ ਦੇ ਸਿਖ ਹੋਏ ਅਤੇ ਸਦਾ ਗੁਪਤ ਰੂਪ ਵਿਚ ਸਤਿਗੁਰਾਂ ਦੇ ਨਾਲ ਰਹਿਣ ਲਗੇ ।

## ੪. ਗੁਰਦੁਆਰਾ ਸਾਹਿਬ ਪੱਤੋ

ਪੱਤੋ, ਜ਼ਿਲਾ ਫੀਰੋਜ਼ਪੁਰ, ਤਹਿਸੀਲ ਮੋਗਾ, ਥਾਣਾ ਨਿਹਾਲ ਸਿੰਘ ਵਾਲੇ ਦਾ ਇਕ ਪਿੰਡ,

---

† ੧ ਅਕਤੂਬਰ ੧੯੧੪ ਨੂੰ ਜ਼ਮੀਨ ਵਿਚੋਂ ਦੋ ਤਾਂਬੇ ਦੇ ਪੱਤ੍ਰੇ ਨਿਕਲੇ । ਪਹਿਲੇ ਪਰ ਇਕ ਪਾਸੇ ਗੁਰਮੁਖੀ ਅਖਰਾਂ ਵਿਚ ਲਿਖਿਆ ਹੋਇਆ ਹੈ । ਨਾਨਕ ਤੱਪ ਈਹਾਂ ਰਮੇਂ । ਦੂਜੇ ਪਾਸੇ ਪਹਿਲੀ ਪਾਤਸ਼ਾਹੀ ਜੀ ਵੀ ਆਏ । ਦੂਜਾ ਮੋਹਰ ਦੀ ਸ਼ਕਲ ਦਾ ਹੈ । ਜਿਸ ਪਰ ਨਾਨਕ ਲਿਖਿਆ ਹੈ ।

Digitized by Panjab Digital Library | www.panjabdigilib.org

ਜੋ ਰੇਲਵੇ ਸਟੇਸ਼ਨ ਮੋਗੇ ਤੋਂ ੧੬ ਮੀਲ ਦੱਖਣ ਵਲ ਹੈ, ਇਸ ਪਿੰਡ ਤੋਂ ਪੂਰਬ ਵੱਲ ਇਕ ਛਪੜ ਦੇ ਕਿਨਾਰੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਇਸ ਨੂੰ ਗੁਰੂ ਸਰ ਭੀ ਆਖਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਖਤੂ ਪੁਰੇ ਤੋਂ ਏਥੇ ਚਰਨ ਪਾਏ, ਫਿਰ ਗੁਰੂ ਹਰਿਗੋਬਿੰਦ ਸਾਹਿਬ ਜੀ ਤਖਤੂਪੁਰੇ ਤੋਂ ਡਰੋਲੀ ਜਾਂਦੇ ਏਥੇ ਪਧਾਰੇ, ਇਸੇ ਤਰ੍ਹਾਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਵੀ ਸੰਗਤਾਂ ਨੂੰ ਤਾਰਦੇ ਹੋਏ ਏਥੇ ਠਹਿਰੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਨੇ ਤੋਂ ਸੈਰ ਸ਼ਕਾਰ ਲਈ ਏਧਰ ਆਏ ਹੋਏ ਏਥੇ ਪਧਾਰੇ ਸਨ। ਦਰਬਾਰ ਸਾਹਿਬ ਨਵਾਂ ਬਣ ਰਿਹਾ ਹੈ। ਇਸ ਪਿੰਡ ਵਿਚ ਭਾਈ ਵੀਰ ਸਿੰਘ ਦਾ ਡੇਰਾ ਵੀ ਹੈ। ਦਰਬਾਰ ਸਾਹਿਬ ਦੇ ਨਾਲ ਦਸ ਘੁਮਾਉਂ ਜ਼ਮੀਨ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਹੱਥ ਹੈ।

## ੫. ਗੁ: ਨਾਂਗੇ ਦੀ ਸਰਾਂ

ਨਾਂਗੇ ਦੀ ਸਰਾਂ ਉਹ ਭਾਗਾਂ ਵਾਲਾ ਨਗਰ ਹੈ, ਜਿਥੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅਵਤਾਰ ਧਾਰਿਆ। ਇਸ ਪਿੰਡ ਵਿਚ ਗੁਰੂ ਜੀ ਦਾ ਪ੍ਰਗਟ ਹੋਣਾ ਕੋਈ ਇਤਫਾਕੀਆ ਘਟਣਾ ਨਹੀਂ ਸੀ, ਸਗੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਮਾਲਵੇ ਦੇਸ਼ ਦਾ ਰਟਨ ਕਰਦੇ ਹੋਏ ਨਾਂਗੇ ਦੀ ਸਰਾਂ ਵਿਖੇ ਪੁਜੇ ਸਨ, ਇਸ ਅਸਥਾਨ ਨੂੰ ਆਪਣੀ ਪਵਿੱਤ੍ਰ ਬਾਣੀ ਦੁਆਰਾ ਪਾਵਨ ਕੀਤਾ ਸੀ। ਗੁਰੂ ਜੀ ਨੇ ਗੁਰਮਤ ਦਾ ਜੋ ਬੀਜ ਇਸ ਨਗਰ ਵਿਚ ਖਿਲਾਰਿਆ ਉਸ ਦਾ ਸਿਟਾ ਸ੍ਰੀ ਗੁਰੂ ਅੰਗਦ ਦੇਵ ਜੀ ਪ੍ਰਗਟ ਹੋਏ। 'ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ, ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ'. (ਗਉੜੀ ਵਾਰ ਮਃ ੫) ਦੇ ਮਹਾਵਾਕ ਅਨੁਸਾਰ ਏਹ ਅਸਥਾਨ ਪਹਿਲਾਂ ਹੀ ਭਾਗਾਂ ਵਾਲਾ ਬਣ ਚੁਕਿਆ ਸੀ, ਇਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੂਜੇ ਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਏਥੇ ਪ੍ਰਗਟ ਹੋਏ। ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਇਸ ਥਾਂ ਇਕ ਪੁਰਾਣਾ ਥੇਹ ਸੀ, ਜਿਸ ਨੂੰ ਇਕ ਨਾਂਗੇ ਸਾਧੂ ਨੇ ਵਸਾਇਆ ਸੀ, ਇਸ ਕਰਕੇ ਇਸ ਦਾ ਨਾਮ ਨਾਂਗੇ ਦੀ ਸਰਾਂ ਕਰਕੇ ਪ੍ਰਸਿਧ ਹੋਇਆ। ਇਸ ਅਸਥਾਨ ਵਿਖੇ ਵੈਸਾਖੀ ਨੂੰ ਜੋੜ ਮੇਲਾ ਹੁੰਦਾ ਹੈ, ਅਤੇ ਸਰੋਵਰ ਤੇ ਗੁਰਦੁਆਰੇ ਦੀ ਸੇਵਾ ਸੰਤ ਬਾਬਾ ਗੁਰਮੁਖ ਸਿੰਘ ਜੀ ਦੇ ਸੇਵਕਾਂ ਵਲੋਂ ਆਰੰਭ ਹੈ। ਇਹ ਅਸਥਾਨ (ਬੀ. ਬੀ. ਐਂਡ ਸੀ. ਆਈ. ਰੇਲਵੇ ਸਟੇਸ਼ਨ) ਬਰ੍ਹ ਵਾਲੀ ਤੋਂ ਡੇਢ ਮੀਲ ਹੈ ਅਤੇ ਸ੍ਰੀ ਮੁਕਤਸਰ ਸਾਹਿਬ ਤੋਂ ਕੋਟ ਕਪੂਰੇ ਨੂੰ ਜਾਣ ਵਾਲੀ ਪੱਕੀ ਸੜਕ ਪਰ ਮੁਕਤਸਰ ਤੋਂ ੮ ਮੀਲ ਤੇ ਹੈ।

## ੬. ਗੁ: ਲਖੀ ਜੰਗਲ

ਨਾਂਗੇ ਦੀ ਸਰਾਂ ਤੋਂ ਗੁਰੂ ਸਾਹਿਬ ਲਖੀ ਜੰਗਲ ਵਿਚ ਜਾ ਬਿਰਾਜੇ, ਇਸ ਥਾਂ ਉਸ ਵੇਲੇ ਘਣਾ ਜੰਗਲ ਸੀ। ਇਕ ਇਕਾਂਤ ਥਾਂ ਵੇਖ ਕੇ ਗੁਰੂ ਜੀ ਕਈ ਦਿਨ ਉਥੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਉਪ੍ਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਮੁਕਤਸਰ ਸਾਹਿਬ ਤੋਂ ਸ੍ਰੀ ਦਮਦਮਾ ਸਾਹਿਬ ਨੂੰ ਜਾਂਦੇ ਹੋਇਆਂ ਇਸ ਅਸਥਾਨ ਦੀ ਯਾਤਰਾ ਕੀਤੀ। ਇਸ ਗੁਰਦੁਆਰੇ ਦੀ ਸੇਵਾ ਮਹਾਰਾਜਾ ਹਰਿੰਦਰ ਸਿੰਘ ਜੀ ਵਾਲੀਏ ਫਰੀਦਕੋਟ ਨੇ ਬੜੇ ਪ੍ਰੇਮ ਨਾਲ ਕਰਵਾਈ ਤੇ ਸੁੰਦਰ ਗੁਦੁਆਰਾ ਬਣਾਇਆ ਜਿਥੇ ਹਰ ਪੁੰਨਿਆਂ ਨੂੰ ਭਾਰੀ ਜੋੜ ਮੇਲ ਹੁੰਦਾ ਹੈ। ਗੁਰਦੁਆਰਾ ਸਾਹਿਬ ਸਟੇਸ਼ਨ ਗੋਨਿਆਣਾ ਮੰਡੀ ਤੋਂ ੨ ਮੀਲ

Digitized by Panjab Digital Library | www.panjabdigilib.org

ਦੱਖਣ ਪੱਛਮ ਵੱਲ ਹੈ। ਨਿਹੰਗ ਸਿੰਘਾਂ ਦਾ ਪਹਿਰਾ ਹੈ, ਜੋ ਬੜੇ ਹੀ ਪ੍ਰੇਮ ਨਾਲ ਆਈਆਂ ਸੰਗਤਾਂ ਦੀ ਸੇਵਾ ਕਰਦੇ ਹਨ। ੩੫ ਘੁਮਾਉਂ ਜ਼ਮੀਨ ਰਿਆਸਤ ਫਰੀਦਕੋਟ ਵਲੋਂ ਹੈ।

## ੭. ਗੁ: ਹਰੀ ਪੁਰਾ ਬਡਤੀਰਥ

ਗੁ: ਲਖੀ ਜੰਗਲ ਤੋਂ ਚਲ ਕੇ ਸਤਿਗੁਰੂ ਸਚੇ ਪਾਤਸ਼ਾਹ ਹਰੀ ਪੁਰਾ ਬਡਤੀਰਥ ਜਾ ਬਿਰਾਜੇ। ਏਸ ਇਲਾਕੇ ਦੇ ਲੋਕਾਂ ਨੂੰ ਸਤਿ ਨਾਮ ਦਾ ਮੰਤ ਦ੍ਰਿੜਾ ਕੇ ਨਿਹਾਲ ਕੀਤਾ। ਇਸ ਥਾਂ ਹਿੰਦੂਆਂ ਦਾ ਇਕ ਪੁਰਾਣਾ ਤੀਰਥ ਹੈ, ਜਿਸ ਦਾ ਨਾਮ ਬਡਤੀਰਥ ਹੈ। ਸੂਵਰ ਦੇ ਕੰਢੇ ਸਤਿਗੁਰੂ ਜੀ ਨੇ ਨਿਵਾਸ ਕੀਤਾ। ਏਸ ਅਸਥਾਨ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭੀ ਪਵਿੱਤਰ ਚਰਨ ਪਾਏ ਹਨ। ਕਾਫੀ ਦੇਰ ਤੱਕ ਗੁਰ ਅਸਥਾਨ ਗੁਪਤ ਰਿਹਾ। ੧੯੩੩ ਵਿਚ ਏਹ ਗੁਰ ਅਸਥਾਨ ਪ੍ਰਗਟ ਹੋਇਆ ਤਾਂ ਸ: ਗੁਰਮੁਖ ਸਿੰਘ ਜੀ ਨੀਲੇ ਵਾਲਿਆਂ ਨੇ ਗੁਰਦੁਆਰੇ ਦੀ ਇਮਾਰਤ ਬਣਵਾਈ।

## ੮. ਗੁ: ਸਰਸਾ*

ਇਸ ਤੋਂ ਉਪ੍ਰੰਤ ਗੁਰੂ ਜੀ ਭਟਨੇਰ ਆਦਿਕ ਨਗਰਾਂ ਵਿਚੋਂ ਹੁੰਦੇ ਹੋਏ ਤੇ ਇਲਾਕੇ ਵਿਚ ਅੰਮ੍ਰਿਤ ਬਾਣੀ ਦੀ ਵਰਖਾ ਕਰਦੇ ਹੋਏ ਸਰਸੇ ਜਾ ਬਿਰਾਜੇ। ਸਰਸੇ ਵਿਚ ਪੀਰਾਂ ਫਕੀਰਾਂ ਦਾ ਬਹੁਤ ਜ਼ੋਰ ਸੀ। ਖ਼ਵਾਜਾ ਅਬਦੁਲ ਸ਼ਕੂਰ ਬੜਾ ਕਰਾਮਾਤੀ ਫਕੀਰ ਸੀ, ਇਲਾਕੇ ਵਿੱਚ ਉਸ ਦੀ ਬਹੁਤ ਮਹਾਨਤਾ ਸੀ। ਉਹ ਆਪਣੇ ਹੋਰ ਸਾਥੀਆਂ ਸਮੇਤ ਗੁਰੂ ਜੀ ਨਾਲ ਗਿਆਨ ਚਰਚਾ ਕਰਨ ਲਈ ਆਇਆ। ਗੁਰੂ ਜੀ ਏਥੇ ਚਾਰ ਮਹੀਨੇ ੧੧ ਦਿਨ ਠਹਿਰੇ। ਪੀਰਾਂ ਨੇ ਕਿਹਾ ਅਸੀਂ ਚਲੀਸੇ ਕਟ ਕੇ ਰਿੱਧੀਆਂ ਸਿੱਧੀਆਂ ਪ੍ਰਾਪਤ ਕਰਦੇ ਹਾਂ। ਤੁਸੀਂ ਭੀ ਸਾਡੇ ਨਾਲ ਚਲੀਸਾ ਕਟੋ। ਉਨ੍ਹਾਂ ਨੇ ਤਾਂ ਚਾਲੀ ਚਾਲੀ ਜੌਂ ਤੇ ਇਕ ਇਕ ਪਾਣੀ ਦੀ ਮਘੀ ਅੰਦਰ ਰਖ ਕੇ ਚਲੀਸਾ ਕਟਿਆ ਪਰ ਗੁਰੂ ਜੀ ਨੇ ਕੋਈ ਚੀਜ਼ ਗ੍ਰਹਿਣ ਨਾ ਕੀਤੀ। ਜਦ ਚਾਲੀ ਦਿਨਾਂ ਪਿਛੋਂ ਉਹ ਪੰਜੇ ਪੀਰ ਵਾਪਸ ਆਏ ਤਾਂ ਉਨ੍ਹਾਂ ਦੇ ਤਨ ਸੁਕੇ ਚਿਹਰੇ ਬੇਰੌਣਕ ਸਨ, ਪਰ ਗੁਰੂ ਨਾਨਕ ਦੇਵ ਜੀ ਦਾ ਮਸਤਕ ਉਸੇ ਤਰ੍ਹਾਂ ਦਗ ਦਗ ਕਰੇ, ਇਉਂ ਪ੍ਰਤੀਤ ਹੋਵੇ ਜਿਵੇਂ ਹੁਣੇ ਹੀ ਅੰਦਰ ਗਏ ਹੋਣ। ਜਿਥੇ ਗੁਰੂ ਜੀ ਚਲੀਸੇ ਬੈਠੇ ਸਨ, ਉਥੇ ਪੀਰਾਂ ਦੀਆਂ ਕੋਠੜੀਆਂ ਹੁਣ ਤੱਕ ਮੌਜੂਦ ਹਨ। ਗੁਰੂ ਜੀ ਦੀ ਇਹ ਪ੍ਰਤੱਖ ਸਿਧੀ ਵੇਖਕੇ ਸਾਰੇ ਪੀਰ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ, ਤੇ ਗੁਰੂ ਜੀ ਨੂੰ ਅਪਣਾ ਮੁਰਸ਼ਦ ਮੰਨਿਆ। ਇਨ੍ਹਾਂ ਪੀਰਾਂ ਦੇ ਨਾਮ ਇਹ ਸਨ—ਬਹਾਵਲਾਹੱਕ, ਫਰੀਦੁਦੀਨ, ਸ਼ਾਹਿਵਾਜ, ਜਤੀ ਲਾਲ, ਜਲਾਲ ਦੀਨ। ਸਰਸਾ ਨਿਵਾਸੀਆਂ ਨੂੰ ਗੁਰੂ ਜੀ ਨੇ ਏਹ ਗਿਆਨ ਕਰਾਇਆ ਕਿ ਓਸ ਵਾਹਿਗੁਰੂ ਦੀ ਦਰਗਾਹ ਵਿਚ ਉਹੀ ਮਨੁੱਖ ਪ੍ਰਵਾਣ ਹੁੰਦਾ ਹੈ, ਜੋ ਅਕਾਲ ਪੁਰਖ ਨੂੰ ਸਾਰੀ ਸ੍ਰਿਸ਼ਟੀ ਵਿਚ ਰਮਿਆ ਸਮਝ ਕੇ ਮਨੁੱਖ ਮਾਤ੍ਰ ਨਾਲ ਪ੍ਰੇਮ ਕਰਦਾ ਹੈ ਅਤੇ ਕਰਮ ਕਾਂਡ ਤੇ ਸ਼ਰਾਹ ਦੇ ਬੰਧਨਾਂ ਤੋਂ ਆਜ਼ਾਦ ਹੋਕੇ ਇਕ ਵਾਹਿਗੁਰੂ ਦੀ ਉਪਾਸ਼ਨਾ ਕਰਦਾ ਹੈ। ਇਸ ਦਾ ਮੁਸਲਮਾਨ ਪੀਰਾਂ ਪਰ ਭੀ ਬਹੁਤ ਅਸਰ ਹੋਇਆ ਅਤੇ ਉਹ ਗੁਰੂ ਜੀ ਦੇ ਪਰਮ ਸ਼ਰਧਾਲੂ ਬਣ ਗਏ।

* ਇਸ ਗੁਰਦੁਆਰੇ ਦੀ ਸੇਵਾ ਨਾਭਾ ਪਤੀ ਮਹਾਰਾਜਾ ਹੀਰਾ ਸਿੰਘ ਜੀ ਨੇ ਕਰਵਾਈ ਹੈ। ਗੁਰਦੁਆਰੇ ਦੇ ਨਾਮ ੩੨੫) ਰੁਪਏ ਜਾਗੀਰ ਪਟਿਆਲੇ ਵਲੋਂ ਅਤੇ ੨੬) ਰੁਪਏ ਰਿਆਸਤ ਨਾਭੇ ਵਲੋਂ ਸਾਲਾਨਾ ਮਿਲਦੀ ਹੈ। ਕਈ ਪ੍ਰੇਮੀਆਂ ਨੇ ਹੋਰ ਭੀ ਬਰਾਨੀ ਜ਼ਮੀਨ ਗੁਰਦੁਆਰੇ ਦੇ ਨਾਮ ਲਗਵਾਈ ਹੈ। ਸਰਸਾ ਬੀ. ਬੀ. ਐਂਡ ਸੀ. ਆਈ. ਰੇਲਵੇ ਦਾ ਸਟੇਸ਼ਨ ਹੈ।

Digitized by Panjab Digital Library | www.panjabdigilib.org

ਗੁਰੂ ਜੀ ਦਾ ਉਪਦੇਸ਼ ਸਰਬ ਸਾਂਝਾ ਸਮਝ ਕੇ ਸਭ ਮੱਤਾਂ ਮੱਤਾਂਤ੍ਰਾਂ ਦੇ ਲੋਕ ਉਸ ਪਰ ਸ਼ਰਧਾ ਲੈ ਆਉਂਦੇ ਸਨ।

## ੯. ਗੁ: ਬੀਕਾਨੇਰ

ਸਰਸੇ ਤੋਂ ਗੁਰੂ ਜੀ ਬੀਕਾਨੇਰ ਪਹੁੰਚੇ ਇਥੇ ਜੈਨੀਆਂ (ਢੂੰਡੀਆਂ) ਦਾ ਬਹੁਤ ਜ਼ੋਰ ਸੀ। ਇਹ ਲੋਕ ਮੂੰਹ ਪਰ ਪਟੀ ਬੰਨ੍ਹਕੇ ਰੱਖਦੇ ਹਨ ਤਾਕਿ ਕੋਈ ਅੱਤ ਸੂਖਮ ਜੀਵ ਹਵਾ ਰਾਹੀਂ ਅੰਦਰ ਨਾ ਚਲਾ ਜਾਵੇ। ਜੀਵ ਹੱਤਿਆ ਨੂੰ ਬੁਰਾ ਸਮਝਦੇ ਹਨ, ਅਤੇ ਅਹਿੰਸਾ ਪਰਮੋਧਰਮਾ ਦਾ ਮੰਤ੍ਰ ਜਪਦੇ ਹਨ। ਇਹ ਸ਼ੁਧ ਨਿਰਮਲ ਜਲ ਵਿਚ ਇਸ ਵਹਿਮ ਕਾਰਣ ਇਸ਼ਨਾਨ ਨਹੀਂ ਕਰਦੇ ਕਿ ਪਾਣੀ ਦੇ ਕੀੜੇ ਮਰ ਜਾਂਦੇ ਹਨ। ਜੂਠਾ ਜਾਂ ਵਰਤੋਂ ਵਿਚ ਆਇਆ ਜਲ ਵਰਤਦੇ ਹਨ ਤਾਕਿ ਦੋਸ਼ ਪਹਿਲਾਂ ਵਰਤਨ ਵਾਲੇ ਦੇ ਸਿਰ ਲਗੇ ਤੇ ਅਸੀਂ ਦੋਸ਼ ਦੇ ਭਾਗੀ ਨਾ ਬਣੀਏ।

ਗੁਰੂ ਜੀ ਨੇ ਇਨ੍ਹਾਂ ਦਾ ਨਾਮ ਸਿਰਖੁੱਥੇ ਰਖਿਆ ਹੈ। ਵੈਸੇ ਇਨ੍ਹਾਂ ਨੂੰ ਸਰੇਵੜੇ ਆਖਦੇ ਹਨ। ਸਤਿਗੁਰੂ ਜੀ ਨੇ ਇਨ੍ਹਾਂ ਪ੍ਰਥਾਇ ਹੇਠ ਲਿਖਿਆ ਮਹਾਵਾਕ ਉਚਾਰਨ ਕੀਤਾ ਹੈ।

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥
ਭੇਡਾ ਵਾਂਗੀ ਸਿਰ ਖੋਹਾਇਨਿ ਭਰੀਅਨਿ ਹਥ ਸੁਆਹੀ ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥
ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੂਏ ਕਿਥਾਊ ਪਾਹੀ ॥
ਅਠ ਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥
ਸਦਾ ਕੁਚੀਲ ਰਹਹਿ ਦਿਨ ਰਾਤੀ ਮਥੈ ਟਿੱਕੇ ਨਾਹੀ ॥
ਝੁੰਡੀ ਪਾਇ ਬਹਨਿ ਨਿੱਤ ਮਰਣੈ ਦੜਿ ਦੀਬਾਣਿ ਨ ਜਾਹੀ ॥
ਲਕੀ ਕਾਸੇ ਹੱਥੀ ਫੁੰਮਣ ਅਗੋ ਪਿੱਛੀ ਜਾਹੀ ॥
ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜ਼ੀ ਮੁੱਲਾ ॥
ਦਯਿ ਵਿਗੁਏ ਫਿਰਹਿ ਵਿਗੁਤੇ ਫਿੱਟਾ ਵਤੈ ਗੱਲਾ ॥
ਜੀਆ ਮਾਰ ਜੀਵਾਲੇ ਸੋਈ ਅਵਰ ਨ ਕੋਈ ਰਖੈ ॥
ਦਾਨਹੁ ਤੇ ਇਸਨਾਨਹੁ ਵੰਞੇ ਭਸੁ ਪਈ ਸਿਰ ਖੁਥੈ ॥
... ... ... ... ... ... ... ... ... ... ... ... ... ... ... ... ... ...
ਨਾਨਕ ਜੇ ਸਿਰ ਖੁਥੈ ਨਾਵਣਿ ਨਾਹੀ ਤਾ ਸਤਿ ਚਟੇ ਸਿਰ ਛਾਹੀ।

ਬਚਨ ਸੁਣ ਕੇ ਬਹੁਤ ਸਾਰਿਆਂ ਜੈਨੀਆਂ ਨੂੰ ਸੁਮੱਤਿ ਆ ਗਈ ਤੇ ਉਹ ਗੁਰੂ ਜੀ ਦੇ ਉਪਦੇਸ਼ ਤੋਂ ਪ੍ਰਭਾਵਤ ਹੋਕੇ ਗੁਰੂ ਜੀ ਦੇ ਸ਼ਰਧਾਲੂ ਸਿੱਖ ਬਣ ਗਏ। ਹੋਰ ਕਈ ਅਸਥਾਨਾਂ ਪਰ ਭੀ ਗੁਰੂ ਜੀ ਨੇ ਜੈਨੀਆਂ ਨੂੰ ਉਪਦੇਸ਼ ਦਿਤਾ ਹੈ ਤੇ ਬਾਣੀ ਵਿਚ ਉਨ੍ਹਾਂ ਨੂੰ ਸ਼ਬਦ ਉਚਾਰਣ ਕਰ ਕੇ ਉਨ੍ਹਾਂ ਨੂੰ ਸਿਖ ਮਤ ਗ੍ਰਹਿਣ ਕਰਾਇਆ।

Digitized by Panjab Digital Library | www.panjabdigilib.org

# ਰਿਃ ਪਟਿਆਲਾ (ਪੈਪਸੂ) ਦੇ ਗੁਰਅਸਥਾਨ

## ੧. ਗੁ: ਜੌਹੜ ਸਾਹਿਬ

ਏਥੇ ਗੁਰੂ ਜੀ ਦਾ ਪ੍ਰੇਮੀ ਮਾਹੀਆ ਗੁੱਜਰ ਨਾਮ ਦਾ ਸਿੱਖ ਰਹਿੰਦਾ ਸੀ, ਉਸ ਦੇ ਪ੍ਰੇਮ ਨੂੰ ਵੇਖ ਕੇ ਗੁਰੂ ਜੀ ਏਥੇ ਜਾ ਬਿਰਾਜੇ। ਪਾਣੀ ਦੀ ਥੁੜ ਕਰਕੇ ਏਥੋਂ ਦੇ ਵਸਨੀਕਾਂ ਨੂੰ ਬੜੀ ਤਕਲੀਫ ਹੁੰਦੀ ਸੀ। ਮਾਹੀਆ ਗੁਜਰ ਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਇੱਕ ਪੱਥਰ ਚੁਕ ਕੇ ਜਲ ਕਢਿਆ ਜਿਥੇ ਹੁਣ ਇਕ ਪੱਕਾ ਸਰੋਵਰ ਬਣਿਆ ਹੋਇਆ ਹੈ। ਇਸ ਸਰੋਵਰ ਦਾ ਨਾਮ ਹੁਣ ਤਕ ਮਾਹੀਆ ਜੌਹੜ ਕਰਕੇ ਪ੍ਰਸਿੱਧ ਹੈ। ਪਾਸ ਹੀ ਗੁਰਦੁਆਰਾ ਬਣਿਆ ਹੋਇਆ ਹੈ। ਇਹ ਅਸਥਾਨ ਪੈਪਸੂ (ਪਟਿਆਲਾ) ਦੇ ਜ਼ਿਲਾ ਕੰਡਾ ਘਾਟ ਵਿਚ ਰੇਲਵੇ ਸਟੇਸ਼ਨ ਧਰਮ ਪੁਰ ਅਤੇ ਕੁਮਾਰ ਹਟੀ ਤੋਂ ਅੱਠ ਮੀਲ ਹੈ। ਏਥੇ ਜੇਠ ਤੇ ਕੱਤਕ ਮਹੀਨੇ ਵਿਚ ਜੋੜ ਮੇਲੇ ਹੁੰਦੇ ਹਨ, ਗੁਰੂ ਕਾ ਲੰਗਰ ਹਰ ਸਮੇਂ ਜਾਰੀ ਰਹਿੰਦਾ ਹੈ। ਬਹੁਤ ਸਾਰੀ ਜ਼ਮੀਨ ਹੈ।

## ੨. ਗੁ: ਧਾਰਾ ਤੀਰਥ

ਏਹ ਅਸਥਾਨ ਮਹਾਂਭਾਰਤ ਦੀ ਲਿਖਤ ਅਨੁਸਾਰ ਹਿੰਦੂਆਂ ਦਾ ਇਕ ਤੀਰਥ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਧਰਮ ਉਪਦੇਸ਼ ਕਰਦੇ ਹੋਏ ਏਥੇ ਭੀ ਗਏ ਹਨ। ਏਹ ਗੁਰਦੁਆਰਾ ਪੰਜੌਰ ਨਗਰ ਦੇ ਪਾਸ ਹੈ। ਪੁਰਾਤਨ ਸਮੇਂ ਤੋਂ ਪਟਿਆਲਾ ਰਾਜ ਦਰਬਾਰ ਵਲੋਂ ਪੂਜਾ ਪਾਠ ਦਾ ਤਸੱਲੀ ਬਖਸ਼ ਪ੍ਰਬੰਧ ਹੈ। ਏਥੇ ਫ਼ੀਰੋਜ਼ ਸ਼ਾਹ ਤੁਗ਼ਲਕ ਦਾ ਬਣਾਇਆ ਹੋਇਆ ਇਕ ਬਾਗ਼ ਭੀ ਹੈ। ਗੁਰਦੁਆਰੇ ਦੇ ਨਾਮ ੯੮ ਵਿਘੇ ਜ਼ਮੀਨ ਤੇ ੫੧) ਜਾਗੀਰ ਹੈ।

## ੩. ਗੁਰਦੁਆਰਾ ਸਾਹਿਬ ਪੰਚ ਖੰਡ

ਰਿਆਸਤ ਪਟਿਆਲਾ, ਨਜ਼ਾਮਤ ਸੁਨਾਮ ਤਹਿਸੀਲ ਧੂਰੀ ਵਿਚ ਪਿੰਡ ਭਸੌੜ ਦੇ ਕੋਲ ਸੈਦਪੁਰ ਦੇ ਥੇਹ ਪੁਰ ਸਤਿਗੁਰੂ ਨਾਨਕ ਦੇਵ ਜੀ ਸੰਗਰੂਰ ਵਲੋਂ ਆਉਂਦੇ ਹੋਏ ਏਸ ਥਾਂ ਬਿਰਾਜੇ ਹਨ। ਏਥੇ ਪੰਚ ਖਾਲਸਾ ਦੀਵਾਨ ਦਾ ਦਫ਼ਤਰ ਹੈ।

ਭਾਈ ਵਸਾਵਾ ਸਿੰਘ ਭਸੌੜ ਨਿਵਾਸੀ ਦੇ ਉਦਮ ਨਾਲ ਸੰਮਤ ੧੯੫੦ ਬਿਃ ਵਿਚ ਸ੍ਰੀ ਗੁਰੂ ਸਿੰਘ ਸਭਾ ਭਸੌੜ ਕਾਇਮ ਹੋਈ, ਜਿਸ ਦੇ ਪ੍ਰਧਾਨ ਭਾਈ ਵਸਾਵਾ ਸਿੰਘ ਜੀ ਅਤੇ ਸਕੱਤ੍ਰ ਬਾਬੂ ਤੇਜਾ ਸਿੰਘ ਜੀ ਥਾਪੇ ਗਏ। ਸੰਃ ੧੯੬੨ ਬਿਃ ਵਿਚ ਪੰਚ ਖਾਲਸਾ ਦੀਵਾਨ ਦੀ ਰਚਨਾ ਹੋਈ।

ਇਸ ਗੁਰਦੁਆਰੇ ਦੇ ਨਾਉਂ ਭਾਈ ਵਸਾਵਾ ਸਿੰਘ ਜੀ ਨੇ ਲਗ ਪਗ ੧੦ ਵਿਘੇ ਜ਼ਮੀਨ ਅਤੇ ਇੱਕ ਖੂਹ ਲਵਾਇਆ।

## ੪. ਗੁ: ਛੀਟਾਂ ਵਾਲਾ (ਮਨਸੂਰ ਪੁਰ)

ਜਿਸ ਪ੍ਰਕਾਰ ਮਾਤਾ ਘਰ ਦੇ ਕੰਮ ਕਾਜ ਵਿਚ ਰੁਝੀ ਹੋਈ ਵੀ ਸੁਰਤੀ ਭੰਘੂੜੇ ਵਿਚ ਪਏ ਬਾਲ ਵਿਚ ਰਖਦੀ ਹੈ, ਇਸੀ ਪ੍ਰਕਾਰ ਸਤਿਗੁਰ ਸਚੇ ਪਾਤਸ਼ਾਹ ਜੀ ਦੀ ਸੁਰਤੀ ਆਪਣੇ ਸੇਵਕਾਂ ਵਿਚ ਰਹਿੰਦੀ,

Digitized by Panjab Digital Library | www.panjabdigilib.org

ਜਿਥੇ ਕੋਈ ਸੇਵਕ ਸੱਚੇ ਦਿਲੋਂ ਪ੍ਰੇਮ ਦੀ ਤਾਰ ਖੜਕਾਉਂਦਾ, ਸ੍ਰੀ ਗੁਰੂ ਨਾਨਕ ਦੇਵ ਜੀ ਉਸ ਪਾਸ ਪੁਜ ਕੇ ਦਰਸ਼ਨ ਦਿੰਦੇ। ਨਾਭੇ ਤੋਂ ਪੰਜ ਕੋਹ ਪੱਛਮ ਵਲ ਛੀਟਾਂ ਵਾਲਾ ਹੈ। ਇਸ ਪਿੰਡ ਦੇ ਨਿਵਾਸੀ ਭਾਈ ਚੰਦਨ 'ਜਾੜੇ' ਖੱਤ੍ਰੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕੀਤਾ। ਆਪ ਨੇ ਭਾਈ ਬਾਲੇ ਮਰਦਾਨੇ ਨੂੰ ਨਾਲ ਲੈਕੇ ਇਸ ਨਗਰ ਵਿਚ ਪਵਿੱਤ੍ਰ ਚਰਨ ਪਾਏ। ਭਾਈ ਚੰਦਨ ਦਾਸ ਗੁਰੂ ਜੀ ਪਾਸੋਂ ਰੱਬੀ ਬਾਣੀ ਦਾ ਉਪਦੇਸ਼ ਸੁਣ ਕੇ ਨਿਹਾਲ ਹੋਇਆ, ਅਤੇ ਕਈ ਦਿਨ ਸਤਿਸੰਗ ਹੋਇਆ। ਜਿਸ ਚੁਬਾਰੇ ਵਿਚ ਗੁਰੂ ਜੀ ਬਿਰਾਜੇ ਸਨ, ਉਸ ਅਸਥਾਨ ਦਾ ਨਾਂ ਅਜ ਤਕ 'ਜਾੜੇ ਵਾਲੀ' ਹਵੇਲੀ ਕਰਕੇ ਪ੍ਰਸਿੱਧ ਹੈ।

## ੫. ਗੁ: ਕਮਾਲ ਪੁਰ

ਇਸ ਪਵਿੱਤ੍ਰ ਗੁਰ ਅਸਥਾਨ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪਵਿੱਤ੍ਰ ਚਰਨ ਪਾਕੇ ਨਿਵਾਜਿਆ। ਇਲਾਕੇ ਦੀਆਂ ਸੰਗਤਾਂ ਸਤਿ ਉਪਦੇਸ਼ ਸੁਣ ਕੇ ਨਿਹਾਲ ਹੋਈਆਂ। ਮਹਾਰਾਜਾ ਕਰਮ ਸਿੰਘ ਜੀ ਨੇ ਗੁਰਦੁਆਰੇ ਦੀ ਸੇਵਾ ਕਰਾਈ ਅਤੇ ੭੫ ਵਿਘੇ ਜ਼ਮੀਨ ਮੁਆਫੀ ਅਤੇ ੭੫ ਵਿਘੇ ਦਾਮੀ ਤੇ ਦਾਨੀ ਸਰਕਾਰ ਪਟਿਆਲਾ ਵਲੋਂ ਲਗਾਈ ਗਈ। ਰੇਲਵੇ ਸਟੇਸ਼ਨ ਸੰਗਰੂਰ ਤੋਂ ਸੰਗਤੀ ਵਾਲਾ ਤਕ ਪੱਕੀ ਸੜਕ ਹੈ ਅਗੇ ੬ ਮੀਲ ਕੱਚਾ ਰਸਤਾ ਹੈ।

## ੬. ਗੁ: ਸੁਨਾਮ

ਸੁਨਾਮ ਰਿਆਸਤ ਪਟਿਆਲਾ ਦਾ ਇਕ ਪੁਰਾਣਾ ਸ਼ਹਿਰ ਹੈ। ਇਸ ਸ਼ਹਿਰ ਵਿਚ ਗੁਰੂ ਜੀ ਦਾ ਪ੍ਰੇਮੀ 'ਲਾਹੜਾ' ਖੱਤ੍ਰੀ ਰਹਿੰਦਾ ਸੀ। ਸਤਿਗੁਰੂ ਸਚੇ ਪਾਤਸ਼ਾਹ, ਸ਼ਹਿਰ ਤੋਂ ਬਾਹਰ ਇਕ ਨਦੀ ਦੇ ਕੰਢੇ ਜਾ ਬਿਰਾਜੇ ਜਾਂ ਲਾਹੜੇ ਖੱਤ੍ਰੀ ਨੂੰ ਖਬਰ ਹੋਈ ਤਾਂ ਉਹ ਗੁਰੂ ਜੀ ਨੂੰ ਆਪਣੇ ਘਰ ਲੈ ਆਇਆ, ਅਤੇ ਬੜੀ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ। ਇਥੋਂ ਦਾ ਗੁਰਦੁਆਰਾ ਬਹੁਤ ਸੁੰਦਰ ਬਣਿਆ ਹੋਇਆ ਹੈ। ਨਦੀ ਕੰਢੇ ਜਿਥੇ ਗੁਰੂ ਜੀ ਬਿਰਾਜੇ ਸਨ ਓਥੇ ਕੋਈ ਅਸਥਾਨ ਨਹੀਂ। ਸੁਨਾਮ ਧੂਰੀ ਜਾਖਲ ਲਾਈਨ ਪਰ ਪ੍ਰਸਿੱਧ ਕਸਬਾ ਹੈ।

## ੭. ਗੁ: ਨਾਨਕਿਆਣਾ ਸਾਹਿਬ ਮੰਗਵਾਲ (ਸੰਗਰੂਰ)

ਗੁਰਦੁਆਰਾ ਨਾਨਕਿਆਣਾ ਸਾਹਿਬ ਦੇ ਪਵਿੱਤ੍ਰ ਗੁਰ ਅਸਥਾਨ ਵਾਲੀ ਥਾਂ ਗੁਰੂ ਜੀ ਮਹਾਰਾਜ ਕਈ ਮਹੀਨੇ ਨਿਵਾਸ ਕੀਤਾ। ਇਲਾਕੇ ਦੀਆਂ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਕੇ ਅਤੇ ਅੰਮ੍ਰਿਤ ਬਾਣੀ ਦਾ ਰਸਭਿੰਨਾ ਕੀਰਤਨ ਸੁਣਕੇ ਨਿਹਾਲ ਹੋਈਆਂ। ਏਥੇ ਜੀਂਦ ਪਤੀ ਮਹਾਰਾਜਾ ਰਘੁਬੀਰ ਸਿੰਘ ਜੀ ਨੇ ਇਕ ਸ਼ਾਨਦਾਰ ਗੁਰਦੁਆਰਾ ਬਣਵਾਇਆ। ਨਾਲ ਹੀ ਇਕ ਸਰੋਵਰ ਭੀ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭੀ ਏਸ ਅਸਥਾਨ ਨੂੰ ਭਾਗ ਲਾਏ ਹਨ।ਜਿਥੇ ਮਹਾਰਾਜ ਦਾ ਘੋੜਾ ਬੱਧਾ ਸੀ,ਓਥੇ 'ਜੰਡਸਰ' ਗੁਰਦੁਆਰੇ ਦੇ ਨਾਮ ਰਿਆਸਤ ਜੀਂਦ ਵਲੋਂ ਇਕ ਪਿੰਡ ਬਤੌਰ ਜਾਗੀਰ ਦੇ ਲਗਿਆ ਹੋਇਆ ਹੈ। ਇਸ ਤੋਂ ਇਲਾਵਾ ਰਿਆਸਤ ਨਾਭਾ ਤੇ ਜੀਂਦ ਵਲੋਂ ਸਹਾਇਤਾ ਮਿਲਦੀ ਹੈ। ਇਹ ਅਸਥਾਨ ਸੰਗਰੂਰ ਸਟੇਸ਼ਨ ਤੋਂ ਦੋ ਮੀਲ ਉੱਤਰ ਪੂਰਬ ਨਾਭੇ ਨੂੰ ਜਾਣ ਵਾਲੀ ਕੱਚੀ ਸੜਕ ਪਰ ਹੈ। ਇਕ ਪਿੰਡ, ਅਰ ਸਹਾਇਤਾ ਵੀ ਹੈ।

Digitized by Panjab Digital Library | www.panjabdigilib.org

## ੮. ਗੁ: ਅਕੋਈ

ਇਹ ਅਸਥਾਨ ਸੰਗਰੂਰ ਤੋਂ ਦੋ ਮੀਲ ਉੱਤਰ ਵਾਲੇ ਪਾਸੇ ਨਗਰ ਅਕੋਈ ਦੇ ਪਾਸ ਹੈ। ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਹਰਿਗੋਬਿੰਦ ਸਾਹਿਬ ਜੀ ਪਧਾਰੇ ਹਨ। ਗੁਰ ਅਸਥਾਨ ਦੀ ਸੇਵਾ ਸ: ਦੀਵਾਨ ਸਿੰਘ ਰਈਸ ਬਡਰੁਖਾ ਨੇ ਕਰਵਾਈ। ਗੁਰਦੁਆਰੇ ਦੇ ਨਾਮ ੧੨੫ ਵਿਘੇ ਜ਼ਮੀਨ ਬਾਬਾ ਮਹਿਤਾਬ ਸਿੰਘ ਜੀ ਨੇ ਲਵਾਈ ਹੈ ਅਤੇ ਰਿਆਸਤ ਜੀਂਦ ਵਲੋਂ ੧੦੦) ਰੁਪਈਏ ਅਤੇ ਤਿੰਨ ਰਜਾਈਆਂ ਸਾਲਾਨਾ ਅਰਦਾਸ ਹੁੰਦੀਆਂ ਹਨ। ਏਹ ਪਵਿੱਤ੍ਰ ਅਸਥਾਨ ਸਟੇਸ਼ਨ ਬਹਾਦਰ ਪੁਰ ਤੋਂ ਦੋ ਮੀਲ ਦੱਖਣ ਵਲ ਹੈ।

## ੯. ਗੁ: ਜੀਂਦ

ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਚਰਨ ਪਾਏ ਹਨ, ਅਤੇ ਉਪ੍ਰੰਤ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਭੀ ਪੁਜੇ। ਗੁਰੂ ਤੇਗ ਬਹਾਦਰ ਜੀ ਦੇ ਏਥੇ ਆਉਣ ਦੀ ਯਾਦ ਵਿਚ ਇਕ ਨਗਰ ਤੇਗ ਬਹਾਦਰ ਵਸਾਇਆ ਗਿਆ।

ਨੋਟ:-ਇਨ੍ਹਾਂ ਗੁਰਅਸਥਾਨਾਂ ਤੋਂ ਇਲਾਵਾ ਗੁਰੂ ਜੀ ਨੇ ਨਗਰ ਭਾਗਲਚੀਕੇ, ਖਰੋਦੀ ਆਦਿਕ ਵਿਚ ਭੀ ਪਵਿੱਤ੍ਰ ਚਰਨ ਪਾਏ, ਪ੍ਰੰਤੂ ਵਿਸ਼ੇਸ਼ ਸਮਾਚਾਰ ਨਹੀਂ ਮਿਲਦੇ।

## ੧੦. ਗੁ: ਪਹੋਆ

ਮਾਲਵੇ ਦਾ ਰਟਨ ਕਰਦੇ ਹੋਏ ਗੁਰੂ ਜੀ ਪਹੋਆ ਤੀਰਥ ਪਰ ਗਏ। ਏਥੇ ਪੁਰਾਤਨ ਰੀਤੀ ਅਨੁਸਾਰ ਪਿਤਰਾਂ ਨਮਿੱਤ ਪਿੰਡ ਭਰਾਉਂਦੇ ਸਨ ਅਤੇ ਕਈ ਪ੍ਰਕਾਰ ਦੇ ਪੁੰਨ ਦਾਨ ਕਰਦੇ ਸਨ। ਪਖੰਡੀ ਪੰਡਿਆਂ ਦੇ ਹਥੋਂ ਭੋਲੀ ਭਾਲੀ ਜਨਤਾ ਨੂੰ ਲੁਟੀਂਦਾ ਵੇਖਕੇ ਸਤਿਗੁਰੂ ਸਚੇ ਪਾਤਸ਼ਾਹ ਦਾ ਦਇਆਵਾਨ ਹਿਰਦਾ ਤੜਪ ਉਠਿਆ। ਗੁਰੂ ਜੀ ਨੇ ਪੰਡਤਾਂ ਨੂੰ ਸਮਝਾਇਆ ਕਿ ਤੁਸੀਂ ਝੂਠ ਬੋਲਕੇ ਲੋਕਾਂ ਪਾਸੋਂ ਦਾਨ ਲੈਂਦੇ ਹੋ, ਅਤੇ ਅਪਣੇ ਸੁਖਾਂ ਲਈ ਉਸ ਨੂੰ ਖਰਚ ਕਰਦੇ ਹੋ ਤੁਹਾਨੂੰ ਇਸ ਦਾ ਲੇਖਾ ਦੇਣਾ ਪਵੇਗਾ ਅਤੇ ਨਖਿੱਧ ਜੋਨੀਆਂ ਵਿਚ ਪੈਕੇ ਹਿਸਾਬ ਚੁਕਾਉਣਾ ਪਵੇਗਾ। ਗੁਰੂ ਜੀ ਨੇ ਸ੍ਰੀ ਮੁਖਵਾਕ ਵਿਚ ਫ਼ੁਰਮਾਇਆ 'ਕੂੜੁ ਬੋਲਿ ਮੁਰਦਾਰੁ ਖਾਇ ਅਵਰੀ ਨੋ ਸਮਝਾਵਣਿ ਜਾਇ॥ ਮੁਠਾ ਆਪਿ ਮੁਹਾਇ ਸਾਥੈ, ਨਾਨਕ ਐਸਾ ਆਗੂ ਜਾਪੈ।' ਗੁਰੂ ਮਹਾਰਾਜ ਦੇ ਇਸ ਉਪਦੇਸ਼ ਦਾ ਪੰਡਿਆਂ ਪਰ ਬਹੁਤ ਅਸਰ ਹੋਇਆ ਅਤੇ ਉਹ ਸਾਰੇ ਗੁਰੂ ਜੀ ਦੇ ਮਤਿ ਮਾਰਗ ਦੇ ਧਾਰਣੀ ਬਣੇ। ਇਸ ਅਸਥਾਨ ਦੀ ਸੇਵਾ ਮਹਾਰਾਜਾ ਉਦੇ ਸਿੰਘ ਕੈਂਥਲਪਤੀ ਨੇ ਕਰਵਾਈ। ਨਾਭੇ ਵਲੋਂ ੧੦੦) ਵਾਰਸਿਕ ਜਾਗੀਰ ਹੈ।

## ੧੧. ਗੁ: ਕੁਰੂਖੇਤਰ

ਪਹੋਇ ਤੋਂ ਚਲ ਕੇ ਗੁਰੂ ਜੀ ਕੁਰੂਖੇਤਰ ਦੇ ਮੇਲੇ ਪਰ ਜਾ ਬਿਰਾਜੇ। ਏਥੇ ਸੂਰਜ ਗ੍ਰਹਿਣ ਦਾ ਭਾਰੀ ਮੇਲਾ ਲਗਾ ਹੋਇਆ ਸੀ। ਗੁਰੂ ਜੀ ਨੇ ਭਾਈ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਤੇ ਕੀਰਤਨ ਅਰੰਭ ਹੋਇਆ। ਕੀਰਤਨ ਦੀ ਮਧੁਰ ਧੁਨੀ ਸੁਣ ਕੇ ਬਹੁਤ ਸਾਰੇ ਯਾਤਰੂ ਇਕੱਠੇ ਹੋ ਗਏ। ਇਤਨੀ ਦੇਰ ਤੱਕ ਹਾਂਸੀ ਵਾਲੇ ਰਾਜੇ ਅੰਮ੍ਰਿਤ ਰਾਇ ਨੇ ਹਿਰਨ ਦਾ ਸ਼ਕਾਰ ਗੁਰੂ ਜੀ ਦੇ ਅਗੇ ਲਿਆ ਰਖਿਆ। ਮੇਲੇ ਦੇ ਮੁਖੀ ਪੰਡਤਾਂ ਦਾ ਧਿਆਨ ਖਿਚਣ ਲਈ ਗੁਰੂ ਜੀ ਨੇ ਹਿਰਨ ਦਾ ਮਾਸ ਰਿਝਣਾ ਧਰ ਦਿੱਤਾ।

Digitized by Panjab Digital Library | www.panjabdigilib.org

ਸੂਰਜ ਗ੍ਰਹਿਣ ਦੇ ਸਮੇਂ ਮਾਸ ਰਿਝਣ ਦੀ ਖਬਰ ਸੁਣ ਕੇ ਚੋਣਵੇਂ ਪੁਜਾਰੀ ਇਕੱਠੇ ਹੋ ਗਏ ਅਤੇ ਗੁਰੂ ਜੀ ਪਰ ਕਈ 'ਪ੍ਰਕਾਰ ਦੇ' ਪ੍ਰਸ਼ਨ ਕਰਨੇ ਅਰੰਭ ਕਰ ਦਿਤੇ। ਮਾਸ ਦਾ ਖੰਡਨ ਕਰਨ ਲਈ ਕਈ ਪ੍ਰਕਾਰ ਦੀਆਂ ਉਕਤੀਆਂ ਯੁਕਤੀਆਂ ਦਿੱਤੀਆਂ। ਗੁਰੂ ਜੀ ਨੇ ਪੰਡਤਾਂ ਨੂੰ ਉਪਦੇਸ਼ ਦੇਣ ਲਈ ਇਹ ਸ਼ਬਦ ਉਚਾਰਨ ਕੀਤਾ।

ਪਹਿਲਾ ਮਾਸਹੁ ਨਿੰਮਿਆ ਮਾਸੈ ਅੰਦਰ ਵਾਸੁ ॥
ਜੀ ਉਪਾਇ ਮਾਸ ਮੂੰਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥
ਮਾਸਹੁ ਬਾਹਰ ਕਢਿਆ ਮੰਮਾ ਮਾਸੁ ਗਿਰਾਸੁ ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥
ਵਡਾ ਹੋਆ ਵੀਆਹਿਆ ਘਰ ਲੈ ਆਇਆ ਮਾਸੁ।
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥
ਸਤਿਗੁਰ ਮਿਲਿਐ ਹੁਕਮੁ ਬੁਝੀਐ ਤਾਂਕੋ ਆਵੈ ਰਾਸਿ ॥
ਆਪ ਛੁਟੇ ਨਹਿ ਛੁਟੀਐ ਨਾਨਕ ਬਚਨਿ ਬਿਣਾਸੁ ॥
ਮਃ ੧ ॥ ਮਾਸੁ ਮਾਸੁ ਕਰ ਮੂਰਖ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸ ਕਉਣੁ ਸਾਗ ਕਹਾਵੈ ਕਿਸ ਮਹਿ ਪਾਪ ਸਮਾਣੇ ॥
ਗੈਂਡਾ ਮਾਰ ਹਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧ ਕਮਾਵਹਿ ਤਿਸੁ ਰਿਦੇ ਸਿ ਲੋਚਨ ਨਾਹੀ।
ਮਾਤ ਪਿਤਾ ਕੀ ਰਕਤ ਨਿਪੰਨੇ ਮੱਛੀ ਮਾਸੁ ਨ ਖਾਹੀ ॥
ਇਸਤ੍ਰੀ ਪੁਰਖੈ ਜਾਂ ਨਿਸ ਮੇਲਾ ਓਥੈ ਮੰਧੁ ਕਮਾਹੀ।
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੁਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਬਾਹਰ ਕਾ ਮਾਸ ਮੰਦਾ ਸੁਆਮੀ ਘਰ ਕਾ ਮਾਸ ਚੰਗੇਰਾ ॥
ਜੀਆ ਜੰਤ ਸਭਿ ਮਾਸਹੁ ਹੋਇ ਜੀਇ ਲਇਆ ਵਾਸੇਰਾ ॥
ਅਭਖੁ ਭਖਹਿ ਭਖ ਤਜਿ ਛੋਡਹਿ ਅੰਧ ਗੁਰੂ ਜਿਨ ਕੇਰਾ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਜੇ ਨਾਹੀ ਚਤੁਰੁ ਕਹਾਵੈ ਪਾਂਡੇ ॥
ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ ॥
ਜਜਿ ਕਾਜਿ ਵੀਆਹਿ ਸੁਹਾਵੈ ਓਥੇ ਮਾਸੁ ਸਮਾਣਾ ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਸ਼ਾਹ ਸੁਲਤਾਨਾ ॥
ਜੇ ਓਇ ਦਿਸਹਿ ਨਰਕੇ ਜਾਂਦੇ ਤਾਂ ਉਨ ਕਾ ਦਾਨ ਨ ਲੈਣਾ ॥

Digitized by Panjab Digital Library | www.panjabdigilib.org

ਦੇਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥
ਆਪਿ ਨ ਬੂਝੈ ਲੋਕ ਬੁਝਾਇ ਪਾਂਡੇ ਖਰਾ ਸਿਆਣਾ ॥
ਪਾਂਡੇ ਤੂੰ ਜਾਣਹਿ ਹੀ ਨਾਹੀ ਕਿਥਹੁ ਮਾਸੁ ਉਪੰਨਾ ॥
ਤੋਇਅਹੁ ਅੰਨ ਕਮਾਦੁ ਕਪਾਹਾ ਤੋਇਅਹੁ ਤ੍ਰਿਭਵਣ ਗੰਨਾ ॥
ਤੋਆ ਆਖੈ ਹਉ ਬਹੁ ਬਿਧਿ ਅੱਛਾ ਤੋਐ ਬਹੁਤੁ ਬਿਕਾਰਾ ॥
ਏਤੇ ਰਸ ਛੋਡ ਹੋਵੈ ਸਨਿਆਸੀ ਨਾਨਕ ਕਹੈ ਵਿਚਾਰਾ ॥

ਇਸ ਸ਼ਬਦ ਵਿਚ ਗੁਰੂ ਜੀ ਨੇ ਪਾਂਡਿਆਂ ਦੇ ਮਾਸ ਸੰਬੰਧੀ ਭਰਮਾਂ ਨੂੰ ਦੂਰ ਕੀਤਾ ਅਤੇ ਦਸਿਆ ਕਿ ਜੀਵ ਦੀ ਉਤਪਤੀ ਭੀ ਮਾਸ ਤੋਂ ਹੈ ਅਤੇ ਸਾਰੀ ਉਮਰ ਇਸ ਦਾ ਮਾਸ ਨਾਲ ਵਿਹਾਰ ਰਹਿੰਦਾ ਹੈ। ਗੁਰੂ ਜੀ ਦੀਆਂ ਠੋਸ ਦਲੀਲਾਂ ਸੁਣਕੇ ਪਾਂਡੇ ਨਿਰੁਤਰ ਹੋ ਗਏ। ਇਸ ਸ਼ਬਦ ਵਿਚ ਕਿਤਨੀ ਤਰਕ ਸ਼ਕਤੀ ਹੈ, ਉਹ ਇਨ੍ਹਾਂ ਪੰਗਤੀਆਂ ਤੋਂ ਪ੍ਰਗਟ ਹੈ। 'ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨ ਕਿਛ ਸੂਝਹਿ ਨਾਹੀ ਚਤਰ ਕਹਾਵੈ ਪਾਂਡੇ ॥' ਇਸ ਤੋਂ ਉਪ੍ਰੰਤ ਗੁਰੂ ਜੀ ਨੇ ਸੂਰਜ ਗ੍ਰਹਿਣ ਦਾ ਅਮਲੀ ਕਾਰਣ ਦਸਿਆ ਅਤੇ ਸਮਝਾਇਆ ਕਿ ਸੂਰਜ, ਚੰਦ, ਤਾਰੇ ਸਭ ਉਸ ਵਾਹਿਗੁਰੂ ਦੀ ਆਗਿਆ ਅਨੁਸਾਰ ਭਾਉਂਦੇ ਹਨ ਅਤੇ ਉਸ ਈਸ਼ਵਰ ਦਾ ਸਿਮਰਨ ਕਰਨ ਨਾਲ ਕੋਈ ਵਿਘਨ ਨਹੀਂ ਲਗਦਾ। ਮੇਲੇ ਵਿਚ ਆਏ ਬਹੁਤ ਸਾਰੇ ਪ੍ਰਾਣੀ ਗੁਰੂ ਜੀ ਦਾ ਉਪਦੇਸ਼ ਸੁਣ ਕੇ ਸ਼ਰਧਾਲੂ ਬਣ ਗਏ ਅਤੇ ਇਕ ਈਸ਼ਵਰ ਦੀ ਉਪਾਸ਼ਨਾ ਕਰਨ ਲਗੇ। ਕਈ ਗ੍ਰੰਥਾਂ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਜਿਸ ਬਰਤਨ ਵਿਚ ਮਿਰਗ ਦਾ ਮਾਸ ਰਿਝਣਾ ਧਰਿਆ ਸੀ ਉਸ ਨੂੰ ਪਾਂਡਿਆਂ ਨੇ ਕ੍ਰੋਧ ਵਿਚ ਆਕੇ ਉਲਟਾਣਾ ਚਾਹਿਆ ਪਰ ਜਦ ਉਨ੍ਹਾਂ ਨੇ ਢਕਣ ਲਾਹ ਕੇ ਵੇਖਿਆ ਤਾਂ ਖੀਰ ਰਿਝਦੀ ਵੇਖੀ। ਇਸ ਅਸਥਾਨ ਵਿਖੇ ਹੁਣ ਸਿਧ ਬਟੀ ਗੁਰਦੁਆਰਾ ਪ੍ਰਸਿੱਧ ਹੈ।

## ੧੨. ਗੁ: ਪਾਨੀਪਤ

ਕੁਰੂਖੇਤਰ ਤੋਂ ਗੁਰੂ ਜੀ ਪਾਨੀਪਤ ਆ ਬਿਰਾਜੇ। ਇਥੇ ਉਦੋਂ ਇਕ ਮਾਜਰਾ ਸੀ। ਗੁਰੂ ਜੀ ਪਿੱਪਲ ਹੇਠ ਬਿਰਾਜੇ, ਇਥੇ ਪਾਨੀਪਤ ਵਾਲੇ ਅਬੂ ਅਲੀ ਕਲੰਦਰ ਦੇ ਚੇਲੇ ਸ਼ੇਖ ਟਟੀਰੋ ਨਾਲ ਗੋਸ਼ਟ ਹੋਈ, ਇਸ ਦਾ ਨਾਮ ਕਈ ਗ੍ਰੰਥਾਂ ਵਿਚ ਸ਼ੇਖ਼ ਤਾਹਰ ਭੀ ਲਿਖਿਆ ਹੈ।

## ੧੩. ਗੁ: ਕਰ੍ਹਾ

ਏਹ ਅਸਥਾਨ ਤਹਿਸੀਲ ਕੈਂਥਲ ਵਿਚ ਹੈ। ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਰਨ ਪਾਏ ਹਨ।

Digitized by Panjab Digital Library | www.panjabdigilib.org

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰ ਅਸਥਾਨਾਂ ਨਾਲ ਜ਼ਮੀਨ, ਜਗੀਰ ਆਦਿ ਦਾ ਵੇਰਵਾ:–

| ਨੰ: | ਨਾਮ ਗੁਰਦੁਆਰਾ | ਪਿੰਡ | ਘੁਮਾ | ਵਿਘੇ | ਕਨਾਲ | ਜਗੀਰ | ਫੁਟਕਲ |
|---|---|---|---|---|---|---|---|
| ੧. | ਜਗਰਾਵਾਂ (ਲੁਧਿਆਣਾ) | | ੬੦ | | | | ਬੀਬੀ ਪ੍ਰਧਾਨ ਕੌਰ ਸਪੁਤ੍ਰੀ ਮ: ਆਲਾ ਸਿੰਘ ਪਟਿਆਲਾ |
| ੨. | ਗੁ: ਤਿਹਾੜਾ ਸੋਢੀਵਾਲ ਲੁਧਿਆਣਾ | | ੩੦ | | | | ਨਗਰਾਂ ਵਲੋਂ |
| ੩. | ਗੁ: ਤਖਤੂਪੁਰਾ ਫੀਰੋਜ਼ਪੁਰ | | ੮੦ | | | | ਸਿੱਖ ਰਾਜ ਵਲੋਂ |
| ੪. | ਗੁ: ਲਖੀ ਜੰਗਲ, ਫਰੀਦਕੋਟ | | ੩੫ | | | | ਰਿ: ਫਰੀਦਕੋਟ ਵਲੋਂ |
| ੫. | ਗੁ: ਸਰਸਾ, ਜ਼ਿਲਾ ਹਿਸਾਰ | | | | | ੩੨੫-੦-੦ | ਜਗੀਰ ਪਟਿਆਲਾ ਵਲੋਂ |
| | | | | | | ੨੬-੦-੦ | ,, ਨਾਭਾ ,, |
| ੬. | ਗੁ: ਸਾ: ਜੌਹੜ ਸਾਹਿਬ | | | | | | ਬਹੁਤ ਸਾਰੀ ਜ਼ਮੀਨ |
| ੭. | ਗੁ: ਧਾਰਾ ਤੀਰਥ | | ੮੮ | | | ੫੧-੦-੦ | |
| ੮. | ਗੁ: ਕਮਾਲ ਪੁਰ | | ੭੫ | | | | |
| ੯. | ਗੁ: ਨਨਕਿਆਣਾ | ੧ ਪਿੰਡ | | | | ੧੬-੦-੦ | ਰਿਆਸਤ ਜੀਂਦ |
| | | | | | | ੧੨-੮-੦ | ਰਿਆਸਤ ਨਾਭਾ |
| ੧੦. | ਗੁ: ਅਕੋਈ | | ੧੨੫ | | | ੧੦੦-੦-੦ | ੩ ਰਜਾਈਆਂ ਰਿ: ਜੀਂਦ |
| ੧੧. | ਗੁ: ਸਾ: ਜੀਂਦ | ੧ ਪਿੰਡ | | | | | ਰਿਆਸਤ ਜੀਂਦ ਵਲੋਂ |
| ੧੨. | ਗੁ: ਪਹੋਆ | | | | | ੧੦੦-੦-੦ | ਰਿਆਸਤ ਨਾਭਾ ਵਲੋਂ |
| | ਜੋੜ | ੨ ਪਿੰਡ | ੪੩੩ | ੨੪੦੦ | | ੬੩੦-੦-੦ | ਬਹੁਤ ਸਾਰੀ ਜ਼ਮੀਨ |

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਿੱਖ ਕੌਮ ਦੇ ਦੂਜੇ ਪਾਤਸ਼ਾਹ

## ਸਿੱਖ ਕੌਮ ਦਾ ਪਹਿਲਾ ਇਤਿਹਾਸ

ਭਾਈ ਬਾਲਾ ਜੋ ਸ੍ਰੀ ਗੁਰੂ ਨਾਨਕ ਦੇਵ ਦੇ ਨਾਲ ਸਾਰੇ ਸਫਰਾਂ ਵਿੱਚ ਰਹੇ ਤੇ ਭਾਈ ਪੈੜਾ,ਮੋਖਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਜਨਮ ਸਾਖੀ ਗੁਰਮੁਖੀ ਅੱਖਰਾਂ 'ਚ ਲਿਖਵਾਈ ਸੁਣ ਰਹੇ ਹਨ ।



ਬੈਸ ਗੁਰੂ ਭਾਖੀ
ਬਾਲਾ ਕਹੋ ਅਬ ਸਾਖੀ
ਇਹ ਹੋਈ ਹੈ ਹਦੂਰ
ਤੇਰੇ ਸਭੈ ਸੋ ਕਹੀਜੀਯੇ ॥
ਸੁਧਾ ਇਤਿਹਾਸ ਗੁਰੂ
ਆਯੋ ਤੁਝ ਪਾਸ ਸਬ
ਔਰ ਕੋ ਸੁਨਾਇ ਨ
ਆਘਾਇ ਨਿਤ ਪੀਜਿਯੇ
ਬਾਲਾ ਕਹੇ ਐਸੇ ਹੋਈ
ਮੋਹਿ ਢਿਗ ਬੈਸੇ ਸਬ
ਜੈਸੇ ਬਿਧਿ ਭਈ
ਤੈਸੇ ਬਰਨ ਸੁਨੀਜਿਯੇ ॥
ਬਾਲਾ ਜੋ ਅਲਾਇ
ਪੈੜਾ ਲਿਖਤ ਬਣਾਇ
ਗੁਰੂ ਅੰਗਦ ਸੁਨਾਇ
ਸੋਊ ਤੁਮ ਸੁਨ ਲੀਜਿਯੇ॥

ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਮਹਾਰਾਜ



Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

## ਦੋਹਿਰਾ ॥

ਸ੍ਰੀ ਅੰਗਦ ਕੰਦਨ[1] ਬਿਘਨ, ਬਦਨ[2] ਸੁ ਮੰਗਲ ਸ਼ਾਲ[3] ॥
ਪਰਨ ਸਰਨ[4] ਕਰਿ ਚਰਨ ਕੋ ਨਮਸਕਾਰ ਧਰਿ ਭਾਲ[5] ॥ ੧ ॥

## ਸਵੈਯਾ ॥

ਪਾਂਸੁ[6] ਪਿਰਾਗ[7] ਸੀ ਸੋਹਤ ਸੁੰਦਰ, ਗੰਧਨੀ[8] ਕੀਰਤਿ[9] ਮੱਧ ਬਸਾਨਾ ॥
ਕੋਮਲ[10] ਕੋਮਲਤਾ ਇਕ ਸੀ ਨਿਰਲੇਪਤਾ ਸੀ ਨਿਰਲੇਪ[11] ਸਮਾਨਾ ॥
ਜੋ ਭਵ[12] ਭੂਰ[13] ਭਰਾ ਸਰ[14] ਸੀ ਤਿਸ ਤੇ ਨਿਤ ਊਰਧ[15] ਸੋ ਬਿਗਸਾਨਾ[16] ॥
ਹੈ ਅਰਬਿੰਦ ਸੇ ਅੰਗਦ ਕੇ ਪਗ ਮੋਖਦ[17] ਏਕ ਬਿਸੇਖਤ[18] ਜਾਨਾ ॥ ੨ ॥

---

੧. ਨਾਸ ਕਰਨ ਵਾਲੇ । ੨. ਮੁਖ । ੩. ਕਲਿਆਣ ਦਾ ਘਰ । ੪. ਸਰਣ ਪੈਣ ਤੇ । ੫. ਮਸਤਕ । ੬. ਧੂੜ । ੭. ਮਕਰੰਦ ਰਸ । ੮. ਸੁਗੰਧੀ । ੯. ਜਸ । ੧੦. ਕੂਲੇ । ੧੧. ਲੇਖ ਤੋਂ ਰਹਿਤ । ੧੨. ਸੰਸਾਰ । ੧੩. ਬਹੁਤ । ੧੪. ਤਾਲ । ੧੫. ਉੱਪਰ ਨੂੰ । ੧੬. ਖਿੜਿਆ ਹੋਇਆ । ੧੭. ਮੁਕਤੀ ਦੇਣ ਵਾਲੇ । ੧੮. ਵਾਧਾ ।

Digitized by Panjab Digital Library | www.panjabdigilib.org

# ਸ੍ਰੀ ਗੁਰੂ ਅੰਗਦ ਦੇਵ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ* ਸਿੱਖ ਕੌਮ ਦੇ ਦੂਜੇ ਸਤਿਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਸਰਨ ਵਿਚ ਅੱਸੂ ਸੰਮਤ ੧੫੮੯ ਬਿ: ਆਏ, ਸਤਿਗੁਰੂ ਨਾਨਕ ਦੇਵ ਜੀ ਦੇ ਪਵਿੱਤ੍ਰ ਦਰਸ਼ਨ ਕਰਕੇ ਓਥੇ ਹੀ ਸੇਵਾ ਵਿੱਚ ਤੱਤਪਰ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਰ ਇਕ ਖ੍ਰੀਖਿਆ ਵਿਚੋਂ ਪਾਸ ਹੋਏ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਤੋਂ ਦਿਤੇ ਹੋਏ ਹੋਣ ਕਰਕੇ 'ਅੰਗਦ ਕਹਾਏ, ਜੀਕੂੰ ਭਾਈ ਗੁਰਦਾਸ ਜੀ ਨੇ ਏਹਨਾਂ ਸ਼ਬਦਾਂ ਵਿਚ ਕਥਨ ਕੀਤਾ ਹੈ।

'ਪਾਰਸ ਹੋਇਆ ਪਾਰਸਹੁ, ਸਤਿਗੁਰ ਪਰਚੇ ਸਤਿਗੁਰ ਕਹਿਣਾ ॥
ਚੰਦਨ ਹੋਇਆ ਚੰਦਨਹੁ, ਗੁਰਉਪਦੇਸ਼ ਰਹਿਤ ਵਿੱਚ ਰਹਿਣਾ ॥
ਜਤ ਸਮਾਣੀ ਜੋਤ ਵਿੱਚ, ਗੁਰਮਤ ਸੁਖ ਦੁਰਮਤਿ ਦੁਖ ਦਹਿਣਾ ॥
ਅਚਰਜ ਨੂੰ ਅਚਰਜ ਮਿਲੈ, ਵਿਸਮਾਦ ਵਿਸਮਾਦਿ ਸਮਹਿਣਾ ॥
ਅਪਿਓ ਪੀਨ ਨਿਝਰ ਝਰਨ, ਅਜਰ ਜਰਨ ਅਸਹਿਨ ਸਹਿਣਾ ॥
ਸਚ ਸਮਾਣਾ ਸਚ ਵਿਚ, ਗਾਡੀ ਰਾਹ ਸਾਧ ਸੰਗ ਵਹਿਣਾ ॥
ਬਾਬਾਣੇ ਘਰ ਚਾਨਣ ਲਹਿਣਾ ॥

ਬਾਬੇ (ਸ੍ਰੀ ਗੁਰੂ ਨਾਨਕ ਦੇਵ ਜੀ) ਦੇ ਘਰ ਵਿੱਚ ਆਉਣ ਨਾਲ ਭਾਈ ਲਹਿਣਾ (ਸ੍ਰੀ ਗੁਰੂ ਅੰਗਦ ਦੇਵ ਜੀ) ਜਗਤ ਨੂੰ ਚਾਨਣ ਦੇਣ ਲਈ ਇਕ ਮਹਾਂ ਜੋਤ ਰੂਪ ਪਰਗਟ ਹੋਏ।

---

## ਸ੍ਰੀ ਗੁਰੂ ਅੰਗਦ ਦੇਵ ਜੀ

* ਦੂਜੇ ਗੁਰੂ ਸ੍ਰੀ ਗੁਰੂ ਅੰਗਦ ਸਾਹਿਬ ਜੀ ਹੋਏ ਹਨ।

ਜਨਮ-ਇਨ੍ਹਾਂ ਦਾ ਜਨਮ ੧੧ ਵੈਸਾਖ ਸੰਮਤ ੧੫੬੧ ਬਿ: ਮੁਤਾਬਕ ੧੫੦੪ ਈ: ਨੂੰ ਮੱਤੇ ਦੀ ਸਰਾਇ ਨਗਰ ਵਿਚ ਹੋਇਆ, ਜੋ ਕਿ ਜ਼ਿਲਾ ਫ਼ੀਰੋਜ਼ਪੁਰ ਵਿੱਚ ਹੈ ਤੇ ਮੁਕਤਸਰੋਂ ਛੇ ਮੀਲ ਹੈ।

ਮਾਤਾ ਪਿਤਾ:-ਆਪ ਦੀ ਮਾਤਾ ਦਾ ਨਾਮ ਦਇਆ ਕੌਰ ਤੇ ਪਿਤਾ ਦਾ ਨਾਮ ਫੇਰੂ ਜੀ ਸੀ। ਇਹ ਵਪਾਰ ਕਰਦੇ ਸਨ ਤੇ ਮੱਤੇ ਦੀ ਸਰਾਂ ਤੋਂ ਫਿਰ ਇਹ ਹਰੀਕੇ ਪੱਤਣ ਜਾਕੇ ਵਿਹਾਰ ਕਰਦੇ ਰਹੇ।

ਵਿਆਹ:—ਗੁਰੂ ਅੰਗਦ ਜੀ ਦਾ ਪਹਿਲਾ ਨਾਮ ਲਹਿਣਾ ਜੀ ਸੀ, ਇਨ੍ਹਾਂ ਦਾ ਵਿਆਹ ਮੱਤੇ ਦੀ ਸਰਾਂ ਵਿਚ ਹੀ ਖੀਵੀ ਜੀ ਨਾਲ ਹੋਇਆ।

ਸੰਤਾਨ:—ਇਨ੍ਹਾਂ ਦੇ ਘਰ ਇੱਕ ਬੀਬੀ ਤੇ ਦੋ ਲੜਕੇ ਪੈਦਾ ਹੋਏ। ਬੀਬੀ ਦਾ ਨਾਮ ਅਮਰੋ ਜੀ ਤੇ ਲੜਕਿਆਂ ਦਾ ਨਾਮ ਦਾਤੂ ਤੇ ਦਾਸੂ ਜੀ ਸੀ।

ਪਰਉਪਕਾਰ:-ਆਪ ਨੇ ਸਭ ਤੋਂ ਪਹਿਲਾ ਤੇ ਵੱਡਾ ਕੰਮ ਇਹ ਕੀਤਾ ਕਿ ਗੁਰੂ ਨਾਨਕ ਸਾਹਿਬ ਦੀ ਜਨਮਸਾਖੀ ਲਿਖਾਈ। ਗੁਰਮੁਖੀ ਅੱਖਰਾਂ ਨੂੰ ਰੂਪ ਦੇਕੇ ਪ੍ਰਚਲਤ ਕੀਤਾ। ਆਪ ਆਪਣੇ ਵੈਰੀਆਂ ਨਾਲ ਵੀ ਪ੍ਰੇਮ ਤੇ ਪਿਆਰ ਨਾਲ ਵਰਤਦੇ ਸਨ।

ਜੋਤੀ ਜੋਤ ਸਮਾਉਣਾ:--ਆਪ ਨੇ ਵੀ ਅੰਤ ਨੂੰ ਪ੍ਰੀਖਿਆ ਲੈਕੇ ਅਮਰ ਦਾਸ ਜੀ ਨੂੰ ਗੁਰ ਗੱਦੀ ਦਿੱਤੀ ਅਤੇ ਚੇਤ ਸੁਦੀ ੩ ਸੰਮਤ ੧੬੦੯ ਬਿ: ਮੁਤਾਬਕ ੧੫੫੨ ਈ: ਨੂੰ ਜੋਤੀ ਜੋਤ ਸਮਾ ਗਏ।

ਰਵਾਇਤ—ਗੁਰੂ ਅੰਗਦ ਦੇਵ ਜੀ ਦੇ ਗੁਰ ਅਸਥਾਨ ਥੋੜੇ ਹੋਣ ਦੇ ਕਾਰਣ ਇਉਂ ਦਸਿਆ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਇਨ੍ਹਾਂ ਨਾਲ ਈਰਖਾ ਕਰਦੇ ਸਨ.ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰਦੇਵ ਜੀ ਪਾਸ ਬੇਨਤੀ ਕੀਤੀ, ਕਿ ਗੁਰਤਾ ਇਨ੍ਹਾਂ ਨੂੰ ਆਪ ਦੇ ਦੇਵੋ, ਤਾਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਜੀ ਨੂੰ ਕਿਹਾ, ਤੁਸੀਂ ਖਡੂਰ ਸਾਹਿਬ ਠਹਿਰੋ, ਇਹ ਫੁਰਮਾਨ ਕਰਕੇ ਗੁਰੂ ਨਾਨਕ ਦੇਵ ਜੀ ਕਰਤਾਰ ਪੁਰ ਸਾਹਿਬ ਜੋਤੀ ਜੋਤ ਜਾ ਸਮਾਇ ਤੇ ਗੁਰੂ ਅੰਗਦ ਜੀ ਹੁਕਮ ਮੰਨਕੇ ਖਡੂਰ ਸਾਹਿਬ ਹੀ ਠਹਿਰੇ ਰਹੇ, ਪਰ ਗੁਰਮਤ ਦਾ ਪ੍ਰਚਾਰ ਕਰਨ-ਖਾਤਰ ੨੨ ਸਿੱਖ ਪ੍ਰਚਾਰ ਕਰਨ ਲਈ-ਦੇਸਾਂ ਪ੍ਰਦੇਸਾਂ ਵਿਚ ਭੇਜੇ, ਤੇ ਆਪ ਬਾਹਰ ਨਹੀਂ ਗਏ।

Digitized by Panjab Digital Library | www.panjabdigilib.org

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਪਮਾਂ ਕਰਦੇ ਹੋਏ ਕਵਿ ਕੁਲ ਭੂਸ਼ਣ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ : 'ਸ੍ਰੀ ਅੰਗਦ ਕੰਦਨ ਵਿਘਨ ਬਦਨ ਸੁ ਮੰਗਲ ਸਾਲ ॥
ਪਰਨ ਸਰਨ ਕਰ ਚਰਨ ਕੋ, ਨਮਸਕਾਰ ਧਰ ਭਾਲ ॥

ਸਿੱਖ ਧਰਮ ਅਨੁਸਾਰ ਸੇਵਾ ਅਤੇ ਸਿਮਰਨ ਹੀ ਮੁਖ ਸ਼ੁਭ ਗੁਣ ਹਨ, ਅਤੇ ਇਹ ਦੋਵੇਂ ਹੀ ਆਪ ਦੇ ਜੀਵਨ ਦੀ ਸ਼ੋਭਾ ਹਨ। ਜਿਨ੍ਹਾਂ ਨੂੰ ਵਰਤੋਂ ਵਿੱਚ ਲਿਆ ਕੇ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਚਾਰੀ ਹੋਈ ਸਿੱਖੀ ਨੂੰ ਇਕ ਜਿਉਂਦੀ ਜਾਗਦੀ ਲਹਿਰ ਦਾ ਰੂਪ ਦੇ ਦਿੱਤਾ।

ਆਦਿ ਗੁਰਦੇਵ ਦੇ ਚਰਨ ਕੰਵਲਾਂ ਵਿੱਚ ਬਹਿ ਕੇ ਪਹਿਲਾਂ ਆਪ ਨੇ ਖੁਦ ਗੁਰਮਤ ਤੱਤ ਨੂੰ ਸਮਝਿਆ, ਵਿਚਾਰਿਆ, ਅਮਲ ਵਿੱਚ ਲਿਆਂਦਾ ਤੇ ਫਿਰ ਉਸ ਨੂੰ ਜਗਤ ਵਿੱਚ ਪ੍ਰਚਾਰਿਆ। ਸੋ ਜਿੱਥੇ ੨ ਸ੍ਰੀ ਗੁਰੂ ਅੰਗਦ ਦੇਵ ਜੀ ਮਾਲਵੇ ਦੇਸ ਵਿੱਚ ਚਰਨ ਪਾ ਸੰਗਤਾਂ ਨੂੰ ਨਿਹਾਲ ਕੀਤਾ ਹੈ, ਉਸ ੨ ਜਗ੍ਹਾ ਪੂਜਾ ਅਸਥਾਨ ਬਣੇ ਹਨ, ਉਨ੍ਹਾਂ ਪਵਿੱਤਰ ਗੁਰਅਸਥਾਨਾਂ ਦਾ ਇਤਿਹਾਸ ਅਗੇ ਦਿੰਦੇ ਹਾਂ।

ਇਕ ਸਮੇਂ ਨਾਂਗੇ ਦੀ ਸਰਾਂ ਦੀ ਸੰਗਤ ਨੇ ਮਾਲਵੇ ਵਿਚੋਂ ਆ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਜ਼ੂਰ ਖਡੂਰ ਸਾਹਿਬ ਜੀ ਵਿੱਚ ਪੁੱਜ ਕੇ ਅੱਤ ਅਧੀਨਗੀ ਸਹਿਤ ਬੇਨਤੀ ਕੀਤੀ ਕਿ ਗਰੀਬ ਨਿਵਾਜ਼ ਆਪ ਜੀ ਆਪਣੀ ਅਵਤਾਰ ਨਗਰੀ ਦੀ ਸੰਗਤ ਨੂੰ ਦਰਸ਼ਨ ਦੇਕੇ ਨਿਹਾਲ ਕਰੋ ਤਾਂ ਗੁਰੂ ਸਾਹਿਬ ਜੀ ਸੰਗਤ ਦੇ ਹੁਕਮ ਅਨੁਸਾਰ ਜਨਮ ਭੂਮੀ ਨੂੰ ਕ੍ਰਿਤਾਰਥ ਕਰਨ ਲਈ ਕੀਰਤਨੀ ਜਥੇ ਅਤੇ ਪ੍ਰਚਾਰਕਾਂ ਨੂੰ ਨਾਲ ਲੈਕੇ ਮਾਲਵੇ ਦੇਸ਼ ਨੂੰ ਤਿਆਰੇ ਸਜਾਏ ਅਤੇ ਅੱਗੇ ਦਿੱਤੇ ਅਸਥਾਨਾਂ ਤੇ ਪੁਜ ਕੇ ਮਾਲਵੇ ਵਿੱਚ ਸੰਗਤਾਂ ਨੂੰ ਨਿਹਾਲ ਕੀਤਾ ਤੇ ਨਾਂਗੇ ਦੀ ਸਰਾਂ ਸੰਗਤਾਂ ਨੂੰ ਜਾ ਦਰਸ਼ਨ ਦਿੱਤੇ।

## ੧. ਗੁ: ਸਾ: ਮੱਖੂ

ਨਾਂਗੇ ਦੀ ਸਰਾਂ ਦੀ ਸੰਗਤ ਦਾ ਹੁਕਮ ਪ੍ਰਵਾਨ ਕਰਦੇ ਹੋਏ ਆਪ ਜੀ ਨੇ ਸ੍ਰੀ ਖੰਡੂਰ ਸਾਹਿਬ ਤੋਂ ਸਮੇਤ ਕੀਰਤਨੀ ਜੱਥਿਆਂ ਅਤੇ ਪ੍ਰਚਾਰਕਾਂ ਦੇ ਤਿਆਰੇ ਸਜਾਏ। ਪਹਿਲਾ ਪੜਾ ਹਰੀਕਾ ਪੱਤਣ ਲੰਘ ਕੇ ਮੱਖੂ ਵਿਖੇ ਕੀਤਾ। ਓਥੋਂ ਦੀਆਂ ਸੰਗਤਾਂ ਨੂੰ ਗੁਰੂ ਉਪਦੇਸ਼ ਦੇਕੇ ਕ੍ਰਿਤਾਰਥ ਕੀਤਾ। ਜਿਸ ਦੀ ਯਾਦ ਵਿੱਚ ਇਕ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ, ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਹੱਥ ਵਿੱਚ ਹੈ।

## ੨. ਗੁ: ਸਾ: ਜ਼ੀਰਾ

ਸ੍ਰੀ ਗੁਰੂ ਅੰਗਦ ਸਾਹਿਬ ਜੀ ਸਮੇਤ ਸੰਗਤਾਂ ਮੱਖੂ ਤੋਂ ਚਲ ਕੇ ਜ਼ੀਰੇ ਪੁੱਜੇ ਤੇ ਉਸ ਧਰਤੀ ਨੂੰ ਜਾ ਭਾਗ ਲਾਏ ਜਿਥੇ ਅਜ ਕਲ੍ਹ ਗੁਰਦੁਆਰਾ ਸਿੰਘ ਸਭਾ ਜ਼ੀਰਾ ਸਥਾਪਨ ਹੈ। ਇਥੇ ਕਈ ਦਿਨ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਠਹਿਰੇ। ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਸਿਖ ਮਿਸ਼ਨ ਦਾ ਪ੍ਰਚਾਰ ਕੀਤਾ ਤੇ ਬੇਅੰਤ ਸਿੰਘਾਂ ਨੂੰ ਸਿਖੀ ਮਾਰਗ ਤੇ ਲਿਆਂਦਾ। ਉਪ੍ਰੰਤ ਆਪ ਜੀ ਜ਼ੀਰੇ ਤੋਂ ਸੇਖਮ, ਤਲਵੰਡੀ ਭਾਈ, ਵੱਡਾ ਘਰ, ਰੋਡੇ, (ਗੁਰੂ ਤੇਗਬਹਾਦਰ ਹਾਈ

Digitized by Panjab Digital Library | www.panjabdigilib.org

ਸਕੂਲ) ਪੰਜ ਗਰਾਂਏ, (ਅਜ ਕਲ੍ਹ ਗੁਰਦੁਆਰਾ ਸੰਤ ਅਤਰ ਸਿੰਘ ਕਰਕੇ ਪ੍ਰਸਿੱਧ ਹੈ) ਆਦਿ ਅਸਥਾਨਾਂ ਨੂੰ ਪਵਿੱਤਰ ਚਰਨ ਛੋਹ ਲਾਉਂਦੇ ਹੋਏ ਕੋਟ ਕਪੂਰੇ ਵਿਚ ਦੀ ਨਾਂਗੇ ਦੀ ਸਰਾਂ ਦੀ ਸੰਗਤ ਨੂੰ ਜਾ ਦਰਸ਼ਨ ਦਿੱਤੇ।

ਆਪ ਜੀ ਕਈ ਦਿਨ ਆਪਣੀ ਅਵਤਾਰ ਭੂਮੀ ਨਾਂਗੇ ਦੀ ਸਰਾਂ ਜੋ ਹੁਣ (ਮੱਤੇ ਦੀ ਸਰਾਂ ਕਰਕੇ ਪ੍ਰਸਿੱਧ ਹੈ) ਵਿੱਚ ਨਗਰ ਵਾਸੀਆਂ ਨੂੰ ਸਤਿਕਰਮ ਦਾ ਉਪਦੇਸ਼ ਦ੍ਰਿੜਾਉਂਦੇ ਰਹੇ ਅਤੇ ਜਗਤ ਗੁਰੂ ਨਾਨਕ ਦੇਵ ਦੇ ਨਵੇਂ ਪ੍ਰਚਾਰੇ ਜਾਣ ਵਾਲੇ ਧਰਮ ਦਾ ਉਪਦੇਸ਼ ਤੇ ਆਦਰਸ਼ ਦਰਸਾ ਕੇ ਸੰਗਤਾਂ ਨੂੰ ਤਾਰਿਆ, ਉਪ੍ਰੰਤ ਆਪ ਜੀ ਉਥੋਂ ਹਰੀ ਕੇ ਨਗਰ ਜਾ ਬਿਰਾਜੇ।

## ੩. ਗੁਃ ਹਰੀਕੇ

ਹਰੀਕੇ ਭਾਈ ਮੋਹਰ ਸਿੰਘ ਜੀ ਸੰਤ ਦਾ ਡੇਰਾ ਹੈ। ਉਥੇ ਭਾਈ ਰਣ ਸਿੰਘ ਜੀ ਬੜੇ ਪ੍ਰਸਿੱਧ ਕਰਨੀ ਵਾਲੇ ਸੰਤ ਹੋਏ ਹਨ। ਜਿਨ੍ਹਾਂ ਦੀ ਪ੍ਰੇਰਨਾ ਨਾਲ ਸ੍ਰੀ ਗੁਰੂ ਅੰਗਦ ਦੇਵ ਜੀ ਸਤਾਰਾਂ ਦਿਨ ਸੰਗਤਾਂ ਨੂੰ ਨਿਹਾਲ ਕਰਦੇ ਰਹੇ, ਇਕ ਦਿਨ ਚੌਧਰੀ ਬਖਤਾਵਰ ਜੋ ੭੨ ਪਿੰਡਾਂ ਦਾ ਮਾਲੀਆ ਉਗਰਾਹ ਕੇ ਦਿਲੀ ਭਰਿਆ ਕਰਦਾ ਸੀ, ਦਰਸ਼ਨ ਕਰਨ ਆਇਆ। ਵੱਡਾ ਹੰਕਾਰੀ ਤੇ ਪ੍ਰਵਾਰ ਵਾਲਾ ਹੋਣ ਕਰਕੇ ਸ੍ਰੀ ਗੁਰੂ ਜੀ ਦੇ ਸਿਰ੍ਹਾਣੇ ਵੱਲ ਬੈਠ ਗਿਆ ਤੇ ਨਮਸਕਾਰ ਵੀ ਨਾ ਕੀਤੀ। ਇਹ ਦੇਖਕੇ ਕੁਝ ਸਿੱਖ ਕ੍ਰੋਧਵਾਨ ਹੋਏ, ਪਰ ਗੁਰੂ ਜੀ ਨੇ ਆਖਿਆ 'ਜਿਸ ਨੂੰ ਸਾਹਿਬ ਵੱਡਾ ਕਰੇ ਸੋਈ ਵੱਡ ਜਾਣੀ, ਜੋ ਕੋ ਉਸ ਦੀ ਰੀਸ ਕਰੇ ਸੋ ਮੂੜ੍ਹ ਅਜਾਣੀ।' ਚੌਧਰੀ ਬੋਲਿਆ ਮੈਂ ਕੋਈ ਛੋਟਾ ਆਦਮੀ ਹਾਂ? ਮੇਰੀ ਜ਼ਾਤ ਦੇ ਬਹੁਤ ਜ਼ੋਰ ਵਾਲੇ ਕਈ ਪਿੰਡ ਹਨ, ਤਾਂ ਗੁਰੂ ਜੀ ਨੇ ਇਹ ਸਲੋਕ ਉਚਾਰਣ ਕੀਤਾਃ—

ਅੱਗੈ ਜਾਤਿ ਨਾ ਜੋਰ ਹੈ ਅੱਗੈ ਜੀਉ ਨਵੇ।
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇ।

ਇਹ ਸਲੋਕ ਸੁਣ ਕੇ ਚੌਧਰੀ ਨੇ ਸ੍ਰੀ ਗੁਰੂ ਜੀ ਦੇ ਚਰਨ ਫੜ ਲਏ ਤੇ ਆਖਿਆ ਮੈਨੂੰ ਖਿਮਾਂ ਕਰੋ। ਗੁਰੂ ਜੀ ਨੇ ਅਕਾਲ ਸੇਵੀ ਬਣਾ ਕੇ ਉਧਾਰ ਕੀਤਾ। ਜਿਥੇ ਸਤਿਗੁਰੂ ਜੀ ਵਿਰਾਜੇ ਸਨ, ਉਨ੍ਹਾਂ ਦੀ ਪਵਿੱਤ੍ਰ ਯਾਦ ਵਿੱਚ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।

## ੪. ਗੁ: ਸਾ: ਸੇਖਾ

ਗੁਰੂ ਅੰਗਦ ਦੇਵ ਜੀ ਮਹਾਰਾਜ ਹਰੀਕੇ ਤੋਂ ਚਲ ਕੇ ਤੇ ਰਸਤੇ ਵਿੱਚ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਸੇਖੇ ਪੁਜੇ। ਏਥੇ ਸੰਗਤਾਂ ਦਾ ਪ੍ਰੇਮ ਦੇਖਕੇ ਗੁਰੂ ਜੀ ਕੁਝ ਦਿਨ ਠਹਿਰੇ ਤੇ ਇਲਾਕੇ ਦੀਆਂ ਸੰਗਤਾਂ ਨੂੰ ਕ੍ਰਿਤਾਰਥ ਕਰਕੇ, ਸਿਖੀ ਮਾਰਗ ਤੇ ਚਲਣ ਦਾ ਉਪਦੇਸ਼ ਦਿੱਤਾ, ਤੇ ਕਈਆਂ ਪ੍ਰੇਮੀਆਂ ਨੇ ਸਿਖੀ ਧਾਰਨ ਕੀਤੀ, ਜਿਥੇ ਆਪ ਜੀ ਵਿਰਾਜੇ ਸਨ ਉਥੇ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ, ਜਿਸ ਦੀ ਸੇਵਾ ਸੰਤ ਅਤਰ ਸਿੰਘ ਜੀ ਦੇ ਜਥੇ ਦੇ ਸਿੰਘ ਸਾਹਿਬ ਕਰ ਰਹੇ ਹਨ ਤੇ ਪ੍ਰਬੰਧ ਬਹੁਤ ਚੰਗਾ ਹੈ।

## ੫. ਗੁਃ ਸਾਃ ਰੌਂਤਾ

ਸ੍ਰੀ ਗੁਰੂ ਅੰਗਦ ਦੇਵ ਜੀ ਮਹਾਂਰਾਜ ਸੇਖਾ ਪਿੰਡ ਤੋਂ ਚਲ ਕੇ ਰੌਂਤੇ ਪੁਜੇ ਅਤੇ ਕੁਝ ਮਾਂ ਬਿਸਰਾਮ

Digitized by Panjab Digital Library | www.panjabdigilib.org

ਕਰਕੇ ਸੰਗਤ ਪੁਰਾ, ਮਾਣੂਕੇ ਵਿੱਚ ਦੀ ਹੁੰਦੇ ਹੋਏ ਘੋਲੀਏ ਪੁਜੇ। ਏਥੇ ਆਪ ਜੀ ਕੁਝ ਦਿਨ ਠਹਿਰੇ ਤੇ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਨਵੇਂ ਚਲਾਏ ਸਿੱਖ ਧਰਮ ਦਾ ਆਦਰਸ਼ ਦਰਸਾਇਆ। ਅਗਲੇ ਦਿਨ ਆਪ ਜੀ ਓਥੋਂ ਚਲ ਕੇ ਵਧਣੀ, ਭਿਆਣਾ, ਬੁੱਟਰ. ਮੋਗਾ, ਧੱਲੇਕੇ ਤੇ ਲੁਹਾਰਾ ਆਦਿ ਨਗਰਾਂ ਵਿਚ ਦੀ ਜਨੇਰ ਪਹੁੰਚੇ ਅਤੇ ਏਥੇ ਕੁਝ ਦਿਨ ਬਿਸਰਾਮ ਕਰਕੇ ਇਲਾਕੇ ਦੀਆਂ ਸੰਗਤਾਂ ਦਾ ਉਧਾਰ ਕੀਤਾ ਤੇ ਸਿਖੀ ਮਾਰਗ ਦਾ ਉਦੇਸ਼ ਸੰਗਤਾਂ ਨੂੰ ਦ੍ਰਿੜਾਇਆ। ਆਪ ਜੀ ਏਥੋਂ ਚਲ ਕੇ, ਕੋਟ ਈਸੇ ਖਾਂ, ਫਤਹਿ ਗੜ੍ਹ ਪੰਜ ਤੂਰ ਹੁੰਦੇ ਹੋਏ ਹਰੀਕੇ ਪੱਤਣ ਲੰਘ ਕੇ ਖਡੂਰ ਸਾਹਿਬ ਸੰਗਤਾਂ ਨੂੰ ਜਾ ਦੀਦਾਰ ਦਿਤੇ।

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

## ਦੋਹਿਰਾ ॥

ਸ੍ਰੀ ਸਤਿਗੁਰ ਬਰ[1] ਅਮਰ ਜੀ ਸਰਨ ਨਰਨ ਦੁਖ ਹਰਨ ॥
ਕਾਰਨ ਕਰਨ ਸੁਜਾਨ[2] ਮਨ ਨਮਸਕਾਰ ਤਿਨ ਚਰਨ ॥ ੧ ॥

## ਕਬਿੱਤ ॥

ਰਜਨੀ[3] ਅਵਿਦਿਆ ਸਰ[4] ਭ੍ਰਮ ਸੋ ਤਿਮਰ[5] ਹਰ, ਕੋਕ[6] ਸੋ ਕਿੰਕਰ[7] ਬਰ ਕੀਨੇ ਬ੍ਰਿਹੋ[8] ਛੀਨ ਹੈ ॥
ਮਾਲ[9] ਉਡ ਕਲਮਲ[10] ਕੰਦਲ ਦੁਰਾਏ[11] ਦਲ ਪਲ ਪਲ ਗਿਆਨ ਸੋ ਪ੍ਰਕਾਸ਼ ਭਵ ਕੀਨ ਹੈ॥
ਬੇਮੁਖ ਕੁਮਦ[12] ਦੁਖ ਸਨਮੁਖ[13] ਕੰਜ[14] ਸੁਖ ਗਤਿ ਸੁ ਭਗਤ ਨਿਤ ਜਾਨੀਏ ਅਧੀਨ ਹੈ ॥
ਅਮਰ ਦਰਸ ਭਾਨੁ[15] ਲੱਛਣ ਸਮਾਨ ਸਭ ਏਕ ਗੁਣ ਅਧਿਕ ਪੈ ਤਪਤ ਬਿਹੀਨ[16] ਹੈ ॥ ੨ ॥

---

੧. ਸ੍ਰੇਸਟ । ੨. ਚਤੁਰ । ੩. ਰਾਤ । ੪. ਸਰੋਵਰ, ਤਾਲ । ੫. ਅਗਿਆਨ, ਅੰਧੇਰਾ । ੬. ਚਕਵਾ । ੭. ਸੇਵਕ । ੮. ਵਿਛੋੜਾ । ੯. ਤਾਰਾਗਣ । ੧੦. ਪਾਪ । ੧੧. ਮਾਤ ਕੀਤੇ । ੧੨. ਕਵੀਆਂ—ਨੀਲੋਫਰ । ੧੩. ਸੌਂਹੇ—ਹਾਜਿਰ । ੧੪. ਕਮਲ । ੧੫. ਸੂਰਜ । ੧੬. ਬਿਨਾ ।

Digitized by Panjab Digital Library | www.panjabdigilib.org

## ਨਥਾਵਿਆਂ ਦੀ ਥਾਂਵ

## ਸਿਖ ਕੌਮ ਦੇ ਤੀਜੇ ਪਾਤਸ਼ਾਹ



ਸ੍ਰੀ ਗੁਰੂ ਅਮਰ ਦਾਸ ਜੀ ਮਹਾਰਾਜ



igital Library |

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

'ਅੰਗਦ ਕਿਰਪਾ ਧਾਰਿ ਅਮਰੁ ਸਤਿਗੁਰ ਥਿਰੁ ਕੀਅਉ।'

ਸ੍ਰੀ ਗੁਰੂ †ਅਮਰਦਾਸ ਜੀ ਜਦ ਬੀਬੀ ਅਮਰੋ ਦੀ ਪ੍ਰੇਰਨਾ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਆਏ, ਤਾਂ 'ਦਰਸ਼ਨ ਭੇਟਤ ਹੋਤ ਨਿਹਾਲ।' ਦੇ ਮਹਾਂਵਾਕ ਅਨੁਸਾਰ ਆਪ ਦਰਸ਼ਨ ਕਰ ਕੇ ਹੀ ਪ੍ਰਸੰਨ ਹੋ ਗਏ। ਆਪ ਦੇ ਜੀਵਨ ਵਿਚ ਸਤਿਗੁਰਾਂ ਦੀ ਚਰਨ ਛੋਹ ਨੇ ਉਹ ਪਲਟਾ ਲਿਆਂਦਾ ਕਿ ਆਪ ਦੁਨਿਆਵੀ ਕੁੜਮ ਚਾਰੀ ਛਡ ਕੇ ਗੁਰ ਅੰਗਦ ਦੇਵ ਜੀ ਦੀ ਸੇਵਾ ਵਿਚ ਲਗ ਪਏ ਅਤੇ ੧੨ ਸਾਲ ਲਗਾਤਾਰ ਗੁਰੂ ਜੀ ਦੀ ਅਦੁਤੀ ਸੇਵਾ ਕਰਨ ਤੇ 'ਅੰਗਦ ਕਿਰਪਾ ਧਾਰਿ ਅਮਰੁ ਸਤਿਗੁਰ ਥਿਰ ਕੀਅਉ' ਦੇ ਭਾਵ ਅਨੁਸਾਰ ਜਗਤ ਗੁਰੂ ਦੀ ਪਦਵੀ ਤੇ ਅਰੂੜ ਹੋ ਗਏ। ਆਪ ਜੀ ਆਪ ਤੋਂ ਪਹਿਲੇ ਸਤਿਗੁਰਾਂ ਦੇ ਪੂਰਨਿਆਂ ਦੇ ਅਨੁਸਾਰ ਸਿੱਖੀ ਪ੍ਰਚਾਰ ਕਰਦੇ ਹੋਏ ਜਗਤ ਦਾ ਉਧਾਰ ਕਰਦੇ ਰਹੇ। ਸੋ ਜਿਸ ਜਿਸ ਸੁਭਾਗ ਭੂਮੀ ਨੂੰ ਆਪ ਦੇ ਪਵਿੱਤ੍ਰ ਚਰਨਾਂ ਦੀ ਪਵਨ ਛੋਹ ਪ੍ਰਾਪਤ ਹੋਈ ਉਨ੍ਹਾਂ ਗੁਰਅਸਥਾਨਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ।

## ੧. ਗੁ: ਜੋਤੀ ਸਰ ਅੰਬਾਲਾ

ਤਹਿਸੀਲ ਰੋਪੜ ਵਿਚ ਜੋਤੀ ਸਰ ਨਾਮ ਦਾ ਇਕ ਗੁਰ ਅਸਥਾਨ ਪ੍ਰਸਿੱਧ ਹੈ। ਜਿਥੇ ਸ੍ਰੀ ਗੁਰੂ ਅਮਰ ਦਾਸ ਜੀ ਮਹਾਰਾਜ ਨੇ ਪਵਿੱਤਰ ਚਰਨ ਪਾਏ ਹਨ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਗੁਰਬਾਣੀ ਦਾ ਉਪਦੇਸ਼ ਸੁਣਾ ਕੇ ਨਿਹਾਲ ਕੀਤਾ। ਇਸ ਗੁਰਦੁਆਰੇ ਨੂੰ ੩੦੦) ਰੁਪਈਏ ਸਾਲਾਨਾ ਆਮਦਨ ਹੈ। ਇਸਦੇ ਇਲਾਵਾ ਆਪ ਜੀ ਦੇ ਮਾਲਵੇ ਤੇ ਮੈਣ-ਦੁਆਬ ਦੇ ਇਲਾਕੇ ਵਿਚ ਹੋਰ ਭੀ ਕਈ ਗੁਰ ਅਸਥਾਨ ਹਨ, ਜੋ ਪ੍ਰਗਟ ਨਹੀਂ ਹੋਏ। ਸਮਾਂ ਆਉਣ ਪਰ ਇਹ ਗੁਰ ਅਸਥਾਨ ਪ੍ਰਗਟ ਹੋ ਜਾਣਗੇ ਅਤੇ ਭਾਈ ਗੁਰਦਾਸ ਜੀ ਦਾ 'ਘਰ ਘਰ ਅੰਦਰ ਧਰਮਸਾਲ ਹੋਵੇ ਕੀਰਤਨ ਸਦਾ ਵਸੋਆ' ਦਾ ਵਾਕ ਸੰਪੂਰਨ ਹੋਵੇਗਾ। ਇਸ ਗੁਰਦੁਆਰੇ ਦੇ ਨਾਮ ੩੦੦) ਦੀ ਜਾਗੀਰ ਭੀ ਹੈ।

## ੨. ਗੁ: ਥਾਨੇਸਰ

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਬਹੁਤ ਸਾਰੇ ਤੀਰਥਾਂ ਪਰ ਜਾਕੇ ਗੁਰਮਤਿ ਦਾ ਪ੍ਰਚਾਰ ਕੀਤਾ। ਜਿਥੇ ਆਪ ਨੇ ਹੋਰ ਧਰਤੀਆਂ ਨੂੰ ਭਾਗ ਲਾਏ ਉਥੇ ਆਪ ਮਾਲਵੇ ਵਿਚੋਂ ਦੀ ਵਿਚਰਦੇ ਹੋਏ ਤੇ ਏਸ ਧਰਤੀ ਨੂੰ ਆਪਣੇ ਪਵਿੱਤ੍ਰ ਚਰਨਾਂ ਦੀ ਛੁਹ ਨਾਲ ਪਾਵਨ ਕਰਦੇ ਹੋਏ ਥਾਨੇਸਰ ਭੀ ਗਏ ਸਨ। ਰੇਲਵੇ ਸਟੇਸ਼ਨ ਥਾਨੇਸਰ ਸ਼ਹਿਰ ਤੋਂ ਅੱਧ ਮੀਲ ਤੇ ਆਪ ਜੀ ਦੀ ਯਾਦ ਵਿਚ ਬਣਿਆ ਹੋਇਆ ਗੁਰ ਅਸਥਾਨ ਉੱਤਰ ਵਲ ਹੈ। ਇਸਤੋਂ ਅੱਗੇ ਥਾਨੇਸਰ ਤੋਂ ੩ ਮੀਲ ਦੂਰ ਆਪ ਦਾ ਇਕ ਹੋਰ ਅਸਥਾਨ ਹੈ ਜੋ ਕੁਰਖੇਤਰ ਦੇ ਪ੍ਰਸਿੱਧ ਸਰੋਵਰ ਦੇ ਕੰਢੇ ਤੇ ਹੈ।

---

†ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਵੈਸਾਖ ਸੁਦੀ ੧੪ ਸੰਮਤ ੧੫੩੬ ਮੁਤਾਬਕ ੫ ਮਈ ਸੰਨ ੧੪੭੯ ਨੂੰ ਪਿੰਡ ਬਾਸਰਕੇ ਵਿਖੇ ਮਾਤਾ ਸੁਲੱਖਣੀ (ਲਛਮੀ) ਦੀ ਕੁਖ ਤੋਂ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਤੇਜਭਾਨ ਸੀ। ਸ੍ਰੀ ਗੁਰੂ ਅਮਰਦਾਸ ਜੀ ਦਾ ਅਨੰਦ ਕਾਰਜ (ਵਿਆਹ) ੧੧ ਮਾਘ ਸੰ: ੧੫੫੯ ਨੂੰ ਸ੍ਰੀਮਤੀ ਮਨਸਾ ਦੇਵੀ ਜੀ ਨਾਲ ਹੋਇਆ। ਆਪ ਦੇ ਗ੍ਰਿਹਿ ਵਿਖੇ ਦੋ ਸਪੁੱਤ੍ਰ ਤੇ ਦੋ ਸਪੁੱਤ੍ਰੀਆਂ ਹੋਈਆਂ, ਜਿਨ੍ਹਾਂ ਦਾ ਨਾਮ ਮੋਹਣ ਜੀ ਤੇ ਮੋਹਰੀ ਜੀ ਅਤੇ ਭਾਨੀ ਜੀ ਤੇ ਦਾਨੀ ਜੀ ਸੀ। ਆਪ ਸੰਮਤ ੧੫੯੭ ਵਿਚ ਗੁਰੂ ਅੰਗਦ ਦੇਵ ਜੀ ਦੇ ਸਿਖ ਬਣੇ ਅਤੇ ਗੁਰੂ ਘਰ ਦੀ ਇਤਨੀ ਕਠਨ ਘਾਲਣਾ ਘਾਲ ਕੇ ਨਿਸ਼ਕਾਮ ਸੇਵਾ ਕੀਤੀ ਕਿ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ੩ ਵੈਸਾਖ ਸੰਮਤ ੧੬੦੯ ਨੂੰ ਆਪ ਨੂੰ ਗੁਰ ਗੱਦੀ ਬਖਸ਼ੀ ਅਤੇ ਭਾਦੋਂ ਸੁਦੀ ੧੫ ਸੰਮਤ ੧੬੩੧-੨ ਅਸੂ ੧੬੩੧, ੧ ਸਤੰਬਰ ੧੫੭੪ ਨੂੰ ਜੋਤੀ ਜੋਤ ਸਮਾਏ। ੨੨ ਵਰ੍ਹੇ ੫ ਮਹੀਨੇ ਗੁਰਆਈ ਕੀਤੀ ਅਤੇ ੯੫ ਵਰ੍ਹੇ ੩ ਮਹੀਨੇ ੨੩ ਦਿਨ ਸਾਰੀ ਅਵਸਥਾ ਭੋਗੀ 'ਗੁਰ ਅਮਰ ਦਾਸ ਜਿਨ ਸੇਵਿਓ ਤਿੰਨ ਦੁਖ ਦਰਿਦ੍ਰ ਪਰ ਹਰ ਪਰੈ।'

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

## { ਦੋਹਿਰਾ ॥ }

ਰਾਮ ਦਾਸ ਸੁਖ[੧] ਰਾਸ ਪ੍ਰਭੁ ਸੇਵਕ ਤ੍ਰਾਸ[੨] ਵਿਦਾਰ[੩] ॥
ਪਗ ਪਰ ਮੁਰ[੪] ਪਰਣਾਮ[੫] ਹੈ ਪਰਨਾ[੬] ਸਰਨ ਵਿਚਾਰ ॥ ੧ ॥

## { ਕਬਿੱਤ ॥ }

ਪੁਖਕਰ[੭] ਭਰੇ ਪੁਖਕਰ[੮] ਪੁਖਕਰ[੯] ਜਯੋ, ਪੇਖ ਕਰ ਸਸੀ[੧੦] ਕਰ ਕਰੈ[੧੧] ਦੁਤਿ ਹੀਨ ਹੈ ॥
ਪੁਖਕਰ[੧੨] ਹੀਨ ਦਿਨਕਰ[੧੩] ਕਰੈ ਛੀਨ ਤਿਸ, ਖਰ[੧੪] ਧਾਰੀ ਦੇਹ ਪਰ ਯਾਂਤੇ ਸੋ ਮਲੀਨ ਹੈ ॥
ਸੁਖਮਾਂ[੧੫] ਨਿਹਾਰ ਭੌਰ ਦਹਿਤ[੧੬] ਅਪਾਰ[੧੭] ਆਨ, ਜਾਰਤ ਤੁਖਾਰ[੧੮] ਐਸੇ ਔਗਨ ਅਧੀਨ ਹੈ ॥
ਸਤਿਗੁਰੂ ਰਾਮਦਾਸ ਚਰਨ ਮੁਕਤਿ ਦੇਤ, ਉਪਮਾ ਕਮਲ ਕੀਨ ਬਨੈ ਬਿਧੀ[੧੯] ਹੀਨ ਹੈ ॥ ੨ ॥

---

੧. ਸੁਖ ਦਾ ਪੁੰਜ । ੨. ਡਰ । ੩. ਨਾਸ ਕਰਨ ਵਾਲੇ । ੪. ਮੇਰੀ । ੫. ਨਮਸਕਾਰ । ੬. ਆਸਰਾ । ੭. ਤਾਲ । ੮. ਜਲ । ੯. ਕਮਲ । ੧੦. ਚੰਦ੍ਰਮਾ । ੧੧. ਸੋਭਾ । ੧੨. ਜਲ । ੧੩. ਸੂਰਜ । ੧੪. ਕੰਡੇ । ੧੫. ਸੋਭਾ । ੧੬ ਦੁਖ ਹੁੰਦਾ ਹੈ । ੧੭. ਬੇਸ਼ੁਮਾਰ । ੧੮. ਪਾਲ੍ਹਾ—ਕੱਕਰ । ੧੯. ਜੁਗਤੀ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਸਿੱਖ ਕੌਮ ਦੇ ਚੌਥੇ ਪਾਤਸ਼ਾਹ

॥ ਧੰਨੁ ਧੰਨੁ ਰਾਮਦਾਸ ਗੁਰੁ ਜਿਨ ਸਿਮਰਿਆ ਤਿਨੈ ਸਵਾਰਿਆ ॥



॥ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ॥

Digitized by Panjab Digital Library | www.panjabdigilib.org

੧ ੳ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ

'ਗੁਰੂ ਨਾਨਕ ਗੋਬਿੰਦ ਰੂਪ' ਦੀ ਸਾਖਿਆਤ ਚੌਥੀ ਜੋਤ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ† ਦਾ ਸ੍ਰੀ ਗੁਰੂ ਅਮਰਦਾਸ ਜੀ ਦੀ ਸਰਨ ਵਿਚ ਆਉਣਾ ਵੀ ਇਕ ਅਲੌਕਿਕ ਘਟਨਾ ਹੈ। ਉਸ ਦਿਨ ਤੋਂ ਹੀ ਆਪ ਜੀ ਸ੍ਰੀ ਗੁਰੂ ਅਮਰ ਦਾਸ ਜੀ ਦੀ ਸੇਵਾ ਵਿੱਚ ਤੱਤਪਰ ਹੋ ਗਏ। ਪ੍ਰਾਹੁਣਾਚਾਰੀ ਦੀ ਲਜ ਪਤ ਨੂੰ ਛਡ ਕੇ ਗੁਰੂ ਸਾਹਿਬ ਦੀ ਸੇਵਾ ਕਰਨ ਲਗੇ 'ਪੂਰਬ ਕਰਮ ਅੰਕੁਰ ਜਬ ਪ੍ਰਗਟੇ, ਭੇਟਿਓ ਪੁਰਖ ਰਸਕਿ ਬੈਰਾਗੀ' ਦੇ ਪਵਿੱਤਰ ਵਾਕ ਅਨੁਸਾਰ ਅਤੇ ਬੀਬੀ ਭਾਨੀ ਦੀ ਮੰਗ ਅਨੁਸਾਰ 'ਗੁਰ ਗਦੀ ਘਰ ਵਿੱਚ ਹੀ ਰਖੀ ਜਾਵੇ' ਗੁਰੂ ਰਾਮ ਦਾਸ ਜੀ ਦੀ 'ਘਾਲ ਥਾਇ ਪਈ', ਤੇ ਗੁਰ ਗਦੀ ਦੀ ਮਹਾਨ ਉੱਚੀ ਦਾਤ ਪ੍ਰਾਪਤ ਕਰਕੇ ਗੁਰੂ ਰਾਮਦਾਸ ਸੋਢੀ ਪਾਤਸ਼ਾਹ ਦੇ ਨਾਮ ਨਾਲ ਨਿਵਾਜੇ ਜਾਣ ਲਗੇ‡। ਜਿਥੇ ਜਿਥੇ ਵੀ ਆਪ ਜੀ ਨੇ ਜਗਤ ਦੇ ਜੀਵਾਂ ਦੀ ਕਲਿਆਣ ਖਾਤਰ ਦੇਸ਼ਾ ਰਟਨ ਕਰਦਿਆਂ ਆਪਣੇ ਪਾਵਨ ਚਰਨ ਮਾਲਵੇ ਦੇਸ਼ ਵਿਚ ਪਾਏ, ਉਹ ਅਗੇ ਲਿਖੇ ਜਾਂਦੇ ਹਨ।

---

†ਅਵਤਾਰ:—ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਅਵਤਾਰ ੨੬ ਅਸੂ ਕੱਤਕ ਵਦੀ ਦੂਜ ਸੰਮਤ ੧੫੯੧ ਬਿਕਰਮੀ ਸੰਨ ੧੫੩੪ ਈਸਵੀ ਦਇਆ ਕੌਰ ਜੀ ਦੇ ਉਦਰ ਤੋਂ ਪਿਤਾ ਹਰਦਾਸ ਸੋਢੀ ਦੇ ਘਰ ਲਾਹੌਰ ਵਿਚ ਹੋਇਆ।

ਸ਼ਾਦੀ:—ਆਪ ਦੀ ਦਾ ਅਨੰਦ ਕਾਰਜ ਬੀਬੀ ਭਾਨੀ ਜੀ ਸਪੁੱਤਰੀ ਸ੍ਰੀ ਗੁਰੂ ਅਮਰ ਦਾਸ ਜੀ ਦੇ ਨਾਲ ਹੋਇਆ।

ਸੰਤਾਨ:—ਆਪ ਜੀ ਦੇ ਤਿੰਨ ਸਪੁੱਤਰ ਸਨ, ਪ੍ਰਿਥੀਆ, ਮਹਾਂ ਦੇਵ, ਗੁਰੂ ਅਰਜਨ ਦੇਵ ਜੀ।

ਉਪਕਾਰ (੧) ਜਪ ਨੀਸਾਣ ਨਾਵੇਂ ਜਪੁਜੀ ਸਾਹਿਬ ਦਾ ਸੰਗ੍ਰਹਿ ਕੀਤਾ। (੨) ਅੰਮ੍ਰਿਤਸਰ ਸ਼ਹਿਰ ਵਸਾਇਆ। (੩) ਸਰੋਵਰ ਬਣਾਇਆ।

ਜੋਤੀ ਜੋਤ ਸਮਾਉਣਾ:—੨ ਅਸੂ, ਭਾਦ੍ਰੋਂ ਸੁਦੀ ੩, ਸੰਮਤ ੧੬੩੮ ਸੰਨ ੧੫੮੧ ਨੂੰ ਗੋਇੰਦਵਾਲ ਜੋਤੀ ਜੋਤ ਸਮਾਏ, ੭ ਵਰ੍ਹੇ ਗੁਰਿਆਈ ਕੀਤੀ, ਇਹ ੭ ਵਰ੍ਹੇ ਵੀ ਸ੍ਰੀ ਗੁਰੂ ਅਮਰ ਦਾਸ ਜੀ ਨੇ ਬੀਬੀ ਭਾਨੀ ਦੇ ਵਰ ਥਾਪਣ ਤੇ ਆਪਣੀ ਰਹਿੰਦੀ ਉਮਰ ਬਖਸ਼ੀ, ਸਾਰੀ ਅਵਸਥਾ ੪੬ ਵਰ੍ਹੇ ੧੧ ਮਹੀਨੇ ੭ ਦਿਨ ਭੋਗ ਕੇ ਜੋਤੀ ਜੋਤ ਸਮਾਏ।

‡ਨੋਟ–ਗੁਰ ਗੱਦੀ ਪਰ ਬ੍ਰਾਜਮਾਨ ਹੋਣ ਤੋਂ ਉਪ੍ਰੰਤ ਆਪ ਜੀ ਨੇ ਇਹ ਸ੍ਰੀ ਗੁਰੂ ਅਮਰਦਾਸ ਜੀ ਦੇ ਇਸ ਹੁਕਮ ਦੀ ਪਾਲਣਾ ਕੀਤੀ ਕਿ ਸਿੱਖੀ ਦਾ ਇਕ ਧਾਰਮਿਕ ਕੇਂਦਰ ਕਾਇਮ ਹੋਣਾ ਚਾਹੀਦਾ ਹੈ, ਇਸ ਕਰਕੇ ਆਪ ਦੇ ਜੀਵਨ ਦਾ ਵੱਡਾ ਭਾਗ ਸ੍ਰੀ ਅੰਮ੍ਰਿਤਸਰ ਨੂੰ ਪ੍ਰਫੁਲਤ ਕਰਨ ਵਿੱਚ ਲੰਘਿਆ ਇਸ ਕਰਕੇ ਆਪ ਮਾਲਵੇ ਵਿੱਚ ਪ੍ਰਚਾਰ ਦਾ ਦੌਰਾ ਨਹੀਂ ਕਰ ਸਕੇ। 'ਇਕ ਅਰਦਾਸ ਭਾਟ ਕੀਰਤਿ ਕੀ ਗੁਰ ਰਾਮਦਾਸ ਰਖਹੁ ਸਰਨਾਈ' ॥ ਸ: ਮ: ੪ ॥

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

## ਦੋਹਿਰਾ

ਸ੍ਰੀ ਅਰਜਨ ਸ੍ਰੋਤਾ[੧] ਅਰਜ[੨] ਸਿਰਜਨ ਆਰਜ[੩] ਤਾਇ ।
ਲਰਜਤ[੪] ਜਮ ਜਿਨ ਨਾਮ ਤੇ ਬੰਦੋਂ[੫] ਤਿਨ ਜੁਗ ਪਾਇ ।੧।

## ਕਬਿੱਤ

ਲੋਚਨ[੬] ਵਿਲੋਕਤ[੭] ਨ ਚਾਹੈ ਚਿਤ ਆਨ[੮] ਦੁਤਿ, ਵਿਸ਼ੇ ਕੇ ਵਿਲਾਸ[੯] ਆਸ ਪਾਸਨ ਨ ਜਾਵਈ ।
ਕਾਨ ਆਨ ਗਾਨ ਤਾਨ[੧੦] ਸੁਨੇ ਨ ਅਯਾਨ[੧੧] ਇਵ ਬਿਸਰਾ ਆਪਾਨ[੧੨] ਤਾਨ ਮਾਨ[੧੩] ਸੋ ਨ ਆਵਈ ।
ਭਈ ਉਨਮਤ[੧੪] ਗਤੀ ਆਨਦ ਉਦਧਿ[੧੫] ਵਤ, ਚਿਤ ਮੈ ਬਿਓਗ ਤਿਸ ਕਬਹੂ ਨ ਭਾਵਈ ।
ਜਨ ਅਰਜਨ ਪਦ ਪਦਮ[੧੬] ਕੋ ਦੇਖ ਕਰ, ਸਿਖ ਮਨ ਭੌਰ ਭਯੋ ਭ੍ਰਮਤ ਲੋਭਾਵਈ ।੨।

---

੧. ਸੁਣਨਹਾਰ । ੨. ਬੇਨਤੀ । ੩. ਸ੍ਰਿਸ਼ਟਤਾ (ਆਰਯਪਦਾ) ੪. ਕੰਬਦਾ ਹੈ । ੫. ਵੰਦੇਂ । ੬. ਨੇਤ੍ਰ । ੭. ਦੇਖ ਕੇ । ੮. ਹੋਰ । ੯. ਮੌਜ-ਰੰਗ । ੧੦. ਰਾਗ ਦਾ ਤਾਣ । ੧੧. ਇਆਣੇ ਵਾਂਗ । ੧੨. ਆਪਣਾ ਆਪ ੧੩. ਇੱਜ਼ਤ । ੧੪. ਕਮਲਾ-ਦਿਵਾਨਾ । ੧੫. ਸਮੁੰਦ੍ਰ । ੧੬. ਕਮਲ ।

Digitized by Panjab Digital Library | www.panjabdigilib.org

# ਸਿਖ ਕੌਮ ਦੇ ਪੰਜਵੇਂ ਪਾਤਸ਼ਾਹ

ਤੇਰਾ ਕੀਆ ਮੀਠਾ ਲਾਗੈ ।
ਨਾਮ ਪਦਾਰਥ ਨਾਨਕ ਮਾਂਗੈ ।



ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

'ਭਨਿ ਮਥੁਰਾ ਕਛੁ ਭੇਦ ਨਹੀਂ ਗੁਰੂ ਅਰਜਨ ਪਰਤਖ ਹਰਿ ॥'

ਜਗਤ ਚਾਨਣ ਸਤਿਗੁਰੂ ਨਾਨਕ ਦੇਵ ਜੀ ਦੀ ਪੰਚਮ ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪਣੇ ਨਾਨਾ ਸ੍ਰੀ ਗੁਰੂ ਅਮਰ ਦਾਸ ਜੀ ਤੋਂ ਦੋ ਵਰ, 'ਇਕ ਗੁਰ ਗੱਦੀ ਪਰ ਬੈਠਣ ਦਾ, ਅਤੇ ਦੂਜਾ ਦੋਹਿਤਾ ਬਾਣੀ ਦਾ ਬੋਹਿਥਾ' ਪ੍ਰਾਪਤ ਕਰਕੇ, ਪਹਿਲੇ ਐਸੇ ਗੁਰੂ ਗੁਰਤਾ ਗਦੀ ਪਰ ਬਿਰਾਜੇ, ਜਿਨ੍ਹਾਂ ਦੇ ਪਿਤਾ ਵੀ ਗੁਰੂ ਅਤੇ ਫੇਰ ਸਪੁੱਤਰ ਗੁਰੂ ਕਹਾਏ।

ਇਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ਕ ਝੰਡੇ ਨੂੰ ਜੁਗ ਜੁਗ ਅਟੱਲ ਲਹਿਰਾਉਂਦਾ ਰਖਣ ਲਈ ਆਪਾ ਵਾਰਿਆ, ਲੱਖਾਂ ਆਈਆਂ ਔਕੜਾਂ ਦਾ ਸਾਹਮਣਾ ਕੀਤਾ, ਤੇ ਅਸਹਿ ਤੇ ਅਕਹਿ ਕਸ਼ਟ ਸਹਾਰੇ।

---

†ਜਨਮ—ਆਪ ਦਾ ਜਨਮ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਸੁਭਾਗ ਕੁਖੋਂ ਵਿਸਾਖ ਸੁਦੀ ਸਤਮੀ ਸੰਮਤ ੧੬੨੦ ਬਿਕਰਮੀ ਵਿੱਚ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੋਇਆ।

ਸ਼ਾਦੀ—ਆਪ ਦੀ ਸ਼ਾਦੀ ਮਾਤਾ ਗੰਗਾ ਜੀ ਨਾਲ ਮਉ ਪਿੰਡ ਵਿਚ ਹੋਈ।

ਸੰਤਾਨ—ਆਪ ਜੀ ਦੀ ਗੁਪਤ ਪ੍ਰੇਰਨਾ ਦੀ ਕ੍ਰਿਪਾ ਨਾਲ ਬਾਬਾ ਬੁਢਾ ਜੀ ਦੇ ਵਰਦਾਨ ਤੋਂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। ਜਿਨ੍ਹਾਂ ਦੀ ਉਦਾਰਤਾ ਦਾ ਸਦਕਾ ਸਿੱਖ ਕੌਮ ਵਿੱਚ ਬੀਰਤਾ ਦਾ ਪ੍ਰਾਰੰਭ ਹੋਇਆ।

ਯੋਗਤਾ—ਆਪ ਜੀ ਬਾਲ ਅਵਸਥਾ ਤੋਂ ਹੀ ਗਹਿਰ ਗੰਭੀਰ, ਕਵੀ, ਆਲਮ, ਭਜਨੀਕ ਤੇ ਆਗਿਆਕਾਰ ਸਨ। ਆਪ ਜੀ ਨੂੰ ਗੁਰ ਗੱਦੀ ਦੇ ਯੋਗ ਜਾਣ ਕੇ ਭਾਦਰੋਂ ਸੁਦੀ ਦੋ ਸੰਮਤ ੧੬੩੮ ਨੂੰ ਗੁਰਿਆਈ ਦੀ ਗੱਦੀ ਪਰ ਸ਼ਸ਼ੋਭਤ ਕੀਤਾ।

ਉਪਕਾਰ—ੳ. ਗੁਰੂ ਨਾਨਕ ਦੇਵ ਜੀ ਦੀ ਲਾਈ ਸਿਖ ਵਾੜੀ ਨੂੰ ਸੰਘਟਤ ਕਰਨ ਲਈ ਥਾਂ ਥਾਂ ਪ੍ਰਚਾਰਕ ਘਲੇ।

ਅ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਤਿਆਰ ਕੀਤੀ। ਪਹਿਲੇ ਸਤਿਗੁਰਾਂ ਦੀ ਬਾਣੀ ਤੇ ਹੋਰ ਪ੍ਰਮਾਣੀਕ ਬਾਣੀ ਨੂੰ ਇਕ ਥਾਂ ਇਕੱਤਰ ਕਰਕੇ ਇਸ ਵਿਚ ਮਲਾਵਟ ਹੋ ਸਕਣ ਦੀ ਸੰਭਾਵਨਾ ਨੂੰ ਸਦਾ ਵਾਸਤੇ ਅਸੰਭਵ ਬਣਾ ਦਿੱਤਾ।

ੲ. ਗੁਰਮਤਿ ਸੰਗੀਤ ਸਿੱਖਾਂ ਵਿੱਚ ਪਰਚਲਤ ਕਰਕੇ ਸਿੱਖਾਂ ਨੂੰ ਕੀਰਤਨ ਦੀ ਦਾਤ ਦਾ ਅਮੁਕ ਭੰਡਾਰਾ ਬਖਸ਼ਿਆ।

ਸ. ਸਥਾਨ ਵਿਕਾਸ਼ ਦੀਆਂ ਯੋਜਨਾਵਾਂ ਅਮਲ ਵਿੱਚ ਲਿਆਂਦੀਆਂ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸੰਤੋਖਸਰ, ਰਾਮ ਸਰ, ਬਾਉਲੀ ਸਾਹਿਬ ਲਾਹੌਰ, ਸ੍ਰੀ ਤਰਨ ਤਾਰਨ, ਗੁਰੂ ਕਾ ਬਾਗ, ਸ੍ਰੀ ਕਰਤਾਰ ਪੁਰ ਆਦਿ।

ਹ. ਥਾਂ ਥਾਂ ਪਸ਼ੂਆਂ ਦੀਆਂ ਮੰਡੀਆਂ, ਘੋੜਿਆਂ ਦੇ ਬਿਉਪਾਰ ਦਾ ਸ਼ੌਕ ਸਿਖਾਂ ਵਿਚ ਪੈਦਾ ਕਰਨਾ।

ਕ. ਕੁਸ਼ਟ ਦੇ ਰੋਗੀਆਂ ਲਈ ਸ੍ਰੀ ਤਰਨ ਤਾਰਨ ਵਿੱਚ ਅਰੋਗਤਾ ਘਰ (ਹਸਪਤਾਲ) ਖੋਲ੍ਹਿਆ। ਸਰੋਵਰ ਵਿਚ ਇਸ਼ਨਾਨ ਕਰ ਕੇ ਅਰੋਗ ਹੋਣ ਦਾ ਵਰ ਬਖਸ਼ਿਆ।

ਖ. ਗੁਰੂ ਘਰ ਦੀ ਉਪਮਾਂ ਸੁਣ ਕੇ ਬਾਦਸ਼ਾਹ ਅਕਬਰ ਆਜ਼ਮ ਦਾ ਸਤਿਗੁਰਾਂ ਦੇ ਦਰਸ਼ਨ ਨੂੰ ਆਉਣਾ, ਸਤਿਗੁਰਾਂ ਦਾ ਦਰਬਾਰ ਤੇ ਆਮ ਹਿੰਦੂ-ਮੁਸਲਮਾਨਾਂ ਤੋਂ ਸੋਭਾ ਸੁਣ ਕੇ ਅਕਬਰ ਨੇ ਖੁਸ਼ ਹੋ ਕੇ ਗੁਰੂ ਲੰਗਰ ਲਈ ਜਗੀਰ ਦੇਣੀ।

ਗ. ਸੰਗਤਾਂ ਦੇ ਬਚਨ ਦੀ ਮਹਾਂਨਤਾ : ਆਪ ਨੇ ਚੰਦੂ ਸੁਆਹੀ ਅਤੇ ਹਕੂਮਤ ਵਲੋਂ ਅਨੇਕ ਪ੍ਰਕਾਰ ਦੇ ਤਸੀਹੇ ਸਹਿ ਕੇ ਸੰਗਤ ਦੇ ਬਚਨ ਨੂੰ ਵਿਸ਼ੇਸ਼ਤਾ ਦਿੰਦੇ ਹੋਇਆਂ ਜਬਰ ਨੂੰ ਸਬਰ ਨਾਲ ਨੀਚਾ ਕਰ ਦਖਾਇਆ।

ਘ. ਸੇਵਾ ਭਾਵ : 'ਪਖਾ ਫੇਰੀਂ ਪਾਣੀ ਢੋਵਾ ਹਰ ਜਨ ਕੈ ਪੀਸਣ ਪੀਸ ਕਮਾਵਾ' ਆਪਣੇ ਵਿਰਦ ਅਨੁਸਾਰ ਉਪ੍ਰੋਕਤ ਗੁਰ ਵਾਕ ਦੇ ਆਦਰਸ਼ ਨੂੰ ਮੁਖ ਰਖਦਿਆਂ, ਸੰਗਤ ਪੰਗਤ ਨੂੰ ਆਪਣਾ ਰੂਪ ਜਾਣ ਕੇ ਲੰਗਰ ਅਤੇ ਪੱਖੇ ਆਦਿ ਦੀ ਸੇਵਾ ਕਰਿਆ ਕਰਦੇ।

ਜੋਤੀ ਜੋਤ ਸਮਾਉਣਾ : ਗੁਰਮਤ ਦੇ ਨੇਮਾਂ ਦੀ ਰਾਖੀ ਕਰਦੇ ਹੋਏ, ਅਤੇ ਸਤਿ ਪ੍ਰਤਿੱਗਿਆ ਦੀ ਕਸੌਟੀ ਉਤੇ ਸਿਖਾਂ ਨੂੰ ਅਟੱਲ ਰਹਿਣ ਦਾ ਸਬਕ ਦੱਸਣ ਲਈ ਜੇਠ ਸੁਦੀ ਚਾਰ, ੨ ਹਾੜ ਸੰਮਤ ੧੬੬੩, ੩੦ ਮਈ ਸੰਮਤ ੧੬੦੬ ਨੂੰ ਰਾਵੀ ਦੇ ਕਿਨਾਰੇ ਲਾਹੌਰ ਜੋਤੀ ਜੋਤ ਸਮਾਏ। ਆਪ ਜੀ ਦਾ ਪਵਿੱਤ੍ਰ ਦੇਹਰਾ ਕਿਲੇ ਪਾਸ ਸਿਖਾਂ ਦਾ ਯਾਤਰਾ ਅਸਥਾਨ ਹੈ। ਆਪ ਜੀ ਨੇ ੨੪ ਵਰ੍ਹੇ ੯ ਮਹੀਨੇ ਗੁਰਿਆਈ ਕੀਤੀ ਅਤੇ ੪੩ ਵਰ੍ਹੇ ੧ ਮਹੀਨਾ ੧੫ ਦਿਨ ਸਾਰੀ ਉਮਰ ਭੋਗ ਕੇ ਦੀਰਖਾ ਵਿਚ ਝੁਲਸੀ ਹੋਈ ਲੋਕੀ ਨੂੰ ਹਰੀ ਭਰੀ ਕਰ ਕੇ ਜੋਤੀ ਜੋਤ ਸਮਾਏ 'ਗੁਰ ਅਰਜੁਨ ਸਿਰਿ ਛਤਰ ਆਪ ਪਿਰਮੇਸਰਿ ਦੀਅਉ।

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

## ਦੋਹਿਰਾ ॥

ਸ੍ਰੀ ਗੁਰੂ ਹਰਿਗੋਬਿੰਦ ਬਰ ਸਨੱਧਬੱਧ[1] ਧਰ ਧਿਆਨ ॥
ਬੰਦੋ ਦੋ ਕਰ ਬੰਦਨਾਂ ਸੁੰਦਰ ਦੁਤਿ ਮਦਨਾਨ[2] ॥ ੧ ॥

## ਕਬਿੱਤ ॥

ਅਮਲ ਕਮਲ ਜੈਸੇ ਕੈਸੇ ਕਹੌਂ ਪਦ ਜੁਗ[3], ਰਜਨੀ[4] ਮੈਂ ਮਹਾਨ ਗਤਿ ਹੋਤ ਨਿਜ ਬਾਨ ਹੈ।
ਜਾਨਿਯੇਂ ਸੰਤਾਨ ਕੇ ਸਮਾਨ ਬਨੈ ਅਨ ਬਨ, ਦਾਨੀ[5] ਮਨ ਕਾਮਨਾਂ ਨਾਂ ਦਾਨੀ[6] ਮੋਖ ਗਿਆਨ ਹੈ।
ਚਿੰਤਾ ਮਨਿ[7] ਜੈਸੇ ਨਖ[8] ਭਾਖੇ ਨਾ ਪਰਤ ਮੁਖ, ਗੋਹ ਨਾ ਮਿਟਾਵੈ ਦੁੱਖ ਜਾਨਤ ਜਹਾਨ ਹੈ।
ਸ੍ਰੀ ਹਰਿਗੋਬਿੰਦ ਪਦ ਆਨੰਦ ਕੇ ਕੰਦ ਜੋਊ, ਉਪਮਾਈ[9] ਆਪ ਪੁਨ ਆਪੇ ਉਪਮਾਨ[10] ਹੈ।੨।

---


੧. ਸ਼ਸਤ੍ਰਧਾਰੀ। ੨. ਕਾਮਦੇਵ ਦੀ ਸ਼ੋਭਾ ਵਾਲੇ। ੩. ਦੋ। ੪. ਰਾਤ। ੫. ਦਾਤੇ। ੬. ਜਾਨਣ ਵਾਲੇ। ੭ ਮਨ ਭਾਉਂਦੀ ਵਸਤ ਦੇਣ ਵਾਲੀ ਕਲਪਤ੍ਰ ਬੱਟੀ। ੮. ਨੌਂਹ। ੯. ਜਿਸ ਨੂੰ ਕਿਸੇ ਦੀ ਉਪਮਾ ਦਿਤੀ ਜਾਵੇ। ੧੦. ਜਿਸ ਦੀ ਉਪਮਾ ਦਿਤੀ ਜਾਵੇ

Digitized by Panjab Digital Library | www.panjabdigilib.org

# ਸਿੱਖ ਕੌਮ ਦੇ ਛੇਵੇਂ ਪਾ:

## ਬੰਦੀ ਛੋੜ

## ਕਿਲਾ ਗੁਆਲੀਅਰ ਚੋਂ ੫੨ ਰਾਜਿਆਂ ਨੂੰ ਆਜ਼ਾਦ ਕਰਾਉਣ ਵਾਲੇ



## ਮੀਰੀ ਪੀਰੀ ਦੇ ਮਾਲਕ

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ



Digitized by Panjab Digital Library | www.panjabdigilib.org

# ਕਿਲ੍ਹਾ ਗਵਾਲੀਅਰ

ਗਵਾਲੀਅਰ ਇਕ ਪ੍ਰਸਿਧ ਰਿਆਸਤ ਹੈ।ਇਸ ਥਾਂ ਇਕ ਵਡਾ ਪੁਰਾਣਾ ਕਿਲਾ ਹੈ। ਜਿਸ ਵਿਚ ਮੁਗਲ ਰਾਜ ਸਮੇਂ ਸ਼ਾਹੀ ਕੈਦੀ ਰਖੇ ਜਾਂਦੇ ਸਨ। ਇਸ ਕਿਲੇ ਦੀ ਲੰਬਾਈ 1¾ ਮੀਲ ਅਤੇ ਚੌੜਾਈ ੨੮੦੦ ਫੁਟ ਹੈ। ਇਹ ਕਿਲਾ ੩੦੦ ਫੁਟ ਦੀ ਉੱਚੀ ਪਹਾੜੀ ਉਪਰ ਹੈ ਜੋ ਬਹੁਤ ਖੁਸ਼ਕ ਹੈ। ਕੰਧ ਦੀ ਬਲੰਦੀ ੩੦ ਫੁਟ ਹੈ। ਚੰਦੂ ਦੀ ਬੇਈਮਾਨੀ (ਚਲਾਕੀ) ਅਤੇ ਬਾਦਸ਼ਾਹ ਜਹਾਂਗੀਰ ਦੀ ਪਾਲਸੀ ਦੇ ਕਾਰਣ* ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਭੀ ਇਸ ਕਿਲੇ ਵਿਚ ਕੁਝ ਸਮੇਂ ਲਈ ਠਹਿਰਾਏ ਗਏ ਸੀ ਜਿਸ ਪ੍ਰਤੀ ਭਾਈ ਗੁਰਦਾਸ ਜੀ ਲਿਖਦੇ ਹਨ:—

"ਗੜ ਚੜਿਆ ਪਾਤਸ਼ਾਹ ਚੜਾਇਆ"

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਜੀ ਨੂੰ ਕਿਲੇ ਚੋਂ ਨਿਕਲਨ ਸਮੇਂ ਬੰਦੀਬਾਨ ਰਾਜਿਆਂ ਨੇ ਘਬਰਾ ਕੇ ਇਓਂ ਅਰਦਾਸ ਕੀਤੀ, ਜਦ ਆਪ ਜੀ ਸਾਨੂੰ ਛਡ ਕੇ ਚਲੇ ਜਾਓਗੇ ਤਾਂ ਸਾਡਾ ਰਾਖਾ ਕੌਣ ਹੋਵੇਗਾ। ਜਿਸ ਪਰ ਸ੍ਰੀ ਗੁਰੂ ਜੀ ਨੇ ਕਲਿਆਂ ਬਾਹਰ ਆਉਣ ਤੋਂ ਇਨਕਾਰ ਕਰ ਦਿਤਾ। ਅਰ ਬਾਦਸ਼ਾਹ ਜਹਾਂਗੀਰ ਵਲੋਂ ਆਗਿਆ ਹੋਈ ਕਿ ਜਿਨੇ ਆਪ ਜੀ ਦੇ ਪਲੇ ਫੜ ਕੇ ਨਿਕਲ ਜਾਣ ਲੈ ਆਵੇ। ਤਦ ਸ੍ਰੀ ਗੁਰੂ ਜੀ ਨੇ ਜਿਨੇ ਬੰਦੀ ਬਾਨ ਰਾਜੇ ਸੀ ਓਨੀਆਂ ਕਲੀਆਂ ਵਾਲਾ† ਚੋਗਾ ਪਾਕੇ ਇਕ ੨ ਕਲੀ ਕਲੇ ੨ ਨੂੰ ਫੜਾ ਕੇ ਸਾਰੇ ਬਾਹਰ ਲਿਆਂਦੇ। ਜਿਸ ਕਰਕੇ ਸ੍ਰੀ ਗੁਰੂ ਜੀ ਦਾ ਨਾਉਂ 'ਬੰਦੀ ਛੋੜ" ਪ੍ਰਚਲਤ ਹੋਇਆ। ਅਫ਼ਸੋਸ ਗੁਰਸਿਖਾਂ ਨੇ ਇਸ ਗੁਰਦੁਆਰੇ ਦੀ ਕੋਈ ਇਮਾਰਤ ਨਹੀਂ ਬਨਾਈ ਅਤੇ ਇਕ ਚਲਾਕ ਮੁਸਲਮਾਨ ਨੇ 'ਬੰਦੀ ਛੋੜ ਦਾਤਾ' ਦੀ ਥੋੜੀ ਜਿਹੀ ਜਗਾ ਕਾਇਮ ਕਰਕੇ ਆਪਣੀ ਉਪ ਜੀਵਕ ਦਾ ਸਾਧਨ ਬਨਾਇਆ ਹੋਇਆ ਹੈ।

---

*ਦੇਖੋ ਜਹਾਂਗੀਰ

† ੫੨ ਕਲੀਆਂ ਵਾਲਾ ਚੋਗਾ ਅੰਤਰਜਾਮੀ ਸ੍ਰੀ ਗੁਰੂ ਜੀ ਨੇ ਪਹਿਲੇ ਤਿਆਰ ਕਰਕੇ ਰਖਿਆ ਹੋਇਆ ਸੀ। ਤੇ ੫੨ ਰਾਜੇ ਬੰਦੀ ਅੰਦਰ ਸੀ। ਜਹਾਂਗੀਰ ਦੇ ਕੈਹਣ ਤੇ ਚੋਗਾ ਪਾਕੇ ਕਲੀਆਂ ਤੇ ਤਣੀਆਂ ਫੜਾ ਕੇ ਲੈ ਆਏ। ਏਹ ਚੋਗਾ ਸ੍ਰੀ ਗੁਰੂ ਜੀ ਨੇ ਸੂਰਤੀਏ ਮਸੰਦ ਨੂੰ ਦਿਤਾ ਸੀ ਜੋ ਅਜ ਕਲ ਪਿੰਡ ਘੁੜਾਣੀ ਰਿਆਸਤ ਪਟਿਆਲਾ ਵਿਚ ਹੈ।

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

'ਅਰਜਨ ਕਾਇਆਂ ਪਲਟ ਕੈ ਮੂਰਤ ਹਰਿ ਗੋਬਿੰਦ ਸਵਾਰੀ।
ਚੱਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਣ ਵਾਰੋ ਵਾਰੀ।
ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰ ਉਪਕਾਰੀ।'

# ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ

ਸਿਖ ਕੌਮ ਦੇ ਛੇਵੇਂ 'ਸਤਿਗੁਰੂ' ਮੀਰੀ ਪੀਰੀ ਦੇ ਮਾਲਕ, ਦਲ ਭੰਜਨ ਸੂਰਮੇਂ, ਵਡ ਜੋਧੇ ਪਰਉਪਕਾਰੀ, ਦੀਨ ਦੁਨੀ ਦੇ ਵਾਲੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ *ਸ੍ਰੀ ਗੁਰੂ ਪੰਚਮ ਪਾਤਸ਼ਾਹ ਦੇ ਇਕਲੌਤੇ ਸਪੁੱਤ੍ਰ ਸਨ। 'ਚਲੀ ਪੀੜ੍ਹੀ ਸੋਢੀਆਂ ਰੂਪ ਦਖਾਵਣ ਵਾਰੋ ਵਾਰੀ' ਦੇ ਵਾਕ ਅਨੁਸਾਰ ਆਪਣੇ ਗੁਰਦੇਵ ਪਿਤਾ ਦੇ ਸ਼ਹੀਦ ਹੋ ਜਾਣ ਪਰ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਦੁਨੀਆਂ ਦੀ ਢਾਲ ਬਣਨ ਲਈ ਗੁਰ ਗੱਦੀ ਦੇ ਵਾਰਸ ਬਣੇ, ਭਾਵ 'ਅਰਜਨ ਕਾਇਆਂ ਪਲਟ ਕੈ ਮੂਰਤ ਹਰਿ ਗੋਬਿੰਦ ਸਵਾਰੀ।'

ਸ਼ਹੀਦਾਂ ਦੇ ਸਿਰਤਾਜ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿਛੋਂ ਸਿੱਖੀ ਵਿਚ ਇਕ ਨਵੇਂ ਕਾਂਡ ਦਾ ਅਰੰਭ ਹੋਇਆ। ਇਸ ਤੋਂ ਪਹਿਲਾਂ ਸਿੱਖੀ ਵਿਚ ਭਗਤੀ ਮਾਰਗ ਦਾ ਅੰਸ਼ ਪ੍ਰਧਾਨ ਸੀ। ਸ੍ਰੀ ਗੁਰੂ ਨਾਨਕ ਦੇਵ ਦੀ 'ਗ੍ਰੀਬੀ ਗਦਾ ਹਮਾਰੀ, ਖੰਨਾ ਸਗਲ ਰੇਣ ਛਾਰੀ, ਤਿਸ ਅਗੇ ਕੋਈ ਨਾ ਟਿਕੇ ਵਿਕਾਰੀ' ਦੇ ਹੁਕਮ ਅਨੁਸਾਰ ਆਤਮ ਬਲ ਤੇ ਹੰਕਾਰੀਆਂ ਦੇ ਹੰਕਾਰ ਤੋੜ ਕੇ ਵਡੇਰ ਹੰਕਾਰੀਆਂ ਨੂੰ ਗੁਰੂ ਘਰ ਅਗੇ ਨਿਵਾਇਆ ਅਤੇ ਜਬਰ ਤੇ ਸਬਰ ਦਾ ਜੁਧ ਹੋਇਆ। ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਕਈ ਪਰਕਾਰ ਦੇ ਤਸੀਹੇ ਦੇਕੇ ਸ਼ਹੀਦ ਕਰ ਦਿਤੇ ਗਏ। ਪਾਪ ਨੇ ਧਰਮ ਨੂੰ ਆਪਣੇ ਸਾਹਮਣੇ ਝੁਕਾਉਣ ਲਈ ਸਾਰਾ ਜ਼ੋਰ ਲਗਾਇਆ, ਅਜਿਹੀ ਅਵਸਥਾ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਕੇ, ਭਗਤੀ ਤੇ ਧਰਮ ਦੀ ਰੱਖਿਆ ਕਰਨ ਲਈ ਗੁਰਸਿਖਾਂ ਵਿਚ ਬੀਰਤਾ ਦਾ ਸੰਚਾਰਨ ਕਰਕੇ ਆਪ ਨੇ ਰਸਿਕ ਵੈਰਾਗੀਆਂ ਦੀ ਇਕ ਨਿਰਾਲੀ

---

ਜਨਮ : ਆਪ ਦਾ ਜਨਮ ੨੧ ਹਾੜ (ਵਦੀ ੬) ਸੰਮਤ ੧੬੫੨, ੧੪ ਜੂਨ ੧੫੯੫ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੇ ਉਦਰ ਤੋਂ ਵਿਡਾਲੀ ਪਿੰਡ ਵਿਚ ਹੋਇਆ।

ਵਿਦਿਆ : ਆਪ ਜੀ ਨੇ ਬਾਬਾ ਬੁਢਾ ਜੀ ਤੋਂ ਧਾਰਮਿਕ ਵਿਦਿਆ ਪੜ੍ਹੀ।

ਸ਼ਾਦੀ : ਆਪ ਦੀਆਂ ਤਿੰਨ ਸ਼ਾਦੀਆਂ ਸਨ। ੳ. ਡਲਾ ਨਿਵਾਸੀ ਨਾਰਾਇਣ ਦਾਸ ਦੀ ਸਪੁੱਤ੍ਰੀ ਦਮੋਦਰੀ ਜੀ ਨਾਲ ੧੨ ਭਾਦਰੋਂ ਸੰਮਤ ੧੬੬੧ ਬਿਕਰਮੀ। (ਅ) ਬਕਾਲਾ ਨਿਵਾਸੀ ਹਰੀ ਚੰਦ ਦੀ ਸਪੁੱਤਰੀ ਨਾਨਕੀ ਜੀ ਨਾਲ ੮ ਵਿਸਾਖ ੧੬੭੦ ਬਿਕਰਮੀ। (ੲ) ਮੰਡਿਆਲੀ ਨਿਵਾਸੀ ਦਯਾ ਰਾਮ ਮਰਵਾਹਾ ਦੀ ਸਪੁਤ੍ਰੀ ਮਹਾਂ ਦੇਵੀ ਜੀ ਨਾਲ ੧੧ ਸਾਉਣ ੧੬੭੨।

ਸੰਤਾਨ:—ਧਰਮਬੀਰ ਸਤਿਗੁਰੂ ਜੀ ਦੇ ਪੰਜ ਪੁੱਤਰ (ਬਾਬਾ ਗੁਰਦਿਤਾ ਜੀ, ਸੂਰਜ ਮਲ ਜੀ, ਅਣੀ ਰਾਇ ਜੀ ਅਤੇ ਗੁਰੂ ਤੇਗਬਹਾਦਰ ਜੀ ਤੇ ਬਾਬਾ ਅਟੱਲ ਜੀ ਅਰ ਇਕ ਸਪੁਤਰੀ ਬੀਰੋ ਜੀ ਉਤਪੰਨ ਹੋਏ।

(ਬਾਕੀ ਦੇਖੋ ਸਫਾ ੩੮)

Digitized by Panjab Digital Library | www.panjabdigilib.org

ਕੌਮ ਦੀ ਸਾਜਨਾ ਕੀਤੀ, ਜੋ 'ਭੈ ਕਾਹੂੰ ਕੋ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਮਹਾਂ ਵਾਕ ਅਨੁਸਾਰ ਖਾਸ ਨਮੂਨੇ ਦੇ ਜੋਧਿਆਂ ਦਾ ਇਕ ਸਮਦਾਇ ਸੀ। ਜਿਸ ਦਾ ਇਤਿਹਾਸ ਸੁਨਹਿਰੀ ਅੱਖਰਾਂ ਵਿਚ ਲਿੱਖਣ ਯੋਗ ਹੈ।

ਸੋ ਜਿਥੇ ਜਿਥੇ ਮਾਲਵੇ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਆਪਣੇ ਪਵਿੱਤ੍ਰ ਚਰਨਾਂ ਦੀ ਛੋਹ ਬਖਸ਼ੀ, ਉਨ੍ਹਾਂ ਗੁਰ ਅਸਥਾਨਾਂ ਦਾ ਇਤਿਹਾਸ ਅੱਗੇ ਦਿਤਾ ਜਾਂਦਾ ਹੈ।

---

(ਸਫਾ ੩੭ ਦੇ ਫੁਟਨੋਟ ਦੀ ਬਾਕੀ)

ਉਪਕਾਰ—੧. ਸੇਲੀ ਟੋਪੀ ਦੀ ਰਸਮ ਨੂੰ ਬੰਦ ਕਰਕੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਣੀਆਂ।
੨. ਸਿੱਖਾਂ ਵਿਚ ਬੀਰ ਰਸ ਭਰਨਾ, ਤੇ ਜੁੱਧ ਕਰਨ ਲਈ ਸਨੱਧਬੱਧ ਕਰਨਾ।
੩. ਸ੍ਰੀ ਅਕਾਲ ਤਖਤ ਬਣਾਉਣਾ।
੪ ਵਕਤ ਦੀ ਹਕੂਮਤ ਨਾਲ ਚਾਰ ਘੋਰ ਯੁਧ ਕਰਕੇ ਭਾਰੀ ਹਾਰ ਦੇਣੀ।
੫. ਦੇਸ਼ਾ ਰਟਨ ਕਰਕੇ ਸਿੱਖੀ ਪ੍ਰਚਾਰ ਕਰਨਾ।
੬. ਦੇਸ਼ ਤੇ ਕੌਮ ਦੀ ਖਾਤਰ ਗਵਾਲੀਅਰ ਦੇ ਕਿਲੇ ਵਿਚ ਕੈਦ ਹੋਣਾ।
੭. ਉਥੇ ੫੨ ਰਾਜੇ ਜਹਾਂਗੀਰ ਦੇ ਕੈਦ ਕੀਤੇ ਹੋਏ ਛੁਡਾਉਣੇ।
੮. ਸਿੱਖੀ ਪ੍ਰਚਾਰ ਦੀਆਂ ਮੰਜੀਆਂ ਕਾਇਮ ਕਰਨੀਆਂ।
੯. ਕਿਲੱਾ ਸ੍ਰੀ ਲੋਹਗੜ੍ਹ ਸਾਹਿਬ, ਸ੍ਰੀ ਅੰਮ੍ਰਿਤਸਰ ਤਿਆਰ ਕਰਨਾ।

ਜੋਤੀ ਜੋਤ ਸਮਾਉਣਾ—ਆਪਣੇ ਯੋਗ ਪੋਤੇ ਸ੍ਰੀ ਹਰਰਾਇ ਜੀ ਨੂੰ ਗੁਰ ਗੱਦੀ ਪਰ ਥਾਪ ਕੇ ੭ ਚੇਤ (ਸੁਦੀ ੫) ਸੰਮਤ ੧੭੦੧, ੩ ਮਾਰਚ ਸੰਨ ੧੬੪੪ ਨੂੰ ਜੋਤੀ ਜੋਤ ਸਮਾਏ, ਆਪ ਦੇ ਦੇਹਰੇ ਦਾ ਨਾਉਂ ਕੀਰਤਪੁਰ ਵਿਚ ਪਤਾਲ ਪੁਰੀ ਹੈ।

ਛੇਵੇਂ ਸਤਿਗੁਰੂ ਜੀ ਨੇ ੩੧ ਵਰ੍ਹੇ ੧੦ ਮਹੀਨੇ ੭ ਦਿਨ ਗੁਰਤਾ ਕੀਤੀ ਅਤੇ ਸਾਰੀ ਅਵਸਥਾ ੪੮ ਵਰ੍ਹੇ ੮ ਮਹੀਨੇ ੧੫ ਦਿਨ ਭੋਗੀ।

'ਅਰਜੁਨ ਹਰਿ ਗੋਬਿੰਦ ਨੂੰ ਸਿਮਰੋ ਸ੍ਰੀ ਹਰਿਰਾਇ'

ਨੋਟ—ਗੁਰ ਗੱਦੀ ਦੇਣ ਦੇ ਸਮੇਂ ਇਤਿਹਾਸਾਂ ਵਿਚ ਜੋ ਪਹਿਲੇ ਸਾਹਿਬਾਂ ਵਲੋਂ ਪਿਛਲਿਆਂ ਨੂੰ ਸੇਲੀ-ਟੋਪੀ ਦੇ ਰਾਹੀਂ ਜੋ ਗੁਰਿਆਈ ਦੇਣ ਦੀ ਰਸਮ ਅਦਾ ਕਰਨੀ ਲਿਖੀ ਗਈ ਹੈ, ਉਹ ਗੁਰੂ ਸਿਧਾਂਤ ਅਤੇ ਗੁਰੂ ਘਰ ਦੀ ਰਹਿਤ ਮੁਯਾਦਾ-ਸਭਿਆਚਾਰ ਤੋਂ ਨਿਪਟ ਉਲਟ ਹੋਣ ਕਰਕੇ ਅਸੰਗਤ ਹੈ। ਸ੍ਰੀ ਗੁਰੂ ਬਾਣੀ ਵਿਚ 'ਕੁਲਹਾ ਦੇਂਦੇ ਬਾਵਰੇ ਲੈਂਦੇ ਬੜੇ ਨਿਲੱਜ। ਚੂਹਾ ਖਡ ਨ ਮੇਵਈ ਨਿਕਲ ਬੰਨੇ ਛਜ।' ਅਨੁਸਾਰ ਟੋਪੀ ਦੇਕੇ ਚੇਲਾ ਬਣਾਉਣਾ ਜਾਂ ਅਪਣੇ ਥਾਂ ਮਹੰਤ ਟਿੱਕਣਾ ਨਿਰਾ ਕਮਲ, ਬੇਹਿਆਈ ਅਤੇ ਘਾਟੇਵੰਦਾ ਸੌਦਾ ਦਸਿਆ ਹੈ ਅਤੇ ਸ੍ਰੀ ਗੁਰੂ ਦਸਮ ਪਾਤਸ਼ਾਹ ਦੀ ਆਗਿਆ ਅਨੁਸਾਰ ਰਹਿਤਨਾਮਿਆਂ ਵਿਚ ਤਾਂ 'ਸਿਖ ਹੋਇ ਜੋ ਟੋਪੀ ਧਰੈ।ਸਾਤ ਜਨਮ ਹੋਇ ਕੁਸ਼ਟੀ ਮਰੈ। ਇਤਿਆਦਿ ਪ੍ਰਮਾਣ ਉਕਤ ਰੀਤੀ ਦਾ ਘੋਰ ਵਿਰੋਧ ਕਰਦੇ ਹਨ।ਇਤਿਹਾਸ ਪਹਿਲਿਆਂ ਸਮਿਆਂ ਵਿਚ ਬਹੁਤੇ ਉਨ੍ਹਾਂ ਲੋਕਾਂ ਨੇ ਲਿਖੇ ਹਨ ਜੋ ਗੁਰਮਤਿ ਤੋਂ ਗਿਰ ਕੇ ਅਪਣੇ ਅੱਡ ੨ ਮਤ ਅਥਵਾ ਸੰਪ੍ਰਦਾਵਾਂ ਖੜੀਆਂ ਕਰਕੇ ਆਪ ਫਕੀਰਾਂ ਵਾਲੀਆਂ ਰੀਤਾਂ ਕਰਦੇ ਹੁੰਦੇ, ਅਤੇ ਅਪਣੀਆਂ ਗੁਰ ਪ੍ਰਣਾਲੀਆਂ ਅਤੇ ਮਨਘੜਤ ਸਾਤ੍ਰਾਂ ਅਨੁਸਾਰ, ਟੋਪੀ, ਸੇਲੀ (ਇਕ ਗਾਨੀ ਜਿਹੀ) ਫੌੜੀ, ਲੰਕ ਜੰਜੀਰ, ਆਦਿ ਦਿਆ ਕਰਦੇ ਸਨ। ਗੁਰਮਤ ਤੋਂ ਉਕੇ ਹੀ ਅਣਜਾਣ ਅਤੇ ਅਸਰਧਕ ਹੋਣ ਦੇ ਕਾਰਣ ਉਨ੍ਹਾਂ ਅਪਣੇ ਭੇਖਾਂ ਨੂੰ ਵਧਾਉਣ ਲਈ ਗੁਰੂ ਸਾਹਿਬਾਂ ਅਤੇ ਸਿਖਾਂ ਨੂੰ ਗੁਰਮਰਯਾਦਾ ਦੇ ਥਾਂ ਮਨਮਤ ਅਤੇ ਭੇਖਵਾਨੀ ਰੀਤਾਂ ਦਾ ਅੰਗੀਕਾਰ ਕਰਨਾ, ਬਲਕਿ ਉਸਦਾ ਵਰਤਾਉ ਕਰਨਾ ਕਰਾਉਣਾ ਲਿਖ ਦਿਤਾ। ਉਨ੍ਹਾਂ ਵਿਚੋਂ ਬਹੁਤਾ ਕਸੂਰ ਉਦਾਸੀਆਂ ਅਤੇ ਫੇਰ ਉਨ੍ਹਾਂ ਤੋਂ ਘੜੇ ਹੋਏ ਚਾਟੜਿਆਂ ਦਾ ਹੈ। ਤਾਂ ਤੇ ਸੇਲੀ ਟੋਪੀ ਦਾ ਗੁਰੂ ਘਰ ਵਿਚ ਕਦਾਚਿਤ ਭੀ ਵਿਧਾਨ ਨਹੀਂ, ਸਗੋਂ ਸਖਤ ਨਿਖੇਧ ਕੀਤਾ ਗਿਆ ਹੈ।

Digitized by Panjab Digital Library | www.panjabdigilib.org

## ੧. ਗੁ: ਇੰਦ ਗੜ੍ਹ

ਏਥੇ ਇਕ ਝਿੜੀ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਜੀ ਬਿਰਾਜੇ ਸਨ ਇਸ ਕਰਕੇ ਅਸਥਾਨ ਦਾ ਨਾਉਂ 'ਝਿੜਾ ਸਾਹਿਬ' ਕਰ ਕੇ ਪ੍ਰਸਿਧ ਹੈ। ਇਕ ਰਵਾਇਤ ਹੈ ਕਿ ਇਥੇ ਇਕ ਬਾਉਲੀ ਭੀ ਸੀ, ਜਿਸ ਨੂੰ ਮੁਸਲਮਾਨਾਂ ਨੇ ਉਖਾੜ ਕੇ ਇਟਾਂ ਪਿੰਡ ਦੇ ਖੂਹ ਨੂੰ ਲਗਾ ਲਈਆਂ। ਏਹ ਅਸਥਾਨ ਮੋਗੇ ਤੋਂ ੧੦ ਮੀਲ ਉਤਰ ਪੂਰਬ ਵਲ ਹੈ।

## ੨. ਗੁ: ਠੱਠਾ ਸਾਹਿਬ†

ਏਥੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਚਰਨ ਪਾਏ ਹਨ। ਨਗਰ ਤੋਂ ੧ ਮੀਲ ਦਖਣ ਵਲ ਗੁਰਦੁਆਰਾ ਬਣਿਆ ਹੋਇਆ ਹੈ,ਜਿਸਦੀ ਸੇਵਾ ਇਲਾਕੇ ਦੀਆਂ ਸੰਗਤਾਂ ਨੂੰ ਪ੍ਰੇਰ ਕੇ ਸੰਤ ਜੱਸਾ ਸਿੰਘ ਜੀ ਨੇ ਕਰਵਾਈ ਹੈ। ਗੁਰਦੁਆਰੇ ਦੇ ਨਾਲ ਸਰੋਵਰ ਹੈ। ਹਰ ਮਸਿਆ ਨੂੰ ਭਾਰੀ ਜੋੜਮੇਲ ਹੁੰਦਾ ਹੈ। ਗੁਰਦੁਆਰੇ ਦੇ ਨਾਮ ੩ ਘੁਮਾਂ ਜ਼ਮੀਨ ਹੈ।

## ੩. ਗੁਃ ਜ਼ੀਰਾ

ਸਤਿਗੁਰੂ ਸਚੇ ਪਾਤਸ਼ਾਹ ਡਰੋਲੀ ਬਿਰਾਜ ਰਹੇ ਸਨ, ਤਾਂ ਜ਼ੀਰੇ ਦੀ ਸੰਗਤ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਸਾਡੇ ਨਗਰ ਵਿੱਚ ਭੀ ਪਵਿੱਤ੍ਰ ਚਰਨ ਪਾਓ। ਗੁਰੂ ਮਹਾਰਾਜ ਜੀ ਏਥੇ ਪਧਾਰੇ ਤਾਂ ਬੜਾ ਭਾਰੀ ਦੀਵਾਨ ਸਜਿਆ। ਸੰਗਤਾਂ ਗੁਰੂ ਜਸ ਸੁਣ ਕੇ ਕ੍ਰਿਤਾਰਥ ਹੋਈਆਂ। ਇਸ ਤੋਂ ਪਿਛੋਂ ਗੁਰੂ ਜੀ ਹੋਰ ਭੀ ਬਹੁਤ ਸਾਰੇ ਨਗਰਾਂ ਵਿਚ ਗਏ ਅਤੇ ਸੰਗਤਾਂ ਨੇ ਦਰਸ਼ਨ ਭੇਟਾ ਚੜ੍ਹਾ ਕੇ ਜਨਮ ਸਫਲ ਕੀਤੇ।

## ੪. ਗੁਃ ਗੁਰੂ ਸਰ ਸਨ੍ਹੇਰ

ਨਗਰ ਜ਼ੀਰੇ ਤੋਂ ਗੁਰੂ ਜੀ ਏਥੇ ਪੁਜੇ। ਆਪ ਨੇ ਇਕ ਮਾਲ ਹੇਠ ਡੇਰਾ ਲਗਾਇਆ। ਸਨ੍ਹੇਰ ਪਿੰਡ ਮਗਰੋਂ ਬੱਝਾ ਹੈ। ਗੁਰਦੁਆਰਾ ਦੇ ਨਾਮ ਪਹਿਲਾਂ ਜ਼ਮੀਨ ੬੦ ਘੁਮਾ ਸੀ, ਪ੍ਰੰਤੂ ਸੋਢੀਆਂ ਨੇ ਗਹਿਣੇ ਪਾ ਦਿਤੀ ਤੇ ਹੁਣ ਕੇਵਲ ੭ ਘੁਮਾਂ ਰਹਿ ਗਈ। ਪਿਛੋਂ ਪ੍ਰਬੰਧ ਸ਼੍ਰੋਃ ਗੁਃ ਪ੍ਰਃ ਕਮੇਟੀ ਨੇ ਸੰਭਾਲ ਲਿਆ। ਏਹ ਅਸਥਾਨ ਜ਼ੀਰੇ ਤੋਂ ੩ ਮੀਲ ਦੱਖਣ ਵਲ ਹੈ। ਮਾਘੀ ਨੂੰ ਜੋੜ ਮੇਲਾ ਹੁੰਦਾ ਹੈ।

## ੫. ਗੁ: ਸਾਹਿਬ ਮੁਨਾਵਾ, ਜ਼ੀਰਾ (ਫ਼ੀਰੋਜ਼ਪੁਰ)

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਪਿੰਡ ਸਨ੍ਹੇਰ ਤੋਂ ਇਥੇ ਆਏ ਸਨ ਅਤੇ ਇਕ ਤਪਾ ਜੋ ਭੋਰੇ ਵਿਚ ਕਾਫੀ ਚਿਰ ਦਾ ਗੁਰੂ ਸਾਹਿਬ ਦੀ ਉਡੀਕ ਵਿਚ ਬੈਠਾ ਸੀ, ਉਸ ਨੂੰ ਦਰਸ਼ਨ ਦੇ ਕੇ ਕ੍ਰਿਤਾਰਥ

---

†ਗੁਰਦੁਆਰਾ ਠੱਠਾ ਸਾਹਿਬ ਤੋਂ ਚਲ ਕੇ ਜਦ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਚਿੰਤ ਗੜ੍ਹ ਦੀ ਢਾਬ ਤੇ ਪੁਜੇ ਤਾਂ ਲੋਕਾਂ ਨੇ ਆ ਕੇ ਫਰਿਆਦ ਕੀਤੀ ਕਿ ਸਚੇ ਪਾਤਸ਼ਾਹ ਇਸ ਬੀੜ ਵਿਚ ਇਕ ਸ਼ੇਰ ਤੇ ਸ਼ੇਹਣੀ ਰਹਿੰਦੇ ਹਨ, ਜੋ ਇਸ ਇਲਾਕੇ ਦੇ ਪਿੰਡਾਂ ਦਾ ਬਹੁਤ ਜਾਨੀ ਨੁਕਸਾਨ ਕਰਦੇ ਹਨ। ਗੁਰੂ ਜੀ ਨੇ ਪਹਿਲੇ ਪੰਜ ਸਿੰਘ ਸ਼ਿਕਾਰ ਲਈ ਭੇਜੇ ਜਿਨ੍ਹਾਂ ਵਿਚੋਂ ਦੋ ਸ਼ਹੀਦ ਹੋਏ ਤੇ ਤਿੰਨ ਵਾਪਸ ਆ ਗਏ। ਉਪ੍ਰੰਤ ਗੁਰੂ ਜੀ ਆਪ ਗਏ ਤੇ ਸ਼ੇਰ ਨੂੰ ਮਾਰ ਕੇ ਇਲਾਕੇ ਦੇ ਲੋਕਾਂ ਨੂੰ ਸੁਖੀ ਕੀਤਾ। ਵਰਤਮਾਨ ਸਮੇਂ ਵਿਚ ਇਹ ਢਾਬ ਤਹਿਸੀਲ ਜ਼ੀਰੇ ਤੋਂ ਪਛਮ ਵਲ ਪਿੰਡ ਬੋਤੀਆਂ ਵਾਲਾ ਅਤੇ ਮੇਹਰ ਸਿੰਘ ਵਾਲਾ ਦੇ ਸੰਨ੍ਹ ਵਿਚ ਹੈ ਤੇ ਬੋਤੀਆਂ-ਵਾਲੇ ਦੀ ਜੂਹ ਵਿਚ ਹੈ।

Digitized by Panjab Digital Library | www.panjabdigilib.org

ਕੀਤਾ ਤੇ ਉਸ ਦੀ ਕਲਿਆਣ ਕੀਤੀ।

ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ ਸੰਤ ਹਰਨਾਮ ਸਿੰਘ ਅਕਾਲੀ ਸੇਵਾ ਕਰ ਰਹੇ ਹਨ, ਪ੍ਰਬੰਧ ਚੰਗਾ ਹੈ।

## ੬. ਗੁ: ਖੇਸਾ ਕੋਟਲਾ

ਇਥੇ ਇਕ ਢਾਬ ਦੇ ਕਿਨਾਰੇ ਮੀਰੀ ਪੀਰੀ ਦੇ ਮਾਲਕ ਸਤਿਗੁਰੂ ਬਿਰਾਜੇ ਸਨ। ਆਪ ਦੀ ਯਾਦ ਵਿਚ ਗੁਰਅਸਥਾਨ ਬਣਿਆ ਹੋਇਆ ਹੈ। ਜਿਸ ਦੇ ਨਾਮ ੨੮ ਘੁਮਾਂ ਜ਼ਮੀਨ ਨਗਰ ਵਾਸੀਆਂ ਵਲੋਂ ਲਗਾਈ ਗਈ ਹੈ। ਏਹ ਅਸਥਾਨ ਰੇਲਵੇ ਸਟੇਸ਼ਨ ਡਗਰੂ ਤੋਂ ੬ ਮੀਲ ਉੱਤਰ ਵਲ ਹੈ। ਮਾਘੀ ਅਤੇ ਬਸੰਤ ਪੰਚਮੀ ਨੂੰ ਜੋੜ ਮੇਲ ਹੁੰਦਾ ਹੈ।

## ੭. ਗੁ: ਸਲ੍ਹੀਣਾ

ਏਸ ਨਗਰ ਨੂੰ ਭੀ ਮੀਰੀ ਪੀਰੀ ਦੇ ਮਾਲਕ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਚਰਨ ਪਾਕੇ ਪਵਿੱਤ੍ਰ ਕੀਤਾ। ਗੁਰਦੁਆਰਾ ਬਣਿਆ ਹੋਇਆ ਹੈ, ਜਿਸ ਦੇ ਨਾਮ ੧੮ ਘੁਮਾਂ ਜ਼ਮੀਨ ਹੈ। ਏਹ ਅਸਥਾਨ ਸਟੇਸ਼ਨ ਡਗਰੂ ਤੋਂ ੨ ਮੀਲ ਹੈ।

## ੮. ਗੁ: ਡਗਰੂ

ਏਸ ਨਗਰ ਤੋਂ ਇਕ ਮੀਲ ਪੱਛਮ ਵਲ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਜਦੋਂ ਸਚੇ ਪਾਤਸ਼ਾਹ ਡਰੋਲੀ ਵਿੱਚ ਖੂਹ ਬਣਵਾ ਰਹੇ ਸਨ ਤਾਂ ਆਪ ਏਸ ਅਸਥਾਨ ਤੇ ਆ ਕੇ ਬਿਰਾਜੇ। ਏਥੇ ਇਕ ਵਡਾ ਸਾਰਾ ਵਣ (ਦਰੱਖਤ) ਸੀ ਜਿਸ ਹੇਠ ਸਤਿਗੁਰੂ ਜੀ ਨੇ ਦੀਵਾਨ ਸਜਾਇਆ ਸੀ। ਏਸ ਗੁਰਦੁਆਰੇ ਦੇ ਨਾਂ ਦੋ ਘੁਮਾਂ ਜ਼ਮੀਨ ਹੈ। ਗੁਰੂ ਸਾਹਿਬ ਜੀ ਨੇ ਏਥੇ ਸੰਗਤਾਂ ਵਾਸਤੇ ਤੰਬੂ ਭੀ ਲਗਵਾਏ ਸਨ ਇਸ ਕਰਕੇ ਇਸ ਗੁਰ ਅਸਥਾਨ ਨੂੰ ਤੰਬੂ ਸਾਹਿਬ ਭੀ ਆਖਦੇ ਹਨ। ਏਹ ਅਸਥਾਨ ਡਗਰੂ ਸਟੇਸ਼ਨ ਤੋਂ ਦੋ ਮੀਲ ਹੈ।

## ੯. ਗੁ: ਡਰੋਲੀ ਭਾਈ

ਮਾਲਵੇ ਦੇ ਪ੍ਰਸਿੱਧ ਨਗਰ ਡਰੋਲੀ ਭਾਈ ਦਾ ਸਿੱਖ ਇਤਿਹਾਸ ਨਾਲ ਗੂੜ੍ਹਾ ਸੰਬੰਧ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਾਢੂ ਭਾਈ ਸਾਈਂ ਦਾਸ ਜੀ ਏਥੋਂ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਆਪਣਾ ਸ਼ਾਨਦਾਰ ਮਕਾਨ ਬਣਾਉਣ ਤੋਂ ਉਪ੍ਰੰਤ ਏਹ ਇੱਛਾ ਪ੍ਰਗਟ ਕੀਤੀ ਕਿ ਇਸ ਦੀ ਚੱਠ ਗੁਰੂ ਸਾਹਿਬ ਦੇ ਏਥੇ ਪਵਿੱਤ੍ਰ ਚਰਨ ਪਵਾ ਕੇ ਕੀਤੀ ਜਾਵੇ। ਸਤਿਗੁਰੂ ਸਚੇ ਪਾਤਸ਼ਾਹ ਆਪ ਦੀ ਪ੍ਰੇਰਨਾ ਅਨੁਸਾਰ ਸਮੇਤ ਪ੍ਰਵਾਰ ਡਰੋਲੀ ਪਧਾਰੇ ਤੇ ਭਾਈ ਸਾਈਂ ਦਾਸ ਦੀ ਇੱਛਾ ਪੂਰਨ ਕੀਤੀ। ਏਸ ਸੁਭਾਗ ਨਗਰ ਵਿੱਚ ਗੁਰੂ ਜੀ ਫੇਰ ਭੀ ਕਈ ਵੇਰ ਆਏ। ਗੁਰੂ ਜੀ ਦੇ ਵਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਦਾ ਜਨਮ ਏਸੇ ਨਗਰ ਵਿੱਚ ਹੋਇਆ। ਏਥੇ ਹਜ਼ੂਰ ਦੀਆਂ ਕਈ ਬਖਸ਼ਸ਼ਾਂ ਮੌਜੂਦ ਹਨ। ਭਾਈ ਨੰਦ ਚੰਦ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭੀ ਏਥੇ ਹੀ ਬਿਰਾਜਮਾਨ ਹੈ, ਜੋ ਉਨ੍ਹਾਂ ਨੇ ਉਦਾਸੀ ਸੰਤਾਂ ਪਾਸੋਂ ਲਈ ਸੀ। ਭਾਈ ਰੂਪੇ ਗੁਰੂ ਜੀ ਦਾ ਇਕ ਹੋਰ ਪ੍ਰੇਮੀ ਭਾਈ ਰੂਪ ਚੰਦ ਤ੍ਰਖਾਣ ਸਿੰਘ ਰਹਿੰਦਾ ਸੀ। ਇਕ ਦਿਨ ਪਿਓ ਪੁਤ੍ਰ ਦੋਵੇਂ ਬਾਹਰ ਲਕੜਾਂ ਕਟਣ ਗਏ ਨਾਲ ਜਲ ਦਾ ਕੂਹਣਾ ਜੋ

Digitized by Panjab Digital Library | www.panjabdigilib.org

ਲੈਕੇ ਗਏ ਉਹੋ ਜੰਡ ਨਾਲ ਟੰਗ ਕੇ ਲਕੜਾਂ ਦਾ ਕੰਮ ਕਰਦੇ ਰਹੇ। ਜਦ ਪਿਆਸ ਲਗੀ ਤਾਂ ਜਲ ਛਕਣ ਲਈ ਆਏ ਤਾਂ ਜਲ ਠੰਡਾ ਦੇਖਕੇ ਕਹਿਣ ਲਗੇ ਜਲ ਤਾਂ ਸ੍ਰੀ ਗੁਰੂ ਜੀ ਦੇ ਛਕਣ ਵਾਲਾ ਹੈ। ਫੇਰ ਕੀ ਸੀ ਗੁਰੂ ਚਰਨਾਂ ਨਾਲ ਬਿਰਤੀ ਲਾ ਕੇ ਬੈਠ ਗਏ। ਸ੍ਰੀ ਹਜ਼ੂਰ ਭਾਈ ਕੀ ਡਰੋਲੀ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ, ਸਿਦਕੀ ਸਿੱਖਾਂ ਦੀ ਖਿਚ ਅਨੁਸਾਰ ਇੱਕ ਲਖਤ ਭਾਈ ਰੂਪੇ ਨੂੰ ਪਹੁੰਚ ਕੇ ਗੁਰੂ ਪਿਆਰਿਆਂ ਤੋਂ ਜਲ ਮੰਗ ਕੇ ਛਕਿਆ ਤੇ ਛਕਾਇਆ। ਸਤਿਗੁਰੂ ਜੀ ਦੇ ਮਹਿਲ ਮਾਤਾ ਦਮੋਦਰੀ ਜੀ ਦਾ ਦੇਹਾਂਤ ਏਸੇ ਨਗਰ ਵਿਚ ਹੋਇਆ। ਜਿਥੇ ਗੁਰੂ ਜੀ ਦਰਬਾਰ ਲਗਾਇਆ ਕਰਦੇ ਸਨ ਉਥੇ ਸੁੰਦਰ ਦਰਬਾਰ ਸਾਹਿਬ ਬਣਿਆ ਹੋਇਆ ਹੈ।

ਗੁਰਦੁਆਰੇ ਦੇ ਨਾਮ ੧੯੦ ਘੁਮਾਂ ਜ਼ਮੀਨ ਮਹਾਰਾਜਾ ਸਾਹਿਬ ਰਣਜੀਤ ਸਿੰਘ ਜੀ ਨੇ ਲਗਵਾਈ ਹੋਈ ਹੈ। ੫੧) ਰੁਪਈਏ ਰਿਆਸਤ ਨਾਭੇ ਵਲੋਂ ਜਾਗੀਰ ਹੈ। ਇਸ ਤੋਂ ਬਿਨਾਂ ੨੦੦) ਰੁਪਈਏ ਪਿੰਡ ਅੰਗੀਆ ਜ਼ਿਲਾ ਅੰਬਾਲਾ ਤੋਂ ਜਾਗੀਰ ਆਉਂਦੀ ਹੈ। ਵਿਸਾਖੀ ਅਤੇ ਮਾਘੀ ਨੂੰ ਜੋੜ-ਮੇਲ ਹੁੰਦਾ ਹੈ। ਏਹ ਅਸਥਾਨ ਸਟੇਸ਼ਨ ਡਗਰੂ ਤੋਂ ਡੇਢ ਮੀਲ ਦੱਖਣ ਪਛਮ ਵਲ ਹੈ।

## ੧੦. ਗੁ: ਗੁਰੂ ਸਰ ਮੋਗਾ

ਭਾਈ ਕੀ ਡਰੋਲੀ ਤੋਂ ਮੋਗਾ ਨਿਵਾਸੀ ਗੁਰੂ ਪ੍ਰੇਮੀਆਂ ਦੇ ਪ੍ਰੇਮ ਵਿਚ ਆ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਗੁਰੂ ਜੀ ਨੇ ਜਿਸ ਜਗ੍ਹਾ ਚਰਨ ਛੋਹ ਨਾਲ ਪਵਿਤ੍ਰ ਕੀਤਾ ਸੀ ਉਸ ਜਗ੍ਹਾ ਸੁੰਦਰ ਗੁਰਦੁਆਰਾ ਬਣਿਆ ਤੇ ਸੁਬ੍ਹਾ ਸ਼ਾਮ ਸਤਿਸੰਗ ਹੁੰਦਾ ਹੈ।

## ੧੧. ਗੁ: ਵੱਡਾ ਘਰ

ਏਸ ਨਗਰ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪੰਜ ਦਿਨ ਬਿਰਾਜੇ ਅਤੇ ਗੁਰਬਾਣੀ ਦਾ ਪ੍ਰਚਾਰ ਕਰਕੇ ਇਲਾਕੇ ਦੀਆਂ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਆਪ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ, ਜੋ ਸਟੇਸ਼ਨ ਡਗਰੂ ਤੋਂ ੭ ਮੀਲ ਦੱਖਣ ਵਾਲੇ ਪਾਸੇ ਹੈ। ਹਰ ਅਮਾਵਸ ਨੂੰ ਜੋੜ ਮੇਲਾ ਹੁੰਦਾ ਹੈ। ਗੁਰਦੁਆਰੇ ਦੇ ਨਾਮ ੮ ਘੁਮਾਂ ਜ਼ਮੀਨ ਹੈ।

## ੧੨. ਗੁ: ਗੁਰੂ ਸਰ (ਰੋਡੇ)

ਏਹ ਗੁਰ-ਅਸਥਾਨ ਪਿੰਡ ਰੋਡੇ ਲੰਡਿਆਂ ਦੀ ਸਰਹੱਦ ਪਰ ਹੈ। ਏਥੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਪਵਿੱਤ੍ਰ ਚਰਨ ਪਾਏ ਹਨ। ਇਲਾਕੇ ਦੀਆਂ ਸੰਗਤਾਂ ਦੇ ਉਦਮ ਨਾਲ ਗੁਰਦੁਆਰੇ ਦੀ ਇਮਾਰਤ ਸੁੰਦਰ ਬਣੀ ਹੈ। ਨਾਲ ਸਰੋਵਰ ਭੀ ਹੈ। ਮਸਿਆ ਨੂੰ ਭਾਰੀ ਜੋੜ ਮੇਲਾ ਹੁੰਦਾ ਹੈ। ਗੁਰਦੁਆਰੇ ਦੀ ਸੇਵਾ ਭਾਈ ਕਰਤਾਰ ਸਿੰਘ ਕੌਕਰੀ ਦੇ ਉੱਦਮ ਨਾਲ ਹੋਈ ਹੈ।

## ੧੩. ਗੁ: ਡੰਡੇਆਣਾ

ਏਸ ਨਗਰ ਵਿਚ ਭੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਪਵਿੱਤ੍ਰ ਚਰਨ ਪਾਏ ਸਨ। ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਇਹ ਨਗਰ ਰੇਲਵੇ ਸਟੇਸ਼ਨ ਤਲਵੰਡੀ ਭਾਈ ਤੋਂ ਦੋ ਮੀਲ ਪਛਮ ਵਲ ਹੈ।

Digitized by Panjab Digital Library | www.panjabdigilib.org

## ੧੪. ਗੁ: ਲਧਾਈ ਕੇ

ਇਥੇ ਗੁਰੂ ਮਹਾਰਾਜ ਜੀ ਇਕ ਝਿੜੇ ਵਿਚ ਵਿਚਰ ਰਹੇ ਸਨ, ਕਿ ਅਗੋਂ ਕਾਲਾ ਨਾਗ ਫਣ ਤਾਣੀ ਆਉਂਦਾ ਵੇਖਿਆ ਨਾਲ ਦੇ ਸਿੰਘ ਘਬਰਾ ਗਏ, ਪਰ ਗੁਰੂ ਜੀ ਨੇ ਕਿਹਾ ਇਸ ਨੂੰ ਆਉਣ ਦਿਓ। ਜਦ ਨਾਗ ਨੇੜੇ ਆਇਆ ਤਾਂ ਉਸ ਨੇ ਫਣ ਝੁਕਾ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ, ਤੇ ਫਿਰ ਗੁਰੂ ਜੀ ਅਗੇ ਖੜਾ ਹੋ ਗਿਆ। ਸਤਿਗੁਰੂ ਜੀ ਨੇ ਗੜਵਈ ਸਿੰਘ ਨੂੰ ਕਿਹਾ ਸਤਿਨਾਮ ਕਹਿ ਕੇ ਇਸ ਪਰ ਜਲ ਦੇ ਛਿੱਟੇ ਦਿਓ। ਜਦ ਗੜਵਈ ਸਿੰਘ ਨੇ ਛਿੱਟੇ ਦਿਤੇ ਤਾਂ ਸੱਪ ਦੀ ਦੇਹ ਸ਼ਾਂਤ ਹੋ ਗਈ। ਉਸ ਦੀ ਆਤਮਾ ਗੁਰੂ ਮਹਾਰਾਜ ਦਾ ਧੰਨਵਾਦ ਕਰਦੀ ਹੋਈ ਕਲਿਆਣ ਨੂੰ ਪ੍ਰਾਪਤ ਹੋਈ। ਇਸ ਪ੍ਰਕਾਰ ਗੁਰੂ ਜੀ ਨੇ ਜ਼ਿਲਾ ਫੀਰੋਜ਼ਪੁਰ ਦੇ ਨਗਰ ਸੁਖਾ ਨੰਦ, ਗਿੱਲ, ਮਰਾੜ, ਬਿੰਞੂ ਕੇ ਨਗਰ, ਭੇਖੜੀ, ਪਲਾਹ, ਆਦਿ ਵਿੱਚ ਭੀ ਪਵਿੱਤ੍ਰ ਚਰਨ ਪਾਏ ਹਨ, ਪ੍ਰੰਤੂ ਵਿਸ਼ੇਸ਼ ਵਿਰਤਾਂਤ ਨਾ ਮਿਲਣ ਕਰਕੇ ਸਭ ਨਗਰਾਂ ਦਾ ਵਖਰਾ ਵਖਰਾ ਵਰਣਨ ਕਰਨ ਤੋਂ ਸੰਕੋਚ ਕਰਨਾ ਹੀ ਯੋਗ ਸਮਝਿਆ। ਹੁਣ ਸੇਵਾਦਾਰ ਰਿ: ਨਾਰਾਇਣ ਸਿੰਘ ਜੀ ਹਨ।

## ੧੫. ਗੁ: ਮਾੜੀ ਮੁਸਤਫਾ

ਜ਼ਿਲਾ ਫੀਰੋਜ਼ਪੁਰ ਤਹਿਸੀਲ ਮੋਗਾ, ਥਾਣਾ ਬਾਘਾ ਪੁਰਾਣਾ ਦਾ ਇਕ ਪਿੰਡ ਜੋ ਰੇਲਵੇ ਸਟੇਸ਼ਨ ਮੋਗਾ ਤੋਂ ੧੬ ਮੀਲ ਦੱਖਣ ਨੂੰ ਹੈ, ਇਸ ਪਿੰਡ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਕੁਝ ਸਮਾਂ ਛਪੜ ਦੇ ਕੰਢੇ ਬਿਰਾਜੇ। ਨਗਰ ਨਿਵਾਸੀ ਸੰਗਤਾਂ ਨੇ ਪ੍ਰੇਮ ਨਾਲ ਸੇਵਾ ਕੀਤੀ। ਜਿਸ ਜਗ੍ਹਾ ਸ੍ਰੀ ਗੁਰੂ ਜੀ ਨੇ ਚਰਨ ਪਾਏ ਸਨ, ਉਸ 'ਜਗ੍ਹਾ ਭਾਈ ਜੈ ਸਿੰਘ ਜੀ ਹਕੀਮ, ਮਾਸਟਰ ਭਾਈ ਭਗਤ ਸਿੰਘ ਜੀ ਕਿਸ਼ਨ ਪੁਰਾ ਤੇ ਨਗਰ ਵਾਸੀਆਂ ਨੇ ਗੁਰ-ਅਸਥਾਨ ਦੀ ਇਮਾਰਤ ਬੜੀ ਸੁੰਦਰ ਬਣਵਾਈ ਹੈ, ਅਰ ਨਾਲ ਰਹਿਣ ਵਾਲੇ ਮਕਾਨ ਵੀ ਬਣੇ ਹੋਏ ਹਨ। ਇਸ ਗੁਰ ਅਸਥਾਨ ਦੇ ਨਾਉਂ ਤੇ ਖਾਲਸਾ ਹਾਈ ਸਕੂਲ ਜਾਰੀ ਕੀਤਾ ਹੈ। ਜਿਸ ਦੇ ਮੋਢੀਆਂ 'ਚੋਂ ਕੁਝ ਨਾਉਂ ਹੇਠ ਦਿਤੇ ਜਾਂਦੇ ਹਨ। ਸੰਤ ਵਿਸਾਖਾ ਸਿੰਘ ਜੀ ਕਿਸ਼ਨ ਪੁਰਾ, ਸਃ ਨਿੱਕਾ ਸਿੰਘ, ਸਰਦਾਰ ਕੁੰਢਾ ਸਿੰਘ, ਸ: ਅਜਮੇਰ ਸਿੰਘ, ਸ: ਕਰਨੈਲ ਸਿੰਘ, ਸਃ ਸੁੱਚਾ ਸਿੰਘ ਗਿੱਲ, ਸਃ ਸ਼ਾਮ ਸਿੰਘ, ਸਃ ਗੱਜਨ ਸਿੰਘ, ਸਃ ਕਾਲਾ ਸਿੰਘ, ਸਃ ਸੁੱਚਾ ਸਿੰਘ, ਸਃ ਜੁਗਿੰਦਰ ਸਿੰਘ, ਸਃ ਬੁੱਧ ਸਿੰਘ, ਮੌਲਵੀ ਮੁਹੰਮਦ ਅਸਮਾਈਲ ਮਾੜੀ ਤੇ ਹੈਡਮਾਸਟਰ ਸਰਵਣ ਸਿੰਘ ਜੀ 'ਲੰਡੇ'।

## ੧੬. ਗੁਃ ਸਮਾਧ ਭਾਈ

ਮਾਲਵੇ ਨੂੰ ਤਾਰਦੇ ਹੋਏ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਇਸ ਪਿੰਡ ਵਿਚ ਪੁਜੇ। ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਏਸ ਪਿੰਡ ਵਿਚ ਭਾਈ ਰੂਪ ਚੰਦ ਜੀ ਦੀ ਸਮਾਧ ਹੋਣ ਕਰਕੇ ਇਸ ਦਾ ਨਾਮ 'ਸਮਾਧ ਭਾਈ' ਪ੍ਰਸਿਧ ਹੋ ਗਿਆ। ਇਥੇ ਇਕ ਉਦਾਸੀ ਸੰਤ 'ਭੋਲਾ ਰਾਮ' ਜੀ ਬਹੁਤ ਪ੍ਰਸਿਧ ਵਿਦਵਾਨ ਅਤੇ ਮੰਡਲੇਸ੍ਵਰ ਹੋਏ ਹਨ।

## ੧੭. ਗੁ: ਗੁਰੂਸਰ ਮਹਿਰਾਜ (ਮਰਾੜ)

ਨਗਰ ਮਹਿਰਾਜ ਦਾ ਸਿਖ ਇਤਿਹਾਸ ਨਾਲ ਗੂੜ੍ਹਾ ਸੰਬੰਧ ਹੈ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ

Digitized by Panjab Digital Library | www.panjabdigilib.org

ਜੀ ਜਦ ਮਾਲਵੇ ਨੂੰ ਤਾਰ ਰਹੇ ਸਨ ਤਾਂ ਆਪ ਦੇ ਹੁਕਮ ਨਾਲ ਹੀ ਇਸ ਪਿੰਡ ਦਾ ਮੁਢ ਬਝਿਆ। ਗੁਰੂ ਸਾਹਿਬ ਮਾੜੀ ਠਹਿਰੇ ਹੋਏ ਸਨ। ਇਸ ਸਮੇਂ ਸਿਧੂ ਬੈਰਾੜਾਂ ਦਾ ਇਕ ਕਬੀਲਾ ਜੋ ਕਿਸੇ ਥਾਂ ਵਸਣ ਲਈ ਫਿਰਦਾ ਸੀ ਪ੍ਰੰਤੂ ਮਾਨ, ਭੁਲਰ ਤੇ ਕੌੜੇ ਆਪਣਾ ਜ਼ੋਰ ਹੋਣ ਕਰ ਕੇ ਉਨ੍ਹਾਂ ਨੂੰ ਵਸਣ ਨਹੀਂ ਸੀ ਦਿੰਦੇ, ਗੁਰੂ ਸਾਹਿਬ ਦੀ ਸ਼ਰਨ ਆਕੇ ਫਰਿਆਦ ਕੀਤੀ ਕਿ ਸੱਚੇ ਪਾਤਸ਼ਾਹ ਸਾਨੂੰ ਇਕ ਪਿੰਡ ਦੀ ਜ਼ਮੀਨ ਵਸਣ ਵਾਸਤੇ ਦਿਵਾ ਦਿਓ। ਗੁਰੂ ਜੀ ਨੇ ਕੌੜਿਆਂ ਦੇ ਸਰਦਾਰ ਲਾਲੇ ਨੂੰ ਕਿਹਾ ਕਿ ਇਨ੍ਹਾਂ ਨੂੰ ਵਸਣ ਲਈ ਥਾਂ ਦੇ ਦਿਓ ਤੇ ਇਨ੍ਹਾਂ ਨਾਲ ਰਿਸ਼ਤੇ ਨਾਤੇ ਕਰਿਆ ਕਰੋ। ਲਾਲੇ ਨੇ ਗੁਰੂ ਜੀ ਦਾ ਹੁਕਮ ਨਾ ਮੰਨਿਆ। ਕਹਿਣ ਲਗਾ ਸਾਡੀ ਕੁਲ ਉੱਚੀ ਹੈ, ਇਨ੍ਹਾਂ ਦਾ ਕੀ ਪਤਾ ਹੈ, ਕੌਣ ਹਨ? ਗੁਰੂ ਜੀ ਨੇ ਫਰਮਾਇਆ ਅੱਜ ਤਾਂ ਤੁਸੀਂ ਇਨ੍ਹਾਂ ਨੂੰ ਇਕ ਪਿੰਡ ਦੀ ਜ਼ਮੀਨ ਨਹੀਂ ਦਿੰਦੇ, ਉਹ ਦਿਨ ਦੂਰ ਨਹੀਂ ਜਦੋਂ ਇਹ ਇਥੇ ਰਾਜ ਕਰਿਆ ਕਰਨਗੇ। ਗੁਰੂ ਜੀ ਨੇ ਬਾਬੇ ਮੋਹਣ ਨੂੰ ਹੁਕਮ ਦਿਤਾ ਕਿ ਜਿਥੇ ਦਿਨ ਛੁਪ ਜਾਵੇ ਉਥੇ ਮੋਹੜੀ ਗਡ ਦੇਣੀ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਵਰਤਮਾਨ ਮਹਿਰਾਜ ਨਗਰ ਵਾਲੀ ਥਾਂ ਤੇ ਮੋਹੜੀ ਗੱਡੀ ਗਈ। ਜਦੋਂ ਮਾਨਾਂ ਤੇ ਭੁਲਰਾਂ ਨੂੰ ਪਤਾ ਲਗਿਆ ਤਾਂ ਉਨ੍ਹਾਂ ਨੇ ਪੁਟ ਕੇ ਢਾਬ ਦੇ ਇਕ ਡੂੰਘੇ ਟੋਏ ਵਿਚ ਸੁਟ ਦਿਤੀ। ਮਹਿਰਾਜਕਿਆਂ ਨੇ ਗੁਰੂ ਮਹਾਰਾਜ ਪਾਸ ਆ ਕੇ ਸ਼ਕਾਇਤ ਕੀਤੀ ਤਾਂ ਗੁਰੂ ਜੀ ਨੇ ਫਰਮਾਇਆ ਫਿਕਰ ਨਾ ਕਰੋ, ਤੁਹਾਡੀਆਂ ਜੜ੍ਹਾਂ ਪਾਤਾਲ ਵਿਚ ਲਗ ਗਈਆਂ ਹਨ ਅਤੇ ਅੱਗੇ ਤੋਂ ਤੁਹਾਡੀ ਮੋਹੜੀ ਕੋਈ ਨ ਪੁਟ ਸਕੇਗਾ।

ਗੁਰੂ ਜੀ ਦੇ ਇਹ ਵਾਕ ਸੱਚੇ ਹੋਏ। ਇਸ ਤੋਂ ਉਪ੍ਰੰਤ ਕਈ ਵੇਰ ਮਾਨਾਂ ਤੇ ਭੁਲਰਾਂ ਨੇ ਮਰਾਝਕਿਆਂ ਨੂੰ ਉਜਾੜਨ ਦਾ ਯਤਨ ਕੀਤਾ ਪਰ ਉਹ ਹਰ ਵੇਰ ਅਸਫਲ ਰਹੇ ਅਤੇ ਬਾਬੇ ਮੋਹਣ ਦੀ ਸੰਤਾਨ ਦਾ ਜ਼ੋਰ ਵਧਦਾ ਗਿਆ। ਬਾਬੇ ਮੋਹਣ ਦੇ ੬ ਪੁਤ੍ਰ ਸਨ ਜਿਨ੍ਹਾਂ ਦੇ ਨਾਮ ਇਹ ਹਨ :—੧. ਰੂਪ ਚੰਦ ੨. ਕੁਲ ਚੰਦ ੩. ਦਿਆ ਚੰਦ (ਬਾਬਾ ਕਾਲਾ) ੪. ਕਰਮ ਚੰਦ ੫. ਸੇਮਾ ੬. ਸੇਰਦੂਲ। ਵਰਤਮਾਨ ਬਾਹੀਏ ਵਿਚ ਇਨ੍ਹਾਂ ਦੀ ਸੰਤਾਨ ਵਸਦੀ ਹੈ ਅਤੇ ਇਨ੍ਹਾਂ ਦੀ ਸੰਤਾਨ ਦਾ ਗੁਰੂ ਘਰ ਨਾਲ ਬੜਾ ਪ੍ਰੇਮ ਹੈ।

ਮਹਿਰਾਜ ਦੀ ਜੂਹ ਵਿਚ ਹੀ ਗੁਰੂ ਸਾਹਿਬ ਦਾ ਸ਼ਾਹੀ ਸੈਨਾ ਨਾਲ ਘਮਸਾਣ ਦਾ ਜੁਧ ਹੋਇਆ ਜਿਸ ਵਿਚ ਸ਼ਾਹੀ ਸੈਨਾ ਨੂੰ ਭਾਰੀ ਹਾਰ ਹੋਈ ਅਤੇ ਗੁਰੂ ਸਾਹਿਬ ਨੂੰ ਸ਼ਾਨਦਾਰ ਫਤਹਿ ਪ੍ਰਾਪਤ ਹੋਈ। ਸ਼ਾਹੀ ਫੌਜਾਂ ਦੇ ਕਮਾਂਡਰ ਲੱਲਾ ਬੇਗ ਤੇ ਕਰਮ ਬੇਗ ਗੁਰੂ ਜੀ ਦੇ ਆਪਣੇ ਹਥਾਂ ਨਾਲ ਮਾਰੇ ਗਏ। ਇਸ ਜੁਧ ਵਿਚ ਫੌਜ ਦੀ ਗਿਣਤੀ ੨੨੦੦੦ (ਬਾਈ ਹਜ਼ਾਰ) ਸੀ, ਜਿਸ ਵਿਚੋਂ ੧੬ ਹਜ਼ਾਰ ਸਿਪਾਹੀ ਮਾਰੇ ਗਏ।

ਇਸ ਯੁਧ ਵਿਚ ੧੨੭੩ ਸਿਖ ਸ਼ਹੀਦ ਹੋਏ ਜਿਨ੍ਹਾਂ ਦਾ ਸ਼ਹੀਦ ਗੰਜ ਗੁਰੂ ਸਰ ਵਿਖੇ ਬਣਿਆ ਹੋਇਆ ਹੈ। ਗੁਰੂ ਸਾਹਿਬ ਨੇ ਮੁਸਲਮਾਨਾਂ ਦੀਆਂ ਲਾਸ਼ਾਂ ਭੀ ਆਪਣੇ ਹੱਥਾਂ ਨਾਲ ਦਬਾਈਆਂ ਤੇ ਉਨ੍ਹਾਂ ਦੀ ਕਲਿਆਣ ਲਈ ਪੰਜ ਛੇ ਦਿਨ ਗੁਰਬਾਣੀ ਦਾ ਪਾਠ ਕਰਦੇ ਰਹੇ। ਸਿਖਾਂ ਨੇ ਪੁਛਿਆ ਤਾਂ ਗੁਰੂ ਜੀ ਨੇ ਫ਼ਰਮਾਇਆ ਇਨ੍ਹਾਂ ਦਾ ਉਧਾਰ ਭੀ ਅਸੀਂ ਹੀ ਕਰਨਾ ਸੀ। ਸਿਖ ਸ਼ਹੀਦਾਂ ਦਾ ਭੀ ਗੁਰੂ ਮਹਾਰਾਜ ਨੇ ਆਪਣੇ ਹਥੀਂ ਸੰਸਕਾਰ ਕੀਤਾ।

ਗੁਰਦੁਆਰਾ ਸਾਹਿਬ ਨਾਲ ੨੫੦ ਘੁਮਾਂ ਜ਼ਮੀਨ ਸਿਖ ਰਾਜ ਵਲੋਂ, ੨੨੫) ਰੁਪਈਏ ਜਾਗੀਰ ਰਿਆਸਤ ਪਟਿਆਲਾ ਵਲੋਂ, ੩੨ ਰੁਪਈਏ ਜਗੀਰ ਨਾਭਾ ਵਲੋਂ ਹੈ।

Digitized by Panjab Digital Library | www.panjabdigilib.org

## ੧੮. ਗੁ: ਗੁਰੂ ਸਰ ਛੋਟਾ

ਇਹ ਪਿੰਡ ਤੋਂ ਪੌਣਾ ਮੀਲ ਦੱਖਣ ਪਛਮ ਹੈ, ਏਥੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਭਾ: ਮੋਹਨ ਦਾ ਪ੍ਰੇਮ ਦੇਖਕੇ ਠਹਿਰੇ ਸਨ। ਛੋਟਾ ਜਿਹਾ ਗੁਰ ਅਸਥਾਨ ਹੈ, ਪੁਜਾਰੀ ਸਿੰਘ ਹੈ ਗੁਰੂ ਸਰ ਮਹਿਰਾਜ ਤੋਂ ੨ ਮੀਲ ਦੱਖਣ ਨੂੰ ਹੈ ਏਥੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸ਼ਾਹੀ ਸੈਨਾ ਨਾਲ ਜੰਗ ਕੀਤਾ ਸੀ, ਤਾਲ ਤੋਂ ਦੱਖਣ ਵਲ ਕੁਝਕੁ ਵਿਥ ਪੁਰ ਦਮਦਮਾ ਹੈ, ਜਿਸ ਵਿਚ ਫੌਜੀ ਆਫੀਸਰ ਤੁਰਕ ਮਾਰ ਕੇ ਦਬਾਏ ਗਏ ਸਨ। ਉਸ ਥਾਂ ਦਮਦਮਾ ਬਣਾ ਕੇ ਦੀਵਾਨ ਕੀਤਾ ਅਰ ਜਿਸ ਜਗ੍ਹਾ ਸ੍ਰੀ ਗੁਰੂ ਜੀ ਦਾ ਤੰਬੂ ਸੀ, ਉਥੇ ਹੀਰਾ ਸਿੰਘ ਨਾਭਾਪਤਿ ਨੇ ਪਹਿਲੇ ਸੁੰਦਰ ਗੁਰਦੁਆਰਾ ਸਾਹਿਬ ਬਣਾਇਆ ਹੈ।

## ੧੯. ਗੁ: ਗੁਰੂ ਸਰ ਨਥਾਨਾ

ਜ਼ਿਲਾ ਫੀਰੋਜ਼ਪੁਰ ਵਿੱਚ ਇਕ ਪ੍ਰਸਿੱਧ ਪਿੰਡ ਜੋ ਰੇਲਵੇ ਸਟੇਸ਼ਨ ਭੁੱਚੋ ਤੋਂ ੭ ਮੀਲ ਉੱਤਰ ਹੈ, ਇਸ ਪਿੰਡ ਦੇ ਵਿੱਚ ਢਾਬ ਦੇ ਕੰਢੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ। ਏਥੇ ਇਕ ਕਾਲੂ ਨਾਥ ਨਾਮੇ ਸਿੱਧ ਰਹਿੰਦਾ ਸੀ, ਜੋ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਗੁਰੂ ਜੀ ਦਾ ਪ੍ਰੇਮੀ ਤੇ ਸਿਖ ਨਾਮ ਜਪਣ ਵਾਲਾ ਸੀ। ਏਸ ਨੇ 'ਗੁਰੂ ਸਰ' ਮਹਿਰਾਜ ਦੇ ਜੰਗ ਸਮੇਂ ਸਤਿਗੁਰੂ ਦੀ ਬਹੁਤ ਸੇਵਾ ਕੀਤੀ। ਜੰਗ ਫਤਹਿ ਹੋਣ ਪੁਰ ਗੁਰੂ ਜੀ ਨੂੰ ਏਥੇ ਲੈ ਆਇਆ, ਅਤੇ ਪ੍ਰੇਮ ਨਾਲ ਸੇਵਾ ਕੀਤੀ। ਗੁਰੂ ਉਪਦੇਸ਼ ਦੀ ਕ੍ਰਿਪਾ ਨਾਲ ਪਰਮ ਗਤ ਦਾ ਅਧਿਕਾਰੀ ਬਣਿਆਂ†। ਹੁਣ ਉਥੇ ਗੁਰਦੁਆਰਾ ਬਣਾਇਆ ਹੋਇਆ ਹੈ, ਅਤੇ ੨੭ ਘੁਮਾਉਂ ਜ਼ਮੀਨ ਪਿਡ ਵਲੋਂ ਗੁਰਦੁਆਰੇ ਦੇ ਨਾਮ ਹੈ, ਚੇਤਰ ਚੌਦਸ ਨੂੰ ਮੇਲਾ ਹੁੰਦਾ ਹੈ, ਪੁਜਾਰੀ ਸਿੰਘ ਹੈ।

## ੨੦. ਗੁ: ਘੱਲ ਕਲਾਂ

ਏਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਪਵਿੱਤ੍ਰ ਚਰਨ ਪਾਏ ਹਨ। ਆਪ ਡਰੋਲੀ ਤੋਂ ਤਖਤੂ ਪੁਰੇ ਨੂੰ ਜਾਂਦੇ ਹੋਏ ਏਥੇ ਠਹਿਰੇ। ਇਹ ਗੁਰਦੁਆਰਾ 'ਗੁਰੂ ਸਰ' ਕਰ ਕੇ ਪ੍ਰਸਿਧ ਹੈ। ਏਥੇ ਸਿੰਘਾਂ ਦਾ ਤਕੜਾ ਪ੍ਰਚਾਰਕ ਜਥਾ ਬੜਾ ਤਿਆਰ ਬਰ ਤਿਆਰ ਹੈ। ਗਰੰਥੀ ਸਿੰਘ ਭਾਈ ਨਰੈਣ ਸਿੰਘ ਜੀ ਚਿਰ ਤੋਂ ਸੇਵਾ ਕਰ ਰਹੇ ਹਨ। ਗਰਦੁਆਰੇ ਨਾਲ ੧੦ ਘੁਮਾਂ ਭੋਇੰ ਹੈ। ਸਿੰਘਾਂ ਦੀ ਇਕ ਲਾਇਬ੍ਰੇਰੀ ਭੀ ਬਣਾਈ ਹੋਈ ਹੈ।

ਇਸ ਗੁਰ ਅਸਥਾਨ ਨੂੰ ਸ: ਮੱਸਾ ਸਿੰਘ ਅਮਰੀਕਨ ਨੇ ਬੜੀ ਹੀ ਤਰੱਕੀ ਦਿਤੀ ਹੈ। ਇਸ ਪਿੰਡ ਵਿਚ ਕੌਮੀ ਪ੍ਰਵਾਨੇ ਕਈ ਪੈਦਾ ਹੋਏ। ਭਾਈ ਨਾਰਾਇਣ ਸਿੰਘ, ਸ: ਜੋਗਿੰਦਰ ਸਿੰਘ, ਸ: ਫੰਡਣ ਸਿੰਘ, ਸ: ਅਣੋਖ ਸਿੰਘ ਤੇ ਜਥੇਦਾਰ ਸੰਤਾ ਸਿੰਘ ਇਤਿ ਆਦਿ ਸਜਣਾਂ ਦੇ ਨਾਮ ਵਰਣਨ ਯੋਗ ਹਨ।

## ੨੧. ਗੁ: ਸਾ: ਮਹਿਰੋਂ

ਏਸ ਪਿੰਡ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਮੱਦੋਕੇ ਤੋਂ ਡਰੋਲੀ ਨੂੰ ਜਾਂਦੇ ਹੋਏ ਏਥੇ ਬਿਰਾਜੇ ਸਨ। ਇਹ ਜ਼ਿਲਾ ਫੀਰੋਜ਼ਪੁਰ, ਤਹਿਸੀਲ ਤੇ ਥਾਣਾ ਮੋਗਾ ਦਾ

---

†ਏਸ ਸਿੱਧ ਨੇ ਅਪਣੀ ਬਰਕਤ ਨਾਲ ਏਥੇ ਹੀ ਗੰਗਾ ਕੱਢ ਦਿਤੀ ਸੀ ਜਿਸ ਕਰਕੇ ਓਥੇ 'ਗੰਗਾ' ਨਾਉਂ ਦਾ ਪਿੰਡ ਵਸਿਆ ਹੋਇਆ ਹੈ ਅਤੇ ਬਠਿੰਡੇ ਵਾਲੇ ਰਤਨ ਹਾਜੀ ਨੂੰ ਕਰਾਮਾਤਾਂ ਵਿਚ ਹਰਾਇਆ ਸੀ। ਏਸ ਨੇ ਗੁਰੂ ਨਾਨਕ ਦੇਵ ਦਾ ਸਿਖ ਬਣ ਕੇ ਟਾਮਾਣੇ ਸਿੱਖਾਂ ਦੀ ਸੰਗਤ ਬਣਾਈ ਹੋਈ ਸੀ। ਏਸ ਨੂੰ ਮੰਨਣ ਵਾਲੇ ਕਈ ਪਿੰਡ ਹੁਣ ਤਕ ਸਿੱਖ ਹਨ।

Digitized by Panjab Digital Library | www.panjabdigilib.org

ਪਿੰਡ ਮੋਗੇ ਤੋਂ ੪ ਮੀਲ ਦਖਣ ਵਲ ਹੈ। ਇਸ ਪਿੰਡ ਤੋਂ ਉਤਰ ਵਲ ਨੇੜੇ ਹੀ 'ਗੁਰੂ ਸਰ' ਨਾਮ ਦਾ ਗੁਰਦੁਆਰਾ ਹੈ। ਅਕਾਲੀ ਸਿੰਘ ਸੇਵਾ ਕਰਦਾ ਹੈ।

## ੨੨. ਗੁ: ਗੁਰੂਸਰ ਪੱਤੋ

ਜ਼ਿਲਾ ਫ਼ੀਰੋਜ਼ਪੁਰ ਤਹਿਸੀਲ ਮੋਗਾ ਦਾ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਮੋਗੇ ਤੋਂ ੧੬ ਮੀਲ ਦਖਣ ਹੈ। ਇਸ ਪਿੰਡ ਤੋਂ ਪੂਰਬ ਵਲ ਇਕ ਛਪੜ ਦੇ ਕਿਨਾਰੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਖਤੂਪੁਰੇ ਤੋਂ ਇਥੇ ਚਰਨ ਪਾਏ। ਫੇਰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਭੀ ਤਖਤੂ ਪੁਰੇ ਤੋਂ ਡਰੋਲੀ ਜਾਂਦੇ ਇਥੇ ਪੁਜੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਨੇ ਤੋਂ ਸ਼ਕਾਰ ਲਈ ਏਧਰ ਆਏ ਹੋਏ ਠਹਿਰੇ। ਦਰਬਾਰ ਨਵਾਂ ਬਣ ਗਿਆ ਹੈ। ਇਸ ਪਿੰਡ ਵਿਚ ਭਾਈ ਬੀਰ ਸਿੰਘ ਜੀ ਦਾ ਡੇਰਾ ਭੀ ਹੈ। ੧੦ ਘੁਮਾਉਂ ਜ਼ਮੀਨ ਗੁਰਦੁਆਰੇ ਦੇ ਨਾਉਂ ਹੈ ਪੁਜਾਰੀ ਅਕਾਲੀ ਸਿੰਘ ਹੈ।

## ੨੩. ਗੁ: ਨਾਨਕ ਸਰ ਤਖਤੂਪੁਰਾ

ਇਹ ਨਗਰ ਬੜੇ ਭਾਗਾਂ ਵਾਲਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਸ੍ਰੀ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਪਵਿਤ੍ਰ ਚਰਨ ਪਾਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਨਾਨਕ ਦੇਵ ਜੀ ਦਾ ਪਵਿੱਤ੍ਰ ਗੁਰ ਅਸਥਾਨ ਹੋਣ ਕਰ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਭੀ ਇਥੇ ਪੁਜੇ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਨਾਮ ਦਾਨ ਦ੍ਰਿੜ੍ਹਾਕੇ ਨਿਹਾਲ ਕੀਤਾ। ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਬਿਰਾਜੇ ਸਨ, ਉਥੇ ਬੜਾ ਸੁੰਦਰ ਦਰਬਾਰ ਬਣਿਆ ਹੋਇਆ ਹੈ।

ਨੋਟ:—ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਭੀ ਇਸ ਵਡਭਾਗੀ ਥਾਂ ਤੇ ਆਏ ਹਨ।

ਇਸ ਦਰਬਾਰ ਦੀ ਅਤੇ ਸਰੋਵਰ ਦੀ ਸੇਵਾ ਸ੍ਰੀ ਮਾਨ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਕਰਵਾਈ। ਇਸ ਵੇਲੇ ਕਮੇਟੀ ਦਾ ਪ੍ਰਬੰਧ ਹੈ ਅਤੇ ਮਾਘੀ ਨੂੰ ਜੋੜ-ਮੇਲਾ ਹੁੰਦਾ ਹੈ।

ਪੁਰਾਣੇ ਬਿਰਧਾਂ ਤੋਂ ਸੁਣਿਆ ਹੈ ਕਿ ਭਰਥਰੀ ਅਤੇ ਗੋਪੀ ਚੰਦ ਸਿੱਧ ਗੁਰੂ ਨਾਨਕ ਸਾਹਿਬ ਦੇ ਨਾਲ ਰਹਿੰਦੇ ਸੀ। ਜਿਸ ਵੇਲੇ ਤਖਤੂ ਪੁਰੇ ਆਪ ਗਏ, ਉਦੋਂ ਤੋਂ ਉਥੇ ਸਿੱਧਾਂ ਦੀ ਬੜੀ ਅਤੇ ਛਪੜੀ ਅਜ ਤਕ ਕਾਇਮ ਹੈ। ਛੇਵੇਂ ਪਾਤਸ਼ਾਹ ਜਦੋਂ ਉਥੇ ਗਏ ਤਾਂ ਤਖਤੂਪੁਰੇ ਦੀ ਸੰਗਤ ਦੇ ਮੋਹਰੀ ਭਾਈ ਜੱਕੇ ਨੇ ਅਰਜ਼ ਕੀਤੀ ਕਿ ਮਹਾਰਾਜ ਜੀ! ਕਿਰਪਾ ਕਰਕੇ ਅਸਾਂ ਨੂੰ ਸਾਡੇ ਬਿਰਧਾਂ ਵਾਂਗ ਸਿੱਧਾਂ ਦੇ ਦਰਸ਼ਨ ਕਰਾਓ। ਉਹ ਸ੍ਰੀ ਗੁਰੂ ਨਾਨਕ ਦੇਵ ਦੇ ਨਾਲ ਆਏ ਸੀ। ਸਾਡੇ ਵਡਿਆਂ ਨੇ ਉਨ੍ਹਾਂ ਦੇ ਦਰਸ਼ਨ ਕੀਤੇ। ਮਹਾਰਾਜ ਨੇ ਫੁਰਮਾਇਆ ਕਿ ਤੁਸੀਂ ਉਨ੍ਹਾਂ ਨਾਲ ਕੋਈ ਗਲ ਨਾ ਕਰਨੀ। ਤਾਂ ਹੁਕਮ ਕਰਕੇ ਇਕ ਦਿਨ ਵਿਚ ਜੋਗੀ ਹਾਜ਼ਰ ਕਰ ਲਏ। ਬੜੀ ਵਿਚਾਰ ਭਰੇ ਪ੍ਰਸੰਗ ਹੁੰਦੇ ਰਹੇ। ਅੰਤ ਨੂੰ ਗ੍ਰਹਸਤ ਆਸ਼ਰਮ ਦੀ ਮਹਿਮਾਂ ਦਾ ਪ੍ਰਸੰਗ ਚਲਿਆ, ਤਾਂ ਸਾਹਿਬ ਫਰਮਾਇਆ ਗੋਪੀ ਚੰਦ! ਜੋ ਆਦਮੀ ਯੁਵਾ ਅਵਸਥਾ ਵਿੱਚ ਆਪਣੇ ਪਰਵਾਰ ਨੂੰ ਛੱਡ ਕੇ ਤਿਆਗੀ ਬਣ ਜਾਂਦਾ ਹੈ ਉਸ ਨੂੰ ਪਾਪ ਲਗਦਾ ਹੈ। ਤਾਂ ਭਾਈ ਜੱਕੇ ਕਹਿਣ ਲਗਾ 'ਮਹਾਰਾਜ! ਇਹ ਗੋਪੀ ਚੰਦ ੩੬੦ ਰਾਣੀਆਂ ਨੂੰ ਰੋਂਦੀਆਂ ਕੁਰਲਾਉਂਦੀਆਂ ਨੂੰ ਛੱਡ ਕੇ ਯੁਵਾ ਅਵਸਥਾ ਵਿੱਚ ਹੀ ਤਿਆਗੀ ਬਣਿਆ ਹੈ। ਪਤਾ ਨਹੀਂ, ਕਿਹੜੇ ਨਰਕ ਨੂੰ ਜਾਊਗਾ। ਤਾਂ ਗੋਪੀ ਚੰਦ ਨੇ ਗੁਸੇ ਹੋਕੇ ਉਸ ਵਲ ਨਜ਼ਰ ਕੀਤੀ ਤਾਂ ਜੱਕੇ ਦਾ ਮੂੰਹ

Digitized by Panjab Digital Library | www.panjabdigilib.org

ਜਲਨ ਲਗ ਪਿਆ। ਗੁਰੂ ਸਾਹਿਬ ਨੇ ਜੋਗੀਆਂ ਨੂੰ ਛੁੱਟੀ ਦਿਤੀ। ਭਾਈ ਜੱਕੋ ਨੂੰ ਆਖਿਆ ਤੈਨੂੰ ਵਰਜਿਆ ਸੀ ਤੂੰ ਕਿਉਂ ਬੋਲਿਆ ? ਜੱਕੋ ਨੇ ਆਖਿਆ—ਮਹਾਰਾਜ ਮੈਨੂੰ ਆਪ ਦਾ ਬਚਨ ਚੇਤੇ ਨਾ ਰਿਹਾ । ਪਰ ਹਜ਼ੂਰ ! ਆਪ ਦੇ ਹੁੰਦਿਆਂ ਸਾਡੇ ਮੂੰਹ ਜਲਣ ? ਜਾਓ ਗੁਰੂ ਨਾਨਕ ਦੇਵ ਦੇ ਚਰਨਾਂ ਤੋਂ ਵਰੋਸਾਈ ਛਪੜੀ ਵਿੱਚ ਮੂੰਹ ਧੋ ਕੇ ਅਰੋਗ ਹੋਵੇਂ। ਸੋ ਜੱਕੋ ਨੇ ਓਥੇ ਆਪਣਾ ਮੂੰਹ ਧੋ ਕੇ ਪੀੜ ਹਟਾਈ। ਇਹ ਅਦਭੁਤ ਕਲਾ ਦਾ ਚੋਜ ਸਾਰੇ ਪ੍ਰਸਿੱਧ ਹੈ ।

## ੨੪. ਗੁ: ਗੁਰੂ ਸਰ ਲੋਪੋ

ਇਹ ਜ਼ਿਲਾ ਫ਼ੀਰੋਜ਼ਪੁਰ ਤਹਿਸੀਲ ਮੋਗਾ ਵਿਚ ਪਿੰਡ ਹੈ, ਜੋ ਰੇਲਵੇ ਸਟੇਸ਼ਨ ਅਜੀਤ ਵਾਲ ਤੋਂ ੧੦ ਮੀਲ ਦੱਖਣ ਨੂੰ ਹੈ। ਇਸ ਪਿੰਡ ਤੋਂ ਦੱਖਣ ਪੂਰਬ ਪਾਸ ਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਨੇ ਨਗਰ ਮਧੇ ਤੋਂ ਏਥੇ ਚਰਨ ਪਾਏ ਸਨ। ਇਸ ਗੁਰਦੁਆਰੇ ਨੂੰ 'ਗੁਰੂਸਰ' ਆਖਦੇ ਹਨ। ਗੁਰਦੁਆਰੇ ਸਾਹਿਬ ਦੀ ਇਮਾਰਤ ਬੜੀ ਸੁੰਦਰ ਬਣੀ ਹੋਈ ਹੈ। ਇਸਦੀ ਸੇਵਾ ਸਰਦਾਰ ਬਚਨ ਸਿੰਘ ਚੋਗਾਵਾਂ ਅਕਾਲੀ ਦੀ ਪਰਧਾਨਗੀ ਵੇਲੇ ਹੋਈ ਸੀ। ਇਹ ਗੁਰਦੁਆਰਾ ਸ਼ਰੋਮਣੀ ਗੁਃ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਹੈ। ਲੋਕਲ ਕਮੇਟੀ ਪ੍ਰਬੰਧ ਕਰਦੀ ਹੈ। ਇਸ ਗੁਰ ਅਸਥਾਨ ਨੂੰ ੧੨੦ ਘੁਮਾਂ ਦੇ ਕਰੀਬ ਜ਼ਮੀਨ ਹੈ। ਜੋ ਕਈਆਂ ਪਿੰਡਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਹੈ।

## ੨੫. ਗੁ: ਗੁਰੂ ਸਰ ਮੱਦੋਕੇ

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਇਕ ਗੁਰਦੁਆਰਾ ਬਹੁਤ ਪ੍ਰਸਿੱਧ ਹੈ। ਏਥੇ ਗੁਰੂ ਜੀ ਨੇ ਕਈ ਅਦਭੁਤ ਕੌਤਕ ਕੀਤੇ ਹਨ। ਜਿਸ ਵੇਲੇ ਸਤਿਗੁਰੂ ਸਚੇ ਪਾਤਸ਼ਾਹ ਏਥੇ ਪੁਜੇ ਤਾਂ ਏਥੇ ਝਿੜੇ ਵਿਚ ਇਕ ਮਾਧੋ ਦਾਸ ਸਾਧੂ ਰਹਿੰਦਾ ਸੀ। ਗੁਰੂ ਜੀ ਨੇ ਉਸਦਾ ਪ੍ਰੇਮ ਵੇਖਕੇ ਦਰਸ਼ਨ ਦਿਤੇ, ਅਤੇ ਇਕ ਛਪੜ ਦੇ ਕੰਢੇ ਗੁਰੂ ਜੀ ਨੇ ਡੇਰੇ ਲਾਏ ਤੇ ਚੋਰਾਂ ਪਾਸੋਂ ਚੋਰੀ ਛੁਡਵਾਈ ਅਤੇ ਉਨ੍ਹਾਂ ਨੂੰ ਸਿਧੇ ਮਾਰਗ ਲਾਇਆ।ਇਕ ਸਾਖੀ ਹੈ ਕਿ ਜਦ ਚੋਰ ਮੱਝੀਆਂ ਚੋਰੀ ਕਰਕੇ ਏਥੇ ਪੁਜੇ ਤਾਂ ਉਹ ਛਪੜ ਵਿਚ ਵੜ ਗਈਆਂ, ਪਿਛੋਂ ਵਾਹਰ ਭੀ ਆ ਗਈ। ਚੋਰ ਗੁਰੂ ਜੀ ਦੀ ਸੰਗਤ ਵਿਚ ਬੈਠ ਗਏ ਤੇ ਦਿਲੋਂ ਬਹੁਤ ਡਰੇ ਅਤੇ ਪ੍ਰਾਰਥਨਾ ਕਰਨ ਲਗੇ ਕਿ ਜੇ ਅਜ ਸਤਿਗੁਰੂ ਬਚਾ ਦੇਵੇਂ ਤਾਂ ਬੜੀ ਕ੍ਰਿਪਾ ਹੋਵੇ। ਇਸ ਤੇ ਅਜਿਹਾ ਕੌਤਕ ਵਰਤਿਆ ਕਿ ਮੱਝੀਆਂ ਦੇ ਰੰਗ ਬਦਲ ਗਏ, ਬੂਰੀਆਂ ਕਾਲੀਆਂ ਹੋ ਗਈਆਂ ਤੇ ਕਾਲੀਆਂ ਬੂਰੀਆਂ। ਵਾਹਰ ਵਾਲੇ ਮੱਝਾਂ ਨਾ ਪਛਾਣ ਸਕੇ ਤੇ ਚੋਰ ਬਚ ਗਏ। ਜਦ ਵਾਹਰ ਵਾਪਸ ਚਲੀ ਗਈ ਤਾਂ ਗੁਰੂ ਜੀ ਨੇ ਚੋਰਾਂ ਨੂੰ ਉਪਦੇਸ਼ ਕੀਤਾ ਕਿ ਅੱਗੇ ਤੋਂ ਚੋਰੀ ਕਰਨੀ ਛੱਡ ਦਿਓ। ਉਨ੍ਹਾਂ ਨੇ ਚੋਰੀ ਛਡਣ ਦਾ ਪ੍ਰਣ ਲਿਆ ਅਤੇ ਮੱਝੀਆਂ ਵਾਲਿਆਂ ਨੂੰ ਮੱਝੀਆਂ ਦੇ ਕੇ ਤੋਰ ਦਿਤਾ ਜੋ ਫੇਰ ਮੱਝਾਂ ਆਪੋ ਆਪਣੇ ਰੰਗ ਦੀਆਂ ਹੋ ਗਈਆਂ। ਇਕ ਮਾਈ ਪਿੰਡ ਢੁਡੀਕੇ ਤੋਂ ਗੁਰੂ ਜੀ ਵਾਸਤੇ ਦਹੀਂ ਦੀ ਚਾਟੀ ਲਿਆਈ ਅਤੇ ਸਿਖੀ ਦੀ ਦਾਤ ਪ੍ਰਾਪਤ ਕੀਤੀ ਤੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਇਸ ਅਸਥਾਨ ਤੇ ਹੁਣ ਗੁਰੂ ਜੀ ਦਾ ਸੁੰਦਰ ਮੰਜੀ ਸਾਹਿਬ ਬਣਿਆ ਹੋਇਆ ਹੈ। ਗੁਰਦੁਆਰੇ ਦੀ ਇਮਾਰਤ ਬਣਾਉਣ ਦਾ ਉਦਮ ਸੰਤ ਇੰਦਰ ਸਿੰਘ ਤੇ ਭਾਈ ਰੂੜ ਸਿੰਘ ਬੋਪਾ ਰਾਏ ਦੀ ਪ੍ਰੇਰਨਾ ਅਨੁਸਾਰ ਹੋਇਆ। ਇਸ ਤੋਂ ਇਲਾਵਾ ਸੰਤ ਮੋਹਨ ਸਿੰਘ ਜੀ ਜਨੇਤ ਪੁਰਾ, ਭਾਃ ਤੇਜਾ ਸਿੰਘ ਕੋਕਰੀ, ਸੰਤ ਵਿਸਾਖਾ ਸਿੰਘ ਜਨੇਤ ਪੁਰਾ, ਸੰਤ ਨਿੱਕਾ ਸਿੰਘ ਜੀ ਤੇ

Digitized by Panjab Digital Library | www.panjabdigilib.org

ਇਲਾਕਾ ਨਿਵਾਸੀਆਂ ਨੇ ਸੇਵਾ ਵਿਚ ਵਧ ਚੜ੍ਹ ਕੇ ਹਿੱਸਾ ਲਿਆ।

ਅਕਾਲੀ ਲਹਿਰ ਵਿਚ ਇਹ ਗੁਰਦੁਆਰਾ ਕਮੇਟੀ ਦੇ ਪ੍ਰਬੰਧ ਹੇਠ ਆ ਗਿਆ। ਸ: ਕਰਤਾਰ ਸਿੰਘ ਮੱਦੋਕੇ ਬਾਬਾ ਕਿਸ਼ਨ ਸਿੰਘ, ਜਮਾਦਾਰ ਅਮਰ ਸਿੰਘ ਢੁਡੀਕੇ, ਡਾ: ਈਸ਼ਰ ਸਿੰਘ, ਸੰਤ ਪ੍ਰੇਮ ਸਿੰਘ ਜੀ ਕੋਕਰੀ ਨਾਲ ਮਿਲ ਕੇ ਆਦਿ ਸਜਣਾਂ ਨੇ ਸਰੋਵਰ ਦੀ ਸੇਵਾ ਕਰਵਾਉਣ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਦਾਸ ਤੋਂ ਭੀ ਗ਼ਰੀਬ ਨਿਵਾਜ ਜੀ ਨੇ ਸੇਵਾ ਲਈ। ਗੁਰੂ ਜੀ ਦੇ ਨਿਸ਼ਾਨ ਸਾਹਿਬ ਦੀ ਸੇਵਾ ਪ੍ਰਸਿਧ ਅਕਾਲੀ ਸ: ਬਚਨ ਸਿੰਘ ਜੀ ਚੁਗਾਵਾਂ ਦੇ ਉਦਮ ਨਾਲ ਹੋਈ। ਨਿਸ਼ਾਨ ਸਾਹਿਬ ੧੦੫ ਫੁਟ ਉਚਾ ਤੇ ਅਤਿ ਸੁੰਦਰ ਹੈ ਜੋ ਦੂਰ ਤੋਂ ਹੀ ਗੁਰਦੁਆਰਾ ਸਾਹਿਬ ਦੀ ਸ਼ਾਨ ਨੂੰ ਦੋਬਾਲਾ ਕਰ ਰਿਹਾ ਹੈ। ਸਰੋਵਰ ਇਕ ਵਿਘਾ ਮੁਰੱਬਾ ਵਿਚ ਕਟੋਰੇ ਦੀ ਸ਼ਕਲ ਦਾ ਬਣਿਆ ਹੋਇਆ ਹੈ। ਸਾਲਾਨਾ ਜੋੜ ਮੇਲ ੧੬. ੧੭. ੧੮. ਸਾਉਣ ਨੂੰ ਹੁੰਦਾ ਹੈ ਜੋ ਸਰਦਾਰ ਅਮਰ ਸਿੰਘ ਜੀ ਢੁਡੀਕੇ, ਸੰਤ ਪ੍ਰੇਮ ਸਿੰਘ ਜੀ ਕੋਕਰੀ, ਸ: ਕਰਤਾਰ ਸਿੰਘ, ਸ: ਨਿੱਕਾ ਸਿੰਘ ਮੱਦੋਕੇ ਦੇ ਉਦਮ ਨਾਲ ਅਰੰਭ ਹੋਇਆ। ਗੁਰਦੁਆਰੇ ਦੇ ਨਾਮ ੧੬ ਘੁਮਾਂ ਜ਼ਮੀਨ ਹੈ। ਪੁੰਨਿਆਂ ਤੇ ਮਸਿਆ ਭੀ ਲਗਦੀਆਂ ਹਨ। ਇਹ ਗੁਰਅਸਥਾਨ ਰੇਲਵੇ ਸਟੇਸ਼ਨ ਅਜਿਤਵਾਲ ਤੋਂ ਚਾਰ ਮੀਲ ਦੱਖਣ ਪੱਛਮ ਵਲ ਹੈ। ਹੁਣ ਮੁਖ ਪ੍ਰਬੰਧਕ ਮਹੰਤ ਨਿੱਕਾ ਸਿੰਘ ਜੀ ਹਨ।

## ੨੬. ਗੁ: ਗੋਬਿੰਦ ਗੜ੍ਹ ਦੌਧਰ

ਪਿੰਡ ਦੌਧਰ (ਜ਼ਿਲਾ ਫੀਰੋਜ਼ਪੁਰ, ਤਹਿਸੀਲ ਥਾਣਾ ਮੋਗਾ) ਤੋਂ ਉੱਤਰ ਦਿਸ਼ਾ ਅੱਧ ਮੀਲ ਦੇ ਕਰੀਬ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਕ ਗੁਰਦੁਆਰਾ ਹੈ, ਏਥੇ ੧ ਅਕਤੂਬਰ ਸੰਨ ੧੯੧੪ ਨੂੰ ਜ਼ਮੀਨ ਵਿਚੋਂ ਦੋ ਤਾਂਬੇ ਦੇ ਪਤ੍ਰ ਨਿਕਲੇ। ਪਹਿਲੇ ਪੁਰ ਇਕ ਪਾਸੇ ਗੁਰਮੁਖੀ ਅਖਰਾਂ ਵਿਚ ਲਿਖਿਆ ਹੋਇਆ ਹੈ 'ਨਾਨਕ ਤਪਾ ਈਹਾਂ ਰਮੇਂ' ਦੂਜੇ ਪਾਸੇ 'ਪਹਿਲੀ ਪਾਤਸ਼ਾਹੀ ਛੇਵੀਂ ਆਏ।'

ਦੂਜਾ ਮੋਹਰ ਦੀ ਸ਼ਕਲ ਦਾ ਹੈ, ਜਿਸ ਪੁਰ 'ਨਾਨਕ' ਲਿਖਿਆ ਹੋਇਆ ਹੈ। ਸੰਗਤਾਂ ਨੇ ਪ੍ਰੇਮ ਭਾਵ ਗੁਰਦੁਆਰਾ ਪ੍ਰਸਿੱਧ ਕੀਤਾ, ਅਕਾਲੀ ਸਿੰਘ ਪਿੰਡ ਵਾਲੇ ਸੇਵਾ ਕਰਦੇ ਹਨ। ਗੁਰਦੁਆਰੇ ਨਾਲ ਪੰਜ ਕਨਾਲ ਜ਼ਮੀਨ ਹੈ, ਰੇਲਵੇ ਸਟੇਸ਼ਨ ਅਜਿੱਤਵਾਲ ਤੋਂ ਚਾਰ ਮੀਲ ਪੱਛਮ ਵਲ ਕੱਚਾ ਰਸਤਾ ਹੈ।

## ੨੭. ਗੁ: ਕਾਉਂਕੇ ਵਡੇ (ਜ਼ਿਲਾ ਲੁਧਿਆਣਾ)

ਕਾਉਂਕੇ ਵਡੇ ਜ਼ਿਲਾ ਲੁਧਿਆਣਾ, ਤਹਿਸੀਲ ਜਗਰਾਉਂ ਵਿਚ ਇਕ ਉਘਾ ਪਿੰਡ ਹੈ। ਏਥੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਪਵਿੱਤਰ ਚਰਨ ਪਾ ਕੇ ਜਦ ਸੰਗਤ ਨੂੰ ਨਿਹਾਲ ਕੀਤਾ ਤਾਂ ਨਗਰ ਵਾਸੀ ਸੰਗਤਾਂ ਪਤਾ ਲਗਣ ਤੇ ਅਰਸ਼ੀ ਪ੍ਰੀਤਮ ਦੇ ਅਗੇ ਤਿਲ ਫੁਲ ਭੇਟ ਕਰਕੇ ਨਮਸ਼ਕਾਰ ਕਰਕੇ ਦੇਵਤਿਆਂ ਦੀ ਸ਼ਕਲ ਵਿਚ ਚੁਗਿਰਦੇ ਸੁਸ਼ੋਭਤ ਹੋ ਗਈਆਂ। ਇਕ ਪ੍ਰੇਮੀ ਨੇ ਕੀਰਤਨ ਅਰੰਭਿਆ। ਸਾਹਿਬਾਂ ਪੁਛਿਆ ਤੇਰਾ ਕੀ ਨਾਮ ਹੈ? ਉੱਤਰ ਦਿਤਾ—ਸਚੇ ਪਾਤਸ਼ਾਹ ਜੀ ਆਪ ਜੀ ਦੇ ਸੇਵਕ ਦਾ ਨਾਮ ਹੀਰਾ ਹੈ। ਜੇ ਆਪ ਜੀ ਕ੍ਰਿਪਾ ਕਰਕੇ ਹੀਰਾ ਬਣਾ ਦਿਓ ਤਦ ਗੁਰੂ ਜੀ ਬੋਲੇ, ਭਾਈ ਇਸ ਨਗਰ ਵਿਚੋਂ ਬੜੇ ਹੀਰੇ ਪੈਦਾ ਹੋਣਗੇ। ਗੁਰੂ ਜੀ ਦੀ ਕਿਰਪਾ ਦਾ ਸਦਕਾ ਉਸ ਨਗਰ ਵਿਚ ਬੇਅੰਤ ਹੀਰੇ ਪੈਦਾ ਹੋਏ ਤੇ ਹੋਣਗੇ ਜਿਨ੍ਹਾਂ ਦਾ ਜ਼ਿਕਰ ਹੋਰਨਾਂ ਕਾਂਡਾਂ ਵਿਚ ਆਇਆ ਹੈ। ਗੁਰ ਅਸਥਾਨ ਦੀ ਸੇਵਾ ਹੋਈ, ਜੋ

Digitized by Panjab Digital Library | www.panjabdigilib.org

ਸ: ਰੂੜ ਸਿੰਘ ਅਤੇ ਉਨ੍ਹਾਂ ਦੇ ਸਪੁਤ੍ਰ ਸ: ਰਣਬੀਰ ਸਿੰਘ ਜੀ ਦੀ ਸਰਪਰਸਤੀ ਹੇਠ ਪਿੰਡ ਤੇ ਇਲਾਕੇ ਦੀਆਂ ਸੰਗਤਾਂ ਨੇ ਬੜੇ ਹੀ ਪ੍ਰੇਮ ਸਹਿਤ ਭੁਗਤਾਈ ਅਤੇ ਤਾਲ ਤੇ ਰਿਹਾਇਸ਼ੀ ਮਕਾਨ ਬਹੁਤ ਸੁੰਦਰ ਹੈਨ। ਜਗਰਾਉਂ ਤੋਂ ਪੰਜ ਮੀਲ, ਜਰਨੈਲੀ ਸੜਕ ਤੋਂ ਦੋ ਮੀਲ, ਗੁਰਦੁਆਰੇ ਦੇ ਨਾਉਂ ਨਗਰ ਵਲੋਂ ੨੦ ਘੁਮਾਂ ਜ਼ਮੀਨ ਹੈ।

## ੨੮. ਗੁਰੂ ਨਾਨਕ ਹਰਿ ਗੋਬਿੰਦ ਸਰ, ਤਿਹਾੜਾ

ਇਸ ਗੁਰ ਅਸਥਾਨ ਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੋ ਮਹੀਨੇ ਦਸ ਦਿਨ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਇਸ ਗੁਰ ਅਸਥਾਨ ਤੋਂ ਸ੍ਰੀ ਗੁਰੂ ਜੀ ਨੂੰ ਮਹਿਲਾਂ ਤੇ ਸੰਗਤ ਸਮੇਤ ਕੋਕਰੀ ਕਲਾਂ ਆਦਿ ਪਿੰਡਾਂ ਵਿਚ ਪ੍ਰਸ਼ਾਦਾ ਛਕਣ ਲਿਜਾਂਦੇ ਸਨ। ਅਫਸੋਸ ਕਿ ਕੋਕਰੀ ਵਿਚ ਯਾਦਗਾਰਾਂ ਨਹੀਂ ਮਿਲੀਆਂ। ਸ੍ਰੀ ਗੁਰੂ ਜੀ ਹਰੀਕੇ ਪਤਣ ਲੰਘ ਕੇ ਇੰਦ੍ਰਗੜ੍ਹ ਦੇ ਝਿੜੇ ਵਿਚ ਦੀ ਹੁੰਦੇ ਹੋਏ ਏਸ ਜਗ੍ਹਾ ਪਹੁੰਚੇ ਸਨ। ਸ੍ਰੀ ਗੁਰੂ ਜੀ ਨੂੰ ਤਿਹਾੜੇ ਤੋਂ ਡਰੋਲੀ ਵਾਲੀ ਸੰਗਤ ਲੈਕੇ ਗਏ ਸੀ।ਏਹ ਜ਼ਿਲਾ ਲੁਧਿਆਣਾ, ਤਹਿਸੀਲ ਤੇ ਰੇਲਵੇ ਅਸਟੇਸ਼ਨ ਜਗਰਾਉਂ ਤੋਂ ੭-੮ ਮੀਲ ਅਰ ਥਾਣਾ ਸਿੱਧਮ ਬੇਟ ਤੋਂ ੪ ਮੀਲ ਹੈ।

## ੨੯. ਗੁ: ਸਿਧਵਾਂ ਵਡੇ
## 'ਹਰ ਜੀਉ ਨਿਮਾਣਿਆਂ ਤੂੰ ਮਾਣ'

ਪਿੰਡ ਸਿਧਵਾਂ ਵਿੱਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਪਵਿੱਤ੍ਰ ਚਰਨ ਪਾਏ ਅਤੇ ਉਕਤ ਮਹਾਵਾਕ ਅਨੁਸਾਰ ਇਸ ਪਿੰਡ ਵਾਸੀਆਂ ਦਾ ਮਾਣ ਵਧਾਇਆ। ਗੁਰੂ ਜੀ ਦੇ ਆਉਣ ਤੋਂ ਪਹਿਲਾਂ ਇਸ ਪਿੰਡ ਦੇ ਲੋਕਾਂ ਨੂੰ ਪਟੜੀ ਫੇਰਦੇ ਲੋਕ ਬਹੁਤ ਤੰਗ ਕਰਦੇ ਸਨ। ਗਲ ਗਲ ਤੇ ਇਨ੍ਹਾਂ ਦਾ ਤ੍ਰਿਸਕਾਰ ਕੀਤਾ ਜਾਂਦਾ ਤੇ 'ਸਿਰਕੀ ਬਾਸ' ਕਹਿ ਕੇ ਨਿਰਾਦਰ ਕੀਤਾ ਜਾਂਦਾ। ਮਾਨ ਗੋਤ ਦੇ ਜੱਟ ਇਨ੍ਹਾਂ ਨੂੰ ਬਹੁਤ ਤੰਗ ਕਰਦੇ ਸਨ। ਗੁਰੂ ਜੀ ਇਸ ਸਮੇਂ ਭਾਈ ਕੀ ਡਰੋਲੀ ਤੋਂ ਕਾਉਂਕੇ ਆਏ ਹੋਏ ਸਨ। ਸਿਧਵਾਂ ਦੀ ਸੰਗਤ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਰ ਹੋਈ ਤੇ ਨਗਰ ਵਿਚ ਚਰਨ ਪਾਉਣ ਲਈ ਬੇਨਤੀ ਕੀਤੀ। ਗੁਰੂ ਮਹਾਰਾਜ ਸੰਗਤ ਸਮੇਤ ਗਏ। ਬੋਹੜ ਦੇ ਹੇਠ ਭਾਰੀ ਦੀਵਾਨ ਸਜਿਆ, ਜਿਸ ਵਿਚ ਇਲਾਕੇ ਦੀਆਂ ਸੰਗਤਾਂ ਭੀ ਹਾਜ਼ਰ ਹੋਈਆਂ। ਗੁਰੂ ਜੀ ਨੇ ਸਭ ਨੂੰ ਸਮਝਾਇਆ ਅਤੇ ਸਿਧਵਾਂ ਵਾਲਿਆਂ ਦੀ ਸ਼ਕਾਇਤ ਉਨ੍ਹਾਂ ਦੇ ਸਾਹਮਣੇ ਰਖੀ। ਸਭ ਨੇ ਕਿਹਾ ਮਹਾਰਾਜ ਅਗੇ ਤੋਂ ਇਹ ਗ਼ਲਤੀ ਨਹੀਂ ਹੋਵੇਗੀ। ਇਸ ਸਮੇਂ ਤੋਂ ਪਿਛੋਂ ਸਿਧਵਾਂ ਨਿਵਾਸੀਆਂ ਨੂੰ ਕਦੇ ਕਿਸੇ ਨੇ ਤੰਗ ਨਹੀਂ ਕੀਤਾ।

ਗੁਰੂ ਮਹਾਰਾਜ ਜੀ ਨੇ ਇਹ ਫਰਮਾਇਆ ਕਿ ਜਿਹੜੇ ਲੋਕ ਅਜ ਸਿਧਵਾਂ ਵਾਲਿਆਂ ਨਾਲ ਘ੍ਰਿਣਾ ਕਰਦੇ ਹਨ ਉਹ ਇਨ੍ਹਾਂ ਨਾਲ ਰਿਸ਼ਤੇ ਨਾਤੇ ਕਰਨੇ ਫਖਰ ਸਮਝਿਆ ਕਰਨਗੇ। ਗੁਰੂ ਜੀ ਦੇ ਇਹ ਵਾਕ ਭੀ ਅਜ ਸੰਪੂਰਨ ਹੋ ਰਹੇ ਹਨ। ਭਾ: ਮਨਸਾ ਸਿੰਘ ਨੇ ਕਿਹਾ ਕਿ ਮੇਰੇ ਪਾਸ ਕੁਝ ਰਕਮ ਹੈ ਇਸ ਨੂੰ ਕਿਸੇ ਸੇਵਾ ਤੇ ਲਗਾਵੋ। ਗੁਰੂ ਜੀ ਨੇ ਕਿਹਾ ਗੁਰਦੁਆਰੇ ਲਈ ਖਰਚ ਕਰੋ। ਸੰਗਤਾਂ ਨੇ ਸੇਵਾ ਕੀਤੀ। ਭਾ: ਪ੍ਰੇਮ ਸਿੰਘ, ਭਾ: ਬੁਧ ਸਿੰਘ ਆਦਿ ਪ੍ਰੇਮੀਆਂ ਨੇ ਬੜੇ ਪ੍ਰੇਮ ਨਾਲ ਗੁਰਦੁਆਰੇ ਦੀ ਸੇਵਾ ਕੀਤੀ। ਭਾ: ਬੁਧ ਸਿੰਘ ਬੜੇ ਸਜੀਲੇ ਫਬੀਲੇ ਗੁਰਸਿਖ ਸਨ। ਇਸ ਤੋਂ ਉਪ੍ਰੰਤ ਭਾ: ਪ੍ਰਤਾਪ ਸਿੰਘ ਨੇ ਸੇਵਾ ਨਿਬਾਹੀ। ਸੜਕ ਬਨਾਉਣ ਵਿਚ ਸ: ਗੁਲਜ਼ਾਰ ਸਿੰਘ, ਭਾ: ਮੋਹਲਾ ਸਿੰਘ, ਭਾ: ਮਾਹਲਾ ਸਿੰਘ,

Digitized by Panjab Digital Library | www.panjabdigilib.org

ਭਾਃ ਚੰਨਣ ਸਿੰਘ, ਭਾਃ ਮਿੱਤ ਸਿੰਘ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਸ ਸਮੇਂ ਇਥੇ ਇਸਤ੍ਰੀ ਵਿਦਿਆ ਦਾ ਸੋਹਣਾ ਕੇਂਦਰ ਹੈ। (ਵੇਖੋ ਇਸਤ੍ਰੀ ਤੇ ਵਿਦਿਆ ਕਾਂਡ)

## ੩੦. ਗੁਃ ਬਿਰਕ

ਬਿਰਕ ਤਹਿਸੀਲ ਜਗਰਾਓਂ ਜ਼ਿਲਾ ਲੁਧਿਆਣਾ ਵਿਚ ਇਕ ਪਿੰਡ ਹੈ। ਏਸ ਨਗਰ ਨੂੰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਵਡੇ ਸਿੱਧਵਾਂ ਤੋਂ ਪਵਿੱਤ੍ਰ ਚਰਨ ਪਾ ਕੇ ਕਿਰਤਾਰਥ ਕੀਤਾ ਸੀ। ਇਸ ਪਵਿੱਤ੍ਰ ਅਸਥਾਨ ਦੀ ਸੇਵਾ ਨਗਰ ਵਾਸੀ ਸੰਗਤ ਨੇ ਬੜੇ ਗੂੜ੍ਹੇ ਪ੍ਰੇਮ ਨਾਲ ਭੁਗਤਾਈ ਹੈ। ਭਾਈ ਨੱਥਾ ਸਿੰਘ ਜੀ ਬੜੇ ਹਿਤਕਾਰੀ ਤੇ ਉਦਮੀ ਹਨ। ਜੋ ਇਸ ਅਸਥਾਨ ਦੇ ਪ੍ਰਬੰਧ ਵਿਚ ਮੁੱਖੀ ਹਨ। ਰੇਲਵੇ ਸਟੇਸ਼ਨ ਚੌਕੀ ਮਾਨ ਤੋਂ ਕੱਚਾ ਰਸਤਾ ੩ ਮੀਲ ਹੈ।

## ੩੧. ਗੁਃ ਸਾਹਿਬ ਹੇਹਰ (ਹੇਰਾਂ)

ਕ੍ਰਿਪਾਲ ਦਾਸ ਉਦਾਸੀ ਮਹਾਤਮਾ ਦੇ ਰਹਿਣ ਦਾ ਗਰਾਮ, ਜੋ ਜ਼ਿਲਾ ਲੁਧਿਆਣਾ ਤਹਿਸੀਲ ਜਗਰਾਓਂ ਥਾਣਾ ਰਾਇਕੋਟ ਵਿਚ ਹੈ, ਇਸ ਥਾਂ ਸ੍ਰੀ ਦਸਮੇਸ਼ ਜੀ ਮਾਲਵੇ ਨੂੰ ਜਾਂਦੇ ਹੋਏ ਵਿਰਾਜੇ ਹਨ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਭੀ ਇਸ ਜਗ੍ਹਾ ਭਾਈ ਹਮੀਰੇ ਸਿੱਖ ਦਾ ਪ੍ਰੇਮ ਵੇਖ ਕੇ ਕੁਝ ਚਿਰ ਠਹਿਰੇ ਸਨ, ਉਹ ਪਲੰਘ ਜਿਸ ਪਰ ਗੁਰੂ ਸਾਹਿਬ ਜੀ ਵਿਰਾਜੇ ਸਨ, ਅਤੇ ਉਹ ਚੁਲ੍ਹਾ ਜਿਸ ਪੁਰ ਗੁਰੂ ਜੀ ਦਾ ਪ੍ਰਸ਼ਾਦ ਤਿਆਰ ਹੋਇਆ ਸੀ, ਦੋਵੇਂ ਸੰਭਾਲ ਕੇ ਰਖੇ ਹੋਏ ਹਨ। ਮਹੰਤ ਕ੍ਰਿਪਾਲ ਦਾਸ ਦੇ ਸਮੇਂ ਤੋਂ ਲੈ ਕੇ ਇਥੇ ਸਿੱਖ ਸੰਗਤਾਂ ਜੁੜਦੀਆਂ ਆਈਆਂ ਹਨ। ਗੁਰਦੁਆਰਾ ਦੋਹਾਂ ਸਤਿਗੁਰਾਂ ਦਾ ਪਿੰਡ ਦੇ ਪੂਰਬ ਪਾਸੇ ਪਾਸ ਹੀ ਹੈ, ਸਿਖ ਰਾਜ ਸਮੇਂ ਪਿੰਡ ਦਾ ਛੀਵਾਂ ਹਿੱਸਾ ਜ਼ਮੀਨ ਗੁਰਦੁਆਰੇ ਨਾਲ ਲਗਾਈ ਗਈ ਹੈ। ਜੋ ਕਈ ਹਜ਼ਾਰ ਵਿੱਘੇ ਹੈ, ਰੇਲਵੇ ਸਟੇਸ਼ਨ ਚੌਕੀ ਮਾਨ ਤੋਂ ਛੇ ਮੀਲ ਦੱਖਣ ਪੂਰਬ ਇਹ ਅਸਥਾਨ ਹੈ।

## ੩੨. ਗੁ: ਸਾਹਿਬ ਲੰਮੇ ਜਟ ਪੁਰੇ

ਜ਼ਿਲਾ ਲੁਧਿਆਣਾ, ਤਹਿਸੀਲ ਜਗਰਾਓਂ ਦਾ ਪਿੰਡ ਜੋ ਰੇਲਵੇ ਸਟੇਸ਼ਨ ਜਗਰਾਓਂ ਤੋਂ ੮ ਮੀਲ, ਰਾਏ ਕੋਟ ਵਾਲੀ ਪਕੀ ਸੜਕ ਤੋਂ ੧ ਮੀਲ ਹੈ। ਏਸ ਪਿੰਡ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਚਰਨ ਪਾਕੇ ਪਵਿੱਤ੍ਰ ਕੀਤਾ ਤੇ ਸੰਗਤਾਂ ਨੂੰ ਨਿਹਾਲ ਕੀਤਾ, ਗੁਰੂ ਜੀ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਨਗਰ ਵਾਸੀਆਂ ਨੇ ਤਿਆਰ ਕਰਾਇਆ ਹੈ। ਪ੍ਰਬੰਧਕ ਸੰਤ ਅਜੈਬ ਸਿੰਘ ਜੀ ਯੋਗ ਤਰੀਕੇ ਨਾਲ ਕੰਮ ਚਲਾ ਰਹੇ ਹਨ।

## ੩੩. ਗੁ: ਚਕਰ

ਇਸ ਨਗਰ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਪਵਿੱਤ੍ਰ ਚਰਨ ਪਾਏ। ਗੁਰਦੁਆਰੇ ਦਾ ਨਾਮ ਗੁਰੂ ਸਰ ਹੈ। ਗੁਰੂ ਹਰਿ ਗੋਬਿੰਦ ਸਾਹਿਬ ਜੀ ਲੋਪੋ ਤੋਂ ਇਥੇ ਪੁਜੇ। ਗੁਰਅਸਥਾਨ ਬਣਿਆ ਹੋਇਆ ਹੈ।

ਇਸ ਤੋਂ ਇਲਾਵਾ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਪੱਖੋਵਾਲ, ਖੁਮਾਣੋ, ਬਲਾਲੋ, ਦਾਖੇ, ਛਪਾਰ, ਅਲੂਣੇ ਆਦਿਕ ਨਗਰਾਂ ਦੀਆਂ ਸੰਗਤਾਂ ਨੂੰ ਭੀ ਨਾਮ ਬਾਣੀ ਦਾ ਸਿਮਰਨ ਦ੍ਰਿੜ੍ਹਾ ਕੇ ਨਿਹਾਲ

Digitized by Panjab Digital Library | www.panjabdigilib.org

ਕੀਤਾ ਅਤੇ ਬੇਅੰਤ ਸੰਗਤਾਂ ਨੂੰ ਸਿੱਖੀ ਮਾਰਗ ਪਾਇਆ। ਪਰ ਇਨ੍ਹੀਂ ਪਿੰਡੀਂ ਅਜੇ ਗੁਰ ਅਸਥਾਨ ਨਹੀਂ ਬਣੇ।

## ੩੪. ਗੁ: ਹਠੂਰ ਸਾਹਿਬ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਸ ਪਿੰਡ ਵਿਚ ਬਿਰਾਜੇ। ਪਿੰਡ ਵਾਸੀਆਂ ਨੇ ਬੜੀ ਆਉਭਗਤ ਕੀਤੀ। ਸੇਵਾ ਪਰ ਖੁਸ਼ ਹੋਕੇ ਗੁਰੂ ਜੀ ਨੇ ਫੁਰਮਾਇਆ ਏਥੇ ਇਕ ਸਾਡਾ ਸਿੱਖ ਹੋਵੇਗਾ ਜੋ ਸਿਖੀ ਨੂੰ ਵਧਾਵੇਗਾ। ਗੁਰੂ ਜੀ ਦਾ ਇਹ ਵਾਕ ਸੱਚਾ ਹੋਇਆ ਅਤੇ ਇਥੇ ਭਾਈ ਬਹਾਦਰ ਸਿੰਘ ਹੋਇਆ ਜਿਸ ਨੇ ਬਹੁਤ ਸਾਰੇ ਸੁਲਤਾਨੀਆਂ ਨੂੰ ਸਿੱਖ ਬਣਾਇਆ। ਭਾਈ ਬਹਾਦਰ ਸਿੰਘ ਸੁਖਮਨੀ ਸਾਹਿਬ ਦਾ ਪਾਠ ਕਰਦਾ ਅਤੇ ਗਊਆਂ ਚਾਰਦਾ। ਦੁਧ ਚੋ ਕੇ ਸਿੰਘਾਂ ਨੂੰ ਪਿਲਾ ਛਡਦਾ ਜਾਂ ਬਛਰੂਆਂ ਨੂੰ ਚੁੰਘਾ ਦਿੰਦਾ। ਫਿਰ ਉਸ ਨੇ ਬਹੁਤ ਸਾਰੇ ਪਿੰਡਾਂ ਦੇ ਟੋਭੇ ਪੁਟਾਏ। ਇਕ ਵੇਰ ਬੇਦੀ ਸਾਹਿਬ ਸਿੰਘ ਏਧਰ ਦੌਰੇ ਪਰ ਆਏ। ਉਨ੍ਹਾਂ ਦੀ ਬਹਾਦਰ ਸਿੰਘ ਨਾਲ ਬਹਿਸ ਹੋ ਗਈ। ਬੇਦੀ ਜੀ ਨੇ ਕਿਹਾ ਤੂੰ ਬੇੜੀਆਂ ਵਿਚ ਮਰਨਾ ਹੈ ਅਗੋਂ ਬਹਾਦਰ ਸਿੰਘ ਨੇ ਕਿਹਾ ਤੁਸੀਂ ਆਖਿਆ ਕਰਦੇ ਹੋ ਅਸੀਂ ਦਰਗਾਹ ਜਾਂਦੇ ਹਾਂ। ਸੋ ਬੇਦੀ ਜੀ ਅੰਗਰੇਜ਼ਾਂ ਨਾਲ ਲੜਦੇ ਹੋਏ ਕੈਦ ਹੋ ਗਏ ਤੇ ਕੈਦ ਵਿਚ ਹੀ ਚੜ੍ਹਾਈ ਕਰ ਗਏ। ਭਾ: ਬਹਾਦਰ ਸਿੰਘ ਦਾ ਵਾਕ ਸੱਚਾ ਹੋਇਆ। ਹਠੂਰ ਮੇਲਾ ਹੋਇਆ ਕਰਦਾ ਸੀ, ਇਕ ਵੇਰ ਉਸ ਵਿਚ ਲੁਟ ਹੋ ਗਈ। ਇਸ ਦੋਸ਼ ਵਿਚ ਭਦੌੜੀਏ ਸ: ਸਮੁੰਦਰ ਸਿੰਘ ਨੇ ਫੌਜ ਚਾੜ੍ਹ ਦਿਤੀ। ਬਹੁਤ ਸਾਰੇ ਆਦਮੀ ਜ਼ਖਮੀ ਹੋ ਗਏ ਕੁਝ ਭਜ ਗਏ। ਭਾਈ ਬਹਾਦਰ ਸਿੰਘ ਨੂੰ ਫੜਕੇ ਬੇੜੀ ਪਾ ਦਿਤੀ ਗਈ। ਉਨ੍ਹਾਂ ਪ੍ਰਾਣ ਛਡ ਦਿਤੇ। ਇਸ ਪ੍ਰਕਾਰ ਬੇਦੀ ਸਾਹਿਬ ਸਿੰਘ ਜੀ ਦਾ ਵਾਕ ਭੀ ਪੂਰਾ ਹੋ ਗਿਆ। ਹਠੂਰ ਵਿਖੇ ਸੁਖਣਾਂ ਪੂਰੀਆਂ ਹੁੰਦੀਆਂ ਹਨ। ਇਲਾਕੇ ਵਿਚ ਇਸਤ੍ਰੀਆਂ ਇਹ ਗੀਤ ਗਾਇਆ ਕਰਦੀਆਂ ਹਨ 'ਬਹਾਦਰ ਸਿੰਘ ਅਵਤਾਰ ਨੀ ਉਹ ਦੇਊ ਜਗਤ ਨੂੰ ਤਾਰ ਨੀ। ਦਿਤਾ ਆਪ ਹੁਕਮ ਕਰਤਾਰ ਨੀ ਜੀ ਆਏ ਨੂੰ ਜੀ ਆਏ। ਮੁਲਕ ਬਸਾਏ ਨੀ ਜੀ ਆਇ ਨੂੰ। ਸੰਤੋ ਨ੍ਹਾਵਣ ਕਰੋ ਹਠੂਰ ਦੁਖ ਦਰਿੱਦਰ ਹੋਵਣ ਦੂਰ। ਜਿਥੇ ਲੰਗਰ ਹੈ ਭਰਪੂਰ ਪੱਕਣ ਮੰਡੇ ਰਿਝਣ ਸੂਰ ਨੀ ਜੀ ਆਏ ਨੂੰ ਜੀ ਆਏ ਮੁਲਕ ਬਸਾਏ। ਸਾਡੇ ਬੇੜੇ ਬੰਨੇ ਲਾਏ।' ਤਵਾਰੀਖ ਗੁਰੂ ਖਾਲਸਾ ਦੇ ਲਿਖਾਰੀ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਮੇਰੀ ਮਾਤਾ ਦੇ ਪੰਜ ਪੁਤਰ ਹੋਕੇ ਗੁਜ਼ਰ ਗਏ ਸਨ ਇਸ ਲਈ ਉਹ ਮੈਨੂੰ ਕੁਛੜ ਲੈ ਕੇ ਹਠੂਰ ਗਈ ਅਰਦਾਸ ਬੇਨਤੀ ਕੀਤੀ ਤਾਂ ਮੈਂ ਜਿਉਂਦਾ ਰਿਹਾ।

## ੩੫. ਗੁ: ਲਿੱਤਰ

ਜ਼ਿਲਾ ਲੁਧਿਆਣਾ ਥਾਣਾ ਰਾਏਕੋਟ ਜੋ ਰੇਲਵੇ ਸਟੇਸ਼ਨ ਮੁਲਾਂ ਪੁਰ ਤੋਂ ਦਸ ਮੀਲ ਦੱਖਣ ਨੂੰ ਹੈ। ਇਸ ਪਿੰਡ ਤੋਂ ਅੱਧ ਮੀਲ ਤੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਮਾਲਵੇ ਨੂੰ ਨਿਹਾਲ ਕਰ ਕੇ ਏਥੇ ਆਏ। ਫੌਜਾਂ ਆਪ ਦੀਆਂ ਨੇਲੇ ਪਿੰਡ ਵਿਚ ਹੁੰਦੀਆਂ ਸਨ। ਆਪ ਲਿੱਤਰੀਂ ਵਿਰਾਜਦੇ, ਗੁਰੂ ਬਾਣੀ ਦਾ ਪਾਠ ਤੇ ਕੀਰਤਨ ਕਰਿਆ ਕਰਦੇ ਸਨ ਇਸ ਲਈ ਗੁਰਦੁਆਰੇ ਕੋਲ ਦੀ ਭੋਇੰ ਦਾ ਨਾਉਂ ਹੀ 'ਗੁਰਬਾਣੀ ਦੇ ਖੇਤ' ਪੈ ਗਿਆ। ਇਥੇ ਵਰਤਮਾਨ ਸਮੇਂ ਵਿਚ ਹਾਈ ਸਕੂਲ ਹੈ, ਸੰਤ ਨਾਹਰ ਸਿੰਘ ਜੀ ਦੇ ਉਪਰਾਲੇ ਨਾਲ ਚਲ ਰਿਹਾ ਹੈ।

Digitized by Panjab Digital Library | www.panjabdigilib.org

## ੩੬. ਗੁ: ਕੈਲੇ

ਕੈਲੇ ਜ਼ਿਲਾ ਤਹਿਸੀਲ ਲੁਧਿਆਣਾ (ਥਾਣਾ ਰਾਇ ਕੋਟ) ਵਿਖੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਦਰਬਾਰ ਹੈ, ਕੇਵਲ ਮੰਜੀ ਸਾਹਿਬ ਹੀ ਹੈ। ਹੋਰ ਕੋਈ ਇਮਾਰਤ ਨਹੀਂ। ਰੇਲਵੇ ਸਟੇਸ਼ਨ ਮੁਲਾਂ ਪੁਰ ਤੋਂ ਦੱਖਣ ਨੂੰ ੧੦ ਮੀਲ ਦੇ ਲਗ ਪਗ ਹੈ। ਏਥੇ ਮਹਾਰਾਜ ਦੀਆਂ ਫੌਜਾਂ ਸਨ। ਆਪ ਲਿੱਤਰ ਪਿੰਡ ਵਿਖੇ ਵਿਰਾਜਦੇ ਸਨ। ਏਥੋਂ ਉਠ ਕੇ ਆਂਡਲੂ ਵਾਲਿਆਂ ਨੂੰ ਫੂਕਿਆ ਤੇ ਭੈਣੀ ਦਰੇੜਾ ਨੂੰ ਮੁੜ ਵਸਾਇਆ।

## ੩੭. ਗੁ: ਗੁੱਜਰ ਵਾਲ

ਗੁੱਜਰ ਵਾਲ ਜ਼ਿਲਾ ਲੁਧਿਆਣਾ, ਥਾਣਾ ਡਿਹਲੋਂ ਦਾ ਇਕ ਪ੍ਰਸਿਧ ਨਗਰ ਹੈ ਜੋ ਰੇਲਵੇ ਸਟੇਸ਼ਨ 'ਕਿਲਾ ਰਾਇ ਪੁਰ' ਤੋਂ ਚਾਰ ਮੀਲ ਪੱਛਮ ਹੈ। ਇਸ ਥਾਂ ਕੁਝ ਸਮਾਂ ਛੀਵੇਂ ਗੁਰੂ ਜੀ ਵਿਰਾਜੇ ਸਨ। ਗੁਰਦੁਆਰਾ ਪਿੰਡ ਤੋਂ ਡੇਢ ਮੀਲ ਦੱਖਣ ਪੂਰਬ ਨੂੰ ਹੈ। ੫੦੦ ਵਿਘੇ ਜ਼ਮੀਨ ਹੈ।

## ੩੮. ਗੁ: ਘੁੰਗਰਾਣਾ

ਸਤਿਗੁਰੂ ਸ੍ਰੀ ਗੁਰੂ ਹਰਿ ਗੋਬਿੰਦ ਜੀ ਗੁਜਰਵਾਲ ਤੋਂ ਡਿਹਲੋਂ ਨੂੰ ਜਾਂਦੇ ਹੋਏ ਘੁੰਗਰਾਣੇ ਪਿੰਡ ਪਧਾਰੇ। ਓਸ ਸਮੇਂ ਉਸ ਪਿੰਡ ਦੀ ਵਸੋਂ ਰੇਲ ਦੇ ਫਾਟਕ ਪਾਸ ਸੀ, ਜਿਥੇ ਕਿਲੇ ਦੀ ਨਿਸ਼ਾਨੀ ਇਕ ਬੁਰਜ ਅਜੇ ਖੜਾ ਹੈ। ਉਸ ਤੋਂ ਦੱਖਣ ਪੂਰਬ ਨੂੰ ੧ ਬੁਰਜੀ ਦੇ ਪੰਧ ਤੇ ਆਪ ਦਾ ਅਸਥਾਨ ਹੈ। ਪਹਿਲਾਂ ਏਥੇ ਇਕ ਛੋਟਾ ਜਿਹਾ ਛਪਰ ਅਤੇ ਦੋ ਘਮਾਉਂ ਦੇ ਲਗ ਪਗ ਭੋਇੰ 'ਗੁਰੂ ਕਾ ਥਾਨ' ਨਾਉਂ ਤੇ ਪ੍ਰਸਿਧ ਸੀ। ਵਰਤਮਾਨ ਸਮੇਂ ਵਿਚ ਗੁਰਦੁਆਰਾ ਸਾਹਿਬ ਬਹੁਤ ਵਧੀਆ ਬਣ ਗਿਆ ਹੈ। ਮਸਤੂਆਣੇ ਵਾਲਿਆਂ ਸੰਤਾਂ ਦੀ ਪੱਧਤਿ ਦਾ ਸਿੰਘ ਸੰਗਤ ਨਾਲ ਰਲ ਕੇ ਬਹੁਤ ਅਛੀ ਸੇਵਾ ਕਰ ਰਿਹਾ ਹੈ। ਏਥੋਂ ਦੀ ਸੰਗਤ ਗੁਰੂ ਘਰ ਦੀ ਸੇਵਾ ਕਰਨ ਲਈ ਹਰ ਪ੍ਰਕਾਰ ਤਿਆਰ ਬਰ ਤਿਆਰ ਅਤੇ ਸਭਾਵੀ ਹੈ। ਏਥੇ ਦੇ ਸ: ਕਿਸ਼ਨ ਸਿੰਘ, ਗੁਰਨਾਮ ਸਿੰਘ, ਭਾਈ ਸਰਣ ਸਿੰਘ, ਭਾਈ ਸੇਵਾ ਸਿੰਘ ਅਤੇ ਉਨ੍ਹਾਂ ਦੇ ਸਪੁਤ੍ਰ ਭਾਈ ਮਾਨ ਸਿੰਘ 'ਗਿਆਨੀ' (ਸੁਰਗਬਾਸੀ), ਭਾਈ ਦਿਆਲ ਸਿੰਘ ਪ੍ਰਚਾਰਕ ਅਤੇ ਸੰਤ ਮੋਹਰ ਸਿੰਘ ਰਾਗੀ ਆਦਿ ਬੜੇ ਪ੍ਰਸਿਧ ਸਿਖ ਹਨ, ਜਿਨ੍ਹਾਂ ਨੇ ਸਿੰਘ ਸਭਾ ਅਤੇ ਅਕਾਲੀ ਲਹਿਰ ਵਿਚ ਬੜੀ ਸੇਵਾ ਕੀਤੀ।

## ੩੯. ਗੁ: ਡਿਹਲੋਂ ਸਾਹਿਬ

ਡਿਹਲੋਂ ਜ਼ਿਲਾ ਲੁਧਿਆਣਾ ਵਿਚ ਇਕ ਪਿੰਡ ਜੋ ਥਾਣਾ ਖਾਸ, ਰੇਲਵੇ ਸਟੇਸ਼ਨ ਕਿਲਾ ਰਾਇ ਪੁਰ ਤੋਂ ਦੋ ਮੀਲ ਦੇ ਕਰੀਬ ਪੂਰਬ ਨੂੰ ਇਸ ਨਗਰ ਤੋਂ ਉਤਰ ਦਿਸ਼ਾ ਵਿਚ ਸ੍ਰੀ ਗੁਰੂ ਜੀ ਦਾ ਅਸਥਾਨ ਹੈ। ਸੀ ਗੁਰੂ ਹਰਿ ਗੋਬਿੰਦ ਜੀ ਜਗੇੜੇ ਤੋਂ ਗੁੱਜਰਵਾਲ ਜਾਂਦੇ ਏਥੇ ਠਹਿਰੇ ਸਨ। ਪਿੰਡ ਦੀ ਢਿਲਿਆਈ ਦੇ ਕਾਰਨ ਅਜੇ ਦਮਦਮਾ ਸਾਹਿਬ ਹੀ ਬਣਿਆ ਹੈ।

## ੪੦. ਗੁ: ਸਿਆਹੜ

ਜ਼ਿਲਾ ਤਹਿਸੀਲ ਲੁਧਿਆਣਾ, ਥਾਨਾ ਡਿਹਲੋਂ ਵਿਚ ਜੋ ਰੇਲਵੇ ਸਟੇਸ਼ਨ ਅਹਿਮਦ ਗੜ੍ਹ ਤੋਂ ਪੂਰਬ ਉਤਰ ਵਲ ੪ ਮੀਲ ਦੇ ਲਗ ਪਗ ਹੈ। ਪਿੰਡ ਤੋਂ ਪੱਛਮ ਵਲ ਅੱਧ ਮੀਲ ਤੇ

Digitized by Panjab Digital Library | www.panjabdigilib.org

ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਗੁਰਦੁਆਰਾ ਹੈ। ਸਤਿਗੁਰੂ ਜੀ ਗੜ੍ਹੇ ਤੋਂ ਜਗੇੜੇ ਨੂੰ ਜਾ ਰਹੇ ਸਨ ਤਾਂ ਏਥੇ ਘੋੜਾ ਬਿਮਾਰ ਹੋ ਗਿਆ ਇਸ ਲਈ ਗੁਰੂ ਜੀ ਠਹਿਰ ਗਏ ਅਤੇ ਘੋੜਾ ਏਥੇ ਹੀ ਚਲਾਣਾ ਕਰ ਗਿਆ। ਪਹਿਲੇ ਏਥੇ ਸਧਾਰਣ ਅਸਥਾਨ ਸੀ, ਹੁਣ ਸੰਮਤ ੧੯੭੫ ਤੋਂ ਸੁੰਦਰ ਮੰਦਰ ਬਣ ਗਿਆ ਹੈ। ਭਾਈ ਟਹਿਲ ਸਿੰਘ ਜੀ ਵਰਤਮਾਨ ਪ੍ਰਬੰਧਕ ਬਹੁਤ ਪ੍ਰੇਮੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਦਾ ਪਰਕਾਸ਼ ਹੁੰਦਾ ਹੈ।

## ੪੧. ਗੁ: ਇਆਲੀ ਕਲਾਂ

ਇਸ ਨਗਰ ਵਿਚ ਗੁਰੂ ਜੀ ਦਾ ਅਨਿੰਨ-ਭਗਤ ਭਾਈ ਸਜਨ ਨਿਵਾਸ ਕਰਦਾ ਸੀ। ਗੁਰੂ ਘਰ ਵਾਸਤੇ ਰੋਜ਼ ਰਸਦਾਂ ਲੈ ਜਾਣੀਆਂ ਤੇ ਪ੍ਰੇਮ ਨਾਲ ਸੇਵਾ ਕਰਨੀ ਇਸਦਾ ਨਿਯਮ ਸੀ। ਗੁਰੂ ਜੀ ਕੀਰਤ ਪੁਰ ਵਿਚ ਦਸਮੀ ਦਾ ਜੋੜ ਮੇਲਾ ਮਨਾ ਰਹੇ ਸਨ। ਕੀਰਤਨ ਦੀ ਸਮਾਪਤੀ ਹੋਈ ਸੰਗਤਾਂ ਨੇ ਬੇਨਤੀ ਕੀਤੀ ਸਚੇ ਪਾਤਸ਼ਾਹ ਭੋਗ ਪਾਉਣ ਦੀ ਆਗਿਆ ਬਖਸ਼ੋ। ਗੁਰੂ ਜੀ ਨੇ ਫਰਮਾਇਆ ਸਾਡਾ ਪ੍ਰੇਮੀ ਸਿੱਖ ਭਾਈ ਸਜਨ ਰਸਦ ਲੈ ਕੇ ਆ ਰਿਹਾ ਹੈ। ਉਸ ਨੂੰ ਉਡੀਕ ਰਹੇ ਹਾਂ। ਜਦ ਸਜਨ ਸੇਵਾ ਵਿਚ ਹਾਜ਼ਰ ਹੋਇਆ ਤਾਂ ਗੁਰੂ ਜੀ ਨੇ ਫੁਰਮਾਇਆ ਭਾਈ ਸਜਨਾ ! ਅਜ ਦੇਰ ਕਿਉਂ ਲਾਈ। ਸਜਨ ਨੇ ਹੱਥ ਜੋੜ ਕੇ ਬੇਨਤੀ ਕੀਤੀ ਸਚੇ ਪਾਤਸ਼ਾਹ ਮੇਰੇ ਸ਼ਰੀਕ ਮੇਰਾ ਖੂਹ ਨਹੀਂ ਲਗਣ ਦਿੰਦੇ, ਉਨ੍ਹਾਂ ਨਾਲ ਝਗੜਾ ਹੋ ਗਿਆ। ਗੁਰੂ ਜੀ ਕਹਿਣ ਲਗੇ ਸਜਨਾ, ਤੇਰਾ ਸ਼ਰੀਕ ਕੋਈ ਨਹੀਂ ਰਹੇਗਾ। ਤਾਂ ਸਜਨ ਕਹਿਣ ਲਗਾ, ਮਹਾਰਾਜ ਜਦ ਸ਼ਰੀਕ ਕੋਈ ਨਾ ਰਿਹਾ ਤਾਂ ਮੈਂ ਕਿਸ ਦੇ ਨਾਲ ਵਰਤਾਂਗਾ। ਇਸ ਪਰ ਗੁਰੂ ਜੀ ਨੇ ਫਰਮਾਇਆ ਤੇਰਾ ਸ਼ਰੀਕ ਇਕੱਲਾ ਰਹੇਗਾ। ਉਸਦਾ ਸ਼ਰੀਕ ਇਕਲਾ ਹੀ ਰਿਹਾ।

## ੪੨. ਗੁ: ਇਆਲੀ

ਗੁਰੂ ਸਾਹਿਬ ਦਾ ਇਹ ਵਾਕ ਇਸ ਕਦਰ ਸਚਾ ਹੋਇਆ ਕਿ ਭਾਈ ਸਜਨ ਦੀ ਕੁਲ ਦਾ ਤਾਂ ਸਾਰਾ ਪਿੰਡ ਹੈ ਪਰ ਉਨ੍ਹਾਂ ਦੇ ਸ਼ਰੀਕਾਂ ਦਾ ਘਰ ਇਕੱਲਾ ਹੀ ਆਉਂਦਾ ਹੈ। ਭਾਈ ਸੱਜਨ ਦੇ ਆਉਂਦੇ ਨੂੰ ਖੂਹ ਰਾਤੋ ਰਾਤ ਲੱਗਾ ਹੋਇਆ ਸੀ ਜੋ ਗੁਰਦੁਆਰੇ ਦੇ ਨਾਂ ਹੈ। ਇਹ ਅਸਥਾਨ ਰੇਲਵੇ ਸਟੇਸ਼ਨ ਬਦੋਵਾਲ ਤੋਂ ਦੋ ਮੀਲ ਉਤਰ ਵਲ ਹੈ। ਜਿਥੇ ਗੁਰੂ ਜੀ ਨੇ ਪਵਿੱਤ੍ਰ ਚਰਨ ਪਾਏ ਸਨ ਉਥੇ ਗੁਰਦੁਆਰਾ ਬਣਿਆ ਹੋਇਆ ਹੈ। ਗੁਰਦੁਆਰੇ ਦੇ ਨਾਮ ੮੦ ਘੁਮਾਂ ਜ਼ਮੀਨ ਹੈ। ਪਿੰਡ ਦੇ ਲੋਕ ਚੰਗੇ ਸਿਖੀ ਵਿਚਾਰ ਦੇ ਹਨ।

## ੪੩. ਗੁ: ਦਮਦਮਾ ਸਾਹਿਬ (ਰਕਬਾ)

ਜਦੋਂ ਆਪ ਭਾਦੋਂ ਸੁਦੀ ਪੰਚਮੀ ੧੬੯੯ ਬਿਕਰਮੀ ਨੂੰ 'ਇਆਲੀ' ਤੋਂ ਸਧਾਰ ਨੂੰ ਆ ਰਹੇ ਸਨ ਤਾਂ ਦਾਖੇ ਵਿਚ ਦੀ ਆਏ ਤਾਂ ਉਥੋਂ ਦੀਆਂ ਦੋ ਮਾਈਆਂ ਦੁੱਧ ਤੇ ਪ੍ਰਸਾਦਾ ਲੈ ਕੇ ਆਪ ਦੇ ਪਿਛੇ ਆਈਆਂ। ਪਿੰਡੋਰੀ ਤੇ ਰਕਬੇ ਦੇ ਵਿਚਕਾਰ ਉਨ੍ਹਾਂ ਨੇ ਮਹਾਰਾਜ ਨੂੰ ਪ੍ਰਸਾਦਾ ਛਕਾ ਕੇ ਪ੍ਰਸੰਨ ਕੀਤਾ ਅਤੇ ਅਮੋਲਕ ਵਰ ਪ੍ਰਾਪਤ ਕੀਤੇ। ਓਥੇ ਬੜਾ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਨਿਹੰਗ ਸਿੰਘ ਪੁਜਾਰੀ ਹੈ। ਪ੍ਰਸੰਗ ਦੇਖੋ—ਦਾਖੇ ਦੇ ਬ੍ਰਿਤਾਂਤ ਵਿਚ।

## ੪੪. ਗੁ: ਗੁਰੂਸਰ ਸਧਾਰ

ਪਿੰਡ ਤੋਂ ਅਧ ਮੀਲ ਉਤਰ ਵਲ ਗੁਰਦੁਆਰਾ ਗੁਰੂ ਸਰ ਹੈ। ਏਥੇ ਇਸ ਸਮੇਂ ਗੁਰੂ ਮਹਾਰਾਜ

Digitized by Panjab Digital Library | www.panjabdigilib.org

ਦੀ ਕ੍ਰਿਪਾ ਨਾਲ ਕਾਲਜ ਬਣਿਆ ਹੋਇਆ ਹੈ ਅਤੇ ਵਿਦਿਆ ਦਾ ਭਾਰੀ ਕੇਂਦਰ ਹੈ। ਏਥੇ ਕਿਸੇ ਸਮੇਂ ਝਿੜਾ ਸੀ। ਗੁਰੂ ਸਾਹਿਬ ਤੇ ਆਪ ਦਾ ਪ੍ਰੇਮੀ ਸਿਖ ਭਾਈ ਪ੍ਰੇਮ ਸਿੰਘ ਵਿਚਰ ਰਹੇ ਸਨ ਕਿ ਸਿਖ ਨੂੰ ਨੰਗੇ ਪੈਰੀਂ ਆਉਂਦਾ ਵੇਖ ਕੇ ਗੁਰੂ ਜੀ ਨੇ ਆਪਣਾ ਜੋੜਾ ਸਿਖ ਨੂੰ ਬਖਸ਼ ਦਿੱਤਾ। ਸਿਖ ਨੇ ਪੈਰਾਂ ਵਿਚ ਨਾ ਪਾਇਆ ਸਗੋਂ ਕਪੜੇ ਵਿਚ ਲਪੇਟ ਕੇ ਸਿਰ ਤੇ ਰੱਖ ਲਿਆ। ਗੁਰੂ ਜੀ ਨੇ ਘੋੜਾ ਖੜਾ ਕਰ ਕੇ ਵੇਖਿਆ ਤਾਂ ਸਿਖ ਨੂੰ ਕਿਹਾ ਜੋੜਾ ਪੈਰਾਂ ਵਿਚ ਕਿਉਂ ਨਹੀਂ ਪਾਇਆ ਤਾਂ ਸਿਖ ਨੇ ਕਿਹਾ ਮਹਾਰਾਜ ਆਪ ਦਾ ਜੋੜਾ ਸਿਰ ਤੇ ਰੱਖਣ ਯੋਗ ਹੈ। ਪ੍ਰਸੰਨ ਹੋ ਕੇ ਗੁਰੂ ਜੀ ਨੇ ਜੋੜਾ ਉਸੇ ਨੂੰ ਬਖਸ਼ ਦਿੱਤਾ ਜੋ ਹੁਣ ਤਕ ਉਨ੍ਹਾਂ ਦੀ ਸੰਤਾਨ ਪਾਸ ਹੈ। ਗੁਰਦੁਆਰਾ ਗੁਰੂ ਸਰ ਦੇ ਨਾਂ ੨੦ ਵਿਘੇ ਜ਼ਮੀਨ ਹੈ। ਨਗਰ ਨਿਵਾਸੀ ਤੇ ਸਿੰਘ ਸਾਹਿਬ ਭਾ: ਬਿਸ਼ਨ ਸਿੰਘ ਨਗਰ ਘੁਮਾਣ, ਭਾ: ਸ਼ਮਸ਼ੇਰ ਸਿੰਘ ਜੀ ਨਿਹੰਗ ਨੂੰ ਲਿਆਏ। ਉਨ੍ਹਾਂ ਦੇ ਉਦਮ ਨਾਲ ਖਾਲਸਾ ਸਕੂਲ ਦੀ ਨੀਂਹ ਰਖੀ ਗਈ ਜੋ ਇਸ ਸਮੇਂ ਸਿਆਣੇ ਸਜਨਾਂ, ਮਿਹਨਤੀ ਸਟਾਫ ਤੇ ਪ੍ਰਿੰਸੀਪਲ ਇਕਬਾਲ ਸਿੰਘ ਜੀ ਦੇ ਉਦਮ ਨਾਲ ਕਾਲਜ ਬਣ ਗਿਆ ਹੈ। ਗੁਰਦੁਆਰੇ ਦੇ ਗਰੰਥੀ ਭਾਈ ਮਹਿੰਗਾ ਸਿੰਘ ਜੀ ਬੜੇ ਉਦਮੀ ਤੇ ਪ੍ਰੇਮੀ ਹਨ, ਜੋ ਕਿ ਹਿਕਮਤ ਦੁਆਰਾ ਭੀ ਇਲਾਕੇ ਦੀ ਬੜੀ ਸੇਵਾ ਕਰ ਰਹੇ ਹਨ।

## ੪੫. ਗੁ: ਖਡੂਰ ਸਾਹਿਬ

ਇਹ ਪਿੰਡ ਦਾਖੇ ਤੋਂ ੪ ਮੀਲ ਦੱਖਣ ਨੂੰ ਹੈ। ਏਥੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਸਧਾਰ–ਗੁਜਰਵਾਲ ਦੇ ਰਾਹ ਆਉਂਦੇ ਜਾਂਦੇ ਬਿਰਾਜੇ ਹਨ। ਗੁਰਦੁਆਰਾ ਸਾਹਿਬ ਦੇ ਨਾਲ ਕੋਈ ਭੋਇੰ ਨਹੀਂ ਹੈ। ਗੁਰਦੁਆਰਾ ਭਾਈ ਸੰਤੋਖ ਸਿੰਘ ਜੀ ਸਧਾਰ ਵਾਲਿਆਂ ਨੇ ਸੰਗਤ ਖਡੂਰ ਨਾਲ ਰਲ ਕੇ ਚੰਗਾ ਬਣਵਾਇਆ ਹੈ ਅਤੇ ਸਤਿਸੰਗਤ ਲਗਦੀ ਹੈ।

## ੪੬. ਗੁ: ਜੱਸੋਵਾਲ

ਇਹ ਪਿੰਡ ਗਿਲ ਤੇ ਰਾਇਪੁਰ ਦੇ ਵਿਚਕਾਰ ਰੇਲਵੇ ਸਟੇਸ਼ਨ ਹੈ। ਏਥੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਸੰ: ੧੬੩੦ ਦੇ ਲਗ ਪਗ ਫੌਜਾਂ ਸਣੇ ਆਏ। ਜਿਥੇ ਪਿੰਡ ਤੋਂ ਬਾਹਰ ਹੁਣ ਤਾਲ ਬਣਿਆ ਹੋਇਆ ਹੈ, ਏਸ ਦੇ ਕੋਲ ਮਹਾਰਾਜ ਨੇ ਘੋੜੇ ਬੱਧੇ ਸਨ। ਏਥੋਂ ਹੀ ਮਹਾਰਾਜ ਨੇ ਅਪਣੇ ਸਿਖ–ਭਾਈ ਜਵੰਦ (ਮੂਸਾ ਪੁਰ–ਬੰਗਿਆਂ ਕੋਲ) ਨੂੰ ਆਗਿਆ ਕਰਕੇ 'ਜਵੱਦੀ' ਪਿੰਡ ਬਸਾਇਆ। ਏਥੇ ਜਹਾਂਗੀਰ ਨੇ ਲੋਧੀਆਂ ਤੇ ਕੁੰਡਾ ਰਖਣ ਲਈ ਗੁਰੂ ਸਾਹਿਬ ਦੀ ਛਾਉਣੀ ਪੁਆਈ ਸੀ। ਪਿਛੋਂ ਜਸੋਵਾਲ, ਜਸਪਾਲ ਅਤੇ ਜਵੱਦੀ ਦੇ ਲੋਕ 'ਰਾਮਰਾਈਏ' ਬਣ ਗਏ ਸੀ, ਇਸ ਕਰਕੇ ਕੋਈ ਗੁਰ ਅਸਥਾਨ ਨ ਬਣਿਆ। ਹੁਣ ਇਹ ਪਿੰਡ ਸਾਰੇ ਗੁਰੂ ਕੇ ਸਿਖ ਹਨ ਅਤੇ ਗੁਰਦੁਆਰੇ ਭੀ ਬਣ ਰਹੇ ਹਨ।

## ੪੭. ਗੁਰੂ ਕੀ ਰੱਖ–ਲੁਧਿਆਣਾ

ਜਦੋਂ ਚੰਦੂ ਸ਼ਾਹੀ ਨੂੰ ਗੁਰੂ ਮਹਾਰਾਜ ਜੀ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਲੁਧਿਆਣੇ ਵਿੱਚ ਦੀ ਗੁਰੂ ਮਹਾਰਾਜ ਲੰਘੇ ਤਾਂ ਸ਼ਾਹ ਸ਼ੁਹਦੇ ਫਕੀਰ ਨਾਲ ਗੋਸ਼ਟ ਹੋਈ। ਸ਼ੁਹਦਾ ਗੁਰੂ ਜੀ ਦਾ ਸਿਖ ਬਣਿਆ। ਓਸ ਸਮੇਂ ਜਹਾਂਗੀਰ ਨੇ ਲੋਧੀਆਂ ਨੂੰ ਉਨ੍ਹਾਂ ਦੀ ਬਦਕਰਦਾਰੀ ਤੇ ਬਦਮਾਸ਼ੀ ਦੀ ਸਜ਼ਾ ਕਈ ਵਾਰ ਦਿੱਤੀ। ਏਸੇ ਖਿਆਲ ਨਾਲ ਜਹਾਂਗੀਰ ਨੇ ਗੁਰੂ ਮਹਾਰਾਜ ਦੇ ਨਾਉਂ ਲੁਧਿਆਣੇ ਵਿਚ ਬਹੁਤ ਸਾਰੀ ਜ਼ਮੀਨ ਦੇਕੇ ਉਨ੍ਹਾਂ ਤੋਂ ਹੀ ਛਾਉਣੀ ਪੁਆ ਦਿੱਤੀ ਤਾਂ ਗੁਰੂ ਸਾਹਿਬ ਨੇ ਜਵੱਦੀ ਪਿੰਡ ਬਸਾ

Digitized by Panjab Digital Library | www.panjabdigilib.org

ਕੇ ਉਸਦੇ ਤੇ ਲੁਧਿਆਣੇ ਦੇ ਵਿਚਕਾਰ ਛਾਉਣੀ ਬਣਾਈ ਅਤੇ ਲੁਧਿਆਣੇ ਸ਼ਹਿਰ ਵਿਚ ਕਈ ਧਰਮਸਾਲਾਂ ਸੂਦਾਂ ਦੇ ਮਹੱਲੇ ਵਿਚ ਭਾਃ ਮੱਲੇ ਦੀ ਧਰਮਸਾਲਾ, ਕਿਲੇ ਦੀ ਦਰੇਸੀ ਕੋਲ ਮਾਨ ਦਾਸ ਦੀ ਧਰਮਸਾਲਾ ਅਤੇ ਢੋਲੇਵਾਲ ਦੇ ਪਾਸੇ (ਵਰਤਮਾਨ ਫੀਲਡ ਗੰਜ) ਇਕ ਧਰਮਸਾਲਾ ਬਣਵਾ ਕੇ ਸਿੱਖੀ ਦਾ ਪ੍ਰਚਾਰ ਆਰੰਭਿਆ। ਓਸ ਸਮੇਂ ਵਰਤਮਾਨ ਦੇ ਘੰਟਾ ਘਰ, ਸ਼ਾਹ ਸ਼ੁਹਦੇ ਦਾ ਤਕੀਆ, ਨਿਗਰ ਮੰਡੀ, ਭਦੌੜ ਸਾਹਿਬ ਅਤੇ ਕਚਹਿਰੀਆਂ ਵਾਲੀ ਰੱਖ ਸਭ ਗੁਰੂ ਕਿਆਂ ਦੇ ਨਾਮ ਸੀ। ਓਸ ਵੇਲੇ ਇਹ ਨਗਰ ਛੋਟਾ ਜਿਹਾ ਸੀ। ਉਪਰ ਕਹੇ ਹੋਏ ਅਸਥਾਨ ਉਸ ਤੋਂ ਚੋਖੀ ਦੂਰ ਤੇ ਬਾਹਰ ਵਾਰ ਸਨ। ਰਾਮ ਰਾਏ ਦੇ ਪ੍ਰਚਾਰ ਅਤੇ ਮੁਗ਼ਲਾਂ ਦੇ ਅਤਿਆਚਾਰ ਨੇ ਇਹ ਜਾਇਦਾਦ ਭੀ ਪੰਥ ਦੀ ਅੱਖ ਤੋਂ ਓਹਲੇ ਕਰ ਦਿੱਤੀ। ਸੁਣਿਆ ਹੈ ਕਿ ਸਰਕਾਰੀ ਕਾਗਜ਼ਾਂ ਵਿਚ ਇਹ ਸਾਰੀ ਜਾਇਦਾਦ ਗੁਰੂ ਮਹਾਰਾਜ ਦੇ ਨਾਉਂ ਲਿਖੀ ਹੋਈ ਹੈ। ਭਦੌੜੀਆਂ ਦੀ ਹਵੇਲੀ ਦੇ ਕਚਹਿਰੀਆਂ ਵਲ ਦੇ ਪਾਸੇ ਗੁਰੂ ਕੇ ਕੋਠੇ ਸਨ, ਜੋ ਚਿਰ ਤੋਂ ਢਹਿ ਚੁਕੇ ਹਨ।

## ੪੮. ਗੁ: ਸਾਹਿਬ ਅਲੂਣੇ

ਇਸ ਅਸਥਾਨ ਪਰ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਕੁਝ ਚਿਰ ਵਿਰਾਜੇ ਹਨ, ਜਿਨ੍ਹਾਂ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਇਹ ਨਗਰ ਪਿੰਡ ਪੈਲ ਤੋਂ ਦੱਖਣ ਪਛੋਂ ਨੂੰ ਦੋ ਕੋਹ ਹੈ, ਜ਼ਿਲਾ ਲੁਧਿਆਣਾ ਵਿਚ ਹੈ।

## ੪੯. ਗੁਃ ਇਕੋਲਾਹਾ

ਜ਼ਿਲਾ ਲੁਧਿਆਣਾ ਤਹਿਸੀਲ ਸਮਰਾਲਾ ਥਾਣਾ ਖੰਨਾ ਵਿਚ ਇਕ ਪਿੰਡ ਹੈ। ਇਸ ਪਿੰਡ ਦੇ ਨੇੜੇ ਹੀ ਲਹਿੰਦੀ ਵਲ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਮਹਾਰਾਜ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਧਮੋਟ ਵਲੋਂ ਸੌਂਟੀ ਜਾਂਦੇ ਇਥੇ ਠਹਿਰੇ ਸਨ।

ਸੰਮਤ ੧੯੬੪-੬੫ ਵਿਚ ਭਾਈ ਰਲਾ ਸਿੰਘ ਇਕੋਲਾਹਾ ਨਿਵਾਸੀ ਜੋ ਅਫਰੀਕਾ ਵਿਚ ਮੁਲਾਜ਼ਮ ਸਨ, ਉਥੇ ਹੀ ਉਨ੍ਹਾਂ ਨੂੰ ਗੁਰੂ ਅਸਥਾਨ ਸੰਬੰਧੀ ਸਤਿਗੁਰੂ ਜੀ ਵਲੋਂ ਪ੍ਰੇਰਨਾ ਹੋਈ ਤਾਂ ਉਨ੍ਹਾਂ ਨੇ ਇਕੋਲਾਹਾ ਆ ਕੇ ਸੇਵਾ ਅਰੰਭ ਦਿਤੀ। ਭਾਈ ਸਾਹਿਬ ਦੇ ਪਿਛੋਂ ਮਾਈ ਮਤਾਬ ਕੌਰ ਤੇ ਹੋਰ ਨਗਰ ਨਿਵਾਸੀਆਂ ਦੇ ਉਦਮ ਨਾਲ ਗੁਰਦੁਆਰਾ ਬਣਾਇਆ ਗਿਆ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਇਸ ਗੁਰ ਅਸਥਾਨ ਨਾਲ ਪੰਜਾਹ ਵਿਘੇ ਜ਼ਮੀਨ ਹੈ। ਅਰ ਵੀਹ ਵਿਸ਼ਾਖ ਨੂੰ (ਜਿਸ ਦਿਨ ਗੁਰੂ ਜੀ ਨੇ ਇਥੇ ਪਵਿੱਤਰ ਚਰਨ ਪਾਏ ਹਨ) ਮੇਲਾ ਲਗਦਾ ਹੈ। ਇਕੋਲਾਹਾ, ਖੰਨਾ ਰੇਲਵੇ ਸਟੇਸ਼ਨਤੋਂ ਤਿੰਨ ਮੀਲ ਪਛਮ ਹੈ ਤੇ ਰਸਤਾ ਕਚਾ ਹੈ।

## ੫੦. ਗੁਃ ਈਸੜੂ

ਇਹ ਪਿੰਡ ਈਸੜੂ ਜੋ ਜ਼ਿਲਾ ਲੁਧਿਆਣਾ ਤਹਿਸੀਲ ਸਮਰਾਲਾ ਵਿਚ ਹੈ। ਏਥੇ ਗੁਰ ਹਰਿ ਗੋਬਿੰਦ ਸਾਹਿਬ ਜੀ ਦਾ ਗੁਰ ਅਸਥਾਨ ਹੈ।

Digitized by Panjab Digital Library | www.panjabdigilib.org

# ਰਿਆਸਤ ਫਰੀਦਕੋਟ ਵਿਖੇ ਗੁਰੂ ਦਰਸ਼ਨ

## ੧. ਗੁ: ਭਗਤਾ

ਭਾਈ ਬਹਿਲੋ ਵੰਸੀ ਭਗਤਾ ਜਿਸ ਨੇ ਮਾਲਵੇ ਵਿੱਚ ਭਗਤਾ ਪਿੰਡ ਵਸਾਇਆ ਹੈ। ਮਾਲਵੇ ਵਿੱਚ ਇਕ ਪਿੰਡ ਹੈ ਜੋ ਰਾਜਾ ਫਰੀਦ ਕੋਟ ਦੇ ਥਾਣਾ ਕੋਟ ਕਪੂਰਾ ਵਿਚ ਅਰ ਰੇਲਵੇ ਸਟੇਸ਼ਨ ਜੈਤੋ ਤੋਂ ੧੬ ਮੀਲ ਪੂਰਬ ਹੈ। ਰਾਮ ਪੁਰ ਫੂਲ ਤੋਂ ੧੨ ਮੀਲ ਉੱਤਰ ਪੱਛਮ ਹੈ। ਇਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਰਨ ਪਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਹੈ ਅਰ ਪਿੰਡ ਦੀ ਆਬਾਦੀ ਅੰਦਰ ਗੁਰਦੁਆਰਾ ਹੈ, ਅਤੇ ਪਾਸ ਹੀ ਭਾਈ ਭਗਤੂ ਦਾ ਭੂਤਾਂ ਵਾਲਾ ਖੂਹ ਹੈ। ਰਾਜਾ ਫਰੀਦ ਕੋਟ ਵਲੋਂ ੯੮ ਘੁਮਾਂ ਜ਼ਮੀਨ ਗੁਰਦੁਆਰੇ ਦੇ ਨਾਉਂ ਹੈ। ਪੁਜਾਰੀ ਸਿੰਘ ਜੀ ਹਨ। ਮਾਘੀ ਦਾ ਮੇਲਾ ਹੁੰਦਾ ਹੈ।

## ੨. ਗੁ: ਲੰਭ ਵਾਲੀ

ਇਸ ਨਗਰ ਵਿੱਚ ਭੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਵਿੱਤ੍ਰ ਚਰਨ ਪਾਏ ਸਨ। ਏਥੇ ਸਤਿਗੁਰਾਂ ਨੇ ਇਕ ਸੱਪ ਨੂੰ ਮੁਕਤੀ ਬਖਸ਼ੀ। ਗੁਰਦੁਆਰੇ ਦੇ ਨਾਂ ੨੨ ਘੁਮਾਂ ਜ਼ਮੀਨ ਰਿਆਸਤ ਫ਼ਰੀਦ ਕੋਟ ਵੱਲੋਂ ਹੈ। ਮਾਘੀ ਅਤੇ ਵਸਾਖੀ ਨੂੰ ਜੋੜ ਮੇਲਾ ਹੁੰਦਾ ਹੈ। ਇਹ ਅਸਥਾਨ ਸਟੇਸ਼ਨ ਜੈਤੋ ਤੋਂ ੬ ਮੀਲ ਪੂਰਬ ਹੈ। ਏਥੇ ਦਸਮੇਸ਼ ਪਾਤਸ਼ਾਹ ਜੀ ਨੇ ਭੀ ਚਰਨ ਪਾਏ ਹਨ।

## ੩. ਗੁ: ਸਾਹਿਬ ਡੋਡ

ਇਥੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਪਵਿਤ੍ਰ ਚਰਨ ਪਾਏ ਹਨ ਅਤੇ ਗੁਰਦੁਆਰਾ ਬਣਿਆ ਹੋਇਆ ਹੈ। ਏਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਪਵਿਤ੍ਰ ਚਰਨ ਪਾਏ ਹਨ। ਨਗਰ ਵਾਸੀਆਂ ਨੇ ਗੁਰਦੁਆਰਾ ਸਾਹਿਬ ਜੀ ਦੀ ਸੇਵਾ ਬਹੁਤ ਹੀ ਪ੍ਰੇਮ ਨਾਲ ਕੀਤੀ ਹੈ।

## ੪. ਗੁ: ਚੌਂਤਰਾ ਸਾਹਿਬ

ਚੌਂਤਰਾ ਸਾਹਿਬ ਤੇ ਸੰਗਿਆ ਸਾਹਿਬ ਇਹ ਦੋ ਅਸਥਾਨ ਮਲ੍ਹਾ ਪਿੰਡ ਰਿਆਸਤ ਪਟਿਆਲਾ ਤਹਿਸੀਲ ਭਟਿੰਡਾ ਵਿਚ ਛੀਵੇਂ ਸਤਿਗੁਰੂ ਦਾ ਥੜਾ ਜੋ ਜੈਤੋ ਤੋਂ ਸੱਤ ਮੀਲ ਪੂਰਬ ਨੂੰ ਹੈ, ਗੁਰੂ ਹਰਿ ਗੋਬਿੰਦ ਸਾਹਿਬ ਇਸ ਥਾਂ ਤਿੰਨ ਦਿਨ ਬਿਰਾਜੇ। ਇਥੇ ਇੱਕ ਸਪਣੀ ਦਾ ਉਧਾਰ ਕੀਤਾ। ਗੁਰਦੁਆਰੇ ਨੂੰ ੧੮੦ ਘੁਮਾਉਂ ਜ਼ਮੀਨ ਹੈ। ਮੇਲਾ ਵਿਸਾਖੀ ਨੂੰ ਲੱਗਦਾ ਹੈ।

## ੫. ਗੁ: ਸਾਹਿਬ ਭੂੰਦੜ

ਭੂੰਦੜ ਇਕ ਜਟ ਜਾਤਿ ਦੰਦੀਵਾਲ ਗੋਤ ਦੇ ਭਦੜਾਂ ਦਾ ਵਸਾਇਆ ਇਕ ਪਿੰਡ ਜੋ ਜ਼ਿਲਾ ਲੁਧਿਆਣਾ ਵਿਚ ਸੀ ਹੁਣ ਪੈਪਸੂ ਵਿਚ ਹੈ। ਰਾਜ ਪੁਰਾ ਬਠਿੰਡਾ ਲਾਈਨ ਤੇ ਲਹਿਰਾ ਮੁਹੱਬਤ ਰੇਲਵੇ ਸਟੇਸ਼ਨ ਤੋਂ ਇਹ ਦੋ ਕੋਹ ਦੱਖਣ ਪੱਛਮ ਹੈ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਏਥੇ ਮਾਲਵੇ ਨੂੰ ਕ੍ਰਿਤਾਰਥ ਕਰਨ ਆਏ ਵਿਰਾਜੇ ਸਨ। ਪੱਕੀ ਮੰਜੀ ਬਣੀ ਹੋਈ ਹੈ। ਸੇਵਾਦਾਰ ਕੋਈ ਨਹੀਂ। ਭੂੰਦੜ ਪਿੰਡ ਬੇਰ ਵਾਲੇ ਫੂਲਵੰਸੀ ਸਰਦਾਰ ਨੂੰ ਜਾਗੀਰ ਵਿਚ ਹੈ।

Digitized by Panjab Digital Library | www.panjabdigilib.org

## ੬. ਗੁ: ਸਾਹਿਬ ਫੂਲ

ਬੈਰਾੜ ਬੰਸ ਦਾ ਰਤਨ ਬਾਬਾ ਫੂਲ, ਗੁਰੂ ਸਰ ਦੇ ਜੰਗਾਂ ਪਿਛੋਂ, ਜਦ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਦੀਵਾਨ ਵਿਚ ਆਪਣੇ ਚਾਚੇ ਕਾਲੇ ਨਾਲ ਹਾਜ਼ਰ ਹੋਇਆ, ਤਦ ਪੇਟ ਵਜਾਵਨ ਲਗਾ, ਤਾਂ ਮੇਹਰ ਦੇ ਸਾਈਂ ਸ੍ਰੀ ਸਤਿਗੁਰੂ ਜੀ ਨੇ ਕਾਲੇ ਨੂੰ ਬਾਲਕ ਦੀ ਹਰਕਤ ਬਾਰੇ ਪੁਛਿਆ ਤਾਂ ਉਸ ਉਤਰ ਦਿੱਤਾ ਜਗਤ ਪਿਤਾ ਜੀਉ! ਇਸ ਕਾਕੇ ਦੀ ਮਾਤਾ ਗੁਜ਼ਰ ਗਈ ਹੈ ਤਾਂ ਇਹ ਆਪਣਾ ਪੇਟ ਪਾਲਣ ਲਈ ਇਸ਼ਾਰੇ ਨਾਲ ਬਿਨੈ ਕਰਦਾ ਹੈ, ਤਾਂ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਫਰਮਾਇਆ ਕਿ ਇਹ ਬਾਲਕ ਲੱਖਾਂ ਦੇ ਪਾਲਣਹਾਰੇ ਹੋਣਗੇ।

## ੭. ਗੁ: ਮਾਹਲ ਕਲਾਂ

ਇਹ ਪਿੰਡ ਰਾਇਕੋਟ, ਬਰਨਾਲਾ ਦੇ ਰਾਹ ਵਿਚ ਅਧੀ ਵਾਟ ਤੇ ਹੈ। ਇਥੇ ਗੁਰੂ ਹਰਿ ਗੋਬਿੰਦ ਸਾਹਿਬ ਦਾ ਬੜਾ ਭਾਰੀ ਜੁੱਧ ਹੋਇਆ ਸੀ। ਸ਼ਾਹਜਹਾਨ ਦੀ ਫੌਜ ਤੋਂ ਬਿਨਾਂ ਆਂਡਲੂ ਵਾਲੇ ਮੰਜ ਤੇ ਮੁਲਖੱਈ ਨਵੇਂ ਮੁਸਲਮਾਨ ਭੱਟੀ ਆਦਿ ਲੱਖਾਂ ਦੀ ਗਿਣਤੀ ਵਿਚ ਮਹਾਰਾਜ ਨਾਲ ਟਾਕਰਾ ਕਰਕੇ ਜਹੰਨਮ ਰਸੀਦ ਹੋਏ। ਫਤੇਹ ਗੁਰੂ ਕੀ ਹੋਈ। ਇਥੇ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਭੋਇੰ ਚੋਖੀ ਗੁਰਦੁਆਰੇ ਨਾਲ ਹੈ। ਤਕੜੀ ਸੰਗਤ ਤਿਆਰ ਬਰਤਿਆਰ ਹੈ ਪ੍ਰਬੰਧਕ ਕਰਤਾਰ ਸਿੰਘ 'ਭਾਣਾ' ਬੜੇ ਉੱਦਮ ਵਾਲਾ ਹੈ।

## ੮. ਗੁ: ਗੜ੍ਹਾ ਸਾਹਿਬ

ਸਤਿਗੁਰ ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਘੁਡਾਣੀ ਰਹਿਣ ਸਮੇਂ ਇਥੇ ਆਕੇ ਇਕ ਬੋਹੜ ਦੀ ਛਾਵੇਂ ਬਿਸਰਾਮ ਕਰਿਆ ਕਰਦੇ ਸਨ। ਜਿਨ੍ਹਾਂ ਨੇ ਉਹ ਬੋਹੜ ਦੇਖਿਆ ਹੈ, ਉਨ੍ਹਾਂ ਦੱਸਿਆ ਹੈ ਕਿ ਇਸ ਬੋਹੜ ਤੇ ਚੜ੍ਹਿਆਂ ਮਲੇਰ ਕੋਟਲਾ ਜਿਹੜਾ ਇਥੋਂ ੧੨ ਮੀਲ ਹੈ, ਦਿਸਦਾ ਹੁੰਦਾ ਸੀ। ਇਸ ਜਗ੍ਹਾ ਬੋਹੜ ਹੇਠਾਂ ਇਕ ਪੁਰਾਣਾ ਥੜ੍ਹਾ ਹੁੰਦਾ ਸੀ, ਜਿਸ ਦੇ ਬਣਨ ਦਾ ਕੋਈ ਪਤਾ ਨਹੀਂ ਹੈ। ਗੜ੍ਹਾ ਪਿੰਡ ਮਾਂਝੇ ਦੇ ਉਠਾੜੇ ਤੋਂ ਆਏ ਜ਼ਿਮੀਂਦਾਰਾਂ ਨੇ ੨੦੦ ਸਾਲ ਹੋਏ, ਬਸਾਇਆ ਸੀ। ਉਠਾੜੇ ਤੋਂ ਗੜ੍ਹਾ ਸ਼ਬਦ ਬਣ ਗਿਆ। ਏਸ ਥੜੇ ਨੂੰ ਸਤਿਗੁਰੂ ਜੀ ਦੇ ਜ਼ਮਾਨੇ ਦਾ ਬੜਾ ਖਿਆਲ ਕੀਤਾ ਜਾਂਦਾ ਹੈ। ਏਥੇ ਨਿਹੰਗ ਸਿੰਘ ਮਹਾਂ ਸਿੰਘ ਜੀ ਸੇਵਾ ਕਰਦੇ ਸਨ। ੧੯੩੦ ਬਿ: ਵਿਚ ਗੁ: ਮਹਾਰਾਣੀ ਪਟਿਆਲਾ ਦੀ ਮਦਦ ਨਾਲ ਬਣਿਆ ਜੋ ਸਰਦਾਰ ਰਤਨ ਸਿੰਘ ਜੀ ਦੀ ਸਪੁਤਰੀ ਹਨ।

## ੯. ਗੁਰਦੁਆਰਾ ਦੋਰਾਹਾ

ਜਦੋਂ ਛੇਵੇਂ ਪਾਤਸ਼ਾਹ ਆਪ ਚੰਦੂ ਸੁਆਹੀ ਨੂੰ ਲੈਕੇ ਆ ਰਹੇ ਸਨ, ਤਾਂ ਦੋਰਾਹੇ ਦੀ ਸਰਾਂ ਦੇ ਅੰਦਰ ਆਪ ਦਾ ਉਤਾਰਾ ਅਤੇ ਬਾਹਰ ਫੌਜਾਂ ਸਨ। ਦੋਹੀਂ ਥਾਈਂ ਗੁਰਦੁਆਰੇ ਹਨ। ਬਾਹਰਲੇ ਥਾਂ ਤੇ ਚੰਗਾ ਮਕਾਨ ਭੀ ਬਣ ਗਿਆ ਹੈ। ਸੁਣਿਆ ਹੈ ਕਿ ਕਾਗਜ਼ਾਂ ਵਿਚ ੩੦੦ ਵਿਘੇ ਭੋਇੰ ਮਹਾਰਾਜ ਦੇ ਨਾਉਂ ਹੈ। ਅਫਸੋਸ! ਸਿਖ ਰਾਜ ਸਮੇਂ ਭੀ ਏਸ ਦੀ ਖੋਜ ਵਿਰੋਧੀਆਂ ਨੇ ਹੋਣ ਨ ਦਿੱਤੀ।

## ੧੦. ਗੁ: ਬੇਰ ਸਾਹਿਬ

ਇਹ ਅਸਥਾਨ ਬਾਉਲੀ ਸਾਹਿਬ ਦੇ ਬਿਲਕੁਲ ਨਾਲ ਹੈ। ਬੇਰੀ ਬੜੀ ਭਾਰੀ ਤੇ ਪੁਰਾਣੀ ਹੈ

Digitized by Panjab Digital Library | www.panjabdigilib.org

ਸਤਿਗੁਰੂ ਛੇਵੇਂ ਪਾਤਸ਼ਾਹ ਏਹਦੇ ਹੇਠ ਬੈਠਿਆ ਕਰਦੇ ਸਨ, ਬੇਰੀ ਦੇ ਉਦਾਲੇ ਬਾੜ ਕੀਤੀ ਹੋਈ ਹੈ ਇੱਟਾਂ ਦੀ ਦੀਵਾਰ ਹੈ ਜਿਸ ਦੇ ਨਾਲ ਛੇਵੇਂ ਪਾਤਸ਼ਾਹ ਦਾ ਬਾਗ ਹੁੰਦਾ ਸੀ ।

## ੧੧. ਗੁ: ਸਰਾਏ ਸਾਹਿਬ

ਇਹ ਅਸਥਾਨ ਸਰਾਏ ਦੇ ਵਿਚ ਹੈ, ਸਤਿਗੁਰੂ ਛੇਵੇਂ ਪਾਤਸ਼ਾਹ ਇਥੇ ਰਿਹਾ ਕਰਦੇ ਸਨ ਤੇ ਦੀਵਾਨ ਦਮਦਮੇ ਸਾਹਿਬ ਵਾਲੀ ਜਗ੍ਹਾ ਸਜੌਂਦੇ ਸਨ, ਜਦੋਂ ਮਹਾਰਾਜਾ ਪਟਿਆਲਾ ਕਰਮ ਸਿੰਘ ਜੀ ਨੇ ਆਨੰਦ ਕਾਰਜ ਇਥੇ ਕਰਵਾਏ ਤਾਂ ਇਹ ਜਗ੍ਹਾ ਬਣੀ ਹੋਈ ਸੀ । ਮੁਸਲਮਾਨਾਂ ਦੇ ਜ਼ੋਰ ਸਮੇਂ ਮੰਜੀ ਸਾਹਿਬ ਵਾਲੀ ਜਗ੍ਹਾ ਮਕਾਨ ਉਸਾਰਿਆ ਤਾਂ ਕੰਧਾਂ ਸਮੇਤ ਸਾਰਾ ਹੀ ਡਿਗ ਪਿਆ ਫੇਰ ਕਿਸੇ ਨੇ ਹੌਂਸਲਾ ਨਹੀਂ ਕੀਤਾ ।

ਪਟਾ ਨੰ: ੧—ਪਟਾ ਗੁਰਦਵਾਰਾ ਛੇਵੀਂ ਪਾਤਸ਼ਾਹੀ ਦੋਰਾਹਾ ਨਗਰ, ਬਾਉਲੀ ਸਾਹਿਬ ਤੇ ਬੇਰ ਸਾਹਿਬ, ਦਮਦਮਾ ਸਾਹਿਬ ਜੀ ਦੇ ਪਟੇ ਦੀ ਨਕਲ ਇਹ ਹੈ ।

੧ ਓ ਸਤਿਗੁਰ ਪ੍ਰਸਾਦਿ ।। ਪਟਾ ਜ਼ਮੀਨ ਦਾ

ਪੰਜ ਸੌ ਅਠਾਹਠ ਵਿਘੇ ਸ੍ਰੀ ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ੬, ਦੋਰਾਹਾ ਸਰਾਏ ਤੇਬਾਉਲੀ ਦੇ ਪਾਸ ਹੈ। ਲਖੀ ਚੰਦ ਦੀ ਤਰਫੋਂ ਲਿਖਿਆ ਗਿਆ ਹੈ ਸੰਮਤ ਬਿਕਰਮੀ ੧੬੯੫ ਸਹੀ ਲ਼ਖੀ ਚੰਦ । ਨਕਲ ਹੂ ਬਹੂ ਹੈ, ਪਟਾ ਲੋਹੇ ਦੇ ਟੁਕੜੇ ਤੇ ਖੋਦਿਆ ਹੋਇਆ ਹੈ ।

ਦੋਰਾਹਾ ਪਟਾ ਨੰ: ੨—੧ ਓ ਸਤਿਗੁਰ ਪ੍ਰਸਾਦਿ ।। ੧ ਓ ਪਟਾ ਪਾਤਸ਼ਾਹੀ ੬, ਪਾਤਸ਼ਾਹੀ ੧੦ ਦਮਦਮਾ ਸਾਹਿਬ ਸ਼ੇਰ ਬੌੜੀ ਮੇਂ ਮੰਜੀ ਹੈ ੭੦ ਵਿਘੇ ਜ਼ਮੀਨ ਲੰਗਰ ਵਾਸਤੇ ਅਰਦਾਸ ਕੀਤੀ ਪਿੰਡ ਦੋਰਾਹਾ ਨੇ ੧੬੯੫, ਹੂ ਬਹੂ ਨਕਲ ਪਟਾ ਪਿਤਲ ਦੇ ਟੁਕੜੇ ਤੇ ਹੈ । ਪਹਿਲਾ ਪਟਾ ੧੬੯੫ ਦਾ ਹੈ ਤੇ ਦੂਸਰਾ ਭੀ ਏਸੇ ਸੰਮਤ ਦਾ, ਜੋ ਦਸਮ ਪਾਤਸ਼ਾਹ ਜੀ ਆਇਆਂ ਨੂੰ ਦਸਦਾ ਹੈ ।

ਜ਼ਮੀਨ ਦਾ ਵੇਰਵਾ—ਏਸ ਜ਼ਮੀਨ ਵਿਚ ਚਾਰ ਖੂਹ ਹਨ (੧) ਬਾਉਲੀ ਸਾਹਿਬ ਵਾਲਾ ਜੀਹਦੇ ਨਾਲ ਬੇਰ ਸਾਹਿਬ ਹੈ ਤੇ ਇਸ ਤੇ ਬਾਗ ਦਾ ਹੋਣਾ ਦਸਿਆ ਹੈ । (੨) ਖਾਰਾ ਖੂਹ ਇਹ ਰਾਜੇ ਲਖੀ ਚੰਦ ਦੀਆਂ ਰਾਣੀਆਂ ਦੀਆਂ ਸਮਾਧਾਂ ਦੇ ਨਾਲ ਸਰਾਏ ਦੇ ਪਿਛੇ ਕਰਕੇ ਹੈ ਰਾਜੇ ਲਖੀ ਚੰਦ ਤੋਂ ਬਾਦ ਰਾਣੀਆਂ ਸਤੀ ਹੋਈਆਂ ਏਥੇ ਦਸਿਆ ਹੈ । (੩) ਬੋੜਾ ਖੂਹ ਇਹ ਭੀ ਬਾਉਲੀ ਸਾਹਿਬ ਦੇ ਨੇੜੇ ਹੈ ਕਿਲ੍ਹੇ ਵਿਚੋਂ ਇਕ ਸੁਰੰਗ ਇਸ ਦੇ ਵਿਚ ਭੀ ਔਂਦੀ ਹੈ । (੪) ਉਚਾ ਖੂਹ ਸਰਾਏ ਤੋਂ ਪਿਛੋਂ ਰਾਣੀਆਂ ਦੀਆਂ ਸਮਾਧਾਂ ਵਲ ਹੈ ਇਸ ਦੇ ਉਪਰ ਇਕ ਪੁਰਾਣੀ ਟਾਹਲੀ ਖੜੀ ਹੈ, ਤੇ ਪੁਰਾਣੀਆਂ ਪੱਕੀਆਂ ਕੁੰਡਾਂ ਬਣੀਆਂ ਹਨ, ਫੁਵਾਰਿਆਂ ਦੇ ਖੰਡਰਾਤ ਹਨ, ਨਿਹੰਗ ਸਿੰਘਾਂ ਦਾ ਡੇਰਾ ਹੁੰਦਾ ਸੀ, ਸਾਰੀ ਜ਼ਮੀਨ ਨੂੰ ਚਾਰੇ ਖੂਹ ਪਾਣੀ ਦਿੰਦੇ ਹਨ, ਸਰਾਇ ਢਹਿ ਚੁਕੀ ਹੈ ਜੋ ਸ਼ੇਰ ਸ਼ਾਹ ਸੂਰੀ ਨੇ ਬਣਾਈ ਸੀ । ਕੁੰਡਾਂ (ਚਵੱਚੇ ਸੰਗਤਾਂ ਦੇ ਇਸ਼ਨਾਨ ਕਰਨ ਵਾਲੇ ਦੇ ਨਿਸ਼ਾਨ ਹਨ) ਏਸ ਨਗਰ ਦਾ ਪੁਰਾਣਾ ਨਾਮ ਕਿਆਸਾਬਾਦ ਚੌਰਾਸੀ ਕਹਿੰਦੇ ਹਨ ।

ਦੋਰਾਹਾ—ਏਥੇ ਛੇਵੇਂ ਪਾਤਸ਼ਾਹ ਜੀ ਦੇ ਚਾਰ ਅਸਥਾਨ ਮੀਰੀ ਪੀਰੀ ਦੇ ਹਨ ।

Digitized by Panjab Digital Library | www.panjabdigilib.org

## ੧੨. ਗੁ: ਗਿਦੜੀ

ਛੇਵੇਂ ਪਾਤਸ਼ਾਹ ਜੀ ਛਿਪਦੀ ਵਲੋਂ ਬਾਰਸ਼ ਵਿਚ ਏਥੇ ਆਏ। ਇਸ ਦਾ ਨਾਉਂ ਪਹਿਲੇ 'ਸੀਹਣੀ' ਸੀ, ਉਦਾਲੇ ਕੋਟ ਸੀ। ਨਗਰ ਨਿਵਾਸੀਆਂ ਨੇ ਸਤਿਗੁਰੂ ਜੀ ਨੂੰ ਬੂਹੇ ਨਾ ਖੋਹਲੇ। ਆਪਦੇ ਹੁਕਮ ਨਾਲ ਸੀਹਣੀ ਤੋਂ ਗਿੱਦੜੀ ਨਾਉਂ ਪ੍ਰਚਲਤ ਹੋਇਆ। ਸਤਿਗੁਰੂ ਏਥੇ ਇਕ ਬੋਹੜ ਦੇ ਥਲੇ ਖੜੇ ਹੋ ਗਏ ਜਿਹੜਾ ਹੁਣ ਉਖੜਿਆ ਪਿਆ ਹੈ।

# ਰਿਆਸਤ ਪਟਿਆਲਾ ਦੇ ਗੁਰ-ਅਸਥਾਨ

## ੧. ਗੁ: ਸਾ: ਘੁਢਾਣੀ

ਇਸ ਨਗਰ ਵਿਚ ਗੁਰੂ ਜੀ ਦਾ ਪ੍ਰੇਮੀ ਸਿਖ ਭਾਈ ਸੂਰਤੀਆ ਰਹਿੰਦਾ ਸੀ। ਉਸ ਦੇ ਪ੍ਰੇਮ ਵਸ ਹੋ ਗੁਰੂ ਜੀ ਬਹੁਤ ਚਿਰ ਏਥੇ ਬਿਰਾਜੇ। ਬਾਬਾ ਸੂਰਤੀਆ ਨੇ ਗੁਰੂ ਜੀ ਦੇ ਨਿਵਾਸ ਕਰਨ ਲਈ ਇਕ ਖਾਸ ਬੈਠਕ ਬਣਾਈ ਸੀ। ਜਿਸ ਵਿਚ ਗੁਰੂ ਜੀ ਬੈਠ ਕੇ ਭਜਨ ਕਰਿਆ ਕਰਦੇ ਸਨ। ਇਕ ਸਾਖੀ ਹੈ ਕਿ ਗੁਰੂ ਜੀ ਨਾਲ ਸੰਗਤਾਂ ਬਹੁਤ ਸਨ। ਦੀਵਾਨ ਲਗਦੇ, ਸਤਿਸੰਗ ਹੁੰਦੇ, ਪਰ ਭਾਈ ਸੂਰਤੀਆ ਦੇ ਘਰ ਗਰੀਬੀ ਸੀ। ਗੁਰੂ ਜੀ ਨੇ ਇਕ ਕੋਠੀ ਵਿਚ ਸਤ ਦਾਣੇ ਅਨਾਜ ਦੇ ਪਾ ਕੇ ਉਸ ਨੂੰ ਜਿੰਦਾ ਮਾਰ ਦਿੱਤਾ ਤੇ ਹੁਕਮ ਕੀਤਾ ਕਿ ਜਦੋਂ ਤਕ ਇਸ ਨੂੰ ਨਹੀਂ ਖੋਹਲੋਗੇ, ਆਟਾ ਨਹੀਂ ਮੁਕੇਗਾ। ਗੁਰੂ ਜੀ ਦਾ ਇਹ ਹੁਕਮ ਫਲੀ ਭੂਤ ਹੋਇਆ। ਲੰਗਰ ਲਈ ਆਟਾ ਐਨ (ਮੋਰੀ) ਥਾਣੀ ਕਢਕੇ ਅਤੁਟ ਵਰਤਦਾ ਰਿਹਾ ਪਰ ਕੋਠੜੀ ਵਿਚੋਂ ਅਨਾਜ ਨਾ ਮੁਕਿਆ। ਇਹ ਸਿਲਸਿਲਾ ਕਈਆਂ ਪੀੜ੍ਹੀਆਂ ਤਕ ਚਲਦਾ ਰਿਹਾ। ਪ੍ਰੰਤੂ ਪਿਛੋਂ ਬਾਬੇ ਦੀ ਕੁਲ ਦੀ ਇਕ ਇਸਤ੍ਰੀ ਨੇ ਜਿੰਦਾ ਖੋਹਲ ਲਿਆ ਅਤੇ ਉਸ ਕੋਠੜੀ ਵਿਚ ਬਰਕਤ ਨਾ ਰਹੀ। ਗੁਰੂ ਜੀ ਨੇ ਬਾਬੇ ਸੂਰਤੀਏ ਨੂੰ ਇਕ ਪੋਥੀ, ਇਕ ਜੋੜਾ ਤੇ ਬਵੰਜਾ ਕਲੀਆਂ ਵਾਲਾ ਚੋਲਾ ਬਖਸ਼ਿਆ ਜੋ ਹੁਣ ਤਕ ਏਥੇ ਹੈ। ਇਹ ਉਹੀ ਚੋਲਾ ਹੈ ਜੋ ਗਵਾਲੀਆਰ ਦੇ ਕਿਲੇ ਵਿਚੋਂ ਬਵੰਜਾ ਰਾਜਿਆਂ ਨੂੰ ਛੁਡਾਉਣ ਸਮੇਂ ਗੁਰੂ ਜੀ ਨੇ ਪਹਿਨਿਆ ਸੀ। ਇਸ ਪਿੰਡ ਵਿਚ ਇਕ ਹੋਰ ਗੁਰਦੁਆਰਾ 'ਨਿੰਮਸਰ' ਹੈ। ਜਿਥੇ ਗੁਰੂ ਜੀ ਨੇ ਦਾਤਣ ਕਰਨ ਸਮੇਂ ਦਾਤਨ ਗਡ ਦਿਤੀ ਉਥੇ ਨਿੰਮ ਦਾ ਦਰੱਖਤ ਉਗ ਪਿਆ। ਇਸ ਨਗਰ ਨਿਵਾਸੀਆਂ ਨੂੰ ਭੀ ਗੁਰੂ ਜੀ ਦੇ ਆਉਣ ਤੋਂ ਪਹਿਲਾਂ ਸੀਹਣੀ ਪਿੰਡ ਦੇ ਝੱਜ (ਚਉਧਰੀ) ਤੰਗ ਕਰਦੇ ਸਨ ਪ੍ਰੰਤੂ ਸਤਿਗੁਰੂ ਜੀ ਦੇ ਹੁਕਮ ਨਾਲ 'ਗਿਦੜੀ' ਕਹਾਉਣ ਲਗੀ ਅਤੇ ਘੁਢਾਣੀ ਨੂੰ ਬੜੇ ਭਾਗ ਲਗੇ। ਗੁਰਦੁਆਰੇ ਦੇ ਨਾਮ ੧੦ ਵਿਘੇ ਜ਼ਮੀਨ ਹੈ ਹੋਲੇ ਮਹੱਲੇ ਨੂੰ ਮੇਲਾ ਲਗਦਾ ਹੈ।

## ੨. ਗੁ: ਸਾ: ਧਮੋਟ

ਰਿਆਸਤ ਪਟਿਆਲਾ ਜ਼ਾਂ ਥਾਣਾ ਪੈਲ ਦਾ ਇਕ ਪਿੰਡ ਹੈ। ਚਾਵਾ ਪੈਲ ਤੋਂ ਦੱਖਣ ਪੱਛਮ ਨੂੰ ੮ ਮੀਲ ਦੇ ਕਰੀਬ ਹੈ। ਪੈਲ ਤਕ ੫ ਮੀਲ ਪੱਕੀ ਸੜਕ ਹੈ। ਅਗੋਂ ਤਿੰਨ ਮੀਲ ਕਚਾ ਰਸਤਾ ਹੈ। ਪਿੰਡ

Digitized by Panjab Digital Library | www.panjabdigilib.org

ਦੇ ਪਾਸ ਹੀ ਜਿਥੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਕੋਹੜੀ ਮੋਹਰੂ ਨੂੰ ਰਾਜੀ ਕੀਤਾ ਗੁਰਦੁਆਰਾ ਬਣਿਆ ਹੋਇਆ ਹੈ। ਸ੍ਰੀ ਗੁਰੂ ਜੀ ਘੁਢਾਣੀ ਤੋਂ ਏਥੇ ਆਏ। ਪਹਿਲਾਂ ਇਥੇ ਸਾਧਾਰਣ ਗੁਰਦੁਆਰਾ ਸੀ। ਹੁਣ ੧੯੭੪ ਬਿ: ਵਿਚ ਪਿੰਡ ਤੇ ਇਲਾਕੇ ਦੀਆਂ ਸੰਗਤਾਂ ਨੇ ਬੜਾ ਸੁੰਦਰ ਦਰਬਾਰ ਸਾਹਿਬ ਬਣਾਇਆ ਹੈ। ਪਿੰਡ ਦੇ ਅਕਾਲੀ ਸਿੰਘ ਜੀ ਸੇਵਾ ਕਰਦੇ ਹਨ। ਮਲਕਾਂ ਵਾਲੇ ਖੂਹ ਦਾ ਪਾਣੀ ਖਾਰੇ ਤੋਂ ਮਿੱਠਾ ਕੀਤਾ ਜੋ ਹੁਣ ਤਕ ਵਰਤਮਾਨ ਹੈ।

## ੩. ਗੁ: ਜੰਡਾਲੀ

ਰਿਆਸਤ ਪਟਿਆਲਾ ਨਜਾਮਤ ਸੁਨਾਮ, ਥਾਣਾ ਪਾਇਲ ਵਿਚ ਇਕ ਪਿੰਡ ਏਥੇ–ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਕੁਝ ਸਮਾਂ ਬਿਰਾਜੇ ਸਨ। ਗੁਰਦੁਆਰੇ ਨਾਲ ਪਿੰਡ ਵਲੋਂ ੨੫ ਵਿਘੇ ਜ਼ਮੀਨ ਹੈ। ਰੇਲਵੇ ਸਟੇਸ਼ਨ ਚਾਵਾ ਪਾਇਲ ਤੋਂ ੯ ਮੀਲ ਨੈਰਤ ਕੋਣ ਹੈ।

## ੪. ਗੁ: ਰਾਮ ਸਰ

ਇਹ ਨਗਰ ਪੁੜਬੱਲੇ ਤੋਂ ਨੌਂ ਬੁਰਜੀਆਂ ਦੇ ਫ਼ਾਸਲੇ ਤੇ ਹੈ। ਏਥੇ ਸਤਿਗੁਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਲੋਸਨੀ ਵਿੱਚ ਦੀ ਆਏ ਅਤੇ ਬਿਸਰਾਮ ਕੀਤਾ। ਇਸ ਨਾਲ ਇਕ ਸਰੋਵਰ ਵੀ ਹੈ। ਸੇਵਾ ਬਾਬਾ ਰਾਮ ਸਿੰਘ ਜੀ ਰਾਵਲਪਿੰਡੀ ਵਾਲੇ ਕਰਦੇ ਹਨ। ਘਲੂਘਾਰੇ ਵਿਚ ਨਗਰ ਦੇ ਸੇਵਾਦਾਰ ਭਾਈ ਰਣਜੋਧ ਸਿੰਘ ਜੀ, ਗੁਰਦੇਵ ਸਿੰਘ ਨੰਬਰਦਾਰ ਚਾਰ ਵਿਘੇ ਜ਼ਮੀਨ ਭਾਈ ਬਹਾਦਰ ਸਿੰਘ ਜੀ ਨੇ ਗੁਰੂ ਘਰ ਨੂੰ ਦਿੱਤੀ ਹੈ।

## ੫. ਗੁ: ਸੰਗਤ ਰੌਣੀ

ਜੰਡਾਲੀ ਤੋਂ ਹੁੰਦੇ ਹੋਏ ਜ਼ਰਗ ਵਿਚ ਦੀ ਏਥੇ ਆਏ, ਸ੍ਰੀ ਗੁਰੂ ਹਰਿਗੋਬਿੰਦ ਛੇਵੇਂ ਪਾਤਸ਼ਾਹ ਦਾ ਗੁਰਦੁਆਰਾ ਹੈ। ਜਿਸ ਨੂੰ ਗੁਰਦੁਆਰਾ 'ਸੰਗਤ ਰੌਣੀ' ਕਹਿੰਦੇ ਹਨ।

## ੬. ਗੁ: ਜਰਗ

ਦਸਿਆ ਗਿਆ ਹੈ ਕਿ ਗੁਰੂ ਕੇ ਜਰਗ ਆਏ ਸਨ। ਉਹ ਜਗ੍ਹਾ ਅਜੇ ਤਕ ਨਹੀਂ ਬਣੀ, ਰੌਣੀ ਵਾਲੀ ਜਗ੍ਹਾ ਮੁਸਲਮਾਨੀ ਕਬਜ਼ੇ ਵਿਚ ਸੀ। ਜਿਹੜੀ ਝਗੜ ਕੇ ਲਈ ਗਈ ਹੈ ਤੇ ਇਹ ਗੁਰਦੁਆਰੇ ਦੀ ਨੀਂਹ ੧੯੧੯ ਵਿਚ ਇਨ੍ਹਾਂ ਪਿਆਰਿਆਂ ਨੇ ਰੱਖੀ। (੧)ਬਾਬਾ ਸੇਵਾ ਸਿੰਘ ਪਿਤਾ ਬਾਬਾ ਕਰਮ ਸਿੰਘ ਜੀ (੨)ਭਾਈ ਜਗੀਰ ਸਿੰਘ ਪਿਤਾ ਬਿਸ਼ਨ ਸਿੰਘ (੩) ਹਰਨਾਮ ਸਿੰਘ ਪਿਤਾ ਰਾਮ ਸਿੰਘ, (੪) ਪੂਰਨ ਸਿੰਘ ਪਿਤਾ ਦਿਆਲ ਸਿੰਘ (੫) ਰਾਜਾ ਸਿੰਘ ਪਿਤਾ ਕਰਨੈਲ ਸਿੰਘ।

## ੭. ਗੁ: ਲਸੋਈ

ਲਸੋਈ ਨਗਰ ਤੋਂ ਚੜ੍ਹਦੀ ਵਲ ਦੋ ਬੁਰਜੀਆਂ ਤੇ ਛੇਵੇਂ ਪਾਤਸ਼ਾਹ ਦਾ ਅਸਥਾਨ ਹੈ, ਜੋ ਹੁਣ ਤਕ ਪੁਜਾਰੀਆਂ ਦੇ ਹੱਥ ਰਿਹਾ ਤੇ ਭਾਈ ਭਾਨ ਸਿੰਘ ਨੇ ਉਦਮ ਕਰ ਕੇ ਗੁਰਅਸਥਾਨ ਬਣਵਾਇਆ।

## ੮. ਗੁ: ਕਾਂਝਲਾ

ਸ੍ਰੀ ਗੁਰੂ ਨੌਵੇਂ ਤੇ ਦਸਵੇਂ ਸਾਹਿਬਾਂ ਦੇ 'ਦੌਰੇ ਦੀ ਸਾਖੀ' ਨਾਮੇ ਪੁਸਤਕ ਵਿਚ ਲਿਖਿਆ ਹੈ ਕਿ

Digitized by Panjab Digital Library | www.panjabdigilib.org

ਗੁਰੂ ਨਾਨਕ ਦੇਵ ਕਾਂਝਲੇ ਦੀ ਝਿੜੀ ਵਿਚ ਗਏ। ਓਥੇ ਇਕ ਰਾਜੇ ਦੀ ਰਾਣੀ ਆਪਣੀ ਗੋਦੀ ਦੀ ਲੜਕੀ ਨੂੰ ਲੈ ਕੇ ਆਈ। ਜਿਸ ਨੂੰ ਉਸ ਨੇ 'ਲੜਕਾ' ਆਖ ਕੇ ਪ੍ਰਸਿਧ ਕੀਤਾ ਹੋਇਆ ਸੀ। ਗੁਰੂ ਮਹਾਰਾਜ ਨੇ ਜਿਸ ਸਰੋਵਰ ਵਿਚ ਚਰਨ ਪਾਏ ਸਨ, ਭਾਈ ਮਰਦਾਨੇ ਨੂੰ ਆਖ ਕੇ ਉਸ ਸਰੋਵਰ ਵਿਚ ਕੰਨਿਆਂ ਨੂੰ ਇਸ਼ਨਾਨ ਕਰਵਾਇਆ, ਤਾਂ ਉਹ ਲੜਕਾ ਬਣ ਗਈ।

( ਨੰ: ੨ )

ਓਸੇ ਪੋਥੀ ਵਿਚ ਲਿਖਿਆ ਹੈ ਹਜ਼ੂਰ ਛੇਵੇਂ ਪਾਤਸ਼ਾਹ ਗੁਰੂ ਨਾਨਕ ਦੇਵ ਦੇ ਗੁਰਦੁਆਰਿਆਂ ਨੂੰ ਪ੍ਰਗਟ ਕਰਨ ਦੇ ਉਦੇਸ਼ ਨਾਲ 'ਨਾਨਕਿਆਣਾ ਸਾਹਿਬ' (ਮੰਗਵਾਲ) ਤੋਂ ਏਸ ਪਿੰਡ ਦੀ ਓਸੇ ਝਿੜੀ ਵਿਚ ਆਏ ਤਾਂ ਲੋਕਾਂ ਨੇ ਗੁਰੂ ਸਾਹਿਬ ਨਾਲ ਅਸਰਧਾ ਦਾ ਵਰਤਾਉ ਕੀਤਾ। ਤਾਂ ਸਚੇ ਪਾਤਸ਼ਾਹ ਨੇ ਸੁਤੇ ਹੀ ਇਹ ਵਾਕ ਉਚਾਰਨ ਕੀਤਾ—'ਚਲੋ ਭਾਈ ! ਕਾਂਝਲੇ ਦੇ ਕੋੜ੍ਹੀਆਂ ਕੋਲ ਅਸੀਂ ਨਹੀਂ ਠਹਿਰਦੇ' ਤਾਂ ਉਥੇ ਕੋੜ੍ਹ ਫੁਟਣ ਲਗ ਪਿਆ। ਉਦੋਂ ਤੋਂ 'ਕਾਂਝਲੇ ਕੋੜ੍ਹੀ' ਕਹਿਣ ਦੀ ਲੋਕਾਂ ਵਿਚ ਕਹਾਉਤ ਹੋ ਗਈ ਜੋ ਅਜ ਤਕ ਹੈ। ਇਹ ਗੁਰਦੁਆਰਾ ਰੇਲਵੇ ਸਟੇਸ਼ਨ ਤੋਂ ੪ ਮੀਲ ਦਖਣ ਪਾਸੇ ਨੂੰ ਹੈ। ੨੦ ਵਿਘੇ ਜ਼ਮੀਨ ਪਿੰਡ ਵਲੋਂ ਹੈ ਤੇ ੭੦ ਵਿਘੇ ਜ਼ਮੀਨ ਮਾਈ ਬਿਸ਼ਨ ਕੌਰ ਵਲੋਂ ਹੈ।

## ੯. ਗੁ: ਸਾਹਿਬ ਕਮਾਲ ਪੁਰ

ਇਹ ਰਿਆਸਤ ਪਟਿਆਲਾ ਨਜ਼ਾਮਤ ਸੁਨਾਮ, ਥਾਣਾ ਦਿੜਬਾ ਤਹਿਸੀਲ ਭਵਾਨੀ ਗੜ੍ਹ ਦਾ ਇਕ ਪਿੰਡ ਹੈ। ਇਸ ਪਿੰਡ ਤੋਂ ਉੱਤਰ ਵਲ ਅੱਧ ਮੀਲ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਗੁਰ ਅਸਥਾਨ ਹੈ। ਗੁਰਦੁਆਰੇ ਦੀ ਸੇਵਾ ਮਹਾਰਾਜਾ ਸਾਹਿਬ ਕਰਮ ਸਿੰਘ ਜੀ ਨੇ ਕਰਵਾਈ ਹੈ। ੭੫ ਵਿਘੇ ਜ਼ਮੀਨ ਮੁਆਫੀ ਅਤੇ ੭੫ ਵਿਘੇ ਪਟਿਆਲੇ ਵਲੋਂ ਹੈ। ਇਸ ਤੋਂ ਇਲਾਵਾ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਹੋਰ ਭੀ ਬਹੁਤ ਸਾਰੇ ਨਗਰਾਂ ਦਾ ਨਾਮ ਬਾਣੀ ਸਿਮਰਨ ਦ੍ਰਿੜ੍ਹਾ ਕੇ ਉਧਾਰ ਕੀਤਾ ਜਿਨ੍ਹਾਂ ਦੇ ਗੁਰ ਅਸਥਾਨ ਗੁਪਤ ਹਨ। ਸਮਾਂ ਪਾ ਕੇ ਉਹ ਭੀ ਪ੍ਰਗਟ ਹੋ ਜਾਣਗੇ।

## ੧੦. ਗੁ: ਘਨੌੜ ਜੱਟਾਂ

ਰਿਆਸਤ ਪਟਿਆਲਾ ਜ਼ਿਲਾ ਸੁਨਾਮ, ਤਹਿਸੀਲ ਭਵਾਨੀ ਗੜ੍ਹ ਥਾਣਾ ਦਿਰਵਾ ਵਿਚ ਪਿੰਡ ਤੋਂ ਵਾਯਵੀ ਕੋਣ ਪਾਸ ਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਦੋਹਾਂ ਪਾਤਸ਼ਾਹੀਆਂ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਰੇਲਵੇ ਸਟੇਸ਼ਨ ਨਾਭੇ ਤੋਂ ਈਸ਼ਾਨ ਕੋਣ ਬਾਈ ਮੀਲ ਦੇ ਲਗ ਭਗ ਹੈ। ਕੁਝ ਕੱਚਾ ਰਸਤਾ ਭੀ ਹੈ।

## ੧੧. ਗੁ: ਸਾਹਿਬ ਅਕੋਈ

ਸੰਗਰੂਰ ਤੋਂ ੨ ਮੀਲ ਉਤਰ ਵਲ ਜੀਂਦ ਰਾਜ ਦਾ ਇਕ ਪਿੰਡ ਹੈ। ਇਸ ਥਾਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਸੰਮਤ ੧੬੭੩ ਵਿਚ ਸ਼ੇਟੀ ਤੋਂ ਚਲ ਕੇ ਸ੍ਰੀ ਗੁਰੂ ਜੀ ਏਥੇ ਮਾਨਕ ਚੰਦ ਪ੍ਰੇਮੀ ਦਾ ਪ੍ਰੇਮ ਦੇਖ ਕੇ ਠਹਿਰੇ ਹਨ। ਗੁਰ ਦਰਬਾਰ ਸੋਹਣਾ ਬਣਿਆ ਹੋਇਆ ਹੈ, ਪਾਸ ਹੀ ਰਿਹਾਇਸ਼ੀ ਮਕਾਨ ਅਤੇ ਇਕ ਸੁੰਦਰ ਦੀਵਾਨ ਖਾਨਾ ਹੈ। ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਕਾਸ਼ ਹੁੰਦਾ ਹੈ। ਇਨ੍ਹਾਂ ਇਮਾਰਤਾਂ ਦੀ ਸੇਵਾ ਸਰਦਾਰ ਦੀਵਾਨ ਸਿੰਘ ਜੀ

Digitized by Panjab Digital Library | www.panjabdigilib.org

ਰਈਸ 'ਬਡ ਰੁਖਾ' ਨੇ ਕਰਾਈ ਹੈ। ਗੁਰ ਦਰਬਾਰ ਦੀ ਪਰਕਰਮਾਂ ਪਾਸ ਇਕ ਕਰੀਰ ਦਾ ਬਿਰਛ ਹੈ, ਜਿਸ ਨਾਲ ਸ੍ਰੀ ਗੁਰੂ ਜੀ ਦਾ ਘੋੜਾ ਬਧਾ ਹੋਇਆ ਸੀ। ਏਥੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਵੀ ਪਵਿੱਤ੍ਰ ਚਰਨ ਪਾਏ ਹਨ। ਇਸ ਗੁਰ ਦਰਬਾਰ ਨਾਲ ੧੨੫ ਬਿਘੇ ਜ਼ਮੀਨ ਬਾਬਾ ਮਤਾਬ ਸਿੰਘ ਵਲੋਂ ਅਰ ੧੦੦) ਰੁਪੱਈਏ ਨਕਦ ਤੇ ਤਿੰਨ ਰਜ਼ਾਈਆਂ ਸਾਲਾਨਾ ਰਿਆਸਤ ਜੀਂਦ ਵਲੋਂ ਹਨ। ਏਥੋਂ ਦੇ ਮਹੰਤ ਸਿੰਘ ਹਨ ਜੋ ਬੜੇ ਪ੍ਰੇਮ ਨਾਲ ਸੇਵਾ ਕਰਦੇ ਹਨ। ਰੇਲਵੇ ਸਟੇਸ਼ਨ ਬਹਾਦਰ ਸਿੰਘ ਵਾਲਾ ਹੈ। ਨਾਰਦਰਨ ਰੇਲਵੇ ਤੋਂ ਕਰੀਬ ੨ ਮੀਲ ਦਖਣ ਹੈ।

## ੧੨. ਗੁ: ਸਾ: ਨਾਨਕਿਆਣਾ (ਮੰਗਵਾਲ)

ਨਾਨਕਿਆਣਾ ਸਾਹਿਬ ਵਿਚ ਸਾਹਿਬ ਗੁਰੂ ਹਰਿ ਗੋਬਿੰਦ ਸਾਹਿਬ ਜੀ ਆਏ ਹਨ ਏਥੇ ਉਨ੍ਹਾਂ ਦੀ ਯਾਦ ਵਿੱਚ ਪਵਿੱਤਰ ਗੁਰ ਅਸਥਾਨ ਬਣਿਆ ਹੋਇਆ ਹੈ ਰਿਆਸਤ ਜੀਂਦ ਵਲੋਂ ਪਿੰਡ ਮੰਗਵਾਲ ਜਗੀਰ ਵਜੋਂ ਗੁਰਦੁਆਰੇ ਦੇ ਨਾਂ ਹੈ। ੨੬) ਅਤੇ ੨੨) ਜੀਂਦ ਅਤੇ ਨਾਭਾ ਤੋਂ ਜਾਗੀਰ ਮਿਲਦੀ ਹੈ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੇ ਚਰਨ ਪਾਏ ਹਨ।

## ੧੩. ਗੁ: ਸਾਹਿਬ ਖੁਰਾਣਾ

ਇਹ ਅਸਥਾਨ ਰਿਆਸਤ ਜੀਂਦ, ਤਹਿਸੀਲ ਥਾਣਾ ਸੰਗਰੂਰ ਅਤੇ ਰੇਲਵੇ ਸਟੇਸ਼ਨ ਸੰਗਰੂਰ ਤੋਂ ਚਾਰ ਮੀਲ ਈਸ਼ਾਨ ਕੋਣ ਇਕ ਪਿੰਡ ਵਲ ਹੈ। ਅਕੋਈ ਤੋਂ ਚਲਕੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਇਸ ਥਾਂ ਗਏ ਹਨ। ਗੁਰਦੁਆਰੇ ਨਾਲ ੩ ਵਿਘੇ ਜ਼ਮੀਨ ਹੈ ਅਤੇ ਰਿਆਸਤ ਜੀਂਦ ਤੋਂ ਅਠਾਰਾਂ ਰੁਪਯੇ ਸਾਲਾਨਾ ਮਿਲਦੇ ਹਨ।

# ਰਿਆਸਤ ਨਾਭਾ ਵਿਚ ਗੁਰ ਅਸਥਾਨ

## ੧. ਗੁ: ਸਾਹਿਬ ਸੌਂਟੀ

ਰਿਆਸਤ ਨਾਭਾ ਵਿਚ ਨਜ਼ਾਮਤ ਅਮਲੋਹ ਦਾ ਇਕ ਪਿੰਡ ਜੋ ਗੋਬਿੰਦ ਗੜ੍ਹ ਰੇਲਵੇ ਸਟੇਸ਼ਨ ਤੋਂ ਕਰੀਬ ੪ ਮੀਲ ਹੈ। ਇਸ ਪਿੰਡ ਤੋਂ ਪੂਰਬ ਵਲ ਪੌਣੇ ਮੀਲ ਪੁਰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਇਸ ਥਾਂ ਗੁਰੂ ਸਾਹਿਬ ਜੀ ਦਾ ਕੁੱਤਾ ਸੂਰ ਨਾਲ ਲੜਦਾ ਹੋਇਆ ਸੂਰ ਨੂੰ ਮਾਰ ਕੇ ਮਰ ਗਿਆ। ਰਿਆਸਤ ਨਾਭਾ ਵਲੋਂ ੧੮੦ ਵਿਘੇ ਜ਼ਮੀਨ ਅਤੇ ੪੮ ਰੁਪਈਏ ਨਕਦ ਗੁਰਦੁਆਰੇ ਦੇ ਨਾਉਂ ਹਨ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਜਨਮ ਦਿਨ ਪੁਰ ਮੇਲਾ ਹੁੰਦਾ ਹੈ।

Digitized by Panjab Digital Library | www.panjabdigilib.org

## ੨. ਗੁ: ਦਿਆਲਪੁਰਾ

ਇਹ ਨਗਰ ਰਿਆਸਤ ਨਾਭਾ ਵਿੱਚ ਹੈ,ਜਿਸ ਸਮੇਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਪਵਿੱਤ੍ਰ ਚਰਨ ਪਾਏ ਸਨ, ਉਸ ਵੇਲੇ ਇਹ ਜ਼ਮੀਨ ਕਾਂਗੜ ਨਾਲ ਸ਼ਾਮਲ ਸੀ ਅਤੇ ਪਿਛੋਂ ਦਿਆਲ ਪੁਰਾ ਵਸਿਆ ਹੈ। ਰਾਏ ਜੋਧ ਦਾ ਪ੍ਰੇਮ ਦੇਖਕੇ ਜਦ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਕਾਂਗੜ ਠਹਿਰੇ ਸਨ ਤਦ ਏਥੇ ਚਰਨ ਪਾਏ ਹਨ। ਜਿਸ ਜੰਡ ਨਾਲ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਘੋੜਾ ਬੱਧਾ ਹੋਇਆ ਸੀ ਉਹ ਹੁਣ ਮੌਜੂਦ ਹੈ। ਇਹ ਗੁਰ ਅਸਥਾਨ ਰੇਲਵੇ ਸਟੇਸ਼ਨ ਰਾਮ ਪੁਰਾ ਫੂਲ ਤੋਂ ੧੬ ਮੀਲ ਉੱਤਰ ਹੈ। ੭੦ ਘੁਮਾਂ ਜ਼ਮੀਨ ਹੈ।

## ੩. ਗੁ: ਭਾਈ ਰੂਪਾ

ਭਾਈ ਰੂਪਾ ਰਿਆਸਤ ਨਾਭਾ, ਨਜ਼ਾਮਤ ਫੂਲ, ਥਾਣਾ ਦਿਆਲ ਪੁਰੇ ਵਿਚ ਇਕ ਪਿੰਡ ਜੋ ਰਾਮ ਪੁਰਾ ਫੂਲ ਰੇਲਵੇ ਸਟੇਸ਼ਨ ਤੋਂ ੧੧ ਮੀਲ ਉਤਰ ਨੂੰ ਹੈ। ਇਸ ਗਰਾਮ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਮਹੰਤ ਭਾਈ ਰੂਪ ਚੰਦ ਜੀ ਦੀ ਸੰਤਾਨ ਹੈ। ਲੰਗਰ ਦੇ ਨਾਮ ਰਿਆਸਤ ਵਲੋਂ ਮੁਆਫੀ ਹੈ। ਮਾਘੀ ਅਤੇ ਵਿਸਾਖੀ ਨੂੰ ਮੇਲਾ ਲਗਦਾ ਹੈ।

## ੪. ਗੁ: ਸਾਹਿਬ ਗਿੱਲ ਕਲਾਂ

ਗਿੱਲ ਕਲਾਂ ਰਾਜਾ ਨਾਭਾ ਵਿਚ ਨਜ਼ਾਮਤ ਫੂਲ ਦਾ ਇੱਕ ਪਿੰਡ ਜੋ ਰਾਮ ਪੁਰਾ ਫੂਲ ਰੇਲਵੇ ਸਟੇਸ਼ਨ ਤੋਂ ਡੇਢ ਮੀਲ ਪੂਰਬ ਹੈ। ਏਥੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਵਿਰਾਜੇ ਹਨ। ਮਹਾਰਾਜਾ ਹੀਰਾ ਸਿੰਘ ਜੀ ਨੇ ਸੁੰਦਰ ਗੁਰਦੁਆਰਾ ਬਣਾਇਆ ਹੈ। ੭੦ ਘੁਮਾਉਂ ਜ਼ਮੀਨ ਗੁਰਦੁਆਰੇ ਦੇ ਨਾਉਂ ਹੈ। ਜੋੜ ਮੇਲੇ ਪੋਹ ਸੁਦੀ ਅਤੇ ਮਾਘੀ ਨੂੰ ਹੁੰਦੇ ਹਨ।

## ੫. ਗੁ: ਬੱਲੋ

ਬੱਲੋ ਰਿਆਸਤ ਨਾਭੇ ਦੀ ਤਹਿਸੀਲ ਧਨੌਲਾ, ਥਾਣਾ ਫੂਲ ਦਾ ਇਕ ਪਿੰਡ ਜਿਸ ਦੀ ਜੂਹ ਅੰਦਰ ਬਾਬੇ ਬੱਲੇ ਦੀ ਇਕ ਪ੍ਰਸਿਧ ਥਾਂ ਹੈ। ਉਥੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਮਾਲਵੇ ਨੂੰ ਕਿਰਤਾਰਥ ਕਰਦੇ ਹੋਏ ਇਕ ਰਾਤ ਵਿਰਾਜੇ ਸਨ। ਓਥੇ ਆਪ ਦਾ ਗੁਰਦੁਆਰਾ ਹੈ। ਭਾਈ ਸੇਵਾ ਸਿੰਘ ਜੀ ਨਾਮ ਦੇ ਰਸੀਏ ਵਰਤਾ ਕੇ ਛਕਣ ਵਾਲੇ ਸੇਵਾਦਾਰ ਹਨ।

## ੬. ਗੁ: ਮੰਜੀ ਸਾਹਿਬ ਅੰਬਾਲਾ

ਅੰਬਾਲਾ ਸ਼ਹਿਰ ਵਿਚ ਇਹ ਅਸਥਾਨ ਜੀ. ਟੀ. ਰੋਡ ਬੱਸਾਂ ਦੇ ਅੱਡੇ ਦੇ ਨੇੜੇ ਹੈ। ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਬੰਦੀਛੋੜ ਜਦੋਂ ਗਵਾਲੀਅਰ ਤੋਂ ੫੨ ਰਾਜਿਆਂ ਨੂੰ ਆਜ਼ਾਦ ਕਰਾ ਕੇ ਪੰਜਾਬ ਆ ਰਹੇ ਸਨ, ਤਾਂ ਰਸਤੇ ਵਿਚ ਏਥੇ ਬਿਸਰਾਮ ਕੀਤਾ ਸੀ। ਨਵੀਂ ਇਮਾਰਤ ਬਣਾਉਂਦਿਆਂ ਨੀਹਾਂ ਪੁੱਟਣ ਤੇ ਹੇਠੋਂ ਬਾਉਲੀ ਸਾਹਿਬ ਤੇ ਮਿੱਟੀ ਹੇਠ ਦਬੀ ਹੋਈ ਬੜੀ ਸੋਹਣੀ ਇਮਾਰਤ ਨਿਕਲੀ ਹੈ।

Digitized by Panjab Digital Library | www.panjabdigilib.org

| ਨੰ: | ਗੁਰ ਅਸਥਾਨ | ਜ਼ਮੀਨ ਘੁਮਾਂ | ਜ਼ਮੀਨ ਵਿਘੇ | ਮਕਾਨ | ਜਗੀਰ | ਹੋਰ ਸਹਾਇਤਾ |
|---|---|---|---|---|---|---|
| ੧ | ਗੁ: ਸਾ: ਕਾਉਂਕੇ ਲੁਧਿਆਣਾ | ੨੦ ਘੁਮਾਂ | | | | |
| ੨ | ਗੁ: ਸਾ: ਲੰਮੇ ਲੁਧਿਆਣਾ | ੪੦ ,, | | | | |
| ੩ | ਗੁ: ਇਆਲੀ ਕਲਾਂ ਲੁਧਿਆਣਾ | ੮੦ ,, | | | | |
| ੪ | ਗੁ: ਸਾ: ਸੁਧਾਰ ਲੁਧਿਆਣਾ | | ੨੦ ਵਿਘੇ | | | |
| ੫ | ਗੁ: ਠੱਠਾ ਸਾਹਿਬ ਫੀਰੋਜ਼ਪੁਰ | ੩ ,, | | | | |
| ੬ | ਗੁ: ਝਿੜਾ ਸਾ: ਇੰਦ ਗੜ੍ਹ ,, | ੧੪੦ ,, | | | | |
| ੭ | ਗੁ: ਸਾ: ਸਨ੍ਹੇਰ ਫ਼ੀਰੋਜ਼ਪੁਰ | ੬੦ ,, | | | | |
| ੮ | ਗੁ: ਸਾ: ਖੋਸਾ ਫ਼ੀਰੋਜ਼ਪੁਰ | ੨੮ ,, | | | | |
| ੯ | ਗੁ: ਸਾ: ਸਲ੍ਹੀਣਾ ,, | ੧੮ ,, | | | | |
| ੧੦ | ਗੁ: ਸਾ: ਡਰੋਲੀ ,, | ੧੯੦ ,, | | | ੨੫੧ | ਪਿੰਡ ਅੰਗੀਆ ਜ਼ਿਲਾ ਅੰਬਾਲਾ ਵਲੋਂ |
| ੧੧ | ਗੁ: ਸਾ: ਵਡਾ ਘਰ ਫ਼ੀਰੋਜ਼ ਪੁਰ | ੮ ,, | | | | |
| ੧੨ | ਗੁ: ਸਾ: ਸਮਾਧ ਭਾਈ ,, | | | | | ਬਹੁਤ ਸਾਰੀ ਜ਼ਮੀਨ |
| ੧੩ | ਗੁ: ਸਾ: ਗੁਰੂ ਸਰ ਮਹਿਰਾਜ | ੨੫੦ ,, | | | ੧੨੫ | ਰਿਆਸਤ ਪਟਿਆਲਾ |
| | | | | | ੩੨ | ਰਿਆਸਤ ਨਾਭਾ |
| ੧੪ | ਗੁ: ਸਾ: ਨਥਾਣਾ ਫ਼ੀਰੋਜ਼ ਪੁਰ | ੨੭ ,, | | | | ਪਿੰਡ ਨਥਾਣਾ ਵਲੋਂ |
| ੧੫ | ਗੁ: ਘਲ ਕਲਾਂ ,, | ੧੦ ,, | | | | ਪਿੰਡ ਵਲੋਂ |
| ੧੬ | ਗੁ: ਸਾ: ਪੱਤੋ ਫੀਰੋਜ਼ਪੁਰ | ੧੦ ,, | | | | |
| ੧੭ | ਗੁ: ਸਾ: ਲੋਪੋ ,, | ੧੨੦ ,, | | | | ਸਿਖ ਰਾਜ ਸਮੇਂ |
| ੧੮ | ਗੁ: ਸਾ: ਮੱਦੋਕੇ ,, | ੧੬ ,, | | | | ਪਿੰਡ ਵਲੋਂ |
| | | ਜੋੜ ੧੦੨੦ ਘੁਮਾਂ | ੨੦ ਵਿਘੇ | | ੪੦੮) | |

Digitized by Panjab Digital Library | www.panjabdigilib.org


| ਨੰ: | ਗੁਰ ਅਸਥਾਨ | ਜ਼ਮੀਨ ਘੁਮਾਂ | ਜ਼ਮੀਨ ਵਿਘੇ | ਜਗੀਰ | ਮਕਾਨ | ਹੋਰ ਸਹਾਇਤਾ |
|---|---|---|---|---|---|---|
| | | ੧੦੨੦ ਘੁਮਾਂ | ੨੦ ਵਿਘੇ | ੪੦੮) | | |
| ੧੯ | ਗੁ: ਸਾ: ਚੌਂਤਰਾ ਸਾ: ਪਟਿਆਲਾ | ੧੮੦ ਘੁਮਾਂ | | | | |
| ੨੦ | ਗੁ: ਸਾ: ਮਾਹਲ ਕਲਾਂ ,, | | | | | ਢੇਖੀ ਭੁਇੰ ਗੁ: ਨਾਲ ਹੈ |
| ੨੧ | ਗੁ: ਸਾ: ਰਾੜਾ ,, | | ੮੦ ਵਿਘੇ | | | |
| ੨੨ | ਗੁ: ਦੁਰਾਹਾ ,, | | ੩੦੦ ਵਿਘੇ | | | |
| ੨੩ | ਗੁ: ਸਾ: ਘੁਡਾਣੀ ,, | | ੧੦ ਵਿਘੇ | | | |
| ੨੪ | ਗੁ: ਸਾ: ਕਾਂਝਲਾ ,, | | ੨੦ ਵਿਘੇ} | | | ਪਿੰਡ ਵਲੋਂ |
| | | | ੭੦ ਵਿਘੇ} | | | ਮਾਈ ਬਿਸ਼ਨ ਕੌਰ |
| ੨੫ | ਕਮਾਲ ਪੁਰ ,, | | ੧੫੦ ਵਿਘੇ | | | ੭੫ ਵਿਘੇ ਮੁਆਫ਼ੀ |
| | | | | | | ੭੫ ਵਿਘੇ ਪਟਿਆਲੇ ਵਲੋਂ |
| ੨੬ | ਗੁ: ਭਾਈ ਕਾ ਭਗਤ ਫਰੀਦਕੋਟ | ੮੮ ਘੁਮਾਂ | | | | |
| ੨੭ | ਗੁ: ਲੰਭਵਾਲੀ ਫਰੀਦਕੋਟ | ੨੨ ਘੁਮਾਂ | | | | |
| ੨੮ | ਗੁ: ਖੁਰਾਣਾ ਫਰੀਦਕੋਟ | | ੩ ਵਿਘੇ | ੧੮) | | |
| ੨੯ | ਗੁ: ਸਾ: ਸੌਂਟੀ ਰਿ: ਨਾਭਾ | | ੧੮੦ ਵਿਘੇ | ੪੯) | | |
| ੩੦ | ਗੁ: ਸਾ: ਦਿਆਲਪੁਰਾ ਨਾਭਾ | ੭੦ ਘੁਮਾਂ | | | | ਰਿਆਸਤ ਨਾਭਾ ਮੁਆਫ਼ੀ |
| ੩੧ | ਗੁ: ਸਾ: ਭਾਈ ਰੂਪਾ ,, | | | | | ਲੰਗਰ ਲਈ ਮੁਆਫ਼ੀ ਹੈ |
| ੩੨ | ਗੁ: ਸਾ: ਗਿਲ ਕਲਾਂ | ੭੦ ਘੁਮਾਂ | | | | |
| | | ੧੪੫੦ ਘੁਮਾਂ | ੮੩੩ ਵਿਘੇ | ੪੭੫) | | |

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਿਖ ਕੌਮ ਦੇ ਸੱਤਵੇਂ ਪਾਤਸ਼ਾਹ

## ਸ੍ਰੀ ਗੁਰੂ ਹਰ ਰਾਇ ਸਾਹਿਬ ਜੀ



ਬੈਠੇ ਸੋਹਿਨ ਤਖਤ ਤੇ ਸਤਵੇਂ ਗੁਰੂ ਹਰਿਰਾਇ ॥
ਮੰਗਤੇ ਕੀਤੇ ਪਾਤਸ਼ਾਹ, ਫੂਲ ਬੰਸ ਵਰੁਸਾਇ ॥

ਵਾਹ ਵਾਹ ਤੇਰੇ ਕਾਜ। ਢਿੱਡ ਵਜੌਂਦੇ ਆਏ ਲੈਕੇ ਗਏ ਰਾਜ ॥

ਪੰਨਾ ੬੫

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

## ਦੋਹਿਰਾ ॥

ਸ੍ਰੀ ਸਤਿਗੁਰੁ ਹਰਿ ਰਾਇ ਕੇ ਨਾਇ ਧਘਾਇ[1] ਅਘਜਾਇ ॥
ਕਰ ਪਦ ਪਰ ਪ੍ਰਣਾਮ ਕੋ ਜਿਹਤੇ ਨਿਧਿ[2] ਸਿਧਿ ਆਇ ॥ ੧ ॥

## ਸਵੈਯਾ ॥

ਪੰਕ[3] ਵਿਖੈ ਬਸਤਾ ਰਸ[4] ਮੈਂ ਰਸ ਊਰਧ[5] ਕੋ ਨਿਸਰਾ ਸਰਸੇਰੋ[6] ॥
ਗ੍ਰੀਵ ਲੌ ਨੀਰ ਮੈ ਧੀਰ ਧਰੇ ਇਕ ਪੈਰ ਖਰੋ[7] ਖਿਰ[8] ਹੈ ਰਵਿ[9] ਹੇਰੋ ॥
ਆਤਪ[10] ਸੀਤ ਸਹੈ ਬਰਖਾ, ਤਪ ਸਾਧਤ ਯਾ ਬਿਧ ਕੂਰ ਘਨੇਰੋ ॥
ਸ੍ਰੀ ਹਰਿ ਰਾਇ ਕੇ ਪਾਇ ਸਮਾਨਤਾ[11] ਪਾਇ ਨਾ ਕੰਜ[12] ਉਪਾਇ ਬਤੇਰੋ[=] ॥ ੨ ॥

---

੧. ਪਾਪ । ੨. ਖਜਾਨਾ । ੩. ਚਿੱਕੜ । ੪. ਜਲ । ੫. । ੬. ਕਮਲ । ੭. ਬਹੁਤ ।
੮. ਖਿੜਦਾ ਹੈ । ੯. ਧੁੱਪ । ੧੦. ਬਰਾਬਰੀ ।

ੴ ਸਤਿਗੁਰ ਪ੍ਰਸਾਦਿ ॥

'ਅਰਜਨ ਹਰਿ ਗੋਬਿੰਦ ਨੂੰ ਸਿਮਰੌ ਸ੍ਰੀ ਹਰਿ ਰਾਇ ॥'

# ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਹਾਰਾਜ

ਸਿੱਖ ਕੌਮ ਦੇ ਸੱਤਵੇਂ ਸਤਿਗੁਰੂ ਸ੍ਰੀ ਹਰਿ ਰਾਇ ਸਾਹਿਬ ਜੀ† ਅਰਸ਼ਾਂ ਕੁਰਸ਼ਾਂ ਦੇ ਵਾਲੀ ਆਪਣੇ ਦਾਦਾ ਗੁਰੂ ਹਰਿ ਗੋਬਿੰਦ ਸਾਹਿਬ ਜੀ ਤੋਂ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆਂ ਫੇਰ ਪਲਟੀਐ' ਦੇ ਮਹਾਂਵਾਕ ਅਨੁਸਾਰ ਗੁਰਤਾ ਪ੍ਰਾਪਤ ਕਰਕੇ ਗੁਰਦੇਵ ਦੇ ਪਾਇਆਂ ਪੂਰਨਿਆਂ ਤੇ ਚਲਦੇ ਹੋਏ ਨਾਮ ਬਾਣੀ ਦੁਆਰਾ ਕਲਜੁਗੀ ਜੀਵਾਂ ਦਾ ਉਧਾਰ ਕਰਨ ਲਗੇ।

ਆਪ ਜੀ ਨੇ ਸੰਗਤਾਂ ਦਾ ਉਧਾਰ ਕਰਦਿਆਂ ਮਾਲਵੇ ਦੇਸ਼ ਨੂੰ ਵੀ ਆ ਭਾਗ ਲਾਏ। ਜਿਸ ੨ ਅਸਥਾਨ ਪਰ ਪਧਾਰ ਕੇ ਆਪ ਨੇ ਪਵਿੱਤਰ ਦਰਸ਼ਨ ਦਿਤੇ, ਉਨ੍ਹਾਂ ਪਵਿੱਤ੍ਰ ਗੁਰ ਅਸਥਾਨਾਂ ਦਾ ਇਤਿਹਾਸ ਅਗੇ ਦਿੱਤਾ ਜਾਂਦਾ ਹੈ।

---

†ਜਨਮ:—ਆਪ ਦਾ ਜਨਮ ੨੦ ਮਾਘ (ਸੁਦੀ ੧੩) ਸੰਮਤ ੧੬੮੬ (੨੬ ਫਰਵਰੀ ਸੰਨ ੧੬੩੦) ਨੂੰ ਬਾਬਾ ਗੁਰਦਿਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੇ ਉਦਰ ਤੋਂ ਕੀਰਤਪੁਰ ਵਿਚ ਹੋਇਆ।

ਸ਼ਾਦੀ:—ਆਪ ਜੀ ਦਾ ਅਨੰਦ ਕਾਰਜ ਹਾੜ ਸੁਦੀ ੩ ਸੰਮਤ ੧੬੯੭ ਨੂੰ ਅਨੂਪ ਸ਼ਹਿਰ (ਜ਼ਿਲਾ ਬੁਲੰਦ ਸ਼ਹਿਰ ਯੂ. ਪੀ.) ਨਿਵਾਸੀ ਦਯਾ ਰਾਮ ਦੀਆਂ ਪੁਤਰੀਆਂ ਨਾਲ ਹੋਇਆ।

ਸੰਤਾਨ:—ਮਹਿਲਾ ਕੋਟ ਕਲਿਆਣੀ ਜੀ ਦੇ ਉਦਰ ਤੋਂ ਰਾਮ ਰਾਇ ਜੀ ਅਤੇ ਕ੍ਰਿਸ਼ਨ ਕੌਰ ਜੀ ਤੋਂ ਹਰਿ ਕ੍ਰਿਸ਼ਨ ਜੀ ਜਨਮੇ।

ਗੁਰ ਗੱਦੀ:—੧੨ ਚੇਤ (ਸੁਦੀ ੧੦) ਸੰਮਤ ੧੭੦੨ (੮ ਮਾਰਚ ਸੰਨ ੧੬੪੫) ਨੂੰ ਗੁਰ ਗੱਦੀ ਤੇ ਬਿਰਾਜੇ ਅਤੇ ਉਤਮ ਰੀਤ ਨਾਲ ਗੁਰੂ ਨਾਨਕ ਜੀ ਦੇ ਮਤ ਦਾ ਪਰਚਾਰ ਕੀਤਾ। ਮਹਿਰਾਜ ਦੇ ਮੁਕਾਮ ਪੁਰ ਫੂਲਵੰਸ ਨੂੰ ਆਪਣੇ ਦਾਦਾ ਗੁਰੂ ਜੀ ਦੇ ਵਰ ਦੀ ਪੁਸ਼ਟੀ ਕਰਨ ਹਿੱਤ ਅਸ਼ੀਰਬਾਦ ਦੇਕੇ ਨਿਹਾਲ ਕੀਤਾ, ਅਰਥਾਤ ਜਦੋਂ ਕਾਲਾ ਆਪਣੇ ਭਤੀਜੇ ਫੂਲ ਹੁਰਾਂ ਨੂੰ ਨਾਲ ਲੈਕੇ ਗੁਰੂ ਸਾਹਿਬ ਦੇ ਹਜ਼ੂਰ ਢਿੱਡ ਵਜਾਉਂਦਾ ਆਇਆ ਤਾਂ ਮਹਾਰਾਜ ਦੇ ਪੁਛਣ ਤੋਂ ਬੇਨਤੀ ਕੀਤੀ ਕਿ ਮਹਾਰਾਜ ਭੁਖੇ ਹਾਂ, ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਕ੍ਰਿਪਾ ਤੋਂ ਬਸਤਾ ਗਏ ਹਾਂ ਪਰ ਉਦੇਸ਼ਾਹੀ ਨਹੀਂ, ਤਾਂ ਹਜ਼ੂਰ ਨੇ ਆਖਿਆ 'ਥੋੜੇ ਚਿਰ ਨੂੰ ਇਨ੍ਹਾਂ ਦੇ ਘੋੜੇ ਜਮਨਾ ਦਾ ਪਾਣੀ ਪੀਣਗੇ।' ਭਾਵ ਰਾਜੇ ਹੋਣਗੇ।

ਉਪਕਾਰ:—ਔਰੰਗਜ਼ੇਬ ਨੇ ਦਾਰਾਸ਼ਿਕੋਹ ਦੀ ਸਹਾਇਤਾ ਕਰਨ ਦਾ ਦੋਸ਼ ਗੁਰੂ ਸਾਹਿਬ ਪੁਰ ਲਾ ਕੇ ਦਿੱਲੀ ਹਾਜ਼ਰ ਹੋਣ ਦਾ ਹੁਕਮ ਦਿਤਾ, ਗੁਰੂ ਸਾਹਿਬ ਨੇ ਆਪਣੇ ਵੱਡੇ ਪੁਤਰ ਰਾਮ ਰਾਇ ਜੀ ਨੂੰ ਦਿੱਲੀ ਭੇਜਿਆ, ਸਾਹਿਬਜ਼ਾਦੇ ਨੇ ਕਰਾਮਾਤਾਂ ਦਿਖਾ ਕੇ ਬਾਦਸ਼ਾਹ ਦਾ ਹੰਕਾਰ ਤੋੜਿਆ, ਜਿਸ ਤੋਂ ਔਰੰਗਜ਼ੇਬ ਭੈਭੀਤ ਹੋ ਗਿਆ।

ਜੋਤੀ ਜੋਤ ਸਮਾਉਣਾ:—੭ ਕਤਕ (ਵਦੀ ੯) ਸੰਮਤ ੧੭੧੮ (੬ ਅਕਤੂਬਰ ਸੰਨ ੧੬੬੧ ਨੂੰ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰਤਾ ਦੇਕੇ ਕੀਰਤ ਪੁਰ ਜੋਤੀ ਜੋਤ ਸਮਾਏ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ ੧੭ ਵਰ੍ਹੇ ੫ ਮਹੀਨੇ ੮ ਦਿਨ ਗੁਰਤਾ ਕੀਤੀ ਅਤੇ ਸਾਰੀ ਅਵਸਥਾ ੩੧ ਵਰ੍ਹੇ ੮ ਮਹੀਨੇ ੧੭ ਦਿਨ ਭੋਗੀ। 'ਸਿਮਰੌ ਸ੍ਰੀ ਹਰਿ ਰਾਇ'

Digitized by Panjab Digital Library | www.panjabdigilib.org

## ੧. ਗੁ: ਡਰੋਲੀ (ਜ਼ਿਲਾ ਫੀਰੋਜ਼ਪੁਰ)

ਸਭ ਤੋਂ ਪਹਿਲਾਂ ਆਪ ਡਰੋਲੀ ਜਾ ਬਿਰਾਜੇ, ਜਿਥੇ ਆਪ ਨੇ ਇਕ ਖੂਹ ਲਗਵਾਇਆ, ਅਤੇ ਹੋਰ ਕਈ ਪ੍ਰਕਾਰ ਦੇ ਚੋਜ ਕੀਤੇ। ਇਥੇ ਆਪ ਦੋ ਮਹੀਨੇ ਠਹਿਰੇ, ਇਲਾਕੇ ਦੀਆਂ ਸੰਗਤਾਂ ਨੂੰ ਨਾਮਦਾਨ ਦੇ ਕੇ ਕਿਰਤਾਰਥ ਕਰਦੇ ਰਹੇ।

## ੨. ਗੁ: ਸਿੰਘਾ ਵਾਲਾ

ਇਥੋਂ ਆਪ ਸਿੰਘਾ ਵਾਲੇ ਦੀ ਜੂਹ ਵਿਚ ਜਾ ਬਿਰਾਜੇ, ਜੋ ਅਜੇ ਆਬਾਦ ਨਹੀਂ ਹੋਇਆ ਸੀ। ਭਾਰੀ ਦੀਵਾਨ ਸਜਿਆ, ਇਲਾਕੇ ਦੀਆਂ ਸੰਗਤਾਂ ਗੁਰੂ ਜਸ ਸੁਣ ਕੇ ਨਿਹਾਲ ਹੋਈਆਂ। ਜਿਸ ਪਿੰਡ ਵਿਚ ਗੁਰੂ ਮਹਾਰਾਜ ਪੁਜਦੇ ਦੋਵੇਂ ਵੇਲੇ ਦੀਵਾਨ ਸਜਦੇ, ਗੁਰਬਾਣੀ ਦਾ ਰਸ ਭਿੰਨਾਂ ਕੀਰਤਨ ਹੁੰਦਾ। ਹਜ਼ਾਰਾਂ ਆਦਮੀ ਰੋਜ਼ ਨਵੇਂ ਸਿਖ ਬਣਦੇ।

## ੩. ਗੁ: ਭਾਈ ਰੂਪਾ

ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਅਨਿਨ ਭਗਤ ਭਾਈ ਰੂਪ ਚੰਦ ਜੀ ਸੀ ਜਿਨ੍ਹਾਂ ਦਾ ਇਹ ਪਿੰਡ ਬੰਨ੍ਹਿਆ ਹੋਇਆ ਹੈ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਇਸ ਨਗਰ ਵਿਚ ਚਰਨ ਪਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਇਥੋਂ ਸੁਖਾ ਨੰਦ ਕਾਂਗੜ, ਗਿੱਲ ਆਦਿਕ ਪਿੰਡਾਂ ਵਿਚੋਂ ਵਿਚਰਦੇ ਹੋਏ ਮਰਾਝ ਆ ਬਿਰਾਜੇ।

## ੪. ਗੁ: ਮਹਿਰਾਜ (ਮਰਾਝ)

ਸੰਮਤ ੧੭੦੩ ਵਿਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਾਲਵੇ ਦੇਸ਼ ਨੂੰ ਤਾਰਦੇ ਹੋਏ ਮਰਾਝ ਪੁਜੇ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਵਰਦਾਨ ਦੀ ਪੁਸ਼ਟੀ ਕਰਦੇ ਹੋਏ ਇਥੇ ਫੂਲ-ਸੰਦਲੀ ਨੂੰ ਰਾਜ ਭਾਗ ਬਖਸ਼ਿਆ। ਬਾਬਾ ਫੂਲ ਦੀ ਬੰਸ ਇਕ ਮਿਸਲ ਦੀ ਸਰਦਾਰ ਹੋਈ ਹੈ। ਜਿਨ੍ਹਾਂ ਵਿਚੋਂ ਨਾਭਾ, ਪਟਿਆਲਾ ਅਤੇ ਜੀਂਦ ਦੀਆਂ ਫੂਲਕੀਆਂ ਰਿਆਸਤਾਂ ਹੋਈਆਂ ਹਨ।

ਮਰਾਝ ਨਗਰ ਵਿਚ ਬਾਬੇ ਕਾਲੇ ਨੇ ਗੁਰੂ ਮਹਾਰਾਜ ਦੀ ਬੜੀ ਸੇਵਾ ਕੀਤੀ। ਇਕ ਦਿਨ ਗੁਰੂ ਮਹਾਰਾਜ ਨੂੰ ਪ੍ਰਸੰਨ ਵੇਖ ਕੇ ਕਾਲਾ ਆਪਣੇ ਦੋਹਾਂ ਭਤੀਜਿਆਂ (ਫੂਲ ਤੇ ਸੰਦਲੀ) ਨੂੰ ਗੁਰੂ ਜੀ ਦੇ ਹਜ਼ੂਰ ਲਿਆਇਆ। ਇਕ ਬਚਾ ਮੋਢਿਆਂ ਪਰ ਬੈਠਾ ਸੀ ਤੇ ਦੂਜਾ ਉਂਗਲੀ ਨਾਲ ਲਗਾ ਹੋਇਆ ਸੀ। ਬਚਿਆਂ ਨੇ ਅਪਣਾ ਪੇਟ ਵਜਾਇਆ। ਸਤਿਗੁਰੂ ਸੱਚੇ ਪਾਤਸ਼ਾਹ ਨੇ ਢਿੱਡ ਵਜਾਉਣ ਦਾ ਕਾਰਨ ਪੁਛਿਆ। ਤਾਂ ਕਾਲੇ ਨੇ ਕਿਹਾ ਹਜ਼ੂਰ ਏਹ ਬੱਚੇ ਭੁਖੇ ਹਨ ਇਸ਼ਾਰੇ ਨਾਲ ਆਪ ਦੇ ਲੰਗਰ ਵਿਚੋਂ ਪ੍ਰਸ਼ਾਦਾ ਮੰਗਦੇ ਹਨ। ਗੁਰੂ ਜੀ ਮਹਾਰਾਜ ਉਨ੍ਹਾਂ ਦੀ ਦੀਨ ਦਸ਼ਾ ਵੇਖ ਕੇ ਕਰੁਣਾ ਰਸ ਵਿਚ ਆ ਗਏ ਅਤੇ ਫਰਮਾਇਆ ਕਿ ਭਾਈ ਕਾਲਾ ਇਹ ਭੁਖੇ ਨਹੀਂ ਇਨ੍ਹਾਂ ਦੇ ਘੋੜੇ ਜਮਨਾ ਤੇ ਸਤਲੁਜ ਵਿਚ ਪਾਣੀ ਪੀਣਗੇ ਅਤੇ ਇਹ ਇਸ ਦੇਸ਼ ਦੇ ਰਾਜੇ ਹੋਣਗੇ।

## ੫. ਗੁ: ਸਾ: ਤਖਤੂ ਪੁਰਾ

ਜ਼ਿਲਾ ਫੀਰੋਜ਼ਪੁਰ ਤਹਿਸੀਲ ਮੋਗਾ ਥਾਣਾ ਨਿਹਾਲ ਸਿੰਘ ਵਾਲੇ ਦਾ ਇਕ ਪਿੰਡ ਤਖਤੂ ਪੁਰਾ ਹੈ। ਜੋ ਰੇਲਵੇ ਸਟੇਸ਼ਨ ਮੋਗੇ ਤੋਂ ੧੭ ਮੀਲ ਦੱਖਣ ਹੈ, ਇਸ ਤਖਤੂ ਪੁਰੇ ਤੋਂ ਪੂਰਵ ਗੁਰ ਅਸਥਾਨ

Digitized by Panjab Digital Library | www.panjabdigilib.org

'ਨਾਨਕ ਸਰ' ਨਾਮ ਤੋਂ ਪ੍ਰਸਿੱਧ ਹੈ ਇਸ ਅਸਥਾਨ ਪਰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਏ ਹਨ।

ਪਹਿਲੇ ਪਾ:, ਛੀਵੇਂ ਪਾ: ਤੇ ਦਸਵੇਂ ਪਾ: ਜੀ ਦੇ ਪ੍ਰਸਿੱਧ ਅਸਥਾਨ ਬਣੇ ਹੋਏ ਹਨ, ਪਰ ਸੱਤਵੇਂ ਪਾਤਸ਼ਾਹ ਦਾ ਅਸਥਾਨ ਅਜੇ ਬਣਿਆ ਨਹੀਂ।

ਸਰੋਵਰ ਤੇ ਗੁਰ ਅਸਥਾਨਾਂ ਦੀ ਵਿਸ਼ੇਸ਼ ਸੇਵਾ ਗਿ: ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਕੀਤੀ ਹੈ। ਇਥੇ ਖਾਲਸਾ ਹਾਈ ਸਕੂਲ ਹੈ, ਜੋ ਗਿ: ਗੁਰਦਿਆਲ ਸਿੰਘ ਬੋਪਾ ਰਾਏ ਤੇ ਇਲਾਕੇ ਦੀਆਂ ਸੰਗਤਾਂ ਦੇ ਉੱਦਮ ਨਾਲ ਚੰਗਾ ਚਲ ਰਿਹਾ ਹੈ।

## ੬. ਗੁ: ਸਾ: ਮਹਿਲ

ਇਹ ਨਗਰ ਭਦੌੜ ਤੋਂ ੧੦ ਕੋਹ ਉੱਤਰ ਵਲ ਨਜ਼ਾਮਤ ਬਰਨਾਲਾ ਰਿਆਸਤ ਪਟਿਆਲਾ ਵਿਚ ਹੈ। ਗੁਰੂ ਹਰਿ ਰਾਇ ਸਾਹਿਬ ਨੇ ਇਸ ਨਗਰ ਵਿਚ ਪਵਿੱਤ੍ਰ ਚਰਨ ਪਾਏ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਨਾਮ ਦਾਨ ਦ੍ਰਿੜਾ ਕੇ ਨਿਹਾਲ ਕੀਤਾ। ਇਸ ਅਸਥਾਨ ਦੇ ਨਾਮ ੫੦ ਵਿਘੇ ਜ਼ਮੀਨ ਹੈ ਅਤੇ ੨੫) ਰੁਪਈਏ ਸਾਲਾਨਾ ਪਟਿਆਲਾ ਦਰਬਾਰ ਵਲੋਂ ਜਾਗੀਰ ਹੈ। ਛੇਵੇਂ ਪਾਤਸ਼ਾਹ ਦਾ ਗੁਰਦੁਆਰਾ ਭੀ ਹੈ।

## ੭. ਗੁ: ਸਾ: ਜਸਪਾਲ ਭਾਈਕੇ (ਜ਼ਿਲਾ ਲੁਧਿਆਣਾ)

ਇਹ ਨਗਰ ਰੇਲਵੇ ਸਟੇਸ਼ਨ ਢੰਡਾਰੀ ਕਲਾਂ (ਜ਼ਿਲਾ ਲੁਧਿਆਣਾ) ਤੋਂ ਦੋ ਮੀਲ ਪੱਛੋਂ ਨੂੰ ਹੈ। ਇਥੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਗੁਰਦੁਆਰਾ ਹੈ। ਇਸ ਪਿੰਡ ਦਾ ਇਕ ਸਿਖ ਭਾਈ ਸਾਗਰ ਮੱਲ ਲਾਂਗਰੀ ਹੋਇਆ ਹੈ। ਜੋ ਪਿੰਡ ਜਗੀ ਗਿੱਲ ਦਾ ਜ਼ਿਮੀਂਦਾਰ ਸੀ, ਜਿਸ ਦੇ ਪ੍ਰੇਮ ਵਸ ਹੋ ਕੇ ਗੁਰੂ ਜੀ ਨੇ ਉਸ ਨੂੰ ਇਕ ਜੋੜੀ ਤਖਤੇ ਅਤੇ ਇਕ ਲੋਹ ਬਖਸ਼ੀ। ਇਸ ਪ੍ਰੇਮੀ ਨੇ ਨਗਰ ਵਿਚ ਲੰਗਰ ਜਾਰੀ ਰਖਿਆ। ਇਕ ਵੇਰ ਜਾਲੰਧਰ ਦਾ ਸੂਬਾ ਆਪਣੇ ਲਾਉ ਲਸ਼ਕਰ ਸਮੇਤ ਇਸ ਪਿੰਡ ਪਾਸੋਂ ਲੰਘ ਰਿਹਾ ਸੀ, ਉਸ ਦੇ ਨਾਲ ਦੀਵਾਨ ਹਕੂਮਤ ਰਾਇ ਗੁਰੂ ਘਰ ਦਾ ਪ੍ਰੇਮੀ ਸੀ। ਇਸ ਨਗਰ ਦੇ ਸੇਵਾਦਾਰ ਨੇ ਸਾਰੀ ਫੌਜ ਨੂੰ ਬੜੇ ਪ੍ਰੇਮ ਨਾਲ ਲੰਗਰ ਛਕਾਇਆ। ਇਸ ਪਰ ਖੁਸ਼ ਹੋ ਕੇ ਦੀਵਾਨ ਹਕੂਮਤ ਰਾਇ ਨੇ ੨੦੦੦ ਵਿਘੇ ਜ਼ਮੀਨ ਅਤੇ ਇਕ 'ਗਰੀਬ ਨਗਰੀ' ਪਿੰਡ ਗੁਰ ਅਸਥਾਨ ਦੇ ਨਾਉਂ ਲਗਾਇਆ।

## ੮. ਗੁ: ਸਾ: ਮੰਗਲੀ (ਮਕੰਦਪੁਰ)

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਕੀਰਤ ਪੁਰ ਜਾਂਦੇ ਹੋਏ ਕੁਝ ਅਰਸੇ ਲਈ ਸੰਗਤਾਂ ਨੂੰ ਨਾਮ ਦਾਨ ਦ੍ਰਿੜਾ ਕੇ ਨਿਹਾਲ ਕੀਤਾ।

## ੯. ਗੁ: ਫਤਹਿ ਪੁਰ (ਜ਼ਿਲਾ ਅੰਬਾਲਾ)

ਏਥੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਪਵਿੱਤ੍ਰ ਚਰਨ ਪਾਏ। ਮੰਜੀ ਸਾਹਿਬ ਬਣਿਆ ਹੋਇਆ ਹੈ ਅਤੇ ਇਲਾਕੇ ਦੀਆਂ ਸੰਗਤਾਂ ਗੁਰਦੁਆਰਾ ਬਨਾਉਣ ਦਾ ਵਿਚਾਰ ਕਰ ਰਹੀਆਂ ਹਨ।

## ੧੦. ਗੁ: ਬੁੰਗਾ ਸਾਹਿਬ

ਏਹ ਗੁਰ ਅਸਥਾਨ ਕੀਰਤ ਪੁਰ ਤੋਂ ੪ ਕੋਹ ਦੱਖਣ ਵਲ ਹੈ। ਏਸ ਨਗਰ ਤੋਂ ਪੂਰਬ ਵਾਲੇ ਪਾਸੇ ਗੁਰੂ ਜੀ ਦਾ ਗੁਰਦੁਆਰਾ ਹੈ। ਏਸ ਥਾਂ ਗੁਰੂ ਸਾਹਿਬ ਜੀ ਦਾ ਰਸਾਲਾ ਰਿਹਾ ਕਰਦਾ ਸੀ। ਪਹਿਲੇ

Digitized by Panjab Digital Library | www.panjabdigilib.org

ਇਥੇ ਇਕ ਪੱਕਾ ਚੁਬੱਚਾ ਭੀ ਮੌਜੂਦ ਸੀ, ਜਿਸ ਵਿਚ ਦਾਣਾ ਭੇਵਿਆਂ ਜਾਂਦਾ ਸੀ। ਹੁਣ ਇਕ ਖੂਹ ਤੇ ਗੁਰਦੁਆਰਾ ਭੀ ਬਣਿਆ ਹੋਇਆ ਹੈ।

## ੧੧. ਗੁ: ਅੰਬ ਸਾਹਿਬ

ਇਹ ਗੁਰ ਅਸਥਾਨ ਮਨੀ ਮਾਜਰੇ ਤੋਂ ੪ ਕੋਹ ਪੱਛਮ ਵਲ ਹੈ ਅਤੇ ਚੰਦੀ ਗੜ੍ਹ ਤੋਂ ੮ ਮੀਲ ਹੈ। ਇਥੇ ਗੁਰੂ ਮਹਾਰਾਜ ਇਕ ਅੰਬ ਹੇਠ ਬਿਰਾਜੇ ਹਨ। ਜਿਸ ਅੰਬ ਹੇਠ ਗੁਰੂ ਜੀ ਬੈਠੇ ਸਨ ਉਹ ਹੁਣ ਤੱਕ ਮੌਜੂਦ ਹੈ। ਮੰਜੀ ਸਾਹਿਬ ਬਣਿਆ ਹੋਇਆ ਹੈ। ਗੁਰਦੁਆਰੇ ਦੇ ਨਾਮ ੪੦ ਵਿਘੇ ਜ਼ਮੀਨ ਹੈ।

## ੭ਵੀਂ ਪਾਤਸ਼ਾਹੀ

| ਨੰਬਰ | ਨਾਮ ਗੁਰ ਅਸਥਾਨ | ਜ਼ਮੀਨ ਘੁਮਾਂ | ਜ਼ਮੀਨ ਵਿਘੇ | ਜਗੀਰ | ਹੋਰ ਸਹਾਇਤਾ |
|---|---|---|---|---|---|
| ੧. | ਗੁ: ਸਾਹਿਬ ਮਹਿਲ | | ੫੦ ਵਿਘੇ | ੨੫) | ਵਾਰਸਿਕ ਸਹਾਇਤਾ |
| ੨. | ਗੁ: ਸਾ: ਜਸਪਾਲ ਭਾਈਕੇ | | ੨੦੦੦ ,, | | ਇਕ ਗਰੀਬ ਨਗਰੀ ਪਿੰਡ ਲਗਵਾਇਆ |
| ੩. | ਗੁ: ਸਾ: ਅੰਬ ਸਾਹਿਬ | | ੪੦ ,, | | |
| | | | ੨੦੯੦ | ੨੫) | |

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

## ਦੋਹਿਰਾ ॥

ਦਰਸ਼ਨ ਸ੍ਰੀ ਹਰਿ ਕ੍ਰਿਸ਼ਨ ਕੋ ਨਿਪਨ[1] ਹਰਨ[2] ਜੁਰ ਤੀਨ[3] ॥
ਚਰਨ ਮਨੋਹਰ[4] ਬੰਦਨਾਂ ਜਿਨ ਸਿਖਨ ਸੁਖ ਕੀਨ ॥ ੧ ॥

## ਕਬਿੱਤ ॥

ਅਮਲ[5] ਕਮਲ ਜੁਗ[6] ਅਰਨ[7] ਲਲਿਤ[8] ਭਲ ਤਾਂ ਕੇ ਦਲ ਅਵਲੀ[9] ਸੁ ਹੀਰਨ ਕੀ ਜਟੀ[10] ਸੀ ॥
ਕਿਧੌਂ ਉਡ-ਪਾਂਤ[11] ਹਿਤ ਆਪ ਚਿੱਤ ਲੋਕ ਮਾਤ, ਤਜੀ ਨ ਭਗਤਿ ਥਿਤ[12] ਐਸੀ ਬਿਧ ਠਟੀ[13] ਸੀ ॥
ਕਿਧੌਂ ਵਿਸੂਕਰਮਾਂ[14] ਨੇ ਸੇਖ ਤੇ ਮਨਿਨ[15] ਲੇਯ, ਕਾਂਤਿ[16] ਹਿਤ ਖਚੀ[17] ਬਸੈ ਰਮਾਂ[18] ਸਾਜ ਕੁਟੀ[19] ਸੀ ॥
ਚਰਨ ਕਮਲ ਹਰਿ ਕ੍ਰਿਸ਼ਨ ਅਨੂਪ[20] ਬਨੈ, ਨਖ[21] ਸਿਸਿ[22] ਸਕਲ ਸੇ ਉਪਮਾਂ[23] ਨ ਲਟੀ[24] ਸੀ ॥ ੨ ॥

---

੧. ਜੋਗ। ੨. ਨਾਸ ਕਰਨ ਵਾਲੇ। ੩. ਤਿੰਨ ਤਾਪ। ੪ ਸੁੰਦਰ। ੫. ਸ਼ੁਧ। ੬. ਦੋ। ੭ ਲਾਲ। ੮. ਸੁੰਦਰ। ੯. ਪੰਗਤੀ। ੧੦. ਜੜ੍ਹੀ ਹੋਈ। ੧੧. ਤਾਰਿਆਂ ਦੀ ਪਾਲ। ੧੨. ਇਸਥਤੀ। ੧੩. ਬਣਾਈ ਹੋਈ। ੧੪. ਦੇਵਤਿਆਂ ਦਾ ਕਾਰੀਗਰ। ੧੫. ਮਣੀਆ। ੧੬. ਸੋਭਾ। ੧੭. ਵਿੰਨੀ, ਅਥਵਾ ਲੀਨ ਹੋਈ। ੧੮. ਲਛਮੀ। ੧੯. ਕੁਟੀਆ। ੨੦. ਅਸਚਰਜ। ੨੧ ਨੌਂਹ। ੨੨. ਚੋਟੀ। ੨੩. ਤਸ਼ਬੀਹ। ੨੪. ਜੜਦੀ।

Digitized by Panjab Digital Library | www.panjabdigilib.org

# ਸਿੱਖ ਕੌਮ ਦੇ ਅੱਠਵੇਂ ਪਾਤਸ਼ਾਹ

॥ ਸ੍ਰੀ ਹਰਿਕ੍ਰਿਸ਼ਨ ਜੀ ਧਿਆਈਐ ਜਿਸ ਡਿਠੇ ਸਭ ਦੁਖ ਜਾਇ ॥



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

'ਸ੍ਰੀ ਹਰਿ ਕ੍ਰਿਸ਼ਨ ਧਿਆਈਐ, ਜਿਸ ਡਿਠਿਆਂ ਸਭ ਦੁਖ ਜਾਇ ॥'

# ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ†

ਸਿੱਖ ਕੌਮ ਦੇ ਅੱਠਵੇਂ ਸ਼ਹਿਨਸ਼ਾਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਆਪਣੇ ਪਿਤਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੋਂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੱਬੀ ਜੋਤ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਨਾਮ ਨਾਲ ਗੁਰ ਗੱਦੀ ਤੇ ਸ਼ਸ਼ੋਭਤ ਹੋਏ, ਆਪ ਜੀ ਆਯੂ ਕਰਕੇ ਭਾਵੇਂ ਛੋਟੇ ਸਨ, ਪਰ ਤੇਜ ਪਰਤਾਪ ਧੀਰਜ, ਬਚਨ, ਸਿੱਧੀ, ਆਤਮਿਕ ਸ਼ਕਤੀ ਤੇ ਗੁਰਮਤਿ ਅਨੁਸਾਰ ਆਪ ਪਹਿਲੇ ਗੁਰੂ ਸਾਹਿਬਾਨ ਤੋਂ ਕਿਸੇ ਪ੍ਰਕਾਰ ਭੀ ਘਟ ਨਹੀਂ ਸਨ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ,

ਜਿਉਂ ਲਹੁੜੀ ਚੀਚੁੰਗਲੀ ਪੈਧੀ ਛਾਪ ਮਿਲੀ ਵਡਿਆਈ ॥
ਲਹੁੜੀ ਘਨਹਰ ਬੂੰਦ ਹੋਇ ਪਰਗਟ ਮੋਤੀ ਸਿੱਪ ਸਮਾਈ ॥
ਲਹੁੜੀ ਬੂਟੀ ਕੇਸਰੈ ਮੱਥੈ ਟਿੱਕਾ ਸ਼ੋਭਾ ਪਾਈ ॥
ਲਹੁੜੀ ਪਾਰਸ ਪੱਥਰੀ ਅਸ਼ਟ ਧਾਤ ਕੰਚਨ ਕਰਵਾਈ ॥
ਜਿਉਂ ਮਣਿ ਲਹੁੜੇ ਸੱਪ ਸਿਰ ਦੇਖੈ ਲੁਕ ਲੁਕ ਲੋਕ ਲੁਕਾਈ ॥
ਜਾਨ ਰਸਾਇਣ ਪਾਰਿਅਹੁ ਰਤੀ ਮੂਲ ਨਾ ਜਾਇ ਮੁਲਾਈ ॥
ਆਪ ਗਵਾਇ, ਨਾ ਆਪ ਗਣਾਈ ॥

ਸੋ ਜਿਸ ਸੁਭਾਗ ਭੂਮੀ ਨੂੰ ਆਪ ਦੀ ਪਵਿੱਤਰ ਚਰਨ ਛੋਹ ਮਾਲਵੇ ਵਿਚ ਪ੍ਰਾਪਤ ਹੋਈ ਅਗੇ ਲਿਖਦੇ ਹਾਂ।

---

†ਜਨਮ:—ਆਪ ਦਾ ਜਨਮ ਸਾਵਣ ਵਦੀ ੯ ਸੰਮਤ ੧੭੧੩ ਬਿ: ਮੁਤਾਬਿਕ ੧੬੫੬ ਈ: ਨੂੰ ਕੀਰਤ ਪੁਰ ਵਿਚ ਹੋਇਆ।

ਮਾਤਾ ਪਿਤਾ:—ਆਪ ਦੀ ਮਾਤਾ ਜੀ ਦਾ ਨਾਮ ਕਿਸ਼ਨ ਕੌਰ ਅਤੇ ਪਿਤਾ ਹਰਿਰਾਇ ਸਾਹਿਬ ਜੀ ਸਨ।

ਗੁਰ ਗੱਦੀ:—ਆਪ ਜੀ ਕੱਤਕ ਵਦੀ ੮ ਸੰ: ੧੭੧੮ ਬਿ: ਮੁਤਾਬਕ ੧੬੬੧ ਈ: ਨੂੰ ਗੁਰ ਗੱਦੀ ਤੇ ਬੈਠੇ।

ਉਪਕਾਰ:—ਏਸੇ ਤਰ੍ਹਾਂ ਦਿੱਲੀ ਵਿਚ ਜੋਤੀ ਜੋਤ ਸਮਾਉਣ ਸਮੇਂ 'ਬਾਬੇ ਬਕਾਲੇ' ਏਸ ਸੰਕੇਤ ਬਚਨ ਲਈ ਗੁਰੂ ਤੇਗਬਹਾਦਰ ਸਾਹਿਬ ਜੀ ਦੀ ਜੋਤਿ ਵਿਚ ਆਪ ਨੇ ਗੁਰੂ ਜੋਤਿ ਦਾ ਪ੍ਰਕਾਸ਼ ਕਰਨਾ ਜਗਤ ਪ੍ਰਸਿਧ ਅਤੇ ਗੁਰੂ ਜੋਤਿ ਦਾ ਸਦਾ ਸਲਾਮਤ ਥੀਣ ਦਾ ਸਬੂਤ ਹੈ। ਜੈਸਾ ਕਿ ਪਹਿਲੇ ਗੁਰੂ ਸਾਹਿਬਾਂ ਵਾਂਗ ਸੰਗਤਾਂ ਨੂੰ ਗੁਰਮਤ ਦਾ ਅਲੌਕਿਕ ਉਪਦੇਸ਼ ਦੇਣਾ, ਨਿਪਟ ਅਨਪੜ੍ਹ ਅਤੇ ਗੁੰਗੇ ਆਦਮੀਆਂ ਤੇ ਆਪਣੀ ਛਿਟੀ ਰਖ ਕੇ ਆਪਣੀ ਕਲਾ ਦਾ ਅਵੇਸ਼ ਕਰਦਿਆਂ ਪੰਡਤਾਂ ਨਾਲ ਗੀਤਾ ਜਿਹੀਆਂ ਪੁਸਤਕਾਂ ਤੇ ਸ਼ਾਸਤ੍ਰਾਰਥ ਕਰਾਉਣਾ ਸਾਬਤ ਕਰਦਾ ਹੈ ਕਿ ਗੁਰੂ ਨਾਨਕ ਜੋਤਿ ਨੂੰ ਕਾਲ ਕਰਮ ਅਤੇ ਸੰਸਾਰੀ ਵਿਸ਼ੇ ਵਸਤੂ ਜਾਂ ਸਮਗਰੀ ਦਾ ਸਬੰਧ ਨਹੀਂ ਹੈ।

ਜੋਤੀ ਜੋਤ ਸਮਾਉਣਾ:—ਆਪ ਜੀ ਚੇਤ ਸੁਦੀ ੧੪ ਸੰਮਤ ੧੭੨੧ ਮੁਤਾਬਕ ੧੬੬੪ ਈ: ਨੂੰ ਦਿੱਲੀ ਵਿਚ ਜੋਤੀ ਜੋਤ ਸਮਾਏ।

Digitized by Panjab Digital Library | www.panjabdigilib.org

## ੧. ਗੁ: ਸਾ: ਪੰਜੋਖਰਾ

ਜ਼ਿਲਾ, ਤਹਿਸੀਲ, ਥਾਣਾ ਅੰਬਾਲਾ ਦਾ ਇਕ ਪਿੰਡ, ਜੋ ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਛੇ ਮੀਲ ਪੂਰਬ ਪੱਕੀ ਸੜਕ ਪੁਰ ਹੈ, ਇਸ ਪਿੰਡ ਤੋਂ ਇਕ ਫਰਲਾਂਗ ਉੱਤਰ ਪੂਰਬ ਅਠਵੇਂ ਸਤਿਗੁਰੂ ਸ੍ਰੀ ਹਰਿਕ੍ਰਿਸ਼ਨ ਜੀ ਦਾ ਗੁਰਦੁਆਰਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜਦ ਦਿਲੀ ਨੂੰ ਜਾ ਰਹੇ ਸਨ, ਤਾਂ ਇਸ ਥਾਂ ਬਿਰਾਜੇ। ਕ੍ਰਿਸ਼ਨ ਲਾਲ ਪੰਡਿਤ ਨੇ ਸਤਿਗੁਰਾਂ ਤੋਂ ਗੀਤਾ ਦੇ ਅਰਥ ਪੁਛੇ ਇਸ ਪੁਰ ਗੁਰੂ ਸਾਹਿਬ ਨੇ ਇਕ ਮੂਰਖ ਰਾਜ ਛੱਜੂ ਝੀਵਰ ਤੋਂ ਗੀਤਾ ਦੇ ਚਮਤਕਾਰੀ ਅਰਥ ਸੁਣਵਾਏ ਇਹ ਸ਼ਕਤੀ ਦੇਖ ਕੇ ਪੰਡਿਤ ਨੇ ਗੁਰਸਿਖੀ ਧਾਰਣ ਕੀਤੀ।

ਗੁਰਦੁਆਰਾ ਮੰਦਰ ਬਣਿਆ ਹੋਇਆ ਹੈ, ਪਾਸ ਰਹਾਇਸ਼ੀ ਮਕਾਨ ਹਨ। ਦੋ ਸੌ ਵਿਘੇ ਜ਼ਮੀਨ ਸਿਖ ਰਾਜ ਸਮੇਂ ਦੀ ਹੈ। ਪੁਜਾਰੀ ਸਿੰਘ ਹੈ, ਪਹਿਲੀ ਫੱਗਣ ਨੂੰ ਮੇਲਾ ਹੁੰਦਾ ਹੈ।

## ੨. ਗੁ: ਸਾਹਿਬ ਅੰਬਾਲਾ

ਦਿਲੀ ਨੂੰ ਜਾਂਦੇ ਹੋਏ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਇਥੇ ਬਿਰਾਜੇ ਹਨ। ਇਹ ਗੁਰ ਅਸਥਾਨ ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ੧ ਮੀਲ ਦੇ ਕਰੀਬ ਪੱਕੀ ਸੜਕ ਪਰ ਹੈ। ਗੁਰਦੁਆਰੇ ਦੇ ਨਾਮ ੧੦ ਵਿਘੇ ਜ਼ਮੀਨ ਹੈ। ਗੁਰਦੁਆਰਾ ਬਣਿਆ ਹੋਇਆ ਹੈ ਤੇ ਪ੍ਰਬੰਧ ਕਮੇਟੀ ਦੇ ਹਥ ਹੈ।

| ਗੁਰ ਅਸਥਾਨ | ਜ਼ਮੀਨ | ਜਗੀਰ | ਮਕਾਨ | ਸਹਾਇਤਾ ਆਦਿ |
|---|---|---|---|---|
| ਪੰਜੋਖਰਾ ਸਾਹਿਬ | ੨੦੦ ਵਿਘੇ | | | |
| ਅੰਬਾਲਾ | ੧੦ ਵਿਘੇ | | | |

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਿੱਖ ਕੌਮ ਦੇ ੯ ਵੇਂ ਪਾਃ

ਬਾਹਿ ਜਿਨ੍ਹਾਂ ਦੀ ਪਕੜੀਏ
ਸਿਰ ਦੀਜੇ ਬਾਂਹ ਨਾ ਛੋੜੀਏ ॥



ਧਰਮ ਹੇਤ ਸਾਕਾ ਜਿਨ ਕੀਆ
ਸੀਸ ਦੀਆ ਪਰ ਸਿਰਰੁ ਨ ਦੀਆ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ



Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

## ਦੋਹਿਰਾ ॥

ਤੇਗ ਬਹਾਦਰ ਧਰਮ ਧੁਜ[੧] ਹਰਤਾ ਤੁਰਕਨ ਮੂਲ ॥
ਚਰਨ ਸਰਨ ਤਾਰਨ ਤਰਨ ਨਮੋ ਹੋਇ ਅਨਕੂਲ[੨] ॥ ੨੧ ॥ ੧ ॥

## ਸਵੈਯਾ ॥

ਬਰ ਕੀਰਤਿ ਜੌਨ[੩] ਅਮੀ[੪] ਗਤਿ ਭੌਨ ਸੁ ਸੀਤਲਤਾ ਸੁਖ ਤੌਨ ਸੁਭਾਈ ॥
ਗਤਿ ਸਾਧਨ ਕੈਰਵ[੫] ਕੋ ਵਿਗਸਾਵਤ ਦਾਸ ਰਿਦਾ ਲਭ[੬] ਬੀਚ ਸੁਹਾਈ ॥
ਤਪਤੰ ਦੂਖ ਤੀਰ ਨ ਆਛਤ ਹੈ ਚਿਤ ਚਾਰ ਚਕੋਰ ਰਹੈ ਲਿਵਲਾਈ ॥
ਗੁਰ ਤੇਗਬਹਾਦਰ ਸੋਹਤ ਚੰਦ ਸੇ ਹੀਨ ਕਲੰਕ[੭] ਇਹੀ ਅਧਾਕਾਈ[੮] ॥ ੨ ॥

---

੧. ਧਰਮ ਦੇ ਝੰਡੇ । ੨. ਪੱਖ ਵਿਚ । ੩. ਚਾਨਣੀ । ਅੰਮ੍ਰਿਤ । ੫. ਕਵੀਆਂ । ੬. ਆਕਾਸ਼ । ੭. ਧੱਬਾ । ੮. ਵਾਧਾ ।

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

'ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥'

# ਸ੍ਰੀ ਗੁਰੂ ਤੇਗ ਬਹਾਦਰ ਜੀ

ਸਿੱਖ ਕੌਮ ਦੇ ਨੌਵੇਂ ਸਤਿਗੁਰੂ, ਗੁਰੂ ਤੇਗ ਬਹਾਦਰ ਜੀ† ਮਹਾਰਾਜ ਜਗਤ ਗੁਰੂ ਨਾਨਕ ਦੇਵ ਜੀ ਦੀ ਜੋਤ, ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ ਦੇ ਪਵਿੱਤਰ ਮੁਖਾਰਬਿੰਦ ਤੋਂ ਨਿਕਲੇ ਮਹਾਂ ਵਾਕ 'ਬਾਬਾ ਬਕਾਲੇ'‡ ਤੋਂ ਜੋਤ ਪ੍ਰਾਪਤ ਕਰਕੇ, ਗੁਰ ਗੱਦੀ ਪਰ ਬਿਰਾਜਮਾਨ ਹੋਏ। ਆਪ ਜੀ ਵੀ ਆਦਿ ਗੁਰੂ ਸਾਹਿਬਾਨ ਦੀ ਤਰ੍ਹਾਂ ਨਾਮ ਬਾਣੀ ਦੁਆਰਾ ਕਲਜੁਗੀ ਜੀਵਾਂ ਦਾ ਉਧਾਰ ਕਰਨ ਲਗੇ। ਦੂਰ ਦੁਰਾਡੇ ਗੁਰਸਿੱਖੀ ਦਾ ਪ੍ਰਚਾਰ ਕਰਨ ਖਾਤਰ ਆਪ ਜੀ ਗਏ। ਜਿਥੇ ਆਪ ਦੇ ਪਵਿਤ੍ਰ ਚਰਨਾਂ ਦੀ ਛੋਹ ਸਾਰੇ ਸੰਸਾਰ ਨੂੰ ਪ੍ਰਾਪਤ ਹੋਈ ਹੈ ਉਥੇ ਆਪ ਨੇ ਮਾਲਵੇ ਦੀ ਭੂਮੀ ਨੂੰ ਚਰਨ ਛੋਹ ਪ੍ਰਦਾਨ ਕਰਕੇ

---

†ਜਨਮ:—ਵਿਸਾਖ ਵਦੀ ੫ ਸੰ: ੧੬੭੮ ਬਿ: ਮੁਤਾਬਕ ੧ ਅਪ੍ਰੈਲ ੧੬੨੧ ਈ: ਨੂੰ ਅੰਮ੍ਰਿਤਸਰ ਵਿਚ ਪਰਗਟ ਹੋਏ।

ਮਾਤਾ ਪਿਤਾ:—ਆਪ ਦੀ ਮਾਤਾ ਦਾ ਨਾਮ ਸ੍ਰੀ ਨਾਨਕੀ ਅਤੇ ਪਿਤਾ ਦਾ ਨਾਮ ਗੁਰੂ ਹਰਿਗੋਬਿੰਦ ਸਾਹਿਬ ਜੀ ਸੀ।

ਅਨੰਦ ਕਾਰਜ:—੧੫ ਅਸੂ ਵਦੀ ਸੰ: ੧੬੯੬ ਬਿ: ਨੂੰ ਆਪ ਦਾ ਅਨੰਦ ਕਾਰਜ ਕਰਤਾਰ ਪੁਰ ਦੇ ਸੁਭਿਖੀਏ ਖਤਰੀ ਭਾਈ ਲਾਲ ਚੰਦ ਦੀ ਸਪੁੱਤਰੀ ਸ੍ਰੀ ਗੁਜਰੀ ਜੀ ਨਾਲ ਹੋਇਆ।

ਸੰਤਾਨ:—ਆਪ ਦੇ ਗ੍ਰਹਿ ਵਿਖੇ ਇਕੋ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੋਹ ਸੁਦੀ ੭ ਸੰ: ੧੭੨੩ ਬਿ: ਨੂੰ ਪਟਨੇ ਵਿਖੇ ਪ੍ਰਗਟ ਹੋਏ।

ਗੁਰਗਦੀ: ਵਿਸਾਖ ਵਦੀ ੨੩ ਸੰ: ੧੭੨੧ ਬਿ: ਨੂੰ ਆਪ ਗੱਦੀ ਤੇ ਬੈਠੇ।

ਉਪਕਾਰ:—ਹਿੰਦਵਾਇਣ ਦੀ ਖਾਤਰ ਆਪਾ ਵਾਰਨਾ, ਹਿੰਦੂ ਧਰਮ ਖਾਤਰ ਸ਼ਹੀਦ ਹੋਣਾ,

'ਧਰਮ ਹੇਤ ਸਾਕਾ ਜਿਨ ਕੀਆ, ਸੀਸ ਦੀਆ ਪਰ ਸਿਰੜ ਨਾ ਦੀਆ।
ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨਾ ਬਡੋ ਕਲੂ ਮੈਂ ਸਾਕਾ।'

ਜੋਤੀ ਜੋਤ ਸਮਾਉਣਾ:—ਮਘਰ ਸੁਦੀ ੫ ਸੰ: ੧੭੩੨ ਬਿ: ਦਿੱਲੀ ਵਿਚ ਹਿੰਦੂ ਧਰਮ ਦੀ ਰਖਿਆ ਕਾਰਨ ਸ਼ਹੀਦੀ ਪ੍ਰਾਪਤ ਕੀਤੀ।

ਨੋਟ: ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਦਿੱਲੀ ਨੂੰ ਇਹ ਪੰਜ ਸਿੱਖ ਗਏ ਸਨ:—

੧. ਭਾਈ ਮਤੀ ਦਾਸ।
੨. ਭਾਈ ਗੁਰਦਿੱਤਾ ਬੁਢੇ ਕਾ।
੩. ਭਾਈ ਦਿਆਲਾ (ਭਾ: ਮਨੀ ਸਿੰਘ ਦਾ ਚਾਚਾ)।
੪. ਭਾਈ ਉਦੇ ਰਾਮ।
੫. ਭਾਈ ਜੇਤਾ (ਜੇਤਾ ਜੋ ਪਿਛੋਂ ਅੰਮ੍ਰਿਤ ਛਕ ਕੇ ਭਾ: ਜੀਵਨ ਸਿੰਘ ਬਣਿਆ)।

‡ਜਦੋਂ ਗੁਰੂ ਨਾਨਕ ਦੇਵ ਜੀ ਦੀ ਨਿਰੰਤਰਿ ਜੋਤ ੮ਵੇਂ ਜਾਮੇਂ ਨੂੰ ਬਦਲ ਕੇ 'ਬਾਬਾ ਬਕਾਲੇ' ਏਸ ਬਚਨ ਦੇ ਬਲ ਨਾਲ ੯ਵੇਂ ਜਾਮੇਂ ਵਿਚ ਬਾਬੇ ਬਕਾਲੇ ਨਗਰ ਵਿਚ ਜਾ ਜਾਗੀ, ਤਾਂ ਓਥੇ ਸੋਢੀ ਬਾਬੇ ੨੨ ਮੰਜੀਆਂ ਲਾ ਕੇ, ਹਰੇਕ ਆਪਣੇ ਆਪ ਨੂੰ ਬਾਬਾ ਜਾਂ ਗੁਰੂ ਕਹਾਉਣ ਦਾ ਦਾਵੇਦਾਰ ਬਣ ਬੈਠਾ। ਉਸੇ ਵੇਲੇ ਜਗਿਆਸੂਆਂ-ਸਿਖਾਂ ਵਲੋਂ ਉਨ੍ਹਾਂ (ਬਾਬਿਆਂ—

(ਬਾਕੀ ਦੇਖੋ ੭੫ ਹੇਠ)

Digitized by Panjab Digital Library | www.panjabdigilib.org

ਨਿਵਾਜਿਆ ਹੈ। ਅਗੇ ਉਨ੍ਹਾਂ ਦਾ ਉਦੇਸ਼ ਤੇ ਮਾਲਵੇ ਦੇ ਪਵਿੱਤ੍ਰ ਗੁਰ ਅਸਥਾਨਾਂ ਦਾ ਸੰਖੇਪ ਜਿਹਾ ਇਤਿਹਾਸ ਵਰਣਨ ਕੀਤਾ ਜਾਂਦਾ ਹੈ।

---

(ਸਫਾ ੭੪ ਦੇ ਫੁਟਨੋਟ ਦੀ ਬਾਕੀ)

ਸਾਹਿਬਜ਼ਾਦਿਆਂ ਦੀ) ਪ੍ਰੀਖਿਆ ਲੈਣੀ ਸੰਸਾਰੀ ਸਮਝ ਤੋਂ ਪਰੇ ਦੀ ਗਲ ਸੀ। ਕਿਉਂਕਿ 'ਏਵਡ ਊਚਾ ਹੋਵੈ ਕੋਇ। ਤਿਸ ਊਚੇ ਕਉ ਜਾਣੈ ਸੋਇ'॥ ਜਪ॥ ਦੇ ਵਾਕ ਅਨੁਸਾਰ ਗੁਰੂ ਜਿਹਾ ਕੋਈ ਹੋਵੇ ਤਾਂ ਹੀ ਉਸਦੀ ਪ੍ਰੀਖਿਆ ਕਰੇ। ਅਜਿਹੇ ਅਤਿ ਸੰਕਟ ਅਤੇ ਭ੍ਰਾਂਤੀ ਦੇ ਸਮੇਂ ਪੂਰਨ ਗੁਰੂ ਨੇ ਆਪਣੇ ਵਿਰਦ ਅਨੁਸਾਰ ਭਾਈ ਮਖਣ ਸ਼ਾਹ ਦੀ ਸੁਖਣਾ ਦੇ ਬਹਾਨੇ ਆਪਣੇ ਆਪ ਨੂੰ 'ਦੂਜਾ ਨਾ ਜਾਣੈ ਕੋਇ, ਸਤਿਗੁਰ ਨਿਰੰਜਨ ਸੋਇ' ਨੇ ਆਪਣੇ ਆਪ ਨੂੰ ਕਿਰਪਾ ਧਾਰ ਕੇ ਸੰਗਤਾਂ ਪ੍ਰਤਿ ਜਣਾਇਆ। ਇਹ ਗੁਰੂ ਨਾਨਕ ਜੋਤਿ ਨਾਲ ਇਕ ਮਿਕ ਹੋਣ ਦੀ ਪਹਿਲੀ ਪ੍ਰੀਖਿਆ ਸੀ।

ਦੂਜੇ ਆਪ ਨੇ ਆਪਣੀ ਦਿੱਬ ਸ਼ਕਤੀ ਨਾਲ ਆਪਣੇ ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਦੇ ਹੀ ਕੀਰਤ ਪੁਰ ਵਸਾਉਣ ਵਾਂਗ ਰਾਜ ਨੀਤਕ ਅਤੇ ਰਣ ਖੇਤਰ ਵਿਚ ਹੋਣ ਵਾਲੀਆਂ ਘਟਨਾਵਾਂ ਨੂੰ ਦੇਖ ਕੇ ਆਵੰਤੀ ਪੁਰੀ ਤੋਂ ਭੀ ਅਧਿਕ ਸੁਰਖਿਅਤ ਅਤੇ ਪਰਮ ਸੁਖਦਾਇ ਅਸਥਾਨ ਆਨੰਦ ਪੁਰ ਨਾਂਮੇ ਨਗਰ ਬਸਾਇਆ, ਜਿਸਦਾ ਪਾਉਣ-ਪਾਣੀ ਅਨੁਕੂਲ ਹੋਣ ਤੋਂ ਇਲਾਵਾ ਉਸ ਨਗਰ ਦੇ ਦੋਹੀਂ ਪਾਸੀਂ ਪਹਾੜ, ਇਕ ਪਾਸੇ ਸਤਲੁਜ ਸੀ, ਅਤੇ ਆਉਣ ਵਾਲੇ ਸ਼ਤਰੂ ਲਈ ਇਕੋ ਪਾਸਾ ਸੀ। ਏਸ ਰਾਜ ਨੂੰ ਦੇਖਣ ਵਾਲੇ ਬੜੇ ਬੜੇ ਜੋਧੇ ਅਤੇ ਸੈਨਿਕ ਅਧਿਕਾਰੀ ਚਕ੍ਰਿਤ ਰਹਿ ਜਾਂਦੇ ਹਨ। ਜਿਥੇ ਪੁਰਖ ਅਗੰਮੜੇ ਨੇ ਆਪਣੀ ਦਿਬ ਕਲਾ ਦੇ ਬਲ ਨਾਲ ਪਬਲ ਤੋਂ ਪ੍ਰਬਲ ਅਤੇ ਅਣਗਿਣਤ ਜੋਧਿਆਂ ਦੇ ਨਾਲ ਰਣ ਮੰਡ ਕੇ ਖ਼ੂਨ ਦੀ ਹੋਲੀ, ਅਤੇ ਸੰਗਤ ਦੀ ਸਿਖਲਾਈ ਲਈ ਬਿਆਯਾਮੀ ਹੋਲਾ ਖੇਡ ਕੇ ਧਰਮ ਜੁਧ ਲਈ ਜੋਧਿਆਂ ਅਤੇ ਰਸਿਕ ਬੈਰਾਗੀਆਂ ਦਾ ਪੰਥ ਪਰਗਟ ਕਰ ਕੇ ਅਸਲੀ ਅਰਥਾਂ ਵਿਚ ਅਕਾਲ ਪੁਰਖ ਦੇ ਸੁਪੁਤ੍ਰ ਪੁਤਰ ਹੋਣ ਦਾ ਸਬੂਤ ਦਿਤਾ, ਏਥੇ ਹੀ ਬਸ ਨਹੀਂ ਭੁਗਤ ਮੁਕਤ ਦੇ ਦਾਤੇ ਸਤਿਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਗੁਰੂ ਕਾ ਲਾਹੌਰ ਅਤੇ ਮਾਲਵੇ ਵਿਚ ਗੁਰੂ ਕੀ ਕਾਂਸ਼ੀ ਆਦਿਕ ਅਨੇਕ ਪੁਰੀਆਂ ਵਸਾਈਆਂ, ਜੋ ਦੁਆਰਕਾ, ਵਾਰਾਣਸੀ ਅਤੇ ਆਵੰਤੀ ਆਦਿ ਤੋਂ ਭੀ ਵੱਧ ਮਹੱਤਤਾ ਰਖਣ ਵਾਲੀਆਂ ਸਿੱਧ ਹੋਈਆਂ, ਅਤੇ ਅਗੇ ਨੂੰ ਭੀ ਏਥੋਂ ਕ੍ਰਿਸ਼ਨ ਜੈਸੇ ਬੇਅੰਤ ਜੋਧੇ, ਬਿਆਸ ਅਤੇ ਗੌਤਮ ਜੈਸੇ ਵਿਦਵਾਨ ਲਿਖਾਰੀ ਅਤੇ ਸਾਂਦੀਪਨੇ ਰਿਸ਼ੀ ਮੁਨੀ ਪ੍ਰਗਟ ਹੋਣ ਦੀਆਂ ਠੀਕ ਠੀਕ ਪ੍ਰਤੀਕ ਹਨ ਅਤੇ ਆਪ ਦੇ ਪਵਿੱਤ੍ਰ ਅਤੇ ਪ੍ਰਤਾਪੀ ਚਰਨ ਪਾਉਣ ਦੇ ਸਦਕੇ ਦੀਨ ਦੁਨੀਆਂ ਦੀ ਪਾਤਸ਼ਾਹੀ ਦੇ ਕੇਂਦਰ ਤਖਤ ਕੇਸ ਗੜ੍ਹ ਸਾਹਿਬ ਅਤੇ ਤਖਤ ਪਟਣਾ ਸਾਹਿਬ ਆਦਿ ਅਲੌਕਿਕ ਅਸਥਾਨ, ਅਗੇ ਹੋਣ ਵਾਲੀਆਂ ਅਦਭੁਤ ਘਟਨਾਵਾਂ ਦੇ ਪਵਿੱਤ੍ਰ ਛੇਤਰ ਅਤੇ ਅਟੱਲ ਧਰੂਵ ਬਣ ਚੁਕੇ ਸੀ, ਜਿਸ ਤੋਂ ਖੋਜੀ ਦ੍ਰਿਸ਼ਟੀਆਂ ਨੂੰ ਸਮੁਚੇ ਭਾਰਤ ਤੇ ਵਿਸ਼ੇਸ਼ ਕਰਕੇ ਖਾਲਸਾ ਪੰਥ ਦਾ ਭਵਿਖਤ ਸ਼ਾਨਦਾਰ ਹੋਣ ਦਾ ਅਨੁਮਾਨ ਹੁੰਦਾ ਹੈ, ਫੇਰ ਆਪ ਨੇ 'ਬ੍ਰਹਮ ਸਤ ਅਤੇ ਜਗਤ ਮਿਥਿਆ' ਆਖਣ ਵਾਲਿਆਂ ਮਿਥਿਆ 'ਜਗਤ ਗੁਰੂਆਂ' ਵਾਂਗ ਸੰਸਾਰ ਨੂੰ 'ਚੜ੍ਹ ਪੁਤ ਫਾਹੇ ਰਾਮ ਭਲੀ ਕਰੂ' ਏਸ ਕਹਾਵਤ ਅਨੁਸਾਰ 'ਇਹ ਜੀਵ ਤਾਂ ਜਮਦਾ ਮਰਦਾ ਹੀ ਨਹੀਂ, ਮਰਨ ਮਾਰਨ ਵਾਲਾ ਪਰਮਆਰਥ ਕਰਕੇ ਹੈ ਹੀ ਕੋਈ ਨਹੀਂ, ਬਿਓਹਾਰ ਦ੍ਰਿਸ਼ਟੀ ਤੇ ਰਾਜਾ ਪਰਜਾ ਦੀ ਕਲਪਣਾ ਹੈ, ਇਸ ਲਈ ਏਥੇ ਕਰਨ ਨੂੰ ਛਡਣ ਨੂੰ ਅਤੇ ਮਰਨ ਮਾਰਨ ਨੂੰ ਵਾਸਤਵ ਵਿਚ ਕੋਈ ਗੁੰਜਾਇਸ਼ ਨਹੀਂ, ਕਿਉਂਕਿ ਸਾਰੇ ਇਕੋ ਬ੍ਰਹਮ ਹੀ ਹੈ' ਇਹ ਚੁੰਚ ਗਿਆਨ ਨਹੀਂ ਦ੍ਰਿੜਾਇਆ, ਕਿੰਤੂ ਸੁਖੀਆਂ ਨੂੰ ਉਤਸ਼ਾਹ ਅਤੇ ਦੁਖੀਆਂ ਦਰਦਵੰਦਾਂ ਨੂੰ ਪਨਾਹ ਦੇਣ ਲਈ ਆਪਣੇ ਸੰਸਾਰੀ ਰੂਪ ਦੀ ਲੀਲ੍ਹਾ ਨਾਲ ਹੀ ਤਿਆਗ ਕਰਕੇ ਮਿਥਿਆ ਸਿਧ ਕਰ ਦਿਖਾਇਆ। ਅਰਥਾਤ ਗੁਰੂ ਦਸਮੇਸ਼ ਜੀ ਦੇ ਬਚਨ ਅਨੁਸਾਰ 'ਠੀਕਰ ਫੋਰ ਦਲੀਸ ਸਿਰ ਪ੍ਰਭ ਪੁਰ ਕੀਓ ਪਿਆਨ, ਤੇਗ਼ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂ ਆਨ†॥' ਦੀ ਅਦਭੁਤ ਕਲਾ ਵਰਤਾ ਕੇ ਸ੍ਰੀ ਗੁਰੂ ਜੋਤਿ ਦੀ ਪੂਰਨਤਾ ਅਤੇ ਵਿਸ਼ੇਸ਼ਤਾ ਨੂੰ ਚਹੁ ਚਕੀਂ ਉਜਾਗਰ ਕਰ ਦਿਤਾ।

---

†ਅਰਥਾਤ ਜਦੋਂ ਪ੍ਰਭ (ਗੁਰੂ ਸਾਹਿਬ) ਦਾ ਆਪਣੇ ਪੁਰ (ਸੱਚ ਖੰਡ) ਨੂੰ ਜਾਣ ਦਾ ਅਤੇ ਦੁਸ਼ਟ ਔਰੰਗਜ਼ੇਬ ਦੇ ਸਰਬ ਨਾਸ ਹੋਣ ਦਾ ਸਮਾਂ ਨੇੜੇ ਆਇਆ ਤਾਂ ਆਪ ਨੇ 'ਕੀਨਾ ਬਡਾ ਕਲੂ ਮੈਂ ਸਾਕਾ' ਏਸ ਮਾਧਿਅਮ ਨਾਲ ਦਇਆ ਅਤੇ ਧਰਮ ਦੇ ਡਾਣ ਦੁਸ਼ਟ ਰਾਜ ਦੀਆਂ ਜੜ੍ਹਾਂ ਪਟਣ ਦਾ ਬਾਨ੍ਹਣੂ ਬੰਨ੍ਹ ਦਿੱਤਾ, ਜਿਸ ਦਾ ਫਲ ਇਹ ਹੋਇਆ ਕਿ ਨਾ ਔਰੰਗਜ਼ੇਬ ਦਾ ਨਾਉਂ ਨਿਸ਼ਾਨ ਹੈ ਅਤੇ ਨਾ ਹੀ ਉਸ ਦੇ ਰਾਜ ਦਾ ਨਾਉਂ ਨਿਸ਼ਾਨ ਹੀ ਹੈ, ਸਗੋਂ ਜਿਸ ਕੌਮ ਦੀ ਖਾਤਰ ਉਹ ਪਾਪ ਕਰਦਾ ਸੀ ਅਤੇ ਜਿਸ ਪਿਆਰੇ ਅਤੇ ਇਕਲੌਤੇ ਪੈਗੰਬਰ ਨੂੰ ਖੁਸ਼ ਕਰਨ ਲਈ ਉਹ ਪਾਪ ਦੇ ਪੱਥਰ ਢੋਂਦਾ ਸੀ ਉਨ੍ਹਾਂ ਦੀ ਹੀ ਭਾਰਤ ਦੇ ਤਕੜੇ ਹਿੱਸੇ ਵਿਚੋਂ ਬੀਜ ਨਾਸ ਹੋਣ ਤਕ ਦਸ਼ਾ ਬਣ ਗਈ ਹੈ ਅਤੇ ਅਗੇ ਨੂੰ 'ਜੁਗੋ ਜੁਗ ਅਟਲ ਖਾਲਸਾ ਪੰਥ ਦੇ ਪ੍ਰਭਾਵ ਸਦਕੇ ਦੁਨੀਆਂ ਦੇ ਪਾਪ ਸੰਤਾਪ ਦਾ ਨਾਸ਼ ਹੋ ਜਾਣ ਤੇ ਲੱਖਾਂ ਔਰੰਗਜ਼ੇਬਾਂ ਦਾ ਅਤੇ ਕਰੋੜਾਂ ਹੀ ਫਰੁੱਖਸੀਅਰਾਂ ਦਾ ਸਤਿਆਨਾਸ ਹੋਕੇ ਸਭ ਸੰਸਾਰ ਦਾ ਭਲਾ ਹੋ ਜਾਣ ਦੀ ਪੂਰੀ ੨ ਆਸ਼ਾ ਬੱਝ ਗਈ ਹੈ।

Digitized by Panjab Digital Library | www.panjabdigilib.org

## ੧. ਅੰਬਾਲਾ ਸ਼ਹਿਰ

ਅੰਬਾਲਾ ਸ਼ਹਿਰ ਦੇ ਪੂਰਬ ਕੈਥਲ ਮਾਜਰੀ ਵਿਚ ਤਵੱਕਲ ਸ਼ਾਹ ਦੀ ਮਸਜਦ ਪਾਸ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਇਸ ਜਗ੍ਹਾ ਸ੍ਰੀ ਗੁਰੂ ਜੀ ਦਾ ਸੀਸ ਦਿੱਲੀ ਤੋਂ ਅਨੰਦ ਪੁਰ ਨੂੰ ਲਈ ਜਾਂਦੇ ਕੁਝ ਸਮਾਂ ਇਥੇ ਠਹਿਰਿਆ ਸੀ। ਏਥੇ ਸੁਹਣਾ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੈ ਇਹ ਗੁਰਦੁਆਰਾ ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਪੂਰਬ ਵਲ ਕਰੀਬ ੧ ਮੀਲ ਹੈ।

## ੨. ਗੁ: ਬੂੜੀਆਂ

ਇਹ ਗੁਰਦੁਆਰਾ ਜ਼ਿਲਾ ਅੰਬਾਲਾ ਦੀ ਜਗਾਧਰੀ ਤਹਿਸੀਲ ਵਿਚ ਨਗਰ ਬੂੜੀਆਂ ਵਿਚ ਹੈ। ਜੋ ਜਗਾਧਰੀ ਸਟੇਸ਼ਨ ਤੋਂ ੫ ਮੀਲ ਪੂਰਬ ਹੈ। ਬੂੜੀਏ ਤੋਂ ਉੱਤਰ ਪੱਛਮ ਜਗਾਧਰੀ ਵਾਲੀ ਪੱਕੀ ਸੜਕ ਦੇ ਕਿਨਾਰੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰ ਦਰਬਾਰ ਅਤੇ ਰਹਿਣ ਦੇ ਮਕਾਨ ਬਣੇ ਹੋਏ ਹਨ। ਪੁਜਾਰੀ ਸਿੰਘ ਹੈ। ਰਈਸ ਬੂੜੀਏ ਵਲੋਂ ਗੁਰਦੁਆਰੇ ਦੇ ਨਾਉਂ ਜ਼ਮੀਨ ਭੀ ਹੈ। ਇਸ ਦਾ ਪਰਬੰਧ ਰਿਆਸਤ ਦੇ ਹਥ ਹੈ। ਇਸ ਗੁਰਦੁਆਰੇ ਤੋਂ ਦੱਖਣ 'ਸੂਰਜ ਕੁੰਡ' ਨਾਮਕ ਹਿੰਦੂਆਂ ਦਾ ਪ੍ਰਸਿੱਧ ਤੀਰਥ ਹੈ।

## ੩. ਗੁ: ਰਤਨ ਪੁਰਾ

ਜ਼ਿਲਾ ਅੰਬਾਲਾ ਥਾਨਾ ਜਗਾਧਰੀ ਵਿਚ ਰੇਲਵੇ ਸਟੇਸ਼ਨ ਜਗਾਧਰੀ ਤੋਂ ਦੱਖਣ ਨੂੰ ਢਾਈ ਮੀਲ ਹੈ ਏਥੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਨੇ ਬੂੜੀਏ ਨੂੰ ਜਾਂਦੇ ਚਰਨ ਪਾਏ ਹਨ, ਮੰਜੀ ਸਾਹਿਬ ਬਣਿਆ ਹੋਇਆ ਹੈ।

## ੪. ਗੁ: ਮਰਦੋਂਦ ਸਾਹਿਬ

ਜ਼ਿਲਾ ਅਤੇ ਤਹਿਸੀਲ ਥਾਣਾ ਅੰਬਾਲਾ ਵਿਚ ਜੋ ਰੇਲਵੇ ਸਟੇਸ਼ਨ ਮੁਹੜੀ ਤੋਂ ੩ ਮੀਲ ਦੱਖਣ ਪੱਛਮ ਅਤੇ ਅੰਬਾਲਾ ਛਾਉਣੀ ਤੋਂ ੪ ਮੀਲ ਹੈ। ਇਸ ਪਿੰਡ ਤੋਂ ਉੱਤਰ ਪੂਰਬ ਵਲ ਇਕ ਫਰਲਾਂਗ ਪੁਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਬਣਿਆ ਹੋਇਆ ਹੈ। ਰਿਹਾਇਸ਼ੀ ਮਕਾਨ ਭੀ ਹਨ। ਗੁਰਦੁਆਰੇ ਦੇ ਨਾਲ ੬੦੦ ਵਿਘੇ ਜ਼ਮੀਨ ਰਾਜ ਪਟਿਆਲੇ ਵਲੋਂ ਹੈ।

## ੫. ਗੁ: ਦੁਘਰੀ

ਇਕ ਪਿੰਡ ਜੋ ਜ਼ਿਲਾ ਅੰਬਾਲਾ, ਤਹਿਸੀਲ ਥਾਣਾ ਰੋਪੜ ਵਿਚ ਹੈ। ਚਮਕੌਰ ਸਾਹਿਬ ਤੋਂ ਚੜ੍ਹਦੇ ਵਲ ਕਰੀਬ ਤਿੰਨ ਮੀਲ ਹੈ। ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਚਮਕੌਰ ਨੂੰ ਜਾਂਦੇ ਵਿਰਾਜੇ ਸਨ। ਇਥੇ ਮੰਜੀ ਸਾਹਿਬ ਨਾਮ ਦਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਭੀ ਗੁਰਦੁਆਰਾ ਹੈ, ਜੋ ਸੋਹਣੀ ਅਮਾਰਤ ਬਣੀ ਹੈ ਜਿਸ ਦੀ ਸੇਵਾ ਨਗਰ ਦੀ ਸੰਗਤ ਅਧਿਕ ਹੀ ਪ੍ਰੇਮ ਨਾਲ ਕਰ ਰਹੀ ਹੈ।

## ੬. ਗੁ: ਦਾਦੂ ਮਾਜਰਾ

ਰਿਆਸਤ ਪਟਿਆਲੇ ਦਾ ਇਕ ਪਿੰਡ ਜੋ 'ਕਲੌੜ' ਪਾਸ ਹੈ। ਏਥੇ ਸ੍ਰੀ ਗੁਰੂ ਤੇਗ਼ ਬਹਾਦਰ

Digitized by Panjab Digital Library | www.panjabdigilib.org

ਸਾਹਿਬ ਆਣ ਕੇ ਵਿਰਾਜੇ ਸਨ। ਪਰ ਹੁਣ ਗੁਰਦੁਆਰਾ ਸਾਹਿਬ ਜੀ ਪਿੰਡ ਭਗੜਾਣੇ ਦੀ ਜੂਹ ਵਿਚ ਹੈ। ਪੁਜਾਰੀ ਸਿੰਘ ਹੈ।

## ੭. ਗੁ: ਨਨਹੇੜੀ

ਰਿਆਸਤ ਨਜ਼ਾਮਤ ਪਟਿਆਲਾ ਤਹਿਸੀਲ ਥਾਣਾ ਘਨੌਰ ਵਿਚ ਇਕ ਪਿੰਡ ਹੈ। ਜਿਸ ਦੇ ਦੱਖਣ ਪੂਰਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰਦੁਆਰੇ ਨਾਲ ੧੦ ਵਿਘੇ ਜ਼ਮੀਨ ਹੈ ਰੇਲਵੇ ਸਟੇਸ਼ਨ ਸ਼ੰਭੂ ਤੋਂ ੩ ਮੀਲ ਦੱਖਣ ਨੂੰ ਹੈ। ਫਤੇ ਚੰਦ ਮਸੰਦ ਦਾ ਪਰੇਮ ਦੇਖ ਕੇ ਸ੍ਰੀ ਗੁਰੂ ਜੀ ਕਈ ਦਿਨ ਬਿਰਾਜੇ ਹਨ। ਗੁਰਦੁਆਰਾ ਸਾਹਿਬ ਛੋਟਾ ਜੇਹਾ ਬਣਿਆ ਹੋਇਆ ਹੈ।

## ੮. ਗੁ: ਨਾਗਰਾ

ਰਿਆਸਤ ਪਟਿਆਲਾ ਨਜ਼ਾਮਤ ਸੁਨਾਮ, ਤਹਿਸੀਲ ਭਵਾਨੀ ਗੜ੍ਹ ਵਿਚ ਇਕ ਪਿੰਡ ਹੈ। ਇਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਅਸਥਾਨ ਹੈ। ਸ੍ਰੀ ਗੁਰੂ ਜੀ ਫੱਗੂ ਵਾਲੇ ਤੋਂ ਇਥੇ ਆਏ ਹਨ। ਰੇਲਵੇ ਸਟੇਸ਼ਨ ਸੁਨਾਮ ਤੋਂ ਉਤਰ ਪੂਰਬ ੧੦ ਮੀਲ ਦੇ ਕਰੀਬ ਹੈ।

## ੯. ਗੁ: ਨੌਲੱਖਾ

ਰਿਆਸਤ ਪਟਿਆਲਾ ਤਹਿਸੀਲ ਸਰਹੰਦ ਵਿਚ ਇਕ ਪਿੰਡ ਹੈ। ਇਸਦੀ ਵਸੋਂ ਦੇ ਨਾਲ ਹੀ ਉੱਤਰ ਵਲ ਇਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਇਥੇ ਇਕ ਬਣਜਾਰੇ ਨੇ ੯ ਮਨਸੂਰੀ ਟਕੇ ਸ੍ਰੀ ਗੁਰੂ ਜੀ ਦੀ ਭੇਟਾ ਕੀਤੇ ਤਾਂ ਸ੍ਰੀ ਗੁਰੂ ਜੀ ਨੇ ਬਚਨ ਕੀਤਾ ਕਿ ਭਾਈ ਇਹ ੯ ਲੱਖ ਮੋਹਰ ਦੇ ਬਰਾਬਰ ਹਨ। ਤਦ ਤੋਂ ਇਸ ਦਾ ਨਾਉਂ ਨੌ ਲੱਖਾ ਪਿਆ ਹੈ। ਇਸ ਗੁਰ ਅਸਥਾਨ ਦੇ ਨਾਲ ੧੦੦ ਵਿਘੇ ਜ਼ਮੀਨ ਰਿਆਸਤ ਪਟਿਆਲਾ ਵਲੋਂ ਹੈ। ਰੇਲਵੇ ਸਟੇਸ਼ਨ ਸਾਧੂ ਗੜ੍ਹ ਤੋਂ ਸੱਤ ਮੀਲ ਪੱਛਮ ਨੂੰ ਹੈ।

## ੧੦. ਗੁ: ਘਨੌਰ ਜੱਟਾਂ

ਘਨੌਰ ਜੱਟਾਂ ਰਿਆਸਤ ਪਟਿਆਲਾ ਨਜ਼ਾਮਤ ਸੁਨਾਮ ਤਹਿਸੀਲ ਭਵਾਨੀ ਗੜ੍ਹ ਵਿਚ ਇਕ ਪਿੰਡ ਹੈ। ਇਸ ਪਿੰਡ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਦਰਬਾਰ ਬਣਿਆ ਹੋਇਆ ਹੈ। ਪੁਜਾਰੀ ਸਿੰਘ ਹੈ। ਜਗੀਰ, ਜ਼ਮੀਨ ਨਾਲ ਕੁਛ ਨਹੀਂ।

## ੧੧. ਗੁ: ਦਿੜਵਾ

ਰਿਆਸਤ ਪਟਿਆਲਾ ਨਜ਼ਾਮਤ ਸੁਨਾਮ, ਤਹਿਸੀਲ ਭਵਾਨੀ ਗੜ੍ਹ ਵਿਚ ਇਕ ਪਿੰਡ ਹੈ। ਇਸ ਪਿੰਡ ਤੋਂ ਲਹਿੰਦੇ ਵਾਲੇ ਪਾਸੇ ਸ੍ਰੀ ਗੁਰੂ ਸਾਹਿਬ ਜੀ ਦਾ ਗੁਰਦੁਆਰਾ ਹੈ। ਨਾਲ ਰਿਹਾਇਸ਼ੀ ਮਕਾਨ ਹਨ। ਪੁਜਾਰੀ ਸਿੰਘ ਹਨ। ਰੇਲਵੇ ਸਟੇਸ਼ਨ ਸੰਗਰੂਰ ਤੋਂ ਦੱਖਣ ਪੂਰਬ ੧੫ ਮੀਲ ਸੰਗਤੀ ਵਾਲੇ ਤਕ ਪੱਕੀ ਸੜਕ ਹੈ। ਅਗੋਂ ੫ ਮੀਲ ਕੱਚਾ ਰਸਤਾ ਹੈ।

## ੧੨. ਗੁ: ਗਾਗਾ

ਰਿਆਸਤ ਪਟਿਆਲਾ ਨਜ਼ਾਮਤ ਤਹਿਸੀਲ ਅਤੇ ਥਾਣਾ ਸੁਨਾਮ ਵਿਚ ਇਕ ਪਿੰਡ ਹੈ। ਇਸ

Digitized by Panjab Digital Library | www.panjabdigilib.org

ਪਿੰਡ ਤੋਂ ੧ ਬੁਰਜੀ ਤੇ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਇੱਥੇ ਇੱਕ ਢਾਬ ਦੇ ਕੰਢੇ ਤੇ ਬੈਠੇ ਸਨ। ਗੁਰਦੁਆਰਾ ਅਤੇ ਰਿਹਾਇਸ਼ੀ ਮਕਾਨ ਚੰਗੇ ਬਣੇ ਹੋਏ ਹਨ। ਜਿਨ੍ਹਾਂ ਦਾ ਪ੍ਰਬੰਧ ਕਮੇਟੀ ਦੇ ਅਧੀਨ ਹੈ।

## ੧੩. ਗੁ: ਸਾਹਿਬ ਉਪਲੀ

ਇਹ ਨਗਰ ਰਿਆਸਤ ਪਟਿਆਲਾ ਜ਼ਿਲਾ ਸੁਨਾਮ, ਸਟੇਸ਼ਨ ਸੰਗਰੂਰ ਤੋਂ ੨ ਮੀਲ ਦੱਖਣ ਵਾਲੇ ਪਾਸੇ ਹੈ। ਸੰਗਤ ਨੇ ਗੁਰਦੁਆਰੇ ਦੀ ਸੇਵਾ ਬੜੇ ਪ੍ਰੇਮ ਨਾਲ ਕਰਾਈ ਹੈ। ਇਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਿੱਲੀ ਨੂੰ ਜਾਂਦੇ ਹੋਏ ਬਿਰਾਜੇ ਸਨ। ਗੁਰ ਅਸਥਾਨ ਦੀ ਸੇਵਾ ਕਰਨ ਵਿਚ ਭਾ: ਸੰਤਾ ਸਿੰਘ ਜੀ ਗਗੜ, ਗਰੰਥੀ ਸ੍ਰੀ ਕੁੰਢਾ ਸਿੰਘ ਜੀ, ਸੰਤ ਕਾਲਾ ਸਿੰਘ ਜੀ, ਸੰਤ ਵਿਸਾਖਾ ਸਿੰਘ ਜਨੇਤਪੁਰਾ (ਲੁਧਿਆਣਾ) ਦੇ ਨਾਲ ਮਿਲ ਕੇ ਸਾਰੇ ਨਗਰ ਨੇ ਪ੍ਰੇਮ ਨਾਲ ਸੇਵਾ ਕੀਤੀ।

## ੧੪. ਗੁ: ਗੁਰਨੇ ਵਡੇ

ਰਿਆਸਤ ਪਟਿਆਲਾ ਨਜ਼ਾਮਤ ਸੁਨਾਮ ਥਾਣਾ ਮੂਣਕ ਵਿਚ ਇਕ ਪਿੰਡ ਹੈ। ਇਸ ਪਿੰਡ ਤੋਂ ਪੱਛਮ ਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ। ਪਾਸ ਛੋਟਾ ਰਿਹਾਇਸ਼ੀ ਮਕਾਨ ਹੈ। ਇਕ ਪੁਜਾਰੀ ਸਿੰਘ ਹੈ। ਗੁਰਦੁਆਰੇ ਨਾਲ ੩੦੦) ਰੁਪਈਏ ਸਾਲਾਨਾ ਜਾਗੀਰ ਰਿਆਸਤ ਪਟਿਆਲਾ ਵਲੋਂ ਅਤੇ ੧੦ ਵਿਘੇ ਜ਼ਮੀਨ ਪਿੰਡ ਵਲੋਂ ਹੈ। ਰੇਲਵੇ ਸਟੇਸ਼ਨ ਗੁਰਨੇ ਤੋਂ ਦੱਖਣ-ਪੱਛੋਂ ਇਕ ਮੀਲ ਦੇ ਕਰੀਬ ਹੈ।

## ੧੫. ਗੁ: ਕਣਕ ਵਾਲ ਵਡਾ

ਰਿਆਸਤ ਪਟਿਆਲਾ ਨਜ਼ਾਮਤ ਤਹਿਸੀਲ ਥਾਣਾ ਸੁਨਾਮ ਵਿਚ ਇਕ ਪਿੰਡ ਹੈ। ਇਸ ਪਿੰਡ ਤੋਂ ਉੱਤਰ ਵਲ ੨ ਬੁਰਜੀਆਂ ਦੀ ਵਿਥ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ੧੯੭੮ ਬਿ: ਵਿਚ ਗੁਰਦੁਆਰਾ ਬਣਿਆ ਹੈ। ਰੇਲਵੇ ਸਟੇਸ਼ਨ ਛਾਜਲੀ ਤੋਂ ਪੱਛਮ ਵਲ ੭ ਮੀਲ ਦੇ ਕਰੀਬ ਹੈ।

## ੧੬. ਗੁ: ਬਰ੍ਹਾ

ਰਿਆਸਤ ਪਟਿਆਲਾ ਨਜ਼ਾਮਤ ਸੁਨਾਮ ਥਾਣਾ ਬੋਹਾ ਦਾ ਇਕ ਪਿੰਡ, ਜੋ ਰੇਲਵੇ ਸਟੇਸ਼ਨ ਬੁਢਲਾਡੇ ਤੋਂ ਉਤਰ ਪੂਰਬ ਅਤੇ ਨਦੇਂਦ ਪੁਰੇ ਤੋਂ ਦਖਣ ਤਿੰਨ ਮੀਲ ਹੈ। ਇਸ ਪਿੰਡ ਤੋਂ ਪੱਛਮ ਨੂੰ ਇਕ ਬੁਰਜੀ ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਇਥੇ ਚੌਮਾਸਾ ਰਹੇ। ਗੁਰਦੁਆਰਾ ਅਤੇ ਰਿਹਾਇਸ਼ੀ ਮਕਾਨ ਬਣੇ ਹੋਏ ਹਨ। ਨਾਲ ੨੭੦ ਘੁਮਾਉਂ ਦੇ ਲਗ ਪਗ ਜ਼ਮੀਨ ਰਿਆਸਤ ਪਟਿਆਲਾ ਵਲੋਂ ਹੈ। ਪੁਜਾਰੀ ਸਿੰਘ ਹੈ।

## ੧੭. ਗੁ: ਗੋਬਿੰਦ ਪੁਰ

ਰਿਆਸਤ ਪਟਿਆਲਾ ਨਜ਼ਾਮਤ ਬਰਨਾਲਾ ਤਹਿਸੀਲ ਮਾਨਸਾ, ਥਾਣਾ ਬੋਹਾ ਵਿਚ ਇਕ ਪਿੰਡ ਹੈ, ਇਸ ਪਿੰਡ ਤੋਂ ਉੱਤਰ ਦੇ ਪਾਸੇ ਵਸੋਂ ਦੇ ਨਾਲ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਅਤੇ

Digitized by Panjab Digital Library | www.panjabdigilib.org

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਨੌਵੇਂ ਸਤਿਗੁਰੂ ਇਕ ਰਾਤ ਇਸ ਥਾਂ ਵਿਰਾਜੇ ਸਨ। ਸ੍ਰੀ ਦਸਮੇਸ਼ ਪਿਤਾ ਜੀ ਜਦੋਂ ਖੁਡਾਲ ਤੋਂ ਗੁਲਾਬ ਸਿੰਘ ਸੁਨਿਆਰੇ ਸਿੱਖ ਨੂੰ ਭੋਰੇ ਵਿਚੋਂ ਕਢ ਕੇ ਸਰਸੇ ਨੂੰ ਮੁੜੇ, ਤਾਂ ਇਥੇ ਪਵਿੱਤ੍ਰ ਚਰਨ ਪਾਏ। ਦੋਵੇਂ ਸਤਿਗੁਰਾਂ ਦੇ ਮੰਜੀ ਸਾਹਿਬ ਅੱਡ ਅੱਡ ਬਣੇ ਹਨ। ਹਰਿਮੰਦਰ ਸਾਹਿਬ ਬਹੁਤ ਸੁੰਦਰ ਬਣਿਆ ਹੋਇਆ ਹੈ। ਇਹ ਥਾਂ ਰੇਲਵੇ ਸਟੇਸ਼ਨ ਦਾਤੇਵਾਸ ਤੋਂ ਦੱਖਣ ਵਲ ਡੇਢ ਮੀਲ ਤੇ ਹੈ।

## ੧੮. ਗੁ: ਧਮਧਾਣ ਸਾਹਿਬ

ਰਿਆਸਤ ਪਟਿਆਲਾ ਦੀ ਨਜ਼ਾਮਤ ਸੁਨਾਮ ਦੀ ਤਹਿਸੀਲ ਨਰਵਾਣਾ ਦਾ ਇਕ ਪਿੰਡ ਜੋ ਰੇਲਵੇ ਸਟੇਸ਼ਨ ਧਮਧਾਣ ਤੋਂ ੧ ਮੀਲ ਦੱਖਣ ਪੱਛਮ ਹੈ, ਇਸ ਨਗਰ ਤੋਂ ਉੱਤਰ ਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਬਾਂਗਰ ਤੋਂ ਪੂਰਬ ਨੂੰ ਜਾਂਦੇ ਏਥੇ ਪੁਜੇ ਅਤੇ ਕਈ ਦਿਨ ਸੰਗਤਾਂ ਨੂੰ ਸਤਿਉਪਦੇਸ਼ ਨਾਲ ਨਿਹਾਲ ਕਰਦੇ ਰਹੇ। ਏਥੋਂ ਦੇ ਵਸਨੀਕ 'ਦੱਗੋ' ਜ਼ਿਮੀਂਦਾਰ ਨੇ ਦੁੱਧ ਆਦਿ ਨਾਲ ਸ੍ਰੀ ਗੁਰੂ ਜੀ ਦੀ ਸੇਵਾ ਕੀਤੀ। ਸ੍ਰੀ ਗੁਰੂ ਜੀ ਨੇ ਉਸ ਨੂੰ ਧਨ ਦੇਕੇ ਹੁਕਮ ਦਿੱਤਾ ਕਿ ਏਥੇ ਲੋਕਾਂ ਦੇ ਹਿਤ ਲਈ ਖੂਹ ਲਗਾਓ। 'ਦੱਗੋ' ਨੇ ਸੁਆਰਥ ਵਸ ਖੂਹ ਅਪਣੀ ਜ਼ਮੀਨ ਵਿਚ ਲਾ ਲਿਆ, ਜੋ ਨਿੱਘਰ ਗਿਆ। ਉਸ ਜਗ੍ਹਾ ਤੇ ਖਾਸ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਜੀ ਦਾ ਹੈ। ਇਸ ਗੁਰਦੁਆਰੇ ਦੀ ਸੇਵਾ ਮਹਾਰਾਜ ਕਰਮ ਸਿੰਘ ਨੇ ਕਰਵਾਈ ਹੈ ਅਤੇ ਪਟਿਆਲੇ ਵੱਲੋਂ ੩੨ ਸੌ ਰੁਪਈਏ ਸਾਲਾਨਾ ਜਾਗੀਰ ਹੈ। ਇਸ ਤੋਂ ਇਲਾਵਾ ਗੁਰਦੁਆਰੇ ਦੇ ਨਾਉਂ ੨੨੦੦ ਵਿਘੇ ਜ਼ਮੀਨ ਹੈ। ਰਿਆਸਤ ਨਾਭੇ ਤੋਂ ਇਕ ਸੌ ੧੪ ਰੁਪਈਏ ਵਾਰਸਿਕ ਮਿਲਦੇ ਹਨ। ਦੁਸਹਿਰੇ ਅਤੇ ਹੋਲੇ ਨੂੰ ਮੇਲੇ ਹੁੰਦੇ ਹਨ।

## ੧੯. ਗੁ: ਸੀਭੜੋ

ਪਟਿਆਲੇ ਤੋਂ ੭ ਕੋਹ ਦੱਖਣ-ਪੱਛੋਂ ਨੂੰ ਤਹਿਸੀਲ ਸਰਹੰਦ, ਥਾਨਾ ਮੂਲੇ ਪੁਰ ਦਾ ਇਕ ਪਿੰਡ ਇਸ ਥਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਧਾਰੇ ਹਨ। ਰਿਆਸਤ ਵਲੋਂ ਗੁਰਦੁਆਰੇ ਦੇ ਨਾਲ ੪੦ ਘੁਮਾਂ ਜ਼ਮੀਨ ਹੈ। ਇਹ ਗੁਰ ਅਸਥਾਨ ਰੇਲਵੇ ਸਟੇਸ਼ਨ ਧਮਧਾਣ ਤੋਂ ਲਗ ਪਗ ਚਾਰ ਮੀਲ ਉੱਤਰ-ਪੱਛੋਂ ਕੋਣ ਨੂੰ ਹੈ।

## ੨੦. ਗੁ: ਭਗੜਾਨਾ

ਰਿਆਸਤ ਪਟਿਆਲਾ, ਤਹਿਸੀਲ ਥਾਨਾ ਬਸੀ ਵਿਚ ਇਕ ਪਿੰਡ ਜੋ ਰੇਲਵੇ ਸਟੇਸ਼ਨ ਸਾਧੂ ਗੜ੍ਹ ਤੋਂ ਪੰਜ ਮੀਲ ਪੂਰਬ ਨੂੰ ਹੈ। ਇਸ ਪਿੰਡ ਤੋਂ ਦੱਖਣ ਵਲ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰ ਦਰਬਾਰ ਛੋਟਾ ਜਿਹਾ ਬਣਿਆ ਹੋਇਆ ਹੈ। ਪਾਸ ਰਿਹਾਇਸ਼ੀ ਮਕਾਨ ਬਹੁਤ ਹਨ। ਗੁਰਦੁਆਰੇ ਨਾਲ ੨੫੦ ਵਿਘੇ ਜ਼ਮੀਨ ਰਿਆਸਤ ਵਲੋਂ ਹੈ।

## ੨੧. ਗੁ: ਉਗਾਣੀ

ਰਿਆਸਤ ਪਟਿਆਲਾ ਤਹਿਸੀਲ ਥਾਣਾ ਰਾਜਪੁਰਾ ਵਿਚ ਇਕ ਪਿੰਡ ਹੈ ਏਥੇ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪਵਿੱਤਰ ਚਰਨ ਪਾ ਕੇ ਨਿਹਾਲ ਕੀਤਾ ਹੈ। ਇਸ ਜਗਾ ਗੁਰਦੁਆਰੀ

Digitized by Panjab Digital Library | www.panjabdigilib.org

ਬਣਿਆ ਹੈ। ਪੰਡਿਤ ਤਾਰਾ ਸਿੰਘ ਜੀ ਨੇ ਉਗਾਣੀ ਨੂੰ ਉਗਾਣੇ ਸਰਾਏ ਲਿਖਿਆ ਹੈ।

## ੨੨. ਗੁ: ਮਕਾਰੋ ਪੁਰ

ਰਾਜ ਪਟਿਆਲਾ ਤਹਿਸੀਲ ਸਰਹਿੰਦ ਥਾਣਾ ਬਸੀ ਦਾ ਪਿੰਡ ਜੋ ਰੇਲਵੇ ਸਟੇਸ਼ਨ ਸਾਧੂ ਗੜ੍ਹ ਤੋਂ ਦੋ ਮੀਲ ਉੱਤਰ ਪੂਰਬ ਹੈ। ਇਥੇ ਗੁਰੂ ਤੇਗ ਬਹਾਦਰ ਜੀ ਬਿਰਾਜੇ ਹਨ। ਉਸ ਜਗ੍ਹਾ ਹਰਿਮੰਦਰ ਸਾਹਿਬ ਬਣਿਆ ਹੋਇਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਪੁਜਾਰੀ ਸਿੰਘ ਸਾਹਿਬ ਜੀ ਹੈ।

## ੨੩. ਅਨੰਦ ਪੁਰ ਕਲੌੜ (ਰਿ: ਪਟਿਆਲਾ)

ਇਹ ਤਹਿਸੀਲ ਸਰਹੰਦ, ਥਾਣਾ ਬਸੀ ਵਿਚ ਹੈ। ਇਸ ਪਿੰਡ ਦੀ ਵਸੋਂ ਵਿਚ ਇਕ ਨੀਵੀਂ ਜਗ੍ਹਾ ਹੈ। ਓਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਗੁਰਦੁਆਰੇ ਨਾਲ ਜਗੀਰ ੭੦) ਵਾਰਸਿਕ ਰਿਆਸਤ ਪਟਿਆਲਾ ਵਲੋਂ ਹੈ। ਪੁਜਾਰੀ ਸਿੰਘ ਹੈ। ਰੇਲਵੇ ਸਟੇਸ਼ਨ ਸਰਹਿੰਦ ਤੋਂ ਪੂਰਬ ਉਤਰ ਨੂੰ ਹੈ। ਬਸੀ ਤਕ ਚਾਰ ਮੀਲ ਪੱਕੀ ਸੜਕ ਹੈ, ਅਗੇ ਚਾਰ ਮੀਲ ਕੱਚੀ ਹੈ। ਇਸ ਦੇ ਕੋਲ ਹੀ ਕਲੌੜ ਪਿੰਡ ਹੈ। ਇਸ ਕਰਕੇ ਦੋਹਾਂ ਪਿੰਡਾਂ ਦਾ ਮਿਲਵਾਂ ਨਾਉਂ 'ਅਨੰਦ ਪੁਰ ਕਲੌੜ' ਵਜਦਾ ਹੈ।

## ੨੪. ਗੁ: ਲੇਲ੍ਹ ਵੱਡਾ

ਰਾਜ ਪਟਿਆਲਾ ਨਜਾਮਤ ਤਹਿਸੀਲ ਸੁਨਾਮ ਥਾਣਾ ਮੂਨਕ ਵਿਚ ਇਕ ਪਿੰਡ ਜੋ ਰੇਲਵੇ ਸਟੇਸ਼ਨ ਗੁਰਨੇ ਤੋਂ ੩ ਮੀਲ ਉੱਤਰ ਪੂਰਬ ਹੈ। ਏਥੇ ਨੇੜੇ ਹੀ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਇਥੇ ਰੇਤਲਾ ਅਤੇ ਉੱਚੀ ਥਾਂ ਵੇਖ ਕੇ ਠਹਿਰ ਗਏ। ਕੋਲ ਇਕ ਜ਼ਿਮੀਂਦਾਰ ਅਪਣੀ ਫਸਲ ਦਾ ਰਾਖਾ ਸੀ। ਜਿਸ ਦਾ ਨਾਮ 'ਅੜਕ' ਸੀ ਉਸ ਨੇ ਸਤਿਗੁਰੂ ਪੂਰੇ ਸਮਝ ਕੇ ਮੱਥਾ ਟੇਕਿਆ ਅਤੇ ਸੇਵਾ ਪੁੱਛੀ। ਸ੍ਰੀ ਸਤਿਗੁਰ ਜੀ ਨੇ ਉਸ ਨੂੰ ਭਗਤੀ ਮਾਰਗ ਦਾ ਉਪਦੇਸ਼ ਦਿੱਤਾ ਅਤੇ ਥੋਹੜਾ ਸਮਾਂ ਹੀ ਰਹਿ ਕੇ ਚਲੇ ਗਏ। ਗੁਰਦੁਆਰਾ ਸੁਨਹਿਰੀ ਕਲਸ ਵਾਲਾ ਅਤੇ ਰਿਹਾਇਸ਼ੀ ਮਕਾਨ ਬਣੇ ਹੋਏ ਹਨ, ਜਿਨ੍ਹਾਂ ਦੀ ਸੇਵਾ ਮਹੰਤ ਮੱਲ ਸਿੰਘ ਜੀ ਧਮਧਾਨ ਵਾਲਿਆਂ ਦੇ ਉਦਮ ਨਾਲ ਨਗਰ ਵਾਸੀਆਂ ਨੇ ਸੰ: ੧੯੪੦ ਵਿਚ ਕੀਤੀ। ਗੁਰਦੁਆਰੇ ਨਾਲ ਜ਼ਮੀਨ ਕੁਝ ਨਹੀਂ। 'ਅੜਕ' ਦੀ ਬੰਸ ਵਿਚੋਂ ਪਰੇਮ ਸਿੰਘ ਸੇਵਾ ਕਰਦਾ ਹੈ। ਏਸ ਦੇ ਕੋਲ ਹੀ 'ਸੀਂਹ' ਆਦਿ 'ਲੇਲ੍ਹ' ਗੋਤ ਦੇ ਕਈ ਪਿੰਡ ਹਨ। ਇਨ੍ਹਾਂ ਵਿਚੋਂ ਹੀ ਅਕਾਲੀ ਫੂਲਾ ਸਿੰਘ ਜੀ ਦੇ ਪਿਤਾ ਸ: ਈਸ਼ਰ ਸਿੰਘ ਦਾ ਜਨਮ ਸੀਂਹ ਪਿੰਡ ਵਿਚ ਹੋਇਆ ਸੀ।

## ੨੫. ਗੁ: ਖਟਕੜ

ਖਟਕੜ ਰਿਆਸਤ ਪਟਿਆਲਾ ਦੀ ਨਜਾਮਤ ਸੁਨਾਮ ਤਹਿਸੀਲ ਥਾਨਾ ਨਿਰਵਾਨਾ ਵਿਚ ਹੈ। ਰੇਲਵੇ ਸਟੇਸ਼ਨ ਬਰਬੋਲਾ ਤੋਂ ੧ ਮੀਲ ਪੂਰਬ ਹੈ। ੨੫੦ ਵਿਘੇ ਜ਼ਮੀਨ ਅਤੇ ੮੫ ਰੁ: ਨਕਦ, ਰਿਆਸਤ ਤੋਂ ਗੁਰਦਵਾਰੇ ਦੇ ਨਾਉਂ ਹਨ। ਪੁਜਾਰੀ ਸਿੰਘ ਹੈ।

## ੨੬. ਗੁ: ਖਰਕਭੂਰਾ

ਇੱਕ ਪਿੰਡ ਜੋ ਰਿਆਸਤ ਪਟਿਆਲਾ ਨਜਾਮਤ ਸੁਨਾਮ ਵਿਚ ਰੇਲਵੇ ਸਟੇਸ਼ਨ ਓਚਾਵਾ ਅਤੇ ਘਸੋ ਤੋਂ ਨੇੜੇ ਹੈ। ਇਸ ਪਿੰਡ ਤੋਂ ਪੂਰਬ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਗੁਰੂ

Digitized by Panjab Digital Library | www.panjabdigilib.org

ਜੀ ਦਿੱਲੀ ਨੂੰ ਜਾਂਦੇ ਵਿਰਾਜੇ ਸਨ। ਏਸ ਗੁਰਦੁਆਰੇ ਨਾਲ ੧੫੦ ਵਿਘੇ ਜ਼ਮੀਨ ਅਤੇ ੨੫ ਰੁ: ਵਾਰਸਿਕ ਪਟਿਆਲੇ ਵਲੋਂ ਜਗੀਰ ਹੈ।

## ੨੭. ਗੁ: ਦੋਦੜਾ

ਦੋਦੜਾ ਰਿ: ਜੀਂਦ, ਨਜ਼ਾਮਤ ਤਹਿਸੀਲ ਸੰਗਰੂਰ, ਥਾਣਾ ਕੁਲਾਰ ਵਿਚ ਇਕ ਪਿੰਡ ਹੈ। ਇਸ ਤੋਂ ਉਤਰ ਵਲ ਨੇੜੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਉਹ ਪਿੱਪਲ ਦਾ ਬਿਰਛ ਹੁਣ ਤਕ ਮੌਜੂਦ ਹੈ, ਜਿਸ ਹੇਠਾਂ ਗੁਰੂ ਜੀ ਬਰਾਜੇ ਸਨ। ਰੇਲਵੇ ਸਟੇਸ਼ਨ ਪਟਿਆਲੇ ਤੋਂ ਦੱਖਣ ਪੱਛਮ ੨੦ ਮੀਲ ਹੈ। ਸਮਾਣੇ ਤਕ ਪੱਕੀ ਸੜਕ ਹੈ ਅਤੇ ਅੱਗੇ ਦੋ ਮੀਲ ਕੱਚਾ ਰਸਤਾ ਹੈ।

## ੨੮. ਗੁ: ਹਰਪਾਲ ਪੁਰ

ਰਿਆਸਤ ਪਟਿਆਲਾ ਤਹਿਸੀਲ ਰਾਜ ਪੁਰਾ ਵਿਚ ਇਕ ਪਿੰਡ ਹੈ। ਇਸ ਦੇ ਉੱਤਰ ਵਲ ੧੫੦ ਕਰਮ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਸਥਾਨ ਹੈ। ਹੁਣ ਏਥੇ ਭੀ ਸੁੰਦਰ ਮੰਦਰ ਬਣ ਰਿਹਾ ਹੈ। ਰੇਲਵੇ ਅਸਟੇਸ਼ਨ ਕੌਲੀ ਤੋਂ ਦੱਖਣ ਵਲ ੪ ਮੀਲ ਕੱਚਾ ਰਸਤਾ ਹੈ।

ਇਕ ਪਿੰਡ ਰਾਣੀ ਜੋ ਰਿਆਸਤ ਪਟਿਆਲਾ ਤਹਿਸੀਲ ਰਾਜ ਪੁਰਾ ਥਾਣਾ ਲਾਲੜੂ ਵਿੱਚ ਹੈ। ਰੇਲਵੇ ਅਸਟੇਸ਼ਨ ਘੱਗਰ ਤੋਂ ੪ ਮੀਲ ਪੱਛਮ ਵਲ ਹੈ। ਇਸ ਪਿੰਡ ਤੋਂ ਦੱਖਣ ਵਲ ਇਕ ਫਰਲਾਂਗ ਪੁਰ ਦਰੱਖਤਾਂ ਦੇ ਘਣੇ ਜੰਗਲ ਵਿਚ ਗੁਰ ਅਸਥਾਨ ਬਣਿਆ ਹੈ। ਇਸ ਜਗ੍ਹਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਦਿੱਲੀ ਤੋਂ ਅਨੰਦ ਪੁਰ ਲੈ ਜਾਂਦਾ ਸਿੱਖ ਇਥੇ ਕੁਝ ਸਮਾਂ ਠਹਿਰਿਆ ਸੀ ਸੋ ਉਸ ਜਗ੍ਹਾ ਸੁੰਦਰ ਦਮਦਮਾ ਸਾਹਿਬ ਬਣਿਆ ਹੈ। ਜਿਸ ਦੇ ਨਾਉਂ ੫੧ ਵਿਘੇ ਜ਼ਮੀਨ ਅਤੇ ੨੫ ਰੁਪਈਏ ਸਾਲਾਨਾ ਪਟਿਆਲੇ ਵੱਲੋਂ ਹਨ। ਪੁਜਾਰੀ ਸਿੰਘ ਸਾਹਿਬ ਜੀ ਹਨ।

## ੨੯. ਗੁ: ਸੰਘਰਹੇੜੀ

ਰਿਆਸਤ ਪਟਿਆਲਾ ਨਜ਼ਾਮਤ ਬਰਨਾਲਾ ਤਹਿਸੀਲ ਮਾਨਸਾ, ਥਾਣਾ ਬੋਹਾ ਵਿਚ ਇਕ ਪਿੰਡ ਹੈ। ਇਸ ਨਗਰ ਤੋਂ ਉਤਰ ਦਿਸ਼ਾ ਵਲ ਵਸੋਂ ਦੇ ਨਾਲ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰ ਅਸਥਾਨ ਹੈ, ਜਿਸ ਨਾਲ ੪ ਘੁਮਾਉਂ ਜ਼ਮੀਨ ਪਿੰਡ ਵਲੋਂ ਹੈ। ਪੁਜਾਰੀ ਸਿੰਘ ਸਾਹਿਬ ਹੈ। ਰੇਲਵੇ ਸਟੇਸ਼ਨ ਬਰੇਟਾ ਤੋਂ ਪੱਛਮ ਵਲ ਦੋ ਮੀਲ ਕੱਚਾ ਰਸਤਾ ਹੈ।

## ੩੦. ਗੁ: ਮਡਰੂਆ (ਗੜਰੂਆ)

ਰਿਆਸਤ ਪਟਿਆਲਾ, ਨਜ਼ਾਮਤ ਤਹਿਸੀਲ, ਥਾਣਾ ਸੁਨਾਮ ਵਿਚ ਇਕ ਪਿੰਡ ਹੈ। ਇਸ ਪਿੰਡ ਤੋਂ ਇਸ਼ਾਨ ਕੋਣ ੨ ਫਰਲਾਂਗ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਬਣਿਆ ਹੋਇਆ ਹੈ। ਗੁਰ ਅਸਥਾਨ ਦੇ ਨਾਲ ੧੫੦ ਬਿਘੇ ਜ਼ਮੀਨ ਪਟਿਆਲੇ ਵਲੋਂ ਹੈ। ਰੇਲਵੇ ਸਟੇਸ਼ਨ ਛਾਜਲੀ ਤੋਂ ਪਛਮ ਵਲ ਚਾਰ ਮੀਲ ਦੇ ਕਰੀਬ ਕੱਚਾ ਰਸਤਾ ਹੈ।

## ੩੧. ਗੁ: ਬਹਿਰ ਜੱਖ

ਮਹਾਂ ਭਾਰਤ ਵਿੱਚ ਲਿਖਿਆ ਹੈ ਕਿ ਕੈਰੋਂ ਪਾਂਡੋ ਨੇ ਭਾਰਤ ਦੇ ਜੁਧ ਸਮੇਂ ਚਾਰੇ ਪਾਸੇ ਚਾਰ ਜੱਖ ਇਸ ਲਈ ਪਹਿਰੇ ਤੇ ਖੜੇ ਕੀਤੇ ਕਿ ਜੋ ਜੰਗ ਵਿਚੋਂ ਭੱਜੇ ਉਸ ਨੂੰ ਫੜ ਕੇ ਮੈਦਾਨ ਵਿਚ ਸਿੱਟ ਦੇਣ।

Digitized by Panjab Digital Library | www.panjabdigilib.org

ਇਕ ਜੱਖ ਦੇ ਠਹਿਰਣ ਦੇ ਥਾਂ ਉਪਰ ਵਸਿਆ ਹੋਇਆ ਇਸੇ ਨਾਮ ਦਾ ਇਕ ਪਿੰਡ ਜੋ ਕੁਰਛੇਤਰ ਵਿਚ ਸਰਸੂਤੀ ਦੇ ਕੰਢੇ ਹੈ। ਗੁਰੂ ਤੇਗ ਬਹਾਦਰ ਸਾਹਿਬ ਇਸ ਪਿੰਡ ਦੇ ਪ੍ਰੇਮੀ ਤਖਾਣ ਸਿਖ ਦੇ ਘਰ ਤਿੰਨ ਦਿਨ ਵਿਰਾਜੇ ਹਨ। ਇਹ ਰਾਜ ਪਟਿਆਲੇ ਵਿਚ ਹੈ।

## ੩੨. ਗੁ: ਬਹਾਦਰ ਗੜ੍ਹ-ਸੈਫਾਬਾਦ

ਸੰਮਤ ੧੯੩੦ ਬਿ: ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਸੈਫਾਬਾਦ ਆਏ। ਨਵਾਬ ਸੈਫ ਅਲੀ ਦੇ ਬਾਗ ਵਿਚ ਉਤਰੇ। ਇਹ ਨਵਾਬ ਔਰੰਗਜ਼ੇਬ ਦੇ ਸਾਲਿਆਂ ਵਿਚੋਂ ਸੀ। ਫਕੀਰ ਸਰਮਦ ਆਦਿ ਦਾ ਸ਼ਰਧਾਲੂ ਹੋਣ ਕਰਕੇ ਔਰੰਗਜ਼ੇਬ ਨੇ ਉਸਨੂੰ ਇਹ ੧੨-੧੩ ਪਿੰਡਾਂ ਦਾ ਖੁਸ਼ਕ ਜਿਹਾ ਇਲਾਕਾ ਦੇਕੇ ਦੇਸ ਨਿਕਾਲਾ ਦੇ ਛਡਿਆ ਸੀ। ਉਹ ਨਵਾਬ ਗੁਰੂ ਤੇਗ ਬਹਾਦਰ ਸਾਹਿਬ ਦਾ ਸਾਦਿਕ-ਮੁਰੀਦ ਹੋਣ ਕਰ ਕੇ ਕੀਰਤ ਪੁਰ ਸਾਹਿਬ ਭੀ ਹੋ ਆਇਆ ਸੀ। ਇਸ ਲਈ ਅੰਤਰ ਆਤਮਾ ਵਿਚ ਸ੍ਰੀ ਗੁਰੂ ਦਾ ਸਿਮਰਨ ਕਰਦਾ ਰਹਿੰਦਾ ਸੀ। ਜਦੋਂ ਹਜ਼ੂਰ ਨੇ ਦਿੱਲੀ ਜਾ ਕੇ ਜੋਤੀ ਜੋਤ ਸਮਾਉਣ ਦੀ ਤਿਆਰੀ ਕੀਤੀ ਤਾਂ ਸੈਫਾਬਾਦ ਦੇ ਬਾਗ ਵਿਚ ਆ ਉਤਰੇ, ਜਿਥੇ ਆਪ ੩ ਮਹੀਨੇ ਵਿਰਾਜ ਕੇ ਨਵਾਬ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਦਰਸ਼ਨ ਦਿੰਦੇ ਰਹੇ। ਓਸ ਜਗ੍ਹਾ ਸਮਾਂ ਪਾ ਕੇ ਮ: ਕਰਮ ਸਿੰਘ ਨੇ ਬੜਾ ਹੀ ਸੁੰਦਰ ਰਾਜ ਭਵਨ ਵਰਗਾ ਗੁਰਦੁਆਰਾ ਬਣਵਾਇਆ। ਜਿਥੇ ਆਪ ਹਰ ਚੌਮਾਸੇ ਵਿਚ ਫੌਜਾਂ ਸਣੇ ਰਿਹਾ ਕਰਦੇ ਸਨ। ੩੬੫ ਵਿਘੇ ਭੋਇੰ ਤੇ ੯੦੦) ਵਾਰਸਿਕ ਸਹਾਇਤਾ ਵੀ ਗੁਰਦੁਆਰੇ ਨੂੰ ਹੈ ਅਤੇ ਗੁਰੂ ਸਾਹਿਬ ਦੇ ਨਾਂ ਤੇ ਹੀ ਗੁਰਦੁਆਰੇ ਸਾਹਿਬ ਦਾ ਨਾਉਂ ਬਹਾਦਰ ਗੜ੍ਹ ਰਖਿਆ ਹੋਇਆ ਹੈ।

ਨੰ: ੨

ਕਿਲਾ ਸੈਫਾਬਾਦ ਦੇ ਰਾਜ ਪਟਿਆਲਾ ਵਿਚ ਆ ਜਾਣ ਤੋਂ ਮ: ਕਰਮ ਸਿੰਘ ਨੇ ਉਸ ਦੇ ਉਦਾਲੇ ਦੂਹਰਾ ਕੋਟ ਬਣਾ ਕੇ ਵਡਾ ਕਿਲਾ ਬਣਾਇਆ ਅਤੇ ਉਸ ਦਾ ਨਾਉਂ ਗੁਰੂ ਸਾਹਿਬ ਦੇ ਨਾਉਂ ਤੇ ਹੀ ਕਿਲਾ ਬਹਾਦਰ ਗੜ੍ਹ ਰਖਿਆ। ਉਸ ਦੀ ਡਿਉਢੀ ਵਿਚ ਭੀ ਗੁਰਦੁਆਰਾ ਹੈ, ਜਿਥੇ ਗੁਰੂ ਸਾਹਿਬ ਨੇ ਸੈਫ ਅਲੀ ਦੇ ਕਹਿਣ ਤੇ ਬੇਗਮਾਂ ਨੂੰ ਨਾਮ ਦਾਨ ਬਖਸ਼ਿਆ ਸੀ ਅਤੇ ਆਪ ਏਥੇ ੯ ਦਿਨ ਰਹੇ।

## ੩੩. ਗੁ: ਦੂਖਨਿਵਾਰਣ ਸਾਹਿਬ (ਪਟਿਆਲਾ)

ਦੌਰੇ ਦੀ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਸਾਹਿਬ ਸੈਫਾ ਬਾਦ ਤੋਂ ਲਹਿਲ ਪਿੰਡ (ਪਟਿਆਲੇ ਕੋਲ) ਆਏ। ਉਥੋਂ ਦੀ ਇਕ ਖਤ੍ਰਾਣੀ ਮਾਈ ਕਰਮੋ ਦਈ ਨੂੰ ਉਪਦੇਸ਼ ਦੇਣ ਤੋਂ ਇਲਾਵਾ ਚੇਤ ਸੁਦੀ ਪੰਚਮੀ ਵਾਲੇ ਦਿਨ ਆਪਣੇ ਚਰਨਾਮ੍ਰਿਤ ਤੋਂ ਪਵਿਤ੍ਰ ਹੋਈ ਇਕ ਛਪੜੀ ਵਿਚ ਇਸ਼ਨਾਨ ਕਰਾ ਕੇ ਉਸ ਦੀ ਮਾਤਾ ਦੀ ਬੀਮਾਰੀ ਹਟਾਈ। ਓਥੇ ਹਰ ਸਾਲ ਚੇਤ ਸੁਦੀ ਪੰਚਮੀ ਨੂੰ ਭਾਰਾ ਜੋੜ ਮੇਲਾ ਲਗਦਾ ਹੈ ਅਤੇ ਸੁਖ ਸੁਖਣ ਤੇ ਇਸ਼ਨਾਨ ਕਰਨ ਨਾਲ ਮਾਤਾ ਦੀ ਬੀਮਾਰੀ ਹਟਦੀ ਹੈ। ਥੋੜੇ ਚਿਰ ਤੋਂ ਸੁੰਦਰ ਗੁਰਦੁਆਰਾ ਬਣਿਆ ਹੈ। ਸਤਿ ਸੰਗ ਅਤੇ ਮਾਇਆ ਦਾ ਬੇ-ਅੰਤ ਪਰਵਾਹ ਚਲ ਰਿਹਾ ਹੈ।

## ੩੪. ਗੁ: ਮੋਤੀ ਬਾਗ (ਪਟਿਆਲਾ)

ਲਹਿਲ ਪਿੰਡ ਤੋਂ ਉਠ ਕੇ ਆਪ ਨੇ ਓਸ ਜਗ੍ਹਾ ਨੂੰ ਭਾਗ ਲਾਏ ਜਿਥੇ ਅਜ ਮੋਤੀ ਬਾਗ ਹੈ। ਓਸ ਸਮੇਂ ਪਟਿਆਲਾ ਬਝਾ ਨਹੀਂ ਸੀ। ਮ: ਨਰਿੰਦਰ ਸਿੰਘ ਨੇ ਮ: ਕਰਮ ਸਿੰਘ ਦੇ ਬਣਾਏ ਹੋਏ ਗੁਰਦੁਆਰੇ ਦੇ ਪਾਸ ਹੀ ਸੁਧਾ ਸਰ ਨਾਮ ਦਾ ਤਾਲ ਬਣਵਾਇਆ। ਅੰਮ੍ਰਿਤ ਦੀਆਂ ੧੧ ਗਾਗਰਾਂ ਸ੍ਰੀ ਅੰਮ੍ਰਿਤਸਰ

Digitized by Panjab Digital Library | www.panjabdigilib.org

ਜੀ ਤੋਂ ਪਹਿਲੇ ਦਿਨ 'ਸੁਧਾ ਕੁੰਡ' ਵਿਚ ਪਾਈਆਂ ਗਈਆਂ ਅਤੇ ਗੁਰਦੁਆਰੇ ਦੀ ਗੋਲਕ ਕਾਇਮ ਕੀਤੀ ਗਈ ਜੋ ਅਜ ਤਕ ਚਲਦੀ ਹੈ।

## ੩੫. ਗੁਃ ਕਰਹਾਲੀ

ਰਾਜ ਪਟਿਆਲਾ ਵਿਚ ਸਮਾਣੇ ਤੋਂ ੩ ਕੋਹ ਪੂਰਬ ਥਾਣਾ ਦੂਹੜ ਪੁਰ ਦਾ ਇਕ ਪਿੰਡ ਇਸ ਥਾਂ ਨੌਵੇਂ ਸਤਿਗੁਰੂ ਬਿਰਾਜੇ ਹਨ। ਗੁਰਦੁਆਰਾ ਪਿੰਡ ਤੋਂ ੩ ਬੁਰਜੀਆਂ ਤੇ ਪੂਰਬ ਉੱਤਰ ਨੂੰ ਹੈ। ਰਿਆਸਤ ਵਲੋਂ ੧੫੦ ਵਿਘੇ ਜ਼ਮੀਨ ਗੁਰਦੁਆਰਾ ਦੇ ਨਾਉਂ ਹੈ। ਜੀਂਦ ਰਿਆਸਤ ਤੋਂ ੧੪) ਰੁਪਈਏ ਵਾਰਸਿਕ ਹੈ। ਰੇਲਵੇ ਸਟੇਸ਼ਨ ਪਟਿਆਲਾ ਤੋਂ ੧੧ ਮੀਲ ਹੈ।

## ੩੬. ਗੁਃ ਜੰਡ ਸਾਹਿਬ

ਰਿਆਸਤ ਪਟਿਆਲਾ ਤਹਿਸੀਲ ਥਾਣਾ ਘਨੌਰ ਦਾ ਇਕ ਪਿੰਡ ਜੰਡ ਮਘੌਲੀ ਹੈ। ਇਸ ਤੋਂ ਪਛਮ ਉਤਰ ਇਕ ਮੀਲ ਪੁਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਜੋ ਲੰਮੇ ਕਮਰੇ ਦੀ ਸ਼ਕਲ ਦਾ ਬਣਿਆ ਹੋਇਆ ਹੈ। ਪਾਸ ਕੁਝ ਰਿਹਾਇਸ਼ੀ ਮਕਾਨ ਹਨ। ੧੦੦ ਵਿਘੇ ਜ਼ਮੀਨ ਰਿਆਸਤ ਪਟਿਆਲੇ ਵਲੋਂ ਹੈ। ਪੁਜਾਰੀ ਸਿੰਘ ਸਾਹਿਬ ਜੀ ਹਨ। ਜੋੜ ਮੇਲਾ ਲੋਹੜੀ ਨੂੰ ਹੁੰਦਾ ਹੈ। ਰੇਲਵੇ ਸਟੇਸ਼ਨ ਸ਼ੰਭੂ ਤੋਂ ਦੱਖਣ ਪੱਛਮ ੩ ਮੀਲ ਹੈ।

## ੩੭. ਗੁਃ ਸਾਃ ਗੁਣੀਕੇ

ਨਾਭਾ ਰਾਜ ਵਿਚ ਨਜਾਮਤ ਅਮਲੋਹ, ਥਾਣਾ ਨਾਭਾ ਦਾ ਇਕ ਪਿੰਡ ਹੈ। ਪਿੰਡ ਤੋਂ ਦੱਖਣ ਵਲ ਇੱਕ ਫਰਲਾਂਗ ਪੁਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੁਝ ਚਿਰ ਬਰਾਜੇ ਹਨ। ਗੁਰਦੁਆਰੇ ਦੀ ਸੇਵਾ ਮਹਾਰਾਜਾ ਭਰਪੂਰ ਸਿੰਘ ਜੀ ਨੇ ਕਰਵਾਈ ਹੈ। ੨੭) ਰੁਪਈਏ ਰਿਆਸਤ ਵਲੋਂ ਸਾਲਾਨਾ ਮਿਲਦੇ ਹਨ ਰੇਲਵੇ ਸਟੇਸ਼ਨ ਨਾਭੇ ਤੋਂ ੬ ਮੀਲ ਪੱਛਮ ਹੈ।

## ੩੮. ਗੁਃ ਆਲੋਹਰਖ

ਆਲੋਹਰਖ ਰਿਆਸਤ ਪਟਿਆਲਾ ਨਜਾਮਤ ਸੁਨਾਮ ਤਹਿਸੀਲ, ਥਾਣਾ ਭਵਾਨੀ ਗੜ੍ਹ ਵਿਚ ਇੱਕ ਪਿੰਡ ਹੈ। ਇਸ ਪਿੰਡ ਤੋਂ ਦੱਖਣ ਵਲ ਅਧ ਮੀਲ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ 'ਗੁਣੀਕੇ' ਤੋਂ ਇਥੇ ਆਏ ਹਨ। ਉਸ ਜਗ੍ਹਾ ਗੁਰਦੁਆਰਾ ਬਹੁਤ ਸੁੰਦਰ ਸੰਮਤ ੧੯੬੬ ਵਿਚ ਨਗਰ ਤੇ ਇਲਾਕੇ ਨਿਵਾਸੀ ਸੰਗਤਾਂ ਨੇ ਬਣਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਸਰੂਪ ਪ੍ਰਕਾਸ਼ ਹੁੰਦੇ ਹਨ। ਜਿਸ ਜਗ੍ਹਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ ਪਾਉਣ ਵਾਲੀ ਥਾਂ ਹੈ, ਉਥੇ ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ। ਪਾਸ ਰਿਹਾਇਸ਼ੀ ਮਕਾਨ ਹਨ। ਗੁਰਦੁਆਰੇ ਦੇ ਨਾਮ ੧੨੫ ਵਿਘੇ ਜ਼ਮੀਨ ਰਿਆਸਤ ਪਟਿਆਲਾ ਵਲੋਂ ਹੈ। ਨਾਭਾ ਰੇਲਵੇ ਸਟੇਸ਼ਨ ਤੋਂ ੯ ਮੀਲ ਭਵਾਨੀ ਗੜ੍ਹ ਵਾਲੀ ਪੱਕੀ ਸੜਕ ਤੋਂ ਨੇੜੇ ਹੀ ਹੈ।

## ੩੯. ਗੁਃ ਸਾਃ ਗਾਗਾ

ਰਿਆਸਤ ਪਟਿਆਲਾ ਨਜਾਮਤ, ਤਹਿਸੀਲ ਅਤੇ ਥਾਣਾ ਸੁਨਾਮ ਵਿਚ ਇਕ ਪਿੰਡ ਹੈ, ਇਸ ਪਿੰਡ ਤੋਂ ਵਯਵੀ ਕੋਣ ਇਕ ਫਰਲਾਂਗ ਪੁਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਗੁਰੂ

Digitized by Panjab Digital Library | www.panjabdigilib.org

ਜੀ ਏਥੇ ਇਕ ਢਾਬ ਦੇ ਕਨਾਰੇ ਠਹਿਰੇ ਹਨ। ਗੁਰਦੁਆਰਾ ਅਤੇ ਰਹਾਇਸ਼ੀ ਮਕਾਨ ਚੰਗੇ ਬਣੇ ਹੋਏ ਹਨ। ਜਿਨ੍ਹਾਂ ਦੀ ਸੇਵਾ ਸਰਦਾਰ ਸੇਵਾ ਸਿੰਘ ਜੀ ਵਜ਼ੀਰ ਰਿਆਸਤ ਨਾਭਾ ਨੇ ਸੰਮਤ ੧੯੩੩ ਵਿਚ ਕਰਾਈ। ਗੁਰਦੁਆਰੇ ਨਾਲ ੭੫੦ ਵਿਘੇ ਜ਼ਮੀਨ ਰਿਆਸਤ ਪਟਿਆਲਾ ਵਲੋਂ ਹੈ, ਪੁਜਾਰੀ ਸਿੰਘ ਹੈ। ਰੇਲਵੇ ਸਟੇਸ਼ਨ ਲਹਿਰਾ ਮੁਹੱਬਤ ਤੋਂ ਪਛਮ ਡੇਢ ਮੀਲ ਦੇ ਕਰੀਬ ਹੈ।

## ੪੦. ਗੁ: ਸਮਾਣਾ (ਰਿਆਸਤ ਪਟਿਆਲਾ)

ਪਟਿਆਲੇ ਰਾਜ ਅੰਦਰ ਇੱਕ ਨਗਰ ਜੋ ਰਾਜਧਾਨੀ ਤੋਂ ੧੭ ਮੀਲ ਦੱਖਣ ਪਛਮ ਵਲ ਹੈ। ਦਿੱਲੀ ਦਾ ਪਹਿਲਾ ਸੁਲਤਾਨ ਕੁਤਬ ਦੀਨ (ਸਮਾਨਾ) ਦਾ ਬਸਾਇਆ ਹੋਣ ਕਰਕੇ ਉਸ ਦੇ ਗੋਤ ਦੇ ਨਾਉਂ ਤੇ 'ਸਮਾਣਾ' ਨਾਉਂ ਪਿਆ। ਇਸ ਥਾਂ ਬਰੀਕ ਬਸਤਰ ਬਹੁਤ ਚੰਗੇ ਬਣਿਆ ਕਰਦੇ ਸੀ। ਜਿਸ ਦਾ ਜ਼ਿਕਰ ਯੂਰਪ ਦੇ ਕਈ ਲੇਖਕਾਂ ਨੇ ਕੀਤਾ ਹੈ। ਸਮਾਣੇ ਦੇ ਵਸਨੀਕ ਜਲਾਲ ਦੀਨ ਜਲਾਦ ਦੀ ਤਲਵਾਰ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹੀਦ ਨਹੀਂ ਹੋਏ। ਜਲਾਦ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੁਕਮ ਦਿੱਤਾ ਸੀ ਕਿ ਤਲਵਾਰ ਦੀ ਧਾਰ ਤੇ ਕੱਚਾ ਧਾਗਾ ਲਪੇਟ ਲੈ, ਜੇ ਤਲਵਾਰ ਨਾਲ ਧਾਗਾ ਨਾ ਕਟਿਆ ਗਿਆ ਤਾਂ ਜ਼ਾਲਮ ਦੇ ਸਿਰ ਭਾਂਡਾ। ਸੋ ਜਲਾਦ ਨੇ ਜਦੋਂ ਤਲਵਾਰ ਚੱਕੀ, ਤਾਂ ਸੀਸ ਧੜ ਤੋਂ ਪਹਿਲਾਂ ਹੀ ਅੱਡ ਹੋ ਗਿਆ ਸੀ ਧਾਗਾ ਸਾਬਤ ਹੀ ਰਿਹਾ। ਜਲਾਦ ਤੇ ਦਰਬਾਰੀ ਚਕ੍ਰਿਤ ਹੋ ਗਏ। ਇਥੋਂ ਦੇ ਸੱਯਦਾਂ ਨੇ ਹੀ ਸ੍ਰੀ ਦਸਮੇਸ਼ ਦੇ ਛੋਟਿਆਂ ਦੁਲਾਰਿਆਂ ਦੇ ਵਿਰੁਧ ਨੀਹਾਂ ਵਿਚ ਚਿਣੇ ਜਾਣ ਦਾ ਫਤਵਾ ਦਿੱਤਾ ਸੀ। ਇਸ ਲਈ ਬੰਦਾ ਬਹਾਦਰ ਨੇ ਖਾਲਸੇ ਨਾਲ ਮਿਲ ਕੇ ਸੰ: ੧੭੬੬, (੧੭੦੮ ਈ:) ਵਿਚ ਏਸ ਨਗਰ ਨੂੰ ਫਤਹਿ ਕਰਕੇ ਪਾਪੀਆਂ ਨੂੰ ਕਰਮ ਫਲ ਭੁਗਤਾਇਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਹਾਦਰ ਗੜ੍ਹ ਤੋਂ ਚਲ ਕੇ ਸਮਾਣੇ ਪੁਜੇ ਸਨ। ਪਰ ਹੁਣ ਉਹ ਗੁਰ ਅਸਥਾਨ ਜਿੱਥੇ ਸ੍ਰੀ ਗੁਰੂ ਜੀ ਨੇ ਆਸਣ ਕੀਤਾ ਸੀ, ਸਮਾਣੇ ਦੀ ਹੱਦ ਤੋਂ ਬਾਹਿਰ ਹੈ।

## ੪੧. ਗੁ: ਫੱਗੂ ਵਾਲਾ

ਇਹ ਪਿੰਡ ਭਵਾਨੀ ਗੜ੍ਹ (ਢੋਡੇ) ਤੋਂ ੨ ਮੀਲ ਪੱਛੋਂ ਨੂੰ ਸੰਗਰੂਰ ਵਾਲੀ ਸੜਕ ਤੇ ਹੈ। ਜਦੋਂ ਇਹ ਪਿੰਡ ਅਜੇ ਬਸਿਆ ਨਹੀਂ ਸੀ, ਇਥੇ ਭਵਾਨੀ ਗੜ੍ਹ ਦੀ ਹੀ ਜੂਹ ਸੀ। ਢੋਡਿਆਂ ਤੋਂ ੨ ਮੀਲ ਦਖਣ ਨੂੰ ਇਕ ਢਾਬ ਦੇ ਕੰਢੇ ਸਤਿਗੁਰੂ ਆਣ ਵਿਰਾਜੇ। ਓਥੇ ਢੋਡਿਆਂ ਦਾ ੧ ਬ੍ਰਾਹਮਣ ਪੂਜਾ ਕਰਦਾ ਸਤਿਗੁਰਾਂ ਨੂੰ ਮਿਲਿਆ ਤਾਂ ਉਪਦੇਸ਼ ਲੈ ਕੇ ਸਿੱਖ ਹੋਇਆ। ਹੁਣ ਉਸ ਥਾਂ ਤੇ ਸਤਿਗੁਰਾਂ ਦਾ ਗੁਰਦੁਆਰਾ ਬਣਿਆ ਹੈ ਜਿਸ ਦੀ ਸੇਵਾ ਵਿਸ਼ੇਸ਼ ਕਰ ਕੇ ਗਿਆਨੀ ਸਾਧੂ ਸਿੰਘ ਅਤੇ ਹੋਰ ਪਿੰਡ ਦੀ ਸੰਗਤ ਨੇ ਕੀਤੀ ਹੈ।

## ੪੨. ਗੁ: ਘਰਾਚੋਂ

ਰਿਆਸਤ ਪਟਿਆਲਾ ਵਿਖੇ ਭਵਾਨੀ ਗੜ੍ਹ ਤੋਂ ਸੁਨਾਮ ਦੀ ਪੱਕੀ ਸੜਕ ਤੇ ੬ ਮੀਲ ਦੀ ਵਿੱਥ ਤੇ ਇਹ ਗ੍ਰਾਮ ਹੈ। ਏਥੇ ਗੁਰੂ ਤੇਗ ਬਹਾਦਰ ਸਾਹਿਬ ਜੀ ਢੋਡਿਆਂ ਤੋਂ ਹੁੰਦੇ ਹੋਏ ਬਿਰਾਜੇ ਸਨ। ਨਿਸ਼ਾਨ ਸਾਹਿਬ ਸਾਧਾਰਣ ਰੂਪ ਵਿਚ ਕਾਇਮ ਰਿਹਾ। ਹੁਣ ਥੋੜੇ ਚਿਰ ਤੋਂ ਓਥੇ ਸੰਗਤ ਨੇ ਗੁਰਦੁਆਰਾ ਬਣਾਇਆ ਹੈ। ਥੋੜੀ ਜਿਹੀ ਜ਼ਮੀਨ ਏਸ ਅਸਥਾਨ ਦੇ ਨਾਉਂ ਉਦੋਂ ਤੋਂ ਚਲੀ ਆਉਂਦੀ ਹੈ। ਜੋ ਪਹਿਲਾਂ ਬਹੁਤੀ ਸੀ। ਸੁਲਤਾਨੀਆਂ ਤੇ ਅੰਨਮਤੀਆਂ ਨੇ ਹੁਣ ਤਾਂਈਂ ਪ੍ਰਸਿੱਧ ਨਹੀਂ ਹੋਣ ਦਿਤ

Digitized by Panjab Digital Library | www.panjabdigilib.org

ਇਸ ਕਰਕੇ ਭੋਇੰ ਭੀ ਖੁੱਸ ਚੁਕੀ ਹੈ।

## ੪੩. ਗੁ: ਮੰਗਵਾਲ

ਘਰਾਚੋਂ ਤੋਂ ਚਲ ਕੇ ਆਪ ਮੰਗਵਾਲ (ਸੰਗਰੂਰ ਤੋਂ ੨ ਮੀਲ ਪੂਰਬ ਨੂੰ) ਆ ਬਿਰਾਜੇ। ਏਥੇ ਪਹਿਲੇ ਅਤੇ ਛੇਵੇਂ ਪਾਤਸ਼ਾਹ ਆਏ ਸਨ। ਓਥੇ ਦੀ ਯਾਤਰਾ ਕਰਦੇ ਹੋਏ ਓਸੇ ਦਿਨ ਅਕੋਈ ਜਾ ਠਹਿਰੇ। ਓਥੋਂ ਤੀਜੇ ਦਿਨ ਕਾਂਝਲੇ ਦੇ ਝਿੜੇ ਵਿਚ ਦਰਸ਼ਨ ਦਿਤੇ।

## ੪੪. ਗੁ: ਕਾਂਝਲਾ

ਏਸ ਝਿੜੇ ਵਿਚ ਪਹਿਲੇ ਅਤੇ ਛੇਵੇਂ ਪਾਤਸ਼ਾਹ ਭੀ ਆਏ ਸੀ। ੯ਵੇਂ ਗੁਰੂ ਸਾਹਿਬ ਜੀ ਭੀ ਏਥੇ ਪਧਾਰੇ। ਸੰਗਤ ਨੇ ਚੰਗੀ ਸ਼ਰਧਾ ਨਾਲ ਸੇਵਾ ਕੀਤੀ ਅਤੇ ਬੇਨਤੀ ਕੀਤੀ-'ਸਚੇ ਪਾਤਸ਼ਾਹ ਛੇਵੇਂ ਗੁਰੂ ਸਾਹਿਬਾਂ ਦਾ ਏਸ ਪਿੰਡ ਨੂੰ ਕੋਹੜੀ ਹੋ ਜਾਣ ਦਾ ਸਰਾਪ ਹੈ। ਅਸਾਡੇ ਹਰ ਸਾਲ ਇਕ ਕੋਹੜੀ ਹੁੰਦਾ ਹੈ ਅਤੇ 'ਕਾਂਝਲੇ ਦੇ ਕੋਹੜੀ' ਸਾਰੇ ਮਸ਼ਹੂਰ ਹੋ ਗਏ ਹਨ। ਮਹਾਰਾਜ! ਸਰਾਪ ਮੋੜਨ ਦੀ ਕ੍ਰਿਪਾਲਤਾ ਕਰੋ।' ਤਾਂ ਮਹਾਰਾਜ ਆਖਣ ਲਗੇ-'ਹੁਣ ਕੋਈ ਕੋਹੜੀ ਨਹੀਂ ਹੋਵੇਗਾ ਪਰ ਕਾਂਝਲੇ ਦੇ ਕੋਹੜੀ ਇਹ ਪ੍ਰਸਿਧੀ ਛੇਵੇਂ ਸਤਿਗੁਰਾਂ ਦੇ ਬਚਨਾਂ ਤੋਂ ਜ਼ਰੂਰ ਬਣੀ ਰਹੇਗੀ। ਸੋ ਓਵੇਂ ਹੋਇਆ। ਸੰਤ ਬਿਸ਼ਨ ਸਿੰਘ (ਕਾਂਝਲਾ) ਹੁਰਾਂ ਨੇ ਗੁਰਦੁਆਰੇ ਦੀ ਆਬਾਦੀ ਤੇ ਪ੍ਰਸਿਧੀ ਬਹੁਤ ਕੀਤੀ ਹੈ।

## ੪੫. ਗੁ: ਮੂਲੋਵਾਲ

ਅਲਾਲ ਸਟੇਸ਼ਨ ਤੋਂ ਡੇਢ ਮੀਲ ਦੱਖਣ ਨੂੰ ਇਹ ਪਿੰਡ ਹੈ। ਕਾਂਝਲੇ ਤੋਂ ਚਲ ਕੇ ਗੁਰੂ ਜੀ ਏਥੇ ਇਕ ਖੂਹ ਤੇ ਆ ਬੈਠੇ, ਜੋ ਮੋਹੜਿਆਂ ਨਾਲ ਬੰਦ ਕੀਤਾ ਸੀ। ਮਹਾਰਾਜ ਨੇ ਲੋਕਾਂ ਨੂੰ ਆਖਿਆ, ਪਾਣੀ ਪਲਾਓ, ਲੋਕਾਂ ਕਿਹਾ ਜੀ! ਇਹ ਖੂਹ ਦਾ ਪਾਣੀ ਖਾਰਾ ਹੈ। ਤਾਂ ਗੁਰੂ ਜੀ ਨੇ ਚੂਲਾ ਕਰਕੇ ਮੂੰਹ ਧੋ ਕੇ ਆਖਿਆ ਇਹ ਤਾਂ ਮਿੱਠਾ ਹੈ। ਇਹ ਵਾਰਤਾ ਹੁਣ ਤਕ ਪ੍ਰਸਿੱਧ ਹੈ।ਫੇਰ ਗੁਰੂ ਜੀ ਨੇ ਆਖਿਆ-ਏਥੇ ਨੌਂ ਖੂਹ ਲਗਣਗੇ। ਏਸੇ ਤਰਾਂ ਹੋਇਆ, ਜਦੋਂ ਕੋਈ ਦਸਵਾਂ ਲਾਉਂਦਾ ਹੈ ਤਾਂ ਨਿਘਰ ਜਾਂਦਾ ਹੈ। ਫੇਰ ਗੁਰੂ ਜੀ ਨੇ ਬਣ ਹੇਠ ਡੇਰਾ ਕੀਤਾ। ਓਥੇ ਦਾ ਚੌਧਰੀ ਗੋਂਦਾ ਆਖਣ ਲਗਾ, ਇਹ ਥਾਂ ਤਾਂ ਸੁਲਤਾਨ ਦਾ ਹੈ। ਮਹਾਰਾਜ ਆਖਿਆ, ਇਹ ਹੁਣ ਗੁਰੂ ਕਾ ਹੋਇਆ। ਤਾਂ ਮਹਾਰਾਜ ਨੇ ਲੋਕਾਂ ਨੂੰ ਸਿੱਖ ਬਣਾ ਕੇ ਉਨ੍ਹਾਂ ਦੇ ਸੱਤਾਂ ਥਾਵਾਂ ਨੂੰ ਪੱਗਾਂ ਦਿੱਤੀਆਂ।

## ੪੬. ਗੁ: ਰਾਜੋ ਮਾਜਰਾ

ਰਾਜ ਪਟਿਆਲਾ, ਨਜ਼ਾਮਤ ਸੁਨਾਮ, ਤਹਿਸੀਲ ਅਤੇ ਥਾਣਾ ਧੂਰੀ ਦਾ ਇਕ ਪਿੰਡ ਹੈ, ਜੋ ਰੇਲਵੇ ਸਟੇਸ਼ਨ ਧੂਰੀ ਤੋਂ ੪ ਮੀਲ ਦਖਣ ਪੱਛਮ ਵਲ ਹੈ। ਏਸ ਪਿੰਡ ਤੋਂ ਉੱਤਰ ਪੂਰਬ ਕੋਲ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਿਰਾਜੇ ਸਨ। ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ। ੨੦ ਵਿਘੇ ਜ਼ਮੀਨ ਪਿੰਡ ਵਲੋਂ ਹੈ। ਪੁਜਾਰੀ ਸਿੰਘ ਸਾਹਿਬ ਜੀ ਹਨ।

## ੪੭. ਗੁ: ਸੇਖਾ

ਮੂਲੋਵਾਲ ਮਹਾਰਾਜ ਨੌਂ ਦਿਨ ਰਹਿ ਕੇ ਸੇਖੇ ਗਏ ਤਾਂ ਜਵੰਧਿਆਂ ਦੇ ਓਥੇ ੨੨ ਪਿੰਡ ਸੀ। ਉਨ੍ਹਾਂ ਦਾ ਚੌਧਰੀ ਤਲੋਕਾ ਸੀ। ਉਹਨਾਂ ਨੇ ਗੁਰੂ ਜੀ ਦੀ ਸੇਵਾ ਨਾ ਕੀਤੀ, ਤਾਂ ਉਸ ਦੇ ਦੱਖਣ ਦੇ ਪਾਸੇ

Digitized by Panjab Digital Library | www.panjabdigilib.org

ਢਾਬ ਉਤੇ ਗੁਰੂ ਜੀ ਨੇ ਡੇਰਾ ਕੀਤਾ। ਓਥੇ 'ਦੁਰਗੂ' ਨਾਮੇ ਇਕ (ਹਰੀਕਾ) ਜੱਟ ਰਹਿੰਦਾ ਸੀ ਓਸ ਨੇ ਸੇਵਾ ਕੀਤੀ। ਓਸ ਤੇ ਖੁਸ਼ ਹੋਏ, ਜਵੰਧਿਆਂ ਤੇ ਕੋਪ ਹੋਏ, ਜੋ ਮਾਧੋ ਦਾਸ ਬੈਰਾਗੀ ਦੇ ਸਿੱਖ ਸਨ। ਮਹਾਰਾਜ ਨੇ ਜਵੰਧਿਆਂ ਦੇ ਜਮਾਈ ਉਤੇ ਖੁਸ਼ੀ ਕੀਤੀ। ਉਸ ਨੇ ਸੇਵਾ ਕੀਤੀ ਸੀ। ਓਸ ਨੂੰ ਗੁਰੂ ਜੀ ਨੇ ਕਿਹਾ ਤੂੰ ਏਥੋਂ ਅਪਣੇ ਪਿੰਡ ਨੂੰ (ਦੁਆਬੇ) ਚਲਿਆ ਜਾ। ਜਵੰਧਿਆਂ ਨਾਲ ਸੈਦ ਪੁਰ (ਏਮਨਾਬਾਦ) ਵਾਲੀ ਹੋਣੀ ਹੈ, ਤਾਂ ਦਿਨ ਪਾ ਕੇ ਸ਼ੇਖਾਂ ਦੀਆਂ ਫੌਜਾਂ ਨੇ ਜਵੰਧੇ ਉਜਾੜ ਦਿਤੇ। ਫੇਰ ਹੰਢਿਆਏ ਜਾਂਦਿਆਂ ਤੋਂ ਜਵੰਧਿਆਂ ਨੇ ਮਹਾਰਾਜ ਤੋਂ ਭੁੱਲ ਬਖਸ਼ਾਈ, ਤਾਂ ਬਚਨ ਹੋਇਆ—ਭਾਈ ਤੁਸੀਂ ਉਜੜੋਗੇ ਤਾਂ ਜ਼ਰੂਰ, ਪਰ ਜਿਥੇ ਜਾਓਗੇ ਸਰਦਾਰੀ ਕਾਇਮ ਰਹੂ। ਗੁਜਰਾਨ ਚੰਗੀ ਹੋਊ, ਸਾਰੇ ਉਘਾੜ ਹੋਵੋਗੇ। ਸੋ ਗੁਰੂ ਜੀ ਦਾ ਬਚਨ ਸੱਤ ਹੋਇਆ। ਜਵੰਧੇ ਸੇਖਾਂ ਦੇ ਉਜਾੜੇ ਹੋਏ ਸਹਾਰਨ ਪੁਰ ਦੇ ਜ਼ਿਲੇ ਵਿਚ ਪਨਿਆਲੀ (ਕਾਸਮ ਪੁਰ) ਪਿੰਡ ਦੇ ਗੁੱਜਰਾਂ ਨੂੰ ਭਜਾ ਕੇ ਓਥੇ ਦੇ ਮਾਲਕ ਬਣੇ। ਜੋ ਹੁਣ ਬਹੁਤ ਸਾਰੇ ਸਿੱਖ ਹੋ ਕੇ ਫੌਜ ਵਿਚ ਭਰਤੀ ਹੋਏ। ਭਾਃ ਸ਼ਾਮ ਸਿੰਘ, ਈਸ਼ਰ ਸਿੰਘ, ਬਦਨ ਸਿੰਘ, ਕੇਸਰ ਸਿੰਘ ਅਤੇ ਧਿਆਨ ਸਿੰਘ (ਥਿੰਦ) ਸੈਂਕੜੇ ਹੀ ਓਥੇ ਸਿੰਘ ਹਨ, ਜੋ ਸਿੱਖ ਸੇਵਕ ਜਥਾ ਜ਼ਿਲਾ ਲੁਧਿਆਣੇ ਨੇ ਭਾਃ ਸ਼ਾਮ ਸਿੰਘ ਨਿਹੰਗ ਦੀ ਰਾਹੀਂ ਸਿੰਘ ਬਣਾਏ ਅਤੇ ਇਕ ਗੁਰਦੁਆਰਾ ਭੀ ਓਸੇ ਜਥੇ ਨੇ ਬਣਾਇਆ। ਇਹ ਪਿੰਡ 'ਨਾਗਲ' ਦੇ ਸਟੇਸ਼ਨ ਤੋਂ ੩ ਮੀਲ ਪੂਰਬ ਨੂੰ ਹੈ।

## ੪੮. ਗੁਃ ਭੈਣੀ

ਗੁਰੂ ਜੀ ਮੂਲੇਵਾਲ ਤੋਂ ਚਲੇ ਤਾਂ ਭੈਣੀ ਕੋਲ ਜਾ ਕੇ ਮਹਾਰਾਜ ਦੇ ਘੋੜੇ ਦੇ ਸੂਲ ਹੋ ਗਿਆ। ਮਹਾਰਾਜ ਓਥੇ ਅਟਕ ਗਏ। ਓਥੇ ਗੁਰੂ ਕਾ ਅਸਥਾਨ ਬਣਿਆ ਹੋਇਆ ਹੈ।

## ੪੯. ਗੁਃ ਹੰਢਿਆਇਆ

ਸੇਖੇ ਤੋਂ ਚਲ ਕੇ ਆਪ ਹੰਢਿਆਏ ਪਿੰਡ ਕੋਲ ਝਿੜੀ ਵਿਚ ਛਪੜੀ ਦੇ ਕੰਢੇ ਬੈਠ ਗਏ। ਗੁਰੂ ਕੇ ਹਜ਼ੂਰ ਕੁੰਭੜਵਾਲ ਦੇ ਜਵੰਧੇ ਦੁਧ-ਦਹੀ ਲੈ ਕੇ ਆਏ। ਉਨ੍ਹਾਂ ਤੇ ਗੁਰੂ ਸਾਹਿਬ ਖੁਸ਼ ਹੋਏ ਅਤੇ ਬਚਨ ਕੀਤਾ ਤੁਸੀਂ ਸੁਖੀ ਰਹੋਗੇ। ਕੋਈ ਬਿਪਤਾ ਨਹੀਂ ਆਵੇਗੀ। ਤਾਂ ਸੇਖਾਂ ਦੀਆਂ ਫੌਜਾਂ ਨੇ ਉਨ੍ਹਾਂ ਨੂੰ ਕੁਝ ਨਾ ਕਿਹਾ। ਹੰਢਿਆਏ ਦੇ ਲੋਕਾਂ ਨੇ ਕੋਈ ਸੇਵਾ ਨਾ ਕੀਤੀ ਸਗੋਂ ਮਹਾਰਾਜ ਦੇ ਰਥਵਾਨ ਨੂੰ ਬਲਦ ਚਾਰਨ ਤੇ ਫੜ ਕੇ ਘਸੀਟਿਆ ਤਾਂ ਝਟ ਬੀਮਾਰੀ ਪੈ ਗਈ, ਲਗੇ ਮਰਨ। ਇਕ ਜ਼ਿਮੀਂਦਾਰ ਗੁਰੂ ਜੀ ਪਾਸ ਆ ਕੇ ਆਖਣ ਲਗਾ ਜੀ! ਗਲ ਸੁਜ ਕੇ ਬੰਦੇ ਮਰ ਰਹੇ ਹਨ। ਤਾਂ ਮਹਾਰਾਜ ਨੇ ਆਖਿਆ—ਭਾਈ! ਕਿਸੇ ਸਿਖ ਨੂੰ ਦੁਖ ਦਿਤਾ ਹੋਊ। ਫੇਰ ਓਸ ਦੇ ਬੇਨਤੀ ਕਰਨ ਤੇ ਗੁਰੂ ਜੀ ਨੇ ਹੁਕਮ ਕੀਤਾ ਕਿ ਏਸ ਚਮਾਰਾਂ ਦੀ ਛਪੜੀ ਵਿਚ ਨ੍ਹਾਉ, ਬੀਮਾਰੀ ਹਟੇਗੀ। ਸੋ ਇਸੇ ਤਰ੍ਹਾਂ ਹੋਇਆ। ਇਹ ਗਲ ਸਾਰੇ ਪ੍ਰਸਿਧ ਹੈ। ਗੁਰਦੁਆਰਾ ਬਹੁਤ ਸੁੰਦਰ ਬਣਿਆ ਹੋਇਆ ਹੈ ਅਤੇ ੨੫੦ ਘੁਮਾਂ ਜ਼ਮੀਨ ਰਿਆਸਤ ਵਲੋਂ ਹੈ। ਸਟੇਸ਼ਨ ਹੰਢਿਆ ਤੋਂ ੧ ਮੀਲ ਹੈ। ਮਹਾਰਾਜ ਦੇ ਬਚਨਾਂ ਕਰ ਕੇ ਇਹ ਪਿੰਡ ਬਹੁਤ ਵਸਿਆ ਹੈ।

## ੫੦. ਗੁਃ ਢਿਲਵਾਂ

(ੳ) ਰਿਆਸਤ ਨਾਭਾ ਨਜ਼ਾਮਤ ਫੂਲ ਤਹਿਸੀਲ ਅਤੇ ਥਾਣਾ ਧਨੌਲਾ ਵਿਚ ਇਕ ਪਿੰਡ ਹੈ ਨਾਭੇ ਅਤੇ ਪਟਿਆਲੇ ਦੇ ਰਿਆਸਤਾਂ ਦਾ ਸਾਂਝਾ ਹੈ ਨਾਭਾ ਪਤੀ ਦੀ ਹਦ ਵਿਚ ਦੋ ਗੁਰਦੁਆਰੇ ਹਨ।

Digitized by Panjab Digital Library | www.panjabdigilib.org

ਪਿੰਡ ਤੋਂ ਅਗਣ ਕੋਟ ੧ ਮੀਲ ਦੇ ਕਰੀਬ ਜਿਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧੌਲੇ ਤੋਂ ਆਉਂਦੇ ਪੰਜ ਅਸ਼ਨਾਨਾ ਕਰਕੇ ਥੋੜਾ ਸਮਾਂ ਆਰਾਮ ਕੀਤਾ, ਇਥੇ ਕੇਵਲ ਮੰਜੀ ਸਾਹਿਬ ਬਣਿਆ ਹੈ, ਸੇਵਾਦਾਰ ਕੋਈ ਨਹੀਂ, ਰਿਆਸਤ ਨਾਭਾ ਵਲੋਂ ੧੨੫ ਰੁਪਏ ਧੂਪ ਦੀਪ ਦੇ ਖਰਚ ਲਈ ਲੱਗੇ ਹੋਏ ਹਨ।

(ਅ) ਪਿੰਡ ਤੋਂ ਦੱਖਣ ਵਲ ਇਕ ਫਰਲਾਂਗ ਪੁਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ ਜਿਥੇ ਸ੍ਰੀ ਗੁਰੂ ਜੀ ਨੇ ਕਈ ਦਿਨ ਸੰਗਤਾਂ ਨੂੰ ਨਿਹਾਲ ਕੀਤਾ, ਉਸ ਜਗ੍ਹਾ ਗੁਰਦੁਆਰਾ ਛੋਟਾ ਜੇਹਾ ਬਣਿਆ ਹੈ।

## ੫੧. ਗੁਃ ਭੰਦੇਰ

ਰਿਆਸਤ ਨਾਭਾ, ਨਜ਼ਾਮਤ ਫੂਲ, ਥਾਣਾ ਧਨੌਲਾ ਦਾ ਇੱਕ ਪਿੰਡ ਭੰਦੇਰ ਜੱਟਾਂ ਦਾ ਵਸਾਇਆ ਜੋ ਰੇਲਵੇ ਸਟੇਸ਼ਨ ਬਰਨਾਲੇ ਤੋਂ ੧੫ ਮੀਲ ਦੱਖਣ ਹੈ। ਇਸ ਥਾਂ ਸ੍ਰੀ ਗੁਰੂ ਤੇਗ ਬਹਾਦਰ ਮੌੜ ਪਿੰਡ ਤੋਂ ਚਲਕੇ ਆਏ ਹਨ। ਲੋਕਾਂ ਨੂੰ ਸ਼ਰਧਾ ਹੀਨ ਜਾਣ ਕੇ ਡੇਰਾ ਨਹੀਂ ਕੀਤਾ ਜਿਥੇ ਕੁਝ ਸਮਾਂ ਘੋੜਾ ਠਹਿਰਾਇਆ ਹੈ, ਉਥੇ ਹੁਣ ਗੁਰਦੁਆਰਾ ਹੈ। ਪਾਸ ਰੈਹਣ ਦੇ ਮਕਾਨ ਹਨ ਰਿਆਸਤ ਨਾਭੇ ਵਲੋਂ ੧੮੩ ਵਿਘੇ ਜ਼ਮੀਨ ਹੈ। ਪੁਜਾਰੀ ਸਿੰਘ ਇਸ ਪਿੰਡ ਨੂੰ ਪੰਧੇਰ ਭੀ ਆਖਦੇ ਹਨ। ਭੰਦੇਰ ਤੋਂ ਚਲ ਕੇ ਗੁਰੂ ਸਾਹਿਬ ਜੀ ਨੇ ਡੇਰਾ ਅਲੀਸ਼ੇਰ ਕੀਤਾ।

## ੫੨. ਗੁਃ ਸਾਃ ਤੱਪਾ

ਰਿਆਸਤ ਪਟਿਆਲਾ ਦੀ ਨਜ਼ਾਮਤ ਧਨੌਲਾ ਦਾ ਇਕ ਪਿੰਡ ਜੋ ਹੁਣ ਬਠਿੰਡਾ—ਰਾਜ ਪੁਰਾ ਲਾਈਨ ਪਰ ਰੇਲਵੇ ਸਟੇਸ਼ਨ ਹੈ। ਇਸ ਨਗਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਾਲਵੇ ਨੂੰ ਕ੍ਰਿਤਾਰਥ ਕਰਦੇ ਹੋਏ ਬਿਰਾਜੇ ਹਨ। ਮਹਾਰਾਜਾ ਕਰਮ ਸਿੰਘ ਜੀ ਨੇ ਹਰਿਮੰਦਰ ਸਾਹਿਬ ਪੱਕਾ ਬਣਾਇਆ ਅਤੇ ਨਾਲੇ ਜ਼ਮੀਨ ਲਾਈ।

## ੫੩. ਗੁ: ਜੋਗਾ

ਰੱਲੇ ਤੇ ਬਾਹਰ ਦੂਰ ਇਕ ਥੇਹ ਤੇ ਗੁਰੂ ਜੀ ਨੇ ਡੇਰਾ ਕੀਤਾ। ਓਥੇ ਰੱਲੇ ਵਾਲੇ ਚੌਧਰੀ ਦੇ ਭਤੀਜੇ ਜੁਗਰਾਸ (ਜੁਗਰਾਜ) ਨੇ ਆ ਮੱਥਾ ਟੇਕਿਆ। ਤਾਂ ਸਾਹਿਬਾਂ ਆਖਿਆ, ਭਾਈ! ਇਸ ਥੇਹ ਤੇ ਤੂੰ ਪਿੰਡ ਬਸਾ ਲੈ, ਇਹ ਬੜਾ ਬਰਕਤ ਵਾਲਾ ਤੇ ਅਜੀਤ ਹੈ। ਤਾਂ ਨਗਰ ਜੋਗਾ ਓਸ ਨੇ ਉਥੇ ਬਸਾਇਆ। ਜ਼ਮੀਨ ੨੩ ਘੁਮਾਂ ਪਿੰਡ ਵਲੋਂ ਹੈ। ਜੋਗੇ ਤੋਂ ਅਗੇ ਆਪ ਨੇ 'ਭੁਮਾਲ' ਡੇਰਾ ਕੀਤਾ, ਓਥੇ ਗੁਰੂ ਕਾ ਨਿਸ਼ਾਨ ਹੈ।

## ੫੪. ਗੁ: ਭੁਪਾਲਾ

ਰਾਜ ਪਟਿਆਲਾ, ਨਜ਼ਾਮਤ ਬਰਨਾਲਾ, ਤਹਿਸੀਲ ਮਾਨਸਾ ਦਾ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਮਾਨਸਾ ਤੋਂ ੭ ਮੀਲ ਉਤਰ ਨੂੰ ਹੈ। ਇਸ ਪਿੰਡ ਤੋਂ ਉਤਰ ਪੂਰਬ ਪਾਸੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇਕ ਰਾਤ ਬਿਰਾਜੇ ਸਨ। ਮੰਜੀ ਸਾਹਿਬ ਬਣਿਆ ਹੋਇਆ ਹੈ। ੫੦ ਘੁਮਾਂ ਜ਼ਮੀਨ ਰਿਆਸਤ ਪਟਿਆਲਾ ਵਲੋਂ ਗੁਰਦੁਆਰੇ ਦੇ ਨਾਉਂ ਹੈ। ਪੂਜਾਰੀ ਸਿੰਘ ਹੈ। ਭੂਪਾਲਾਂ ਨੂੰ

Digitized by Panjab Digital Library | www.panjabdigilib.org

'ਭੁਪਾਲ' ਵੀ ਆਖਦੇ ਹਨ ।

## ੫੫. ਗੁ: ਖੀਵਾ

ਏਥੇ ਇਕ ਜਟ ਸੰਘੂ ਆਪ ਨੂੰ ਮਿਲਿਆ । ਓਸ ਨੇ ਗੁਰੂ ਜੀ ਦਾ ਡੇਰਾ ਕਰਵਾਇਆ । ਘਾਹੁ-ਪਠੇ ਤੇ ਲਕੜੀ ਦਾਣੇ ਦੀ ਟਹਿਲ ਕੀਤੀ ਤੇ ਫੇਰ ਉਠ ਚਲਿਆ । ਪੁਛਣ ਤੇ ਆਖਿਆ, ਜੀ ਕਿਸੇ ਬਾਲਕ ਦੇ ਮੰਗਣੇ ਦੀ ਸੱਕਰ ਵੰਡੀਦੀ ਹੈ । ਮਹਾਰਾਜ ਨੇ ਆਖਿਆ ਤੇਰੇ ਦੋ ਵਰਤਾਰੇ ਹੋਇਆ ਕਰਨਗੇ ਤੂੰ ਗੁਰੂ ਕੀ ਟਹਿਲ ਵਿਚ ਰਹੁ । ਉਥੇ ਗੁਰੂ ਕਾ ਅਸਥਾਨ ਬਣਿਆ ਹੋਇਆ ਹੈ ।

## ੫੬. ਗੁ: ਖੀਵਾ ਵਡਾ

ਪਟਿਆਲਾ ਰਾਜ ਦੀ ਬਰਨਾਲਾ ਨਜ਼ਾਮਤ, ਥਾਣਾ ਮਾਨਸਾ ਦਾ ਇਕ ਪਿੰਡ ਹੈ । ਜੋ ਰੇਲਵੇ ਸਟੇਸ਼ਨ ਮਾਨਸਾ ਤੋਂ ੭ ਮੀਲ ਦੱਖਣ ਪੱਛੋਂ ਨੂੰ ਹੈ । ਇਥੇ ਨੌਵੇਂ ਸਤਿਗੁਰੂ ਵਿਰਾਜੇ ਸਨ । ਰਿਆਸਤ ਵਲੋਂ ਗੁਰਦੁਆਰਿਆਂ ਨੂੰ ੧੫੦ ਘੁਮਾਂ ਜ਼ਮੀਨ ਹੈ । ਪੁਜਾਰੀ ਸਿੰਘ ਹੈ ।

## ੫੭. ਗੁ: ਸਮਰਾਉ

ਅਗੇ ਆਪ ਸਮਰਾਵੀਂ ਬਾਹਰ ਦੂਰ ਜਾ ਵਿਰਾਜੇ । ਓਥੇ ਆਪ ਨੂੰ ਕਾਬਲ ਦੀ ਸੰਗਤ ਆ ਮਿਲੀ । ਮੇਵੇ ਭੇਟ ਕੀਤੇ । ਦਰਸਨ-ਕੀਰਤਨ-ਸਤਿਸੰਗ ਕਰ ਕੇ ਨਿਹਾਲ ਹੋਏ । ਇਹ ਵੇਖ ਕੇ ਖੇਤ ਵਾਹੁਣ ਵਾਲਾ ਜ਼ਿਮੀਂਦਾਰ ਗੁਰੂ ਜੀ ਪਾਸ ਪ੍ਰਸਾਦਾ, ਲੱਸੀ ਤੇ ਦੁਧ (ਅਪਣਾ) ਲੈ ਕੇ ਹਾਜ਼ਿਰ ਹੋਇਆ । ਤਾਂ ਮਹਾਰਾਜ ਨੇ ਉਹ ਅੰਗੀਕਾਰ ਕੀਤਾ ਅਤੇ ਉਸ ਨੂੰ ਭੀ ਛਕਾਇਆ ਅਤੇ ਵਰ ਦਿੱਤਾ—'ਤੇਰੇ ਦੁਧ ਦਹੀ ਦੀ ਤੋਟ ਨ ਆਊਗੀ ।' ਲੋਕ ਬਹੁਤ ਸਿੱਖ ਹੋਏ ।

## ੫੮. ਗੁ: ਖਿਆਲਾ

ਰਾਜ ਪਟਿਆਲਾ, ਨਜ਼ਾਮਤ ਬਰਨਾਲਾ, ਥਾਣਾ ਮਾਨਸਾ ਦੇ ਖਿਆਲਾ ਨਾਉਂ ਦੇ ਤਿੰਨ ਪਿੰਡ ਹਨ ਜਿਨ੍ਹਾਂ ਦੇ ਵਿਚਕਾਰ ਨੌਵੇਂ ਸਤਿਗੁਰੂ ਵਿਰਾਜੇ ਸਨ । ਗੁਰੂ ਸਾਹਿਬ ਨੇ ਇਸ ਥਾਂ ਹੁਕਮ ਦੇ ਕੇ ਇਕ ਖੂਹ ਤੇ ਬੋਹੜ ਦਾ ਬਿਰਛ ਲਗਵਾਇਆ, ਜੋ ਹੁਣ ਤਕ ਹਨ । ਪਟਿਆਲੇ ਵਲੋਂ ੧੫੦ ਘੁਮਾਂ ਜ਼ਮੀਨ ਗੁਰਦੁਆਰੇ ਦੇ ਨਾਉਂ ਹੈ । 'ਖਿਆਲਾ ਵਡੇ' ਵਿਚ ਬ੍ਰਾਹਮਣੀ ਦੇ ਘਰ ਗੁਰੂ ਤੇਗ ਬਹਾਦਰ ਜੀ ਵਲੋਂ ਬਖਸ਼ਿਆ ਹੋਇਆ ਕਟੋਰਾ ਹੈ । ਰੇਲਵੇ ਸਟੇਸ਼ਨ ਮਾਨਸਾ ਤੋਂ ਉਤਰ ਵਲ ਚਾਰ ਮੀਲ ਹੈ ।

## ੫੯. ਗੁ: ਅਲੀ ਸ਼ੇਰ

ਰਿਆਸਤ ਪਟਿਆਲਾ ਨਜ਼ਾਮਤ ਬਰਨਾਲਾ, ਥਾਣਾ ਮਾਨਸਾ ਵਿਚ ਇੱਕ ਪਿੰਡ, ਜੋ ਪੰਧੇਰ ਤੋਂ ੩ ਮੀਲ ਦੱਖਣ ਨੂੰ ਹੈ । ਇਸ ਥਾਂ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਹਨ । ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ । ਰਿਆਸਤ ਵਲੋਂ ੨੫ ਰੁਪਏ ਸਾਲਾਨਾ ਮਿਲਦੇ ਹਨ । ਰੇਲਵੇ ਸਟੇਸ਼ਨ ਮਾਨਸਾ ਤੋਂ ੧੧ ਮੀਲ ਉੱਤਰ ਵਲ ਹੈ ।

## ੬੦. ਗੁ: ਮਕੋਰੜ

ਇੱਕ ਪਿੰਡ ਜੋ ਪਟਿਆਲਾ ਰਾਜ ਵਿਚ ਮੂਣਕ ਕੋਲ ਰੇਲਵੇ ਸਟੇਸ਼ਨ ਢਹਾਨਾ ਤੋਂ ਪੂਰਬ ਤਿੰਨ

Digitized by Panjab Digital Library | www.panjabdigilib.org

ਮੀਲ ਹੈ। ਇਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਪਧਾਰੇ ਹਨ, ਪਰ ਸੰਗਤ ਦੀ ਅਨਗਹਿਲੀ ਕਰਕੇ ਗੁਰਦੁਆਰੇ ਦਾ ਖਾਸ ਪ੍ਰਬੰਧ ਨਹੀਂ।

## ੬੧. ਗੁਃ ਸਮਾਯਾ

ਰਾਜ ਪਟਿਆਲਾ ਨਜਾਮਤ ਬਰਨਾਲਾ ਤਹਿਸੀਲ ਮਾਨਸਾ ਦਾ ਇੱਕ ਪਿੰਡ ਜਿਸ ਨੂੰ 'ਮਮਾਯਾ' ਵੀ ਸਦਦੇ ਹਨ। ਇਸ ਦੇ ਚੜ੍ਹਦੇ ਪਾਸੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਵਡੇ 'ਖੀਵੇ' ਤੋਂ ਆ ਕੇ ਰਹੇ ਸਨ, ਤਾਂ ਏਥੇ ਖਬਰ ਪੁੱਜੀ ਸੀ। ਪਸ਼ੌਰ ਦੇ ਅਲਾਕੇ ਦੀ ਸੰਗਤ ਅਨੰਦ ਪੁਰ ਤੋਂ ਹੁੰਦੀ ਹੋਈ ਦਰਸ਼ਨ ਲਈ ਆ ਰਹੀ ਹੈ।

## ੬੨. ਗੁਃ ਰਕਾਬ ਸਰ

ਰਿਆਸਤ ਪਟਿਆਲਾ ਨਜਾਮਤ ਬਰਨਾਲਾ ਤਹਿਸੀਲ ਥਾਣਾ ਮਾਨਸਾ ਦਾ ਇਕ ਪਿੰਡ ਬਾਘਾ ਭੈਣੀ ਤੋਂ ਪੱਛਮ ਵਲ ਵਸੋਂ ਦੇ ਨਾਲ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਦੀ ਰਕਾਬ ਦਾ ਘਾਸਾ (ਤਸਮਾਂ) ਟੁਟਿਆ ਤਾਂ ਸ੍ਰੀ ਗੁਰੂ ਜੀ ਇਥੇ ਉੱਤਰ ਪਏ ਅਤੇ ਟੁੱਟਾ ਘਾਸਾ ਗੰਢਾਇਆ। ਓਸ ਥਾਂ ਮੰਜੀ ਸਾਹਿਬ ਬਣਿਆ ਹੋਇਆ ਹੈ। ਕੋਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਰਕਾਸ਼ ਲਈ ਪੱਕਾ ਕਮਰਾ ਹੈ। ਗੁਰਦੁਆਰੇ ਦੇ ਨਾਲ ੨੪ ਵਿਘੇ ਜ਼ਮੀਨ ਪਿੰਡ ਅਤੇ ਭਾਈ ਦਾਨ ਸਿੰਘ ਜੀ ਵਲੋਂ ਹੈ। ਇਸ ਜ਼ਮੀਨ ਵਿਚ ਦਰੱਖਤਾਂ ਦੀ ਝਿੰਗੀ ਹੈ। ਪੁਜਾਰੀ ਨਿਹੰਗ ਸਿੰਘ ਜੀ ਹੈ। ਰੇਲਵੇ ਸਟੇਸ਼ਨ ਸੱਦਾ ਸਿੰਘ ਵਾਲੇ ਤੋਂ ਉੱਤਰ ਵਲ ਨੂੰ ਹੈ।

## ੬੩. ਗੁਃ ਭੀਖੀ

ਰਿਆਸਤ ਪਟਿਆਲਾ ਨਜਾਮਤ ਬਰਨਾਲਾ ਤਹਿਸੀਲ ਥਾਨਾ ਮਾਨਸਾ ਵਿਚ ਇਕ ਕਸਬਾ ਹੈ। ਜੋ ਰੇਲਵੇ ਸਟੇਸ਼ਨ ਨਰਿੰਦਰ ਪੁਰੇ ਤੋਂ ੮ ਮੀਲ ਉੱਤਰ ਹੈ। ਇਸ ਤੋਂ ਉੱਤਰ ਪੱਛਮ ਪਾਸੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਨੇ ਏਥੇ ੧੦ ਦਿਨ ਨਿਵਾਸ ਕੀਤਾ। ਚੌਧਰੀ ਦੇਸੂ ਚਾਹਲ, ਚਾਹਲ ਗੋਤ ਦਾ ਜੋ ਸੁਲਤਾਨ ਦਾ ਉਪਾਸ਼ਕ ਸੀ ਸ੍ਰੀ ਗੁਰੂ ਜੀ ਦਾ ਉਪਦੇਸ਼ ਸੁਣ ਕੇ ਸਿੱਖ ਹੋਇਆ, ਪਰ ਭਰਾਈਆਂ ਦੇ ਕਹੇ ਤੇ ਗੁਰੂ ਸਾਹਿਬ ਦੇ ਤੀਰ ਭੰਨ ਸਿਟੇ ਅਤੇ ਸੁਲਤਾਨ ਦੀ ਖੂੰਡੀ ਫੜ ਲਈ। ਫੇਰ ਬੀਰਾਂ ਨੇ ਓਸ ਦੀ ਜੜ੍ਹ ਪਟ ਦਿੱਤੀ। (ਦੌਰੇ ਦੀ ਸਾਖੀ) ਉਸ ਥਾਂ ਹਰਿਮੰਦਰ ਸੁੰਦਰ ਬਣਿਆ ਹੋਇਆ ਹੈ। ਏਥੇ ਦੇ ਤਰਖਾਣ ਤੇ ਬਾਣੀਆਂ ਨੇ ਸੇਵਾ ਕੀਤੀ, ਗੁਰਦੁਆਰੇ ਦੀ ਸੇਵਾ ਮਹਾਰਾਜਾ ਪਟਿਆਲਾ ਪਤਿ ਨੇ ਕਰਾਈ ਹੈ, ਪਾਸ ਰਿਹਾਇਸ਼ੀ ਮਕਾਨ ਹਨ। ਇਸ ਗੁਰਦੁਆਰੇ ਦੇ ਨਾਲ ੧੪੦ ਘੁਮਾਂ ਜ਼ਮੀਨ ਹੈ ਅਤੇ ੮੦ ਰੁਪਏ ਸਾਲਾਨਾ ਪਟਿਆਲੇ ਵਲੋਂ ਹਨ। ਪੁਜਾਰੀ ਸਿੰਘ ਹੈ।

## ੬੪. ਗੁਃ ਮੋੜ

ਇਹ ਪਿੰਡ ਬਠਿੰਡਾ-ਦਿੱਲੀ ਲਾਇਨ ਦਾ ਸਟੇਸ਼ਨ ਹੈ। ਖਿਆਲੇ ਤੋਂ ਚਲਕੇ 'ਗੁਰੂ ਤੇਗਬਹਾਦਰ' ਸਾਹਿਬ ਏਥੇ ਆਏ। ਪਿੰਡ ਦੇ ਕੋਲ ਬੜਾ ਸਾਰਾ ਬਾੜਾ ਨਜ਼ਰ ਆਇਆ ਤਾਂ ਮਹਾਰਾਜ ਨੇ ਆਗਿਆ ਕੀਤੀ ਇਸ ਦਾ ਮੂਹੜਾ ਚੱਕੋ ਤਾਂ ਪਿੰਡ ਦੇ ਲੋਕ ਆਕੇ ਆਖਣ ਲਗੇ, ਮਹਾਰਾਜ! ਏਥੇ ਤਾਂ ਦੇਉ

Digitized by Panjab Digital Library | www.panjabdigilib.org

ਰਹਿੰਦਾ ਹੈ। ਸਾਡੇ ਆਦਮੀ ਮਾਰ ਦਿੰਦਾ ਹੈ। ਕਿਸੇ ਨੂੰ ਰਹਿਣ ਨਹੀਂ ਦਿੰਦਾ। ਐਸ ਜੰਡ ਹੇਠ ਜੋ ਭੀ ਘੋੜਾ, ਬਲਦ ਆਦਿ ਬੰਨ੍ਹੀਦਾ ਹੈ, ਉਹੋ ਮਰ ਜਾਂਦਾ ਹੈ। ਮਹਾਰਾਜ ਨੇ ਆਖਿਆ—ਭਾਈ ਅਸੀਂ ਦੇਉ ਨੂੰ ਕੱਢ ਦੇਵਾਂਗੇ ਅਤੇ ਏਥੇ ਦੇਉਤਿਆਂ ਦਾ ਵਾਸ ਕਰਾਂਗੇ, ਤਾਂ ਮਹਾਰਾਜ ਨੇ ਓਥੇ ਡੇਰਾ ਕੀਤਾ ਅਤੇ ਦੇਉ ਨੂੰ ਆਖਿਆ ਤੂੰ ਏਥੋਂ ਹੁਣ ਚਲਿਆ ਜਾ ਕਿਤੇ ਹੋਰ ਥੇ ਜਾ ਰਹੁ। ਸਾਡੀ ਤਲਵੰਡੀ ਪੁਰਾਣੀ ਕਾਸ਼ੀ ਹੈ ਜਿਸ ਦਾ ਘੇਰਾ ੧੨ ਕੋਹ ਚੁਫੇਰੇ ਹੈ। ਉਸ ਦੇ ਵਿਚ ਅਸੀਂ ਕੋਈ ਦੇਉ ਜਾਂ ਜਿੰਨ ਭੂਤ ਨਹੀਂ ਰਹਿਣ ਦੇਣਾ ਤਾਂ ਦੇਉ ਦੁਖੀ ਹੋ ਕੇ ਓਥੋਂ ਨਿਕਲ ਗਿਆ। ਲੋਕਾਂ ਨੂੰ ਬਹੁਤੀ ਸ਼ਰਧਾ ਹੋਈ। ਸਿਖ ਬਣੇ। ਗੁਰੂ ਜੀ ਦੀ ਬੜੀ ਸੇਵਾ ਅਤੇ ਮਾਨਤਾ ਹੋਈ। ਜੰਡ ਦੇ ਥਾਂ ਭੀ ਓਥੇ ਪਿੱਪਲ ਲੱਗਾ, ਜੋ ਹੁਣ ਤਕ ਹੈ ਅਤੇ ਜੰਡ ਨੂੰ ਖਾ ਗਿਆ ਹੈ। ਗੁਰਦੁਆਰਾ ਬਹੁਤ ਸੁੰਦਰ ਬਣਿਆ ਹੋਇਆ ਹੈ।

## ੬੫. ਗੁ: ਡਿੱਖ

ਰਿਆਸਤ ਪਟਿਆਲਾ ਨਜ਼ਾਮਤ ਬਰਨਾਲਾ ਤਹਿਸੀਲ ਥਾਣਾ ਮਾਨਸਾ ਦਾ ਇਕ ਪਿੰਡ 'ਡਿੱਖ' ਜੋ ਰੇਲਵੇ ਸਟੇਸ਼ਨ ਮੌੜ ਤੋਂ ਸੱਤ ਮੀਲ ਪੂਰਬ-ਉੱਤਰ ਹੈ ਇਸਤੋਂ ਇਕ ਬੁਰਜੀ ਦੱਖਣ-ਪੱਛੋਂ ਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਾਲਵੇ ਨੂੰ ਕ੍ਰਿਤਾਰਥ ਕਰਦੇ ਏਥੇ ਬਿਰਾਜੇ। ਸ੍ਰੀ ਗੁਰੂ ਜੀ ਦੇ ਮੰਜੀ ਸਾਹਿਬ ਜੀ ਦੇ ਪਾਸ ਇਕ ਪੱਕਾ ਮਕਾਨ ਹੈ।

## ੬੬. ਗੁ: ਟਾਹਲਾ ਸਾਹਿਬ

ਮੌੜਾਂ ਤੋਂ ਡੇਢ ਮੀਲ ਦੀ ਵਿੱਥ ਤੇ ਇਕ ਬੇਰੀ ਹੇਠ ਡੇਰਾ ਕੀਤਾ। ਓਥੇ ੧ ਮਹੀਨਾ ੧੦ ਦਿਨ ਰਹਿ ਕੇ ਮੌੜਾਂ ਵਾਲਿਆਂ ਤੋਂ ਸਰੋਵਰ ਦੀ ਕਾਰ ਕਢਾਉਂਦੇ ਰਹੇ। ਇਕ ਦਿਨ ਗੁਰਪੁਰਬ ਹੋਇਆ। ਬੜੀ ਸੰਗਤ ਆਈ ਅਤੇ ਸਤਿਸੰਗ-ਕੀਰਤਨ ਬਹੁਤ ਹੋਇਆ। ਮਹਾਰਾਜ ਇਕ ਘੜੀ ਬਿਸਮਾਦ ਵਿਚ ਆਏ ਰਹੇ। ਸੰਗਤ ਦੇ ਪੁਛਣ ਤੋਂ ਆਖਣ ਲੱਗੇ—ਅਸੀਂ ਦੇਸੂ ਚਾਹਲ ਨੂੰ ਦੇਸ ਰਾਜ ਬਣਾਇਆ ਸੀ, ਪਰ ਉਹ ਅਸਾਡੇ ਦਿਤੇ ਤੀਰਾਂ ਦੀ ਬੇਅਦਬੀ ਕਰਕੇ ਫੇਰ ਸੁਲਤਾਨੀਆ ਬਣ ਗਿਆ, ਤਾਂ ਬੀਰਾਂ ਨੇ ਉਸ ਨੂੰ ਬਹੁਤ ਦੁਖ ਦਿਤਾ—ਉਹਦੀ ਜੜ੍ਹ ਪਟ ਦਿਤੀ। ਤਾਂ ਮੌੜ ਕਹਿੰਦੇ—ਉਹ ਤਾਂ ਸਾਡਾ ਸਾਕ ਹੈ ਜੀ, ਅਸੀਂ ਉਹਨੂੰ ਆਪ ਕੋਲ ਲਿਆਉਂਦੇ ਹਾਂ, ਕ੍ਰਿਪਾ ਕਰਕੇ ਬਖਸ਼ ਦੇਣਾ। ਤਾਂ ਗੁਰੂ ਜੀ ਆਖਿਆ—ਅੱਛਾ ਲੈ ਆਓ। ਤਾਂ ਉਹਨਾਂ ਨੇ ਬਹੁਤ ਜ਼ੋਰ ਲਾਇਆ, ਉਹ ਨ ਆਇਆ। ਤਾਂ ਗੁਰੂ ਜੀ ਨੇ ਫੁਰਮਾਇਆ--ਗੁਰਾਂ ਦੀ ਦਾਤ ਰਖੀ ਨ ਗਈ 'ਹੁਣ ਰੱਲਾ ਕੱਲਰ ਹੋ ਗਲਿਆ' ਤਾਂ ਮੌੜਾਂ ਦੇ ਇਕ ਸਿੱਖ ਨੇ ਬੇਨਤੀ ਕੀਤੀ—'ਮਹਾਰਾਜ! ਇਕ ਦੀ ਖਾਤਰ ਸਾਰੇ ਚਾਹਲਾਂ ਨੂੰ ਕਿਉਂ ਸ੍ਰਾਪਦੇ ਹੋ? ਸਾਡੇ ਉਤੇ ਮਿਹਰ ਕਰੋ ਜੀ' ਤਾਂ ਬਚਨ ਹੋਇਆ--'ਦੇਸੂ ਤੋਂ ਬਿਨਾਂ ਹੋਰ ਤਅੱਲਕਾ ਵਸਦਾ ਰਹੂਗਾ ਅਤੇ ਬਿਚ ੨ ਸਿੱਖ ਭੀ ਹੋਣਗੇ। ਉਹਦੀ ਜੜ੍ਹ ਤਾਂ ਬੀਰ ਪਟ ਗਏ।' ਜ਼ਮੀਨ ੨੫੦ ਘੁਮਾਉਂ ਹੈ।

## ੬੭. ਗੁਰਦੁਆਰਾ ਸ਼ਾਹਪੁਰ

ਸ਼ਾਹਪੁਰ ਰਿਆਸਤ ਪਟਿਆਲਾ, ਤਹਿਸੀਲ ਥਾਣਾ ਸੁਨਾਮ ਵਿਚ ਇਕ ਪਿੰਡ ਹੈ। ਇਸ ਤੋਂ ਪੂਰਬ ਵਲ ਪਾਸ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਪਹਿਲਾਂ ਕੇਵਲ ਮੰਜੀ ਸਾਹਿਬ ਸੀ ਪਰ ਹੁਣ ਸੰਮਤ ੧੯੮੦ ਤੋਂ ਨਗਰ ਵਾਸੀਆਂ ਵਲੋਂ ਗੁਰਦਰਬਾਰ ਬਣਨਾ ਅਰੰਭ ਹੋਇਆ ਹੈ। ਗੁਰਦੁਆਰੇ ਨਾਲ ੫੦ ਵਿਘੇ ਜ਼ਮੀਨ ਪਿੰਡ ਵਲੋਂ ਹੈ। ਪੁਜਾਰੀ ਸਿੰਘ ਜੀ ਹਨ।

Digitized by Panjab Digital Library | www.panjabdigilib.org

# ੬੮. ਗੁ: ਤਲਵੰਡੀ ਸਾਬੋ

ਟਾਹਲੇ ਸਾਹਿਬ ਤੋਂ ਚਲ ਕੇ ਮਹਾਰਾਜ ਤਲਵੰਡੀ ਪੁਜੇ। ਉਚੇ ਬਰਮੀ ਦੇ ਟਿੱਬੇ ਹੇਠ ਜਾ ਬੈਠੇ ਤਾਂ ਸਿਖਾਂ ਆਖਿਆ ਮਹਾਰਾਜ ਆਪ ਉਪਰ ਬੈਠੋ ਤਾਂ ਗੁਰੂ ਜੀ ਆਖਣ ਲਗੇ–ਏਥੇ ਬੈਠਣ ਵਾਲਾ ਭੀ ਆਵੇਗਾ। ਇਹ ਥਾਂ ਭਾਰਾ ਅਸਥਾਨ ਬਣੇਗਾ। ਦਸਵਾਂ ਜਾਮਾ ਪਹਿਰੂਗਾ, ਗੁਰੂ ਆਪ... ... ... ... ... ... ਫੇਰ ਏਥੇ ਗੁਰੂ ਗ੍ਰੰਥ ਜੀ ਆਪਣੀ ਬਾਣੀ ਰਚੇਗਾ, ਕਮੀ ਨਹੀਂ। ਪੂਰਬ ਪਟਣੇ ਅਵਤਾਰ ਧਾਰੂਗਾ, ਪਹਾੜ ਕੀ ਦੂਨ ਵਿਚ ਰਹੂਗਾ ਫੇਰ ਪਛਮ ਕੀ ਤਰਫ ਐਥੋਂ ਚਾਲੀ ਕੋਸ ਜੁਧ ਜੀਤ ਕੇ ਆਊਗਾ। ਇਸੀ ਬਰਮੀ ਉਤੇ ਕਮਰ ਕਸਾ ਖੋਲ੍ਹ ਕੇ ਦਮ ਲਏਗਾ... ... ... ... ...ਏਸ ਅਸਥਾਨ ਤੇ ਓਹੀ ਪੁਰਖ ਬੈਠੇਗਾ। ਬੜੀਆਂ ਬਖਸ਼ਾਂ ਬਖਸ਼ੂਗਾ। ਇਸ ਅਸਥਾਨ ਤੇ ਗੁਰੂ ਜੀ ਦਾ ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ।

ਦੂਜਾ ਅਸਥਾਨ

ਫੇਰ ਆਪ ਗੁਰੂ ਸਰ (ਨਾਨਕ ਸਰ) ਦੇ ਇਕ ਕੰਢੇ ਪੁਰਾਣੀ ਬੇਰੀ ਹੇਠ ਜਾ ਬੈਠੇ, ਜਿਥੇ ਪਿਛਲੇ ਸਮੇਂ ਸਰਸ੍ਵਤੀ ਦੀ ਇਕ ਧਾਰਾ ਵਗਦੀ ਸੀ ਅਤੇ ਮਾਰਕੰਡੇ ਨੇ ਆਪਣਿਆਂ ਚੇਲਿਆਂ ਸਣੇ ਏਥੇ ਤਪ ਕੀਤਾ ਸੀ ਅਤੇ ਬਚਨ ਕੀਤਾ 'ਏਥੇ ਗੁਰੂ ਨਾਨਕ ਦੇਵ ਜੀ ਆਏ ਸਨ, ਏਸ ਦੀ ਕਾਰ ਕਢੋ' ਸੋ ਤੁਰਤ ਹੀ ਸਿਖਾਂ ਨੇ ਕਾਰ ਕਢਣੀ ਆਰੰਭ ਦਿਤੀ। ਆਪ ਭੀ ਸਾਹਿਬਾਂ ਨੇ ਪੰਜ ਵਾਰ ਦੁਸ਼ਾਲੇ ਨਾਲ ਕਾਰ ਕਢੀ, ਜਿਥੇ ਪਿਛੋਂ ਦਸਵੇਂ ਪਾਤਸ਼ਾਹ ਨੇ ਢਾਲੇ ਨਾਲ ਕਾਰ ਕਢੀ। ਇਹ ਥਾਂ ਹੁਣ ਸੰਤ ਅਤਰ ਸਿੰਘ ਜੀ ਹੁਰਾਂ ਦੇ ਬਣਾਏ ਹੋਏ ਸਰੋਵਰ ਦੀ ਦਖਣੀ ਗੁਠ ਉਤੇ ਛੋਟੇ ਜਿਹੇ ਸੁੰਦਰ ਸੰਜੁਗਤ ਸਭਾਇਮਾਨ ਹੈ। ਤਾਂ ਸਿਖਾਂ ਨੇ ਬਚਨ ਕੀਤਾ ਸੀ ਕਿ ਅਸਾਡੀ ਏਥੇ 'ਗੁਪਤ ਕਾਸ਼ੀ' ਹੈ। ਹਿੰਦੂਆਂ ਦੀ ਕਾਸ਼ੀ ਵਿਚ ਤਾਂ ਮਨੀਕਰਣ ਆਦਿ ਬਹੁਤ ਤੀਰਥ ਅਤੇ ਗੁਣ ਹਨ। ਤਾਂ ਆਪ ਨੇ ਓਸ ਕਾਸ਼ੀ ਦੇ ਗੁਣਾਂ ਦੇ ਟਾਕਰੇ ਤੇ ਏਸ ਕਾਸ਼ੀ ਦੇ ਗੁਣ ਦਸ ਕੇ ਫਰਮਾਇਆ ਕਿ ਏਥੇ ਗੁਰੂ ਸਰ ਤੀਰਥ ਅਤੇ ਵਿਦਿਆਲੇ ਹੋਣਗੇ, 'ਬੜੇ ਗੁਣੀ-ਗਿਆਨੀ ਪੈਦਾ ਹੋਣਗੇ, ਸ਼ਬਦ ਕੇ ਵੀਚਾਰ ਵਾਲੇ ਹੋਣਗੇ, ਵਿਗਿਆਨ ਕੇ ਸਮਝ ਵਾਲੇ ਹੋਣਗੇ, ਲਿਖਾਰੀ ਹੋਣਗੇ, ਭਜਨਵਾਨ ਤੇ ਸੇਵਾ ਟਹਿਲ ਕਰਨ ਵਾਲੇ ਹੋਣਗੇ, ਅਸੀਂ ਏਸ ਜਗ੍ਹਾ ਦਾ ਦਰਸ਼ਨ ਕਰਨ ਆਏ ਹਾਂ' ਆਪ ਏਸ ਥਾਂ ੯ ਦਿਨ ਵਿਰਾਜੇ।

# ੬੯. ਗੁ: ਧਲੇਉ (ਰਿ: ਪਟਿਆਲਾ)

ਧਲੇਉ 'ਰਿਆਸਤ ਪਟਿਆਲਾ ਵਿਚ, ਨਜ਼ਾਮਤ ਬਰਨਾਲਾ, ਤਹਿਸੀਲ ਮਾਨਸਾ ਦਾ ਇਕ ਪਿੰਡ ਹੈ। ਇਸ ਤੋਂ ਉੱਤਰ ਦੇ ਪਾਸੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਸਤਿਗੁਰੂ ਜੀ ਗੰਢੂ ਤੋਂ ਏਥੇ ਆਏ ਇਕ ਜੋਗੀ ਦੀ ਕਲਿਆਣ ਕੀਤੀ ਜੋ ਛੇਵੇਂ ਗੁਰੂ ਜੀ ਦੇ ਸਮੇਂ ਤੋਂ ਦਰਸ਼ਨ ਕਰਨ ਲਈ ਤਰਸਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਇਕ ਪੱਕਾ ਕਮਰਾ ਸੰਮਤ ੧੯੭੩ ਵਿਚ ਸਰਦਾਰ ਰਣਬੀਰ ਸਿੰਘ ਸਕਰੋਟੀ ਵਾਲਿਆਂ ਨੇ ਬਣਵਾਇਆ ਹੈ। ਪੁਜਾਰੀ ਸਿੰਘ ਨੂੰ ੧੨੦ ਰੁਪਯੇ ਸਾਲਾਨਾ ਰਿਆਸਤ ਪਟਿਆਲਾ ਵਲੋਂ ਸੰਮਤ ੧੯੮੧ ਤੋਂ ਮਿਲਦੇ ਹਨ। ਰੇਲਵੇ ਸਟੇਸ਼ਨ ਨਰਿੰਦਰ ਪੁਰੇ ਤੋਂ ਉੱਤਰ-ਪੂਰਬ ਨੂੰ ਛੇ ਮੀਲ ਦੇ ਕਰੀਬ ਕੱਚਾ ਰਸਤਾ ਹੈ।

Digitized by Panjab Digital Library | www.panjabdigilib.org

## ੭੦. ਗੁ: ਸੂਲੀ ਸਰ

ਸੂਲੀ ਸਰ, ਰਿਆਸਤ ਪਟਿਆਲਾ, ਨਜ਼ਾਮਤ ਬਰਨਾਲਾ, ਤਸੀਲ ਮਾਨਸਾ ਦਾ ਇੱਕ ਪਿੰਡ ਧਰਮੂ ਦਾ ਕੋਟ (ਅਲਣਾ ਕੋਟ ਧਰਮੂ) ਹੈ, ਏਸ ਪਿੰਡ ਤੋਂ ਕਰੀਬ ਪੌਣੇ ਮੀਲ ਤੇ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਏਥੇ ਸ੍ਰੀ ਗੁਰੂ ਸਾਹਿਬ ਦੇ ਘੋੜੇ ਦਾ ਚੋਰ ਆਪਣੀ ਕਰਣੀ ਤੇ ਪਛਤਾਉਂਦਾ ਹੋਇਆ ਸ੍ਰੀ ਗੁਰੂ ਜੀ ਅਗੇ ਹਾਜ਼ਰ ਹੋਕੇ ਬੇਨਤੀ ਕੀਤੀ ਜੀ ਸਚੇ ਪਾਤਿਸ਼ਾਹ ਮੇਰੀ ਕੀਤੀ ਦਾ ਫਲ ਮੈਨੂੰ ਸਜ਼ਾ ਦੇਵੋ ਤਾਂ ਸਤਿਗੁਰਾਂ ਫੁਰਮਾਇਆ ਸਿੱਖਾ ਤੈਨੂੰ ਮਾਫ ਕੀਤਾ। ਪਰ ਚੋਰ ਆਪਣੇ ਆਪ ਜੰਡ ਬਿਰਛ ਦੇ ਸੁੱਕੇ ਡਾਹਣ ਨਾਲ ਪੇਟ ਪਾੜ ਕੇ ਮਰ ਗਿਆ ਸੀ। ਜਿਸ ਕਰਕੇ ਨਾਉਂ ਸੂਲੀ ਸਰ ਪ੍ਰਸਿੱਧ ਹੋਇਆ ਹੈ। ਏਸ ਗੁਰਦੁਆਰੇ ਦੇ ਨਾਉਂ ਰਿਆਸਤ ਵਲੋਂ ੧੨੫ ਘੁਮਾਉਂ ਜ਼ਮੀਨ ਮੁਆਫ ਹੈ। ਏਹ ਗੁਰ ਅਸਥਾਨ ਰੇਲਵੇ ਸਟੇਸ਼ਨ ਮਾਨਸਾ ਤੋਂ ਕਰੀਬ ੬ ਮੀਲ ਦੱਖਣ ਵਲ ਹੈ।

## ੭੧. ਗੁ: ਫਰਵਾਹੀ

ਰਿਆਸਤ ਪਟਿਆਲਾ ਤਹਿਸੀਲ ਬਰਨਾਲਾ ਦਾ ਇਕ ਪਿੰਡ ਹੈ। ਜਿਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਰਿਆਸਤ ਪਟਿਆਲਾ ਵਲੋਂ ੩੫ ਘੁਮਾਉਂ ਜ਼ਮੀਨ ਤੇ ੧੧੯੪ ਰੁਪਈਏ ਜਾਗੀਰ ਹੈ।

## ੭੨. ਗੁ: ਰੋਹਟਾ ਸਾਹਿਬ

ਰਿਆਸਤ ਨਾਭਾ ਤਹਿਸੀਲ ਅਮਲੋਹ ਥਾਣਾ ਨਾਭਾ ਦਾ ਪਿੰਡ ਜੋ ਰੇਲਵੇ ਅਸਟੇਸ਼ਨ ਨਾਭੇ ਤੋਂ ਤਿੰਨ ਮੀਲ ਪੂਰਬ ਹੈ ਰੁਹਟੀ ਦੇ ਪੁਲ ਤਕ ਪੱਕੀ ਸੜਕ ਹੈ। ਏਸ ਪਿੰਡ ਤੋਂ ੧ ਫਰਲਾਂਗ ਦੱਖਣ ਪੂਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਸੀਭੜੋ ਤੋਂ ਇਥੇ ਪਧਾਰੇ ਹਨ। ਪਹਿਲਾਂ ਕੇਵਲ ਮੰਜੀ ਸਾਹਿਬ ਸੀ। ਸੰਮਤ ੧੯੭੭ ਵਿਚ ਪਰੇਮੀ ਸਿੰਘਾਂ ਦੇ ਉਦਮ ਨਾਲ ਸੁੰਦਰ ਗੁਰਦੁਆਰਾ ਬਣਾਇਆ ਗਿਆ ਹੈ ਤੇ ਰਿਆਸਤ ਵਲੋਂ ੭੦ ਘੁਮਾਉਂ ਜ਼ਮੀਨ ਮਿਲੀ ਹੋਈ ਹੈ।

## ੭੩. ਗੁ: ਸਾ: ਅਗੌਲ

ਰਿਆਸਤ ਨਾਭਾ ਨਜ਼ਾਮਤ ਤਹਿਸੀਲ ਅਮਲੋਹ ਥਾਣਾ ਭਾਦਸੋਂ ਵਿਚ ਇਹ ਪਿੰਡ ਹੈ, ਇਸ ਪਿੰਡ ਤੋਂ ਅਗਨ ਕੋਣ ੩ ਫਰਲਾਂਗ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਸਾਹਿਬ ਹੈ। ਪਹਿਲੇ ਇਥੇ ਕੋਈ ਇਮਾਰਤ ਨਹੀਂ ਸੀ। ਕੇਵਲ ਇਕ ਪੁਰਾਣਾ ਪਿੱਪਲ ਦਾ ਬ੍ਰਿਛ ਹੈ। ਜਿਸ ਹੇਠ ਸ੍ਰੀ ਗੁਰੂ ਜੀ ਦਾ ਬਿਰਾਜਣਾ ਬਿਰਧ ਲੋਕ ਦਸਦੇ ਹਨ। ਹੁਣ ੧੯੧੬ ਤੋਂ ਗੁਰਦੁਆਰਾ ਬਣ ਗਿਆ ਹੈ ੧੦ ਵਿਘੇ ਜ਼ਮੀਨ ਭਾਈ ਨੱਥਾ ਸਿੰਘ ਜੀ ਅਗੌਲ ਨਿਵਾਸੀ ਨੇ ਲਗਾਈ ਹੈ। ਇਹੋ ਹੀ ਧੂਪ ਦੀਪ ਝਾੜੂ ਆਦਿਕ ਦੀ ਸੇਵਾ ਕਰਦੇ ਸਨ। ਰੇਲਵੇ ਸਟੇਸ਼ਨ ਤੋਂ ਇਸ਼ਾਨ ਕੋਣ ਵਲ ਸਿੱਧਾ ਕੱਚੇ ਰਸਤੇ ੬ ਮੀਲ ਅਤੇ ਪੱਕੀ ਸੜਕ ਦੇ ਰਸਤੇ ੯ ਮੀਲ ਹੈ।

## ੭੪. ਗੁ: ਕੱਟੂ

ਰਾਜ ਨਾਭਾ ਦੀ ਨਜ਼ਾਮਤ ਫੂਲ ਥਾਨਾ ਧਨੌਲੇ ਵਿਚ ਇਕ ਪਿੰਡ ਹੈ ਇਸ ਥਾਂ ਨੌਵੇਂ ਸਤਿਗੁਰੂ ਬਿਰਾਜੇ ਹਨ। 'ਕਾਹੇ ਰੇ ਬਨ ਖੋਜਨ ਜਾਈ' ਸ਼ਬਦ ਇਸ ਥਾਂ ਸੰਗਤ ਨੂੰ ਸੰਬੋਧਨ ਕਰਕੇ ਉਚਾਰਿਆ

Digitized by Panjab Digital Library | www.panjabdigilib.org

ਹੈ, ਗੁਰਦੁਆਰਾ ਪਿੰਡ ਤੋਂ ਈਸ਼ਾਨ ਕੋਣ ਅੱਧ ਮੀਲ ਤੇ ਹੈ। ਰਿਆਸਤ ਨਾਭਾ ਵਲੋਂ ਦੋ ਕੁ ਹਲ ਦੀ ਜ਼ਮੀਨ ਮੁਆਫ ਹੈ। ਰੇਲਵੇ ਅਸਟੇਸ਼ਨ ਭੇਖੇ ਤੋਂ ੪ ਮੀਲ ਨੈਰਤ ਕੋਣ ਹੈ। ਕੱਟੂ ਵਿਚ ਭਾਈ ਧਿਆਨ ਸਿੰਘ ਜੀ ਕਰਨੀ ਵਾਲੇ ਸਿੰਘ ਹੋਏ ਹਨ ਉਨ੍ਹਾਂ ਨੇ ਦਸਮ ਗ੍ਰੰਥ ਵਿਚੋਂ ਚਰਿਤਰ ਕੱਢ ਕੇ ਸਰਬ-ਲੋਹ ਦਰਜ ਕਰ ਦਿੱਤਾ ਸੀ।

## ੭੫. ਗੁ: ਧੌਲਾ

ਰਿਆਸਤ ਨਾਭਾ ਨਜ਼ਾਮਤ ਫੂਲ ਤਹਿਸੀਲ ਥਾਣਾ ਧਨੌਲਾ ਵਿਚ ਇਕ ਪਿੰਡ ਹੈ। ਇਸ ਤੋਂ ਵਾਯਵੀ ਕੋਣ ੨ ਮੀਲ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਮੰਜੀ ਸਾਹਿਬ ਜੀ ਦੇ ਪਾਸ ਇਕ ਰਿਹਾਇਸ਼ੀ ਮਕਾਨ ਹੈ। ਪੁਜਾਰੀ ਸਿੰਘ ਸਾਹਿਬ ਜੀ ਹਨ। ਦੋ ਹੱਲ ਦੀ ੭੦ ਘੁਮਾਉਂ ਜ਼ਮੀਨ ਰਿਆਸਤ ਨਾਭਾ ਵਲੋਂ ਗੁਰਦੁਆਰੇ ਦੇ ਨਾਉਂ ਹੈ। ਰੇਲਵੇ ਸਟੇਸ਼ਨ ਹਰਿਆਏ ਤੋਂ ੩ ਮੀਲ ਦਖਣ ਪੱਛਮ ਹੈ।

## ੭੬. ਗੁ: ਸੋਹੀਵਾਲ

ਰਿਆਸਤ ਨਾਭਾ ਦੀ ਨਜ਼ਾਮਤ ਫੂਲ ਵਿਚ ਢਿਲੋਂ ਅਤੇ ਧੌਲੇ ਦੇ ਵਿਚਕਾਰ ਇਕ ਪਿੰਡ ਹੈ ਜਿਸ ਥਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦੁਪਹਿਰਾ ਕਟਿਆ ਸੀ।

## ੭੭. ਗੁ: ਖਤਕ

ਇਕ ਪਿੰਡ ਜਿਸ ਨੂੰ ਭਾਈ ਸੰਤੋਖ ਸਿੰਘ ਜੀ ਨੇ ਖਰਕ ਲਿਖਿਆ ਹੈ। ਇਹ ਧਮਧਾਮ ਤੋਂ ੧੨ ਕੋਹ ਦੱਖਣ ਵਲ ਹੈ। ਇਸ ਥਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਂਗਰ ਨੂੰ ਜਾਂਦੇ, ਕਿਰਤਾਰਥ ਕਰਦੇ ਇਕ ਬੋਹੜ ਹੇਠ ਬਿਰਾਜੇ ਹਨ। 'ਖਰਕ ਗਰਾਮ ਨਿਯ ਗੋਧ ਵਸਾਲਾ ਤ੍ਹਾਂ ਜਾਇ ਡੇਰਾ ਗੁਰ ਡਾਲਾ।' ਨਾਭਾ ਰਾਜ ਵਿਚ ਨਜ਼ਾਮਤ ਗੁਃ ਅਮਲੋਹ ਥਾਨਾ ਨਾਭਾ ਦਾ ਇਕ ਪਿੰਡ ਹੈ। ਇਸ ਥਾਂ ਨੌਵੇਂ ਸਤਿਗੁਰੂ ਵਿਰਾਜੇ ਹਨ। ਪਿੰਡ ਤੋਂ ਦਖਣ ਵਲ ੧ ਫਰਲਾਂਗ ਪਰ ਗੁਰਦੁਆਰਾ ਹੈ। ਇਮਾਰਤ ਦੀ ਸੇਵਾ ਮਹਾਰਾਜਾ ਭਰਪੂਰ ਸਿੰਘ ਜੀ ਨੇ ਕਰਵਾਈ ਹੈ। ਰਿਆਸਤ ਤੋਂ ੯੭ ਰੁਪੇ ਸਾਲਾਨਾ ਮਿਲਦੇ ਹਨ। ਰੇਲਵੇ ਸਟੇਸ਼ਨ ਨਾਭੇ ਤੋਂ ੬ ਮੀਲ ਪੱਛਮ ਹੈ।

## ੭੮. ਗੁ: ਸਾਹਿਬਰਾ

ਕਰ੍ਹਾ ਜ਼ਿਲਾ ਕਰਨਾਲ ਤਹਿਸੀਲ ਕੈਥਲ ਥਾਣਾ ਪਹੋਏ ਦਾ ਪਿੰਡ ਹੈ ਇਸ ਗਰਾਮ ਤੋਂ ਅਧ ਮੀਲ ਪੂਰਬ ਦਖਣ ਵਿਚ ਗੁਰਦੁਆਰਾ ਹੈ। ਇਸ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਹਨ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਭੀ ਇਸੇ ਥਾਂ ਵਿਰਾਜੇ ਹਨ। ਗੁਰੂ ਸਾਹਿਬ ਨੇ ਕ੍ਰਿਪਾ ਕਰ ਕੇ ਇਕ ਅੰਨ੍ਹੇ ਪਿੰਗਲੇ ਨੂੰ ਅਰੋਗ ਕੀਤਾ। ਸ੍ਰੀ ਗੁਰ ਤੇਗ ਬਹਾਦਰ ਸਾਹਿਬ ਦੇ ਪਵਿਤ੍ਰ ਚਰਨਾਂ ਨਾਲ ਭੀ ਇਸ ਅਸਥਾਨ ਨੂੰ ਮਾਨ ਪ੍ਰਾਪਤ ਹੋਇਆ ਹੈ। ਨੌਵੇਂ ਸਤਿਗੁਰੂ ਜੀ ਨੇ ਇਸ ਪਿੰਡ ਖੂਹ ਅਤੇ ਬਾਗ ਲਾਉਣ ਲਈ ਮਾਇਆ ਦਿਤੀ। ਦਸਮੇਸ਼ ਭੀ ਇਸ ਥਾਂ ਆਏ ਹਨ ਪਰ ਡੇਰਾ ਨਹੀਂ ਕੀਤਾ। ਘੋੜੇ ਤੇ ਸਵਾਰ ਹੋਏ ਹੀ ਸੰਗਤ ਨੂੰ ਉਪਦੇਸ਼ ਦੇ ਕੇ ਅਗੇ ਚਲੇ ਗਏ। ਇਕ ਅਹਾਤੇ ਅੰਦਰ ਸਭ ਗੁਰ ਅਸਥਾਨ ਹਨ, ਜਿਨ੍ਹਾਂ ਦੀ ਟਹਿਲ ਭਾਈ ਉਦੇ ਸਿੰਘ ਕੈਥਲ ਪਤੀ ਨੇ ਕਰਵਾਈ ਸੀ। ਰੇਲਵੇ ਸਟੇਸ਼ਨ ਕੁਰਛੇਤ੍ਰ ਤੋਂ ੧੬ ਮੀਲ

Digitized by Panjab Digital Library | www.panjabdigilib.org

ਪਛਮ ਵਲ ਇਹ ਗੁਰਦੁਆਰਾ ਹੈ। ਰਿਆਸਤ ਪਟਿਆਲਾ ਵਲੋਂ ੪੨੫) ਰੁਪਏ, ਜੀਂਦ ਤੋਂ ੫੫) ਰੁਪੈ ਅਤੇ ਨਾਭੇ ਤੋਂ ੧੫) ਰੁਪਏ ਸਾਲਾਨਾ ਮਿਲਦੇ ਹਨ। ਭਾਈ ਉਦੇ ਸਿੰਘ ਜੀ ਵਲੋਂ ੩੦੦ ਵਿਘੇ ਜ਼ਮੀਨ ਲਗੀ ਹੋਈ ਹੈ।

## ੭੯. ਗੁ: ਕੜਾ ਮਾਨਕ ਪੁਰ

ਜਮਨਾ ਦੇ ਕੰਢੇ ਇਕ ਪਿੰਡ, ਜਿਸ ਥਾਂ ਥਾਨੇਸਰ ਅਤੇ ਬਨੀ ਬਦਰ ਪੁਰ ਵਲੋਂ ਆ ਕੇ ਨੌਵੇਂ ਸਤਿਗੁਰੂ ਵਿਰਾਜੇ ਹਨ। ਇਸ ਥਾਂ ਮਲੂਕ ਦਾਸ ਨਮਕ ਵੈਸ਼ਨਵ ਦਾ ਮਾਸ ਖਾਣ ਦਾ ਭਰਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦੂਰ ਕੀਤਾ।

## ੮੦. ਗੁ: ਬਣੀ-ਬਦਰਪੁਰ

ਬਣੀ-ਬਦਰਪੁਰ ਜ਼ਿਲਾ ਕਰਨਾਲ ਤਹਿਸੀਲ ਥਾਨੇਸਰ ਵਿਚ ਇਸ ਨਾਮ ਦੇ ਦੋ ਪਿੰਡ ਨੇੜੇ ਨੇੜੇ ਹਨ, ਇਨ੍ਹਾਂ ਦੇ ਵਿਚਕਾਰ ਗੁਰੂ ਤੇਗ ਬਹਾਦਰ ਸਾਹਿਬ ਜੀ ਬਿਰਾਜੇ ਅਤੇ ਇਕ ਜ਼ਿਮੀਂਦਾਰ ਨੂੰ ਧਨ ਦਾ ਥੈਲਾ ਦੇਕੇ ਖੂਹ ਅਤੇ ਬਾਗ ਲਵਾਉਣ ਦਾ ਹੁਕਮ ਦਿੱਤਾ। ਪਹਿਲਾਂ ਇਸ ਪਿੰਡ ਦਾ ਨਾਮ 'ਬਣੀ' ਸੀ ਗੁਰਦੁਆਰਾ ਅਤੇ ਰਹਿਣ ਦੇ ਮਕਾਨ ਬਣੇ ਹੋਏ ਹਨ ਦੋਹਾਂ ਪਿੰਡਾਂ ਵਿਚ ੨੫੦ ਵਿਘੇ ਜ਼ਮੀਨ ਗੁਰਦੁਆਰੇ ਦੇ ਨਾਮ ਹੈ, ਪੁਜਾਰੀ ਨਿਰਮਲੇ ਸਿੰਘ ਹਨ। ਹੋਲੇ ਨੂੰ ਮੇਲਾ ਹੁੰਦਾ ਹੈ, ਇਹ ਅਸਥਾਨ ਰੇਲਵੇ ਸਟੇਸ਼ਨ ਕੁਰਖੇਤ੍ਰ ਤੋਂ ੧੫ ਮੀਲ ਪੂਰਬ ਹੈ, ਲਾਡਵੇ ਤਕ ਪੱਕੀ ਸੜਕ ਹੈ, ਅਗੇ ਤਿੰਨ ਮੀਲ ਕੱਚਾ ਰਸਤਾ ਹੈ।

## ੮੧. ਗੁ: ਸਾ: ਕਰਨਾਲ

ਕਰਨਾਲ ਸ਼ਹਿਰ ਵਿਚ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਵਿਤ੍ਰ ਚਰਨ ਪਏ ਹਨ, ਉਸ ਜਗ੍ਹਾ ਪਰ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ, ਸਤਿਗੁਰਾਂ ਨੇ ਸੰਗਤਾਂ ਨੂੰ ਗੁਰਸਿੱਖੀ ਮਾਰਗ ਦਾ ਉਪਦੇਸ਼ ਦਸ ਕੇ ਨਿਹਾਲ ਕੀਤਾ।

## ੮੨. ਗੁ: ਝੀਵਰ ਹੇੜੀ (ਕਰਨਾਲ)

ਝੀਵਰ ਹੇੜੀ ਇਕ ਪਿੰਡ ਜੋ ਜ਼ਿਲਾ ਕਰਨਾਲ ਤਹਿਸੀਲ ਥਾਨੇਸਰ ਵਿਚ ਹੈ, ਇਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ।

## ੮੩. ਗੁ: ਢੋਡੀ

'ਢੋਡੀ' ਜ਼ਿਲਾ ਕਰਨਾਲ ਤਹਿਸੀਲ ਥਾਨੇਸਰ ਥਾਣਾ ਲਾਡਵਾ ਵਿਚ ਇਕ ਪਿੰਡ ਹੈ। ਏਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰ ਅਸਥਾਨ ਹੈ। ੧੯੮੦ ਸੰ: ਵਿਚ ਏਹ ਗੁਰਦੁਆਰਾ ਬਣਿਆ ਹੈ ਜਿਸ ਦੀ ਸੇਵਾ ਨਗਰ ਵਾਸੀਆਂ ਨੇ ਬੜੇ ਪ੍ਰੇਮ ਨਾਲ ਕਰਵਾਈ ਹੈ। ਰੇਲਵੇ ਅਸਟੇਸ਼ਨ ਕੁਰਛੇਤਰ ਤੋਂ ੧੦ ਮੀਲ ਪੂਰਬ ਹੈ ਅਤੇ ਸਰਕਾਰੀ ਸੜਕ ਤੋਂ ੨ ਮੀਲ ਪਾਸੇ ਤੇ ਹੈ।

## ੮੪. ਗੁ: ਤਾਗਉੜੀ

ਜ਼ਿਲਾ ਤਹਿਸੀਲ ਕਰਨਾਲ ਵਿਚ ਇਕ ਪੁਰਾਣਾ ਨਗਰ ਹੈ। ਜਿਸ ਦੀ ਚਾਰਦੀਵਾਰੀ ਤੋਂ

Digitized by Panjab Digital Library | www.panjabdigilib.org

ਪਤਾ ਲਗਦਾ ਹੈ ਕਿ ਪੁਰਾਣੇ ਸਮੇਂ ਕੋਈ ਸ਼ਾਹੀ ਜਗ੍ਹਾ ਸੀ, ਇਸ ਦੀ ਦੁਆਲ ਦੇ ਅੰਦਰ ਆਬਾਦੀ ਦੇ ਵਿਚ ਹੀ ਪੂਰਬ-ਉੱਤਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਗੁਰਦੁਆਰਾ ਹੈ। ਇਮਾਰਤ ਕੇਵਲ ਮੰਜੀ ਸਾਹਿਬ ਜੀ ਹੈ। ੯ ਵਿਘੇ ਜ਼ਮੀਨ ਗੁਰਦੁਆਰੇ ਦੇ ਨਾਉਂ ਹੈ। ਇਹ ਥਾਂ ਰੇਲਵੇ ਅਸਟੇਸ਼ਨ ਤਾਗਉੜੀ ਤੋਂ ੧ ਮੀਲ ਹੈ। ਪ੍ਰਿਥੀ ਰਾਜ ਚੋਹਾਨ ਦੀ ਰਾਜ ਲਛਮੀ ਭੀ ਇਥੇ ਅਲੋਪ ਹੋਈ ਸੀ।

## ੮੫. ਗੁ: ਸਾ: ਸ਼ਾਹਬਾਦ

ਜ਼ਿਲਾ ਕਰਨਾਲ ਦਾ ਇੱਕ ਨਗਰ ਹੈ ਇਸ ਪਿੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਪਾ ਕੇ ਸੰਗਤਾਂ ਨੂੰ ਸਤ ਧਰਮ ਦਾ ਉਪਦੇਸ਼ ਦੇਕੇ ਨਿਹਾਲ ਕੀਤਾ, ਉਸ ਜਗ੍ਹਾ ਸ੍ਰੀ ਗੁਰੂ ਜੀ ਦੀ ਯਾਦ ਵਿਚ ਗੁਰ ਅਸਥਾਨ ਬਣਿਆ ਹੋਇਆ ਹੈ।

## ੮੬. ਗੁ: ਜੋਤੀ ਸਰ

ਜ਼ਿਲਾ ਕਰਨਾਲ, ਥਾਨੇਸਰ ਤੋਂ ਤਿੰਨ ਕੋਹ ਪੱਛਮ ਇਕ ਤਾਲ, ਜਿਥੇ ਕੈਰਵ ਪਾਂਡਵਾਂ ਦੇ ਯੁੱਧ ਦੇ ਅਰੰਭ ਵਿਚ ਕ੍ਰਿਸ਼ਨ ਜੀ ਨੇ ਅਰਜੁਨ ਨੂੰ ਗੀਤਾ ਦਾ ਉਪਦੇਸ਼ ਕੀਤਾ। ਇਸ ਘਟਨਾ ਦੀ ਯਾਦਗਾਰ ਵਿਚ ਹੁਣ ਧਰਮ ਪ੍ਰੇਮੀਆਂ ਨੇ ਕੁਰਛੇਤ੍ਰ ਤਾਲ ਦੇ ਕਿਨਾਰੇ ਆਲੀਸ਼ਾਨ ਗੀਤਾ ਭਵਨ ਬਣਵਾਇਆ ਹੈ ਏਥੇ ਸ੍ਰੀ ਗੁਰੂ ਅਮਰ ਦਾਸ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਭੀ ਗੁਰ ਅਸਥਾਨ ਹਨ। ਰੇਲਵੇ ਸਟੇਸ਼ਨ ਕੁਰੁਛੇਤ੍ਰ ਤੋਂ ਇਹ ਬਾਈ ਮੀਲ ਪੱਛਮ ਪਹੋਏ ਵਾਲੀ ਸੜਕ ਦੇ ਕਿਨਾਰੇ ਹੈ।

## ੮੭. ਗੁ: ਕਰਨਾਲ

ਲਾਡੂਆ ਜ਼ਿਲਾ ਕਰਨਾਲ ਦੇ ਥਾਨੇਸਰ ਤਹਿਸੀਲ ਵਿਚ ਇਕ ਨਗਰ ਹੈ, ਜੋ ਡੇਢ ਲਖ ਰੁਪੱਯਾ ਸਾਲ ਆਮਦਨ ਦੀ ਸਿਖ ਰਿਆਸਤ ਸੀ। ਇਹ ਸੰਨ ੧੮੪੬ ਵਿਚ ਸਿਖਾਂ ਦੀ ਪਹਿਲੀ ਲੜਾਈ ਵੇਲੇ ਅੰਗਰੇਜ਼ਾਂ ਨੇ ਜ਼ਬਤ ਕੀਤੀ।

## ੮੮. ਗੁ: ਥਾਨੇਸਰ

ਜ਼ਿਲਾ ਕਰਨਾਲ ਵਿਚ ਇਕ ਪਿੰਡ ਹੈ ਸ਼ਹਿਰ ਤੋਂ ਵਾਯਵੀ ਕੋਣ ਸ਼ੇਖ ਚਿਲੀ ਦੇ ਮਕਬਰੇ ਕੋਲ ਥਾਨ ਤੀਰਥ ਦੇ ਕੰਢੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਇਸ ਨਾਲ ਪ੦ ਵਿਘੇ ਜ਼ਮੀਨ ਹੈ।

## ੮੯. ਗੁ: ਬੁਧ ਪੁਰ

ਜ਼ਿਲਾ ਕਰਨਾਲ, ਤਹਿਸੀਲ ਕੈਂਥਲ, ਥਾਣਾ ਪਹੋਆ ਵਿਚ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਕੁਰੁਛੇਤਰ ਤੋਂ ੨੩ ਮੀਲ ਪੱਛਮ ਵਲ ਹੈ। ਪਹੋਏ ਵਾਲੀ ਪੱਕੀ ਸੜਕ ਹੈ। ਇਸ ਪਿੰਡ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ, ਕੇਵਲ ਮੰਜੀ ਸਾਹਿਬ ਬਣਿਆ ਹੋਇਆ ਹੈ।

## ੯੦. ਗੁ: ਬਾਰਨਾ ਸਾਹਿਬ

ਜ਼ਿਲਾ ਕਰਨਾਲ ਤਹਿਸੀਲ ਥਾਨੇਸਰ ਵਿਚ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਪੰਡਾਰਸੀ ਤੋਂ ੨ ਮੀਲ ਦਖਣ ਪੂਰਬ ਹੈ। ਇਸ ਪਿੰਡ ਵਿਚ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ।

Digitized by Panjab Digital Library | www.panjabdigilib.org

ਸ੍ਰੀ ਗੁਰੂ ਜੀ ਪਹੋਏ ਤੋਂ ਕੁਰੋਛੇਤਰ ਨੂੰ ਜਾਂਦੇ ਇਥੇ ਵਿਰਾਜੇ ਸਨ। ਇਸ ਗੁਰਅਸਥਾਨ ਦੀ ਸੇਵਾ ਭਾਈ ਉਦੇ ਸਿੰਘ ਜੀ ਕੈਂਥਲ ਪਤੀ ਨੇ ਕਰਾਈ ਸੀ। ਪੁਜਾਰੀ ਅਕਾਲੀ ਸਿੰਘ ਹੈ। ਗੁਰ ਅਸਥਾਨ ਦੇ ਨਾਲ ੧੧ ਵਿਘੇ ਜ਼ਮੀਨ ਪਿੰਡ ਵਲੋਂ ਹੈ।

## ੯੧. ਗੁ: ਸਿਆਣਾ

ਜ਼ਿਲਾ ਕਰਨਾਲ, ਤਹਿਸੀਲ ਥਾਣਾ ਪਹੋਏ ਦਾ ਇਕ ਪਿੰਡ ਹੈ ਜੋ ਪਹੋਏ ਤੋਂ ੧੦ ਕੋਹ ਪੱਛਮ ਹੈ। ਇਹ ਪਿੰਡ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਕੰਵਲ ਪਾ ਕੇ ਪਵਿਤ੍ਰ ਕੀਤਾ ਹੈ।

## ੯੨. ਗੁ: ਗੜ੍ਹੀ ਨਜ਼ੀਰ

ਜ਼ਿਲਾ ਕਰਨਾਲ ਤਹਿਸੀਲ ਕੈਂਥਲ ਵਿਚ ਇਕ ਪਿੰਡ ਹੈ।ਇਸਨੂੰ ਭੀਖਣ ਖਾਂ ਪਠਾਣ ਨੇ ਆਬਾਦ ਕੀਤਾ ਸੀ। ਇਸ ਗੜ੍ਹੀ ਤੋਂ ਦੱਖਣ ਦਿਸ਼ਾ ਪਾਸ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ, ਜਿਥੇ ਭੀਖਣ ਖਾਂ ਨੇ ਗੁਰਾਂ ਦੀ ਪ੍ਰੇਮ ਨਾਲ ਯੋਗ ਸੇਵਾ ਕੀਤੀ ਸੀ। ਗੁਰਦੁਆਰਾ ਅਤੇ ਰਿਹਾਇਸ਼ੀ ਪੱਕੇ ਮਕਾਨ ਬਣੇ ਹੋਏ ਹਨ, ਜਿਨ੍ਹਾਂ ਦੀ ਸੇਵਾ ਮਹਾਰਾਜਾ ਕਰਮ ਸਿੰਘ ਜੀ ਪਟਿਆਲਾ ਨੇ ਕਰਾਈ। ੧੦੦ ਵਿਘੇ ਜ਼ਮੀਨ ਭਾਈ ਸਾਹਿਬ ਉਦੇ ਸਿੰਘ ਜੀ ਕੈਂਥਲ ਵਲੋਂ, ੨੦੦ ਰੁਪਏ ਸਾਲਾਨਾ ਰਿਆਸਤ ਜੀਂਦ ਵਲੋਂ ਹੈ।

## ੯੩. ਗੁ: ਰੋਹਤਕ ਸਾਹਿਬ

ਇੱਕ ਪ੍ਰਸਿੱਧ ਪੁਰਾਣਾ ਸ਼ਹਿਰ, ਜੋ ਜ਼ਿਲੇ ਅਤੇ ਤਹਿਸੀਲ ਦਾ ਪ੍ਰਧਾਨ ਅਸਥਾਨ ਹੈ, ਇਹ ਦਿੱਲੀ ਤੋਂ ੪੪ ਮੀਲ ਹੈ। ਇਸ ਤੋਂ ਉੱਤਰ ਵਲ ਸੀਤਲਾ ਦਰਵਾਜੇ ਤੋਂ ਬਾਹਰਵਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਦਿੱਲੀ ਨੂੰ ਜਾਂਦੇ ਬਿਰਾਜੇ ਹਨ। ਗੁਰਦੁਆਰਾ ਸੁੰਦਰ ਬਣਿਆ ਹੋਇਆ ਹੈ। ਪ੍ਰਬੰਧ ਇਕ ਕਮੇਟੀ ਦੇ ਹੱਥ ਹੈ, ਰੇਲਵੇ ਸਟੇਸ਼ਨ ਰੋਹਤਕ ਤੋਂ ਇਹ ਅਸਥਾਨ ਢਾਈ ਮੀਲ ਦੇ ਕਰੀਬ ਹੈ।

## ੯੪. ਗੁ: ਲਾਖਣ ਮਾਜਰਾ

ਇਕ ਪਿੰਡ ਜੋ ਜ਼ਿਲਾ ਰੋਹਤਕ ਤਹਿਸੀਲ ਗੋਹਾਣਾ ਵਿਚ ਰੇਲਵੇ ਅਸਟੇਸ਼ਨ ਖਰੈਂਟੀ ਤੋਂ ੨ ਮੀਲ ਉੱਤਰ ਪਛਮ ਨੂੰ ਹੈ। ਇਸ ਪਿੰਡ ਢਾਬ ਦੇ ਕੰਢੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਦਿੱਲੀ ਨੂੰ ਜਾਂਦੇ ਇਥੇ ਬਰਾਜੇ ਸਨ। ਮੰਜੀ ਸਾਹਿਬ ਬਣਿਆ ਹੋਇਆ ਹੈ। ੮੮ ਵਿਘੇ ਜ਼ਮੀਨ ਖਰੀਦੀ ਹੋਈ ਹੈ। ਸੇਵਾਦਾਰ ਸਿੰਘ ਹੈ।

## ੯੫. ਗੁ: ਜਾਨ ਪੁਰ (ਜ਼ਿਲਾ ਹਿਸਾਰ)

ਸ੍ਰੀ ਮਾਨ ਕਵੀ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਦੀ ਯਾਰ੍ਹਵੀਂ ਰਾਸ਼ੀ ਦੇ ੩੫ਵੇਂ ਅੰਸ਼ ਵਿਚ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਜੀ ਜੀਂਦ ਤੋਂ ਚਲ ਕੇ ਜਾਨ ਪੁਰੇ ਵਿਚ ਵਿਰਾਜੇ ਹਨ, ਇਹ ਪਿੰਡ ਬਾਂਗਰ ਵਿਚ ਹੈ। ਏਥੋਂ ਆਗਰੇ ਨੂੰ ਗਏ।

ਜਾਨ ਪੁਰੇ ਇਕ ਹੈ ਗੁਰ ਥਾਨਾ। ਤਹਾਂ ਕਰਨ ਡੇਰਾ ਹਮ ਜਾਨਾ।
ਨਗਰ ਆਗਰੇ ਮਾਰਗ ਜੌਨ। ਕਰ ਕੇ ਸੇਧ ਚਲੇ ਗੁਰ ਤੌਨ।

Digitized by Panjab Digital Library | www.panjabdigilib.org

## ੯੬. ਗੁ: ਗੁੜਗਾਵਾਂ

ਏਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਅਪਣੇ ਪਵਿਤ੍ਰ ਚਰਨ ਪਾਏ ਹਨ। ਜਿਸ ਅਸਥਾਨ ਪਰ ਸਤਿ ਗੁਰੂ ਜੀ ਵਿਰਾਜੇ ਸਨ ਉਥੇ ਗੁਰ ਅਸਥਾਨ ਬਣਿਆ ਹੋਇਆ ਹੈ।

## ੯੭. ਗੁ: ਵੱਛੋਆਣਾ

ਬੱਛੋਆਣਾ ਜ਼ਿਲਾ ਹਿਸਾਰ ਥਾਣਾ ਬੁਢਲਾਡਾ ਵਿਚ ਇਕ ਪਿੰਡ ਹੈ, ਜੋ ਰੇਲਵੇ ਸਟੇਸ਼ਨ ਬੁਢਲਾਡਾ ਤੋਂ ਚਾਰ ਮੀਲ ਉਤਰ ਪੂਰਬ ਨੂੰ ਹੈ। ਇਸ ਪਿੰਡ ਦੀ ਵਸੋਂ ਅੰਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਨੇ ਏਥੇ ਕਈ ਦਿਨ ਨਿਵਾਸ ਕੀਤਾ।

## ੯੮. ਗੁ: ਦੋਦੜਾ (ਰਿਆਸਤ ਜੀਂਦ)

ਰਿਆਸਤ ਜੀਂਦ ਨਜ਼ਾਮਤ ਤਹਿਸੀਲ ਸੰਗਰੂਰ ਥਾਨਾ ਕੁਲਾਰ ਵਿਚ ਇਕ ਪਿੰਡ ਹੈ, ਇਸ ਤੋਂ ਉੱਤਰ ਵਲ ਪਾਸ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਹੈ ਅਤੇ ਉਹ ਪਿਪਲ ਦਾ ਬਿਰਛ ਮੌਜੂਦ ਹੈ, ਜਿਸ ਹੇਠਾਂ ਸ੍ਰੀ ਗੁਰੂ ਜੀ ਬਿਰਾਜੇ ਸਨ। ਰੇਲਵੇ ਸਟੇਸ਼ਨ ਪਟਿਆਲੇ ਤੋਂ ਦੱਖਣ ਪੱਛਮ ੨੦ ਮੀਲ ਹੈ। ਸਮਾਣੇ ਤਕ ਪੱਕੀ ਸੜਕ, ਅਗੇ ਦੋ ਮੀਲ ਕੱਚਾ ਰਸਤਾ ਹੈ।

## ੯੯. ਗੁ: ਸੇਖਾ

ਰਿਆਸਤ ਪਟਿਆਲਾ, ਨਜ਼ਾਮਤ ਬਰਨਾਲਾ ਵਿੱਚ ਇਕ ਪਿੰਡ ਜੋ ਮੂਲੋਵਾਲ ਤੋਂ ਪੰਜ ਕੋਹ ਅਤੇ ਰੇਲਵੇ ਸਟੇਸ਼ਨ ਸੇਖੇ ਤੋਂ ੧ ਮੀਲ ਹੈ ਇਸ ਜਗਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਦੁਆਰੇ ਹਨ॥ ਰਿਆਸਤ ਪਟਿਆਲਾ ਵਲੋਂ ਚਾਰ ਹਲ ਦੀ ਜ਼ਮੀਨ ਹੈ ਪਿੰਡ ਤੋਂ ਇਕ ਮੀਲ ਤੇ ਮੰਜੀ ਸਾਹਿਬ ਗੁਰਦੁਆਰਾ ਹੈ ਸ੍ਰੀ ਗੁਰੂ ਜੀ ਨੇ ਇਸ ਜਗਾ ਇਕ ਮਾਈ ਜੋ ਅਧਕ ਹੀ ਪ੍ਰੇਮ ਨਾਲ ਦੁਧ ਲੈਕੇ ਆਈ ਛਕਿਆ ਸੀ ਇਸ ਗੁਰੂ ਅਸਥਾਨ ਨਾਲ ਰਿਃ ਵਲੋਂ ਦੋ ਹਲ ਦੀ ਜ਼ਮੀਨ ਹੈ।

## ੧੦੦. ਗੁ: ਮੂਣਕ

ਰਿਆਸਤ ਪਟਿਆਲਾ, ਜ਼ਿਲਾ ਸੁਨਾਮ ਵਿੱਚ ਇਕ ਪਿੰਡ ਹੈ ਜਿਥੇ ਪੁਰਾਣਾ ਕਿਲਾ ਹੈ। ਜੋ ਜਾਖਲ ਜੰਕਸ਼ਨ ਤੋਂ ਤਿੰਨ ਕੋਹ ਹੈ ਇਸ ਨਗਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਿਸ ਜਗਾ ਚਰਨ ਪਾਏ ਸਨ ਉਥੇ ਮੰਜੀ ਸਾਹਿਬ ਗੁਰਦੁਆਰਾ ਬਣਿਆ ਹੈ। ਪਟਿਆਲੇ ਵਲੋਂ ੮੪ ਵਿਘੇ ਜ਼ਮੀਨ ਹੈ।

## ੧੦੧. ਗੁ: ਰੋਹੜਾ

ਜ਼ਿਲਾ ਕਰਨਾਲ, ਤਹਿਸੀਲ ਕੈਥਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਿਸ ਜਗਾ ਚਰਨ ਪਾਇ ਸਨ ਉਸ ਜਗਾ ਗੁਰਦੁਆਰਾ ਸਾਹਿਬ ਸੁੰਦਰ ਬਣਿਆ ਹੋਇਆ ਹੈ॥

Digitized by Panjab Digital Library | www.panjabdigilib.org

## ੧੦੨. ਗੁ: ਸੁਹੇਵਾ

ਰਿਆਸਤ ਬੀਕਾਨੇਰ, ਨਜ਼ਾਮਤ ਰਾਜਗੜ੍ਹ, ਤਹਿਸੀਲ ਰਿਣੀ ਵਿੱਚ ਇੱਕ ਪਿੰਡ ਜੋ ਸਟੇਸ਼ਨ ਰਾਜਗੜ੍ਹ ਤੋਂ ੨੫ ਕੋਹ ਅਤੇ ਸਰਸੇ ਤੋਂ ੩੦ ਕੋਹ ਹੈ ਏਥੇ ਸ੍ਰੀ ਕਲਗੀਧਰ ਪਾਤਿਸ਼ਾਹਿ ਦੱਖਣ ਹੈਦਰਾਬਾਦ ਨੂੰ ਜਾਂਦੇ ਹੋਏ ਵਿਰਾਜੇ ਹਨ। ਸ੍ਰੀ ਗੁਰੂ ਸਾਹਿਬ ਜੀ ਵੇਲੇ ਦਾ ਇਕ ਜੰਡ ਅਤੇ ਪਿਪਲ ਹੈ ਉਸ ਵੇਲੇ ਪਿੱਪਲ ਬਹੁਤ ਛੋਟਾ ਜੰਡ ਵਿੱਚ ਉਗਿਆ ਹੋਇਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤਾ ਕਿ ਜਦ ਪਿਪਲ ਜੰਡ ਨੂੰ ਨਿਗਲ ਜਾਵੇਗਾ ਤਾਂ ਦੇਸ ਦਾ ਕਾਲ (ਦੁਰਭਿੱਖ) ਦੂਰ ਹੋਜਾਊ। ਹੁਣ ਪਿੱਪਲ ਨੇ ਸਾਰੇ ਜੰਡ ਨੂੰ ਵਿੱਚ ਲਕੋ ਲਿਆ ਹੈ ਕੇਵਲ ਨਮੂਨਾ ਹੀ ਨਜ਼ਰ ਔਂਦਾਂ ਹੈ।

ਪਿੱਪਲ ਤੋਂ ਕੁਝ ਵਿਥ ਤੇ ਇਕ ਪੱਥਰ ਦੀ ਸਿਲਾ ਪਈ ਹੈ ਜਿਸ ਉਪਰ ਘੋੜੇ ਦੇ ਪੌੜਾਂ ਦੇ ੩-੪ ਨਿਸ਼ਾਨ ਹਨ। ਜੋ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਘੋੜੇ ਦੇ ਦਸਦੇ ਹਨ। ਸ੍ਰੀ ਗੁਰੂ ਜੀ ਦੀ ਜਾਦ ਵਿੱਚ ਤਾਲ ਦੇ ਕਿਨਾਰੇ ਗੁਰਦੁਆਰਾ ਸਾਹਿਬ ਜੀ ਦੀ ਇਮਾਰਤ ਬਣੀ ਹੋਈ ਹੈ ਜਿਸ ਦੇ ਨਾਲ ੩੦ ਵਿਘੇ ਜ਼ਮੀਨ ੩੨੫) ਰਿਆਸਤ ਪਟਿਆਲਾ ਵਲੋਂ ਹਨ। ਕਤਕ ਪੂਰਨ ਮਾਸ਼ੀ ਨੂੰ ਜੋੜ ਮੇਲਾ ਹੁੰਦਾ ਹੈ ॥

## ੧੦੩. ਗੁ: ਮੌੜ ਕਲਾਂ

ਰਿਃ ਪਟਿਆਲਾ, ਜ਼ਿਲਾ ਬਰਨਾਲਾ, ਰੇਲਵੇ ਸਟੇਸ਼ਨ ਮੌੜ ਤੋਂ ਪੌਣਾ ਮੀਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜਿਸ ਜਗਾ ਚਰਨ ਪਾਇ ਸਨ ਉਸ ਥਾਂ ਮਹੰਤ ਹਰੀ ਸਿੰਘ ਨੇ ਗੁਰਦੁਆਰਾ ਸਾਹਿਬ ਬੜਾ ਸੁੰਦਰ ਬਣਾਇਆ ਹੈ। ੧੦੦ ਘੁਮਾਂ ਜ਼ਮੀਨ ਪਟਿਆਲਾ ਵਲੋਂ ੩੦ ਘੁਮਾਂ ਜ਼ਮੀਨ ਗੁਃ ਕਮੇਟੀ ਨੇ ਮੁਲ ਖਰੀਦੀ ਹੈ ॥

## ੧੦੪. ਗੁ: ਪਹੋਆ

ਜ਼ਿਲਾ ਕਰਨਾਲ, ਤਹਿਸੀਲ ਕੈਥਲ ਥਨੇਸਰ ਤੋਂ ੧੯ ਮੀਲ ਅੰਤਰਗਤ ਤੀਰਥ ਹੈ ਇੱਥੇ ਦੋ ਗੁਰਦੁਆਰੇ ਹਨ ਜੋ ਉਚੀ ਥਾਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕੋ ਗੁਰਦੁਆਰਾ ਹੈ ॥

੨. ਸ਼ਹਿਰ ਵਿੱਚ ਸਰਸੁਤੀ ਤੀਰਥ ਦੇ ਕਿਨਾਰੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਇਕੋ ਗੁਰਦੁਆਰਾ ਹੈ ਜਿਸ ਦੀ ਸੇਵਾ ਭਾਈ ਸਾਹਿਬ ਉਦੇਸਿੰਘ ਜੀ ਕੈਥਲ ਨੇ ਕਰਾਈ ਹੈ ੧੦੦) ਸਾਲਾਨਾ ਜਾਗੀਰ ਰਿਃ ਨਾਭਾ ਵਲੋਂ ॥

ਮਾਈ ਸਰਖਾਨ ਰਿਆਸਤ ਪਟਿਆਲਾ ਜ਼ਿਲਾ ਬਰਨਾਲਾ, ਥਾਨਾ ਰਾਮਾ ਦਾ ਇਕ ਪਿੰਡ ਹੈ ਦੇ ਲਾਗ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਸਾਹਿਬ ਹੈ ਪਾਸ ਰਹਾਇਸ਼ੀ ਮਕਾਨ ਹੈ ੨੧੧ ਘੁਮਾਂ ਜ਼ਮੀਨ ਪਿੰਡ ਵਲੋਂ ਉਸ ਗੁਰਦੁਆਰੇ ਸਾਹਿਬ ਦਾ ਨਾਮ "ਤਿਤਰ ਸਰ" ਇਥੇ ਸ੍ਰੀ ਗੁਰੂਜੀ ਨੇ ਤਿਤਰ ਦਾ ਸ਼ਿਕਾਰ ਕਰਕੇ ਮੁਕਤ ਕੀਤਾ ॥

Digitized by Panjab Digital Library | www.panjabdigilib.org

| ਨੰ: | ਨਾਂ ਗੁਰ ਅਸਥਾਨ | ਜ਼ਮੀਨ ਘੁਮਾ | ਜ਼ਮੀਨ ਵਿਘੇ | ਜਗੀਰ | ਮਕਾਨ | ਸਹਾਇਤਾ ਆਦਿ |
|---|---|---|---|---|---|---|
| ੧ | ਗੁ: ਸਾ: ਬੂੜੀਆਂ ਜ਼ਿਲਾ ਅੰਬਾਲਾ | | | | | ਕਾਫ਼ੀ ਜ਼ਮੀਨ ਹੈ |
| ੨ | ਗੁ: ਸਾ: ਮਰਦੋਂ | | ੬੦੦ ਵਿਘੇ | | | |
| ੩ | ਗੁ: ਸਾ: ਸੀਭੜੋ ਰਿਆਸਤ ਪਟਿਆਲਾ | ੪੦ ਘੁਮਾਂ | | | | |
| ੪ | ਗੁ: ਸਾ: ਭਗੜਾਨਾ | | ੨੫੦ ਵਿਘੇ | | | |
| ੫ | ਗੁ: ਸਾ: ਅਨੰਦ ਪੁਰ ਕਲੌੜ ਰਿ: ਪਟਿਆਲਾ | | | ੭੦—੦—੦ | | ਰਿਆਸਤ ਪਟਿਆਲਾ |
| ੬ | ਗੁ: ਸਾ: ਖਟਕੜ ਰਿ: ਪਟਿਆਲਾ | | ੨੫੦ ਵਿਘੇ | ੮੫—੦—੦ | | ਰਿਆਸਤ ਪਟਿਆਲਾ |
| ੭ | ਗੁ: ਸਾ: ਖਰਲ ਭੂਰਾ ਰਿਆਸਤ ਪਟਿਆਲਾ | | ੨੫੦ ਵਿਘੇ | ੨੫—੦—੦ | | ਰਿਆਸਤ ਪਟਿਆਲਾ |
| ੮ | ਗੁ: ਸਾ: ਸੰਗਰਹੇੜੀ, ਰਿ: ਪਟਿਆਲਾ | ੪ ਘੁਮਾਂ | | | | |
| ੯ | ਗੁ: ਸਾ: ਗਡਭੂਆ, ਰਿ: ਪਟਿਆਲਾ | | ੧੫੦ ਵਿਘੇ | | | ਰਿਆਸਤ ਪਟਿਆਲਾ |
| ੧੦ | ਗੁ: ਸਾ: ਨਨਹੇੜੀ, ਰਿ: ਪਟਿਆਲਾ | | ੧੦ ਵਿਘੇ | | | |
| ੧੧ | ਗੁ: ਸਾ: ਨੌਲੱਖਾ, ਰਿ: ਪਟਿਆਲਾ | | ੧੦੦ ਵਿਘੇ | | | ਰਿਆਸਤ ਪਟਿਆਲਾ |
| ੧੨ | ਗੁ: ਸਾ: ਗੁਰਨੇ, ਰਿ: ਪਟਿਆਲਾ | | ੧੦ ਵਿਘੇ | ੩੦੦—੦—੦ | | |
| ੧੩ | ਗੁ: ਸਾ: ਬਰਾ, ਰਿ: ਪਟਿਆਲਾ | | ੨੨੦ ਵਿਘੇ | | | |
| ੧੪ | ਗੁ: ਸਾ: ਮੂਣਕ, ਰਿ: ਪਟਿਆਲਾ | | ੭੦ ਵਿਘੇ | | | ਰਿਆਸਤ ਪਟਿਆਲਾ |
| ੧੫ | ਗੁ: ਸਾ: ਧਮਧਾਣ, ਰਿ: ਪਟਿਆਲਾ | | ੨੨੦੦ ਵਿਘੇ | ੩੨੦੦—੦—੦ | | ਰਿਆਸਤ ਪਟਿਆਲਾ |
| | | | | ੧੪੦੦—੦—੦ | | ਰਿਆਸਤ ਨਾਭਾ |
| ੧੬ | ਗੁ: ਸਾ: ਬਹਾਦਰ ਗੜ੍ਹ ਪਟਿਆਲਾ | | ੩੬੫ ਵਿਘੇ | ੬੦੦—੦—੦ | | ੧੨—੧੩ ਪਿੰਡ ਲਗ ਪਗ |
| ੧੭ | ਗੁ: ਸਾ: ਕਰਹਾਲੀ ,, | | ੧੫੦ ਵਿਘੇ | ੧੪—੦—੦ | | |
| ੧੮ | ਗੁ: ਸਾ: ਜੰਡ ਸਾਹਿਬ ,, | | ੧੦੦ ਵਿਘੇ | ੨੭—੦—੦ | | |
| ੧੯ | ਗੁ: ਸਾ: ਅਲੋਹਰਖ ,, | | ੧੨੫ ਵਿਘੇ | | | |
| | ਜੋੜ | ੪੪ ਘੁਮਾਂ | ੪੮੫੦ ਵਿਘੇ | ੬੦੨੧—੦—੦ | | |

| ਨੰ: | ਨਾਂ ਗੁਰ ਅਸਥਾਨ | | ਜ਼ਮੀਨ ਘੁਮਾਂ | ਜ਼ਮੀਨ ਵਿਘੇ | ਜਗੀਰ | ਮਕਾਨ | ਸਹਾਇਤਾ ਆਦਿ |
|---|---|---|---|---|---|---|---|
| | | ਪਿਛਲਾ ਜੋੜ | ੪੪ ਘੁਮਾਂ | ੪੮੫੦ ਵਿਘੇ | ੬੦੨੧-੦-੦ | | |
| ੨੦ | ਗੁ: ਸਾ: ਗਾਗਾ | ਪਟਿਆਲਾ | | ੭੫੦ ਵਿਘੇ | | | |
| ੨੧ | ਗੁ: ਸਾ: ਰਾਜੋ ਮਾਜਰਾ | ,, | ੫੦ ਘੁਮਾਂ | | | | |
| ੨੨ | ਗੁ: ਸਾ: ਸੇਖਾ | ,, | | | | | ਛੇ ਹਲ ਦੀ ਜ਼ਮੀਨ |
| ੨੩ | ਗੁ: ਸਾ: ਹੰਦਿਆਇਆ | ,, | ੨੫੦ ਘੁਮਾਂ | | | | |
| ੨੪ | ਗੁ: ਸਾ: ਦਿਲਵਾਂ | ,, | ੧੨੫ ਘੁਮਾਂ | | | | ਰਿ: ਨਾਭਾ ਵਲੋਂ |
| ੨੫ | ਗੁ: ਸਾ: ਜੋਗਾ | ,, | ੨੩ ਘੁਮਾਂ | | | | |
| ੨੬ | ਗੁ: ਸਾ: ਖੀਵਾ ਵਡਾ | ,, | ੧੫੦ ਘੁਮਾਂ | | | | |
| ੨੭ | ਗੁ: ਸਾ: ਖਿਆਲਾ | ,, | ੧੫੦ ਘੁਮਾਂ | | | | |
| ੨੮ | ਗੁ: ਸਾ: ਅਲੀ ਸ਼ੇਰ | ,, | | | ੨੫-੦-੦ | | ਜਗੀਰ ਰਿਆਸਤ ਵਲੋਂ |
| ੨੯ | ਗੁ: ਸਾ: ਰਕਾਬ ਗੰਜ | ,, | | ੨੪ ਵਿਘੇ | | | |
| ੩੦ | ਗੁ: ਸਾਂ: ਭੀਖੇ | ,, | ੧੪੦ ਘੁਮਾਂ | | ੮੦-੦-੦ | | |
| ੩੧ | ਗੁ: ਸਾ: ਮਾਈਸਰ ਖਾਨਾ | ,, | ੨ ਘੁਮਾਂ | ੪ ਵਿਘੇ | | | |
| ੩੨ | ਗੁ: ਸਾ: ਟਾਹਲਾ ਸਾਹਿਬ | ,, | ੨੫੦ ਘੁਮਾਂ | | | | |
| ੩੩ | ਗੁ: ਸਾ: ਸ਼ਾਹਪੁਰ | ,, | | ੫੦ ਵਿਘੇ | | | ਪਿੰਡ ਵਲੋਂ |
| ੩੪ | ਗੁ: ਤਲਵੰਡੀ ਸਾਬੋ ਸਾਰਾਚਕ | ਪਟਿਆਲਾ | | | ੧੦੦ | | ਜਗੀਰ ਰਿਆਸਤ ਨਾਭਾ |
| ੩੫ | ਗੁ: ਸਾ: ਧਲੇਊ | ,, | | | ੧੨੦ | | ਰਿਆਸਤ ਪਟਿਆਲਾ |
| ੩੬ | ਗੁ: ਸਾ: ਫਰਵਾਹੀ | ,, | ੩੫ ਘੁਮਾਂ | | ੧੧੮੪ | | ਰਿਆਸਤ ਪਟਿਆਲਾ |
| ੩੭ | ਗੁ: ਸਾ: ਰੋਹਟਾ ਸਾਹਿਬ | ਨਾਭਾ | ੭੦ ਘੁਮਾਂ | | | | ਰਿਆਸਤ ਨਾਭਾ |
| ੩੮ | ਗੁ: ਸਾ: ਅਮੋਲ | ,, | | ੧੦ ਵਿਘੇ | | | ਭਾ: ਨੰਥਾ ਸਿੰਘ ਜੀ ਵਲੋਂ |
| | | ਜੋੜ | ੧੨੮੯ ਘੁਮਾਂ | ੫੬੮੮ ਵਿਘੇ | ੭੫੩੦-੦-੦ | | |

Digitized by Panjab Digital Library | www.panjabdigilib.org

| ਨੰ: | ਨਾਂ ਗੁਰ ਅਸਥਾਨ | | ਜ਼ਮੀਨ ਘੁਮਾਂ | ਜ਼ਮੀਨ ਵਿਘੇ | ਜਗੀਰ | ਮਕਾਨ | ਸਹਾਇਤਾ ਆਦਿ |
|---|---|---|---|---|---|---|---|
| | | ਪਿਛਲਾ ਜੋੜ | ੧੨੯੯ ਘੁਮਾਂ | ਪ੬੯੮ ਵਿਘੇ | ੭੫੩੦–੦–੦ | | |
| ੩੯ | ਗੁ: ਸਾ: ਕਟੂ | ,, | | | | | ਦੋ ਹਲ ਦੀ ਜ਼ਮੀ |
| ੪੦ | ਗੁ: ਸਾ: ਧੌਲ | ,, | ੭੦ ਘੁਮਾਂ | | | | |
| ੪੧ | ਗੁ: ਸਾ: ਗੁਣੀਕੇ | ,, | | | ੨੭–੦–੦ | | ਰਿਆਸਤ ਵਲੋਂ |
| ੪੨ | ਗੁ: ਸਾ: ਪਹੋਆ | | | | ੧੦੦–੦–੦ | | ਰਿਆਸਤ ਨਾਭਾ ਵਲੋਂ |
| ੪੩ | ਗੁ: ਸਾ: ਥਾਨੇਸਰ ਤੀਰਥ | | | ਪ੦ ਵਿਘੇ | | | |
| | | | | | ੨੬–੦–੦ | | ਰਿਆਸਤ ਨਾਭਾ |
| ੪੪ | ਗੁ: ਸਾ: ਬੀਕਾਨੇਰ ਸੁਹੇਵਾ | | | ੩੦ ਵਿਘੇ | ੩੨੫–੦–੦ | | ਰਿਆਸਤ ਪਟਿਅਲਾ |
| | | | | | ੪੨੫–੦–੦ | | ਪਟਿਆਲਾ ਵਲੋਂ |
| | | | | | | | ਰਿਆਸਤ ਕੈਥਲ ਵਲੋਂ |
| | | | | | ੫੫–੦–੦ | | ਜੀਂਦ ਵਲੋਂ |
| ੪੫ | ਗੁ: ਬਣੀ ਬਦਰ ਪੁਰ | | | ੨੫੦ ਵਿਘੇ | ੧੫–੦–੦ | | ਨਾਭੇ ਵਲੋਂ |
| ੪੬ | ਗੁ: ਸਾ: ਤਾਗਉੜੀ | | | ੯ ਵਿਘੇ | | | |
| ੪੭ | ਗੁ: ਸਾ: ਬਾਰਨਾ ਸਾਹਿਬ | | | ੧੧ ਵਿਘੇ | | | ਭਾ: ਸਾ: ਉਦੇ ਸਿੰਘ ਵਲੋਂ |
| ੪੮ | ਗੁ: ਸਾ: ਗੜ੍ਹੀ ਨਜ਼ੀਰ | | | ੧੦੦ ਵਿਘੇ | ੨੦੦–੦–੦ | | ਭਾ: ਸਾ: ਉਦੇ ਸਿੰਘ ਵਲੋਂ |
| | | | | | | | ਰਿ: ਜੀਂਦ ਵਲੋਂ |
| ੪੯ | ਗੁ: ਸਾ: ਰੋਹਤਕ | | | ੪੪ ਵਿਘੇ | | | ਖ੍ਰੀਦੀ ਹੋਈ |
| ੫੦ | ਗੁ: ਸਾ: ਗੁਣੀਕ | | | | ੨੭–੦–੦ | | |
| ੫੧ | ਗੁ: ਸਾ: ਮਕੋਰੜ | | | ੧੫੦ ਵਿਘੇ | ੨੫–੦–੦ | | ਪਟਿਆਲਾ ਵਲੋਂ |

ਜੋੜ ੧੩੫੯ ਘੁਮਾਂ ੬੧੯੨ ਵਿਘੇ ੮੭੩੦–੦–੦

Digitized by Panjab Digital Library | www.panjabdigilib.org

| ਨੰਃ | ਨਾਂ ਗੁਰ ਅਸਥਾਨ | ਜ਼ਮੀਨ ਘੁਮਾਂ | ਜ਼ਮੀਨ ਵਿਘੇ | ਜਗੀਰ | ਮਕਾਨ | ਸਹਾਇਤਾ ਆਦਿ |
|---|---|---|---|---|---|---|
| | ਪਿਛਲਾ ਜੋੜ | ੧੩੫੯ ਘੁਮਾਂ | ੬੧੮੨ ਵਿਘੇ | ੮੭੩੦—੮—੦ | | |
| ੩੮ | ਗੁਃ ਸਾਃ ਕਰਹਾਲੀ | | ੧੫੦ ਵਿਘੇ | ੨੪—੦—੦ | | ਜੀਂਦ ਵਲੋਂ |
| ੩੯ | ਗੁਃ ਸਾਃ ਟਾਹਲਾ ਸਾਃ | ੨੫੦ ਘੁਮਾਂ | | | | |
| ੪੦ | ਗੁਃ ਸਾਃ ਸ਼ਾਹਪੁਰ | | ੫੦ ਵਿਘੇ | | | ਪਿੰਡ ਵਲੋਂ |
| ੪੧ | ਗੁਃ ਸਾਃ ਸੂਲੀਸਰ | ੧੨੫ ਘੁਮਾਂ | | | | |
| ੪੨ | ਗੁਃ ਸਾਃ ਖੜਕ | | | ੮੭—੦—੦ | | |
| ੪੩ | ਗੁਃ ਸਾਃ ਸਾਹਿਬਰਾ | | ੩੦੦ ਵਿਘੇ | | | ਭਾਃ ਉਦੇ ਸਿੰਘ ਵਲੋਂ |
| | | | | ੪੨੫—੦—੦ | | ਰਿਃ ਪਟਿਆਲਾ ਵਲੋਂ |
| | | | | ੫੫—੦—੦ | | ਜੀਂਦ ਵਲੋਂ |
| | | | | ੧੫—੦—੦ | | ਨਾਭੇ ਵਲੋਂ |
| ੪੪ | ਗੁਃ ਸਾਃ ਲਾਖਣ ਮਾਜਰਾ | | ੮੮ ਵਿਘੇ | | | |
| ੪੫ | ਗੁਃ ਸਾਃ ਭੁਪਾਲਾ | ੫੦ ਘੁਮਾਂ | | | | ਰਿਃ ਪਟਿਆਲਾ |
| ੪੬ | ਗੁਃ ਸਾਃ ਮੌੜ | ੧੦੦ ਘੁਮਾਂ | | | | ਪਟਿਆਲਾ ਵਲੋਂ |
| | | ੩੦ ਘੁਮਾਂ | | | | ਗੁਃ ਕਮੇਟੀ ਨੇ ਮੁਲ ਖ੍ਰੀਦੀ |
| | ਜੋੜ | ੧੯੧੪ ਘੁਮਾਂ | ੬੭੭੦ ਵਿਘੇ | ੯੩੩੬—੮—੦ | | |

ਸਿੱਖ ਕੌਮ ਦੇ ੧੦ ਵੇਂ ਪਾਤਸ਼ਾਹ
ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ



ਸਭ ਥਾਈਂ ਹੋਇ ਸਹਾਇ ॥




Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਰੰਗਰੇਟੇ ਗੁਰੂ ਕੇ ਬੇਟਿਆਂ ਨੂੰ ਗਲੇ ਲਗੌਣ ਵਾਲਾ

ਇਹ ਸੰਸਾਰ ਹਰਿ ਕਾ ਰੂਪ ਹੈ ।



"ਜਿਥੇ ਨੀਚ ਸਮਾਲੀਅਨ ਤਿਥੇ ਨਦਰ ਤੇਰੀ ਬਖਸੀਸ"



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ✿✿✿ ਪ੍ਰੇਮ ਬੇੜਾ ✿✿✿

ਮਜ਼ਬੀ ਪੱਖਪਾਤ ਕਰਕੇ ਦੂਜਿਆਂ ਨਾਲ ਨਫਰਤ ਕਰਨ ਦੀ ਬੀਮਾਰੀ ਨੂੰ ਜੜ੍ਹਾਂ ਤੋਂ ਕਟਨ ਦਾ ਜਤਨ ਦਸ ਸਰੂਪਾਂ ਵਿਚ ਸੰਪੂਰਨ ਕੀਤਾ ਅਤੇ ਇਉਂ ਉਚਾਰਣ ਕੀਤਾ

''ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ''



"ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੇ ਬੇੜੇ ਦੇ ਮਲਾਹ"



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ ੳ ਸਤਿਗੁਰ ਪ੍ਰਸਾਦਿ ॥

**ਸਵੈਯਾ ॥**

ਹਰਿ ਗੋਬਿੰਦ ਨੰਦਨ[੧] ਨੰਦਨ ਕੋ ਅਭ ਬੰਦਨ[੨] ਕੈ[੩] ਪਦ ਜੇ ਅਰਬਿੰਦੂ[੪] ॥
ਦੁਖ ਦੂੰਦ[੫] ਨਿਕੰਦਨ[੬] ਆਨੰਦ ਕੰਦ[੭] ਮੁਕੰਦ[੮] ਬਿਲੰਦ[੯] ਕਰੇ ਜਿਨ ਹਿੰਦੂ ॥
ਤੁਰਕਿੰਦ[੧੦] ਉਡਿੰਦ[੧੧] ਦਿਨਿੰਦ[੧੨] ਤਿਨੇ ਗੁਰੂ ਗੋਬਿੰਦ ਸਿੰਘ ਸਭੈ ਜਗ ਬਿੰਦੂ[੧੩] ॥
ਸਰਪਿੰਦ[੧੪] ਗਿਰਿੰਦ[੧੫] ਖਗਿੰਦ[੧੬] ਤੁਲੰ ਬਲਵੰਡ[੧੭] ਅਖੰਡਡ[੧੮] ਸ਼ਰਦਹਿ ਇੰਦੂ[੧੯] ॥੧॥

**ਕਬਿੱਤ ॥**

ਕਾਂਤਿ[੨੦] ਕਲਿ ਤਾਲ ਮੈ ਪ੍ਰਫੁਲਤ ਬਿਸਾਲ[੨੧] ਚਲ, ਮ੍ਰਿਦੁਲ[੨੨] ਮ੍ਰਿਦੁਲ ਤੁੱਲ ਲਾਲ ਲਾਲ ਮਾਨੀਯੇ ॥
ਰਾਜਤ ਮਰਾਲ[੨੩] ਰਾਜ ਸੰਤਨ ਸਮਾਜ ਪਾਸ, ਪਾਸ ਹੈ ਪਿਰਾਗ[੨੪] ਦਿਨ ਰੈਨ ਮੈਂ ਸੁਹਾਨੀਯੇ ॥੨॥
ਸਿਲੀ[੨੫] ਮੁਖ ਸਿੱਖ ਮਨ ਸੌਰਭ[੨੬] ਅਨੰਦ ਹੇਠ, ਛੋਰਤ ਨਾ ਆਸ ਪਾਸ ਸਦਾ ਸੋ ਭ੍ਰਮਾਨੀਯੇ[੨੭] ॥
ਉਦਿਕ[੨੮] ਕਰਮ ਛੁਇ ਸਕੈ ਨਾ ਭਰਮ ਮਲ, ਐਸੇ ਸ੍ਰੀ ਗੋਬਿੰਦ ਸਿੰਘ ਕੰਦ ਜਾਨੀਯੇ ॥੨੪॥

**ਸਵੈਯਾ ॥**

ਗੋਬਿੰਦ ਸਿੰਘ ਗੁਰੂ ਗਤਿ ਦਾਯਕ ਆਨ ਕੀ ਆਸ ਨਹੀਂ ਮਨ ਰਾਈ[੨੯] ॥
ਚਾਤ੍ਰਿਕ ਚੀਤ ਮਹੂਰ[੩੦] ਮਹੂ[੩੧] ਰਟ ਸ੍ਵਾਂਤਿ ਦਿਦਾਰ ਕਬੈ ਬਹ ਪਾਈ ॥
ਜੀਉ ਪਤੰਗ ਸਨੇਹ ਕੀ ਡੋਰ ਬੰਧਾ ਡਗ ਡੋਲ[੩੨] ਸੁਲੇਹ ਮਿਲਾਈ ॥
ਹਿੰਧ ਹੁਤਾਸਨ ਹੈ ਭਵ ਕੀ ਗਤਿ ਮੋਹਿ ਮਯਾ ਕਰ ਲੇਹੁ ਬਚਾਈ ॥੨੫॥

---

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਿਨੇ ਮੰਗਲ ਮਈ ਕਬਿਤ, ਸਵੈਆ, ਦੋਹਰੇ ਹਨ। ਇਹ ਸਭ ਸੌਂਹ ਪੰਥ ਪ੍ਰਸਿਧ ਕਵਿ ਚੂੜਾਮਣਿ ਭਾਃ ਸਾਃ ਸੰਤੋਖ ਸਿੰਘ ਜੀ ਦੇ ਨੰਃ ੩ ਵਿਚੋਂ ਹਨ।

੧. ਖੁੜ੍ਹ ਦੇ ਪੁੜ੍ਹ=ਪੋਤ੍ਰੇ। ੨. ਦਿਲੋਂ ਨਮਸਕਾਰ। ੩. ਕਰਕੇ। ੪. ਕਮਲ। ੫ ਦ੍ਵੈਤਦੁਬਿਧਾ। ੬. ਨਾਸਕ ੭. ਦਾਤੇ। ੮. ਮੁਕਤੀ ਦਾਤੇ। ੯. ਉੱਚੇ। ੧੦. ਤੁਰਕਾਂ ਦਾ ਰਾਜਾ। ੧੧. ਚੰਦ। ੧੨. ਸੂਰਜ। ੧੩. ਜਗ ਦੇ ਕਾਰਣ—ਪਿਤਾ। ੧੪. ਸ਼ੇਸ਼ ਨਾਗ। ੧੫. ਤਰਬਤ ਰਾਜ। ੧੬. ਗਰੜ। ੧੭. ਬਲਵਾਨ। ੧੮. ਨ ਖੰਡੇ ਜਾਣ ਵਾਲੇ ੧੯. ਇੰਦਰ ਦੇ ਇੰਦਰ ਰਾਜੇ। ੨੦, ਸ਼ੋਭਾ। ੨੧. ਬਹੁਤ ਸੁੰਦਰ। ੨੨. ਕੋਮਲ। ੨੩. ਰਾਜ ਹੰਸ। ੨੪. ਮਕਰੰਦ ਦੀ ਧੂੜ। ੨੫. ਭੌਰੇ। ੨੬ ਸੁਗੰਧੀ। ੨੭. ਘੁੰਮਦੇ ਹਨ। ੨੮. ਪਾਣੀ। ੨੯. ਰਤਾ ਜਿਨੀ ਵੀ (ਯਾ ਰਾਜੇ ਆਦਿਕ ਵਡੇ ਵਡੇਰੇ ਦੀ ਕ੍ਰਨੋਡ ਨਹੀਂ)। ੩੦. ਮਨ ਰੂਪੀ ਚਾਤ੍ਰਿਕ। ੩੧ ਮਨ। ੩੨. ਡਿਕ ਡੋਲ।

Digitized by Panjab Digital Library | www.panjabdigilib.org

ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਨਿਰੰਤਰਿ ਗੁਰ ਜੋਤ ਦਾ ਮੁਖ ਪ੍ਰਯੋਜਨ ਪਹਿਲੇ ਨੌ ਰੂਪਾਂ ਵਿਚ 'ਜਨਮ ਮਰਨ ਦੋਹੂ ਮੈ ਨਾਹੀ ਜਨ ਪਰਉਪਕਾਰੀ ਆਏ' । ਜੀਅ ਦਾਨ ਦੇ ਭਗਤੀ ਲਾਇਨ ਹਰਿ ਸਿਉ ਲੈਣ ਮਿਲਾਏ ।' ਅਨੁਸਾਰ ਮੁਰਦੇ ਸੰਸਾਰ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਇਕ ਅਦੁਤੀ ਤੇ 'ਏਕਾਇਨ' ਤੱਤ ਅਕਾਲ ਪੁਰਖ ਦੀ ਭਗਤੀ ਵਿਚ ਲਾਕੇ ਉਸ ਵਿਚ ਲੀਨ ਕਰ ਲੈਣਾ ਸੀ, ਉਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਪਾਵਨ ਗੁਰੂ ਜੋਤਿ ਦਾ ਮੁਖ ਮੰਤਵ ਭੀ ਅੰਨਤ ਦਾਨ (ਜ਼ਿੰਦਗੀ) ਦੇਣਾ ਸੀ, ਭਾਵੇਂ ਉਨ੍ਹਾਂ ਦੇ ਅਨੇਕ ਚੋਜਾਂ ਦਾ ਪਹਿਲੇ ਸਾਹਿਬਾਂ ਦੇ ਕਈ ਚਰਿਤ੍ਰਾਂ ਦਾ ਭੇਦ-ਕਿੰਤੂ ਵਿਰੋਧ ਭੀ ਪ੍ਰਤੀਤ ਹੁੰਦਾ ਹੈ । ਉਹ ਵਿਰੋਧ ਪਰਸਪਰ ਚਰਿਤ੍ਰਾਂ ਵਿਚ ਪਿਆ ਭਾਸੇ, ਪਰ ਉਨ੍ਹਾਂ ਸਾਰਿਆਂ ਦਾ ਮੁਖ ਪ੍ਰਯੋਜਨ ਓਹੀ 'ਜੀਅ ਦਾਨ' ਦੇਣਾ ਹੋਣ ਕਰਕੇ ਗੁਰ ਜੋਤ ਦੇ ਮੁਖ ਆਸ਼ੇ ਨਾਲ ਵਿਰੋਧ ਉਕਾ ਹੀ ਨਹੀਂ ਕਿੰਤੂ ਪ੍ਰਤਿਏਕ (ਹਰ) ਚੋਜ ਦਾ 'ਜੀਅਦਾਨ' ਰੂਪ ਆਸ਼ੇ ਨਾਲ ਪੂਰਨ ਸਹਚਾਰ ਅਥਵਾ ਵਿਆਪ-ਵਿਆਪੰਕ ਭਾਵ ਸੰਬੰਧ ਹੈ । ਭਾਵ-ਉਨ੍ਹਾਂ ਦੇ ਸਭ ਚਰਿਤ੍ਰ ਪੂਰਬੋਕਤ ਮੰਤਵਗ ਜੀਅ ਦਾਨ ਦੇ ਸਾਧਨ ਹਨ । ਜਿਵੇਂ ਕਿਸੇ ਰੋਗੀ ਨੂੰ ਡਾਕਟਰ ਹਕ਼ੀਮ ਦਾ ਜਲਾਬ ਦੇਣਾ ਅਤੇ ਪੁਸਟੀ ਕਾਰਕ ਖੁਰਾਕ ਦੇਣਾ, ਭਾਵੇਂ ਪਰਸਪਰ ਵਿਰੋਧ ਦੀ ਪ੍ਰਤੀਤੀ ਕਰਾਉਂਦੇ ਹਨ ਪਰ ਅਸਲ ਵਿਚ ਇਹ ਦੋਵੇਂ ਕਰਤਵਗ ਡਾਕਟਰ ਦੀ ਵੇਦਕੀ ਦੇ ਅੰਗ ਹੋਣ ਕਰਕੇ ਉਸ ਦੇ ਪ੍ਰਯੋਜਨ ਦੇ ਲੋੜੀਂਦੇ ਅੰਗ ਹਨ । ਏਸੋ ਪ੍ਰਕਾਰ ਪਹਿਲੇ ਜਾਮਿਆਂ ਵਿਚ ਇਨ੍ਹਾਂ ਸਾਹਿਬਾਂ ਨੇ ਸੰਸਾਰ ਦੇ ਉਤਮ ਅਧਿਕਾਰੀਆਂ ਦੀ ਕਲਿਆਣ ਜਿਹਬਾ ਦੀ ਸਿਮਰਨੀ (ਮਾਲਾ) ਦੁਆਰਾ ਨਾਮ ਜਪਾ ਕੇ ਕੀਤੀ । ਦਸਮੇਸ਼ ਪਾਤਿਸ਼ਾਹ ਨੇ ਦੇਸ, ਕਾਲ ਅਤੇ ਵਸਤੂ ਦੀ ਠੀਕ ਬਿਵਸਥਾ ਅਨੁਸਾਰ ਕਨਿਸ਼ਟ ਨੀਵੇਂ ਦਰਜੇ ਦੇ ਅਧਿਕਾਰੀਆਂ ਨੂੰ ਉਨ੍ਹਾਂ ਸਾਹਿਬਾਂ ਤੋਂ ਵਿਲੱਛਣ-ਤਲਵਾਰ ਦੀ ਧਾਰ ਤੋਂ ਓਹੋ ਅੰਮ੍ਰਿਤ ਨਾਮ ਸਿੰਚਕ ਕਰਦੇ ਹੋਇਆਂ ਉਨ੍ਹਾਂ ਦੀ ਪ੍ਰਕ੍ਰਿਤੀ ਨੂੰ ਗੁੰਨ੍ਹ ਗੁੰਨ੍ਹ ਕੇ ਦੂਜੇ ਜਨਮ ਵਿਚ ਅਮਰਾਪਦ ਤੇ ਪਹੁੰਚਾਇਆ । ਏਸੇ ਸਿਧਾਂਤ ਨੂੰ ਗੁਰੂ ਦਸਮੇਸ਼ ਜੀ ਨੇ ਵਿਚਿਤ੍ਰ ਨਾਟਕ ਵਿਚ ਵਿਸਤਾਰ ਨਾਲ ਦਸਿਆ ਹੈ, ਜਿਸ ਦਾ ਸੰਖੇਪ ਇਉਂ ਹੈ-ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਸਮੇਂ ਰੂਪ ਵਿਚ ਪ੍ਰਗਟ ਹੋਣ ਦਾ ਸਮਾਂ ਆਇਆ ਤਾਂ ਅਕਾਲ ਪੁਰਖ ਨੇ 'ਮੈ ਆਪਨਾ ਸੁਤ ਤੋਹੇ ਨਿਵਾਜਾ । ਪੰਥ ਪ੍ਰਚੁਰ ਕਰਬੇ ਕਉ ਸਾਜਾ ।' ਜਹਾਂ ਤਹਾਂ ਤੈ ਧਰਮ ਚਲਾਇ ॥ ਕਬੁਧ ਕਰਨ ਤੇ ਲੋਕ ਹਟਾਇ ਬਚਿਤ੍ਰ ਨਾਟਕ ਧ: ੬ । ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਗੁਰ ਮਤ-ਧਰਮ ਨੂੰ ਵਿਸ਼ੇਸ਼ ਪ੍ਰਚਾਰਨ ਲਈ ਮੈਨੂੰ ਆਪਣਾ ਪੁਤ੍ਰ ਭਾਵ ਪ੍ਰਤੀਨਿਧ ਥਾਪਿਆ ਹੈ ਅਤੇ 'ਜਾਇ ਤਹਾਂ ਹੈ ਧਰਮ ਚਲਾਇ ॥ ਕੁਬੁਧ ਕਰਨ ਤੇ ਲੋਕ ਹਟਾਇ ॥' ਤਾਂ ਤੇ 'ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥ ਯਾਹੀ ਹੇਤ ਧਰਾ ਹਨ ਜਨਮੰ ॥ ਸਮਝੇ ਲੇਹ ਸਾਧ ਸਭ ਮਨਮੰ ॥' ਅਰਥਾਤ ਸਾਧੂਆਂ ਦੀ ਰਖਿਆ ਅਤੇ ਸਮੂਹ ਦੁਸ਼ਟਾਂ ਦੀ ਜੜ੍ਹ ਪੱਟਣ ਲਈ ਅਸਾਨੂੰ ਅਕਾਲ ਪੁਰਖ ਨੇ ਆਗਿਆ ਕੀਤੀ ਤਾਂ ਅਸੀਂ 'ਤਹ ਪ੍ਰਕਾਸ ਹਮਾਰਾ ਭਯੋ ॥ ਪਟਨਾ ਸਹਰ ਵਿਖੇ ਭਵ ਲਯੋ ॥' ਅਨੁਸਾਰ ਪ੍ਰਯਾਗ ਰਾਜ ਵਿਖੇ ਪ੍ਰਕਾਸ਼ ਕਰਕੇ ਪਟਨਾ ਸਾਹਿਬ ਵਿਖੇ ਪ੍ਰਗਟ ਹੋਏ । ਭਾਵ ਜਿਥੇ ਪਹਿਲੇ ਗੁਰੂ ਸਾਹਿਬਾਂ ਨੇ ਦਯਾ, ਦਾਨ ਤੇ ਧਰਮ ਬੀਰਤਾ ਨਾਲ ਰੱਬੀ ਧਰਮ ਨੂੰ ਚਲਾਇਆ ਸੀ, ਓਸੇ ਨੂੰ ਹੀ ਛੇਵੇਂ ਪਾਤਸ਼ਾਹ ਤੋਂ ਜੁਧ ਬੀਰਤਾ ਭਰਪੂਰਤਾ ਦਾ ਸੂਤ੍ਰਪਾਤ ਹੋਕੇ ਹਜ਼ੂਰ ਦਸਮ ਪਾਤਸ਼ਾਹ ਦੇ ਸਮੇਂ ਓਸ ਦੀ ਸਰਬੰਗ ਪੂਰਣਤਾ ਹੋਈ ।

ਅਤਵਾਰ —ਪੋਹ ਸੁਦੀ ੭ (੧੩ ਪੋਹ) ਸ਼ਨਿਚਰ ਵਾਰ ਸੰਮਤ ੧੭੨੩ ਬਿ: ਮੁਤਾਬਕ ੨੨ ਦਸੰਬਰ ਸਨ ੧੬੬੬ ਨੂੰ ਪਟਣੇ ਸ਼ਹਿਰ ਵਿਖੇ ਪ੍ਰਗਟ ਹੋਏ ।

Digitized by Panjab Digital Library | www.panjabdigilib.org

ਸਪੁਤ੍ਰ ਜਗਤ ਪ੍ਰਿਯ ਸ਼ਹੀਦ ਸਪੁਤਰਾਂ ਦੇ ਸਤਿਕਾਰ ਯੋਗ ਸ਼ਹੀਦ ਪਿਤਾ ਇਨਸਾਨ ਦੇ ਇਤਿਹਾਸ ਵਿਚ ਸਭ ਤੋਂ ਸਿਰੋਮਣੀ ਮਰਦ ਅਗਮੜਾ ਜੋਧਿਆ ਦਾ ਮਹਾਂਜੋਧਾ, ਜਰਨੈਲਾਂ ਦਾ ਮਹਾਂਜਰਨੈਲ, ਸ਼ਹਿਨਸ਼ਾਹਾਂ

---

(ਸਫ਼ਾ ੧੦੪ ਦੀ ਬਾਕੀ)

ਤੇ ਲੋਕ ਹਟਾਇ" ਤਾਂ ਤੇ 'ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ । ਯਾਹੀ ਹੇਤ ਧਰਾ ਹਨ ਜਨਮੰ ॥ ਸਮਝ ਲੇਹ ਸਾਧ ਸਭ ਮਨਮੰ ॥' ਅਰਥਾਤ ਸਾਧੂਆਂ ਦੀ ਰਖਿਆ ਅਤੇ ਸਮੂਹ ਦੁਸ਼ਟਾਂ ਦੀ ਜੜ੍ਹ ਪੱਟਣ ਲਈ ਅਸਾਨੂੰ ਅਕਾਲ ਪੁਰਖ ਨੇ ਆਗਿਆ ਕੀਤੀ ਤਾਂ ਅਸੀਂ 'ਤਹ ਪ੍ਰਕਾਸ ਹਮਾਰਾ ਭਯੋ ॥ ਪਟਨਾ ਸਹਰ ਵਿਖੈ ਭਵ ਲਯੋ ॥' ਅਨੁਸਾਰ ਪ੍ਰਯਾਗ ਰਾਜ ਵਿਖੇ ਪ੍ਰਕਾਸ਼ ਕਰਕੇ ਪਟਨਾ ਸਾਹਿਬ ਵਿਖੇ ਪ੍ਰਗਟ ਹੋਏ । ਭਾਵ ਜਿਥੇ ਪਹਿਲੇ ਗੁਰੂ ਸਾਹਿਬਾਂ ਨੇ ਦਯਾ, ਦਾਨ ਤੇ ਧਰਮ ਬੀਰਤਾ ਨਾਲ ਰੱਬੀ ਧਰਮ ਨੂੰ ਚਲਾਇਆ ਸੀ, ਉਸ ਨੂੰ ਹੀ ਛੇਵੇਂ ਪਾਤਸ਼ਾਹ ਤੋ ਜੁਧ ਬੀਰਤਾ ਭਰਪੂਰਤਾ ਦਾ ਸੂਤ੍ਰਪਾਤ ਹੋਕੇ ਹਜ਼ੂਰ ਦਸਮ ਪਾਤਸ਼ਾਹ ਦੇ ਸਮੇਂ ਉਸ ਦੀ ਸਰਬੰਗ ਪੂਰਣਤਾ ਹੋਈ। ਇਸ ਲਈ ਸ਼ਾਂਤ ਰਸ ਅਤੇ ਬੀਰ ਰਸ ਦੀ ਪਰਸਪਰ ਸਮਾਨਾਧਿਕਰਣਤਾ ਹੋਣ ਕਰ, ਸਾਧੂਆਂ ਦੀ ਰਖਿਆ ਅਤੇ ਦੁਸ਼ਟਾਂ ਦਾ ਨਾਸ ਕਰਨਾ ਇਕੋ ਵਸਤੂ ਹੈ। ਏਹੋ ਦਸੇ ਗੁਰੂ ਸਾਹਿਬਾਂ ਦੇ ਪ੍ਰਗਟ ਹੋਣ ਦਾ ਮੁਖ ਮੰਤਵ ਹੋਣ ਕਰਕੇ ਕਿਸੇ ਭੀ ਜਾਮੇ ਦੀ ਜੋਤਿ ਦਾ ਦੂਜੇ ਜਾਮੇ ਨਾਲ ਵਿਰੋਧ ਨਹੀਂ । ਏਸ ਭਾਵ ਨੂੰ ਗੁਰੂ ਦਸਮੇਸ ਜੀ ਨੇ ਵਿਚਿਤ੍ਰ ਨਾਟਕ ਵਿਚ ਸਪੱਸ਼ਟ ਕਰ ਦਿਤਾ। ਜੈਸੇ 'ਸ੍ਰੀ ਨਾਨਕ ਅੰਗਦ ਕਰਿ ਜਾਨਾ। ਅਮਰ ਦਾਸ ਅੰਗਦ ਪਹਿਚਾਨਾ। ਅਮਰ ਦਾਸ ਰਾਮ ਦਾਸ ਕਹਾਯੋ। ਸਾਧਨ ਲਖਾ ਮੂੜ ਨਹ ਪਾਯੋ। ੯। ਭਿੰਨ ਭਿੰਨ ਸਭ ਨੈ ਕਰ ਜਾਨਾ। ਏਕ ਰੂਪ ਕਿਨਹੂੰ ਪਹਿਚਾਨਾ । ਜਿਨ ਜਾਨਾ ਤਿਨ ਹੀ ਸਿਧੀ ਪਾਈ। ਬਿਨ ਸਮਝੇ ਸਿਧਿ ਹਾਥ ਨ ਆਈ' । ੧੦ । ਵਿਚਿਤ੍ਰ ਨਾਟਕ ਅ: ੫ ।

ਮਾਤਾ ਪਿਤਾਃ—ਆਪ ਜੀ ਦੀ ਮਾਤਾ ਜੀ ਦਾ ਨਾਮ ਗੂਜਰੀ ਜੀ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ।

ਪਟਣੇ ਸਾਹਿਬ ਤੋਂ ਅਨੰਦਪੁਰ ਔਣਾਃ—ਪਟਨੇ ਸਾਹਿਬ ਤੋਂ ਆਪ ਨੇ ਅਨੰਦਪੁਰ ਸਾਹਿਬ ਵਿਖੇ ਆਕੇ ਜੋ ਬਾਲ ਲੀਲ੍ਹਾ ਕੀਤੀ ਉਸ ਦਾ ਸੰਖੇਪ ਭੀ ਸ੍ਰੀ ਹਜ਼ੂਰ ਆਪਣੇ ਮੁਖਾਰ ਬਿੰਦ ਤੋਂ ਇਉਂ ਫਰਮਾਉਂਦੇ ਹਨ ॥ ਮਦ ਦੇਸ ਹਮ ਕੋ ਲੈ ਆਏ। ਭਾਂਤਿ ਭਾਂਤਿ ਦਈਅਨ ਦੁਲਰਾਏ ॥ ਕੀਨੀ ਅਨਿਕ ਭਾਂਤਿ ਕੀ ਰੱਛਾ। ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥ ਜਬ ਹਮ ਧਰਮ ਕਰਮ ਮੋ ਆਏ। ਦੇਵ ਲੋਕ ਤਬ ਪਿਤਾ ਸਿਧਾਏ ॥੩॥

ਫਰਿਆਦੀਃ—ਸ੍ਰੀ ਮਹਾਂ ਬਿਛੂਨ ਸ੍ਰੀ ਅਕਾਲ ਪੁਰਖ ਦੀ ਪ੍ਰੇਰਨਾ ਨਾਲ ਕਸ਼ਮੀਰ ਦਾ ਸਿਰੋਮਣੀ ਬ੍ਰਾਹਮਣ ਅਤੇ ਪੰਡਿਤ ਸਮਾਜ ਸ੍ਰੀ ਹਜ਼ੂਰ ਧਰਮ ਧੁਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਰਣ ਅਤੇ ਜਾਨ ਮਾਲ ਤੇ ਧਰਮ ਦੀ ਰਖਿਆ ਦੀ ਯਾਚਨਾ ਕਰਣ ਲਗਾ ਉਸੇ ਸਮੇਂ ਜੋ ਅਦਭੁਤ ਤੇ ਅਲੋਕਿਕ ਕੌਤਕ ਸਾਹਿਬਾਂ ਨੇ ਵਰਤਿਆ। ਉਸ ਦਾ ਉਦਾਹਰਣ ਦੁਨੀਆਂ ਦੇ ਤਖਤੇ ਤੇ ਨਹੀਂ ਮਿਲਦਾ । ਉਸ ਨੂੰ ਇਕ ਕਵੀ ਨੇ ਇਉਂ ਅੰਕਿਤ ਕੀਤਾ ਹੈ —

(ਬਾਕੀ ਦੇਖੋ ਸਫ਼ਾ ੧੦੬ ਪਰ)

Digitized by Panjab Digital Library | www.panjabdigilib.org

ਦਾ ਸ਼ਹਿਨਸ਼ਾਹ, ਸਭੋ ਤੋਂ ਵਡਾ ਸਿਆਸਤ ਦਾਨੀ, ਅਮੀਰਾਂ ਦਾ ਅਮੀਰ, ਫਕੀਰਾਂ ਦਾ ਮਹਾਂ ਫਕੀਰ, ਤਿਆਗੀਆਂ ਦਾ ਵਡਾ ਤਿਆਗੀ, ਪੀਰਾਂ ਦਾ ਪੂਰਨ ਪੀਰ, ਗੁਰੂਆਂ ਦਾ ਗੁਰੂ, ਜੋਗੀਆਂ ਦਾ ਮਹਾਂ

---

(ਬਾਕੀ ਸਫ਼ਾ ੧੦੫ ਦੀ)

ਵਰਮਨ! ਭਾਨੁ ਸਮਾਨ, ਰਾਜ ਰਿਸ਼ੇ ਭੋ ਧਰਮ ਧੁਜ।
ਲਛਣ ਨਾਮ ਪ੍ਰਮਾਣ, ਦਿਸੇ ਨ ਸਾਧੂ ਆਖ ਸਮਾ।੧।
ਆਏ ਸਰਣਿ ਮਝਾਰ, ਆਰਤ ਹੋ ਹਮ ਦੇਵਤੇ।
ਕਾਰਣ ਕਰਣ ਕ੍ਰਤਾਰ, ਤਾਰਣ ਤਰਣ ਸਰੂਪ ਜੀ।੨।
ਅਸੁਰ ਵਧੇ ਸੰਸਾਰ, ਕਰਨ ਅਮਾਡੀ ਹੱਤਿਆ।
ਬੇੜੀ ਓ ਮਝਧਾਰ, ਦੀਨਾ ਬੰਧੁ ਤਾਰਦੇ।੩।
ਬਾਣੀ ਪਰਮ ਅਮਾਧ, 'ਸਤ ਬਚਨ' ਇਉਂ ਆਖਿਆ।
ਹੇਤੁ, ਦੁਸ਼ਟ ਦਮਨ ਦਾ ਸਤਿਗੁਰੂ।
ਕੁਛ ਸੰਕੇਤ, ਪੁਛਣ ਬਾਤ ਰਹੱਮ ਹੀ।੫।
ਬਲਕਾਰੀ ਦੁਖ ਲੱਥ, ਬੰਧਨ ਤੋਰ ਦਿਆਲ ਹੋਂ।
ਭੰਨਣ ਘੜਣ ਸਮਰੱਥ, ਪੂਰਨ ਪੁਰਖ ਪੁਰਾਤਨਨੋ।੬।
ਪਰਨ ਪੁਰਬ ਅਕਾਲ, ਸਾਜ ਨਿਵਾਜੇ ਸਹਜ ਹੀ।
ਕਰੇ ਪ੍ਰਤਿਪਾਲ, ਲਾਜ ਵਿਰਦ ਦੀ ਜਾਣ ਕੇ।੭।
ਕੇ ਸੰਗ, ਦਿੱਬ ਦ੍ਰਿਸ਼ਟ ਦਾ ਮੇਲ ਕਰਿ।
ਜੋਤ ਜਗਾਈ ਅੰਗ ਦਰੋਹ ਪਰਿਪੂਰਨ ਸੰਤ ਸੇ।੮।
ਜੂਝੇ ਜੁਧ ਮਝਾਰ, ਠੀਕਰ ਫੋੜ ਦਿਲੀਸ ਸਿਰ।
ਨਿਜ ਪੁਰਿ ਗਏ ਸਿਧਾਰ, ਉਹ ਪਰਿਪੂਰਨ ਸੰਤ ਸੇ।੯।
ਸਤਿਗੁਰ ਸੱਚੇ ਚਲਨ ਤੇ ਵਿਸਮਿਤ ਭਏ ਤ੍ਰਲੋਕਿ।
ਹੈ ਹੈ ਹੈ ਧੁਨਿ ਜਗਤ ਵਿਚ ਜੈ ਜੈ ਜੈ ਸੁਰਿ ਲੋਕਿ।੧੦।
ਪਪ ਬਡੋ ਬਲਕਾਰਿ, ਪਾਪੀ ਦੁਸ਼ਟਾਂ ਮਾਰਨੇ।
ਦਿਤੀ ਮੂਲ ਉਖਾੜ, ਉਹ ਪਰਿਪੂਰਨ ਸੰਤ ਸੇ।੧੧।

(ਦੁਸ਼ਟ ਦਮਨ ਚਰਿਤ੍ਰ ਵਿਚੋਂ)

ਭਾਵ—ਜਦੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਸ਼ਰਣਾਗਤ ਬ੍ਰਾਹਮਣਾਂ ਨੂੰ ਦੱਸਿਆ ਕਿ ਏਸ ਸਮੇਂ ਧਰਮ ਯੱਗ ਦੀ ਬੇਦੀ ਤੇ ਕਿਸੇ ਮਹਾਂ ਪੁਰਖ ਨੂੰ ਬਲੀਦਾਨ ਕਰਨਾ ਉਚਿਤ ਹੈ। ਤਾਂ ਸ੍ਰੀ ਗੁਰੂ (ਦੁਸ਼ਟ ਦਮਨ) ਗੋਬਿੰਦ ਸਿੰਘ ਜੀ ਮਹਾਰਾਜ ਨੇ ਤੁਰਤ ਹੀ ਸਾਹਿਬਾਂ ਅੱਗੇ ਬੇਨਤੀ ਕੀਤੀ— 'ਸੱਚੇ ਪਾਤਿਸ਼ਾਹ ਆਪ ਨਾਲੋਂ ਕੌਣ ਹੋਰ ਮਹਾਪੁਰਖ ਹੈ ਜੋ ਦੁਖੀ ਤ੍ਰਿਲੋਕੀ ਦਾ ਦੁਖ ਨਿਵਰਤ ਕਰੇ।' ਇਹ ਉਤਸਾਹ ਭਰਿਆ ਪ੍ਰੇਰਨਾ ਮਈ ਸਿੰਘ ਨਾਦ ਸੁਣ ਕੇ ਸੱਚੇ ਪਾਤਸ਼ਾਹ, ਧਰਮ ਧੁਜ ਸ੍ਰੀ ਗੁਰੂ

(ਬਾਕੀ ਦੇਖੋ ਸਫ਼ਾ ੧੦੭ ਪਰ)

Digitized by Panjab Digital Library | www.panjabdigilib.org

( ਸਫ਼ਾ ੧੦੫ ਦੀ ਬਾਕੀ )

ਸੋਰਠਾ—ਵਰਮਨ । ਭਾਨੁ ਸਮਾਨ ਰਾਜ ਰਿਸ਼ੇ । ਭੇ ਧਰਮ ਧੁਜ ।
ਲੱਛਣ ਨਾਮ ਪ੍ਰਮਾਣ, ਦਿਸੇ ਨ ਸਾਧੂ ਆਪ ਸਮ । ੧
ਆਏ ਸਰਣ ਮਝਾਰ ਆਰਤ ਹੈਂ ਹਮ ਦੇਵਤੇ ।
ਕਾਰਣ ਕਰਣ ਕਰਤਾਰ ਤਾਰਨ ਤਰਨ ਸਰੂਪ ਜੀ ।
ਅਸੁਰ ਵਧੇ ਸੰਸਾਰ ਕਰਨ ਅਸਾਡੀ ਹੱਤਿਆ ।
ਬੇੜੀ ਹੈ ਮੰਝਧਾਰ, ਦੀਨਾ ਬੰਧੂ ਤਾਰ ਦੇ । ੩ ।
ਬਾਣੀ ਪਰਮ ਅਗਾਧ "ਸਤ ਬਚਨ" ਇਉਂ ਅਲਖਿਆ ।
ਲਗੀ ਸਹਜ ਸਮਾਧ ਓ ਪਰਿ ਪੂਰਣ ਸੰਤ ਸੇ । ੪ ।
"ਲਘੁ ਵਯਸਕ ਚਿਤ ਚੇਤ ਦੁਸ਼ਟ ਦਮਨ ਹੈ" ਸਤਿਗੁਰੂ ।
ਕਰਕੇ ਕੁਛ ਸੰਕੇਤ ਪੁਛਣ ਬਾਤ ਪਰੰਮ ਦੀ । ੫ ।

## ਉੱਤਰ ਦੁਸ਼ਟ ਦਮਨ ਦਾ

ਬਲ਼ਕਾਰੀ ਦੁਖ ਲੱਬ ਬੰਧਨ ਤੋੜ ਦਿਆਲ ਹੋਂ ।
ਭੰਨਣ ਘੜਨ ਸਮ੍ਰਥ ਪੂਰਨ ਪੁਰਖ ਪਰਾਤਨੋ । ੬ ।
ਪੂਰਨ ਪੁਰਖ ਅਕਾਲ ਸਾਜ ਨਿਵਾਜੇ ਸਹਜ ਹੀ ।
ਕਿਉਂ ਨ ਕਰੇ ਪ੍ਰਤਿਪਾਲ ਲਾਜ ਵਿਰਦ ਦੀ ਜਾਣਕੇ । ੭ ।
ਦੁਸ਼ਟ ਦਮਨ ਦੇ ਸੰਗ ਦਿੱਬ ਦ੍ਰਿਸ਼ਟ ਦਾ ਮੇਲ ਕਰ੍ਯੋ ।
ਜੋਤਿ ਜਗਾਈ ਅੰਗ ਓ ਪਰਿ ਪੂਰਨ ਸੰਤ ਸੇ । ੮ ।
ਜੂਝੇ ਜੁੱਧ ਮਝਾਰ ਠੀਕਰ ਫੋੜ ਦਿਲੀਸ ਸਿਰਿ ।
ਨਿਜ ਪੁਰ ਗਏ ਸਿਧਾਰ ਓਪਰਿ ਪੂਰਨ ਸੰਤ ਸੇ । ੯ ।
ਦੋਃ—ਸਤਿਗੁਰ ਸੱਚੇ ਚਲਨ ਤੇ ਵਿਧਮਿਤ ਭਏ ਤ੍ਰਲੋਕ ।
ਹੈ ਹੈ ਹੈ ਧੁਨਿ ਜਗਤ ਵਿਚ ਜੈ ਜੈ ਜੈ ਸੁਰਲੋਕਿ । ੧੦ ।
ਪਾਪ ਬਡਾ ਬਲਕਾਰਿ ਪਾਪੀ ਦੁਸ਼ਟਾਂ ਮਾਰਨੇ ।
ਦਿਤੀ ਮੂਲ ਉਖਾੜ ਓ ਪਰਿ ਪੂਰਨ ਸੰਤ ਸੇ । ੫ ।

[ ਦੁਸ਼ਟ ਦਮਨ ਚਰਿਤ੍ਰ ਵਿਚੋਂ ]

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਜੋਗੀ, ਗਿਆਨੀਆਂ ਦਾ ਬ੍ਰਮਹ ਗਿਆਨੀ, ਗ੍ਰਿਹਸਤੀਆਂ ਦਾ ਵਡਾ ਗ੍ਰਿਹਸਤੀ (ਗ੍ਰਿਸਤਨ ਮੈਤੂ ਵਡੋ ਗ੍ਰਿਹਤੀ) ਕੁਰਬਾਨੀ ਦਾ ਪੁੰਜ ਧਰਮ ਦੀ ਧੁਜਾ, ਅਣਖ ਦੇ ਪੁਤਲੇ, ਅੰਮ੍ਰਿਤ ਦਾਤੇ, ਸ੍ਰਬੰਸ ਦਾਨੀ

---

(ਬਾਕੀ ਸਫ਼ਾ ੧੦੬ ਦੀ)

ਤੇਗਬਹਾਦਰ ਸਾਹਿਬ ਜੀ ਦੁਸ਼ਟ ਦਸ਼ਨ ਪਾਤਸ਼ਾਹ ਨੂੰ ਗੁਰ ਗੱਦੀ ਦੇਕੇ ਧਰਮ ਜੁਧ ਵਿਚ ਜੂਝ ਗਏ।

ਏਥੇ ਗੁਹ ਨਾਲ ਵਿਚਾਰਨ ਤੋਂ ਪਤਾ ਲਗਦਾ ਹੈ ਕਿ ਗੁਰੂ ਕਲਗੀਧਰ ਪਾਤਸ਼ਾਹ ਨੇ ਅਪਣੇ ਇਕੋ ਇਕ ਰਾਖੇ-ਕ੍ਰਿਪਾਲੂ ਪਿਤਾ ਨੂੰ ਦੁਖੀ ਜਗਤ ਦਾ ਦੁਖ ਨਿਵਾਰਨ ਤੇ ਸੁਖ ਸ਼ਾਂਤੀ ਪ੍ਰਦਾਨ ਕਰਨ ਲਈ ਧਰਮ ਜੁਧ ਵਿਚ ਜੂਝਣ ਲਈ ਜੋ ਪ੍ਰੇਨਾ ਕੀਤੀ, ਇਹਦਾ ਆਸ਼ਾ ਹੈ ਕਿ ਉਨ੍ਹਾਂ ਨੇ ਅਪਣੀ ਸਭ ਤੋਂ ਪਿਆਰੀ ਵਸਤੂ, ਜੋ ਉਨ੍ਹਾਂ ਦੀ ਜ਼ਿੰਦਗੀ ਦੀ ਰਾਖੀ, ਉਤਮ ਸਿਖਿਆ ਦਾਤੀ ਅਤੇ ਸਭ ਤਰਾਂ ਦੀ ਸੰਭਾਲ ਦੀ ਜ਼ੁਮੇਵਾਰ ਅਤੇ ਆਸ਼ਾ-ਪੂਰਣਾ ਇਕੋ ਕ੍ਰਿਪਾਲੂ ਪਿਤਾ ਦੀ ਹਸਤੀ ਸੀ, ਉਸ ਨੂੰ ਉਤਸ਼ਾਹ ਨਾਲ ਜੂਝਣ ਦੀ ਪ੍ਰੇਰਨਾ ਕਰਨਾ-ਸਰਬੰਸ ਦਾਨ ਕਰਨਾ ਅਤੇ ਪੂਰਨ ਦਾਨ ਬੀਰ ਹੋਣ ਦਾ ਸਬੂਤ ਦੇਣਾ ਸੀ, ਜੋ ਬੜੀ ਅਦੁਤੀ ਅਤੇ ਅਲੌਕਿਕ ਵਸਤੂ ਹੈ। ਸਾਹਿੱਤ ਰਚਨਾ ਤੇ ਦਾਨ ਬੀਰਤਾ-ਹਜ਼ੂਰ ਦਸਮੇਸ਼ ਜੀ ਨੇ ਗੁਰ ਗੱਦੀ ਤੇ ਬੈਠਕੇ ਜੋ ਚੋਜ ਅਨੰਦਪੁਰ ਵਿਖੇ ਖੇਡੇ ਹਨ ਉਨ੍ਹਾਂ ਦਾ ਸੰਖੇਪ ਵਰਣਨ ਆਪ ਨੇ ਵਿਚਿਤ੍ਰ ਨਾਟਕ ਵਿਚ ਆਪ ਲਿਖਿਆ ਹੈ ਜੋ ਧਰਮ ਪ੍ਰਚਾਰਨ ਤੇ ਸਾਹਿੱਤ ਰਚਨਾ ਕਰਨੀ ਅਤੇ ਅਣਗਿਣਤ ਵਿਦਵਾਨਾਂ ਤੋਂ ਆਪ ਕਰਾਉਣੀ-ਦੁਖੀਆਂ ਦਾ ਦਰਦ ਦੂਰ ਕਰਨਾ ਅਤੇ ਧਰਮ ਦੀ ਰਖਿਆ ਹਿਤ ਯੁੱਧ ਕਰਨੇ ਆਦਿ ਵਿਸ਼ੇਸ਼ ਹਨ। ਜੈਸੇ ਹਜ਼ੂਰ ਆਪ ਲਿਖਦੇ ਹਨ-

ਸਾਹਿਤਕ ਰਚਨਾ-'ਜਿਹ ਜਿਹ ਬਿਧਿ ਮੈਂ ਲਖੇ ਤਮਾਸਾ। ਚਾਹਤ ਤਿਨ ਕੋ ਕਿਯੋ ਪ੍ਰਕਾਸਾ ਜਨਮ ਪੂਰਬਲੇ ਹੇਰੇ। ਕਹਿ ਹੌਂ ਸੋ ਪ੍ਰਭ ਪ੍ਰਕ੍ਰਮ ਤੇਰੇ।੪।..........ਜਿਹ ਜਿਹ ਬਿਧ ਜਨਮਨ ਸੁਧਾ ਕੋਈ। ਤਿਮ ਤਿਮ ਕਹੇ ਗਰੰਥ ਬਨਾਈ। ਪ੍ਰਿਥਮੇ ਸਤਿਜੁਗ ਜਿਹ ਬਿਧਿ ਲਹਾ। ਪ੍ਰਿਥਮੇ ਦੇਬਿ ਚਰਿਤ੍ਰ ਆਕਹਾ।੧੦। ਪਹਿਲੇ ਚੰਡੀ-ਚਰਿਤ੍ਰ ਬਣਾਯੋ। ਨਖ ਸਿਖ ਤੇ ਕ੍ਰਮ ਭਾਖਿ ਸੁਣਾਯੋ। ਅਃ ੧੪।

ਸਾਹਿਤਕ ਸੰਬੰਧੀ 'ਚੰਡੀ ਚਰਿਤ੍ਰ ਨੂੰ ਪਹਿਲਾਂ' ਰਚ ਕੇ ਜਿਵੇਂ ਜਿਵੇਂ ਪੂਰਬਲੇ ਜਨਮਾਂ ਦੀ ਸੂਝ ਆਈ-ਤਿਉਂ ਤਿਉਂ ਹੋਰ ਖੜਕ ਸਿੰਘ ਦਾ ਜੁਧ ਅਤੇ ਦੂਜਾ ਚੰਡੀ ਚਰਿਤ੍ਰ-ਆਦਿ 'ਉਕਤ ਵਿਲਾਸ' ਆਦਿ ਅਨੇਕ ਪ੍ਰਕਾਰ ਦੇ ਉਪਨਿਆਸ ਤੇ ਕਥਾਨਕ ਰਚ ਕੇ ਸੁਣਾਏ। ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਰੂਪ ਤੇ ਅਧਿਆਤਮ ਗਿਆਨ ਤਥਾ ਅਵਤਾਰਾਂ ਦੀ ਕਥਾ ਆਦਿ ਦੀ ਵਿਸ਼ਾਲ ਰਚਨਾ ਆਪ ਨੇ ਵਿਆਸ ਭਾਸ਼ਾ ਅਤੇ ਲੋਕ ਭਾਸ਼ਾ ਵਿਚ ਮਨ ਬਾਂਛਿਤ ਰੀਤੀ ਅਤੇ ਮੌਲਿਕ ਕਵੀ ਸ਼ੈਲੀ ਨਾਲ ਰਾਮ, ਸਿਆਮ ਅਤੇ ਭੂਪਤਿ ਆਦਿ ਉਪਨਾਮਾਂ ਹੇਠਾਂ ਲਿਖੀ। ਬਲਕਿ 'ਤ੍ਰਿਯਾ ਚਰਿਤ੍ਰ' ਨਾਮ ਦੀ ਕਾਮ ਸੂਤ੍ਰਾ ਦੀ ਸਾਰ ਭੂਤ ਬਾਣੀ ਦੀ ਸੰਖੇਪ ਰਚਨਾ ਭੀ ਆਪ ਦੀ ਕ੍ਰਿਤੀ ਹੀ ਹੈ ਜਿਸ 'ਕਵਿ ਪ੍ਰਤਿਨਿਧਤਾ' ਸੰਬੰਧ ਕਰਕੇ ਆਚਾਰਯ ਨੂੰ ਦੋਸ਼ਾਪੱਤੀ ਨਹੀਂ, ਸਗੋਂ ਗੁਣ ਹੈ।

ਕਵੀ ਦਰਵਾਰ-ਇਸ ਤੋਂ ਬਿਨਾਂ ਆਪ ਦੇ ਦਰਬਾਰ ਵਿਚ ਅਨੇਕ ਕਵੀ ਅਤੇ ਸੰਸਕ੍ਰਿਤ ਤੇ ਫਾਰਸੀ

(ਬਾਕੀ ਦੇਖੋ ਸਫ਼ਾ ੧੦੮ ਪਰ)

Digitized by Panjab Digital Library | www.panjabdigilib.org

ਮੁਰਦੀਆਂ ਰੂਹਾਂ ਸਰਜੀਤ ਕਰਨ ਵਾਲੇ ਦੇਸ਼ ਅਤੇ ਕੌਮ ਦੀ ਖਾਤਰ ਆਪਾ ਵਾਰਨ ਵਾਲੇ ਭਰੋਸੇ ਦੇ ਪਹਾੜ "ਨਾਨਕ ਦੇਵ ਗੋਬਿੰਦ ਰੂਪ" ਖੁਦ ਕਰਤਾਰ, ਜਿਸ ਨੇ ਸਭ ਕੁਝ ਮਨੁਖਤਾ ਦੇ ਭਲੇ ਲਈ

---

(ਬਾਕੀ ਸਫ਼ਾ ੧੦੭ ਦੀ)

ਦੇ ਪੰਡਿਤ ਤੇ ਆਲਿਮ ਸਿਖੀ ਭਾਵਨਾ ਨਾਲ ਸਦਾ ਸਰਣਾਗਤ ਰਹਿ ਕੇ ਭੁਗਤ ਮੁਕਤ ਦਾ ਆਨੰਦ ਭੋਗਦੇ ਸੀ। ਉਨ੍ਹਾ ਵਿਦ੍ਵਾਨਾਂ ਦਾ ਕੇਂਦਰ 'ਪਾਉਂਟਾ ਸਾਹਿਬ' ਸੀ। ਪਰ ਕਦੇ ਕਦੇ ਉਨ੍ਹਾਂ ਨੂੰ ਆਨੰਦ ਪੁਰ ਸਾਹਿਬ ਅਤੇ ਜੁਧਾਂ ਦੇ ਅਵਸਰ ਤੇ ਜੋਧਿਆਂ ਨੂੰ ਉਤਸਾਹਲ ਕਰਨ ਲਈ ਭੀ ਜਾਣਾ ਪੈਂਦਾ ਸੀ। ਇਨ੍ਹਾਂ ਗੁਣੀਆਂ ਨੇ ਮਲਿਕ ਤੇ ਅਨੁਵਾਦ ਰੂਪ ਵਿਚ ਜੋ ਰਚਨਾ ਕੀਤੀ ਉਸ ਦਾ ਕਾਗਜ਼ੀ ਭਾਰ ਨਿਕੇ ਅੱਖਰਾਂ ਵਿਚ ਲਿਖਣ ਤੇ ਭੀ ੯ ਮਣ ਪੱਕਾ ਦੱਸਿਆ ਜਾਂਦਾ ਹੈ, ਜਿਸ ਵਿਚੋਂ ਬਹੁਤ ਸਾਰਾ ਹਿੱਸਾ 'ਸਰਸਾ' ਨਦੀ ਦੀ ਭੇਟਾ ਹੋ ਜਾਣਾ ਪ੍ਰਸਿਧ ਹੈ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਤੋਂ ਬਿਨਾ 'ਵਿਦਿਆ ਧਰ' ਆਦਿ ਕਈ ਸੰਗ੍ਰਹ ਅਜ ਭੀ ਕਈ ਥਾਈਂ ਹਨ, ਜੋ ਖੋਜ ਕਰਨ ਤੇ ਲਭਦੇ ਹਨ। ਉਸ ਰਚਨਾ ਦੇ ਕੁਝ ਨਮੂਨੇ ਭਾਈ ਸੰਤੋਖ ਸਿੰਘ ਆਦਿ ਕਵੀਆਂ ਨੇ ਆਪਣੀ ਰਚਨਾ ਵਿਚ ਭੀ ਦਿਤੇ ਹਨ। ਜੈਸੇ (੧) ਮੰਗਲ ਕਵੀ— ਏਸ ਨੂੰ ਹਜ਼ੂਰ ਨੇ ਘਰੋਂ ਬੁਲਾ ਕੇ ਆਪਣੀ ਸਭਾ ਵਿਚ ਰਖਿਆ ਸੀ। ਉਹ ਲਿਖਦਾ ਹੈ—'ਸੱਲਜ ਪਰਬ ਭਾਸ਼ਾ ਕੀਓ ਗੁਰ ਗੋਬਿੰਦ ਕੇ ਰਾਜ। ਅਰਬ ਖਰਬ ਬਹੁ ਦਰਬ ਦੇ ਨ੍ਰਿਪ ਕੀਏ ਕਵਿ ਰਾਜ।' ਅਰਥਾਤ— ਆਪ ਨੇ ਮਹਾ ਭਾਰਤ ਦੇ ਸੱਲ ਪਰਬ ਦਾ ਅਨੁਵਾਦ ਕਰਨ ਤੇ ਕਵਿ ਮੰਗਲ ਨੂੰ ਬੇ-ਅੰਤ ਧਨ ਦਿੱਤਾ। ਕਵਿ ਦਰਬਾਰ ਦੇ ਕਵੀਆਂ ਦੇ ਨਾਮ ਅੱਗੇ ਸ੍ਰੀ ਦਸਮੇਸ ਜੀ ਸਿਖਾਂ ਚ ਪੜ੍ਹੋ।

ਸ੍ਰੀ ਦਸਮੇਸ ਜੀ ਨੇ ਹਿੰਦੂ ਧਰਮ ਦੀ ਰਖਿਆ ਲਈ ਪਿਆਰੇ ਪਿਤਾ ਜੀ ਨੂੰ ਦਿੱਲੀ ਜਾਣ ਲਈ ਕਹਿਣਾ।

ਗੁਰਗਦੀਃ—ਮਘਰ ਸ਼ੁਦੀ ੩ ਸੰਃ ੧੭੩੨ ਬਿਃ ਮੁਤਾਬਕ ੧੧ ਨਵੰਬਰ ਸਨ ੧੬੭੫ ਨੂੰ ਸ੍ਰੀ ਅਨੰਦਪੁਰ ਗੁਰਤਾ ਗਦੀ ਤੇ ਵਿਰਾਜੇ।

ਅਨੰਦ ਕਾਰਜਃ—(ੳ) ੧੫ ਜੇਠ ਸੰਃ ੧੭੩੦ ਬਿਃ ਨੂੰ ਅਨੰਦ ਕਾਰਜ ਗੁਰੂ ਕੇ ਲਾਹੌਰ ਹਰਜਸ ਰਾਇ ਸ਼ਭਿਖਿਆ ਖੱਤ੍ਰੀ ਪੁੱਤ੍ਰੀ ਜੀਤੋ ਜੀ ਨਾਲ ਹੋਇਆ (ਭਾਈ ਕਾਨ ਸਿੰਘ ਨਾਭਾ ਮਃ ਕੋਃ ਸਫਾ ੧੫੭ ਤੇ ਲਿਖੇਦੇ ਹਨ ਕਿ ਜਗਤ ਮਾਤਾ ਜੀਤੋ ਜੀ ਦਾ ਅਨੰਦ ੨੩ ਹਾੜ ਸੰਃ ੧੭੩੪ ਨੂੰ ਗੁਰੂ ਕੇ ਲਾਹੌਰ ਹੋਇਆ ਹੈ) ਆਪ ਜੀ ਦੀ ਸੁਭਾਗੀ ਗੋਦ ਤੋਂ ਬਾਬਾ ਜੁਝਾਰ ਸਿੰਘ ਜੀ, ਜੋਰਾਵਰ ਸਿੰਘ ਜੀ, ਬਾਬਾ ਫਤੇ ਸਿੰਘ ਜੀ ਤਿੰਨ ਸਾਹਿਬਜ਼ਾਦੇ ਪੈਦਾ ਹੋਏ।

(ਅ) ਲਾਹੌਰ ਨਿਵਾਸੀ ਰਾਮਸਰਨ ਕੁਮਰਾਵ ਖਤ੍ਰੀ ਦੀ ਸਪੁਤ੍ਰੀ ਸੁੰਦਰੀ ਜੀ ਜਿਸਦਾ ਅਨੰਦ ੭ ਵਿਸਾਖ ਸੰਮਤ ੧੭੪੧ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ ਆਪ ਜੀ ਦੀ ਸਲਖਣੀ ਕੁਖ ਤੋਂ ਬਾਬਾ ਅਜੀਤ ਸਿੰਘ ਜੀ ਪ੍ਰਗਟ ਹੋਏ ਸਨ।

(ੲ) ਰੋਹਤਾਸ ਨਿਵਾਸੀ ਭਾਈ ਰਾਮੂ ਬੱਧੀ ਖਤ੍ਰੀ ਦੀ ਸਪੁਤ੍ਰੀ ਸਾਹਿਬ ਕੌਰ ਜੀ ਜਿਸ ਦਾ ਅਨੰਦ

(ਬਾਕੀ ਦੇਖੋ ਸਫ਼ਾ ੧੦੯ ਪਰ)

Digitized by Panjab Digital Library | www.panjabdigilib.org

ਮਾਇਕੀ ਸਰੂਪ ਵਿਚ ਆਕੇ ਸਾਡੇ ਕਲਜੁਗੀ ਜੀਵਾਂ ਦੇ ੳਧਾਰ ਹਿਤ ਕੁਰਬਾਨ ਕਰ ਦਿਤਾ, ਆਪਣੇ ਪੂਜਵਰ ਮਾਤਾ ਪਿਤਾ ਦੀ ਬਲੀ ਦਿਤੀ, ਬੇਟਿਆਂ ਜਿਗਰ ਦੇ ਟੋਟਿਆਂ ਨੂੰ ਕੁਰਬਾਨ ਕੀਤਾ ਤੇ

---

(ਬਾਕੀ ਸਫ਼ਾ ੧੦੮ ਦੀ)

੧੮ ਵਿਸਾਖ ਸੰਮਤ ੧੭੫੭ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨਾਲ ਹੋਇਆ ਜਿਸ ਦੀ ਸੁਭਾਗੀ ਗੋਦ ਗੁਰੂ ਖਾਲਸਾ ਪਾਇਆ।

ਸੰਤਾਨਃ–ਆਪ ਜੀ ਦੇ ਚਾਰ ਸਪੁਤਰ ਹੋਏ (੧) ਬਾਬਾ ਅਜੀਤ ਸਿੰਘ ਜੀ (੨) ਬਾਬਾ ਜੁਝਾਰ ਸਿੰਘ ਜੀ (੩) ਬਾਬਾ ਜੋਰਾਵਰ ਸਿੰਘ ਜੀ ਤੇ (੪) ਬਾਬਾ ਫਤਹ ਸਿੰਘ ਜੀ।

ਪਰਉਪਕਾਰਃ–ਦੇਸ ਦੀ ਖਾਤ੍ਰ ਪਿਆਰੇ ਮਾਤਾ, ਪਿਤਾ, ਚਾਰ ਪੁਤ੍ਰ ਅਤੇ ਘਰ ਘਾਟ ਸਭ ਬਾਰ ਦਿਤਾ

ਭੰਗਾਣੀ ਦਾ ਯੁੱਧਃ– ਫਤੇ ਸਾਹ ਕੋਪਾ ਤਬ ਕਾਜਾ॥ ਲੋਹ ਪਰਾਹਮ ਸੋਂ ਬਿਨ ਰਾਜਾ॥ ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ। ਰੰਣਜੀਤ ਆਏ॥ ਭੁਜੰਗੀਤ ਗਾਏ ॥ਅ ੮॥ ਇਤਿਆਦਿ ਕਰਕੇ ਪਹਿਲਾਂ ਯੁੱਧ ਭੰਗਾਣੀ ਦਾ ਮਹਾਰਾਜ ਜੀ ਨੇ ਫਤੇ ਸ਼ਾਹ ਆਦਿ ਤੋਂ ਜਿਤਿਆ॥ ਜਿਸ ਵਿਚ ਰਾਮ ਸਿੰਘ ਤਿਲੋਕ ਸਿੰਘ (ਫੂਲਕੇ) ਭੀ ਨਾਲ ਸਨ। ਹੇਰੂਾਂ ਵਾਲਾ ਕ੍ਰਿਪਾਲ ਦਾਸ ਭੀ ਕਈਆਂ ਯੁੱਧਾਂ ਵਿਚ ਨਾਲ ਰਿਹਾ। ਦੂਜਾ ਜੁੱਧ ਨਾਦੌਣ ਦਾ ਅਲਫ ਖਾਂ ਮੀਆਂ ਖਾਨ ਆਦਿ ਨਾਲ ਹੋਇਆ॥ ਤੀਜਾ ਦਿਲਾਵਰ ਖਾਂ ਨਾਲ ਚੌਥਾ ਉਸ ਦੇ ਪੁਤ੍ਰ ਹੁਸੈਨੀ ਨਾਲ ਅਤੇ ਪੰਜਵਾਂ ਜੁੱਧ ਦਿਲਾਵਰ ਖਾਂ ਤੋਂ ਜੁਝਾਰ ਸਿੰਘ ਜੀ ਨੇ ਜਿਤਿਆ। ਇਨ੍ਹਾਂ ਜੁੱਧਾਂ ਵਿਚ ਮਹਾਰਾਜ ਜੀ ਨੇ ਕਿਸੇ ਤੇ ਭੀ ਆਪਣੀ ਵਲੋਂ ਕਦੇ ਹੱਲਾ ਨਹੀਂ ਕੀਤਾ। ਬੁਢੇ, ਬਚੇ, ਇਸਤ੍ਰੀ ਅਤੇ ਭਜੇ ਜਾਂਦੇ ਸ਼ਤਰੂ ਤੇ ਵਾਰ ਕਰਨੋਂ ਖਾਲਸਾ ਸੈਨਾਂ ਨੂੰ ਸਦਾ ਲਈ ਵਰਜਿਆ। ਇਨ੍ਹਾਂ ਚੋਜਾਂ ਤੋਂ ਭੀ ਆਪ ਦੀ ਸਨ ਪਰਾਇਣਤਾ ਅਤੇ ਸੰਸਾਰ ਨੂੰ ਅੰਮ੍ਰਿਤ ਦੀ ਅਲੌਕਿਕ ਦਾਤ ਬਖਸ਼ਣ ਦੀ ਅਭਿਲਾਖਾ ਹੀ ਬੇਅੰਤ ਹੋਣ ਕਰਕੇ ਜਗਤ ਦੇ ਉਧਾਰ ਦੀ ਆਸ਼ਾ ਬਝਦੀ ਹੈ। ਜਦੋਂ ਹਜ਼ੂਰ ਦੇ ਰਾਜ ਭਾਗ ਦਾ ਸਮਾਂ ਨੇੜੇ ਆਇਆ ਤਾਂ ਜ਼ੁਲਮੀ ਰਾਜ ਵਲੋਂ ਨਿਰਬਲਾਂ ਅਤੇ ਆਪਣੇ ਤੋਂ ਵਿਜਾਤੀ ਅਤੇ ਵਿਧਰਮੀਆਂ ਉਪਰ ਜ਼ੁਲਮ ਦੇ ਪਹਾੜ ਢਾਹੇ ਜਾਣ ਲਗੇ। ਦੁਨੀਆਂ ਦੀ ਹਾਹਾਕਾਰ ਮਚ ਜਾਣ ਤੇ ਆਪ ਦਾ ਦਯਾ, ਹਾਥ ਧਰਮ ਅਤੇ ਯੁਧ ਬੀਰ ਦਾ ਭਰਿਆ ਹੋਇਆ ਹਿਰਦਾ ਪੂਰਨ ਮਾਸ਼ੀ ਦੇ ਦਿਹਾੜੇ ਵਾਲੇ ਸਾਗਰ ਵਾਂਗ ਅਮਿਤੋਜ ਨਾਲ ਪਰਿਪੂਰਣ ਹੋਕੇ ਬੇਹਦ ਉਤਸਾਹਲ ਅਤੇ ਵੇਲਾਤੀਤ (ਕੰਢਿਆਂ ਤੋਂ ਬਾਹਰ) ਹੋ ਹੀ ਰਿਹਾ ਸੀ।

ਸਿਆਸਤਃ– (੧) ਸਮੂਹ ਦੇਸ ਵਾਸੀ ਪੰਡਤਾਂ ਨੂੰ ਸਦਕੇ॥ ਵੈਸਨੋ ਤੋਂ ਕੇਸ਼ਨੋ ਲੰਗਰ (ਨਿਉਂਦੇ) ਕਰਕੇ ਪ੍ਰੀਖਿਆ ਕਰਨੀ। ਅਤੇ ਪੁਛਿਆ ਦੇਸ ਕਿਸੇਂ ਅਜ਼ਾਦੀ ਪਾਵੇ ਤਾਂ ਪੰਡਤਾਂ ਆਖਿਆ ਦੇਵੀ ਸਿਧ ਹੋਵੇ ਜਿਥੇ। ਸ੍ਰੀ ਗੁਰੂ ਜੀ, ਕਿਸੇ ਸਿਧ ਹੋਵੇ? ਪੰਡਤ, ਹਸਨ ਕਰਕੇ।

(ਅ) ਸੰਃ ੧੭੫੪ ਬਿਃ ਨੂੰ ਚੇਤ ਦੇ ਪਹਿਲੇ ਨੌਰਾਤੇ ਹੋਮ ਕਰਨਾ ਅਰੰਭ ਕਿਤਾ ੧੧ ਮਹੀਨੇ ਹੋਮ ਹੁੰਦਾ ਰਿਹਾ। ਤਾਂ ਸ੍ਰੀ ਗੁਰੂ ਜੀ ਨੇ ਪੰਡਤ ਕੇਸੋ ਦਾਸ ਨੂੰ ਕਿਹਾ ਤੁਹਾਡੀ ਦੇਵੀ ਕਦ ਪ੍ਰਗਟ ਹੋਵੇਗੀ ਤਾਂ

(ਬਾਕੀ ਦਖੋ ਸਫ਼ਾ ੧੧੦ ਪਰ)

Digitized by Panjab Digital Library | www.panjabdigilib.org

ਅੰਤ ਵਿਚ ਭਾਰਤ ਦੀ ਗੁਲਾਮੀ ਦੀਆਂ ਜ਼ੰਜੀਰਾਂ ਕਟਣ ਹਿਤ ਆਪਾ ਤਕ ਵਾਰ ਦਿਤਾ। ਉਹ ਪਟਨੇ ਦਾ ਸੂਰਜ ਜਿਸਦੇ ਤੇਜ਼ ਨੂੰ ਦੇਖ ਬ੍ਰਹਿਮੰਡ ਨੂੰ ਧੀਰ ਮਿਲੀ ਤੇ ਰਾਜਨੀਤਕ ਧਰਤੀ ਕੰਬ ਉਠੀ, ਕਿਉਂ,

---

(ਬਾਕੀ ਸਫ਼ਾ ੧੦੯ ਦੀ)

ਪੰਡਤ ਜੀ ਦੇ ਅਗੜ ਦੁਗੜੇ ਬਚਨ ਸੁਣ। ਸ੍ਰੀ ਗੁਰੂ ਜੀ ਨੇ ਸ੍ਰੀ ਸਾਹਿਬ ਜੀ ਤੇ ਹਥ ਰਖਿਆ ਕਿ ਪੰਡਤ ਜੀ ਕਿਉਂ ਭਰਮ ਵਿਚ ਪਏ ਹੋ, ਤੁਹਾਡੀ ਸਾਡੀ ਸਹਾਇਤਾ ਤਾਂ ਪ੍ਰਿਥਮ ਭਗੌਤੀ ਸਿਮਰਕੈ ਗੁਰੂ ਨਾਨਕ ਲਈ ਧਿਆਇ ਨੇ ਰਖਿਆ ਕਰਨੀ ਹੈ।

ਵਿੱਦਵਾਨਾਂ ਦਾ ਸਤਕਾਰ:—ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ੫੨ ਕਵੀ ਸਨ ਜਿਨ੍ਹਾਂ ਦਾ ਪੂਰਾ ਸਤਕਾਰ ਕਰਦੇ ਸਨ। ਜੋ ਸ੍ਰੀ ਗੁਰੂ ਜੀ ਦੀ ਆਗਿਅ ਅਨਸਾਰ ਅਨੇਕ ਮਤਾਂ ਦੀਆਂ ਪੁਸਤਕਾਂ ਪੰਜਾਬੀ ਅਤੇ ਹਿੰਦੀ ਵਿਚ ਉਲਥਾ ਕਰਦੇ ਸਨ।

ਪੰਜਾਬੀ ਦਾ ਪ੍ਰਚਾਰ:— ਤਿਨ ਕਵਿਯਨ ਬਾਨੀ ਰਚੀ ਲਿਖ ਕਾਗਦ ਤਲਵਾਇ।
ਨੌ ਮਣ ਹੋਏ ਤੋਲ ਮਹਿ, ਸੂਖਮ ਲਿਖਤ ਲਖਾਇ।

ਜਿਸ ਦਾ ਨਾਮ 'ਵਿਦਿਆ ਸਰ' (ਧਰ) ਗ੍ਰੰਥ ਸੀ ਇਹ ਬਹੁਤ ਮੇਹਨਤ ਤੇ ਘਾਲਣਾ ਨਾਲ ਜੋ ਕਈ ਵਰ੍ਹਿਆਂ ਦੀ ਲਿਖਤ ਸੀ ਅਨੰਦ ਪੁਰ ਦੇ ਯੁਧ ਵਿੱਚ ਵਿਦਿਆ ਦੇ ਵੈਰੀਆਂ ਹੱਥੋਂ ਭਸਮ ਹੋ ਗਈਆਂ।

ਅਨੰਦ ਪੁਰ ਦਾ ਕਿਲਾ ਛੱਡਣਾ ਤੇ ਵਰੋਧੀਆਂ ਦਾ ਕਸਮਾਂ ਤੋਂ ਹਾਰਨਾਂ:— ਧਰਮ ਵਰੁਧੀਆਂ ਵਲੋਂ ਝੂਠੀ ਕੁਰਾਨ ਤੇ ਗਊ ਦੀਆਂ ਕਸਮਾਂ ਖਾ ਕੇ ਸੰਮਤ ੧੭੬੧ ਵਿਚ ਆਪ ਜੀ ਤੋਂ ਅਨੰਦ ਪੁਰ ਦਾ ਕਿਲ੍ਹਾ ਖਾਲੀ ਕਰਵਾਇਆ ਗਿਆ।

ਚਮਕੌਰ ਸਾਹਿਬ ਦਾ ਜੰਗ:— ੭ ਪੋਹ ਸੰਮਤ ੧੭੬੧ ਨੂੰ ਚਾਲੀ ਸਿੰਘਾਂ ਤੇ ਸਾਹਿਬ ਅਜੀਤ ਸਿੰਘ ਜੀ ਬਾਬਾ ਜੁਝਾਰ ਸਿੰਘ ਜੀ ਅਤੇ ਸ੍ਰੀ ਗੁਰੂ ਜੀ ਨੇ ਬਾਦਸ਼ਾਹੀ ਸੈਨਾ ੪੦ ਲੱਖ ਨਾਲ ਟਾਕਰਾ ਕੀਤਾ।

ਖਾਲਸੇ ਨੂੰ ਗੁਰਤਾ ਦੇਣੀ:— ਪੰਚ ਪਰਵਾਨ ਖ਼ਾਲਸੇ ਨੂੰ ਗੁਰਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ੧੭੬੧ ੮ ਪੋਹ ਨੂੰ ਸ੍ਰੀ ਚਮਕੌਰ ਸਾਹਿਬ ਜ਼ਿਲਾ ਅੰਬਾਲਾ ਵਿਖੇ (੧) ਭਾ: ਦਿਯਾ ਸਿੰਘ ਜੀ (੨) ਭਾ: ਧਰਮ ਸਿੰਘ ਜੀ (੩) ਭਾ: ਸੰਗਤ ਸਿੰਘ ਜੀ (੪) ਭਾ: ਮਾਨ ਸਿੰਘ ਜੀ (੫) ਭਾ: ਸੰਤ ਸਿੰਘ ਜੀ ਆਦਿ—

ਉਚ ਦੇ ਪੀਰ:— ਉਚ ਦੇ ਪੀਰ ( ਸ਼੍ਰੋਮਣੀ ਗੁਰੂ ) ਬਣਕੇ ਤੁਰਕਾਨੀ ਫੌਜਾ ਪਾਸੋ ਨਜ਼ਰ ਭੇਟਾਂ ਸਲਾਮਾਂ (ਨਮਿਸਕਾਰਾਂ) ਲੈਂਦੇ ਪਲੰਗ ਪੁਰ ਸਜੇ ਹੋਇ ਨਿਰਭੈਤਾਂ ਨਾਲ ਚੋਹ ਜਾਂਣਿਆ ਦੇ ਕੰਧੇ ਪਰਪਿਲੰਗ ਚੁਕਿਆ ਤੇ ਪਜਾਵਾਂ ਸਿੱਖ ਚੌਰ ਕਰਦਾ ਜਾਂਦਾ ਹੈ। ਸ੍ਰੀ ਦਸਮੇਸ ਜੀ ਨੇ ਇਸ ਸੇਵਾ ਤੇ ਪ੍ਰਸੰਨ ਹੋਕੇ ਭਾ: ਨਬੀ ਖਾਂ ਤੇ ਭਾ: ਗਾਨੀ ਖਾਂ ਨੂੰ ਹੁਕਮ ਨਾਮਾਂ (ਪਰਸੰਸਾਂ ਦੀ ਸਨਦ) ਬਖਸਿਆ ਸੀ

(ਬਾਕੀ ਦੇਖੋ ਸਫ਼ਾ ੧੧੧ ਪਰ)

Digitized by Panjab Digital Library | www.panjabdigilib.org

ਦੁਖੀਆਂ ਅਨਾਥਾਂ ਮਜਲੂਮਾਂ ਦਾ ਗਮਖਾਰ ਤੇ ਜਾਲਮਾਂ ਜਾਬਰਾਂ ਦਾ ਕਾਲ ਬਣਕੇ ਆਇਆ। 'ਸੰਤ ਉਬਾਰਨ ਦੁਸ਼ਟ ਸੰਘਾਰਨ' ਵਾਲੇ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸ਼ਹੀਦ ਪਿਤਾ

---

(ਬਾਕੀ ਸਫਾ ੧੧੦ ਦੀ)

ਅਤੇ ਲਿਖਿਆ ਸਾਡਾ ਸਿਖ ਖਾਲੀ ਹਥ ਦਰਸਨ ਨਾਂ ਕਰੇ।

ਤੁਰਕ ਰਾਜ ਦੀ ਜੜ ਪਟਣੀਃ–ਸ੍ਰੀ ਦਸ਼ਮੇਸ ਜੀ ਉਚ ਦੇ ਪੀਰ ਕਹਾਉਂਦੇ ਹੋਏ ਰਾਇਕੋਟ ਪਹੁੰਚੇ। ਕਲ੍ਹੇ ਨੇ ਤਨੋ ਮਨੋ ਨਾਲ ਸੇਵਾ ਕੀਤੀ ਅਤੇ ਨੂਰੂ ਚਰਵਾਹਾ (ਮਾਹੀ) ਸਰਹਿੰਦ ਭੇਜ ਕੇ ਛੋਟੇ ਸਾਹਿਬ ਜ਼ਾਦਿਆਂ ਦੇ ਸ਼ਹੀਦ ਹੋਣ ਦੀ ਖਬਰ ਮੰਗਵਾਈ। ਸਾਹਿਬ ਜ਼ਾਦਿਆ ਦੀ ਸ਼ਹੀਦੀ ਦਾ ਹਾਲ ਸੁਣ ਕੇ ਸੁਤੇ ਸਿਧ ਕਾਹੀ ਦੇ ਬੂਟੇ ਦੀ ਜੜ ਪੁਟ ਕੇ ਆਖਿਆ ਕਿ "ਜ਼ਾਲਮ ਰਾਜ ਦੀ ਜੜ ਪੱਟੀ" ਦਾ ਬਦਨ ਆਖਿਆ। ਰਾਇ ਨੂੰ ਇਕ ਖੜਗ ਰੇਹਲ ਅਤੇ ਗੰਗਾ ਸਾਗਰ ਬਖਸਿਆ।

ਦੀਨੇ ਸਾਹਿਬ ਜ਼ਫਰ ਨਾਮਾ–ਦੀਨਾ ਜ਼ਿਲਾ ਫੀਰੋਜ਼ ਪੁਰ ਤੋਂ ਜਫਰਨਾਮਾ ਦੇਕੇ ਭਾਈ ਦਇਆ ਸਿੰਘ ਦੇ ਨਾਲ ੪ ਸਿੰਘ ਹੋਰ ਦਖਣ ਦੇਸ ਜਿਥੇ ਮਰਹਟਿਆਂ ਨਾਲ ਔਰੰਗਾਬਾਦ ਵਿਚ ਔਰੰਗਜ਼ੇਬ ਲੜ ਰਿਹਾ ਸੀ, ਉਸੇ ਨੂੰ ਭੇਜੇ ਕਿ ਤੁਸੀਂ ਵੈਰੀ ਉਤੇ ਫਤਿਹ ਪਾਉਗੇ। ਸ੍ਰੀ ਗੁਰੂ ਜੀ ਦਾ ਬਦਨ ਮਨ ਅਰਦਾਸਾ ਸੋਧ ਭਾਈ ਦਇਆ ਸਿੰਘ ਜੀ ਪੰਜ ਸਿੰਘ ਤੁਰੇ।

ਮੁਕਤਸਰ ਟੁਟੀ ਗੰਢਣੀ–ਵੈਸਾਖ ਸੰਮਤ ੧੭੬੨ ਨੂੰ ਸ੍ਰੀ ਦਸਮੇਸ਼ ਜੀ ਤੋਂ ਭਾਈ ਮਹਾਂ ਸਿੰਘ ਨੇ ਬੇਦਾਵਾ ਪੜਵਾ ਕੇ ਟੁਟੀ ਸਿਖੀ ਗੰਢਾਈ, ਸ਼ਹੀਦ ਸਿੰਘਾਂ ਨੂੰ ਮਕਤੀ ਦਾ ਵਰ ਦੇ ਕੇ ਤਾਲ ਦਾ ਨਾਮ ਮੁਕਤਸਰ ਰਖਿਆ। ਧੰਨ ਮਾਤਾ ਭਾਗ ਕੌਰ ਜੀ ਝੰਬਾਲ।

ਗੁਰੂ ਕਾਸ਼ੀ–ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਜਿਸ ਨੂੰ ਸਿਖਾਂ ਦੀ ਕਾਂਸੀ ਦਾ ਵਰ ਦਿਤਾ ਲਿਖਣਸਰ।

ਇਹ ਹੈ ਪ੍ਰਗਟ ਹਮਾਰੀ ਕਾਸੀ
ਪੜ੍ਹ ਹੈਂ ਇਹਾਂ ਢੋਰ ਮਤਿਰਾਸੀ॥
ਲੇਖਕ ਗੁਨੀ ਕਵਿੰਦ ਗਿਆਨੀ
ਬੁਧਿ ਸਿੰਧੁ ਹ੍ਵੈ ਹੈ ਇਤ ਆਨੀ॥
ਤਿਨ ਕੇ ਕਾਰਨ ਕਲਮ ਗਡ,
ਦੇਤ ਪਰਗਟ ਹਾਂ ਡਾਰ॥
ਸਿਖ ਸਖਾ ਇਤ ਪੜ੍ਹੈਂਗੇ
ਹਮਰੇ ਕਈ ਹਜਾਹ। (ਗੁ ਵਿ ੧੦)॥

ਮਾਲਵੇ ਨੂੰ ਵਰਃ–ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨਭਵੀ ਉਲਥਾ ... ... ... ... ... ਜੀ

(ਬਾਕੀ ਦੇਖੋ ਸਫਾ ੧੧੨ ਪਰ)

Digitized by Panjab Digital Library | www.panjabdigilib.org

ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਰਮਜੀ ਪ੍ਰੀਖਿਆ ਤੋਂ ਦ੍ਰਿੜਤਾ ਪ੍ਰਾਪਤ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗਦੀ ਦੇ ਮਾਲਕ ਬਣੇ ਜੋ ਨੌ ਗੁਰੂ ਸਾਹਿਬਾਨ ਨੇ ਮਨੁਖਤਾ ਦੇ ਕਮਾਲ ਗੁਣ ਭਾਰਤ

---

(ਬਾਕੀ ਸਫਾਂ ੧੧੧ ਦੀ)

ਦੀ ਕਥਾ

ਔਰੰਗਜ਼ੇਬ ਦਾ ਮਰਨਾ–ਬਹਾਦਰ ਸਾਹ ਦਾ ਸਰਨ ਆਉਣਾ ਤੇ ਉਸ ਦੀ ਬੇਨਤੀ ਪਰਵਾਨ ਕਰਕੇ ਦਿਲੀ ਦਾ ਤਖਤ ਦਵਾਉਣਾ।

ਬੰਦੇ ਬਹਾਦਰ ਦੀ ਮਿਲਤ ਤੇ ਸਿਖ ਹੋਣਾ–ਬੰਦੇ ਨੇ ਅੰਮ੍ਰਿਤ ਛਕ ਕੇ ਸਿੰਘ ਸਜਣਾ ਅਤੇ ਪੰਜਾ ਸਿੰਘਾ ਦੀ ਤਾਬਿਆ ੨੦ ਸਿੰਘ ਹੋਰ ਤੇ ਇਕ ਬੰਦਾ ਬਹਾਦੁਰ ਸਿੰਘ ਜੀ ਨੂੰ ਪੰਜਾਬ ਵਲ ਘਲਣ ਵੇਲੇ ਪ੍ਰਨ ਕਰਾਇਆ ਕਿ ਗੁਰ ਸਿੰਘ ਪੰਜਾ ਦੀ ਤਾਬਿਆ ਰਹਿਣਾ,

## ਪੰਜ ਤੀਰ

ਪੰਜ ਬਚਨ– ੧ ਇਕ ਤਾਂ ਖਾਲਸੇ ਨਾਲ ਨਾ ਬਿਗਾੜੀਂ ਜੋ ਪੰਚ ਪਰਵਾਨ ਪੰਚ ਪਰਧਾਨ ਕਹਿਣ ਓਸ ਤੇ ਚਲਣਾ (੨) ਦੂਜਾ ਨਾਲੇ ਦਾ ਜਤੀ ਰਹਿਣਾ (ਭਾਵ ਏਕਾ ਨਾਰੀ ਜਤੀ ਹੋਇ.....) (੩) ਗੁਰ ਅਸਥਾਨ ਵਿਚ ਗਦੀ ਲਾਕੇ ਨ ਬੈਠੀਂ (੪) ਆਪਣਾ ਪੰਥ ਨਾ ਚਲਾਈਂ (੫) ਝੂਠੀ ਸੌਂਹ ਨਾ ਖਾਈ, ਜਿਨਾਂ ਚਿਰ ਏਨਾ ਬਚਨਾ ਤੇ ਰਹੇਂਗਾ ਉਨਾ ਚਿਰ ਤੇਰੀ ਜੈ ਰਹੇਗੀ। ਜਦ ਸਾਡੇ ਬਚਨ ਭੁਲ ਜਾਏਗਾ ਤਦ ਮਾਰਿਆ ਜਾਇੰਗਾ ਤੇ ਸ਼ਕਤੀ ਜਾਂਦੀ ਰਹੂ। ਪੰਜ ਸਿੰਘ ਸਾਹਿਬ ਜੀ (੧) ਬਾਬਾ ਬਿਨੋਦ ਸਿੰਘ ਜੀ (੨) ਬਾਬਾ ਕਾਨ ਸਿੰਘ ਜੀ (੩) ਬਾਬਾ ਬਾਜ ਸਿੰਘ ਜੀ (੪) ਬਾਬਾ ਰਾਮ ਸਿੰਘ ਜੀ (੫) ਬਾਬਾ ਬਿਜੈ ਸਿੰਘ ਜੀ ਏਹ ਪੰਜ ਮੁਖੀਏ ਸਾਥੀਆਂ ਦੇ ਸਾਥ ਪੰਜਾਬ ਨੂੰ ਤੁਰਿਆ ਅਤੇ ਪੰਜਾਬ ਤੇ ਮਾਲਵੇ ਦੇ ਸਿੰਘਾਂ ਨੂੰ ਹੁਕਮ ਨਾਮੇ ਲਿਖ ਦਿਤੇ ਕਿ ਏਨਾਂ ਨੂੰ ਮੇਰਾ ਰੂਪ ਸਮਝ ਕੇ ਨਾਲ ਸਾਮਲ ਹੋ ਕੇ ਕੰਮ ਕਰਨਾ।

## ( ਜੁਗੋ ਜੁਗ ਅਟਲ ਗੁਰੂ )

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੱਤਕ ਸੁਦੀ ਦੂਜ ੧੭੬੫ ਬਿਃ ਨੂੰ ਆਪਣੇ ਪਵਿਤ੍ਰ ਹਸਤ ਕਵਲਾਂ ਨਾਲ ਦਸੋ ਹੀ ਪਾਤਸ਼ਾਹੀਆਂ ਦੀ ਆਤਿਮਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨ ਪਵਿਤਰ ਬੀੜ ਅਗੇ ਪੰਜ ਪੈਸੇ ਨਾਰਯਲ ਅਗੇ ਰਖ ਕੇ ਮਥਾ ਟੇਕ ਕੇ ਗੁਰਤਾਗਦੀ ਦਿਤੀ ਤੇ ਫੁਰਮਾਇਆ ਸੀ ਅਜ ਤੋਂ ਜੁਗ ਜੁਗ ਅਟਲ ਗੁਰੂ ਗ੍ਰੰਥ ਸਾਹਿਬ ਜੀ ਹੋਣਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗੁਰੂ ਪੰਥ ਸਦਾ ਰਹਿਗਾ ਆਗਿਆ ਭਈ ਅਕਾਲ

(ਬਾਂਕੀ ਦੇਖੋ ਸਫਾਂ ੧੧੩ ਪਰ)

Digitized by Panjab Digital Library | www.panjabdigilib.org

ਵਾਸੀਆਂ ਵਿਚ ਭਰੇ ਸਨ। ਆਪ ਜੀ ਨੇ ਵੀ ਉਸ ਆਦਰਸ਼ ਤੇ ਹੀ ਅਪਣੀਆਂ ਕੁਰਬਾਨੀਆਂ ਦੇਕੇ ਆਪਣੇ ਸੀਸ ਨੂੰ ਤਿਨਕੇ ਵਤ ਵਾਰਕੇ ਓਹ ਔਖੀ ਸੰਥਿਆ ਪੜ੍ਹਾਈ ਜੋ ਸੰਥਿਆਂ ਭਾਰਤ ਦੀ ਮੁਰਦਿਹਾਨ ਨੂੰ ਮਾਰਕੇ ਜੀਵਤ ਭਾਵ ਵਿਚ ਜਗਾਉਣ ਲਈ ਜ਼ਰੂਰੀ ਸੀ। ਉਨ੍ਹਾਂ ਮਨੁਖਤਾ ਦੀ ਬੀਮਾਰੀ ਦੇ ਮਾਹਰ ਡਾਕਟਰ ਸਤਿਗੁਰਾਂ ਨੇ ਸਹੀ ਕੀਤੀ ਜਦ ਦੋ ਸੌ ਸਾਲ ਸਤਿਗੁਰਾਂ ਨੇ ਇਸ ਆਦਰਸ਼ ਦੀ ਰੂਹ ਫੂਕਣੀ ਇਥੇ ਦੇ ਵਾਸੀਆਂ ਵਿਚ ਲਗਾਤਾਰ ਜਾਰੀ ਰਖੀ ਤਾਂ ਆਖਰ ੧੭੫੬ ਬਿਃ ਵੈਸਾਖੀ ਵਾਲੇ ਦਿਨ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਦੇਕੇ (ਆਪ ਪੰਜਾਂ ਤੋਂ ਅੰਮ੍ਰਿਤ ਛਕਿਆ) ਗੁਰੂ ਪੰਥ ਦੀ ਬੁਨਆਦਿ ਰਖਕੇ ਸਾਰੇ ਭਾਰਤ ਨੂੰ ਹੀ ਨਹੀਂ ਸਗੋਂ ਚੌਦੇ ਭਵਨ ਦੇ ਗਮ ਦੂਰ ਕਰਕੇ ਖੁਸ਼ਹਾਲੀ ਬਖਸ਼ੀ, ਜੈਸੇ ਸੈਨਪਤਿ-

ਚੂਕਿਓ ਆਵਨ ਜਾਨ ਮਿਟੀ ਸਭ ਲਾਲਸਾ ॥
ਖਾਲਸਾ ਜਪਿ ਗੋਬਿੰਦ ਭਯੋ ਹੋ ਖਾਲਸਾ ॥
ਭਯੋ ਜੈਕਾਰ ਤ੍ਰੈ ਲੋਕ ਚੌਦੇ ਭਵਨ ॥
ਸਤਿਗੁਰੂ ਖਾਲਸਾ ਖਾਸ ਕੀਤਾ ॥

---

(ਬਾਕੀ ਸਫਾ ੧੧੨ ਦੀ)

ਕੀ ਤਵੀ ਚਲਾਇਉ ਪੰਥ। ਸਭ ਸਿਖਨ ਕੋ ਹੁਕਮ ਹੈ। ਗੁਰੂ ਮਾਨਿਓ ਗ੍ਰੰਥ। ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਦੀ ਦੇਹ। ਜੋ ਪ੍ਰਭਿ ਕੋ ਮਿਲਵੋਚਹਿ ਖੋਜ ਸ਼ਬਦ ਮਹਿ ਲੇਹ।

ਜੋਤੀ ਜੋਤ ਸਮਾਣਾ—ਗੋਦਾਵਰੀ ਨਦੀ ਦੇ ਕੰਢੇ ਨਾਦੇੜ ਸ਼ਹਿਰ ਰਿਆਸਤ ਦਖਨ ਹੈਦਰਾਬਾਦ ਵਿਖੇ ਕਤਕ ਸ਼ਦੀ ੫ (੮ ਕਤਕ) ਸੰਮਤ ੧੭੬੫ ਨੂੰ ਸਣਦੇਹੀ ਅਕਾਲ ਪੁਰਖ ਦੀ ਜੋਤ ਵਿਚ ਸ੍ਰੀ ਸਚਖੰਡ ਜਾ ਮਿਲੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੩੨ ਵਰੇ ੧੦ ਮਹੀਨੇ ੨੬ ਦਿਨ ਗੁਰਤਾ ਕੀਤੀ ਅਤੇ ਸਾਰੀ ਅਵਸਥਾ ੪੧ ਵਰ੍ਹੇ ੯ ਮਹੀਨੇ ੧੫ ਦਿਨ ਮਾਤ ਲੋਕ ਦੇ ਜੀਵਾਂ ਨੂੰ ਮਾਇਕੀ ਸਰੂਪ ਵਿਚ ਨਿਹਾਲ ਕੀਤਾ।

ਅਵਤਾਰ ਦਸੰਬਰ ੧੬੬੬ ਈਃ ਨੂੰ
ਸਚਖੰਡ ਪਧਾਰੇ ੧੭੦੮ ਈਃ ਨਵੰਬਰ

ਕਿਨਾ ਕਿਨਾ ਕਿਰ

ਪਟਨੇ ੫ ਸਾਲ
ਪਟਨੇ ਤੋ ਅਨੰਦਪੁਰ ਤਕ ੧ ਸਾਲ
ਅਨੰਦਪੁਰ ੧੨ ਸਾਲ
ਨਾਹਣ ੩ ਸਾਲ
ਅਨੰਦਪੁਰ ੧੭ ਸਾਲ
ਰਾਹ ਤੇ ਗੁਰੂ ਕਾਸ਼ੀ (ਦਮਦਾਂ) ਸਾਃ ੨ ਸਾਲ
ਛੇ ਸਾਲ ਪੰਜਾਬੋ ਬਾਹਰ ਤਕਰੀਬਨ ਬਤਾਲੀ ਸਾਲ

Digitized by Panjab Digital Library | www.panjabdigilib.org

ਵਸ - ਆਪੇ ਮਾਰ ਜੀਵਾਲੇ, ਸਤਿਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਛਾਤੀ ਨਾਲ ਘੁਟ ਘੁਟ ਲਾਇਆ, ਪਿਤਾ ਵਾਲਾ ਪਿਆਰ ਦਿੱਤਾ, ਉਨ੍ਹਾਂ ਨੂੰ ਆਪਣੇ ਪੰਜਾਂ ਪਿਆਰਿਆਂ ਦਾ ਸ਼੍ਰੋਮਣੀ ਖਿਤਾਬ ਬਖ਼ਸ਼ਿਆ ਤੇ ਫ਼ਰਮਾਇਆ ਸ੍ਰੀ ਗੁਰੂ ਨਾਨਕ ਦੇਵ ਜੀ ਵੇਲੇ ੧ ਤੇ ਹੁਣ ੫ ਨਿਤਰੇ ਹਨ ॥ ਇਹ ਆਦਰਸ ਦੇ ਸਦਾ ਜੀਉਂਦੇ ਰਹਿਣ ਦੀ, ਸਦਾ ਚੜ੍ਹਦੀਆਂ ਕਲਾਂ ਵਿਚ ਹੁਲਾਰੇ ਲੈਣ ਦੀ ਨਿਸ਼ਾਨੀ ਹੈ। ਮੇਰੇ ਨਿਰਮਾਏ ਖਾਲਸ ਖਾਲਸਾ ਆਦਰਸ ਦੇ ਆਦਿ ਰੂਪ ਏਹ ਪੰਜੇ ਮਰਜੀਉੜੇ ਆਪਣੀ ਛੋਤ ਅਪਣੇ ਚੁਗਿਰੇਦ ਨੂੰ ਲਾਉਣਗੇ ਸੁਗੰਧੀ ਫੈਲੇਗੀ ਤੇ ਜੋ ਗੁਲਾਮੀ ਤੇ ਮੁਰਦਿਹਾਨ ਨੂੰ ਮਾਰਕੇ ਭਾਰਤ ਨੂੰ ਜੀਵਤ ਭਾਵ ਵਿਚ ਜੀਵਾਏਗੀ, ਜੈਸੇ ਕਿ ॥

ਆਦਿ ਤਿਮਰ ਲੰਗ ਤੇ ਅਨੇਕ ਪਾਤਸ਼ਾਹ ਭਏ
ਕੇਤੀ ਕੁਲ ਬੀਤ ਗਈ ਅਮਲ ਚਲਾਇ ਕੇ ॥
ਦੇਸ਼ ਤੇ ਵਿਦੇਸ਼ ਚਾਰੋ ਚੱਕ ਸਭ ਨਿਵੈ ਆਯ
ਕਾਹੂੰ ਨਾ ਮਵਾਸੀ ਭਟ ਦਿਯੇ ਵਿਚ ਲਾਯ ਕੇ।
ਅਨਗਨ ਸੈਨ ਕੋਸ਼ ਦੀਰਘ ਦੁਰਗ ਭਾਰੀ
ਰਾਜ ਕੋ ਸਮਾਜ ਕੌਨ ਸਕੈ ਸੁ ਗਿਨਾਯ ਕੈ ॥
ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਰੂਪ ਪੰਥ ਖਾਲਸਾ ਕੈ
ਕੌਨ ਜਾਨੈ ਦੇਂਗੇ ਬਾਦਸ਼ਾਹਤ ਖਪਾਯ ਕੈ ॥

(ਗੁ ਪ ਸੂ)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਰਿਆ ਸ਼ਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ ਦੇ ਪ੍ਰੋਗਰਾਮ ਨੂੰ ਦਸਾਂ ਸਰੂਪਾਂ ਵਿਚ ਆਪਣੇ ਪੈਰਾਂ ਤੇ ਖੜ੍ਹੋਕੇ ਕੁਰਬਾਨੀ ਅਤੇ ਬਹਾਦਰੀ ਦੀ ਇਕ ਨਵੀਂ ਸੰਖਯਾ ਪੜ੍ਹਕੇ ਅਮਲ ਵਿਚ ਲਿਆਕੇ ਦਿਖਾਈ ਤੇ ਇਸ ਮੈਦਾਨ ਵਿਚ ਉਹ ਨਮੂਨਾ ਪੇਸ਼ ਕੀਤਾ ਜਿਸ ਦੀ ਮਿਸਾਲ ਜਗਤ ਦੇ ਇਤਿਹਾਸ ਨੂੰ ਦੁਨੀਆਂ ਦੇ ਤਖਤੇ ਤੇ ਨਹੀਂ ਮਿਲੇਗੀ ॥

## ਖੰਡੇ ਦਾ ਅੰਮ੍ਰਿਤ ਛਕਾਉਣਾ

੧੭੫੬ ਬਿਃ ਦੀ ਵੈਸਾਖੀ ਵਾਲੇ ਦਿਨ, ਜੋ ਸੰਸਾਰ ਦੀ ਉਤਪੱਤੀ ਦਾ ਪਹਿਲਾ ਦਿਨ ਮੰਨਿਆ ਜਾਂਦਾ ਹੈ ਅਤੇ ਜੋਤਿਸ਼ ਅਨੁਸਾਰ ਸਪਤਰਿਸ਼ੀ ਸੰਮਤ ਦਾ ਵੈਸਾਖ ਸ਼ੁਦੀ ੩ ਸੰ: ੧ ਹੈ, ਨੂੰ ਗੁਰੂ ਦਸਮੇਸ਼ ਜੀ ਨੇ ਤਖਤ ਕੇਸ ਗੜ੍ਹ ਸਾਹਿਬ (ਆਨੰਦਪੁਰ ਸਾਹਿਬ) ਵਿਖੇ ਨਾਮ ਅੰਮ੍ਰਿਤ ਦੀ ਦਾਤ ਬਖਸ਼ਣ ਦੀ ਜੋ ਵਿਧਿ ਪ੍ਰਚਲਤ ਕੀਤੀ, ਉਸ ਨੂੰ ਖੰਡੇ ਦਾ ਅੰਮ੍ਰਿਤ ਜਾਂ ਖੰਡੇ ਦੀ ਵਿਧਿ ਅਥਵਾ ਖੰਡੇ ਦੀ ਵੇਲਾ (ਮ੍ਰਯਾਦਾ ਜਾਂ ਪ੍ਰਤਿਨਿਧਿ) ਆਖਿਆ ਜਾਂਦਾ ਹੈ। ਏਸ ਸਮੇਂ ਤੋਂ ਪਹਿਲਾਂ ਗੁਰੂ ਜੋਤਿ ਵੇਲੇ ਜੋ ਨਾਮ ਦਿਤਾ ਜਾਂਦਾ ਸੀ ਉਹ ਭਾਵੇਂ ਹੁਣ ਭੀ ਉਹੋ ਨਾਮ ਹੈ, ਉਸ ਦੀ ਸ਼ਕਤੀ ਭੀ ਉਹੋ ਹੈ, ਪਰ ਉਸ ਦਾ ਮਾਮੂਲ (ਮਾਧਯਮ)

Digitized by Panjab Digital Library | www.panjabdigilib.org

ਇਕ ਨਹੀਂ ਸੀ। ਅਰਥਾਤ ਕਦੇ ਦ੍ਰਿਸ਼ਟੀ ਨਾਲ ਦ੍ਰਿਸ਼ਟੀ ਮੇਲਕੇ, ਕਦੇ ਬਚਨ ਕਰਕੇ, ਕਦੇ ਮਸਤਕ ਤੇ ਹੱਥ ਰੱਖਕੇ ਕਦੇ ਚਰਨ ਧੋ ਕੇ ਅਤੇ ਕਦੇ ਗੁਪਤ ਹੀ, ਆਤਮਿਕ ਪ੍ਰੇਰਨਾ ਨਾਲ ਜਗਿਆਸੂ ਨੂੰ ਨਾਮ ਅੰਮ੍ਰਿਤ ਦਾ ਆਵੇਸ਼ ਦਿਤਾ ਜਾਂਦਾ ਸੀ। ਇਸ ਦਿਹਾੜੇ ਤੋਂ ਉਪਰੋਕਤ ਪੰਜਾ ਵਿਧੀਆਂ ਕਾ ਇਕੋ ਵਿਚ ਸਮਾਵੇਸ਼ ਕੀਤਾ ਗਿਆ। ਭਿੰਨ ੨ ਨਾਵਾਂ ਤੇ ਰੂਪਾਂ ਦੇ ਥਾਂ ਸਭ ਵਿਅਕਤੀਆਂ ਦੀ ਇਕੋ 'ਸਿੰਘ' ਸੰਗਿਆ, ਇਕੋ ਰੂਪ ਅਤੇ ਇਕੋ ਰਹਿਤ-ਮ੍ਰਯਾਦਾ ਵਾਲੇ ਸੰਤਾਂ ਤੇ ਜੋਧਿਆਂ ਦਾ ਸੰਘ (Unit) ਸਦਾ ਸਲਾਮਤ ਰਹਿਣ ਵਾਲਾ ਅਬਿਨਾਸੀ ਤੇ ਜੁਗੋ ਜੁਗ ਅਟੱਲ—'ਖਾਲਸਾ ਪੰਥ' ਕਾਇਮ ਕਰਨ ਦੇ ਆਸ਼ੇ ਨਾਲ ਭਰੀ ਸੰਗਤ ਵਿਚੋਂ ਪੰਜ ਸਿੰਘ ਪੰਜ ਵਾਰੀ ਵੰਗਾਰ ਕੇ ਪ੍ਰਵਾਨ ਕੀਤੇ ਤੇ ਇਕੱਲੇ ੨ ਨੂੰ ਅੰਦਰ (ਤੰਬੂ ਵਿਚ)ਲੈ ਜਾਕੇ ਉਨ੍ਹਾਂ ਦੀ ਅਦਿੱਬ (ਮੈਥਨੀ) ਦੇਹ ਜਾਂ ਪ੍ਰਕ੍ਰਿਤੀ ਨੂੰ ਝਟਕ ਕੇ ਨਵੀਨ ਤੇ ਦਿੱਬ ਪ੍ਰਕ੍ਰਿਤੀ ਵਾਲੀ ਦੇਹ ਸਾਜ ਕੇ 'ਜੀਅ ਲੈ ਫਿਰ ਦੇਹਿ' ਹੀ ਸਮ੍ਰੱਥ ਜੋਤਿ ਨਾਲ ਅੰਮ੍ਰਿਤ ਭਿੰਨੀ ਕਰਦੇ ਹੋਏ ਜੀਅ ਦਾਨ ਦਿੰਦੇ ਹਨ, ਅਤੇ ਉਨ੍ਹਾਂ ਤੋਂ ਏਸੇ ਵਿਧੀ ਨਾਲ ਆਪ ਅੰਮ੍ਰਿਤ ਲੈਕੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਏਸ 'ਸਿਖ ਸਿੰਮ੍ਰਤੀ' ਸਿੱਧ ਬਚਨ ਅਨੁਸਾਰ ਕੁਨ੍ਹਾਂ ਦਿੱਬ ਪੁਰਖਾਂ ਨਾਲ ਇਕ ਮਿਕ ਹੋ ਜਾਂਦੇ ਹਨ, ਜੋ ਅਜ ਤਕ ਦੇ ਸੰਮੂਹ ਧਰਮ ਦੇ ਆਗੂਆਂ ਦੇ ਆਸ਼ੇ ਅਤੇ ਕਲਾ ਤੋਂ ਅਤੀਤ ਅਤੇ ਅਦਭੁਤਤ—ਘਟਨਾ ਸੀ। ਜਿਸ ਨੂੰ ਭਾਈ ਗੁਰਦਾਸ ਦੱਖਣੀ ਨੇ—ਹਜ਼ੂਰ ਦੇ ਚਰਨਾਂ ਵਿਚ ਰਹਿਕੇ ਇਉਂ ਕਥਨ ਕੀਤਾ ਹੈ—'ਸੱਚੇ ਤਖਤ ਰਚਾਇਆ ਸਤਿ ਸੰਗਤ ਮੇਲਾ। ਨਾਨਕ ਨਿਰਭਉ ਨਿਰੰਕਾਰ ਵਿਚ ਸਿੱਧਾ ਖੇਲਾ। ਗੁਰੁ ਸਿਮਰਿ **ਮਨਾਈ** (ਮੰਡਨ ਕੀਤੀ, ਮੰਨੀ) **ਕਾਲਕਾ** (ਚੰਡੀ ਦਾ ਰੂਪ—ਸ੍ਰੀ ਸਾਹਿਬ) **ਖੰਡੇ** (ਦੁਨੀਆਂ ਭਣਨ ਦੇ ਆਦਿ ਤੇ ਛਿਣ ਵਿਚ ਪ੍ਰਕਾਸ਼ (ਹਿਤ) ਹੋਇਆ, ਉਹ ਪ੍ਰਵਿਰਤੀ ਤੇ ਨਿਵਿਰਤੀ ਰੂਪ ਦ੍ਵੈਤ ਦਾ ਕਾਰਣ, ਜਿਸ ਦੀ ਸੰਸਾਰੀ ਸ਼ਕਲ ਦੁਧਾਰੇ ਖੰਡੇ ਦੀ ਹੋ ਸਕਦੀ ਹੈ) **ਦੀ ਵੇਲਾ** (ਮ੍ਰਯਾਦਾ, ਹੱਦ, ਪ੍ਰਤਿਨਿਧਿ, ਆਕਾਰ)। ਪੀਵਹੁ ਪਾਹੁਲ ਖੰਡੇਧਾਰ ਹੋਵੇ ਜਨਮ ਸੁਹੇਲਾ। ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।' ਭਾਵ-ਸਤਿਗੁਰ ਨਾਨਕ ਦੇਵ—ਸਤਿਪੁਰਖ ਨੇ ਤਖਤ ਸਾਹਿਬ ਰਚਾ ਕੇ ਸੰਗਤ ਇਕੱਠੀ ਕੀਤੀ, ਜਿਨ੍ਹਾਂ ਨੇ ਸਿੱਧਾਂ ਵਿਚ ਅਪਣੀ ਅਨੰਤ ਕਲਾ ਦੇ ਖੇਡ ਕੀਤੇ ਸਨ। ਫੇਰ ਉਨ੍ਹਾਂ ਨੇ ਆਦਿ ਗੁਰੂ (ਗੁਰੂ ਨਾਨਕ ਦੇਵ ਜੀ) ਨੂੰ ਸਿਮਰ ਕੇ ਸ੍ਰੀ ਸਾਹਿਬ ਜੀ ਨੂੰ ਮਡਿਆ, ਭਾਵ—ਸਜਾਇਆ, ਜੋ ਕਿ ਖੰਡੇ ਦੀ ਪ੍ਰਤਿਨਿਧਿ ਹੈ। ਸਾਹਿਬ ਨੇ ਅਪਣੀ ਸੰਗਤ ਨੂੰ ਨਿਰੋਲ ਤੇ ਸਭ ਦੀ ਸਾਖੀ ਬਣਾਇਆ, ਮਨਮੁਖ ਦੁਨੀਆਂ ਬੜੀ ਦੁਖੀ ਹੋਈ। ਖੰਡੇ ਦੀ ਪਾਹੁ ਵਾਲੀ ਪਾਹੁਲ—ਅੰਮ੍ਰਿਤ ਛਕੋ, ਤਾਂ ਜੋ ਜਨਮ ਸਫਲ ਹੋਵੇ। ਗੁਰੂ ਗੋਬਿੰਦ ਸਿੰਘ ਜੀ ਦੀ ਅਚਰਜ ਹਸਤੀ ਹੈ **ਗੁਰੂ ਚੇਲਾ** ਆਪੇ ਆਪ ਹੈ।

## ਹਜ਼ੂਰ ਦਾ ਪੰਥ ਦੇ ਸਦਾ ਅੰਗ ਸੰਗ ਰਹਿਣ ਦਾ ਅਲੌਕਿਕ ਵਰ ਦਾਨ

ਜਿਸ ਸਮੇਂ ਆਪ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰਕੇ ਉਨ੍ਹਾਂ ਵਲੋਂ ਦੀਖਿਆ ਤੇ ਸਿਖਿਆ ਲੈਣ ਵਾਲੇ ਜਗਿਆਸੂਆਂ ਦੇ ਰੂਪ ਵਿਚ ਸੁਭਾਇਮਾਨ ਸਨ, ਤਾਂ ਪੰਜ ਪਿਆਰੇ ਆਪ ਨੂੰ ਦੀਖਿਆ ਦੇਣ ਦੇ ਉਪਰਾਂਤ ਸਿਖਿਆ ਦੇਣ ਤੋਂ ਅਸੱਮ੍ਰਥ ਅਤੇ ਅਨਧਿਕਾਰੀ ਸਮਝਦੇ ਹੋਏ ਸਿਖਿਆ ਅਧਿਕਰਣ ਤੋਂ

Digitized by Panjab Digital Library | www.panjabdigilib.org

ਸੰਕੋਚ ਕਰ ਗਏ। ਤਾਂ ਹਜ਼ੂਰ ਨੇ ਅਗੰਮੀ ਬਚਨ ਦੁਆਰਾ ਗੱਜ ਕੇ ਆਖਿਆ–'ਪਿਆਰੇ ਗੁਰੂ ਖਾਲਸਾ ਜੀ! ਮੈਂ ਆਪ ਦੇ ਪੰਥ ਵਿਚ ਪ੍ਰਵੇਸ਼ ਕਰਨ ਵਾਲਾ ਪਹਿਲਾ ਅੰਮ੍ਰਿਤਧਾਰੀ ਤੇ ਸਿਖਿਆ ਲੈਣ ਦਾ ਅਨੱਨ ਅਧਿਕਾਰੀ ਹਾਂ। ਤੁਸੀਂ ਭੀ ਮੈਨੂੰ ਸਿਖਿਆ ਦੇਣ ਦਾ ਪੂਰਾ ੨ ਅਧਿਕਾਰ ਰਖਦੇ ਹੋ, ਹੁਕਮ ਕਰੋ।' ਬਸ ਇਹ ਵਾਕ ਕੀ ਸੀ ? ਅਨੰਤ ਕਲਾ ਵਾਲੇ ਠਾਕੁਰ ਦੀ ਅਕਲ ਕਲਾ ਦਾ ਆਵੇਸ਼ ਸੀ, ਜਿਸ ਨੂੰ ਲੈਕੇ ਤਤਕਾਲ ਹੀ ਪੰਥ ਵਲੋਂ ਭਿੰਨੇ ਸ਼ਬਦਾਂ ਵਿਚ, ਇਕ ਸੁਰ ਨਾਲ ਇਹ ਆਵਾਜ਼ ਆਈ–ਮਹਾਰਾਜ ਗੁਰੂ ਗੋਬਿੰਦ ਸਿੰਘ–ਪੰਚ ਪ੍ਰਮਾ ਗੋਬਿੰਦ ਸਿੰਘ ਜੀ! ਆਪ ਜੋਗ ਗੁਰੂ ਖਾਲਸੇ ਦਾ ਹੁਕਮ ਹੈ ਕਿ ਆਪ ਸਦਾ ਗੁਰੂ ਖਾਲਸੇ ਦੇ ਅੰਗ ਸੰਗ ਰਹੋ। ਬਸ, ਫੇਰ ਕੀ ਸੀ, 'ਸੰਲਾ ਕਲਾ ਸੱਪੂਰਣ ਫਲਿਆ। ਅਨਤ ਕਲਾ ਹੋਇ ਠਾਕੁਰ ਚੜ੍ਹਿਆ।' ਅਨੁਸਾਰ ਅਗੰਮੜੇ ਪੁਰਖ ਨੇ ਮੇਘ ਦੀ ਗਰਜ ਵਾਲੀ ਗੰਭੀਰ ਧੁਨੀ ਨਾਲ ਨਿਰੰਤਰੀ ਜੋਤਿ ਵਿਚੋਂ ਸਹਿਜ ਹੀ ਇਉਂ ਸਿੰਘ ਨਾਦ ਦਾ ਉਦਾਰਨ ਕੀਤਾ—

ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਾਹਿ ਹੌ ਕਰੌ ਨਿਵਾਸ ॥
ਖਾਲਸਾ ਮੇਰੋ ਮੁਖ ਹੈ ਅੰਗਾ ॥ ਖਾਲਸੇ ਕੇ ਹੌ ਸਦ ਸਦ ਸੰਗਾ ॥
ਖਾਲਸਾ ਮੇਰੋ ਇਸਟ ਸੁਹਿਰਦ ॥ ਖਾਲਸਾ ਮੇਰੋ ਕਹੀਅਤ ਬਿਰਦ ॥
ਖਾਲਸਾ ਮੇਰੋ ਪਛ ਅਰ ਪਾਤਾ ॥ ਖਾਲਸਾ ਮੇਰੋ ਸੁਖ ਅਹਿਲਾਦਾ ॥
ਖਾਲਸਾ ਮੇਰੋ ਮਿਤ੍ਰ ਸਖਾਈ ॥ ਖਾਲਸਾ ਮਿਤ੍ਰ ਪਿਤਾ ਸੁਖਦਾਈ ॥
ਖਾਲਸਾ ਮੇਰੀ ਸੋਭਾ ਸੀਲਾ ॥ ਖਾਲਸਾ ਬੰਧ ਸਖਾ ਸਦ ਡੀਲਾ ॥
ਖਾਲਸਾ ਮੇਰੀ ਜਾਤ ਅਰ ਪਤ ॥ ਖਾਲਸਾ ਸੋ ਮੇਰੋ ਉਤਪਤ ॥
ਖਾਲਸਾ ਮੇਰੋ ਭਵਨ ਭੰਡਾਰਾ ॥ ਖਾਲਸੇ ਕਰ ਮੇਰੋ ਸਤਕਾਰਾ ॥
ਖਾਲਸਾ ਮੇਰੋ ਸੁਜਨ ਪਰਵਾਰਾ ॥ ਖ਼ਾਲਸਾ ਮੇਰੋ ਕਰਤ ਉਧਾਰਾ ॥
ਖਾਲਸਾ ਮੇਰੋ ਪਿੰਡ ਪਰਾਇਨ ॥ ਖਾਲਸਾ ਮੇਰੀ ਜਾਨ ਕੀ ਜਾਨ ॥
ਮਾਨ,ਮਹਤ ਮੇਰੀ ਖਾਲਸਾ ਸਹੀ ॥ ਖਾਲਸਾ ਮੇਰੋ ਸੁਰਯਬ ਸਹੀ ॥
ਖਾਲਸਾ ਮੇਰੋ ਕਰੇ ਨਿਰਬਾਹ ॥ ਖਾਲਸਾ ਮੇਰੋ ਦੇਹ ਅਰ ਸਾਹ ॥
ਖਾਲਸਾ ਮੇਰੋ ਧਰਮ ਅਰਕਰਨ ॥ ਖਾਲਸਾ ਮੇਰੋ ਭੇਦ ਨਿਜ ਮਰਮ ॥
ਖਾਲਸਾ ਮੇਰੋ ਸਤਿਗੁਰ ਪੂਰਾ ॥ ਖਾਲਸਾ ਮੇਰੋ ਸੱਜਨ ਸੂਰਾ ॥
ਖਾਲਸਾ ਮੇਰੋ ਬੁਧ ਅਰ ਗਿਆਨ ॥ ਖਾਲਸੇ ਕਾ ਹੋ ਧਰੋ ਧਿਆਨ ॥
ਉਪਮਾ ਖਾਲਸੇ ਜਾਤ ਨ ਕਹੀ ॥ ਜੇਹਬਾ ਏਕ ਪਾਰ ਨਹਿ ਲਹੀ ॥
ਸੇਸ ਰਸਨ ਸਾਰਦਸੀ ਬੁਧਾ ॥ ਤਦਪਿ ਨਾ ਉਪਮਾ ਬਰਨਤ ਸੁਧਾ ॥
ਯਾ ਮੈ ਰੰਚ ਨ ਮਿਥਯਾ ਭਾਈ ॥ ਪਾਰਬ੍ਰਹਮ ਗੁਰੂ ਨਾਨਕ ਸਾਖੀ ॥
ਰੋਮ ਰੋਮ ਜੋ ਰਸਨਾ ਪਾਊ ॥ ਤਦਪਿ ਖਾਲਸਾ ਜਸ ਤਹ ਗਾਊ ॥
ਹੋ ਖਾਲਸੇ ਕੋ ਖਾਲਸਾ ਮੇਰੋ ॥ ਓਤ ਪੋਤ ਸਾਗਰ ਬੂੰਦੇਰੋ ॥
ਪੁਰਸ ਅਕਾਲ ਸੁ ਮੂਰਤ ਏਹਾ ॥ ਪ੍ਰਗਟ ਅਕਾਲ ਖਾਲਸਾ ਦੇਹਾ ॥

(ਪ੍ਰਹਿਲਾਦ ਸਿੰਘ)

Digitized by Panjab Digital Library | www.panjabdigilib.org

ਭਾਵ—ਮੈਂ ਖਾਲਸੇ ਦੇ ਸਦਾ ਅੰਗ ਸੰਗ ਹਾਂ, ਕਿਉਂਕਿ ਮੈਂ ਖਾਲਸੇ ਨੂੰ ਅਪਣੀ ਜੋਤਿ ਦਾ ਸੰਚਾਰ ਕਰਕੇ—ਆਪਣਾ ਖਾਸ (ਨਿਜ) ਰੂਪ ਬਣਾਇਆ ਹੈ, ਜਿਸ ਨੇ ਮੇਰੇ ਦਰਸ਼ਨ ਕਰਨੇ ਹੋਣ ਉਹ ਗੁਰੂ ਖਾਲਸਾ ਜੀ ਦੇ ਦਰਸ਼ਨ ਕਰੇ। ਮੈਂ ਗੁਰੂ ਨਾਨਕ ਦੇਵ ਜੀ ਨੂੰ ਸਾਖੀ ਰਖ ਕੇ ਆਖਿਆ ਹੈ, ਕਿ ਖਾਲਸਾ ਅਕਾਲ ਪੁਰਖ ਦੀ ਫੌਜ ਅਤੇ ਮੇਰਾ ਆਪਣਾ ਆਪ ਹੈ। ਤਾਂ ਤੇ ਸਚੇ ਪਾਤਸ਼ਾਹ ਨੇ ਗੁਰੂ ਖਾਲਸੇ ਦੇ ਰੂਪ ਵਿਚ ਆਪਣੇ ਆਪ ਨੂੰ ਸਮੋਕੇ ਜਿਥੇ ਕ੍ਰੋੜਾਂ ਕੋਹਾਂ ਵਿਚ ਪਸਰਿਆ ਹੋਇਆ ਅਗਿਆਨ ਅੰਧੇਰਾ ਦੂਰ ਕੀਤਾ, ਉਥੇ ਕ੍ਰੋੜਾਂ ਕੋਹਾਂ ਵਿਚ ਫੈਲਿਆ ਹੋਇਆ ਜ਼ੁਲਮ ਤੇ ਅਧਰਮ ਦੇ ਰਾਜ ਦੀ ਭੀ ਸਹਸਾ ਹੀ ਬ੍ਰਿਛ ਛਾਮਣੀ ਅਤੇ ਧੂੰਧਾਮਣੀ ਕਰ ਦਿਖਾਇਆ। ਜਿਥੋਂ ਕ੍ਰੋੜਾਂ ਔਰੰਗਜ਼ੇਬ, ਹਲਾਕੂ ਤੇ ਤੈਮੂਰ ਵਰਗੇ ਪੈਦਾ ਹੋਣੇ ਸੀ। ਸੋ ਦੁਸ਼ਟ ਦਮਨ ਸਤਿਗੁਰਾਂ ਨੇ ਆਪਣੇ ਅਸਚਰਜ ਰੂਪ ਧਾਰੀ ਖਾਲਸਾ ਪੰਥ ਤੋਂ ਓਸ ਹਿੰਸਕ ਤੇ ਗੰਦੀ ਸਿਪਿਰਟ ਦਾ ਸਤਿਆਨਾਸ ਕਰ ਦਿਤਾ। ਇਉਂ ਸਾਧੂਆਂ ਨੂੰ ਸ਼ਮਨ ਅਤੇ ਦੁਸ਼ਟਾਂ ਨੂੰ ਦਮਨ ਕਰਾ ਕੇ ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਸਤ ਮਾਰਗ ਦਾ ਪ੍ਰਚਾਰ ਕਰਕੇ 'ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ' ਦੀ ਪ੍ਰਤਗਿਆ ਨੂੰ ਪੂਰਨ ਕਰ ਕੇ ਵਿਆਪਕ ਰੂਪ ਵਿਚ ਰਹਿੰਦੇ ਹੋਏ ਅਜ ਭੀ ਖਾਲਸੇ ਦੇ ਅੰਗ ਸੰਗ ਹਨ, ਪਰ ਜੇ ਖਾਲਸਾ ਆਪ ਨੂੰ ਸੰਸਾਰ ਵਿਚ ਉਨ੍ਹਾਂ ਦਾ ਠੀਕ ਠੀਕ ਉਤਰਾਧਿਕਾਰੀ ਹੋ ਕੇ ਰਹੇ।

ਸ੍ਰੀ ਗੁਰੂ ਦਸਮੇਸ਼ ਜੀ ਬਾਬਤ, ਸਾਧੂ ਗੋਬਿੰਦ ਸਿੰਘ ਜੀ "ਇਤਿਹਾਸ ਗੁਰੁ ਖ਼ਾਲਸਾ" ਵਿੱਚ ਲਿਖਦੇ ਹਨ :—

ਇਸ ਭਾਰਤ ਭੂਮਿ ਮੇਂ ਸਹਸ੍ਰੋਂ ਧਰਮ ਪ੍ਰਚਾਰਕ ਤਥਾ ਲਕੋਂ ਦੇਸ਼ ਸੰਰਕਕ ਰਾਜੇ ਮਹਾਰਾਜੇ ਹੂਏ ਹੈਂ, ਪਰੰਤੂ ਐਸਾ ਏਕ ਭੀ ਨਹੀਂ ਹੂਆ ਕਿ ਜਿਸ ਨੇ ਧਰਮਰਖਿਆ ਕੇ ਨਿਮਿੱਤ ਅਪਨਾ ਸਰਵੰਸ੍ਵ ਹਵਨ ਕਰਕੇ ਸ਼ੇਸ਼ ਮੇਂ ਆਪਨੇ ਪ੍ਰਾਣ ਭੀ ਦਿਯੇ ਹੋ :

"ਹਿੰਦੂ ਧਰਮ ਪਰ ਆਤੀ ਹੂਈ ਅਨੇਕ ਤਰਹ ਕੀ ਆਪੱਤਿਯੋਂ ਕੇ ਹਾਰਕ, ਯਾ ਮਿਤ੍ਰਪ੍ਰਾਯ ਆਰਯ ਸੰਤਾਨ ਕੇ ਪੁਨਰ ਪ੍ਰਾਣ ਸੰਚਾਰਕ, ਯਦਿ ਕੋਈ ਮਹਾਪੁਰਸ਼ ਹੈਂ, ਤੋ ਸਿੱਖ ਸਮਾਜ ਕੇ ਨਿਰਮਾਤ ਤਥਾ ਸ਼ਸਕ ਧਰਮ ਗੁਰੂ ਯੇਹੀ ਏਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹੀ ਹੂਏ ਹੈਂ।

ਆਪਹੀ ਕੇ ਸਦੁਪਦੇਸ਼ ਸੇ ਚਾਰੋਂ ਵਰਣ ਪਰਸਪਰ ਭ੍ਰਾਤ੍ਰਿਭਾਵ ਸੇ ਵ੍ਯਵਹਾਰ ਕਰਨੇ ਲਗੇ ਥੇ, ਆਪ ਹੀ ਕੀ ਸੰਪੂਰਤਿ ਮਹਾ ਸ਼ਕਤਿ ਸੇ ਵਰਤਮਾਨ ਸਿੱਖ ਸਮਾਜ ਕੀ ਯੁਧ ਕੇ ਵਿਸ਼ਯ ਮੇ ਸਰਵਤ: ਅਗ੍ਰੇਸਰ ਗਣਨਾ ਹੈ। ਆਪ ਹੀ ਕੇ ਬਲਵੀਰਯ ਸਾਹਸ ਕੇ ਪ੍ਰਭਾਵ ਸੇ ਨਿਰਾਸ਼੍ਰਿਤ ਆਰਯ ਸੰਤਾਨ ਕਾ ਆਰਯਾਵਰਤ ਨੇਮ ਸੇਸਤ੍ਰ ਦੀਖ ਪੜਤਾ ਹੈ।

ਇਸ ਭਾਰਤ ਭੂਮਿ ਪਰ ਅਨੇਕੋਂ ਧਰਮ ਪ੍ਰਚਾਰਕ ਧਰਮਗੁਰੂ ਹੂਏ ਹੈਂ। ਤਥਾ ਆਗੇ ਭੀ ਹੋਂਗੇ ਤਥਾਪਿ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਜੈਸੇ ਧਰਮ ਪ੍ਰਚਾਰਕ ਧਰਮ ਗੁਰੂ ਕਾ ਹੋਨਾ ਦੋਬਾਰਾ ਇਸ ਦੁਨੀਆਂ ਮੇਂ ਦੁਰਘਟ ਹੈ।

Digitized by Panjab Digital Library | www.panjabdigilib.org

ਸ੍ਵਉਦਰ ਪੋਸੀ ਅਨੇਕ ਮਨੁਸ਼੍ਯ ਉਤਪੰਨ ਹੋ ਹੋ ਕਰ ਮਰਣ ਦਸ਼ਾ ਕੋ ਪ੍ਰਾਪਤ ਹੋਤੇ ਹੈਂ ਤਥਾਪਿ ਆਪਨੇ ਨਿਰਮਲ ਯਸ਼ ਕਾਯ ਸੇ ਕਲਪਾਵਧਿ ਜੀਨੇ ਵਾਲੇ ਯਹ ਏਕ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ ਹੀ ਹੈਂ। ਜਬ ਤਕ ਸੁਬੁਧ ਆਰਯ ਪ੍ਰਜਾ ਰਹੇਗੀ। ਤਬ ਤਕ ਇਨ ਕੇ ਅਵਰਣਨੀਯ ਉਪਕਾਰੋਂ ਕੋ ਸਨਮਾਨ ਪੂਰਵਕ ਚਿੰਤਨ ਕਿਯਾ ਕਰੇਗੀ।

ਧਨ੍ਯ ਦੇਸ਼, ਧਨ੍ਯ ਕਾਲ, ਧਨ੍ਯ ਭੂਮਿ, ਧਨ੍ਯ ਨਗਰ, ਧਨ੍ਯ ਗ੍ਰਿਹ ਤਥਾ ਧਨ੍ਯ ਵਹ ਮਾਤਾ ਹੈ ਜਿਨ ਕੇ ਸਕਾਸ਼ ਸੇ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ ਜੈਸੇ ਮਹਾਪੁਰਸ਼ੋਂ ਕਾ ਪ੍ਰਾਦੁਰਭਾਵ ਹੋਤਾ ਹੈ। (ਅਧ੍ਯਾਯ ੪੭)

( ਪੁਨਾ )

ਲੈਕੇ ਦਾਤਾਰਾ ਗਾਵੈ ਸੰਗਤਿ ਮੇ ਵਾਰ ਆਸਾ
ਪਕੜ ਦੁਧਾਰਾ ਵਾਹੇ ਸਤ੍ਰ ਸਿਰ ਆਰਾ ਹੈ ॥
ਕੜਛਾ ਲੈ ਹਾਥ ਵਰਤਾਵਤ ਅਤੁਟ ਦੇਗ
ਕਠਿਨ ਕੋ ਦੰਡ ਵਾਣ ਵੇਧ ਕਰੈ ਪਾਰਾ ਹੈ ॥
ਭਕਤਿ ਗ੍ਯਾਨ ਪ੍ਰੇਮ ਔ ਵੈਰਾਗ ਕੀ ਸੁਨਾਵੈ ਕਥਾ
ਚੜਕੈ ਤੁਰੰਗ ਜੰਗ ਦੇਵੈ ਲਲਕਾਰਾ ਹੈ ॥
ਤਤ੍ਵ ਗ੍ਯਾਨੀ ਦਾਨੀ ਯੋਧਾ ਗ੍ਰਿਹੀ ਤਿਆਗੀ ਗੁਰੂ ਚੇਲਾ
ਵਾਹ ਵਾਹ ਧਨ੍ਯ ਧਨ੍ਯ "ਜਨਕ" ਹਮਾਰਾ ਹੈ॥ਮ:ਕੋ:

ਆਪ ਜੀ ਨੇ ਨਾਮ ਬਾਣੀ ਅਤੇ ਅੰਮ੍ਰਿਤ ਦੀ ਦਾਤ ਬਖਸ਼ ਕੇ ਸੰਸਾਰੀ ਜੀਵਾਂ ਦੀ ਕਲਿਆਣ ਕੀਤੀ ਅਤੇ ਧਰਮ ਦੀ ਰਾਖੀ ਕਰਦਿਆਂ ਕਈ ਜੁਧ ਕੀਤੇ। ਜੁਧ ਦੀ ਰਣਭੂਮੀ ਖਾਸ ਕਰਕੇ ਆਪਜੀ ਨੇ ਮਾਲਵੇ ਨੂੰ ਚੁਣਿਆ। ਉਨ੍ਹਾਂ ਜੁਧਾਂ ਵਿਚ ਜਿਥੇ ੨ ਮਾਲਵੇ ਦੀ ਧਰਤੀ ਨੂੰ ਭਾਗ ਲਾਏ ਅਤੇ ਵਰਦਾਨ ਦੇਕੇ ਤਾਰਿਆ ਉਨ੍ਹਾਂ ਦੇ ਉਦੇਸ ਅਰ ਪਵਿਤ੍ਰ ਗੁਰਅਸਥਾਨਾਂ ਦਾ ਸੰਖੇਪ ਇਤਿਹਾਸ ਅਗੇ ਲਿਖਿਆ ਜਾਂਦਾ ਹੈ।

Digitized by Panjab Digital Library | www.panjabdigilib.org

# ਮੇਰੇ ਚੋਜੀ, ਬਾਲਾ ਪ੍ਰੀਤਮ, ਸ੍ਰੀ ਦਸਮੇਸ਼ ਜੀ ਦਾ ਪਟਣੇ ਤੋਂ ਪੰਜਾਬ ਵੱਲ ਆਉਣ ਦਾ ਰਮਤਾ।

ਜਦੋਂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਆਪਣੇ ਪਾਸ ਅਨੰਦ ਪੁਰ (ਪੰਜਾਬ) ਵਲ ਪਟਨੇ ਤੋਂ ਬੁਲਾ ਭੇਜਿਆ ਤਾਂ ਉਸ ਵਕਤ ਪਟਨਾ ਨਿਵਾਸੀ ਸੰਗਤਾਂ ਦੀ ਜੋ ਵੈਰਾਗ ਮਈ (ਬਹਿਵਲਤਾ) ਦਸ਼ਾ ਹੋਈ ਉਹ ਲਿਖਤ ਤੋਂ ਬਾਹਰ ਹੈ। ਏਸ ਦਸ਼ਾ ਨੂੰ ਗੁਰਮੁਖ ਆਤਮਾ ਹੀ ਅਨੁਭਵ ਕਰ ਸਕਦੇ ਹਨ। ਸ੍ਰੀ ਦਸਮੇਸ਼ ਜੀ ਨੇ ਸਾਰੇ ਸ਼ਹਿਰ ਤੇ ਇਲਾਕਾ ਨਿਵਾਸੀਆਂ ਨੂੰ ਧੀਰਜ ਦਿੰਦੇ ਹੋਏ ਫਰਮਾਨ ਕੀਤਾ ਕਿ ਸਰਧਾਵਾਨਾਂ ਦੇ ਅਸੀਂ ਸਦਾ ਹੀ ਪਾਸ ਹਾਂ ਅਰ ਜਿਸ ਨੇ ਦਰਸ਼ਨ ਕਰਨੇ ਹੋਣ ਉਹੋ ਸੁਬ੍ਹਾ ਸ਼ਾਮ ਸ੍ਰੀ ਤਖਤ ਪਟਨਾ ਸਾਹਿਬ ਜੀ ਦੇ ਦੀਵਾਨ ਵਿਚ ਹਾਜ਼ਰ ਹੋਕੇ ਦਰਸ਼ਨ ਕਰੇ, ਇਤਿਆਦਿ ਧਰਵਾਸ ਦੇਕੇ ਸ੍ਰੀ ਕਲਗੀਧਰ ਜੀ ਪੰਜਾਬ ਦੇਸ ਨੂੰ ਭਾਗ ਲਾਉਣ (ਨਿਹਾਲ) ਹਿਤ ਹੇਠ ਲਿਖੇ ਨਗਰਾਂ (ਸ਼ਹਿਰਾਂ) ਨੂੰ ਨਿਹਾਲ ਕਰਦੇ ਹੋਏ ਮਜਲੀਂ ਮਜਲੀਂ ਸ੍ਰੀ ਅਨੰਦਪੁਰ ਤੇ ਪਿਆਰੇ ਪਿਤਾ ਦੇ ਦਰਸ਼ਨ ਕਰਨ ਵਾਸਤੇ ਕਮਰਕਸਾ ਕਰਦੇ ਹਨ।

## ਰਸਤੇ ਦੇ ਪੜਾਓ

ਦਾਨਾ ਪੁਰ, ਬਕਸਰ ਛਪਰੇ, ਆਗ, ਡੁਮਰਾ, ਮਿਰਜ਼ਾਪੁਰ, (ਕਾਸੀ ਦੇ ਲਾਗੇ) ਕਾਸੀ, ਮਿਰਜ਼ਾ ਪੁਰ ਵਡਾ, ਪਰਾਗ ਰਾਜ, (ਤ੍ਰਿਬੈਣੀ ਅਲਾਹਾਬਾਦ) ਅਜੁਧਿਆ, ਗੁਪਤਾ ਘਾਟ, ਨਾਨਕ ਮਤਾ, ਪੀਲੀ ਭੀਤ, ਦੇਵ ਨਗਰ, ਲਖਨਊ, (ਭਗਤ ਭਗਵਾਨ ਨੂੰ ਸ੍ਰੀ ਸਾਹਿਬ ਬਖਸ਼ੀ) ਵਨੂਰ, ਮਥਰਾ (ਬ੍ਰਿਜ ਲਾਲ ਚੋਬੇ ਦੇ ਘਰ ਪਰ ਮੰਜੀ ਸਾਹਿਬ ਹੈ) ਹਰਦੁਆਰ, ਸ਼ਾਤਲਸਰ, ਭਗਵਾਨ ਪੁਰ, ਸਹਾਰਨ ਪੁਰ, ਤੀਰਥ ਸੂਰਜ ਕੁੰਡ, ਲਖਨੌਰ। ਹੁਣ ਸ੍ਰੀ ਗੁਰੂ ਦਸਮੇਸ ਜੀ ਨੇ ਜਿਵੇਂ ਜਿਵੇਂ ਮਾਲਵਾ ਧਰਤੀ ਨੂੰ ਹਰਿਆ ਭਰਿਆ (ਸਰਸਬਜ਼) ਕਰਨ ਹਿਤ ਪਵਿਤ੍ਰ ਚਰਨ ਪਾਏ ਸਨ, ਉਸ ਤਰਾਂ ਦੌਰੇ ਅਨੁਸਾਰ ਸੰਖੇਪ ਇਤਿਹਾਸ ਅਗੇ ਦਿਤਾ ਜਾਂਦਾ। ਪੜ੍ਹੋ (ਵਿਚਾਰੋ) ਤੇ ਦਰਸ਼ਨ ਕਰੋ ਜੀ।

**੧. ਗੁ: ਖਾਨਪੁਰ** ਇਕ ਪਿੰਡ ਜੋ ਜ਼ਿਲਾ ਅੰਬਾਲਾ, ਤਹਿਸੀਲ ਥਾਣਾ ਨਾਰਾਇਣ ਗੜ੍ਹ ਵਿਚ ਗੁਰਦੁਆਰੇ ਟੋਕਾ ਪਾਸ ਹੈ।ਜਦੋਂ ਦਸਮੇਸ਼ ਜੀ ਟੋਕੇ ਬਿਰਾਜਮਾਨ ਸਨ, ਤਾਂ ਸ੍ਰੀ ਗੁਰੂ ਜੀ ਦੇ ਊਠ ਚੋਰੀ ਹੋ ਗਏ। ਚੋਰਾਂ ਨੂੰ ਸੁਮਤਿ ਦੇਣ ਵਾਸਤੇ ਆਏ ਗੁਰੂ ਜੀ ਇਥੇ ਬਿਰਾਜੇ ਹਨ। ਮੰਜੀ ਸਾਹਿਬ ਬਣਿਆ ਹੋਇਆ ਹੈ। ੧੦੦ ਵਿਘੇ ਜ਼ਮੀਨ ਨਾਲ ਹੈ। ਪੁਜਾਰੀ ਸਿੰਘ ਹੈ।

Digitized by Panjab Digital Library | www.panjabdigilib.org

**੨. ਗੁ: ਅਗੰਮਪੁਰ** ਜ਼ਿਲਾ ਅੰਬਾਲਾ ਤਹਿਸੀਲ ਥਾਣਾ ਜਗਾਧਰੀ ਵਿਚ ਇਕ ਪਿੰਡ ਬੱਲਾਚੌਰ ਹੈ। ਇਸ ਪਿੰਡ ਤੋਂ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਅਗੰਮਪੁਰਾ ਹੈ। ਸ੍ਰੀ ਗੁਰੂ ਜੀ ਕਪਾਲ ਮੋਚਨ ਤੋਂ ਹਟਦੇ ਹੋਏ ਇਥੇ ਪਧਾਰੇ। ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਅ ਹੈ। ਅਕਾਲੀ ਸਿੰਘ ਸੇਵਾ ਕਰਦੇ ਹਨ। ਗੁਰਦੁਆਰੇ ਨਾਲ ੬੦ ਵਿਘੇ ਜ਼ਮੀਨ ਨਗਰ ਵਾਸੀਆਂ ਵਲੋਂ ਹੈ। ਇਹ ਰੇਲਵੇ ਸਟੇਸ਼ਨ ਜਗਾਧਰੀ ਤੋਂ ੭ ਮੀਲ ਪੁਰ ਪੱਕੀ ਸੜਕ ਦੇ ਨਾਲ ਹੈ।

**੩. ਗੁ: ਟੋਕਾ ਸਾਹਿਬ** ਜ਼ਿਲਾ ਅੰਬਾਲਾ, ਤਹਿਸੀਲ ਥਾਣਾ ਨਾਰਾਇਣ ਗੜ੍ਹ ਦਾ ਇਕ ਟੋਕਾ ਪਿੰਡ ਹੈ। ਇਸ ਤੋਂ ਇਕ ਮੀਲ ਪੱਛਮ ਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਟੋਕਾ ਸਾਹਿਬ ਹੈ ਜੋ ਇਲਾਕੇ ਨਾਹਨ ਅੰਦਰ ਹੈ। ਸ੍ਰੀ ਦਸਮੇਸ਼ ਪਿਤਾ ਜੀ ਇਥੇ ਭੰਗਾਣੀ ਦੇ ਜੰਗ ਪਿਛੋਂ ੧੨ ਦਿਨ ਵਿਰਾਜੇ ਹਨ। ਇਸ ਥਾਂ ਲਾਹੇ ਪਿੰਡ ਦੇ ਰੰਘੜਾਂ ਨੇ ਸ੍ਰੀ ਗੁਰੂ ਸਾਹਿਬ ਜੀ ਦੇ ਲਸ਼ਕਰ ਦੇ ਊਠ ਚੁਰਾ ਲਏ ਸਨ। ਜਿਸ ਪੁਰ ਉਹਨਾਂ ਨੂੰ ਯੋਗ ਦੰਡ ਦਿਤਾ ਗਿਆ ਅਰ ਲਾਹੇ ਪਿੰਡ ਦਾ ਨਾਉਂ ਟੋਕਾ ਰਖਿਆ ਗਿਆ। ਟੋਕਾ ਸਾਹਿਬ ਨਾਲ ੧੦੦ ਵਿਘੇ ਜ਼ਮੀਨ ਰਿਆਸਤ ਨਾਹਨ ਵਲੋਂ ਅਤੇ ੧੫੦ ਵਿਘੇ ਮੀਰ ਪੁਰ ਵਿਚ ਆਹਲੂਵਾਲੀਏ ਜਾਗੀਰਦਾਰਾਂ ਵੱਲੋਂ ਹੈ। ਰਿਆਸਤ ਪਟਿਆਲਾ ਤੋਂ ੮੫ ਰੁਪਈਏ ਸਾਲਾਨਾ ਮਿਲਦੇ ਹਨ। ਰੇਲਵੇ ਸਟੇਸ਼ਨ ਬਰਾੜੇ ਤੋਂ ੩੦ ਮੀਲ ਉੱਤਰ ਹੈ ਅਤੇ ਨਾਹਨ ਤੋਂ ੮ ਕੋਹ ਹੈ। ਪੁਜਾਰੀ ਅਕਾਲੀ ਸਿੰਘ ਜੀ ਹੈ। ਜੇਠ ਸੁਦੀ ੧੦ ਨੂੰ ਜੋੜ ਮੇਲਾ ਲਗਦਾ ਹੈ।

**੪. ਗੁ: ਟੋਡਾ** ਜ਼ਿਲਾ ਅੰਬਾਲਾ ਤਹਿਸੀਲ ਨਾਰਾਇਣ ਗੜ੍ਹ ਥਾਣਾ ਗੁਣੀਕੇ ਰਾਇਪੁਰ ਦਾ ਇਕ ਪਿੰਡ ਜੋ ਨਾਡਾ ਅਤੇ ਮਾਣਕਟਬਰਾ ਦੇ ਮਧ ਹੈ। ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਨੰਦ ਪੁਰ ਨੂੰ ਜਾਂਦੇ ਵਿਰਾਜੇ ਹਨ।

**੫. ਗੁ: ਘਨੌਲਾ** ਕੀਰਤਪੁਰ ਤੋਂ ਨੌਂ ਕੋਹ ਪੂਰਬ ਵਲ ਇਕ ਪਿੰਡ ਹੈ। ਜਿੱਥੇ ਕਲਗੀਧਰ ਪਿਤਾ ਜੀ ਨਾਹਨ ਨੂੰ ਜਾਂਦੇ ਹੋਏ ਵਿਰਾਜੇ ਹਨ। ਇਹ ਜ਼ਿਲਾ ਅੰਬਾਲਾ ਤਹਿਸੀਲ ਰੋਪੜ ਵਿਚ ਹੈ ਅਰ ਰੋਪੜ ਤੋਂ ਛੇ ਮੀਲ ਪੂਰਬ ਹੈ। ਛੋਟਾ ਜਿਹਾ ਗੁਰਦੁਆਰਾ ਬਣਿਆ ਹੈ।

**੬. ਗੁ: ਕਪਾਲ ਮੋਚਨ** ਕਾਸ਼ੀ ਵਿਚ ਇਕ ਤਾਲ, ਜਿਸ ਦੀ ਕਥਾ ਪਦਮ ਪੁਰਾਣ ਅਨੁਸਾਰ ਇਉਂ ਹੈ। ਭੈਰਵ (ਸ਼ਿਵ) ਨੇ ਖੱਬੇ ਹੱਥ ਦੀ ਉਂਗਲ ਦੇ ਨਹੁੰ ਨਾਲ ਅਭਿਮਾਨੀ ਬ੍ਰਹਮਾ ਦਾ ਸਿਰ ਕੱਟ ਲਿਆ। ਮਹਾਂ ਭੈਰਵ ਦੇ ਹੱਥ ਨਾਲ ਬ੍ਰਹਮਾ ਦਾ ਸਿਰ ਚਿਮਟ ਗਿਆ। ਕਾਸ਼ੀ ਵਿਚ ਆ ਕੇ ਕਪਾਲ ਮੋਚਨ ਤਾਲ ਪੁਰ ਸਿਰ ਹਥੋਂ ਲੱਥਾ। (੨) ਮਹਾਂ ਭਾਰਤ ਅਨੁਸਾਰ ਸਰਸ੍ਵਤੀ ਦੇ ਕੰਢੇ 'ਔਸ਼ਨਸ' ਤੀਰਥ ਦਾ ਨਾਉਂ ਕਪਾਲ ਮੋਚਨ ਹੈ। ਸ੍ਰੀ ਰਾਮ ਚੰਦ੍ਰ ਕਰਕੇ ਵਢਿਆ ਹੋਇਆ ਇਕ

Digitized by Panjab Digital Library | www.panjabdigilib.org

## ਪਟਨੇ ਸਾਹਿਬ ਤੋਂ ਅਨੰਦ ਪੁਰ ਸਾਹਿਬ (ਪੰਜਾਬ) ਨੂੰ ਆਉਣਾ

## ਮੇਰੇ ਚੋਜੀ, ਬਾਲਾ ਪ੍ਰੀਤਮ, ਸ੍ਰੀ ਦਸਮੇਸ਼ ਜੀ ਦਾ ਰਸਤਾ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਆਪਣੇ ਪਾਸ ਅਨੰਦ ਪੁਰ (ਪੰਜਾਬ) ਵਲ ਪਟਨੇ ਤੋਂ ਬੁਲਾ ਭੇਜਿਆ ਤਾਂ ਉਸ ਵਕਤ ਪਟਨਾ ਨਿਵਾਸੀ ਸੰਗਤਾਂ ਦੀ ਜੋ ਵੈਰਾਗ ਮਈ (ਬਹਿਵਲਤਾ) ਦਸਾ ਹੋਈ ਓਹੋ ਲਿਖਤ ਤੋਂ ਬਾਹਰ ਹੈ। ਏਸ ਦਸਾ ਨੂੰ ਗੁਰਮੁਖ ਆਤਮਾਂ ਹੀ ਅਨਭਵ ਕਰ ਸਕਦੇ ਹਨ। ਸ੍ਰੀ ਦਸਮੇਸ ਜੀ ਨੇ ਸਾਰੇ ਸ਼ਹਿਰ ਤੇ ਇਲਾਕਾ ਨਿਵਾਸੀਆਂ ਨੂੰ ਧੀਰਜ ਦਿੰਦੇ ਹੋਏ ਫਰਮਾਨ ਕੀਤਾ ਕਿ ਸਰਧਾ ਵਾਨਾ ਦੇ ਅਸੀਂ ਸਦਾ ਹੀ ਪਾਸ ਹਾਂ ਔਰ ਜਿਸ ਨੇ ਦਰਸ਼ਨ ਕਰਨੇ ਹੋਣ ਉਹ ਸੁਭਾ ਸ਼ਾਮ ਸ੍ਰੀ ਤਖਤ ਪਟਨਾ ਸਾਹਿਬ ਜੀ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਦਰਸ਼ਨ ਕਰੋ ਇਤਆਦਿ ਧਰਵਾਸ ਦੇ ਕੇ ਸ੍ਰੀ ਕਲਗੀਧਰ ਜੀ ਪੰਜਾਬ ਦੇਸ ਨੂੰ ਭਾਗ ਲੌਣ (ਨਿਹਾਲ) ਹਿਤ ਹੇਠ ਲਿਖੇ ਨਗਰਾਂ (ਸ਼ਹਿਰਾਂ) ਨੂੰ ਨਿਹਾਲ ਕਰਦੇ ਹੋਏ ਮਜਲੀਂ ਮਜਲੀਂ ਸੀ ਅਨੰਦ ਪੁਰ ਤੇ ਪਿਆਰੇ ਪਿਤਾ ਦੇ ਦਰਸ਼ਨ ਕਰਨ ਵਾਸਤੇ ਕਮਰ ਕਸ੍ਹਾ ਕਰਦੇ ਹਨ।

## ਰਸਤੇ ਦੇ ਪੜਾਉ

ਦਾਨਾ ਪੁਰ, ਬਕਸਰ ਛਪਰੇ, ਆਗ, ਡੁਮਰਾ ਮਿਰਜ਼ਾ ਪੁਰ, (ਕਾਸੀ ਦੇ ਲਾਗੇ) ਕਾਸੀ, ਮਿਰਜ਼ਾ ਪੁਰਾ ਵਡਾ, ਪਰਾਗ ਰਾਜ, (ਤ੍ਰਿਬੇਣੀ ਅਲਾਹਾਬਾਦ) ਅਜੁਧਿਆ, ਗੁਪਤਾਘਾਟ, ਨਾਨਕ ਮਤਾ, ਪੀਲੀ ਭੀਤ, ਦੇਵ ਨੱਗਰ, ਲਖਨਊ, (ਭਗਤ ਭਗਵਾਨ ਨੂੰ ਸ੍ਰੀ ਸਾਹਿਬ ਬਖਸ਼ੀ) ਵਠੂਰ, ਮਥਰਾ (ਬ੍ਰਿਜ ਲਾਲ ਚੋਬੇ ਦੇ ਘਰ ਪਰ ਮੰਜੀ ਸਾਹਿਬ ਹੈ) ਹਰਦੁਆਰ,ਸ਼ਾਤਲਸਰ, ਭਗਵਾਨ ਪੁਰ, ਸਹਾਰਨ ਪੁਰ, ਤੀਰਥ ਸੂਰਜ ਕੁੰਡ, ਲਖਨੌਰ। ਹੁਣ ਸ੍ਰੀ ਗੁਰੂ ਦਸਮੇਸ ਜੀ ਨੇ ਜਿਮੇ ੨ ਮਾਲਵਾ ਧਰਤੀ ਨੂੰ ਹਰਿਆ ਭਰਿਆ (ਸਰਸ੍ਜ)ਕਰਨ ਹਿਤ ਪਵਿਤ੍ਰ ਚਰਨ ਪਏ ਸਨ ਉਸ ਤਰਾਂ ਦੌਰੇ ਅਨੁਸਾਰ ਸੰਖੇਪ ਇਤਿਹਾਸ ਅਗੇ ਦਿਤਾ ਜਾਂਦਾ ਹੈ, ਪੜੋ(ਵਿਚਾਰੋ)ਤੇ ਦਰਸਨ ਕਰੋ ਜੀ।

**੨ ਗੁ: ਭੂਸਥਲਾ** ਜਦ ਸ਼੍ਰੀ ਗੁਰੂ ਗੋਵਿੰਦ ਸਿੰਘ ਜੀ ਲਖਨੌਰ ਪੁਜੇ ਤਾਂ ਸ੍ਰੀ ਅਨੰਦ ਪੁਰ ਤੋਂ ਪਿਤਾ ਗੁਰਦੇਵ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਹੁਕਮ ਨਾਮਾ ਪੁਜਿਆ ਕਿ ਜਦ ਤੱਕ ਅਸੀਂ ਆਪ ਨੂੰ ਨਾ ਬੁਲਾਈਏ ਆਪ ਇਥੇ ਹੀ ਠਹਿਰੇ ਰਹੋ। ਇਥੋਂ ਗੁਰੂ ਜੀ ਸ਼ਿਕਾਰ ਖੇਡਣ ਗਏ ਭੂਸਥਲੇ ਪਿੰਡ ਭੀ ਗਏ ਜਿਥੇ ਆਪ ਜੀ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ।

**੩ ਗੁਃ ਮਰੋਦ ਸਾਹਿਬ:–** ਜ਼ਿਲਾਤਹਿਸੀਲਤੇ ਥਾਣਾ, ਅੰਬਾਲਾ ਵਿੱਚ ਇਕ ਪਿੰਡ ਜੋ ਰੇਲਵੇ ਸਟੇਸ਼ਨ ਮੋਹੜੀ ਤੋਂ ਤਿੰਨ ਮੀਲ ਦੱਖਣ ਪੱਛਮ, ਅਤੇ ਅੰਬਾਲਾ ਛਾਵਣੀ ਤੋਂ ਚਾਰ ਮੀਲ ਹੈ।

Digitized by Panjab Digital Library | www.panjabdigilib.org

ਇਸ ਪਿੰਡ ਤੋਂ ਉਤਰ ਪੂਰਬ ਇਕ ਫਰਲਾਂਗ ਪੁਰ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਸਾਹਿਬ ਜੀ ਲਖਨੌਰ ਤੋਂ ਇੱਥੇ ਲੋਕਾਂ ਦੇ ਉਧਾਰ ਲਈ ਆਏ ਹਨ । ਪਹਿਲਾਂ ਇਥੇ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭੀ ਚਰਨ ਪਾਕੇ ਤਪਤ ਮੇ ਠੰਢ ਵਰਤਾਈ ਸੀ, ਅਰੁ ਨੌਵੇਂ ਸ੍ਰੀ ਗੁਰੂ ਸਾਹਿਬ ਜੀ ਦਾ ਗੁਰ ਦਰਬਾਰ ਬਣਿਆ ਹੋਇਆ ਹੈ। ਸ੍ਰੀ ਦਸਮੇਸ਼ ਪਿਤਾ ਜੀ ਦਾ ਕੇਵਲ ਮੰਜੀ ਸਾਹਿਬ ਜੀ ਹੀ ਹੈ। ਕੋਲ ਕਠੇ ਰਿਹਾਇਸ਼ੀ ਮਕਾਨ ਹਨ । ਅਕਾਲੀ ਸਿੰਘ ਸਾਹਬ ਸੇਵਾਦਾਰ ਪ੍ਰਬੰਧਕ ਕਮੇਟੀ ਦੇ ਹੱਥ ਜੋ ਸੋਹਣੇ ਤਰੀਕੇ ਨਾਲ ਕੰਮ ਕਰਦਾ ਹੈ। ਗੁਰ ਅਸਥਾਨ ਦੇ ਨਾਲ ੬੦੦ ਵਿਘੇ ਦੇ ਕਰੀਬ ਜ਼ਮੀਨ ਰਿਆਸਤ ਪਟਿਆਲਾ ਵਲੋਂ ਹੈ।

**੪ ਗੁ: ਸੂਲ੍ਹਰ:—** ਜ਼ਿਲਾ ਤਹਿਸੀਲ ਤੇ ਥਾਣਾ ਅੰਬਾਲਾ ਵਿੱਚ ਇਕ ਪਿੰਡ ਹੈ। ਜਿਸ ਤੋਂ ਉੱਤਰ ਵਲ ੧ ਫ਼ਰਲਾਂਗ ਤੋਂ ਘਟ ਦੂਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਕਟਾਰ ਅਤੇ ਢਾਲ ਬਖਸੀ। ਇਸ ਥਾਂ ਸ੍ਰੀ ਗੁਰੂ ਜੀ ਦੇ ਦੋ ਪਵਿੱਤ੍ਰ ਅਸਥਾਨ ਹਨ। ਇਕ ਨਗਰ ਦੇ ਅੰਦਰ ਦੂਜਾ ਬਾਹਿਰ।

**੫ ਗੁ: ਜਗਾਧਰੀ:—** ਜ਼ਿਲਾ ਅੰਬਾਲੇ ਵਿੱਚ ਪੁਰਾਣਾ ਅਤੇ ਮਸ਼ਹੂਰ ਸ਼ਹਿਰ ਹੈ। ਇਸ ਸ਼ਹਿਰ ਦੇ ਹਨੂੰਮਾਨ ਦਰਵਾਜੇ ਦੇ ਅੰਜਰ ਬਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਨੇ ਕਪਾਲ ਮੋਚਨੇ ਨਿਵਾਸ ਕਰਦੇ ਹੋਏ ਇਥੇ ਚਰਣ ਪਾਏ ਹਨ। ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ। ਅਕਾਲੀ ਸਿੰਘ ਜੀ ਪੁਜਾਰੀ ਹੈ। ਰੇਲਵੇ ਸਟੇਸ਼ਨ ਜਗਾਧਰੀ ਤੋਂ ੩ ਮੀਲ ਈਸ਼ਾਨ ਕੋਣ ਹੈ।

**੬ ਗੁ: ਨਨਹੇੜਾ:—** ਜ਼ਿਲਾ ਤਹਿਸੀਲ ਥਾਨਾ ਅੰਬਾਲਾ ਵਿੱਚ ਇੱਕ ਪਿੰਡ ਹੈ। ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਲਖਨੌਰ ਤੋਂ ਸੈਰ ਕਰਨ ਆਏ ਇੱਥੇ ਬਰਾਜੇ ਹਨ। ਗੁਰਦੁਆਰਾ ਛੋਟਾ ਜਿਹਾ, ਸੇਠ ਬਨਾਰਸੀ ਦਾਸ ਨੇ ਬਣਵਾਇਆ ਹੈ। ਰੇਲਵੇ ਸਟੇਸ਼ਨ ਅੰਬਾਲਾ ਛਾਉਣੀ ਤੋਂ ਅੱਧ ਮੀਲ ਦੇ ਕਰੀਬ ਹੈ।

**੭ ਗੁ: ਬੂੜੀਆਂ:—** ਗੁਰਦੁਆਰਾ ਜ਼ਿਲਾ ਅੰਬਾਲਾ ਦੀ ਜਗਾਧਰੀ ਤਹਿਸੀਲ ਵਿੱਚ ਨਗਰ ਜੋ ਜਗਾਧਰੀ ਸਟੇਸ਼ਨ ਤੋਂ ੫ ਮੀਲ ਪੂਰਬ ਹੈ। ਭੰਗੀਆਂ ਦੀ ਮਿਸਲ ਵਿੱਚ ਹੋਣ ਵਾਲੇ ਪ੍ਰਤਾਪੀ ਸ੍ਰ: ਨਾਨੂੰ ਸਿੰਘ ਨੇ ਸ: ੧੭੬੪ ਵਿੱਚ ਬੂੜੀਆਂ ਫ਼ਤਹਿ ਕਰਕੇ ਆਪਣੀ ਰਾਜਧਾਨੀ ਕਾਇਮ ਕੀਤੀ। ਇਥੇ ਧਰਮ ਪ੍ਰਚਾਰ ਲਈ ਕਲਗੀਧਰ ਪਟਨੇ ਸਾਹਿਬ ਤੋਂ ਆਉਂਦੇ ਹੋਏ ਪਧਾਰੇ ਹਨ। ਕਵਿਰਾਜ ਭਾਈ ਸੰਤੋਖ ਸਿੰਘ ਜੀ ਇਸ ਨਗਰ ਦੇ ਵਸਨੀਕ ਹਨ (ਦੇਖੋ ਸੰਤੋਖ ਸਿੰਘ ਤੇ ਨਾਨਕ ਪਰਕਾਸ਼) ਹੁਣ ਭਾਈ ਸਾਹਿਬ ਜੀ ਦੇ ਨਾਮ ਤੇ ਸਕੂਲ ਭੀ ਜਾਰੀ ਹੈ।

**੮ ਗੁ: ਕਪਾਲ ਮੋਚਨ:—** ਕਾਸ਼ੀ ਵਿੱਚ ਇਕ ਤਾਲ, ਜਿਸ ਦੀ ਕਥਾ ਪਦਮ ਪੁਰਾਣ ਅਨੁਸਾਰ ਇਉਂ ਹੈ। ਭੈਰਵ (ਸ਼ਿਵ) ਨੇ ਖੱਬੇ ਹੱਥ ਦੀ ਉਂਗਲ ਦੇ ਨਹੁੰ ਨਾਲ ਅਭਿਮਾਨੀ ਬ੍ਰਮਾਂ

Digitized by Panjab Digital Library | www.panjabdigilib.org

ਦਾ ਸਿਰ ਕੱਟ ਲਿਆ ਮਹਾਂ ਭੈਰਵ ਦੇ ਹੱਥ ਨਾਲ ਬ੍ਰਹਮਾ ਦਾ ਸਿਰ ਚਿਮਟ ਗਿਆ। ਕਾਸ਼ੀ ਵਿੱਚ ਆ ਕੇ ਕਪਾਲਮੋਚਨ ਤਾਲ ਪੁਰ ਸਿਰ ਹੱਥੋਂ ਲੱਥਾ। ।।੨।। ਮਹਾਂ ਭਾਰਤ ਅਨੁਸਾਰ ਸਰਸ੍ਵਤੀ ਦੇ ਕੰਡੇ ਤੇ "ਔਸ਼ਨਸ" ਤੀਰਥ ਦਾ ਨਾਉਂ ਕਪਾਲਮੋਚਨ ਹੈ। ਸ੍ਰੀ ਰਾਮ ਚੰਦ੍ਰ ਕਰਕੇ ਵੱਢਿਆ ਹੋਇਆ ਇਕ ਦੈਤੋਂ ਦਾ ਸਿਰ ਮਰੋਦਰ ਰਿਖੀ ਦੀ ਟੰਗ ਨਾਲ ਚਿਮਟ ਗਿਆ ਸੀ। ਜੋ ਕਿਸੇ ਤੀਰਥ ਨਾਤੇ ਨਾ ਉਤਰਿਆ ਇਸ ਥਾਂ ਇਸ਼ਨਾਨ ਕਰਨ ਤੇਂ ਸਿਰਟੰਗ ਨਾਲੋਂ ਲੱਥਾ। ਇਹ ਥਾਂ ਜਗਾਧਰੀ ਤੋਂ ਪੰਜ ਕੋਹ ਉਤੱਰ ਸਢੌਰੇ ਪਾਸ ਅੰਬਾਲੇ ਜ਼ਿਲੇ ਵਿੱਚ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਇਸ ਥਾਂ ਸੰਮਤ ੧੭੪੨ ਵਿੱਚ ਲੋਕਾਂ ਨੂੰ ਸ਼ੁਭ ਸਿਖਿਆ ਦੇਣ ਪਧਾਰੇ ਹਨ। ਗੁਰਦੁਆਰਾ ਬਣਿਆ ਹੋਇਆ ਹੈ। ੧੫੦ ਵਿਘੇ ਜ਼ਮੀਨ ਗੁਰਦੁਆਰੇ ਦੇ ਨਾਉਂ ਪਿੰਡਾਂ ਵਿੱਚ ਹੈ। ਇਕ ਕਪਾਲਮੋਚਨ ਸ਼ੁਭ ਤਾਲਾ ਤਹਿ ਕੋ ਮੇਲਾ ਅਯੋ ਵਿਸਾਲ (ਗੁਃ ਪ੍ਰਃ ਸੁਃ) ਕਪਾਲਮੋਚਨ ਤੀਰਥ "ਮਿਲਖ ਪਿੰਡ ਦੀ ਜ਼ਮੀਨ ਵਿੱਚ ਹੈ।"

**੯ ਗੁ: ਅਗੰਮਪੁਰਾ:—** ਜ਼ਿਲਾ ਅੰਬਾਲਾ ਤਹਿਸੀਲ ਥਾਣਾ ਜਗਾਧਰੀ ਵਿੱਚ ਇਕ ਪਿੰਡ ਬਲਾਚੌਰ ਹੈ। ਇਸ ਪਿੰਡ ਤੋਂ ਵਾਯਵੀ ਕਣ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਅਗੰਮਪੁਰਾ ਹੈ। ਸ੍ਰੀ ਗੁਰੂ ਜੀ ਕਪਾਲਮੋਚਨ ਤੋਂ ਹਟਦੇ ਹੋਏ ਇਥੇ ਪਧਾਰੇ। ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ। ਅਕਾਲੀ ਸਿੰਘ ਸੇਵਾ ਕਰਦੇ ਹਨ। ਗੁਰਦੁਆਰੇ ਨਾਲ ੬੦ ਵਿਘੇ ਜ਼ਮੀਨ ਨਗਰ ਵਾਸੀਆਂ ਵੱਲੋਂ ਹੈ। ਇਹ ਰੇਲਵੇ ਸਟੇਸ਼ਨ ਜਗਾਧਰੀ ਤੋਂ ੭ ਮੀਲਪੁਰ ਪੱਕੀ ਸੜਕ ਦੇ ਨਾਲ ਹੈ।

**੧੦ ਗੁ: ਗੋਲ ਪੁਰਾ** ਜ਼ਿਲਾ ਅੰਬਾਲਾ ਤਹਿਸੀਲ ਥਾਣਾ ਜਗਾਧਰੀ ਵਿੱਚ ਇਕ ਮਸ਼ਹੂਰ ਪਿੰਡ ਬੁਲਾਸ ਪੁਰ ਹੈ। ਇਸ ਪਿੰਡ ਤੋਂ ਡੇਢ ਮੀਲ ਦੇ ਕਰੀਬ ਗੋਲਪੁਰਾ ਬਾਗ ਪਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਵਿਰਾਜਣ ਦਾ ਅਸਥਾਨ ਹੈ। ਸ੍ਰੀ ਗੁਰੂ ਜੀ ਕਪਾਲ ਮੋਚਨ ਤੋਂ ਏਥੇ ਸੈਰ ਕਰਨ ਆਏ ਠਹਿਰੇ ਹਨ। ਕੇਵਲ ਮੰਜੀ ਸਾਹਿਬ ਬਣਿਆ ਹੈ ਰੇਲਵੇ ਸਟੇਸ਼ਨ ਜਗਾਧਰੀਤੋਂ ੯ ਮੀਲ ਦੇ ਕਰੀਬ ਕੱਚਾ ਰਸਤਾ ਹੈ।

**੧੧ ਗੁ: ਖਾਨਪੁਰ** ਇਕ ਪਿੰਡ ਜੋ ਜ਼ਿਲਾ ਅੰਬਾਲਾ ਤਹਿਸੀਲ ਥਾਣਾ ਨਾਰਾਇਣ ਗੜ੍ਹ ਵਿੱਚ ਗੁਰਦੁਆਰੇ ਟੋਕਾ ਪਾਸ ਹੈ। ਜਦੋਂ ਦਸਮੇਸ਼ ਜੀ ਟੋਕੇ ਵਿਰਾਜਮਾਨ ਸਨ ਤਾਂ ਸ੍ਰੀ ਗੁਰੂ ਜੀ ਦੇ ਊਠ ਚੋਰੀ ਹੋ ਗਏ। ਚੋਰਾਂ ਨੂੰ ਸੁਮਤਿ ਦੇਣ ਵਾਸਤੇ ਅਇ ਗੁਰੂ ਜੀ ਇਥੇ ਬਿਰਾਜੇ ਹਨ। ਮੰਜੀ ਸਾਹਿਬ ਬਣਿਆ ਹੋਇਆ ਹੈ। ੧੦੦ ਵਿਘੇ ਜ਼ਮੀਨ ਨਾਲ ਹੈ। ਪੁਜਾਰੀ ਸਿੰਘ ਹੈ।

**੧੨ ਗੁ: ਮਾਣਕ ਟਬਰਾ** ਇਕ ਪਿੰਡ ਜੋ ਜ਼ਿਲਾ ਅੰਬਾਲਾ ਤਹਿਸੀਲ ਨਰਾਇਨ ਗੜ੍ਹ ਥਾਣਾ ਰਾਣੀ ਕੇ ਰਾਇਪੁਰ ਵਿਚ ਰੇਲਵੇ ਸਟੇਸ਼ਨ ਘਗਰ ਤੋਂ ਚੜ੍ਹਦੇ ਵਲ ੧੨ ਮੀਲ ਹੈ। ਇਸ ਪਿੰਡ ਤੋਂ ਅਧ ਮੀਲ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ "ਗੁਰੂਆਨਾ ਹੈ,, ਗੁਰੂ ਜੀ ਪੌਂਟੇ ਸਾਹਿਬ ਵਲੋਂ ਇਥੇ ਆਏ ਹਨ। ਇਥੇ ਹੀ ਰਾਇਪੁਰ ਵਾਲੀ ਰਾਣੀ ਦੇ ਪ੍ਰਸ਼ਾਦ ਛਕਨ ਗਏ। ਗੁਰਦੁਆਰੇ

Digitized by Panjab Digital Library | www.panjabdigilib.org

ਨਾਲ ੮੦ ਵਿਘੇ ਜ਼ਮੀਨ ਹੈ ! ਗੁਰ ਸਿਖਾਂ ਦੀ ਕਮੇਟੀ ਹਥ ਇਸ ਦਾ ਪ੍ਰਬੰਧ ਹੈ।

**੧੩ ਗੁ: ਰਾਣੀਕਾ ਰਾਏਪੁਰ** ਇਕ ਪੁਰਾਣਾ ਕਸਬਾ ਜੋ ਜ਼ਿਲਾ ਅੰਬਾਲਾ, ਤਹਿਸੀਲ ਨਰੈਣ ਗੜ੍ਹ ਵਿੱਚ ਹੈ। ਇੱਥੇ ਰਾਉ ਬਲਦੇਵ ਸਿੰਘ ਜੀ ਦੇ ਕਿਲੇ ਅੰਦਰ ਸ੍ਰੀ ਦਸਮੇਸ਼ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਦੇ ਆਉਣ ਸਮੇਂ ਰਾਜਾ ਫ਼ਤਿਹ ਸਿੰਘ ਜੀ ਪਰੰਗੀ ਪਠਾਣਾਂ ਤੋਂ ਡਰਦੇ ਨੇ ਸ੍ਰੀ ਗੁਰੂ ਜੀ ਨੂੰ ਠਹਿਰਨ ਨਹੀਂ ਦਿੱਤਾ ਸੀ। ਸ੍ਰੀ ਗੁਰੂ ਜੀ ਮਾਣਕ ਟਬਰੇ ਜਾ ਠਹਿਰੇ ਰਾਜਾ ਫਤਿਹ ਸਿੰਘ ਦੀ ਰਾਣੀ ਨੂੰ ਪਤਾ ਲਗਾ ਉਸਨੇ ਸ੍ਰੀ ਗੁਰੂ ਜੀ ਨੂੰ ਬੇਨਤੀ ਕਰਕੇ ਬੁਲਾਇਆ ਤੇ ਪ੍ਰਸ਼ਾਦ ਛਕਾਇਆ। ਤਦ ਤੋਂ ਸ੍ਰੀ ਗੁਰੂ ਜੀ ਦੇ ਬਚਨ ਨਾਲ ਰਾਇ ਪੁਰ ਮਸ਼ਹੂਰ ਹੋਇਆ ਅਤੇ ਰਾਣੀ ਨੂੰ ਵੀ ਗੁਰੂ ਜੀ ਨੇ ਖੰਡਾ ਬਖਸ਼ਿਆ ਸੀ। ਜੋ ਹੁਣ ਉਸਦੀ ਔਲਾਦ ਪਾਸ ਹੈ। ਰਾਜਾ ਫਤਿਹ ਸਿੰਘ ਤੋਂ ਸਤਵੀਂ ਪੀੜੀ ਰਾਉ ਬਲਦੇਵ ਸਿੰਘ। ਗੁਰਦੁਆਰੇ ਦਾ ਪ੍ਰਬੰਧ ਢਿਲਾ ਹੈ।

**੧੪ ਗੁ- ਟੋਕਾ ਸਾਹਿਬ** ਜ਼ਿਲਾ ਅੰਬਾਲਾ ਤਹਿਸੀਲ ਥਾਣਾ ਨਾਰਾਇਣ ਗੜ੍ਹ ਦਾ ਇਕ ਟੋਕਾ ਪਿੰਡ ਹੈ। ਇਸ ਤੋਂ ਇਕ ਮੀਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਟੋਕਾ ਸਾਹਿਬ ਜੋ ਇਲਾਕੇ ਨਾਹਣ ਅੰਦਰ ਹੈ। ਸ੍ਰੀ ਦਸਮੇਸ਼ ਪਿਤਾ ਜੀ ਇਥੇ ਭੰਗਾਣੀ ਦੇ ਜੰਗ ਪਿੱਛੋਂ ੧੨ ਦਿਨ ਵਿਰਾਜੇ ਹਨ। ਇਸ ਥਾਂ ਲਾਹੇ ਪਿੰਡ ਦੇ ਰੰਘੜਾਂ ਨੇ ਸ੍ਰੀ ਗੁਰੂ ਸਾਹਿਬ ਜੀ ਦੇ ਲਸ਼ਕਰ ਦੇ ਊਠ ਚੁਰਾ ਲਏ ਸਨ। ਜ਼ਿਸ ਪੁਰ ਉਹਨਾਂ ਨੂੰ ਯੋਗ ਦੰਡ ਦਿੱਤਾ ਗਿਆ ਅਰ ਲਾਹੇ ਪਿੰਡ ਦਾ ਨਾਉਂ ਟੋਟਾ ਰਖਿਆ। ਟੋਕਾ ਸਾਹਿਬ ਨਾਲ ੧੦੦ ਵਿਘੇ ਜ਼ਮੀਨ ਰਿਆਸਤ ਨਾਹਣ ਵੱਲੋਂ ਅਤੇ ੧੫੭ ਵਿਘੇ ਮੀਰਪੁਰ ਵਿੱਚ ਆਹਲੂਵਾਲੀਏ ਜਾਗੀਰਦਾਰਾਂ ਵੱਲੋਂ ਹੈ। ਰਿਆਸਤ ਪਟਿਆਲਾ ਤੋਂ ੮੫ ਰੁਪਈਏ ਸਾਲਾਨਾ ਮਿਲਦੇ ਹਨ। ਰੇਲਵੇ ਸਟੇਸ਼ਨ ਬਰਾੜੇ ਤੋਂ ਤੀਹ ਮੀਲ ਉੱਤਰ ਨੂੰ ਹੈ ਅਤੇ ਨਾਹਣ ਤੋਂ ੮ ਕੋਹ ਹੈ। ਪੁਜਾਰੀ ਅਕਾਲੀ ਸਿੰਘ ਜੀ ਹੈ। ਜੇਠ ਸੁਦੀ ੧੦ ਨੂੰ ਜੋੜ ਮੇਲਾ ਲਗਦਾ ਹੈ।

**੧੫ ਗੁ: ਸਾ: ਟੋਡਾ** ਜ਼ਿਲਾ ਅੰਬਾਲਾ ਤਹਿਸੀਲ ਨਾਰਾਇਣ ਗੜ੍ਹ ਥਾਣਾ ਰਾਣੀਕੇ ਰਾਇਪੁਰ ਦਾ ਇਕ ਪਿੰਡ ਜੋ ਨਾਡਾ ਅਤੇ ਮਾਣਕ ਟਬਰਾ ਦੇ ਮਧ ਹੈ। ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਨੰਦ ਪੁਰ ਨੂੰ ਜਾਂਦੇ ਵਿਰਾਜੇ ਹਨ। ਅਫਸੋਸ ! ਗੁਰਦੁਆਰਾ ਕਿਸੇ ਨਹੀਂ ਬਣਾਇਆ।

**੧੬ ਗੁ: ਢਕੋਲੀ (ਕਲਸੀਆਂ)** ਇਕ ਪਿੰਡ ਜੋ ਰਿਆਸਤ ਕਲਸੀਆ, ਤਹਿਸੀਲ ਥਾਣਾ ਡੇਰਾਬਸੀ ਵਿੱਚ ਰੇਲਵੇ ਸਟੇਸ਼ਨ ਘੱਗਰ ਤੋਂ ਦੋ ਮੀਲ ਹੈ। ਇਸ ਪਿੰਡ ਤੋਂ ਅੱਧ ਮੀਲ ਤੇ ਬਾਲ ਬਾਊਲੀ ਸਾਹਿਬ ਨਾਮੇ ਸ੍ਰੀ ਦਸਮੇਸ਼ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਪਾਉਂਟੇ ਤੋਂ ਅਨੰਦ ਪੁਰ ਜਾਂਦੇ ਚਰਨ ਪਾਏ ਅਰ ਬਰਛਾ ਮਾਰਕੇ ਜਲ ਕੱਢਿਆ। ਜਿੱਥੇ ਹੁਣ ਸੁੰਦਰ ਤਾਲਾਬ ਹੈ। ਪਾਸ ਗੁਰਦੁਆਰਾ ਬਣਿਆ ਹੋਇਆ ਹੈ। ਨਾਲ ੪੦ ਵਿਘੇ ਜ਼ਮੀਨ ਹੈ ਪੁਜਾਰੀ ਅਕਾਲੀ ਸਿੰਘ ਸਾਹਿਬ ਜੀ ਹੈ।

**੧੭ ਗੁ: ਸਾ: ਲਾਹੜਪੁਰ (ਕਲਸੀਆਂ)** ਲਾਹੜਪੁਰ ਇੱਕ ਪਿੰਡ, ਜੋ ਰਿਆਸਤ

Digitized by Panjab Digital Library | www.panjabdigilib.org

ਕਲਸੀਆਂ, ਵਿੱਚ ਟੋਕੇ ਦੇ ਨੇੜ ਹੈ। ਇਸ ਪਿੰਡ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਲਜੁਗੀ ਜੀਵਾ ਦਾ ਉਧਾਰ ਕਰਨਹਿਤ ਪਧਾਰੇ ਸਨ। ਸ੍ਰੀ ਗੁਰੂ ਸਾਹਿਬ ਜੀ ਦੀ ਯਾਦ ਵਿੱਚ ਇੱਕ ਬੇਰੀ ਹੈ! ਇਸ ਅਸਥਾਨ ਦੀ ਸੇਵਾ ਗੁਰੂ ਚਰਨਾ ਜਾ ਪ੍ਰੇਮੀ ਭਾਈ ਢੂਹੜ ਸਿੰਘ ਜੀ ਪਿੰਡ ਦਾ ਗ੍ਰੰਥੀ ਝਾੜੂ ਧੂਪ ਜੋਤ ਦੀ ਸੇਵਾ ਕਰਦਾ ਹੈ!

**੧੮ ਗੁ: ਸਾਹਿਬ ਸੰਤੋਖ ਪੁਰਾ** ਜ਼ਿਲ੍ਹਾ ਅੰਬਾਲਾ ਦੀ ਰਿਆਸਤ ਕਲਸੀਆਂ ਦੇ ਸ਼ਹਿਰ ਛਛਰੌਲੀ ਤੋਂ ਡੇੜ ਮੀਲ ਡਾਰਪੁਰ ਵਾਲੀ ਸੜਕ ਪਾਸ ਸਰਕਾਰੀ ਬੀੜ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ, ਪਹਿਲਾਂ ਇੱਥੇ ਕੋਈ ਇਮਾਰਤ ਨਹੀਂ ਸੀ ਹੁਣ ਸੰਨ ੧੯੨੦ ਦੇ ਨਵੰਬਰ ਮਹੀਨੇ ਦੀ ੧ ਤਾਰੀਖ ਨੂੰ ਸਤ ਖਾਲਸਾ ਹਰਨਾਮ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਰਾਹੀਂ ਇਹ ਅਸਥਾਨ ਪ੍ਰਗਟ ਹੋਇਆ ਹੈ ਇਹ ਗੁਰਦੁਆਰਾ ਰੇਲਵੇ ਸਟੇਸ਼ਨ ਜਗਾਧਰੀ ਤੋਂ ਅਠ ਮੀਲ ਹੈ, ਪਕੀ ਸੜਕ ਜਾਂਦੀ ਹੈ ਪੋਹ ਸੁਦੀ ੭ ਨੂੰ ਜੋੜ ਮੇਲਾ ਗੁਰੂ ਖਾਲਸੇ ਦਾ ਹੁੰਦਾ ਹੈ।

**੧੯ ਗੁ ਅੰਬਾਲਾ** ਇੱਕ ਨਗਰ, ਜੋ ਲੁਧਿਆਣਾ, ਅਤੇ ਕਰਨਾਲ ਦੇ ਮੱਧ ਹੈ, ਜਿਸ ਦੇ ਪਾਸ ਪੁਰਾਨੇ ਜ਼ਮਾਨੇ ਵਿੱਚ ਬਹੁਤ ਅੰਬਾਂ ਦੇ ਬਾਗ਼ ਸਨ। ਹੁਣ ਇਹ ਪੰਜਾਬ ਦੀ ਕਮਿਸ਼ਨਰੀ ਅਤੇ ਜ਼ਿਲੇ ਜਾ ਪ੍ਰਧਾਨ ਅਸਥਾਨ ਹੈ। ਛਾਉਣੀ ਭੀ ਹੈ ਕਾਲਕਾ ਸ਼ਿਮਲਾ ਨੂੰ ਰੇਲ ਇਸੇ ਥਾਂ ਤੋਂ ਜਾਂਦੀ ਹੈ ਇਸ ਨਗਰ ਵਿਚ। ਇਹ ਗੁਰਦੁਆਰੇ ਹਨ। ਸ਼ਹਿਰ ਤੋਂ ਵਾਯਵੀ ਕੋਣ ਲੱਭੂ ਵਾਲੇ ਤਾਲਾਬ ਦੇ ਕੰਢੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ ਸ੍ਰੀ ਗੁਰੂ ਜੀ ਲਖਨੌਰ ਤੋਂ ਸੈਰ ਅਤੇ ਸ਼ਿਕਾਰ ਲਈ ਆਏ ਇੱਥੇ ਵਿਰਾਜੇ ਹਨ। ਗੁਰਦੁਆਰਾ ਛੋਟਾ ਜਿਹਾ ਬਹੁਤ ਚੰਗਾ ਬਣਿਆ ਹੋਇਆ ਹੈ ਨਾਲ ਕੁਝ ਰਿਹਾਇਸ਼ੀ ਮਕਾਨ ਹਨ ਹੁਣ ਗੁਰਦੁਆਰੇ ਨਾਲ ਹੀ ਇੱਕ ਜ਼ਮੀਨ ਦਾ ਟੁਕੜਾ ਸ: ਗੁਰਬਖਸ਼ ਸਿੰਘ ਜੀ ਨੇ ਦਿੱਤਾ ਹੈ ਲੰਗਰ ਦਾ ਪ੍ਰਬੰਧ ਇਲਾਕੇ ਦੇ ਸਿੰਘਾਂ ਵਲੋਂ ਹੈ ਕੁਝ ਸਜਣਾਂ ਦੇ ਰਹਿਣ ਦਾ ਇੰਤਜ਼ਾਮ ਹੈ ਸੇਵਾਦਾਰ ਅਕਾਲੀ ਸਿੰਘ ਹੈ ਰੇਲਵੇ ਸਟੇਸ਼ਨ ਅੰਬਾਬਾ ਸ਼ਹਿਰ ਤੋਂ ਈਸ਼ਾਨ ਕੋਣ ਅੱਧ ਮੀਲ ਦੇ ਕਰੀਬ ਹੈ ਸ਼ਹਿਰ ਵਿਚ ਘੁਮਾਰਾਂ ਦੇ ਮਹੱਲੇ ਪਾਸ ਧੂਮੀ ਗੁਜਰ ਦੇ ਮਹੱਲੇ ਅੰਦਰ ਭਾਈ ਸੰਦਰ ਸਿੰਘ ਪੁਜਾਰੀ ਦੇ ਘਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਛੱਤ ਅੰਦਰ ਮੰਜੀ ਸਾਹਿਬ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਲਖਨੌਰ ਤੋਂ ਸ੍ਰੀ ਗੁਰੂ ਜੀ ਸੈਰ ਕਰਨ ਆਏ ਇਥੇ ੩ ਦਿਨ ਠਹਿਰੇ ਹਨ ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਪੂਰਵ ਦਿਸ਼ਾ ਅੱਧ ਮੀਲ ਹੈ।

ਸ਼ਹਿਰ ਤੋਂ ਵੱਡੀਦਾਂ ਕਚਹਿਰੀਆਂ ਦੇ ਪਾਸ ਦੱਖਨ ਦੇ ਪਾਸੇ ਖੇਤਾਂ ਵਿੱਚ ਮੰਜੀ ਸਾਹਿਬ ਨਾਮੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਸਥਾਨ ਹੈ ਸ੍ਰੀ ਗੁਰੂ ਜੀ ਲਖਨੌਰ ਤੋਂ ਸੈਰ ਕਰਨ ਆਏ ਇੱਥੇ ਠਹਿਰੇ ਕੇਵਲ ਮੰਜੀ ਸਾਹਿਬ ਬਣਿਆ ਹੋਇਆ ਹੈ ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਵਾਜਵ ਕੋਣ ਅੱਧ ਮੀਲ ਦੇ ਕਰੀਬ ਹੈ।

Digitized by Panjab Digital Library | www.panjabdigilib.org

## ੨੦ ਗੁਃ ਸਾਂਃ ਚਿੜੀਆਂ ਕੋਲੋਂ ਬਾਜ਼ ਤੁੜਾਊਂ । ਤਬੇ ਗੋਬਿੰਦ ਸਿੰਘ ਨਾਮ ਕਹਾਊਂ ।

ਏਥੇ ਚੋਜੀ ਸ੍ਰੀ ਦਸਮੇਸ਼ ਜੀ ਦੇ ਦੋ ਆਲੀਸ਼ਾਨ ਗੁਰ ਅਸਥਾਨ ਹਨ । ਕਹਿੰਦੇ ਹਨ ਜਦ ਹਜ਼ੂਰ ਸ਼ਾਹੀ ਬਾਗ ਵਿੱਚ ਆਰਾਮ ਕਰ ਰਹੇ ਸਨ, ਤਾਂ ਇਸ ਤਰਫ ਮੁਗਲ ਬਾਦਸ਼ਾਹ ਆਪਣੇ ਪੀਰ ਸਣੇ ਲੰਘਿਆ ਤਾਂ ਪੀਰ ਨੇ ਹੱਸਦਿਆਂ ਕਿਹਾ ਗੁਰੂ ਜੀ, ਅੱਜ ਮੇਰੇ ਬਾਜ਼ ਨਾਲ ਆਪਣਾ ਬਾਜ਼ ਲੜਾਕੇ, ਸਾਨੂੰ ਗੁਰੂ-ਗੱਦੀ ਦੀ ਕੋਈ ਕਰਾਮਾਤ ਬਿਖਾਉ ਤਾਂ ਦੀਨ ਦੁਨੀ ਦੇ ਵਾਲੀ ਨੇ ਕਿਹਾ, ਕਿ, ਪੀਰ ਜੀ। ਜੇ ਆਪ ਦੇ ਬਾਜ਼ ਨੇ ਮੇਰੇ ਬਾਜ਼ ਨੂੰ ਮਾਰ ਲਿਆ ਤਾਂ ਲੋਕੀ ਕਹਿਣਗੇ ਕਿ ਪੀਰ ਦਾ ਬਾਜ਼ ਸ਼ਾਹੀ ਮਾਸ ਖ਼ਾ ਕੇ ਪਲਿਆ ਸੀ। ਜੇ ਇਸ ਦੇ ਉਲਟ ਹੋ ਗਿਆ ਤਾਂ ਲੋਕੀ ਕਹਿਣਗੇ ਕਿ ਗੁਰੂ ਦਾ ਬਾਜ਼ ਸਿੰਘਾਂ ਦਾ ਝਟਕਾ ਖਾ ਖਾ ਕੇ ਮੋਟਾ ਹੋਇਆ ੧ ਸੀ। ਇਸ ਕਰਕੇ ਅਸੀਂ ਤਾਂ ਚਿੜੀਆਂ ਨਾਲ ਬਾਜ਼ ਲੜਾਉਣਾ ਜਾਣਦੇ ਹਾਂ ਜੇ ਇਸ ਲਈ ਤਿਆਰ ਹੋ ਤਾਂ ਦਸੋ। ਇਹ ਗੱਲ ਸੁਣ ਕੇ ਪੀਰ ਘਬਰਾ ਗਿਆ ਤੇ ਕਹਿਣ ਲੱਗਾ ਕਿ ਮੇਰੀ ਇਤਨੀ ਸ਼ਕਤੀ ਨਹੀਂ। ਤਾਂ ਸੱਚੇ ਪਾਤਸ਼ਾਹ ਨੇ ਬੇਰੀ ਤੇ ਬੈਠੀ ਚਿੜੀ ਵਲ ਇਸ਼ਾਰਾ ਕੀਤਾ। ਇਹ ਇਸ਼ਾਰਾ ਹੋਣ ਦੀ ਦੇਰ ਸੀ ਕਿ ਚਿੜੀ ਪੀਰ ਦੇ ਬਾਜ਼ ਉਤੇ ਟੁਟ ਪਈ ਤੇ ਪੀਰ ਦਾ ਬਾਜ਼ ਨੱਠਾ (ਉਡ-ਗਿਆ) ਬਾਜ਼ ਉਡਦਾ ਉਡਦਾ ਸ਼ਹਿਰ ਦੇ ਵਿਚਾਰਕਾਰ ਹਫ ਕੇ ਡਿੱਗ ਪਿਆ ਤੇ ਚਿੜੀ ਨੇ ਜਾ ਦਬਿਆ ਤੇ ਟੁਕੜੇ ਟੁਕੜੇ ਕਰ ਦਿਤਾ। ਇਹ ਕੌਤਕ ਦੇਖ ਕੇ ਪੀਰ ਤੇ ਸ਼ਾਹੀ ਕਰਮਚਾਰੀ ਦੰਗ ਰਹਿ ਗਏ ਇਸ ਤਰ੍ਹਾਂ ਦੋ-ਜਹਾਨ ਵਾਲੀ ਨੇ ਹਕਾਰੀਆਂ ਦਾ ਮਾਣ ਤੋੜਿਆ। ਇਸ ਕਰਕੇ ਇਸ ਗੁਰਅਸਥਾਨ ਦਾ ਨਾਮ।

ਚਿੜੀਆਂ ਕੋਲੋਂ ਬਾਜ਼ ਤੜਾਊ ।
ਤਬੇ ਗੋਬਿੰਦ ਸਿੰਘ ਨਾਮ ਕਹਾਊਂ ।

ਜਿਥੇਂ ਬਾਜ਼ ਤੇ ਚਿੜੀ ਉਡੇ ਤੇ ਜਿਥੇ ਡਿਗੇ ਸੀ ਏਨੀ ਦੋਹੀਂ ਥਾਂਈ ਗੁਰਅਸਥਾਨ ਹਨ, ਪ੍ਰਬੰਧ ਗੁਰ ਸਿੱਖਾਂ ਦੇ ਹਥ ਹੈ। ਸ਼ਹਿਰ ਵਿੱਚ ਜੈਨ ਸਭਾ ਦੇ ਮੰਦਰ ਪਾਸ ਹੈ।

**੨੧ ਗੁ: ਅਨੰਦ ਪੁਰ ਕਲੌੜ** ਰਿਆਸਤ ਪਟਿਆਲਾ, ਤਹਿਸੀਲ ਸਰਹੰਦ ਥਾਣਾ ਬਸੀ ਦਾ ਇਕ ਪਿੰਡ ਜਿਸ ਵਿੱਚ ਇਕ ਨੀਵੀਂ ਥਾਂ ਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ । ਗੁਃ ਦੇ ਨਾਮ ੭੦ ਰੁਪਏ ਜਾਗੀਰ ਰਿਆਸਤ ਪਟਿਆਲਾ ਵਲੋਂ ਹੈ । ਰੇਲਵੇ ਸਟੇਸ਼ਨ ਸਰਹੰਦ ਤੋਂ ੯ ਮੀਲ ਬਸੀ ਤਕ ਪਕੀ ਸੜਕ ਹੈ। ਅਗੇ ਕੱਚਾ ਰਸਤਾ ਹੈ । ਇਸ ਦੇ ਪਾਸ ਹੀ ਪਿੰਡ ਕਲੌੜ ਹੈ ਇਸ ਕਰਕੇ ਮਿਲਾਵਨਾ ਨਾਉਂ ਅਨੰਦ ਪੁਰ ਕਲੌੜ ਹੈ।

**੨੨. ਗੁ: ਦੀਦਾਰ ਸਰ** ਇਕ ਪਿੰਡ ਜੋ ਜ਼ਿਲਾ ਅੰਬਾਲਾ ਤਹਿਸੀਲ ਰੋਪੜ ਥਾਨਾ ਮੁਰਿੰਡਾ ਵਿਚ ਹੈ । ਪਿੰਡ ਤੋਂ ਪੱਛਮ ਵੱਲ ਅਧ ਮੀਲ ਤੇ ਦਸ਼ਮੇਸ਼ ਜੀ ਦਾ ਗੁਰਦੁਆਰਾ ਦੀ ਦੀਦਾਰਸਰ ਨਾਮੀ ਹੈ। ਗੁਰੂ ਜੀ ਚਮਕੌਰ ਨੂੰ ਜਾਂਦੇ ਸੋਏ ਇੱਥੇ ਬਰਾਂਜੇ ਹਨ। ਚਮਕੌਰ ਸਾਹਿਬ ਇਥੇ ਪੰਜ ਕੋਹ ਪੱਛਮ

Digitized by Panjab Digital Library | www.panjabdigilib.org

ਹੈ । ਰੇਲਵੇ ਸਟੇਸ਼ਨ ਕੁਰਾਲੀ ਨੇੜੇ ਹੈ । ਪੁਜਾਰੀ ਨਿਹੰਗ ਸਿੰਘ ਹਨ । ਨੌਂ ਦਸ ਮਾਘ ਨੂੰ ਮੇਲਾ ਲਗਦਾ ਹੈ ।

**੨੩. ਗੁ ਖਿਦਰਾਬਾਦ** ਰਾਣੀ ਦੇ ਰਾਇਪੁਰ ਤੋਂ ਅਨੰਦਪੁਰ ਨੂੰ ਜਾਂਦੇ ਸ੍ਰੀ ਦਸਮੇਸ਼ ਮਹਾਰਾਜ ਜੀ ਇਕ ਵਾਰ ਇਥੇ ਬਿਰਾਜੇ ਹਨ । ਇਹ ਨਗਰ ਜ਼ਿਲਾ ਅੰਬਾਲਾ ਤਹਿਸੀਲ ਖਰੜ ਵਿਚ ਹੈ । ਗੁਰਦੁਆਰਾ ਬਣਿਆ ਹੋਇਆ ਹੈ । ਪੁਜਾਰੀ ਸਿੰਘ ਹੈ ।ਪ੍ਰ: ਲੋਕਲ ਕਮੇਟੀ ਦੇ ਹੱਥ ਹੈ । ਭਾਈ ਸੰਤੋਖ ਸਿੰਘ ਜੀ ਨੇ ਇਸ ਕੋਲ ਦਸਮੇਸ਼ ਜੀ ਦਾ ਜੰਗ ਹੋਣਾ ਭੀ ਲਿਖਿਆ ਹੈ ।

ਰੋਪੜ ਨਿਕਟ ਅਰੋ ਪੁਰ ਔਰ ॥
ਖਿਦਰਾਬਾਦ ਵਸੈ ਤਿਸ ਠੌਰ ॥
ਤਿਸ ਹੀ ਦਿਸਿ ਦਲ ਗਯੋ ਪਲਾਈ ॥
ਜਾਹਿ ਖਾਲਸਾ ਪੀਠ ਦਬਾਈ ॥

**੨੪. ਗੁ ਦੁਘਰੀ** ਜ਼ਿਲਾ ਅੰਬਾਲਾ, ਥਾਣਾ ਰੋਪੜ ਦਾ ਇਕ ਪਿੰਡ ਜੋ ਚਮਕੌਰ ਸਾਹਿਬ ਤੋਂ ਚੜ੍ਹਦੇ ਵੱਲ ਤਿੰਨ ਮੀਲ ਹੈ । ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਨੂੰ ਜਾਂਦੇ ਨੂੰ ਜਾਂਦੇ ਬਿਰਾਜੇ ਹਨ । ਇੱਥੇ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦਾ ਮੰਜੀ ਸਾਹਿਬ ਭੀ ਹੈ ਜੋ ਨਵਾਂ ਬਣ ਰਿਹਾ ਹੈ ।

**੨੫. ਗੁ: ਕੋਟਲਾ** ਰੋਪੜ ਤੋਂ ਦੋ ਕੋਹ ਪੂਰਬ ਇਕ ਪਿੰਡ ਇਸ ਥਾਂ ਦੇ ਪਠਾਣਾਂ ਸ੍ਰੀ ਦਸਮੇਸ਼ ਪਿਤਾ ਜੀ ਦੀ ਬਹੁਤ ਸੇਵਾ ਕੀ, ਸਤਿਗੁਰੂ ਜੀ ਨੇ ਇਕ ਕਟਾਰ ਅਤੇ ਢਾਲ ਬਖਸ਼ੀ । ਇਸ ਥਾਂ ਸ੍ਰੀ ਗੁਰੂ ਜੀ ਦੇ ਦੋ ਗੁਰਦੁਆਰੇ ਇਕ ਨਗਰ ਦੇ ਅੰਦਰ ਪਵਿਤ੍ਰ ਅਸਥਾਨ ਹਨ ।

**੨੬ ਗੁ: ਘਨੋਲਾ** ਕੀਰਤਪੁਰ ਤੋਂ ਨੌਂ ਕੋਹ ਪੂਰਬ ਇਕ ਪਿੰਡ ਹੈ । ਜਿੱਥੇ ਕਲਗੀਧਰ ਪਿਤਾ ਜੀ ਨਾਹਨ ਨੂੰ ਜਾਂਦੇ ਹੋਏ ਵਿਰਾਜੇ ਹਨ । ਇਹ ਜ਼ਿਲਾ ਅੰਬਾਲਾ ਤਹਿਸੀਲ ਰੋਪੜ ਵਿੱਚ ਹੈ ਅਰ ਰੋਪੜ ਤੋਂ ਛੀ ਮੀਲ ਪੂਰਬ ਹੈ । ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ ।

**੨੭ ਗੁ: ਕੀਰਤਪੁਰ** ਜ਼ਿਲਾ ਹੁਸ਼ਿਆਰ ਪੁਰ ਦਾ ਉਗਾ ਸ਼ਹਿਰ ਕੀਰਤਪੁਰ ਹੈ ਇਥੇ ਸ੍ਰੀ ਦਸਮੇਸ਼ ਜੀ ਰੋਪੜ ਤੋਂ ਅਨੰਦ ਪੁਰ ਨੂੰ ਜਾਂਦੇ ਕੁਝ ਸਮਾਂ ਗੁਰੂ ਸੰਗਤਾਂ ਨੂੰ ਨਿਹਾਲ ਅਤੇ ਪਵਿਤ੍ਰ ਗੁਰਅਸਥਾਨਾਂ ਦੇ ਦਰਸ਼ਨ ਕਰਨ ਹਿਤ ਬਿਰਾਜੇ ਸਨ ।

**੨੮ ਵਾਲੇ ਪ੍ਰੀਤਮ ਦਾ ਅਨੰਦ ਪੁਰ ਦ੍ਰਸ਼ਨ** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਵਾਲੇ ਪ੍ਰੀਤਮ ਨੂੰ ਪਟਨੇ ਸਾਹਿਬ ਤੋਂ ਅਨੰਦ ਪੁਰ ਬੁਲਾਣ ਤੇ ਜਦ ਗੋਬਿੰਦ ਰਾਇ ਜੀ ਮੰਜਲੀ ੨ ਸੰਗਤਾ ਨੂੰ ਨਿਹਾਲ ਕਰਦੇ ਕਰਦੇ ਕੀਰਤ ਪੁਰ ਅਖੀਰਲਾ ਪੜਾਓ ਕੀਤਾ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪ੍ਰੇਰਨਾ ਅਨੁਸਾਰ ਅਨੰਦ ਪੁਰ ਤੋਂ ਸੰਗਤ ਮਾਈ ਭਾਈ ਸਭ ਮਿਲਕੇ ਸਇਕ ਸਹਾਨਾ

Digitized by Panjab Digital Library | www.panjabdigilib.org

ਜਲੂਸ ਦੀ ਸ਼ਕਲ ਵਿੱਚ ਆਕੇ ਅਗੋ ਆਂ ਮਿਲੇ ਅਤੇ ਦ੍ਰਸ਼ਨ ਭੇਟਾ ਕਰਕੇ ਜਗਤ ਮਾਤਾ ਜੀ ਤੇ ਬਾਲੇ ਪ੍ਰੀਤਮ ਤੋਂ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਸਾਰੀ ਸੰਗਤ ਸਾਹਿਬ ਜੀ ਨੇ ਪ੍ਰੀਤਮ ਗੋਬਿੰਦ ਰਾਇ ਸਾਹਿਬ ਜੀ ਦੇ ਚਰਨਾ ਵਿਖੇ ਪ੍ਰੇਮ ਭਿੰਨੇ ਸ਼ਬਦਾਂ ਵਿਚ ਅਰਦਾਸ (ਬੇਨਤੀ) ਕੀਤੀ ਕਿ ਜਗਤ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਅਨੰਦ ਪੁਰ ਨਿਵਾਸੀ ਸੰਗਤਾਂ ਨੂੰ ਦ੍ਰਸ਼ਨ ਦੇ ਕੇ ਨਿਹਾਲ ਕਰਉ ਜੀ। ਅਰਦਾਸ ਪ੍ਰਵਾਨ ਹੋਈ। ਸ਼ਹਾਨਾ ਜਲੂਸ ਨਾਲ ਚੋਜੀ ਪ੍ਰੀਤਮ ਪਿਆਰੇ ਪਿਤਾ ਦੀ ਵਸਾਈ ਹੋਈ ਸੁਭਾਗ ਨਗਰੀ ਅਤੇ ਸਤਿਕਾਰ ਯੋਗ ਪਿਤਾ ਦੇ ਦ੍ਰਸ਼ਨਾ ਦੀ ਤਾਂਘ ਵਿੱਚ ਕੋਤਲ (ਘੋੜੇ) ਤੇ ਅਸਵਾਰ ਹੋਕੇ ਅਨੰਦ ਪੁਰ ਨੂੰ ਰਵਾਨਾ ਹੋਏ। ਜਦ ਸ੍ਰੀ ਅਨੰਦ ਪੁਰ ਦੇ ਨਜਦੀਕ ਆਏ ਤਾਂ ਅਗੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਸ ਜੀ ਸੰਗਤਾਂ ਸਮੇਤ ਆਕੇ ਮਿਲੇ ਤਦ ਪਿਆਰੇ ਪਿਤਾ ਨੂੰ ਬਾਲਾ ਪ੍ਰੀਤਮ ਗਲਵਕੜੀ ਪਾਕੇ ਮਿਲੇ "ਪਿਤਾ ਪੂਤ ਮਿਲ ਕੀਨੀ ਸਾਂਝ"ਬਸ ਹੁਣ ਕੀ ਸੀ ਅਨੰਦ ਪੁਰੀ ਨੂੰ ਭਾਗ ਤੇ ਭਾਗ ਲਗੇ ਲਗਣ। ਹੁਣ ਦੀਵਾਨ ਅਸਥਾਨ ਤੇ ਜਾਕੇ ਖੁਲੇ ਬਚਨ ਬਿਲਾਸ ਤੇ ਦ੍ਰਸ਼ਨ ਕਰਕੇ ਸੰਗਤਾਂ ਨਿਹਾਲ ਹੋਇਆਂ। ਨਿਤਾਪ੍ਰਤੀ ਦੇ ਪ੍ਰੋਗਰਾਮ ਸਨੁਸਾਰ ਸੁਭਾ ਸ਼ਾਮ ਦੇ ਦੀਵਾਨਾਂ ਵਿਚ ਸ੍ਰੀ ਗੁਰੂ ਜੀ ਦੇ ਸਾਥ ਹੀ ਬਾਲੇ ਪ੍ਰੀਤਮ ਦੇ ਦ੍ਰਸ਼ਨ ਹੋਣ ਤੇ ਰੌਣਕਾਂ ਅਗੇ ਨਾਲੋਂ ਦੂਣ ਸਵਾਈਆਂ ਹੋਈਆਂ ਅਤੇ ਹੁਣ ਹਿਮਾਲਾ ਦੀ ਚੋਟੀ ਵਿੱਚ ਵਸੀ ਇਹ ਨਗਰੀ ਸੱਚੀਂ ਮੁੱਚੀ ਅਨੰਦ ਦੀ ਪੁਰੀ ਹੈ ਅਤੇ ਉਸ ਤੋਂ ਪੁਰਾਤਨ ਗ੍ਰੰਥਾਂ ਵਿਚ ਕਲਪਤ ਕੀਤੀਆਂ ਗਈਆ ਸਭ ਪੁਰੀਆਂ ਕੁਰਬਾਨ ਕੀਤੀਆਂ ਜਾਂ ਸਕਦੀਆਂ ਹਨ ॥ ਕਿਉਂ ਸ੍ਰੀ ਅਨੰਦ ਪੁਰ ਦਾ ਵਾਯੂ ਮਡੰਲ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਛਤ੍ਰ ਛਾਇਆ ਬਾਲੇ ਪ੍ਰੀਤਮ ਦੇ ਚੋਜ ਦੇਖ ਗਦ ਗਦ ਹੋਇਆ ਅਵਸ ਹੀ ਸੁਬਤ ਸੰਗਤਾਂ ਦੇ ਮੂਹੋਂ ਇਹ ਸ਼ਬਦ ਨਿਕਲਦਾ ਸੀ ॥

ਸ੍ਰੀ ਅਨੰਦ ਪੁਰ ਨਗਰ ਹੋ ਜਹਿੱ ਵਿਚਰੇ ਦਸਮੇਸ਼ ॥
ਧੰਨ ਸੋ ਸਿਖ ਪ੍ਰੇਮ ਕਰ ਸੰਗਤ ਕਰੇ ਹਮੇਸ਼ ॥

# ਅਨੰਦ ਪੁਰ ਛਡਣ ਦਾ ਕਾਰਣ

## ਕਸ਼ਮੀਰੀ ਪੰਡਤਾਂ ਦਾ ਅਨੰਦ ਪੁਰ ਆਉਣਾ ਤੇ ਫਰਿਆਦ

ਹੁਣ ਜ਼ੁਲਮ ਦੇ ਸਤਾਏ ਹੋਏ ਕਸ਼ਮੀਰੀ ਪੰਡਤਾ ਦਾ ਅਨੰਦ ਪੁਰ ਆਉਣਾ ਤੇ ਬ੍ਰਾਹਮਣਾਂ ਦੀ ਫਰਿਆਦ ਸ੍ਰੀ ਦਸਮੇਸ਼ ਜੀ ਨੇ ਸ੍ਰੀ ਗੁਰੂ ਤੇਗ ਬਾਹਾਦਰ ਸਾਹਿਬ ਜੀ ਦੇ ਪੇਸ਼ ਕਰਕੇ ਜੋ ਦ੍ਰਿੜ੍ਹਤਾ, ਨਿਰਭੈਤਾ ਅਡੋਲਤਾ ਦਾ ਨਮੂਨਾ ਕਾਇਮ ਕੀਤਾ ਉਸ ਦੀ ਮਿਸਾਲ ਹੋਰ ਕਿਤੋਂ ਨਹੀਂ ਮਿਲਦੀ ਕਿ ਨਿਰਬਲਾਂ ਦੀ ਰਖਿਆ ਖਾਤਰ ਪਿਆਰੇ ਪਿਤਾ ਜਿਨਾਂ ਦੀ ਅੰਮ੍ਰਿਤ ਭਿੰਨੀ ਦਰਿਸਿਟੀ ਪਿਤਾ ਪੂਤ ਦੀ ਸਾਂਝ ਦਾ ਪਿਆਰ, ਅੰਮ੍ਰਿਤ ਮਿਠੜੇ ਸ਼ੁਭ ਉਪਦੇਸ਼, ਪਿਆਰੀ ਗੋਦ ਦਾ ਨਿਵਾਸ ਠੰਡੀ ਛਾਤੀ ਦੀ ਸੀਤਲਤਾ, ਅਤੇ ਛਤਰ ਰੂਪੀ ਹਸਤਕਵਲਾਂ ਦਾ ਅਜੇ ਅਨੰਦ ਮਾਨਣਾ ਸੀ, ਏਨ੍ਹਾਂ ਤੋਂ ਸਬ੍ਰ ਸੰਤੋਖ, ਧਾਰਨ ਕਰਕੇ, ਪਿਆਰੇ ਪਿਤਾ ਜੀ ਨੂੰ ਬੇਨਤੀ ਕਰਦੇ ਹਨ ॥ ਕਿ ਆਪ ਜੀ ਤੋਂ ਬਿਨਾ ਦੀਨਾਂ ਦੁਖੀਆਂ ਦੀ ਰਖਿਆ ਕਰਨ ਵਾਲਾ ਹੋਰ ਕੋਈ ਨਜਰ ਨਹੀਂ ਔਂਦਾ ਇਸ ਵਾਸਤੇ ਸਰਨ ਆਇਆਂ ਦੀ ਬੇਨਤੀ ਪ੍ਰਵਾਨ ਕਰਕੇ ਇਨ੍ਹਾਂ ਦੀ ਰਖਿਆ ਕਰੋ ॥ ਬੇਨਤੀ ਸੁਣ ਕੇ ਨੌਵੇਂ ਪਾਤਸ਼ਾਹ ਦਿਲੀ ਨੂੰ ਪਧਾਰੇ ॥

Digitized by Panjab Digital Library | www.panjabdigilib.org

**ਗੁਰ ਗੱਦੀ ਦੀ ਰਸਮ:**–੧੭੩੨ ਬਿ: ਨੂੰ ਅਨੰਦ ਪੁਰ ਵਿਖੇ ਗੁਰ ਗਦੀ ਦੀ ਰਸਮ ਸ਼ਾਹਾਨਾ ਤਰੀਕੇ ਨਾਲ ਤਿਲਕ ਦੇਣ ਲਈ ਦੀਵਾਨ ਬਹੁਤ ਉਚੀ ਜਗ੍ਹਾ ਸਜਾਇਆ ਗਿਆ ਜਿਸ ਪੁਰ ਸੁਨਹਿਰੀ ਸਾਇਬਾਨ ਦੇ ਹੇਠਾਂ ਸੁਨੈਹਿਰੀ ਤਖਤ ਰਖਿਆ ਹੋਇਆ ਸੀ ॥ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਪਿਛੋਂ ਅਰਦਾਸ ਸੋਧ ਕੇ ਭਾਈ ਰਾਮ ਕੌਰ ਜੀ ਨੇ ਸ਼ਾਹੀ ਮਰਯਾਦਾ ਅਨੁਸਾਰ ਜਿਗਾ ਕਲਗੀ ਸਜਾ ਅਤੇ ਸ੍ਰੀ ਸਾਹਿਬ ਜੀ ਪਹਿਨਾ ਕੇ ਸ੍ਰੀ ਗੁਰੂ ਜੀ ਦੀ ਗੱਦੀ ਨਸ਼ੀਨੀ ਦਾ ਐਲਾਨ ਕੀਤਾ। ਸੰਗਤਾਂ ਨੇ ਅਪਣੇ ਅਪਣੇ ਇਲਾਕੇ ਵਾਰ ਭੇਟਾਂ ਚਾੜ੍ਹੀਆਂ ॥ ਮਹਾਂ ਪ੍ਰਸਾਦਿ (ਕੜਾਹ ਪ੍ਰਸ਼ਾਦ) ਵਰਤਾਇਆ ਗਿਆ ॥ ਸ੍ਰੀ ਗੁਰੂ ਜੀ ਵਲੋਂ ਯਥਾ ਯੋਗ ਸਿਰੋਪਾ ਦਿਤੇ ਗਏ ਇਸ ਸਮੇਂ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੂੰ ਪਾਤਿਸ਼ਾਹੀ ੧੦ ਸ਼ਬਦ ਅਰੰਭ ਹੋਇਆ ਅਤੇ ਨਿਤਾ ਪ੍ਰਤੀ ਸੁਭਾ ਸ਼ਾਮ ਦੀਵਾਨ ਲਾਕੇ ਸੰਗਤਾਂ ਨੂੰ ਨਿਹਾਲ ਕਰਨ ਅਤੇ ਫਰਿਆਂਦੇ ਸੁਨਣ ਲਗੇ।

**ਕਸ਼ਮੀਰੀ ਪੰਡਿਤਾਂ ਦੀ ਫਰਿਆਦ:**–ਸ੍ਰੀ ਦਸਮੇਸ਼ ਸਾਹਿਬ ਜੀ ਨੇ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਸੁਣ ਕੇ ਨੌਂ ਸਾਲ ਦੀ ਉਮਰ ਵਿਚ ਪਿਆਰੇ ਪਿਤਾ ਜਿਨਾਂ ਦੀ ਦਰਸਿਟੀ ਤੇ ਪਿਆਰ ਸ਼ੁਭ ਉਪਦੇਸ਼ ਨਿਘੀ ਗੋਦ ਅਤੇ ਠੰਡੀ ਛਾਤੀ ਦਾ ਅਜੇ ਅਨੰਦ ਮਾਨਣਾ ਸੀ ਇਨਾਂ ਤੋਂ ਸਬਰ ਸੰਤੋਖ ਧਾਰਨ ਕਰਕੇ ਪਿਤਾ ਜੀ ਨੂੰ ਆਗਿਆਂ ਦਿੰਦੇ ਹਨ ਕਿ ਆਪ ਜੀ ਤੋਂ ਬਿਨਾਂ ਹਿੰਦੂ ਧਰਮ ਦਾ ਕੋਈ ਰਾਖਾ ਨਹੀਂ ਅਤੇ ਰਖਿਆ ਕਰੋ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਦਾਰਤਾ, ਉਪਕਾਰ, ਦੇਸ ਪਿਆਰ, ਧਰਮ ਅਤੇ ਸਿਆਸਤ ਦੇਖ ਕੇ ਪੂਰਨ ਨਿਹਚਾ ਹੋਇਆ ਕਿ ਆਪ ਗਦੀ ਦੇ ਕਾਬਲ ਹੋ। ਅਸੀਂ ਦਿਲੀ ਜਾਕੇ ਹਿੰਦੂ ਧਰਮ ਦੀ ਰਖਿਯਾ ਹਿਤ ਸੀਸ ਬਲੀਦਾਨ ਦਿੰਦੇ ਹਾਂ। ਜੈਸਾ ਗੁਰ ਫੁਰਮਾਨ "ਠੀਕਰ ਫੋਰ ਦਲੀਸ ਸਿਰ ਪ੍ਰਭ ਪੁਰ ਕੀਉ ਪਿਆਨ ਤੇਗ ਬਹਾਦਰ ਸੀ ਕ੍ਰਿਅ ਕਰੀ ਨ ਕਿਨਹੂੰ ਆਨ"

ਫੇਰ

ਤੇਗ ਬਹਾਦਰ ਕੇ ਚਲਤ ਭਇਓ ਜਗਤ ਮੈ ਸ਼ੋਕ, ਹੈ ਹੈ ਹੈ ਸਭ ਜਗ ਭਇਓ ਜੈ ਜੈ ਜੈ ਸੁਰ ਲੋਕ।

ਦੇਵ ਲੋਕ ਵਿਚ ਜੈ ਜੈ ਕਾਰ ਦੇ ਮੰਗਲ ਹੋਣ ਲਗੇ ਅਤੇ ਮਾਤ ਲੋਕ ਵਿੱਚ ਹਾਹਾ ਕਾਰ। ਪੰਛੀ, ਦਰਖਤ, ਪੌਣ, ਪਾਣੀ, ਅਕਾਸ, ਧਰਤੀ, ਦੇ ਰੰਗ ਬਦਲ ਗਏ ਤਾਂ ਬੰਦਾ ਕਉਣ ਜਿਸ ਦਾ ਦਿਲ ਕਾਇਮ ਰਿਹਾ ਹੋਵੇ, ਇਕੋ ਇਕ ਸ੍ਰੀ ਦਸਮੇਸ਼ ਜੀ ਸਮੇਤ ਪ੍ਰਵਾਰ ਦੇ ਇਸ ਦਿਰੜਤਾ ਨੂੰ ਦੇਖ ਕੇ ਸਾਰੇ ਹਿੰਦੁਸਤਾਨ ਦੇ ਲੋਕ ਸ੍ਰੀ ਅਨੰਦ ਪੁਰ ਸਾਹਿਬ ਜੀ ਵਿਖੇ ਸ੍ਰੀ ਗੁਰੂ ਜੀ ਦੀ ਚਰਨ ਸਰਨ ਵਿੱਚ ਆਕੇ ਦਿਲ ਸ਼ਾਂਤ ਤੇ ਅਨੰਦ ਮਾਨਣ ਲਗੇ। ਜਿਨ੍ਹਾਂ ਨੂੰ ਸ੍ਰੀ ਗੁਰੂ ਜੀ ਸੁਭਾ ਸ਼ਾਮ ਦੀਵਾਨ ਲਾਕੇ ਸਤਿ ਉਪਦੇਸ਼ ਧੀਰਜ ਦੇਣ ਲਗੇ ॥ ਥੋੜੇ ਚਿਰ ਵਿਚ ਸ੍ਰੀ ਅਨੰਦ ਪੁਰ ਗਹਿਮਾ ਗਹਿਮ ਹੋ ਗਈ ਅਤੇ ਵਡ ਭਾਗੇ ਨਿਤਾਪ੍ਰਤੀ ਸ੍ਰੀ ਹਜੂਰ ਦੇ ਦਿਦਾਰ ਪ੍ਰਸਣ "ਦਰਸ਼ਨ ਭੇਟਤ ਹੋਤ ਨਿਹਾਲ" ਦਾ ਸੁਭਾਗ ਅਨੰਦ ਮਾਨਣ ਲਗੇ ॥

Digitized by Panjab Digital Library | www.panjabdigilib.org

ਇੱਕ ਦਿਨ ਦਸਮੇਸ਼ ਜੀ ਦੇ ਦੀਵਾਨ ਵਿਚ ਸਿਆਣੇ ੨ ਹਿੰਦੂ ਮੁਸਲਮਾਨ (ਗ਼ਨੀ ਖਾਂ ਨਬੀ ਖਾਂ) ਅਤੇ ਹਰਿ ਸੰਪ੍ਰਦਾ (ਫਿਰਕੇ) ਦੇ ਸਮੇਲਨ ਹੋਣ ਤੇ ਸ੍ਰੀ ਕਲਗੀਧਰ ਪਿਤਾ ਜੀ ਨੇ ਸਭ ਨੂੰ ਪੁਛਿਆ ਕਿ ਜੋ ਹਿੰਦੁਸਤਾਨ ਤੇ ਏਨੇ ਜ਼ੁਲਮ ਹੋ ਰਹੇ ਹਨ ਇਹ ਦਾ ਕੀ ਕਾਰਣ ਹੈ।। ਹਿੰਦੂ ਬੋਲੇ ਕਿ ਦੇਵੀ ਦੇਵਤਿਆਂ ਦਾ ਸਤਕਾਰ ਪੂਜਾ ਛਡ ਬੈਠਣ ਕਰਕੇ ਦੇਵਤੇ ਕਰੋਪ ਹੋ ਗਏ ਹਨ।

**ਸੰਪਰਦਾਵਾਂ ਦੇ ਮੁਖੀ:–** ਸ੍ਰੀ ਹਜ਼ੂਰ ਨੇ ਕਿਹਾ ਜੀ ਹਜ਼ੂਰ ਇਹ ਗ੍ਰਿਸਥੀ ਲੋਕ ਜੋ ਹਨ ਇਹ ਪਥਰ (ਜੜ) ਮੂਰਤੀਆਂ ਨੂੰ ਪੂਜਦੇ ਹਨ।। ਫਕਰਾਂ ਫਕੀਰਾਂ ਸਾਧੂਆਂ ਸੰਪਰਦਾਵਾਂ, ਜੋ ਨੀਚ ਗ੍ਰਿਸਤ 'ਚ ਤੇ ਗ੍ਰਿਸਥੀਆਂ ਤੋਂ ਉਪਰਾਮ ਹੋਕੇ ਮੁਕਤ ਹੀ ਨਹੀ ਬਲਕਿ ਮੁਕਤ ਦੇਣ ਦੇ ਅਧਿਕਾਰੀ ਹਨ ਜੋ ਜੰਗਲਾਂ ਪਹਾੜਾਂ ਦੀਆਂ ਕੰਦਰਾਂ ਵਿਚ ਰਹਿਕੇ ਜੀਵਨ ਮੁਕਤ ਦੀ ਜਿੰਦਗੀ ਵਤੀਤ ਕਰ ਰਹੇ ਹਨ ਉਨਾਂ ਨੂੰ ਛਡ ਪਥਰ ਮੂਰਤਾਂ ਨੂੰ ਪੂਜਣ ਤੇ ਮਲੀਨ ਬੁਧੀ ਵਾਲੇ ਰਾਖਸ਼ਾਂ ਦੀ ਇਹ ਹਾਲਤ ਹੋਣੀ ਜਰੂਰੀ ਹੈ।

**ਸ੍ਰੀ ਗੁਰੂ ਜੀ ਨਹੀਂ ਨਹੀਂ:–** ਭਾਈ ਇਹ ਆਪਣੀ ਤਾਕਤ ਤੋਂ ਅਨੁਜਾਣ ਸ੍ਰਕਾਰੀ ਗੁਲਾਮੀ ਨੂੰ ਸਵੀਕਾਰ ਕਰਦੇ ਹਨ।। ਪਖੰਡਾਂ ਵਿਚ ਰੁਝੇ ਇਕ ਦੂਜੇ ਨਾਲ ਲੜਾਈਆਂ ਕਰਦੇ ਹਨ।। ਆਪਣੇ ਬਸਤ੍ਰ ਆਪਣੀ ਬੋਲੀ ਰਹਿਤ ਬਹਿਤ ਨੂੰ ਹਾਕਮਾਂ ਦੇ ਦਬਾਉ ਹੇਠ ਛਡ ਦੇ ਹਨ।। ਇਸ ਜਨਤਕ ਸ੍ਰੀਰਕ ਧਾਰਮਕ ਤੇ ਆਰਥਕ ਨੂੰ ਆਜਾਦ ਕਰਨ ਲਈ ਮਰਦ ਕੇ ਚੇਲੇ ਦੀ ਲੋੜ ਹੈ।

**ਪਿਆਰ ਭਿਨੇ ਬਚਨ:–** ਸ੍ਰੀ ਗੁਰੂ ਜੀ ਸਾਰਿਆਂ ਦੇ ਖਿਆਲ ਸੁਣ ਕੇ ਬੋਲੇ, ਸਨਯਾਸੀ, ਜੋਗੀ, ਬੈਰਾਗੀ ਆਦਿਕ ਸਮੂੰਹ ਸੰਪਰਦਾਵਾਂ ਨਾਲੋਂ ਗੁਰੂ ਨਾਨਕ ਦੇ ਨਿਰਮਲ (ਖਾਲਸਾ) ਪੰਥ ਦਾ ਬਹੁਤ ਹੀ ਫਰਕ ਹੈ।।

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਪਿਆਰ ਤੇ ਧੀਰਜ ਨਾਲ ਫੁਰਮਾਨ ਕਰਨ ਲਗੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਨੀਆਂ ਦੇ ਹੋਰ ਪਖੰਡਾਂ ਤੇ ਵਹਿਮਾਂ ਦੇ ਜੰਜਾਲਾਂ ਨੂੰ ਕੱਟਕੇ ਕੇਵਲ ਰਬੀ ਬਾਣੀ ਤੇ ਕਰਤਾਰ ਉਪਾਸਨਾ "ਕਰਮ ਧਰਮ ਪਾਖੰਡ ਜੋ ਦੀਸੈ ਤਿਨ ਜਮ ਜਗਾਤੀ ਲੂਟੈ" "ਨਿਰਬਾਨ ਕੀਰਤਨ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤ ਛੂਟੈ," ਤੇ ਨਿਰਬਾਨ ਕੀਰਤਨੀ ਗ੍ਰਿਸਥੀਆ ਦਾ ਸਿੱਖ ਪੰਥ (ਖਾਲਸਾ) ਪ੍ਰਚਲਤ ਕੀਤਾ ਹੈ।

ਗੁਰਸਿਖ ਲਈ ਹੁਕਮ ਹੈ:– ਸਭ ਕਿਛੁ ਘਰ ਮਹਿ ਬਾਹਰਿ ਨਾਹੀ ।। ਬਾਹਰਿ ਟੋਲੈ ਸੋ ਭਰਮਿ ਭੁਲਾਹੀ ।। ਗੁਰਪ੍ਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ।।੧।। ਮਾਝ ਮ:੫।। ਪੁਨਾ:– "ਕਾਹੇ ਰੇ ਬਨ ਖੋਜਨ ਜਾਈ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।। ਧਨਾਸਰੀ ਮ: ੯ ।।

ਜਪ ਤਪ ਬਰਤ ਕੀਨੇ ਪੇਖਨ ਕਉ ਚਰਨਾ ਰਾਮ
ਤਪਤਿ ਨਾ ਕਤਿਹ ਬੁਝੈ ਬਿਨੁ ਸੁਆਮੀ ਸਰਣਾ ਰਾਮ
ਬਿਹਾਗੜ। ਮ: ੫ ਘਰ ੨ ਛੰਤ

Digitized by Panjab Digital Library | www.panjabdigilib.org

ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ
ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ
ਗੂਜਰੀ ਕੀ ਵਾਰ ਮਃ ੫ ॥

ਗੁਰ ਸਿੱਖਾਂ ਵਾਸਤੇ ਧਰਮ ਦੀ ਕਿਰਤ ਕਰ ਦਸਵੰਧ ਦੇਣਾ ਤੇ ਵੰਡ ਛਕਣਾ ਛਕਾਉਣਾ, ਭਜਨ ਸਿਮਰਨ ਕਰਨਾ, ਗ੍ਰਿਹਸਥ ਵਿਚ ਰਹਿੰਦਿਆਂ

"ਨਾਨਕ ਸਤਿਗੁਰ ਭੇਟਿਐ ਪੂਰੀ ਹੋਵੈ ਜੁਗਤਿ
ਹੰਸਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ।"
"ਖਟ ਘਾਲ ਕਿਛੁ ਹਥੋਂ ਦੇ ਨਾਨਕ ਰਾਹਿ ਪਛਾਣੇ ਸੇ"

ਗ੍ਰਿਹਸਥੀਆਂ ਨੂੰ ਹੋਰ ਸੰਪ੍ਰਦਾਵਾਂ ਦੇ ਕਿਸੇ ਪੰਥ ਨੇ ਮੁਕਤੀ ਦਾ ਦਰਵਾਜਾ ਨਹੀਂ ਖੋਲਿਆਂ । ਸਭਨਾ ਪੰਥਾਂ ਨੇ ਆਪਣੇ ਆਪਣੇ ਪੰਥਾਂ ਨੂੰ ਉਚ ਪਦਵੀ ਦਿਤੀ ਅਤੇ ਮੁਕਤ ਦਾ ਅਧਿਕਾਰੀ ਮੰਨਿਆ ਹੈ । ਗ੍ਰਿਹਸਥੀਆਂ ਨੂੰ ਸਿਰਫ ਸੇਵਾ ਦਾ ਹੀ ਅਧਿਕਾਰ ਦਿਤਾ ਹੈ । ਏਹੋ ਕਾਰਣ ਹੈ ਕਿ ਅਤੀਤਾਂ ਦੀ ਗਿਣਤੀ ਭਾਰਤ ਖੰਡ ਵਿਚ ਬਹੁਤ ਵਧ ਗਈ ਹੈ । ਜੋ ਗ੍ਰਿਹਸਥੀਆਂ ਦੇ ਸਹਾਰੇ ਦਿਨ ਬਤੀਤ ਕਰ ਰਹੇ ਹਨ ।

ਪਰ ਸਿਖ ਧਰਮ ਨੇ ਗ੍ਰਿਹਸਥੀਆਂ ਲਈ ਮੁਕਤੀ ਦਾ ਦਰਵਾਜਾ ਖੋਲ੍ਹ ਦਿਤਾ ਹੈ ॥ ਸਿੱਖ ਨੂੰ ਧਰਮ ਸ੍ਰੈ ਰਖਿਆ ਵਿਚ ਜੀਵਨ ਮੁਕਤ ਅਤੇ ਸ਼ਹੀਦੀ ਪ੍ਰਾਕੇ ਕੇਵਲ ਮੁਕਤੀ ਦਾ ਅਧਿਕਾਰੀ ਇਕਲਾ ਹੀ ਨਹੀਂ ਸਗੋਂ ਸਬ ਪ੍ਰਵਾਰ ਚੜ੍ਹਾਇਓ ਬੇੜੇ ॥

ਪੁਨਾ:—"ਆਪ ਮੁਕਤੁ ਮੁਕਤੁ ਕਰੈ ਸੰਸਾਰ" ਖਾਲਕ ਦੀ ਰਚੀ ਹੋਈ ਜਨਤਾ ਤੇ ਜੋ ਦੁਨਿਆਵੀ ਬਾਦਸ਼ਾਹਾਂ ਵਲੋਂ ਜ਼ੁਲਮ ਹੋ ਰਹੇ ਹਨ, ਓਨਾਂ ਦਾ ਮੈਦਾਨ ਵਿਚ ਟਾਕਰਾ ਕਰਨ ਲਈ ਸਭ ਸਹਾਇਤਾ ਕਰੋ ਤਾਂ ਸਾਰਿਆਂ ਵਲੋਂ ਆਵਾਜ਼ਾਂ ਆਈਆਂ "ਜੀ ਸਚੇ ਪਾਤਿਸ਼ਾਹੋ ਐਸ ਵੇਲੇ ਭਾਰਤ ਦੇ ਮੰਨੇ ਪ੍ਰਮੰਨੇ ਆਗੂਆਂ, ਬ੍ਰਹਮਣਾਂ, ਸਾਧੂਆਂ, ਫੱਕਰਾਂ, ਫ਼ਕੀਰਾਂ, ਰਾਜਿਆਂ ਆਦਿ ਵਿਚ ਗਰਾਵਟ ਆ ਚੁਕੀ ਹੈ ਅਤੇ ਰਾਜਪੂਤ ਮੁਸਲਮਾਨ ਬਾਦਸ਼ਾਹਾਂ ਨੂੰ ਆਪਣੀਆਂ ਪੁਤ੍ਰੀਆਂ ਦੇ ਡੋਲੇ ਦੇਕੇ ਦਿਨ ਕਟੀ ਕਰ ਰਹੇ ਹਨ । ਏਸੇ ਵਾਸਤੇ ਔਰੰਗਜ਼ੇਬ ਦੀ ਤਲਵਾਰ ਬਿਜਲੀ ਨਾਲੋਂ ਲਿਸ਼ਕਦੀ, ਪਾਣੀ ਦੀ ਕਾਂਗ ਨਾਲੋਂ ਤੇਜ਼, ਜ਼ੁਲਮ ਦੇ ਹੜ ਨੂੰ ਰੋਕਨ ਵਾਲਾ ਆਪ ਜੀ ਤੋਂ ਬਿਨਾ ਕੋਈ ਨਜ਼ਰ ਨਹੀਂ ਔਂਦਾ ਤੇ ਹਿੰਦੂ ਧਰਮ ਦੀ ਡਾਵਾਂ ਡੋਲ ਬੇੜੀ ਦਾ ਕੋਈ ਸਹਾਰਾ ਨਹੀਂ ।

ਇਤ ਆਦਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਤੇਜ ਪ੍ਰਤਾਪ ਵਧਦਾ ਦੇਖਕੇ ੨੨ ਧਾਰ ਰਾਜਿਆਂ ਦੇ ਢਿੱਡ ਪੀੜ ਹੋਣ ਲਗ ਪਈ ।

## ਪਹਾੜੀ ਰਾਜਿਆਂ ਨੂੰ ਘਬਰਾਹਟ

ਸੰਗਤਾਂ ਨੂੰ ਰਸਤਿਆਂ ਵਿਚ ਤੰਗ ਕਰਨ ਲਗੇ । ਅਤੇ ਪਿੰਡੀਂ ਪਿੰਡੀਂ ਹਲਕਾਰੇ ਭੇਜਕੇ ਸਾਰੇ ਇਲਾਕੇ ਵਿਚ ਤਰਥੱਲ ਮਚਾ ਦਿਤੀ ਤਾਕਿ ਕੋਈ ਗੁਰੂ ਜੀ ਪਾਸ ਨਾ ਜਾ ਸਕੇ ਜੋ ਇਸ ਦੇ ਉਲਟ

Digitized by Panjab Digital Library | www.panjabdigilib.org

ਕਰੇਗਾ ਉਸ ਨੂੰ ਸ਼ਾਹੀ ਹੁਕਮ ਦੇ ਵਿਰੁਧ ਸਜਾ ਹੋਵੇਗੀ। ਰਸਤੇ ਵਿਚ ਆਉਂਦੇ ਜਾਂਦੇ ਨੂੰ ਲੁਟੋ

ਜੈਸੇ

ਤਹੀ ਇਕ ਔਰ ਜਾਨ ਕ੍ਰਿਤੀ ਸਿਖ ਕਹਾ ਆਨ ॥
ਸੰਗਤ ਨਿਧਾਨਾ ਜੁਕੀ ਲਈ ਖੋਸ ਆਵਤੀ ॥
ਸੁਣ ਕਰ ਬੈਨ ਨਾਥ ਮੋਨ ਰਹੇ ਤਿਹ ਸਾਥ
ਬਰਨੀ ਨਾ ਗਾਥ ਕੁਛ ਔਰ ਬਾਤ ਭਾਵਤੀ ॥
ਘਨੀ ਬੇਰ ਸ਼ਨ ਪਾਇ ਕਹਾ ਨਾਥ ਐਸ ਭਾਇ ॥
ਦਿਖੋ ਭਾਈ ਚਿਤ ਲਾਇ ਸੰਗਤ ਕੇ ਯਾਵਤੀ ॥
ਖੁਸਜੋ ਖੁਸਯੋ ਕਹੋ ਸੰਗ ਥੋ ਨਾ ਕੋਊ ਕਹੋ ਢੰਗ ॥
ਮਾਰ ਲੂਟ ਸੂਬਨ ਕੋ ਸੰਗਤਿ ਜੋ ਲਿਆਵਤੀ ॥

(ਗੁਰ ਬਿਲਾਸ ਪਾ ੩ ੧੦)

ਹੁਣ ਸੋਚੋ ਜਿਨ੍ਹਾਂ ਦੀ ਰਖਿਆ ਲਈ ਸ੍ਰੀ ਗੁਰੂ ਜੀ ਨੇ ਆਪਣੇ ਪਿਆਰੇ ਪਿਤਾ ਦਾ ਸੀਸ ਤੇ ਸਿਖਾਂ ਦੇ ਸੀਸ ਦਿਤੇ ਸਨ, ਉਹ ਉਲਟਾ ਡਰਪੋਕ ਹੋਕੇ (ਬੈਰੀ ਮੰਗ ਹੇਤ) ਔਰੰਗਜੇਬ ਦੀ ਹਮੈਤ ਜੋ ਜੰਞੂ ਤੇ ਤਿਲਕ ਦਾ ਦੁਸ਼ਮਨ ਸੀ ॥"ਸਾਜਨ ਤਿਆਰ ਖਰੇ,, ਜੋ ਇਨ੍ਹਾਂ ਦੀ ਖਾਤ੍ਰ ਸਰਬੰਸ-ਦਾਨ ਕਰਦੇ ਸਨ ਉਨਾਂ ਤੇ ਉਲਟਾ ਜਹਿਰ ਉਗਲਛਣ ਲਗੇ ਅਤੇ ਗੁਰ ਦਰਸ਼ਨਾਂ ਨੂੰ ਔਣ ਵਾਲੀਆਂ ਸੰਗਤਾਂ ਨੂੰ ਰਸਤਿਆਂ ਵਿੱਚ ਖੋਹਣਾ ਤੇ ਤੰਗ ਕਰਨਾ ਕਿ ਫੇਰ ਅਨੰਦ ਪੁਰ ਨਾ ਔਣਾ ਇਤਿ ਆਦਿ

ਏਧਰ ਸ੍ਰੀ ਗੁਰੂ ਜੀ ਤੋਂ ਰਾਜੇ ਭੀਮ ਚੰਦ ਕਹਿਲੂਰੀਏ ਵਰਗੇ ਅਨੰਦ ਪੁਰ ਛੁਡਾਉਣ ਦੇ ਸੁਪਨੇ ਲੈਣ ਲਗੇ॥ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਾਸ ਨਿਤਾਪਰਤੀ ਮਰਦੂਦ ਹਿੰਦ ਵਾਸੀਆਂ ਦੀਆਂ ਰਪੋਟਾ ਪੜ ਸੁਣ ਕੇ ਰਾਜ ਜੋਗੀ ਪਿਤਾ ਜੀ ਨੇ ਵਿਚਾਰਿਆ ਕਿ ਐਨੀ ਡਰਪੋਕ ਕੌਮ ਨੂੰ ਉਭਾਰਨ ਤੇ ਜਾਲਮ ਦੇ ਜੁਲਮ ਦੇ ਝਖੜ ਨੂੰ ਰੋਕਣ ਵਾਸਤੇ ਉਪਰਾਲਾ ਕਰਨਾ ਜਰੂਰੀ ਹੈ॥

**ਸ੍ਰੀ ਗੁਰੂ ਜੀ ਦੇ ਸੰਦੇਸ:**-ਦਸਮੇਸ਼ ਪਿਤਾ ਜੀ ਨੇ ਸਮੂੰਹ ਦੇਸ਼ ਦੇਸ਼ਾਂਤਰਾਂ ਵਿਖੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸੰਦੇਸ ਭੇਜੇ ਕਿ ੧੭੫੬ ਵੈਸਾਖੀ ਵਾਲੇ ਦਿਨ ਸ੍ਰੀ ਅਨੰਦ ਪੁਰ ਵਿਖੇ ਪ੍ਰਵਾਰ ਸਮੇਤ ਦ੍ਰਸਨ ਦਿਓ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਣਾਇ ਹੋਏ ਪ੍ਰੋਗਰਾਮ ਨੂੰ ਸੰਪੂਰਨ ਕਰਨ ਹਿਤ, ਗੁਰੂ ਸੰਗਤਾਂ ਦਾ ਸੁਭ ਸਮਾਗਮ ਰਖਿਆ ਹੈ॥ ਇਹ ਸੰਦੇਸ਼ ਮੁਖੀਆਂ, ਜਥੇਦਾਰ (ਮਸੰਦਾ) ਨੂੰ ਭੇਜੇ। ਤਾਂਤੇ ਸੰਗਤਾਂ ਹਜਾਰਾਂ ਦੀ ਗਿਣਤੀ ਵਿੱਚ ਪੁਜੀਆਂ, ਕਿਉਂਕਿ ਜੈਸੇ ਚਮਕ ਪਥਰ ਲੋਹੇ, ਨੂੰ, ਚੰਦਰਮਾਂ ਚਕੋਰਾਂ ਨੂੰ, ਦੀਵਾ ਭਮੱਕੜਾ ਨੂੰ, ਇਤ ਆਦਿ,ਕਦੇ ਸਦ ਨਹੀਂ ਘਲਦੇ, ਇਸੇ ਤਰਾਂ ਅਨੰਦ ਪੁਰ ਸ੍ਰੀ ਗੁਰੂ ਜੀ ਦੇ ਸ਼ਰਧਾਲੂਆਂ ਦੀ ਗਹਿਮਾਂ ਗਹਿਮ ਹੋਣ ਲਗੀ ਕਿਉਂ


---

ਦੇਖੋ ਮਾਲਾਵਾ ਗੁਰ ਅਸਥਾਨ ਕਾਂਡ ॥

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ



ਗੁਰੂ ਪੰਥ ਦੀ ਬੁਨਿਆਦ [illegible] ਪੰਜਾਂ ਪਿਆਰਿਆਂ [illegible] ਵੈਸਾਖ ਸੰਮਤ ੧੭੫੬ ਬਿ: [illegible] ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ [illegible] ਉਨ੍ਹਾਂ ਪੰਜਾਂ [illegible] ਆਪ ਅੰਮ੍ਰਿਤ [illegible] । (ਸਫ਼ਾ ੧੩੧)

njab Digital Library | www.

ਜਾਦ ਕਰੇ ਜਿਸ ਗੁਰੂ ਆਪ ਕੌਣ ਰਹਿ ਪਛਵਾੜ
ਘਤ ਬਹੀਰਾਂ ਆਂਵਦੇ ਸਣੇ ਸਿੱਖ ਪ੍ਰਵਾਰ ॥
ਜੋ ਸਿੱਖ ਸ੍ਰੀ ਗੁਰੂ ਤੇਗ ਬਹਾਦਰ ਜੀ ਸਦੇ ਨਾਲ ਸ਼ਹੀਦ ਹੋਏ ਸਨ ॥

## ਸੁਭਾਗ ਵੈਸਾਖੀ ਦਾ ਪ੍ਰੋਗਰਾਮ ਤੇ ਸ੍ਰੀ ਗੁਰੂ ਨਾਨਕ ਦੇਵਜੀ ਦੇ ਮਿਸ਼ਨ ਨੂੰ ਸੰਪੂਰਨ ਕਰਨਾ

**ਫੇਰ ਕੀ ਹੁਕਮ ਨਾਮੇ ਪੁਜਣ ਦੀ ਦੇਰ ਸੀ:—**੧ ਵੈਸਾਖ ਸੰ: ੧੭੫੬ ਤੋਂ ਕਈ ਦਿਨ ਪਹਿਲੇ ਸੰਗਤਾਂ ਦੀ ਆਵਾਜਾਵੀ ਸ਼ੁਰੂ ਹੋ ਗਈ

"ਜਹਿ ਬੈਸਾਲਹ ਤੈਹਬੈਸਾ ਸੁਆਮੀ"

ਜਿਓ ਜਿਓ ਸੰਗਤਾਂ ਔਣ ਤਿਉਂ ਤਿਉਂ ਸਤਲੁਜ ਦੇ ਕਿਨਾਰੇ ਕੈਪਾਂ ਵਿਚ ਸੇਵਾਦਾਰ ਬੈਠਾਲੀ ਜਾਣ ਜਿਥੇ ਲੰਗਰ ਦਾ ਅਤੇ ਹੋਰ ਲੋੜੀਦੇ ਸਮਾਨ ਦਾ ਪੂਰਾ ਪ੍ਰਬੰਧ ਸੀ ॥

**ਵੈਸਾਖੀ ਦਾ ਦਿਵਸ ਗੁਰੂ ਪੰਥ ਦੀ ਸਾਜਨਾ। ਪੰਥ ਦੇ ਬੁਨਿਆਦੀ ਪੰਜ ਪਿਆਰੇਆਂ ਤੋਂ:—**ਜਿਸ ਮਨਤਵ ਨੂੰ ਮੁਖ ਰਖ ਕੇ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਮਾਖਿਓ (ਅਨੰਦ ਪੁਰ) ਸ਼ਹਿਰ ਨੂੰ ਮੁਲ ਲੈਕੇ ਵਸਾਇਆ ਸੀ ਉਸ ਪਹਾੜੀ ਨੂੰ ਖਾਲਸਾ ਪੰਥ ਪ੍ਰਗਟ ਕਰਨ ਦਾ ਮਾਣ ਪ੍ਰਾਪਤ ਹੋਣ ਲਗਾ। ਸੰਃ ੧੭੫੬ ਦੀ ਵੈਸਾਖੀ ਦੇ ਦੀਵਾਨ ਵਾਸਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਪਹਾੜ ਉਪਰ ਦੀਵਾਨ ਤੇ ਚਾਰ ਦਰਵਾਜ਼ਿਆਂ ਤੇ ਇਹ ਸੈਨ ਬੋਰਡ ਲਾਏ ਸਨ।

੧ ਜੋ ਤਉਂ ਪ੍ਰੇਮ ਖੇਲਨ ਕਾ ਚਾਉ—ਸਿਰ ਧਰ ਤਲੀ ਗਲੀ ਮੇਰੀ ਆਓ
੨ ਸੂਰਾ ਸੋ ਪਹਿਚਾਨੀਐ ਜੋ ਲੜੇ ਦੀਨ ਕੇ ਹੇਤ
੩ ਸੀਸ ਬਢੈ ਕਰ ਬੇਸਣ ਦੀਜੈ ਬਿਨ ਸਿਰ ਸੇਵ ਕਰੀਜੈ ॥
੪ ਤਨੁ ਮਨੁ ਧਨੁ ਸਭ ਸੌਂਪ ਗੁਰ ਕੋ ਹੁਕਮ ਮਨਿਐ ਪਾਈਐ

ਗੁਰੂ ਸੰਗਤਾਂ ਦੇ ਬੈਠਣ ਵਾਸਤੇ ਦਰਬਾਰੀ ਤਰੀਕੇ ਨਾਲ ਵਿਛਾਈ ਆਦਿ ਦਾ ਪ੍ਰਬੰਧ ਪੂਰਾ ਕੀਤਾ ਹੋਇਆ ਸੀ ॥ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਸੁਨੈਹਿਰੀ ਤਖਤ ਵਿਚਕਾਰ ਸੋਭਾ ਦੇ ਰਿਹਾ ਸੀ। ਜਿਸ ਸੁਭਾਗੀ ਵੈਸਾਖੀ ਵਲ ਚਰੋਕਣੀਆਂ ਅਖੀਆਂ ਲਗੀਆਂ ਸਨ ਉਹ ਵੀ ਆ ਗਈ।

**ਅੰਮ੍ਰਿਤ ਵੇਲੇ ਦੋ ਬਜੇ:—**ਰਣਜੀਤ ਨਗਾਰੇ ਪਰ ਚੋਟ ਲੱਗੀ ਜਿਸ ਦੀ ਘਨਘੋਰ ਨਾਲ ਪਹਾੜੀਆਂ ਕੰਬ ਉਠੀਆਂ। ਜਿਥੋਂ ਤੱਕ ਨਗਾਰੇ ਦੀ ਆਵਾਜ਼ ਸੁਣਾਈ ਦਿਤੀ ਉਥੋਂ ਉਥੋਂ ਸਭ ਸੰਗਤਾਂ ਇਸ਼ਨਾਨ ਕਰਕੇ ਨਿਤ ਨੇਮ ਗੁਰਬਾਣੀ ਪੜ੍ਹਕੇ ਗੁਰੂ ਦਰਬਾਰ ਵਲ ਇਸ ਧੁਨ ਵਿਚ ਔਂਦੀਆਂ ਹਨ ॥ "ਸਤਿਗੁਰ ਆਇਓ ਸਰਣਿ ਤੁਹਾਰੀ" ਦਰਬਾਰ ਦੇ ਕੋਲ ਜਾਕੇ "ਧੰਨਸੋ ੇਲਾ ਜਿਤ ਦਰਸਨ ਕਰਨਾ ॥"

Digitized by Panjab Digital Library | www.panjabdigilib.org

ਪੁਨਾ:– ਅਤਿ ਊਚਾ ਤਾਕਾ ਦਰਬਾਰਾ ਅੰਤ ਨਹੀਂ ਕੁਛ ਪਾਰਾ ਵਾਰਾ ।

ਇਤ ਆਦਿ ਨਾਮ ਚਲੂਲੇ ਸਿੰਘ ਸੰਗਤਾਂ ਸ਼ਬਦ ਪੜ੍ਹਦਿਆਂ ਦੀਵਾਨ ਵਿਚ ਸਜ ਰਹੀਆਂ ਹਨ । ਗੁਰਮਖ ਪਿਆਰੇ ਰਾਗੀ ਸਿੰਘ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਕੀਤਾ । ਸਭ ਸੰਗਤਾਂ "ਗੁਰਮੁਖ ਰੰਗ ਚਲੂਲਿਆ ਮੇਰਾ ਮਨੁ ਤਨੁ ਭਿੰਨਾ" ਪੁਨਾ– ਗੁਰ ਅੰਮ੍ਰਿਤ ਭਿੰਨੀ ਦੇਹੁਰੀ ਹਰਿ ਅੰਮ੍ਰਿਤ ਬੁਰਕੇ ਰਾਮ ਰਾਜੇ । ਫੇਰ ਕੀ ਸੀ ਇਸ ਰੰਗ ਵਿਚ ਲਿਵਲੀਨ ਹੋਕੇ ਕੀਰਤਨ ਦੇ ਅਨੰਦੁ ਨੂੰ ਮਾਣ ਰਹੀਆਂ ਹਨ । ਉਸ ਵੇਲੇ ਗੁਰੂ ਚਰਨਾ ਨੂੰ ਨਿਮਸ਼ਕਾਰ ਕਰਦੀਆਂ ਆਗਿਆ ਪਾ, ਸਜੀਆਂ ਹਨ । ਸੂਰਜ ਪ੍ਰੇਮ ਭਿੰਨੀਆਂ ਕ੍ਰਿਣਾਂ ਤੇ ਕਲਗੀ ਅਗੇ ਸ਼ਿਰਮੰਦਗੀ ਖਾਂਦਾ ਖਾਂਦਾ ਸ੍ਰੀ ਦਸਮੇਸ ਜੀ ਦੇ ਚਰਨਾ ਤੇ ਅਤੇ ਅਨੰਦ ਪੁਰ ਦੀਆਂ ਪਹਾੜੀਆਂ ਦੇ ਕਖੁਤਿੰਰਨ ਨੂੰ ਕਿਰਨਾਂ ਦੁਆਰਾ ਨਿਮਸਕਾਰਾਂ ਕਰਦਾ ਸਾਰੇ ਸੰਸਾਰ ਨੂੰ ਪ੍ਰਕਾਸ਼ ਕਰ ਰਿਹਾ ਹੈ ।

ਪੰਜਾਹ ਹਜ਼ਾਰ ਤੋਂ ਵਧੀਕ ਸੰਗਤਾਂ ਦੀਵਾਨ ਵਿਚ ਸਜੀਆਂ ਹੋਈਆਂ ਹਨ । ਸ੍ਰੀ ਆਸਾ ਜੀ ਦੀ ਵਾਰ ਦੇ ਭੋਗ ਪੈਣ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਰਬਤ ਸੰਗਤਾਂ ਨੂੰ ਸਾਵਧਾਨ ਕਰਕੇ ਹਜੂਰ ਜੀ ਨੇ ਅਰਦਾਸਾ ਸੋਧਿਆ, ਅਰਦਾਸੇ ਦੀ ਸਮਾਪਤੀ ਪਰ ਸਭ ਸਿੰਘ ਮੱਥਾ ਟੇਕ ਆਪੋ ਆਪਣੀ ਜਗਾ ਪਰ ਸਜ ਗਏ ।

**ਫੇਰ ਕੀ ਹੋਇਆ :-** ਸ੍ਰੀ ਕਲਗੀ ਧਰ ਮਹਾਰਾਜ ਨੇ ਨੰਗੀ ਸ੍ਰੀ ਸਾਹਿਬ ਆਪਣੇ ਹੱਥ ਵਿਚ ਲੈਕੇ ਤਖਤ ਪਰ ਖੜੋਕੇ ਫੁਰਮਾਇਆ ਕਿ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਪੂਰਾ ਕਰਨ ਵਾਸਤੇ ਸੀਸ ਦੀ ਲੋੜ ਹੈ । ਜੋ ਸੀਸ ਦੇਵੇ ਸੋ ਅਗੇ ਆਵੇ ।। ਇਸ ਹੁਕਮ ਨਾਮੇ ਨੂੰ ਸੁਣ ਸਾਰਿਆਂ ਵਿਚ ਹੈਰਾਨਗੀ ਛਾ ਗਈ । ਜੈਸੇ*

---

*ਸੁੰਨਸਾਨ ਛਾਈ ਪਰੇਸ਼ਾਨ ਹੋ ਲੁਕਾਈ ਸਭ ।।
ਕੌਤਕ ਨੂੰ ਦੇਖ ਕੋਈ ਸੋਚੇ ਕੋਈ ਖਿਸਕੇ ।।
(੧)
ਐਤਨੇ ਨੂੰ ਆਯਾ ਦਯਾ ਦਾ ਬਨਾਯਾ ਬੁਤ
ਮਾਰੋ ਚਾਹੇ ਰਾਖੋ ਹੋਰ ਜਾਨਾ ਦਰ ਕਿਸ ਕੇ ।।
ਭੁਜਾ ਫੜ ਅੰਦਰ ਪੁਚਾਯਾ ਝਟਕਾਯਾ ਅੱਜ ।।
ਲਹੂ ਭਰੀ ਤੇਗ ਨੇ ਡਰਾਯਾ ਫੇਰ ਦਿਸ ਕੇ ।।
ਆਹਾ ਕੁਰਬਾਨ ਜਾਈਏ ਹੋਏ ਕੁਰਬਾਨ ਜੋਈ ।।
ਪੰਜ ਹੀ ਪਿਆਰੇ ਇਹ ਜਹਾਨ ਵਿਚ ਲਿਸ਼ਕੇ ।।
।। ਪੰਜ ।।
ਪੰਜਾਂ ਵਿਚੋਂ ਆਏ ਪੰਜ ਮਾਰਕੇ ਮੁਕਾਏ ਪੰਜ ।।
ਪੰਜਾਂ ਹੀ ਤਿਆਗ ਦਿਤੀ ਪੰਜਾਂ ਦੀ ਹੀ ਤਾਇਬੀ ।।

(ਬਾਕੀ ਅਗਲੇ ਸਫੇ ਤੇ)

Digitized by Panjab Digital Library | www.panjabdigilib.org

ਏਤਨੇ ਨੂੰ ਇਕ ਗੁਰੂ ਪਿਆਰਾ ਦਯਾ ਰਾਮ ਲਾਹੌਰ ਨਿਵਾਸੀ ਸਵਾਧਾਨ ਹੋ ਹਾਜ਼ਰ ਹੋਇਆ ॥ ਜੀ, ਜੀਆ ਦਾਨ ਦੇ ਦਾਤੇ ਜਗਤ ਗੁਰੂ ਦੇ ਚਰਨਾ ਤੇ ਸੀਸ ਨਿਵਾ ਦੋ ਹੱਥ ਜੋੜ ਪ੍ਰਾਰਥਨਾ ਕੀਤੀ ਸ਼ਾਂਤ ਦੇਣ ਹਾਰ ਪਿਤਾ ਜੀ, ਮੇਰਾ ਸਿਰ ਹਾਜ਼ਰ ਹੈ। ਸੋ ਇਹ ਬੇਨਤੀ ਸੁਣ ਚੋਜੀ ਪਿਤਾ ਭਾਈ ਦਯਾ ਰਾਮ ਨੂੰ ਬਾਹੋਂ ਪਕੜ ਇੱਕ ਤੰਬੂ ਅੰਦਰ ਲਿਜਾਕੇ ਥੋੜੇ ਚਿਰ ਪਿਛੋਂ ਤੰਬੂ ਦੇ ਅੰਦਰੋ ਸ੍ਰੀ ਸਾਹਿਬ ਦੇ ਸੜਾਕੇ ਤੇ ਧੜ ਡਿਗਣ ਦੀ ਆਵਾਜ਼ ਤੇ ਖ਼ੂਨ ਦੀ ਧਾਰ ਤੰਬੂ ਤੋਂ ਬਾਹਰ ਪ੍ਰਨਾਲੇ ਵਾਂਗ ਆਈ ਇਤਨੇ ਨੂੰ ਓਹੀ ਲਹੂ ਭਰੀ ਸ੍ਰੀ ਸਾਹਿਬ ਹੱਥ ਵਿਚ ਲੈਕੇ ਸ੍ਰੀ ਗੁਰੂ ਸਾਹਿਬ ਜੀ ਦੀਵਾਨ ਵਿਚ ਆ ਗਰਜੇ "ਇਕ ਹੋਰ ਸੀਸ ਦੀ ਲੋੜ ਹੈ।" ਹੁਣ ਇਹ ਅਸਚਰਜ ਭਰਿਆ ਕੌਤਕ ਦੇਖਕੇ ਸੰਗਤਾਂ ਵਿਚ ਨਿਰਾਸਤਾ ਛਾ ਗਈ ਤਾਂ ਭਾਈ ਧਰਮ ਸਿੰਘ ਜੀ ਹੱਥ ਜੋੜ ਅਰਜ ਕੀਤੀ ਕਿ ਸ੍ਰੀ ਹਜ਼ੂਰ ਮੇਰਾ ਸੀਸ ਹਾਜ਼ਰ ਹੈ। ਸ੍ਰੀ ਗੁਰੂ ਜੀ ਭਾਈ ਧਰਮ ਸਿੰਘ ਜੀ ਨੂੰ ਬਾਹੋਂ ਪਕੜ ਤੰਬੂ ਅੰਦਰ ਪਹਿਲੇ ਸਿੱਖ ਦੀ ਤਰ੍ਹਾਂ ਲੈ ਗਏ ਤੇ ਤਲਵਾਰ ਦੀ ਆਵਾਜ਼ ਓਸੇ ਤਰ੍ਹਾਂ ਅੰਦਰੋ ਆਈ। ਭਾਵ ਇਸ ਤਰ੍ਹਾਂ ਲਹੂ ਭਰੀ ਤੇਗ ਲੇਕੇ ਚਾਰ ਬਾਰ ਬਾਰੀ ਬਾਰੀ ਆਏ ਤੇ ਚਾਰ ਗੁਰੂ ਪਿਆਰਿਆਂ ਸਿੰਘਾਂ ਨੂੰ ਅੰਦਰ ਲਜਾਂਦੇ ਸੀਸ ਕਲਮ ਕਰਦੇ ਰਹੇ। ਬਰੋਬਰ ਪਾਂਦੇ ਰਹੇ। ਅਤੇ ਪੰਜਾਂ ਦੇ ਉਪਰ ਇੱਕ ਚਿਟਾ ਚਾਦਰਾ ਜੋ ਪੰਜ ਪੰਜ ਗਜ ਦੇ ਹਿਸਾਬ ਨਾਲ ਪਹਿਲੇ ਪੰਝੀ ਗਜ਼ ਤਿਆਰ ਕਰਾਕੇ ਰਖਿਆ ਸੀ। ਉਹੋ ਉਪਰ ਪਹਿਨਾਕੇ ਸ੍ਰੀ ਦਸਮੇਸ਼ ਜੀ ਨੇ ਜੋ ਪ੍ਰੋਗਰਾਮ ਸੀ ਉਸ ਨੂੰ ਪ੍ਰਾਰੰਭ ਕੀਤਾ। ਏਧਰ, ਪੇਟ ਪਾਲੂ, ਦਬਤੂ ਘੁਸਤੂ, ਕੜਾਹ ਪੂਰੀ ਖਾਣੇ ਪੀਣੇ ਮਸੰਦ ਆਦਿ ਉਠ ਤੁਰੇ ਤੇ ਉਹਨਾਂ ਨੇ ਮਾਤਾ ਜੀ ਦੇ ਪਾਸ ਜਾ ਫਰਿਆਦ ਕੀਤੀ "ਸ੍ਰੀ ਗੁਰੂ ਸਾਹਿਬ ਜੀ ਤਾਂ ਸਿੱਖਾਂ ਨੂੰ ਹੱਥੀਂ ਕਤਲ ਕਰ ਰਹੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਜਗ੍ਹਾ ਬੜੇ ਸਾਹਿਬਜ਼ਾਦੇ ਨੂੰ ਗੁਰ ਗੱਦੀ ਪਰ ਬਠਾ ਦੇਣਾ ਚਾਹੀਏ," ਜੋ ਭਰੋਸੇਵਾਨ ਸਿੱਖ ਸੰਗਤਾਂ ਸਨ ਉਹੋ ਸਿਦਕ ਤੇ ਨਿਰਾਲੇ

---

ਪੰਜਾਂ ਦਾ ਸਰੀਰ ਸਜੇ ਪੰਜਾਂ ਦਾ ਹੈ ਬੀਰ ਪੰਥ ॥
ਪੰਜ ਪੜ੍ਹ ਸੁਧਾ ਗੁਰੂ ਦਸਵਾਂ ਛਕਾਇਬੀ ॥
ਪੰਜੇ ਹਥਿਆਰ ਅਤੇ ਪੰਜ ਹੀ ਕਕਾਰ ਧਾਰ ॥
ਪੰਜੇ ਗੁਣ ਮਿਲੇ ਆਣ ਕੌਤਕ ਅਜਾਇਬੀ ॥
ਦਯਾ ਤੋਂ ਧਰਮ ਅਰ ਹਿੰਮਤ ਤੋਂ ਮੁਹਕਮ ਹੈ ॥
ਮਿਲੇ ਆਣ ਚਾਰ ਤਾਂ ਜ਼ਰੂਰ ਮਿਲੇ ਸਾਹਿਬੀ ॥

ਸ੍ਰੀ ਗੁਰੂ ਗੋਬਿੰਦ ਸਿੰਘ ਭਾਰੀ ਤੇਗਧਾਰੀ ਬੀਰ
ਛੜੀ ਕੋਮ ਸਾਰੀ ਦੀਨੀ ਬਾਜੀ ਜਾਨ ਦੀਨੀ ਹੈ ॥
ਬਾਂਕਰੋ ਛਬੀਲੋ ਪਯਾਰੋ ਤੀਸਰੋ ਸਜਾਯੋ ਪੰਥ
ਰਾਹ ਦੋਊ ਰਦ ਕੈ ਮ੍ਰਯਾਦਾ ਸੂਤ ਚੀਨੀ ਹੈ ॥
ਚਿਰੀ ਤੇ ਚਿਗਾਏ ਬਾਜ਼ ਕੀਰੀ ਤੇ ਭਗਾਏ ਫੀਲ
ਮੀਰੀ ਐ ਫਕੀਰੀ, ਪੀਰੀ ਤੀਨੋ ਧਾਰ ਲੀਨੀ ਹੈ ॥
ਅਨਾ ਚਾਰੀ ਸ਼ਾਹਨ ਦੀ ਪਾਤਸ਼ਾਹੀ ਦੀਨੀ ਗਾਰ

Digitized by Panjab Digital Library | www.panjabdigilib.org

ਚੋਜ ਦੇਖਣ ਵਿਚ ਇਕ ਟਕ ਬਿਰਤੀ ਲਾਈ ਬੈਠੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪੰਜਾਂ ਨੂੰ ਸੁਰਜੀਤ ਕਰ ਇਸ਼ਨਾਨ ਕਰਾਕੇ ਪੰਜਾਂ ਦੇ ਪੰਜ ਕੰਘੇ, ਪੰਜ ਕੜੇ, ਪੰਜ ਕਛੈਹਿਰੇ, ਪੰਜ ਚੋਲੇ, ਪੰਜ ਗਾਤਰੇ ਕਿਰਪਾਨਾਂ ਤੇ ਕਮਰ ਕਸੇ ਸਜਾਕੇ ਜੋ ਪਹਿਲੇ ਤਿਆਰ ਕਰਕੇ ਰਖੇ ਹੋਏ ਸਨ ਪੰਜਾ ਪਿਆਰਿਆ ਨੂੰ ਇਕ ਕਤਾਰ ਵਿਚ ਖੜ੍ਹਾਕੇ ਸ੍ਰੀ ਗੁਰੂ ਸਾਹਿਬ ਜੀ ਨੇ ਉਨ ਦਾ ਭੂਰਾ ਬਿਛਾਕੇ ਉਪਰ ਪੱਥਰ ਦਾ ਸੁਨੈਹਰਾ ਰਖਿਆ ਜਿਸ ਦੇ ਉਪਰ ਸ੍ਰਬ ਲੋਹ ਦਾ ਬੜਾ ਸੋਹਣਾ ਬਾਟਾ ਰਖਿਆ। ਜਿਸ ਵਿਚ ਸੁਛ ਜਲ ਪਾਕੇ ਖੰਡਾ ਫੇਰ ਦੇ ਪੰਜ ਬਾਣੀਆਂ (ਜਪੁਜੀ ਸਾਹਿਬ, ਜਾਪ ਸਾਹਿਬ ੧੦ ਸਵਈਏ, ਚੌਪਈ, ਅਤੇ ਪੂਰਾ ਅਨੰਦ ਸਾਹਿਬ) ਪੜ੍ਹਕੇ ਜਦ ਅੰਮ੍ਰਿਤ ਬਾਟਾ ਤਿਆਰ ਕੀਤਾ ਤਾਂ ਅਰਦਾਸਾ ਸੋਧ ਜੋ ਹੁਣ ਪ੍ਰਚਲਤ ਮਰਯਾਦਾ ਤਖਤ ਸਾਹਿਬਾਂ ਤੇ ਹੈ ਓਸ ਪ੍ਰਕਾਰ ਗੁਰੂ ਪਿਆਰੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਛਕਿਆ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ (ਭਾਃ ਗੁਃ ਜੀ) ਗੁਰਮਤ ਦਾ ਉਪਦੇਸ਼ ਤੇ ਪੰਜ ਰਹਿਤਾਂ ਪੰਜ ਕੁਰਹਿਤਾਂ ਦਾ ਉਪਦੇਸ਼ ਦਿਤਾ॥*

ਯਥਾ

ਪਾਯ ਗਾਹੇ ਜਬ ਤੇ ਤੁਮਰੇ ਤਬ ਤੇ ਕੋਊ ਆਖ ਤਰੇ ਨਹਿ ਆਨਯੋ। ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨ ਮਾਨਯੋ। ਸਿਮ੍ਰਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹਯੋ ਹਮ ਏਕ ਨ ਜਾਨਯੋ॥ ਸ੍ਰੀ ਅਸਪਾਨੁ ਕ੍ਰਿਪਾ ਤੁਮਰੀ ਕਰ ਮੈ ਨ ਕਹਯੋ ਸਭ ਤੋਹਿ ਬਖਾਨਯੋ॥ ਸਗਲ ਦੁਆਰ ਕੋ ਛਾਡਕੇ ਗਹਯੋ ਤਿਹਾਰੋ ਦੁਆਰ। ਬਾਂਹਿ ਗੇਹ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥ ਇਤ ਆਦਿ ਸੁਭ ਉਪਦੇਸ

---

ਚਾਰ ਯਾਰੀ ਹੂੰ ਤੇ ਬਢ ਪਾਂਚਯਾਰੀ ਕੀਨੀ ਹੈ॥
(ਨਿਹਾਲ ਸਿੰਘ)

ਸਦ ਗੁਰ ਮਤਿ ਸਰ ਕਰ ਅਨ ਮਤਿ ਪਰ ਹਰ
ਤਜ ਦੇਵਹੁ ਰੀਤੀ ਦੁਖ ਦਾਈ, ਹੇ ਗੁਰ ਭਾਈ॥
ਕਲਖ ਰਹਿਤ ਹੁਇ ਜਨਮ ਸਫਲ ਤਬ
ਜਬ ਮਨਮੇ ਬਸ ਹੈ ਸ੍ਰੀ ਗੁਰਆਈ ਅੰਤ ਸਹਾਈ॥
ਸ੍ਰੀ ਗੁਰ ਕਰਯੋ ਬਖਾਨ, ਸੇਵਕ ਸੁਨੇ,
ਪਰ ਸੁਖ ਕੋ ਸੁਖ ਮਾਨ
ਦੁੱਖ ਕੋ ਦੁਖ ਗੁਨੋ
ਜੁਲਮ ਮਿਟਾਵਨ ਹੇਤ
ਕਮਰ ਬਾਂਧੇ ਰਹੋ
ਕਿਸ ਵਡਿਆਈ ਮਾਨ
ਸੁਪਨ ਮੇ ਨਾ ਚਹੋ

(ਬਾਕੀ ਅਗਲੇ ਸਫੇ ਤੇ)

*ਪਾਂਚਯਾਰੀ (ਪੰਜ ਪਿਆਰੇ)

Digitized by Panjab Digital Library | www.panjabdigilib.org

ਦੇਕੇ ਇਨਾਂ ਪੰਜਾਂ ਸਿੰਘਾਂ ਦੇ ਨਾਮ ਗੁਰਮਤ ਅਨੁਸਾਰ ਃ- ੧. ਭਾਈ ਦਯਾ ਸਿੰਘ ਜੀ। ੨. ਭਾਈ ਧਰਮ ਸਿੰਘ ਜੀ, ੩. ਭਾਈ ਹਿੰਮਤ ਸਿੰਘ ਜੀ, ੪. ਭਾਈ ਮੋਹਕਮ ਸਿੰਘ ਜੀ, ੫. ਭਾਈ ਸਾਹਿਬ ਸਿੰਘ ਜੀ ਰਖੇ ਇਨਾਂ ਜਾਤਿ ਪਾਤਿ ਆਦਿ ਬੰਧਨ ਕਟ ਸਭ ਨੂੰ "ਖਾਲਸਾ" ਸਜਾ ਦਿਤਾ ਗਿਆ, ਜੈਸੇ "ਸਤਿਗੁਰ ਕੇ ਜਨਮੇ ਗਵਨ ਮਟਾਇਆ" ਫੇਰ ਗੁਰੂ ਪਿਆਰਿਆਂ ਨੂੰ ਆਪ ਜੀ ਦੇ ਪਾਸ ਸ਼ਾਹੀ ਤਖਤ ਪੰਜਾਂ ਸਿੰਘ ਸਾਹਿਬ ਨੂੰ ਬਠਾ ਕਰ ਬਹੁਤ ਉਚੀ ਆਵਾਜ਼ ਨਾਲ ਪੁਕਾਰਿਆ "ਧੰਨ ਸਿਖੀ, ਧੰਨ ਸਿਖੀ, ਧੰਨ ਸਿਖੀ" ਕੈਹਕੇ ਫਰਮਾਨ ਕੀਤਾ ਕਿ ਅਸੀਂ ਤੁਹਾਡੇ ਸਾਰਿਆਂ ਤੇ ਅਤ ਪ੍ਰਸਨ ਹਾਂ ਜੋ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਰਾਰੰਭ ਕੀਤੀ ਗੁਰ ਸਿਖੀ ਦੇ ਆਸ਼ੇ ਨੂੰ ਟੁਟੀ ਫੁਟੀ, ਖਿਲਰੀ ਪੁਲਰੀ ਹਿੰਦੂ ਕੌਮ ਨੂੰ ਇਕ ਕਰ ਦਿਤਾ ਅਤੇ ਇਉਂ ਆਪਣੀ ਸ਼ਖਸੀਅਤ ਨੂੰ ਪੰਜਾ (ਪਿਆਰਿਆਂ) ਦੀ ਪੰਚਾਇਤ ਅਰਥਾਤ ਖਾਲਸਾ ਪਾਰਲੀਮੈਂਟ ਵਿਚ ਸਮਾ ਦਿਤਾ ਅਰ ਅਗੇ ਵਾਸਤੇ ਹੁਕਮ ਦਿਤਾ *ਜੋ ਪੰਜ ਤਿਆਰ

---

*ਪਰ ਉਪਕਾਰ ਰਾਤ ਦਿਨ ਕਰਦਾ
ਧਰੇ ਨ ਮਨ ਹੰਕਾਰਾ
ਗੁਰੂ ਦਾ ਪਯਾਰਾ
ਭੁਜਬਲ ਸਾਥ ਕਮਾਵੈ ਰੋਜੀ
ਕਦੇ ਨ ਹੱਥ ਪਸਾਰਾ, ਬਿਨ ਕਰਤਾਰਾ ॥

ਧਰ ਮਨ ਧਰਮ ਕਿਰਤ
ਕਬਹੁ ਨ ਸਮਨਹੁ ਪਰ ਘਰ
ਨਿਜ ਸਮ ਲਖ ਜਗ ਸਭਿ ਨਰ
ਗੁਰ ਮਤ ਨਿਯਮਨ ਅਨੁਸਾਰ

ਪੁਨਾ–ਸ੍ਰੀ ਗੁਰ ਪਯਾਰੇ ਖਾਲਸੇ, ਬਾਂਕੇ ਭਾਰੀ ਬੀਰ ਵੈਰਾਗੀ,ਤਿਆਗੀ, ਤਪੀ, ਗਯਾਨੀ, ਧਿਆਨੀ ਧੀਰ ॥ (ਸਿਖੀ ਪ੍ਰਭ ਾਕਰ)

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਕੀਤੀ ਗੁਰਸਿੱਖੀ ਦੀ ਸਕੀਮ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਨਾਨਕ ਦੇਵ ਗੋਬਿੰਦ ਰੂਪ) ਨੇ ਟੁਟੀ, ਫੁਟੀ, ਖਿਲਰੀ ਪੁਲਰੀ ਹਿੰਦੂ ਕੌਮ ਨੂੰ ਇੱਕ ਕਰ ਤੇ ਸ਼ਖਸੀ ਹਕੂਮਤ ਨੂੰ ਭੰਨ ਤੋੜ ਪੰਜਾਂ ਪਿਆਰਿਆਂ ਦੀ ਇਕ ਪੰਚਾਇਤ (ਅਰਥਾਤ ਖਾਲਸਾ ਪਾਰਲੀਮਿੰਟ ਕਾਇਮ ਕਰ ਦਿਤੀ) ਅਤੇ ਹੁਕਮ ਦਿਤਾ ਅਗੇ ਵਾਸਤੇ ਪੰਜ ਤਿਆਰ ਬਰ ਤਿਆਰ ਪੰਜਾਂ ਪਿਆਰਿਆਂ ਦਵਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸ ਤੇ ਹੁਕਮ ਨਾਮਾ ਲੈਕੇ ਸਾਰੇ ਵਿਵਹਾਰਕ ਤੇ ਪ੍ਰਮਾਰਥਕ ਕੀਤੇ ਜਾਇਆ ਕਰਨਗੇ ਜੋ ਪੰਜਾਂ ਦੀ ਪੰਚਾਇਤ ਦੇ ਭੈ ਵਿਚ ਰਹਿ ਕਰ ਕਾਰਜ ਕਰੇਗਾ । ਸੋ ਕਾਮਯਾਬੀ ਪਾਏਗਾ। ਉਪਰ ਲਿਖੇ ਵਾਕਾਂ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੇ ਸਪਸ਼ਟ ਕੀਤਾ ਤੇ ਜਿਸ ਦਸ ਸਰੂਪ ਵਿਚ ਪ੍ਰਚਾਰ ਕੇ ਨਾਨਕ ਦੇਵ ਗੋਬਿੰਦ ਰੂਪ ਨੇ ਅਜ ਮੁਕੰਮਲ ਕੀਤਾ। ਅਜ ਤੋਂ ਦੇਹਧਾਰੀ ਦਾ ਸਿਲਸਿਲਾ ਬੰਦ ਅਗੇ ਨੂੰ ਪੰਜਾਂ ਦੇ ਜ਼ਰੀਏ ਦੀਖਿਆ।

(ਅਗਲੇ ਸਫੇ ਤੇ)

Digitized by Panjab Digital Library | www.panjabdigilib.org

ਬਰ ਤਿਆਰ ਸਿੰਘਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ, ਕੜਾਹ ਪ੍ਰਸਾਦ ਸਜਾ, ਅਰਦਾਸਾ ਸੋਧਯਾ ਹੁਕਮ ਨਾਮਾ ਲੈਕੇ ਪ੍ਰਮਾਰਥਕ ਤੇ ਵਿਵਹਾਰਕ ਕਾਰਜ ਕੀਤੇ ਜਾਇਆ ਕਰਨ ਜੋ ਗੁਰਮੁਖ ਪੰਜਾਂ ਦੇ ਭੈ ਵਿਚ ਰਹਿਕੇ ਕਾਰਜ ਕਰੇਗਾ ਸੋ ਕਾਮਯਾਬੀ ਪਾਏਗਾ ॥ ਗੁਰ ਫਰਮਾਨ ।

ਰਾਜਾ ਤਖਤ ਟਿਕੈ ਗੁਣੀ ਭੈ ਪੰਚਾਇਣ ਰਤ ॥ ਮਾਰੂ ਮਃ ੧ ॥

ਚੇਤ ਮਾਸ ਬੀਤਵ ਸਕਲ ਮੇਲਾ ਭਯੋ ਅਪਾਰ ॥
ਵੈਸਾਖੀ ਕੇ ਦਿਵਸ ਮੇ ਸਤਿਗੁਰ ਕੀਯੋ ਵਿਚਾਰ ॥
ਗੋਬਿੰਦ ਸਿੰਘ ਗੁਰ ਕੀ ਖੁਸ਼ੀ ਸੰਗਤ ਕਰੀ ਨਿਹਾਲ ॥
ਕੀਓ ਪ੍ਰਗਟ ਤਬ ਖਾਲਸਾ ਚੁਕਿਓ ਸਕਲ ਜੰਜਾਲ (ਗੁਰ ਸੁਭਾ)

ਕਿਉਂਕਿ ਸ੍ਰੀ ਦਸਮੇਸ਼ ਜੀ ਦੇ ਸਮੇਂ ਹਿੰਦੁਸਤਾਨ ਅੰਦਰ ਹਿੰਦੂ ਤੇ ਮੁਸਲਮਾਨ ਦੋ ਕੌਮਾਂ ਬਹੁ ਗਿਣਤੀ ਵਿਚ ਹੁੰਦੀਆਂ ਸਨ । ਜਿਨ੍ਹਾਂ ਵਿਚੋਂ ਹਿੰਦੂਆਂ ਨੇ ਤਾਂ ਦੇਵਤਿਆਂ ਨਾਲੋਂ ਭੀ ਜ਼ਿਆਦਾ ਕਾਇਰਤਾਈ ਧਾਰਨ ਕੀਤੀ ਹੋਈ ਸੀ । ਮੁਸਲਮਾਨੀ ਮਤ ਵਿਚ ਬਹੁਤ ਜ਼ਿਆਦਾ ਹਿਸੇ ਨੇ ਮਹਾਂ ਰਾਖਸ਼ਾਂ ਦਾ ਰੂਪ ਧਾਰਨ ਕਰਕੇ ਰੋਜ਼ਾਨਾ ਹਿੰਦੂਆਂ ਦੇ ਜੰਞੂ ਉਤਾਰਨੇ, ਤਿਲਕ ਚਟਣੇ ਅਤੇ ਧਾਰਮਕ ਅਸਥਾਨਾਂ

---

ਗੁਰਫਰਮਾਨ ॥ ਰਾਜਾ ਤਖਤ ਟਿਕੈ ਗੁਣੀ ਭੈ ਪੰਚਾਇਨ ਰਤ ॥ ਮਾਰੂ ਮ: ੧ ॥ ਪੁਨਾ) ਪੰਚ ਪ੍ਰਵਾਨ ਪੰਚ ਪਰਧਾਨ । ਪੰਚੇ ਪਾਵਹਿ ਦਰਗਾਹਿ ਮਾਨ ॥ ਜਪੁਃ ਪਾ: ੧ ॥ ਗੁਰਮਤ ਪੰਚ ਸਖੇ ਗੁਰ ਭਾਈ ॥ ਗੁਰਮਤ ਅਗਿਨ ਨਿਵਾਰਿ ਸਮਾਈ ॥ ਮਾਰੂ ਮਃ ੧ ਸੋਲਹੇ ॥

ਕਾਮ ਕਰੋਧ ਵਿਰੋਧ ਲੋਭ ਮੋਹਿ ਅਹੰਕਾਰ ਵਿਹਾਣਾ ॥
ਸਤਿ ਸੰਤੋਖ ਦਇਆ ਧਰਮ ਅਰਥ ਸੁ ਗਰੰਥ ਪੰਚ ਪ੍ਰਵਾਣਾ ॥ ਭਾਃ ਗੁਃ ਜੀ ॥
ਪਰਮੇਸਰ ਹੈ ਪੰਜ ਮਿਲ ਲੇਖ ਅਲੇਖ ਨ ਕੀਮਤ ਪਾਈ ॥
ਪੰਜ ਮਿਲੇ ਪ੍ਰਪੰਚ ਤਜ, ਅਨਹਦ ਸ਼ਬਦ ਸੁਰਤ ਲਿਵ ਲਾਈ ॥
ਸਾਧੂ ਸੰਗਤ ਸੋਹਨ ਗੁਰ ਭਾਈ ॥ ਹੋਰ ॥
ਸਨ ਮੁਖ ਮਿਲ ਪੰਚ ਆਖੀਅਨ, ਬਿਰਧ ਪੰਚ ਪਰਮੇਸਰ ਪਾਸੀ ॥
ਗੁਰਮੁਖ ਮਿਲ ਪਰਵਾਨ ਪੰਚ, ਸਾਧੂ ਸੰਗਤਿ ਸਚ ਖੰਡ ਬਿਲਾਸੀ ॥ ਭਾਃਗੁਃਜੀ ॥

ਸ਼ਬਦ ਸੁਰਤਿ ਲਿਵ ਗੁਰ ਸਿਖ ਸੰਧਿ ਮਿਲੇ, ਪੰਚ ਪਰ ਪੰਚ ਮਿਲੇ ਪੰਚ ਪਰਧਾਨੇ ਹੈ (ਕਬਿਤ ਸਃ

ਪੰਚਹੁ ਮੇ ਨਿਤ ਬਰਤਤ ਮੈਂ ਹੋਂ ਪੰਚ ਮਿਲਹਿ ਸੇ ਪੀਰਨ ਪੀਰ ॥
ਗੁਰ ਘਰ ਦੀ ਮਰਯਾਦਾ ਪੰਚਹੁ, ਪੰਚਹੁ ਪਾਹਲ ਪੂਰਬ ਪੀਨ ॥
ਹੋਇ ਤਨਖਾਹੀਆ ਬਖਸਹਿ ਪੰਚਹ ॥ ਪਾਹੁਲ ਤੇ ਮਿਲੇ ਪੰਚ ਪ੍ਰਬੀਨ ॥
ਲਖਹੁ ਪੰਚ ਕੀ ਵਡ ਵਡਿਆਈ ॥ ਪੰਚ ਕਰਹਿ ਸੋ ਨਿ ਫਲ ਚੀਨ ॥
ਭੋਜਨ ਛਾਦਨ ਪੰਚਕ ਅਰਪਹਿ ਅਰਜ ਕਰਹਿ ਤਿਨ ਬਾਂਛਤ ਲੀਨ ॥
(ਗੁਰਪ੍ਰਤਾਪ ਸੂਰਜ) ਸਿੰਘ ਜੋ ਰਹਿਤ ਪੰਚ ਚਹਿ ਮਿਲੇ ॥

ਮਮ ਸਰੂਪ ਸੋ ਦੇਖਹੁ ਭਲੇ ॥ ਭੋਜਨ ਛਾਦਨ ਤਿੰਨ ਦੇਇ ॥ ਮੋਕੋ ਪਹੁੰਚਾਵਤ ਸਿਖ ਸੋਇ ॥

(ਬਾਕੀ ਅਗਲੇ ਸਫੇ ਤੇ)

Digitized by Panjab Digital Library | www.panjabdigilib.org

ਦੀ ਬੇਅਦਬੀ ਕਰਨੀ,ਤੇ ਲਖਾਂ ਬੇਦੋਸ਼ੀਆਂ ਧੀਆਂ ਤੇ ਭੈਣਾਂ ਦੀ ਬੇਪਤੀ ਕਰਨੀ ਸ਼ੁਗਲ ਬਨਾਇਆ ਹੋਇਆ ਸੀ।ਇਸ ਭਿਆਨਕ ਦਸ਼ਾ ਨੂੰ ਵੇਖਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਨੰਦ ਪੁਰ ੧ ਵੈਸਾਖ ੧੭੫੬ ਵਾਲੇ ਦਿਨ ਸਾਰੇ ਹਿੰਦੁਸਤਾਨੀ ਮਰਦੂਦ ਬੁਜ਼ਦਿਲ ਡਰਪੋਕ ਅਤੇ ਬੇਗੈਰਤੇ ਹੀ ਨਹੀਂ ਬਲਕੇ ਜੋ ਬੇਗੈਰਤਿਆਂ ਵਿਚੋਂ ਵੀ ਅਤ ਨੀਵੇਂ ਲਾਗੀ (ਨਾਈ, ਝੀਊਰ, ਛੀਂਬੇ) ਮੰਨੇ ਹੋਏ ਸੀ ਉਨ੍ਹਾਂ ਵਿਚੋਂ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਤੇ ਇਹਨਾਂ ਦੇ ਪੰਜ ਕਕਾਰ ਪਹਿਨਾਕੇ ਗਿਦੜਾਂ ਤੋਂ ਸ਼ੇਰ ਬਣਾ ਖਾਲਸਾ ਕੌਮ ਦੀ ਬੁਨਿਆਦ ਰਖ ਕੇ ਅਗੇ ਨੂੰ ਐਲਾਨ ਕੀਤਾ 'ਸਵਾ ਲਖ ਸੇ ਏਕ ਲੜਾਊਂ ਤਬੇ ਗੋਬਿੰਦ ਸਿੰਘ ਨਾਮ ਕਹਾਊਂ ॥' ਇਨ੍ਹਾਂ ਬਡ ਭਾਗੇ ਪੰਜਾਂ ਸਿੰਘਾਂ ਨੂੰ ਜੋ ਆਦਿ ਗੁਰੂ ਨਾਨਕ ਦੇਵ ਜੀ ਨੇ ਪਦਵੀ ਬਖਸ਼ੀ ਸੀ ਉਹੋ ਅਜ ਇਹਨਾਂ ਨੂੰ ਦਿਤੀ।

---

ਮਨੋ ਕਾਮਨਾ ਤਿਨੇ ਪ੍ਰਾਪਤ ॥ ਸਰਧਾ ਸਾਰੇ ਚਿੰਤ ਦੁਖ ਖਾਪਤਿ ॥
ਸਿਖ ਪੰਚਨ ਮੈ ਮੇਰੋ ਵਾਸਾ ॥ ਪੂਰਨ ਕਰੋ ਧਰਹਿ ਜੋ ਆਸਾ (ਗੁਰ ਪ੍ਰਤਾਪ ਸੂਰਜ)

ਉਪਰੰਤ ਲਿਖੇ ਅਨੁਸਾਰ ਪੰਜਾਂ ਦੀ ਮਹਿਮਾਂ ਗੁਰੂ ਘਰ ਵਿਚ ਵਡੀ ਤੋਂ ਵਡੀ ਹੈ ਅਤੇ ਜਿਤਨਾ ਚਿਰ ਖਾਲਸਾ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਅਮ੍ਰਿਤ ਪਰਚਾਰ ਪੰਜ ਤਿਆਰ ਬਰ ਤਿਆਰ ਵਾਲੀ ਸਪਿਰਟ ਕਾਇਮ ਹੈ। ਉਤਨਾ ਚਿਰ ਖਾਲਸਾ ਪੰਥ ਜ਼ਿੰਦਾ ਹੈ। ਜਦੋਂ ਪੰਜਾਂ ਵਾਲੀ ਸਪਿਰਟ ਗੁੰਮ (ਦੇਹਧਾਰੀ ਪ੍ਰਚਲਤ) ਹੋ ਗਈ ਬਸ ਫੇਰ ਨਾਮ ਧਰੀਕ ਖਾਲਸਾ ਹੈ। ਜੈਸਾ ਗੁਰਵਾਕ 'ਜਬ ਲਗ ਰਹੇ ਖਾਲਸਾ ਨਿਆਰਾ ਤਬ ਲਗ ਤੇਜ ਦੀਓ ਮੈ ਸਾਰਾ ॥ ਜਬ ਇਹ ਗਹੈ ਅਨਮਤੀ ਰੀਤ ਮੈ ਨਾ ਕਰੂੰ ਇਨ ਕੀ ਪਰਤੀਤ ॥' ਸੋ ਪਿਆਰੇ ਗੁਰ ਸਿੰਘੋ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਪ੍ਰਚਲਤ ਕੀਤੀ ਖਾਲਸਾ ਮਰਯਾਦਾ ਤੇ ਚੱਲੋ ਪੰਚਾਂ ਦੀ ਜਮਹੂਰੀਅਤ ਤੋਂ ਲਾਭ ਪ੍ਰਾਪਤ ਕਰੋ। ਸ੍ਰੀ ਗੁਰੂ ਜੀ ਨੇ ਖਾਲਸੇ ਨੂੰ ਪੂਰਨ ਰਾਜ ਯੋਗ ਦੇ ਗੁਣ ਭਰ ਦਿਤੇ ਹਨ। ਉਸ ਪ੍ਰਮ ਕਿਰਪਾਲੂ ਦੀਨ ਦਿਆਲੂ ਕਲਗੀ ਵਾਲੇ ਸੱਚੇ ਪਿਤਾ ਦੇ ਉਪਕਾਰ ਯਾਦ ਰਖੋ। ਜਿਸ ਨੇ ਸਾਨੂੰ ਗਿਦੜਾਂ ਤੋਂ ਸ਼ੇਰ, ਮੁਰਦਿਆਂ ਤੋਂ ਦਲੇਰ ਬਣਾਇਆ। ਅਮੋਲਕ ਅੰਮ੍ਰਿਤ ਦਾ ਬਾਟਾ ਬਖਸ਼ ਕਰ ਸਾਨੂੰ ਮੁਰਦਿਆਂ ਨੂੰ ਮਰਦਾ ਬਹੁੜ ਜੀਵਾਇਆ, ਕੀਟ ਤੋਂ ਮ੍ਰਿਗਿੰਦ ਅਤੇ ਕਾਗ ਤੋਂ ਖਗਿੰਦ ਬਣਾਇਆ।

ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾਕੇ ਪੰਜਾ ਪਿਆਰਿਆ ਦਾ ਖਤਾਬ ਦਿਤਾ।

ਫਿਰ ਪੰਜਾਂ ਤੋਂ ੨੫ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਖਤਾਬ ਦਿਦਾਰੀ ਖਾਲਸਾ।

ਬਾਦ ਪੰਜੀ ਸੌ ਨੇ ਅੰਮ੍ਰਿਤ ਛਕਿਆ ਅਤੇ ਖਤਾਬ 'ਅਪਰ ਅਪਾਰੀ ਖਾਲਸਾ' ਸੋ ਹੁਣ ਸਾਰਾ ਗੁਰੂ ਪੰਥ (ਖਾਲਸਾ) ਅਪਰ ਅਪਾਰੀ ਹੈ।

ਚੌਪਈ— ਹਿੰਦੂ ਤੁਰਕਨ ਤੇ ਹੈ ਨਿਆਰਾ।
ਰਚਓ ਖਾਲਸਾ ਪੰਥ ਕਰਾਰਾ।
ਇਹਨਾਂ ਕੋ ਸਰਦਾਰ ਬਨਾਵੇ।
ਤਬੈ ਗੋਬਿੰਦ ਸਿੰਘ ਨਾਮ ਸਦਾਵੋ।
ਚਿੜੀਆਂ ਤੋਂ ਮੈਂ ਬਾਜ ਤੁੜਾਵੋ।
ਚੜੇ ਸਿੰਘ ਤਿਸ ਮੁਕਤ ਕਰਾਵੋ। (ਪੰਥ ਪ੍ਰਕਾਸ ਨਿਵਾਸ ਪੰਚੀਣਾ)

ਇਸ ਮ੍ਰਯਾਦਾ ਅਨੁਸਾਰ ਹੀ ਮਾਈਆਂ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ।

Digitized by Panjab Digital Library | www.panjabdigilib.org

'ਪੰਚ ਪਰਵਾਨ ਪੰਚ ਪ੍ਰਧਾਨ ਪੰਚੇ ਪਾਵਹਿ ਦਰਗਾਹ ਮਾਨ' ਪਿਆਰਿਆਂ ਦੀ ਪਦਵੀ ਦਿਤੀ ਅਤੇ ਇਨ੍ਹਾਂ ਦੇ ਜ਼ਰੀਏ ਇਹ ਅਲੌਕਿਕ ਦਾਤ ਅੰਮ੍ਰਿਤ ਛਕਣ ਦਾ ਹਰ ਇਕ ਮਾਈ ਭਾਈ ਨੂੰ ਹਕ ਹੈ। ਇਹ ਐਲਾਨ ਸੁਣਦੇ ਸਾਰ ਪਹਿਲੇ ੨੫ ਸਿੰਘ, ਫੇਰ ੨੫ ਹਜ਼ਾਰ ਅਤੇ ਅਗੇ ਨੂੰ ਰੋਜ਼ਾਨਾ ਹਜ਼ਾਰਾਂ ਦੀ ਤਾਦਾਦ ਵਿਚ ਸਿੰਘ ਸਿੰਘਣੀਆਂ ਸਜਕੇ ਸ਼ੇਰ ਦਿਲ ਧਾਰਦੇ ਹੋਏ ਜ਼ੋਰ ਤੇ ਜ਼ੁਲਮ ਵਿਚ ਮਤੇ ਹੋਏ ਔਰੰਗਜ਼ੇਬ ਦੀਆਂ ਸ਼ਾਹੀ ਫੌਜਾਂ ਦਾ ਮੁਕਾਬਲਾ ਹੀ ਨਹੀਂ ਕੀਤਾ ਸਗੋਂ ਅਨੇਕਾਂ ਸਿਰ ਕਢ ਜਰਨੈਲਾਂ ਦੇ ਆਹੂ ਲਾਹੇ ਅਤੇ ਔਰੰਗਜ਼ੇਬ ਨੂੰ ਉਹ ਦਿਨ ਦਿਖਾਏ।ਜਿਨ੍ਹਾਂ ਦਾ ਸੁਪਨਾ ਭੀ ਨਹੀਂ ਸੀ।

**ਇਹ ਕਿਉਂ** ਔਰੰਗਜੇਬ ਚਾਹੁੰਦਾ ਸੀ ਕਿ ਕੁਲ ਹਿੰਦੂ ਕਾਫਰਾਂ ਨੂੰ ਮੋਮਨ ਕਰਕੇ ਜਾਂ ਮੁਕਾਕੇ ਇਕੋ ਹੀ ਇਸਲਾਮ ਮਤ ਹਿੰਦੁਸਤਾਨ ਅੰਦਰ ਬਣਾ ਦੇਣਾ ॥ ਪਰ ਹੁੰਦਾ ਜੋ ਕਾਦਰ ਨੂੰ ਮਨਜ਼ੂਰ ਹੋਵੇ ॥ "ਕਰਤੇ ਕੀ ਕਰਨੀ ਦਾ ਨਹੀ ਸਮਾਰ" (ਉਸ ਦੀ ਕੁਦਰਤ ਦਾ ਸ਼ੁਮਾਰ ਨਹੀ ॥) ਕਰਤਾਰ ਨੇ ਦੋਹਾ ਮਤਾਂ ਤੋਂ ਤੀਸਰਾ ਪੰਥ ਖਾਲਸਾ ਸਾਜਿਆ ਜਿਸ ਪਰਤੀ ਗੁਰਫਰਮਾਨ "ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ" ਜਿਸ ਪੰਥ ਨੇ ਸਾਰੇ ਸੰਸਾਰ ਅੰਦਰ ਜ਼ੁਲਮ ਦੀ ਸਫਾ ਉਠਾਕੇ ਧਰਮ ਦੇ ਝੰਡੇ ਝੁਲਾਏ ਅਤੇ ਜਿਸ ਦੀ ਚਰਨ ਸ਼ਰਨ ਵਿਚ ਆ ਕੇ ਹਰ ਇਕ ਸਜਣ ਤੇ ਦੁਸ਼ਮਣ ਨੇ ਆਪਾ ਭਾਵ ਛਡ ਪ੍ਰਵਿਰਿਸ਼ ਪਾਈ।*

**ਇਸ ਕਰ ਕੇ** ਖਾਲਸਾ ਪੰਥ ਇਕ ਅਨੋਖਾ ਚਿਤਰ ਹੈ ਜਿਸਦਾ ਚਿਤਰਨਾ ਅਤਿ ਕਠਿਨ ਹੀ ਨਹੀਂ ਪਰੰਤੂ ਅਸੰਭਵ ਹੈ ਇਸ ਮਹਾਨ ਅਲੌਕਿਕ ਵਿਅਕਤੀ ਨੂੰ ਵਿਰਲੇ ਹੀ ਸਮਝ ਸਕਦੇ ਹਨ ॥

ਬਾਬਾ ਸੁਮੇਰ ਸਿੰਘ ਜੀ ਭਲਾ ਗੁਰ ਬਿਲਾਸ ੫: ੧੦ ਵਿਖੇ ਗੁਰ ਸਿਖ ਦੀ ਮਹਾਨਤਾ ਦਰਸਾਂਦੇ ਹਨ।

ਕਬਿਤ :– ਜੈਸੇ ਸਹਸ ਮਾਣਸ ਧਰਮੀ ਮਨੁਖ ਕੋਊ ਏਕ ਹੋਤ ਯਹ ਪ੍ਰਗਟਵੇਦ ਰਰਹੈ ॥ ਕੋਟ

---

*ਪਾਉਣ ਬੀ ਕਿਉ ਨਾ ਸ੍ਰੀ ਦਸਮੇਸ ਜੀ ਨੇ ਹੁਣ ਸਿੰਘ ਸੂਰੇ ਵਰਿਆਮ ਪੈਦਾ ਕਰ ਬੀਰ ਰਸ ਦੀ ਸਪਿਰਿਟ ਪੈਦਾ ਅਤੇ ਨਿਰਬਲਤਾ, ਨਿਰਦਯਤਾ, ਅਧਰਮਤਾ, ਆਲਸਤਾ, ਕਾਇਰਤਾ ਦੀ ਮੌਤ ਮਰਦਿਆਂ ਹੋਇਆ ਨੂੰ ਇਸ ਕੁਮੌਤ ਤੋਂ ਬਚਾਇ ਕਰ ਬਲ ਸਕਤੀ ਦਯਾ ਸਿੰਘ ਜੀ ਦੁਵਾਰਾ ਦਿਯਾ ਸ਼ਕਤੀ ਦਾ, ਭਾਈ ਧਰਮ ਸਿੰਘ ਜੀ ਦਵਾਰਾ,ਧਰਮ ਦੀ ਧਾਰਨਾਂ ਸ਼ਕਤੀ, ਭਾਈ ਹਿੰਮਤ ਜੀ ਦਵਾਰਾ ਪੁਰਸ਼ਾਰਥ ਸ਼ਕਤੀ, ਭਾਈ ਮਹੁਕਮ ਸਿੰਘ ਜੀ ਦਵਾਰਾ ਦਿੜ੍ਹਤਾ ਸ਼ਕਤੀ, ਭਾਈ ਸਾਹਿਬ ਸਿੰਘ ਜੀ ਦੁਵਾਰਾ ਠਕਰਾਈ ਸ਼ਕਤੀ, (ਸਰਦਾਰੀ) ਪਤਾਸਿਆਂ ਦੁਵਾਰਾ ਆਪਸਿ ਮਿਠਾਸ (ਪ੍ਰੇਮ) ਰਸ ਰੱਖਣ ਦੀ ਸ਼ਕਤੀ ਸਰਬ ਲੋਹ (ਖ਼ੰਡੇ) ਦੁਵਾਰਾ ਦੰਡ ਦੇਣ ਸ਼ਕਤੀ, ਆਦਿਕ ਅਨੇਕ ਸ਼ਕਤੀ ਦੇ ਤੇਜ ਪ੍ਰਭਾਵ ਦਿਤਾ ॥ ਅਰ ਪਰ ਉਪਕਾਰ ਆਦਿਕ ਸ਼ੁਭ ਗੁਣਾਂ ਦੀ ਪ੍ਰਾਕ੍ਰਮੀ ਸੂਰ ਬੀਰਾਂ ਵਾਲੀ ਜਿੰਦਗੀ ਵਿਚ ਜੀਵਾਲਨ ਵਾਲਾ, ਰਾਜਧਰਮ ਦਾ ਦਾਤਾ ਇਹ ਖੰਡੇ ਦਾ ਅੰਮ੍ਰਿਤ ਛਕਵਾ ਰਹਿਤਾਂ ਦੇ ਧਾਰਨ ਕਰਨ ਵਾਲਾ ਰਾਜ ਰਿਖੀ ਬਣਾ ਦਿਤਾ ॥ ਜੋ ਸ਼ਸਤ੍ਰ ਪਹਿਰ ਕਮਰਕਸ ਕਰਕੇ ਸਨੱਧ ਬੱਧ ਹੋ ਸਿਪਾਹੀ ਬਣ ਕਰ ਜੁੱਧਾਂ ਜੰਗਾਂ ਦੇ ਅਖਾੜੇ ਮੰਡਨ

(ਬਾਕੀ ਅਗਲੇ ਸਫੇ ਤੇ)

Digitized by Panjab Digital Library | www.panjabdigilib.org

ਧਰਮੀਨ ਮਹਿ ਬਿਖਜ ਬਿਰਕਤ ਏਕ ਕੋਟ ਬਿਖਜਾ ਬਿਰਕਤ ਮਾਹਿ ਏਕ ਗਿਆਨ ਬਰ ਹੈ ॥ ਕੋਟਕ ਗਿਆਨੀ ਮਹਿ ਵਿਗਜਾਨੀ ਤਿਉ ਸੁਮੇਰ ਸਿੰਘ ਕੋਟਕ ਗਿਆਨੀ ਕਹੀਅਤ ਡਰ ਹੈ ॥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ਤਤ ਭਾਸੀ ਸੂਰਾ ਦੁਰਲਭ ਕੋਊ ਜਗ ਮਹਿ ਏਕ ਨਰ ਹੈ ॥

(ਗੁਰ ਬਿਲਾਸਾ ਬਾਬਾ ਸੁਮੇਰ ਸਿੰਘ ਜੀ ਭਲਾ)

---

ਦਾ ਉਤਸਾਹੀ ਸਿੰਘ ਸਾਹਿਬ ਉਹੋ ਹੁੰਦਾ ਹੈ ਜਿਸ ਦੀ ਮਹਾਨਤਾਂ ਨੂੰ ਸਮਝਣਾਂ ਅਤ ਕਠਨ ਹੈ ॥

ਸੋਚ

ਸਿਖ ਅਕਾਲ ਪੁਰਖ ਦਾ ਸਿਪਾਹੀ (ਸਪੁਤ੍ਰ) ਹੈ ਸਿਖ ਦਾ ਜਨਮ ਸ਼ਾਂਤ ਮਈ ਦੀ ਹਦ ਹੋ ਜ਼ਾਣ ਤੇ ਹੋਇਆ। ਅਤੇ ਸਿਖ ਨੂੰ ਅਕਾਲ ਪਰਖ ਦੇ ਹੁਕਮ ਅਨੁਸਾਰ ਕਲਗੀਧਰ ਜੀ ਪਿਤਾ ਨੇ ਖੰਡੇ ਦੀ ਧਾਰ ਵਿਚੋਂ ਪੈਦਾ ਕੀਤਾ ਹੈ। ਸਿਖ ਪ੍ਰਾਣੀ ਮਾਤ੍ਰ ਦਾ ਸੇਵਕ ਸਚਾਈ ਅਤੇ ਇਨਸਾਫ ਦਾ ਪਹਿਰੇਦਾਰ ਹੈ। ਸਿਖ ਜੀਵਨ ਮੁਕਤ ਹੈ। ਪਰਉਪਕਾਰ ਅਤੇ ਕੁਰਬਾਨੀ ਸਿਖ ਦੀ ਖੁਰਾਕ ਹੈ।

ਸਿਖ ਜਥੇਬੰਦੀ ਤੋਂ ਬਿਨਾ ਕਖੋਂ ਹੌਲਾ ਹੈ। ਸਿਖ ਜਥੇਬੰਦੀ ਦੀ ਗੁੜ੍ਹਤੀ ਲੈਕੇ ਪੈਦਾ ਹੋਇਆ ਹੈ। ਸੰਸਾਰ ਭਰ ਦੇ ਉਘੇ ਜੁਧਾਂ ਵਿਚ ਖੂਨ ਦੀ ਹੋਲੀ ਖੇਲਣ ਵਾਲਾ ਇਸ ਦਾ ਇਤਿਹਾਸ ਹੈ। ਜਥੇਬੰਦੀ ਵਿਚ ਹੀ ਸਿਖ ਦੇ ਭਵਿਖਤ ਦਾ ਭੇਦ ਹੈ। ਸਿਖ ਦੀ ਸ਼ਾਨ ਉਸ ਦਾ ਜਥੇਬੰਦੀ ਦਾ ਅਚਰਣ ਹੈ। ਸਿਖ ਜਥੇਬੰਦੀ ਤੋਂ ਬਿਨਾ ਜੀਵਨ ਦੇ ਹਰ ਪਹਿਲੂ ਤੋਂ ਸਖਣਾ ਹੈ।

ਪਰ ਜਥੇਬੰਦੀ ਨਾਮ ਅਭਿਆਸ ਗੁਰਮਤਿ ਵਿਦਿਆ ਤੇ ਸੱਚੀ ਬੀਰਤਾ ਤੋਂ ਬਿਨਾ ਸਖਣੀ ਹੈ। ਇਨ੍ਹਾਂ ਤਿੰਨਾਂ ਗਲ਼ਾਂ ਤੇ ਗੁਰਮਤਿ ਅਨੁਸਾਰ ਥੋੜੇ ਸ਼ਬਦਾਂ ਵਿਚ ਚਾਨਣਾ ਪਾਇਆ ਜਾਂਦਾ ਹੈ।

**ਸੱਚੀ ਬੀਰਤਾ**-ਸੱਚੀ ਬੀਰਤਾ ਗੁਰ ਫੁਰਮਾਨ ਹੈ 'ਜਾਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ'। ਆਪਣੇ ਬਾਹੂ ਬਲ ਬਹੁ ਗਿਣਤੀ ਤੇ ਜਥੇਬੰਦੀ ਦੇ ਮਾਣ ਤੇ ਕਈ ਜੋਧਿਆਂ ਨੇ ਸੰਸਾਰ ਵਿਖੇ ਇਨਕਲਾਬ ਪੈਦਾ ਕਰ ਦਿਤੇ। ਪਰ ਖਾਲਸਾ ਪੰਥ ਦੀ ਬੀਰਤਾ ਇਕ ਅਲੌਕਿਕ ਬੀਰਤਾ ਹੈ। ਪੂਰੇ ਸਤਿਗੁਰੂ ਜੀ ਨੇ ਜ਼ੁਲਮ ਤੇ ਝੂਠ ਦੇ ਟਾਕਰੇ ਲਈ ਇਕ ਪੂਰੇ ਮਰਦ ਪੈਦਾ ਕਰਨ ਦੀ ਟਕਸਾਲ ਬਣਾਈ। ਜਿਨ੍ਹਾਂ ਅਕਾਲ ਪੁਰਖ ਦੀ ਟੇਕ ਤੇ ਸੱਚ ਤੇ ਧਰਮ ਦੀ ਟੇਕ ਲਈ ਉਨ੍ਹਾਂ ਪ੍ਰਵਾਹ ਹੀ ਨਹੀਂ ਕੀਤੀ। ਸੰਸਾਰ ਕੀ ਕਰਦਾ ਹੈ। ਇਸ ਦਾ ਨਤੀਜਾ ਕੀ ਹੋਵੇਗਾ। ਉਨ੍ਹਾਂ ਆਪਣੇ ਸੱਚੇ ਗੁਰੂ ਜੀ ਦੇ ਇਸ ਹੁਕਮ ਤੇ ਸਾਰੇ ਸੰਸਾਰ ਦੇ ਜ਼ਾਲਮਾਂ ਤੇ ਝੂਠਿਆਂ ਨਾਲ ਐਲਾਨੇ ਜੰਗ ਕਰ ਦਿਤਾ। ਯਥਾ ਹੁਕਮ

ਕਿ ਓਰਾ ਗਰੂਰ ਅਸਤ ਬਰ ਮੁਲਕ ਮਾਲ
ਕਿ ਮਾਰਾ ਪਨਾਹ ਅਸਤ ਯਜਦਾਂ ਅਕਾਲ

ਸ਼ਹਿਨਸ਼ਾਹਿ ਹਿੰਦ ਔਰੰਗਜ਼ੇਬ ਨੂੰ ਸੰਬੋਧਨ ਕਰਕੇ ਲਿਖਦੇ ਹਨ। ਤੈਨੂੰ ਅਪਣੀ ਫੌਜ ਤੇ ਖਜ਼ਾਨਿਆਂ ਦਾ ਘੁਮੰਡ ਹੈ। ਸਾਨੂੰ ਉਸ ਅਕਾਲ ਪੁਰਖ ਵਾਹਿਗੁਰੂ ਦੀ ਓਟ ਹੈ। ਖਾਲਸਾ ਪੰਥ ਨੇ ਇਸ ਹੁਕਮ ਤੇ ਕੇਹੇ ਫੁਲ ਚੜ੍ਹਾਏ। ਬਾਈਧਾਰ ਦੇ ਸਾਰੇ ਰਾਜੇ ਤੇ ਸ਼ਹਿਨਸ਼ਾਹ ਹਿੰਦ ਇਕ ਪਾਸੇ ਤੇ ਸਾਹਿਬ ਕਲਗੀਧਰ ਦੀ ਕਮਾਨ ਹੇਠ ਮੁਠੀ ਭਰ ਸੱਚੇ ਬੀਰ ਇਕ ਤਰਫ। ਇਤਿਹਾਸ ਗਵਾਹ ਹੈ ਕਿ ਦਸ ਲਖ ਫੌਜ ਚਾਲੀ ਸੂਰਬੀਰਾਂ ਨਾਲ ਲੜੀ। ਸਾਰਾ ਤਾਣ ਲਾਇਆ ਪਰ ਜ਼ੋਰ ਨਾ ਕਰ ਸਕੀ। ਇਸ ਮਹਾਂ ਵਾਕ

(ਬਾਕੀ ਅਗਲੇ ਸਫੇ ਤੇ)

Digitized by Panjab Digital Library | www.panjabdigilib.org

ਹਜਾਰਾਂ ਮਨੁਖਾਂ ਵਿਚੋਂ ਇਕ ਧਰਮੀ ਪੁਰਖ ਹੁੰਦਾ ਹੈ। ਹਜਾਰਾਂ ਧਰਮੀਆਂ ਵਿਚੋਂ ਅਜੇਹਾ ਪੁਰਸ਼ ਹੈ। ਜੋ ਸੰਸਾਰਕ ਵਿਖਯਾ ਤੋਂ ਉਪਰਾਮ ਹੋਇਆ ਹੋਵੇ॥ ਕਰੋੜਾਂ ਵਿਖਯਾ ਬਿਰਕਤਾਂ ਵਿਚੋਂ ਕੋਈ ਇਕ ਗਿਆਨੀ ਹੁੰਦਾ ਹੈ॥ ਕਰੋੜਾਂ ਗਿਆਨੀਆਂ ਵਿਚੋਂ ਇਕ ਸਖਾਤਕਾਰ ਗਿਆਨੀ ਸੰਜੁਕਤ ਇਕ ਵਿਗਯਾਨੀ ਹੁੰਦਾ ਹੈ॥ ਤੇ ਕਰੋੜਾਂ ਵਿਗਯਾਨੀਆਂ ਵਿਚੋਂ ਬਾਬਾ ਜੀ ਕਹਿੰਦੇ ਹਨ। ਮੈਂ ਡਰ ਕੇ ਆਖਣ ਦਾ ਹੀਆਂ ਕਰਦਾ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਿਧਾਂਤ ਨੂੰ ਸਮਝਣ ਵਾਲਾ ਕੋਈ ਇਕ ਸੂਰਾ ਹੁੰਦਾ ਹੈ॥ ਜਿਸ ਨੂੰ ਖਾਲਸਾ ਕਹਿੰਦੇ ਹਨ॥ ਸੋ ਸੰਸਾਰ ਵਿਖੇ ਦੁਰਲੱਭ ਹੈ ਅਜੇਹੇ ਗੁਰਮੁਖ ਜਨਾਂ ਦੇ

---

ਨੂੰ ਦੁਨੀਆਂ ਦਾ ਕੇਹੜਾ ਬੰਦਾ ਨਹੀਂ ਜਾਣਦਾ 'ਸਵਾ ਲਖ ਸਿਉਂ ਏਕ ਲੜਾਊਂ। ਤਬੀ ਗੋਬਿੰਦ ਸਿੰਘ ਨਾਮ ਕਹਾਊਂ।' ਇਹ ਸੱਚੀ ਬੀਰਤਾ ਸਤਿਗੁਰੂ ਦੇ ਦੁਲਾਰਿਆਂ ਦੇ ਹਿਸੇ ਆਈ ਹੈ। ਜੋ ਸੱਚ ਸਰੂਪ ਦੀ ਟੇਕ ਤੇ ਤੁਰਦੇ ਹਨ।

**ਨਾਮ ਅਭਿਆਸ**--ਸੰਸਾਰ ਵਿਖੇ ਬੜੇ ੨ ਮਹਾਂ ਪੁਰਸ਼ ਹੋਏ ਹਨ ਜਿਨ੍ਹਾਂ ਨੇ ਸੰਸਾਰ ਦੇ ਭਲੇ ਤੇ ਉੱਨਤੀ ਲਈ ਅਸਧਾਰਨ ਕੰਮ ਕਰ ਵਿਖਾਏ। ਪਰ ਖਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਭੇਦ ਇਕ ਵਖਰੀ ਅਲੋਕਿਕਤਾ ਹੈ। ਖਾਲਸਾ ਪੰਥ ਦੀ ਅਦੁਤੀ ਸ਼ਕਤੀ, ਅਡੋਲਤਾ, ਸ਼ਹੀਦੀ ਧਰਮ ਹਨ। ਤਿਆਗ, ਬੀਰਤਾ, ਸੇਵਾ, ਜਥੇਬੰਦੀ ਆਦਿ ਗੁਣਾਂ ਦਾ ਮੂਲ ਕਾਰਣ ਨਾਮ ਹੈ। ਨਾਮ ਸੱਚੇ ਤੇ ਪੂਰੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

ਯਥਾ ਗੁਰਫਰਮਾਨ–

'ਨਾਮੇ ਹੀ ਤੇ ਸਭ ਕਿਛ ਹੋਆ ਬਿਨ ਸਤਿਗੁਰ ਨਾਮ ਨ ਜਾਪੈ'

ਸੋ ਜਿਸ ਤਰ੍ਹਾਂ ਖਾਲਸਾ ਉਤਕਟ ਬੀਰ ਆਰੇ ਹੇਠ ਅਡੋਲ ਬੈਠੇ ਚਿਰਦੇ ਹਨ। ਬੰਦ ਬੰਦ ਕਟੀਂਦੇ ਤੇ ਖੋਪਰੀਆਂ ਉਤਰਦੀਆਂ ਹਨ। ਦੋਵੇਂ ਬੀਣੀਆਂ ਇਕਠੀਆਂ ਕਰ ਕਿੱਲਾਂ ਦੀ ਝੰਡ ਕਰਕੇ ਭੀ ਤਸੱਲੀ ਨਹੀਂ। ਉਤੋਂ ਦੀ ਨਾੜੇ ਬਧੇ ਜਾਂਦੇ ਹਨ ਅਜਿਹੇ ਮਹਾਨ ਸੰਕਟਾਂ ਤੇ ਅਡੋਲ ਰਹਿਣ ਲਈ ਅਉਖਧ ਭੀ ਉਸ ਸਰਬ ਕਲਾ ਸਮਰਥ ਅਕਾਲ ਪੁਰਖ ਦਾ ਨਾਮ ਹੀ ਹੈ। ਸੋ ਖਾਲਸਾ ਪੰਥ ਦੀ ਸੰਜੀਵਨੀ ਬੂਟੀ ਨਾਮ ਅਭਿਆਸ ਹੈ। ਗੁਰੂ ਪਿਆਰੇ ਨਾਮ ਅਭਿਆਸੀ ਗੁਰਸਿਖਾਂ ਦਾ ਪਰਮ ਧਰਮ ਹੈ ਕਿ ਸੰਸਾਰ ਦੇ ਮਰ ਚੁਕੇ ਪ੍ਰਾਣੀਆਂ ਨੂੰ ਗੁਰੂ ਲੜ ਲਾਕੇ ਨਾਮ ਵਿਚ ਜੋੜ ਦੇਣ। ਜਿਸ ਨਾਲ ਖਾਲਸਾ ਪੰਥ ਅਮਰ ਜੀਵਨ ਜੀਵੇ। ਦਵੇਖ ਤੇ ਕਾਮਨਾ ਦੀਆਂ ਲਾਟਾਂ ਵਿਚ ਝੁਲਸੇ ਸੰਸਾਰ ਨੂੰ ਨਾਮ ਅਭਿਆਸ ਦੀ ਮਾਧਵ ਛਾਇਆ ਹੇਠ ਸਦੀਵ ਸ਼ਾਂਤੀ ਪ੍ਰਾਪਤ ਹੋਵੇ।

**ਗੁਰਮਤਿ ਵਿਦਿਆ**–ਅਜ ਕਲ ਵਿਦਿਆ ਦਾ ਜ਼ਮਾਨਾ ਕਹੀਦਾ ਹੈ ਅਤੇ ਸਾਰੇ ਲੋਕੀਂ ਵਿਦਿਆ ੨ ਹੀ ਨਾਅਰਾ ਲਾਉਂਦੇ ਦੇਖੀਦੇ ਹਨ। ਪਰ ਸਤਿਗੁਰੂ ਜਿਸ ਨੂੰ ਵਿਦਿਆ ਦਸਦੇ ਹਨ ਉਹ ਵਿਦਿਆ ਇਸ ਵਰਤਮਾਨ ਸਮੇਂ ਦੀ ਵਿਦਿਆ ਤੋਂ ਵਖਰੀ ਹੈ। ਜੈਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਦੇਸ 'ਪੜ੍ਹਿਆ ਮੂਰਖ ਆਖੀਐ ਜਿਸ ਲਬ ਲੋਭ ਹੰਕਾਰਾ' ਜਿਸ ਨੇ ਲਾਲਚ ਤੇ ਮਾਣ ਛਡ ਕੇ ਸੰਸਾਰ ਦੇ ਉਪਕਾਰ ਲਈ ਨਿਸ਼ਕਾਮ ਯਤਨ ਕਰਨਾ ਨਹੀਂ ਸਿਖਿਆ ਉਹ ਵਿਦਵਾਨ ਕਹਾਂਦਾ ਹੋਇਆ ਵੀ ਮਹਾਂ

(ਬਾਕੀ ਅਗਲੇ ਸਫੇ ਤੇ)

Digitized by Panjab Digital Library | www.panjabdigilib.org

ਸਮੂਹ ਜੂਥ ਨੂੰ ਖਾਲਸਾ ਪੰਥ ਕਹਿੰਦੇ ਹਨ।। ਅਜੇਹੇ ਪੰਜਾਂ ਦੀ ਗੱਲ ਵਾਹਿਗੁਰੂ ਅਕਾਲ ਪੁਰਖ ਦੀ ਦਰਗਾਹੇ ਪ੍ਰਵਾਨ ਹੁੰਦੀ ਹੈ ।। ਉਸ ਨੂੰ ਠਾਕਨ ਹਾਰ ਕੋਈ ਪੈਦਾ ਨਹੀ ਹੋਇਆ ।। ਤੇ ਸਾਰੇ ਖਾਲਸਾ ਪੰਥ ਦੀ ਮਹਿਮਾ ਕੌਣ ਕਥ ਸਕਦਾ ਹੈ ।। ਇਕੋ ਗੱਲ ਕਹੀ ਜਾ ਸਕਦੀ ਹੇ ਜਿਸਦਾ ਇਲਾਨ ਸ੍ਰੀ ਹਜ਼ੂਰ ਨੇ ਆਪਣੇ ਸ੍ਰੀ ਮੁਖ ਤੋਂ ਉਚਾਰਨ ਕੀਤਾ ਹੈ ।। ਖਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮੇਹਉ ਕਰਉ ਨਿਵਾਸ ।

**ਰਾਜਿਆਂ ਨੂੰ ਤੜਫ ਕਿਉਂ** ਸ੍ਰੀ ਗੁਰੂ ਜੀ ਦੇ ਇਤ ਆਦਿ ਨਿਰਭੈ ਬਦਨ ਸੁਣੇ ਅਤੇ ਸ੍ਰੀ ਗੁਰੂ ਸਾਹਿਬ ਜੀ ਦੇ ਦ੍ਰਸਨ ਪਿਆਸੇ ੧੭੫੬ ਵੈਸਾਖੀ ਦੇ ਦੀਵਾਨ ਤੇ ਪੰਜਾਹ ੫੦ ਹਜ਼ਾਰ ਦੇ ਲਗ ਪਗ ਸਮੂਹ ਮਾਈ ਭਾਈ ਦੀ ਹਾਜਰੀ ਚਾਹੇ ਸੀ ਸੀਸ ਦੀ ਮੰਗ ਵੇਲੇ, ਬਹੁਤ ਸਾਰੇ ਖਿਲਰ ਪੁਲਰ ਗਏ ਸਨ, ਜਿਸ ਵਕਤ ਚੋਜੀ ਆਪਣੇ ਅਲੋਕਕ ਚੋਜ ਅਨੁਸਾਰ, ਦੀਵਾਨ ਵਿਚ ਸਮੇਤ ਪੰਜ ਪਿਆਰਿਆ ਦੇ ਆਇ ਤਾਂ ਸਾਰਿਆ ਵਿੱਚ ਹਰਾਨਗੀ ਛਾ ਗਈ, ਅਤੇ ਇਸ ਪੰਗਤੀ ਦੀ ਆਵਾਜ ਅਣ ਲਗੀ 'ਕਰ ਆਉ ਗੁਣ ਪਛੋਤਾਵਣਾ" ਹੁਣ ਪਛੋਤਾਵ ਕਰਦੇ ਹੋਇ ਦੀਵਾਨ ਵਿਚ ਸਭ ਸਾਮਲ ਹੋ ਗਏ।ਅਤੇ ਸ੍ਰੀ ਗੁਰੂ ਗਰੀਬ ਨਿਵਾਜ, ਜੀ ਦੇ ਪ੍ਰਸੰਨਤਾਈ ਭਰੇ ਬਚਨ ਸੁਣ ਕੇ ਸੰਗਤਾਂ ਨਿਹਾਲ ਹੁੰਦੀਆਂ ਰਹੀਆਂ ਅਤੇ ਦੀਵਾਨ ਦੀ ਸਮਾਪਤੀ ਤੋਂ ਬਾਦ ਚੋਜੀ ਸਤਿਗੁਰੂ ਨੇ ਸੰਗਤਾਂ ਨੂੰ ਬੜੀ ਪ੍ਰਸੰਨਤਾ ਨਾਲ ਅਗਲਾ ਪ੍ਰੋਗਰਾਮ ਸੁਣਾਕੇ

---

ਮੂੜ੍ਹ ਹੈ। ਅਜ ਕਲ ਦੀ ਸਾਇੰਸ ਵਿਦਿਆ ਨੇ ਕਿਸ ਤਰ੍ਹਾਂ ਸੰਸਾਰ ਵਿਖੇ ਤਬਾਹੀ ਮਚਾਈ ਸੀ । ਜਰਮਨੀ ਦੇ ਵਿਦਵਾਨਾਂ ਨੇ ਸਾਇੰਸ ਵਧਾਕੇ ਸੰਸਾਰ ਤੇ ਆਪਣਾ ਕੀ ਭਲਾ ਕੀਤਾ ? ਲਾਲਚ ਵਿਚ ਅੰਨ੍ਹੇ ਹੋ ਕੇ ਸਾਰੇ ਸੰਸਾਰ ਦੇ ਅਮਨ ਨੂੰ ਭੰਗ ਕਰ ਦਿਤਾ ਤੇ ਇਸ ਮਹਾਨ ਦੋਸ਼ ਦੀ ਸਜ਼ਾ ਆਪ ਹੀ ਭੁਗਤ ਰਿਹਾ ਹੈ ।

ਸ੍ਰੀ ਗੁਰੂ ਸਾਹਿਬਾਨ ਨੇ ਐਲਾਨ ਕੀਤਾ 'ਵਿਦਿਆ ਵੀਚਾਰੀ ਤਾਂ ਪਰ ਉਪਕਾਰੀ' ਵਿਦਿਆ ਦਾ ਵੀਚਾਰ ਇਹ ਹੈ ਕਿ ਇਨਸਾਨ ਸੰਸਾਰ ਦੇ ਉਪਕਾਰ ਵਿਚ ਜੁਟ ਜਾਏ ਤੇ ਨਾਲ ਹੀ ਵਿਦਿਆ ਉੱਚ ਭਾਵ ਚਾਲ ਚਲਨ ਦਸਿਆ । 'ਗੁਰਪ੍ਰਸਾਦੀ ਵਿਦਿਆ ਵੀਚਾਰੈ ਪੜ੍ਹ ਪੜ੍ਹ ਪਾਵੈ ਮਾਨ' ਗੁਰ ਕ੍ਰਿਪਾ ਨਾਲ ਇਨਸਾਨ ਵਿਦਿਆਵਾਨ ਬਣਕੇ ਉਚ ਆਚਰਣ ਨਾਲ ਸੰਸਾਰ ਵਿਖੇ ਉਚਾ ਸਤਿਕਾਰ ਪ੍ਰਾਪਤ ਕਰੇ। ਸੰਸਾਰ ਉਸਦਾ ਪੁਜਾਰੀ ਬਣੇ । ਅਜ ਕਲ ਲੋਕ ਸਕੂਲ ਕਾਲਜ ਵਡੇ ਵਡੇ ਸ਼ਹਿਰਾਂ ਵਿਚ ਖੋਲ੍ਹਦੇ ਹਨ । ਜਿਥੇ ਸਿਨਮੇ ਹਨ ਤੇ ਆਚਰਨ ਨੂੰ ਤਬਾਹ ਕਰਨ ਵਾਲੇ ਅਨੇਕਾਂ ਕਾਰਨ ਹਨ । ਪਰ ਕਲਗੀਧਰ ਪਾਤਿਸ਼ਾਹ ਜੀ ਨੇ ਸ੍ਰੀ ਦਮਦਮੇ ਸਾਹਿਬ ਨੂੰ ਉੱਚ ਵਿਦਿਆ ਦਾ ਕੇਂਦਰ ਚੁਣਿਆ ਤੇ ਗੁਰੂ ਕਾਸ਼ੀ ਨਾਮ ਰਖ ਕੇ ਨਿਵਾਜਿਆ । ਜਿਥੇ ਦਾ ਜਲ ਵਾਯੂ ਸੁਧ ਹੈ । ਆਚਰਨ ਤੇ ਬੁਰਾ ਅਸਰ ਪਾਉਣ ਵਾਲਾ ਕੋਈ ਰੋਗ ਨਹੀਂ । ਜੇ ਗੁਰੂ ਖਾਲਸਾ ਗੁਰੂ ਕਾਸ਼ੀ ਦੀ ਮਹਾਨਤਾ ਸਮਝ ਜਾਏ ਤਾਂ ਇਥੋਂ ਉਹ ਵਿਦਵਾਨ ਪਕੇ ਹੋ ਸਕਦੇ ਹਨ ਜਿਨ੍ਹਾਂ ਦੀ ਪੈਦਾਇਸ਼ ਉਹ ਆਪ ਹੀ ਹੋਣਗੇ ਤੇ ਜਦ ਤਕ ਗੁਰੂ ਕਾਸ਼ੀ ਯੂਨੀਵਰਸਟੀ ਬਣਾ ਕੇ ਪਿੰਡਾਂ ਵਿਚ ਵਡੇ ੨ ਸਕੂਲ ਨਹੀ ਖੁਲ੍ਹਦੇ, ਤਦ ਤਕ ਖਾਲਸਾ ਪੰਥ ਉਹ ਉੱਨਤੀ ਨਹੀਂ ਕਰ ਸਕਦਾ ਜਿਸ ਲਈ ਸ੍ਰੀ ਗੁਰੂ ਕਲਗੀਧਰ ਪਾਤਿਸ਼ਾਹ ਜੀ ਨੇ ਇਸ ਨੂੰ ਸਾਜਿਆ ਹੈ। ਉਹ ਵਿਦਿਆ ਗੁਰਮਤਿ ਭਿੰਨੀ ਵਿਦਿਆ ਹੀ ਹੈ ਜਿਸ ਨਾਲ ਸਾਰੇ ਸੰਸਾਰ ਦਾ ਭਲਾ ਹੋ ਸਕਦਾ ਹੈ। ਅਤੇ ਪ੍ਰਾਣੀ ਮਾਤ੍ਰ ਦੇਵਤਾ ਪਦ ਸਗੋਂ ਦੇਵਤਾ ਤੋਂ ਵੀ ਉਪਰ ਪਦਵੀ ਪ੍ਰਾਪਤ ਕਰ ਸਕਦਾ ਹੈ ਯਥਾ ਮਹਾ ਵਾਕ ਹੈ—

ਨਰ ਤੇ ਸੁਰ ਹੋਇ ਜਾਤ ਨਿਮਖ ਮਹਿ ਸਤਿ ਗੁਰ ਬੁਧ ਸਿਖਲਾਈ
ਨਰ ਤੇ ਉਪਜ ਸੁਰਗ ਕਉ ਜੀਤਿਓ ਸੋ ਅਵਖਧ ਮੈਂ ਪਾਈ

Digitized by Panjab Digital Library | www.panjabdigilib.org

ਵਿਦਾਇਗੀ ਦਿਤੀ ਹੁਣ ਪੰਜਾਹ ਹਜਾਰ ਸਿੱਖ ਸੰਗਤਾਂ ਨੇ ਹਿੰਦੁਸਤਾਨ ਦੇ ਕੋਨੇ ੨ ਗੁਰੂ ਜਸ ਅਤੇ ਜੋ ਜੈਕਾਰਿਆਂ ਦੀਆਂ ਧੁਨਾ ਗੁੰਜਾ ਦਿਤੀਆਂ ਜਿਸ ਨੂੰ ੨੨ ਧਾਰ ਦੇ ਰਾਜੇ ਸਹਾਰ ਨ ਸਕੇ (ਜਾਤ ਪਾਤ ਦਾ ਵਿਰੋਧੀ, ਸਸਤ੍ਰਾਂ ਦੀ ਅਗਿਆ ਤੋਂ ਉਲਟ ਮੂਰਤੀ ਦਾ ਖੰਡਨ ਕਰਨ ਵਾਲਾ ਉਸ ਨੂੰ ਅਜਿਹਾ ਕਸਟ ਦਿਤਾ ਜਾਵੇ ਜਿਸ ਨੂੰ ਸੁਣ ਕੇ ਹੋਰਨਾਂ ਨੂੰ ਹੀਆਂ ਨ ਪਏ) ॥ ਰਪੋਰਟਾਂ ਰਾਜਿਆਂ ਪਾਸ ਪੁਜੀਆਂ ਕਿ ਦਸਮੇਸ ਜੀ ਨੇ ਐਲਾਨ ਕੀਤਾ।" ਕਿ ਕੋਈ ਨਾ ਮੜੀ ਮਸਾਣ ਦੇਵੀ ਦੇਵਤਾਂ, ਪੀਰ ਪੈਗੰਬਰ, ਟੂਣਾ ਟਾਮਣ, ਮੰਤ੍ਰ, ਜੰਤ੍ਰ, ਬਰਤ, ਰੋਜਾ ਸਭ ਕੁਝ ਛਡਕੇ ਇਕ ਅਕਾਲ ਦੇ ਉਪਾਸ਼ਕ ਬਣੋ ॥ ਔਰ ਭੈ ਗੁਲਾਮੀ ਦੀ ਛਟ ਨੂੰ ਲਾਹ ਕੇ ਆਜ਼ਾਦੀ ਵਲ ਦੇਖੋ। ਚੂਹੜੇ ਚਮਿਆਰਾਂ, ਨਾਈ, ਛੀਂਬੇ, ਝਿਓਰ, ਸਭ ਨੂੰ ਅੰਮ੍ਰਿਤ ਛਕਾ ਜਾਤ ਪਾਤ ਤੋੜ ਕੇ, ਇਕ ਖਾਲਸਾ ਬਣ ਜਾਓ।

ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਆਪ ਜੀ ਦੀ ਬਾਦਸ਼ਾਹੀ ਹੁੰਦਿਆਂ ਹੋਇਆ ਆਪ ਜੀ ਦੇ ਘਰ ਵਿਚ ਆਕੇ ਐਸੇ ਬ ਨਣੂ ਬਨੇ, ਹੋਰ ਅੰਧੇਰਾ ਕੀ ਸਮਝਾਂਗੇ ਬਸ ਇਤ ਆਦਿ ਭੜਕਾਊ ਰਿਪੋਟ ਸੁਣ ਕੇ ਹਿੰਦੂ ਰਾਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਜੀ ਦੇ ਸੰਧਾਂਤ ਨੂੰ ਬਿਨਾਂ ਸਮਝੇ ਸੋਚੇ ਤਿੜ ਉਠੇ ਤੇ ਅਕਾਰਣ ਹੀ ਸ੍ਰੀ ਗੁਰੂ ਜੀ ਨਾਲ ਬਰੋਧ ਕਰਨਾ ਤੇ ਅਨੰਦ ਪੁਰ ਛਡੌਣ ਦੇ ਖਿਆਲ ਨਾਲ ਅਨੇਕ ਪ੍ਰਕਾਰ ਦੇ ਮਤੇ ਮਤਾਉਣ ਲਗੇ ॥ ਅਤੇ ਲਿਖ ਕੇ ਭੇਜਿਆ।

ਕਿ ਆਪਣੇ ਪਚਾਰ ਨੂੰ ਬੰਦ ਕਰੋ ਔਰ ਸਾਡੇ ਇਲਾਕੇ ਵਿਚੋਂ ਨਿਕਲ ਜਾਓ ਅਰ ਜੇ ਅਨੰਦ ਪੁਰ ਖਾਲੀ ਨਾ ਕੀਤਾ ਤਾਂ ਤੁਹਾਡੇ ਪਰ ਚੜ੍ਹਾਈ ਕੀਤੀ ਜਾਵੇਗੀ।

**ਸ੍ਰੀ ਗੁਰੂ ਜੀ ਵਲੋਂ ਇਸ ਦਾ ਉਤਰ:—** ਜੋ ਪ੍ਰਭ ਜਗਤ ਕਹਾਂ ਸੋ ਕਹਿਹੋ ॥ ਮ੍ਰਿਤ ਲੋਕ ਤੇ ਮੋਨ ਨ ਰਿਹੋ। (ਬਿੱਚਤ੍ਰ ਨਾਟਕ ਭਾਵ ਕਿ ਜੋ ਅਕਾਲ ਪੁਰਖ ਦਾ ਹੁਕਮ ਹੈ ॥ ਸੋਈ ਸੰਸਾਰ ਵਿਖੇ ਪ੍ਰਚਾਰ ਰਿਹਾ ਹਾਂ। ਮਰਦੂਦ ਤੇ ਡਰਪੋਕਾਂ ਤੋਂ ਡਰਕੇ ਮੈ ਸਤਿ ਉਪਦੇਸ਼ ਨੂੰ ਪ੍ਰਚਾਰਨਾ ਨਹੀਂ ਬੰਦ ਕਰਦਾ ॥

## ਅਨੰਦ ਪੁਰ ਖਾਲੀ ਕਰਾਉਣ ਦਾ ਤੁਹਾਡਾ ਹਕ ਨਹੀਂ

ਕਿਉਂਕਿ ਇਸ ਮਾਖਿਉਂ ਸ਼ਹਿਰ (ਅਨੰਦ ਪੁਰ) ਨੂੰ ਤੁਹਾਡੇ ਬਜ਼ੁਰਗਾਂ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮੁਲ ਲੈ ਕੇ ਵਸਾਇਆ ਸੀ। ਜੇ ਆਪ ਨੂੰ ਰਾਜ ਦਾ ਅਭਿਮਾਨ ਹੈ ਤਾਂ ਏਹ ਤਾਕਤ ਔਰੰਗਜ਼ੇਬ ਵਲ ਖਰਚ ਕਰੋ। 'ਸਕਤਾ ਦੇਖ ਨ ਆਵੈ ਰੋਹ' ਅਰ ਸਾਨੂੰ ਫਕੀਰ ਸਮਝ ਕੇ ਗਿਦੜ ਭਬਕੀਆਂ ਦਿੰਦੇ ਹੋ ਤਾਂ ਤੁਹਾਡੀ ਇਛਾ। ਫੇਰ ਏਧਰ ਖਾਲਸਾ ਧਰਮ ਵਿਰੋਧੀਆਂ ਨੂੰ ਸੋਧਣ ਵਾਸਤੇ ਤਿਆਰ ਹੈ। 'ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨਿ ॥ ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨ ॥'

## ਰਾਜੇ ਭੀਮ ਚੰਦ ਦੀ ਅਨੰਦ ਪੁਰ ਤੇ ਚੜ੍ਹਾਈ ਤੇ ਹਾਰ ਖਾਣੀ

ਇਤ ਆਦਿ ਬਿਲਾਸਪੁਰ ਵਾਲੇ ਭੀਮ ਚੰਦ ਰਾਜੇ (ਕਹਿਲੂਰੀਏ) ਨੇ ਸ੍ਰੀ ਦਸਮੇਸ਼ ਜੀ ਨੂੰ ਅਨੰਦ ਪੁਰ ਵਿਚੋਂ ਕਢਣ ਦੇ ਸੁਪਨੇ ਲੈਂਦੇ ਹੋਇ ਨੇ ਅਚਾਨਕ ਹੀ ਅਨੰਦ ਪੁਰ ਤੇ ਹੱਲਾ ਬੋਲ ਦਿਤਾ। ਏਧਰ ਸ੍ਰੀ ਗੁਰੂ ਜੀ ਤੋਂ ਆਗਿਆ ਲੈਕੇ ਸੂਰੇ ਸਿੰਘ ਸਰਦਾਰ ਭੀ ਖੇਲ ਸਮਝ ਕੇ ਮੈਦਾਨ ਵਿਚ ਆ ਗਜੇ ਅਤੇ ਰਣ ਖੇਤ੍ਰ ਵਿਚ ਫੌਜੀਆਂ ਦੇ ਚੰਗੇ ਆਹੂ ਲਾਹੇ। ਰਾਜਾ ਲੋਥਾਂ ਦੇ ਸਥਰ ਦੇਖ ਕੇ ਮੈਦਾਨੇ ਜੰਗ ਛਡ ਕੇ

Digitized by Panjab Digital Library | www.panjabdigilib.org

ਭਜ ਗਿਆ । ਠੀਕ ਹੰਸਾ ਨਾਲ ਟਟੀਹਰੀ ਕਿਤੁੰ ਪਹੁਚਾ ਦੌੜੀ (ਭਾਃ ਗੁਃ ਜੀ)

## ਸ੍ਰੀ ਗੁਰੂ ਜੀ ਦੀ ਪਹਿਲੀ ਜਿਤ ਤੇ ਰਾਜੇ ਦੀ ਹਾਰ

ਹੁਣ ੧੭੫੮ ਬਿਃ ਸ੍ਰੀ ਦਸਮੇਸ਼ ਜੀ ਦਾ ਨਿਰਭੈ ਉਤ੍ਰ ਤੇ ਭੀਮ ਚੰਦ ਦੀ ਹਾਰ ਦੇਖ ਕੇ ਪਹਾੜੀ ਰਾਜਿਆਂ ਨੂੰ ਅਤ ਦਾ ਕ੍ਰੋਧ ਚੜ੍ਹਿਆ ਅਤੇ ਆਪੋ ਆਪਣੀਆਂ ੨੦ ਹਜ਼ਾਰ ਫੌਜਾਂ ਲੈ ਕੇ ਅਨੰਦ ਪੁਰ ਦੇ ਉਦਾਲੇ ਘੇਰਾ ਪਾ ਲਿਆ ।

## ਸਿਖ ਫੌਜ

ਸ੍ਰੀ ਕਲਗੀਧਰ ਜੀ ਦੇ ਪਾਸ ੮੦੦੦ ਹਜ਼ਾਰ ਸਿੰਘ ਸਨ ਸ੍ਰੀ ਦਸਮੇਸ਼ ਜੀ ਨੇ ਸਿੰਘ ਫੌਜਾਂ ਨੂੰ ਪਹਾੜੀ ਰਾਜਿਆਂ ਦਾ ਦੁਧ ਵਾਲਾ ਉਬਾਲ ਉਤਾਰਨ ਨੂੰ ਬੰਗਾਰਿਆ । ਹੁਣ 'ਰਣ ਦੇਖ ਸੂਰੇ ਚਿਤ ਉਲਾਸ' ਸਿੰਘਾਂ ਨੇ ਪਹਾੜੀ ਰਾਜਿਆਂ ਤੇ ਫੌਜਾਂ ਨੂੰ ਬਹੁਤ ਕਰਾਰੇ ਹੱਥ ਦਖਾਇ । ਇਸ ਕਟਾ ਬਡੀ ਨੂੰ ਦੇਖ ਰਾਜਿਆਂ ਦੇ ਦਿਲ ਹਿਲ ਗਏ । ਘਬਰਾਇਆ ਹੋਇਆਂ ਨੂੰ ਕੁਝ ਨਾ ਸੁਝੇ ।

**ਸ੍ਰੀ ਗੁਰੂ ਜੀ ਦੀ ਨਿਰਭੈਤਾ:—** ਸ੍ਰੀ ਕਲਗੀਧਰ ਜੀ ਮਹਾਰਾਜ ਏਸੇ ਛੇੜਾ ਛਾੜੀ ਦੇ ਵਿਚ ਪਹੋਏ, ਜੋਤੀ ਸਰ, ਕੁਰੁਛੇਤ੍ਰ ਤੇ ਰਵਾਲਸਰ ਆਦਿਕ ਹਿੰਦੂ ਤੀਰਥਾਂ ਤੇ ਜਾਕੇ ਗੁਰ ਮਤ ਪ੍ਰਚਾਰ ਬੜੀ ਨਿਰਭੈਤਾ ਨਾਲ ਕਰਦੇ ਰਹੇ ॥

## ਹੁਣ ੨੨ ਧਾਰ ਰਾਜੇ ਤੇ ਸੂਬਾ ਸਿਰਹੰਦ

**ਸ੍ਰੀ ਅਨੰਦ ਪੁਰ ਖਾਲੀ ਨਾ ਕਰਾ ਸਕੇ ਤਾਂ:—** ਹਾਰ ਕੇ ਸੋਚਣ ਲਗੇ ਕਿ ਆਪਾਂ ਏਨਾਂ ਜੰਗਾਂ ਤੋਂ ਬਿਨਾਂ ਹੋਰ ਬੀ ਛੋਟੇ ਮੋਟੇ ਕਈ ਜੰਗ ਕਰ ਚੁਕੇ ਹਾਂ ਪਰ ਅਨੰਦ ਪੁਰ ਖਾਲ ਰਾਣ ਦੀ ਥਾਂ ਸਗੋਂ ਸ੍ਰੀ ਗੁਰੂ ਜੀ ਨੇ ਤਾਂ ਉਸੇ ਧੁਨ ਵਿਚ ਪ੍ਰਚਾਰ ਫਿਰ ਤੁਰ ਕੇ ਕਰਨਾ ਅਰੰਭ ਦਿਤਾ ਹੈ ।

**ਦਿਲੀ ਨੂੰ ਬਿਨੈ ਪਤ੍ਰ:—** ੨੨ ਧਾਰ ਰਾਜੇ ਤੇ ਸੂਬੇ ਸਰਹੰਦ ਨੇ ਮਿਲਕੇ ਬਿਨੈ ਪਤ੍ਰ ਬਾਦਸ਼ਾਹ ਔਰੰਗਜੇਬ ਨੂੰ (ਦਿਲੀ) ਭੇਜਿਆ ਜਿਸ ਨੂੰ ਪੜ੍ਹ ਕਰ ਬਾਦਸ਼ਾਹ ਦੇ ਦਿਲ ਅੰਦਰ ਕ੍ਰੋਧ ਅਗਨੀ ਪੈਦਾ ਗਈ ।

**ਕੀ ਲਿਖਿਆ:—** ਹੇ ਸਦਾ ਸਲਾਮਤ ਬਾਦਸ਼ਾਹ, ਏਧਰ ਸਾਡੇ ਇਲਾਕੇ ਵਿਖੇ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਆਪ ਦੇ ਆਪ ਨੂੰ ਸੱਚਾ ਪਾਤਸ਼ਾਹ ਸਦੌਂਦਾ ਹੈ ਉਸ ਨੇ ਐਤਨਾ ਉਧ ਮੂਲ ਮਚਾਇਆ ਕਿ ਅਗੇ ਓਹੋ ਪੀਰਾਂ, ਪੈਗੰਬਰਾਂ, ਦੇਵੀ ਦੇਵ ਅਤੇ ਸਭ ਰੀਤਾਂ ਦਾ ਖੰਡਨ ਕਰਦਾ ਸੀ ਅਤੇ ਹੁਣ ਕੈਂਹਦਾ ਹੈ ਜਾਤ ਪਾਤ ਨੂੰ ਮਿਟਾਕੇ ਇਕ ਖਾਲਸਾ ਪੰਥ ਵਿਚ ਸਿੰਘ ਸਜਕੇ ਮਿਲ ਜਾਣਾ ਚਾਹੀ ਦਾ ਹੈ ॥

Digitized by Panjab Digital Library | www.panjabdigilib.org

ਆਪ ਤਾਂ ਚਾਹੁੰਦੇ ਹੋਂ ਕਿ ਹਿੰਦੂਆਂ ਨੂੰ ਮੁਸਲਮਾਨੀ ਮਤ ਧਾਰਨ ਕਰਕੇ ਭਿਸਤਾਂ ਦੇ ਦਰਵਾਜ਼ੇ ਖੁਲਾਏ ਜਾਣ ॥ ਏਧਰ ਏਹ ਮੁਸਲਮਾਨਾ ਨੂੰ ਸਿੰਘ ਸਜਾਕੇ ਖਾਲਸਾ ਪੰਥ ਵਿਚ ਮਲਾ ਰਿਹਾ ਹੈ ਜਿਸ ਦੇ ਪਾਸ ਸਾਰੇ ਪੰਜਾਬ ਦੇ ਚੋਰ ਧਾੜਵੀ ਇਕਠੇ ਕਰਕੇ ਉਨਾਂ ਨੂੰ ਖੁਲੀਆਂ ਖੁਰਾਕਾਂ ਦੇਕੇ ਜੰਗ ਦੇ ਤਰੀਕੇ ਸਖਾ ਰਿਹਾ ਹੈ ॥ ਅਤੇ ਜੰਗ ਕਰਨ ਵਾਸਤੇ ਮੈਦਾਨ ਵਿਚ ਕੁਦ ਪਿਆ ਹੈ । ੨੨ ਧਾਰ ਰਾਜਿਆਂ ਤੇ ਸੂਬਾ ਸਰਹੰਦ ਦੀਆਂ ਫੌਜਾਂ ਉਸ ਨਾਲ ਜੰਗ ਕਰਨ ਤੋਂ ਅਸਮਰਥ ਹੋ ਗਈਆਂ ਹਨ ॥ ਇਸ ਕਰਕੇ ਅਸੀ ਹਜ਼ੂਰ ਦੀ ਸੇਵਾ ਵਿਚ ਬਿਨੈ ਪਤ੍ਰ ਭੇਜਦੇ ਹਾਂ । ਸਰਕਾਰ ਸਾਡੀ ਹਾਲਤ ਤੇ ਤਰਸ ਖਾਕੇ ਸਾਡੀ ਸਾਹਾਇਤਾ ਲਈ ਫੌਜਾ ਭੇਜੋ ਤੇ ਧਿਆਨ ਰਖੋ ਨਹੀ ਤਾਂ ਕੁਝ ਅਰਸੇ ਵਿਚ ਹੀ ਪੰਜਾਬ ਦੇ ਹਿੰਦੂ ਰਾਜਿਆਂ ਨੂੰ ਫਤੇ ਕਰਕੇ ਹਜ਼ੂਰ (ਮੁਸਲਮਾਨੀ) ਦੇ ਰਾਜ ਦਾ ਖਾਤਮਾ ਕਰਦੇਵੇਗਾ।ਭੜਕਾਊ ਗਲਾਂ ਲਿਖ ਕੇ ਬਲਦੀ ਤੇ ਤੇਲ ਪਾਉਣਦਾ ਕੰਮ ਕੀਤਾ।

## ਸ੍ਰੀ ਕਲਗੀ ਧਰ ਪਾਤਿਸਾਹ ਨਾਲ ਜੰਗ ਕਰਨ ਵਾਲੇ ਕੌਣ ਕੌਣ ਹਿੰਦੂ ਰਾਜੇ

ਕੇਸਰੀ ਚੰਦ ਜਸਵਾਲੀਆ, ਹਰੀ ਚੰਦ ਹੰਡੂਰੀਆ, ਭੀਮ ਚੰਦ ਕਲਹੂਰੀਆ, ਸੁਖ ਦਯਾਲ ਜਸਰੋਟੀਆ, ਕ੍ਰਿਪਾਲ ਚੰਦ ਕਟੋਚੀਆ, ਫਤਹ ਸ਼ਾਹ ਸ੍ਰੀ ਨਗਰੀਆ ਤੇ ਪ੍ਰਿਥੀ ਚੰਦ ਡਢਵਾਲੀਆ ਸਨ ਇਤ ਆਦਿ ਬਾਈ ਧਾਰ ਰਾਜਿਆਂ ਦੇ ਜੰਗ ਦਾ ਜ਼ਿਕਰ ਜ਼ਫ਼ਰ ਨਾਮੇ ਵਿਖੇ ਔਂਦਾ ਹੈ।

## ਸ਼ਾਹੀ ਫੌਜ ਦਿਲੀ ਤੋਂ ਆਉਣੀ ਤੇ ਹਾਰ ਖਾਣੀ

ਔਰੰਗਜ਼ੇਬ ਬਾਦਸ਼ਾਹ ਨੇ ਦਿਲੀ ਤੋਂ ਅਮੀਰ ਖਾਂ, ਨਜਾਬਤ ਖਾਂ, ਹੈਬਤ ਖਾਂ, ਸੈਦ ਖਾਂ, ਰਮਜ਼ਾਨ ਖਾਂ ਅਤੇ ਦੀਨਾਂ ਬੇਗ ਆਦਿ ਸਰਦਾਰਾਂ ਨੂੰ ਫੌਜਾਂ ਘਲਕੇ ਸੂਬੇ ਸਰਹੰਦ ਨੂੰ ਬਹੁਤ ਸਖਤ ਤਾੜਨਾ ਕੀਤੀ ਕਿ ਜੋ ਆਪਣੇ ਆਪ ਨੂੰ ਸੱਚਾ ਗੁਰੂ ਸਦਾਉਂਦਾ ਹੈ ਪਕੜ ਕੇ ਮੇਰੇ ਪਾਸ ਘੱਲੋ।

## ਪੰਜਾਬ ਵਿਚ ਦਿਲੀ ਫੌਜਾਂ ਦੀ ਸੁਣਸੁਣੀ ਅਤੇ ਇਧਰ ਰਣ ਦੇਖ ਸੂਰੇ ਚਿਤ ਉਲਾਸ-

ਦਿਲੀ ਤੋਂ ਔਰੰਗਜ਼ੇਬੀ ਫੌਜਾਂ ਆਉਂਦੀਆਂ ਸੁਣ ਕਰਕੇ ਗੁਰੂਪਿਆਰੇਸਿੰਘਜਿਵੇਂ ਜਿਵੇਂ ਸੁਣਨ ਤਿਵੇਂ ਤਿਵੇਂ ਅਨੰਦ ਪੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੀ ਅਰਦਲ ਵਿਚ ਇਕੱਤਰ ਹੋਣ ਲਗੇ। ੧੭ ਫਗਣ ਸੰਃ ੧੭੫੮ ਬਿਃ ਨੂੰ ਜੰਗ ਫੇਰ ਅਨੰਦ ਪੁਰ ਵਿਚ ਬੜੇ ਘਮਸਾਣ ਦਾ ਹੋਇਆ। ਪੰਜ ਦਿਨ ਲਗਾਤਾਰ ਡਟਕੇ ਯੁਧ ਹੁੰਦਾ ਰਿਹਾ। ਖਾਲਸੇ ਚਾਹੇ ਥੋੜੇ ਸਨ ਪਰ ਵੈਰੀਆਂ ਦੇ ਦੰਦ ਖੱਟੇ ਕਰ ਦਿਤੇ ਅਰ ਸ਼ਤਰੂਆਂ ਦੇ ਸਥਰ ਦੇ ਸਥਰ ਲਾ ਦਿਤੇ। ਔਰ ਸਿੰਘ ਭੀ ਬਹੁਤ ਸ਼ਹੀਦ ਹੋਏ। ਛੇਵੇਂ ਦਿਨ ਸ੍ਰੀ ਗੁਰੂ ਕਲਗੀ ਧਰ ਪਾਤਿਸ਼ਾਹ ਜੀ ਸਿੰਘ ਫੌਜਾਂ ਦੇ ਨਾਲ ਕਿਲੇ ਤੋਂ ਬਾਹਰ ਜੰਗ ਵਾਸਤੇ ਆਏ ਅਤਿ ਅੰਤ ਜ਼ੋਰ ਨਾਲ ਜੰਗ ਹੋਣ ਲਗਾ। ਸ੍ਰੀ ਗੁਰੂ ਸਾਹਿਬ ਜੀ ਦੇ ਹਥੋਂ ਦੋ ਪ੍ਰਸਿਧ ਸੈਨਾਪਤੀ ਅਮੀਰ ਖਾਂ ਤੇ ਸੈਦ ਖਾਂ ਮਾਰੇ ਗਏ। ਸ੍ਰੀ ਗੁਰੂ ਜੀ ਦੇ ਨੌਕਰ ਮਾਮੂ ਖਾਂ ਮੁਸਲਮਾਨ ਦੇ ਹਥੋਂ ਰਾਜਾ ਹਰੀ ਚੰਦ ਜਸਵਾਲੀਆ ਮਾਰਿਆ ਗਿਆ ਅਤੇ ਅਜਮੇਰ ਚੰਦ ਫੱਟੜ ਹੋਇਆ। ਅਖੀਰ ਨੂੰ ੨੨ ਧਾਰ ਰਾਜੇ ਅਤੇ ਬਾਦਸ਼ਾਹੀ ਸੈਨਾ ਨੂੰ ਗੁਰੂ ਖਾਲਸੇ ਨੇ ਰੋਪੜ ਤਕ ਦੁੜਾ ਕੇ ਦਮ ਲਿਆ।

Digitized by Panjab Digital Library | www.panjabdigilib.org

**ਦਿਲੀ ਤੋਂ ਦੂਜੀ ਵਾਰ ਫੌਜ ਔਣੀ**—ਔਰੰਗਜ਼ੇਬ ਨੇ ਬਹੁਤ ਨਮੋਸ਼ੀ ਮੰਨੀ। ਪਰ ਫੇਰ ਸੂਬੇ ਲਹੌਰ ਅਤੇ ਸੂਬੇ ਕਸ਼ਮੀਰ ਦੇ ਨਾਮ ਹੁਕਮ ਨਾਮੇ ਘੱਲੇ ਕਿ ਸੂਬੇ ਸਰਹੰਦ ਨਾਲ ਰਲਕੇ ਗੁਰੂ ਗੋਬਿੰਦ ਸਿੰਘ ਨੂੰ ਫੜ ਕੇ ਮੇਰੇ ਪਾਸ ਦਿਲੀ ਹਾਜ਼ਰ ਕਰੋ। ਅਖੀਰ ਬਹੁਤ ਜੰਗਜੂ ਫੌਜ ਲਹੌਰ ਤੋਂ ਦਿਲਾਵਰ ਖਾਂ, ਸਫਦਰ ਖਾਂ ਤੇ ਦਿੱਲੀ ਤੋਂ ਖ਼੍ਵਾਜਾ ਜ਼ਫਰ ਬੇਗ ਆਪੋ ਆਪਣੀਆਂ ਫੌਜਾਂ ਲੈ ਕੇ ਅਨੰਦ ਪੁਰ ਵਲ ਤੁਰ ਪਏ। ਅਧ ਮੂਏ ਜਿਹੇ ਪਹਾੜੀ ਰਾਜੇ ਭੀ ਆਪਣੀਆਂ ਫੌਜਾਂ ਲੈ ਕੇ ਜੰਗ ਵਿਚ ਆ ਸ਼ਾਮਲ ਹੋਏ।

**ਅਨੰਦ ਪੁਰ ਉਦਾਲੇ ਗਿਦੜ ਚਾਂਬੜਾਂ (ਘੇਰਾ)**— ਹੁਣ ਉਪਰ ਲਿਖੀਆਂ ਸਾਰੀਆਂ ਫੌਜਾਂ ਇਕੱਠੀਆਂ ਹੋ ਕੇ ਅਨੰਦ ਪੁਰ ਨੂੰ ਘੇਰਾ ਪਾ ਲਿਆ। ੨੨ ਜੇਠ ਸੰਮਤ ੧੭੬੧ ਬਿ: ਨੂੰ ਦੁਸ਼ਮਨ ਫੌਜਾਂ ਨੇ ਅਨੰਦ ਪੁਰ ਜੰਗ ਦੀ ਛੇੜਾ ਛਾੜੀ ਕੀਤੀ, ਇਸ ਵਕਤ ਸ੍ਰੀ ਗੁਰੂ ਜੀ ਦੀ ਸੇਵਾ ਵਿਚ ਸਿਰਫ ੧੦ ਹਜ਼ਾਰ ਖਾਲਸਾ ਫੌਜਾਂ ਸਨ। ਔਰ ਸ਼ਾਹੀ ਫੌਜ ਲੱਖਾਂ ਦੀ ਗਿਣਤੀ ਵਿਚ ਸੀ, ਸਾਰੇ ਸੂਬਿਆਂ ਨੇ ਮਿਲਕੇ ਵਿਚਾਰ ਕੀਤੀ ਕਿ ਆਪਣੇ ਪਾਸ ਫੌਜਾਂ ਜੰਗੀ ਹਨ ਦੂਜਾ ਪੂਰੇ ਸ਼ਾਹੀ ਸਮਾਨ, ਤੀਜਾ ਪਿਛੋਂ ਹੋਰ ਹਰ ਕਿਸਮ ਦੀ ਇਮਦਾਦ, ਚੌਥਾ ਖੁਲੇ ਮੈਦਾਨ। ਇਸ ਹੰਕਾਰ ਵਿਚ ਲਗੇ ਗਿਦੜ ਚਾਂਬੜਾਂ ਪਾਉਣ 'ਹਰ ਜੂ ਹੰਕਾਰ ਨਾ ਭਾਵਈ ਬੇਦ ਕੂਕ ਸੁਣਾਵੇ'। ਉਧਰ ਗੁਰੂ ਪਾਸ ਇਕ ਅਣਜਾਣ ਸਿੰਘ, ਦੂਜਾ ਜੰਗੀ ਸਮਾਨ ਗਿਣਤੀ ਦਾ, ਤੀਜਾ ਜਦ ਤੋਂ ਅਨੰਦ ਪੁਰ ਨੂੰ ਘੇਰਾ ਪਾਇਆ ਹੈ ਬਾਹਰੋਂ ਸਿੰਘ ਤੇ ਨਾ ਘਾਹ ਦਾਣਾ ਨਾ ਰਾਸ਼ਨ ਇਤ ਆਦਿ ਬੰਦ ਹੋਣ ਤੇ ਅੰਦਰ ਸਭ ਕੁਝ ਮੁਕ ਜਾਊ ਕਿਉਂਕਿ ਚੜ੍ਹਾਵੇ ਤੋਂ ਬਿਨਾਂ ਅਸਲਾ, ਮਾਇਆ, ਰਾਸ਼ਨ, ਹੋਰ ਕਿਤੋਂ ਤਾਂ ਔਣਾ ਨਹੀਂ, ਅਰੁ ਜੋ ਸਿੰਘ ਪਾਸ ਹਨ ਕੋਈ ਦੋ ਮਹੀਨੇ ਕੋਈ ਦਸ ਦਿਨ ਕੜਾਹ ਪ੍ਰਸਾਦ ਛਕਣ ਵਾਸਤੇ ਜੋ ਕਠੇ ਹੋਏ ਹਨ, ਫੌਜੀ ਹਲਾ ਦੇਖ ਕੇ ਸਭ ਨਠ ਜਾਣਗੇ ਜਾਂ ਮਾਰੇ ਜਾਣਗੇ। ਕੌਣ ਅਨੁਆਈ ਮੌਤ ਮਰਦਾ ਹੈ। ਅਤੇ ਹੋਰ ਸੂਬੇ ਪਹਾੜੀ ਫੌਜਾਂ ਦਾ ਦਿਲ ਧਰਾਕੇ ਕਿ ਆਪਾਂ ਇਕ ਦਮ ਹੱਲਾ ਮਾਰੋ। ਮੋਰਚਾ ਫਤਹ ਕਰਕੇ ਆਰਾਮ ਨਾਲ ਬੈਠੀਏ ਤੇ ਇਨਾਮ ਪਾਈਏ। ਇਸ ਹਲਾ ਸ਼ੇਰੀ ਵਿਚ ਆਏ ਹੋਏ ਸਾਰੇ ਬੜੇ ਹੌਸਲੇ ਨਾਲ ਇਕ ਦਮ ਅਨੰਦ ਪੁਰ ਕਲੇ ਦੇ ਨਜ਼ਦੀਕ ਜ਼ਬਰਦਸਤ ਹੱਲਾ ਕਰ ਕੇ ਆ ਪਏ।

ਜਦੋ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹੁਕਮ ਹੋਣ ਤੇ ਖਾਲਸੇ ਨੇ ਇਕ ਲਖਤ ਬੰਦੂਕਾਂ ਦੇ ਫੈਰ ਸ਼ੁਰੂ ਕੀਤੇ ਤਾਂ ਅਨਗਿਣਤ ਸਾਹੀ ਫੌਜਾਂ ਦੇ ਆਹੂ ਖਾਲਸੇ ਜੀ ਨੇ ਲਾਹਿ ਤਾਂ, ਸਾਰੇ ਸੂਬੇ ਹਰਾਨ ਹੋਣ ਲਗੇ॥ ਪਿਛੇ ਹਟ ਕੇ ਫੇਰ ਕਈ ਹਲੇ ਕੀਤੇ ਪਰ ਕਿਸੇ ਦੀ ਕੋਈ ਪੇਸ਼ ਨਾ ਜਾਏ ਤੇ ਸਿੰਘ ਅੰਦਰੋ ਤੋਪਾਂ ਦੇ ਫੈਰ ਧਰਤੀ ਕਮਾਊ ਕਰਨ ਤੇ ਦੁਸ਼ਮਣ ਦਾ ਬਹੁਤ ਨਕਸਾਨ ਹੋਏ॥ ਬਸ ਹੁਣ ਡੀਂਗਾਂ ਮਾਰਨ ਵਾਲੇ ਸਾਰੇ ਪਿਛੇ ਹਟ ਕੇ ਤੋਪਾਂ ਦੀ ਮਾਰ ਤੋਂ ਦੂਰ ਘੇਰਾ ਪਾਕੇ ਬੈਠ ਗਏ॥

ਹੁਣ ਆਪ ਤਾਂ ਲੜ ਨ ਸਕੇ ਤੇ ਇਕ ਹਾਥੀ ਨੂੰ ਸ਼ਰਾਬ ਪਿਲਾਂਕੇ ਉਸ ਦੇ ਮੱਥੇ ਪਰ ਲੋਹੇ ਦੀ ਇਕ (ਮਜਬੂਤ) ਭਾਰੀ ਤਵੀ ਬੰਨ ਕੇ ਲੋਹਗੜ ਕਿਲੇ ਦਾ ਦਰਵਾਜ਼ਾ ਤੋੜਨ ਲਈ ਘਲਿਆ॥ ਏਧਰ ਸ੍ਰੀ ਗੁਰੂ ਜੀ ਨੇ ਭਾਈ ਬਚਿਤ੍ਰ ਸਿੰਘ ਜੀ ਦੀ ਪਿਠ (ਗੁਰ ਥਾਪੀ ਦਿਤੀ ਕੰਡ ਜੀਉਂ) ਤੇ ਥਾਪੀ ਦੇਕੇ ਮੁਕਾਬਲੇ ਲਈ ਤੋਰਿਆ ਭਾਈ ਸਾਹਿਬ ਜੀ ਨੇ ਆਉਦੇ ਸਾਰ ਹਾਥੀ ਦੇ ਮਥੇ ਵਿਚ ਅਜਿਹੇ ਜੋਰ ਨਾਲ

Digitized by Panjab Digital Library | www.panjabdigilib.org

ਸਾਂਗ ਮਾਰੀ (ਨਾਗਣੀ) ਕਿ ਉਹ ਲੋਹੇ ਦੀ ਤਵੀ ਨੂੰ ਭੰਨ ਕੇ ਹਾਥੀ ਦੇ ਮਥੇ ਵਿਚ ਧਸ ਗਈ ਤੇ ਹਾਥੀ ਚੀਕਾਂ ਮਾਰਦਾ ਅਜਿਹਾ ਪਿਛੇ ਨੂੰ ਨਠਿਆ ਕਿ ਪਹਾੜੀਆਂ ਦੀ ਬਹੁਤ ਸਾਰੀ ਫੌਜ ਲਤਾੜ ਸਿਟੀ ॥ ਤਾਂ ੨੨ ਧਾਰ ਹੁਣ ਨਿਰਾਸੇ ਹੋਕੇ ਪਿਛੇ ਨੂੰ ਸ਼ਰਮੇ ਸ਼ਰਮਾਏ ਮੁੜ ਤੁਰੇ ।

**ਹੁਣ ਕੀ:-** ਸੂਬੇਦਾਰ ਸਰਹੰਦ ਅਗੇ ਰੋਣਾ ਪਿਟਣਾ ਤੇ ਉਸ ੨੦ ਹਜ਼ਾਰ ਰੁਪਿਆ ਤੇ ਇਕ ਰਾਜ ਪੂਤ ਜਾਈ (ਪੁਤ੍ਰੀ) ਦਾ ਡੋਲਾ ਦੇਣਾ ਕਰਕੇ ਆਪਣੀ ਸਹਾਇਤਾ ਲਈ ਸ੍ਰੀ ਗੁਰੂ ਜੀ ਦੇ ਵਿਰੁਧ ਚੜ੍ਹਾ ਲਿਆਏ। ੨੨ ਮੱਘਰ ਸੰ: ੧੭੫੮ ਬਿ: ਸ੍ਰੀ ਗੁਰੂ ਜੀ ਨੇ ਖਾਲਸਾ ਫੌਜ ਨੂੰ ਕੀਰਤ ਪੁਰ ਦੇ ਪਾਸ ਖੁਲ੍ਹੇ ਮੈਦਾਨ ਵਿਚ ਸਤਰੂ ਦਾ ਮੁਕਾਬਲਾ ਕਰਨ ਲਈ ਭੇਜਿਆ ਔਰ ਖਾਲਸਾ ਜੀ ਨੇ ਅਜਿਹੇ ਦੰਦ ਖਟੇ ਕੀਤੇ ਕਿ ਸੂਬੇਦਾਰ ਸਰਹੰਦ ਨੂੰ ਪਿਛਾ ਛਡਾਉਣਾ ਔਖਾ ਹੋਗਿਆ ਅਖੀਰ ਸਰਹੰਦ ਆਕੇ ਦਮ ਲਿਆ।

**ਹੁਣ ਗੁਰੂ ਜੀ ਵਲੋਂ ਸਿਖਾਂ ਦੀ ਪ੍ਰੀਖਿਆ:-** ਕਿਲੇ ਅੰਦਰ ਬਾਹਰੋਂ ਕੁਝ ਜਾਣਾ ਨ ਪਾਇ, ਅੰਦਰ ਚਾਹਿ ਬਹੁਤ ਕੁਝ ਸਮਾਨ ਜਮਾਂ ਸੀ, ਰੋਜਾਨਾ ਖ੍ਰਚ ਹੋਣ ਤੇ ਚਾਰ ਮਹੀਨੇ ਦਾ ਲਗਾ ਤਾਰ ਘੇਰਾ ਹੋਣ ਤੇ ਖਾਲਸੇ ਦਾ ਲੰਗਰ ਮਸਤਾਨਾ ਜ਼ਰੂਰ ਹੋਣਾ ਹੋਇਆ "ਜੇ ਗੁਰ ਭਰਮਾਮੇ ਸਾਂਗ ਕਰ ਕਿਆ ਸਿੱਖ ਬਿਚਾਰਾ" ਜਦ ਸਿੰਘ ਮੁਠੀ ਮੁਠੀ ਭੁਨੇ ਹਏ ਛੋਲੇ ਚਬਕੇ ਦਰਖਤਾਂ ਦੇ ਛਿਲੜ ਤੇ ਪਤੇ ਖਾਕੇ ਸਿੰਘ ਲੜਦੇ ਰਹੇ ਤਾਂ ਸਿੰਘਾਂ ਨੇ ਜਗਤ ਮਾਤਾ ਪਾਸ ਜਾ ਅਰਜ ਕੀਤੀ ਕੇ ਮਾਤਾਂ ਜੀ ਆਪ ਜੀ ਦੇ ਸਪੁਤ੍ਰ ਦਿਨੇ ਜੰਗ ਕਰਦੇ ਹਨ ॥ ਰਾਤ ਨੂੰ ਕੜਾਕੇ ਦੇ ਮਾਰੇ ਸਿੰਘ ਤੰਗ ਹੋ ਰਹਿ ਸ਼ਹੀਦੀਆਂ ਪਾ ਰਹਿ ਹਨ, ਜੈਸੇ ਕਵੀ ਜੀ ਨੇ ਅੱਖੀ ਦੇਖਿਆ ਹਾਲ, ਇਸ ਤ੍ਹਾਂ ਪੇਸ਼ ਕੀਤਾ

"ਇਸ ਭਾਂਤ ਬਹੁਤ ਦਿਨ ਗਏ ।
ਨਗਰ ਲੋਗ ਠਾਂਢੇ ਸਭ ਭਏ ।
ਦਰ ਕੇ ਆਗੇ ਕਰੀ ਪੁਕਾਰਾ ।
ਅੰਨ ਬਿਨਾ ਜੀਅ ਜਾਇ ਹਮਾਰਾ ।
ਦੇਖਹੁ ਇਹ ਹਵਾਲ ਅਬ ਭਯੋ।
ਉਡਐ ਮਾਸ ਹਾਡ ਸਭ ਰਹਯੋ।
ਬਿਨ ਭੋਜਨ ਜੀਵਨ ਅਬ ਨਹੀਂ ।
ਸੋ ਭੀ ਜੈ ਹੈ ਸਾਂਝ ਸੁਬਾਹੀ।

(ਸ੍ਰੀ ਗੁਰ ਸੋਭਾ ਗ੍ਰੰਥ)

ਅਨੰਦ ਪੁਰ ਵਾਸੀਆਂ ਦਾ ਤੇ ਸਿਖਾਂ ਦਾ ਏਹ ਹਾਲ ਦੇਖ ਕੇ ਜਗਤ ਮਾਤਾ ਜੀ ਨੇ ਸ੍ਰੀ ਗੁਰੂ ਜੀ ਦੇ ਪਾਸ ਜਾਕੇ ਪ੍ਰਾਰਥਨਾ ਕਰਨੀ ਕਿ ਜੋ ਆਪ ਜੀ ਦਾ ਫੁਰਮਾਨ ਹੈ ਕਿ

"ਸੇਵਕਰੀ ਇਨ ਕੀ ਮਨ ਭਾਵਤ,
ਔਰ ਕੀ ਸੇਵਾ ਸੁਹਾਤ ਨ ਜੀ ਕੋ ॥

Digitized by Panjab Digital Library | www.panjabdigilib.org

ਦਾਨ ਦਯੋ ਇਨਹੀ ਕੋ ਭਲੋ ਅਰੁ,
ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੇ ਇਨਹੀ ਕੋ ਦਯੋ,
ਜਗ ਮੈ ਜਸ ਔਰ ਦਯੋ ਸਭ ਫੀਕੋ ॥
ਮੋ ਗ੍ਰਿਹਿ ਮੈ ਮਨ ਤੇ ਤਨ ਤੇ,
ਸਿਰ ਲੈ ਲੋ ਧਨ ਤੇ ਸਿਰ ਸਭ ਹੀ ਇਨਹੀ ॥"

(ਖਾਲਸਾ ਮਹਿਮਾ)

ਜਗਤ ਮਾਤਾ:– ਤਾਂ ਫੇਰ ਸਿਖਾਂ ਨੂੰ ਭੁਖੇ ਮਾਰਨ ਦਾ ਕੀ ਭਾਵ।
ਸ੍ਰੀ ਗੁਰੂ ਜੀ:– ਕਿ ਲੰਗਰ ਵਿਚੋਂ ਜੋ ਹਾਜ਼ਰ ਹੈ ਛਕੋ।
ਜਗਤ ਮਾਤਾ ਜੀ:– ਲੰਗਰ ਤਾਂ ਮਸਤ ਹੋਗਿਆ ਹੈ।
ਸ੍ਰੀ ਗੁਰੂ ਜੀ:– ਤਾਂ ਫੇਰ ਭਾਣੇ ਅੰਦਰ ਸੰਕਰ ਰਹੋ।
ਮਾਤਾ ਜੀ:– ਜੋ ਖਜਾਨੇ ਭਰੇ ਹੈ ਕਿਸ ਵਾਸਤੇ ਭਰੇ ਹੈ।

ਸ੍ਰੀ ਗੁਰੂ ਜੀ ਨੇ ਮਾਤਾ ਜੀ ਦੇ ਸਾਮਣੇ ਇਕ ਸਿੱਖ ਤੋਂ ਸੰਖੀਆਂ ਮੰਗਾਕੇ ਰਗੜਾਕੇ ਚਾਰ ਖੁਰਾਕਾਂ ਬਿੰਨਾਕੇ ਮਾਤਾ ਜੀ ਨੂੰ ਕਿਹਾ ਆ ਲੌ ਚਾਰ ਪੁੜੀਆਂ ਜਾਕੇ ਚੋਹਾਂ ਸਾਹਿਬ ਜਾਦਿਆਂ ਨੂੰ ਇਕ ੨ ਪੁੜੀ ਦੇਵੋ ॥

ਜਗਤ ਮਾਤਾ–ਜੀ ਮੈਂ ਆਪਣੇ ਹੱਥੀਂ ਜ਼ਹਿਰ ਕਿਵੇਂ ਦੇ ਸਕਦੀ ਹਾਂ।

ਜਗਤ ਪਿਤਾ, ਦਸੋ ਗੁਰ ਪੰਥ, ਮੇਰਾ ਰੂਪ ਅਤੇ ਅਕਾਲ ਪੁਰਖ ਦੀ ਫੌਜ ਹੈ ਮੈਂ ਕਿਮੇ ਏਨਾਂ ਨੂੰ ਪੂਜਾ (ਸੰਖੀਆ) ਦੇ ਦੇਵਾਂ।

ਜਗਤ ਮਾਤਾ–ਫੇਰ ਹੁਣ ਭੁਖੇ ਕਿਮੇ ਬਚ ਸਕਦੇ ਹਨ ਚੰਗਾ ਜਿਸ ਨੇ ਜਾਣਾ ਹੈ ਓਹ ਬੇਦਾਵਾ* ਲਿਖ ਜਾਂਣ ਅਸੀ ਗੁਰੂ ਦੇ ਸਿਖ ਨਹੀਂ ਤੇ ਤੁਸੀਂ ਸਾਡੇ ਗੁਰੂ ਨਹੀਂ। ਜੋ ਸਬਰ ਅੰਦਰ ਹਨ ਉਹ ਰਹਿਣ, ਸਬਰ ਅੰਦਰ ਸਾਬਰੀ ਪੁਨਾ "ਭੁਖ ਤ੍ਰਿਖ ਨ ਬਿਆਪੀ ਜਿਸ ਅੰਤ੍ਰ ਨਾਮ ਪ੍ਰਕਾਸ ਹੈ। ਬਸ ਹੁਣ ਸਿੰਘ ਸਬਰ ਸਬੂਰੀ ਸਾਦਕਾ ਨੂੰ ਧਾਰਨ ਕਰਕੇ ਸੁਭਾ ਸ਼ਾਮ ਸਤਿਸੰਗ ਦਾ ਅਨੰਦ ਮਾਣਦੇ ਤੇ ਜੰਗ ਵਿਚ ਰੰਗ ਰਤੇ ਅਗੇ ਨਾਲੋਂ ਭੀ ਕੁਦ ਕੁਦ ਪੈਂਦੇ ਅਰ ਜਿਨਾਂ ਨੂੰ ਦੇਖ ਕੇ ਦੁਸਮਨ ਦੇ ਸਾਰੇ ਹਥਿਆਰ ਥੋਥੇ ਪੈਂਦੇ ਸਨ ॥

---

***ਸਿਖਾਂ ਨੇ ਬੇਦਾਵਾ ਲਿਖਣਾ:–** ਜਿਸ ਵਕਤ ਅਨੰਦ ਪੁਰ ਦਾ ਜੰਗ ਗਰਮਾ ਗਰਮ ਹੋਇਆ ਤਾਂ ਧਰਮ ਦੇ ਵਰੋਧੀਆਂ ਵਲੋ ਸਾਰੀਆਂ ਤਾਕਤਾਂ ਖ਼ਰਚ ਹੋ ਚੁਕੀਆਂ ਹੁਣ ਹਾਰ ਕੇ ਅਨੰਦ ਪੁਰ ਦੇ ਉਦਾਲੇ ਚੋਗਿਰਦ ਘੇਰਾ ਪਾਕੇ ਬੈਠ ਗਏ ਅਰ ਥਕ ਕੇ ਆਖਰ ਔਰੰਗਜੇਬ ਤੇ ਪਹਾੜੀ ਰਾਜਿਆਂ ਵਲੋਂ ਪੰਡਤਾਂ ਤੇ ਕਾਜੀਆਂ ਆਟੇ ਦੀ ਗਊ ਤੇ ਕੁਰਾਨ ਸਰੀਫ ਦੇਕੇ ਭੇਜਿਆ ਨਾਲ ਔਰੰਗਜੇਬ ਦੀ ਚਿਠੀ ਜਿਸ ਪਰ ਖੁਦਾ ਨੂੰ ਹਾਜਰ ਸਮਝ ਕੇ ਕਸਮਾਂ ਖਾਦੀਆਂ ਸਨ ਅਤੇ ਪਹਾੜੀ ਰਾਜਿਆਂ ਨੇ ਭੀ ਆਪਣੇ ਧਰਮ

(ਬਾਕੀ ਅਗਲੇ ਸਫੇ ਤੇ)

Digitized by Panjab Digital Library | www.panjabdigilib.org

## ਹੁਣ ਸਾਰੇ ਸੂਬਿਆਂ ਤੇ ਫੌਜਾਂ ਨੇ ਤੰਗ ਹੋਣਾ ।

੧. ਇਕ ਤਾਂ ਮੀਂਹ ਦਾ ਜ਼ੋਰ ਹੋਣ ਤੇ ਚੜ੍ਹਾਉ ਔਣਾ ਤੇ ਤੰਬੂ ਅਤੇ ਫੌਜਾਂ ਨੂੰ ਰੋੜ੍ਹ ਲਜਾਣਾ ।
੨. ਫਸਲਾ ਮਾਰੀਆਂ ਜਾਣ ਦੇ ਕਾਰਣ ਘਾਹ ਰਸਦ ਆਦਿ ਨਾ ਮਿਲਣਾ ।
੩. ਤਨਖਾਹਦਾਰ ਕਿਉਂ ਜਾਨਾ ਗੁਆਉਣ ।
੪. ਫੌਜਾਂ ਵਿਖੇ ਹੈਜਾ ਪੈ ਗਿਆ ਜਿਸ ਨਾਲ ਰੋਜ ਹਜਾਰਾਂ ਮੋਤਾਂ ਹੋਣ ਲਗੀਆਂ ।

**ਬਾਹਰ ਘੇਰਾ ਪਾਉਣ ਵਾਲਿਆਂ ਨੇ ਘਬਰਾਉਣਾ ਗਊ ਤੇ ਕੁਰਾਨ ਦੀ ਕਸਮ (ਸੁਗੰਧ)**—ਕਿਲੇ ਦੇ ਅੰਦਰ ਵਾਲਿਆਂ ਨਾਲੋਂ ਕਿਲੇ ਦੇ ਉਦਾਲੇ ਘੇਰਾ ਪਾਉਣ ਵਾਲੇ ਤੰਗ ਸਨ । ਇਨ੍ਹਾਂ ਵਿਚੋਂ ਸ਼ਰਫ ਅਲੀ ਆਦਿ ਮੁਖੀ ੨ ਮੁਸਲਮਾਨ ਜਰਨੈਲ ਬਿਨਾਂ ਜੰਗ ਤੋਂ ਹੀ ਮਰ ਗਏ । ਦੂਜਾ ਜ਼ੋਰ ਨਾਲ ਸਿਆਲ ਆ ਰਿਹਾ । ਇਤ ਆਦਿ ਤਕਲੀਫਾਂ ਨੂੰ ਅਨੁਭਵ (ਮੁਖ) ਕਰਕੇ ਹੁਣ ਮੁਖੀਆਂ ਦੇ ਇਕੱਠ ਕਰਨ ਦੀ ਵਿਉਂਤ ਸੋਚੀ।

**ਮੁਖੀਆਂ ਦੀ ਇਕਤਰਤਾ ਦੇ ਸੱਦਾ ਪਤਰ**—ਹੁਣ ਜ਼ਬਰਦਸਤ ਖਾਂ ਤੇ ਵਜ਼ੀਰ ਖਾਂ ਨੇ ਸੱਦੇ ਪੱਤ੍ਰ ਘਲ ਕੇ ਰਾਜੇ ਅਜਮੇਰ ਚੰਦ ਨੂੰ ਲਿਖਿਆ ਕਿ ਹੋਰ ੨੨ ਧਾਰ ਰਾਜਿਆਂ ਨੂੰ ਸਾਥ ਲੈ ਕੇ

---

ਦੀਆਂ ਕਸਮਾਂ ਖਾਧੀਆਂ ਅਰ ਸ੍ਰੀ ਗੁਰੂ ਜੀ ਨੂੰ ਕਿਹਾ ਕਿ ਆਪ ਇਕ ਵਾਰੀ ਅਨੰਦ ਪੁਰ ਛਡ ਜਾਓ ਆਪ ਜੀ ਤੇ ਫੌਜ ਹਮਲਾ ਨਹੀਂ ਕਰੇਗੀ ।। ਏਨੇ ਨਾਲ ਦੁਨੀਆਂ ਦੇ ਲੋਕ ਇਹ ਨਹੀ ਕਹਿਣ ਗੇ ਕਿ ਸ਼ਾਹੀ ਫੌਜਾਂ ਸ਼ਿਕਸਤ ਖਾਕੇ ਗਈਆਂ ਹਨ ।। ਸ੍ਰੀ ਗੁਰੂ ਜੀ ਨੇ ਅਧਰਮੀ ਲੋਕਾਂ ਦੀ ਕੁਟਲਤਾਈ ਨੂੰ ਜਾਣਦੇ ਹੋਣ ਤੇ ਇਨਾਂ ਦੀਆਂ ਕਸਮਾਂ ਤੇ ਇਤਬਾਰ ਨਾ ਕਰਦੇ ਹੋਇ ਇਨਕਾਰ ਕੀਤਾ ।। ਇਸ ਪ੍ਰਕਾਰ ਛੇ ਮਹੀਨੇ ਲਗਾ ਤਾਰ ਘੇਰਾ ਰਹਿਣ ਤੇ ਅੰਦਰੋ ਰਾਸਣ ਮੁਕਣ ਤੇ ਸਾਰੇ ਸਿੰਘ ਤੰਗ ਆਗਏ ਜਿਸ ਕਰਕੇ ਸਿੰਘਾਂ ਤੇ ਮਸੰਦਾ ਨੇ ਰਲ ਕੇ ਸ੍ਰੀ ਗੁਰੂ ਜੀ ਦੇ ਪਾਸ ਹਾਜਰ ਹੋਕੇ ਕਿਹਾ ਕਿ ਐਸ ਵਕਤ ਅਨੰਦ ਪੁਰ ਛਡ ਜਾਣਾ ਚੰਗਾ ਹੈ ।। ਸ੍ਰੀ ਦਸਮੇਸ਼ ਜੀ ਨੇ ਕਿਹਾ ਖਾਲਸਾ ਜੀ ਤਿੰਨ ਦਿਨ ਹੋਰ ਜੰਗ ਜੁਧ ਕਰੋ ਦੁਨੀਆਂ ਦਾ ਨਿਹਕੰਟਕ ਰਾਜ ਭੋਗੋਗੇ ।। ਭੁਖ ਤੋਂ ਤੰਗ ਆਏ ਸਿੰਘਾਂ ਨੇ ਬਚਨ ਕੀਤੇ ਕਿ ਅਸੀਂ ਤਾਂ ਤਿੰਨ ਘੜੀਆਂ ਭੀ ਨਹੀਂ ਲੜ ਸਕਦੇ ।। ਸ੍ਰੀ ਗੁਰੂ ਜੀ ਹਛਾ ਸਿੰਘੋ ਜਿਸ ਮੌਤ ਤੋਂ ਤੁਸੀਂ ਡਰਦੇ ਚਲੇ ਹੋ ਉਹ ਤੁਹਾਡੇ ਅਗੇ ਮੂੰਹ ਅਡੀ ਖੜੀ ਹੈ ।। ਅਸੀਂ ਤੁਹਾਨੂੰ ਬਚਾਉਣਾ ਚਾਹੁੰਦੇ ਹਾਂ ।। ਤੁਸੀਂ ਮੌਤ ਦੇ ਮੂੰਹ ਜਾਣਾ ਚਾਹੁੰਦੇ ਹੋ ।। ਜਾਓ ਜਿਸ ਨੇ ਜਾਣਾ ਹੈ ਬੇਦਾਵਾ ਲਿਖ ਕੇ ਚਲੇ ਜਾਓ ।। ਸ੍ਰੀ ਗੁਰੂ ਜੀ ਦੇ ਇਹ ਬਚਨ ਸੁਣ ਕੇ ਬਹੁਤ ਸਾਰੇ ਸਿੰਘਾਂ ਨੇ ਬੇਦਾਵੇ ਲਿਖ ਦਿਤੇ ।। ਅਤੇ ਚਲੇ ਗਏ ।। ਜੋ ਸਿਦਕ ਵਿਚ ਸਾਬਤ ਰਹੇ ਉਹ ਸ੍ਰੀ ਗੁਰੂ ਜੀ ਦੇ ਕੌਤਕਾਂ ਨੂੰ ਤਕ ਦੇ ਅਨੰਦ ਮਾਣ ਦੇ ਸਨ ।। ਇਸ ਵਕਤ ਸ੍ਰੀ ਗੁਰੂ ਜੀ ਨੇ ਸਾਢੇ ਉਨੀਂ ਕਰੋੜ ਰੁਪਿਆ, ਸ਼ਸਤ੍ਰ ਸਤਲੁਜ ਦਰਿਆ ਪਰਵਾਹ ਕੀਤੇ ਕੀਮਤੀ ਬਸਤ੍ਰ ਚੰਡੀ ਦੀ ਭੇਟਾ ਕੀਤੇ ।। ਰਾਤ ਨੂੰ ਵਰੋਧੀ ਫੌਜਾਂ ਨੇ ਦਰਿਆ ਵਿਚੋਂ ਬਹੁਤ ਢੂੰਡ ਕੀਤੀ ਤਾਂ ਕੁਝ ਹਥ ਨਾ ਲਗਾ ।। ਬਲਕੇ ਨਮੂਨੀਏ ਨਾਲ ਮਰਨ ਲਗੇ ਅਤੇ ਝੂਠੇ ਹੋਏ ਤੋਬਾ ਤੋਬਾ ਕਰਦੇ ਹਰਾਨ ਹੁੰਦੇ ਹਨ ।।

Digitized by Panjab Digital Library | www.panjabdigilib.org

ਔਣ। (ਅਜਮੇਰ ਚੰਦ ੨੨ ਧਾਰ ਦਾ ਮੁਖੀਆ ਸੀ) ਅਰ ਨਾਲ ਬ੍ਰਾਹਮਣ ਲਈ ਔਣੇ। ਰਾਜਾ ਅਜਮੇਰ ਚੰਦ ਦੇ ਨਾਲ ਆਏ ਰਾਜਾ ਗੁਪਾਲ ਦਾਸ, ਰਾਜਾ ਘਮੰਡ ਚੰਦ, ਪਰਮਾਨੰਦ ਤੇ ਸ਼ਿਵ ਕੁਮਾਰ ਜੋ ਪੰਡਤਾਂ ਵਿਚੋਂ ਸਿਆਣੇ ਮੁਖੀ ਸਨ।

ਜ਼ਬਰਦਸਤ ਖਾਂ ਤੇ ਵਜ਼ੀਰ ਖਾਂ ਦੇ ਸੱਦੇ ਨਾਲ ਸੱਯਦ ਅਲੀ, ਨਬੀ ਬਖਸ਼, ਦਲਾਵਰ ਖਾਂ ਆਦਿਕ ਇਕੱਠੇ ਹੋਏ ਅਤੇ ਵਿਚਾਰ ਪੇਸ਼ ਹੋਈ ਕਿ ਹੁਣ ਘੇਰਾ ਪਾ ਕੇ ਬੈਠਣਾ ਬੇਅਰਥ ਹੈ। ਰਲ ਕੇ ਹੱਲਾ ਬੋਲੋ ਅਮੇਦ ਹੈ ਖ਼ੁਦਾ ਭਲੀ ਕਰੇਗਾ। ੨੨ ਧਾਰ ਦੇ ਆਗੂ ਰਾਜੇ ਅਜਮੇਰ ਚੰਦ ਤੇ ਪੰਡਤ ਪਰਮਾਨੰ ਨੇ ਮਿਲਕੇ ਵਿਚਾਰ ਪੇਸ਼ ਕੀਤੀ ਕਿ ੨੨ ਧਾਰ ਰਾਜੇ ਜੰਗ (ਲੜਾਈ) ਤਾਂ ਲੜ ਨਹੀਂ ਸਕਦੇ। ਕੋਈ ਧੋਖੇ ਤੋਂ ਕੰਮ ਲੈਣ ਵਾਲੀ ਵਿਉਂਤ ਸੋਚੋ।

**ਠੀਕ ਠੀਕ**–ਪੰਡਤ ਪਰਨਾਨੰਦ ਹੇ ਰਾਜਨ ਸਭਾ, ਅਬ ਮੇਰੀ ਬਾਤ ਸੁਣੀਏ, ਇਕ ਬ੍ਰਾਹਮਣ ਤੇ ਇਕ ਮੌਲਵੀ ਗੁਰੂ ਜੀ ਪਾਸ ਘਲੇ ਜਾਣ ਤੇ ਜਿਨ੍ਹਾਂ ਦੇ ਪਾਸ ਆਟੇ ਦੀ ਗਊ ਤੇ ਕੁਰਾਨ ਹੋਣ, ਜਿਨ੍ਹਾਂ ਦੀਆਂ ਕਸਮਾਂ ਖਾਕੇ ਆਪਣੇ ਸਾਰਿਆਂ ਵਲੋਂ ਯਕੀਨ ਦਿਵਾਉਣ ਕਿ ਜੇ ਗੁਰੂ (ਜੀ) ਕੇਰਾਂ ਅਨੰਦ ਪੁਰ ਦਾ ਕਿਲਾ ਛਡ ਜਾਣ ਤਾਂ ਰਾਹ ਵਿਚ ਕਿਸੇ ਕਿਸਮ ਦੀ ਛੇੜ ਖਾਨੀ ਨਹੀਂ ਕੀਤੀ ਜਾਊਗੀ।ਅਰ ਬੇਫਿਕਰ ਹੋ ਕੇ ਜਿਧਰ ਚਿਤ ਚਾਹੇ ਚਲੇ ਜਾਣ।

ਪਰ ਅਸਾਂ ਕਸਮਾਂ ਉਤੇ ਪੂਰਾ ਨਹੀਂ ਰਹਿਣਾ ਕਿਉਂ ਜੇ ਗੁਰੂ (ਜੀ) ਮੰਨ ਜਾਣ ਤੇ ਜੇ ਕਿਲੇ ਚੋਂ ਬਾਹਰ ਨਿਕਲਣ ਤਾਂ ਕੁਝ ਦੂਰ ਜਾਣ ਤੇ ਆਪਾਂ ਹਮਲਾ ਕਰ ਦੇਈਏ, (ਕਿਉਂਕਿ ਕਿਲੇ ਦੀ ਆੜ ਹੋਣ ਕਰਕੇ ਆਪਾਂ ਜਿਤ ਨਹੀਂ ਸਕੇ) ਗੁਰੂ (ਜੀ) ਨਾਲ ਸਿਖ ਥੋੜੇ ਹਨ ਚੁਣ ਚੁਣ ਕੇ ਮਾਰ ਦਿਆਂਗੇ ਅਤੇ ਗੁਰੂ (ਜੀ) ਨੂੰ ਫੜ ਲਵਾਂਗੇ। ਵਾਹ ਵਾਹ ਚਾਲ ਬਹੁਤ ਠੀਕ ਹੈ।

ਜ਼ਬਰਦਸਤ ਖਾਂ–ਜੇ ਉਹ ਆਪਣੀ ਚਾਲ ਨੂੰ ਸਮਝ ਕੇ ਨਾ ਨਿਕਲੇ।

ਅਜਮੇਰ ਚੰਦ–ਫਿਰ ਹੋਰ ਫੌਜਾਂ ਮੰਗਵਾ ਕੇ ਕਿਲੇ ਉਤੇ ਹਮਲਾ ਕਰੋ। ਸਭ ਕੁਝ ਫਨਾਹ ਕਰਕੇ ਆਰਾਮ ਨਾਲ ਬੈਠਾਂਗੇ।

ਜ਼ਬਰਦਸਤ ਖਾਂ– ਹਛਾ ਏ ਮੈਂ ਵੀ ਮੰਨ ਲੈਂਦਾ ਹਾਂ। ਪਰ ਇਸ ਕਲੇਸ ਦਾ ਟੰਟਾ ਮੁਕੇ (ਕੋਈ ਪਾਸਾ ਹੋਵੇ) ਤਾਂ ਚੰਗਾ ਹੈ ਕਿਉਂਕਿ ਉਧਰ ਬਾਦਸ਼ਾਹ ਵਲੋਂ ਵੀ ਤਾੜਨਾ ਹੋਈ ਹੈ ਕਿ ਦੱਖਣ ਵਿਚ ਬਗਾਵਤਾਂ ਹੋ ਰਹੀਆਂ ਹਨ ਇਸ ਵਾਸਤੇ ਸ਼ਾਹੀ ਫੌਜ ਮੁੜ ਕੇ ਦਿੱਲੀ ਪੁਜਣੀ ਜ਼ਰੂਰੀ ਹੈ। ਜੇ ਇਹ ਜੰਗ ਦਾ ਟੰਟਾ ਨਾ ਮੁਕਿਆ ਤਾਂ ਜ਼ਰੂਰੀ ਦੱਖਣ ਵਿਚ ਬਗਾਵਤ ਹੋ ਜਾਵੇਗੀ।

ਰਾਜਾ ਅਜਮੇਰ ਚੰਦ–ਦਿਲ ਨਾ ਛੱਡੋ ਤੁਸੀਂ ਫਤਹ ਪਾਉਗੇ। ਤੁਸੀਂ ਲਿਆਓ ਕੋਈ ਕਾਜੀ ਜਾਂ ਮੌਲਵੀ ਮੇਰੇ ਵਲੋਂ ਪੰਡਤ ਸ਼ਿਵ ਕੁਮਾਰ ਤੇ ਪਰਮਾਨੰਦ ਜਾਣਗੇ ਜੋ ਬੜੇ ਸਿਆਣੇ (ਚਲਾਕ) ਪੰਡਤ ਹਨ।

ਜ਼ਬਰਦਸਤ ਖਾਂ ਤੇ ਵਜ਼ੀਰ ਖਾਂ ਨੇ ਸਲਾਹ ਕਰਕੇ ਕਾਜੀ ਨਬੀ ਬਖਸ਼ ਤੇ ਸੱਯਦ ਕਰਮ ਅਲੀ ਤੇ ਦੋਨੋ ਉਪਰਲੇ ਪੰਡਤ ਚਾਰੇ ਜਣੇ ਗਊ ਤੇ ਕੁਰਾਨ ਦੇ ਕੇ ਭੇਜੇ ਗਏ। ਜੋ ਸੁਲਾਹ ਦੀ ਨਿਸ਼ਾਨੀ ਦੇ ਕੇ ਮੋਰਚੇ

Digitized by Panjab Digital Library | www.panjabdigilib.org

ਵਾਲੇ ਸਿੰਘਾਂ ਕੋਲ ਪੁਜੇ। ਜਿਨ੍ਹਾਂ ਨੇ ਸ੍ਰੀ ਗੁਰੂ ਜੀ ਦੇ ਪਾਸ ਜਾਣ ਦੀ ਆਗਿਆ ਮੰਗੀ ਅਤੇ ਸਾਰੀ ਵਿਥਿਆ ਸੁਣਾਈ। ਕਿਉਂਕਿ ਸਮਝੌਤਾ ਕਰੌਣ ਵਾਸਤੇ ਸਾਲਸੀ ਦੇ ਤੌਰ ਤੇ ਮਿਲਣ ਆਏ ਹਾਂ। ਸਿੰਘਾਂ ਨੇ ਅਗੇ ਜਾਣ ਦੀ ਆਗਿਆ ਦਿਤੀ ਜੋ ਸਾਰਿਆਂ ਮੋਰਚਿਆਂ ਨੂੰ ਲੰਘ ਕੇ ਕਿਲੇ ਦੇ ਬੂਹੇ ਅਗੇ ਜਾ ਫਰਿਆਦ ਕੀਤੀ। ਸ੍ਰੀ ਗੁਰੂ ਦਸਮੇਸ਼ ਜੀ ਨੇ ਪੂਰੀ ਜਾਂਚ ਪੜਤਾਲ ਕਰਕੇ ਕਿਲੇ ਦਾਂ ਦਰਵਾਜ਼ਾ ਖੁਲਾਕੇ ਇਕ ਖਾਸ ਜਗ੍ਹਾ ਤੇ ਆਪਸ ਵਿਚ ਵਿਚਾਰਾਂ ਹੋਣ ਤੇ ਉਨ੍ਹਾਂ ਨੇ ਬੇਨਤੀ ਕੀਤੀ ਕਿ ਪੀਰ ਜੀ ਅਸੀਂ ਰਾਜੇ ਅਜਮੇਰ ਚੰਦ, ਰਾਜਾ ਗੁਪਾਲ ਦਾਸ, ਘੁਮੰਡ ਚੰਦ, ਜ਼ਬਰਦਸਤ ਖਾਂ, ਦਲਾਵਰ ਖਾਂ ਅਤੇ ਵਜ਼ੀਰ ਖਾਂ ਆਦਿ ਵਲੋਂ ਭੇਜੇ ਗਏ ਹਾਂ ਆਪ ਜੀ ਖੁਦਾ ਦਾ ਰੂਪ ਹੋ ਅਸਾਡੀ ਦੁਆ (ਅਰਦਾਸ) ਧਿਆਨ ਨਾਲ ਸੁਣੋ ਕਿ ਆਪ ਜੀ ਥੋੜੇ ਚਿਰ ਵਾਸਤੇ ਕਿਲਾ ਤੇ ਅਨੰਦ ਪੁਰ ਨੂੰ ਖਾਲੀ ਕਰਕੇ, ਸਮੇਤ ਸਾਰੇ ਸਮਾਨ ਦੇ ਜਿਧਰ ਇਛਾ ਚਲੇ ਜਾਓ, ਆਪ ਜੀ ਦੀ ਕੋਈ ਹਾਨੀ ਨਹੀਂ ਕਿਉਂਕਿ ਆਪ ਦੀਆਂ ਸਾਰੀਆਂ ਜਾਗੀਰਾਂ ਹਨ। ਅਤੇ ਸਾਨੂੰ ਉਠਣ ਦਾ ਬਹਾਨਾ ਮਿਲ ਜਾਏ ਅਰ ਰਾਹ ਵਿਚ ਹਿੰਦੂ ਜਾਂ ਤੁਰਕ ਸਿਪਾਹੀ ਆਪ ਉਪਰ ਹੱਲਾ ਨਹੀਂ ਕਰੇਗਾ, ਜੇ ਆਪ ਜੀ ਨੂੰ ਯਕੀਨ ਨਹੀਂ ਔਂਦਾ ਤਾਂ ਇਹ ਆਟੇ ਦੀ ਗਊ ਤੇ ਕੁਰਾਨ ਸ਼ਰੀਫ ਭੀ ਨਾਲ ਲਿਆਏ ਹਾਂ। ਸਾਰਿਆਂ ਵਲੋਂ ਸੁਗੰਧ ਖਾਦੀ ਕਿ ਆਪ ਜੀ ਨੂੰ ਕੋਈ ਤਕਲੀਫ ਨਹੀਂ ਦਿਤੀ ਜਾਵੇਗੀ।

ਇਹ ਲਿਖਤ ਤੇ ਬਚਨ ਸੁਣ ਕੇ ਸਿੰਘ ਬੀ ਬੇਨਤੀ ਕਰਨ ਲਗੇ ਸਚੇ ਪਾਤਿਸਾਹਿ ਏਦੂ ਪਰੇ ਹੁਣ ਕੀ ਬਾਕੀ ਹੈ ਸ੍ਰੀ ਗੁਰੂ ਜੀ "ਲੋਭੀ ਕਾ ਵਸਾਹ ਨਾ ਕੀਜੈ"

ਸ੍ਰਬ ਕਲਾਂ ਸਮਰਥ ਸ੍ਰੀ ਗੁਰੂ ਜੀ ਨੇ ਖਾਲਸੇ ਨੂੰ ਫਰਮਾਇਆ ਕਿ ਬੇ ਗੁਰ ਪੀਰੇ ਹਿੰਦੂ ਤੇ ਤੁਰਕਾਂ ਦੀ ਸੌਂਹ ਦਾ ਭਰੋਸਾ ਨਾ ਕਰਨਾ ਏਹ ਲੋਭ ਦੇ ਗਤਸੇ ਹੋਏ ਹਨ। ਅਤੇ ਆਪ ਜੀ ਕੁਝ ਦਿਨ ਧੀਰਜ ਕਰੋਂ॥ ਇਹ ਭਾੜੇਦੇ ਟਟੂ ਸਭ ਹਾਰਕੇ ਚਲੇ ਜਾਣਗੇ॥

ਇਹ ਉਤਰ ਸੁਣਕੇ ਸ਼ਾਹੀ ਸਰਦਾਰਾਂ ਤੇ ਪਹਾੜੀ ਰਾਜਿਆਂ ਵਲੋਂ ਔਰੰਗਜ਼ੇਬ ਨੂੰ ਚਿਠੀ ਘਲੀ ਗਈ ਕੇ ਸਾਡੀ ਹਾਰ ਸਮਝੋ, ਨਹੀ ਹੋਰ ਫੌਜ ਘਲੋ ਹੁਣ ਦਿਲੀ ਤੋਂ ੩੫ ਹਜਾਰ ਫੌਜ ਘਲੀ ਗਈ ਜਿਸ ਦੀ ਖਬਰ ਪਾਣੀਪਤ (ਕਰਨਾਲ) ਤੋਂ ਦੋ ਸਿੰਘਾਂ ਨੇ ਆਕੇ ਦਿਤੀ॥ ਤਾਂ ਸਿੰਘ ਬੀ ਲਗੇ ਜੰਗ ਦੇ ਤਿਆਰੇ ਵਜੋਂਣ। ਸ੍ਰੀ ਗੁਰੂ ਜੀ ਨੇ ਸਿੰਘਾਂ ਨੂੰ ਕਿਲੇ ਤੋਂ ਬਾਹਰ ਜੰਗ ਦੀ ਤਰਤੀਬ ਦੇਣੀ ਅਰੰਭ ਕੀਤੀ ਤਾਂ, ਕਹਲੂਰੀਏ ਨੇ ਵਜੀਦ ਖਾਂ ਅਰ ਜ਼ਬਰਦਸਤ ਖਾਂ ਸਰਦਾਰਾਂ ਨੂੰ ਦਸ ਕੇ ਗੁਰੂ ਜੀ ਪਰ ਤੋਪਾਂ ਦਾ ਫੈਰ ਕਰਾਇਆ, ਜਿਸਦਾ ਨਸ਼ਾਨਾ ਨਾ ਲਗਾ॥

**ਗੁਰੂ ਜੀ ਦਾ ਤੀਰ:-** ਸ੍ਰੀ ਗੁਰੂ ਸਾਹਿਬ ਜੀ ਨੇ ਇਕ ਤੀਰ ਵਜੀਰ ਖਾਂ ਦੇ ਪਲੰਘ ਦੇ ਪਾਵੇ ਵਿਚ ਮਾਰਿਆ ਜਿਸ ਨੇ ਵਜੀਦ ਖਾਂ ਤਾਂ ਕੰਬਾ ਦਿਤਾ ਜਦ ਵਜ਼ੀਦ ਖਾਂ ਨੇ ਕਢ ਕੇ ਦੇਖਿਆ ਤਾਂ ਸੋਨੇ ਬੰਦ ਵਾਲਾ ਤੀਰ ਹੈ ਤਾਂ ਗੁਰੂ ਜੀ ਦਾ ਹੈ॥ ਸਾਰਾ ਲਸ਼ਕਰ, ਕੰਬ ਉਠਿਆ ਕਿ ਢਾਈ ਮੀਲਾਂ ਤੋਂ ਇਥੇ ਤੀਰ ਕਿਵੇ ਪਾਵੇ ਵਿਚ ਲਗਿਆ॥ ਇਹ ਤਾਂ ਕਰਾਮਾਤੀ ਗੁਰੂ॥ ਆਪਾਂ ਤਾਂ ਲੜਾਈ ਕਰਦੇ ਹਾਕਲ ਬਾਕਲ ਹੋਇ ਹਾਂ ਤੇ ਗੁਰੂ ਜੀ ਚੋਜ ਹੀ ਕਰਦਾ ਹੈ ਜੇ ਚਾਹੇ ਆਪਾਂ ਨੂੰ ਏਥੇ ਹੀ ਮਾਰਸਕ ਦਾ ਹੈ॥ ਸ੍ਰੀ ਗੁਰੂ ਨੇ ਦੂਜੇ ਤੀਰ ਨਾਲ ਚਿਠੀ ਲਿਖ ਕੇ ਕੋਲ ਦੇ ਦਰਖਤ ਵਿਚ ਮਾਰਿਆ॥ ਜਿਸ ਵਿਚ ਲਿਖਿਆ ਸੀ॥ ਏਡੀ ਦੂਰ ਤੀਰ ਦਾ ਔਣਾ ਕਰਾਮਾਤ ਨਹੀ, ਏਹ ਕਰਤਬ ਹੈ ਔਰ ਅਸੀ ਤਹਾਨੂੰ ਕੇਰਾ ਬਾਗ ਧੋਖੇ ਨਾਲ

Digitized by Panjab Digital Library | www.panjabdigilib.org

ਨਹੀਂ ਮਾਰਾਂਗੇ ॥ ਅਸੀਂ ਸੂਰਮਿਆਂ ਵਾਂਗ ਤੁਹਾਨੂੰ ਜੰਗ ਵਿਚ ਮਾਰਾਂਗੇ ॥ ਸਾਰੇ ਰਾਜੇ ਚਿਠੀ ਪੜ੍ਹ ਕੇ ਲਗੇ ਕੰਬਣ ਤੇ ਸਾਰਿਆਂ ਦਿਆਂ ਮੂੰਹਾਂ ਚੋਂ ਨਿਕਲੇ ਧੰਨ ਗੁਰੂ ਧੰਨ ਗੁਰੂ ਆਪਾਂ ਏਨਾਂ ਨੂੰ ਜਿਤ ਨਹੀਂ ਸਕਦੇ ਪਰ ਜੇ ਗੁਰੂ ਚਾਹੇ ਆਪਾਂ ਸਾਰਿਆਂ ਨੂੰ ਏਥੇ ਹੀ ਮਾਰ ਸਕਦੇ ਹਨ ॥

**ਸਿੰਘਾਂ ਦੀ ਬੇਨਤੀ:–** ਬੇਨਤੀ ਕਰਨ ਲਗੇ ਕਿ ਸਚੇ ਪਾਤਿਸ਼ਾਹ ਜੀਓ ਜਦ ਹਿੰਦੂ ਮੁਸਲਮਾਨਾਂ ਦੋਹਾਂ ਨੇ ਆਪੋ ਆਪਣੇ ਮਜ਼ਹਬ ਅਨੁਸਾਰ ਕਸਮਾਂ ਖਾਧੀਆਂ ਅਤੇ ਸ਼ਾਹੀ ਪੱਤ੍ਰ ਜੋ ਔਰੰਗਜ਼ੇਬ ਵਲੋਂ ਨਾਲ ਹੈ* ਕਿਸੇ ਤੇ ਤਾਂ ਇਤਬਾਰ ਕਰਨਾ ਚਾਹੀਏ, ਆਪ ਜੀ ਫੁਰਮਾਨ ਕਰਦੇ ਹੁੰਦੇ ਹੋ ਕਿ ਹੱਠ ਨਹੀਂ ਕਰਨਾ ਚਾਹੀਦਾ। ਤਾਂ ਸ੍ਰੀ ਗੁਰੂ ਜੀ ਨੇ ਬਚਨ ਕੀਤਾ, ਸਿੰਘ ਸਾਹਿਬੋ, ਕਚੇ ਪਹਾੜੀਏ ਬਾਦ ਬਬਾਦ ਕਰਨ ਵਾਲਿਆਂ ਤੇ ਕੋਈ ਇਤਬਾਰ ਨਹੀਂ। ਦੁਹੂੰ ਪੰਥ ਮੈ ਕਪਟ ਵਿਦਿਆ ਚਲਾਨੀ। ਤਬੈਤੀਸਰ ਪੰਥ ਕੀਓ ਪਰਧਾਨੀ। (ਪਾ: ੧੦) ਪਰ ਹੁਣ ਆਪ ਜੀ ਦਾ ਬਚਨ ਮਨ ਕੇ ਤੁਹਾਨੂੰ ਨਿਜ਼ਾਰਾ ਦਖੌਂਦੇ ਹਾਂ ॥

**ਸ੍ਰੀ ਗੁਰੂ ਜੀ ਨੇ ਪਰੀਖਿਆ ਕਰਨੀ:–** ਸਿੰਘ ਸਾਹਿਬਾਂ ਨੂੰ ਹੁਕਮ ਕੀਤਾ ਕਿ, ਟੁਟਿਆ ਭਜਿਆ ਸਮਾਨ ਜੋ ਹੈ ਸਭ ਬੋਰੀਆਂ ਵਿਚ ਪਾਕੇ ਬੰਦ ਕਰ ਦਿਓ ॥ ਅਰ ਘੋੜਿਆਂ ਦੀ ਲਿਦ ਤੇ ਲੋਹਾ, ਲੰਗਰ ਦੀ ਸੁਆਹ, ਭਰ ਕੇ ਰਾਤ ਨੂੰ ਬੈਲਾਂ ਤੇ ਲਦ ਕੇ ਮਸਾਲਾਂ ਜਗਾਕੇ ਬੌਲਦਾਂ ਦੇ ਸਿੰਗਾਂ ਨਾਲ ਬੰਨ ਦਿਓ ਨਗਾਰੇ ਨੂੰ ਲਾਦਿਓ ਚੋਟ ਕਿ ਗੁਰੂ ਕੇ ਫੌਜਾਂ ਸਮੇਤ ਚਲੇ ਫੇਰ ਦੇਖੋ ਕਚੇ

---

***ਹਥ ਲਿਖਤ ਚਿਠੀ ਘਲੀ;–** ਅੰਤ ਨੂੰ ਔਰੰਗਜ਼ੇਬ ਦੇ ਹਥਾਂ ਦੀ ਲਿਖੀ ਹੋਈ ਕਿ ਇਕ ਚਿਠੀ ਆਈ। ਲਿਖਿਆ ਸੀ, "ਮੈਂ ਕੁਰਾਨ ਸ਼ਰੀਫ ਦੀ ਕਸਮ ਖਾਧੀ ਹੈ ਕਿ ਤੁਹਾਨੂੰ ਦੁਖ ਯਾ ਨੁਕਸਾਨ ਨਹੀਂ ਪਹੁੰਚਾਵਾਂਗਾ, ਤੇ ਜੇ ਮੈਂ ਐਸਾਂ ਕਰਾਂ ਤਾਂ ਖੁਦਾ ਦੇ ਘਰ ਮੈਨੂੰ ਢੋਈ ਨ ਮਿਲੇ ਇਸ ਲਈ ਲੜਾਈ ਭਿੜਾਈ ਬੰਦ ਕਰੋ ਅਤੇ ਮੇਰੇ ਕੋਲ ਆਓ ॥ ਜੇ ਇੱਧਰ ਆਉਣਾ ਨਹੀਂ ਚਾਹੁੰਦੇ ਤਾਂ ਜਿਧਰ ਦਿਲ ਕਰੇ ਚਲੇ ਜਾਓ।' ਚਿਠੀ ਲਿਆਉਣ ਵਾਲੇ ਸ਼ਾਹੀ ਹਲਕਾਰੇ ਨੇ ਜ਼ਬਾਨੀ ਇਉਂ ਕਿਹਾ, "ਗੁਰੂ ਜੀ, ਬਾਦਸ਼ਾਹ ਦੇ ਦਰਬਾਰ ਜੋ ਭੀ ਜਾਂਦਾ ਹੈ ਤੁਹਾਡੀ ਉਪਮਾਂ ਕਰਦਾ ਹੈ ॥ ਇਸ ਕਰਕੇ ਬਾਦਸ਼ਾਹ ਨੂੰ ਯਕੀਨ ਹੈ ਕਿ ਤੁਹਾਡੇ ਨਾਲ ਗੱਲ ਬਾਤ ਕਰ ਕੇ ਉਸ ਨੂੰ ਅਨੰਦ ਪ੍ਰਾਪਤ ਹੋਵੇਗਾ ॥ ਉਸ ਨੇ ਹਜ਼ਰਤ ਮੁਹੰਮਦ ਦੀ ਸਹੁੰ ਖਾਧੀ ਹੈ ਅਤੇ ਖੁਦਾ ਨੂੰ ਇਸ ਕਸਮ ਦਾ ਗਵਾਹ ਰੱਖਿਆ ਹੈ ਕਿ ਤੁਹਾਨੂੰ ਕੋਈ ਦੁੱਖ ਨ ਦਿੱਤਾ ਜਾਵੇਗਾ। ਪਹਾੜੀ ਰਾਜਿਆਂ ਨੇ ਭੀ ਆਪਣੇ ਠਾਕਰਾਂ ਨੂੰ ਵਿਚ ਸਾਖੀ ਰੱਖ ਕੇ ਕਸਮਾਂ ਖਾਧੀਆਂ ਹਨ ਕਿ ਉਹ ਤੁਹਾਨੂੰ ਅਮਨ ਚੈਨ ਨਾਲ ਤੇ ਰਾਜੀ ਖੁਸ਼ੀ ਇਥੋਂ ਚਲੇ ਜਾਣ ਦੇਣਗੇ ॥ ਜੋ ਕੁਝ ਹੋਇਆ ਹੈ ਇਸ ਦਾ ਖ਼ਿਆਲ ਨ ਕਰੋ। ਤੁਹਾਡੇ ਬਲਦਾਂ ਉਪਰ ਜੋ ਹੱਲਾ ਹੋਇਆ ਸੀ ਉਹ ਕਿਸੇ ਰਾਜੇ ਦੀ ਚੁਕ ਕਰਕੇ ਨਹੀਂ ਸੀ ਹੋਇਆ। ਹੱਲਾ ਕਰਨ ਵਾਲਿਆਂ ਸਾਰਿਆਂ ਨੂੰ ਸਜ਼ਾ ਦਿੱਤੀ ਗਈ ਹੈ ॥ ਅਤੇ ਉਨ੍ਹਾਂ ਦੇ ਖੜਪੇਚ ਬੰਦੀਖਾਨੇ ਵਿਚ ਹਨ ॥ ਗੁਰੂ ਜੀ ਹੁਣ ਤੁਹਾਨੂੰ ਤਕਲੀਫ ਦੇਣ ਦਾ ਕੋਈ ਹੀਆਂ ਨਹੀਂ ਕਰੇਗਾ ॥ ਇਸ ਲਈ ਹਾਲ ਦੀ ਘੜੀ ਕ਼ਿਲ੍ਹਾ ਖਾਲੀ ਕਰ ਦਿਓ ਅਤੇ ਮੇਰੇ ਨਾਲ ਬਾਦਸ਼ਾਹ ਕੋਲ ਚਲੋ। ਫਿਰ ਜੋ ਤੁਹਾਡੀ ਮੌਜ ਹੋਵੇ ਕਰਨਾ ॥ (ਮੈਕਾਲਿਫ)

Digitized by Panjab Digital Library | www.panjabdigilib.org

ਪਹਾੜੀਇਆਂ ਦੇ ਹਾਲ ॥ ਹੁਣ ਸ੍ਰੀ ਗੁਰੂ ਜੀ ਦੇ ਹੁਕਮ ਨਾਲ ਖਚਰਾਂ ਘੋੜੇ ਤੇ ਬੈਲਾਂ ਪਰ ਸਮਾਨ ਲੱਦਕੇ ਰਾਤ ਨੂੰ ਕਿਲੇ ਤੋਂ ਬਹਾਰ ਕਢ ਕੇ ਕੀਰਤ ਪੁਰ ਵਲ ਤੋਰ ਦਿਓ ॥ ਜਦ ਸਿੰਘਾਂ ਨੇ ਏਵੇਂ ਹੀ ਕੀਤਾ ਤਾਂ ਸ਼ਾਹੀ ਅਫਸਰ ਤੇ ਪਹਾੜੀ ਰਾਜੇ ਸੌਂਹ ਤੋੜ ਕੇ ਲੁਟਣ ਆ ਪਏ ਕਿ ਗੁਰੂ ਕੇ ਖਾਜਾਨੇ ਤੇ ਕੀਮਤੀ ੨ ਸਮਾਨ ਲੈਕੇ ਜਾ ਰਹੇ ਹਨ ॥ ਆਪਾਂ ਹੁਣ ਮਾਲੋ ਮਾਲ ਹੋ ਕੇ ਆ ਜਾਂਦੇ ਹਾਂ ॥ "ਲੋਭ ਲਹਿਰ ਹਲਕਾਇਆ" ਦੇ ਹਲਕ ਵਿੱਚ ਆ ਪਏ ਤੇ ਸਭ ਸਮਾਨ ਲੁਟਕੇ ਲੈ ਗਏ ॥ ਬੜੇ ਖੁਸ਼ ਹੋਏ ਜਿਤ ਪ੍ਰਾਪਤ ਕਰਕੇ ਆਪੋ ਆਪਨੇ ਕੈਂਪਾਂ ਨੂੰ ਗਏ ॥ ਜਦ ਜਾਕੇ ਬੋਰੀਆਂ ਖੋਲਣ ਤਾਂ ਵਿਚੋਂ ਟੁਟੇ ਛਿਤ੍ਰ ਜਾਂ ਪਾਟੇ ਲੀੜੇ ਔਰ ਪੀਪਿਆਂ ਚੋਂ ਘੋੜਿਆਂ ਦੀ ਲਿਦ ਨਿਕਲੇ ॥ ਬਸ ਫੇਰ ਕੀ ਸੀ, ਆਪਣੀ ਕਸਮ ਤੋੜਨ ਤੇ ਬਹੁਤ ਸ਼ਰਮਿੰਦੇ ਹੋਏ ੨ ਪਸ਼ਚਾਤਾਪ ਕਰਦੇ ਝੂਰਨ ਲਗੇ ਤੇ ਦੂਜੇ ਨੂੰ ਦੂਜਾ ਕਹਿਣ ਲਗੇ ਧਰਮ ਤਾਂ ਗਿਆ ਤੇ ਹਥ ਵੀ ਕੁਝ ਨਾ ਆਇਆ ॥ ਏਹ ਤਾਂ ਗੁਰੂ ਜੀ ਨੇ ਆਪਣੀ ਪਰੀਖਿਆ ਕੀਤੀ ਹੈ ਤੇ ਗੁਰੂ ਜੀ ਵੀ ਕਿਲੇ ਅੰਦਰ ਹੀ ਹਨ ॥ ਹੁਣ ਸਿੰਘ ਇਹ ਨਜ਼ਾਰਾ ਦੇਖ ਕੇ ਦੰਗ ਰਹਿ ਗਏ ॥ ਅਤੇ ਤਕੜੇ ਹੋ ਕੇ ਲਗੇ ਜੰਗ ਲੜਨ ।

**ਭੁਲ ਤੇ ਪਾਸ਼ਚਤਾਵ—**ਜੰਗੀ ਜਰਨੈਲਾਂ ਨੇ ਗੁਰੂ ਜੀ ਪਾਸ ਸਫੀਰ ਭੇਜਕੇ ਮਾਫੀ ਮੰਗੀ ਤੇ ਕਿਹਾ ਕਿ ਇਹ ਕੰਮ ਸਾਥੋਂ ਬੇ ਖਬਰ ਸਾਡੇ ਮੂਰਖ ਸਿਪਾਹੀਆਂ ਤੋਂ ਹੋ ਗਿਆ ਹੈ† ਅਸੀਂ ਇਸ ਤੋਂ ਬਹੁਤ ਸ਼ਰਮਿੰਦੇ ਹਾਂ ਤੇ ਆਪਣੀਆਂ ਕਸਮਾਂ ਪਰ ਅਸੀਂ ਪੱਕੇ ਹਾਂ । ਰੱਬ ਦਾ ਵਾਸਤਾ ਆਪ ਜੀ ਇਕ

---

†ਸ੍ਰੀ ਗੁਰੂ ਜੀ ਚੰਗੀ ਤਰ੍ਹਾਂ ਸਮਝਦੇ ਸਨ ਕਿ ਇਨ੍ਹਾਂ ਦਾ ਧਰਮ ਈਮਾਨ ਕੋਈ ਨਹੀਂ ਪਰ ਸੰਗਤਾਂ ਦਾ ਬਚਨ ਤੇ ਅਕਾਲ ਪੁਰਖ ਦੇ ਭਾਣੇ ਅਨੁਸਾਰ ਅਤੇ ਜੋ ਔਰੰਗਜ਼ੇਬ ਨੇ ਗੁਰੂ ਜੀ ਪਾਸ ਆਟੇ ਦੀ ਗਊਅਤੇ ਕੁਰਾਨ ਸ਼ਰੀਫ ਭੇਜਿਆ ਸੀ । ਔਰੰਗਜ਼ੇਬ ਨੇ ਸ੍ਰੀ ਗੁਰੂ ਜੀ ਨੂੰ ਲਿਖਿਆ ੧. ਕ੍ਰਿਪਾ ਕਰਕੇ ਦਰਸ਼ਨ ਦੇਵੋ ੨. ਜੋ ਸਰਤ ਨਾਮੇ ਤੋਂ ਉਲਟ ਆਪ ਜੀ ਨੂੰ ਕੋਈ ਦੁਖ ਦੇਵੇਗਾ ਉਸ ਨੂੰ ਸਖਤ ਸਜ਼ਾ ਦਿਤੀ ਜਾਊ ਇਹ ਧੋਖਾ ਫਰੇਬ ਨਹੀਂ ਬਲਕਿ ਖੁਦਾ ਨੂੰ ਹਾਜ਼ਰ ਨਾਜ਼ਰ ਮੰਨ ਕੇ ਸਚਾਈ ਨਾਲ ਲਿਖਿਆ ਹੈ । ਏਸ ਕਰਕੇ ਹੀ ਸ੍ਰੀ ਗੁਰੂ ਜੀ ਜ਼ਫਰਨਾਮਾ (ਆਪਣੀ ਚਿਠੀ) ਜੋ ਕਾਂਗੜੇ ਤੋਂ ਔਰੰਗਜ਼ੇਬ ਨੂੰ ਘਲੀ ਉਸ ਵਿਚ ਸੌਂਹਾਂ ਦੇ ਬਚਨ ਯਾਦ ਕਰਾਏ ਸਨ । ਸ੍ਰੀ ਗੁਰੂ ਜੀ ਨੇ ਲਿਖਿਆ—

ਤੁਰਾ ਗਰ ਬਿਬਾਯਦ ਕੌਲੇ ਕੁਰਾਂ ।
ਬਨਿਜ਼ਦੇ ਸ਼ੁਮਾ ਰਾ ਰਸਾਨਮ ਹੁਮਾਂ ॥ ੫੭ ॥

(ਜਿਸਦਾ ਭਾਵ ਕਿ ਹੇ ਔਰੰਗਜ਼ੇਬ ਜੇ ਤੂੰ ਆਪਣੀ ਕੁਰਾਨ ਦੀ ਸੌਂਹ ਨੂੰ ਵੇਖਣਾ ਚਾਹੁੰਦਾ ਹਾਂ ਤਾਂ ਮੈਂ ਤੇਰੇ ਕੋਲ ਘਲਦਾ ਹਾਂ) । ਸ੍ਰੀ ਗੁਰੂ ਜੀ ਨੇ ਇਹ ਇਕਰਾਰ ਨਾਮਾ ਬਾਦਸ਼ਾਹ ਦੇ ਪੁਤਰ ਬਹਾਦਰ ਸ਼ਾਹ ਨੂੰ ਵੀ ਦਿਖਾਇਆ ਸੀ ਔਰ ਔਰੰਗਜ਼ੇਬ ਨੇ ਵੀ ਫੇਰ ਸਚੇ ਹੋਣ ਲਈ ਇਹ ਫ਼ਰਮਾਨ ਜਾਰੀ ਕੀਤਾ ਸੀ ਕਿ ਸ੍ਰੀ ਗੁਰੂ ਜੀ ਨੂੰ ਕੋਈ ਕੁਝ ਨਾ ਕਹੇ । ਉਧਰ ਚਮਕੌਰ ਤੇ ਮੁਕਤਸਰ ਸਾਹਿਬ ਜਾ ਕੇ ਬਾਦਸ਼ਾਹੀ ਸੈਨਾ ਨੇ ਜੰਗ ਕੀਤੇ । ਜਿਨ੍ਹਾਂ ਤੋਂ ਔਰੰਗਜ਼ੇਬ ਤੇ ੨੨ ਧਾਰ ਰਾਜਿਆਂ ਦੇ ਝੂਠ ਦਾ ਭਾਂਡਾ ਭਜ ਗਿਆ ।

Digitized by Panjab Digital Library | www.panjabdigilib.org

ਵਾਰ ਕਿਲਾ ਖਾਲੀ ਕਰ ਜਾਓ ਸਾਡੀ ਰਹਿ ਜਾਏ।

**ਅਨੰਦ ਪੁਰ ਕਿਲਾ ਛਡਣਾ**—ਅਨੰਦ ਪੁਰ ਸਾਹਿਬ ਦਾ ਕਿਲਾ ਛਡਣ ਤੋਂ ਪਹਿਲੇ ਸ੍ਰੀ ਗੁਰੂ ਜੀ ਨੇ ਸਿੰਘਾਂ ਨੂੰ ਫੌਜੀ ਤਰਤੀਬ ਅਨੁਸਾਰ ਜਥੇ ਬਣਾ ਕੇ ਪੂਰੀ ਟਰੇਨਿੰਗ ਦੇ ਕੇ ਸਮਝਾਇਆ ਕਿ ਦੋ ਸੌ ਸਿੰਘ ਮਾਈਆਂ ਦੇ ਜਥੇ ਨਾਲ ਜੋ ਮਾਈਆਂ ਸ਼ਹੀਦ ਸਿੰਘਾਂ ਦੀਆਂ ਸਨ (ਜੋ ਜੰਗ ਵਿਚ ਸ਼ਹੀਦ ਹੋਏ ਸਨ) ਅਰ ਉਨ੍ਹਾਂ ਨੂੰ ਸ੍ਰੀ ਗੁਰੂ ਜੀ ਵਲੋਂ ਹੁਕਮ ਸੀ ਕਿ ਜਿਸ ਬੀਬੀ ਦੀ ਇਛਾ ਹੋਵੇ ਤਾਂ ਜਿਸ ਸਿੰਘ ਨਾਲ ਚਾਹੁਣ ਤਾਂ ਪੁਨਰ ਵਿਵਾਹ (ਅਨੰਦ ਕਾਰਜ) ਕਰਾ ਲੈਣ। ਜਥੇ ਦੇ ਜ਼ੁਮੇਵਾਰ ਭਾਈ ਮੋਹਕਮ ਸਿੰਘ, ਭਾਈ ਈਸ਼ਰ ਸਿੰਘ, ਭਾਈ ਧਰਮ ਸਿੰਘ, ਭਾਈ ਮਿਲਖਾ ਸਿੰਘ, ਭਾਈ ਮਨੀ ਸਿੰਘ ਆਦਿ ਬਹਾਦਰ ਸਨ। ਇਸ ਜਥੇ ਨੂੰ ਹੁਕਮ ਸੀ ਕਿ ਰਾਜ ਨਾਹਨ ਵਿਚ ਪਾਉਂਟੇ ਸਾਹਿਬ ਪਹੁੰਚੋ। ਸ੍ਰੀ ਗੁਰੂ ਜੀ ਨੇ ਭਾਈ ਸਿਆਮ ਸਿੰਘ ਜੀ ਨੂੰ ਚਿਠੀ ਦੇ ਕੇ ਅਗੇ ਘਲਿਆ ਸੀ। ਭਾਈ ਮਨੀ ਸਿੰਘ ਜੀ ਸ੍ਰੀ ਗੁਰੂ ਜੀ ਦੇ ਖਾਸ ਇਤ-ਬਾਰੀ ਸਿੰਘ ਸਨ ਛੋਟੇ ਸਾਹਿਬ ਜਾਦੇ ਮਾਈਆਂ ਨਾਲ ਸਨ॥ ਵਡੇ ਸਾਹਿਬਜਾਦਿਆ ਦੀ ਜਥੇਦਾਰੀ ਹੇਠ ਪੰਜ ਸੌ ਸੂਰਬੀਰ ਸਿੰਘ ਸੀ॥ ਸ੍ਰੀ ਗੁਰੂ ਜੀ ਦੇ ਅਰਦਲ ਵਿਚ ਪੰਜ ਸੌ ਦਾ ਜਥਾ ਸੀ॥

## ਜਥਿਆਂ ਦੀ ਤਰਤੀਬ

੧. ਜੱਥਾ ਸ੍ਰੀ ਗੁਰੂ ਜੀ ਦਾ
੨. ਜੱਥਾ ਮਾਈਆਂ, ਬੀਬੀਆਂ ਤੇ ਬਚੇ
੩. ਜੱਥਾ ਸਾਹਿਬਜ਼ਾਦਿਆਂ ਦਾ ਫੌਜੀ
੪. ਜੱਥਾ ਬਾਕੀ ਫੌਜਾਂ ਦਾ
੫. ਜੱਥਾ ਖੱਚਰ ਪਾਤਰੀ ਸਭ ਤੋਂ ਪਿਛੇ ਸੀ

**ਸ੍ਰੀ ਅਨੰਦ ਪੁਰ ਆਖਰੀ ਅਰਦਾਸ.**— ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੭ ਪੋਹ ਸੰਮਤ ੧੭੬੧ ਬਿ: ਨੂੰ ਸਭ ਪ੍ਰਵਾਰ ਸਮੇਤ ਸਮੂਹ ਸੰਗਤਾਂ ਨੂੰ ਉਨਾਂ ਦੀ ਤੀਬਰ ਇੱਛਾ ਅਨੁਸਾਰ ਆਪਣਾ ਜ਼ਰੂਰੀ ਸਮਾਨ ਲੈ ਅੰਮ੍ਰਿਤ ਵੇਲੇ ਗੁਰਦੁਆਰਾ ਸੀਸ ਗੰਜ ਹਾਜ਼ਰ ਹੋਵੋ। ਹੁਕਮ ਅਨੁਸਾਰ ਸੁਬਤ ਸਿੰਘ ੧੫ ਮਘਰ* ਅੰਮ੍ਰਿਤ ਵੇਲੇ ਹਾਜ਼ਰ ਹੋਇ ਅਤੇ ਰਾਗੀ ਸਿੰਘਾਂ ਵਲੋ ਸ੍ਰੀ ਗੁਰੂ ਗ੍ਰੰਥ ਸਾ: ਜੀ ਦੇ ਹਜ਼ੂਰ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭਿਆ ਜਿਸ ਦੀ ਸਮਾਪਤੀ ਤੇ ਕੜਾਹ ਪ੍ਰਸਾਦ ਦੀ ਦੇਗ

---

***ਅਨੰਦ ਪੁਰ ਛਡਣ ਦੀਆਂ ਤਾਰੀਖਾਂ.**-- ੧੫ ਮਘਰ ਸੰ ੧੭੬੧ ਬਿ: ਮੁਤਾਬਕ ੧੭੦੪ ਈ: ਗਿ: ਗਿਆਨ ਸਿੰਘ ਜੀ ਤਵਾਰੀਖ ਖਾਲਸਾ ਦੇ ਸਫ ੧੯੩੮ ਤੇ ਲਿਖਦੇ ਹਨ ਗਿਆਨੀ ਤ੍ਰਲੋਕ ਸਿੰਘ ਜੀ ਦਸ ਗੁਰ ਚਮਤਕਾਰ ਦੇ ਸਫਾ ੪੦੮ ਤੇ ਲਿਖਦੇ ਹਨ। ੧੫ ਮਘਰ ਸੰ: ੧੭੬੧ ਈ: ਗਿ: ਲਾਲ ਜੀ ਸੰਗਰੂਰ ਤਵਾਰੀਖ ਗੁਰੂ ਖਾਲਸਾ ਪੰਥ ਦੇ ਸਫਾ ੮੭੬ ਤੇ ਲਿਖਦੇ ਹਨ ਕਿ ੭ ਪੋਹ ਸੰ: ੧੭੬੧ ਬਿ: ਨੂੰ ਸ੍ਰੀ ਦਸਮੇਸ਼ ਜੀ ਨੇ ਸਰਬਤ ਪ੍ਰਵਾਰ ਤੇ ਖਾਲਸੇ ਸਮੇਤ ਉਨਾਂ ਦੀ ਤੀਬਰ ਇਛਾ ਅਨੁਸਾਰ ਆਪਣਾ ਜ਼ਰੂਰੀ ਸਮਾਨ ਲੈ ਅੰਮ੍ਰਿਤ ਵੇਲੇ ਅਨੰਦ ਪੁਰ ਤੋਂ ਤੁਰੇ।

Digitized by Panjab Digital Library | www.panjabdigilib.org

ਸਜਾ ਕੇ ਜਦ ਆ ਗਈ ਤਾਂ ਸ੍ਰੀ ਗੁਰੂ ਜੀ ਨੇ ਸੰਗਤਾਂ ਨੂੰ ਤਰਤੀਬ ਦਸਦਿਆਂ ਹੋਇਆਂ ਇਹ ਭੀ ਫ਼ਰਮਾਇਆ ਕਿ ਇਥੇ ਭਾਈ ਗੁਰਬਖਸ਼ ਸਿੰਘ ਗ੍ਰੰਥੀ ਦੀ ਸੇਵਾ ਕਰਨ ਗੇ ਆਪ ਨੂੰ ਕੋਈ ਦੁਖ ਨਹੀਂ ਦੇ ਸਕੇਗਾ ॥

# ਕੁਰਾਨ, ਗਊ ਦੀਆਂ ਸੋਹਾਂ ਤੇ ਬਾਦਸ਼ਾਹੀ ਐਹਦਨਾਮੇ ਤੋੜ ਕੇ ਅਨੰਦਪੁਰ ਬਰਬਾਦ ਕਰਨਾ ਤੇ ਸ੍ਰੀ ਗੁਰੂ ਜੀ ਪਰ ਹਮਲਾ ਕਰਨਾ

ਸ੍ਰੀ ਗੁਰੂ ਜੀ ਅਨੰਦਪੁਰ ਜੀ ਤੋਂ ਕੁਝ ਮੀਲਾਂ ਪੁਰ ਹੀ ਆਏ ਸਨ ਤਾਂ ਸਾਹੀ ਸੈਨਾਂ ਤੇ ਬਾਈ ਧਾਰ ਰਾਜੇ

---

***ਅਨੰਦਪੁਰ ਦਾ ਵਿਛੋੜਾ ਤੇ ਅੰਤਮ ਅਰਦਾਸਃ--**ਸ੍ਰੀ ਪੂਰਨ ਪਰਮਾਤਮਾ ਨੇ ਜੋ ਸਰਿਸਟੀਦੀ ਰਚਨਾ ਰਚੀ ਹੈ ਇਹ ਬੜੀ ਹੀ ਬਲਕਸ਼ਨ ਹੈ ਗੁਰੂ ਵਾਕ "ਕੋਇ ਨਾ ਕਿਸ ਹੀ ਜਿਹਾ ।

ਬੰਦਾ ਉਪਾਇਆ" ਕਿਉਂਕਿ ਕੋਈ ਗੋਰਾ ਕੋਈ, ਕਾਲਾ, ਕੋਈ ਅੰਨਾ ਕੋਈ ਸੁਜਾਖਾ ਕੋਈ ਛੋਟਾ ਕੋਈ ਵਡਾ ਕੋਈ ਅਮੀਰ, ਕੋਈ ਗਰੀਬ, ਕੋਈ ਮਰਦ ਕੋਈ ਇਸਤ੍ਰੀ ਕੋਈ ਖੁਸਰਾ (ਨਪੁੰਸਕ) ਕੋਈ ਪੀਰ, ਕੋਈ ਪੈਗੰਬਰ, ਕੋਈ ਅਵਤਾਰ ਕੋਈ ਮਰੀਦ ਕੋਈ ਸੇਵਕ ।

ਪਸ਼ੂ:—ਪਸ਼ੂ ਜਾਤੀਆਂ ਤਾਂ ਚਾਹੇ ਕਿਨੀਆਂ ਹਨ ਪਰ ਦੂਜੇ ਨਾਲ ਦੂਜੇ ਦਾ ਰੰਗ, ਸਿੰਘ ਸਭਾਵ ਨਹੀਂ ਮਿਲਦੇ ।

ਪਾਣੀ:—ਕਿਤੇ ਤੱਤਾ ਕਿਤੇ ਠੰਡਾ ਕਿਤੇ ਮਿਠਾ ਕਿਤੇ ਖ਼ਾਰਾ ਕੋਈ ਕੌੜਾ ਕੋਈ ਤੇਲੀਆ ।

ਧਰਤੀ:—ਕਿਤੇ ਰੇਤਲੀ ਕਿਤੇ ਕਾਲੀ ਕਿਤੇ ਮਾਡੂ ਕਿਤੇ ਪੀਲੀ, ਕਿਤੇ ਗਸਰਾ ।

ਮੌਸਮ:—ਕਿਤੇ ਗਰਮ ਕਿਤੇ ਸਰਦ ਕਿਤੇ ਮਿਸਰਤ ਹਾੜ ਕਿਤੇ ਸਿਆਲ ਵੈਸੇ ਹੀ ਦਿਨ ।

ਦਿਨ:— ਕਦੇ ਚੰਗੇ ਕਦੇ ਮੰਦੇ, ਦੁਨੀਆਂ ਦੇ ਇਤਿਹਾਸ ਵਿਚ ਕਈ ਭੈੜੇ ਦਿਨ ਐਸੇ ਆਉਂਦੇ ਹਨ ॥ ਜਿਨਾਂ ਨੇ ਬੇਅੰਤ ਹੀ ਮਹਾਂ ਪੁਰਖਾਂ ਰਾਜਿਆਂ, ਭਗਤਾਂ, ਅਵਤਾਰਾਂ ਪੈਗੰਬਰਾ ਧਰਮੀ ਬੰਦਿਆਂ ਨੂੰ ਵਖਤ ਪਾਏ ਹਨ । ਵੈਸੇ ਹੀ ਭੈੜਾ ਦਿਨ ੭—ਮਘਰ ਸੰਮਤ ੧੭੬੧ ਬਿ: ਮੁਤਾਬਕ ੧੭੦੪ ਈਸਵੀ ਦਾ ਦਿਹਾੜਾ ਸਿੱਖ ਇਤਿਹਾਸ ਵਿਚ ਵੀ ਆਇਆ ਜਿਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ ਨੂੰ ਮਾਤਾ, ਮਹਿਲਾਂ, ਪੁਤ੍ਰਾਂ, ਦਾਸ, ਦਾਸੀਆਂ, ਸਿੱਖਾਂ ਸਮੇਤ ਅਨੰਦ ਪੁਰ ਛੱਡਣ ਦੇ ਤਿਆਰੇ ਕਰਨੇ ਪਏ, ਉਹ ਵੀ ਕਦੋਂ ਜਦ ਬੰਦੇ, ਕੁਦਰਤ ਜਲ, ਵਾਯੂ, ਬੰਨਾਸਪਤੀ ਸਭ ਚੁਫੇਰੇ ਦੁਸ਼ਮਨ ਬਣ ਚੁੱਕੇ ਸਨ ।

ਆਖਰੀ ਅਰਦਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਨੰਦਪੁਰ ਤੋਂ ਕਮਰ ਕਸੇ (ਚਾਲੇ) ਦੀ ਅਰਦਾਸ (ਆਖਰੀ ਤੁਰਨ ਵੇਲੇ ਜ਼ਿਸ ਲਹਿਜੇ ਵਿਚ ਕੀਤੀ ਹੋਵੇਗੀ ਉਸਦਾ ਅਲਪਗ ਜੀਵ ਕੀ ਅਨਭਵ ਕਰ ਸਕਦਾ ਹੈ 'ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਨਾਮਾ ਸੁਣ ਦਸੀ ਹੋਈ ਤਰਕੀਬ ਅਨੁਸਾਰ ਚਾਲੇ ਪਾਏ ।

Digitized by Panjab Digital Library | www.panjabdigilib.org

ਸੋਹਾਂ (ਸੁਗੰਧ) ਤੋੜ ਕੇ ਬਾਦਸ਼ਾਹੀ ਸੈਨਾ ਕਿਲੇ ਅਨੰਦਪੁਰ ਤੇ ਸ਼ਹਿਰ ਨੂੰ ਲੁਟਣ ਜਾ ਪਈ ਅਰ ਕਿਲੇ ਨੂੰ ਅਗ ਲਾਕੇ ਤੋੜ ਢਾਹ ਕੇ ਬਰਬਾਦ ਕਰ ਦਿਤਾ। ਫਿਰ ਸ਼ਾਹੀ ਆਫ਼ੀਸਰ ਤੇ ਰਾਜੇ ਸ੍ਰੀ ਗੁਰੂ ਜੀ ਦੇ ਮਗਰ ਕੀਰਤਪੁਰ ਲੰਘ ਸਰਸਾ ਦੇ ਨੇੜੇ ਆਏ ਤਾਂ ਸ਼ਾਹੀ ਫੌਜਾਂ ਹਬੜਿਆਂ ਵਾਂਗ ਆ ਪਈਆਂ ਏਧਰ ਸਰਸਾ ਨਦੀ ਵੀ ਜੋਰਾਂ ਤੇ ਵਗ ਰਹੀ ਸੀ ਉਸ ਵਕਤ ਸਾਹਿਬ ਅਜੀਤਸਿੰਘ ਜੀ ਨੇ ਆਪਣੇਜਥੇ ਸਮੇਤ ਝੂਠੇ ਤੁਰਕਾਂ ਤੇ ਪਹਾੜੀਆਂ ਦੀਆਂ ਫੌਜਾਂ ਨੂੰ ਐਸੀ ਰੋਕ ਪਾਈ ਕਿ ਕਿਸੇਨੂੰ ਵੀ ਅਗੇ ਵਧਣ ਨਾ ਦਿਤਾ। ਪਿਛੇ ਅਟਕਾ ਰਖਿਆ ਇਸ ਕਰਕੇ ਏਸ ਗੁਰ ਦੁਆਰੇ ਦਾ ਨਾਉਂ ਅਟਕ ਸਾਹਿਬ ਹੈ।

**ਹੋਸਿਆਰੀ (ਪਥਰ ਦਿਲ) ਸਰਸਾਂ:-** ਜਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ ਦਿਨ ਭਰ ਦੇ ਮੋਰਚੇ ਤੋਂ ਵੇਹਲੇ ਹੋ ਕੇ ਰਹਿਰਾਸ ਸਾਹਿਬ ਜੀ ਦਾ ਦੀਵਾਨ ਸਜਾ ਕੇ ਦੀਵਾਨ ਦੀ ਸਮਾਪਤੀ ਕਰਨ ਲਗੇ। ਇਕ ਲਖਤ ਝਖੜਾ ਔਣ ਤੇ ਸ਼ਹੀਦ ਸਿੰਘਾਂ ਦੇ ਛੋਟੇ ਛੋਟੇ ਭੁਜੰਗੀ (ਬਚੇ) ਮਾਈਆਂ, ਬੀਬੀਆਂ ਅਤੇ ਸਿੰਘ ਸਾਰੇ ਭਾਣੇ ਅੰਦਰ ਹੁੰਦੇ ਹੋਏ ਬਾਣੀ ਦਾ ਜਾਪ ਕਰਨ ਲਗੇ। ਜਗਤ ਪਿਤਾ ਸਮੇਤ ਪ੍ਰਵਾਰ ਦੇ ਸਾਰੇ ਪਹਾੜ ਦੀ ਪਧਰੀਲੀ ਧਰਤੀ ਤੇ ਇਉਂ ਬੈਠਿਆਂ ਨੂੰ ਉਪਰੋਂ ਮੀਂਹ, ਹੇਠਾ ਪਾਣੀ, ਮਘਰ ਦੇ ਮਹੀਨੇ ਈ ਸਰਦੀ ਅਤੇ ਝਖੜ ਇਉਂ ਜਾਪ ਦਾ ਸੀ ਕਿ ਝਖੜ ਵੀ ਅਧਰਮੀਆਂ ਦੀ ਫੌਜ ਵਿੱਚ ਆ ਭਰਤੀ ਵਿੱਚ ਹੋਇਆ ਹੈ।

**ਬਿਪਤਾ ਤੇ ਬਿਪਤਾ (ਪਰੀਖਿਆ ਤੇ ਪਰੀਖਿਆ):-** ਐਤਨੀਆਂ ਮੁਸੀਬਤ ਦੇ ਹੁੰਦਿਆਂ ਹੋਇਆਂ ਧਰਮ ਦੇ ਵਿਰੋਧੀ ਪਾਪ ਦੇ ਪਿਆਰੇ "ਪਾਪ ਬੁਰਾ ਪਾਪੀ ਕੋ ਪਿਆਰਾ" ਬਾਈ ਧਾਰ ਤੇ ਤੁਰਕਾਨੀ ਫ਼ੌਜਾਂ ਨੇ ਆ ਕੇ ਉਧ ਮੂਲ ਮਚਾਇਆ ਸਰਸਾ ਨਦੀ ਤੇ ਐਨੇ ਘਮਸਾਨ ਦਾ ਜੰਗ ਹੋਇਆ ਕਿ ਨਦੀ ਦਾ ਪਾਣੀ ਖ਼ੂਨ ਨਾਲ ਲਾਲ ਹੋ ਗਿਆ ਇਹ ਘਲੂ ਘਾਰਾ ਸ੍ਰੀ ਗੁਰੂ ਜੀ ਦੇ ਸਮੇਂ ਦਾ ਇਕ ਪ੍ਰਸਿਧ ਘੱਲੂਘਾਰਾ ਸੀ ਅਤੇ ਏਧਰ ਸਰਸਾ ਵੀ ਪੂਰਨ ਜੋਬਨ ਤੇ ਆ ਕੇ ਠਾਠਾਂ ਮਾਰਨ ਲਗੀ, ਇਕ ਸਿਆਲ ਦੇ ਦਿਨ, ਦੂਜਾ ਪਹਾੜੀ ਇਲਾਕਾ, ਤੀਸਰਾ ਹਨੇਰੀ ਰਾਤ, ਚੌਥਾ ਝਖੜ, ਪੰਜਵਾਂ ਅਗੇ ਪਿਛੇ ਦੁਸ਼ਮਨ ਹੀ ਦੁਸ਼ਮਨ। ਇਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੁਝ ਦਿਰ ਠਹਿਰਨੇ ਦਾ ਹੁਕਮ ਦੇ ਕੇ ਅਰਦਾਸਾ ਸੋਧਿਆ, ਅਰਦਾਸ ਤੋਂ ਬਾਦ ਹਜ਼ੂਰ ਜੀ ਨੇ ਫ਼ੁਰਮਾਨ ਕੀਤਾ ਕਿ ਸਿੰਘੋ ਅਕਾਲ ਪੁਰਖ ਦਾ ਹੁਕਮ ਹੀ ਐਸਾ ਹੈ ਸਰਸਾ ਪਾਰ ਹੋਵੋ, ਤੰਬੂ, ਗੱਡੇ, ਪਾਲਕੀ, ਇਤਆਦਿ ਹੋਰ ਸਾਰਾ ਸਮਾਨ ਸਰਸਾ ਦੀ ਭੇਟ ਹੋ ਜਾਣਾ ਹੈ। ਜੋ ਕੁਝ ਉਸਨੇ ਬਖ਼ਸ਼ਿਆ ਹੈ ਇਹ ਉਹਦੇ ਖਜ਼ਾਨੇ ਵਿੱਚ ਪਾ ਜਾਣਾ ਹੈ। ਚਿੰਤਾ ਨਾ ਕਰਨੀ "ਚਿੰਤਾ ਤਾਂ ਕੀ ਕੀਜਿਐ ਜੋ ਅਨ ਹੋਨੀ ਹੋਇ" ਜੋ ਕੁਝ ਹੋ ਰਿਹਾ ਸੋ ਅਕਾਲ ਪੁਰਖ ਦੇ ਭਾਣੇ ਅੰਦਰ ਹੀ ਹੋ ਰਿਹਾ ਹੈ" ਇਸ ਹੁਕਮ ਦੀ ਦੇਰੀ ਹੀ ਸੀ ਕਿ ਸਾਰੇ ਵਹੀਰ ਨੇ ਸਤਿਗੁਰੂ ਜੀ ਦਾ ਨਾਮ ਲੈ ਕੇ ਨਦੀ ਸਰਸਾ ਨੂੰ ਪਾਰ ਕਰਨਾ ਅਰੰਭ ਦਿਤਾ ਜੋ ਤਾਰੂ ਅਨਤਾਰੂ ਪੈਦਲ ਘੋੜਾ ਅਸਵਾਰ ਬਿਰਧ ਬਾਲ ਮਾਈਆਂ ਬੀਬੀਆਂ ਸਭ ਨੇ ਸ੍ਰੀ ਗੁਰੂ ਜੀ ਦਾ ਹੁਕਮ ਮੰਨਦਿਆਂ ਸਰਸਾਂ ਨੂੰ ਲੰਘਣਾ ਸ਼ੁਰੂ ਕੀਤਾ, ਹੁਣ ਪਥਰ ਦਿਲ ਸਰਸਾ ਨੇ ਵੀ ਆਪਣੇ ਜੋਬਨ ਦੀਆਂ ਲਹਰਾਂ ਮਾਰ ਮਾਰ ਕੇ ਵੀਰਾਂ ਨਾਲੋਂ ਵੀਰ ਵਿਛੋੜ ਦਿਤੇ। ਮਾਂ, ਬਾਪ, ਪੁਤਰ ਦਾ ਮੇਲ ਨਾ ਰਹਿਣ ਦਿਤਾ। ਪਤੀ ਤੇ ਇਸਤ੍ਰੀ ਨਿਖੜ ਗਏ। ਚੋਜੀ ਸਤਿਗੁਰੂ ਜੀ ਤੋਂ ਸਿਖ ਵੀ ਵਖ ਹੋ ਗਏ। ਇਕ ਝਖੜ ਹਨੇਰੀ ਰਾਤ, ਠੰਡਾ ਪਾਣੀ ਨਾ

Digitized by Panjab Digital Library | www.panjabdigilib.org

ਕੋਈ ਤਰ ਸਕੇ, ਨਾ ਕੋਈ ਮਿਲ ਸਕੇ ਝਖੜ ਦੇ ਅਵਾਜ਼ੇ ਨੇ ਕਿਸੇ ਦੂਜੇ ਦਾ ਦੂਜੇ ਨੂੰ ਬੋਲ ਨ ਸੁਣਨ ਦਿਤਾ। ਏਸ ਬਿਪਤਾ ਵਿਚ, ਰੁੜ੍ਹ ਗਏ, ਡੁਬ ਗਏ, ਤਰ ਗਏ, ਪ੍ਰਾਣੀਆਂ ਦੇ ਨਾ ਕਿਸੇ ਨੂੰ ਬਚਨ ਸੁਣੇ ਨਾ ਕੋਈ ਪਤਾ, ਕੌਣ ਕੋਈ ਤੇ ਕਿਹੜੇ ੨ ਕਿਥੇ ਹਨ। ਇਉਂ ਸਾਰੇ ਵਿਛੜ ਗਏ।

ਜੋ ਪਾਰ ਲਗੇ ਉਹ ਬਹੁਤ ਘਟ ਸਨ ਉਹ ਵੀ ਜਿਧਰ ਅਕਾਲ ਪੁਰਖ ਦਾ ਹੁਕਮ ਹੋਇਆ ਉਧਰ ਨੂੰ ਤੁਰ ਗਏ ਦੂਜੇ ਨੂੰ ਦੂਜਾ ਮਿਲ ਨਹੀਂ ਸਕਿਆ ।

(੧) ਭਾਈ ਮਨੀ ਸਿੰਘ ਜੀ ਮਾਤਾ ਸਾਹਿਬ ਕੌਰ ਜੀ ਮਾਤਾ ਸੁੰਦਰੀ ਜੀ ਨੂੰ ਭਾਈ ਸਾਹਿਬ ਜੀ ਰੋਪੜੋਂ ਪਹਾੜ ਵਲ ਦੀ ਵਾਹੀ ਪਹਾੜ ਦੇ ਨਾਲ ੨ ਲੈਕੇ ਦਿਲੀ ਨੂੰ ਤੁਰ ਪਏ।ਪਾਲਕੀਆ ਸਰਸਾ ਵਿਚ ਰੁੜ ਜਾਣ ਤੇ ਘੋੜਿਆਂ ਉਤੇ ਸਵਾਰੀ ਕੀਤੀ ਹੁਣ ਦਿਲੀ ਤਕ ਘੋੜਿਆਂ ਉਤੇ ਸਵਾਰੀ ਕਰਨ ਤੇ ਚਾਹੇ ਬਹੁਤ ਤਕਲੀਫ ਹੋਈ ਸੀ ਪਰ ਭਾਣੇ ਨੂੰ ਮੁਖ ਰਖਦਿਆਂ ਅਕਾਲ ਪੁਰਖ ਦਾ ਧੰਨਵਾਦ ਹੀ ਕੀਤਾ।

੨. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ, ਮਾਤਾ ਗੁਜਰੀ ਜੀ ਤੇ ਦੋ ਛੋਟੇ ੨ ਪੋਤਰੇ (ਬਾਬਾ ਫਤਹ ਸਿੰਘ ਜੀ ਤੇ ਬਾਬਾ ਜੋਰਾਵਰ ਸਿੰਘ ਜੀ) ਖਚਰਾਂ ਉਪਰ ਸੁਵਾਰ, ਇਕ ਖੱਚਰ ਉਤੇ ਖੁਰਜੀ ਵਿਚ ਮੋਹਰਾਂ ਸਨ॥ ਅਰ ਨਾਲ ਸਿਰਫ ਕਲਾ ੧੨ ਸਾਲ ਦਾ ਗੁਰੂ ਜੀ ਦਾ ਰਸੋਈਆਂ(ਨਿਮਕ ਹਰਾਮੀ)ਗੰਗੂ,ਜਾਤੀ ਦਾ ਬ੍ਰਾਹਮਣ ਰਹਿ ਗਿਆ ਸੀ। ਰਾਤ ਹਨੇਰੀ, ਸਰਦੀ ਦੀ ਮੌਸਮ ਸਾਰੇ ਬਸਤ੍ਰ ਭਿਜੇ ਹੋਏ ਸਨ। ਜਗਤ ਮਾਤਾ ਛੋਟੇ ੨ ਪੋਤਿਆਂ ਨਾਲ ਦਿਲ ਪ੍ਰਚਾਵੇ ਦੇ ਬਚਨ ਕਰਦੀ ਹੋਈ ਬਚਿਆਂ ਨੂੰ ਹਲਾ ਸ਼ੇਰੀ ਦਿੰਦੀ ਹੈ। ਤਾਂ ਅਗੋਂ ਪੋਤੇ ਪੁਛਦੇ ਹਨ ਮਾਤਾ ਜੀ ਆਪਾਂ ਕਿਥੇ ਰਹਾਂਗੇ॥ ਬਚਿਓ "ਜਹ ਬੈਸਾਲੇ ਤਹ ਬੈਸਾ ਸੁਆਮੀ ਜਹ ਭੇਜੇ ਤਹ ਜਾਵਾਂ" ਜਿਥੇ ਅਕਾਲ ਪੁਰਖ ਨੇ ਆਪਣੇ ਬੈਠਣ ਵਾਸਤੇ ਜਗਾ ਪਹਿਲੇ ਹੀ ਬਣਾਈ ਹੋਈ ਹੈ॥ ਪਰ, ਹੈ ਨੇੜੇ ਪਤਾ ਜਾਕੇ ਲਗੂ ਜਿਥੇ ਬੈਠਾਂਗੇ॥ ਬੜੀ ਫੁਰਤੀ ਨਾਲ ਗੰਗੂ ਬੋਲਿਆ ਮਾਤਾ ਜੀਓ ਹੌਸਲਾ ਰਖੋ, ਚਿੰਤਾ ਨਾ ਕਰੋ ਮੇਰਾ ਪਿੰਡ ਏਥੇ ਨੇੜੇ ਹੈ ਉਥੇ ਚਲੀਏ, ਜ ਅਮਨ ਹੋ ਜਾਵੇਗਾ ਸ੍ਰੀ ਦਸਮੇਸ਼ ਜੀ ਦਾ ਪਤਾ ਕਰਕੇ ਚਲ ਦਸ਼ਨ ਕਰਾਂਗੇ ਅਰ ਨਾਲੇ ਸੁਖ ਦੀ ਲੋੜ ਹੈ। ਪਰ ਨਾਲ ਬੇਨਤੀ ਹੈ ਹੁਣ ਆਪਣਾ ਪੱਤਾ ਪੱਤਾ ਤਾਂ ਵੈਰੀ ਹੈ ਮੌਤ ਦਾ ਡਰ ਅਤੇ ਦੁਸਮਨ ਤਾਂ ਆਪਣੇ ਸਜੇ ਖਬੇ ਹਨ ਤੇ ਆਪ ਜੀ ਉਚੀ ਉਚੀ ਬਚਨ ਕਰਦੇ ਹੋ। ਸੋ ਬੇਨਤੀ ਹੈ ਕਿ ਆਪਾਂ ਨੂੰ ਚੁਪ ਕੰਮ ਦੇਵੇਗੀ। ਮਾਤਾ ਜੀ ਨੇ ਕੁਝ ਉਤਰ ਨਾ ਦਿਤਾ, ਦੇਵੇ ਭੀ ਕੀ ਸੁਰਤੀ ਤਾਂ ਥਾਂ ਥਾਂ ਜਾਂਦੀ ਸੀ ਪਿਆਰਾ ਪੁਤਰ (ਸ੍ਰੀ ਦਸਮੇਸ਼ ਜੀ) ਦੋ ਵਡੇ ਪੋਤਰੇ, ਦੋ ਨੂੰਹਾਂ, ਪੁਤਰਾਂ ਤੋਂ ਵਧ ਖਾਲਸੇ ਪੁਤਰ ਨਾਲ ਹਨ ਜਾਂ ਵਖ ਵਖ। ਹੇ ਵਾਹਿਗੁਰੂ ਅਕਾਲ ਪੁਰਖ ਤੇਰੇ ਰੰਗ 'ਤੇਰਾ ਕੀਆ ਮੀਠਾ ਲਾਗੈ ਨਾਮ ਪਦਾਰਥ ਨਾਨਕ ਮਾਂਗੈ।'

**ਸਰਸਾ ਤੋਂ ਪਾਰ ਹੋਣਾ**--ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਸ਼ਮਸ਼ੇਰ ਪਿਤਾ ਜਦ ਸਰਸਾ ਤੋਂ ਪਾਰ ਹੋਏ ਤਾਂ ਹਜ਼ਾਰਾਂ ਸਿੰਘਾਂ ਵਿਚੋਂ* ਸਿਰਫ ੫੦ ਸਿੰਘਾਂ ਦੀ ਗਿਣਤੀ ਰਹਿ ਗਈ। ਕੁਝ ਜੰਗ

*ਅਨੰਦ ਪੁਰ ਸਾਹਿਬ ਤੋਂ ਤੁਰਨ ਵੇਲੇ ਸਿੰਘ ਸਿੰਘਣੀਆਂ ਦੀ ਗਿਣਤੀ
ਸ੍ਰੀ ਦਸਮੇਸ਼ ਜੀ ਸਾਹਿਬ ਦਾ ਜਥਾ ੫੦੦

ਬਾਕੀ ਅਗਲੇ ਸਫੇ ਤੇ

Digitized by Panjab Digital Library | www.panjabdigilib.org

ਵਿਚ ਤੇ ਕੁਝ ਸਰਸਾ ਵਿਚ ਸ਼ਹੀਦ ਹੋ ਗਏ। ਔਰ ਰਣਜੀਤ ਨਗਾਰਾ ਪ੍ਰਸਾਦੀ ਹਾਥੀ, ਨਾ ਛਤਰ (ਚੌਰ) ਅਤੇ ਗ੍ਰੰਥ ਜੋ ਕਈ ਸਾਲ ਦੀ ਮਿਹਨਤ ਨਾਲ ਲਿਖਾਏ ਹੋਏ ਸਨ ਸਭ ਹੈਂਸਿਆਰੀ ਸਰਸਾ ਨਦੀ ਨੇ ਸਮੇਟ ਲਏ। ਪਿਆਰੀ ਮਾਤਾ ਜੀ ਦੋ ਸਾਹਿਬਜ਼ਾਦੇ ਦੋਨੋ ਮਹਿਲ, ਪੁਤਰਾਂ ਤੋਂ ਪਿਆਰੇ ਸਿੰਘ (ਖਾਲਸਾ) ਸਭ ਨਿਖੜ ਗਏ ਹਨ। ਪਰ ਸ੍ਰੀ ਦਸਮੇਸ਼ ਜ਼ੀ ਦਾ ਵਿਸ਼ਾਲ ਹਿਰਦਾ ਉਸ ਤਰ੍ਹਾਂ ਹੀ ਪ੍ਰਫੁਲਤ ਤੇ ਚੇਹਰੇ ਤੇ ਪਹਿਲੇ ਨਾਲੋਂ ਭੀ ਜ਼ਿਆਦਾ ਨੂਰ ਚਮਕਦਾ ਸੀ

ਨਿਰਭੈਤਾ ਨਾਲ ਸਾਰੇ ਸਿੰਘਾਂ ਨੂੰ ਕਹਿਣ ਲਗੇ ਕੁਝ ਸਿੰਘ ਤਾਂ ਜੰਗ ਵਿਚ ਬਾਕੀ ਸਰਸੇ ਵਿਚ ਸ਼ਹੀਦ ਹੋ ਗਏ ਹਨ। ਕੁਝ ਨਿਖੜ ਗਏ ਹਨ। ਆਪ ਜੀ ਸਰਸਾ ਪਾਰ ਹੋਣ ਤੇ ਖਤਰਾ ਟਲਿਆ ਨਾ ਸਮਝੋ ਸਗੋਂ ਬਾਦਸ਼ਾਹ ਅਤੇ ਵਜ਼ੀਰ ਖਾਂ ਸਰਹੰਦ ਦੇ ਹੁਕਮ ਨਾਲ ਰੋਪੜ ਤੇ ਹੋਰ ਥਾਵਾਂ ਦੇ ਮੁਸਲਮਾਨ ਜਾਗੀਰਦਾਰਾਂ ਦੀਆਂ ਫੌਜਾਂ ਅਤੇ ਬਾਦਸ਼ਾਹੀ ਫੌਜਾਂ ਆਈਆਂ ਹੋਈਆਂ ਹਨ। ਅਰ ਸਰਸਾ ਤੇ ਸਰਹੰਦ ਵਿਚਕਾਰ ਦੁਸ਼ਮਨ ਦੀਆਂ ਫਜਾਂ ਮਕੜੀ ਵਾਂਗ ਜਾਲ ਲਾਈ ਬੈਠੀਆਂ ਹਨ। ਅਤੇ ਇਸ ਇਲਾਕੇ ਵਿਚੋਂ ਚਾਹੇ ਪੰਜਾਹ ਸਿੰਘਾਂ ਦਾ ਨਿਕਲਨਾ ਬੜਾ ਮੁਸ਼ਕਲ ਹੋਵੇਗਾ ਪਰ ਅਕਾਲ ਪੁਰਖ ਦੇ ਭਰੋਸੇ ਤੇ ਅਡੋਲ ਰਹਿੰਦੇ ਹੋਏ ਕੋਈ ਫਿਕਰ ਨਾ ਕਰਨਾ। ਅੰਤ ਨੂੰ ਇਕ ਸਿੰਘ ਸਾਹਿਬ ਜੀ ਨੇ ਬੇਨਤੀ ਕੀਤੀ ਕਿ ਅਗੇ ਤੁਰਕੀ ਫੌਜਾਂ ਬਹੁਤ ਹਨ ਹੁਣ ਕਿਧਰ ਨੂੰ ਕਮਰਕਸੇ ਕਰਾਂਗੇ।

---

ਸਾਹਿਬਜ਼ਾਦੇ ਅਜੀਤ ਸਿੰਘ ਜੀ ਸਾਹਿਬ ਦਾ ਜਥਾ ੫੦੦
ਮਾਈਆਂ ਬੀਬੀਆਂ ਨਾਲ ਦੌ ਸੌ ਦਾ ਜਥਾ ੨੦੦
ਇਕ ਹਜ਼ਾਰ ਤੇ ਕਰੀਬ ਮਾਈਆਂ ਬੀਬੀਆਂ ਦਾ ਜਥਾ ਫੁਟਕਲ ਸਿੰਘ ੧੦੦੦
ਖਚਰ ਪਾਤਰੀ ੧੫੦੦

੧. ਜਗਤ ਮਾਤਾ ਗੁਜਰੀ ਸਾਹਿਬ ਜੀ ਦੇ ਨਾਲ ਪ੍ਰਵਾਰ, ਨਿਰਭੈ ਯੋਧਾ
੨. ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੇ ਚਾਰੇ ਸਾਹਿਬਜ਼ਾਦੇ (ਪੋਤਰੇ)
ਦੋ ਨੂੰਹਾਂ ਮਾਤਾ ਸੁੰਦਰੀ ਜੀ ਸਾਹਿਬ, ਮਾਤਾ ਸਾਹਿਬ ਦੇਵਾ ਜੀ

ਸਾਰਾ ਜੋੜ ੩੭੦੮

ਇਨ੍ਹਾਂ ਵਿਚੋਂ ਸਰਸਾ ਤੋਂ ਪਾਰ ਹੋਏ ਸਿੰਘਾਂ ਦੀ ਗਿਣਤੀ
ਜਗਤ ਮਾਤਾ ਗੁਜਰੀ ਸਾਹਿਬ ਜੀ ਤੇ ਦੋ ਛੋਟੇ ਸਾਹਿਬਜ਼ਾਦੇ (ਪੋਤਰੇ) ਤੇ ਇਕ ਗੰਗੂ
੧੨ ਸਾਲ ਰਸੋਈਆ (ਬ੍ਰਾਹਮਣ) ਸਿਰਫ ੪

ਜਿਨ੍ਹਾਂ ਨੂੰ ਗੰਗੂ ਆਪ ਦੇ ਘਰ ਦਖੇੜੀ ਲੈ ਗਿਆ ਜੋ ਸ਼ਹੀਦ ਹੋਏ ਸਰਹਿੰਦ
ਮਾਤਾ ਸੁੰਦਰੀ ਸਾਹਿਬ ਜੀ ਤੇ ਮਾਤਾ ਸਾਹਿਬ ਦੇਵਾ ਜੀ ਭਾਈ ਮਨੀ ਸਿੰਘ ਜੀ ਤੇ
ਭਾਈ ਜਵਾਹਰ ਸਿੰਘ ਜੀ ਦਿਲੀ ਨੂੰ ਗਏ ਜੋ ਮੁੜ ਸ੍ਰੀ ਦਮਦਮੇ ਸਾਹਿਬ ਆਕੇ
ਮਿਲੇ ਕੁਲ ੪

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੋਨੋ ਵਡੇ ਸਾਹਿਬਜ਼ਾਦੇ ਤੇ ਪੰਜਾਹ ਸਿੰਘ ਜੋ ਰੋਪੜ ਵਲ ਦੀ ਹੁੰਦੇ ਹੋਏ ਮਾਲਵੇ ਪਹੁੰਚੇ ਸਨ। ਅਨੰਦ ਪੁਰ ਤੋਂ ਤੁਰੇ ੩੭੦੮ ਸਰਸਾ ਤੋਂ ਪਾਰ ਹੋਏ ਸਿਰਫ ੫੮ ਬਾਕੀ ਸ਼ਹੀਦ ਤੇ ਸਰਸਾ ਵਿਚ ਰੁੜੇ ੩੬੬੬।

Digitized by Panjab Digital Library | www.panjabdigilib.org

ਸ੍ਰੀ ਗੁਰੂ ਜੀ–ਸਿਧੇ ਰੋਪੜ ਨੂੰ ਚਾਲੇ ਪਾਓ ਅਗੇ ਮਾਲਵੇ ਨੂੰ ਜਾਣਾ ਹੈ। ਅਗਰ ਜੇ ਦੁਸ਼ਮਨ ਬਹੁਤ ਹੀ ਟੇਡਾ ਜਾਣ ਲਗਾ ਤਾਂ ਰਾਹ ਵਿਚ ਕੋਈ ਅੜਤਲਾ ਲੈ ਕੇ ਉਸ ਨੂੰ ਸ੍ਰੀ ਅਕਾਲ ਪੁਰਖ ਦੇ ਭਰੋਸੇ ਤੇ ਖਾਲਸਾ ਹਥ ਦਖਾਵੇਗਾ। ਹੁਣ ਦੁਸ਼ਮਨ ਨਾਲ ਲਿਹਾਜ਼ ਨਹੀਂ ਕਰਨਾ, ਦੁਸ਼ਮਨ ਬੇਈਮਾਨ ਹੈ, ਧੋਖਾ ਦੇ ਰਿਹਾ ਹੈ। ਪਾਪੀ ਰਾਜ (ਮੁਗਲ) ਦਾ ਅੰਤ ਹੋਣ ਵਾਲਾ ਹੈ। ਝੂਠ ਦਾ ਸੂਰਜ ਛਿਪ ਜਾਏਗਾ। ਸਚ ਚੰਦਰਮਾ ਬਣਕੇ ਚਮਕੇਗਾ। ਅਤੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਖਾਲਸਾਈ (ਧਰਮ) ਰਾਜ ਹੋਵੇਗਾ। ਸ੍ਰੀ ਵਾਹਿਗੁਰੂ ਜੀ ਦੇ ਭਾਣੇ ਨੂੰ ਮੰਨਣਾ ਸਾਡਾ ਫਰਜ਼ (ਧਰਮ) ਹੈ। ਜੋ ਕੁਝ ਅਕਾਲ ਪੁਰਖ ਕਰਦਾ ਹੈ ਸੋ ਠੀਕ ਕਰਦਾ ਹੈ। ਚਲੋ ਅਗੇ ਵਧੀ ਚਲੋ।

ਸ੍ਰੀ ਗੁਰੂ ਜੀ ਦਾ ਹੁਕਮ ਹੋਣ ਦੀ ਲੋੜ ਸੀ। ਸ੍ਰੀ ਦਸਮੇਸ਼ ਜੀ ਦੀ ਜਥੇਦਾਰੀ ਹੇਠਾਂ ਜਥੇ ਨੇ ਚਾਲੇ ਪਾਏ, ਜਦ ਰੋਪੜ ਦੇ ਨੇੜੇ ਆਏ ਤਾਂ ਅਗਿਆਨ ਦੇ ਅੰਧੇ ਕੀਤੇ ਹੋਏ ਅਧਰਮੀਆਂ ਨੂੰ ਪਤਾ ਲਗਾ ਕਿ ਗੁਰੂ ਜੀ ਰੋਪੜ ਤੋਂ ਪੂਰਬ ਦਖਣ ਵਲ ਨੂੰ ਗਏ। ਜੋ ਪਿਛਾ ਕਰਨ ਵਾਲਿਆਂ ਨਾਲ ਭਠੇ ਦੇ ਕੋਲ ਛੋਟਾ ਜੇਹਾ ਜੰਗ ਕੀਤਾ। ਇਸ ਟਾਕਰੇ ਵਿਚ ਕੁਝ ਸਿੰਘ ਸ਼ਹੀਦ ਹੋ ਗਏ ਜਿਨ੍ਹਾਂ ਦੇ ਟਾਕਰੇ ਨੂੰ ਵੇਖ ਕੇ ਦੁਸ਼ਮਨ ਦਾ ਦਿਲ ਹਿਲ ਗਿਆ ਅਤੇ ਪਿਛੇ ਨੂੰ ਨਠਾ ਜੋ ਅਗੇ ਵਧਣ ਜੋਗਾ ਨਾ ਰਿਹਾ। ਜਦ ਧਰਮ ਦੇ ਵੈਰੀ ਦੂਰ ਜਾਕੇ ਖੜੋਤੇ ਤਾਂ ਮਰਦ ਅਗੰਮੜੇ ਨੂੰ ਅਗੇ ਜਾਣ ਦਾ ਸਮਾ ਮਿਲ ਗਿਆ। ਜੋ ਛੇ ਸਤ ਮੀਲ ਤੇ ਚਮਕੌਰ ਨਗਰ ਦੀ ਗੜ੍ਹੀ ਵਿਚ ਪੁਜੇ ਸਨ।

**ਜੰਗ ਤੇ ਪਿਛਾ ਕਰਨ ਵਾਲੇ ਕੌਣ ੨ ਸਨ**–ਇਹ ਸਨ ੨੨ ਧਾਰ ਰਾਜੇ, ਪੰਡਤ, ਤੁਰਕਾਨੀ ਸ਼ਾਹੀ ਸੈਨਾ ਦੇ ਸਰਦਾਰ ਅਤੇ ਮੌਲਵੀ ਜਿਨ੍ਹਾਂ ਨੇ ਗਊ ਤੇ ਕੁਰਾਨ ਨੂੰ ਹਥ ਲਾਕੇ ਸੁਗੰਦਾਂ ਖਾਕੇ ਪ੍ਰਣ ਕੀਤੇ ਸੀ ਕਿ ਅਨੰਦ ਪੁਰ ਦਾ ਕਿਲਾ ਖਾਲੀ ਕਰਨ ਤੋਂ ਬਾਦ ਹਿੰਦੂ ਨਾ ਮੁਸਲਮਾਨੀ ਸਿਪਾਹੀ ਆਪ ਜੀ ਤੇ ਆਪ ਜੀ ਦੇ ਸਿਖਾਂ ਵਲ ਝਾਕ ਨਹੀਂ ਸਕੇਗਾ। ਸੋ ਉਪਰ ਲਿਖੀਆਂ ਸੌਂਹਾਂ (ਸੁਗੰਧਾਂ) ਨੂੰ ਖਾਕੇ ਸੁਗੰਧ ਵਿਚ ਕਚੇ ਪਹਾੜੀ ਰਾਜਿਆਂ, ਪੰਡਤਾਂ, ਤੁਰਕਾਨੀ ਫੌਜਾਂ ਦੇ ਆਫੀਸਰ ਅਤੇ ਮੌਲਵੀਆ ਨੇ ਪਿਛਾ ਕਰਕੇ ਆਪਣੀ ਬੇਈਮਾਨੀ ਦਾ ਸਬੂਤ ਦਿਤਾ। ਜੈਸੇ 'ਗੁਰ ਵਾਕ ਬਚਨ ਕਰੇ ਸੋ ਖਿਸਕ ਜਾਇ ਬੋਲੇ ਨਰ ਕਾਰਾ ਇਹ ਹੈ ਅਨੰਦ ਪੁਰ ਛਡਣ ਦਾ ਕਾਰਨ।

Digitized by Panjab Digital Library | www.panjabdigilib.org

# ਅਨੰਦਪੁਰ ਸਾਹਿਬ ਤੋਂ ਮਾਲਵੇ ਨੂੰ

**ਮਹਾਂਯੋਧੇ ਦੇ ਉਪਕਾਰ ਤੇ ਪ੍ਰਕਾਸ਼ ੦–** ਪਿਆਰੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸੰਮਤ ੧੭੨੩ ਬਿ: ਨੂੰ ਸ੍ਰੀ ਪਟਨਾ ਸਾਹਿਬ ਦੀ ਪਾਵਨ ਧਰਤੀ ਤੇ ਪ੍ਰਕਾਸ ਹੋਇਆ। ਭਾਰਤ ਦਾ ਉਹ ਬਲ ਪਰਦਾਤਾ ਸੱਚਾ ਸੂਰਜ ਚੜ੍ਹਿਆ, ਜਿਸ ਨੇ ਉਦਯਾ ਹੋ ਕੇ ਸਦੀਆਂ ਦੇ ਗੁਲਾਮ ਭਾਰਤ ਵਾਸੀਆਂ ਦੇ ਮੁਰਝਾਏ ਚੇਹਰੇ ਤੇ ਦੁਬਾਰਾ ਜੀਵਨ ਲਿਸ਼ਕ ਪੈਦਾ ਕੀਤੀ। ਕਾਇਰਤਾ ਠਠੰਬਰ ਕੇ ਰਹਿ ਗਈ। ਵੀਰਤਾ ਨੂੰ ਖੇੜਾ ਮਿਲਿਆ ਕਿਉਂ ਜੋ ਦੁਖੀਆਂ ਗਰੀਬਾਂ, ਅਨਾਥਾਂ, ਮਜ਼ਲੂਮਾਂ ਦਾ ਤਰਫ਼ਦਾਰ ਬਣਿਆ ਗੁਰ ਫਰਮਾਨ

ਸੰਤਾਂ ਮਾਨੋ ਦੂਤਾ ਡਾਨੋ ਇਹ ਕੁਟਵਾਰੀ ਮੇਰੀ ਜਾਇ ਤਹਾਂ
ਤੁਮ ਧਰਮ ਬਿਥਾਰੋ ਦੁਸ਼ਟ ਦੋਖੀਅਨ ਪਕੜ ਪਛਾੜੋ
ਜਿਸ ਨੂੰ ਸੁਣ ਕੇ ਜਾਲਮ ਕੰਬ ਉਠਿਆ
ਅਮਨ ਤੇ ਸ਼ਾਂਤੀ ਨੇ ਠੰਡਾ ਸਾਹ ਲਿਆ
ਮਨੁਖਤਾ ਨੂੰ ਜੀਵਨ ਪ੍ਰਾਪਤੀ ਦੀ ਆਸ ਪ੍ਰਗਟੀ
ਤੇ ਜ਼ੁਲਮ ਨੇ ਕੂਚ ਦਾ ਸਾਮਾਨ ਅਰੰਭ ਦਿਤਾ।
ਕਿਉਂ ਪਟਨੇ ਤੋਂ ਉਦੇ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਆਕੇ ਪੂਰਨ ਪ੍ਰਕਾਸ ਭਇਆ,
ਉਸ ਵਕਤ ਪਵਿਤ੍ਰ ਆਤਮਾਂ ਚਰਨ ਸਰਨ ਆ ਕੇ ਆਪਾ ਅਰਪਨ ਕਰਦੇ ਹਨ
ਪਾਪ ਆਤਮਾਂ ਵਾਲੇ ਵਰੋਧੀ ਹੋ ਕੇ ਮੁਕਾਬਲਾ ਕਰਦੇ ਹਨ ॥

ਹੁਣ ਬਾਈ ਧਾਰ ਹਿੰਦੂ ਰਾਜੇ ਤੇ ਔਰੰਗਜ਼ੇਬ ਜਿਨ੍ਹਾਂ ਨੂੰ ਪੂਰੇ ਵਲ ਨਾਲ ਬੀ ਅਨੰਦਪੁਰ ਸਾਹਿਬ ਦੇ ਉਦਾਲੇ ਕਈ ਮਹੀਨੇ ਘੇਰਾ* ਪਾ ਕੇ ਪੂਰੇ ਤਾਣ ਨਾਲ ਜ਼ੋਰ ਲਾ ਕੇ ਦੇਖਿਆ ਪਰ ਹਾਰ ਹੀ ਰਹੀ ਤਦ ਔਰੰਗਜ਼ੇਬ ਦੀ ਚਿਠੀ, ਹਿੰਦੂ ਪੰਡਤ ਅਟੇਂਦੀ ਗਊ ਤੇ ਕਾਜ਼ੀ ਮੌਲਵੀ ਕੁਰਾਨ ਸ਼ਰੀਫ ਲੈ ਕੇ ਸ੍ਰੀ ਦਸਮੇਸ ਜੀ ਦੇ ਹਾਜਰ ਹੋਏ। ਆਖਿਆ ਕਿ ਆਪ ਜੀ ਕੇਰਾਂ ਅਨੰਦਪੁਰ ਛਡ ਜਾਓ ਸਾਨੂੰ ਉਠਣ ਦਾ ਬਹਾਨਾ ਮਿਲ ਜਾਏ। ਆਪ ਜੀ ਮੁੜ ਕੇ ਅਨੰਦਪੁਰ ਆ ਜਾਇਓ। ਔਰ ਆਪ ਜੀ ਦੀ ਵਲ ਬਾਹਰ ਕੋਈ ਝਾਕ ਨਹੀਂ ਸਕੇਗਾ, ਜੇ ਕੋਈ ਕਸੂਰ ਕਰੇਗਾ ਤਾਂ ਸਜ਼ਾ ਪਾਏਗਾ। (ਸ਼ਾਹੀ ਹੁਕਮ)

ਜਿਸ ਨੂੰ ਸ੍ਰੀ ਗੁਰੂ ਜੀ ਨੇ ਫਰੇਬ ਸਮਝ ਕੇ ਡਟ ਕੇ ਜਵਾਬ ਦਿਤਾ।

ਹੁਣ ਇਕੀ ਵਿਸਵੇ ਸੰਗਤ ੦– ਜੀ ਗ਼ਰੀਬ ਨਿਵਾਜ ਆਪ ਜੀ ਨੂੰ ਕਿਸੇ ਤੇ ਤਾਂ ਇਤਬਾਰ ਕਰਨਾ ਚਾਹੀਏ। ਅਸੀਂ ਸਾਰੇ ਪ੍ਰਾਰਥਨਾ ਕਰਦੇ ਹਾਂ ਕਿ ਅਨੰਦਪੁਰ ਛਡ ਦਿਓ। ਮੰਨੇ ਪ੍ਰਮੰਨੇ ਪੰਡਤ, ਮੌਲਵੀ ਤੇ ਬਾਦਸ਼ਾਹੀ ਪਤ੍ਰ ਤੇ ਦੂਤ ਆਏ ਹਨ।

ਲਵੋ ਸਿਖੋ ੦– ਹੁਣ ਸਭ ਤੋਂ ਵਡੇ ਤਿਆਗੀ, ਵਲੀ ਪੀਰ ਪੈਗੰਬਰ ਸਭ ਤੋਂ ਵਡੇ ਅਵਤਾਰ ਜੇੜੇ

---

*ਹਿੰਦਵਾਇਣ ਦੀ ਖਾਤਰ ਸਰਬੰਸ ਵਾਰਨਾ ॥
ਤਿਲਕ ਜੰਞੂ ਰਾਖਾ ਪ੍ਰਭ ਤਾਕਾ ਕੀਨਾ ਬਡੋ ਕਲੂ ਮੋ ਸਾਕਾ ॥

Digitized by Panjab Digital Library | www.panjabdigilib.org

ਮਾਇਕੀ ਜਾਮੇਂ ਵਿਚ ਆ ਕੇ ਸਾਡੇ ਕਲਜੁਗੀ ਜੀਵਾਂ ਦਾ ਹੁਕਮ ਮੰਨ ਸ੍ਰੀ ਅਨੰਦਪੁਰ ਛਡ ਰਹੇ ਹਨ ।

ਏਧਰ ਦੇਖੋ :– ਗਊ ਤੇ ਕੁਰਾਨ ਦੀਆਂ ਕਸਮਾਂ ਖਾਣ ਵਾਲਿਆਂ ਦੇ ਝੂਠੇ ਵਾਹਦੇ। ਛੋੜਾ ਛਾੜ੍ਹ।

ਸ੍ਰੀ ਗੁਰੂ ਜੀ ਵਲੋਂ :– ਸਾਡੇ ਕਲਜੁਗੀ ਜੀਵਾਂ ਦੇ ਭਲੇ ਹਿਤ ਖਿੜੇ ਮਥੇ ਪਿਆਰੇ ਪਿਤਾ,ਮਾਤਾ, ਚਾਰ ਪੁਤਰ ਕੁਹਾਇ ਤੇ ਅੰਤ ਵਿਚ ਆਪਣਾ ਆਪ ਦੇਸ਼ ਕੌਮ ਤੋਂ ਕੁਰਬਾਨ ਕਰ ਦਿਤਾ।

ਅਗੇ ਪੜ੍ਹੋ ਉਸ ਮਹਾਨ ਯੋਧੇ ਦੇ ਉਪਕਾਰ ਤੇ ਮਾਲਵੇ ਦੀ ਚੱਪਾ ਚੱਪਾ ਧਰਤੀ ਨੂੰ ਨਗੇ ਪਵਿਤ੍ਰ ਤੇ ਪਾਵਨ ਚਰਨਾ ਦੀ ਛੋਹ ਨਾਲ ਨਿਹਾਲ ਤੇ ਅਨੰਤ ਪ੍ਰਕਾਰ ਦੇ ਹੋ ਕੌਤਕ ਅਤੇ ਮਾਲਵੇ ਵਿਖੇ ਸ੍ਰੀ ਦਸਮੇਸ ਜੀ ਦਾ ਪ੍ਰਵੇਸ਼।

ਖਾਲਸੇ ਨੂੰ ਗੁਰ ਤਾ ਗਦੀ ਦੇਣੀ (ਖਾਲਸੇ ਦੀ ਕਰਬਲਾ ਚਮਕੌਰ ਸਾਹਿਬ)
ਉਚ ਦਾ ਪੀਰ
ਜ਼ਫਰਨਾਮਾ
ਬੇਦਾਵਾ ਪਾੜ ਕੇ ਟੁਟੀ ਗੰਢਣੀ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨਭਵੀ ਉਲਥਾ
ਕਾਸੀ ਦਾ ਵਰ
ਮਾਲਵੇ ਨੂੰ ਪਿਆਰ ਨਾਲ ਮੇਰਾ ਮਾਲਵਾ ਤੇ ਭਾਗ ਲੌਣਾ
ਰਾਜ ਭਾਗ ਇਤਆਦਿ

# ਜ਼ਿਲਾ ਅੰਬਾਲਾ ਵਿਖੇ ਸ੍ਰੀ ਗੁਰੂ ਦਸਮੇਸ ਜੀ ਦੇ ਗੁਰਅਸਥਾਨ ਅਤੇ ਸਿਖਾਂ ਦੀ ਕਰਬਲਾ

**ਨਿਰਮੋਹ ਗੜ੍ਹ :–** ਜ਼ਿਲਾ ਅੰਬਾਲਾ, ਤਹਿਸੀਲ ਰੋਪੜ, ਦੇ ਪਿੰਡ ਹਰੋਦ ਨਿਰਮੋਹ ਦੇ ਪਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਨਾਇਆ ਗੁਰਦੁਆਰਾ ਜੋ ਆਬਾਦੀ ਤੋਂ ਇਕ ਫਰਲਾਂਗ ਪੂਰਬ ਹੈ। ਸੰਮਤ ੧੭੫੭ ਵਿੱਚ ਇਕ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਨੰਦਪੁਰ ਦਾ ਮੋਹ ਛਡ ਕੇ ਏਥੇ ਇਕ ਟਿੱਬੀ ਪੁਰ ਆ ਵਿਰਾਜੇ, ਤਦ ਤੋਂ ਇਸ ਦਾ ਨਾਮ ਨਿਰਮੋਹ ਗੜ੍ਹ ॥ ਇਕ ਵੇਰ ਸ੍ਰੀ ਦਸਮੇਸ਼ ਜੀ ਨਿਰਮੋਹ ਗੜ੍ਹ ਪੁਰ ਦੀਵਾਨ ਸਜਾ ਰਹੇ ਸਨ ਤਦ ਪਹਾੜੀ ਰਾਜਿਆਂ ਦੀ ਪ੍ਰੇਰਨਾ ਨਾਲ ਇਕ ਤੋਪਚੀ ਨੇ ਸ੍ਰੀ ਗੁਰੂ ਜੀ ਪੁਰ ਸ਼ਿਸਤ ਲੈ ਕੇ ਗੋਲਾ ਚਲਾਇਆ। ਜਿਸ ਨਾਲ ਰਾਮ ਸਿੰਘ ਜੀ ਚੋਬਦਾਰ ਉਠਿਆ। ਸ੍ਰੀ ਕਲਗੀਧਰ ਜੀ ਨੇ ਆਪਣੇ ਤੀਰ ਨਾਲ ਉਸ ਤੋਪਚੀ ਦੀ ਉਸੇ ਵੇਲੇ ਸਮਾਪਤੀ ਕੀਤੀ * ਗੁਰਦੁਆਰਾ ਸਾਧਾਰਣ ਹਾਲਤ ਵਿਚ ਕੇਵਲ ਮੰਜੀ ਸਾਹਿਬ ਹੀ ਹੈ। ਨਾਲ ਜ਼ਮੀਨ, ਜਾਗੀਰ ਕੁਝ ਨਹੀਂ। ਰੇਲਵੇ ਸਟੇਸ਼ਨ ਨਵਾਂ ਸ਼ਹਿਰ ਤੋਂ ੩੨ ਮੀਲ ਅਗਿਨ ਕੋਨ ਹੈ। ਰੋਪੜ ਦੇ ਰਸਤੇ ਨੇੜੇ ਹੈ। ਕਿਉਂਕਿ ਇਹ

*ਤੋਪਚੀ ਦੀ ਕਬਰ ਨਿਰਮੋਹ ਗੜ੍ਹ ਤੋਂ ਢਾਈ ਮੀਲ ਹੈ।

Digitized by Panjab Digital Library | www.panjabdigilib.org

ਅਸਥਾਨ ਕੀਰਤਨਾ ਪੁਰ ਪਾਸ ਹੈ । ਹੁਣ ਰੋਪੜ ਤੋਂ ਜੋ ਰੇਲਵੇ ਲਾਈਨ ਭਾਖੜੇ ਨੂੰ ਨਿਕਲੀ ਹੈ । ਇਸ ਦਾ ਸਟੇਸ਼ਨ ਖਾਸ ਕੀਰਤ ਪੁਰ ਹੈ ।

**ਗੁ: ਅਟਕ ਸਾਹਿਬ ਅੰਬਾਲਾ ਤਹਿਸੀਲ ਰੋਪੜ**—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਅਨੰਦ ਪੁਰ ਛਡ ਆਏ ਤਾਂ ਆਪ ਸੰਗਤਾਂ ਤੋਂ ਬਹੁਤ ਅਗੇ ਨਿਕਲ ਆਏ ਤੇ ਸੰਗਤ ਬਹੁਤ ਪਿਛੇ ਰਹਿ ਗਈ ਤਾਂ ਆਪ ਜੀ ਸੰਗਤ ਨੂੰ ਸਾਥ ਰਲਾਉਣ ਲਈ ਅਟਕ ਗਏ, ਜਿਸ ਅਸਥਾਨ ਪਰ ਅਟਕੇ ਸਨ ਉਸ ਪਵਿਤ੍ਰ ਅਸਥਾਨ ਪਰ ਹੁਣ ਅਟਕ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ ।

**ਗੁ: ਸਾ: ਪ੍ਰਵਾਰ ਵਿਛੋੜਾ ਸਾਹਿਬ ਜ਼ਿਲਾ ਅੰਬਲਾ**—ਇਹ ਅਸਥਾਨ ਦਰਿਆ ਸਰਸਾ ਦੇ ਕੰਢੇ ਤਹਿਸੀਲ ਰੋਪੜ ਜ਼ਿਲਾ ਅੰਬਲਾ ਵਿਚ ਹੈ । ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਰਿਆ ਸਰਸਾ ਲੰਘ ਰਹੇ ਸਨ, ਤਾਂ ਸ਼ਾਹੀ ਸੈਨਾ ਨੇ ਆਪਣੇ ਕੀਤੇ ਕੌਲ ਇਕਰਾਰ ਤੋੜ ਕੇ ਸਤਿਗੁਰੂ ਜੀ ਤੇ ਹੱਲਾ ਬੋਲ ਦਿਤਾ, ਤਦ ਉਸ ਸਮੇਂ ਕਲਗੀ ਧਰ ਦਾ ਸਾਰਾ ਪ੍ਰਵਾਰ ਵਿਛੜ ਗਿਆ । ਜਿਸ ਜਗ੍ਹਾ ਤੋਂ ਪ੍ਰਵਾਰ ਵਿਛੜ ਗਿਆ ਸੀ ਉਸ ਦੀ ਯਾਦਗਾਰ ਵਿਚ ਇਹ ਪਵਿਤ੍ਰ ਅਸਥਾਨ ਗੁਰਦੁਆਰਾ ਬਣਿਆ ਹੋਇਆ ਸੀ । ਹੁਣ ਨਹਿਰ ਸਰਹੰਦ ਦੀ ਖੁਦਾਈ ਸਮੇਂ ਇਸਦੀ ਇਮਾਰਤ ਨਿਕਲੀ ਹੈ ।

**ਗੁ: ਰੋਪੜ**—ਰੂਪ ਨਗਰ ਰੂਪ ਚੰਦ ਰਾਜਪੂਤ ਦਾ ਵਸਾਇਆ ਨਗਰ ਜੋ ਜ਼ਿਲਾ ਅੰਬਾਲਾ ਵਿਚ ਦਰਿਆ ਸਤਲੁਜ (ਸਤਦਰਬ) ਦੇ ਕਿਨਾਰੇ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਕੁਰਛੇਤਰ ਨੂੰ ਜਾਂਦੇ ਹੋਏ ਇਥੇ ਵਿਰਾਜੇ ਹਨ । ਸਰਦਾਰ ਹਰੀ ਸਿੰਘ ਰਈਸ ਸਿਆਲਬਾ ਨੇ ਇਸ ਨੂੰ ਸੰਨ ੧੭੬੩ ਵਿਚ ਜਿਤ ਕੇ ਆਪਣੇ ਕਬਜ਼ੇ ਵਿਚ ਕੀਤਾ । ਹਰੀ ਸਿੰਘ ਦੇ ਪੁਤਰ ਚੜ੍ਹਤ ਸਿੰਘ ਨੇ ਰੋਪੜ ਨੂੰ ਆਪਣੀ ਰਿਆਸਤ ਦਾ ਮੁਖ ਨਗਰ ਬਣਾਇਆ। ਸਃ ੧੮੩੧ ਵਿਚ ਇਥੇ ਮਹਾਰਾਜਾ ਰਣਜੀਤ ਸਿੰਘ ਤੇ ਲਾਰਡ ਬੈਨਟਿੰਗ ਨਾਲ ਮੁਲਾਕਾਤ ਧੂਮ ਧਾਮ ਹੋਈ । ੧੮੪੬ ਵਿਚ ਰੋਪੜ ਅੰਗਰੇਜ਼ੀ ਰਾਜ ਵਿਚ ਮਿਲਿਆ ।

ਰੋਪੜ ਤੋਂ ਸਰਹਿੰਦ ਨੈਹਰ ਦਰਿਆ ਸੁਤਲਜ ਵਿਚੋਂ ਕੱਢੀ ਗਈ ਹੈ ਜੋ ਫੂਲਕੀਆਂ ਰਿਆਸਤ ਤੇ ਫੀਰੋਜ਼ਪੁਰ ਜ਼ਿਲਿਆਂ ਦੀ ਜ਼ਮੀਨ ਨੂੰ ਸੈਰਾਬ ਕਰਦੀ ਹੈ । ਹੁਣ ਅਨੰਦ ਪੁਰ ਤਕ ਰੇਲ ਦੀ ਲਾਇਨ ਭੀ ਬਣ ਗਈ ਹੈ ਜਿਸ ਦਾ ਜੰਕਸ਼ਨ ਸਰਹਿੰਦ ਹੈ । ਸਰਹਿੰਦ ਤੋਂ ਰੋਪੜ ੩੦ ਮੀਲ ਹੈ ।

**ਗੁ: ਭੱਠਾ ਸਾਹਿਬ ਜੀ**—ਜ਼ਿਲਾ ਅੰਬਾਲਾ ਤਹਿਸੀਲ ਰੋਪੜ ਦਾ ਪਿੰਡ ਕੋਟਲਾ ਨਿਹੰਗ ਹੈ । ਰੇਲਵੇ ਸਟੇਸ਼ਨ ਰੋਪੜ ਹੈ । ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ੍ਰੀ ਅਨੰਦ ਪੁਰ ਸਾਹਿਬ ਜੀ ਤੋਂ ਆਉਂਦੇ ਹੋਏ ਵਿਰਾਜਣ ਲਈ ਜਗ੍ਹਾ ਮੰਗੀ ਤਾਂ ਉਸ ਉਤਰ ਦਿਤਾ ਭੱਠੇ ਤੇ ਵਿਰਾਜ ਜਾਓ । ਸ੍ਰੀ ਗੁਰੂ ਜੀ ਨੇ ਘੋੜਾ ਜਦ ਭੱਠੇ ਤੇ ਚਾੜ੍ਹਿਆ ਤਾਂ ਭੱਠਾ ਸਰਦ ਹੋ ਗਿਆ, ਹੁਣ ਤਕ ਘੋੜੇ ਦਾ ਸੁੰਬ ਨਜ਼ਰ ਆਉਂਦਾ ਹੈ । ਗੁਰਦੁਆਰਾ ਬੜਾ ਸੁੰਦਰ ਤੇ ਪਾਸ ਰਿਹਾਇਸ਼ੀ ਪੱਕੇ ਮਕਾਨ ਹਨ । ਪ੍ਰਬੰਧ ਕਮੇਟੀ ਦੇ ਹਥ ਹੈ ।

Digitized by Panjab Digital Library | www.panjabdigilib.org

**ਕੱਚੀ ਗੜ੍ਹੀ ਸ੍ਰੀ ਚਮਕੌਰ**—ਜਦ ਸ੍ਰੀ ਦਸਮੇਸ਼ ਜੀ ਬਾਈ ਧਾਰ ਦੇ ਹਿੰਦੂ ਰਾਜੇ ਤੇ ਔਰੰਗਜ਼ੇਬ ਦੇ ਕਸਮਾਂ ਖਾਣ ਤੋਂ ਸ੍ਰੀ ਅਨੰਦ ਪੁਰ ਦਾ ਕਿਲਾ ਛਡ ਕੇ ਚਮਕੌਰ ਪੁਜੇ ਤਾਂ ਸਾਰਾ ਲਸ਼ਕਰ ਤੇ ਹਿੰਦੂ ਰਾਜੇ ਕੀਤੇ ਕੌਲ ਇਕਰਾਰ ਤੋੜ, ਕਸਮਾਂ ਸੁਗੰਧਾਂ ਤੋਂ ਮੂੰਹ ਮੋੜ ਹਥਿਆਰ ਚੁਕ ਕੇ ਹੰਕਾਰ ਵਿਚ ਮੱਤੇ ਆ ਪੁਜੇ ਤੇ ਇਸ ਕੱਚੀ ਗੜ੍ਹੀ ਨੂੰ ਚਹੁੰ ਪਾਸਿਆਂ ਤੋਂ ਘੇਰ ਲਿਆ।

**ਸੋਚੋ**

ਚਮਕੌਰ ਕੋਈ ਕਿਲਾ ਨਹੀਂ ਸੀ, ਤੇ ਨਾ ਹੀ ਕੋਈ ਪੱਕਾ ਮਕਾਨ ਸੀ। ਸਿਰਫ ਧੁਪ ਅਤੇ ਮੀਂਹ ਤੋਂ ਸਿਰ ਲੁਕਾਣ ਲਈ ਇਕ ਬਹੁਤ ਮਾਮੂਲੀ ਜਿਹੀ ਕੱਚੀ ਗੜ੍ਹੀ ਬਣੀ ਹੋਈ ਸੀ।

ਜਿਸ ਤੇ ਨਿਰਾਲੇ ਚੋਜਾਂ ਵਾਲਾ ਅਰਸ਼ੀ ਪ੍ਰੀਤਮ ੪੦ ਸਿੰਘਾਂ ਸਮੇਤ ਬੇ-ਫਿਕਰ ਹੋ ਕੇ ਆ ਬਿਰਾਜਿਆ ਤੇ ਉਧਰੋਂ ਤੁਰਕਾਨੀ ਫੌਜਾਂ ਦਾ ਚਹੁੰ ਪਾਸੀ ਕਈ ਮੀਲਾਂ ਵਿੱਚ ਫੈਲੇ ਹੋਏ ਲਸ਼ਕਰ ਤੇ ਚਮਕੀਲੇ ਹਥਿਆਰਾਂ ਨਾਲ ਇਕ ਅਸਗਾਹ ਸਮੁੰਦਰ ਠਾਠਾਂ ਮਾਰਦਾ ਹੋਣ ਦਾ ਅੱਖਾਂ ਨੂੰ ਧੋਖਾ ਲੱਗਣ ਲੱਗਾ ਤੇ ਮਲੂਮ ਹੁੰਦਾ ਸੀ, ਕਿ ਇਹ ਚਮਕੌਰ ਦੀ ਕੱਚੀ ਗੜ੍ਹੀ ਦੀ ਬੇੜੀ ਦਾ ਥੋਹੜੀ ਦੇਰ ਵਿੱਚ ਬਹੁ ਥਿੱਤਾ ਨਾ ਰਹੇਗਾ। ਸ਼ਾਹੀ ਫੌਜ ਨੂੰ ਖੋਜ ਕਰਨ ਤੇ ਪਤਾ ਲੱਗ ਗਿਆ ਸੀ ਕਿ ਇਸ ਸਮੇਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਕੋਲ ਕੇਵਲ ੪੦ ਬੇ-ਸਮਾਨ ਸਿੰਘ ਹਨ ਇਸ ਲਈ ਇਨਾਂ ਦੇ ਖਿਆਲ ਵਿੱਚ ਇਸ ਤੋਂ ਵੱਧ ਕੇ ਸਫਲਤਾ ਪ੍ਰਾਪਤ ਕਰਨ ਦਾ ਹੋਰ ਕੋਈ ਚੰਗਾ ਸਮਾਂ ਨਹੀਂ ਹੋ ਸਕਦਾ ਸੀ, ਇਨਾਂ ਸਮਝਿਆ ਕਿ ਬਸ ਹੁਣ ਇਸ ਭਾਰੇ ਲਸ਼ਕਰ ਵਿੱਚ ਆਪਣੇ ਆਪ ਨੂੰ ਘਿਰੇ ਹੋਏ ਦੇਖ ਕੇ ਗੁਰੂ ਸਾਹਿਬ ਆਪੇ ਹੀ ਹਥਿਆਰ ਸੁਟ ਦੇਣਗੇ ਤੇ ਆਪਣੇ ਆਪ ਨੂੰ ਸਾਡੇ ਤਰਸ ਤੇ ਛੱਡਣ ਲਈ ਲਾਚਾਰ ਹੋ ਜਾਣਗੇ।

**ਖਿਆਲੀ ਘੋੜ ਦੌੜ** :—ਇਹ ਅਜਿਹਾ ਸਮਝਣ ਵਿੱਚ ਸਚੇ ਸਨ, ਕਿਉਂਕਿ ਦੁਨੀਆਂ ਦੀ ਤਾਰੀਖ ਵਿੱਚ ਕੋਈ ਅਜਿਹੀ ਘਟਨਾ ਨਹੀਂ ਮਿਲਦੀ ਕਿ ਚਾਲੀ ਬੇ-ਹਥਿਆਰ ਆਦਮੀਆਂ ਨੇ ਇੱਕ ਕੱਚੇ ਮਕਾਨ ਵਿੱਚ ਬੈਠਕੇ ਸੈਂਕੜੇ ਨਹੀਂ ਸਗੋਂ ਲੱਖਾਂ ਆਦਮੀਆਂ ਦੇ ਸਨਧਬਧ ਲਸ਼ਕਰ ਨਾਲ ਜੋ ਤੀਰ ਗੋਲੀ ਬਰਛੀ ਤੇ ਨੇਜ਼ਿਆਂ ਨਾਲ ਸਜਿਆ ਹਰ ਤਰ੍ਹਾਂ ਕਿੱਲ ਕਾਂਟੇ ਠੀਕ ਕਰਕੇ ਆਇਆ ਤੇ ਟਾਕਰਾ ਕੀਤਾ ਹੋਵੇ। ਜਾਂ ਸੈਂਕੜੇ ਨਹੀਂ ਹਜ਼ਾਰਾਂ ਅਜਿਹੀਆਂ ਉਦਾਹਰਣਾ ਮਿਲਦੀਆਂ ਹਨ ਕਿ ਹਜ਼ਾਰਾਂ ਜਵਾਨ ਤੇ ਬਹੁਤ ਸਾਰਾ ਲੜਾਈ ਦਾ ਸਮਾਨ ਹੁੰਦਿਆਂ ਵੀ ਆਪਣੇ ਆਪ ਨੂੰ ਘੇਰੇ ਵਿੱਚ ਵੇਖ ਕੇ ਸਨਧਬਧ ਸਿਪਾਹੀਆਂ ਨੇ ਹਥਿਆਰ ਸੁਟ ਦਿਤੇ। ਸ਼ਹਿਨਸ਼ਾਹ ਜਰਮਨ ਤੇ ਰੂਸ ਨੇ ਆਪਣੇ ਕੋਲ ਟਿੱਡੀ ਦਲ ਲਸ਼ਕਰ ਦੇ ਹੁੰਦਿਆਂ ਫਰਾਂਸ ਦੇ ਬਾਦਸ਼ਾਹ ਨੈਪੋਲੀਅਨ ਬੋਨਾ ਪਾਰਟ ਅਗੇ ਹਥਿਆਰ ਰਖਣ ਨੂੰ ਬੁਰਾ ਨਹੀਂ ਸਮਝਿਆ ਸੀ। ਮਿਸਰ ਵਿੱਚ ਮੁਸਲਮਾਨਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਲਸ਼ਕਰ ਦੇ ਕੋਲ ਹੁੰਦਿਆਂ ਭੀ ਨੈਪੋਲੀਅਨ ਦੇ ਅਗੇ ਨਿਉਣ ਵਿੱਚ ਹੀਨਤਾ ਨਹੀਂ ਸਮਝੀ। ਅਫਰੀਕਾ ਦੇ ਕਰੋਜੀ ਜਹੇ ਬਹਾਦਰ ਬੋਇਰ ਜਰਨੈਲ ਨੇ ਚਾਰ ਹਜ਼ਾਰ ਸਿਪਾਹੀ ਤੇ ਬਹੁਤ ਸਾਰੀਆਂ ਤੋਪਾਂ ਹੁੰਦਿਆਂ ਆਪਣੇ ਆਪ ਨੂੰ ਅੰਗ੍ਰੇਜ਼ਾਂ ਦੇ ਹਵਾਲੇ ਕਰ ਦਿੱਤਾ। ਅਜੇ ਅੱਜ ਕਲ ਦੀ ਗਲ ਹੈ ਕਿ ਇਰਾਕ ਅਰਬ ਵਿੱਚ "ਕਤ" ਦੀ ਥਾਂ ਤੇ ਅੰਗ੍ਰੇਜ਼ਾਂ ਦੇ ਪ੍ਰਸਿਧ ਜਰਨੈਲ ਉਸਟੰਗ ਨੇ ਤਿੰਨ ਹਜ਼ਾਰ ਤੋਂ ਵਧੀਕ ਲੜਾਕੇ ਸਿਪਾਹੀ ਹੁੰਦਿਆਂ ਭੀ

Digitized by Panjab Digital Library | www.panjabdigilib.org

ਆਪਣੇ ਆਪ ਨੂੰ ਤੁਰਕਾਂ ਦੇ ਰਹਿਮ ਤੇ ਛੱਡ ਦਿੱਤਾ ਅਜਿਹੀ ਹਾਲਤ ਵਿਚ ਸ੍ਰੀਗੁਰੂ ਗੋਬਿੰਦ ਸਿੰਘ ਸਾਹਿਬ ਦੇ ਕੋਲ ਜਦ ਕਿ ੪੦ ਤੇ ਉਹ ਭੀ ਹਥਿਆਰ ਹੀਣ ਸਿੱਖ ਸਨ। ਸ਼ਾਹੀ ਫੌਜੀ ਅਫਸਰਾਂ ਤੇ ਪਹਾੜੀ ਰਾਜਿਆਂ ਦਾ ਹਥਿਆਰ ਸੁਟਾਣ ਦੀ ਆਸ ਕਰਨਾ ਨਾਵਾਜਬ ਨਹੀਂ ਸੀ।

**ਮਨ ਕੀ ਮਨ ਹੀ ਮਾਹਿ ਰਹੀ:–** ਇਸ ਕੱਚੀ ਗੜ੍ਹੀ ਵਲ ਪੈਰ ਚੁਕਦਿਆਂ ਹੀ ਜਦ ਸਾਹਮਣਿਉਂ ਤੀਰਾਂ ਦੀ ਬੁਛਾੜ ਨੇ ਪਹਿਲੀ ਕਤਾਰ ਨੂੰ ਮੁਕਾ ਦਿਤਾ ਤਾਂ ਸ਼ਾਹੀ ਸਿਪਾਹ ਦੇ ਅਫਸਰ ਬਹੁਤ ਨਿਰਾਸ਼ ਅਤੇ ਨਿੰਮੋਝੂਣੇ ਹੋ ਗਏ ਤੇ ਉਨਾਂ ਨੂੰ ਛੇਤੀ ਹੀ ਪਤਾ ਲਗ ਗਿਆ ਕਿ ਖਾਲਸਾ ਜੀ ਦੀ ਬਾਬਤ ਜੋ ਕੁਛ ਉਹ ਅੰਦਾਜ਼ੇ ਲਈ ਬੈਠੇ ਸਨ ਉਹ ਉੱਕਾ ਹੀ ਨਿਰਮੂਲ ਸਨ॥ ਏਹ ਲਾਚਾਰ ਟੁਟੇ ਦਿਲ ਨਾਲ ਜਿੰਨੀ ਵਾਰ ਅਗੇ ਵਧੇ ਉਨੀ ਹੀ ਵਾਰ ਬਹੁਤ ਸਾਰੀ ਹਾਨੀ ਉਠਾ ਕੇ ਪਿਛੇ ਮੁੜਨ ਲਈ ਲਾਚਾਰ ਹੋਏ॥ ਕਈ ਵੇਰ ਬੜੇ ਜ਼ੋਰ ਸ਼ੋਰ ਨਾਲ ਗੜ੍ਹੀ ਦੀਆਂ ਕੰਧਾਂ ਤਕ ਪਹੁੰਚਣ ਦਾ ਉਪਰਾਲਾ ਕਰਨ ਤੇ ਭੀ ਇਹਨਾਂ ਦੀ ਪੇਸ਼ ਨਾ ਗਈ, ਸਗੋਂ ਹਰ ਵਾਰੀ ਮੂੰਹ ਦੀ ਖਾਕੇ ਪਿਛੇ ਹਟਣਾ ਪਿਆ॥

ਖਗਖੰਡ ਬਿਹੰਡ ਖਲੋਦਲ ਖੰਡੰ॥ ਅਤਿਰਣ ਮੰਡੰ ਬਰ ਬੰਡੰ॥
ਭੁਜ ਦੰਡ ਅਖੰਡ, ਤੇਜ ਪ੍ਰਚੰਡੰ, ਜੋਤਿ ਅੰਮਡੰ ਭਾਨ ਪ੍ਰਭੰ॥
ਸੁਖ ਸੰਤਾਂ ਸਰਣੰ, ਦੁਰਮਤਿ ਦਰਣੰ, ਕਿਲ ਵ੍ਹਿਖ ਹਰਣੰ, ਅਸਿ ਸਰਣੰ
ਜੈ ਜੈ ਜਗ ਕਾਰਣ, ਸ੍ਰਿਸ੍ਰਿ ਉਬਾਰਣ ਮਮ ਪ੍ਰਤਿ ਪਾਰਣ ਜੈ ਤੇਗੰ॥ ( ਬਿਚਿਤ੍ਰ )

(ਪੁਨਾ) ਅਤਿ ਮੁਦਿਤ ਕਪਾਲੀ, ਕਿਲਕਤ ਕਾਲੀ, ਅਰਿ ਦਿਸ ਹਾਲੀ, ਚਮਕ ਚਲੀ, ਬਹੁ ਖਲ ਮਾਚੈ॥ ਪਲ ਚਰ ਨਾਚੈ ਰਣਛਿਤਿ ਜਾਚੈ, ਰਕਤ ਹਲੀ, ਡਗ ਮਗ ਭੂ ਕੰਪੈ, ਰਜ ਨਭ ਝੰਪੈ ਹਿਪੁ ਕਰ ਸੰਪੈ, ਰੁਦਿਤ ਖਲੀ, ਨਿਰਖਤ ਸੁਰ ਲਾਜੈ, ਦਿੱਗੁਜ ਭਾਜੈ, ਜਬ ਦਲ ਸਾਜੈ ਸਿੰਘ ਬਲੀ (ਸਿਖੀ ਪ੍ਰਭਾਕਰ) ਪਿਠ ਕਮਰ ਕੜੱਕੇ ਬ੍ਰਿਖੱਭ ਭੜੱਕੇ; ਭੁਜਗ ਮੜੱਚੇ ਜਿਹ ਨੰਗੀ, ਨਦਿ ਨੱਦ ਉਛੱਲੈ ਉਦਧਿ ਦਹੱਲੈ, ਪੱਬ ਸੁਹੱਲੈ, ਬਹੁ ਰੰਗੀ, ਮੁਦ ਯੋਗਨਿ ਬੱਢੈ, ਭੈਰਵ ਚੱਢੈ, ਨਿਜ ਗਨ ਕੱਢੈ, ਸ਼ਿਵਭੰਗੀ, ਹਣ ਦੁੰਦਭਿ ਬੱਜੈ, ਰਿਪੁਦਲ ਦੱਝੈ॥ ਸਿੰਘ ਸੁ ਗੱਜੈ ਜਬ ਜੰਗੀ (ਸਿਖੀ ਪ੍ਰਭਾਕਰ)

ਮਾਰੇ ਸਮਸ਼ੇਰਨ ਕੇ ਲੋਥਨ ਪੈ ਲੋਥਾਂ ਤਾਰੀ
ਤੀਰਨ ਕੇ ਮਾਰੇ ਕਹੂੰ ਧੀਰਜ ਨ ਧਰਹੀ॥
ਮਾਰੇ ਬੰਦੂਕਨ ਕੇ ਦੀਨੇ ਅਸਵਾਰ ਡਾਰ
ਨੇਜਨ ਕੇ ਮਾਰੇ ਨਰ ਧਰਨੀ ਪੈ ਪਰ ਹੀ
ਮਾਰੇ ਜਮ ਧਾਰਨ ਕੇ ਜੀਵਨ ਕੇ ਨਾਹਿ ਮੂਲ
ਬਾਂਧੇ ਹਥਿਆਰ ਪਾਂਚ*ਖਾਲਸਾ ਜੀ ਲਰਹੀ

---

*( ੧ ਕ੍ਰਿਪਾਣ ੨ ਤੀਰ ਕਾਮਣ ੩ ਬੰਦੂਕ ੪ ਨੇਜਾ ੫ ਕਟਾਰ, ਕਵਿ ਸੈਨਾਪਤਿ ਲਿਖਦੇ ਹਨ।)

ਕੀਰਤਿ ਤਿਹਾਰੀ ਹੈ ਨਿਹਾਰੀ ਸ੍ਰੀ ਗੋਬਿੰਦ ਸਿੰਘ

Digitized by Panjab Digital Library | www.panjabdigilib.org

ਪਾਵਕ ਮੇ ਪੰਕਜ ਮੇ ਪੰਨਗ ਮੇ ਪਾਰਾ ਮੇ ॥
ਚਿੱਤ ਕੀ ਕਲਾਂ ਮੇ ਚਪਲਾ ਮੇ ਹੈ ਟਹਲ ਸਿੰਘ ॥
ਚੰਨਦ ਮੇ ਚਾਂਦਨੀ ਮੇ ਚੰਦ ਮੇ ਉਜਾਰਾ ਮੇ ॥
ਹਰ ਮੇ ਹਰਾ ਮੇ ਹਰ ਆਸਨ ਮੇ ਹੰਸਨ ਮੇ ॥
ਹੀਰਾ ਮੇ ਹਲਾਯੁਧ ਮੇ ਹਾਸ ਮੇ ਹਿਮਾਰਾ ਮੇ ॥
ਸੀਸ਼ਾ ਮੇ ਸੁਦਾ ਮੇਂ ਸ਼ੀਰ ਸਾਗਰ ਮੇ ਸਵਿਤਾ ਮੇ ॥
ਸਾਰਦਾ ਮੇ ਸਰਿਤਾ ਮੇ ਸਰ ਮੇ ਸਿਤਾਰਾ ਮੇ (ਅਲੰਕਾਰ ਸਾਗਰ ਸੁਭਾ)

ਸ੍ਰੀ ਕਲਗੀਧਰ ਜੀ ਦੀ ਉਜਲ ਕੀਰਤਿ ਨਾਲ ਉਜਲ ਪਦਾਰਥਾ ਦੀ ਸਮਤਾ ਇਸ ਕਬਿੱਤ ਵਿੱਚ ਵਰਣਨ ਕੀਤੀ ਹੈ।

ਦਾਸਾਂ ਤੇ ਜਗ ਵੈਰੀਆਂ ਜੋ ਦਿੰਦਾ ਹੈ ਸਾਰ
*ਅੰਮ੍ਰਿਤ ਪ੍ਰਦਾਨ ਕਰਤਾ ਦਾਸਨ ਰਾਹ ਦਾਤਾ,†
ਹਿਤ ਦੇਸ ਪੁਤ੍ਰ ਪਯਾਰੇ
ਵਾਰੰਤ ਤਾਤ ਮਾਤਾ, ਸੂਰਤ ਗਯਾਨ ਸ਼ਾਂਤੀ,
ਆਗਾਰ ਗਜਯ ਨੀਤੀ
ਐਸੇ ਮਹਾਨ ਗੁਰ ਸੇ ॥ ਕੀਜੈ ਅਖੰਡ ਪ੍ਰੀਤੀ ॥

ਹੁਣ ਨਾਹਰ ਖਾਂ ਕ੍ਰੋਧਵਾਨ ਹੋ ਕੇ ਅਗੇ ਵਧਿਆ, ਗੁਲਸ਼ੇਰਖਾਂ ਤੇ ਖਿਜ੍ਰ ਸ਼ੇਰ ਖਾਂ ਜੋ ਬੜੇ ਲੜਾਕੇ ਸਰਦਾਰ ਸਨ, ਉਨ੍ਹਾਂ ਦੇ ਨਾਲ ਰਲਕੇ ਹੱਲਾ ਕੀਤਾ। ਗੁਰੂ ਸਾਹਿਬ ਗੜ੍ਹੀ ਦੀ ਛੱਤ ਤੇ ਬੈਠੇ ਸਨ। ਇਨ੍ਹਾਂ ਨੂੰ ਹੱਲਾ ਕਰਾਂਦਿਆਂ ਵੇਖ ਕੇ ਤੀਰਾਂ ਨੂੰ ਕਮਾਨ ਤੇ ਰਖ ਕੇ ਖਿਚਿਆ। ਦੋਵੇਂ ਸਰਦਾਰ ਮਾਰੇ ਗਏ। ਖਿਜ਼ਰ ਟਾਕਰੇ ਦੀ ਤਾਕਤ ਨੂੰ ਵੇਖ ਕੇ ਡਰਦਾ ਕੰਧ ਦੇ ਪਿਛੇ ਹੋ ਗਿਆ ਜੋ ਸਾਹਮਣੇ ਆਇਆ ਮਾਰਿਆ ਗਿਆ।

ਇਕ ਵਾਰੀ ਮੁਸਲਮਾਨਾਂ ਦਾ ਇੱਕ ਭਾਰਾ ਲਸ਼ਕਰ ਗੜ੍ਹੀ ਦੀ ਇੱਕ ਕੰਧ ਤੱਕ ਪਹੁੰਚ ਗਿਆ। ਭਾਈ ਸਾਹਿਬ ਭਾਈ ਧਰਮ ਸਿੰਘ ਜੀ ੧੫ ਸਿੰਘਾਂ ਨੂੰ ਨਾਲ ਲੈ ਕੇ ਸਾਹਮਣੇ ਆਏ ਤੇ ਇਸ ਤਰ੍ਹਾਂ ਲੜਾਈ ਕੀਤੀ ਕਿ ਵੈਰੀ ਨੂੰ ਨੱਸਣ ਤੋਂ ਬਿਨਾਂ ਹੋਰ ਕੋਈ ਰਾਹ ਨਾ ਲੱਭਾ। ਜਦ ਅਧੇ ਕੁ ਸਿੰਘ ਸ਼ਹੀਦ ਹੋ ਗਏ ਤਾਂ ਸਾਹਿਬ ਅਜੀਤ ਸਿੰਘ ਜੀ ਨੇ ਖੜੇ ਹੋ ਕੇ ਸ੍ਰੀ ਗੁਰੂ ਸਾਹਿਬ ਜੀ ਤੋਂ ਆਗਿਆ ਮੰਗੀ ਕਿ ਮੈਨੂੰ ਭੀ ਜੰਗ ਵਿਚ ਜਾਣ ਦੀ ਆਗਿਆ ਦਿਤੀ ਜਾਵੇ। ਸ੍ਰੀ ਗੁਰੂ ਸਾਹਿਬ ਜੀ ਨੇ ਸਾਹਿਬ ਅਜੀਤ ਸਿੰਘ ਜੀ ਨੂੰ ਸ਼ਹੀਦੀ ਦੇ ਚਾ ਵਿੱਚ ਵੇਖਕੇ ਮੂੰਹ ਚੁੰਮਿਆ। ਹਥਿਆਰ ਸਜਾਏ ਤੇ ਜੰਗ ਵਿਚ ਜਾਣ ਦੀ ਆਗਿਆ ਦਿੱਤੀ। ਲਸ਼ਕਰਾਂ ਵਿੱਚ ਘਮਸਾਨ ਦਾ ਯੁਧ ਮਚ ਗਿਆ ਬਹਾਦਰ ਛਾਲਾਂ ਮਾਰ ਕੇ ਅਗੇ ਵਧਣ ਤੇ ਲੜਨ ਲਗੇ ਸਾਹਿਬ ਅਜੀਤ ਸਿੰਘ ਜੀ ਜਿਧਰ ਨੂੰ ਮੂੰਹ ਕਰਦੇ ਸੈਂਕੜੇ ਆਦਮੀ ਖ਼ਾਕ ਤੇ ਖ਼ੂਨ ਵਿੱਚ ਲੇਟ ਜਾਂਦੇ ਸਨ। ਆਪ ਜੀ ਨੇ ਇਸ ਤਰ੍ਹਾਂ ਵੈਰੀ ਦਾ ਦੰਮ ਬੰਦ ਤੇ ਰਸਤਾ ਤੰਗ ਕਰ ਦਿੱਤਾ ਕਿ ਵਡੇ ਵਡੇ ਮਸ਼ਹੂਰ ਸਿਪਾਹ ਤੇ ਸਾਲਾਰ ਸਾਹਮਣੇ ਆਉਣ ਤੋਂ ਜੀ ਚੁਰਾਣ ਤੇ ਜਾਨ ਬਚਾਉਣ ਲਈ ਮੂੰਹ ਲਕਾਉਣ ਲਗੇ। ਸਿਪਾਹੀਆਂ ਨੂੰ ਏਸ ਤਰ੍ਹਾਂ ਨੱਸਦਿਆਂ ਦੇਖ ਕੇ ਖਿਜ਼ਰ ਖਾਂ ਨੇ ਲਲਕਾਰਾਂ ਮਾਰੀਆਂ ਤੇ ਉਨ੍ਹਾਂ ਨੂੰ ਘੇਰਕੇ

*ਦਸਾਂ ਨੂੰ ਸਾਰ (ਮੁਕਤ) † ਵੈਰੀਆ ਨੂੰ ਸਾਰ ਲੋਹਾ ਤਲਵਾਰ।

Digitized by Panjab Digital Library | www.panjabdigilib.org

ਫੇਰ ਅਗੇ ਲਿਆਇਆ ਸਾਹਿਬ ਅਜੀਤ ਸਿੰਘ ਜੀ ਇਸ ਦਸਤੇ ਨੂੰ ਇਸ ਤਰ੍ਹਾਂ ਪਏ ਜਿਸ ਤਰ੍ਹਾਂ ਸ਼ੇਰ ਗਿੱਦੜਾਂ ਨੂੰ ਅਗੇ ਲਾ ਲੈਂਦਾ ਹੈ ਲੜਦਿਆਂ ਲੜਦਿਆਂ ਜਦ ਦੋ ਘੰਟੇ ਹੋ ਗਏ ਤਾਂ ਸਾਹਿਬ ਅਜੀਤ ਸਿੰਘ ਜੀ ਸਦੀਵੀ ਲਈ ਸੁਖ ਦੀ ਨੀਂਦਰ ਸੌਂਦੇ ਹੋਏ ਸਮੂੰਹ ਹਿੰਦੂ ਵੈਣ ਨੂੰ ਬਚਾਉਂਦੇ ਤੇ ਆਪਣੇ ਆਪ ਨੂੰ ਚਮਕਾ ਕੇ, ਪਿਆਰੇ ਪਿਤਾ ਗੁਰੂ ਪੰਥ ਅਤੇ ਹਿੰਦ ਵਾਸੀਆਂ ਨੂੰ ਅਖੀਰ ਦੀ ਫਤਿਹ ਗਜਾ ਗਏ ।

**ਪਾਠਕ ਜੀ**—ਤੁਹਾਨੂੰ ਪਤਾ ਹੈ ਕਿ ਰੁਸਤਮ ਆਪਣੇ ਮੁਰਦਾ ਲੜਕੇ ਦੀ ਲਾਸ਼ ਤੇ ਭੁਬਾਂ ਮਾਰ ਮਾਰ ਕੇ ਰੋਣ ਲਗ ਗਿਆ ਸੀ । ਨੈਪੋਲੀਅਨ ਵਰਗਾ ਬਹਾਦਰ ਰੂਸ ਦੇ ਜੰਗ ਵਿਚ ਆਪਣੇ ਇਕ ਸਿਪਾਹ ਸਾਲਾਰ ਦੇ ਮਾਰੇ ਜਾਣ ਤੇ ਵਿਲਕ ਵਿਲਕ ਕੇ ਹੰਝੂ ਕੇਰਦਾ ਸੀ ਤੇ ਉਸ ਨੂੰ ਗਸ਼ਾਂ ਤੇ ਗਸ਼ਾਂ ਪੈਂਦੀਆਂ ਸਨ । ਮਹਾਰਾਜਾ ਰਾਮ ਚੰਦਰ ਜੀ, ਹਾਂ ਹਿੰਦੂਆਂ ਦੇ ਕਥਨ ਅਨੁਸਾਰ ਵਿਸ਼ਨੂੰ ਜੀ ਦੇ ਅਵਤਾਰ ਮਹਾਰਾਜ ਰਾਮ ਚੰਦਰ ਜੀ ਨੇ ਜਦ ਆਪਣੇ ਛੋਟੇ ਭਰਾਤਾ ਲਛਮਣ ਨੂੰ ਰਾਵਨ ਦੀ ਬਰਛੀ ਨਾਲ ਫੱਟੜ ਹੋ ਕੇ ਧਰਤੀ ਤੇ ਡਿਗਿਆ ਦੇਖਿਆ ਤਾਂ ਆਪ ਬਿਲਬਲਾ ਉਠੇ । ਅੱਖਾਂ ਵਿਚ ਬੇ-ਬਸ ਅਥਰੂਆਂ ਦੀ ਝੜੀ ਲਗ ਗਈ । ਹਥੋਂ ਤੀਰ ਕਮਾਨ ਰਖ ਕੇ ਆਖਣ ਲਗੇ :

ਇਸ ਰਾਵਨ ਵੀਰਯੇਣ ਲਛਮਣ : ਪਤਿਤ ਭੁਵਿ ।
ਸਰਪ ਵਚੇ ਸ਼ੱਪ ਤੇ ਵੀਰੋ ਮਮ ਸ਼ੋਕ ਮੁਦੀਰਯਨ ॥੩॥

ਰਾਵਨ ਦੀ ਤਾਕਤ ਨਾਲ ਡਿੱਗਾ ਹੋਇਆ ਬੀਰ ਲਛਮਣ ਸਪ ਵਾਂਗ ਧਰਤੀ ਤੇ ਲੇਟ ਕੇ ਮੇਰਾ ਦੁਖ ਵਧਾ ਰਿਹਾ ਹੈ ।

ਸ਼ੋਣਿਤਾਰ ਦਭਿਮੰ ਵੀਰੰ ਪ੍ਰਾਣੈ: ਪ੍ਰਿਯਤਰੰ ਮਮ ।
ਪਸ਼ਯਟੋ ਸਸ਼ ਕਾ ਸ਼ਕਤੋਰਯੋਧੰ ਪਰਯਾਕੁਲਾਤਮਨ ॥੪॥

ਜਾਨ ਤੋਂ ਪਿਆਰੇ ਭਰਾ ਨੂੰ ਲਹੂ ਵਿਚ ਭਿੱਜਾ ਦੇਖਕੇ ਮੇਰਾ ਦਿਲ ਘਬਰਾਂਦਾ ਹੈ । ਹੁਣ ਮੈਂ ਲੜ ਨਹੀਂ ਸਕਦਾ ।

ਅਯੰਮਾ ਸਮਰ ਸ਼ਲਾਘੀ ਭ੍ਰਾਤ ਮੇਸ਼ੁਭ ਲਕਸ਼ਣ ।
ਯਦਿ ਪੰਚਤ ਵਪਾਪਨੰ: ਪ੍ਰਾਣੈਰਮੇ ਕਿਸੁਖੇਨਵਾ ॥੫॥

ਜੇ ਜੰਗ ਤੋਂ ਜਾਣੂ ਸ਼ੁਭ ਗੁਣ ਨਪੁੰਨ ਭਰਾ ਜੀਉਂਦਾ ਨਾ ਰਿਹਾ ਤਾਂ ਮੈਨੂੰ ਆਪਣੇ ਜੀਵਨ ਤੇ ਆਰਾਮ ਦੀ ਲੋੜ ਨਹੀਂ ।

ਲੱਜਤੀਵ ਹਿ ਮੇ ਵੀਰਯੰ ਭ੍ਰਸ਼ਯਤੀ ਕਰਾਧਨ ।
ਸਾਯਕਾ ਵਜਵਸੀ ਦੰਤਿ ਦ੍ਰਿਸ਼ਟਰਿਵਾ ਸ਼ਪਵਿਸੰ ਗਤਾ ॥੬॥

ਮੇਰੀ ਤਾਕਤ ਸ਼ਰਮਿੰਦਾ ਹੋ ਰਹੀ ਹੈ, ਮੇਰੇ ਹਥੋਂ ਕਮਾਨ ਡਿੱਗ ਰਹੀ ਹੈ । ਮੇਰੇ ਤੀਰ ਨਿਰਾਸ ਹੋ ਰਹੇ ਹਨ ਤੇ ਮੇਰੀਆਂ ਅੱਖਾਂ ਅਥਰੂਆਂ ਨਾਲ ਭਰੀਆਂ ਹੋਈਆਂ ਹਨ ।

ਕਿੰ ਮੇ ਯੁਧੇਨ ਕਿੰ ਪ੍ਰਾਣੈਰ ਯੁਧ ਕਾਰਯੰ ਕਿਦਯਤੇ ।
ਯ ਤ੍ਰਾਣੰ ਨਿਹ ਤਾ: ਸੇਤੇ ਰਣ ਮੂਰ ਧਨਿ ਲਕਸਮਣ ॥੭॥

ਮੈਨੂੰ ਜੀਵਨ ਦੀ ਹੁਣ ਲੋੜ ਨਹੀ ਤੇ ਨਾ ਹੀ ਲੜਾਈ ਕਰਨ ਤੋਂ ਕੁਝ ਲਾਭ ਹੈ ॥ ਜਦ ਕਿ ਲਛਮਣ ਲੜਾਈ ਵਿੱਚ ਫੱਟੜ ਹੋਇਆ ਪਿਆ ਹੈ ॥

Digitized by Panjab Digital Library | www.panjabdigilib.org

ਯਥੈਵ ਮਾਂ ਵਨੰ ਯਾਂਤ ਮਨੁਯਾਤਿ ਮਹਾ ਦਯੁਤਿ ।
ਅਹ ਮਪਯਨੁਯਾ ਮਯਾਮਿ ਨਥੈਵੈਨੰ ਬਮਕ ਸ਼ਯਮ ।

ਜਿਸ ਤਰ੍ਹਾਂ ਬਨਵਾਸ ਵਿਚ ਆਉਣ ਸਮੇ ਲਛਮਣ ਨੇ ਮੇਰਾ ਸਾਥ ਦਿੱਤਾ ਸੀ, ਇਸੇ ਤਰ੍ਹਾਂ ਹੁਣ ਇਸ ਦੇ ਬੈਕੁੰਠ ਬਿਧਾਰਨ ਸਮੇਂ ਮੈਂ ਇਸ ਦੇ ਨਾਲ ਜਾਵਾਂਗਾ ॥

ਕਿ ਮਯਾ ਦੁਸ਼ਕ੍ਰਤੰ ਕੁਮ ਕ੍ਰਤਮਨ ਨਯਤ੍ਰ ਜਨਮਨਿ ॥
ਯੇਨ ਮੇ ਧਰਮਿੱਕੋ ਭ੍ਰਾਤਾ ਨਿਹਤ ਸਚਾਗਰਤ ਸਿਥਤ: ॥
ਹਾਂ ਭਰਾਤਰ ਮਮੁਜ ਸ੍ਰੇਸਟ ਸ਼ੁਗਣਾਂ ਪ੍ਰਵਰ ਪ੍ਰਭੋ ॥
ਏਕਾਕੀ ਕਿ ਨੁ ਮਾ ਤਯਤੱਕ੍ਰਾਂ ਪ੍ਰਲੋਕਾਲ ਗਛੱਸਿ ॥

ਮੈ ਪਿਛਲੇ ਜਨਮ ਵਿਚ ਕੀ ਅਪ੍ਰਾਧ ਕੀਤਾ ਸੀ ਕਿ ਮੇਰੇ ਸਾਹਮਣੇ ਮੇਰਾ ਭਰਾ ਮੋਇਆ ਪਿਆ ਹੈ । ਹਾਏ । ਮੇਰੇ ਸ਼ੁਭ ਗੁਣ ਨੁਪੁੰਨ ਭਰਾਤਾ, ਬਹਾਦਰਾਂ ਵਿਚ ਪ੍ਰਸਿੱਧ ਭਰਾਤਾ ਤੂੰ ਮੈਨੂੰ ਇਕੱਲਾ ਛੱਡ ਕੇ ਕਿਉਂ ਚਲਾ ਗਿਆ ॥

ਵਿਲ ਪੰਤੰ ਮਾਂ ਭਰਾਤ: ਕਿਮਰਥੰ ਨਾਵਭਾਸ਼ ਸੇ ॥
ਉੱਤਿਸਟ ਪਸ਼ਯ ਕਿ ਸ਼ੇਸ਼ੇਦੀਨੰ ਮਾਂ ਪਸ਼ਯ ਚਕਸ਼ਸ਼ਾ ॥

ਉਠ । ਵੇਖ, ਕਿਉਂ ਲੇਟਿਆ ਹੈ ਅੱਖਾਂ ਖੋਹਲ ਕੇ ਦੀਨ ਵਲ ਦੇਖ ॥

ਹੁਣ ਜ਼ਰਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵਲ ਤਕੋ ਜਵਾਨ ਨੌ ਨਿਹਾਲ ਅੱਖੀਆਂ ਦੇ ਲਾਲ ਨੂੰ ਖੂਨੀ ਹੋਲੀ ਖੇਡ ਤੀਰਾਂ ਦੀ ਸੇਜ ਤੇ ਸੁਤਾ ਵੇਖਦੇ ਹਨ ਤੇ ਉਸ ਨੀਂਦਰੇ ਸੁਤਾ ਵੇਖਦੇ ਹਨ ਜਿਸ ਨੀਂਦਰੇ ਸੁਤਾ ਕੋਈ ਜਾਗਿਆ ਨਹੀਂ ॥ ਪਰ ਉਨਾਂ ਦੀਆਂ ਅੱਖਾਂ ਵਿਚ ਅੱਥਰੂ ਨਹੀ ਆਏ ਚਿਹਰੇ ਤੇ ਕਿਸੇ ਤਰ੍ਹਾਂ ਦੀ ਉਦਾਸੀ ਨਹੀਂ ਦਿਸਦੀ, ਮਥੇ ਦਾ ਰੰਗ ਨਹੀ ਬਦਲਿਆ ॥ ਹੱਥਾਂ ਵਿਚੋਂ ਕਮਾਨ ਨਹੀਂ ਛੁਟੀ, ਤੀਰ ਨਹੀਂ ਡਿਗੇ, ਦਿਲ ਨਹੀ ਘਾਬਰਿਆ, ਤੇ ਨਾ ਹੀ ਆਪਣੇ ਮੰਤਵ ਤੋਂ ਪਿਛੇ ਹਟਣ ਦਾ ਖਿਆਲ ਦਿਲ ਵਿਚ ਆਇਆ ਹੈ ॥ ਇਸੇ ਵਾਸਤੇ

ਸ਼ਾਹਜ਼ਾਦਾ ਮਿਰਜ਼ਾਂ ਅਬਦੁਲ ਗਨੀ ਇਉਂ ਲਿਖਦਾ ਹੈ :

ਬੇਟੇ ਕੇ ਕਤਲ ਹੋਨੇ ਕੀ ਪਹੁੰਚੀ ਜੂੰਹੀ ਖਬਰ ।
ਸ਼ੁਕਰੇ ਅਕਾਲ ਪੁਰਖ ਕੀਆ ਝਟ ਉਠਾ ਕੇ ਸਰ ।
ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੂਈ ।
ਬੇਟੇ ਕੀ ਜਾਨ ਧਰਮ ਕੀ ਖਾਤਰ ਫਿਦਾ ਹੂਈ ।

ਸਾਹਿਬ ਅਜੀਤ ਸਿੰਘ ਜੀ ਨੂੰ ਇਸ ਤਰ੍ਹਾਂ ਸ਼ਹੀਦ ਹੁੰਦਿਆਂ ਵੇਖਕੇ ਸਾਹਿਬ ਜੁਝਾਰ ਸਿੰਘ ਜੀ* ਉਠੇ ਤੇ ਨਿੱਕੇ ਨਿੱਕੇ ਸੁੰਦਰ ਤੇ ਕੋਮਲ ਹੱਥ ਜੋੜ ਕੇ ਪਿਤਾ ਜੀ ਅਗੇ ਬੇਨਤੀ ਕੀਤੀ ਕਿ :–

ਸਾਹਿਬ ਅਜੀਤ ਸਿੰਘ ਵ ਧਰਮ, ਕੌਮ ਅਤੇ ਮੁਲਕ ਦੀ ਖਾਤਰ ਕੁਰਬਾਨ ਹੁੰਦਿਆਂ ਵੇਖ ਕੇ ਮੇਰਾ

---

*ਰਣ ਦੇਖ ਸੂਰੇ ਚਿਤ ਉਲਾਸ । ਜੰਗ ਦੇਖ ਕੇ ਸੂਰਮੇਂ ਨੂੰ ਪਿਆਸ ਨਹੀਂ ਲਗਦੀ ਤੇ ਨਾ ਸੂਰਮੇ ਦੀ ਪਿਠ ਤੇ ਜ਼ਖ਼ਮ ਹੁੰਦਾ ਹੈ । ਕਿਨੀ ਭੁਲ ਹੈ ਜੋ ਕਹਿਣਾ ਪਾਣੀ ਪੀਣ ਆਇਆ ।

Digitized by Panjab Digital Library | www.panjabdigilib.org

ਜੀ ਭਰ ਆਇਆ ਹੈ। ਜਿਸ ਤਰ੍ਹਾਂ ਸਾਹਿਬ ਅਜੀਤ ਸਿੰਘ ਜੀ ਨੂੰ ਸ਼ਹੀਦੀ ਪ੍ਰਾਪਤ ਕਰਨ ਦੀ ਆਗਿਆ ਦਿੱਤੀ ਗਈ ਹੈ ਉਸੇ ਤਰ੍ਹਾਂ ਮੈਨੂੰ ਭੀ ਹੁਕਮ ਦਿੱਤਾ ਜਾਵੇ ਤਾਂ ਜੋ ਮੈਂ ਭੀ ਆਪਣੇ ਭਰਾ ਦੀ ਲੀਹੇ ਚਲਦਾ ਹੋਇਆ ਉਸ ਸੰਦੇਸੇ ਤੇ ਆਪਣੇ ਲਹੂ ਨਾਲ ਮੋਹਰ ਲਾ ਦਿਆਂ ਜੋ ਆਪ ਇਸ ਜਹਾਨ ਦੇ ਬੰਦਿਆਂ ਨੂੰ ਰੂਹਾਨੀ, ਦਿਮਾਗੀ ਅਤੇ ਸਰੀਰਕ ਗੁਲਾਮੀਂ ਤੋਂ ਛੁਡਾਣ ਲਈ ਲਿਆਏ ਹੋ।

ਖਾਲਸਾ ਜੀ ਇਸ ਮਾਸੂਮ ਬਾਲ, ਕੋਮਲ ਤੇ ਸੋਹਲ ਲਾਲ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਸ਼ਸਤਰਾਂ ਬਸਤਰਾ ਨਾਲ ਸਜਾ ਕੇ ਤੁਹਾਨੂੰ ਪਤਾ ਹੈ ਕੀ ਕਿਹਾ॥ ਸੁਣੋ॥ ਗੁਰੂ ਸਾਹਿਬ ਜੀ ਨੇ ਜੋ ਕੁਝ ਆਖਿਆ ਤੇ ਕੀਤਾ। ਉਹ ਇਕ ਮੁਸਲਮਾਨ ਏਸ ਤਰ੍ਹਾਂ ਦੱਸਦਾ ਹੈ।

ਜਬ ਸਜ ਸਜਾ ਦੀਆਂ ਤੋ ਕਹਾ ਯੂੰ ਜੁਝਾਰ ਸਿੰਘ ਸੇ।
ਲੋ ਸਿੰਘ ਅਬ ਸ਼ਕਾਰ ਕੋ ਨਿਕਲੋ ਕਢਾਰ ਸੇ।

ਸਾਹਿਬ ਜੁਝਾਰ ਸਿੰਘ ਜੀ ਭੀ ਲੜਾਈ ਵਿੱਚ ਤਲਵਾਰ ਦੇ ਕਰਤਵ ਵਿਖਾਉਂਦੇ ਤੇ ਸੈਕੜੇ ਵੈਰੀਆਂ ਨੂੰ ਮਾਰਦੇ ਆਪਣੇ ਭਰਾਤਾ ਅਜੀਤ ਸਿੰਘ ਜੀ ਨੂੰ ਜਾ ਮਿਲੇ। ਵਾਹ ਵਾਹ ਧੰਨ ਮੇਰੇ ਗੁਰੂ ਗੋਬਿੰਦ ਸਿੰਘ ਸਾਹਿਬ (ਬਹਾਦਰ ਸਿੰਘਣੀਆਂ) ਭਾ: ਸੇਵਾ ਸਿੰਘ ਜੀ।

ਦੇਖੋ ਸਿੰਘ ਸਾਹਿਬ ਕਈ ਦਿਨ ਹੋ ਗਏ ਹਨ ਕਦੇ ਰਾਤ ਪੈਂਦੀ ਤੇ ਕਦੇ ਦਿਨ ਚੜ੍ਹਦਾ ਦਿਨ ਰਾਤ ਤਾਂ ਆਪ ਦੇ ਟੈਮ ਤੇ ਔਂਦਾ ਜਾਂਦਾ ਤੇ ਏਧਰ ਗੁਰੂ ਜੀ ਤੇ ਖਾਲਸੇ ਦਾ ਲੰਗਰ ਵਲੋਂ ਕੜਾਕਾ ਤੇ ਸ਼ਾਹੀ ਸਿੰਘਾਸਣਾ ਤੇ ਆਰਾਮ ਕਰਨ ਵਾਲੇ ਕਈ ਰੋਜ਼ ਤੋਂ ਧਰਤ ਮੰਡਲ ਤੇ ਹੀ ਭਾਣੇ ਅੰਦਰ ਅਡੋਲ ਸੁਖ ਆਸਣ ਹੁੰਦੇ ਹਨ। ਸੋ ਉਸੇ ਰਫਤਾਰ ਨਾਲ ਦਿਨ ਘੱਟਦਾ ਘੱਟਦਾ ਅਲੋਪ ਹੋ ਗਿਆ ਤੇ ਰਾਤਰੀ ਕਾਲ ਰੂਪ ਧਾਰ ਕੇ ਆ ਰਹੀ ਹੈ। ਹੌਲੀ ਹੌਲੀ ਘੂਪ ਹਨੇਰੇ ਨਾਲ ਆਪਣਾ ਪਰਾਇਆ ਨਹੀਂ ਪਛਾਣਿਆਂ ਜਾਂਦਾ ਸੀ, ਜਿਸ ਕਰਕੇ ਸ਼ਾਹੀ ਲਸ਼ਕਰ ਥੋਹੜੇ ਜਿਹੇ ਸਿੰਘਾਂ ਤੋਂ ਬਹੁਤ ਸਾਰਾ ਨੁਕਸਾਨ ਉਠਾ ਕੇ ਟੁਟੇ ਦਿਲ ਡੇਰਿਆਂ ਵਿਚ ਜਾ ਪਿਆ।

**ਇਥੇ ਕੁਝ ਵਿਚਾਰੋ :-** ਕਿ ਹੁਣ ਗੁਰੂ ਸਾਹਿਬ ਜੀ ਦੇ ਪਾਸ ਉਹ ਚਾਲੀ ਸਿੰਘ ਭੀ ਨਹੀਂ ਰਹੇ ਜੋ ਲੜਾਈ ਦੇ ਅਰੰਭ ਵਿਚ ਨਾਲ ਸਨ। ਉਨ੍ਹਾਂ ਵਿਚੋਂ ਅਧਿਆਂ ਤੋਂ ਵਧੀਕ ਸ਼ਹੀਦ ਹੋ ਚੁਕੇ ਸਨ। ਜੋ ਥੋਹੜੇ ਜਿਹੇ ਬਾਕੀ ਹਨ ਉਹ ਭੀ ਸਾਰੇ ਦਿਨ ਦੀ ਲੜਾਈ ਦੇ ਕਾਰਨ ਥਕੇ ਹੋਏ ਹਨ। ਵੈਰੀ ੧੦ ਲੱਖ ਆਦਮੀਆਂ ਦੀ ਗਿਣਤੀ ਦੇ ਹੁੰਦਿਆਂ ਭੀ ਹੌਸਲਾ ਨਹੀਂ ਰਖਦਾ ਕਿ ਗੜ੍ਹੀ ਦੇ ਕੋਲ ਜਾਣ ਦਾ ਨਾਂ ਲਵੇ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਨਾਮ ਤੇ ਉਨ੍ਹਾਂ ਦੇ ਸਿਖਾਂ ਦੇ ਕੰਮਾਂ ਤੋਂ ਇਹ ਇਤਨੇ ਸਹਿਮੇ ਤੇ ਡਰੇ ਹੋਏ ਹਨ ਕਿ ਇਸ ਪਾਸੇ ਆਉਣ ਦਾ ਹੀਆ ਨਹੀਂ ਪੈਂਦਾ। ਇਧਰ ਸਿੰਘ ਬੜੇ ਨਚਿੰਤ ਹੋ ਬੂਹਾ ਮਾਰ ਕੇ ਅੰਦਰ ਬਹਿ ਜਾਂਦੇ ਹਨ, ਮਾਨੋ ਉਨਾਂ ਨੂੰ ਕੋਈ ਪਤਾ ਨਹੀਂ ਕਿ ਉਨ੍ਹਾਂ ਦੇ ਵਿਰੁਧ ਵੈਰੀ ਨੇ ਜੰਗ ਕਰਨਾ ਹੈ ਜਾਂ ਉਹ ਘੇਰੇ ਵਿਚ ਹਨ। ਦੇਖੋ ਰਾਤ ਦਾ ਸਮਾਂ ਦਿਨੇ ਜੰਗ ਦਾ ਘਮਸਾਣ ਚਾਰ ਚੁਫੇਰੇ ਮਚਿਆ ਤੇ ਉਦਾਲੇ ਪਦਾਲੇ ਲੋਥਾਂ ਹੀ ਲੋਥਾਂ ਤੇ ਹਜ਼ਾਰਾਂ ਹੀ ਜ਼ਖਮੀ ਬਿਲਕਦੇ ਹਨ। ਅਤੇ ਸ਼ਾਹੀ ਫੌਜਾਂ ਚੌਗਿਰਦ ਸਹਿਮੀਆਂ ਹੋਈਆਂ ਥਾਉਂ ਥਾਈਂ ਘਾਤ ਲਾਈ ਬੈਠੀਆਂ ਹਨ।

Digitized by Panjab Digital Library | www.panjabdigilib.org

**ਏਧਰ ਨਿਰਭੈ ਦਾਤਾ** ਕਚੀ ਗੜ੍ਹੀ ਅੰਦਰ ਨਿਰਸੰਸੇ ਅਡੋਲ ਬੈਠੇ ਹਨ । ਉਸੇ ਗੜ੍ਹੀ ਦੇ ਅੰਦਰ ਹੀ ਸਿੰਘ ਸੂਰਿਆਂ ਨੇ ਗੁਰਮਤਾ ਸੋਧਿਆ ਕਿ ਆਪਾਂ ਸ੍ਰੀ ਗੁਰੂ ਜੀ ਅਗੇ ਅਰਜ ਕਰੀਏ ਕਿ ਗ੍ਰੀਬ-ਨਿਵਾਜ ਅਸੀਂ ਇਥੇ ਜੰਗ ਕਰਾਂਗੇ ਤੇ ਆਪ ਜੀ ਐਸ ਵਕਤ ਕਮਰ ਕਸੇ (ਚਾਲੇ) ਕਰੋ ਤਾਂ ਸਾਰਿਆਂ ਮੱਤਾ ਪਾਸ ਕਰਕੇ ਸ੍ਰੀ ਹਜ਼ੂਰ ਦੇ ਚਰਨਾ ਚੁ ਹਾਜ਼ਰ ਹੋ ਕੇ ਪ੍ਰਾਰਥਨਾ ਕੀਤੀ ਕਿ ਪੰਥ ਸਾਜਕ ਦਾਤਾ ਜੀ ਅਸੀਂ ਸੁਬਸੰਮਤੀ ਨਾਲ ਗੁਰਮਤਾ ਕੀਤਾ ਹੈ ਕਿ ਆਪਾਂ ਜੰਗ ਕਰੀਏ ਤੇ ਸ੍ਰੀ ਗੁਰੂ ਜੀ ਨੂੰ ਬਿਨੈ ਕਰਕੇ ਏਥੋਂ ਅਗੇ ਨੂੰ ਤੋਰ ਦੇਈਏ । ਸ੍ਰੀ ਗੁਰੂ ਸਾਹਿਬ ਜੀ ਬੋਲੇ, ਸਿੰਘ ਸਾਹਿਬ ਮੈਂ ਪਿਆਰੇ ਪਿਤਾ ਦਾ ਵਸਿਆ ਅਨੰਦਪੁਰ, ਖਜ਼ਾਨਾ, ਪਰ ਕਵੀਆਂ ਦੀ ਸਾਲਾਂ ਬੱਧੀ ਲਿਖਤ ਵਿਦਿਆ ਧਰ ਸਾਗਰ, ਤੇ ਰਸਾਲੇ, ਮਾਤਾ ਜੀ, ਸਾਹਿਬਜ਼ਾਦੇ ਅਤੇ ਮਹਿਲ ਛੱਡ ਸਕਦਾ ਹਾਂ ਅਤੇ ਗੁਰੂ ਰੂਪ ਖਾਲਸੇ ਨੂੰ ਛੱਡ ਕੇ ਮੈਂ ਨਹੀਂ ਜਾ ਸਕਦਾ । ਹੁਣ ਸਿੱਖਾਂ ਪਾਸ ਹੋਰ ਕੀ ਜਵਾਬ ਸੀ । ਸਿੱਖ ਫੇਰ ਵਿਚਾਰ ਮੰਡਲੀ ਵਿਚ ਬੈਠੇ ਤੇ ਗੁਰਮੱਤਾ ਪਾਸ ਕੀਤਾ ਕਿ ਪੰਜ ਸਿੰਘ ਹੁਕਮ ਕਰੀਏ ਕਿ ਅਰਸ਼ੀ ਪ੍ਰੀਤਮ ਆਪ ਜੀ ਹੋਰ ਸਾਡੇ ਵਰਗੇ ਲਖਾਂ ਹੀ ਸਿੰਘ ਪੈਦਾ ਕਰ ਸਕਦੇ ਹੋ ਪਰ ਅਸੀਂ ਸਾਰੇ ਬਰਹਿਮੰਡ ਨੌਂ ਖੰਡ,ਸਤਿ ਦੀਪ,ਵਾਰ ਦੇਈਏ । ਅਕਾਸ਼ ਪਤਾਲ ਵਿਚ ਭਾਲ ਕਰੀਏ ਸਾਡੇ ਮਿਹਰਾਂ ਦੇ ਸਾਈਂ ਅੰਮ੍ਰਿਤ ਦੇ ਦਾਤੇ, ਸੰਤ ਉਬਾਰਨ, ਦੁਸ਼ਟ ਸੰਘਾਰਨ ਵਾਲੇ ਦੀਨ ਦੁਨੀਆਂ ਦੇ ਰਾਖੇ, ਜਗਤ ਤਮਾਸ਼ਾ ਦੇਖਣ ਵਾਲੇ ਸਾਈਆਂ ਸਾਨੂੰ ਆਪ ਜੀ ਜੈਸੇ ਨਹੀਂ ਲਭ ਸਕਦੇ ਇਸ ਵਾਸਤੇ ਪੰਜ ਪ੍ਰਵਾਨ ਨੇ ਪਾਸ ਕੀਤਾ ਹੈ ਅਤੇ ਸ੍ਰੀ ਗੁਰੂ ਜੀ ਦੇ ਹਜ਼ੂਰ ਹੁਕਮ ਕਰਦੇ ਹਾਂ ਕਿ ਆਪ ਜ਼ਰੂਰ ਇਥੋਂ ਚਲੇ ਜਾਉ ਅਤੇ ਅਸੀਂ ਆਪ ਜੀ ਦੀ ਆਗਿਆ ਅਨੁਸਾਰ ਜੈਸੇ "ਰਣ ਦੇਖ ਸੂਰੇ ਚਿਤ ਉਲਾਸ" ਦੇ ਭਾਵ ਅਨੁਸਾਰ ਟਿਡੀ ਦਲ ਨੂੰ ਹਥ ਦਖਾਵਾਂ ਗੇ । ਹੁਣ ਕੌਣ ਹੁਕਮ ਨੂੰ ਮੋੜੇ, ਪ੍ਰਵਾਨ ਹੋਇਆ

**ਫੇਰ ਕੀ ਹੋਇਆ** ਹੁਣ ਬਖਸ਼ਸਾਂ ਦੇ ਭੰਡਾਰੇ ਅਰਸ਼ਾਂ ਕੁਰਸਾਂ ਦੇ ਮਾਲਕ ਜਿਨਾਂ ਦੇ ਹੁਕਮ ਵਿੱਚ ਖੰਡ ਬ੍ਰਹਿਮੰਡ ਜੇਸੇ ਗੁਰ ਵ ਕ

ਭੈ ਵਿਚ ਪਵਣ ਵਹੈ ਸਦ ਵਾਉ ।
ਭੈ ਵਿਚ ਚਲਹਿ ਲਖ ਦਰਿਆਉ ।
ਭੈ ਵਿਚਿ ਅਗਨਿ ਕਢੈ ਵੇਗਾਰਿ ।
ਭੈ ਵਿਚਿ ਧਰਤੀ ਦਬੀ ਭਾਰਿ ।
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ।
ਭੈ ਵਿਚਿ ਰਾਜਾ ਧਰਮ ਦੁਆਰ ।
ਭੈ ਵਿਚਿ ਸੂਰਜ ਭੈ ਵਿਚਿ ਚੰਦ ।
ਕੋਹ ਕਰੋੜੀ ਚਲਤ ਨ ਅੰਤ ।
ਭੈ ਵਿਚਿ ਸਿਧ ਬੁਧ ਸੁਰ ਨਾਥ ।
ਭੈ ਵਿਚਿ ਆ ਡਾਣੇ ਅਕਾਸ਼ ।
ਭੈ ਵਿਚਿ ਜੋਧ ਮਹਾਬਲ ਸੂਰ ।
ਭੈ ਵਿਚਿ ਆ ਵ ਹਿ ਜਾਵਹਿ ਪੂਰ ।
ਸਗਲਿਆ ਭਉ ਲਿਖਿਆ ਸਿਰ ਲੇਖ ।

Digitized by Panjab Digital Library | www.panjabdigilib.org

ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।
ਆਸਾ ਦੀ ਵਾਰ ਦਾ ਚੌਥਾ ਸਲੋਕ ਮ: ੧
ਆਪ ਨਰਾਇਣ ਕਲਾ ਧਾਰ ਜਗ ਮਹਿ ਪਰਵਰਿਉ।
ਜਿਨਾਂ ਦੇ 'ਹੁਕਮ' ਅੰਦਰ ਸਭ ਕੋ ਬਾਹਰੁ ਹੁਕਮ ਨਾ ਕੋਇ।

ਆਪ ਜੀ ਅਜ ਪੰਜਾਂ ਸਿੰਘਾਂ ਦਾ ਹੁਕਮ ਮੰਨ ਕੇ ਪੰਜਾਂ ਸਿੰਘਾਂ ਨੂੰ ਉਚੇ ਆਸਣ ਪੁਰ ਬਰਾਜਮਾਨ ਤੇ ਪੰਜ ਪ੍ਰਕਰਮਾਂ ਕਰਕੇ ਅਗੇ ਚਲੇ ਗਏ ਉਸ ਸਮੇਂ ਹਾਜ਼ਰ ਪੰਜ ਗੁਰੂ ਪਿਆਰੇ ਇਹ ਸਨ।

੧. ਸ਼੍ਰੀਮਾਨ ਭਾ: ਦਇਆ ਸਿੰਘ ਜੀ
੨. ਸ਼੍ਰੀਮਾਨ ਭਾ; ਧਰਮ ਸਿੰਘ ਜੀ
੩. ਸ਼੍ਰੀਮਾਨ ਭਾ: ਸੰਗਤ ਸਿੰਘ ਜੀ
੪. ਸ਼੍ਰੀਮਾਨ ਭਾ; ਮਾਨ ਸਿੰਘ ਜੀ
੫. ਸ਼੍ਰੀਮਾਨ ਭਾ; ਸੰਤ ਸਿੰਘ ਜੀ

ਜੋ ਸਿੰਘ ਸਨ ਉਹੋ ਕਈਆਂ ਦਿਨਾਂ ਦਾ ਕੜਾਕਾ (ਭੁਖੇ) ਕਟ ਰਹੇ ਸਨ ਉਧਰ ਇਕ ੨ ਛਤ੍ਰਾ (ਭੇਡ) ਖਾ ਕੇ ਸ਼ੂਕ ਦੇ ਤੁਰਕਾਂ ਨਾਲ ਸਵਾ ਲਖ ਨਾਲ ਇਕ ਇਕ ਲੜਦਾ ਹੋਇਆ ਤੁਰਕੀ ਸੈਨਾ ਦੇ ਨਕ ਵਿਚ ਦਮ ਲਿਆ ਕੇ ਸ਼ਹੀਦੀ ਪਾਉਂਦਾ ਹੋਇਆ ਜਦ ਜੈਕਾਰਾ ਛਡਦਾ ਤਾਂ ਅਕਾਸ਼ ਪਤਾਲ ਗੂੰਜ ਦੇ ਸਨ॥ ਅਤੇ ਛਤ੍ਰਾ ਖਾਣ ਵਾਲਿਆਂ ਦੇ ਹਥੋਂ ਹਥਿਆਰ ਡਿੱਗ ਪੈਂਦੇ ਸਨ। ਮੇਰੇ ਕਲਗੀਧਰ ਜੀ ਸਿਖਾਂ ਦੀ ਏਸ ਬੀਰਤਾ ਤੇ ਦਲੇਰੀ ਨੂੰ ਦੇਖਦੇ ਹੋਇ ਸ੍ਰੀ ਗੁਰੂ ਜੀ ਨੇ ਹੁਕਮ ਕੀਤਾ ਕੇ ਜੰਗ ਦੇ ਬਾਦ ਏਸ ਤਾਰੇ ਦੀ ਸੇਧ ਮਾਲਵੇ ਚੁ ਆਜਾਣਾ ਅਤੇ ਨਗਾਰਾ ਵਜਦਾ ਰਹੇ ਤੇ ਬੋਲਾ ਇਹ ਗਜ ਦਾ ਰਹੇ ਕਿ ਬੋਲ ਦੇ ਝੂਠੇ ਤੁਰਕੋ ਸਿੱਖਾਂ ਦਾ ਗੁਰੂ ਥੋਡੇ ਅੱਖੀ ਘਟਾ ਪਾਕੇ ਜਾ ਰਿਹਾ ਹੈ॥ ਹੁਣ ਕੌਤਕੀ ਪਿਤਾ ਗੜ੍ਹੀ ਦੇ ਸਿੰਘਾਂ ਨੂੰ ਫਤਹਿ ਗਜਾ ਕੇ ਅਧੀ ਰਾਤ ਗੜੀ ਦਾ ਦਰਵਾਜਾ ਖੋਲਿਆ ਤੇ ਨਗਾਰੇ ਤੇ ਚੋਟ ਲਗੀ ਅਤੇ ਸਿੰਘਾਂ ਨੇ ਬੋਲਾ ਦਿਤਾ ਕਿ ਸਿੰਘ ਦਾ ਗੁਰੂ ਜਾ ਰਿਹਾ ਹੈ॥ ਇਸ ਬੋਲੇ ਦੀ ਗੂੰਜ ਵਿਚ ਸ੍ਰੀ ਕਲਗੀ ਧਰ ਜੀ ਨੇ ਘੋੜੇ ਤੇ ਅਸਵਾਰਾ ਕੀਤਾ। ਅਤੇ ਜੰਗ ਵਿਚ ਹੋਇ ਸ਼ਹੀਦ ਸਿੰਘਾਂ ਤੇ ਕ੍ਰਿਪਾ ਦ੍ਰਿਸਟੀ ਕਰਕੇ ਘੌੜਾ ਦੁੜਾ ਕੇ ਤੁਰਕਾ ਦੀ ਫੌਜ਼ ਵਿਚ ਜਾ ਕੇ ਸਿੱਖਾਂ ਦਾ ਗੁਰੂ ਜਾ ਰਿਹਾ ਹੈ ਤੁਰਕੋ ਹੰਬਲਾ ਮਾਰੋ ਕਹਿ ਕੇ ਐਸੀ ਤਾੜੀ ਮਾਰੀ ਜਾਨੋ ਸੈਂਕੜੇ ਨਗਾਰੇ ਖੜਕ ਪਏ॥ ਬਸ ਤਾੜੀ ਵਜਣ ਦੀ ਦੇਰ ਸੀ ਸਹਿਮਿਆ ਹੋਇਆ ਟਿਡੀ ਦਲ ਘਬਰਾ ਕੇ ਉਠਿਆ ਜੋ ਆਪੋ ਵਿਚ ਕਟਾ ਵਡ ਕਰਨ ਲਗਾ॥ ਪਹਾੜੀਆਂ ਦੇ ਧੌਂਸੇ ਖੜਕ ਗਏ॥ ਏਧਰ ਰਣਜੀਤ ਨਗਾਰੇ ਤੇ ਚੋਟ ਪਈ॥ ਜਲ ਥਲ ਬਨ ਪਰਬਤ ਗੂੰਜ ਉਠੇ॥ ਉਧਰ ਗੜੀ ਵਿਚੋਂ ਸਿੰਘਾ ਨੇ ਗੁਰੂ ਜੀ ਦੇ ਸਾਥ ਤਿੰਨ ਸਿੰਘ ਘਲੇ ਜੋ ਰਸਤੇ 'ਚ ਮਿਲ ਨਾ ਸਕੇ ਐਧਰ ਗੁਰੂ ਜੀ ਦਾ ਘੋੜਾ ਜਖਮੀ ਹੋ ਕਿ ਸ਼ਹੀਦ ਹੋ ਗਿਆ॥ ਮੇਰੇ ਅੰਮ੍ਰਿਤ ਦਾਤਾ ਗ੍ਰੀਬ ਅਨਾਥਾਂ ਦੇ ਰਖਕ ਹੁਣ ਪੈਦਲ ਚਲਦੇ ਹਨ॥ ਅਗੇ ਇਕ ਨਾਲਾ ਰਸਤੇ ਵਿਖੇ ਸ੍ਰੀ ਗੁਰੂ ਜੀ


Digitized by Panjab Digital Library | www.panjabdigilib.org

ਦਾ ਇਕ ਚਰਨਾ ਦਾ ਜੋੜਾ ਮੈਦਾਨ ਜੰਗ ਵਿਚ ਵਗੀ ਖ਼ੂਨ ਦੀ ਨਦੀ ਸ਼ਹੀਦਾਂ ਦੀ ਰਤ ਨਾਲ ਲਿਬੜਿਆ ਹੋਇਆ ਚਰਨ ਖੁਭਣ ਤੇ ਉਥੇ ਹੀ ਰਹਿ ਜਾਂਦਾ ਹੈ ਅਤੇ ਦੂਸਰੇ ਜੋੜੇ ਨੂੰ ਮੇਰੇ ਕਲਗੀਧਰ ਜੀ ਆਪ ਸਿਟ ਦਿੰਦੇ ਹਨ। ਹੁਣ ਹਿੰਦ ਵਾਸੀਓ ਤਕੋ ਕਾਲੀ ਬੋਲੀ ਹਨੇਰੀ ਰਾਤ ਹੈ। ਕੋਈ ਸੜਕ ਨਹੀਂ ਕੋਈ ਰਸਤਾ ਨਹੀਂ, ਝਾੜ ਹਨ, ਬੇਲੇ ਹਨ, ਕੰਡੇ ਹਨ, ਕੰਕਰ ਹਨ ਨਾ ਉਪਰ ਗਰਮ ਦੋਸ਼ਾਲਾ ਹੈ, ਨਾ ਘੋੜਾ ਹੈ ਨਾ ਚਰਨਾ ਵਿਚ ਜੋੜਾ ਹੈ ਅਰ ਨਾ ਹਥ ਵਿਚ ਬਾਜ ਹੈ। ਨਾ ਸੀਸ ਤੇ ਤਾਜ ਹੈ ਨਾ ਚੌਰ ਹੈ ਨਾ ਕੋਈ ਕੌਰ ਹੈ। ਵੱਡੀ ਮਾਤਾ ਜੀ ਤੇ ਦੋ ਸਾਹਿਬਜ਼ਾਦੇ ਸਰਸੇ ਤੋਂ ਵਿਛੜ ਗਏ। ਇਸੇ ਦੌਰਾਨ ਵਿਚ ਹੀ ਸ੍ਰੀ ਗੁਰੂ ਜੀ ਦੇ ਮਹਿਲ ਭੀ ਵਿਛੜ ਜਾਂਦੇ ਹਨ। ਨਾ ਹਾਥੀ ਨਾ ਕੋਈ ਸਾਥੀ ਨਾ ਫੌਜ ਹੈ ਨਾ ਉਹ ਚੋਜ ਹੈ ਨਾ ਨਿਸ਼ਾਨ ਹੈ ਨਾ ਸ਼ਾਨ ਹੈ ਨਾ ਰਣਜੀਤ ਨਿਗਾਰਾ ਹੈ। ਨਾ ਬਵੰਜਾ ਕਵੀ ਹਨ। ਨਾ ਪੰਜ ਪਿਆਰੇ ਹਨ ਨ ਸਿਖ ਦੁਲਾਰੇ ਹਨ ਕੋਮਲਾਂ ਨਾਲੋਂ ਲੱਖਾਂ ਗੁਣਾਂ ਭੀ ਕੋਮਲ ਚਰਨ ਕਮਲ ਨੰਗੇ ਹਨ। ਛਾਲਿਆਂ ਨਾਲ ਭਰ ਗਏ ਹਨ ਕੰਡਿਆਂ ਨੇ ਲਹੂ ਲੁਹਾਣ ਕਰ ਦਿਤੇ ਹਨ। ਪੋਹ ਦਾ ਪਾਲਾ ਪੈ ਰਿਹਾ ਹੈ। ਕੋਰਾ ਜੰਮ ਰਿਹਾ ਹੈ। ਪਹਾੜ ਦੀ ਹਵਾ ਤਲਵਾਰ ਵਾਂਗ ਵਿੱਚ ਦੀ ਲੰਘਦੀ ਜਾਂਦੀ ਹੈ। ਕੋਈ ਸੰਗੀ ਨਹੀਂ ਕੋਈ ਸਾਥੀ ਨਹੀਂ ਹੋਣ ਕਿਥੋਂ ਸਭ ਕੁਝ ਤਾਂ ਹਿੰਦ ਵਾਸੀਓ ਤੁਹਾਡੀ ਖਾਤਰ ਹੱਥੀਂ ਕੁਰਬਾਨ ਕਰ ਆਏ ਹਨ। ਸਭ ਕੁਝ ਆਪਣੇ ਹੱਥੀਂ ਤੇ ਅੱਖਾਂ ਦੇ ਸਾਹਮਣੇ ਵਾਰ ਕੇ ਅਜ ਸਵਾ ਲੱਖ ਹੀ ਨਿਰਭੈ। ਉਦਾਰ ਦਿਲ ਉਤਸ਼ਾਹੀ ਦਿਲ, ਖਾਮੋਸ਼ ਦਿਲ; ਬੇ ਪਰਵਾਹ ਗੁਰੂ ਬੇਫਿਕਰ ਐਨੇ ਹਨ ਮਾਨੋ ਖੀਸੇ ਚੋਂ ਲਾਚੀ ਨਹੀਂ ਡਿਗੀ। ਪਾਉਣ ਦੇ ਸਵਾਰ ਅਖ ਦੇ ਫਰਕ ਵਿਖੇ ਪਾਤਾਲ ਤੇ ਆਕਾਸ਼ ਵਿਖੇ ਜਾਣ ਵਾਲੇ ਗੁਰੂ ਨਾਨਕਦੇਵ ਗੋਬਿੰਦ ਰੂਪ ਘੋੜੇ ਹਾਥੀਆਂ ਦੇ ਅਸਵਾਰ ਅਜ ਪੈਦਲ ਚੱਪਾ ਚੱਪਾ ਮਾਲਵੇ ਦੀ ਧਰਤੀ ਨੂੰ ਪਵਿਤ੍ਰ ਤੇ ਕੋਮਲ ਚਰਨਾ ਨਾਲ ਭਾਗ ਲਾਉਂਦੇ ਹੋਏ ਕੇਵਲ ਸਵਾ ਲਖ ਹੀ ਪੁਜਦੇ ਹਨ। ਪਰ ਕੁਝ ਨਾ ਹੁੰਦਿਆਂ ਹੋਇਆਂ ਭੀ ਸਭ ਕੁਝ ਪੰਥ ਪਾਸ ਹੈ। ਜਦ ਸ੍ਰੀ ਕਲਗੀਧਰ ਪਾਤਸ਼ਾਹ ਜੀ ਹੁਣ ਮਾਛੀ ਵਾੜੇ ਆ ਪਹੁੰਚਦੇ ਹਨ। ਹੁਣ ਰਾਤ ਹੈ ਸਾਰੇ ਸ਼ਾਂਤ ਹੈ ਨਾ ਕੋਈ ਪਾਸ ਹੈ। ਮੇਰੇ ਕਲਗੀ ਵਾਲੇ ਦੇ ਪਾਸ ਨਾ ਅਸਤ੍ਰ ਹੈ ਨਾ ਵਸਤ੍ਰ ਹੈ। ਸਿਰਫ ਗਲ ਦੇ ਵਸਤ੍ਰ ਜੋ ਰਸਤੇ ਵਿਖੇ ਝਾੜਾਂ ਵਿਚ ਉਲਝਕੇ ਉਹ ਭੀ ਪਾਟ ਗਏ। ਹੁਣ ਚੋਜਾਂ ਦੇ ਮਾਲਕ ਥਕੇ ਹੋਏ ਹਨ। ਨਾ ਆਸਣ ਹੈ ਨਾ ਸਿੰਘਾਸਨ ਹੈ ਹੁਣ ਮੇਰੇ ਕੌਤਕੀ ਗੁਰੂ ਟਿੰਡ ਦਾ ਸਰਾਹਣਾ ਲਾ ਕੇ ਭੁੰਜੇ ਘਾਸ ਤੇ ਹੱਥ ਸ੍ਰੀ ਸਾਹਿਬ ਜੀ ਦੇ ਦਸਤੇ ਵਿਚ ਪਾਕੇ ਬੇ ਫਿਕਰ ਹੋ ਸੌਂ ਜਾਂਦੇ ਹਨ ਦੇਖੋ ਇਹ ਟਿੰਡ ਕਿਨੇ ਵੱਡੇ ਭਾਗਾਂ ਵਾਲੀ ਹੈ ਜਿਸ ਨੂੰ ਸ੍ਰੀ ਗੁਰੂ ਜੀ ਨੇ ਆਪ ਭਾਲ ਕੇ ਸਿਰਹਾਣਾ ਲਾਇਆ। ਹੁਣ ਸਾਫ ਥਾਂ ਤੇ ਢਾਲ ਰਖਕੇ ਉਪਰ ਟਿੰਡ ਤੇ ਮੇਰੇ ਸ੍ਰੀ ਗੁਰੂ ਦਸਮੇਸ਼ ਜੀ ਦਾ ਸੀਸ ਜਿਸ ਤੇ ਕਲਗੀ ਸਜਦੀ ਹੁੰਦੀ ਤੇ ਜਿਸ ਦੇ ਤੇਜ ਪ੍ਰਤਾਪ ਅਗੇ ਸੂਰਜ ਸ਼ਰਮਾਂਦਾ ਹੈ ਅਜ ਘੁਮਿਆਰ ਦੀ ਪਥੀ ਹੋਈ ਮਿਟੀ ਦੀ ਟਿੰਡ ਜੋ ਹਲਟ ਤੇ ਚੜ੍ਹਕੇ ਕਦੇ ਡੁਬੇ ਕਦੇ ਨਿਕਲੇ ਇਹ ਸ਼ਾਇਦ ਕਦ ਦੀ ਬਡ ਭਾਗਣ ਉਡੀਕਦੀ ਹੋਵੇਗੀ ਜਿਸ ਤੇ ਸਰਾਣਾ ਲਾਉਣ ਵਾਸਤੇ ਕਿਲਾ ਆਨੰਦਪੁਰ, ਸ਼ਾਹੀ ਸਿੰਘਾਸਣ, ਮਹਿਲ ਮਾੜੀਆਂ, ਸਾਰਾ ਆਰ ਪ੍ਰਵਾਰ ਛੱਡ ਕੇ ਕਿਤਨੇ ਉਤਾਵਲੇ ਤੇ ਪੈਦਲ ਚਲਕੇ ਆਉਂਦੇ ਹੈ। ਕਿ ਨਾ ਕਿਤੇ ਸਾਥੀ ਨਾ ਅਸਵਾਰੀ ਉਡੀਕਦਿਆਂ ਉਡੀਕਦਿਆਂ ਦੇਰ ਲਗ ਜਾਏ ਤਾਂ ਸ਼ਾਇਦ ਕੋਈ ਟਿੰਡ ਨੂੰ ਤੋੜ ਫੋੜ ਨਾ ਸਿਟੇ। ਵਾਹਿ ਤੇਰੇ ਚੋਜ ਹੁਣ ਟਿੰਡ ਸਿਰਹਾਣੇ ਧਰਕੇ ਸੰਸਾਰੀ ਜੀਵਾਂ ਵਾਂਗ ਸੁਤੇ ਪਏ ਹਨ। ਇਸ ਕਰਕੇ ਹੇਠ ਲਿਖਿਆ ਚਿਤਰ ਕਵੀ ਜੀ ਨੇ ਅੰਕਤ ਕੀਤਾ ਹੈ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਨਿਰਾਲੇ ਚੋਜਾਂ ਵਾਲੇ ਦਸਵੇਂ ਪਾਃ



ਦੇਸ਼ ਕੌਮ ਤੋਂ ਸਭ ਕੁਝ ਕੁਰਬਾਨ ਕਰਕੇ ਮਾਛੀਵਾੜੇ ਦੇ ਜੰਗਲ ਵਿਚ
ਚੌਫੇਰੇ ਟਿਡੀ ਦਲ ਤੇ ਝਾੜ ਝਾੜ ਦੁਸ਼ਮਨ ਹੁੰਦਿਆਂ ਇਉਂ
ਬੇਫਿਕਰ ਪਏ ਹਨ ਜਾਣੀ ਕੋਈ ਬਗਾਨਾ ਨਹੀਂ। (ਪੰਨਾ ੧੭੧)

Digitized by Panjab Digital Library | www.panjabdigilib.org

# (ਮਾਛੀਵਾੜੇ ਦੇ ਜੰਗਲ ਵਾਲੀ ਤਸਵੀਰ ਨੂੰ ਵੇਖਕੇ)

ਜੰਗਲ ਏ ਬੀਆ ਬਾਨ ਸੁੰਦਰ ਅਟੰਦਬਾਨ,
ਜਿਥੇ ਨਹੀਂ ਪਹੁੰਚ ਕਿਸੇ ਝਗੜੇ ਲੜਾਈ ਦੀ।
ਪੰਛੀ ਮ੍ਰਿਗ ਮਾਣਦੇ ਆਜ਼ਾਦੀਆਂ ਤੇ ਮੌਜਾਂ ਖੁਲ੍ਹਾਂ
ਜ਼ੋਰ ਧਕੇ ਨਾਲ ਜਿਥੇ ਈਨ ਨਹੀਂ ਮਨਾਈ ਦੀ।
ਪੌਣ ਖੁਲੀ ਪਾਣੀ ਖੁਲੇ ਸਾਰੇ ਹੀ ਪਰਾਣੀ ਖੁਲ੍ਹੇ
ਖੁਲ੍ਹਦਾ ਹੈ ਰਾਜ ਜਿਥੇ ਖੁਲ੍ਹ ਹੈ ਕਮਾਈ ਦੀ।
ਜਾਗਣ ਤੇ ਸੌਣ ਖੁਲੇ ਹਸਣ ਤੇ ਰੋਣ ਖੁਲੇ
ਖੁਲ੍ਹਦੀ ਹਨੇਰੀ ਵੱਗੇ ਨਦੀ ਬੇਪ੍ਰਵਾਹੀ ਦੀ।
ਲੇਟਿਆ ਹੈ ਆਣ ਕੋਈ ਸੁੰਦਰ ਜਵਾਨ ਜੋਧਾ
ਕਾਣ ਜਿਨੂੰ ਹੈ ਨੀ ਕਿਸੇ ਪੜੀ ਪਾਤਸ਼ਾਹੀ ਦੀ।
ਮਹਿਲਾਂ ਦਾ ਨਿਵਾਸੀ ਕਰੇ ਜੰਗਲਾਂ ਨੂੰ ਹਾਸੀ ਪਿਆ
ਕੰਡਿਆਂ ਦੀ ਸੇਜਾ ਜਾਣੇ ਮਖਮਲ ਵਿਛਾਈ ਦੀ।
ਹੱਥ ਵਿਚ ਤੇਗ ਨੰਗੀ ਖੂਨ ਦੀ ਤਿਹਾਈ ਨਹੀਂ ਏ
ਇਹ ਦੇ ਵਿਚ ਲਿਸ਼ਕ ਹੈ ਜੱਗ ਦੀ ਭਲਾਈ ਦੀ।
ਨਿਰਭਉ ਤੇ ਨਿਰ ਵੈਰ ਮੱਥੇ ਉਤੇ ਲਿਖਿਆ ਹੈ
ਚੇਹਰਾ ਹੈ ਕਿਤਾਬ ਪਾਕ ਦਿਲ ਦੀ ਸਫਾਈ ਦੀ।
ਢਾਲ ਤਲਵਾਰ ਓਹੀ ਜਾਪ ਦੀ ਨੁਹਾਰ ਓਹੀ
ਇਹ ਹੈ ਤਸਵੀਰ ਉਸੇ ਸਚੇ ਸਾਡੇ ਮਾਹੀ ਦੀ।
ਕਲਗੀ ਤੇ ਬਾਜ਼ ਨਾਹੀ ਸਾਜ ਉਹ ਸਮਾਨ ਨਾਹੀਂ
ਲੋੜ ਪਰ ਐਥੇ ਹੁਣ ਹੋਰ ਕੀ ਗਵਾਹੀ ਦੀ ?
ਮੱਥੇ ਉਤੇ ਨੂਰ ਦਿਸੇ ਚੇਹਰੇ ਤੇ ਸਰੂਰ ਦਿੱਸੇ
ਗਹੁ ਨਾਲ ਦੇਖੋ ਜੋਤ ਈਹੋ ਹੈ ਇਲਾਹੀ ਦੀ।
ਕਪੜੇ ਨੇ ਲੀਰ ਲੀਰ ਪਰ ਨਹੀਂ ਫਕੀਰ ਕੋਈ
ਸੂਰਤ ਪਿਆਰੀ ਇਹ ਤਾਂ ਉਸੇ ਸਾਡੇ ਮਾਹੀ ਦੀ।
ਪੰਛੀ ਓ ਨਾ ਰੌਲਾ ਹੁਣ ਪਾਉ ਠਹਿਰ ਜਾਉ ਰਤਾ
ਪੌਣੇ ਗੱਲ ਕਰੀ ਕੋਈ ਤੂੰਵੀ ਚਾ ਦਨਾਈ ਦੀ।
ਜੋਬਨ ਨਾ ਸਦਾ ਰਹੇ ਅਣ ਮਤੀਏ ਨੀ
ਸੇਵਾ ਕਦੇ ਪਾਂਧੀ ਪ੍ਰਦੇਸੀ ਦੀ ਕਮਾਈ ਦੀ।
ਭਾਗਾ ਵਾਲੀ ਨਦੀਏ ਕਿਨਾਰੇ ਤੇਰੇ ਕੌਣ ਆਏ ?
ਐਨੀ ਅਲਬੇਲੇ ਨੂੰ ਪਛਾਣ ਕੁਝ ਚਾਹੀ ਦੀ।

Digitized by Panjab Digital Library | www.panjabdigilib.org

ਸੋਰ ਨ ਮਚਾਈਂ ਰੌਲਾ ਪਾਈ ਨ ਜਗਾਈਂ ਵੇਖੀਂ,
ਹੁਣੇ ਅੱਖ ਲਗੀ ਏਸ ਥਕੇ ਹੋਇ ਰਾਹੀ ਦੀ। (ਹੀਰਾ ਸਿੰਘ "ਦਰਦ")

ਸ੍ਰੀ ਗੁਰੂ ਜੀ ਦੇ ਮਗਰੋਂ ਕਮਕੌਰ ਜੋ ਸਿੰਘ ਸ਼ਹੀਦ ਹੋਏ ਸਨ ਉਨ੍ਹਾਂ ਦੀਆਂ ਰੂਹਾਂ ਮਾਛੀਵਾੜੇ ਆਕੇ ਸਚ ਖੰਡ ਨੂੰ ਜਾਣ ਵਾਸਤੇ ਗੁਰੂਜੀ ਤੋਂ ਆਗਿਆ ਮੰਗਦੀਆ ਹਨ ਸ੍ਰੀ ਦਸਮੇਸ਼ ਜੀ ਸਭ ਦੇ ਦੁਆਰਾ ਅਕਾਲ ਪੁਰਖ ਨੂੰ ਸੁਨੇਹਾ ਭੇਜਦੇ ਹਨ।

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥ ਤੁਧ ਬਿਨ ਰੋਗ ਰਜਾਈਆਂ ਦਾ ਓਢਣ
ਨਾਗ ਨਿਵਾਸਾਂ ਦਾ ਰਹਿਣਾ ॥ ਸੂਲ ਸੁਰਾਹੀ ਖੰਜਰ ਪਜਾਲਾ
ਬਿੰਗ ਕਸਾਈਆਂ ਦਾ ਸਹਿਣਾ। ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ ॥ ੧ ॥ ੬ ॥ ੩੦ ॥

ਖਿਆਲ ਪਾਤਿਸ਼ਾਹੀ ੧੦ ॥

ਇਹ ਸੁਨੇਹਾ ਦੇ ਕੇ ਸੰਸਾਰੀ ਜੀਵਾਂ ਵਾਂਗ ਸੁਤੇ।

ਸ੍ਰੀ ਕਲਗੀਧਰ ਪਿਤਾ ਜੀ ਨੂੰ ਸਿੰਘ ਸੂਰੇ ਸਰਦਾਰ ਹੁਣ ਹੁਕਮੀਆਂ ਵਦਾਇਗੀ ਦੇ ਕੇ ਆਪ ਗੜ੍ਹੀ ਦੇ ਅੰਦਰ ਰਣਜੀਤ ਨਿਗਾਰਾ ਵਜਾ ਰਹੇ ਹਨ, ਜੈਕਾਰੇ ਗਜਾ ਰਹੇ ਹਨ, ਅਤੇ ਦੁਸ਼ਮਨ ਭਜ ਰਹੇ ਆਪੋ ਵਿਚੀ ਵਡ ਰਹੇ ਹਨ। ਹੁਣ ਗੜ੍ਹੀ ਅੰਦਰ ਸਿੰਘ ਸਾਹਿਬ ਕੇਵਲ ਤਿੰਨ ਚਾਰ ਹੀ ਹਨ, ਜਦ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਤੁਰਕਾਨੀ ਫੌਜਾਂ ਰਾਤ ਨੂੰ ਆਪਸ ਵਿਚ ਕਟਾ ਵੱਡ ਕਰਕੇ ਬਹੁਤ ਹੀ ਮਰੇ। ਪਤਾ ਲਗਣ ਤੇ ਪਛਤਾਵੇ ਦੇ ਸਮੁੰਦਰ ਵਿਚ ਸਾਰੇ ਅਫੀਸਰ ਇਕ ਦੂਜੇ ਨੂੰ ਰੋ ਰੋ ਕੇ ਕਹਿੰਦੇ ਹਨ ਕਿ ਰਾਤ ਦੇ ਜੰਗ ਵਿਚ ਇਕ ਸਿੰਘ ਭੀ ਨਹੀਂ ਮਰਿਆ। ਨਾ ਲੜਿਆ। ਆਪ ਕਾ ਨੁਕਸਾਨ ਆਪ ਹੀ ਕੀਤਾ ਇਉਂ ਕਹਿ ਕਹਿ ਕੇ ਪਛਤਾਉਂਦੇ ਹਨ। ਲੋਹੜਾ ਕੀ ਆਇਆ ਸਾਡੇ ੪੦ ਲਖ ਉਧਰ ੪੦ ਸਿੱਖ ਜੋ ਉਹ ਭੀ ਭੁਖੇ ਤਿਹਾਏ ਨਾ ਕੋਲ ਅਸਲਾ ਨਾ ਕਿਸੇ ਪਾਸਿਉਂ ਪਨਾਹ ਯਾ ਖੁਦਾ ਸਿਖ ਕਿਹੜੀ ਮਿਟੀ ਦੇ ਬਣੇ ਹਨ, ਅਸੀਂ ਕਿਉਂ ਪਿਛਾ ਕਰਨਾ ਸੀ। ਅਨੰਦਪੁਰ ਭੂਠੀਆਂ ਸਮਾਂ ਖਾ ਕੇ ਛਡਾਇਆ ਸੀ ਅਮਨ ਨਾਲ ਵਸਦੇ ਕੀ ਲੈਣਾ ਸੀ ਏਸ ਆਫਤ ਨੂੰ ਫੇਰ ਛੇੜ ਕੇ। ਏਧਰ "ਚਿੜੀ ਚੂਹਕੀ ਪੋਹ ਫੁਟੀ ਵਗਨ ਬਹੁਤ ਤਰੰਗ ਅਚਰਜ ਰੂਪ ਸੰਤਨ ਰਚੇ ਨਾਨਕ ਨਾਮੇ ਰੰਗ"। ਹੁਣ ਇਕ ਸਿੰਘ ਨੇ ਅਧਮੋਏ ਅਫਸੋਸ ਵਿਚ ਬੈਠੇ ਤੁਰਕਾਂ ਤੇ ਹੱਲਾ ਬੋਲਿਆ ਮਾਨੋਂ ਕਿਧਰੋਂ ਆਫਤ ਆ ਗਈ ਉਧਰ ਹਜਾਰਾਂ ਫੌਜਾਂ ਇਧਰ ਕੇਵਲ ਇਕੱਲਾ ਸਿੰਘ ਸਾਰਾ ਦਿਨ ਕੱਲਾ ਕੱਲਾ ਸਿੰਘ ਨਿਕਲ ਕੇ ਜੰਗ ਕਰਦਾ ਸ਼ਹੀਦ ਹੋ ਰਿਹਾ ਹੈ। ਜਦ ਥੋਹੜਾ ਜਿਹਾ ਦਿਨ ਰਿਹਾ ਤਾਂ ਇਕਲੇ ਭਾਈ ਸਾਹਿਬ ਸੰਤ ਸਿੰਘ ਜੀ ਹੀ ਗੜ੍ਹੀ ਅੰਦਰ ਰਹਿ ਗਏ ਹੋਰ ਸਿੰਘ ਦਿਨ ਭਰ ਵਿਚ ਵਾਰੀ ਵਾਰੀ ਸ਼ਹੀਦ ਹੁੰਦੇ ਗਏ। ਹੁਣ ਕਲਗੀ ਵਾਲੇ ਸਾਹਿਬ ਦੇ ਸਵਾ ਲਖ ਸਿੰਘ ਗੜ੍ਹੀ ਤੋਂ ਬਾਹਰ ਆਇਆ ਤੇ ਤੁਰਕਾਨੀ ਫੌਜਾਂ ਦੀਆਂ ਪੈ ਭਾਜੜਾਂ ਗਈਆਂ। ਕਿ ਜਿਨ੍ਹਾਂ ਦੇ ਸਿੰਘ ਲੱਖਾਂ ਲੱਖਾਂ ਨੂੰ ਮਾਰ ਕੇ ਮਰਦੇ ਹਨ ਇਹ ਖਬਰੇ ਕੀ ਕਰਨਗੇ। ਹੁਣ ਡਰੇ ਹੋਇਆਂ ਤੋਂ ਭਜ ਨਹੀਂ ਹੁੰਦਾ ਤੇ ਲੜ ਭੀ ਨਹੀਂ ਹੁੰਦਾ ਭਾਈ ਸੰਤ ਸਿੰਘ ਜੀ

Digitized by Panjab Digital Library | www.panjabdigilib.org

ਜਿਧਰ ਵੀ ਮੂੰਹ ਕਰਦੇ, ਉਧਰ ਹੀ ਫਤਿਹ ਕਰਦੇ ਜਾਂਦੇ ਹਨ। ਹੁਣ ਆਪ ਜੀ ਨੂੰ ਪਤਾ ਹੈ ਜੰਗ ਭੂਮੀਂ ਵਿਚ ਸਵਾਇ ਲੋਥਾਂ ਤੇ ਰਤ ਤੋਂ ਹੋਰ ਕੁਝ ਨਹੀਂ ਹੁੰਦਾ। ਹੁਣ ਸਿੰਘ ਸਾਹਿਬ ਜੀ ਖੂਨ ਤੇ ਤਿਲਕ ਲੋਥਾਂ 'ਚ ਠੇਡਾ ਖਾ ਕੇ ਥਿੜਕ ਗਏ। ਅਰ ਤੁਰਕਾਨੀ ਫੌਜਾਂ ਆ ਪਈਆਂ ਭਾਈ ਸੰਤ ਸਿੰਘ ਜੀ ਸ਼ਹੀਦ ਹੋਣ ਤੇ ਤਸਲੀ* ਹੋ ਗਈ ਕਿ ਸ੍ਰੀ ਗੁਰੂ ਜੀ ਸਮੇਤ ਸਾਰੇ ਸਿੰਘ ਸ਼ਹੀਦ ਹੋ ਗਏ ਹਨ॥ ਟਿਡੀ ਦਲ ਨੇ ਬੜੀਆਂ ਖੁਸੀਆਂ ਮਨਾਈਆਂ ਲਖਾਂ ਫੌਜਾਂ ਤੇ ਲਖਾਂ ਹੀ ਘੋੜੇ ਅਸਲੇ ਦਾ ਨੁਕਸਾਨ ਅਤੇ ਅਕੇਮਾਂ ਥਕੇਮਾ ਸਭ ਭੁਲ ਗਿਆ ਕਿ ਬਾਦਸ਼ਾਹ ਤੋਂ ਨਾਮਾਂ ਵਰੀ ਖਟਾਂਗੇ ਹੁਣ ਤੁਰਕਾਨੀ ਫੌਜ ਬੜੇ ਹੌਸਲੇ ਵਿਚ, ਪਰ ਗੜ੍ਹੀ ਵਿਚ ਕੋਈ ਨਹੀ ਜਾਂਦਾ ਸ਼ਾਇਦ ਕੋਈ ਸਿੰਘ ਹੋਰ ਨ ਨਿਕਲ ਆਵੇਂ ਕਿਉਂਕਿ ਗੜ੍ਹੀ ਅੰਦਰ ਜੋਤ ਜਗ ਮਗ ਜਗਦੀ ਨਜ਼ਰ ਔਂਦੀ ਸੀ॥

**ਜਾਹਰੀ ਕਲਾ :–** ਸ੍ਰੀ ਗੁਰੂ ਜੀ ਗੜ੍ਹੀ ਅੰਦਰ ਜੋਤ ਜਗਾਨ ਦਾ ਹੁਕਮ ਦੇ ਆਇ ਸੋ ਉਹੋ ਅਗੰਮੀ ਜੋਤ ਹੁਣ ਤਕ ਚਮਕੌਰ ਦੀ ਜੂਹ ਤੋਂ ਬਾਹਰ ਹੋਕੇ ਦੇਖੀਏ ਤਾਂ ਜਗਦੀ ਦਿਸਦੀ ਹੈ ਜੇ ਜੂਹਦੇ ਅੰਦਰ ਹੋ ਜਾਈਏ ਤਾਂ ਨਜ਼ਰ ਨਹੀਂ ਆਉਂਦੀ। ਸੋ ਇਸ ਜੋਤ ਨੂੰ ਦੇਖ ਕੇ ਤੁਰਕ ਅਜੇ ਭੀ ਦਹਿਲਦੇ ਸੀ, ਡਰਦੇ ਡਰਾਉਂਦੇ ਅੰਦਰ ਗਏ ਤਾਂ ਤਸਲੀ ਹੋਈ ਤੇ ਖੁਸ਼ੀ ਦੇ ਬੜੇ ਨਾਹਰੇ ਲਾਇ। ਹੁਣ ਕੀ ਹੋਇਆ ਉਦਾਲੇ ਦੇ ਪਿੰਡਾਂ ਦੇ ਚੌਕੀਦਾਰ ਸਦੇ ਤੇ ਹੁਕਮ ਕੀਤਾ ਕਿ ਪਿੰਡ ੨ ਹੋਕਾ ਦੇ ਦੇਵੋ ਕਿ ਸਿੰਘ ਸਾਰੇ ਮਾਰ ਸੁਟੇ ਹਨ ਕਲਗੀਧਰ ਦੇ ਸਮੇਤ। ਬਾਦਸ਼ਾਹ ਨੂੰ ਹੁਣ ਕਾਮਯਾਬੀ ਸੰਦੇਸ਼ ਭੇਜਿਆ ਜਾਵੇਗਾ॥ ਜੇ ਕੋਈ ਪਿੰਡ ਚੋਂ ਏਧਰ ਨੂੰ ਨਿਕਲਿਆ ਤਾਂ ਮਾਰਿਆ ਜਾਵੇਗਾ॥ ਸਾਰਿਆਂ ਨੂੰ ਪਤਾ ਹੋਣਾ ਚਾਹੀਏ ਹੁਣ ਬਾਦਸ਼ਾਹ ਕੌਣ ਹੈ॥ ਮਤ ਨਿਕਲੋ ਇਹ ਪਿੰਡ ਖਰੌਂਡ ਹੈ ਜਿਥੇ ਚੌਕੀਦਾਰ ਹੋਕਾ ਦੇ ਰਿਹਾ ਹੈ ਇਸ ਪਿੰਡ ਵਿਚ ਇਕ ਸਿੱਖਾਂ ਦਾ ਘਰ ਹੈ॥ ਜਿਸ ਵਿਚ ਇਕ ਮਾਤਾ ਜਿਸ ਦੇ ਇਕ ਸਪਤ੍ਰੀ ਦੋ ਛੋਟੇ ਬਚੇ ਹਨ ਜੋ ਸੁਤੇ ਨਹੀਂ ਬੈਠੇ ਹਨ। ਏਹਨਾਂ ਸੋਚਾਂ ਵਿਚ ਕਿ ਆਪਣੇ ਕੋਲ ਸ੍ਰੀ ਦਸਮੇਸ਼ ਜੀ ਜੰਗ ਕਰਦੇ ਹਨ ਜੇ ਤੁਹਾਡੇ ਪਿਤਾ ਜੀ ਜੀਉਂਦੇ ਹੁੰਦੇ ਤਾਂ ਸ੍ਰੀ ਹਜ਼ੂਰ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਸ੍ਰੀ ਗੁਰੂ ਜੀ ਤੋਂ ਖੁਸ਼ੀਆਂ ਤੇ ਸ਼ਹੀਦੀ ਬਾਟੇ ਦੇ ਹੱਕਦਾਰ ਹੁੰਦੇ॥ ਮੈਂ ਬਿਰਧ ਹਾਂ ਬਚੀ ਤੂੰ ਤੇ ਤੇਰੇ ਵੀਰ ਅਜੇ ਛੋਟੇ ਹਨ। ਪੁਤ੍ਰੀ -ਮਾਤਾ ਜੀ ਮੈਂ ਜੰਗ ਤਾਂ ਚਾਹੇ ਨਹੀ ਕਰ ਸਕਦੀ ਜੇ ਆਗਿਆ ਦੇਵੋ ਤਾਂ ਮੈ ਪਿਆਰੇ ਸਾਹਿਬਜਾਦਿਆਂ ਤੇ ਗੁਰ ਪੁਤ੍ਰ ਸਿੰਘ ਸ਼ਹੀਦਾਂ ਦੀਆਂ ਲੋਥਾਂ ਨੂੰ ਕਠੀਆਂ ਕਰਕੇ ਸਸਕਾਰ ਕਰ ਦੇਵਾਂ ਕਿਉਂਕਿ ਗੁਰੂ ਦੁਲਾਰਿਆਂ

---

*ਚਾਲੀ ਸਿੰਘ ਦੋ ਸਾਹਿਬ ਜਾਦੇ ਸ਼ਹੀਦ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਚਲੇ ਗਏ ਹਨ॥

॥ ਸਚ ਹੈ ॥

ਚਾੜ੍ਹੀ ਗੁਰ ਦਸਮੇਸ ਨੇ ਸੂਰਮਤਾ ਦੀ ਪਾਣ ਅਜਰ ਅਮਰ ਕਰ ਖਾਲਸਾ ਦਿੱਤੀ ਹੱਥ ਕ੍ਰਿਪਾਨ॥
ਭਾਰੂ ਹੋਇਆ ਲਖਾਂ ਤੋਂ ਇਕੋਂ ਮਰਦ ਮੈਦਾਨ ਤਕੋ ਗੁਰ ਦਸਮੇਸ਼ ਦੀ ਗੁਰ ਸਿਖੀ ਦੀ ਸ਼ਾਂਨ॥
ਖਾਲੀ ਪਿੰਜਰ ਛਡ ਗਿਆ ਹੰਸ ਉਡਾਰੀ ਮਾਰ- ਅੰਦਰ ਵੜ ਨ ਸਕਦਾ ਸ਼ਾਹੀ ਸਿਪਾਹ ਸਾਲਾਰ॥
ਵਾਹ ਵਾਹ*ਪੰਜ ਪਿਆਰਿਓ ਥੋਡੀ ਕੇਡੀ ਸ਼ਾਨ ਮਸਨਦ ਆਪ ਬਠਾਇਆ ਸ੍ਰੀ ਸਤਿਗੁਰ ਭਗਵਾਨ॥

*ਪੰਜਾਂ ਸਿੰਘ ਨੂੰ

Digitized by Panjab Digital Library | www.panjabdigilib.org

ਦੀਆਂ ਦੇਹਾਂ ਦੀ ਕਾਂ ਕੁਤੇ ਬੇਅਦਬੀ ਨਾ ਕਰਨ ॥ ਮਾਤਾ ਬਿਰਧ ਸਿੱਖੀ ਦਰਦ ਸੀਨੇ ਰੱਖਣ ਵਾਲੀ ਨੇ ਪਿਆਰੀ ਸਪੁਤ੍ਰੀ ਦੇ ਬਚਨ ਸੁਣ ਕੇ ਬੜੇ ਹੌਂਸਲੇ ਨਾਲ ਆਗਿਆ ਦਿਤੀ ਤੇ ਜਿਨਾਂ ਸਰਿਆ ਘਰ ਚੋਂ ਬਸਤ੍ਰ ਖਫਣਾ ਵਾਸਤੇ, ਜਲ ਦਾ ਘੜਾ ਸਿੰਘਾਂ ਦੇ ਚਿਹਰੇ ਸਾਫ ਕਰਨ ਵਾਸਤੇ ਤੇਲ, ਅੰਗੀਠੀ, ਬਤੀਆਂ, ਦੀਵਾ ਜਗਾਉਣ ਵਾਸਤੇ ਡਬੀਆਂ ਤਿਆਰ ਕਰਕੇ ਹੁਣ ਪਿਆਰੀ ਪੁਤ੍ਰੀ ਨੂੰ ਤਿਆਰ ਕਰਦੀ ਹੈ ॥ ਕੈਹਿੰਦੀ ਹੈ ਬਚੀ ਤੂੰ ਪਰਾਇ ਘਰ ਦਾ ਧੰਨ ਸੀ ਹੁਣ ਤੈਨੂੰ ਸ਼ਹੀਦਾਂ ਦੇ ਨਾਲ ਸ਼ਹੀਦੀ ਪਾਉਣ ਨੂੰ ਸਹੀ (ਸਚੇ) ਘਰ ਨੂੰ ਤੋਰ ਰਹੀ ਹਾਂ ॥ ਵਾਹ ਵਾ ਡੱਡਾ ਡੇਰਾ ਇਹ ਨਹੀਂ ਜਹਿ ਡੇਰਾ ਤਹ ਜਾਣੁ ॥ ਜਾਕੇ ਸ਼ਹੀਦਾਂ ਨੂੰ ਸੁਨੇਹਾ ਦੇਣਾ ਕਿ ਬੀਰਨੋਂ ਤੁਸੀਂ ਪਿਆਰੀਆਂ ਭੈਣਾਂ ਨੂੰ ਸੰਧਾਰਾਂ ਲੈ ਕੇ ਅਉਂਦੇ ਸੀ। ਹੁਣ ਮੈ ਤੁਹਾਡੀ ਛੋਟੀ ਭੈਣ ਆਪ ਜੀ ਵਾਸਤੇ ਸੀਸ ਦਾ ਸੰਧਾਰਾ ਲੈ ਕੇ ਹਾਜ਼ਰ ਹੋਈ ਹਾਂ ॥ ਹੁਣ ਆਗਿਆ ਤੇ ਸੁਨੇਹਾ ਲੈਕੇ, ਸ੍ਰੀ ਦਸਮੇਸ਼ ਜੀ ਅਗੇ ਨਿਆਣੀ ਸਪੁਤ੍ਰੀ ਸੁਗੜ੍ਹ ਸੁਜਾਨ, ਉਦਾਰ ਦਿਲ ਨਿਰਭੈ ਉਤਸ਼ਾਹ ਦਿਲ ਨਾਲ ਅਰਦਾਸਾ ਸੋਧਣ ਲਗੀ ਪਿਛੇ ਪਿਆਰੀ ਮਾਤਾ ਜੀ ਤੇ ਛੋਟੇ ਦੋਨੋ ਭਰਾ ਹੱਥ ਜੋੜੀ ਖੜੇ ਹਨ ॥ ਅਰਦਾਸ ਵਿਖੇ ਸਦਾ ਸਹਾਈ ਹੋਣ ਵਾਲੇ ਸਤਿਗੁਰੂ ਜੀ ਮੈ ਆਪ ਜੀ ਦੀ ਇੰਜਾਣੀ ਤੇ ਕੁਆਰੀ ਪੁਤ੍ਰੀ ਉਥੇ ਜਾਣ ਦਾ ਦਾਨ ਮੰਗ ਦੀ ਹਾਂ ਜਿਥੇ ਉਡਨ ਵਾਲਾ ਜਾਨਵਰ ਭੀ ਨਹੀਂ ਜਾ ਸਕਦਾ। ਹੁਣ ਅਰਦਾਸ ਸੰਪੂਰਨ ਹੋਈ ਪਿਆਰੀ ਮਾਤਾ ਤੇ ਛੋਟੇ ਛੋਟੇ ਵੀਰਾਂ ਨੂੰ ਅਖੀਰਲੀ ਫਤਹਿ ਬੁਲਾਕੇ ਅਤੇ ਲੋੜੀ ਦਾ ਸਮਾਨ ਲੈਕੇ ਬੀਬੀ ਹਰਸਰਨ ਕੌਰ ਜੰਗੇ ਮਦਾਨ, ਸੂਰਿਆਂ ਦੀ ਧਰਤ ਵਲ ਤੁਰ ਪਈ ॥

(ਵਿਸਥਾਰ ਲਈ ਵੇਖੋ ਇਸਤ੍ਰੀ ਕਾਂਡ)

॥ ਗੜ੍ਹੀ ॥

ਜਿਸ ਦਾ ਸਿਆਣੇ ਅਨਮਾਨ ਲੌਂਦੇ ਸਨ ਕੇ ਤੀਰਾਂ ਗੋਲੀਆਂ ਅਤੇ ਗੋਲਿਆਂ ਦੀਆਂ ਛਲਕਾਂ ਨਾਲ ਗੜ੍ਹੀ ਦਾ ਨਾਮ ਨਸ਼ਾਨ ਭੀ ਨਹੀ ਰਹਿਣਾ ਹੁਣ ਉਹੋ ਗੜ੍ਹੀ ਤੋਂ ਗੜ੍ਹੀ ਸਾਹਿਬ ਕਰਕੇ ਸਤਿਕਾਰੀ ਜਾਂਦੀ ਹੈ ਅਤੇ ਸਦਾ ਅਟਲ ਰਹੇਗੀ ॥

**ਗੜ੍ਹੀ ਤੋਂ ਚਮਕੌਰ ਨਾਮ ਕਿਉਂ ਪਿਆ.**—ਪਿਆਰੇ ਖਾਲਸਾ ਜੀ ਬਾਦਸ਼ਾਹੀ ਘਰਾਣਿਆਂ ਵਿਖੇ ਵਡੇ ਪੁਤ੍ਰ ਨੂੰ ਟਿਕਾ ਕਰਕੇ ਬੁਲਾਇਆ ਜਾਂਦਾ ਹੈ ਛੋਟੇ ਨੂੰ ਕੌਰ ਕਰਕੇ ॥ ਅਤੇ ਪੁਤ੍ਰੀਆਂ ਨੂੰ ਬੀਬਾ ਜੀ ਕਹਿਕੇ। ਸੋ ਬਾਦਸ਼ਾਹਿ ਤੋਂ ਮਗਰੋਂ ਗਦੀ ਦਾ ਹਕਦਾਰ ਟਿਕਾ ਸਾਹਿਬ ਹੁੰਦਾ ਹੈ ਸੋ ਮਰਯਾਦਾ ਅਨੁਸਾਰ ਸ੍ਰੀ ਗੁਰੂ ਜੀ ਨੇ ਟਿਕੇ ਦਾ ਖਤਾਬ ਖਾਲਸਾ ਪੰਥ ਨੂੰ ਦਿਤਾ ਤੇ ਸਾਹਿਬ ਜਾਦੇ (ਛੋਟੇ ਕੌਰ) ਏਥੇ ਸ਼ਹੀਦ ਹੋਣ ਤੇ ਸਦਾ ਚਮਕਣਗੇ ਇਸ ਤੋਂ, ਗੜ੍ਹੀ ਤੋਂ ਚਮਕੌਰ ਸਾਹਿਬ ਜੀ ਬਣਿਆ ਹੈ ॥ ਅਗੇ ਪੜ੍ਹੋ ਤੇ ਦ੍ਰਸ਼ਨ ਕਰੋ।

## ਚਮਕੌਰ ਸਾਹਿਬ ਦੇ ਹੋਰ ਗੁਰਦਵਾਰੇ। (ਸਿਖਾਂ ਦੀ ਕਰਬਲਾ)

**ਗੁ. ਕਤਲ ਗੜ੍ਹ.**— ਚਮਕੌਰ ਸਾਹਿਬ ਦੀ ਯੁਧ ਭੂਮੀ ਵਿਚ ਜਿਸ ਥਾਂ ਸਾਹਿਬ ਅਜੀਤ ਸਿੰਘ ਜੀ ਤੇ ਸਾਹਿਬ ਜੁਝਾਰ ਸਿੰਘ ਜੀ ਅਲੋਕਕ ਵੀਰਤਾ ਵਿਖਾਉਂਦੇ ਹੋਇ ੮ ਪੋਹ ਸੰਮਤ

Digitized by Panjab Digital Library | www.panjabdigilib.org

੧੭੬੧ ਨੂੰ ਸ਼ਹੀਦ ਹੋਇ ਅਤੇ ਜਿਸ ਥਾਂ ਸਾਹਿਬ ਜਾਦਿਆਂ ਅਤੇ ਹੋਰ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ ਉਸ ਗੁਰਦੁਆਰੇ ਦਾ ਨਾਮ ਕਤਲ ਗੜ੍ਹ ਹੈ। ਇਥੇ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ੮ ਪੋਹ ਨੂੰ ਭਾਰੀ ਜੋੜ ਮੇਲਾ ਹੁੰਦਾ ਹੈ॥ ਇਸ ਗੁਰ ਅਸਥਾਨ ਨਾਲ ਸੌ ਵਿਘੇ ਜਮੀਨ ਸਿੱਖ ਰਾਜ ਸਮੇ ਦੀ ਅਤੇ ਤਿੰਨ ਸੌ* ਰੁਪਇਆ ਸਾਲਾਨਾ ਜਾਗੀਰ ਪਿੰਡ ਰਾਇਪੁਰ ਤੋਂ ਲਗੀ ਹੋਈ ਹੈ ਜੋ ਰਾਜਾ ਭੂਪ ਸਿੰਘ ਨੇ ਲਗਾਈ। ਇਸਤੋਂ ਇਲਾਵਾ *੬੬੧) ਰੁਪਏ ਰਿਆਸਤ ਪਟਿਆਲੇ ਵਲੋਂ ਸਾਲਾਨਾ ਮਿਲਦੇ ਹਨ।

**ਗੁ: ਦਮਦਮਾ ਸਾਹਿਬ:**—ਗੁਰੂ ਸਾਹਿਬ ਕੁਰਕਛੇਤਰ ਨੂੰ ਜਾਂਦੇ ਹੋਇ ਇਥੇ ਬਿਰਾਜੇ ਸਨ। ਗੁਰੂ ਦਰਬਾਰ ਨਾਲ †੧੭ ਘੁਮਾਂ ਜ਼ਮੀਨ ਹੈ।

**ਸ਼ਹੀਦ ਗੰਜ ਭਾਈ ਜੀਵਨ ਸਿੰਘ—:** ਗੜ੍ਹੀ ਸਾਹਿਬ ਦੇ ਨੇੜੇ ਹੀ ਧਰਮ ਵੀਰ—ਗ: ਜੀਵਨ ਸਿੰਘ ਜੀ ਸ਼ਹੀਦ ਦਾ ਸ਼ਹੀਦ ਬੁੰਗਾ ਹੈ ਜੋ ਉਨ੍ਹਾਂ ਦੀ ਪਵਿੱਤ੍ਰ ਯਾਦ ਨੂੰ ਤਾਜ਼ਾ ਕਰਾਉਂਦਾ ਹੈ ਸੰਗਤਾਂ ਬੜੀ ਸ਼ਰਧਾ ਨਾਲ ਇਸ ਦੀ ਯਾਤ੍ਰਾ ਕਰਦੀਆਂ ਹਨ ਅਤੇ ਸ਼ਹੀਦਾਂ ਦੀਆਂ ਕੁਰਬਾਨੀਆ ਨੂੰ ਯਾਦ ਕਰਕੇ ਸ਼ੁਭ ਪ੍ਰੇਰਣਾ ਲੈਂਦੀਆਂ ਹਨ।

**ਗੁ: ਜੰਡ ਸਾਹਿਬ:**—ਚਮਕੌਰ ਸਾਹਿਬ ਤੋਂ ਤਿੰਨ ਕੋਹ ਵਾਯਵੀ ਕੋਣ ਇਹ ਗੁਰ ਅਸਥਾਨ ਹੈ। ਇਥੇ ਸਤਿਗੁਰੂ ਸਚੇ ਪਾਤਸ਼ਾਹ ਗੜ੍ਹੀ ਵਿਚੋਂ ਨਿਕਲ ਕੇ ਥੋਹੜੀ ਦੇਰ ਠਹਿਰੇ ਸਨ। ਗੁਰਦਵਾਰਾ ਬਣਿਆ ਹੋਇਆ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ੮੨੭ ਵਿਘੇ ਜ਼ਮੀਨ ਗੁਰਦੁਾਰੇ ਦੇ ਨਾਲ ਹੈ। ਇਸਦੇ ਪਾਸ ਜੋ ਪਿੰਡ ਹੈ। ਇਹ ਗੁਰ ਅਸਥਾਨ ਰੇਲਵੇ ਸਟੇਸ਼ਨ ਦੋਰਾਹੇ ਤੋਂ ੨੨ ਮੀਲ ਪੂਰਬ ਹੈ।

**ਸ੍ਰੀ ਚਮਕੌਰ ਸਾਹਿਬ ਦੇ ਚਾਲੀ ਮੁਕਤੇ:**—ਸ੍ਰੀ ਚਮਕੌਰ ਸਾਹਿਬ ਵਿਖੇ ਗੁਰੂ ਤੋਂ ਆਪਾ ਵਾਰਨ ਵਾਲੇ ਚਾਲੀ ਸਿੰਘ ਸਾਹਿਬ ਜੋ ਲਖਾਂ ਵੈਰੀਆਂ ਦਾ ਟਾਕਰਾ ਕਰਦੇ ਹੋਏ ਹਜ਼ਾਰਾਂ ਨੂੰ ਮਾਰ ਕੇ ਬੜੀ ਬਹਾਦਰੀ ਨਾਲ ਸ਼ਹੀਦ ਹੋਏ ਇਹ ਮੁਕਤੇ ਮੰਨੇ ਗਏ ਹਨ। ਅਫਸੋਸ ਇੰਨ੍ਹਾਂ ਗੁਰਮੁਖਾਂ ਦੇ ਪਿੰਡਾਂ ਦੇ ਪਤੇ ਆਦਿਕ ਨਹੀਂ ਮਿਲਦੇ ਅਰ ਸਤਿਕਾਰ ਸਹਿਤ ਪਵਿਤ੍ਰ ਨਾਮ ਹੇਠ ਲਿਖੇ ਜਾਂਦੇ ਹਨ।

੧. ਸ੍ਰੀਮਾਨ ਭਾਈ ਸਾ: ਹਿੰਮਤ ਸਿੰਘ ਜੀ ੨. ਸ੍ਰੀਮਾਨ ਭਾਈ ਸਾ: ਹਰਦਾਸ ਸਿੰਘ ਜੀ ੩. ਸ੍ਰੀਮਾਨ ਭਾਈ ਸਾ: ਗੁਰਦਾਸ ਸਿੰਘ ਜੀ ੪. ਸ੍ਰਮਾਨ ਭਾਈ ਸਾ: ਸੰਤ ਸਿੰਘ ਜੀ, ੫. ਸ੍ਰੀਮਾਨ ਭਾਈ ਸਾ: ਕਰਮ ਸਿੰਘ ਜੀ, ੬. ਸ੍ਰੀਮਾਨ ਭਾਈ ਸਾ: ਸੰਤ ਸਿੰਘ ਜੀ, ੭. ਸ੍ਰੀਮਾਨ ਭਾਈ ਸਾ: ਸੰਗਤੀਆ ਸਿੰਘ ਸਹਿਜ ਸਿੰਘ ਜੀ, ੮. ਸ੍ਰੀਮਾਨ ਭਾਈ ਸਾ: ਸਾਹਿਬ ਸਿੰਘ ਜੀ, ੯. ਸ੍ਰੀਮਾਨ ਭਾਈ ਸਾ :ਸਜਨ ਸਿੰਘ

---

*੧੦੦ ਵਿਘੇ †੬੬੧) ਰੁ:

†੧੭ ਘੁਮਾਂ

Digitized by Panjab Digital Library | www.panjabdigilib.org

ਜੀ, ੧੦. ਸ੍ਰੀਮਾਨ ਭਾਈ ਸਾ: ਸ਼ੇਰ ਸਿੰਘ ਜੀ, ੧੧. ਸ੍ਰੀਮਾਨ ਭਾਈ ਸਾ: ਸੰਗੋ ਸਿੰਘ ਜੀ, ੧੨. ਸ੍ਰੀਮਾਨ ਭਾਈ ਸਾ: ਸੇਵਾ ਸਿੰਘ ਜੀ ੧੩. ਸ੍ਰੀਮਾਨ ਭਾਈ ਸਾ: ਸਰੂਪ ਸਿੰਘ ਜੀ, ੧੪. ਸ੍ਰੀਮਾਨ ਭਾਈ ਸਾ: ਸਰਦੂਲ ਸਿੰਘ ਜੀ, ੧੫. ਸ੍ਰੀਮਾਨ ਭਾਈ ਸਾ: ਰਣਜੀਤ ਸਿੰਘ ਜੀ, ੧੬. ਸ੍ਰੀਮਾਨ ਰਤਨ ਸਿੰਘ ਜੀ, ੧੭. ਸ੍ਰੀਮਾਨ ਭਾਈ ਸਾ: ਬਿਸ਼ਨ ਸਿੰਘ ਜੀ, ੧੮. ਸ੍ਰੀਮਾਨ ਸਾ: ਭਾਈ ਸਾ: ਮੁਹਕਮ ਸਿੰਘ ਜੀ ੧੯. ਸ੍ਰੀਮਾਨ ਭਾਈ ਸਾ: ਮਤਾਬ ਸਿੰਘ ਜੀ, ੨੦. ਸ੍ਰੀਮਾਨ ਭਾਈ ਸਾ: ਭਗਵਾਨ ਸਿੰਘ ਜੀ, ੨੧. ਸ੍ਰੀਮਾਨ ਭਾਈ ਸਾ: ਪ੍ਰੇਮ ਸਿੰਘ ਜੀ, ੨੨. ਸ੍ਰੀਮਾਨ ਭਾਈ ਸਾ: ਵਸਾਵਾ ਸਿੰਘ ਜੀ, ੨੩. ਸ੍ਰੀਮਾਨ ਭਾਈ ਸਾ: ਨਿਹਾਲ ਸਿੰਘ ਜੀ. ੨੪. ਸ੍ਰੀਮਾਨ ਭਾਈ ਸਾ: ਪੰਜਾਬ ਸਿੰਘ ਜੀ, ੨੫. ਸ੍ਰੀਮਾਨ ਭਾਈ ਸਾ: ਟੇਕ ਸਿੰਘ ਜੀ, ੨੬. ਸ੍ਰੀਮਾਨ ਭਾਈ ਸਾ: ਠਾਕਰ ਸਿੰਘ ਜੀ, ੨੭. ਸ੍ਰੀਮਾਨ ਭਾਈ ਸਾ: ਤ੍ਰਲੋਕ ਸਿੰਘ ਜੀ, ੨੮. ਸ੍ਰੀਮਾਨ ਭਾਈ ਸਾ: ਠਾਕਰ ਸਿੰਘ ਜੀ, ੨੯. ਸ੍ਰੀਮਾਨ ਭਾਈ ਸਾ: ਝੰਡਾ ਸਿੰਘ ਜੀ, ੩੦. ਸ੍ਰੀਮਾਨ ਭਾਈ ਸਾ: ਖੜਗ ਸਿੰਘਜੀ, ੩੧. ਸ੍ਰੀਮਾਨ ਭਾਈ ਸਾ: ਗੁਰਦਾਸ ਸਿੰਘ ਜੀ, ੩੨. ਸ੍ਰੀਮਾਨ ਭਾਈ ਸਾ: ਚੜ੍ਹਤ ਸਿੰਘ ਜੀ, ੩੩. ਸ੍ਰੀਮਾਨ ਭਾਈ ਸਾ: ਜਵਾਹਰ ਸਿੰਘ ਜੀ, ੩੪. ਸ੍ਰੀਮਾਨ ਭਾਈ ਜ਼ੈਮਲ ਸਿੰਘ ਜੀ, ੩੫. ਸ੍ਰੀਮਾਨ ਭਾਈ ਸਾ: ਜਵਾਲ ਸਿੰਘ ਜੀ, ੩੬. ਸ੍ਰੀਮਾਨ ਭਾਈ ਸਾ: ਦਯਾਲ ਸਿੰਘ ਜੀ, ੩੭. ਸ੍ਰੀਮਾਨ ਭਾਈ ਸਾ: ਪੰਜਾਬ ਸਿੰਘ ਜੀ, ੩੮. ਸ੍ਰੀਮਾਨ ਭਾਈ ਸਾ: ਦਾਮੋਦਰ ਸਿੰਘ ਜੀ, ੩੯. ਸ੍ਰੀਮਾਨ ਭਾਈ ਸਾ: ਨਰਾਇਣ ਸਿੰਘ ਜੀ, ੪੦. ਸ੍ਰੀਮਾਨ ਭਾਈ ਸਾ: ਪ੍ਰੇਮ ਸਿੰਘ ਜੀ।

ਸ੍ਰੀ ਗੁਰੂ ਦਸ਼ਮੇਸ਼ ਜੀ ਨੇ ਜ਼ਫਰਨਾਮੇ ਵਿਖੇ ਇਨ੍ਹਾਂ ਚਾਲੀ ਸ਼ਹੀਦਾਂ ਦਾ ਜਿਕਰ ਕੀਤਾ ਹੈ "ਗੁਰਸਨਹ ਚਿਕਾਰੇ ਕੁਨਦ ਚਿਹਲ ਨਰ" ਦਸਿਆ ਹੈ ਕਿ ਚਾਲੀ ਸਿੰਘਾਂ ਨੇ ਭੁਖੇ ਰਹਿ ਕੇ ਲੱਖਾਂ ਦਾ ਟਾਕਰਾ ਕੀਤਾ।

**ਮੁਰੰਡਾ;**–ਜ਼ਿਲਾ ਤੇ ਤਹਿਸੀਲ ਅੰਬਾਲਾ ਦਾ ਇਕ ਪਿੰਡ ਜਿਸ ਦਾ ਰੇਲਵੇ ਸਟੇਸ਼ਨ ਮੁਰੰਡਾ ਹੈ। ਇਥੇ ਦੇ ਰਹਿਣ ਵਾਲੇ ਜਾਨੀ ਤੇ ਮਾਨੀ ਰੰਘੜ ੧੭੬੨ ਵਿਚ ਮਾਤਾ ਗੁਜਰੀ ਜੀ ਦੇ ਛੋਟੇ ਸਾਹਿਬਜ਼ਾਦਿਆਂ ਸਮੇਤ ਫੜ ਕੇ ਸਹੇੜੀ ਤੋਂ ਸਰਹੰਦ ਲੈ ਗਏ ਸਨ। ਮਘਰ ਸੰਨ ੧੮੧੯ ਵਿਚ ਖਾਲਸੇ ਦੇ ਬੁਢੇ ਦਲ ਨੇ ਇਸ ਪਿੰਡ ਨੂੰ ਸੋਧ ਕੇ ਜਾਨੀ ਤੇ ਮਾਨੀ ਨੂੰ ਲੁਹਾਰ ਦੇ ਵਦਾਨੇ ਨਾਲ ਚੂਰ ਕੀਤਾ ਅਤੇ ਉਨ੍ਹਾਂ ਦੇ ਸਹਾਇਕਾਂ ਨੂੰ ਕ੍ਰਿਪਾਨ ਭੇਟ ਕੀਤਾ। ਇਸ ਕਸਬੇ ਪਾਸ ਹੀ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਗੁਰਦੁਆਰਾ ਹੈ। ਪਿੰਡ ਸਹੇੜੀ ਤੋਂ ਫੜੇ ਹੋਏ ਇਹ ਧਰਮ ਰੱਖਕ ਇਸ ਥਾਂ ਲਿਆਂਦੇ ਗਏ ਸਨ, ਗੁਰਦੁਆਰੇ ਨਾਲ ੧੬ ਵਿਘੇ ਜ਼ਮੀਨ ਹੈ। ਜਿਸ ਵਿੱਚ ਇਕ ਬਾਗ ਹੈ। ਜੋ ਰੋਪੜ ਦੇ ਰਾਜਾ ਭੂਪ ਸਿੰਘ ਨੇ ਅਰਪਿਆ ਸੀ, ਇਕ ਬ੍ਰਹਿਮਣੀ ਝਾੜੂ ਦੀ ਸੇਵਾ ਕਰਦੀ ਹੈ। ਸਫਾ ੧੮,੨੦ ਵਿੱਚ ਮੁਰੰਡੇ ਤੇ ਸਰਦਾਰ ਧਰਮ ਸਿੰਘ ਨੇ ਕਬਜ਼ਾ ਕੀਤਾ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਜੀ ਨੇ ਇਹ ਸਾਰਾ (ਇਲਾਕਾ ਲਾਹੌਰ ਰਾਜ ਨਾਲ ਮਲਾਇਆ ਲੁਧਿਆਣਾ ਅਤੇ ਮੁਰੰਡਾ ਦਾ ਪੁਰਾਣਾ ਰਾਜ ਭਾਗ ਸਿੰਘ ਜੀ ਦੇ ਪੁਤਰ ਨੂੰ ਦੇ ਦਿੱਤਾ। ਰਾਜਾ ਸੰਗਤ ਸਿੰਘ ਦੇ ਲਾਵਲਦ ਮਰਨਪੁਰ ੧੮੩੪ ਵਿੱਚ ਸਰਕਾਰ ਅੰਗ੍ਰੇਜ਼ੀ ਨੇ ਜਬਤ ਕਰਕੇ ਆਪਣੇ ਰਾਜ ਨਾਲ ਰਲਾ ਲਿਆ ਇਸ ਅਸਥਾਨ ਦੀ ਸੇਵਾ ਪ੍ਰੇਮ ਸਹਿਤ ਸੰਤ ਸੁਰਜਨ ਸਿੰਘ ਜੀ ਨੇ ਕਰਾਈ ਹੈ। ਅਤੇ ਸਾਹਬਜ਼ਾਦਿਆਂ ਦੇ ਨਾਉਂ ਤੇ ਹਾਈ ਗਰਲ ਸਕੂਲ ਭੀ ਜਾਰੀ ਸੰਤ ਜੀ ਨੇ ਕੀਤਾ ਹੈ।

Digitized by Panjab Digital Library | www.panjabdigilib.org

**ਗੁ: ਖੇੜੀ:**—ਜ਼ਿਲਾ ਅੰਬਾਲਾ ਤਹਿਸੀਲ ਰੋਪੜ ਥਾਣਾ ਮੁਰੰਡਾ ਦਾ ਇਕ ਪਿੰਡ ਹੈ ਜਿਥੋਂ ਦੇ ਰਹਿਣ ਵਾਲੇ ਗੰਗੂ ਬ੍ਰਹਿਮਣ ਨੇ ਜਗਤ ਮਾਤਾ ਗੁਜਰੀ ਜੀ ਦਾ ਧਨ ਚੁਰਾਕੇ ਸਾਹਿਬਜ਼ਾਦਿਆਂ ਸਮੇਤ ਮਾਤਾ ਜੀ ਨੂੰ ਤੁਰਕਾਂ ਹੱਥ ਫੜਾਇਆ ਸੀ। ਬੰਦਾ ਬਹਾਦੁਰ ਨੇ ਸੰਮਤ ੧੭੬੭ ਵਿੱਚ ਇਸ ਪਿੰਡ ਨੂੰ ਤਬਾਹ ਕਰਕੇ ਗੰਗੂ ਨੂੰ ਕਰਣੀ ਦਾ ਫਲ ਭੁਗਤਾਇਆ। ਹੁਣ ਨਵੀਂ ਆਬਾਦੀ ਦਾ ਨਾਉਂ ਖੇੜੀ ਹੈ।

**ਭਾਣੋ ਖੇੜੀ:**—ਜ਼ਿਲਾ, ਤਹਿਸੀਲ ਅੰਬਾਲਾ ਵਿੱਚ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਛਾਉਣੀ ਤੋਂ ਚਾਰ ਮੀਲ ਹੈ ਇਸ ਪਿੰਡ ਦੇ ਪਾਸ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਬਿਰਾਜੇ ਹਨ ਕੱਚਾ ਮੰਜੀ ਸਾਹਿਬ ਬਣਿਆ ਹੋਇਆ ਹੈ। ੨੦ ਵਿੱਘੇ ਜ਼ਮੀਨ ਪਿੰਡ ਵਲੋਂ ਉਹ ਪਰਬੰਦ ਕਮੇਟੀ ਨੂੰ ਦਿਤੀ। ਯੋਗ ਤਾਈ ਨਾਲ ਪ੍ਰਬੰਧ ਕਰ ਰਹੇ ਹਨ।

**ਲੁਧਿਆਨਾ ਬਹਿਲੋਲਪੁਰ:**—ਚਮਕੌਰ ਸਾਹਿਬ ਤੋਂ ਚਾਰ ਕੋਹ ਪਛਮ ਵਲ ਸਤਲੁਜ ਦੇ ਕੰਢੇ ਜ਼ਿਲਾ ਲੁਧਿਆਣਾ ਦੀ ਤਹਿਸੀਲ ਸਮਰਾਲਾ ਵਿੱਚ ਪਿੰਡ ਬਹਿਲੋਲਪੁਰ ਹੈ। ਇਸ ਪਿੰਡ ਦੇ ਪਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਝਾੜ ਸਾਹਿਬ ਹੈ। ਇਹ ਪਿੰਡ ਅਕਬਰ ਦੇ ਜ਼ਮਾਨੇ ਵਿੱਚ ਬਹਿਲੋਲ ਖਾਂ ਸਰਦਾਰ ਨੇ ਆਪਣੇ ਨਾਉਂ ਪਰ ਵਸਾਇਆ। ਇਸ ਪਾਸ ਹੀ ਪਿੰਡ ਚੂਹੜਵਾਲ ਹੈ ਇਸ ਲਈ ਕਈ ਇਤਿਹਾਸਕਾਰ ਨੇ ਗੁਰਦ੍ਵਾਰਾ ਝਾੜ ਸਾਹਿਬ ਪਿੰਡ ਚੂਹੜਵਾਲ ਦੀ ਹੱਦ ਵਿੱਚ ਲਿੱਖ ਦਿਤਾ ਹੈ। ਇਸ ਗੁ: ਸਾਹਿਬ ਜੀ ਦੇ ਨਾਉਂ ਪੰਜੀ ਬਿਘੇ ਜ਼ਮੀਨ ਮਾਫੀ ਹੈ ਜ਼ਿਲਾ ਲੁਧਿਆਣਾ ਦੀ ਚੱਪਾ ੨ ਧਰਤੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅਮੋਲਕ ਚਰਨਾ ਦੀ ਛੋਹ ਪ੍ਰਾਪਤ ਹੈ।

**੩. ਗੁਰਦੁਆਰਾ ਸਾਹਿਬ ਮਾਛੀਵਾੜਾ:**—ਸ੍ਰੀ ਚਮਕੌਰ ਸਾਹਿਬ ਤੋਂ ਨਿਕਲ ਕੇ ਗੁਰੂ ਜੀ ਮਾਛੀਵਾੜੇ ਆਏ। ਇਥੇ ਉਸ ਸਮੇਂ ਗੁਲਾਬੇ ਮਸੰਦ ਦਾ ਇਕ ਬਾਗ ਸੀ। ਜਿਸ ਵਿਚ†

---

† ਅੰਮ੍ਰਿਤ ਵੇਲੇ ਸਭ ਤੋਂ ਪਹਿਲੇ ਭਾਈ ਗੁਲਾਬਾ ਆਪਣੇ ਬਾਗ ਵਿਚ ਆਇਆ ਤਾਂ ਕੀ ਦੇਖਦਾ ਅਗੇ ਨਾਲੋਂ ਬਾਗ ਹਰਾ ਭਰਾ ਤੇ ਸੋਹਣਾ ਲਗਦਾ ਹੈ ਪਰ ਖਬਰ ਨਹੀਂ ਕਿਉਂ ਲਗਦਾ ਹੈ। ਜਾਂ ਅਗੇ ਗਿਆ ਤਾਂ ਇੱਕ ਮਹਾਂ ਪੁਰਸ਼ ਅੰਗਮੜਾ ਸੁਤਾ ਪਿਆ ਦੇਖਦਾ ਹੈ ਤੇ ਪਛਾਣ ਕਰਦਾ ਕਾਉਣ ਹੈ। ਇਹ ਕੌਣ ਹੈ ਜੈਸੇ ਇਕ ਕਵੀ ਨੇ ਇਉਂ ਬਿਆਨ ਕੀਤਾ ਹੈ:—

ਗੁਲਾਬਾ ਵਾਚ

ਤਿੰਨਾਂ ਦੇਵਤਿਆਂ ਵਿੱਚੋਂ ਕੋਈ ਦੇਵਤਾ ਨਹੀਂ,
ਬ੍ਰਹਮਾਂ ਬਿਸ਼ਨ ਜਾਂ ਇਹ ਮਹੇਸ਼ ਤਾਂ ਨਹੀਂ।
ਚਾਰ ਮੁਖ ਹੁੰਦੇ ਚਤਰ ਭੁਜੀ ਹੁੰਦਾ,
ਗਲ ਵਿਚ ਸਪ ਹੁੰਦੇ ਇਹ ਅਮਰੇਸ਼ ਤਾਂ ਨਹੀਂ।

(ਬਾਕੀ ਅਗਲੇ ਸਫੇ ਤੇ)

Digitized by Panjab Digital Library | www.panjabdigilib.org

ਸੋ ਗੁਰੂ ਜੀ ਇੱਟ ਦਾ ਸਿਰਾਹਣਾ ਲਗਾ ਕੇ ਸੁਤੇ। ਪਿਛੋਂ ਇਸ ਥਾਂ ਭਾਈ ਧਰਮ ਸਿੰਘ ਜੀ ਭਾਈ ਦਯਾ ਸਿੰਘ ਜੀ ਭਾਈ ਮਾਨ ਸਿੰਘ ਜੀ ਗੁਰੂ ਜੀ ਨੂੰ ਆ ਕੇ ਮਿਲੇ। ਥੋਹੜੀ ਦੇਰ ਪਿਛੋਂ ਗੁਲਾਬਾ ਆ ਗਿਆ ਤੇ ਬੇਨਤੀ ਕੀਤੀ ਕਿ ਮਹਾਰਾਜ ਦਾਸ ਦੇ ਘਰ ਚਰਨ ਪਾ ਕੇ ਗ੍ਰਿਹ ਪਵਿੱਤ੍ਰ ਕਰੋ। ਗੁਰੂ ਜੀ ਨੇ ਕਿਹਾ ਭਾਈ ਸਿੱਖਾ ਸਿਦਕ ਨਿਭਾਣਾ ਬੜਾ ਔਖਾ ਹੈ ਪੰਤੂ ਗੁਲਾਬੇ ਦੇ ਜ਼ੋਰ ਦੇਣ ਪਰ ਹਜ਼ੂਰ ਉਸਦੇ ਚੁਬਾਰੇ ਵਿੱਚ ਸਮਰਾਲੇ ਆ ਬਿਰਾਜੇ। ਅਪੇ ਝਟਕਾ ਕਰਕੇ ਛਕਿਆ। ਹੱਡੀਆਂ ਨਾਲ ਲਗਦੇ ਕਾਜੀ ਦੇ ਘਰ ਸੁਟਦੇ ਰਹੇ ਤਾਂ ਉਹ ਆਉਖਾ ਹੋਣ ਲੱਗਾ ਤਾਂ ਮਹਾਰਾਜ ਜੀ ਨੇ ਇਕ ੨ ਸੰਖੀ ਦੇ ਨਾਲ ਇਕ ੨ ਮੋਹਰ ਸੁਟਣ ਲੱਗੇ ਲਾਲਚ ਕਰਕੇ ਘੁੱਟ ਵੱਟ ਗਿਆ ਅੰਗਲੇ ਦਿਨ ਬਿਰਾਜੇ। ਆਥਣ ਨੂੰ ਪੰਜ ਛੀਹ ਹਜ਼ਾਰ ਫ਼ੌਜ ਨੇ ਪਿੰਡ ਨੂੰ ਘੇਰਾ ਪਾ ਲਿਆ ਤਾਂ ਗੁਲਾਬਾ ਬਹੁਤ ਘਬਰਾਇਆ। ਗੁਰੂ ਜੀ ਨੇ ਕਿਹਾ ਅਸੀਂ ਆਖਿਆ ਸੀ ਕਿ ਸਿਦਕ ਨਿਭਾਣਾ ਔਖਾ ਹੈ। ਇਸ ਤੋਂ ਉਪਰੰਤ ਗੁਰੂ ਜੀ ਨੇ ਫੈਸਲਾ ਕਰ ਲਿਆ ਕਿ ਪਿੰਡ ਤੇ ਬਾਹਰ ਨਿਕਲ ਕੇ ਯੁੱਧ ਆਰੰਭ ਕਰ ਦਿਤਾ ਜਾਵੇ, ਪ੍ਰੰਤੂ ਗੁਰੂ ਜੀ ਦੇ ਪ੍ਰੇਮੀ ਨਬੀ ਖ਼ਾਂ ਤੇ ਗਨੀ ਖ਼ਾਂ ਦੇ ਪਠਾਨ ਜੋ ਕਿਸੇ ਸਮੇਂ ਗੁਰੂ ਜੀ ਪਾਸ ਨੌਕਰ ਰਹੇ ਸਨ ਤੇ ਗੁਰੂ ਜੀ ਦੀ ਮਹਿਮਾ ਜਾਣਦੇ ਸਨ ਗੁਰੂ ਜੀ ਪਾਸ ਆਏ ਅਤੇ ਉਨ੍ਹਾਂ ਨੇ ਸਲਾਹ ਦਿਤੀ ਕਿ ਆਪ ਨੀਲਾ ਬਾਣਾ ਰਖਦੇ ਹੀ ਹੋ, ਅਸ਼ੀਂ ਆਪ ਨੂੰ ਉੱਚ ਦੇ ਪੀਰ ਬਣਾ ਕੇ ਕੱਢ ਲੈ ਜਾਵਾਂਗੇ। ਪਰ ਗੁਰੂ ਜੀ ਏਸ ਝੂਠ ਪਾਖੰਡ ਨੂੰ ਕਦ ਮੰਨਦੇ ਸੀ। ਏਤਨੇ ਨੂੰ ਫ਼ੌਜ ਦਾ ਅਫ਼ਸਰ ਜੋ ਮਹਾਰਾਜ ਦਾ ਸਾਦਕ ਸੀ, ਫ਼ੌਜ ਨੂੰ ਬਹਾਨਾ ਲਾਕੇ "ਇਹ ਤਾਂ ਦਲੇਲ ਖਾਂ ਨਬੀ ਖ਼ਾਂ ਤੇ ਗਨੀ ਖਾਂ ਦੇ ਮੁਰਸ਼ਦ ਉਚਦੇ ਪੀਰ ਹਨ ਫੌਜ ਨੂੰ ਵਾਪਸ ਮੋੜ ਕੇ ਲੈ ਗਿਆ। ਤਾਂ ਗਨੀ ਖਾਂ ਤੇ ਨਬੀ ਖਾਂ ਗੁਰੂ ਜੀ ਨੂੰ ਪਲੰਘ ਤੇ ਬਹਾ ਕੇ 'ਘੁੰਗਰਾਲੀ' ਪਿੰਡ ਤਾਈਂ ਛਡ ਗਏ। ਮਹਾਰਾਜ ਨੇ ਉਨ੍ਹਾਂ ਨੂੰ ਏਸ ਸੇਵਾ ਦੇ ਬਦਲੇ ਇਕ ਪਟਾ ਹੁਕਮ ਨਾਮੇ ਦੇ ਰੂਪ ਵਿਚ ਲਿਖ ਕੇ ਦਿਤਾ। ਮਾਛੀ ਵਾੜੇ ਵਿੱਚ ਦੋ ਗੁਰਦੁਆਰੇ ਹਨ ਇਕ ਜਿਥੇ ਗੁਰੂ ਜੀ ਸੁਤੇ ਸਨ ਤੇ ਦੂਜਾ ਗੁਲਾਬੇ ਮਸੰਦ ਦੇ ਘਰ। ਇਸ ਸਮੇਂ ਪ੍ਰਬੰਧ ਕਮੇਟੀ ਦੇ ਹੱਥ ਵਿੱਚ ਹੈ। ਮਹਾਰਾਜਾ ਰਣਜੀਤ ਸਿੰਘ ਜੀ ਦੀ ਲਗਾਈ ਹੋਈ (੨੭੦ ਵਿਘੇ) ਜ਼ਮੀਨ ਗੁਰਦੁਆਰੇ ਦੇ ਨਾਮ ਹੈ।

**ਗੁ. ਪੁਆਤ.**—ਇਹ ਪਿੰਡ ਤਹਿਸੀਲ ਸਮਰਾਲਾ ਵਿਚ ਹੈ। ਇਥੇ ਗੁਰੂ ਜੀ ਨੇ ਚਮਕੋਰ

---

ਜੇ ਅਮਰੇਸ਼ ਹੁੰਦਾ ਤਾਂ ਭਗ ਚਿੰਨ ਹੁੰਦੇ,
ਭਲਾ ਹਾਏ ਇਹ ਕਿਤੇ ਰਾਮੇਸ ਤਾਂ ਨਹੀਂ।
ਜੇ ਰਮੇਸ ਹੁੰਦਾ ਜੰਜੂ ਤਿਲਕ ਹੁੰਦਾ,
ਲਛਮਣ ਸੀਤਾ ਹੁੰਦੀ ਇਹ ਬ੍ਰਜੇਸ ਤਾਂ ਨਹੀਂ।
ਜੇ ਬ੍ਰਜੇਸ ਹੁੰਦਾ ਮੁਰਲੀ ਮੁਕਟ ਹੁੰਦਾ,
ਚੌਦਾਂ ਭਵਨਾਂ ਦਾ ਇਹ ਨਰੇਸ ਤਾਂ ਨਹੀਂ।
ਸੋਹਣੀ ਕਲਗੀ ਤੇ ਢਾਲ ਤਲਵਾਰ ਵਾਲਾ,
ਚੰਗੂ ਦੇਖ ਤਾਂ ਸੇਸ਼ ਦਸਮੇਸ਼ ਤਾਂ ਨਹੀਂ।

"ਦਰਦ"

Digitized by Panjab Digital Library | www.panjabdigilib.org

ਸਾਹਿਬ ਤੋਂ ਆਉਂਦੇ ਹੋਇ ਪਵਿੱਤ੍ਰ ਚਰਨ ਪਾਇ ਪ੍ਰੰਤੂ ਪਿੰਡ ਦੀ ਸਾਰੀ ਆਬਾਦੀ ਮੁਸਲਮਾਨ ਗਰੇਵਾਲਾਂ ਦੀ ਹੋਣ ਤੇ ਯਾਦਗਾਰ ਨਹੀਂ ਬਣ ਸਕੀ। ਹੁਣ ਦੇਸ਼ ਦੀ ਵੰਡ ਪਿਛੋਂ ਬਹੁਤ ਸਾਰੇ ਸਿੱਖ ਇਥੇ ਆ ਵਸੇ ਹਨ ਇਸ ਲਈ ਗੁਰ ਅਸਥਾਨ ਦੀ ਸੇਵਾ ਆਰੰਭ ਹੋ ਗਈ ਹੈ। ਇਹ ਅਸਥਾਨ ਦੁਰਾਹੇ ਤੋਂ ੧੫ ਮੀਲ ਰੋਪੜ ਵਾਲੀ ਨਹਿਰ ਦੇ ਕਿਨਾਰੇ ਹੈ।

**ਗੁ. ਸਾਹਿਬ ਘੁੰਗਰਾਲੀ.—** ਇਹ ਨਗਰ ਖੰਨੇ ਵਲ ਹੈ ਇਥੇ ਗੁਰੂ ਜੀ ਮਾਛੀ ਵਾੜੇ ਤੋਂ ਪੁਜੇ ਸਨ ਅਤੇ ਇਥੇ ਕੁਝ ਅਰਸਾ ਠਹਿਰੇ ਗੁਰਦੁਆਰਾ ਸੁੰਦ੍ਰ ਬਣਿਆ ਹੋਇਆ ਹੈ। ਪੁਜਾਰੀ ਸਿੰਘ ਹੈ।

**ਗੁ. ਕੋਟ ਬੜਾ.—** ਚਾਵਾ ਸਟੇਸ਼ਨ ਤੋਂ ੧ ਕੋਹ ਪਛੋਂ ਨੂੰ ਵਡਾ ਕੋਟ, ਲੁਸਕਰੀ ਖਾਂ ਦੀ ਸਰਾਇ ਕੋਟ ਹੈ। ਏਥੇ ੫-੭ ਸਾਲ ਤੋਂ ਗੁਰੂ ਗੋਬਿੰਦ ਸਿੰਘ ਜੀ ਦਾ ਅਸਥਾਨ 'ਮੰਜੀ ਸਾਹਿਬ' ਨਾਮੇ ਪ੍ਰਗਟ ਹੋਇਆ ਹੈ। ਜਿਸ ਦੀ ਇਮਾਰਤ ਬਣਨ ਦੀ ਤਿਆਰੀ ਹੋ ਚੁਕੀ ਹੈ। ਆਸ ਹੈ ਕਿ ਛੇਤੀ ਹੀ ਮੰਦਰ ਤਿਆਰ ਹੋ ਜਾਊ ਗਾ।

ਏਸ ਥਾਂ ਮਹਾਰਾਜ ਘੁੰਗਰਾਲੀ ਤੋਂ ਹੋਕੇ ਕਨੇਚ ਨੂੰ ਗਏ ਹਨ। ਏਥੇ ਇਕ ਦਿਨ ਵਿਰਾਜੇ ਹਨ। ਉਹ ਥਾਂ ਦਬ ਗਿਆ ਸੀ। ਕੁਝ ਪੱਕੀਆਂ ਨਿਸ਼ਾਨੀਆਂ ਭੀ ਏਥੋਂ ਮਿਲੀਆਂ ਹਨ।

**ਕ੍ਰਿਪਾਨ ਭੇਟ.—** ਮਾਛੂ ਵਾੜੇ ਤੋਂ ਸ੍ਰੀ ਕਲਗੀਧਰ ਮਹਾਰਾਜ ਜਦ ਉਚ ਦੇ ਪੀਰੀ ਦਰਸਾਕੇ ਪਲੰਘ ਤੇ ਬੈਠੇ ਜਾਂਦੇ ਲਲ ਪਿੰਡ ਪਹੁੰਚੇ ਤਾਂ ਸ਼ਤਰੂਆਂ ਦੀ ਫੌਜ਼ ਨੇ ਆ ਘੇਰਾ ਪਾਇਆਂ ਤਾਂ ਫੌਜੀ ਜਰਨੈਲ ਨੇ ਪੁਛਿਆ ਏਹ ਕੌਣ ਹੈ ਤਾਂ ਗਨੀ ਖਾਂ ਨਬੀ ਖਾਂ ਨੇ ਕਿਹਾ ਇਹ ਉਚ ਦੇ ਪੀਰ ਹਨ॥ ਤਾਂ ਜਰਨੈਲ ਨੇ ਕਿਹਾ ਸਾਡਾ ਖਾਣਾ ਖਾਓ॥ ਤਾਂ ਸ੍ਰੀ ਗੁਰੂ ਜੀ ਨੇ ਖਾਣਾ ਮਨਜ਼ੂਰ ਕੀਤਾ ਅਤੇ ਸਿੰਘਾਂ ਨੂੰ ਕਿਹਾ ਤੁਸੀਂ ਜਾਓ ਕੋਈ ਸੰਕਾ ਨਾ ਕਰਨੀ ਕ੍ਰਿਪਾਨ ਭੇਟ ਕਰਨ ਵੇਲੇ ਤਉ ਪ੍ਰਸਾਦਿ ਭਰਮ ਦਾ ਨਾਸ ਪੜ ਕੇ ਖਾਉਂ ਤੇ ਕੁਝ ਸਾਡੇ ਵਾਸਤੇ ਲਈ ਔਣਾ॥ ਸਿੰਘ ਪ੍ਰਸਾਦਾ ਛਕਣ ਵਾਸਤੇ ਗਏ ਤਾਂ ਜਰਨੈਲ ਨੇ ਪੁਛਿਆ ਉਚਦਾ ਪੀਰ ਨਹੀਂ ਆਇਆ ਤਾਂ ਅਗੋ ਗਨੀ ਖਾਂ ਨੇ ਆਖਿਆ ਸਾਡਾ ਪੀਰ ਤਾਂ ਸਿਰਫ ਰੋਜ ਦਾ ਇਕ ਸੌ ਹੀ ਖਾਂਦਾ ਹੈ। ਏਧਰ ਸਿੰਘ ਜਦੋ "ਤਉਂ ਪ੍ਰਸਾਦਿ ਭਰਮ ਕਾ ਨਾਸ ਪੜ ਕੇ ਕ੍ਰਿਪਾਨ ਭੇਟ ਕਰਨ ਲਗੇ ਤਾਂ ਫ਼ੌਜੀ ਜਰਨੈਲ ਨੇ ਪੁਛਿਆ ਇਹ ਕੀ ਹੈ ਤਾਂ ਅਗੋਂ ਨਬੀ ਖਾਂ ਨੇ ਕਿਹਾ ਸਾਡੇ ਪੀਰ ਮਕੇ ਸ਼ਰੀਫ ਗਏ ਸਨ ਉਥੋਂ ਉਹਨਾਂ ਨੂੰ ਮਿਲੀ ਹੈ। ਉਦੋਂ ਦੇ ਪੀਰ ਜੀ ਹਰ ਰੋਜ਼ ਇਉਂ ਕਰਕੇ ਖਾਣਾ ਖਾਂਦੇ ਹਨ ਇਸ ਨਾਲ ਖਾਣਾ ਪਾਕ ਹੁੰਦਾ ਹੈ ਜਾਂ ਦੇਖਿਆ ਕੜਾਹ ਪ੍ਰਸਾਦਿ ਨਜਰ ਆਇਆ ਸਾਰਿਆਂ ਛਕਿਆ ਤੇ ਸ੍ਰੀ ਦਸਮੇਸ਼ ਜੀ ਦੀ ਹਜ਼ੂਰੀ ਆ ਹਾਜ਼ਰ ਹੋਇ ਜਦ ਤੁਰਨ ਲਗੇ ਤਾਂ ਜਰਨੈਲ ਨੇ ਕਿਹਾ ਕਿਸੇ ਦੀ ਜਮਾਨਤ ਦਿਉ ਕਿ ਇਹ ਉਚ ਦੇ ਪੀਰ ਹਨ ਤਾਂ ਨੂਰਪੁਰੇ ਦੇ ਸਯਦਾਂ ਨੇ ਆ ਕੇ ਕਿਹਾ ਅਸੀਂ ਉਚ ਦੇ ਪੀਰ ਨੂੰ ਅਛੀ ਤਰ੍ਹਾਂ ਜਾਣਦੇ ਹਾਂ। ਇਹ ਉਚ ਦੇ ਪੀਰ ਹਨ। ਇਹ ਬੜੀ ਕਰਨੀ ਵਾਲੇ ਹਨ ਇਨ੍ਹਾਂ ਦਾ ਕੋਈ ਵੀ ਵਚਨ ਵਿਅਰਥਾ ਨਹੀਂ ਜਾਂਦਾਂ, ਇਹ ਬਚਨ ਸੁਣ ਕੇ ਫ਼ੌਜੀ ਜਰਨੈਲ ਨੇ ਸ੍ਰੀ ਗੁਰੂ ਜੀ ਦੇ ਚਰਨ ਫੜ ਕੇ ਮਾਫੀ ਮੰਗੀ ਤੇ ਕੁਝ ਭੇਟ ਕਰਕੇ

Digitized by Panjab Digital Library | www.panjabdigilib.org

ਵਿਦਾ ਕੀਤਾ ।

**ਗੁ: ਸਾਹਿਬ ਕਨੇਚ** ਸਾਨੇ ਵਾਲ ਸਟੇਸ਼ਨ ਤੋਂ ਡੇਢ ਮੀਲ ਪੂਰਬ-ਦੱਖਣ ਨੂੰ ਜ਼ਿਲਾ ਲੁਧਿਆਣਾ ਦਾ ਇਕ ਪਿੰਡ ਹੈ। ਇਥੇ ਮਾਛੀ ਵਾੜੇ ਤੋਂ ਚਲਕੇ ਦਸ਼ਮੇਸ਼ ਜੀ ਕੁਝ ਕਾਲ ਵਿਰਾਜੇ ਹਨ। ਫੱਤਾ ਜ਼ਿਮੀਂਦਾਰ ਇਸ ਥਾਂ ਰਹਿੰਦਾ ਸੀ। ਜਿਸ ਨੇ ਸਤਿਗੁਰੂ ਜੀ ਨੂੰ ਸਵਾਰੀ ਲਈ ਘੋੜੀ ਦੇਣ ਤੋਂ ਬਹਾਨਾ ਬਨਾਇਆ। ਕਿ ਘੋੜੀ ਦੇ ਸੂਲ ਹੁੰਦਾ ਹੈ ਜੇ ਮੈਂ ਘੋੜੀ ਦਿਤੀ ਤਾਂ ਤੁਰਕ ਮੈਨੂੰ ਫਾਹੇ ਦੇ ਦੇਣਗੇ । ਸੋ ਘੋੜੀ ਨੂੰ ਸੂਲ ਹੋਇਆ ਤੇ ਮਰ ਗਈ। ਫਤਾ ਸੱਚੀ ਮੁੱਚੀ ਫਾਹੇ ਹੀ ਲਗ ਗਿਆ ਗੁਰੂ ਜੀ ਦਾ ਇਉਂ *ਭਾਣਾ ਹੋਇਆ ਆਪ ਇਥੋਂ ਹੀ ਆਲਮਗੀਰ ਨੂੰ ਗਏ ਸਨ।

**ਗੁ. ਸਾਹਿਬ ਟਿਬਾ.–** ਜ਼ਿਲਾ ਲੁਧਿਆਣਾ ਦਾ ਇਕ ਪਿੰਡ ਜਿਥੇ ਸ੍ਰੀ ਦਸਮੇਸ਼ ਜੀ ਕਨੇਚ ਤੋਂ ਆਲਮ ਗੀਰ ਨੂੰ ਜਾਣ ਸਮੇ ਕੁਝ ਚਿਰ ਬਿਰਾਜੇ ਸਨ ॥ ਇਥੇ ਆਕੇ ਸ੍ਰੀ ਦਸਮੇਸ਼ ਜੀ ਦਾ ਘੋੜਾ ਖੜ ਗਿਆ, ਤੇ ਸਤਿਗੁਰਾਂ ਨੇ ਕਿਹਾ ਕਿ ਘੋੜਾ ਤਿਹਾਇਆ ਹੈ ਤੇ ਆਪ ਜੀ ਨੇ ਘੋੜੇ ਨੂੰ ਆਗਿਆ ਕੀਤੀ ਕਿ ਸੁੰਮ ਮਾਰ ਕੇ ਪਾਣੀ ਕਢ ਲੈ, ਤਾਂ ਘੋੜੇ ਨੇ ਸੁੰਮ ਮਾਰਿਆ, ਸੋ ਹੁਣ ਉਨਾਂ ਦੀ ਯਾਦ ਵਿਚ ਸੋਮਾ ਸਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

**ਗੁ. ਸਾ. ਸੰਗੋਵਾਲ.–** ਪਿੰਡ ਸੰਗੋਵਾਲ ਤਹਿਸੀਲ, ਜ਼ਿਲਾ ਲੁਧਿਆਣਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਸਪਾਲ ਭਾਈ ਕਿਆ ਤੋਂ ਸੰਗੋਵਾਲ ਕੁਝ ਸਮਾਂ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਕਨੇਚ ਵਿਚ ਦੀ ਆਲਮਗੀਰ ਜਾ ਦਰਸ਼ਨ ਦਿਤੇ ॥

**ਗੁ. ਆਲਮਗੀਰ:--** ਲੁਧਿਆਣੇ ਤੋਂ ਸਤ ਕੋਹ ਦਖਣ ਵੱਲ ਇਕ ਪਿੰਡ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਲੰਘ ਪਰ ਸਵਾਰ ਹੋਕੇ ਅਤੇ ਇਥੇ ਆਕੇ ਘੋੜਾ ਲਿਆ। ਗੁਰਦੁਆਰੇ ਦੇ ਨਾਮ ਸਿੱਖ ਰਾਜ ਸਮੇਂ ਦੀ ੭੦ ਵਿਘੇ ਜਮੀਨ ਹੈ। ਇਹ ਗੁਰਅਸਥਾਨ ਰੇਲਵੇ ਸਟੇਸ਼ਨ ਗਿੱਲ ਤੋਂ ਦੋ ਮੀਲ ਦਖਣ ਵਾਲੇ ਪਾਸੇ ਹੈ। ਪ੍ਰਬੰਦ ਕਮੇਟੀ ਦੇ ਹੱਥ ਵਿਚ ਹੈ।

**ਗੁ. ਫੁਲਾਹੀ ਸਾਹਿਬ.--** ਜ਼ਿਲਾ ਤਹਿਸੀਲ ਲੁਧਿਆਣਾ ਦਾ ਇੱਕ ਪਿੰਡ ਦਲੇਹ ਨੂੰ ਨਿਹਾਲ ਕਰਨ ਹਿਤ ਸ੍ਰੀ ਦਸਮੇਸ਼ ਜੀ ਨੇ ਜਸੋਵਾਲ ਤੋਂ ਕਮਰਕਸੇ ਕੀਤੇ, ਜਦ ਸ੍ਰੀ ਦਸਮੇਸ਼ ਜੀ ਦਾ ਆਗਮ ਨਗਰ ਨਵਾਸੀ ਸੰਗਤ ਨੇ ਸੁਣਿਆ ਬੜੇ ਪ੍ਰੇਮ ਨਾਲ ਸੇਵਾ ਵਿੱਚ ਹਾਜਰ ਦ੍ਰਸ਼ਨ ਤੇ ਸੇਵਾ ਕਰ ਨਿਹਾਲ ਹੋਏ, ਜਿਸ ਫੁਲਾਹੀ ਨਾਲ ਸ੍ਰੀ ਗੁਰੂ ਜੀ ਦਾ ਘੋੜਾ ਬਝਾ ਸੀ ਉਸ ਦੇ ਨਾਮ ਤੇ ਗੁਰਦੁਆਰੇ ਨਾਮ ਫੁਲਾਹੀ ਪ੍ਰਚਲਤ ਹੈ ਗੁਰ ਅਸਥਾਨ ਦੀ ਅਮਾਰਤ ਬਹੁਤ ਹੀ ਸੁੰਦਰ ਅਰ ਸੰਗਤਾਂ ਦੇ ਰਹਿਣ ਵਾਸਤੇ ਬਾਗ ੧੩ ਬਿਘੇ ਵਿਚ ਕੁਟੀਆ ਲੰਗਰ ਪ੍ਰਬੰਦ ਬੜਾ ਸੁੰਦਰ ਹੈ,,

*ਗੁਰਦੁਆਰਾ ਸੁੰਦਰ ਬਣਿਇਆ ੧੦੦ ਬਿਹੇ ਜਮੀਨ ਸੰਗਤਾਂ ਵਲੋਂ ਹੈ

Digitized by Panjab Digital Library | www.panjabdigilib.org

ਸੇਵਾਦਾਰ ਜ: ਸੰਤੋਖ ਸਿੰਘ ਤੇ ਰਾਇਿਗੰਧਭ ਲਛਮਨ ਸਿੰਘ ਜੀ ਮਹਿਮੂਦ ਪੁਰ ਹਨ।

**ਗੁ. ਜਸੋਵਾਲ.** ਇਹ ਨਗਰ ਤਹਿਸੀਲ ਲੁਧਿਆਣਾ ਵਿਚ ਹੈ ਰੇਲਵੇ ਸਟੇਸ਼ਨ ਖਾਸ ਹੈ। ਇਥੇ ਗੁਰੂ ਜੀ ਥੋਹੜੀ ਦੇਰ ਬਿਰਾਜੇ ਅਤੇ ਆਪ ਨੇ ਕੰਘਾ ਕਰਕੇ ਦਸਤਾਰ ਸਜਾਈ। ਗੁਰੂ ਜੀ ਦਾ ਕੰਘਾ ਹੁਣ ਤੱਕ ਗੁਰਦੁਆਰੇ ਵਿਚ ਸੰਭਾਲ ਕੇ ਰਖਿਆ ਹੋਇਆ ਹੈ। ਜਸੋਵਾਲ ਪਿੰਡ ਦ ਲਾਗੇ, ਜਿਥੇ ਹੁਣ ਤਲਾ ਬਣਿਆ ਹੋਇਆ ਹੈ। ਉਥੇ ਛੇਵੇ ਪਾਤਸ਼ਾਹ ਦੇ ਆਉਣ ਕਰਕੇ ਉਦਾਸੀਆਂ ਦੇ ਕਬਜੇ ਵਿਚ ਰਿਹਾ। ਅੰਗਰੇਜ਼ ਸਰਕਾਰ ਨੇ, ਸੀ ਨੰਬਰ ਵਿਚ ਰਖ ਕੇ ਉਹ ਉਦਾਸੀਆਂ ਨੂੰ ਦੇ ਦਿਤਾ। ਉਸ ਅਸਥਾਨ ਦੀ ਜਾਤ੍ਰਾ ਕਰਕੇ ਆਪ ਲੁਦਿਹਾਣੇ 'ਗੁਰੂ ਜੀ ਕੀ ਰਖ' ਅਤੇ 'ਗੁਰੂ ਕਾ ਕੋਠਾ' ਏਸ ਜਗਾ ਜਾ ਵਿਰਾਜੇ।

**ਗੁ. ਜਸਪਾਲ ਭਾਈ.** ਇਸ ਨਗਰ ਵਿਚ ਭੀ ਗੁਰੂ ਜੀ ਨੇ ਪਵਿਤ੍ਰ ਚਰਨ ਪਾਏ ਅਤੇ ਥੋੜੀ ਦੇਰ ਠਹਿਰੇ। ਗੁਰੂ ਜੀ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਲਾਂਬੇ ਦੇ ਪਿੰਡੋਂ ੪-੫ ਹਜ਼ਾਰ ਵਿਘੇ ਜ਼ਮੀਨ ਹੈ।

**ਲੁਧਿਆਣਾ.–** ਚੁਬਾਰਾ ਸਾਹਿਬ ਲੁਧਿਅਣਾ:– ਏਥੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਕਈ ਅਸਥਾਨ ਅਤੇ ਗੁਰੂ ਰੱਖ ਆਦਿ ਬਹੁਤ ਜਾਇਦਾਦ ਸੀ। ਜਸੋਵਾਲ ਤੋਂ ਚਲ ਕੇ ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੌ ਘਰੇ ਚੁਬਾਰੇ ਵਿਚ ਬਿਰਾਜੇ। ਤਾਂ ਨੌ ਘਰੇ ਵਾਲੇ ਚੌਧਰੀ ਅਮਰ ਸਿੰਘ ਆਦਿ ਬਹੁਤ ਸਾਰੇ ਸਿਖ ਬਣੇ। ਉਸ ਚੁਬਾਰੇ ਵਿਚ ਗੁਰਦੁਆਰਾ ਚੁਬਾਰਾ ਸਾਹਿਬ ਹੈ। ਇਥੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਪੰਜਾਬ ਦੀ ਅੰਗਰੇਜੀ ਸਰਹਦੀ ਛਾਉਣੀ ਸੀ। ਇਹ ਛਾਉਣੀ ੧੮੦੯ ਈਸਵੀ ਵਿਚ ਅੰਗਰੇਜਾਂ ਨੇ ਕਾਇਮ ਕੀਤੀ। ਲੁਧਿਅਣੇ ਤੋਂ ਦਿਲੀ ੧੯੪ ਅਤੇ ਲਹੌਰ ੧੧੬ ਮੀਲ ਹੈ। ਗੁਰੂ ਹਰਿ ਗੋਬਿੰਦ

**ਗੁ. ਟਾਹਲਾ ਸਾਹਿਬ.** ਲੁਧਿਆਣੇ ਤੋਂ ਚਲਕੇ ਨਗਰ ਜੋਧਾਂ ੬ ਕੋਹ ਸ੍ਰੀ ਕਲਗੀਧਰ ਜੀ ਇਸ ਨਗਰ ਥੋੜਾ ਸਮਾਂ ਠਹਿਰੇ ਸਨ। ਜਿਥੇ ਸ੍ਰੀ ਗੁਰੂ ਜੀ ਟਾਹਲੀ ਦੀ ਦਾਤਨ ਕਰਕੇ ਗੱਡ ਦਿੱਤੀ ਸੋ ਹਰੀ ਹੋ ਪਈ। ਜਿਸਦਾ ਹੁਣ ਪ੍ਰਸਿੱਧ ਨਾਮ ਟਾਹਲਾ ਸਾਹਿਬ ਜੀ ਹੈ। ਸ੍ਰੀ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਤੇ ਬਾਉਲੀ ਸਾਹਿਬ ਜੀ ਬਣੇ ਹਨ। ਜਿੰਨਾ ਦੀ ਸੇਵਾ ਬਹੁਤਾ ਹਿਸਾ ਗਿਆਨੀ ਗੁਦਿਆਲ ਸਿੰਘ ਮਨਸੂਰਾਂ ਦੇ ਹਿਸੇ ਆਇਆ ਅਤੇ ਖਾ: ਹਾਈ ਸਕੂਲ ਦੀ ਬੁਨਿਆਦ ਭੀ ਗਿਆਨੀ ਜੀ ਦੇ ਉਪਰਾਲੇ ਨਾਲ ਰਖੀ ਗਈ ਹੈ। ਜੋ ਹੁਣ ਬੜੇ ਸੁਚਜੇ ਤਰੀਕੇ ਨਾਲ ਚਲ ਰਿਹਾ ਹੈ।

**ਗੁ. ਚਮਿੰਡੇ.–** ਏਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਗੁਰਦੁਆਰਾ ਹੈ। ਸਤਿਗੁਰ ਸਚੇ ਪਾਤਸ਼ਾਹ ਜਿਸ ਸਮੇ ਮਾਲਵੇ ਦੇਸ਼ ਨੂੰ ਤਾਰ ਰਹੇ ਸਨ, ਇਸ ਨਗਰ ਨੂੰ ਭੀ ਪਵਿੱਤ੍ਰ ਕੀਤਾ। ਗੁਰਦੁਆਰਾ ਬਣਿਆ ਹੋਇਆ ਹੈ। ਨਗਰ ਨਿਵਾਸੀ ਪ੍ਰੇਮ ਸਹਿਤ ਸੇਵਾ ਕਰਦੇ ਹਨ॥

Digitized by Panjab Digital Library | www.panjabdigilib.org

**ਗੁ. ਸਾਹਿਬ ਮੋਹੀ.**– ਤਹਿਸੀਲ ਜਗਰਾਉਂ ਥਾਨਾ ਦਾਖਾ ਦਾ ਪਿੰਡ ਮੋਹੀ ਰੇਲਵੇ ਸਟੇਸ਼ਨ ਮੁਲਾਂ ਪੁਰ ਤੋਂ ੩ ਮੀਲ ਦਖਣ ਪੂਰਬ ਵਲ ਹੈ। ਇਸ ਪਿੰਡ ਦੇ ਉਤਰ ਪੂਰਬ ਵਾਲੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਨੇ ਇਥੇ ਆਪਣੀ ਮੁੰਦਰੀ ਜੋ ਮਾਸ ਵਿਚ ਖੁਭੀ ਹੋਈ ਸੀ, ਇਕ ਲੁਹਾਰ ਪਾਸੋਂ ਉਤਰਵਾਈ ਅਤੇ ਉਸ ਦੇ ਮੰਗਣ ਤੇ ਉਸਨੂੰ ਬਖਸ਼ਸ਼ ਕੀਤੀ ਕਿ ਤੁਹਾਡੇ ਹਰ ਇਕ ਦੇ ਦੋ ਮੰਗਣੇ ਹੋਇਆ ਕਰਨਗੇ। ਉਸਦੀ ਸੰਤਾਨ ਪਾਸ ਨਗਰ ਭੰਮੀ ਪੁਰੇ ਹੈ। ਮਹਾਰਾਜ ਦੇ ਬੋਲ ਸਫਲ ਹੁੰਦੇ ਹਨ ਗੁਰਦੁਆਰੇ ਦੀ ਇਮਾਰਤ ਸੁੰਦਰ*ਬਣੀ ਹੋਈ ਹੈ ਤੇ†੧੫ ਵਿਘੇ ਜ਼ਮੀਮ ਲਈ ਹੋਈ ਹੈ।

**ਗੁ. ਸਧਾਰ ਨਗਰ.**–ਜਿਲਾ ਲੁਧਿਆਣਾ, ਤਹਿਸੀਲ ਜਗਰਾਂਵਾਂ, ਰੇਲਵੇ ਸਟੇਸ਼ਨ ਮੁਲਾਂਪੁਰ ਤੋਂ ਦਖਣ ਵਲ ਪੰਜ ਮੀਲ ਦੇ ਕਰੀਬ ਹੈ, ਇਥੇ ਸ੍ਰੀ ਦਸਮੇਸ਼ ਜੀ ਮੋਹੀ ਤੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰ ਅਸਥਾਨ ਦੀ ਜਾਤਰਾ ਕਰਨ ਆਇ ਪਿੰਡ ਵਿਚ ਕੁਝ ਚਿਰ ਸੰਗਤਾਂ ਨੂੰ ਨਿਹਾਲ ਕਰਕੇ ਹੇਰਾਂ ਨੂੰ ਚਾਲੇ ਪਾਏ।

**ਗੁ.ਹੇਰਾਂ:**-ਇਸ ਨਗਰ ਵਿੱਚ ਸ੍ਰੀ ਗੁਰੂ ਹਰਗੋਬਿੰਦ ਸਿੰਘ ਸਾਹਿਬ ਜੀ ਨੇ ਭਾਈ ਹਮੀਰੇ ਦਾ ਪ੍ਰੇਮ ਵੇਖਕੇ ਪਵਿੱਤ੍ਰ ਚਰਨ ਪਾਇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭੀ ਸ੍ਰੀ ਅਨੰਦ ਪੁਰ ਤੋਂ ਮਾਲਵੇ ਨੂੰ ਜਾਂਦੇ ਹੋਇ ਇਥੇ ਬਰਾਜੇ। ਇਸ ਨਗਰ ਵਿਚ ਮਹੰਤ ਕ੍ਰਿਪਾਲ ਦਾਸ ਜੀ ਬੜੇ ਉਚੇ ਮਹਾਤਮਾ ਹੋਏ ਹਨ ਜਿੰਨਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਭੰਗਾਣੀ ਦੇ ਯੁਧ ਵਿਚ ਕੁਤੱਕ ਨਾਲ ਹੀ ਦੁਸ਼ਮਨਾਂ ਨੂੰ ਜੰਗ ਧਾਮ ਪਹੁੰਚਾਇਆ ਪਰ ਉਸੇ ਕ੍ਰਿਪਾਨ ਵਿਚ ਕਮਜ਼ੋਰੀ ਆ ਗਈ ਤਾਂ ਆਖਣ ਲਗਾ "ਮਹਾਰਾਜ ਹੁਣ ਤੁਸੀਂ ਜਾਓ ਮੈਨੂੰ ਤਾਂ ਤੁਰਕ ਫਾਹੇ ਲਾ ਦੇਣਗੇ ਤਾਂ ਮਹਾਰਾਜ ਨੇ ਸ੍ਰਾਫ ਦਿਤਾ ਕਿ ਅਸੀਂ ਤਾਂ ਜਾਣਾ ਹੀ ਸੀ ਪਰ ਤੂੰ ਫਾਹੇ ਹੀ ਲਗੇਂਗਾ ਉਹੇ ਤਰਾਂ ਹੋਇਆ। ਜਿਸ ਪਲੰਘ ਪਰ ਗੁਰੂ ਜੀ ਬਿਰਾਜੇ ਸਨ ਉਹ ਅਤੇ ਜਿਸ ਚੁੱਲੇ ਪਰ ਗੁਰੂ ਜੀ ਲਈ ਪ੍ਰਸ਼ਾਦ ਤਿਆਰ ਕੀਤਾ ਗਿਆ ਸੀ ਇਹ ਦੋਵੇਂ ਹੁਣ ਤੱਕ ਸੰਭਾਲ ਕੇ ਰਖੇ ਹੋਇ ਹਨ। ਸਿਖ ਰਾਜ ਸਮੇ ਤੋਂ ਪਿੰਡ ਦਾ ਛੇਵਾਂ ਹਿਸਾ ਅਰਥਾਤ ੩੬ ਸੌ ਵਿਘੇ ਜ਼ਮੀਨ ਗੁਰਦੁਆਰੇ ਦੇ ਨਾਉਂ ਲਗੀ ਹੋਈ ਹੈ। ਇਹ ਗੁਰ ਅਸਥਾਨ ਚੌਕੀ ਮਾਨ ਰੇਲਵੇ ਸਟੇਸ਼ਨ ਤੋਂ ੬ ਮੀਲ ਪੂਰਬ ਦੱਖਣ ਕੋਣ ਹੈ। ਸੰਤ ਨਾਹਰ ਸਿੰਘ ਜੀ ਪ੍ਰਧਾਨ, ਸ: ਮਿਲਖਾ ਸਿੰਘ ਤੇ ਉਪ੍ਰੰਤ ਸ: ਪੂਰਨ ਘਿੰਘ ਜੀ ਮਨੇਜਰ ਦੇ ਅਣਥੱਕ ਯਤਨਾ ਨਾਲ ਗੁਰਦੁਆਰੇ ਦੀ ਸੁੰਦਰ ਇਮਾਰਤ

---

(੧੫ ਵਿਘੇ)
†ਸੇਵਾ ਕਰਨ ਵਾਲੇ

* ਗੁਰੂ ਘਰ ਦੇ ਪ੍ਰੇਮੀ ਸੰਤ ਨਿਰੰਜਨ ਸਿੰਘ ਜੀ,ਬਾਬਾ ਕਪੂਰ ਸਿੰਘ ਓਵਰਸੀਅਰ ਸ: ਠਾਕਰ ਸਿੰਘ ਸ: ਮਸਤਾਨ ਸਿੰਘ ਸ: ਰਤਨ ਇਤ ਆਦਿ ਸੂਭ ਨਗਰ ਤੇ ਇਲਾਕੇ ਤੋਂ ਗੁਰੂ ਜੀ ਨੇ ਸੇਵਾ ਲਈ ਹੈ॥ ਏਥੇ ਹੀ ਲੜਕੇ ਤੇ ਲੜਕੀਆਂ ਦੇ ਹਾਈ ਸਕੂਲ ਸ੍ਰੀ ਸੰਤ ਨਿਰੰਜਣ ਸਿੰਘ ਜੀ ਨੇ ਮਹਾਰਾਜ ਦੀ ਕ੍ਰਿਪਾ ਨਾਲ ਚਾਲੂ ਕੀਤੇ ਹਨ।

Digitized by Panjab Digital Library | www.panjabdigilib.org

ਅਤੇ ਹਾਈ ਸਕੂਲ ਆਦਿਕ ਬਣ ਗਏ ਹਨ ।

**ਗੁ. ਸਾਹਿਬ ਰਾਜੋਆਣਾ--** ਇਹ ਨਗਰ ਥਾਣਾ ਰਾਇਕੋਟ ਵਿੱਚ ਰੇਲਵੇ ਸਟੇਸ਼ਨ ਮੁਲਾਂਪੁਰ ਤੋਂ ੧੧ ਮੀਲ ਹੈ। ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਵਲੋਂ ਆਉਂਦੇ ਹੋਇ ਬਿਰਾਜੇ ਸਨ। ਇਥੋਂ ਦੀ ਮਾਈ ਭੱਟੀ ਦੇ ਦੋ ਪੁਤਰ ਗੁਰੂ ਜੀ ਨੂੰ ਪਲੰਗ ਪਰ ਬੈਠਾਕੇ ਕਮਾਲਪੁਰ ਤੱਕ ਛਡਣ ਗਏ। ਗੁਰੂ ਜੀ ਨੇ ਮਾਈ ਜੀ ਨੂੰ ਤੇ ਉਸਦੇ ਪੁਤ੍ਰਾਂ ਨੂੰ ਵਰਦਾਨ ਦਿੱਤਾ । ਗੁਰਦੁਆਰੇ ਦੇ ਨਾਮ ੬ ਵਿਘੇ ਜ਼ਮੀਨ ਹੈ। ਪ੍ਰਬੰਧ ਕਮੇਟੀ ਦੇ ਹਥ ਵਿਚ ਹੈ।

**ਗੁ. ਮਾਨੂਕਾ.–** ਥਾਣਾ ਜਗਰਾਉਂ ਦਾ ਪਿੰਡ ਮਾਨੂਕਾ ਰੇਲਵੇ ਸਟੇਸ਼ਨ ਜਗਰਾਉਂ ਤੋਂ ੯ ਮੀਲ ਹੈ। ਗੁਰੂ ਜੀ ਲੰਮੇ ਤੋਂ ਚਕਰ ਨੂੰ ਜਾਂਦੇ ਹੋਏ ਇਥੇ ਬਿਰਾਜੇ ਸਨ। ਨਗਰ ਨਿਵਾਸੀਆਂ ਦੇ ਉਦਮ ਨਾਲ ਗੁਰਦੁਆਰੇ ਦੀ ਸੁੰਦਰ ਇਮਾਰਤ ਬਣੀ ਹੋਈ ਹੈ। ਗੁਰੂ ਮਹਾਰਾਜ ਦਾ ਪ੍ਰਕਾਸ਼ ਹੁੰਦਾ ਹੈ ਅਤੇ ਆਇ ਗਏ ਲਈ ਲੰਗਰ ਦਾ ਪ੍ਰਬੰਧ ਹੈ।

**ਗੁ. ਬੇਰੀ ਸਾਹਿਬ ਸੀਲੋਆਣੀ.--** ਤਹਿਸੀਲ ਜਗਰਾਉਂ ਥਾਣਾ ਰਾਇਕੋਟ ਦਾ ਪਿੰਡ ਸੀਲੋਆਣੀ ਜਗਰਾਉਂ ਤੋਂ ੯ ਮੀਲ ਹੈ। ਇਥੇ ਰਾਜੋਆਣੇ ਤੋਂ ਚਲਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਬੇਰੀ ਹੇਠ ਬਰਾਜੇ । ਇਥੇ ਆਪ ਜੀ ਨੂੰ ਰਾਇ ਕਲ੍ਹਾ ਮਿਲਿਆ ਅਤੇ ਅਧਿਕ ਪ੍ਰੇਮ ਕਰਕੇ ਆਪਣੇ ਨਾਲ ਰਾਇਕੋਟ ਲੈ ਗਿਆ । ਗੁਰਦੁਆਰੇ ਦੇ ਨਾਮ ੮ ਘੁਮਾਂ ਜ਼ਮੀਨ ਹੈ। ਹਰ ਪੂਰਨਮਾਸ਼ੀ ਨੂੰ ਭਾਰੀ ਮੇਲਾ ਜੁੜਦਾ ਹੈ।

**ਗੁ: ਕਮਾਲਪੁਰ–** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੀਲੋਆਣੀ ਤੋਂ ਉਠ ਕੇ ਸ਼ਿਕਾਰ ਖੇਡਦੇ ਅਤੇ ਲਾਗੇ ਦੇ ਪਿੰਡਾਂ ਵਿਚ ਧਰਮ ਉਪਦੇਸ਼ ਕਰਦੇ ਸਨ। ਸੋ ਏਸ ਗ੍ਰਾਮ ਵਿਚ ਭੀ ਮਹਾਰਾਜ ਨੇ ਚਰਨ ਕਮਲ ਪਾਕੇ ਸੰਗਤਾਂ ਨੂੰ ਨਿਹਾਲ ਕੀਤਾ। ਪਿੰਡੋਂ ਬਾਹਰ ੧ ਮੀਲ ਦੀ ਵਿਥ ਤੇ ਗੁਰਦੁਆਰਾ ਸੁੰਦਰ ਬਣਿਆ ਹੈ। ੧੦ ਬਿਘੇ ਭੋਇੰ ਪਿੰਡ ਵਲੋਂ ਗੁਰਦੁਆਰਾ ਸਾਹਿਬ ਦੇ ਨਾਉਂ ਹੈ।

ਪਿੰਡ ਕਮਾਲਪੁਰ ਜਗਰਾਓਂ ਤੋਂ ੭ ਮੀਲ ਰਾਏਕੋਟ ਵਾਲੀ ਸੜਕ ਤੇ ਹੈ।

**ਗੁ: ਰਾਏਕੋਟ (ਟਾਹਲੀਆਣਾ)–** ਸ੍ਰੀ ਗੁਰੂ ਜੀ ਦੇ ਦਰਸ਼ਨ ਨੂਰੇ ਮਾਹੀ ਨੂੰ ਮੱਝਾਂ ਚਾਰਨ ਆਏ ਨੂੰ ਹੋਏ ਤਾਂ ਪਿਆਰ ਵਿਚ ਵੈਹਵਿਲ ਹੋਇਆ ਨੂਰਾ ਸ੍ਰੀ ਦਸਮੇਸ਼ ਜੀ ਦੇ ਚਰਨਾਂ ਤੇ ਢਠਾ ਅਤੇ ਪ੍ਰੇਮ ਸਹਿਤ ਨਮਸਕਾਰ ਕਰਕੇ ਬੇਨਤੀ ਕੀਤੀ, ਜੀ ਹਜ਼ੂਰ ਕੋਈ ਸੇਵਾ ਦਸੋ ਤਾਂ ਸ੍ਰੀ ਗੁਰੂ ਜੀ ਨੇ ਦੁਧ ਮੰਗਿਆ। ਅਗੋਂ ਨੂਰੇ ਨੇ ਰਸ ਭਿੰਨੇ ਸ਼ਬਦਾਂ ਵਿਚ ਉਤ੍ਰ ਦਿਤਾ, ਜੀ ਪਾਤਸ਼ਾਹੋ ਮੇਰੀਆਂ ਝੋਟੀਆਂ (ਮਝਾਂ) ਸਾਰੀਆਂ ਔਸਰ ਹਨ। ਤਾਂ ਚੋਜੀ ਪ੍ਰੀਤਮ ਨੇ ੧੧੧ ਗਲੀਆਂ ਵਾਲਾ ਇਕ ਗੰਗਾ ਸਾਗਰ ਨੂਰੇ ਨੂੰ ਦਿਤਾ ਅਤੇ ਹੁਕਮ ਕੀਤਾ ਜੇਹੜੀ ਝੋਟੀ ਤੇਰੇ ਅਗੇ ਆਵੇ ਉਸ ਨੂੰ ਚੋ ਲੈ। ਤਾਂ ਅਗੋਂ ਨੂਰੇ ਨੇ ਕਿਹਾ ਦਾਤਾ ਗੰਗਾ ਸਾਗਰ ਵਿਚ ਛੇਕ ਹਨ। ਸਾਹਿਬ ਫੁਰਮਾਇਆ ਏਸ ਵਿਚੋਂ ਰੇਤਾ ਨਿਕਲ ਜਾਏਗਾ ਤੇ

Digitized by Panjab Digital Library | www.panjabdigilib.org

ਦੁਧ ਨਹੀਂ ਨਿਕਲੇਗਾ, ਛੇਤੀ ਨਾਲ ਚੋਣ ਦੀ ਕਰ। ਹੁਣ ਨੂਰਾ ਗੁਰੂ ਜੀ ਦਾ ਹੁਕਮ ਮੰਨ ਕੇ ਦੁਧ ਚੋਣ ਲਗਾ ਤਾਂ ਝੋਟੀ ਪਸਮੀ ਅਗੇ ਖੜੀ ਤੇ ਨੂਰੇ ਨੇ ਛੇਤੀ ੨ ਦੁਧ ਚੋ ਕੇ ਗੁਰੂ ਜੀ ਨੂੰ ਛਕਾਇਆ । ਸ੍ਰੀ ਗੁਰੂ ਜੀ ਦੁਧ ਛਕ ਕੇ ਨਿਹਾਲ ਹੋਏ ਤੇ ਨੂਰੇ ਨੂੰ ਅਸੀਸ ਦਿਤੀ। ਹੁਣ ਨੂਰਾ ਨਿਹਾਲ ਹੋਇਆ ੨ ਚਾਈਂ ਚਾਈਂ ਪਿੰਡ ਪੁਜਾ ਤੇ ਰਾਏ ਕਲੇ ਨੂੰ ਜਾਕੇ ਸਾਰੀ ਅਸਚਰਜ ਕਹਾਣੀ ਸੁਣਾਈ, ਜਿਸ ਨੂੰ ਸੁਣ ਕੇ ਰਾਏ ਬੜਾ ਹੈਰਾਨ ਹੋਇਆ। ਅਗਲੇ ਦਿਨ ਇਕ ਘੋੜਾ, ਇਕ ਪੁਸ਼ਾਕ ਅਤੇ ੫੦੦ ਰੁਪੈ ਤੇ ਸਾਥ ਨੂਰੇ ਨੂੰ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੇ ਆ ਭੇਟ ਕੀਤਾ, ਸ੍ਰੀ ਗੁਰੂ ਜੀ ਅਸਤ੍ਰ ਸ਼ਸਤ੍ਰ ਤੇ ਬਹੁਤ ਪ੍ਰਸੰਨ ਹੁੰਦੇ ੨ ਸਨ, ਇਸ ਕਰਕੇ ਤੇ ਰਾਏ ਦੀ ਸ਼ਰਧਾ ਭਾਵਨਾ ਦੇਖ ਕੇ ਅਤ ਪ੍ਰਸੰਨ ਹੋਏ। ਤਾਂ ਅਗੋਂ ਰਾਏ ਕਲੇ ਨੇ ਹਥ ਜੋੜ ਬੇਨਤੀ ਕੀਤੀ ਸ੍ਰੀ ਗੁਰੂ ਜੀ ਦਾਸ ਨੂੰ ਕੋਈ ਸੇਵਾ ਦਸੋ। ਸ੍ਰੀ ਗੁਰੂ ਜੀ ਨੇ ਬਚਨ ਕੀਤਾ ਕਿ ਸਰਹਿੰਦ ਤੋਂ ਸ੍ਰੀ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਮੰਗਾਓ। ਹੁਣ ਕਲੇ ਨੇ ਨੂਰੇ ਮਾਹੀ ਨੂੰ ਭੇਜਿਆ। ਏਹ ਸ੍ਰੀ ਗੁਰੂ ਜੀ ਦੀ ਕ੍ਰਿਪਾ ਨਾਲ ਚਾਰ ਪੈਹਰਾਂ ਵਿਚ ਚਾਲੀ ਕੋਸ ਦੇ ਪੰਧ ਤੋਂ ਆ ਖਬਰ ਦਿਤੀ ਕਿ ਸੂਬਾ ਸਰਹਿੰਦ ਨੇ ਦੋਨੋ ਛੋਟੇ ਸਾਹਿਬਜ਼ਾਦੇ ਸ਼ਹੀਦ ਕਰ ਦਿਤੇ ਅਤੇ ਜਗਤ ਮਾਤਾ ਜੀ ਸਰਦ ਬੁਰਜ ਵਿਚ ਸਚ ਖੰਡ ਪਧਾਰ ਗਏ ਹਨ।

ਇਸ ਗੁਰ ਦਰਬਾਰ ਦੀ ਸੇਵਾ ਸੰਤ ਮਘਰ ਸਿੰਘ ਜੀ ਨੇ ਕਰਾਕੇ ਬਹੁਤ ਰੌਣਕ ਦਿਤੀ ਹੈ।। ਸਰੋਵਰ ਤੇ ਨਸ਼ਾਨ ਸਾਹਿਬ ਜੀ ਦੀ ਸੇਵਾ ਸੰਤ ਜੀ ਦੇ ਜਥੇ ਨੇ (ਖਾਸ ਸਿੰਘ ਦੇ ਨਾਉਂ ਜੱ: ਸੰਤਾ ਸਿੰਘ ਜੀ ਸੰਤ ਚੰਨਣ ਸਿੰਘ ਜੀ ਸੰਤ ਸ਼ੇਰ ਸਿੰਘ ਜੀ ਸੰਤ ਨੰਦ ਸਿੰਘ ਜੀ ਸੰਤ ਬਚਨ ਸਿੰਘ ਜੀ ਸੰਤ ਪ੍ਰਤਾਪ ਸਿੰਘ ਜੀ ਸੰਤ ਨਰਿੰਜ ਸਿੰਘ ਜੀ ਸੰਤ ਅਮਰ ਸਿੰਘ ਜੀ ਸੰਤ ਬਚਨ ਸਿੰਘ ਜੀ ਸੰਤ ਕਰਤਾਰ ਸਿੰਘ ਜੀ ਮਾ: ਸੰਤਾ ਸਿੰਘ ਜੀ ਸ੍ਰੀ ਮਤੀ ਬੇਬੇ ਭਾਨ ਕੌਰ ਜੀ) ਨੇ ਕਰਾਈ ਹੈ ।।

ਜੱਥੇਦਾਰ ਸੰਤਾ ਸਿੰਘ ਜੀ ਨੇ ਖਰੀਦ ਕੇ ਕਾਫੀ ਜ਼ਮੀਨ ਗੁ: ਦੇ ਨਾਉਂ ਕਰਾਈ ਹੈ ।।

੧੫-੧੬ ਘੁਮਾਂ ਪਹਿਲੇ ਸੀ ।। ਸੰਤ ਜੀ ਦੀ ਯਾਦ ਵਿਚ ਗਰਲ ਹਾਈ ਸਕੂਲ ਜਿਸ ਦੇ ਬਾਨੀ ਸੰਤ ਨਿਰੰਜਨ ਸੰਘ ਜੀ ਹਨ। ਹਰ ਪੂਰਨਮਾਸ਼ੀ ਤੁਰਕ ਰਾਜ ਦੀ ਜੜ੍ਹ ਪੁਟਣ ਵਾਲੇ ਦਿਹਾੜੇ ਸਲਾਨਾ ਜੋੜ ਮੇਲੇ ਹੁੰਦੇ ਹਨ ।।

**ਤੁਰਕ ਰਾਜ ਦੀਆਂ ਜੜ੍ਹਾਂ ਪੁਟਣੀਆਂ:–** ਮਸੂਮ ਸਾਹਿਬਜ਼ਾਦਿਆਂ ਦਾ ਸ਼ਹੀਦ ਹੋਣਾ ਸੁਣਕੇ ਸ੍ਰੀ ਕਲਗੀਧਰ ਜੀ ਨੇ ਸੁਤੇ ਸਿਧ ਤੀਰ ਨਾਲ ਇਕ ਕਾਹੀ ਦਾ ਬੂਟਾ ਪੁਟਣਾਂ ਸ਼ੁਰੂ ਕੀਤਾ, ਨਾਲ ਹੀ ਬਚਨ ਕੀਤਾ ਅਜ ਤੋਂ ਅਸੀਂ ਤੁਰਕ ਰਾਜ ਦੀਆਂ ਜੜ੍ਹਾਂ ਪੁਟ ਸਿਟੀਆਂ ।। ਸਾਡੇ ਸਿੰਘ ਸਰਹਿੰਦ ਦੀ ਇੱਟ ਨਾਲ ਇੱਟ ਕਰਨਗੇ। ਇੱਟਾਂ ਸਤਲੁਜ ਵਿਚ ਸਿਟਣਗੇ। ਗੁਰੂ ਮਾਰੀ ਸਰਹੰਦ ਦਾ ਥੇਹ ਬਨਾਣਗੇ।।

ਰਾਏ ਕਲੇ ਨੇ ਸ੍ਰੀ ਦਸਮੇਸ਼ ਜੀ ਦੇ ਮੁਖਾਰ ਬਿੰਦ ਤੋਂ ਇਹ ਬਚਨ ਸੁਣਕੇ ਅਰਜ਼ ਕੀਤੀ ਜੀ ਹਜ਼ੂਰ ਮੈਂ ਤੁਹਾਡਾ ਦਾਸ ਭੀ ਤੁਰਕਾਂ ਵਿਚੋਂ ਹਾਂ ਮੈਨੂੰ ਆਪ ਜੀ ਦਾ ਸੇਵਕ ਜਾਣ ਕੇ ਬਖ਼ਸ਼ ਲਵੋ।

ਤਦ ਸ੍ਰੀ ਗੁਰੂ ਕਲਗੀਧਰ ਪਾਤਿਸ਼ਾਹ ਜੀ ਨੇ ਰਾਏ ਕਲੇ ਨੂੰ ਇਕ ਖੰਡਾ, ਇਕ ਗੰਗਾ ਸਾਗਰ ਇਕ ਰੇਹਲ, ਪੋਥੀ ਪੜਨ ਵਾਲੀ ਦੇ ਕੇ ਬਚਨ ਕੀਤਾ ਜਦ ਤਕ ਇਹਨਾਂ ਗੁਰ ਵਸਤਾਂ ਦਾ ਪ੍ਰੇਮ ਸਹਿਤ

Digitized by Panjab Digital Library | www.panjabdigilib.org

ਅਦਬ ਰਖੋਗੇ ਉਨਾਂ ਚਿਰ ਸੁਖ ਤੇ ਰਾਜ ਤੇਜ ਵਧੇਗਾ ਜੋ ਰਾਏ ਕਲਾ ਗੁਰੂ ਜੀ ਨੂੰ ਅਧਿਕ ਹੀ ਪ੍ਰੇਮ ਨਾਲ ਨਮਸਕਾਰ ਕੀਤੀ ਅਤੇ ਬਹੁਤ ਹੀ ਪ੍ਰਸੰਨਤਾਈ ਨਾਲ ਆਪਣੇ ਘਰ ਸ੍ਰੀ ਗੁਰੂ ਜੀ ਦੀਆਂ ਬਖਸ਼ਸ਼ਾਂ ਬੜੇ ਅਦਬ ਨਾਲ ਲਜਾਕੇ ਸਤਕਾਰ ਨਾਲ ਰਖੀਆਂ ਅਤੇ ਸਾਰੇ ਪ੍ਰਵਾਰ ਸਮੇਤ ਸ੍ਰੀ ਗੁਰੂ ਜੀ ਦੇ ਸੇਵਕ ਬਣ ਗਏ। ਤੀਜੀ ਪੀੜੀ ਰਾਏ ਕਲੇ ਦੇ ਪੋਤਰੇ ਰਾਏ ਉਲਾਸ ਨੇ ਕਾਜ਼ੀਆਂ ਦੇ ਆਖੇ ਲਗਕੇ ਸ੍ਰੀ ਗੁਰੂ ਜੀ ਦਾ ਬਖ਼ਸ਼ਿਆ ਹੋਇਆ ਖੰਡਾ ਗਾਤਰੇ ਸਜਾਕੇ ਸ਼ਿਕਾਰ ਗਿਆ ਜੋ ਸਬੱਦੀ ਖੁਰਦ ਤੇ ਸ਼ੇਰ ਪੁਰਾ ਕਲਾਂ ਦੇ ਕੋਲ ਜਦ ਆਇਆ ਤਾਂ ਘੋੜਾ ਸੁਤੇ ਹੀ ਤਾਂਹ ਨੂੰ ਬੁੜ੍ਹਕਿਆਂ (ਤਬਕਿਆ) ਅਤੇ ਮਿਆਨ ਵਿਚੋਂ ਖੰਡਾ ਉਛਲ ਕੇ ਰਾਇ ਉਲਾਸ ਦੀ ਬਖੀ ਵਿਚ ਧਸ ਗਿਆ ਤੇ ਘੋੜਾ ਤਾਬੜ ਤੋੜ ਭਜਣ ਤੇ ਰਾਇ ਉਲਾਸ ਘੋੜੇ ਤੋਂ ਡਿਗ ਪਿਆ ਅਤੇ ਪੈਰ ਰਕਾਬ ਵਿਚ ਫਸ ਗਿਆ। ਇਸਤ੍ਰਾਂ ਘੜੀਸੀਦੇ ਦਾ ਸਿਰ ਧਰਤੀ ਤੇ ਬਜ ਬਜ ਕੇ ਫਟਣ ਤੇ ਮਰ ਗਿਆ, ਜਿਥੇ ਘੋੜਾ ਖੜ੍ਹਿਆ ਸੀ ਉਹ ਜਗ੍ਹਾ ਤਪੜ ਤੇ ਰਾਮ ਗੜ੍ਹ ਦੇ ਦਰਮਿਆਨ ਕੁਝ ਨਸ਼ਾਨੀ ਅਜੇ ਹੈ॥ ਰਾਜ ਤੇਜ ਖਤਮ ਹੋ ਗਿਆ॥

ਗੰਗਾ ਸਾਗਰ ਉਨਾਂ ਦੀ ਉਲਾਦ ਰਾਏ ਅਨਾਇਤ ਪਾਸ ਹੈ॥ ਜਿਸ ਵਿਚ ਸੌ ਤੋਂ ਉਪਰ ਗਲੀਆਂ ਹਨ। ਰੇਤਾ ਪਾਈਏ ਤਾਂ ਨਿਕਲ ਜਾਂਦੀ ਹੈ ਜੇ ਪਾਣੀ ਦਾ ਭਰ ਦੇਈਏ ਤਾਂ ਪਾਣੀ ਨਹੀਂ ਨਿਕਲਦਾ। (ਅਜ ਕਲ ਅਨਾਇਤ ਖਾਂ ਪਾਕਿਸਤਾਨ ਲੈ ਗਿਆ ਹੈ॥) ਇਕ ਦਫਾ ਸ੍ਰੀ ਸੰਤ ਮਘਰ ਸਿੰਘ ਜੀ ਰਾਮ ਗੜ੍ਹ ਵਾਲਿਆਂ ਪਾਸ ਰਾਇ ਅਨਾਇਤ ਖਾਂ ਨੇ ਆਕੇ ਸ੍ਰੀ ਸੰਤ ਜੀ ਦੇ ਪਾਸ ਬਹੁਤ ਹੀ ਗ਼ਰੀਬੀ ਜ਼ਾਹਰ ਕੀਤੀ ਤਾਂ ਸ੍ਰੀ ਸੰਤ ਜੀ ਨੇ ਬਚਨ ਕੀਤਾ ਕਿ ਰਾਇ ਸਾਹਿਬ ਸ੍ਰੀ ਗੁਰੂ ਜੀ ਦੀਆਂ ਜੋ ਬਖਸ਼ਸਾਂ ਹਨ ਉਨ੍ਹਾਂ ਦਾ ਪ੍ਰੇਮ ਭਾਵਨਾ ਨਾਲ ਸਤਕਾਰ ਕਰੋ ਤੁਹਾਡੇ ਘਰੋਂ ਗ਼ਰੀਬੀ ਚਲੀ ਜਾਇਗੀ। ਰਾਇ ਜੀ ਨੇ ਉਸ ਦਿਨ ਤੋਂ ਇਕ ਸਾਫ ਕਮਰੇ ਸਾਫ ਰੁਮਾਲੇ ਵਿਚ ਸੰਤੋਖ ਕੇ ਧੂਪ ਦੀਪ ਕਰਨਾ ਸ਼ੁਰੂ ਕੀਤਾ। ਰਾਇ ਜੀ ਕੁਝ ਦਿਨਾਂ ਦੇ ਅੰਦਰ ਹੀ ਤਹਿਸੀਲਦਾਰ ਬਣ ਗਿਆ ਅਤੇ ਘਰ ਵਿਚ ਮੁੜ ਬਰਕਤਾਂ ਆਈਆਂ॥

**ਸ੍ਰੀ ਗੁਰੂ ਜੀ ਦਾ ਰਾਇਕੋਟ ਤੋਂ ਮੂਲੋਵਾਲ ਜਾਣਾ:-** ਸ੍ਰੀ ਕਲਗੀਧਰ ਜੀ ਮਹਾਰਾਜ ਜਦ ਆਲਮਗੀਰ ਗਏ ਸਨ ਉਸ ਵਕਤ ਭਾਈ ਮਨੀ ਸਿੰਘ ਜੀ ਸ਼ਹੀਦ ਦੇ ਭਾਈ ਨਗਾਹੀਆ ਸਿੰਘ ਜੀ ਨੇ ਸ੍ਰੀ ਗੁਰੂ ਜੀ ਦੀ ਸੇਵਾ ਵਿੱਚ ਇਕ ਸੁੰਦਰ ਘੋੜਾ ਪੰਜ ਸੌ ਰੁਪਿਆ ਭੇਟਾ ਕੀਤਾ॥ ਇਸ ਦੋਸ਼ ਵਿੱਚ ਵਜੀਦ ਖਾਂ ਨੇ ਨਗਾਹੀਆ ਸਿੰਘ ਦਾ ਸਾਰਾ ਪਰਵਾਰ ਕਤਲ ਕਰ ਦਿਤਾ॥ ਅਤੇ ਨਗਾਹੀਆ ਸਿੰਘ ਭਜਕੇ ਆਪ ਦੇ ਨਾਨਕੀ ਮੂਲੋਵਾਲ ਜਾ ਰਿਹਾ। ਇਧਰ ਸ੍ਰੀ ਗੁਰੂ ਜੀ ਨੂੰ ਜਦੋਂ ਪਤਾ ਲਗਾ ਤਾਂ ਭਾਈ ਧਰਮ ਸਿੰਘ ਜੀ ਤੇ ਇਕ ਸਿੰਘ ਰਸਤੇ ਦਾ ਜਾਣੂ ਨਾਲ ਲੈਕੇ ਰਾਇਕੋਟ ਤੋਂ ਰਾਤੋ ਰਾਤ ਸਬਾਜ਼ ਪੁਰਾ, ਕੁਤਬਾ, ਕੁਰੜ, ਮਨਾਲ, ਟਿੱਬਾ, ਬੜੀ ਸ਼ੇਰਪੁਰ, ਕਾਲਾ ਬੂਲਾ, ਦਿਦਾਰ ਗੜ੍ਹ ਨਗਰ ਵਿੱਚ ਦੀ ਹੁੰਦੇ ਹੋਏ ਸ੍ਰੀ ਗੁਰੂ ਜੀ ਮੂਲੋਵਾਲ ਪਹੁੰਚੇ॥ ਇੱਕ ਛਪਰੀ ਵਿਚ ਅਗ ਦਾ ਚਾਨਣ ਦੇਖ ਕੇ ਗਏ॥ ਦੇਖੋ ਕਿਡੇ ਭਾਗਾਂ ਵਾਲਾ ਉਹ ਗੁਰਮੁਖ ਜਿਸਦੀ ਛਪਰੀ ਵਿਚ ਮੇਰਾ ਨਿਰਾਲਾ ਪ੍ਰੀਤਮ ਸੁਤੇ ਹੀ ਜਾ ਕੇ ਕਿਹਾ, ਭਾਈ ਪ੍ਰੇਮੀਆ ਅਸੀਂ ਭਾਈ ਨਗਾਹੀਆ ਸਿੰਘ ਜੋ ਏਥੋਂ ਦਾ ਦੋਹਤਾ ਨਾਨਕੇ ਘਰ ਆਇਆ ਹੈ ਉਸ ਨੂੰ ਮਿਲਣਾ ਹੈ। ਜੋ ਆਪਦੀ ਟੁਟੀ ਹੋਈ ਛਪਰੀ ਵਿਚ ਅਗ ਬਾਲ ਕੇ ਰਾਤ ਬਤੀਤ ਕਰਦਾ ਸੀ, ਦੇਖੋ ਉਸ ਦੇ ਭਾਗ।

Digitized by Panjab Digital Library | www.panjabdigilib.org

ਸ੍ਰੀ ਕਲਗੀ ਵਾਲੇ ਦੇ ਦਰਸ਼ਨ ਕਰਕੇ ਨਿਹਾਲ ਹੋਇਆ। ਮੇਰੇ ਪ੍ਰੀਤਮ ਦਾ ਛਪਰੀ ਵਿਚ ਆਸਣ ਲੁਆਇਆ ਤੇ ਆਗਿਆ ਪਾ ਕੇ ਭਾਈ ਨਗਾਹੀਆ ਸਿੰਘ ਨੂੰ ਸਦਣ ਗਿਆ। ਅਗੋਂ ਨਗਾਹੀਆ ਸਿੰਘ ਪਿਆਰੇ ਪ੍ਰੀਤਮ ਦਾ ਸੰਦੇਸ਼ ਸੁਣ ਗਦ ਗਦ ਹੋਇਆ ਛੇਤੀ ਨਾਲ ਮਿਸੇ ਪ੍ਰਸਾਦੇ ਤਿਆਰ ਕਰਾਕੇ ਨਾਲ ਲੱਸੀ ਲੈ ਕੇ ਸ੍ਰੀ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ। ਤਾਂ ਗਰੀਬ ਨਿਵਾਜ਼ ਜੀ ਨੇ ਨਗਾਹੀਆ ਸਿੰਘ ਨੂੰ ਆਪਣੀ ਗਲਵਕੜੀ ਵਿਚ ਲਿਆ ਅਤੇ ਬਹੁਤ ਸਾਰੇ ਵਰ ਦਿਤੇ। ਅਰ ਬਚਨ ਕੀਤਾ ਜਦੋਂ ੨ ਇਹ ਜਗ੍ਹਾ ਤੀਜੀ ਵਾਰ ਬਣੇਗੀ ਪਿਤਾ ਜੀ ਸ਼ਹੀਦ ਫੌਜਾਂ ਨੂੰ ਆਪ ਨਾਲ ਲੈ ਕੇ ਹਰਿਮੰਦਰ ਸਾਹਿਬ ਦੀ ਸੇਵਾ ਕਰਾਉਣਗੇ। ਵੀਹਵੀਂ ਸਦੀ ਨੂੰ ਇਸ ਅਸਥਾਨ ਤੇ ਦੁਖ ਭੰਜਨ ਤਲਾ ਪ੍ਰਗਟ ਹੋਵੇਗਾ। ਕਈ ਸੇਰ ਲੂਣ ਲੰਗਰ ਵਿਚ ਪਿਆ ਕਰੇਗਾ। ੧੫ ਪੋਹ ਨੂੰ ਹਰ ਸਾਲ ਅਸੀਂ ਸੰਗਤਾਂ ਵਿਚ ਹਾਜ਼ਰ ਹੋਇਆ ਕਰਾਂਗੇ। ਜਦੋਂ ਤੁਹਾਨੂੰ ਕੋਈ ਬਿਪਤਾ ਹੋਵੇ ਤਾਂ ਇਥੇ ਆਕੇ ਅਰਦਾਸ ਕਰਨੀ ਤੁਹਾਡੀ ਬਿਪਤਾ ਦੂਰ ਹੋਵੇਗੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਭੀ ਏਥੇ ਆਏ ਹਨ। ਇਥੋਂ ਚਲ ਕੇ ਬਾਜਵੀ, ਅਲਾਲ, ਹੇੜੀਕੇ, ਚੈਹਲਾਂ ਦੀ ਬੜੀ ਖੇੜੀ ਪਹੁੰਚੇ। ਸ੍ਰੀ ਗੁਰੂ ਜੀ ਨੇ ਏਥੇ ਇਕ ਕੋਹੜੀ (ਸਜਨ) ਨੂੰ ਰਾਜ਼ੀ ਕੀਤਾ। ਇਥੋਂ ਪਿੰਡ ਗੁਰਮ ਹੁੰਦੇ ਹੋਏ ਰਾਏਕੋਟ, ਸੀਲੋਆਣੀ, ਬਸੀਆਂ, ਲੰਮੇ ਜਟ ਪੁਰੇ ਹੁੰਦੇ ਹੋਏ ਪਿੰਡ ਦੀਨੇ ਕਾਂਗੜ ਪਹੁੰਚੇ।†

**ਗੁ: ਬਸੀਆਂ**—ਜ਼ਿਲਾ ਲੁਧਿਆਣਾ, ਤਹਿਸੀਲ ਤੇ ਥਾਣਾ ਜਗਰਾਵਾਂ ਤੋਂ ੮-੯ ਮੀਲ ਪੁਰ ਇਕ ਪਿੰਡ ਬਸੀਆਂ ਹੈ। ਇਸ ਨਗਰ ਵਿਚ ਸ੍ਰੀ ਦਸਮੇਸ਼ ਜੀ ਨੇ ਸੀਲੋਆਣੀ ਤੋਂ ਚਰਨ ਪਾਏ। ਸ੍ਰੀ ਗੁਰੂ ਜੀ ਦੀ ਯਾਦ ਵਿਚ ਅਤ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ, ਜਿਸਦਾ ਪ੍ਰਬੰਧ ਪਿੰਡ ਦੀ ਸੰਗਤ ਬੜੇ ਪ੍ਰੇਮ ਨਾਲ ਕਰ ਰਹੀ ਹੈ। ਇਸ ਪਿੰਡ ਵਿਚ ਸ: ਮੰਗਲ ਸਿੰਘ, ਸ: ਗੁਰਬਖਸ਼ ਸਿੰਘ, ਸ: ਨਿਰੰਜਨ ਸਿੰਘ, ਸ; ਵਰਿਆਮ ਸਿੰਘ, ਸ: ਰਾਮ ਸਿੰਘ, ਸ: ਸ਼ੇਰ ਸਿੰਘ, ਸ: ਕਿਸ਼ਨ ਸਿੰਘ, ਸ: ਹਰਚੰਦ ਸਿੰਘ ਇਤ ਆਦਿ ਪੰਥਕ ਪ੍ਰੇਮੀ ਬੇਅੰਤ ਹਨ।

**ਗੁ: ਸਾਹਿਬ ਲੰਮੇ**—ਜ਼ਿਲਾ ਲੁਧਿਆਣਾ, ਤਹਿਸੀਲ ਅਤੇ ਥਾਣਾ ਜਗਰਾਵਾਂ ਦਾ ਪਿੰਡ ਜੋ ਰੇਲਵੇ ਸਟੇਸ਼ਨ ਜਗਰਾਵਾਂ ਤੋਂ ਅਠ ਮੀਲ ਹੈ ਅਰ ਰਾਏਕੋਟ ਵਾਲੀ ਪੱਕੀ ਸੜਕ ਤੋਂ ਇਕ ਮੀਲ ਕਿਨਾਰੇ ਹੈ। ਏਸ ਪਿੰਡ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਾਛੀਵਾੜੇ ਵਲੋਂ ਆਕੇ ਵਿਰਾਜੇ ਸਨ। ਭਾ: ਸਾ: ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਰਾਏ ਕਲ੍ਹਾ ਨੂੰ ਸ੍ਰੀ ਗੁਰੂ ਸਾਹਿਬ ਜੀ ਨੇ ਏਥੇ ਖੜਗ,* ਰੇਹਲ, ਗੰਗਾ ਸਾਗਰ ਬਖਸ਼ਿਆ ਹੈ। ਗੁਰਦੁਆਰੇ ਦੇ ਨਾਲ ੪੦ ਘੁਮਾਂ ਜ਼ਮੀਨ ਕਈਆਂ ਪਿੰਡਾਂ ਵਲੋਂ ਹੈ। ਪ੍ਰਬੰਧ ਕਮੇਟੀ ਦੇ ਹਥ ਹੈ। ਲੰਮੇ ਜਟ ਪੁਰਾ ਦੋਹੀਂ ਪਿੰਡੀਂ ਸ੍ਰੀ ਗੁਰੂ ਜੀ ਦੇ ਪ੍ਰੇਮ ਸਹਿਤ ਚਰਨ ਪੁਆਏ ਹਨ।

**ਗੁ: ਭੈਮੀ ਪੁਰ**—ਮੋਹੀ ਵਾਲੇ ਲੁਹਾਰ ਦੀ ਬੰਸ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਮੁੰਦਰੀ

---

†ਡੈਰੀ ਜਮਾਦਾਰ ਪਾਰਾ ਸਿੰਘ ਹਜ਼ੂਰ ਸਾਹਿਬ।

*ਗੰਗਾ ਸਾਗਰ ਵਿਚ ਚੌਗਿਰਦ ਤੇ ਥਲੇ ਸੈਂਕੜੇ ਮੋਰੂ ਹਨ। ਜਿਸ ਵਿਚ ਰੇਤ ਪਾਈਏ ਤਾਂ ਨਿਕਲ ਜਾਂਦੀ ਹੈ ਜੇ ਪਾਣੀ ਪਾਈਏ ਤਾਂ ਨਹੀਂ ਨਿਕਲਦਾ।

Digitized by Panjab Digital Library | www.panjabdigilib.org

ਬਖਸ਼ੀ ਸੀ ਇਸ ਪਿੰਡ ਵਿਚ ਰਹਿੰਦੀ ਹੈ ਅਤੇ ਉਨ੍ਹਾਂ ਨੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਬਣਵਾਇਆ ਹੋਇਆ ਹੈ।

**ਗੁ: ਸਾਹਿਬ ਮੱਲ੍ਹਾ**—ਜ਼ਿਲਾ ਲੁਧਿਆਣਾ, ਤਹਿਸੀਲ ਤੇ ਥਾਣਾ ਜਗਰਾਵਾਂ ਤੋਂ ਅਠ ਨੌ ਮੀਲ ਦੇ ਕਰੀਬ ਹੈ। ਏਸ ਪਿੰਡ ਸ੍ਰੀ ਦਸਮੇਸ਼ ਜੀ ਨੇ ਭੰਮੀ ਪੁਰੇ ਤੋਂ ਮਾਣੂਕਿਆਂ ਜਾਣ ਸਮੇਂ ਦਰਸ਼ਨ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ।ਸ੍ਰੀ ਗੁਰੂ ਜੀ ਦੀ ਯਾਦ ਵਿਚ ਬਹੁਤ ਸੁੰਦਰ ਗੁਰ ਅਸਥਾਨ ਹੈ ਇਲਾਕਾ ਨਿਵਾਸੀ ਸੰਗਤਾਂ ਨੇ ਸੇਵਾ ਕੀਤੀ ਹੈ। ਅਡਾ ਮੋਟਰ ਟਾਂਗੇ ਦਾ ਬਸੀਆਂ, ਸਟੇਸ਼ਨ ਜਗਰਾਵਾਂ।

**ਗੁ: ਸਾਹਿਬ ਚਕਰ**—ਜ਼ਿਲਾ ਲੁਧਿਆਣਾ, ਤਹਿਸੀਲ ਤੇ ਥਾਣਾ ਜਗਰਾਓਂ ਦਾ ਪਿੰਡ ਜੋ ਰੇਲਵੇ ਸਟੇਸ਼ਨ ਜਗਰਾਓਂ ਤੋਂ ਨੌ ਮੀਲ ਦੇ ਕਰੀਬ ਦਖਣ ਵਲ ਹੈ, ਇਸ ਪਿੰਡ ਤੋਂ ਦਖਣ ਵਲ ਸਮੀਪ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਨੇ ਲੰਮੇ ਤੋਂ ਚਕਰ ਦੀ ਸੰਗਤਾਂ ਦੇ ਪ੍ਰੇਮ ਵਸ ਹੋ ਕੇ ਇਥੇ ਚਰਨ ਪਾਏ ਸਨ। ਸੰਮਤ ੧੯੯੦ ਤੋਂ ਨਗਰ ਵਾਸੀਆਂ ਨੇ ਗੁਰ ਦਰਬਾਰ ਦੀ ਸੋਹਣੀ ਇਮਾਰਤ ਬਣਾਈ ਹੈ। ਪ੍ਰਬੰਧ ਲੋਕਲ ਕਮੇਟੀ ਦੇ ਹਥ ਹੈ।

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥
ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਇ ॥
ਪਾ: ੩ ॥

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰ ਕ੍ਰਿਪਾ ਕੀਨੀ ਮਨਿ ਵਸਾਇਆ ॥
॥ ਹੇ ਵਾਹਿਗੁਰੂ ਅਲਾਹੀ ਦਾਤ ਹਰਿ ਇਕ ਨੂੰ ਦੇ ਦੇਹਿ ॥
ਪਾ; ੩ ॥

Digitized by Panjab Digital Library | www.panjabdigilib.org

# ਗੁਰ ਅਸਥਾਨ ਪਤਸ਼ਾਹੀ ੧੦

## ਜ਼ਿਲਾ ਅੰਬਾਲਾ

| ਨੰ: | ਨਾਂ ਗੁਰ ਅਸਥਾਨ | ਜ਼ਮੀਨ ਘੁਮਾਂ | ਜ਼ਮੀਮ ਵਿਘੇ | ਜਾਗੀਰ | ਮਕਾਨ | ਸਹਾਇਤਾ ਆਦਿ |
|---|---|---|---|---|---|---|
| ੧ | ਗੁ: ਸਾ: ਮਰੋਦ | | ੬੦੦ ਵਿਘੇ | | | ਰਿਆਸਤ ਪਟਿਆਲਾ |
| ੨ | ਗੁਃ ਸਾਃ ਕਪਾਲ ਮੋਚਨ | | ੧੫੦ ਵਿਘੇ | | | |
| ੩ | ਗੁਃ ਸਾਃ ਅਗਮ ਪੁਰਾ | | ੬੦ ਵਿਘੇ | | | ਨਗਰ ਵਾਸੀਆਂ ਵਲੋਂ |
| ੪ | ਗੁਃ ਸਾਃ ਖਾਨ ਪੁਰ | | ੧੦੦ ਵਿਘੇ | | | |
| ੫ | ਗੁਃ ਸਾਃ ਮਾਣਕ ਟਬਰਾ | | ੮੦ ਵਿਘੇ | | | |
| ੬ | ਗੁਃ ਸਾਃ ਟੋਕਾ | | ੨੫੦ ਵਿਘੇ | | | ੧੦੦ ਵਿਘੇ ਰਿਆਸਤ ਨਾਹਨ<br>੧੫੦ ,, ਆਹਲੂਵਾਲੀਏ ਜਾਗੀਰਦਾਰਾਂ ਵਲੋਂ |
| | | | | ੮੫-੦-੦ | | ਸਾਲਾਨਾ ਰਿਆਸਤ ਪਟਿਆਲਾ ਵਲੋਂ |
| ੭ | ਗੁਃ ਸਾਃ ਦਕੋਲੀ | | ੫੦ ਵਿਘੇ | | | |
| ੮ | ਗੁਃ ਸਾਃ ਅਨੰਦ ਪੁਰ ਕਲੋੜ | | | ੭੦-੦-੦ | | ਰਿਆਸਤ ਪਟਿਆਲਾ ਵਲੋਂ |
| ੯ | ਗੁਃ ਸਾਃ ਕਤਲ ਗੜ੍ਹ | | | ੩੦੦-੦-੦ | | ਸਾਲਾਨਾ ਪਿੰਡ ਰਾਏ ਪੁਰ |
| | | | | ੬੬੧-੦-੦ | | ,, ਰਿਆਸਤ ਪਟਿਆਲਾ |
| ੧੦ | ਗੁਃ ਦਮਦਮਾ ਸਾਹਿਬ | ੧੭ ਘੁਮਾਂ | | | | |
| ੧੧ | ਗੁਃ ਜੰਡ ਸਾਹਿਬ | | ੮੨੭ ਵਿਘੇ | | | ਮਹਾਰਾਜਾ ਰੰਜੀਤ ਸਿੰਘ |
| ੧੨ | ਗੁਃ ਸਾਃ ਭਾਨੋ ਖੇੜੀ | | ੨੦ ਵਿਘੇ | | | ਪਿੰਡ ਵਲੋਂ |
| | ਜੋੜ | ੧੭ ਘੁਮਾਂ | ੨੧੩੭ ਵਿਘੇ | | | |

Digitized by Panjab Digital Library | www.panjabdigilib.org

**ਗੁਃ ਜਾਗੁਰਤਸਰ ਸ਼ੇਰਪੁਰਾ ਕਲਾਂ**—ਜ਼ਿਲਾ ਲੁਧਿਆਣਾ ਤਹਿਸੀਲ ਤੇ ਥਾਣਾ ਜਗਰਾਉਂ ਦਾ ਇਕ ਪਿੰਡ ਜਿਸਦੀ ਦੇ ਦਖਣ ਦਿਸ਼ਾ ਵਲ ਇਕ ਸਾਂਝਾ ਛਪੜ ਜਿਸ ਦੇ ਨਾਲ ਦੀ ਜਗਰਾਉਂ ਤੋਂ ਤਿਹਾੜੇ ਨੂੰ ਜਾਣ ਵਾਲੀ ਸੜਕ ਦੇ ਤੇ ਛਪੜ ਦੇ ਦਰਮਿਆਨ ਇਕ ਸਾਧੂ ਸੰਤ ਰਾਵ ਦਾਸ ਜੀ ਉਦਾਸੀ ਆਕੇ ਟਿਕ ਗਏ ਜਿਨਾਂ ਨੇ ਆਪਣੇ ਪੁਰਸ਼ਾਰਥ ਨਾਲ ਕੁਝ ਜਗ੍ਹਾ ਦੇ ਚੋਗਿਰਦ ਕਚੀਆਂ ਦੁਆਲਾਂ ਕਰਕੇ ਇਕ ਕੁਟੀਆ ਪਾਕੇ ਪਿੰਡ ਦੇ ਬਚਿਆਂ ਨੂੰ ਗੁਰਮੁਖੀ ਪੜਾਉਣਾ ਅਰੰਭ ਕੀਤਾ ਜਿਸਦਾ ਨਤੀਜਾ ਪਿੰਡ ਵਿੱਚ ਗੁਰੂਬਾਣੀ ਦੇ ਪਾਠੀ ਕਈ ਪੈਦਾ ਕੀਤੇ ਤੇ ਸੰਤ ਰਾਵਦਾਸ ਜੀ ਦਾ ਅੰਤ ਕਾਲ ਹੋ ਗਿਆ ਹੁਣ ਇਸ ਜਗਾ ਸੰਤ ਤ੍ਰਿਯਾਦਾਸ ਨਿਰੰਕਾਰੀ ਆ ਟਿਕੇ ਜਿਨ੍ਹਾਂ ਨੇ ਕੁਝ ਅਪਰਾਲਾ ਕਰਕੇ ਇਕ ਪੱਕੀ ਕੁਟੀਆ ਬਣਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਸਨ। ਅਤੇ ਕੁਝ ਅਰਸੇ ਤੋਂ ਬਾਦ ਸੰਤ ਜੀ ਦੇ ਚਲੇ ਜਾਣ ਤੇ ਸੁਨੀ ਜਗਾ ਵਿਚ ਪਿੰਡ ਵਾਲਿਆਂ ਨੇ ਇਕ ਗ੍ਰੰਥੀ ਸੰਤ ਹਰਚੰਦ ਸਿੰਘ ਜੀ ਨੂੰ ਟਕਾ ਲਿਆ ਜੋ ਬੜਾ ਹੀ ਆਲਸੀ ਹੁੰਦਾ ਸੀ। ਇਸ ਦੇ ਪੈਹਰ ਵਿੱਚ ੧੬–੧੭ ਨਵੰਬਰ ੧੯੨੭ ਦੀ ਦਰਮਿਆਨੀ ਰਾਤ ਨੂੰ ਕਿਸੇ ਅਧਮ ਪਾਪੀ ਵਲੋਂ ਤਿੰਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੇਜ਼ ਧਾਰ ਹਥਿਆਰ ਨਾਲ ਬੇਅਦਬੀ ਕਰਕੇ ਗੁਰੂ ਨਾਨਕ ਨਾਮ ਲੇਵਾ ਦੇ ਦਿਲਾਂ ਤੇ ਡਾਢੀ ਸਟ ਮਾਰ ਕੇ ਆਪ ਲੋਕ ਪਰਲੋਕ ਵਿਚ ਕਲੰਕ ਖਟਿਆ ਅਤੇ ਏਨਾਂ ਹੀ ਤਾਰੀਖਾਂ ਤੇ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਜੀ ਪੰਜ ਸਾਲ ਨੰਗੇ ਬਦਨ ਜੇਹਲ ਤੋਂ ਔਣ ਤੇ ਪੰਥਕ ਫੈਸਲੇ ਨਾਲ ਪੰਜਾਬ ਦਾ ਦੌਰਾ ਰਖਿਆ ਇਸ ਦੌਰੇ ਅਨੁਸਾਰ ਪ੍ਰੋਗਰਾਮ ਜ਼ਿਲਾ ਲੁਧਿਆਣਾ ਵਲੋਂ ਪਿੰਡ ਰੂਮੀ ਤਹਿਸੀਲ ਜਗਰਾਉਂ ਵਿਚ ਸੰਤ ਸ਼ਾਮ ਸਿੰਘ ਜੀ ਦੇ ਪ੍ਰਸ਼ਾਰਥ ਨਾਲ ਸੀ ਜਿਸ ਤੋਂ ਅਸੀਂ ਵਾਪਸ ਜਨੇਤ ਪੁਰੇ ਨੂੰ ਔਂਦੇ ਹੋਏ ਭਾਈ ਮਹਿੰਗਾ ਸਿੰਘ ਜਨੇਤ ਪੁਰ ਭਾਈ ਗੁਰਮੁਖ ਸਿੰਘ ਮਨਸੀਹਾਂ ਬਾਜਨ ਤੇ ਦਾਸ ਤਿੰਨੇ ਜਣੇ ਜਦ ਸ਼ੇਰ ਪੁਰੇ ਦੇ ਨੇੜੇ ਆਏ ਤਾਂ ਜਥੇਦਾਰ ਰੋਡਾ ਸਿੰਘ ਜਗਰਾਉਂ ਨੂੰ ਜਾਂਦਾ ਮਿਲਿਆ ਜਿਸ ਨੇ ਏਹ ਦੁਖ ਭਰੀ ਖਬਰ ਸੁਣਾਈ। ਸੁਣਕੇ ਅਸੀਂ ਤਿੰਨੇ ਜਣੇ ਗੁਰਦੁਆਰੇ ਜਾਕੇ ਹਾਲਤ ਦੇਖਣ ਤੇ ਕਿਸੇ ਦਾ ਵੀ ਦਿਲ ਥਾਵੇਂ ਨਾ ਰਿਹਾ ਅਤੇ ਗੁਰਦੁਆਰੇ ਕੱਲਾ ਤੋਤਾ ਸਿੰਘ ਮਜ਼੍ਹਬੀ ਹਾਜ਼ਰ ਸੀ ਜਿਸ ਨੂੰ ਪੁਛਿਆ ਤੇ ਪਤਾ ਲਗਾ ਮਹੰਤ ਪਿੰਡ ਵਿਚ ਦੁਧ ਪੀਣ ਗਿਆ ਹੋਇਆ ਹੈ। ਅਸੀਂ ਤੋਤਾ ਸਿੰਘ ਮਜਬੀ ਦੇ ਪੈੜ ਆਦਿ ਦੀ ਜ਼ੁਮੇਵਾਰੀ ਪਾਕੇ ਪਿੰਡ ਦੇ ਸਿੰਘਾਂ ਪਾਸ ਗਏ ਤਾਂ ਸਾਨੂੰ ਕੋਈ ਪਿੰਡ ਵਿਚ ਨਾ ਮਿਲਨ ਤੇ ਅਸੀਂ ਤਿੰਨੇ ਗਾਲਬ ਜਾਕੇ ਸੰਗਤ ਨੂੰ ਹਾਲਤ ਸੁਣਾਕੇ ਸੁਭਾ ਸ਼ੇਰ ਪੁਰੇ ਹਾਜ਼ਰ ਹੋਣ ਬਾਰੇ ਬੇਨਤੀ ਕਰਕੇ ਭਾਈ ਮਹਿੰਗਾ ਸਿੰਘ ਜੀ ਤੇ ਭਾਈ ਗੁਰਮੁਖ ਸਿੰਘ ਜੀ ਆਪਣੇ ਪਿੰਡਾਂ ਨੂੰ ਚਲੇ ਗਏ ਤੇ ਦਾਸ ਰਾਂਤੋ ਰਾਤ ੫–੬ ਪਿੰਡਾਂ ਵਿਚ ਜਾਕੇ ਸੁਭਾ ਸ਼ੇਰਪੁਰੇ ਆ ਹਾਜਰ ਹੋਇਆ। ਹੁਣ ਇਲਾਕਾ ਨਿਵਾਸੀ ਸੰਗਤਾਂ ਸੁਭਾ ਦਸ ਬਜੇ ਤਕ ਪੰਜ ਛੇ ਹਜ਼ਾਰ ਸਿੰਘ ਦੇ ਕਰੀਬ ਸ਼ੇਰਪੁਰੇ ਪੁਜੇ ਤੇ ਇਕਤ੍ਰਤਾ ਵਿਚ ਇਕ ਹਾਦਸਾ ਕਮੇਟੀ ਚੁਣੀ ਜਿਸ ਨੂੰ ਇਸ ਦੀ ਪੈਰਵੀ ਕਰਨ ਦਾ ਅਧਿਕਾਰ ਸੀ ਜਿਸਦੇ ਸਕਤ੍ਰ ਭਾਈ ਵੀਰ ਸਿੰਘ ਜੀ ਕਾਉਂਕੇ ਭਾਈ ਕੁੰਡਾ ਸਿੰਘ ਜੀ ਗਾਲਬ ਖਜ਼ਾਨਚੀ। ਦਾਸ ਨੂੰ ਜਥੇਦਾਰ ਚੁਣਿਆ ਗਿਆ ਜਿਸ ਦੇ ਜਨਰਲ ਮੈਂਬ੍ਰ ੮੦ ਦੇ ਕਰੀਬ ਸਨ। ਹੁਣ ਇਸ ਕਮੇਟੀ ਨੇ ਸ਼੍ਰੋਃ ਅਕਾਲੀ ਦਲ ਸ੍ਰੋ: ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਤੇ ਹੋਰ ਪੰਥਕ ਸੁਸਾਇਟੀਆਂ ਤੇ ਵੈਸਰਾਏ, ਗਵਰਨਰ, ਕਮਿਸ਼ਨਰ ਜ਼ਿਲਾ ਅਫੀਸਰਾ ਆਦਿ ਨੂੰ ਤਾਰਾਂ ਦਿਤੀਆਂ ਅਤੇ ਕਮੇਟੀ ਤੇ ਸਰਕਾਰੀ ਅਫਸਰਾਂ ਨੇ ਕੰਮ ਬੜੇ ਦਰਦ ਭਰੇ ਲਹਿਜੇ ਨਾਲ ਅਰੰਭ ਕੀਤਾ। ਹੁਣ ਸ਼੍ਰੋਃ ਗੁਃ ਪ੍ਰਃ ਕਮੇਟੀ, ਸ਼੍ਰੋਃ ਅਕਾਲੀ ਦਲ ਤੇ ਹੋਰ ਸਭਾ ਸੁਸਾਇਟੀਆਂ ਅਤੇ ਪੰਥਕ ਮੁਖੀਆਂ ਨੇ ਸ਼ੇਰ ਪੁਰੇ ਇਕਤ੍ਰਤਾ ਰਖ ਕੇ ਇਸ

Digitized by Panjab Digital Library | www.panjabdigilib.org

ਹਾਦਸੇ ਦੇ ਪ੍ਰਾਸਚਿਤ ਵਜੋਂ ੧੦੧ ਅਖੰਡ ਪਾਠ ਕਰਨ ਦਾ ਮਤਾ ਸੂਬ ਸੰਮਤੀ ਨਾਲ ਪਾਸ ਕਰਕੇ ਪ੍ਰਬੰਧਕ ਦਾਸ ਟਿਕ ਕੇ ਫੈਸਲਾ ਕੀਤਾ ਕਿ ਇਨ੍ਹਾਂ ਦੇ ਭੋਗਾਂ ਤੇ ਇਕ ਭਾਰੀ ਦੀਵਾਨ ਜਿਸ ਤੇ ਸਮੂਹ ਪੰਥ ਨੂੰ ਸਦਾ ਪੱਤ੍ਰ ਦੇ ਕੇ ਪੰਥਕ ਦੀਵਾਨ ਕੀਤਾ ਜਾਵੇ। ਹੁਣ ਸਾਰੇ ਪੰਥ ਦੀ ਸੰਮਤੀ ਨਾਲ ੧੦੧ ਅਖ਼ਡ ਪਾਠ ਪਰਾਰੰਭ ਕੀਤੇ ਗਏ ਜਿਨ੍ਹਾਂ ਦੀ ਸੰਪੂਰਨਤਾਈ ਤੇ ਸ਼੍ਰੋ: ਗੁ: : ਕਮੇਟੀ ਸ਼੍ਰੋ: ਅਕਾਲੀ ਦਲ ਅੰਮ੍ਰਿਤਸਰ ਵਲੋਂ ਸਦਾ ਪਤ੍ਰ ਕੀਤਾ ਗਿਆ ਤੇ ਜਿਸ ਵਿਚ ਸਮੂਹ ਪੰਥਕ ਸੁਸਾਇਟੀਆਂ ਦੇ ਜ਼ੁਮੇਵਾਰ ਆਗੂ ਤੇ ਲੀਡਰ ਹੋਰ ਸੰਤ ਮਹਾਤਮਾ ਗੁਣੀ ਗਿਆਨੀ ਸਾਰੇ ਪੁਜੇ।

ਅਤੇ ਸਰਬ ਸੰਮਤੀ ਨਾਲ ਇਸ ਗੁਰਦੁਆਰੇ ਸਾਹਿਬ ਜੀ ਨੂੰ ਇਤਹਾਸਕ ਕਰਾਰ ਦਿਤਾ। ਅਤੇ ਗ: ਸਾ: ਦੀ ਨਿਉ ਰਖ ਕੇ ਇਮਾਰਤ ਦੀ ਸੇਵਾ ਦਾਸ ਦੇ ਜੁਮੇ ਪਾਈ ਗਈ ਜਿਸ ਦੀ ਸੇਵਾ ਵਾਸਤੇ ਬਾਬਾ ਖੜਗ ਸਿੰਘ ਜੀ ਨੇ ੧੦੧) ਰੁਪਈਏ ਪਹਿਲੇ ਦਿਤਾ। ਹੁਣ ਗੁਰਦੁਆਰੇ ਦੇ ਨਾਉ, ਰਖਣ ਤੇ ਸੰਗਤ ਵਲੋਂ ਬਹੁਤ ਖਿਆਲ ਔਣ ਤੇ ਸ੍ਰੀ ਗ੍ਰੰਥ ਸਾਹਿਬ ਜੀ ਦੇ ਹਜੂਰ ਬਹੁਤ ਸਾਰੇ ਨਾਮਾਂ ਦੀਆਂ ਚਿਠੀਆਂ ਪਾਈਆਂ ਗਈਆਂ। ਜੋ ਇਕ ਉਨੋਬੜ ਸਿਖ ਤੋਂ ਚਿਠੀ ਚਕਵਾਈ ਜਿਸ ਤੇ ਲਿਖਿਆ ਹੋਇਆ ਸੀ ਗੁਰਦੁਆਰਾ ਜਾਗਰਤ ਸਰ, ਹੁਣ ਇਸ ਅਟਲ :ਫੈਸਲੇ ਨੂੰ ਕੌਣ ਮੋੜੇ। ਸਾਰਿਆਂ ਨੇ ਜੈ ਕਾਰਿਆਂ ਦੀ ਧੁਨ ਵਿਚ ਸਤਿਕਾਰ ਦਿਆਂ ਨੂੰ ਵਿਚਾਰਿਆ ਕਿ ਇਹ ਕੌਤਕ ਸ੍ਰੀ ਹਜ਼ੂਰ ਨੇ ਇਲਾਕੇ ਵਿਚੋ ਜਾਗਰਤ ਲਿਓਣ ਲਈ ਵਰਤਾਇਆ ਸੀ। ਇਕੋਤ੍ਰੀ ਤੇ ਗੁਰਦੁਆਰੇ ਸੇਵਾ ਵਿਚ ਇਲਾਕੇ ਦੀਆਂ ਸੰਗਤਾਂ ਨੇ ਵਧ ਚੜ ਕੇ ਹਿਸਾ ਲਿਆ ਪਰ ਕਈ ਗੁਰੂ ਸਵਾਰੇ ਮਾਈ ਭਾਈ ਨੇ ਸਰਧਾ ਤੇ ਪ੍ਰੇਮ ਦੇ ਅਦੁਤੀ ਨਮੂਨੇ ਪੇਸ਼ ਕੀਤੇ ਉਨ੍ਹਾਂ ਗੁਰ ਮੁਖਾਂ ਦੇ ਨਾਮ ਹੇਠ ਦਰਜ ਕੀਤੇ ਜਾਂਦੇ ਹਨ

੧. ਭਾਈ ਗੁਰਮੁਖ ਸਿੰਘ ਜੀ ਚੂਹੜ ਚਕ ੨. ਭਾਈ ਸਮੁੰਦ ਸਿੰਘ ਜੀ ਰਾਜੋਆਨਾ ੩. ਭਾਈ ਕਰਤਾਰ ਸਿੰਘ ਜੀ ਇੰਦ੍ਰ ਗੜ ਰਾਮਗੜੀਆ ੪. ਭਾਈ ਕਰਤਾਰ ਸਿੰਘ ਜੀ ਮੀਨੀਆਂ ੫. ਰਣਜੋਧ ਸਿੰਘ ਜੀ ਸਹੌਲੀ ੬. ਬਾਬਾ ਕਿਸ਼ਨ ਸਿੰਘ ਜੀ ਰਵਦਾਸੀਆ ੭. ਭਾਈ ਗੋਪਾਲ ਸਿੰਘ ਜੀ ਮਦੋ ਕੇ ੮. ਭਾਈ ਆਸਾ ਸਿੰਘ ਜੀ ਮਲਕ ਰਾਮਗੜੀਏ ੯. ਭਾਈ ਮੁਨਛਾ ਸਿੰਘ ਜੀ ਮਲਕ ਦਰਜੀ ੧੦. ਬਾਬਾ ਹਰਨਾਮ ਸਿੰਘ ਜੀ ਜਸਪਾਲੋ ੧੧. ਭਾਈ ਉਤਮ ਸਿੰਘ ਜੀ ਸੰਘੇੜਾ ੧੨. ਭਾਈ ਸੰਤਾ ਸਿੰਘ ਜੀ ਇਆਲੀ ੧੩. ਭਾਈ ਸੰਤਾ ਸਿੰਘ ਜੀ ਗਗੜਾ ੧੪. ਭਾਈ ਵਰਿਆਮ ਸਿੰਘ ਜੀ ਖੰਗੂੜਾ ਸ਼ੇਰ ਪੁਰਾ ੧੫. ਜਥੇਦਾਰ ਮਿਤ ਸਿੰਘ ਜੀ ਸ਼ੇਰ ਪੁਰਾ ੧੬. ਭਾਈ ਕਾਹਨ ਸਿੰਘ ਜੀ ਸ਼ੇਰ ਪੁਰਾ ੧੭. ਹੌਲਦਾਰ ਵਰਿਆਮ ਸਿੰਘ ਜੀ ਸ਼ੇਰ ਪੁਰਾ ੧੮. ਭਾਈ ਗੰਗਾ ਸਿੰਘ ਸ਼ੇਰ ਪੁਰਾ ੧੯. ਭਾਈ ਨਥਾ ਸਿੰਘ ਜੀ ਸ਼ੇਰ ਪੁਰਾ ੨੦. ਹੌਲਦਾਰ ਸੰਤਾ ਸਿੰਘ ਜੀ ਸ਼ੇਰ ਪੁਰਾ ੨੧. ਦਫੇਦਾਰ ਬਿਸ਼ਨ ਸਿੰਘ ਜੀ ਸ਼ੇਰ ਪਰਾ ੨੨. ਭਗਤ ਸਿੰਘ ਜੀ ਕਲਿਤ੍ਰਾ ਸ਼ੇਰ ਪੁਰਾ ੨੩. ਭਾਈ ਸੁਚਾ ਸਿੰਘ ਜੀ ਸ਼ੇਰ ਪੁਰਾ ੨੪. ਭਾਈ ਈਸ਼ਰ ਸਿੰਘ ਜੀ ਸ਼ੇਰ ਪੁਰਾ ੨੫. ਭਾਈ ਲਾਭਿ ਸਿੰਘ ਜੀ ਸ਼ੇਰ ਪੁਰਾ ੨੬. ਭਾਈ ਮੋਤਾ ਸਿੰਘ ਜੀ ਸ਼ੇਰ ਪੁਰਾ ੨੭. ਭਾਈ ਮੁਨਛਾ ਸਿੰਘ ਜੀ ਸ਼ੇਰ ਪੁਰਾ ੨੮. ਭਾਈ ਤਿਲੋਕ ਸਿੰਘ ਜੀ ਮਲਕ ੨੯. ਭਾਈ ਤਾਰਾ ਸਿੰਘ ਜੀ ਛੰਡੜ ੩੦. ਰਾਗੀ ਨਿਰਮਲ ਸਿੰਘ ਜੀ ਕੋਕਰੀ ੩੧. ਮਾਈ ਨੰਦ ਕੌਰ ਜੀ ਅਖਾੜਾ ੩੨. ਮਾਈ ਇੰਦ ਕਰ ਜੀ ਕਾਂਉਕੇ ੩੩. ਮਾਈ ਮਹਾ ਕੌਰ ਜੀ ਸ਼ੇਰ ਪੁਰਾ ੩੪. ਮਾਈ ਰਾਜ ਕੌਰ ਜੀ ਸ਼ੇਰ ਪੁਰਾ ੩੫. ਮਾਈ ਨਰੈਣ ਕੌਰ ਜੀ ਸ਼ੇਰ ਪੁਰਾ ੩੭. ਮਾਈ ਬਸੰਤ ਕੌਰ ਜੀ ਸ਼ੇਰ ਪੁਰਾ। ੩੮. ਮਾਈ ਚੰਦ ਕੌਰ ਜੀ ਖੰਗੂੜੇ ਸ਼ੇਰ ਪੁਰਾ। ੩੯. ਭਾਈ ਮਾਘਾ ਸਿੰਘ ਜੀ ਬੰਗਸੀ ਪੁਰਾ। ੪੦. ਅਕਾਲੀ ਹਰਨਾਮ ਸਿੰਘ ਜੀ

Digitized by Panjab Digital Library | www.panjabdigilib.org

ਬੰਗਸੀ ਪੁਰਾ। ੪੧. ਭਾਈ ਵੀਰ ਸਿੰਘ ਭਾਨ ਸਿੰਘ ਲੀਲਾਂ ੪੨. ਹੌਲਦਾਰ ਵਰਿਆਮ ਸਿੰਘ ਜੀ ਗਾਲਬ ੪੩. ਅਕਾਲੀ ਹਰਨਾਮ ਸਿੰਘ ਜੀ ਸ਼ੇਰ ਪੁਰਾ ੪੪. ਜ਼ਥੇਦਾਰ ਸੁਦਾਰਾ ਸਿੰਘ ਜੀ ਸ਼ੇਰ ਪੁਰਾ ੪੫. ਜੀਵਾ ਸਿੰਘ ਗਿ: ਗਾਲਬ ਕਲਾ ਨਥਾ ਸਿੰਘ ਦਰਜੀ ਸ਼ੇਰ ਪੁਰਾ ੪੬. ਥਾਣੇਦਾਰ ਕਿਸ਼ਨ ਸਿੰਘ ੪੭. ਚੰਨਣ ਸਿੰਘ ੪੮. ਸਮੁੰਦ ਸਿੰਘ ੪੯. ਅਣੋਖ ਸਿੰਘ ੫੦ ਅਮਰ ਸਿੰਘ ਮਿਸਤ੍ਰੀ ੫੧. ਨੰਦ ਸਿੰਘ ੫੨. ਰੋੜਾ ਸਿੰਘ ਮਿਸਤ੍ਰੀ ੫੩. ਸੁੰਦਰ ਸਿੰਘ ਮਿਸਤ੍ਰੀ ੫੪. ਦਸੌਂਧਾ ਸਿੰਘ ਮਿਸਤ੍ਰੀ ੫੫. ਸੰਤਾ ਸਿੰਘ ੫੬. ਅਣੋਖ ਸਿੰਘ ਸ਼ੇਰ ਪੁਰਾ ਛੋਟਾ ੫੭. ਈਸ਼ਰ ਸਿੰਘ ਜਥੇਦਾਰ ੫੮. ਪੂਰਨ ਸਿੰਘ ਪ੍ਰਧਾਨ ੫੯. ਹੌਲਦਾਰ ਚੰਨਣ ਸਿੰਘ ੬੦. ਈਸ਼ਰ ਸਿੰਘ ਕਾਲਿਆ ਦਾ ਸੁਚਾ ਸਿੰਘ ਕਾਲਿਆ ਸ: ਸੁਬਣ ਸਿੰਘ ਪਿਤਾ ਭਜਨ ਸਿੰਘ ਮਾਤਾ ਬਿਸ਼ਨ ਕੌਰ ਸ਼ੇਰ ਪੁਰਾ ਕਲਾਂ ਨੇ ਗੁਰਦੁਆਰਾ ਸਾਹਿਬ ਜੀ ਦੇ ਅੰਦਰ ਬਾਹਰ ਫਰਸ਼ ਤੇ ਨਗਾਰੇ ਦੀ ਸੇਵਾ ਆਪ ਦੇ ਖਰਚ ਤੇ ਕਰਾਈ ਹੁਣ ਪ੍ਰਬੰਧਕ ਸੰਤ ਤ੍ਰਲੋਕ ਸਿੰਘ ਜੀ ਹਨ।

ਨੋਟ:—ਸ਼ੇਰ ਪੁਰੇ ਦੇ ਸਾਰੇ ਮਿਸਤ੍ਰੀ ਸਿੰਘਾਂ ਟਾਂਕ ਛਤ੍ਰੀ ਰਵਦਾਸੀਏ ਅਤੇ ਮਜ਼ਹਬੀਆਂ ਸਿੰਘਾਂ ਨੇ ਸੇਵਾ ਵਿਚ ਹਿਸਾ ਲਿਆ। ਨਗਾਰੇ ਦੀ ਸੇਵਾ ਸ: ਕਰਿਮ ਸਿੰਘ ਓਵਰਿਸੀਅਰ ਨੇ ਕਰਾਈ

ਅਖਬਾਰਾਂ ਦੁਆਰਾ ਸੇਵਾ ਕਰਨ ਵਾਲੇ ਗਿ: ਸ਼ੇਰ ਸਿੰਘ ਮਾ: ਤਾਰਾ ਸਿੰਘ ਜੀ ਗਿ: ਨਾਹਰ ਸਿੰਘ ਜੀ ਸ: ਮਹਿੰਦਰ ਸਿੰਘ ਜੀ ਸਿਧਵਾਂ ਸ: ਨਰੈਣ ਸਿੰਘ ਧੂੜ ਕੋਟ ਆਦਿ ਤੇ ਸਾਰੇ ਇਲਾਕੇ ਵਾਸੀ ਨਗਰਾਂ ਖਾਸ ਕਰਕੇ ਸ਼ੇਖ ਦੌਲਤ ਤੇ ਸ਼ੇਰ ਪੁਰਾ ਖੁਰਦ ਨੇ ਇਮਾਰਤ ਸੇਵਾ ਵਿਚ ਵਧ ਚੜ ਕੇ ਹਿਸਾ ਲਿਆ ਭਾਈ ਮਲ ਸਿੰਘ ਮਿਸਤ੍ਰੀ ਜਨੇਤ ਪੁਰਾ ਨੇ ਗੁ: ਦੀ ਇਕ ਬਾਹੀ ਦੀ ਸੇਵਾ ਆਪਦੇ ਖਰਚ ਤੇ ਕੀਤੀ ਦਾਸ ਸਮੂਹ ਨਗਰਾਂ ਤੇ ਸੇਵਾਦਾਰਾਂ ਤੋਂ ਖਿਮਾਂ ਦਾ ਜਾਚਕ ਹੈ।

ਦਾਸ:—ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੁਰਾ
ਪ੍ਰਧਾਨ ਇਮਾਰਤ ਕਮੇਟੀ ਗੁ: ਜਾਗਰਤ ਸਰ ਸ਼ੇਰ ਪੁਰਾ ਕਲਾਂ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਗੁਰ ਅਸਥਾਨ ਪਾਤਸ਼ਾਹੀ ੧੦
## ਜ਼ਿਲਾ ਲੁਧਿਆਣਾ

| ਨੰ: | ਨਾਂ ਗੁਰ ਅਸਥਾਨ | ਜ਼ਮੀਨ ਘੁਮਾਂ | ਜ਼ਮੀਨ ਵਿਘੇ | ਜਾਗੀਰ | ਮਕਾਨ | ਸਾਹਿਤ ਆਦਿ |
|---|---|---|---|---|---|---|
| ੧ | ਗੁਃ ਸਾਃ ਬਹਿਲੋਲ ਪੁਰ | | ੨੫ ਵਿਘੇ | | | |
| ੨ | ਗੁਃ ਸਾਃ ਮਾਛੀਵਾੜਾ | | ੨੭੦ ਵਿਘੇ | | | ਮਹਾਰਾਜਾ ਰੰਜੀਤ ਸਿੰਘ |
| ੩ | ਗੁਃ ਸਾਃ ਕਨੇਚ | | ੧੦੦ ਵਿਘੇ | | | ਸੰਗਤਾਂ ਵਲੋਂ |
| ੪ | ਗੁਃ ਸਾਃ ਆਲਮਗੀਰ | | ੭੦ ਵਿਘੇ | | | ਸਿਖ ਰਾਜ ਸਮੇਂ ਦੀ |
| ੫ | ਗੁਃ ਸਾਃ ਜਸਪਾਲ ਭਾਈ | | ੪੦੦੦ ਵਿਘੇ | | | ਕਈਆਂ ਪਿੰਡਾਂ ਵਲੋਂ |
| ੬ | ਗੁਃ ਫਲਾਹੀ ਸਾਹਿਬ | | ੧੩ ਵਿਘੇ | | | |
| ੭ | ਗੁਃ ਮੋਹੀ ਸਾਹਿਬ | | ੧੫ ਵਿਘੇ | | | |
| ੮ | ਗੁਃ ਸਾਃ ਸੀਲੋਆਣੀ | ੮ ਘੁਮਾਂ | | | | ਪਿੰਡ ਵਲੋਂ |
| ੯ | ਗੁਃ ਸਾਃ ਕਮਾਲ ਪੁਰ | | ੧੦ ਵਿਘੇ | | | ਕਈਆਂ ਪਿੰਡਾਂ ਵਲੋਂ |
| ੧੦ | ਗੁਃ ਸਾਃ ਲੰਮੇ | ੪੦ ਘੁਮਾਂ | | | | |
| ੧੧ | ਗੁਃ ਟਾਹਲੀ ਸਾਃ | ੧੫ ਘੁਮਾਂ | | | | |
| | ਜੋੜ | ੬੩ ਘੁਮਾਂ | ੪੫੦੩ ਵਿਘੇ | | | |

Digitized by Panjab Digital Library | www.panjabdigilib.org

# ਜ਼ਿਲਾ ਫੀਰੋਜ਼ਪੁਰ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦੁਆਰੇ ਤੇ ਕੌਤਕ

(ਜ਼ਫਰਨਾਮਾ, ਟੁਟੀ ਗੰਢਣੀ ਆਦਿ)
ਅਗੇ ਪੜ੍ਹੋ ਤੇ ਦਰਸ਼ਨ ਕਰੋ ਜੀ

**ਗੁ: ਸਾ. ਨਾਨਕ ਸਰ**—ਜ਼ਿਲਾ ਫੀਰੋਜ਼ਪੁਰ, ਤਹਿਸੀਲ ਮੋਗਾ, ਥਾਣਾ ਨਿਹਾਲ ਸਿੰਘ ਵਾਲੇ ਦਾ ਇਕ ਪਿੰਡ ਤਖਤੂ ਪੁਰਾ ਹੈ। ਜੋ ਰੇਲਵੇ ਸਟੇਸ਼ਨ ਮੋਗਾ ਤੋਂ ੧੭ ਮੀਲ ਦਖਣ ਵਲ ਹੈ। ਤਖਤੂ ਪੁਰੇ ਤਿੰਨ ਗੁਰ ਅਸਥਾਨ ਹਨ। ਪਰ ਪ੍ਰਸਿਧ ਨਾਨਕ ਸਰ ਕਰਕੇ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਾਂਗੜ ਵਲ ਜਾਂਦੇ ਇਸ ਜਗ੍ਹਾ ਠਹਿਰੇ ਅਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਵਿਤ੍ਰ ਨਾਨਕ ਸਰ ਸਰੋਵਰ ਵਿਚ ਸਮੇਤ ਘੋੜੇ ਦੇ ਇਸ਼ਨਾਨ ਕੀਤਾ। ਗੁਰਦੁਆਰਾ ਬੜਾ ਸੁੰਦਰ ਉਚਾ ਬਣਿਆ ਹੋਇਆ ਹੈ। ਲੰਗਰ ਤੇ ਰਿਹਾਇਸ਼ ਦਾ ਇੰਤਜ਼ਾਮ ਬਹੁਤ ਸੁੰਦਰ ਹੈ। ਮਾਘੀ ਅਤੇ ਵੈਸਾਖੀ ਨੂੰ ਬਹੁਤ ਭਾਰੀ ਜੋੜ ਮੇਲਾ ਹੁੰਦਾ ਹੈ। ੮੦ ਘੁਮਾਉਂ ਜ਼ਮੀਨ ਸਿਖ ਰਾਜ ਸਮੇਂ ਦੀ ਹੈ। ਇਸ ਜਗ੍ਹਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਭੀ ਚਰਨ ਪਾਏ ਹਨ। ਸੇਵਾ ਸ੍ਰੀਮਾਨ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਨੇ ਕਰਾਈ ਹੈ।

**ਪਾਕਾ ਸਾਹਿਬ.**—ਜ਼ਿਲਾ ਫੀਰੋਜ਼ ਪੁਰ, ਤਸੀਲ ਮੋਗਾ, ਥਾਣਾ ਨਿਹਾਲ ਸਿੰਘ ਵਾਲੇ ਦਾ ਇਕ ਪਿੰਡ ਮਧੇਹ (ਅਥਵਾ ਮਧੇਇ) ਹੈ ਜੋ ਰੇਲਵੇ ਸਟੇਸ਼ਨ ਮੋਗਾ ਤੋਂ ੧੬ ਮੀਲ ਹੈ ਪਿੰਡ (ਮਧੇਇ) ਤੋਂ ਦੋ ਫਰਲਾਂਗ ਦੇ ਕਰੀਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ ਸ੍ਰੀ ਸਤਿ ਗੁਰੂ ਜੀ ਤਖਤੂ ਪੁਰੇ ਤੋਂ ਦੀਨੇ ਵੱਲ ਜਾਂਦੇ ਇੱਥੇ ਬਿਰਾਜੇ ਹਨ॥ ਸ੍ਰੀ ਗੁਰੂ ਜੀ ਦੇ ਹਥ ਦਾ ਅੰਗੂਠਾ ਪੱਕਾ ਹੋਇਆ ਸੀ॥ ਉਸ ਦੀ ਪੱਟੀ ਸਤਿਗੁਰਾਂ ਨੇ ਇੱਥੇ ਬਦਲੀ ਕਰਾਈ ਤਾਂ ਪੱਟੀ ਕਰਨ ਵਾਲੇ ਪ੍ਰੇਮੀ ਨੇ ਮੂੰਹ ਨਾਲ ਪਾਕ ਚੂਸ ਕੇ ਸਾਫ ਕਰ ਦਿਤਾ ਤਾਂ ਸ੍ਰੀ ਗੁਰੂ ਜੀ ਨੇ ਅਤਿ ਪ੍ਰਸੰਨ ਹੋਕੇ ਸਿੱਖ ਨੂੰ ਨਿਹਾਲ

Digitized by Panjab Digital Library | www.panjabdigilib.org

ਕੀਤਾ ਅਤੇ ਇਸ ਜਗ੍ਹਾ ਦਾ ਨਾਉਂ ਪਾਕਾ ਸਾਹਿਬ ਪ੍ਰਸਿੱਧ ਹੋਇਆ ॥ ਗੁਰ ਦਰਬਾਰ ਉਚਾ ਤੇ ਸੁੰਦ੍ਰ ਬਣਿਆ ਹੋਇਆ ਹੈ ॥ ਜਿਸ ਦੀ ਸੇਵਾ ਸੰਤ ਰੋਡੂ ਰਾਮ ਉਦਾਸੀ ਨੇ ਸੰਗਤਾਂ ਪਾਸੋਂ ਕਰਾਈ ਹੈ। ੧੬-੧੭ ਘੁਮਾਉਂ ਨਗਰ ਵਾਸੀਆ ਵਲੋਂ ਜ਼ਮੀਨ ਹੈ ॥

**ਗੁ. ਸਾਹਿਬ ਗੁਰੂ ਸਰ ਪਤੋ.—** ਜ਼ਿਲਾ ਫੀਰੋਜ਼ਪੁਰ, ਤਹਿਸੀਲ ਮੋਗਾ, ਥਾਣਾ ਨਿਹਾਲ ਸਿੰਘ ਵਾਲੇ ਦਾ ਇੱਕ ਪਿੰਡ ਜੋ ਰੇਲਵੇ ਸਟੇਸ਼ਨ ਮੋਗਾ ਤੋਂ ੧੬ ਮੀਲ ਦੱਖਣ ਹੈ ॥ ਇਸ ਪਿੰਡ ਤੋਂ ਪੂਰਬ ਵੱਲ ਇੱਕ ਛੱਪੜ ਦੇ ਕੰਢੇ, ਸ੍ਰੀ ਗੁਰੂ ਨਾਨਕ ਸਾਹਿਬ ਜੀ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ ਇਸ ਨੂੰ ਗੁਰੂ ਸਰ ਭੀ ਆਖਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਨੇ ਤੋਂ ਸੈਰ ਸ਼ਿਕਾਰ ਲਈ ਏਧਰ ਆਏ ਹੋਏ ਠਹਿਰੇ। ਗੁਰਦੁਆਰਾ ਨਵਾਂ ਬਣਿਆਂ ਹੈ। ੧੦ ਘੁਮਾਉਂ ਜ਼ਮੀਨ ਗੁਰ ਅਸਥਾਨ ਨਾਲ ਹੈ ॥ ਨਗਰ ਵਾਸੀ ਸੰਗਤਾਂ ਨੂੰ ਪ੍ਰਬੰਧ ਯੋਗ ਕਰਨ ਦੀ ਲੋੜ ਹੈ ॥

**ਗੁ. ਲੋਹਗੜ ਸਾ. (ਦੀਨਾਂ).—** ਅਰਸ਼ਾਂ ਕੁਰਸ਼ਾਂ ਦੇ ਵਾਲੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਸਾਹਿਬ ਦੇ ਯੁਧ ਤੋਂ ਪਿਛੋਂ ਮਾਲਵੇ ਦੀ ਧਰਤੀ ਨੂੰ ਸਜੇ ਖਬੇ ਤਾਰਦੇ ਹੋਇ ਦੀਨੇ ਪੁਜੇ। ਰਾਇ ਜੋਧ ਦੇ ਪੋਤਰੇ ਰਾਇ ਸਮੀਰ, ਰਾਇ ਤਖਤ ਮਲ, ਰਾਇ ਬਖਤ ਮਲ, ਸ੍ਰੀ ਗੁਰੂ ਜੀ ਦੇ ਆਗਮ ਦੀ ਖੁਸ਼ੀ ਵਿਚ ਇਕ ਘੋੜਾ ਪੁਸ਼ਾਕਾ ਤੇ ਬਹੁਤ ਸਾਰੀ ਮਾਇਆ ਸੁਆਗਤ ਵਜੋਂ ਭੇਟਾ ਕੀਤਾ ॥ ਅਤੇ ਪ੍ਰੇਮ ਭਿੰਨੇ ਸ਼ਬਦਾ ਵਿੱਚ ਅਰਦਾਸ ਕੀਤੀ ਜੀ ਹਜ਼ੂਰ ਆਪ ਜੀ ਏਥੇ ਵਸੋ, ਅਰਦਾਸ ਪ੍ਰਵਾਨ ਹੋਈ, ਗ੍ਰੀਬ ਨਿਵਾਜ਼ ਨੇ ਇਕ ਮਿਸਤ੍ਰੀ ਸਿੰਘ ਦੇ ਚੋਬਾਰੇ ਨੂੰ ਪਸੰਦ ਕਰਕੇ ਉਤਾਰਾ ਕੀਤਾ। ਜਿਮੇ ੨ ਇਲਾਕਾ ਨਿਵਾਸੀ ਸੰਗਤਾ ਨੂੰ ਪਤਾ ਲਗੇ ਉਮੇ ੨ ਹੁਮ ਹੁਮਾਕੇ ਮੁਖੀ ਸਮੀਰ ਲਖਮੀਰ ਸਰਦਾਰ ਸਮੇਤ ਸੇਵਾ ਵਿਚ ਹਾਜ਼ਰ ਹੋ ਬੜੇ ਪ੍ਰੇਮ ਨਾਲ ਸੇਵਾ ਕਰਨ ਲਗੀਆਂ ਅਤੇ ਸ੍ਰੀ ਗੁਰੂ ਜੀ ਦੀ ਪਹਿਲਾਂ ਵਰਗੀ ਚਹਿਲ ਪਹਿਲ ਹੋਣ ਲਗੀ ਕਿਉਂਕਿ ਮਾਲਵੇ ਦੇ ਮੁਖੀ ਸਰਦਾਰ, ਜਥੇ ਬੜੇ ੨ ਅਲਾਕਦਾਰ ਸਤਿ ਗੁਰੂ ਜੀ ਦੀ ਸੇਵਾ ਵਿਚ ਸ਼ਸਤ੍ਰ ਬਸਤ੍ਰ ਭੇਟਾ ਲੈ ਕੇ ਹਾਜ਼ਰ ਹੋਣ ਲਗੇ ਤਾਂ ਮਲਵਈ ਸਿੰਘਾਂ ਦੀ ਪ੍ਰੇਮ ਉਤਸਾਹ ਤੇ ਉਮਾਹ ਵੇਖਕੇ ਸ੍ਰੀ ਗੁਰੂ ਜੀ ਨੇ ਨਿਤਾ ਪ੍ਰਤੀ ਦੇ ਪ੍ਰੋਗਰਾਮ ਅਨੁਸਾਰ ਕੀਰਤਨ ਕਥਾ ਅਰੰਭ ਕੀਤਾ ਅਤੇ ਇਲਾਕਾ ਨਿਵਾਸੀ ਗੁਰਮੁਖ ਪਿਆਰੇ ਹਾਜ਼ਰ ਹੋਕੇ ਲਾਭ ਪ੍ਰਾਪਤ ਕਰਨ ਲਗੇ ਅਰ ਅੰਮ੍ਰਿਤ ਪ੍ਰਚਾਰ ਜਥੇਬੰਦੀ ਸ਼ਸਤ੍ਰ ਵਿਦਿਆ ਦੀ ਸਿਖਲਾਈ ਮਲਵਈ ਸ਼ੇਰਾਂ ਨੂੰ ਕਰਾਉਣ ਲਗੇ।

ਇਸ ਪ੍ਰੋਗਰਾਮ ਨੂੰ ਸੁਣ ਕੇ ਬਜੀਦ ਖਾਂ (ਸਰਹੰਦੀ ਸੂਬੇ) ਨੇ ਸਮੀਰ ਨੂੰ ਚਿਠੀ ਘਲੀ ਕਿ (ਸ੍ਰੀ ਗੁਰੂ ਜੀ) ਨੂੰ ਗ੍ਰਿਫਤਾਰ ਕਰਕੇ ਮੇਰੇ ਪਾਸ ਭੇਜੋ ॥

ਜਿਸਦਾ ਉਤਰ ਸਮੀਰ ਨੇ ਇਉਂ ਦਿਤਾ ਕਿ ਮੇਰਾ ਤਨ, ਮਨ, ਧਨ, ਸਭ ਸ੍ਰੀ ਗੁਰੂ ਜੀ ਦਾ ਹੈ। ਇਸ ਕਰਕੇ ਪਹਿਲੇ ਮੈ ਮਰਾਂਗਾ ਫੇਰ ਮੇਰੇ ਗੁਰੂ ਜੀ ਵਲ ਕੋਈ ਝਾਕੇਗਾ। ਇਹ ਉਤ੍ਰ ਸੁਣ ਕੇ ਵਜੀਦ ਖਾਂ ਸੜ ਬਲ ਕੇ ਕੋਇਲੇ ਹੋ ਗਿਆ ਸੂਬੇ ਦੀ ਇਸ ਚਿਠੀ ਨੂੰ ਦੇਖ ਕੇ ਸਮੀਰ ਤੇ ਲਖਮੀਰ ਨੇ ਮਾਲਵਾ ਨਿਵਾਸੀ

Digitized by Panjab Digital Library | www.panjabdigilib.org

ਸੰਗਤਾਂ ਨੂੰ ਸੰਦੇਸ ਭੇਜੇ ਕਿ ਸ੍ਰੀ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਣ ਕਿਉਂਕਿ ਜੱਥੇਬੰਦੀ ਤ੍ਰੇ ਜੰਗ ਦੀ ਸਿਖਲਾਈ ਕਰਨੀ ਹਰ ਇਕ ਦਾ ਫਰਜ਼ ਹੈ ਇਸ ਵਾਸਤੇ ਸੰਦੇਸ਼ ਦੇਖਦੇ ਸਾਰ ਛੇਤੀ ਪਹੁੰਚੋ ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਪੰਥ ਕੀ ਜੀਤ — ਸੱਦੇ ਪੱਤ੍ਰ — ਦੇਗ ਤੇਗ ਫਤਹ

ਘਰੀਂ ਬੈਠਣਾ ਹੁਣ ਤੇ ਸ਼ੋਭਦਾ ਨਹੀਂ ਦਿੱਸੇ ਵਿਚ ਖਤਰੇ ਕੌਮੀ ਆਨ ਸਾਡੀ ॥
ਆਨ ਸ਼ਾਨ ਨਹੀਂ ਹੱਥਾਂ ਤੋਂ ਜਾਣ ਦੇਣੀ, ਭਾਵੇਂ ਚਲੀ ਜਾਵੇ ਜਿੰਦ ਜਾਨ ਸਾਡੀ ॥
ਉੱਠੋ ਸੁੱਤਿਓ ਜਾਗੋ ਮਲਵਈ ਸ਼ੇਰੋ ਹੋਣ ਲਗੀ ਹੈ ਅਜ ਪਛਾਣ ਸਾਡੀ ॥
ਹੁਣ ਤਾਂ ਜ਼ਿੰਦਗੀ ਮੌਤ ਸਵਾਲ ਬਣਿਆ ਜੇ ਰਹੀ ਆਣ ਤਾਂ ਰਹੇਗੀ ਜਾਨ ਸਾਡੀ ॥
ਕਲਗੀ ਵਾਲੇ ਜਦ ਰੱਖਿਆ ਹੱਥ ਸਿਰ ਤੇ ਸਾਨੂੰ ਜੰਮਿਆ ਕਿਹੜਾ ਮਿਟਾਣ ਵਾਲਾ ॥
ਚੋਟ ਲਾ ਨਗਾਰੇ ਤੇ ਆਖਦੇ ਹਾਂ ਆਪ ਮੁਕੂਗਾ ਸਾਨੂੰ ਮੁਕਾਣ ਵਾਲਾ ॥

ਫੇਰ ਕੀ ਸੀ ਸੰਦੇਸ਼ ਦੇ ਪੁਜਣ ਸਾਰ ਮਾਲਵੇ ਦੇ ਸੂਰਿਆਂ ਵਰਗੇ ਬੁਢੇ, ਬਾਲ, ਜੁਆਨ ਬਹੀਰਾਂ ਘੱਤੀ ਦੀਨੇ ਵਲ ਆ ਸ੍ਰੀ ਗੁਰੂ ਜੀ ਤੋਂ ਮਨ ਮੰਗੀਆਂ ਮੁਰਾਦਾਂ ਪੌਂਦੇ ਹੋਏ ਸ਼ਸ਼ਤ੍ਰ ਵਿਦਿਆਂ ਦੀ ਸਿਖਲਾਈ ਕਰਨ ਲਗੇ ਅਤੇ ਇਕ ਦਿਨ ਸ੍ਰੀ ਗੁਰੂ ਜੀ ਨੇ ਬਚਨ ਕੀਤਾ, ਭਾਈ ਸਮੀਰ ਜੋ ਸੰਗਤਾ ਔਂਦੀਆਂ ਹਨ ਏਹ ਜਾਂਦੀਆਂ ਨਹੀਂ। ਤਾਂ ਸਮੀਰ ਨੇ ਹਥ ਜੋੜ ਅਰਜ਼ ਕੀਤੀ, ਜੀ ਸਚੇ ਪਾਤਸ਼ਾਹੋ ਦੁਸ਼ਮਨ ਤੇ ਮੌਤ ਦਾ ਵਸਾਹ ਨਹੀਂ ਕਦ ਆ ਜਾਵੇ। ਇਹ ਸਾਰੇ ਸਿੰਘ ਆਪ ਜੀ ਦੀ ਹਿਫਾਜ਼ਤ ਲਈ ਹਾਜ਼ਰ ਹਨ। ਤਾਂ ਸ੍ਰੀ ਗੁਰੂ ਜੀ ਨੇ ਫੁਰਮਾਇਆ ਜੋ ਏਥੇ ਚੜ੍ਹ ਕੇ ਆਵੇਗਾ ਉਹ ਹਾਰ ਕੇ ਜਾਵੇਗਾ।

ਸਮੀਰ ਦੀ ਇਸ ਸੇਵਾ ਤੇ ਪ੍ਰਸੰਨ ਹੋ ਕੇ ਸ੍ਰੀ ਗੁਰੂ ਜੀ ਨੇ ਹੁਕਮ ਕੀਤਾ ਕਿ ਸਮੀਰ ਤੂੰ ਜਿਥੋਂ ਤਕ ਘੋੜਾ ਫੇਰ ਲਵੇਂਗਾ ਉਥੋਂ ਤਕ ਤੇਰਾ ਰਾਜ ਹੋਵੇਗਾ। ਜਦ ਸਮੀਰ ਘੋੜਾ ਫੇਰਨ ਲਗਾ ਤਾਂ ਇਸ ਦਾ ਮਾਮਾ ਜੈਤੋ ਦਾ ਰਹਿਣ ਵਾਲਾ ਪੰਜ ਪੀਰੀਆ ਸੀ ਇਸ ਨੇ ਕਿਹਾ ਜੇਹੜਾ ਗੁਰੂ ਆਪ ਬਿਪਤਾ ਵਿਚ ਫਿਰਦਾ ਹੈ ਤੁਹਾਨੂੰ ਰਾਜ ਕਿਥੋਂ ਦੇਵੇਗਾ। ਕਰਮਾਂ ਮਾਰੇ ਮਾਮੇ ਦਾ ਇਹ ਬਚਨ ਸੁਣ ਕੇ ਸਮੀਰ ਨੇ ਘੋੜਾ ਨੇੜੇ ਨੇੜੇ ਹੀ ਫੇਰਿਆ। ਸ੍ਰੀ ਗੁਰੂ ਜੀ ਦੇ ਹੁਕਮ ਅਨੁਸਾਰ ਉਨਾਂ ਹੀ ਰਾਜ ਹੋਇਆ। 'ਬਿਨੁ ਕਰਮਾਂ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੇ।''

**ਮਾਲਵੇ ਦੀ ਧਰਤੀ ਨੂੰ ਭਾਗ**-ਸ੍ਰੀ ਗੁਰੂ ਜੀ ਨੇ ਸਮੀਰ ਤੇ ਅਤ ਪ੍ਰਸੰਨ ਹੋਕੇ ਪ੍ਰਸ਼ਾਦਾ ਛਕ ਕੇ ਕਿਹਾ ਸਮੀਰ ਸੀਤ ਪ੍ਰਸਾਦ ਘਰ ਲਜਾ ਕੇ ਪ੍ਰਵਾਰ ਸਮੇਤ ਛਕੋ ਤਾਂ ਅਗੋਂ ਇਸ ਦੇ ਮਾਮੇ ਨੇ ਫੇਰ ਤਰਕ ਕੀਤੀ ਜਿਸ ਕਰਕੇ ਸਮੀਰ ਸੀਤ ਪ੍ਰਸਾਦ ਧਰਤੀ ਵਿਚ ਦੱਬਣ ਲਗਿਆ ਤਾਂ ਚੋਰੀ ਕੁਝ ਬੀਬੀਆਂ ਨੇ ਛਕ ਲਿਆ। ਜਦ ਸ੍ਰੀ ਗੁਰੂ ਜੀ ਨੂੰ ਪਤਾ ਲੱਗਾ ਤਾਂ ਬੀਬੀਆਂ ਨੂੰ ਵਰ ਦਿਤਾ ਤੁਸੀਂ ਸਰਮਾਏਦਾਰ ਘਰੀਂ ਜਾਓਗੀਆਂ ਅਤੇ ਸਮੀਰ ਨੂੰ ਸੌ ਸਰਾਪ ਦਿਤਾ ਕਿ ਤੇਰੀ ਜਗ੍ਹਾ ਮਾਲਵੇ ਦੀ ਧਰਤੀ ਨੂੰ ਭਾਗ ਲਗਣਗੇ।

Digitized by Panjab Digital Library | www.panjabdigilib.org

**ਸਮੀਰ ਨੇ ਸਰਾਪ ਬਖਸ਼ੌਣੇ**-ਸਰਾਪ ਸੁਣ ਕੇ ਸਮੀਰਾ ਬਹੁਤ ਪਛਤਾਇਆ ਹੁਣ ਨਿਸਕਾਮ ਤੇ ਨਿਰਮਾਨ ਹੋ ਕੇ ਸ੍ਰੀ ਗੁਰੂ ਜੀ ਦੀ ਸੇਵਾ ਕਰਦਾ ਰਿਹਾ। ਜਿਸ ਦੀ ਸੇਵਾ ਤੇ ਪ੍ਰਸੰਨ ਹੋ ਕੇ ਬਖਸ਼ਿੰਦ ਗੁਰੂ ਜੀ ਨੇ ਸਮੀਰ ਨੂੰ ਸਰਾਪ ਸੁਪਨੇ ਵਿਚ ਭੁਗਤਾਏ। ਫੇਰ ਸੌ ਵਰ ਦਿਤਾ।

**ਪਰਮ ਸਿੰਘ ਧਰਮ ਸਿੰਘ ਦੀ ਸੇਵਾ**—ਭਾਈ ਰੂਪ ਚੰਦ ਦੇ ਪੁਤਰ ਭਾਈ ਰੂਪੇ ਤੋਂ ਪਰਮ ਸਿਘ ਧਰਮ ਸਿੰਘ ਗੁਰੂ ਜੀ ਦੇ ਵਾਸਤੇ ਇਕ ਘੋੜਾ ਇਕ ਪੁਸ਼ਾਕ ਭੇਟਾ ਕਰਕੇ ਸ੍ਰੀ ਗੁਰੂ ਜੀ ਤੋਂ ਖੁਸ਼ੀਆਂ ਹਾਸਲ ਕੀਤੀਆਂ। ਏਹ ਦੋਨੋਂ ਆਪਣੇ ਪਿੰਡ ਜੋ ਤਿੰਨ ਕੋਹ ਤੇ ਹੈ ਰੋਜ਼ਾਨਾ ਸੁਭਾ ਸ਼ਾਮ ਦੀਵਾਨ ਵਿਚ ਹਾਜ਼ਰ ਹੁੰਦੇ। ਇਕ ਦਿਨ ਏਹਨਾਂ ਨੇ ਸ੍ਰੀ ਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ, ਜੀ ਹਜ਼ੂਰ ਸੰਗਤ ਨੂੰ ਸ਼ਹੀਦਾਂ ਦੇ ਦਰਸ਼ਨ ਕਰਾਓ। ਏਨਾਂ ਗੁਰਮੁਖਾਂ ਦੀ ਬੇਨਤੀ ਤੇ ਸਾਰੀ ਸੰਗਤ ਨੂੰ ਸ਼ਹੀਦਾਂ ਦੇ ਪ੍ਰਤੱਖ ਗੁਰੂ ਜੀ ਨੇ ਦਰਸ਼ਨ ਕਰਾਕੇ ਨਿਹਾਲ ਕੀਤਾ। ਬਸ ਹੁਣ ਕੀ ਸੀ ਜੋ ਆਪ ਜੀ ਦੀ ਚਰਨ ਸ਼ਰਨ ਆਵੇ ਉਹ ਫੁਲਾਦੀ ਦੁਆਲ ਬਣਦਾ ਜਾਵੇ ਭਾਵ ਸ਼ਸ਼ਤਰ ਵਿਦਿਆ ਹਾਸਲ ਕਰਦੇ। ਵਟਕਾਂ ਵਾਂਗ ਕੁਦਦੇ ਸਿੰਘ ਸ਼ਹੀਦੀ ਵਾਟੇ ਵਾਸਤੇ ਉਤਾਵਲੇ ਹੁੰਦੇ ਹਨ।

ਏਥੇ ਹੀ ਥੋੜੀ ਦੂਰ ਕਾਂਗੜ ਪਿੰਡ ਦੇ ਲਾਗੇ ਸ੍ਰੀ ਹਜ਼ੂਰ ਨੇ ਔਰੰਗਜ਼ੇਬ ਨੂੰ ਜ਼ਫਰ ਨਾਮਾ (ਫਤਹ ਨਾਮਾ) ਲਿਖਕੇ ਘਲਿਆ, ਉਸ ਜਗ੍ਹਾ ਗੁਰਦੁਆਰਾ ਜ਼ਫਰਨਾਮਾ ਸਾਹਿਬ ਦੀ ਬਹੁਤ ਹੀ ਸੁੰਦਰ ਇਮਾਰਤ ਸੰਤ ਮਨੀ ਸਿੰਘ ਜੀ ਨੇ ਤਿਆਰ ਕਰਾਈ ਹੈ। ਜਿਸ ਜਗ੍ਹਾ ਸ੍ਰੀ ਖੜਗ ਧਾਰੀ ਸੰਗਤਾਂ ਨੂੰ ਨਿਤਾ ਪ੍ਰਤੀ ਕੀਰਤਨ ਕਥਾ ਅਤੇ ਸ਼ਸ਼ਤਰ ਵਿਦਿਆ ਵਿਚ ਨਿਹਾਲ ਤੇ ਮਾਹਰ ਕਰਿਆ ਕਰਦੇ ਸਨ ਉਥੇ ਗੁਰਦੁਆਰਾ ਲੋਹਗੜ੍ਹ ਨਾਮ ਦੀ ਸੇਵਾ ਮਹਾਰਾਜਾ ਫਰੀਦਕੋਟ ਵਲੋਂ ਹੋਈ। ਜਿਸਦਾ ਪ੍ਰਬੰਧ ਕਮੇਟੀ ਦੇ ਹਥ ਹੈ। ੨੦੦ ਘੁਮਾਂ ਜ਼ਮੀਨ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਅਤੇ ਰਿਆਸਤ ਨਾਭਾ ਵਲੋਂ ਦੋ ਸੌ ਵਾਰਸ਼ਕ ਹੈ। ਇਹ ਗੁਰ ਅਸਥਾਨ ਜ਼ਿਲਾ ਫੀਰੋਜ਼ਪੁਰ ਤਹਿਸੀਲ ਮੋਗਾ, ਥਾਣਾ ਨਿਹਾਲ ਸਿੰਘ ਵਾਲਾ ਵਿਚ ਹੈ। ਰੇਲਵੇ ਸਟੇਸ਼ਨ ਰਾਮਪੁਰਾ ਫੂਲ ਤੋਂ ੧੮ ਮੀਲ ਉੱਤਰ, ਜੈਤੋਂ ਤੋਂ ੧੮ ਮੀਲ ਪੂਰਵ ਅਤੇ ਮੋਗਾ ਤੋਂ ੧੭ ਮੀਲ ਦਖਣ ਹੈ।

ਇਥੋਂ ਸ੍ਰੀ ਗੁਰੂ ਜੀ ਮਾਲਵੇ ਦੇ ਅਨੇਕ ਪਿੰਡਾਂ ਨੂੰ ਨਿਹਾਲ ਕਰਨ ਹਿਤ ਹੇਠ ਲਿਖੇ ਅਨੁਸਾਰ ਚਲਦੇ ਹਨ। ਭਗਤਾ, ਰੁਖਾਲਾ, ਬਰਗਾੜੀ ਆਦਿ।

**ਗੁ. ਬੰਬੀਹਾ ਭਾਈ.**ਇਸ ਨਗਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੌਂ ਦਿਨ ਬਿਰਾਜੇ ਅਤੇ ਬਹੁਤ ਸਾਰੇ ਸਿੰਘਾਂ ਨੂੰ ਉਪਦੇਸ਼ ਦੇਕੇ ਨਿਹਾਲ ਕੀਤਾ। ਏਥੇ ਗੁਰੂ ਹਰਸਹਾਏ ਦੇ ਸੋਢੀ (ਪ੍ਰਿਥੀਏ ਦੀ ਸੰਤਾਨ) ਗੁਰੂ ਜੀ ਨੂੰ ਮਿਲੇ ਅਤੇ ਦਰਸ਼ਨ ਕੀਤਾ ਕਿ ਮਹਾਰਾਜ ਕਲਯੁਗ ਦੇ ਪ੍ਰਭਾਵ ਤੋਂ ਬਚਣ ਦਾ ਉਪਾ ਦਸੋ, ਗੁਰੂ ਜੀ ਨੇ ਨਾਮ ਸਿਮਰਨ ਤੇ ਨਿਸ਼ਕਾਮ ਕਰਮ ਧਰਮ ਦਾ ਉਪਾ ਦਸਿਆ ਤੇ ਗੁਰਬਾਣੀ ਦੇ ਆਸ਼ੇ ਅਨੁਸਾਰ ਉਪਦੇਸ਼ ਦੇਕੇ ਗੁਰਮਤਿ ਦੀ ਰੌਸ਼ਨੀ ਵਿੱਚ ਜੀਵਨ ਬਤੀਤ ਕਰਨ ਦਾ ਮਾਰਗ ਦ੍ਰਸਾਇਆ।

Digitized by Panjab Digital Library | www.panjabdigilib.org

**ਗੁ: ਅਜੀਤ ਗੜ (ਵਾਂਦਰ):–** ਪਿੰਡ ਤੋਂ ਉੱਤਰ ਵੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਗੁਰਦੁਆਰਾ ਹੈ। ਸਤਿਗੁਰੂ ਜੀ ਭਗਤੇ ਤੋਂ ਇੱਥੇ ਆਏ ਸਨ ਗੁਰਦੁਆਰਾ ਬਣਿਆ ਹੋਇਆ ਹੈ, ਨਾਲ ੧੪ ਘੁਮਾਂ ਜ਼ਮੀਨ ਪਿੰਡ ਵਲੋਂ ਹੈ ॥

ਪਹਿਲਾਂ ਸੰਤ ਸੰਪੂਰਨ ਸਿੰਘ ਜੀ ਨੇ ਆਬਾਦ ਕੀਤਾ ਸੀ। ਵੈਸਾਖੀ ਅਤੇ ਲੋਹੜੀ ਨੂੰ ਮੇਲਾ ਲਗਦਾ ਹੈ। ਹੁਣ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮਾਤਹਿਤ ਹੈ ॥ ਇਹ ਪਿੰਡ ਜ਼ਿਲਾ ਫੀਰੋਜ਼ ਪੁਰ ਤਹਿਸੀਲ ਮੋਗਾ ਥਾਣਾ ਬਾਘੇ ਵਾਲਾ ਵਿੱਚ ਹੈ, ਰੇਲਵੇ ਸਟੇਸ਼ਨ ਜੈਤੋ ਤੋਂ ਚੜ੍ਹਦੇ ਵਲ ੯ ਮੀਲ ਦੇ ਕਰੀਬ ਹੈ ॥

**ਗੁ: ਸਾ: ਚੰਦ ਛੋਟੇ:–** ਥਾਣਾ ਘਲ ਖੁਰਦ ਫੀਰੋਜ਼ ਪੁਰ ਇਥੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਵਜੀਦ ਪੁਰ ਤੋਂ ਮੁੜਦੇ ਹੋਇ ਠਹਿਰੇ ਹਨ। ਪਰ ਜਿਥੇ ਆਪ ਜੀ ਬ੍ਰਾਜੇ ਸਨ ਉਸ ਥਾਂ ਪਰ ਕਚੀ ਚਾਰ ਦਵਾਰੀ ਛਪੜ ਦੇ ਕੰਢੇ ਕੇਵਲ ਨਿਸ਼ਾਨ ਸਾਹਿਬ ਹੀ ਝੂਲ ਰਹੇ ਹਨ, ਗੁਰ ਅਸਥਾਨ ਅਜੇ ਨਹੀਂ ਬਣਿਆ।

**ਗੁ. ਸਾ. ਛੋਟੇ ਘਲ.–** ਜ਼ਿਲਾ ਫੀਰੋਜ਼ ਪੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਜੀਦ ਪੁਰ ਨੂੰ ਜਾਂਦੇ ਹੋਇ, ਇਥੇ ਝਿੜੀ ਵਿਚ ਠਹਿਰੇ ਹਨ। ਇਥੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ ॥

**ਗੁ. ਬਾਜੀਦ ਪੁਰ.–** ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਤਿੱਤਰਹੀ ਦੀ ਮੁਕਤੀ ਕੀਤੀ। ਆਪ ਬੜੀ ਦੂਰ ਤੋਂ ਏਸ ਤਿਤਰ ਦੇ ਮਗਰ ਲਗੇ ਸਨ ਅਤੇ ਉਸ ਨੂੰ ਫੜਕੇ ਸ਼ਿਕਾਰ ਕੀਤਾ। ਨਾਲ ਦੇ ਸਾਥੀਆਂ ਦੇ ਪੁਛਣ ਪਰ ਗੁਰੂ ਜੀ ਨੇ ਦਸਿਆ ਕਿ ਏਸ ਤਿੱਤਰ ਨੇ ਪਿਛਲੇ ਜਨਮ ਵਿਚ ਗੁਰੂ ਦੀ ਜ਼ਾਮਨੀ ਦਿੱਤੀ ਸੀ। ਇਸ ਕਰਕੇ ਇਸ ਜਨਮ ਵਿੱਚ ਉਸ ਨੂੰ ਅਸੀਂ ਆਪ ਭਗਤਾਇਆ ਹੈ। ਇਸ ਬਾਜੀਦ ਪੁਰ ਗੁਰਦੁਆਰੇ ਦਾ ਨਾਉਂ "ਤਿਤਰ ਸਰ" ਤੇ "ਜ਼ਾਮਨੀ ਸਰ" ਕਰਕੇ ਭੀ ਪ੍ਰਸਿੱਧ ਹੈ। ਇਸ ਗੁਰ ਅਸਥਾਨ ਦੀ ਸੇਵਾ ਸਭ ਤੋਂ ਪਹਿਲਾਂ ਸ: ਬਿਸ਼ਨ ਸਿੰਘ ਜੀ ਆਹਲੂਵਾਲੀਆ ਨੇ ਜੋ ਮਹਾਰਾਜਾ ਰਣਜੀਤ ਸਿੰਘ ਦਾ ਅਹਿਲਕਾਰ ਸੀ ਕਰਵਾਈ। ਰਾਜਾ ਪਹਾੜਾ ਸਿੰਘ ਫਰੀਦ ਕੋਟ ਨੇ ੫੧ ਰੁਪਏ ਸਾਲਾਨਾ ਦੀ ਰਸਦ ਲਗਾਈ। ਰਾਜਾ ਬਲਬੀਰ ਸਿੰਘ ਫਰੀਦ ਕੋਟ ਦੀ ਰਾਣੀ ਨੇ ਭੀ ਸੇਵਾ ਕਰਵਾਈ। ਉਪ੍ਰੰਤ ਮਹਾਰਾਜਾ ਬ੍ਰਿਜਿੰਦ੍ਰ ਸਿੰਘ ਦੀ ਮਾਈ ਨਰੇਂਦ੍ਰ ਕੌਰ ਨੇ ਸੰਮਤ ੧੯੭੯-੮੦ ਵਿੱਚ ੧੩ ਹਜ਼ਾਰ ਰੁਪਿਆ ਖਰਚ ਕੇ ਸੁੰਦਰ ਗੁਰਦੁਆਰਾ ਬਣਵਾਇਆ ਅਤੇ ਲੰਗਰ ਲਈ ਬਰਤਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਿੰਗਾਰ ਦਾ ਸਾਮਾਨ ਅਰਦਾਸ ਕਰਾਇਆ। ਮਹਾਰਾਜਾ ਹਰਿੰਦ੍ਰ ਸਿੰਘ ਜੀ ਦੀ ਮਾਤਾ ਨੇ ਪੱਕਾ ਸਰੋਵਰ ਬਣਾਇਆ। ਰਿਆਸਤ ਵਲੋਂ ਗੁਰਦੁਆਰੇ ਦੇ ਨਾਮ ਰਸਤਾਂ ਭੀ ਲਗੀਆਂ ਹੋਈਆਂ ਹਨ।

**ਗੁਰਦੁਆਰਾ ਸਾਹਿਬ ਮੱਲਣ.–** ਇਹ ਨਗਰ ਥਾਣਾ ਕੋਟ ਭਾਈ ਜ਼ਿਲਾ

Digitized by Panjab Digital Library | www.panjabdigilib.org

ਫੀਰੋਜ਼ ਪੁਰ ਵਿਚ ਹੈ ਜੋ ਜੈਤੋ ਰੇਲਵੇ ਸਟੇਸ਼ਨ ਤੋਂ ੬ ਕੋਹ ਦਖਣ ਵੱਲ ਹੈ।ਪਿੰਡ ਦੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਇਥੇ ਗੁਰੂ ਜੀ ਮੁਕਤਸਰ ਨੂੰ ਜਾਂਦੇ ਹੋਇ ਬਿਰਾਜੇ ਸਨ। ਮਲਣ ਵਿਚ ਬਾਬਾ ਕੌਲ ਜੀ ਦੀ ਬੰਸ ਦੇ ਸੋਢੀ ਜਾਗੀਰਦਾਰ ਹਨ ਜਿਨ੍ਹਾਂ ਨੂੰ ਸਿੱਖ ਰਾਜ ਸਮੇਂ ਦੀ ਜਾਗੀਰ ਪਿੰਡ ਲੋਹਾਰਾ ਤੇ ਸਮਾਧ ਹਨ। ਪਟਿਆਲੇ ਵਲੋਂ ਭੀ ਦੋ ਪਿੰਡ ਜਾਗੀਰ ਹਨ।

**ਗੁ: ਮੁਕਤਸਰ ਸਾਹਿਬ**—ਜ਼ਿਲਾ ਫੀਰੋਜ਼ਪੁਰ ਵਿਚ ਉਹ ਪ੍ਰਸਿਧ ਤੇ ਪਵਿੱਤਰ ਅਸਥਾਨ ਹੈ ਜਿਸਦਾ ਸਿੱਖ ਇਤਹਾਸ ਨਾਲ ਗੂੜ੍ਹਾ ਸੰਬੰਧ ਹੈ ਲਿਖਿਆ ਹੈ ਕਿ ਜਦ ਸੰਮਤ ੧੭੬੨ ਵਿਚ ਔਰੰਗਜ਼ੇਬ ਦੀਆਂ ਸ਼ਾਹੀ ਫੌਜਾਂ ਲਖਾਂ ਦੀ ਗਿਣਤੀ ਵਿਚ ਸੂਬਾ ਵਜ਼ੀਰ ਖਾਂ ਸਰਹਿੰਦ ਦੀ ਕਮਾਂਡ ਹੇਠ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿਛਾ ਕਰਦੀਆਂ ਹੋਈਆਂ ਏਥੇ ਪੁਜੀਆਂ ਤਾਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਖਦਰਾਣੇ ਦੀ ਢਾਬ (ਜਿਸ ਵਿੱਚ ਸਾਰਾ ਸਾਲ ਪਾਣੀ ਰਹਿੰਦਾ ਸੀ) ਤੇ ਜਾ ਕੇ ਯੁਧ ਦਾ ਮੋਰਚਾ ਲਾਇਆ, ਗੁਰੂ ਜੀ ਨੇ ਉਸ ਢਾਬ ਨੂੰ ਕਬਜ਼ੇ ਵਿਚ ਰਖਕੇ ਵੈਰੀ ਦਾ ਚੰਗੀ ਤਰ੍ਹਾਂ ਟਾਕਰਾ ਕੀਤਾ

ਏਥੇ ਆਕੇ ਹੀ ਮਾਈ ਭਾਗੋ ਅਰ ਉਸਦੇ ਸਾਥੀ ਚਾਲੀ ਸਿੰਘ ਵੈਰੀ ਨਾਲ ਟਾਕਰਾ ਕਰਦੇ ਹੋਇ ਸ਼ਹੀਦ ਹੋਏ।*

---

*ਖਿਤਰਾਣੇ ਪਰ ਸਿੰਘ ਨੇ ਜਦ ਪਾਯਾ ਹੈ ਘਮਸਾਨ
ਮਹਾਂ ਸਿੰਘ ਅਰ ਭਾਗ ਕੌਰ ਸੰਗ ਸਿੰਘ ਪਹੁੰਚੇ ਆਨ
ਕਰੀ ਮਾਰ ਸਤ੍ਰਨ ਪਰ ਐਸੀ, ਦੀਨੇ ਪੈਰ ਹਿਲਾਯ
ਘਾਯਲ ਥਕੇ ਤ੍ਰਿਖਾਤੁਰ ਵੈਰੀ ਭਾਗੇ ਪੀਠ ਵਿਖਾਯ

( ਤੀਰ ਕਮਾਣਾ ਵਾਲੇ ਗੁਰੂ ਜੀ ਨੇ )

ਹੁੰਦੀ ਜਾਂ ਲੜਾਈ ਸਿੰਘਾਂ ਨਾਲ ਵੇਖੀ ਢਾਬ ਉਤੇ
ਟਿੱਬੀ ਉਤੇ ਬੈਠ ਤੀਰ ਗੁਰਾਂ ਨੇ ਚਲਾਏ ਸਨ।
ਫੌਜਾਂ ਦੇ ਨਵਾਬ ਮਾਰ ਗੁਰਾਂ ਨੇ ਸ਼ਤਾਬ ਏਥੇ
ਕਰਕੇ ਬੇਤਾਬ ਉਤੇ ਧਰਤ ਲਟਾਏ ਸਨ
ਡਿਗੇ ਜਰਨੈਲ ਘੇਲ ਪਏ ਵੇਖੇ ਤੁਰਕਾਂ ਨੇ
ਮੰਨ ਕੇ ਤੇ ਹਾਰ ਮੁਖ ਪਿਛਾਂ ਨੂੰ ਭਵਾਏ ਸਨ
ਆਇ ਪਿਤਾ ਚੱਲ ਗਲ ਲਾਂਵਦੇ ਬਹਾਦਰਾਂ ਨੂੰ
ਮੁਖ ਪੂੰਝ ਪੁਤ੍ਰ ਏਹ ਹਜ਼ਾਰੀ ਫੁਰਮਾਏ ਸਨ

ਸਿੰਘਾਂ ਦਾ ਅਚਾਨਕ ਪਹੁੰਚਣਾ ਅਤੇ ਪਾਣੀ ਦਾ ਨਾ ਮਿਲਣਾ ਵੈਰੀਆਂ ਦੇ ਭੱਜਣ ਵਿੱਚ ਸਹਾਇਕ ਹੋਏ।

ਏਥੇ ਸੈਂਕੜੇ ਸਿੰਘ ਹੋਰ ਸ਼ਹੀਦ ਹੋਏ ਪਰ ਖਾਸ ਕਰਕੇ ਵੇਰਵਾ ਬੇਦਾਵੇ ਵਾਲੇ ੪੦ ਸਿੰਘਾਂ ਨੂੰ ਪੰਜ ਹਜ਼ਾਰੀ ਮੇਰਾ ਦਸ ਹਜ਼ਾਰੀ ਖਤਾਬ ਤੇ ਬੇਦਾਵਾ ਪਾੜ ਕਰਕੇ ਪ੍ਰਚਲਤ ਇਹੋ ਹਨ।

(ਬਾਕੀ ਅਗਲੇ ਸਫੇ ਤੇ)

Digitized by Panjab Digital Library | www.panjabdigilib.org

ਏਥੇ ਹੀ ਸ: ਮਹਾਂ ਸਿੰਘ ਜੀ ਨੇ ਬੇਦਾਵੇ ਦਾ ਪਤਰ ਪੜਵਾਕੇ ਸ੍ਰੀ ਦਸਮੇਸ਼ ਜੀ ਤੋਂ ਟੁਟੀ ਸਿਖੀ ਗੰਢਾਈ ਹੈ। ਜਦੋਂ ਸ਼ਾਹੀ ਸੈਨਾ ਹਾਰ ਖਾ ਕੇ ਪਿਛਾਂਹ ਮੁੜ ਗਈਆਂ ਜੁਧ ਵਿਚ ਸ਼ਹੀਦ ਹੋਏ

ਸ੍ਰੀ ਗੁਰੂ ਜੀ ਢਾਬ ਤੇ ਪੁਜੇ ਤਾਂ ਹਰ ਇਕ ਸ਼ਹੀਦ ਸਿੱਖ ਦੇ ਸੀਸ ਨੂੰ ਗੋਦ ਵਿਚ ਲੈਕੇ ਪਿਆਰ ਭਰੇ ਲਹਿਜੇ ਨਾਲ ਮੂੰਹ ਪੂੰਜਦੇ ਤੇ ਖਤਾਬ ਦਿੰਦੇ ਹਨ ਜਦ ਭਾਈ ਮਹਾਂ ਸਿੰਘ ਜੀ ਦੀ ਵਾਰੀ ਆਈ ਤਾਂ ਸ੍ਰੀ ਗੁਰੂ ਜੀ ਨੇ ਸੀਸ ਗੋਦ ਲਿਆ ਤਾਂ ਪਿਆਰ ਨਾਲ ਚੇਹਰਾ ਪੂੰਜਦੇ, ਸਨ ਤਾਂ ਭਾਈ ਮਹਾਂ ਸਿੰਘ ਨੇ ਚਿਤ ਵਿੱਚ ਤਕਿਆ ਕਿ ਏਥੇ ਗੁਰੂ ਜੀ ਤੋਂ ਬਿਨਾ ਕੋਣ ਜਾਂ ਅੱਖਾਂ ਖੋਲ ਤਕਿਆ ਤਾਂ ਸਚ ਹੀ ਨਿਰਵੈਰ ਗੁਰੂ ਜੀ ਸਨ ਤਾਂ ਮਹਾਂ ਸਿੰਘ ਦਰਸ਼ਨ ਪਾ ਕੇ ਅਨੰਦ ਭਰਪੂਰ ਹੋਇਆ ਤਾਂ ਸ੍ਰੀ ਗੁਰੂ ਜੀ ਨੇ ਫੁਰਮਾਇਆ ਜੇ ਕੋਈ ਇਛਾ ਹੈ ਤਾਂ ਦਸ ਉਹ ਪੂਰੀ ਹੋ ਜਾਇਗੀ ਤਾਂ ਭਾਈ ਮਹਾਂ ਸਿੰਘ ਜੀ ਨੇ ਬੇਨਤੀ ਕੀਤੀ।

ਮਹਾਂ ਸਿੰਘ ਤਬ ਕਹੀ ਕ੍ਰਿਪਾ ਨਿਧਿ
ਬਾਤ ਨ ਕੋਈ ਬਾਕੀ ਹੈ
ਅੰਤ ਸਮੇਂ ਪ੍ਰਭ ਦਰਸ਼ਨ ਪਾਯੋ
ਯਮ ਤੇ ਭਈ ਬਿਬਾਕੀ ਹੈ
ਬੇਦਾਏ ਫਰੋ ਪ੍ਰਭ ਕਾਗਜ਼ ਫਾਰੋ ਕਰੋ ਨਿਹਾਲਾ ਹੈ ॥
ਭਲੇ ਬੁਰੇ ਸਭ ਨਾਥ ਤਿਹਾਰੇ ਟੂਟੀ ਮੇਲੋ ਮਾਲਾ ਹੈ।

(ਗੁਰਪਦ ਪ੍ਰੇਮ ਪ੍ਰਕਾਸ਼)

**ਸਰਸਰੀ ਵਿਚਾਰ**—ਸ੍ਰੀ ਗੁਰੂ ਜੀ ਦੀ ਦ੍ਰਿਸ਼ਟੀ ਹੋਣ ਤੇ ਚਿੜੀ ਬਾਜ਼ ਨਾਲ ਕੀੜੀ ਹਾਥੀ ਨਾਲ, ਅਨਜਾਣ ਤੇ ਬੇ ਹਥਿਆਰਾ ਸਾਧ ਕਿਰਪਾਲ ਦਾਸ ਹਜ਼ਾਰਾਂ ਸਨੰਧ ਬਧ ਫੌਜੀ ਸਪਾਹ ਨਾਲ ਲੜ ਸਕਦੇ ਹਨ ਤਾਂ ਇਹ ਕੀ ਕਾਰਣ ਜਿਨ੍ਹਾਂ ਨੇ ਉਮਰ ਦਾ ਬਹੁਤਾ ਹਿਸਾ ਸ੍ਰੀ ਹਜ਼ੂਰ ਦੀ ਸ਼ਰਨ ਵਿਚ ਕਟਿਆ ਅਤੇ ਖੰਡੇ ਦੇ ਅੰਮ੍ਰਿਤ ਧਾਰੀ ਹੋਣ । ਰੋਮ ਰੋਮ ਵਿੱਚ ਵੀਰ ਰਸ ਭਰਿਆ ਹੋਵੇ। ਅੰਤਰ ਨਾਮ ਅਭਿਆਸ ਦਾ ਖੰਡਾ ਖੜਕਦਾ ਹੋਵੇ। ਗੁਰਵਾਕ ਭੁਖ ਤਿਖ ਤਿਸ ਨ ਪਿਆਸੀ ਜਿਸ ਅੰਤਰ ਨਾਮ ਪਰਕਾਸ (ਮਾਰੂ ਵਾਰ ਮ: ੫) ਰਣੁ ਦੇਖਿ ਸੂਰੇ ਚਿਤ ਉਲਾਸ (ਬਸੰਤ ਮ: ੫) ਆਦਿ ਗੁਣ ਹੁੰਦਿਆਂ ਮਝੈਲ ਕਿਉਂ ਬੇਦਾਵਾ ਲਿਖ ਗਏ। ਯਾਦ ਰਖੋ । ਭਾਈ ਗੁਰਦਾਸ ਜੀ ਦੀ ਪਾਉੜੀ ਜੇ ਗੁਰ ਭਰ-ਮਾਵੇ ਸਾਂਗ ਕਰ ਕਿਆ ਸਿਖ ਵਿਚਾਰਾ ਜੇ ਗੁਰੂ ਜੀ ਇਸ ਪਰਕਾਰ ਨਾ ਭਰਮਾਉਂਦੇ ਤਾਂ । ਸ੍ਰੀਮਤੀ ਮਾਤਾ ਭਾਗ ਕੌਰ ਝੰਬਾਲ ਨੂੰ ਜਥੇਦਾਰ ਮੰਨ ਕੇ ਖਤਰਾਣੇ ਦੀ ਢਾਬ ਤੇ ਜੰਗ ਕਰਕੇ ਇਸਤ੍ਰੀ ਜਾਤੀ ਨੂੰ ਉਚਤਾ ਕਉਣ ਦੁਆਂਦਾ। ਜੇ ਮਾਤਾ ਜੀ ਤੇ ਮਝੈਲ ਇਥੇ ਸ਼ਹੀਦ ਨ ਹੁੰਦੇ ਤੇ ਬੇਦਾਵਾ ਨਾ ਪੜਵਾਉਂਦੇ ਤਾਂ ਮਾਝੇ ਦੀ ਮਾਲਵੇ ਵਿਚ ਆਵਾ ਜਾਵੀ ਆਏ ਸਾਲ ਨਾ ਹੁੰਦੀ ਜਿਸ ਤੋਂ ਪਰਸਪਰ ਪਿਆਰ ਪੈਦਾ ਹੋਇਆ ਹੈ। ਹੇ ਸ੍ਰੀ ਕਲਗੀਧਰ ਪਾਤਿਸ਼ਾਹਿ ਤੇਰੇ ਕੌਤਕਾਂ ਨੂੰ ਤੂੰ ਹੀ ਜਾਣੇ । ਜੇ ਤੇਰੀ ਖੇਡ ਨਾ ਰਚੀ ਹੁੰਦੀ ਤਾਂ ਅੰਤ ਕਾਲ, ਕੋਲ ਜਾਕੇ ਸਾਰ ਨਹੀਂ ਸੀ ਲੈਂਦੇ! ਗੁਰਵਾਕ ॥ ਅੰਤ ਖਲੋਆ ਆਇ ਜਿ ਸਤਿਗੁਰ ਅਗੇ ਘਾਲਿਆ ॥ ਹੇ ਸ੍ਰੀ ਦਸਮੇਸ਼ ਤੇਰੇ ਚੋਜਾਂ ਦਾ ਅੰਤ ਨਹੀਂ ਔਂਦਾ ॥ ਰਬੀ ਵਾਕ ॥ ਅੰਤ ਨਾ ਪਾਰਾ ਕੀਮਤਿ ਨਹੀਂ ਪਾਈ ॥ ਰਾਮ ਮ: ੫ ॥

ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੁਰਾ

Digitized by Panjab Digital Library | www.panjabdigilib.org

ਸਿੰਘਾਂ ਦਾ ਗੁਰੂ ਜੀ ਨੇ ਹਥੀਂ ਸਿਸਕਾਰ ਕੀਤਾ ਅਤੇ ਉਸ ਖਦਰਾਣੇ ਦੀ ਢਾਬ ਨੂੰ 'ਮੁਕਤੀ ਦਾ ਸਰ' ਭਾਵ ਮੁਕਤਸਰ ਕਹਿਕੇ ਨਿਵਾਜਿਆ ਜਿਸ ਦੇ ਨਾਮ ਤੇ ਸ਼ਹਿਰ ਦਾ ਨਾਮ ਵੀ ਮੁਕਤਸਰ ਪ੍ਰਸਿਧ ਹੋਇਆ। ਸਰੋਵਰ ਦੇ ਕਨਾਰੇ ਸ਼ਹੀਦ ਗੰਜ ਬਣਿਆ ਹੋਇਆ ਹੈ।

ਮੁਕਤਸਰ ਦਾ ਜੰਗ ਤਾਂ ਭਾਵੇਂ ਵਿਸਾਖ ਸੰਮਤ ੧੭੬੨ ਵਿਚ ਹੋਇਆ ਸੀ ਪਰ ਭਾਈ ਲੰਗਰ ਸਿੰਘ ਨੇ (ਜੋ ਉਸ ਵੇਲੇ ਗੁਰੂ ਜੀ ਦੇ ਨਾਲ ਸਨ ਤੇ ਮਕਾਨ ਜਿਨ੍ਹਾਂ ਦਾ ਹੁਣ ਹਰੀਕੇ ਪਿੰਡ ਉਘਾ ਹੈ) ਕਈ ਵਰ੍ਹੇ ਪਿਛੋਂ ਏਸ ਅਸਥਾਨ ਦੇ ਪਤੇ ਸਿੰਘਾਂ ਦੇ ਦਲ ਨੂੰ ਦਸਕੇ ਮਾਘੀ ਦਾ ਮੇਲਾ ਠਹਿਰਾਇਆ, ਕਿਉਂਕਿ ਪਾਣੀ ਦੀ ਕਿਲਤ ਤੇ ਇਹ ਰੁਤ ਮਾਲਵੇ ਵਿਚ ਯਾਤਰਾ ਕਰਨ ਲਈ ਚੰਗੀ ਹੁੰਦੀ ਹੈ।

ਸ੍ਰੀ ਮੁਕਤਸਰ ਸਾਹਿਬ ਵਿਚ ਕਈ ਗੁਰ ਅਸਥਾਨ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

**ਸ੍ਰੀ ਦਰਬਾਰ ਸਾਹਿਬ.**— ਜਿਥੇ ਸਤਿ ਗੁਰੂ ਜੀ ਨੇ ਫਤਹਿ ਤੋਂ ਪਿਛੋਂ ਦਰਬਾਰ ਲਗਾਇਆ ਅਤੇ ਖਿਦਰਾਣੇ ਦੀ ਢਾਬ ਨੂੰ ਸ੍ਰੀ ਮੁਕਤਸਰ ਸਾਹਿਬ ਦਾ ਵਰ ਦੇਕੇ ਮੁਕਤਸਰ ਸਾਹਿਬ ਦੀ ਮਹਿਮਾ ਵਰਣਨ ਕੀਤੀ ਉਥੇ ਆਲੀਸ਼ਾਨ ਦਰਬਾਰ ਸਾਹਿਬ ਬਣਿਆ ਹੋਇਆ ਹੈ ਜਿਸ ਦੇ ਇਰਦ ਗਿਰਦ ਸੰਗਮਰਮਰ ਦਾ ਕੀਮਤੀ ਪਥਰ ਲੱਗਾ ਹੋਇਆ ਹੈ ਅਤੇ ਅੰਦਰ ਛੱਤ ਪਰ ਸੋਨੇ ਦਾ ਪੱਤਰਾ ਚੜ੍ਹਿਆ ਹੋਇਆ ਹੈ।

**ਸ਼ਹੀਦ ਗੰਜ.**— ਜਿਥੇ ਸ਼ਹੀਦ ਹੋਇ ਸਿੰਘਾਂ ਦਾ ਸਸਕਾਰ ਕੀਤਾ ਉਸ ਅਸਥਾਨ ਪਰ ਗੁਰਦੁਆਰਾ ਸ਼ਹੀਦ ਗੰਜ ਬਣਿਆ ਹੋਇਆ ਹੈ।

**ਗੁ. ਤੰਬੂ ਸਾਹਿਬ.**— ਜਿਥੇ ਸਿੰਘਾਂ ਨੇ ਵੈਰੀ ਦਲ ਵਿਚ ਦਹਿਸ਼ਤ ਫੈਲਾਉਣ ਲਈ ਝਾੜਾਂ ਪਰ ਚਾਦਰਾਂ ਪਾਈਆਂ ਤਾਂ ਕਿ ਉਨ੍ਹਾਂ ਨੂੰ ਬਹੁਤ ਸਾਰੇ ਤੰਬੂ ਲਗੇ ਹੋਇ ਨਜ਼ਰ ਆਉਣ ਉਸ ਅਸਥਾਨ ਪਰ ਗੁਰਦੁਆਰਾ ਤੰਬੂ ਸਾਹਿਬ ਬਣਿਆ ਹੋਇਆ ਹੈ ਜੋ ਸਰੋਵਰ ਦੀ ਦਖਣ ਵਾਲੀ ਬਾਹੀ ਪਰ ਹੈ।

**ਗੁ. ਟਿੱਬੀ ਸਾਹਿਬ.**— ਇਥੇ ਬੈਠਕੇ ਗੁਰੂ ਜੀ ਨੇ ਜੰਗ ਦਾ ਨਜ਼ਾਰਾ ਵੇਖਿਆ ਅਤੇ ਵੈਰੀ ਦਲ ਪਰ ਤੀਰਾਂ ਦਾ ਮੀਂਹ ਵਸਾਇਆ। ਇਕ ਤੁਰਕ ਨੇ ਗੁਰੂ ਜੀ ਪਰ ਪਿਛੋਂ ਦੀ ਲੁਕ ਕੇ ਵਾਰ ਕਰਨਾ ਚਾਹਿਆ ਜਿਸ ਨੂੰ ਗੁਰੂ ਜੀ ਨੇ ਤੀਰ ਨਾਲ ਪਾਰ ਬੁਲਾਇਆ। ਇਸ ਅਸਥਾਨ ਦੀ ਸੇਵਾ ਸ੍ਰੀ ਮਾਨ ਸੰਤ ਗੁਰਮੁਖ ਸਿੰਘ ਜੀ ਮਹਾਰਾਜ ਪਟਿਆਲੇ ਵਾਲਿਆਂ ਦੇ ਸੇਵਕ ਬਾਬਾ ਗੇਲ ਸਿੰਘ ਨੇ ਕਰਵਾਈ ਹੈ ਸਰੋਵਰ ਬਨਵਾਇਆ ਤੇ ਖੂਹ ਆਦਿ ਲਗਵਾਇਆ। ਇਥੇ ਇਕ ਕਾਲਜ ਦੀ ਸੁੰਦਰ ਇਮਾਰਤ ਬਣੀ ਹੋਈ ਹੈ ਤੇ ਗੁਰਦੁਆਰੇ ਦੀ ਰੌਣਕ ਵਿਚ ਅਪਾਰ ਵਾਧਾ ਹੋਇਆ ਹੈ॥

**ਗੁਰਦੁਆਰਾ ਰਕਾਬ ਸਰ.**— ਇਥੇ ਗੁਰੂ ਸਾਹਿਬ ਜੀ ਨੇ ਰਕਾਬ ਵਿੱਚ ਚਰਨ

Digitized by Panjab Digital Library | www.panjabdigilib.org

ਪਾ ਕੇ ਘੋੜੇ ਤੇ ਅਸਵਾਰਾ ਕੀਤਾ ਸੀ ਇਥੇ ਭੀ ਇਸ ਸਮੇਂ ਯਾਦਗਾਰ ਬਣੀ ਹੋਈ ਹੈ।

ਬੜੇ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਸ੍ਰੀ ਮੁਕਤ ਸਰ ਸਾਹਿਬ ਵਿਖੇ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਜੀਵਨ ਦਾ ਪੂਰਾ ਵਿਸਥਾਰ ਨਹੀਂ ਮਿਲ ਸਕਿਆ ਇਸ ਲਈ ਕੇਵਲ ਨਾਮ ਹੀ ਹੇਠ ਦਰਜ ਕੀਤੇ ਜਾਂਦੇ ਹਨ।

੧. ਸ੍ਰੀ: ਭਾ: ਸਾ: ਸਮੀਰ ਸਿੰਘ ਜੀ, ੨. ਸ੍ਰੀ: ਭਾ: ਸਾ: ਨਰਾਇਣ ਸਿੰਘ ਜੀ, ੩. ਸ੍ਰੀ ਭਾ: ਸ: ਮੱਯਾ ਸਿੰਘ ਜੀ, ੪. ਸ੍ਰੀ: ਭਾ: ਸਾ: ਗੰਗਾ ਸਿੰਘ ਜੀ, ੫. ਸ੍ਰੀ: ਭਾ: ਸਾ: ਗੰਡਾ ਸਿੰਘ ਜੀ, ੬. ਸ੍ਰੀ: ਭਾ: ਸਾ; ਕਰਮ ਸਿੰਘ ਜੀ, ੭. ਸ੍ਰੀ: ਭਾ: ਸਾ: ਕਰਮ ਸਿੰਘ ਜੀ, ੮. ਸ੍ਰੀ: ਭਾ: ਸਾ: ਸੁਹੇਲ ਸਿੰਘ ਜੀ, ੯. ਸ੍ਰੀ: ਭਾ: ਸਾ: ਸਰਜਾ ਸਿੰਘ ਜੀ, ੧੦. ਸ੍ਰੀ: ਭਾ: ਸਾ: ਸੁਲਤਾਨ ਸਿੰਘ ਜੀ, ੧੧. ਸ੍ਰੀ: ਭਾ: ਸਾ: ਹਰਸਾ ਸਿੰਘ ਜੀ, ੧੨. ਸ੍ਰੀ: ਭਾ: ਸਾ: ਹਰੀ ਸਿੰਘ ਜੀ, ੧੩. ਸ੍ਰੀ: ਭਾ: ਸਾ: ਸੰਤ ਸਿੰਘ ਜੀ, ੧੪. ਸ੍ਰੀ: ਭਾ: ਸਾ: ਕ੍ਰਿਪਾਲ ਸਿੰਘ ਜੀ, ੧੫. ਸ੍ਰੀ: ਭਾ: ਸਾ: ਕੀਰਤ ਸਿੰਘ ਜੀ, ੧੬. ਸ੍ਰੀ: ਭਾ: ਸਾ: ਕਾਲਾ ਸਿੰਘ ਜੀ, ੧੭. ਸ੍ਰੀ: ਭਾ: ਸਾ: ਗੁਲਾਬ ਸਿੰਘ ਜੀ, ੧੮. ਸ੍ਰੀ: ਭਾ: ਸਾ: ਬੂੜ ਸਿੰਘ ਜੀ, ੧੯. ਸ੍ਰੀ: ਭਾ: ਸਾ: ਧੰਨਾ ਸਿੰਘ ਜੀ,੨੦. ਸ੍ਰੀ: ਭਾ: ਸਾ ਦਿਆਲ ਸਿੰਘ ਜੀ, ੨੧. ਸ੍ਰੀ: ਭਾ: ਸਾ: ਭਾਗ ਸਿੰਘ ਜੀ. ੨੨. ਸ੍ਰੀ: ਭਾ: ਸਾ: ਬੂੜ ਸਿੰਘ ਜੀ, ੨੩. ਸ੍ਰੀ: ਭਾ: ਸਾ: ਭੋਲਾ ਸਿੰਘ ਜੀ, ੨੪. ਸ੍ਰੀ: ਭਾ: ਸਾ: ਭੰਗਾ ਸਿੰਘ ਜੀ, ੨੫. ਸ੍ਰੀ: ਭਾ: ਸਾ: ਮਹਾਂ ਸਿੰਘ ਜੀ ਜਥੇਦਾਰ, ੨੬. ਸ੍ਰੀ: ਭਾ: ਸਾ: ਧਰਮ ਸਿੰਘ ਜੀ, ੨੭. ਸ੍ਰੀ: ਭਾ: ਸਾ: ਦਰਬਾਰਾ ਸਿੰਘ ਜੀ, ੨੮. ਸ੍ਰੀ: ਭਾ: ਸਾ: ਚੰਬਾ ਸਿੰਘ ਜੀ, ੨੯. ਸ੍ਰੀ: ਭਾ: ਸਾ: ਜਾਦੋ ਸਿੰਘ ਜੀ, ੩੦. ਸ੍ਰੀ: ਭਾ ਸਾ: ਜੋਗਾ ਸਿੰਘ ਜੀ, ੩੧. ਸ੍ਰੀ: ਭਾ: ਸਾ: ਜੰਗ ਸਿੰਘ ਜੀ, ੩੨. ਸ੍ਰੀ: ਭਾ: ਸਾ: ਮੱਜਾ ਸਿੰਘ ਜੀ, ੩੩. ਸ੍ਰੀ: ਭਾ: ਸਾ: ਮਾਨ ਸਿੰਘ ਜੀ, ੩੪. ਸ੍ਰੀ: ਭਾ: ਸਾ: ਲਛਮਣ ਸਿੰਘ ਜੀ, ੩੫. ਸ੍ਰੀ: ਭਾ: ਸਾ: ਦਯਾਲਾ ਸਿੰਘ ਜੀ, ੩੬. ਸ੍ਰੀ: ਭਾ: ਸਾ: ਦਰਬਾਰਾ ਸਿੰਘ ਜੀ, ੩੭. ਸ੍ਰੀ: ਭਾ: ਸਾ: ਦਿਲਬਾਗ ਸਿੰਘ ਜੀ, ੩੮. ਸ੍ਰੀ: ਭਾ: ਸਾ: ਮਹਾਂ ਸਿੰਘ ਜੀ, ੩੯. ਸ੍ਰੀ: ਭਾ: ਸਾ: ਸੁਲਤਾਨ ਸਿੰਘ ਜੀ, ੪੦. ਸ੍ਰੀ: ਭਾ: ਸਾ: ਸੋਭਾ ਸਿੰਘ ਜੀ।

ਨੋਟ:– ਗੁਰਦੁਆਰਾ ਸ੍ਰੀ ਮੁਕਤਸਰ ਸਾਹਿਬ ਦੇ ਨਾਮ ਸਿੱਖ ਰਾਜ ਦੇ ਸਮੇ ਦੀ ੪੩੦੦) ਸਾਲਾਨਾ ਜਾਗੀਰ ਲੱਗੀ ਹੋਈ ਹੈ ਅਤੇ ਇਥੇ ਹਰ ਸਾਲ ਮਾਘੀ ਨੂੰ ਭਾਰੀ ਜੋੜ ਮੇਲਾ ਹੁੰਦਾ ਹੈ। ਸ੍ਰੀ ਮੁਕਤਸਰ ਬੀ. ਬੀ. ਐਂਡ ਸੀ. ਆਈ. ਰੇਲਵੇ ਦਾ ਸਟੇਸ਼ਨ ਹੈ।

**ਗੁ: ਸਾਹਿਬ ਰੁਪਾਣਾ**-ਇਹ ਨਗਰ ਸ੍ਰੀ ਮੁਕਤਸਰ ਸਾਹਿਬ ਤੋਂ ੪ ਮੀਲ ਦਖਣ ਵਲ ਪੱਕੀ ਸੜਕ ਪਰ ਹੈ। ਪਿੰਡ ਦੀ ਵਸੋਂ ਦੇ ਨਾਲ ਹੀ ਗੁਰਦਵਾਰਾ ਸਾਹਿਬ ਬਣਿਆ ਹੋਇਆ ਹੈ। ਪਾਸ ਰਿਹਾਇਸ਼ੀ ਮਕਾਨ ਹਨ। ਇਸ ਥਾਂ ਗੁਰੂ ਜੀ ਨੇ ਇਕ ਪਾਪੀ ਜੀਵ ਨੂੰ ਘੋਗੜ ਦੀ ਜੂਨ ਤੋਂ ਮੁਕਤ ਕੀਤਾ। ਜਦ ਗੁਰੂ ਜੀ ਨੇ ਘੋਗੜ ਮਾਰਿਆ ਤਾਂ ਸਿੰਘਾਂ ਨੇ ਪੁਛਿਆ, ਮਹਾਰਾਜ ਇਹ ਜਾਨਵਰ ਤਾਂ ਕਿਸੇ ਕੰਮ ਨਹੀਂ ਆਉਂਦਾ, ਆਪ ਜੀ ਨੇ ਇਸਦਾ ਸ਼ਿਕਾਰ ਕਿਉਂ ਕੀਤਾ? ਤਦ ਗੁਰੂ ਜੀ ਨੇ ਫੁਰਮਾਇਆ, ਭਾਈ ਸਿਖੋ ਪਿਛਲੇ ਜਨਮ ਵਿਚ ਇਹ ਰਾਜਾ ਸੀ। ਇਕ ਸਿਖ ਦੀ ਕੁਆਰੀ ਲੜਕੀ ਵਲ ਬੁਰੀ ਨਜ਼ਰ ਨਾਲ ਵੇਖਣ ਲਗਾ ਤਾਂ ਉਸ ਨੇ ਕਿਹਾ, ਵੇਖੋ ਘੋਗੜ ਜਿਹਾ ਕੀ ਕਰਦਾ ਹੈ? ਇਸ ਕਰਕੇ ਇਸ ਨੂੰ ਘੋਗੜ ਦੀ ਜੂਨ ਮਿਲੀ। ਇਸ ਸਮੇਂ ਇਸ ਨਖਿਧ ਜੂਨ ਵਿਚ ਪਿਆ ਵੇਖਕੇ ਸਾਨੂੰ ਤਰਸ ਆ ਗਿਆ। ਇਸ ਲਈ ਇਸ ਦੀ ਮੁਕਤੀ ਕਰ ਦਿਤੀ ਹੈ। ਸਿਖ ਇਹ ਪ੍ਰਸੰਗ ਸੁਣ ਕੇ ਧੰਨ ਗੁਰੂ

Digitized by Panjab Digital Library | www.panjabdigilib.org

ਗੋਬਿੰਦ ਸਿੰਘ, ਧੰਨ ਗੁਰੂ ਗੋਬਿੰਦ ਸਿੰਘ ਕਹਿਣ ਲਗੇ। ਗੁਰਦਵਾਰੇ ਦੇ ਨਾਮ ੧੦ ਘੁਮਾਂ ਜ਼ਮੀਨ ਹੈ।

**ਗੁ. ਸਾ. ਭੁਲਰ**-ਸ੍ਰੀ ਗੁਰੂ ਦਸਮੇਸ਼ ਜੀ ਰੁਪਾਣੇ ਤੋਂ ਨਾਗੇ ਦੀ ਸਰਾਂ ਨੂੰ ਜਾਂਦੇ ਹੋਏ ਕੁਝ ਚਿਰ ਇਥੇ ਵਿਰਾਜੇ ਤੇ ਨਗਰ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ। ਏਥੇ ਗੁਰਦੁਆਰਾ ਬਣਿਆ ਹੋਇਆ ਹੈ।

**ਗੁਰਦੁਆਰਾ ਸਾਹਿਬ ਨਾਗੇ ਦੀ ਸਰਾਂ**-ਮੁਕਤਸਰ ਸਾਹਿਬ ਦੇ ਜੰਗ ਤੋਂ ਵਿਹਲੇ ਹੋਕੇ ਗੁਰੂ ਜੀ ਮਹਾਰਾਜ ਨਾਗੇ ਦੀ ਸਰਾਂ ਪੁਜੇ। ਇਸ ਨਗਰ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਪ੍ਰਗਟ ਹੋਇ ਸਨ ਇਸ ਕਰਕੇ ਗੁਰੂ ਜੀ ਨੇ ਇਸ ਅਸਥਾਨ ਦੀ ਯਾਤਰਾ ਕਰਨ ਦਾ ਖਿਆਲ ਕੀਤਾ। ਇਥੇ ਇਕ ਜੋਗੀ ਰਹਿੰਦਾ ਸੀ ਜਿਸ ਨੇ ਹੱਠ ਯੋਗ ਕਰਕੇ ਉਮਰ ਵਧਾ ਰਖੀ ਸੀ। ਉਸ ਨੇ ਗੁਰਸਿਖਾਂ ਤੋਂ ਪੁਛਿਆ ਗੁਰੂ ਜੀ ਦੀ ਉਮਰ ਕਿਤਨੀ ਹੈ। ਸਿਖਾਂ ਨੇ ਦਸਿਆ ਗੁਰੂ ਜੀ ਦੀ ਉਮਰ ੩੬ ਸਾਲ ਹੈ ਤਾਂ ਜੋਗੀ ਨੇ ਕਿਹਾ ਤਦ ਤਾਂ ਗੁਰੂ ਜੀ ਅਜੇ ਬਾਲਕ ਹੀ ਹਨ। ਅਤੇ ਮੇਰੀ ਉਮਰ ੫੦੦ ਵਰਸ ਦੀ ਹੈ ਮੈਂ ਤਾਂ ਉਹਨਾਂ ਦੇ ਦਰਸ਼ਨ ਕਰਨ ਚਲਿਆ ਸਾਂ ਪਰ ਹੁਣ ਨਹੀਂ ਜਾਂਦਾ। ਗੁਰੂ ਜੀ ਨੂੰ ਪਤਾ ਲਗਿਆ ਤਾਂ ਆਪ ਨੇ ਕਿਹਾ ਉਮਰ ਵਧਣ ਦਾ ਕੀ ਲਾਭ ਹੈ ਸੱਪਾਂ ਦੀ ਉਮਰ ਬਹੁਤ ਹੁੰਦੀ ਹੈ। ਇਹ ਸੁਣਕੇ ਯੋਗੀ ਗੁਰੂ ਜੀ ਪਾਸ ਆਇਆ ਤੇ ਚਰਚਾ ਕਰਨ ਲੱਗਾ। ਗੁਰੂ ਜੀ ਨੇ ਉਸਨੂੰ ਸਹਿਜ ਯੋਗ ਦਾ ਉਪਦੇਸ਼ ਦਿਰੜ੍ਹਾ ਕੇ ਨਿਹਾਲ ਕੀਤਾ। ਗੁਰੂ ਜੀ ਦਾ ਉਪਦੇਸ਼ ਸੁਣਕੇ ਜੋਗੀ ਨੂੰ ਆਤਮ ਗਿਆਨ ਪਰਾਪਤ ਹੋ ਗਿਆ ਤੇ ਉਹ ਸਹਿਜ ਜੋਗ ਪ੍ਰਾਪਤ ਕਰਕੇ ਗੁਰੂ ਜੀ ਦਾ ਸੇਵਕ ਬਣ ਗਿਆ।

**ਗੁ: ਗੁਪਤ ਸਰ** ਜ਼ਿਲਾ ਫੀਰੋਜ਼ਪੁਰ ਤਸੀਲ ਮੁਕਤਸਰ ਥਾਣਾ ਕੋਟ ਭਾਈ ਦਾ ਇਕ ਪਿੰਡ ਛਤੇਆਣਾ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮੁਕਤਸਰ ਜੰਗ ਤੋਂ ਔਂਦੇ ਹੋਏ ਇਸ ਜਗਾ ਪਹੁੰਚੇ ਤਾਂ ਬੈਰਾੜਾਂ ਨੇ ਤਨਖਾਹਾਂ ਮੰਗੀਆਂ ਤਦ ਸ੍ਰੀ ਗੁਰੂ ਜੀ ਨੇ ਕਿਹਾ ਭਾਈ ਸਿੰਘੋ ਅਸੀਂ ਥੋਨੂੰ ਤਲਬਾਂ ਜ਼ਰੂਰ ਦੇਵਾਂਗੇ ਪਰ ਹੁਣ ਜੰਗਾਂ ਦੇ ਕਰਕੇ ਗੁਰੂ ਕਾ ਖਜ਼ਾਨਾ ਮਸਤਾਨਾ ਹੈ। ਤਾਂ ਬੈਰਾੜਾਂ ਨੇ ਅਗੇ ਹੋ ਕੇ ਸ੍ਰੀ ਦਸਮੇਸ਼ ਜੀ ਦੇ ਘੋੜੇ ਦੀਆਂ ਬਾਗਾਂ ਫੜ ਲਈਆ ਤਾਂ ਸ੍ਰੀ ਗੁਰੂ ਜੀ ਨੇ ਘੋੜਾ ਖੜਾ ਕਰਕੇ ਸ੍ਰੀ ਅਕਾਲ ਪੁਰਖ ਵਲ ਧਿਆਨ ਕੀਤਾ ਤਾਂ ਇਕ ਸਿੱਖ ਰੁਪੈਏ ਤੇ ਅਸ਼ਰਫੀਆਂ ਦੀ ਲੱਦੀ ਹੋਈ ਖਚਰ ਚੋਜੀ ਪ੍ਰੀਤਮ ਦੇ ਚਰਨਾ ਤੇ ਮਥਾ ਟੇਕ ਕੇ ਅਗੇ ਭੇਟ ਕਰ ਦਿਤੀ ਸ੍ਰੀ ਗੁਰੂ ਦਸਮੇਸ਼ ਜੀ ਨੇ ਅੱਠ ਆਨੇ ਸਵਾਰ ਚਾਰ ਆਨੇ ਪੈਦਲ ਨੂੰ ਰੋਜ਼ ਦੇ ਹਿਸਾਬ ਗਿਣਕੇ ਤਲਬਾਂ ਵਰਤਾ ਦਿਤੀਆਂ ਪੰਜ ਸੋ ਅਸਵਾਰ ਅਰ ਨੌ ਸੌ ਪੈਦਲ ਬਰਾੜ ਸਨ। ਜਦ ਸ੍ਰੀ ਗੁਰੂ ਸਾਹਿਬ ਜੀ ਨੇ ਏਨਾਂ ਦੇ ਜਥੇਦਾਰ ਭਾਈ ਦਾਨ ਸਿੰਘ ਨੂੰ ਕਿਹਾ ਕਿ ਤੂੰ ਵੀ ਤਲਬ ਲੈ ਲੈ ਤਾਂ ਭਾਈ ਦਾਨ ਸਿੰਘ ਹਥ ਜੋੜ ਬੇਨਤੀ ਕੀਤੀ ਸ੍ਰੀ ਗੁਰੂ ਸਾਹਿਬ 'ਤੂੰ ਦਾਤਾ ਦਾਤਾਰ ਤੇਰਾ ਦਿਤਾ ਖਾਵਣਾ' ਜੀ ਦਾਸ ਨੂੰ ਆਪ ਜੀ ਦਾ ਦਿਤਾ ਹੋਰ ਬੜਾ ਕੁਛ ਹੈ ਪਰ ਜੇ ਤੁਠੇ ਹੋ ਤਾਂ ਸਿਖੀ ਬਖਸ਼ੋ। ਜਿਸ ਤੇ ਸ੍ਰੀ ਹਜ਼ੂਰ ਨੇ ਫਰਮਾਇਆ ਕਿ ਭਾਈ ਮਾਈ ਭਾਗ ਕੌਰ ਤੇ ਭਾਈ ਮਹਾਂ ਸਿੰਘ ਨੇ ਮਾਝੇ ਦੀ ਅਤੇ ਤੈਂ ਬੈਰਾੜਾਂ ਦੀ ਸਿਖੀ ਰੱਖ ਲਈ ਹੈ।

ਜੋ ਤਨਖਾਹ ਦੇਕੇ ਮਾਇਆ ਬਚੀ ਉਹ ਸ੍ਰੀ ਦਸਮੇਸ਼ ਜੀ ਨੇ ਉਥੇ ਹੀ ਦਬ ਦਿਤੀ ਸ੍ਰੀ ਗੁਰੂ ਜੀ

Digitized by Panjab Digital Library | www.panjabdigilib.org

ਦੇ ਚਲੇ ਜਾਣ ਪਿਛੋਂ ਬੈਰਾੜ ਚੋਰੀ ਕਢਣ ਆਇ ਤਾਂ ਉਥੇ ਕੁਛ ਭੀ ਨਾ ਮਿਲਿਆ ਇਸ ਕਰਕੇ ਇਸ ਗੁਰਦੁਆਰੇ ਦਾ ਨਾਉਂ ਗੁਪਤਸਰ ਹੈ। ਅਤੇ ਬੈਰਾੜ ਝੂਠੇ ਹੋਏ ਮੁੜ ਗਏ। ਜਦ ਸ੍ਰੀ ਗੁਰੂ ਜੀ ਦੇ ਦੀਵਾਨ ਵਿਚ ਗਏ ਤਾਂ ਸਾਹਿਬ ਜੀ ਨੇ ਪੁਛਿਆ ਕਿ ਭਾਈ ਮਾਇਆ ਕਡ ਲਿਆਂਦੀ ਤਾਂ ਸਾਰੇ ਬੈਰਾੜ ਨੀਵੀ ਪਾਕੇ ਬੈਠ ਗਏ। ਤੇ ਸ੍ਰੀ ਦਸਮੇਸ਼ ਜੀ ਨੇ ਸਤ ਸੰਤੋਖ ਪ੍ਰਤੀ ਉਪਦੇਸ਼ ਦੇ ਕੇ ਨਿਹਾਲ ਕੀਤਾ ਇਸ ਜਗਾਂ ਗੁਰਦੁਆਰੇ ਦੇ ਨਾਉਂ ੧੬ ਘਮਾਉਂ ਜ਼ਮੀਨ ਹੈ ਰੇਲਵੇ ਸਟੇਸ਼ਨ ਗਿੱਦੜ ਬਾਹਾ ਤੋਂ ਨੌ ਮੀਲ ਹੈ।

ਜ਼ਿਲਾ ਫੀਰੋਜ਼ਪੁਰ ਤਹਿਸੀਲ ਮੁਕਤਸਰ ਵਿਚ ਇਕ ਮਸ਼ਹੂਰ ਪਿੰਡ, ਜਿਸ਼ ਨੂੰ ਭਾਈ ਭਗਤੂ ਜੀ ਨੇ ਵਸਾਇਆ ਹੈ, ਇਥੇ ਦਸਮੇਸ਼ ਗੁਰੂ ਜੀ ਦੇ ਦੋ ਗੁਰਦੁਆਰੇ ਹਨ।

੧. ਪਿੰਡ ਦੇ ਵਿਚ ਗੁਰੂ ਜੀ ਪ੍ਰੇਮੀ ਬਾਣੀਆਂ ਦੇ ਘਰ ਪ੍ਰਸਾਦ ਛਕਣ ਆਏ, ਬਾਣੀਏ ਅੰਮ੍ਰਿਤ ਛਕਕੇ ਸਿੰਘ ਸਜ ਗਏ ਸਨ, ਜਿਨ੍ਹਾਂ ਦੇ ਨਾਉਂ ਗੁਰੂ ਜੀ ਨੇ ਰੰਗੀ ਸਿੰਘ, ਘਮੀ ਸਿੰਘ ਰਖੇ। ਇਨ੍ਹਾਂ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਗੁਰਦੁਆਰਾ ਬਣਿਆ ਹੋਇਆ ਹੈ ਅਤੇ ਉਸ ਨਾਲ ੫੦ ਘੁਮਾ ਜ਼ਮੀਨ ਸਿਖ ਰਾਜ ਦੇ ਸਮੇਂ ਤੋਂ ਹੈ। ਪੁਜਾਰੀ ਅਕਾਲੀ ਸਿੰਘ ਹੈ।

੨. ਦੂਜਾ ਪਿੰਡ ਤੋਂ ਦਖਣ ਵਲ ਪਾਸ ਹੀ ਹੈ। ਜਦੋਂ ਗੁਰੂ ਜੀ ਗੁਪਤ ਸਰੋਂ ਆਏ ਤਾਂ ਇਥੇ ਠਹਿਰੇ। ਗੁਰਦੁਆਰਾ ਸੰਮਤ ੧੯੭੭ ਵਿਚ ਬਣਾਇਆ ਗਿਆ ਹੈ। ਇਥੇ ਭੀ ਪੁਜਾਰੀ ਅਕਾਲੀ ਸਿੰਘ ਹੈ।

ਰੇਲਵੇ ਸਟੇਸ਼ਨ ਗਿਦੜ ਬਾਹਾ ਤੋਂ ਪੰਜ ਮੀਲ ਕੱਚਾ ਰਸਤਾ ਹੈ।

**ਗੁ. ਸਾ. ਗਿਦੜ ਬਾਹਾ**-ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੋਟ ਭਾਈ ਤੋਂ ਆ ਕੇ ਕੁਝ ਚਿਰ ਇਕ ਮਾਲ੍ਹ ਦੇ ਥਲੇ ਵਿਰਾਜੇ ਸਨ। ਹੁਣ ਇਹ ਅਸਥਾਨ ਗਿਦੜ ਬਾਹਾ ਰੇਲਵੇ ਸਟੇਸ਼ਨ ਦੇ ਕੋਲ ਹੈ। ਸੁੰਦਰ ਗੁਰਦੁਆਰਾ ਬਣਿਆਂ ਹੋਇਆ ਹੈ। ਪ੍ਰਬੰਧ ਬਹੁਤ ਚੰਗਾ ਹੈ।

**ਗੁ. ਚੰਦ ਸਾਹਿਬ.**-- ਇਸ ਨਗਰ ਵਿਚ ਇਕ ਢਾਬ ਦੇ ਕਿਨਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਇਥੇ ਸਤਿ ਗੁਰੂ ਲਖੀ ਜੰਗਲ ਨੂੰ ਜਾਂਦੇ ਹੋਇ ਬਿਰਾਜੇ ਸਨ। ਗੁਰਦੁਆਰੇ ਦੇ ਨਾਮ ੭ ਘੁਮਾਂ ਜ਼ਮੀਨ ਹੈ ਤੇ ਇਸ ਸਮੇਂ ਕਮੇਟੀ ਦੇ ਪ੍ਰਬੰਧ ਵਿਚ ਹੈ।

**ਗੁ. ਜੰਡ ਸਾਹਿਬ.**-- ਥੇਹੜੀ ਰੇਲਵੇ ਸਟੇਸ਼ਨ ਫਕਰ ਸਰ ਤੋਂ ੨ ਮੀਲ ਹੈ। ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ ਗੁਰਦੁਆਰਾ ਹੈ। ਗੁਰੂ ਜੀ ਨੇ ਜਿੰਨ੍ਹਾਂ ਜੰਡਾਂ ਨਾਲ ਸ਼ਸਤ੍ਰ ਟੰਗੇ ਸਨ ਉਹ ਮੌਜੂਦ ਹਨ। ਇਸ ਅਸਥਾਨ ਪਰ ਬਾਲਕ ਨਾਥ ਜੋਗੀ ਰਹਿੰਦਾ ਸੀ ਜਿਸ ਨੂੰ ਗੁਰੂ ਸਾਹਿਬ ਜੀ ਨੇ ਉਪਦੇਸ਼ ਦੇ ਕੇ ਨਿਹਾਲ ਕੀਤਾ। ਗੁਰਦੁਆਰਾ ਸੁੰਦਰ ਬਣਿਆ ਹੋਇਆ ਹੈ।

**ਗੁ. ਕਾਲ ਝਰਾਣੀ.**- ਇਥੇ ਗੁਰੂ ਜੀ ਨੇ ਭਾਈ ਧਰਮ ਸਿੰਘ ਨੂੰ ਕਿਹਾ ਇਸ ਦਰਖਤ ਪਰ ਕਾਗ ਦੇ ਬਚੇ ਹਨ ਉਨ੍ਹਾਂ ਵਿਚੋਂ ਜਿਹੜਾ ਬਚਾ ਮੂੰਹ ਅਡਦਾ ਹੈ ਉਸ ਨੂੰ ਮਾਰ ਦਿਉ। ਭਾਈ ਧਰਮ

Digitized by Panjab Digital Library | www.panjabdigilib.org

ਸਿੰਘ ਨੇ ਪੁਛਿਆ ਤਾਂ ਗੁਰੂ ਜੀ ਨੇ ਦਸਿਆ ਇਹ ਕਾਂ ਪਹਿਲੇ ਜਨਮ ਵਿਚ ਗੁਰੂ ਕਾ ਸਿੱਖ ਲਾਂਗਰੀ ਸੀ। ਜਦ ਪ੍ਰਸ਼ਾਦ ਵਰਤਾਉਂਦਾ ਤਾਂ ਕਾਂ ਕਾਂ ਬਹੁਤ ਕਰਦਾ। ਇਕ ਦਿਨ ਇਕ ਗੁਰੂ ਦਾ ਸਿੱਖ ਆਇਆ ਤਾਂ ਇਹ ਉਸ ਦੇ ਗਲ ਪੈ ਗਿਆ। ਤਦ ਸਿੱਖ ਨੇ ਕਿਹਾ ਕਿਉਂ ਕਾਂ ਵਾਂਗ ਕਾਂ ਕਾਂ ਕਰਦਾ ਹੈਂ। ਸਿੱਖ ਦਾ ਇਹ ਬਚਨ ਪੂਰਾ ਹੋ ਗਿਆ ਅਤੇ ਇਹ ਸਿੱਖ ਮਰ ਕੇ ਕਾਂ ਬਣ ਗਿਆ ਹੈ ਇਸ ਨੂੰ ਮੁਕਤੀ ਦੇਣ ਵਾਸਤੇ ਅਸੀਂ ਇਥੇ ਆਏ ਹਾਂ। ਇਥੇ ਗੁਰੂ ਜੀ ਨੇ ਇਕ ਸੱਪ ਨੂੰ ਭੀ ਮੁਕਤ ਕੀਤਾ ਜਿਸ ਸਬੰਧੀ ਗੁਰੂ ਜੀ ਨੇ ਦਸਿਆ ਕਿ ਇਹ ਪਿਛਲੇ ਜਨਮ ਵਿਚ ਮਸੰਦ ਸੀ ਤੇ ਗੁਰੂ ਘਰ ਦੀ ਕਾਰ ਭੇਟ ਚੁਗ ਲਿਆ ਕਰਦਾ ਸੀ ਮਰਨ ਲਗੇ ਦੀ ਸੁਰਤੀ ਮਾਇਆ ਵਿਚ ਪੈ ਗਈ ਇਸ ਕਰਕੇ ਸੱਪ ਦੀ ਜੂਨ ਪਿਆ।

**ਗੁ. ਸਾਹਿਬ ਸ਼ੇਰ ਗੜ੍ਹ-** ਇਹ ਨਗਰ ਥਾਨਾ ਜਲਾਲਾ ਬਾਦ ਜ਼ਿਲ੍ਹ ਫੀਰੋਜ਼ ਪੁਰ ਵਿਚ ਹੈ। ਇਥੇ ਗੁਰੂ ਜੀ ਫਤੂ ਅਤੇ ਸੰਮੂ ਡੋਗਰ ਦਾ ਪ੍ਰੇਮ ਵੇਖਕੇ ਉਨ੍ਹਾਂ ਪਾਸ ਠਹਿਰੇ। ਉਨ੍ਹਾਂ ਨੇ ਗੁਰੂ ਜੀ ਦੀ ਭੇਟਾ ਇਕ ਲੁੰਙੀ ਅਤੇ ਖੇਸ ਕੀਤਾ ਜੋ ਇਸ ਇਲਾਕੇ ਦਾ ਤੋਹਫਾ ਸਮਝਿਆ ਜਾਂਦਾ ਸੀ। ਗੁਰੂ ਜੀ ਨੇ ਲੁੰਙੀ ਤੇੜ ਬੰਨ ਲਈ ਤੇ ਖੇਸ ਉਪਰ ਲੈ ਲਿਆ। ਸਿੰਘਾਂ ਨੇ ਕਿਹਾ ਮਹਾਰਾਜ ਇਹ ਤਾਂ ਸਿੱਖੀ ਲਿਬਾਸ ਦੇ ਉਲਟ ਹੈ ਗੁਰੂ ਜੀ ਨੇ ਫੁਰਮਾਇਆ।

ਪੂਨਾ ਗੁਰ ਕਹਿਉਂ ਜੈਸਾ ਦੇਸ ਤੈਸਾ ਭੇਸ ਤੇੜ ਲੁੰਙੀ ਤੇ ਮੋਹਢੇ ਖੇਸ ਭਾਵ ਇਹ ਕਿ ਸਿੰਘੋ ਜਿਹੋ ਜਿਹਾ ਦੇਸ਼ ਹੋਵੇ ਉਹੋ ਜਿਹਾ ਭੇਸ ਧਾਰਨ ਵਿਚ ਕੋਈ ਹਾਨੀ ਨਹੀਂ। ਇਹ ਸੁਣਕੇ ਸਿੰਘ ਚੁਪ ਕਰ ਗਏ।

**ਗੁ: ਸਾਹਿਬ ਹਰੀ ਪੁਰਾ:-** ਜ਼ਿਲਾ ਫੀਰੋਜ਼ ਪੁਰ, ਤਹਿਸੀਲ, ਥਾਣਾ ਅਬੋਹਰ ਵਿਚ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਪੰਜ ਕੋਸੀ ਤੋਂ ਅਧ ਮੀਲ ਪੱਛਮ ਵੱਲ ਹੈ॥ ਇਸ ਪਿੰਡ ਤੋਂ ਉੱਤਰ ਵਲ ਨੇੜੇ ਹੀ "ਬਟ ਤੀਰਥ" ਨਾਮੇ ਤਾਲ ਦੇ ਕੰਢੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ ਸ੍ਰੀ ਕਲਗੀਧਰ ਦੱਖਣ ਨੂੰ ਜਾਂਦੇ ਇਸ, ਥਾਂ ਵਿਰਾਜੇ ਹਨ॥ ਇਹ ਗੁਰ ਅਸਥਾਨ ਸੰਮਤ ੧੯੩੩ ਵਿਚ ਪ੍ਰਗਟ ਹੋਇਆ ਹੈ ਗੁਰਦੁਆਰਾ ਬੜਾ ਸੁੰਦਰ ਬਣਿਆ ਹੋਇਆ ਹੈ ਜਿਸ ਦੀ ਸੇਵਾ ਸ੍ਰਦਾਰ ਗੁਰਮੁਖ ਸਿੰਘ ਜੀ ਨੀਲੇ ਵਾਲਿਆਂ ਦੇ ਉੱਦਮ ਨਾਲ ਹੋਈ ਹੈ।

**ਗੁ; ਰਖਵਾਲਾ ਸਾਹਿਬ;-** ਕਵੀ ਕੁਲ ਭੁਸ਼ਨ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਕਿ ਗੁਰੂ ਜੀ ਦੀਨੇ ਤੋਂ ਚਲਕੇ ਰੁਖਾਲੇ ਪਿੰਡ ਪੁਜੇ ਤੇ ਇਸ ਪਿੰਡ ਦਾ ਨਾਮ ਪੁਛਿਆ। ਹਾਲੀਆਂ ਨੇ ਦਸਿਆ ਇਸ ਦਾ ਨਾਮ ਰੁਖਾਲਾ ਹੈ। ਗੁਰੂ ਜੀ ਨੇ ਕਿਹਾ ਅਗੇ ਤੋਂ ਇਸ ਦਾ ਨਾਮ ਰੇਖਵਾਲਾ ਕਹੋ।

ਭਾਈ ਸਾਹਿਬ ਜੀ ਲਿਖਦੇ ਹਨ

ਸ੍ਰੀ ਪ੍ਰਭ ਦੀਨੇ ਤੇ ਚਢੇ ਪਿਖ ਪਹੁੰਚੇ ਇਕ ਗ੍ਰਾਮ
ਖਰੇ ਹੋਇ ਬੂਝਨ ਕਿਯੋ ਕਹਾ ਗ੍ਰਾਮ ਕੋ ਨਾਮ

Digitized by Panjab Digital Library | www.panjabdigilib.org

ਸੁਨ ਠਾਹਕ ਭਾਖਯੋ ਤਿਸ ਕਾਲਾ
ਇਸੀ ਗ੍ਰਾਮ ਕੋ ਨਾਮ ਰੁਖਾਲਾ
ਸ੍ਰੀ ਗੁਰ ਵਰਜਨ ਕੀਨਸ ਤਾਹਿੰ
ਨਾਮ ਰੁਖਾਲਾ ਕਹੀਐ ਨਾਹਿੰ
ਅਬ ਤੇ ਕਹੋ ਨਾਮ ਰਖਵਾਲਾ
ਤਿਸ ਹੀ ਬਲ ਡੇਰਾ ਗੁਰ ਘਾਲਾ ।

ਇਹ ਨਗਰ ਗਿਦੜ ਬਾਹਾ ਰੇਲਵੇ ਸਟੇਸ਼ਨ ਤੋਂ ੬ ਕੋਹ ਹੈ ਤੇ ਕਚਾ ਰਸਤਾ ਜਾਂਦਾ ਹੈ ।

**ਗੁ. ਚਕ ਫਤਹਿ ਸਿੰਘ.–** ਜ਼ਿਲਾ ਫੀਰੋਜ਼ ਪੁਰ ਥਾਣਾ ਨਥਾਣਾ ਵਿਚ ਇਕ ਪਿੰਡ ਚਕ ਫਤਹਿ ਸਿੰਘ ਵਾਲਾ ਹੈ ਜੋ ਰੇਲਵੇ ਸਟੇਸ਼ਨ ਫੂਲ ਮੰਡੀ ਦੇ ਨੇੜੇ ਹੈ । ਇਸ ਪਿੰਡ ਦੇ ਚੜਦੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਵਿਤ੍ਰ ਗੁਰ ਅਸਥਾਨ ਹੈ । ਇਸ ਨੂੰ ਬੁਰਜ ਸਿੰਗੂ (ਸਿੰਘ) ਭੀ ਕਹਿੰਦੇ ਹਨ ।

ਇਥੋਂ ਭਾਈ ਭਗਤੂ ਦਾ ਪੋਤਾ ਰਾਮ ਸਿੰਘ ਗੁਰੂ ਜੀ ਨੂੰ ਬੇਨਤੀ ਕਰਕੇ ਆਪਣੇ ਘਰ ਲੈ ਗਿਆ ਸੀ ਅਤੇ ਬੜੇ ਪ੍ਰੇਮ ਤੇ ਚਾ ਨਾਲ ਸੇਵਾ ਕੀਤੀ ਸੀ । ਗੁਰਦੁਆਰੇ ਦੇ ਨਾਮ ੪ ਘੁਮਾਂ ਜ਼ਮੀਨ ਹੈ ।

**ਗੁ; ਸਾਹਿਬ ਭੁਚੋ;–** ਇਹ ਨਗਰ ਰਾਜ ਪੁਰਾ ਬਠਿੰਡਾ ਲਾਈਨ ਪਰ ਰੇਲਵੇ ਸਟੇਸ਼ਨ ਹੈ । ਭਾਈ ਭਗਤੂ ਦੀ ਬੰਸ ਦੇ ਬਾਬਾ ਦਿਆਲ ਦਾਸ ਨੇ ਇਹ ਪਿੰਡ ਆਬਾਦ ਕੀਤਾ ਸੀ । ਸ੍ਰੀ ਦਸਮੇਸ਼ ਜੀ ਇਸ ਪਿੰਡ ਦੇ ਪਾਸ ਝਿੜੀ ਵਿਚ ਬਿਰਾਜੇ ਸਨ ਉਥੇ ਗੁਰਦੁਆਰਾ ਗੁਰੂ ਸਰ ਹੈ ।

**ਗੁ; ਦੋਦਾ ਸਾਹਿਬ;–** ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਮੁਕਤਸਰ ਦੇ ਜੁਧ ਤੋਂ ਪਿਛੋਂ ਇਥੇ ਪੁਜੇ ਹਨ ਤੇ ਇਸ ਥਾਂ ਕੁਝ ਚਿਰ ਠਹਿਰ ਕੇ ਅਗੇ ਛਤੇਆਣੇ ਨੂੰ ਦਲੇ ਗਏ, ਉਨ੍ਹਾਂ ਦੀ ਯਾਦ ਵਿਚ ਢਾਬ ਦੇ ਕੰਢੇ ਇਕ ਗੁਰਦੁਆਰਾ ਬਣਿਆ ਹੋਇਆ ਹੈ ।

ਗੁਰ ਕੀ ਸਾਖੀ ਅੰਮ੍ਰਿਤ ਬਾਣੀ,
ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮ ਹੋਵੈ
ਮੁਕਤਿ ਬੈਕੁੰਠੇ ਕਰੈ ਕਿਆ ॥੩॥
ਆਸਾ ਮ: ੧

Digitized by Panjab Digital Library | www.panjabdigilib.org

# ਜ਼ਿਲਾ ਫੀਰੋਜ਼ ਪੁਰ

| ਨੰਬਰ | ਨਾਮ ਗੁਰਦੁਆਰਾ | ਜ਼ਮੀਨ ਘੁਮਾਂ ਜਾ ਵਿਘੇ | ਮਕਾਨ | ਸਹਾਇਤਾ ਆਦਿ |
|---|---|---|---|---|
| ੧ | ਨਾਨਕ ਸਰ ਤਖਤੂ ਪੁਰਾ | ੮੦ ਘੁਮਾਂ | | |
| ੨ | ਪਾਕਾ ਸਾਹਿਬ | ੧੬-੧੭ ਘੁਮਾਂ | | |
| ੩ | ਗੁਰੂ ਸਰ ਪਤੋ | ੧੦ ਘੁਮਾਂ | | |
| ੪ | ਲੋਹਗੜ੍ਹ (ਦੀਨਾ) | ੨੦੦ ਘੁਮਾਂ ਦੇ ਲਗ ਭਗ | | ਸਿਖ ਰਾਜੇ ਨਾਭਾ ਵਲੋਂ |
| ੫ | ਅਜੀਤ ਗੜ੍ਹ (ਬਾਂਦਰ) | ੧੪ ਘੁਮਾਂ | | |
| ੬ | ਬਾਜੀਦ ਪੁਰ | | | ੫੧ ਫ਼ਰੀਦ ਕੋਟ ਵਲੋਂ |
| ੭ | ਮੁਕਤ ਸਰ | | | ੪੩ ਸੌ ਸਾਲਾਨਾ ਸਿਖ ਰਾਜ ਵੇਲੇ ਦੀ ਜਾਗੀਰ ਹੈ |
| ੮ | ਰੁਪਾਣਾ | ੧੦ ਘੁਮਾਂ | | |
| ੯ | ਗੁਪਤ ਸਰ | ੧੬ ਘੁਮਾਂ | | |
| ੧੦ | ਕੋਟ ਭਾਈ (ਭਗਤੂ) | ੫੦ ਘੁਮਾਂ | | |
| ੧੧ | ਸਾਹਿਬ ਚੰਦ | ੭ ਘੁਮਾਂ | | |
| ੧੨ | ਚਕ ਫਤਹ ਸਿੰਘ | ੪ ਘੁਮਾਂ | | |
| | ਜੋੜ | ੪੦੮ ਘੁਮਾਂ | | ੪੩੫੧ ਰੁਪੈ |

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥
ਪਾ: ੩

Digitized by Panjab Digital Library | www.panjabdigilib.org

# ਰਿਆਸਤ ਫ਼ਰੀਦ ਕੋਟ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ

## ਨਾਲ ਪਵਿਤਰ ਕੀਤੇ ਹੋਏ ਥਾਈ ਗੁਰਦੁਆਰੇ

**ਗੁ: ਸਾਹਿਬ ਭਗਤਾ**—ਭਾਈ ਬਹਿਲੋਲ ਬੰਸੀ ਭਗਤਾ ਨੇ ਮਾਲਵੇ ਵਿਚ ਪਿੰਡ ਭਗਤਾ ਵਸਾਇਆ ਹੈ। ਜੋ ਰਾਜ ਫਰੀਦ ਕੋਟ ਦੇ ਥਾਣਾ ਕੋਟ ਕਪੂਰਾ ਵਿੱਚ ਹੈ ਅਰ ਰੇਲਵੇ ਸਟੇਸ਼ਨ ਜੈਤੋ ਤੋਂ ੧੬ ਮੀਲ ਹੈ। ਰਾਮ ਪੁਰਾ ਫੂਲ ਤੋਂ ੧੨ ਮੀਲ ਹੈ। ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਿੰਨ ਦਿਨ ਠਹਿਰੇ ਸਨ ਉਸ ਵੇਲੇ ਭਗਤੇ ਦੇ ਪੰਜ ਪੁਤ੍ਰ ਸਨ। (ਗੁਰਦਾਸ, ਤਾਰਾ, ਭਾਰਾ, ਮੋਹਰਾ, ਬਖਤ) ਜ਼ਿਨ੍ਹਾਂ ਨੇ ਸ੍ਰੀ ਗੁਰੂ ਗ੍ਰੀਬ ਨਿਵਾਜ਼ ਜੀ ਦੀ ਸੇਵਾ ਅਤਿ ਹੀ ਪ੍ਰੇਮ ਨਾਲ ਕੀਤੀ। ਇਥੇ ਛੀਵੇਂ ਗੁਰੂ ਜੀ ਭੀ ਪਧਾਰੇ ਹਨ ਪਿੰਡ ਦੀ ਅਬਾਦੀ ਅੰਦਰ ਗੁਰਦੁਆਰਾ ਪਾਸ ਹੀ ਭਾਈ ਭਗਤੇ ਦਾ ਲਾਇਆ ਖੂਹ ਹੈ। ਰਿਆਸਤ ਫਰੀਦ ਕੋਟ ਵਲੋਂ ੮੮ ਘੁਮਾਉ ਜ਼ਮੀਨ ਗੁਰਅਸਥਾਨ ਦੇ ਨਾਮ ਹੈ। ਪੁਜਾਰੀ ਸਿੰਘ ਸਾਹਿਬ ਹੈ ਮਾਘੀ ਨੂੰ ਜੋੜ ਮੇਲਾ ਹੁੰਦਾ ਹੈ।

**ਗੁਰਦੁਆਰਾ ਬਰਗਾੜੀ**—ਰਿਆਸਤ ਫਰੀਦ ਕੋਟ ਵਿਚ ਰੇਲਵੇ ਸਟੇਸ਼ਨ ਰੁਪਾਣਾ ਅਲਬੇਲ ਸਿੰਘ ਤੋਂ ਪੰਜ ਮੀਲ ਪੂਰਬ ਪਿੰਡ ਬਰਗਾੜੀ ਹੈ। ਇਸ ਪਿੰਡ ਦੇ ਉਤਰ ਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ "ਗੁਰੂ ਸਰ ਹੈ। ਇਥੇ ਆਪ ਤਿੰਨ ਦਿਨ ਬਿਰਾਜੇ ਅਤੇ ਸਤਿ ਉਪਦੇਸ਼ ਦੇ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਗੁਰਦਵਾਰੇ ਦੇ ਨਾਮ ੨੪ ਘੁਮਾਂ ਜ਼ਮੀਨ ਮਾਫੀ ਹੈ।

ਵੈਸਾਖੀ ਨੂੰ ਜੋੜ ਮੇਲਾ ਹੁੰਦਾ ਹੈ। ਗੁਰ ਅਸਥਾਨ ਦੀ ਇਮਾਰਤ ਅਤ ਸੁੰਦ੍ਰ ਤਿਆਰ ਕਰਾਈ ਹੇਠ ਲਿਖੇ ਪ੍ਰਬੰਧਕਾਂ ਨੇ ਪ੍ਰਧਾਨ ਮੱਘਰ ਸਿੰਘ ਖਜਾਨਚੀ ਨੰਬਰਦਾਰ ਮਾਘੀ ਸਿੰਘ ਸਕਤ੍ਰ ਭਾ: ਬ੍ਰਿਆਮ ਸਿੰਘ ਗ੍ਰੰਥੀ ਭਾ: ਭਗਵਾਨ ਸਿੰਘ ਇਤ ਆਦਿ ਸੰਗਤਾਂ ਨਾਲ ਮਿਲਕੇ ਕਰਾਈ।

**ਮਾਇਆ ਧਾਰੀ ਅਤਿ ਅੰਨਾ ਬੋਲਾ ਸਬਦੁ ਨ ਸੁਣਇ ਬਹੁ ਰੋਲ ਘਚੋਲਾ**

**ਕਰਮ ਹੀਣ ਕਪੂਰਾ**—ਆਪਣੇ ਪਰਾਇ ਤੇ ਪਰਾਇ ਆਪਣੇ—ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਕੋਟ ਕਪੂਰੇ ਪੁਜਣਾ ਰਸਤੇ ਦੇ ਸਜੇ ਖਬੇ ਪਿੰਡਾਂ ਨੂੰ ਨਾਮ ਬਾਣੀ ਅਤੇ ਦਰਿਸਟੀ ਨਾਲ ਨਿਹਾਲ ਕਰਦੇ ਹੋਏ ਸ੍ਰੀ ਗੁਰੂ ਜੀ ਕੋਟ ਕਪੂਰੇ ਦੇ ਨੇੜੇ ਪੁਜੇ ਤਾਂ ਸ੍ਰੀ ਦਸਮੇਸ਼ ਸਾਹਿਬ ਜੀ ਨੂੰ ਤਾਪ

Digitized by Panjab Digital Library | www.panjabdigilib.org

ਲਗਾ ਕਿ ਵਜ਼ੀਰ ਖਾਂ ਸਰਹੰਦ ਦਾ ਭੇਜਿਆ ਹੋਇਆ ਇਕ ਫੌਜੀ ਦਸਤਾ ਸ੍ਰੀ ਗੁਰੂ ਜੀ ਦੀ ਭਾਲ ਵਿਚ ਪਿਛੇ ਪਿਛੇ ਆ ਰਿਹਾ ਹੈ। ਜਿਸ ਨੇ ਦੋ ਹਥ ਦੇਖੇ ਬਿਨਾ ਪਿਛੇ ਨਹੀਂ ਮੁੜਨਾ । ਇਸ ਵਾਸਤੇ ਸਿੰਘੋ ਕੋਈ ਐਸੀ ਜਗਾ ਦਸੋ ਕਿ ਕਿਲੇ ਦੀ ਸ਼ਕਲ ਦੀ ਹੋਵੇ। ਨਾਲੇ ਕੁਝ ਸਮਾਂ ਬਿਸਰਾਮ ਕਰੀਏ ਨਾਲੇ ਦੁਸਮਣ ਦੇ ਦੰਦ ਖਟੇ ਕਰਕੇ ਪਿਛੋਂ ਲਾਹੀਏ। ਤਾਂ ਸਿੰਘ ਸਾਹਿਬ ਨੇ ਅਰਜ਼ ਕੀਤੀ ਗਰੀਬ ਨਿਵਾਜ ਏਥੋਂ ਨੇੜੇ ਕਿਲਾ ਕੋਟ ਕਪੂਰਾ ਹੈ। ਜਿਥੇ ਬੈਠਕੇ ਸ਼ਤਰੂ ਨਾਲ ਜੰਗ ਭੀ ਹੋ ਸਕਦਾ ਹੈ ਨਾਲੇ ਬਿਸਰਾਮ ਇਹ ਬਚਨ ਸੁਣ ਕੇ ਸ੍ਰੀ ਗੁਰੂ ਜੀ ਨੇ ਸੰਗਤਾਂ ਨੂੰ ਹੁਕਮ ਦਿੱਤਾ ਕਿ ਕੋਟ ਕਪੂਰੇ ਵਲ ਚਲੋ ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣੇ ਸਾਜ਼ੋ ਸਮਾਨ ਤੇ ਜਥੇ ਸਮੇਤ ਕੋਟ ਕਪੂਰੇ ਦੇ ਕਿਲੇ ਤੋਂ ਕੁਝ ਹਟਮੇ ਸਾਫ ਜਗਾ ਉਤੇ ਸ੍ਰੀ ਗੁਰੂ ਜੀ ਨੇ ਹੁਕਮ ਕੀਤਾ ਕਿ ਤੰਬੂ ਲਾ ਦਿਤੇ ਜਾਣ। ਹੁਣ ਤੰਬੂ ਲਗ ਗਏ ਗੁਰੂ ਕਾ ਲੰਗਰ ਤਿਆਰ ਹੋਣ ਲਗਾ। ਜਦੋਂ ਲੰਗਰ ਵਿਚੋਂ ਧੂੰਆਂ ਦੂਰ ਤਕ ਨਿਕਲਦਾ ਦਿਸਿਆ ਤਾਂ ਕੋਟ ਕਪੂਰਾ ਨਿਵਾਸੀ ਲੋਕਾਂ ਨੇ ਕਿਆਸ ਕੀਤਾ ਕਿ ਕਿਸੇ ਸ਼ਾਹੀ ਫੌਜ ਦਾ ਡੇਰਾ ਹੋਵੇਗਾ। ਹੁਣ ਹੋਰ ਤਾਂ ਕੋਈ ਡਰ ਦਾ ਨਾ ਜਾਵੇ । ਪਰ ਚੌਧਰੀ ਕਪੂਰਾ ਗਿਆ ਜੋ ੮੪ ਪਿੰਡਾ ਦਾ ਮਾਲਕ ਸੀ ਜੋ ਆਏ ਗਏ ਮੁਗਲਾਂ ਦੀ ਸੇਵਾ ਬੜੇ ਪ੍ਰੇਮ ਨਾਲ ਕਰਿਆ ਕਰਦਾ ਸੀ ਕਿਉਂਕਿ ਮੁਗਲਾਂ ਦਾ ਝੋਲੀ ਚੁਕ ਪਕਾ ਸੀ ਇਸ ਵਾਸਤੇ ਹੀ ਮੁਗਲ ਹਕੂਮਤ ਨੇ ਇਸ ਨੂੰ ਜੰਗਲ ਦਾ ਸ਼ੇਰ ਦਾ ਖਤਾਬ ਦਿਤਾ ਸੀ। ਇਸੇ ਖਿਆਲ ਵਿਚ ਆਪਣਿਆਂ ਆਦਮੀਆਂ ਸਮੇਤ ਘੋੜੇ ਤੇ ਸਵਾਰ ਹੋਕੇ ਜਿਥੇ ਲੰਗਰ ਪਕ ਰਿਹਾ ਸੀ ਪੁਜਾ ਕੋਲ ਜਾਕੇ ਚੌਧਰੀ ਨੇ ਪੁਛਿਆ, ਕਿਸਦਾ ਡੇਰਾ ਹੈ।

ਸ੍ਰੀ ਕਲਗੀਧਰ ਸਾਹਿਬ ਜੀ ਦਾ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗਦੀ ਦੇ ਮਾਲਕ ਅਤੇ ਅਨੰਦ ਪੁਰ ਦੇ ਵਾਸੀ ਹਨ ।

ਕਪੂਰਾ—ਸਿੰਘ ਏਧਰ ਕਿਵੇਂ ਆਏ ਹਨ।

ਮਾਨ ਸਿੰਘ—ਮਨ ਦੀ ਮੌਜ ਨਾਲ ।

ਕਪੂਰਾ—ਸੁਣਨ ਵਿਚ ਆਇਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਛੇ ਮੁਗਲ ਫੌਜਾਂ ਲਗੀਆਂ ਹੋਈਆਂ ਹਨ।

ਮਾਨ ਸਿੰਘ—ਆਪ ਏਸੇ ਹੀ ਸਮਝੇ ਲਵੋ।

ਕਪੂਰਾ—ਮੈਨੂੰ ਦਰਸ਼ਨਾਂ ਦੀ ਅਭਿਲਾਖਾ ਹੈ। ਕੀ ਦਰਸ਼ਨ ਹੋ ਸਕਦੇ ਹਨ?

ਮਾਨ ਸਿੰਘ—ਜ਼ਰੂਰ ਉਹ ਤਾਂ ਬਹੁਤ ਦਿਆਲੂ ਹਨ ।

ਕਪੂਰਾ—ਫਿਰ ਕਰਾਓ ਦਰਸ਼ਨ।

ਹੁਣ ਭਾਈ ਮਾਨ ਸਿੰਘ, ਚੋਧਰੀ ਕਪੂਰੇ ਨੂੰ ਸ੍ਰੀ ਗੁਰੂ ਜੀ ਦੇ ਪਾਸ ਲੈ ਗਿਆ।। ਚੌਧਰੀ ਕਪੂਰਾ ਸ੍ਰੀ ਦਸਮੇਸ਼ ਜੀ ਨੂੰ ਨਮਸਕਾਰ ਕਰਕੇ ਬੈਠ ਗਿਆ ਅਤੇ ਥੋੜੀ ਗਲ ਬਾਤ ਕਰ ਕੇ ਆਪਣੇ ਕਿਲੇ ਨੂੰ ਚਲਿਆ ਗਿਆ।। ਫਿਰ ਕਪੂਰਾ ਇਕ ਘੋੜਾ ਤੇ ਸਵਾ ਸੌ ਰੁਪਿਆ ਨਕਦ ਲੈ ਕੇ ਸ੍ਰੀ ਗੁਰੂ ਜੀ ਦੇ ਹਾਜ਼ਰ ਹੋਇਆ ਅਰ ਘੋੜਾ ਤੇ ਰੁਪਿਆ ਭੇਟ ਕਰਕੇ ਬਚਨ ਬਿਲਾਸ ਕਰਦਾ ਰਿਹਾ।। ਇਤਨੇ ਨੂੰ ਪਿੰਡ ਦੇ ਲੋਕ ਬਹੁਤ ਪ੍ਰੇਮ ਭਾਵ ਨਾਲ ਦੁਧ ਘਿਓ ਬਸਤ੍ਰ ਗੁੜ ਰੁਪੈ ਅਨ ਆਦਿਕ ਲੈ ਕੇ ਦਰਸਨਾਂ ਨੂੰ ਆਇ । ਭਾਵ ਖਾਲੀ ਹਥੀਂ ਕੋਈ ਭੀ ਨਾ ਆਇਆ।। ਏਧਰ ਸ੍ਰੀ ਗੁਰੂ ਜੀ ਵੀ ਸਭ ਦੀਆਂ ਮੁਰਾਦਾਂ ਪੂਰੀਆਂ ਕਰਕੇ

Digitized by Panjab Digital Library | www.panjabdigilib.org

ਸਾਰਿਆਂ ਨੂੰ ਨਿਹਾਲ ਕਰਕੇ ਤੋਰਦੇ ॥ ਅਤੇ ਜਿਮੇ ਜਿਮੇ ਸੰਗਤਾਂ ਸੁਣ ਦੀਆਂ ਤਿਮੇ ਤਿਮੇ ਸੰਗਤਾਂ ਦੀ ਗਹਿਮਾ ਗਹਿਮ ਹੋਣ ਲਗੀ। ਮਾਲਵੇ ਦੀ ਰੇਤਲੀ ਤੇ ਪਹਾੜੀਲੀ ਧਰਤੀ ਚੋਜੀ ਪ੍ਰੀਤਮ ਰੇਤਾਂ ਦੇ ਟਿਬੇ ਉਤੇ ਬੈਠੇ ਸਭ ਸੰਗਤਾਂ ਨੂੰ ਪ੍ਰੇਮ ਭਿੰਨੇ ਬਚਨਾਂ ਨਾਲ ਨਿਹਾਲ ਕਰਦੇ ਹੋਏ ਇਓਂ ਜਾਪਦੇ ਸਨ ਜਿਮੇ ਅਨੰਦ ਪੁਰ ਦੀ ਠੇਹੀ ਤੇ ਹੀ ਬੈਠੇ ਸਨ ॥*ਲਿਖਿਆ ਹੈ ਕਿ ਭਾਈ ਦਯਾ ਸਿੰਘ ਜੀ ਨੇ ਕਪੂਰੇ ਚੋਧਰੀ ਨਾਲ ਬਚਨ ਕੀਤੇ ਸਨ। ਇਹ ਬਚਨ ਭਾਈ ਮਾਨ ਸਿੰਘ ਜੀ ਨੇ ਕੀਤੇ ਸਨ ॥ ਕਿ ਚੌਧਰੀ ਕਪੂਰਾ ਸ੍ਰੀ ਦਸਮੇਸ਼ ਜੀ ਦੇ ਹਜ਼ੂਰੀ ਵਿਚ ਬੈਠਿਆ ਸੀ। ਭਾਈ ਮਾਨ ਸਿੰਘ ਜੀ ਨੇ ਬਚਨ ਕੀਤਾ। ਚੌਧਰੀ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਿਛੇ ਸਰਹੰਦ ਸੂਬੇ ਵਲੋਂ ਫ਼ੌਜ ਆ ਰਹੀ ਹੈ ਉਸ ਨਾਲ ਸ੍ਰੀ ਕਲਗੀਧਰ ਪਿਤਾ ਜੰਗ ਕਰਨਾ ਚੋਹਦੇ ਹਨ ਇਸ ਵਾਸਤੇ ਆਪਦੇ ਕਿਲੇ ਦੀ ਲੋੜ ਹੈ ॥ ਤੇ ਕਿਲਾ ਦੇਵੋ ਤਾਂ ਤੇ ਕਿਲੇ ਦੀ ਆੜ ਵਿਚ ਜੰਗ ਕਰਨਾ ਬਹੁਤ ਅਸਾਨ ਅਤੇ ਖੁਲੇ ਮਦਾਨ ਵਿਚ ਜ਼ਰਾ ਮੁਸ਼ਕਲ ਪੇਸ਼ ਔਂਦੀ ਹੈ। ।ਇਸ ਕਰਕੇ ਕਿਲਾ ਜ਼ਰੂਰ ਦੇਵੋ ।

ਚੌਧਰੀ ਕਪੂਰਾ ਮੁਗਲਾਂ ਦਾ ਵਫਾਦਾਰ ਹੋਣ ਤੇ ਮਾਇਆ ਨੇ ਉਸਦੀ ਮਤ ਮਾਰੀ ਹੋਈ ਸੀ। ਉਹ ਆਪਣਾ ਰਾਜ ਰਖਣ ਦੀ ਲਾਲਸਾ ਵਿੱਚ ਆਪਣੇ ਬਿਗਾਨੇ ਤੇ ਬਿਗਾਨੇ ਆਪਣੇ (ਮੁਗਲ ਪ੍ਰਦੇਸੀਆਂ) ਮਿਤ੍ਰ ਮੰਨ ਕੇ ਮੁਲਕ ਨਾਲ ਪੂਰੀ ੨ ਬੇਈਮਾਨੀ ਕਰ ਰਿਹਾ ਸੀ। ਹੁਣ ਜਦੋਂ ਭਾਈ ਮਾਨ ਸਿੰਘ ਜੀ ਤੋਂ ਸ੍ਰੀ ਗੁਰੂ ਜੀ ਦਾ ਹੁਕਮ ਸੁਣਿਆ। ਤਾਂ ਉਸ ਦੇ ਦੰਦ ਜੁੜ ਗਏ ਅਤੇ ਫੇਰ ਕੁਝ ਭਮਕਿਆ ਹੋਇਆ ਅਲ ਪਲਲ ਬੋਲਦਾ ਹੋਇਆ ਬੋਲਿਆ 'ਕੀ ਦਸਾਂ ਇਹ ਬਹੁਤ ਔਖੀ ਜਿਹੀ ਬਾਤ ਹੈ। ਕਿਉਂਕਿ ਮੁਗਲ ਬਾਦਸ਼ਾਹ ਬੜਾ ਹੀ ਸਖ਼ਤ ਸੁਭਾ ਦਾ ਹੈ। ਜੇ ਉਸ ਨੂੰ ਪਤਾ ਲਗ ਗਿਆ ਤਾਂ ਉਹ ਮੈਨੂੰ ਸੁਆਹ ਦਾ ਤੋਬਰਾ ਦੇ ਕੇ ਫਾਹੇ ਲਗਾ ਦੇਊ। ਸ਼ਹਿਰ ਨੂੰ ਉਜਾੜ ਦੇਊ ਕਿਲਾ ਤਾਂ ਚਕ ਕੇ ਹੀ ਲੈ ਜਾਏਗਾ। ਮੁਗਲ ਲਸ਼ਕਰ ਨਾਲ ਟਕਰ ॥ ਰਾਮ। ਰਾਮ। ਉਹਨਾਂ ਨਾਲ ਟਕਰ ਤਾਂ ਪ੍ਰਮਾਤਮਾ ਵੀ ਨਹੀਂ ਲੈ ਸਕਦਾ ਉਹ ਤਾਂ ਦ੍ਰਿਆ ਦੀ ਕਾਂਗ ਵਾਂਗ ਔਂਦੇ ਹਨ।

ਉਸ ਨੂੰ ਕੌਣ ਰੋਕ ਸਕਦਾ ਹੈ ਕਿਲੇ ਦੀ ਵਜਾਇ ਹੋਰ ਕੋਈ ਪਿੰਡ ਲੈਣਾ ਹੋਵੇ ਤਾਂ ਮੈਂ ਦੇ ਸਕਦਾ ਹਾਂ ਕਿਉਂਕਿ ਮੈਂ ਚੋਰਾਸੀ ਪਿੰਡਾਂ ਦਾ ਮਾਲਕ ਹਾਂ, ਜੇ ਆਖੋ ਤਾਂ ਮੁਗਲ ਸਰਕਾਰ ਤੇ ਤੁਸਾਂ ਦਾ ਸਮਝੌਤਾ ਕਰਾ ਸਕਦਾ ਹਾਂ ਅਰ ਮੁਗਲਾਂ ਨਾਲ ਲੜਨਾ ਤੇ ਆਪ ਨੂੰ ਕਿਲਾ ਦੇਣਾ ਤਾਂ ਸਮਝੋ ਮੌਤ ਨੂੰ ਨਿਉਂਦਾ ਦੇਣਾ ਹੈ। ਮਤਿ ਮਾਰੀ ਕਪੂਰੇ ਦੇ ਇਹ ਬਚਨ ਸੁਣਕੇ ਸ੍ਰੀ ਗੁਰੂ ਜੀ ਮੁਸਕਰਾਉਦੇ ਰਹੇ ਅਤੇ ਭਾਈ ਮਾਨ ਸਿੰਘ ਜੀ ਨੇ ਫੇਰ ਕਿਹਾ—ਚੌਧਰੀ ਸਾਹਿਬ ਇਹ ਜੋ ਝੂਠੀ ਮਾਇਆ ਇਸ ਤੇ ਮਾਣ ਨਹੀਂ ਕਰਨਾ ਚਾਹੀਦਾ। ਖਜ਼ਾਨੇ ਫੌਜਾਂ ਤੇ ਕਿਲੇ ਸਭ ਪਰਮਾਤਮਾ ਦੇ ਹਨ ਜੇ ਉਹੋ ਵਾਹਿਗੁਰੂ ਲੈਣੇ ਚਾਹੇ ਤਾਂ ਲੈ ਸਕਦਾ ਹੈ "ਖਿਨ ਮਹ ਰਾਉ ਰੰਕ ਕਰ ਹੀ ਰਾਉ ਰੰਕ ਕਰ ਡਾਰੇ" ਆਪ ਜ਼ਰੂਰੀ ਸ੍ਰੀ ਗੁਰੂ ਜੀ ਨੂੰ ਕਿਲਾ ਦੇਵੋ। ਤੂੰ ਜਸ ਦਾ ਭਾਗੀ ਬਣੇਗਾ। ਸ੍ਰਬ ਬਿਆਪੀ ਵਾਹਿਗੁਰੂ ਤੇਰੀ ਸਹਾਇਤਾ

---

*ਇਤਿਹਾਸ ਵਿਚ ਲਿਖਿਆ ਹੈ ਕਿ ਦੀਨੇ ਪਿੰਡ ਤੋਂ ਭਾਈ ਦਯਾ ਸਿੰਘ ਜੀ ਜ਼ਫਰ ਨਾਮੇ ਦੀ ਕਾਪੀ ਦੱਖਣ ਨੂੰ ਲੈ ਕੇ ਗਏ ਸਨ ਅਤੇ ਦੱਖਣ ਤੋਂ ਭਾਈ ਦਯਾ ਸਿੰਘ ਜੀ ਨੇ ਸਾਰਾ ਹਾਲ ਵੇਰਵੇ ਨਾਲ ਲਿਖਕੇ ਸ੍ਰੀ ਦਮਦਮਾ ਸਾਹਿਬ ਲੈ ਕੇ ਆਇ ਸੀ। ਕੋਟ ਕਪੂਰੇ ਭਾਈ ਦਯਾ ਸਿੰਘ ਜੀ ਸ੍ਰੀ ਦਸਮੇਸ਼ ਜੀ ਦੇ ਸਾਥ ਨਹੀਂ ਸੀ। ਲਿਖਾਰੀ ਨੂੰ ਭਲੇਖਾ ਲਗਾ ਹੈ।

Digitized by Panjab Digital Library | www.panjabdigilib.org

ਕਰੇਗਾ। "ਬਸ ਮਾਇਆ ਧਾਰੀ ਅਤਿ ਅੰਨਾ ਬੋਲਾ ਸਬਦੁ ਨਾ ਸੁਣੀ ਬਹੁ ਰੌਲ ਘਚੋਲਾ" ਮਾਰੀ ਮਤ ਵਾਲਾ ਕਪੂਰਾ ਉਲਟ ਹੀ ਬੋਲਿਆ। ਬੋਲਣਾ ਕੀ ਸੀ ਜਮਾਂ ਨੂੰ ਆਪ ਹੀ ਸਦਾ ਦੇਣਾ ਸੀ ਉਸ ਨੇ ਕੀ ਆਖਿਆ :

ਰਿਪੁ ਸਮ ਜਾਨ ਤੁਰਕ ਗ੍ਰਿਹਿ ਮੋਹ। ਮਾਰਹਿ ਫ਼ਾਸੀ ਦੇ ਕਰ ਕ੍ਰੋਹ।
ਸ੍ਰੀ ਗੁਰ ਤੁਮ ਤੋ ਬੇ-ਪਰਵਾਹ। ਬਿਗਰ ਲਹੇ ਤੁਰਕੇਸੁਰ ਸ਼ਾਹ।
ਲਾਖਹੁ ਨਰ ਮਾਰੇ ਮਰਵਾਏ। ਅਨੰਦ ਪੁਰ ਉਜਾਰ ਕਰ ਆਏ।
ਤਿਨ ਤੁਰਕਨ ਤੇ ਮੋਹਿ ਵਿਗਾਰਹੁ। ਜਿਮ ਉਜਰੇ ਤਿਮ ਮੋਹਿ ਉਜਾਰਹੁ।
ਭਲੀ ਸੀਖ ਅਬ ਦੇਵਨ ਲਾਗੇ। ਜਿਸ ਤੇ ਬਚਹਿ ਕਿਤ ਕੋ ਭਾਗੇ।
ਹਮ ਤੋਂ ਬੰਦੇ ਨਿਤ ਪਤਿਸਾਹੀ। ਬਿਗਰੇ ਮਾਰਹਿਝ ਦੇ ਫਾਹੀ।

(ਸੂਰਜ ਪਰਕਾਸ਼)

ਇਹ ਚੰਗੀ ਅਕਲ ਮੈਨੂੰ ਦੇਣ ਲਗੇ ਹੋ। ਮੁਗਲ ਬਾਦਸ਼ਾਹ ਬਹੁਤ ਵਡਾ ਹੈ। ਉਸ ਨੂੰ ਕਿਉਂ ਮੇਰੇ ਵਿਰੁਧ ਕਰਦੇ ਹੋ। ਉਹ ਤਾਂ ਮੈਨੂੰ ਫਾਂਸੀ ਲਾਕੇ ਤੇ ਮੂੰਹ ਵਿਚ ਸੁਵਾਹ ਦੇ ਕੇ ਮਾਰੇਗਾ। ਆਪ ਤਾਂ ਅਨੰਦ ਪੁਰ ਨੂੰ ਉਜਾੜ ਆਏ, ਹਜ਼ਾਰਾਂ ਜਵਾਨ ਮਾਰੇ ਤੇ ਮਰਵਾ ਦਿਤੇ। ਅਮਨ ਦੀ ਧਰਤੀ ਨੂੰ ਲਹੂ ਨਾਲ ਰੰਗਿਆ। ਹੁਣ ਮੈਨੂੰ ਕਹਿੰਦੇ ਹੋ ਕਿ ਮੈਂ ਭੀ ਉਜੜ ਜਾਵਾਂ। ਮਾਰਿਆ ਜਾਵਾ? ਮੈਂ ਤੁਹਾਡੇ ਇਸ ਇਸ਼ਾਰੇ ਤੇ ਨਹੀਂ ਲਗਣਾ। ਚੰਗਾ ਤਾਂ ਏਹੋ ਹੈ ਕਿ ਤੁਸੀਂ ਏਥੋਂ ਡੇਰਾ ਚੁਕ ਕੇ ਕਿਤੇ ਹੋਰ ਥੇ ਚਲੇ ਜਾਉ। ਮੈਂ ਤੁਸਾਂ ਨਾਲ ਨਾ ਦੁਸ਼ਮਨੀ ਕਰਨਾ ਚਾਹੁੰਦਾ ਹਾਂ ਤੇ ਨਾ ਮਿਤ੍ਰਤਾ ਰਖਣਾ ਚਾਹੁੰਦਾ ਹਾਂ। ਐਸੇ ਅਗਿਆਨੀ ਕਪੂਰੇ ਦੇ ਬਚਨ ਸੁਣ ਕੇ ਸ੍ਰੀ ਦਸਮੇਸ਼ ਜੀ ਨੇ ਬਚਨ ਕੀਤਾ, ਗੁਲਾਮੀ ਦੇ ਟੁਕੜੇ ਖਾ ਖਾ ਕੇ ਤੇਰੀ ਬੁਧ ਭ੍ਰਿਸ਼ਟ ਹੋ ਚੁਕੀ ਹੈ। ਜਾਹ ਜਿਸ ਮੌਤ ਕੋਲੋਂ ਡਰਦਾ ਹੈਂ ਉਹੋ ਮੌਤ ਤੈਨੂੰ ਆਵੇਗੀ। ਤੇਰਾ ਕੋਟ ਉਜੜੇਗਾ। ਤੈਨੂੰ ਫਾਹੇ ਲਾਕੇ ਮਾਰਿਆ ਜਾਵੇਗਾ ਤੇ ਤੇਰੇ ਮੂੰਹ ਵਿਚ ਸੁਵਾਹ ਵੀ ਦਿਤੀ ਜਾਵੇਗੀ। ਅਸਾਂ ਦਾ ਰਾਖਾ ਖੁਦ ਵਾਹਿਗੁਰੂ ਅਕਾਲ ਪੁਰਖ ਹੈ। ਜੋ ਉਸ ਦਾ ਭਾਣਾ ਹੈ ਉਹ ਕੁਝ ਹੋਕੇ ਰਹੇਗਾ। ਹੁਣ ਤੂੰ ਏਥੋਂ ਚਲਿਆ ਜਾਹ ਸ਼ੈਤ ਦੁਸ਼ਮਣ ਨਾ ਆ ਜਾਏ। ਜੋ ਤੇਰੀ ਮਰਾਦ ਹੈ। ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਇਓਂ ਲਿਖਦੇ ਹਨ।

ਅਨੰਦ ਪੁਰਾ ਬਸਹਿਗੋ ਸਦਾ। ਇਸ ਥਲ ਤੇ ਤੂੰ ਹੀ ਹੁਇ ਅਦਾ।
ਇਸ ਕੋ ਬੰਦਾ ਕਰਹਿ ਸੁਬੰਦ। ਦੇ ਫਾਸੀ ਤੁਹਿ ਕਰਹਿ ਨਿਕੰਦ।
ਤਤ ਅਤਤ ਨਾ ਮੂਰਖ ਜਾਨੈ। ਲਾਭ ਲੇਤ ਤੇ ਤੋਟਾ ਮਾਨੈ।
ਪਸ ਜਿਉ ਪੇਟ ਭਰਯੋ ਪਰ ਸੋਵੈ। ਅਪਜਸ ਜਗ ਪਰਲੋਕ ਭੀ ਖੋਵੈ।
ਮਤ ਅੰਧੇ ਜਾਨਯੋ ਕਛੁ ਨਾਹੀ। ਸਭ ਸੁਖ ਦੇਤ ਪਰਯੋ ਦੁਖ ਮਾਹੀ।
ਜਿਨ ਤੁਰਕਨ ਧਰ ਉਰ ਭਰਵਾਸਾ। ਤਿਨ ਤੇ ਹੀ ਤੁਝ ਹੋਇ ਬਿਨਾਸਾ।
ਖੇਹ ਤੋਬਰ ਬਦਨ ਚਢਾਇ। ਫਾਸੀ ਦੇ ਮਾਰਹਿ ਸਹਿ ਸਾਇ।

ਇਤ ਆਦਿ ਬਚਨ ਸੁਣ ਕੇ ਕਪੂਰਾ ਗਮ ਦੇ ਸਮੁੰਦਰ ਵਿਚ ਗੋਤੇ ਖਾਂਦਾ ਅਤੇ ਕਰਣੀ ਤੇ ਸ਼ਰਮਿੰਦਾ

Digitized by Panjab Digital Library | www.panjabdigilib.org

ਹੋਇਆ ਲਗਾ ਧਰਤੀ ਪੁਟਨ। ਬਸ ਹੁਣ ਕੀ ਤੀਰ ਛੁਟੇ ਹਥ ਨਹੀਂ ਔਂਦੇ। ਕਪੂਰੇ ਦੇ ਪਾਸ ਕਪੂਰੇ ਦਾ ਛੋਟਾ ਪੁਤ੍ਰ ਤੇ ਕੁਝ ਹੋਰ ਬੰਦੇ ਸਨ। ਜੋ ਸਚ ਮੁਚ ਹੀ ਮੰਨਦੇ ਸਨ ਕਿ "ਸਾਧ ਬਚਨ ਅਟਲਾਧਾ।" ਤੇ ਚੌਧਰੀ ਨੇ ਆਪ ਦੇ ਬਚਨਾਂ ਨਾਲ ਹੀ ਆਪ ਦੇ ਘਰ ਨੂੰ ਗਾਲ ਲਿਆ। ਜਗਤ ਗੁਰੂ (ਜੀ) ਨਾਲ ਇਹ ਐਸੇ ਬਚਨ ਨਹੀਂ ਸਨ ਕਰਨੇ। ਇਹ ਬਹੁਤ ਅਫਸੋਸ ਵਿੱਚ ਆਇ ਹੋਏ ਪਛਤਾਵਾ ਕਰਨ ਲਗੇ ਅਤੇ ਕਪੂਰਾ ਉਠ ਕੇ ਆਪਣੇ ਕਿਲੇ ਨੂੰ ਚਲਿਆ ਗਿਆ। ਅਤੇ ਚੌਧਰੀ ਕਪੂਰੇ ਦੇ ਕੁਝ ਸਿਆਣੇ ਸਲਾਹ ਕਾਰ ਸਜਣ ਤੇ ਪੁਤ੍ਰਾਂ ਨੇ ਸਭ ਕੁਝ ਦਸ ਕੇ ਸਮਝਾਇਆ ਕਿ ਸ੍ਰੀ ਗੁਰੂ ਜੀ ਤੋਂ ਜਾਕੇ ਭੁਲ ਬਖਸ਼ਾਵੇ ਤੇ ਸੇਵਾ ਕਰਕੇ ਜਨਮ ਸਵਾਰੇ ਕਿਉਂਕਿ ਜੋ ਸ੍ਰੀ ਦਸਮੇਸ਼ ਜੀ ਨੇ ਬਚਨ ਕੀਤੇ ਹਨ ਉਹੋ ਜ਼ਰੂਰ ਪੂਰੇ ਹੋਣਗੇ। ਕਪੂਰਾ ਕਰਮਾਂ ਦਾ ਮਾਰਿਆ ਹੋਇਆ ਕਿਸੇ ਦੇ ਭੀ ਆਖੇ ਨਾ ਲਗਾ ਨਾ ਹੀ ਸ੍ਰੀ ਗੁਰੂ ਜੀ ਦੇ ਪਾਸ ਆਇਆ।

ਜਿਥੇ ਸ੍ਰੀ ਦਸਮੇਸ਼ ਜੀ ਕੁਝ ਸਮਾਂ ਠਹਿਰ ਕੇ ਮੁਕਤਸਰ ਵਲ ਗਏ ਸਨ ਉਸ ਜਗ੍ਹਾ ਮਹਾਰਾਜਾ ਫਰੀਦ ਕੋਟ ਨੇ ਅਤਿ ਹੀ ਸੁੰਦਰ ਇਮਾਰਤ ਬਣਾਈ ਹੈ, ਨਾਲ ਹੀ ਇਕ ਤਾਲ ਜੋ ਬੜਾ ਹੀ ਸੁਹਾਵਣਾ ਬਣਾਇਆ ਹੈ। ਸਰਕਾਰ ਵਲੋਂ ਜ਼ਮੀਨ ੧੨੬ ਘੁਮਾਂ ਹੈ।

ਦੂਜਾ ਰੇਲਵੇ ਸਟੇਸ਼ਨ ਦੇ ਨਾਲ ਹੀ ਸੁਰਗਾ ਪੁਰੀ ਕਰਕੇ ਪ੍ਰਸਿਧ ਹੈ।

ਤੀਜਾ, ਗੁਰੂ ਢਾਬ ਕਰਕੇ ਪ੍ਰਗਟ ਹੈ।

**ਗੁ: ਸੁਰਗਾ ਪੁਰੀ ਕੋਟ ਕਪੂਰਾ:—** ਅਰਸ਼ਾਂ ਕੁਰਸ਼ਾਂ ਦੇ ਮਾਲਿਕ ਚੋਜੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦ ਆਪਣੇ ਚੋਜਾਂ ਦੁਆਰਾ ਮਾਲਵੇ ਦੇਸ਼ ਦੀ ਧਰਤੀ ਨੂੰ ਆਪਣੇ ਪਵਿਤਰ ਚਰਨਾਂ ਦੀ ਛੋਹ ਬਖਸ਼ਕੇ ਪਾਵਨ ਕਰ ਰਹੇ ਸਨ, ਆਪ ਜੀ ਕੋਟ ਕਪੂਰੇ, ਕਪੂਰੇ, ਪਾਸ ਪੁਜੇ। ਸ੍ਰੀ ਹਜ਼ੂਰ ਦੇ ਕਿਲਾ ਮੰਗਣ ਪਰ ਜਦ ਕਪੂਰੇ ਨੇ ਨਾਹ ਕਰ ਦਿਤੀ ਤਾਂ ਆਪ ਜੀ ਨੇ ਸਮੇਤ ਖਾਲਸਾ ਫੌਜ ਦੇ ਖਤਰਾਣੇ ਦੀ ਢਾਬ ਵਲ ਜਾਣ ਦੇ ਤਿਆਰੇ ਵਜਾਏ। ਉਸ ਸਮੇਂ ਸਤਿ ਗੁਰੂ ਜੀ ਦੇ ਉਦਾਲੇ ਪ੍ਰਕਰਮਾਂ ਕਰਕੇ ਚਰਨਾਂ ਤੇ ਢਹਿ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਦੀਨਾ ਬੰਧੂ, ਦੀਨਾ ਨਾਥ ਆਪ ਇਸ ਜਗਾ ਬਿਸਰਾਮ ਕਰੋ ਇਹ ਚਾਰ ਚਕ ਆਪ ਦੀ ਜਾਗੀਰ ਪਈ ਹੈ। ਅਸੀਂ ਆਪ ਦੀ ਸੇਵਾ ਵਿੱਚ ਹਾਜ਼ਰ ਹਾਂ, ਅੰਤਰ ਯਾਮੀ ਸਤਿਗੁਰਾਂ ਪੁਛਿਆ, ਤੁਸੀਂ ਕੌਣ ਹੋ, ਤਾਂ ਅਗੋਂ ਉਤਰ ਮਿਲਿਆ, ਅਤੇ ਨਿਮਰਤਾ ਸਹਿੱਤ ਬੇਨਤੀ ਕੀਤੀ ਕਿ ਮਿਹਰਾਂ ਦੇ ਸਾਈ ਅਸੀਂ ਸੁਰਗਾ ਪੁਰੀ ਦੇ ਦੇਵਤੇ ਹਾਂ, ਸਤਿ ਗੁਰਾਂ ਫਿਰ ਪੁਛਿਆਂ ਆਪ ਦਾ ਔਣਾ ਕਿਵੇਂ ਹੋਇਆ। ਫਿਰ ਉੱਤਰ ਦਿਤਾ ਹੇ ਉਪਕਾਰੀ ਦਾਤਾ ਜੀ, ਜਦ ਆਪ ਜੀ ਸ੍ਰੀ ਅਨੰਦ ਪੁਰ ਸਾਹਿਬ ਵਿਚੋਂ ਜੰਗ ਕਰਦੇ ਹੋਇ ਸਰਸਾ ਨਦੀ ਤੇ ਪਹੁੰਚੇ, ਓਥੋਂ ਚਮਕੌਰ ਦੀ ਗੜ੍ਹੀ, ਮਾਛੀ ਵਾੜੇ, ਰਾਏ ਕੋਟ ਅਤੇ ਦੀਨੇ ਪੁਜੇ, ਅਸੀਂ ਉਸ ਵਕਤ ਤੋਂ ਹੀ ਆਪ ਦੀ ਸੇਵਾ ਵਿਚ ਹਾਂ, ਪਰ ਅਸੀਂ ਕਮਜ਼ੋਰੀ ਦੇ ਸਦਕਾ ਜੁਧ ਨਹੀਂ ਕਰ ਸਕੇ ਸੋ ਹੁਣ ਜਦ ਆਪ ਨੂੰ ਕਪੂਰੇ ਨੇ ਕਿਲੇ ਤੋਂ ਜਵਾਬ ਦੇ ਦਿਤਾ ਤਾਂ ਅਸੀਂ ਆਪ ਦੀ ਸੇਵਾ ਵਿੱਚ ਹਜ਼ਾਰ ਹਾਂ, ਆਪ ਬਿਰਾਜਮਾਨ ਹੋਵੇ ਅਤੇ ਬਿਸਰਾਮ ਕਰੋ ਅਸੀਂ ਆਪ ਦੇ ਗਿਰਦ ਕਿਲੇ ਦੀ ਸ਼ਕਲ ਵਿੱਚ ਚੋਹੀ ਪਾਸੀ ਪਹਿਰਾ ਦਿਆਂਗੇ। ਸ੍ਰੀ ਗੁਰੂ ਕਲਗੀਧਰ ਬਹੁਤ ਪ੍ਰਸੰਨ ਹੋਏ ਅਤੇ ਕਿਹਾ ਆਪ ਦੀ ਸੇਵਾ ਪ੍ਰਵਾਨ ਹੋਈ ਪਰ ਜਿਮੇ ਆਪ ਕੁਝ ਸਮਾਂ ਗੁਪਤ ਰਹਿਕੇ ਪ੍ਰਗਟ ਹੋਇ ਹੋ। ਇਸ ਤਰ੍ਹਾਂ ਹੀ

Digitized by Panjab Digital Library | www.panjabdigilib.org

ਇਹ ਜਗਾ ਕੁਝ ਚਿਰ ਪਾਕੇ ਪ੍ਰਗਟ ਹੋਵੇਗੀ। ਅਸੀਂ ਤਾਂ ਜਗਤ ਦਾ ਤਮਾਸ਼ਾ ਦੇਖਣ ਆਏ ਹਾਂ, ਆਪ ਜੀ ਦੇਵ ਮੰਡਲ ਨੂੰ ਛਡ ਕੇ ਸ੍ਰੀ ਗੁਰੂ ਨਾਨਕ ਪੁਰੀ ਦੇ ਵਾਸੀ ਹੋ ਕੇ ਸਿੰਘ ਰੂਪ ਧਾਰ ਕੇ ਮੁਕਤ ਭੁਗਤ ਦੇ ਅਧਕਾਰੀ ਬਣੋ ਤਦ ਸਤਿ ਗੁਰਾਂ ਕਿਹਾ ਆਪ ਦੀ ਸੇਵਾ ਥਾਏ ਪਈ, ਇਹ ਜਗਾ ਆਪ ਦੀ ਯਾਦ ਵਿਚ ਕੁਝ ਸਮੇ ਮਗਰੋਂ ਸੁਰਗਾ ਪੁਰੀ ਕਰ ਕੇ ਪ੍ਰਸਿੱਧ ਹੋਵੇਗੀ।

ਸੰਨ ੧੯੨੧ ਵਿੱਚ ਜਦ ਅਕਾਲੀ ਲਹਿਰ ਗੁਰਦੁਆਰਿਆਂ ਦੇ ਪ੍ਰਬੰਧਕਾਂ ਦਾ ਸੁਧਾਰ ਕਰਨ ਲਈ ਚਲੀ ਤਾਂ ਸ੍ਰੀ ਮੁਕਤਸਰ ਸਾਹਿਬ ਵਿਚ ਵੀ ਅਕਾਲੀ ਮੋਰਚਾ ਲਗ ਗਿਆ ਤਾਂ ਉਸ ਸਮੇਂ ਇਸ ਇਲਾਕੇ ਦੇ ਅਕਾਲੀ ਸਿੰਘਾਂ ਨੇ ਤਿੰਨ ਕਨਾਲ ਜ਼ਮੀਨ ਮੁਲ ਲੈ ਕੇ ਗੁਰਦੁਆਰਾ ਸਾਹਿਬ ਦੀ ਨੀਂਹ ਰਖੀ। ਇਸ ਸੇਵਾ ਦਾ ਸਿਹਰਾ ਜਥੇਦਾਰ ਦਲੌਰਾ ਸਿੰਘ ਮਤਾ ਦੇ ਸਿਰ ਹੈ, ਅਤੇ ਖੂਹੀ ਦੀ ਸੇਵਾ ਜੱਥੇਦਾਰ ਸ਼ੇਰ ਸਿੰਘ ਨੇ ਪ੍ਰੇਰਕੇ ਇਲਾਕੇ ਦੀਆਂ ਸੰਗਤਾਂ ਤੋਂ ਕਰਾਈ। ਸੰਨ ੧੯੪੭ ਵਿਚ ਜਥੇਦਾਰ ਦਿਆਲ ਸਿੰਘ ਪ੍ਰਵਾਨਾ ਜੀ ਪੰਜਗ੍ਰਾਈ ਨੇ ਮਹਾਰਾਜਾ ਹਰਇੰਦਰ ਸਿੰਘ ਨੂੰ ਪ੍ਰੇਰਕੇ ਇਕ ਹਾਤਾ ੮੦, ੯੦ਹਜ਼ਾਰ ਰੁਪਈਆ ਗੁਰਦੁਆਰਾ ਦੇ ਨਾਉਂ ਕਰਾਇਆ, ਗੁਰਦੁਆਰਾ ਦੁਕਾਨਾਂ ਅਤੇ ਮਕਾਨ ਬਣਾਏ ਹਨ। ਹਰ ਸੰਗਰਾਂਦ ਭਾਰੀ ਜੋੜ ਮੇਲਾ ਹੁੰਦਾ ਹੈ। ਰੇਲਵੇ ਸਟੇਸ਼ਨ ਦੇ ਨਾਲ ਹੀ ਮੁਕਤਸਰ ਜਾਣ ਵਾਲੀ ਸੜਕ ਦੇ ਉਤੇ ਹੈ ਓਦੋਂ ਤੋਂ ਇਹ ਜਗਾ ਸੁਰਗਾ ਪੁਰੀ ਕਰਕੇ ਪ੍ਰਸਿੱਧ ਹੈ। ਵਸਤੀ ਦਾ ਨਾਓਂ ਵੀ ਸੁਰਗਾ ਪੁਰੀ ਸਦਿਆ ਜਾਂਦਾ ਹੈ ਇਤਹਾਸਿਕ ਖੋਜ ਦੇ ਘਾਟੇ ਸਦਕਾ ਹੁਣ ਤੱਕ ਇਸ ਜਗਾ ਨੂੰ ਇਤਿਹਾਸ ਵਿਚ ਜਗ੍ਹਾ ਨਹੀਂ ਮਿਲ ਸਕੀ।

**ਕੋਟ ਕਪੂਰੇ ਤੋਂ ਢਿਲਵੀ ਪੁਜਣਾ:—** ਹੰਕਾਰੀ ਕਪੂਰੇ ਦਾ ਅਗਿਆਨਤਾਈ ਭਰਿਆ ਸਲੂਕ ਦੇਖ ਕੇ, ਸੁਰਗਾ ਪੁਰੀ ਹੁੰਦੇ ਹੋਇ ਢਿਲਵੀ ਦਰਸ਼ਨ ਦੇਣੇ। ਉਸ ਪਿੰਡ ਵਿਚ* ਪ੍ਰਿਥੀ ਚੰਦ ਦੀ ਉਲਾਦ ਵਿਚੋਂ ਭਾਈ ਕੋਲ ਸੀ। ਉਸ ਨੇ ਸੁਣਦੇ ਸਾਰ ਹੀ ਆਪ ਦੇ ਪੁਤ੍ਰ ਪੋਤ੍ਰੇ ਨਾਲ ਲੈਕੇ ਸ੍ਰੀ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਸ੍ਰੀ ਦਸਮੇਸ਼ ਜੀ ਨੇ ਗੁਰੂ ਬੰਸ ਹੋਣ ਤੇ ਬੜੇ ਹੀ ਅਧਕ ਪ੍ਰੇਮ ਨਾਲ ਕੋਲ ਬਠਾਕੇ ਸੁਖ ਸਾਂਦ ਪੁਛੀ। ਉਸ ਵੇਲੇ ਕੌਲ ਜੀ ਦੇ ਦੱਭ (ਕੁਸਾ) ਦੇ ਕੜੇ ਤੇ ਛਲੇ ਪਾਏ ਹੋਏ ਸਨ ਜਿਨ੍ਹਾਂ ਨੂੰ ਦੇਖ ਕੇ ਸ੍ਰੀ ਗੁਰੂ ਜੀ ਨੇ ਪੁਛਿਆ। ਭਾਈ ਸਾਹਿਬ ਜੀ ਇਹ ਕੀ ਹਥਾਂ ਤੇ ਉਂਗਲਾਂ ਵਿਚ ਪਾਇਆ ਹੈ।

ਜੀ ਹਜ਼ੂਰ ਵਡਿਆਂ ਦੇ ਨਮਿਤ ਪੰਡਤਾਂ ਨੂੰ ਸਰਾਧ ਕਰ ਰਹੇ ਸੀ ਆਪ ਜੀ ਦਾ ਆਗਮ ਸੁਣ ਕੇ ਛੇਤੀ ਵਿਚ ਏਸੇ ਤਰਾਂ ਹੀ ਆ ਗਿਆ। ਹੁਣ ਆਪ ਜੀ ਘਰ ਦਰਸ਼ਨ ਦੇ ਕੇ ਆਪ ਦੇ ਪ੍ਰਵਾਰ ਤੇ ਘਰ ਨੂੰ ਨਿਹਾਲ ਕਰੋ ਨਾਲੇ ਪ੍ਰਸਾਦ ਛਕੋ।

ਪ੍ਰੇਮ ਕ੍ਰਿਪਾਲੂ ਪਿਤਾ ਜੀ ਨੇ ਫੁਰਮਾਇਆ ਭਾਈ ਪ੍ਰੇਮੀ ਸ੍ਰੀ ਗੁਰੂ ਰਾਮਦਾਸ ਜੀ ਦੀ ਵੰਸ਼ ਵਿਚੋਂ ਹੋਕੇ ਵੀ ਝੂਠੇ ਭਰਮਾਂ ਵਿਚ ਫਸੇ ਫਿਰਦੇ ਹੋ। ਠੀਕ ਸਿਆਣਿਆਂ ਦਾ ਕਥਨ ਹੈ ਕਿ ਦੀਵੇ ਬਲੇ ਹਨੇਰਾ

---

*ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤੁਰਕਾਂ ਨਾਲ ਜੰਗ ਹੋਇਆ ਸੀ ਉਦੋਂ ਸ੍ਰੀ ਅੰਮ੍ਰਿਤਸਰ ਤੇ ਕਰਤਾਰ ਪੁਰ ਤੋਂ ਪ੍ਰਿਥੀ ਚੰਦ ਦੀ ਉਲਾਦ ਡਰਦੀ ਹੋਈ ਮਾਲਵੇ ਵਿਚ ਆ ਬਸੀ ਅਤੇ ਏਥੇ ਆਕੇ ਪੂਜਾ ਪਾਠ ਵੀ ਕੁਝ ਕਰਾਇਆ ਕਰਦੇ ਸਨ।

Digitized by Panjab Digital Library | www.panjabdigilib.org

ਹੁੰਦਾ ਹੈ। ਭਾਈ ਕਰਮਾਂ ਵਾਲਿਆਂ ਗੁਰੂ ਘਰ ਵਿਚ ਸਰਾਧ ਪਤਲ ਦੀ ਕਿਰਿਆ ਕਰਮ ਤਾਂ ਮਨਾਹੀ ਹਨ। ਇਹ ਕਰਮ ਕਰਨੇ ਤਾਂ ਜਹਾਲਤ ਦੀ ਨਿਸ਼ਾਨੀ ਹੈ। ਬਾਕੀ ਰਹੀ ਗਲ ਕਿ ਜੀਊਂਦੇ ਪਿਤਾ ਨੂੰ ਤਾਂ ਨਾ ਪ੍ਰਿਥੀ ਚੰਦ ਨੇ ਮੰਨਿਆਂ ਤੇ ਨਾ ਹੀ ਪ੍ਰਿਥੀ ਚੰਦ ਦੀ ਉਲਾਦ ਨੇ ਪ੍ਰਿਥੀ ਚੰਦ ਦਾ ਸਤਕਾਰ ਕੀਤਾ। ਸਰੀਰ ਛਡ ਜਾਣ ਪਿਛੋਂ ਉਹਨਾਂ ਦੇ ਨਮਿਤ ਕੁਝ ਪਤਲ ਕਿਰਿਆ ਕਰਾਉਣ ਦਾ ਕੀ ਲਾਭ "ਜੀਵਤ ਪਿਤ੍ਰ ਨਾ ਮਾਨੈ ਕੋਇ ਮੂਏ ਸਰਾਧ ਕਰਾਹੀ।

ਆਪ ਐਸੇ ਸਿਆਣੇ ਹੋਕੇ ਏਨ੍ਹਾਂ ਭਰਮਾਂ ਵਿਚ ਕਿਉਂ ਫਸ ਗਏ ਹੋ।

ਇਤ ਆਦਿ ਬਚਨ ਸੁਣ ਕੇ ਕੌਲ ਜੀ ਨੇ ਕੁਝ ਥੋੜੇ ਜੇਹੇ ਉਤਰ ਪ੍ਰਸ਼ਨ ਕਰਕੇ ਸ਼ੰਕਾ ਦੂਰ ਕਰਾਏ। ਸ਼ੁਭ ਬਚਨਾਂ ਦਾ ਅਧਕਾਰੀ ਹੋਇਆ ਅਤੇ ਸਾਹਿਬਜ਼ਾਦੇ ਤੇ ਮਾਤਾ ਜੀ ਦੇ ਸ਼ਹੀਦ ਹੋਣ ਦੀ ਖਬਰ ਸੁਣ ਕੇ ਦਿਲ ਉਦਾਸਮਈ (ਬੈਰਾਗ) ਹਾਲਤ ਵਿਚ ਹੋਕੇ ਬੇਨਤੀ ਕੀਤੀ, ਜੀ ਹਜ਼ੂਰ, ਹੁਣ ਅਗੇ ਦਾ ਕੀ ਪਰੋਗਰਾਮ ਹੈ।

ਸ੍ਰੀ ਦਸਮੇਸ਼ ਜੀ–ਭਾਈ ਸਿਖਾ ਧਰਮ ਵਿਰੋਧੀਆਂ ਨਾਲ ਜੰਗ ਕਰਨਾ ਹੈ। ਕਿਉਂਕਿ ਸਾਡੇ ਪਿਛੇ ਮੁਗਲ ਫੌਜਾਂ ਆ ਰਹੀਆਂ ਹਨ ਅਤੇ ਕਪੂਰੇ ਨੇ ਕਿਲਾ ਦੇਣ ਤੋਂ ਇਨਕਾਰ ਕਰ ਦਿਤਾ ਹੈ। ਹੁਣ ਕੋਈ ਹੋਰ ਥਾਂ ਭਾਲ ਕੇ ਧਰਮਕ ਵਿਰੋਧੀਆਂ ਦੇ ਦੰਦ ਖੱਟੇ ਕਰਾਂਗੇ। ਕਿਉਂਕਿ ਬਾਦਸ਼ਾਹ ਔਰੰਗਜ਼ੇਬ ਦੀ ਬਾਦਸ਼ਾਹੀ ਹੁਣ ਅਖੀਰ ਸੁਆਸਾਂ ਤੇ ਆਈ ਹੋਈ ਹੈ। ਜਿਸ ਦਾ ਛੇਤੀ ਹੀ ਅੰਤ ਆਉਣ ਵਾਲਾ ਹੈ। ਉਸਦਾ ਅੰਤ ਸਾਡੇ ਸਿਖ ਕਰਨਗੇ। ਝਾੜੀ ਝਾੜੀ ਖਾਲਸਾ ਗਰਜੇਗਾ। ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਪੰਜਾਬ ਦੀ ਸਾਰੀ ਧਰਤੀ ਗੂੰਜ ਉਠੇਗੀ।

ਕੌਲ ਦੇ ਚਾਰੇ ਪੁਤਰ (ਸਤਾਨੰਦ, ਹਰੀਚੰਦ, ਅਮਰੀਕ, ਬਨਵਾਲੀ ਜਵਾਨ ਤੇ ਬਹਾਦਰ ਸਨ। ਵਡੇ ਦਾ ਪੁਤ੍ਰ (ਕੌਲ ਦਾ ਪੋਤ੍ਰਾ) ਅਭੈ ਚੰਦ ਵੀ ਹੋਣਹਾਰ ਸੂਰਮਾ ਸੀ। ਇਹਨਾਂ ਸਾਰਿਆਂ ਰਲਕੇ ਸ੍ਰੀ ਗੁਰੂ ਜੀ ਅਗੇ ਪ੍ਰਾਥਨਾ ਕੀਤੀ ਜੀ ਸਚੇ ਪਾਤਿਸਾਹੋ, ਆਪ ਜੀ ਦੇ ਘਰ ਚਲੋ ਜਿਥੇ ਇਸ਼ਨਾਨ ਕਰਕੇ ਪ੍ਰਸ਼ਾਦ ਛਕੋ। ਦੀਨ ਦਿਆਲ ਪਿਤਾ ਜੀ ਅਰਦਾਸ ਪ੍ਰਵਾਨ ਕਰਕੇ ਸੋਢੀ ਕੌਲ ਦੇ ਸਾਥ ਘਰ ਚਲੇ ਗਏ। ਘਰ ਜਾਂਦਿਆ ਸਾਰ ਸਾਰਾ ਪ੍ਰਵਾਰ ਬੜੇ ਪਿਆਰ ਅਤੇ ਸਤਿਕਾਰ ਨਾਲ ਸ੍ਰੀ ਗੁਰੂ ਜੀ ਦੇ ਅਗੇ ਅਧਿਕ ਹੀ ਪ੍ਰੇਮ ਸਹਿਤ ਹਾਜ਼ਰ ਹੋਕੇ ਸ੍ਰੀ ਗੁਰੂ ਜੀ ਦੇ ਪਿਛੇ ਹੋਕੇ ਘਰ ਅੰਦਰ ਲਿਜਾਕੇ ਉਸ ਪਲੰਗ ਤੇ ਬਰਾਜਮਾਨ ਕਰਾਇਆ ਜੋ ਪਹਿਲੇ ਤਿਆਰ ਸੀ। ਹੁਣ ਸਾਰਿਆਂ ਦੀ ਸੁਖ ਸਾਂਦ ਪੁਛਣ ਤੋਂ ਪਿਛੋਂ ਸ੍ਰੀ ਗੁਰੂ ਜੀ ਨੇ ਇਸ਼ਨਾਨ ਕਰਨ ਦਾ ਤਿਆਰਾ ਕੀਤਾ। ਜਦ ਸ੍ਰੀ ਗੁਰ ਦੇਵ ਜੀ ਇਸ਼ਨਾਨ ਕਰਦੇ ਤਾਂ ਭਾਈ ਕੌਲ ਜੀ ਸ੍ਰੀ ਦਸਮੇਸ਼ ਜੀ ਵਾਸਤੇ ਚਿਟੇ ਬਸਤ੍ਰ ਲਿਆਏ ਅਤੇ ਬੇਨਤੀ ਕੀਤੀ ਜੀ ਹਜ਼ੂਰ ਆਪ ਜੀ ਨੀਲੇ ਬਸਤ੍ਰ ਉਤਾਰ ਦੇਵੋ। ਇਹ ਚਿਟੇ ਬਸਤ੍ਰ ਪਹਿਨ ਲਵੋ। ਕਿਉਂ ਕਿ ਤੁਰਕੀ ਰੰਗ ਆਪ ਜੀ ਨੂੰ ਸ਼ੋਭਾ ਨਹੀਂ ਦੇਂਦਾ ਇਹ ਪਸ਼ਾਕਾ ਤੇ ਮੇਰੀ ਸਿੱਖੀ ਸੇਵਕੀ ਸਭ ਆਪ ਜੀ ਦੀ ਭੇਟ ਹੈ। ਜੋ ਤਨ ਮਨ ਧਨ ਨਾਲ ਸੇਵਾ ਕਰਨ ਗੇ। ਚੋਜੀ ਪ੍ਰੀਤਮ ਜੀ ਨੇ ਕੌਲ ਦੀ ਅਰਦਾਸ ਪ੍ਰਵਾਨ ਕਰਕੇ, ਨੀਲੇ ਬਸਤ੍ਰ ਉਤਾਰ ਦਿਤੇ ਤੇ ਚਿਟੇ ਪਹਿਨ ਲਏ ਨੀਲਾ ਚੋਲਾ ਕੌਲ ਜੀ ਨੇ ਪ੍ਰੇਮ ਨਾਲ ਰਖ ਲਿਆ। ਆਪ ਦੇ ਘਰ ਸ੍ਰੀ ਗੁਰੂ ਜੀ ਬਾਹਰ ਬੈਠ ਕੇ ਅਗ ਬਲਵਾ ਕੇ ਨੀਲੀ ਚਾਦਰ ਨੂੰ ਪਾੜ ਪਾੜ ਕੇ ਅਗ ਵਿਚ ਸਾੜਨਾ ਸ਼ੁਰੂ ਕੀਤਾ ਅਰ ਹੌਲੀ ੨ ਚਾਦਰ ਸਾਰੀ ਸਾੜ ਦਿੱਤੀ ਜਦ ਇਕ ਲੀਰ ਰਹਿ ਗਈ ਤਾਂ ਭਾਈ ਮਾਨ ਸਿੰਘ ਨੇ ਉਹ ਲੀਰ ਸ੍ਰੀ ਗੁਰੂ ਜੀ

Digitized by Panjab Digital Library | www.panjabdigilib.org

ਪਾਸੋਂ ਫੜ ਕੇ ਆਪਣੀ ਦਸਤਾਰ ਵਿਚ ਟੰਗ ਲਈ। ਜੋ ਸ੍ਰੀ ਗੁਰੂ ਜੀ ਨੂੰ ਬਹੁਤ ਸੋਹਣੀ ਲੱਗਣ ਤੇ ਬਚਨ ਕੀਤਾ। ਭਾਈ ਮਾਨ ਸਿੰਘ ਜੀ ਇਹ ਨੀਲੀ ਲੀਰ ਤੁਸਾਂ ਨੂੰ ਚੰਗੀ ਲੱਗਦੀ ਹੈ ਇਸ ਨੂੰ ਰਖੋ। ਇਸ ਬਾਣੇ ਵਾਲਾ ਆਪ ਦਾ ਪੰਥ ਚਲੇਗਾ। (ਜੋ ਨਿਹੰਗ ਅਖਵਾਵੇਗਾ) ਪਰ ਇਕ ਗਲ ਯਾਦ ਰਖਣੀ ਨੀਲੇ ਬਾਣੇ ਵਾਲੇ ਨਿਹੰਗ ਸੰਨਿਆਸੀਆਂ ਦੀ ਤਰ੍ਹਾਂ ਤਿਆਗੀ ਹੀ ਹੋਵੇਗਾ। ਕਿਉਂਕਿ ਗ੍ਰਿਹਸਤੀ ਹੋਣ ਤੇ ਨਿਹੰਗ ਆਪਣੇ ਸਹੀ ਨਿਸ਼ਾਨੇ ਤੋਂ ਦੂਰ ਚਲੇ ਜਾਇਆ ਕਰਨਗੇ। ਨਿਹੰਗਾਂ ਦੇ ਜੱਥੇ ਦੇਸ਼ ਤੇ ਧਰਮ ਦੀ ਰਖਿਆ ਕਰਨਗੇ। ਇਹ ਅਜ਼ਾਦ ਖਿਆਲ ਦੇ ਨਿਡਰ ਤੇ ਨਿਰਵੈਰ ਹੋਣ ਗੇ। ਤੁਰਕ ਤੇ ਵਿਸਾਹ ਨਹੀਂ ਕਰਨ ਗੇ ਤੇ ਰਹਿਤਾਂ ਵਿਚ ਰਹਿ ਕੇ ਪੂਰਨ ਸਿੰਘ ਰਹਿਣ ਗੇ ਮੇਰੇ ਖਾਲਸੇ ਦਾ ਸਹੀ ਰੂਪ ਹੋਣਗੇ। ਜਦ ਤਕ ਇਹ ਧਰਮ ਕਰਮ ਦੀ ਮਰਯਾਦਾ ਵਿਚ ਪੂਰੇ ਰਹਿਣਗੇ ਅਸੀਂ ਇਹਨਾਂ ਦੇ ਅੰਗ ਸੰਗ ਰਿਹਾਂ ਕਰਾਂਗੇ। ਜਦੋਂ ਮਰਯਾਦਾ ਭੰਗ ਕਰਨਗੇ ਓਦੋਂ ਖੁਆਰ ਹੋਣਗੇ। ਇਸਤਰ੍ਹਾਂ ਭਾਈ ਮਾਨ ਸਿੰਘ ਜੀ ਨੂੰ ਵਰ ਦੇਕੇ ਨਿਹਾਲ ਕੀਤਾ। ਜਿਸ ਤੇ ਭਾਈ ਮਾਨ ਸਿੰਘ ਜੀ ਬਹੁਤ ਹੀ ਪ੍ਰਸੰਨ ਹੋਏ। ਅਤੇ ਉਦੋਂ ਤੋਂ ਨਿਹੰਗ ਸਿੰਘਾਂ ਦਾ ਜਥਾ ਕਾਇਮ ਹੋਇਆ ਤੇ ਮਾਨ ਸਿੰਘ ਜੀ ਨੇ ਪਹਿਲਾ ਜਥਾ ਕਾਇਮ ਕੀਤਾ। ਵਰਤਮਾਨ ਸਮੇਂ ਵਿਚ ਨਿਹੰਗ ਸਿੰਘਾਂ ਨੇ ਗੁਰ ਅਸਥਾਨਾਂ ਦੀ ਬੇਅਦਬੀ ਨੂੰ ਦੂਰ ਕਰਨਾ ਸੀ। ਉਸ ਵਿਚ ਨਿਹੰਗ ਪਿਛੇ ਰਹੇ ਹਨ ਅਤੇ ਜ਼ਿਆਦਾ ਗ੍ਰਿਸਥੀ ਅਕਾਲੀ ਸਦਾ ਚੜ੍ਹਦੀਆਂ ਕਲਾਂ ਵਿਚ ਸਨ ਪ੍ਰਵਾਰਾਂ ਦੇ ਵਧ ਚੜ੍ਹ ਕੇ ਹਿਸਾ ਲੈਂਦੇ ਰਹੇ ਸਨ। ਸ੍ਰੀ ਦਸਮੇਸ਼ ਜੀ ਢਿਲਵਾਂ ਵਿਖੇ ਤਿੰਨ ਦਿਨ ਬਡ ਭਾਗੇ ਕੌਲ ਦੇ ਪ੍ਰਵਾਰ ਤੇ ਨਗਰ ਨਿਵਾਸੀਆਂ ਨੂੰ ਨਿਹਾਲ ਕਰਦੇ ਰਹੇ।

**ਸੋਢੀ ਕੌਲ ਜੀ ਨੇ ਸਮੇਤ ਪ੍ਰਵਾਰ ਦੇ ਅੰਮ੍ਰਿਤ ਛਕਣਾ ਅਤੇ ਗੁਰੂ ਪੰਥ ਵਿਚ ਪ੍ਰਵੇਸ਼ ਹੋਣਾ:–** ਇਨ੍ਹਾਂ ਹੀ ਦਿਨਾਂ ਵਿਚ ਸ੍ਰੀ ਗੁਰੂ ਜੀ ਨੇ ਸੋਢੀ ਕੌਲ ਨੂੰ ਪਿਆਰ ਨਾਲ ਕਿਹਾ ਕਿ ਭਾਈ ਪ੍ਰਿਥੀ ਚੰਦ ਗੁਰੂ ਘਰ ਨਾਲ ਸਦਾ ਅਣ ਹੋਇਆ ਵਰੋਧ ਰਖਣ ਦੇ ਕਾਰਣ ਗੁਰੂ ਪੰਥ ਵਿਚੋਂ ਤਨਖਾਹੀਆ ਕਰਕੇ ਕਢਿਆ ਹੋਇਆ ਸੀ ਅਤੇ ਹਰ ਇਕ ਸਿੱਖ ਨੂੰ ਹਦੈਤ ਹੁੰਦੀ ਸੀ ਕਿ ਪ੍ਰਿਥੀ ਚੰਦ, ਧੀਰਮਲੀਏ, ਤੇ ਮੀਣੇ ਮੰਸਦ ਆਦਿ ਨਾਲ ਗੁਰੂ ਕਾ ਸਿਖ ਨਾ ਵਰਤੇਗਾ ਸੋ ਅਜ ਤੋਂ ਅਸੀਂ ਐਲਾਨ ਕਰਦੇ ਹਾਂ ਕਿ ਜੋ ਪ੍ਰਿਥੀ ਚੰਦ ਦੀ ਉਲਾਦ ਵਿਚੋਂ ਅੰਮ੍ਰਿਤ ਛਕ, ਕੇ ਗੁਰੂ ਪੰਥ ਵਿਚ ਪ੍ਰਵੇਸ਼ ਹੋਵੇਗਾ ਉਸ ਨਾਲ ਗੁਰੂ ਪੰਥ ਗੁਰ ਸਿੱਖ ਨੂੰ ਵਰਤਣ ਦੀ ਆਗਿਆ ਹੈ ਇਸ ਪ੍ਰਉਪਕਾਰ ਦੇ ਭਾਗੀ ਕਰਮਾਂ ਵਾਲੇ ਵਡ ਭਾਗੇ ਸੋਢੀ ਕੌਲ ਜੀ ਸਨ "ਟੂਟੀ ਗਾਂਢਨ ਹਾਰ ਗੁਪਾਲ"

ਇਸ ਪ੍ਰਉਪਕਾਰੀ ਸੋਢੀ ਕੌਲ ਜੀ ਦੀ ਵੰਸ ਦੇ ਢਿਲਵਾਂ, ਬੁਟਰ, ਮੋਗਾ, ਗੁਰੂ ਹਰਸਾਏ ਆਦਿ ਮਾਲਵੇ ਵਿਚ ਵਸਦੇ ਹਨ। ਜਿਨਾਂ ਨੂੰ ਸ੍ਰੀ ਗੁਰੂ ਜੀ ਦੇ ਪੰਥ ਨਾਲ ਬੜਾ ਹੀ ਪ੍ਰੇਮ ਅਤੇ ਗੁਰੂ ਪੰਥ ਦਾ ਇੱਕ ਅੰਗ ਹੋਕੇ ਸਮੇਲਨ ਹਨ।

## ਭੁਲੇ ਸਿੱਖ ਗੁਰੂ ਸਮਝਾਏ ਔਝੜ ਜਾਂਦੇ ਮਾਰਗ ਪਾਏ:–

ਇਹ ਪਿੰਡ ਰਿਆਸਤ ਫਰੀਦ ਕੋਟ, ਤਸੀਲ ਥਾਣਾ ਤੇ ਸਟੇਸ਼ਨ ਕੋਟ ਕਪੂਰਾ ਤੋਂ ਦੋ ਮੀਲ ਹੈ। ਸ੍ਰੀ ਗੁਰੂ ਜੀ ਦਾ ਚੋਲਾ ਸੋਢੀ ਮਲ ਸਿੰਘ ਜੀ ਪਾਸ ਸ੍ਰੀ ਗੁਰੂ ਜੀ ਦੀ ਠਹਿਰਨ ਵਾਲੀ ਜਗਾ ਗੁਰਦੁਆਰਾ

Digitized by Panjab Digital Library | www.panjabdigilib.org

ਬਣਿਆ ਹੋਇਆ ਹੈ ਜਿਸ ਨੂੰ ਗੁਰੂਸਰ ਆਖਦੇ ਹਨ ਇਥੇ ਸ੍ਰੋਵਰ ਦੀ ਸੇਵਾ ਨਿਹੰਗ ਮਿਤ ਸਿੰਘ ਥਾਣੇਦਾਰ, ਚੰਨਣ ਸਿੰਘ, ਸ: ਪ੍ਰਮਾ ਸਿੰਘ, ਗਿ: ਦਿਆਲ ਸਿੰਘ ਪ੍ਰਵਾਨਾਂ ਪੰਜਗਰਾਈ ਆਦਿ ਸਜਣਾ ਨੇ ਕਰਾਈ ਹੈ।

**ਕਰਮ ਹੀਣ ਤੋਂ ਕਪੂਰਾ ਕਰਮਾਂ ਵਾਲਾ**—ਕਪੂਰੇ ਨੇ ਮੁਆਫੀ ਮੰਗਣੀ ਤੇ ਪੁਤ੍ਰਾਂ ਦੇ ਪਿਛੇ ਹੋ ਕੇ ਆਉਣਾ। ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾਂ ਪਿਛਲੇ ਅਉਗਣ ਬਖਸ਼ਿਲਇਆ। ਜਦ ਕਪੂਰੇ ਦੇ ਪੁਤਰਾਂ ਨੂੰ ਪਤਾ ਲਗਾ ਕਿ ਸ੍ਰੀ ਦਸਮੇਸ਼ ਪਾਤਸ਼ਾਹ ਮੇਰੇ ਪਿਤਾ ਦੇ ਨਾਰਾਜ਼ ਕਰਨ ਤੇ ਸਰਾਫ ਦ ਕੇ ਦਿਲਵੀਂ ਸੋਢੀ ਕੌਲ ਜੀ ਪਾਸ ਚਲੇ ਗਏ ਤਾਂ ਉਹਨਾਂ ਆਪਣੇ ਪਿਤਾ ਕਪੂਰੇ ਨੂੰ ਮਜਬੂਰ ਕੀਤਾ ਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਸ ਚਲਣ ਤੇ ਸਰਾਫ ਦੀ ਥਾਂ ਵਰ ਪ੍ਰਾਪਤ ਕਰਨ। ਹੁਣ ਕਪੂਰਾ ਪੁਤ੍ਰਾਂ ਦੇ ਆਖੇ ਸ੍ਰੀ ਦਸਮੇਸ ਜੀ ਦੇ ਦਰਸ਼ਨਾਂ ਨੂੰ ਜਾਂਦਾ ਰਸਤੇ ਵਿਚ ਪਛਤਾਂਦਾ ਹੋਇਆ ਪੁਤ੍ਰਾਂ ਨਾਲ ਵਿਚਾਰ ਕਰਦਾ ਹੈ। ਕੀ ਮੇਰੇ ਕਠੋਰ ਬਚਨਾਂ ਨੂੰ ਸ੍ਰੀ ਗੁਰੂ ਜੀ ਭੁਲਾ ਕੇ ਮਾਫੀ ਦੇ ਦੇਣਗੇ। ਨਹੀਂ ਨਹੀਂ ਮੈਂ ਬੜਾ ਗੁਨਾਹ ਕੀਤਾ ਹੈ। ਪੁਤਰੋ ਮੈਨੂੰ ਆਸ ਨਹੀਂ ਕਿ ਮੈਂ ਬਖਸ਼ਿਆ ਜਾਵਾਂਗਾ।

ਹਾਂ ਜ਼ਰੂਰ ਉਹ ਤਾਂ ਮੇਹਰਾਂ ਦੇ ਸਾਂਈ ਬੜੇ ਦਿਆਲੂ ਗ੍ਰੀਬ ਨਿਵਾਜ਼ ਬਖਸ਼ਿੰਦ ਦਾਤੇ ਹਨ। ਤੁਸੀਂ ਫਿਕਰ ਨਾ ਕਰੋ, ਆਪ ਨੂੰ ਜ਼ਰੂਰ ਹੀ ਬਖਸ਼ਣਗੇ। ਕਪੂਰੇ ਦੇ ਪੁਤ੍ਰਾਂ ਦੇ ਬਚਨ ਸੀ।

ਕਪੂਰਾ—ਥੋਡਾ ਕਹਿਣਾ ਠੀਕ ਹੈ ਪਰ ਤੀਰ ਚਲੇ ਹੋਏ ਕਦ ਮੁੜਦੇ ਹਨ।

ਪਿਤਾ ਜੀ ਆਪ ਦਾ ਭੀ ਬਚਨ ਸਚ ਹੈ। ਜੇ ਤੀਰ ਛੁਟ ਚੁਕਾ ਹੈ ਤਾਂ ਬੇਨਤੀ ਕਰਨ ਤੇ ਵਿਚ ਦੀ ਲੰਘ ਜਾਏਗਾ ਦੁਆਲ (ਕੰਧ) ਨਹੀਂ ਢਾਹੇਗੀ (ਕੱਲਾ ਪਿਤਾ ਭੁਗਤੇਗਾ ਪ੍ਰਵਾਰ ਤਾਂ ਬਖਸ਼ਿਆ ਜਾਏਗਾ) ਪੁਤ੍ਰਾਂ ਦੇ ਬਚਨ ਸੀ।

ਇਸ ਪ੍ਰਕਾਰ ਬਚਨ ਕਰਦੇ ਕਰਾਉਂਦੇ ਦਿਲਵੀਂ ਪਹੁੰਚ ਗਏ, ਅਗੇ ਸ੍ਰੀ ਦਸਮੇਸ਼ ਪਿਤਾ ਜੀ ਦੀਵਾਨ ਲਾਕੇ ਸੰਗਤਾਂ ਨੂੰ ਨਾਮ ਦਾਨ ਦਿਰੜਾ ਰਹੇ ਸੀ। ਬਹੁਤ ਸਾਰੇ ਮਲਵਈ ਤੇ ਬੈਰਾੜ ਸੂਰਿਆਂ ਵਰਗੇ ਸੂਰਮੇ ਸ੍ਰੀ ਗੁਰੂ ਜੀ ਦੇ ਅਮੋਲਕ ਬਚਨ ਸੁਣ ਕੇ ਵੀਰ ਰਸ ਵਿਚ ਉਲਾਸ ਰਹੇ ਸਨ। ਐਤਨੇ ਨੂੰ ਚੌਧਰੀ ਕਪੂਰਾ ਦੀਵਾਨ ਵਿਚ ਆਕੇ ਬੜੇ ਹੀ ਅਦਬ ਸਹਿਤ ਸ੍ਰੀ ਗੁਰੂ ਜੀ ਦੇ ਚਰਨ ਫੜਕੇ ਅਤੇ ਲੰਮੇ ਲੰਮੇ ਹੌਕੇ ਲੈਂਦਾ ਹੋਇਆ, ਵਿਰਲਾਪ ਕਰਦਾ ਬੇਨਤੀ ਕਰਨ ਲਗਾ, ਦਾਤਾਰ ਪਿਤਾ ਜੀਓ, ਦਾਸ ਭੁਲ ਗਿਆ। ਮੇਰੀ ਮਾਇਆ ਨੇ ਮਤ ਮਾਰ ਲਈ ਤੇ ਮੁਗਲ ਰਾਜ ਦੇ ਸ਼ਾਹੀ ਜ਼ੁਲਮ ਨੇ ਮੇਰੇ ਕੰਨ ਬੋਲੇ ਕਰ ਛਡੇ ਸਨ। ਜਿਸਦੇ ਕਾਰਨ ਮੈਂ ਆਪ ਜੀ ਦੀ ਪੂਰਨ ਹਸਤੀ ਨੂੰ ਸਮਝ ਨਾ ਸਕਿਆ। ਇਸ ਵਾਸਤੇ ਹੇ ਜਗਤ ਪਿਤਾ ਜੀ ਹੁਣ ਜ਼ਰੂਰ ਮੈਨੂੰ ਮਾਫ ਕਰੋ। ਉਸਦੇ ਪੁਤਰ ਭੀ ਨਿਮਸਕਾਰ ਕਰਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਬੈਠ ਗਏ। ਵਡੇ ਪੁਤਰ ਸੁਖੀਏ ਨੇ, ਸ੍ਰੀ ਗੁਰੂ ਜੀ ਅਗੇ ਅਰਦਾਸ ਬੇਨਤੀ ਕੀਤੀ, ਸ੍ਰੀ ਦਸਮੇਸ਼ ਪਿਤਾ ਜੀ, ਜੀਵ ਸਦਾ ਭੁਲਣ ਹਾਰ ਹੈ। ਸਾਡਾ ਪਿਤਾ ਭੁਲ ਗਿਆ। ਉਸਨੇ ਜੋ ਬਚਨ ਕੀਤੇ ਸੋ ਮੁਗਲ ਰਾਜ ਤੋਂ ਡਰਦੇ ਨੇ ਕੀਤੇ ਸਨ ਕਿਉਂਕਿ ਜ਼ਾਲਮ ਹਕੂਮਤ ਹੋਣ ਤੇ ਇਸ ਦੇ ਦਿਲ ਵਿਚ ਭੈ ਬੈਠਿਆ ਹੋਇਆ ਸੀ। ਇਸ ਦੀ ਭੁਲ ਬਦਲੇ ਜੋ ਆਪ ਨੇ ਬਚਨ ਕੀਤਾ ਹੈ ਉਸ ਦੀ ਮਾਫੀ

Digitized by Panjab Digital Library | www.panjabdigilib.org

ਬਖਸ਼ੋ ਅਤੇ ਆਪ ਦਿਆਂ ਨੂੰ ਆਪਦੇ ਬਣਾਓ ਜੀ। ਸ੍ਰੀ ਗੁਰੂ ਜੀ ਦੇ ਪ੍ਰੇਮੀ ਸੋਢੀ ਕੌਲ ਨੇ ਬੇਨਤੀ ਕੀਤੀ ਗਰੀਬ ਨਿਵਾਜ਼ ਇਹ ਬਚੇ ਬੜੇ ਨੇਕ ਤੇ ਆਪ ਦੇ ਚਰਨਾਂ ਦੀ ਸਮਝ ਰੱਖਣ ਵਾਲੇ ਹਨ। ਇਸ ਵਾਸਤੇ ਚੋਧਰੀ ਕਪੂਰੇ ਨੂੰ ਨਾਲ ਲੈ ਕੇ ਆਪ ਜੀ ਦੀ ਸ਼ਰਨ ਵਿਚ ਆਏ ਹਨ। ਜੇ ਆਪ ਜੀ ਦੇ ਬਚਨਾਂ ਨਾਲ ਕਪੂਰਾ ਮਾਰਿਆ ਗਿਆ ਤੇ ਕਿਲਾ ਉਜੜ ਗਿਆ ਤਾਂ ਇਹ ਮਸੂਮ ਬਚਿਆਂ ਦਾ ਕੀ ਹਾਲ ਹੋਊਗਾ। ਇਸ ਕਰਕੇ ਜਗਤ ਪਿਤਾ ਜੀ ਏਹਨਾ ਤੇ ਮੇਹਰ ਕਰੋ ਤੇ ਭੁਲ ਬਖਸ਼ ਕੇ ਸਦਾ ਲਈ ਆਪ ਦੀ ਸ਼ਰਨ ਦੇਵੋ। ਸ੍ਰੀ ਕਲਗੀਧਰ ਪਿਤਾ ਜੀ ਨੇ ਹੁਕਮ ਕੀਤਾ ਕਿ ਚੋਧਰੀ ਜੇਹੜਾ ਬਚਨ ਹੋ ਗਿਆ ਹੈ ਉਹ ਤਾਂ ਪੂਰਾ ਹੋ ਕੇ ਰਹੇਗਾ ਤੇਰਾ ਅੰਤ ਤਾਂ ਫਾ ਦੇ ਰੂਪ ਵਿਚ ਹੋਵੇਗਾ। ਪਰ ਤੇਰੇ ਪੁਤਰਾਂ ਵਾਸਤੇ ਇਹ ਹੈ ਕਿ ਜੇ ਉਹ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਕੇ ਗੁਰੂ ਪੰਥ ਵਿਚ ਸਮੇਲਨ ਹੋ ਜਾਣ ਤਾਂ ਇਨ੍ਹਾਂ ਦਾ ਇਕਬਾਲ ਬਹੁਤ ਵਡਾ ਹੋਵੇਗਾ।

ਡਿਡਿਆ ਕੇ ਕਪੂਰਾ ਬੋਲਿਆ, ਜੀ ਹਜ਼ੂਰ ਇਹ ਬੱਚੇ ਆਪ ਦੇ ਹਨ। ਆਪ ਜੀ ਇਨ੍ਹਾਂ ਨੂੰ ਅੰਮ੍ਰਿਤ ਹੁਣੇ ਹੀ ਛਕਾਵੋ ਏਹ ਵੇਲਾ ਸਾਡੇ ਵਾਸਤੇ ਬੜਾ ਹੀ ਦੁਰਲਭ ਹੈ। ਹੁਣ ਅੰਮ੍ਰਿਤ ਦਾਤਾ ਜੀ ਨੇ ਅੰਮ੍ਰਿਤ ਤਿਆਰ ਕਰਕੇ, ਕਪੂਰੇ ਦੇ ਪੁਤ੍ਰਾਂ ਨੂੰ ਛਕਾਇਆ ਤੇ ਸ੍ਰੀ ਦਸਮੇਸ਼ ਜੀ ਨੇ ਕਪੂਰੇ ਦੇ ਪੁਤ੍ਰਾਂ ਨੂੰ ਇਕ ਖੰਡਾ ਦਿਤਾ ਅਤੇ ਬਚਨ ਕੀਤਾ ਜਿੰਨਾਂ ਚਿਰ ਇਸ ਖੰਡੇ ਨੂੰ ਪ੍ਰੇਮ ਸਹਿਤ ਰੱਖੋਗੇ ਉਨਾਂ ਚਿਰ ਰਾਜ ਕਰੋਗੇ।

ਇਤ ਆਦਿ ਸ੍ਰੀ ਦਸਮੇਸ਼ ਪਿਤਾ ਜੀ ਅਜੇ ਇਹ ਬਚਨ ਬਿਲਾਸ ਕਰ ਰਹੇ ਸੀ ਕਿ ਭਾਈ ਬਖਸ਼ਾ ਸਿੰਘ ਪਿੰਡ ਭੋਰ ਦਾ ਕੁਝ ਹੋਰ ਸਿੰਘਾਂ ਸਮੇਤ ਬਹਤ ਹੀ ਤੇਜ਼ ਰਫਤਾਰ ਨਾਲ ਘੋੜੇ ਦੋੜਾਂਦੇ ਹੋਏ ਸ੍ਰੀ ਦਸਮੇਸ਼ ਜੀ ਦੇ ਦੀਵਾਨ ਵਿਚ ਵਿਲਵੀਂ ਆ ਪੁਜੇ। ਅਦਬ ਸਹਿਤ ਨਿਮਸਕਾਰ ਕਰਕੇ ਸਾਰੀ ਸੰਗਤ ਨੂੰ ਪ੍ਰੇਮ ਨਾਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ ਬੁਲਾ ਕੇ ਬਿਨੈ ਕਰਨ ਲਗੇ। ਜੀ ਹਜ਼ੂਰ ਦਾਸ (ਅਸੀਂ) ਆਪ ਜੀ ਦੇ ਚਰਨਾਂ ਵਿਚ ਬੇਨਤੀ ਕਰਨ ਤੇ ਸੇਵਾ ਵਾਸਤੇ ਹਾਜ਼ਰ ਹੋਏ ਹਾਂ ਕਿ ਸੂਬੇ ਸਰਹੰਦ ਵਜ਼ੀਰ ਖਾਂ ਦਾ ਲਸ਼ਕਰ ਤੇ ਮੁਲਖੱਈਆ ਆਪ ਜੀ ਦੀ ਭਾਲ ਵਿਚ ਬਹੁਤ ਹੀ ਤੇਜ਼ੀ ਨਾਲ ਆ ਰਹੇ ਹਨ ਜਿਨ੍ਹਾਂ ਦੀ ਗਿਣਤੀ ਸਤ ਹਜ਼ਾਰ ਦੇ ਕਰੀਬ ਹੋਵੇਗੀ ਜੋ ਅਜ ਤੋਂ ਪੰਜ ਕੁ ਦਿਨਾਂ ਤੀਕ ਐਥੇ ਪਹੁੰਚ ਸਕਦਾ ਹੈ। ਅਤੇ ਅਸੀਂ ਆਪ ਜੀ ਦੀ ਸੇਵਾ ਵਿਚ ਹਾਜ਼ਰ ਹਾਂ। ਹੋਰ ਮਲਵਈ ਸਿੰਘ ਭੀ ਆਪ ਜੀ ਦੀ ਸੇਵਾ ਵਿਚ ਆ ਰਹੇ ਹਨ ਜਿਨ੍ਹਾਂ ਨੂੰ ਅਸੀਂ ਉਪਰਲਾ ਹਾਲ ਦਸਦੇ ਆਏ ਹਾਂ। ਅਗੇ ਆਪ ਰਜ਼ਾ ਦੇ ਮਾਲਕ ਹੋ ਜਿਵੇਂ ਚਾਹੇ ਕਰੋ। ਸਾਡਾ ਤਾਂ ਫਰਜ਼ ਸੀ ਸੇਵਾ ਵਿਚ ਹਾਜ਼ਰ ਹੋਣਾ ਤੇ ਮੁਗਲ ਫੌਜ ਦਾ ਪਰੋਗਰਾਮ ਦਸਣਾ। ਜਦ ਭਾਈ ਬਖਸ਼ਾ ਸਿੰਘ ਭੋਰ ਪਿੰਡ ਵਾਲਾ ਇਹ ਬਚਨ ਕਰ ਰਿਹਾ ਸੀ ਤਾਂ ਉਸ ਵਕਤ ਇਲਾਕੇ ਦੇ ਮੁਖੀ, ਕਪੂਰਾ ਤੇ ਕਪੂਰੇ ਦੇ ਪੁਤ੍ਰ ਸੋਢੀ ਕੌਲ ਜੀ ਤੇ ਉਹਦੇ ਪੁਤਰ ਤੇ ਪੋਤਰੇ ਸਾਰੇ ਉਥੇ ਸਨ। ਜੋ ਸੁਣਦੇ ਸਾਰ ਗਮ ਦੇ ਹੜ੍ਹ ਵਿਚ ਬਹਿ ਤੁਰੇ ਕਿ ਕੀਤਾ ਕੀ ਜਾਵੇ। ਐਤਨੇ ਨੂੰ ਚੋਜੀ ਪ੍ਰੀਤਮ ਜੀ ਨੇ ਬਚਨ ਕੀਤਾ ਕਿ ਭਾਈ ਘਬਰਾਓ ਨਾ, ਇਸ ਮੁਗਲ ਰਾਜ ਦਾ ਅੰਤ ਹੋਣ ਵਾਲਾ ਹੈ। ਇਸ ਨੂੰ ਔਣ ਦਿਓ। ਜਿੰਨਾਂ ਚਿਰ ਇਹਦੇ ਚੰਗੀ ਤਰ੍ਹਾਂ ਦੰਦ ਖੱਟੇ ਨਹੀਂ ਕੀਤੇ ਜਾਂਦੇ ਉਨਾਂ ਚਿਰ ਇਸ ਦੀ ਹੋਸ਼ ਟਿਕਾਣੇ ਨਹੀਂ ਔਣੀ। ਹੁਣ ਤੁਸੀਂ ਦਸੋ ਇਥੇ ਕੋਈ ਜਗ੍ਹਾ ਜਿਥੇ ਪਾਣੀ ਤੇ ਕੁਝ ਅੜਤਲਾ ਹੋਵੇ ਤਾਂ ਕਪੂਰੇ ਨੇ ਬੜੀ ਛੇਤੀ ਉਤਰ ਦਿਤਾ, ਜਗਤ ਪਿਤਾ ਜੀ ਏਥੋਂ ਥੋੜੀ ਦੂਰ ਖਤਰਾਣੇ ਦੀ ਢਾਬ ਹੈ ਜਿਸ

Digitized by Panjab Digital Library | www.panjabdigilib.org

ਦੇ ਚੌਗਿਰਦੇ ਬਾਰਾਂ ਬਾਰਾਂ ਕੋਹ ਦੇ ਨੇੜੇ ਤੇੜੇ ਪਾਣੀ ਨਹੀਂ। ਅਤੇ ਬਣ, ਕਰੀਰ ਤੇ ਟਿਬੇ ਬਹੁਤ ਹਨ। ਜਿਥੇ ਸਾਰੀਆ ਲੋੜਾਂ ਪੂਰੀਆਂ ਹੋ ਸਕਦੀਆਂ ਹਨ ਅਰ ਮਲਵਈ ਤੇ ਬੈਰਾੜ ਆਪ ਜੀ ਦੀ ਸੇਵਾ ਵਿਚ ਹਾਜ਼ਰ ਹਨ। ਜਿਵੇਂ ਹਜ਼ੂਰ ਦਾ ਹੁਕਮ ਹੋਵੇਗਾ ਉਸ ਤਰ੍ਹਾਂ ਸੇਵਾ ਵਾਸਤੇ ਤਿਆਰ ਹਨ। ਪਾਸੋਂ ਸੋਢੀ ਕੌਲ ਜੀ ਨੇ ਭੀ ਹਥ ਜੋੜ ਬੇਨਤੀ ਕੀਤੀ ਜੀ ਸਚੇ ਪਾਤਸ਼ਾਹ ਇਹ ਬੜੀ ਨੇਕ ਸਲਾਹ ਕਪੂਰੇ ਨੇ ਦਿਤੀ ਹੈ। ਇਸੇ ਮਸ਼ਵਰੇ ਅਨੁਸਾਰ ਦੂਜੇ ਦਿਨ ਜੈਤੋ, ਸੁਨੀਅਰ, ਰਾਮੇਆਣੇ ਵਿਚ ਦੀ ਖਤਰਾਣੇ ਦੀ ਢਾਬ ਪੁਰ ਪਹੁੰਚ।

ਅਗੇ ਪੜ੍ਹੋ ਗੁਰ ਅਸਥਾਨ ਵਿਚ ਮੁਕਤਸਰ, ਇਹ ਦਸਣਾ ਜ਼ਰੂਰੀ ਹੈ ਕਪੂਰੇ ਨੇ ਸਿਰੀਏ ਵਾਲੇ ਸ੍ਰੀ ਦਸਮੇਸ਼ ਜੀ ਤੋਂ ਅੰਮ੍ਰਿਤ ਛਕਿਆ ਤੇ ਕਪੂਰਾ ਸਿੰਘ ਸਜਿਆ ਸੀ।

ਨੋਟ—ਸ੍ਰੀ ਗੁਰੂ ਜੀ ਦੇ ਬਚਨ ਸਤ ਹੋਏ। ੧੭੬੫ ਬਿ: ਨੂੰ ਚੌਧਰੀ ਨੂੰ ਈਸਾ ਖਾਂ ਨੇ ਈਸੇ ਦੇ ਕੋਟ ਮਿਲਣ ਆਏ ਨੂੰ ਧੋਖੇ ਨਾਲ ਬਾਹਰ ਲਜਾ ਕੇ ਗਲ ਵਿਚ ਸਾਫਾ ਪਾ ਕੇ ਮਾਰਨ ਲਗਾ ਤਾਂ ਬੜਾ ਯਤਨ ਕਰਨ ਤੇ ਕਪੂਰਾ ਮਰਿਆ ਨਾ। ਅਖੀਰ ਕਪੂਰੇ ਆਖਿਆ ਕਿ ਜੇ ਮੈਨੂੰ ਮਾਰਨਾ ਹੈ ਤਾਂ ਮੇਰੇ ਮੂੰਹ ਤੇ ਸੁਆਹ ਦਾ ਤੋਬਰ ਚਾੜ੍ਹ ਤਾਂ ਮਰੂੰਗਾ ਨਹੀਂ ਮੈਂ ਮਰ ਨਹੀਂ ਸਕਦਾ, ਕਿਉਂਕਿ ਮੇਰੇ ਗੁਰੂ ਦੇਵ ਜੀ ਦਾ ਮੈਨੂੰ ਸਰਾਫ ਹੈ ਕਿ ਫਾਹੇ ਦੀ ਸ਼ਕਲ ਤੇ ਸੁਆਹ ਦਾ ਤੋਬਰਾ ਚੜ੍ਹ ਕੇ ਮਰੇਂਗਾ। ਸੋ ਜਦ ਈਸਾ ਖਾਂ ਨੇ ਕਪੂਰ ਸਿੰਘ ਦੇ ਮੂੰਹ ਨੂੰ ਸੁਆਹ ਲਾਈ ਤਾਂ ਕਪੂਰ ਸਿੰਘ ਮਰਿਆ। ਫੇਰ ਕਪੂਰ ਸਿੰਘ ਦੇ ਪੁਤ੍ਰ ਸੁਖੀਏ ਸਿੰਘ ਨੇ ਈਸੇ ਖਾਂ ਨੂੰ ਮਾਰ ਦਿਤਾ। ਇਸ ਤਰ੍ਹਾਂ ਦੋਹਾਂ ਦੀ ਲੜਾਈ ਹੋਈ ਤੇ ਕੋਟ ਕਪੂਰਾ ਉਜੜ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਅਟਲ ਰਹੇ।

**ਗੁ: ਰਾਮ ਸਰ:—** ਪਿੰਡ ਖਾਰੇ ਤੋਂ ਦੋ ਫਰਲਾਂਗ ਦੇ ਕਰੀਬ ਸ੍ਰੀ ਕਲਗੀਧਰ ਮੁਕਤਸਰ ਨੂੰ ਜਾਂਦਿਆਂ ਨੇ ਚਰਨ ਪਾਕੇ ਨਿਵਾਜਿਆ ਉਸ ਜਗਾ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਰੇਲਵੇ ਸਟੇਸ਼ਨ ਕੋਟ ਕਪੂਰਾ ਤੋਂ ੮ ਮੀਲ ਹੈ ਜੋੜ ਮੇਲਾ ਵਿਸਾਖੀ ਨੂੰ ਹੁੰਦਾ ਹੈ। ਗ੍ਰੰਥੀ ਦੀ ਸੇਵਾ ਭਾ: ਧਰਮ ਸਿੰਘ ਜੀ ਬਹੁਤ ਪ੍ਰੇਮ ਨਾਲ ਕਰਦੇ ਹਨ।

**ਗੁ: ਕਟਾਰ ਸਾਹਿਬ ਗੋਲੇਵਾਲਾ:—** ਇਸ ਪਿੰਡ ਵਿਚ ਸ੍ਰੀ ਦਸਮੇਸ ਜੀ ਦੇ ਚਰਨ ਪਾਉਣ ਵਾਲੀ ਜਗਾ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਸ੍ਰੀ ਗੁਰੂ ਜੀ ਦੇ ਹਥ ਦੀ ਇਕ ਕਟਾਰ ਸਾਹਿਬ ਜੀ ਹੈ ਜਿਸ ਦੇ ਹਰ ਸੰਗਰਾਂਦ ਦਰਸ਼ਨ ਕਰਾਇ ਜਾਂਦੇ ਹਨ। ਰੇਲਵੇ ਸਟੇਸ਼ਨ ਗੋਲੇਵਾਲਾ ਰਿਆਸਤ ਫਰੀਦ ਕੋਟ ਭਾ: ਮਹੰਤ ਸ਼ੇਰ ਸਿੰਘ ਜੀ ਨਿਰਮਲੇ ਹਨ ਜੋ ਅਧਕ ਹੀ ਪ੍ਰੇਮ ਭਾਵਨਾ ਵਾਲੇ ਹਨ।

**ਗੁ. ਬੋਲੀ ਸਾਹਿਬ.—** ਪਿੰਡ ਮਹਮੂ ਵਾਲਾ ਵਿਖੇ ਸ੍ਰੀ ਕਲਗੀਧਰ ਜੀ ਜੰਡ ਸਾਹਿਬ ਤੋਂ ਏਸ ਜਗਾ ਚਰਨ ਪਾਇ ਉਸ ਜਗਾ ਸ੍ਰੀ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਅਤੇ ਬੋਲੀ ਸਾਹਿਬ ਬਣੇ ਹੋਇ ਹਨ। ਰੇਲਵੇ ਸਟੇਸ਼ਨ ਫਰੀਦ ਕੋਟ ਤੋਂ ੮ ਮੀਲ ਹੈ। ਜੋੜ ਮੇਲਾ ਹਰ ਮਸਿਆ ਨੂੰ ਹੁੰਦਾ ਹੈ ਕੁਝ ਜ਼ਮੀਨ ਭੀ ਨਾਲ ਹੈ।

Digitized by Panjab Digital Library | www.panjabdigilib.org

**ਗੁ. ਗੰਡੂ ਥੇਹ.**– ਪਿੰਡ ਭਗਤਾ ਤੋਂ ਲਗ ਭਗ ਡੇਢ ਸੀਲ ਖੇਤਾਂ ਵਿਚੋਂ ਗੰਡੂ ਥੇਹ ਉਪਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਰਨ ਪਾਉਣ ਵਾਲੀ ਜਗ੍ਹਾ ਗੁਰਦੁਆਰਾ ਬਣਿਆ ਹੋਇਆ ਹੈ। ੧੨ ਘੁਮਾਂ ਜ਼ਮੀਨ ਸੰਗਤਾਂ ਵਲੋਂ ਗੁਰਦੁਆਰੇ ਦੇ ਨਾਮ ਹੈ। ਰੇਲਵੇ ਸਟੇਸ਼ਨ ਜੈਤੋ ਤੋਂ ੧੬ ਮੀਲ ਹੈ।

**ਗੁ. ਸਿਰੀਏ ਵਾਲਾ.**– ਸ੍ਰੀ ਕਲਗੀਧਰ ਪਿਤਾ ਮਾਲਵਾ ਦੇਸ ਨੂੰ ਤਾਰਦੇ ਤਾਰਦੇ ਪਿੰਡ ਸਿਰੀਏ ਵਾਲਾ ਸੰ: ੧੭੬੧-੬੨ ਵਿਚ ਕਈ ਦਿਨ ਨਗਰ ਤੇ ਇਲਾਕਾ ਵਾਸੀਆਂ ਨੂੰ ਨਿਹਾਲ ਕਰਦੇ ਅਤੇ ਮਾਲਵਾ ਨਿਵਾਸੀ ਸੰਗਤਾਂ ਸ੍ਰੀ ਗੁਰੂ ਜੀ ਦੇ ਚਰਨਾ ਵਿਖੇ ਹਾਜ਼ਰ ਹੋਕੇ ਅੰਮ੍ਰਿਤ ਛਕਣ ਦੀ ਜਾਚਨਾ ਕੀਤੀ ਤਾਂ ਸ੍ਰੀ ਦਸਮੇਸ਼ ਪਿਤਾ ਜੀ ਨੇ ਖਾਸ ਦਿਨ ਨਿਯਤ ਕਰਕੇ ਮਾਲਵੇ ਵਿਚ ਹੋਰ ਸੰਗਤਾਂ ਨੂੰ ਸੰਦੇਸ਼ ਭੇਜੇ ਤਾਂ ਅੰਮ੍ਰਿਤ ਦਾਤਾਂ ਦੇਣ ਵਾਲੇ ਜਦ ਆਪ ਪ੍ਰੇਰਨਾ ਕਰਨ ਤਾਂ ਪਿਛੇ ਹੁਣ ਕੌਣ ਰਹੇ। ਬਸ ਸਰੋਤ ਹੋਣ ਦੀ ਦੇਰ ਸੀ ਬੇਅੰਤ ਸੰਗਤਾਂ ਹੁਮ ਹਮਾਕੇ ਆਈਆਂ ਜਿਨ੍ਹਾਂ ਵਿਚ ਸ: ਕਪੂਰਾ, ਕੋਟ ਕਪੂਰੇ ਵਾਲਾ ਭੀ ਸ਼ਾਮਲ ਹੋਇਆ ਤੇ ਅੰਮ੍ਰਿਤ ਪਾਨ ਕਰਕੇ ਕਪੂਰ ਸਿੰਘ ਸਜਿਆ ਤੇ ਸ੍ਰੀ ਗੁਰੂ ਜੀ ਤੋਂ ਸਿਰੋਪਾਉ*ਹਾਸਲ ਕੀਤਾ ਏਸ ਜਗਾ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਸੁੰਦਰ ਬਣਾਇਆ ਹੋਇਆ ਹੈ। ਕਾਫੀ ਜ਼ਮੀਨ ਨਾਉਂ ਹੈ।

**ਗੁ: ਜੰਡ ਸਾਹਿਬ**–ਰਿਆਸਤ ਫਰੀਦਕੋਟ ਵਿਚ ਪਿੰਡ ਦੇਹਰੀਵਾਲਾ ਕਲਾਂ ਤੋਂ ਇਕ ਮੀਲ ਦਖਣ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ । ਇਥੇ ਜੰਡ ਹੇਠ ਸਤਿਗੁਰੂ ਸਾਹਿਬ ਬਿਰਾਜੇ ਸਨ। ਗੁਰਦੁਆਰੇ ਦੇ ਨਾਲ ੨੫ ਘੁਮਾਂ ਜ਼ਮੀਨ ਗਹਿਣੇ (ਗਿਰੋ) ਲਈ ਹੋਈ ਹੈ । ਰੇਲਵੇ ਸਟੇਸ਼ਨ ਫਰੀਦ ਕੋਟ ਤੋਂ ਦਸ ਮੀਲ ਪਛਮ ਹੈ। ਮਹਾਰਾਜਾ ਹਰਿਇੰਦਰ ਸਿੰਘ ਵਾਲੀਏ ਫਰੀਦ ਕੋਟ ਵਲੋਂ ਖਾਲਸਾ ਹਾਈ ਸਕੂਲ ਜਾਰੀ ਹੈ।

**ਗੁ: ਬਹਿਬਲ (ਫਰੀਦ ਕੋਟ)** ਇਥੇ ਸਤਿਗੁਰੂ ਸਚੇ ਪਾਤਸ਼ਾਹ ਬਿਰਾਜੇ ਹੋਏ ਸਨ ਤਾਂ ਪਿੰਡ ਦੀਆਂ ਸੰਗਤਾਂ ਨੇ ਗੁਰ ਸਿੱਖਾਂ ਨੂੰ ਪ੍ਰਸ਼ਾਦ ਛਕਾਉਣ ਲਈ ਬੇਨਤੀ ਕੀਤੀ। ਉਹ ਇਕ ਇਕ ਦੋ ਦੋ ਸਿੰਘਾਂ ਨੂੰ ਆਪਣੇ ਘਰੀਂ ਲੈ ਗਏ ਤੇ ਪ੍ਰੇਮ ਨਾਲ ਪ੍ਰਸ਼ਾਦ ਛਕਾਇਆ । ਇਕ ਗ੍ਰੀਬ ਸਿੱਖ ਦੇ ਘਰ ਕੇਵਲ ਸੁਕੇ ਪੀਲੂ ਸਨ। ਉਸਨੇ ਭਾਈ ਮਲਾਗਰ ਸਿੰਘ ਜੀ ਨੂੰ ਉਹੀ ਛਕਾਏ ਜਦ ਸਾਰੇ ਸਿੰਘ ਡੇਰੇ ਆਏ ਤਾਂ ਗੁਰੂ ਜੀ ਨੇ ਪੁਛਿਆ ਕਿ ਭਾਈ ਸਿੰਘੋ ਕੀ ਕੀ ਛਕਿਆ। ਭਾਈ ਮਲਾਗਰ ਸਿੰਘ ਨੇ ਕਿਹਾ ਮਹਾਰਾਜ ਮੈਂ ਤਾਂ ਛਤੀਹ ਪ੍ਰਕਾਰ ਦੇ ਪਦਾਰਥ ਛਕੇ। ਪਰ ਜਿਸ ਸਿੰਘ ਦੇ ਘਰ ਉਸਨੇ ਪ੍ਰਸ਼ਾਦ ਛਕਿਆ ਸੀ ਉਸਨੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਇਸ ਸੰਤੋਖੀ ਸਿੰਘ ਨੂੰ ਸੁਕੀਆਂ ਪੀਲੂ ਛਕਾਈਆਂ ਹਨ। ਇਸ ਪਰ ਗੁਰੂ ਜੀ ਨੇ ਫ਼ਰਮਾਇਆ ਕਿ ਜੋ ਸਿੱਖ ਗ੍ਰੀਬ ਸਿੱਖ ਦੇ ਘਰੋ ਚੰਗਾ ਚੋਖਾ ਖਾਣ ਦੀ ਇੱਛਾ ਕਰੇ ਉਹ ਠੀਕ

---

*ਇਕ ਖੜਗ ਅਤੇ ਢਾਲ ਬਖਸੀ ਜੋ ਹੁਣ ਫਰੀਦ ਕੋਟ ਦੇ ਰਾਜ ਮਹਿਲ ਵਿਚ ਸਨਮਾਨ ਨਾਲ ਰਖੇ ਹੋਈ ਹੈ ।

Digitized by Panjab Digital Library | www.panjabdigilib.org

ਨਹੀਂ ਕਰਦਾ ਤੇ ਸਿੱਖ ਨੂੰ ਜੋ ਘਰ ਹੋਵੇ ਪ੍ਰੇਮ ਨਾਲ ਛਕਾਉਣਾ ਸਿਖ ਦਾ ਫ਼ਰਜ਼ ਹੈ। ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ।

ਸਿਖ ਵਿਗ ਹੋਇ ਅਚਾਵਹਿ ਨਾਹੀ।
ਤੋਦੂਖਨ ਜਾਨ ਹੁਤਿਸ ਮਾਹੀ।
ਨਿਰਧਨ ਸਿੱਖ ਤੇ ਜਾਚਹਿ ਨੀਕਾ।
ਦੋਸ਼ ਲਖਹੁ ਅਚਵਹਿ ਤਿਸ ਹੀਕਾ।

ਨੋਟ:– ਗੁਰਦੁਆਰੇ ਦੇ ਨਾਮ ਸੋਲਾਂ ਘੁਮਾਂ ਜ਼ਮੀਨ ਮਹੰਤ ਜੀ ਨੇ ਖਰੀਦ ਕੇ ਲਗਵਾਈ ਹੈ।

ਗੁ: ਸਾ: ਕਮੇਟੀ ਦੇ ਪ੍ਰਬੰਧ ਵਿਚ ਹੈ ਜਿਸ ਦੇ ਪ੍ਰਧਾਨ ਸ੍ਰ: ਗੁਰਬਚਨ ਸਿੰਘ ਜੀ ਤੇ ਇਤਆਦਿ ਸਜਨਾਂ ਗੁਰਦੁਆਰੇ ਨੂੰ ਬੜੀ ਤਰਕੀ ਦਿਤੀ ਹੈ।

**ਗੁ: ਗੁਰੂ ਸਰ:–** ਰਿਆਸਤ ਫਰੀਦ ਕੋਟ ਦੇ ਰਾਜ ਵਿਚ ਬਹਿਬਲ ਪਿੰਡ ਤੋਂ ਇਕ ਕੋਹ ਪੱਛਮ ਇਕ ਪਿੰਡ ਇੱਥੇ ਦਸਮੇਸ਼ ਜੀ ਵਿਰਾਜੇ ਹਨ ਉਸ ਜਗਾ ਗੁਰਦੁਆਰਾ ਤੇ ਸ੍ਰੋਵਰ ਬੜੇ ਸੁੰਦਰ ਬਣੇ ਹੋਇ ਹਨ ਸ੍ਰੀ ਗੁਰੂ ਜੀ ਤੇ ਗੁਰ ਅਸਥਾਨ ਦਾ ਨਾਉਂ ਗੁਰੂ ਸਰ ਹੋਣ ਕਰਕੇ ਪਿੰਡ ਦਾ ਨਾਉ ਭੀ ਗੁਰੂ ਸਰ ਪ੍ਰਸਿਧ ਹੈ ਜੋ ਤਹਿਸੀਲ ਕੋਟ ਕਪੂਰਾ ਤੋਂ ਚੜ੍ਹਦੇ ਵਲ ੮-੯ ਮੀਲ ਹੈ ਸਟੇਸ਼ਨ ਰੁਮਾਣਾ, ਅਲਬੇਲ ਸਿੰਘ ਵਾਲਾ ਤੋਂ ਤਿੰਨ ਮੀਲ ਹੈ। ਇਸ ਪਵਿਤ੍ਰ ਗੁਰ ਅਸਥਾਨ ਰਾਗੀ ਸੇਵਾ ਸਿੰਘ ਜੀ ਰਾਗੀ ਹਰਨਾਮ ਸਿੰਘ ਗਿ: ਸੁਚਾ ਸਿੰਘ ਜੀ ਕਮੇਟੀ ਦੇ ਹੇਠ ਲਿਖੇ ਮੈਂਬ੍ਰਾਂ ਸ: ਮਹਾ ਸਿੰਘ ਸ: ਸੋਹਣ ਸਿੰਘ ਇਤਆਦਿ ਨੇ ਮਿਲ ਕੇ ਲਈ ਜ਼ਮੀਮ ੬੦ ਘੁਮਾਂ

**ਗੁ: ਭੋਖੜੀ (ਹਰਰਾਇਪੁਰਾ)–** ਰਾਜ ਫਰੀਦ ਕੋਟ ਥਾਨਾ ਨੇਹੀਆ ਵਾਲਾ ਦਾ ਇਕ ਪਿੰਡ ਭੋਖੜੀ ਹੈ, ਜੋ ਗੋਨੇਆਣੇ ਤੋਂ ੩ ਮੀਲ ਹੈ ਇਸ ਪਿੰਡ ਤੋਂ ਇਕ ਫਰਲਾਂਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਇਥੇ ਸ੍ਰੀ ਗੁਰੂ ਹਰ ਰਾਇ ਸਾਹਿਬ ਜੀ ਨੇ ਭੀ ਚਰਨ ਪਾਏ ਹਨ। ਗੁਰਦੁਆਰੇ ਦੇ ਨਾਉਂ ੧੮ ਘੁਮਾਂ ਜ਼ਮੀਨ ਹੈ।

**ਗੁ: ਸਾਹਿਬ ਦੋਦੇ ਵਾਲਾ–**(ਪ੍ਰਸਿਧ ਨਾਮ ਗੁਰੂ ਕੀ ਢਾਬ ਮੱਤਾ ਹੈ)। ਭਾਈ ਸਾ: ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਦੋਦੇ ਵਾਲਾ ਨਾਉਂ ਦਾ ਟੋਭਾ ਪਿੰਡ ਬਹਿਬਲ ਅਤੇ ਸਿਉਂਰਾਸ ਪਾਸ ਹੈ। ਇਸ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪੰਜ ਇਸ਼ਨਾਨਾ ਕੀਤਾ। 'ਦੋਦੇ ਵਾਲ ਤਾਲ ਕੋ ਨਾਮੂ। ਤਿਸ ਮਹਿ ਸੁਨਿ ਜਲ ਕੋ ਅਭਿਰਾਮੂ ॥' ਇਹ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ। ਇਸ ਢਾਬ ਦਾ ਨਾਉਂ ਹੁਣ ਦੋਦੇ ਵਾਲ ਅਤੇ ਮੱਤੇਵਾਲੇ ਪ੍ਰਸਿਧ ਹੈ। ਇਹ ਰਿਆਸਤ ਫਰੀਦ ਕੋਟ ਦੇ ਇਲਾਕੇ ਪਿੰਡ ਸੰਗਵਾਂ ਦੇ ਪਾਸ ਹੀ ਹੈ। ਜੋੜ ਮੇਲਾ ਸਾਲਾਨਾ ੨–੩–੪ ਅਸੂ ਨੂੰ ਗੁਰੂ ਜੀ ਦੀ ਪ੍ਰੇਰਨਾ ਨਾਲ ਅਵਸ਼ ਹੀ ਲਗਦਾ ਹੈ ਗੁਰ ਅਸਥਾਨ ਦੀ ਸੇਵਾ ਜਥੇਦਾਰ ਕਰਮ ਸਿੰਘ ਮਤਾ ਪਤੀ ਬਾਦਰ ਵਾਲੇ ਨੇ ਕਰਾਈ। ਔਰ ਗ੍ਰੰਥੀ ਹਰੀ ਸਿੰਘ ਜੀ ਬੜੇ ਹੀ ਅਧਿਕ ਪ੍ਰੇਮ ਨਾਲ ਸੇਵਾ ਕਰਦੇ ਹਨ।

Digitized by Panjab Digital Library | www.panjabdigilib.org

**ਗੁਃ ਅਜੀਤ ਗਿਲ**—ਇਹ ਪਿੰਡ ਰਿਆਸਤ ਫਰੀਦ ਕੋਟ ( ਤਹਿਸੀਲ ਥਾਣਾ ਕੋਟ ਕਪੂਰਾ) ਵਿੱਚ ਹੈ ਪਿੰਡ ਤੋਂ ਦੱਖਣ ਵੱਲ ਨੇੜੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਗੁਰਦੁਆਰਾ ਹੈ। ਸਤਿਗੁਰੂ ਜੀ ਨੇ ਇਥੇ ਠਹਿਰ ਕੇ ਦਸਤਾਰਾ ਸਜਾਇਆ ਹੈ। ਏਸ ਅਸਥਾਨ ਨੂੰ (ਗੁਰੂਸਰ) ਆਖਦੇ ਹਨ ਰੇਲਵੇ ਸਟੇਸ਼ਨ ਰੁਮਾਣਾ ਅਲਬੇਲ ਸਿੰਘ ਤੋਂ ੨ ਮੀਲ ਦੇ ਲਗ ਪਗ ਚੜ੍ਹਦੇ ਵੱਲ ਹੈ।

**ਗੁਃ ਮਹਿਮਾ ਸਿੰਘ ਵਾਲਾ**—ਰਿਆਸਤ ਫਰੀਦਕੋਟ ਥਾਨਾ ਨੇਹੀਆ ਵਾਲਾ ਵਿਚ ਇਕ ਪਿੰਡ ਹੈ ਜੋ ਸਟੇਸ਼ਨ ਗੋਨਿਆਣੇ ਤੋਂ ੩ ਮੀਲ ਉਤਰ ਪੱਛਮ ਵਲ ਹੈ।ਇਸ ਦੇ ਨਾਲ ਹੀ ਉੱਤਰ ਵੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਗੁਰੂ ਸਾਹਿਬ ਜੀ ਰਾਮੇਆਣਾ ਤੋਂ ਇਥੇ ਪਧਾਰੇ ਸਨ।

**ਗੁ: ਸਾ: ਲੱਖੀ ਜੰਗਲ**—ਖਾਸ ਮਹਾਨਤਾ ਰਖਦਾ ਹੈ ਕਿਉਂਕਿ ਇਸ ਪਵਿਤਰ ਅਸਥਾਨ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਗੁਰੂ ਹਰਿ ਗੋਬਿੰਦ ਸਾਹਿਬ ਜੀ ਮਮਾਰਾਜ ਦੇ ਪਵਿਤਰ ਚਰਨਾਂ ਦੀ ਛੋਹ ਪ੍ਰਾਪਤ ਹੋਈ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਥੇ ਇਕਾਂਤ ਥਾਂ ਪਸੰਦ ਕਰਕੇ ਸ੍ਰੀ ਜਪ ਜੀ ਸਾਹਿਬ ਦਾ ਸਵਾ ਲਖ ਪਾਠ ਕੀਤਾ* ਅਤੇ ਫੁਰਮਾਇਆ ਕਿ ਜੋ ਗੁਰ ਸਿਖ ਇਕ ਮੰਨ ਹੋ ਕੇ ਜਪ ਜੀ ਸਾਹਿਬ ਦੇ ਪਾਠ ਕਰੇਗਾ ਉਸਦੀ ਕਲਿਆਣ ਹੋਵੇਗੀ। ਇਸ ਦਾ ਨਾਉਂ ਲੱਖੀ ਜੰਗਲ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸੇ ਪਵਿਤ੍ਰ ਅਸਥਾਨ ਵਿਖੇ ਕਈ ਦਿਨ ਦਰਬਾਰ ਸਜਾਇਆ। ਬਹੁਤ ਸਾਰੇ ਸਿਖ ਸੇਵਕ ਇਕੱਠੇ ਹੋਏ ਵੇਖ ਕੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਫੁਰਮਾਇਆ।

ਲਖੀ ਜੰਗਲ ਖਾਲਸਾ ਆਇ ਦੀਦਾਰ ਦਿਤੋ ਨੇ
ਸੁਣਕੇ ਸਦ ਮਾਹੀ ਦਾ ਮੇਂਹੀ ਪਾਣੀ ਘਾਹੁ ਮੁਤੋ ਨੇ
ਕਿਸੇ ਨਾਲ ਨ ਰਲੀਆਂ ਕਾਈ ਐਸਾ ਸ਼ੌਕ ਪਯੋ ਨੇ
ਗਿਆ ਫਰਾਕ ਮਿਲਿਆ ਮਿਤ ਮਾਹੀ ਤਾਂਹੀ ਸ਼ੁਕਰ ਕੀਤੋ ਨੇ।

(ਸਰਬ ਲੋਹ ਪ੍ਰਕਾਸ਼)

ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਜੀ ਇਸ ਥਾਂ ਕਈ ਵੇਰ ਪੁਜੇ। ਅਤੇ ਬੇਅੰਤ ਚੋਜ ਕੀਤੇ। ਜੈਸੇ ਛੂਤ ਛਾਤ ਤੋੜਨੀ, ਕਵੀ ਦਰਬਾਰ ਲਗਾਉਣੇ, ਕਾਲੀ ਬੂਰੀ ਮੱਝ ਦੇ ਦੁੱਧ ਦੀ ਪਰਖ ਕਰਨੀ ਇਸ ਅਸਥਾਨ ਪਰ ਗੁਰੂ ਜੀ ਨੂੰ ਬਹੁਤ ਸਾਰੀਆਂ ਵਿਛੜੀਆਂ ਸੰਗਤਾਂ ਆਕੇ ਮਿਲੀਆਂ ਵਰ ਦਿੱਤਾ। ਇਸ ਇਲਾਕੇ ਦੇ ਬੈਰਾੜਾਂ ਦੇ ਪ੍ਰਸਿੱਧ ਜਥੇਦਾਰ ਬਾਬਾ ਦਾਨ ਸਿੰਘ ਜੀ ਗੁਰੂ ਮਹਾਰਾਜ ਦੀ ਤਨ ਮਨ

---

*ਇਕ ਥਾਂ ਇਉਂ ਦੇਖਿਆ ਹੈ ਕਿ ਅਨੰਦ ਰਾਓ ਦੇ ਆਉਣ ਤੋਂ ਪਹਿਲਾਂ ਉਸ ਦਾ ਭਤੀਜਾ ਲਖੀ ਜੋ ਇਥੇ ਪਹਿਲਾਂ ਆ ਕੇ ਵਸਿਆ ਸੀ। ਉਹ ਮੁਸਲਮਾਨ ਹੋ ਗਿਆ ਸੀ ਜਿਸ ਪਾਸ ਅਨੰਦ ਰਾਓ ਕੁਝ ਦਿਨ ਰਹਿ ਕੇ ਵਾਪਸ ਪਿਛੇ ਜਾ ਵਸਿਆ ਸੀ। ਉਸ ਲਖੀ ਦੇ ਨਾਮ ਤੇ ਹੀ ਇਸ ਦਾ ਨਾਮ ਲਖੀ ਜੰਗਲ ਪਿਆ।

Digitized by Panjab Digital Library | www.panjabdigilib.org

ਧਨ ਦੁਆਰਾ ਸੇਵਾ ਕਰਦੇ ਰਹੇ। ਬੰਨੂੰ ਕੋਹਾਟ ਆਦਿ ਤੋਂ ਚਲਕੇ ਸੰਗਤਾਂ ਏਥੇ ਦਰਸ਼ਨਾਂ ਨੂੰ ਆਂਉਦੀਆਂ ਰਹੀਆਂ।

ਇਸ ਤੋਂ ਉਪਰੰਤ ਇਹ ਅਸਥਾਨ ਖਾਲਸਾ ਪੰਥ ਦੀ ਬੜੀ ਭਾਰੀ ਛਾਉਣੀ ਦਾ ਕੰਮ ਦਿੰਦਾ ਰਿਹਾ ਅਤੇ ਖਾਲਸਾ ਦਲ ਹਰ ਔਕੜ ਸਮੇਂ ਇਥੇ ਨਿਵਾਸ ਕਰਦਾ ਰਿਹਾ । ਵਡੇ ਘਲੂਘਾਰੇ ਸਮੇਂ ਸਿੰਘਾ ਨੇ ਇਥੇ ਠਹਿਰ ਕੇ ਜ਼ਖਮੀਆ ਦਾ ਇਲਾਜ ਕੀਤਾ। ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਦੀ ਬੇ-ਅਦਬੀ ਰੋਕਣ ਲਈ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਇਥੇ ਖਾਲਸਾ ਜੀ ਦੇ ਇਕ ਦੀਵਾਨ ਵਿਚ ਅਪੀਲ ਕੀਤੀ ਜਿਸਦਾ ਅਸਰ ਇਹ ਹੋਇਆ ਕਿ ਪੰਜ ਹਜ਼ਾਰ ਚੋਣਵੇ ਜਵਾਨ ਬਾਬਾ ਜੀ ਦੇ ਨਾਲ ਤਿਆਰ ਹੋ ਗਏ ਇਸ ਦਲ ਨੇ ਅਰਦਾਸਾ ਸੋਧ ਕੇ ਸ੍ਰੀ ਅੰਮ੍ਰਿਤਸਰ ਜੀ ਵੱਲ ਚਾਲੇ ਪਾਏ। ਇਸ ਤੋਂ ਇਲਾਵਾ ਖਾਲਸਾ ਪੰਥ ਦੇ ਪ੍ਰਸਿੱਧ ਆਗੂ ਬਾਬਾ ਗੁਰਬਖਸ਼ ਸਿੰਘ (ਬੰਦਾ ਬਹਾਦਰ) ਨਵਾਬ ਕਪੂਰ ਸਿੰਘ, ਸ: ਜਸਾ ਸਿੰਘ ਰਾਮਗੜੀਆ, ਸ: ਝੰਡਾ ਸਿੰਘ ਭੰਗੀ, ਆਦਿ ਨੇ ਇਸ ਅਸਥਾਨ ਦੀ ਯਾਤ੍ਰਾ ਕੀਤੀ।

ਇਸ ਤੋਂ ਬਿਨਾ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਵਜ਼ੀਰ ਸਿੰਘ ਮਹਾਰਾਜਾ ਬਿਕ੍ਰਮ ਸਿੰਘ, ਮਹਾਰਾਜਾ ਬ੍ਰਿਜਿੰਦ੍ਰ ਸਿੰਘ ਆਦਿ ਨੇ ਭੀ ਇਸ ਗੁਰ ਅਸਥਾਨ. ਦੀ ਪਵਿਤ੍ਰ ਧੂੜੀ ਨੂੰ ਮਸਤੱਕ ਨਾਲ ਲਾਕੇ ਜਨਮ ਸਫਲਾ ਕੀਤਾ। ਮਹਾਰਾਜਾ ਸਾਹਿਬ ਹਰਿੰਦਰ ਸਿੰਘ ਵਾਲੀਏ ਫਰੀਦ ਕੋਟ ਨੇ ਇਸ ਗੁਰ ਅਸਥਾਨ ਦੀ ਵਧ ਚੜਕੇ ਸੇਵਾ ਕਰਾਈ ਅਤੇ ਆਪ ਪ੍ਰਬੰਧਕਾਂ ਦਾ ਹਰ ਸਮੇਂ ਚੰਗਾ ਹਥ ਵਟਾਉਂਦੇ ਰਹਿੰਦੇ ਹਨ। ਗੁਰਦੁਆਰੇ ਦੇ ਨਾਮ ੧੧੦ ਘੁਮਾਂ ਜ਼ਮੀਨ ਹੈ।

**ਗੁ: ਸਾਹਿਬ ਰਾਮੇਆਣਾ**—ਰਿਆਸਤ ਫਰੀਦ ਕੋਟ, ਤਾਸੀਲ ਅਤੇ ਥਾਣਾ ਕੋਟ ਕਪੂਰਾ ਦਾ ਪਿੰਡ ਰੇਲਵੇ ਸਟੇਸ਼ਨ ਜੈਤੋ ਤੋਂ ੭ ਮੀਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦ ਇਸ ਪਿੰਡ ਪਾਸ ਪਹੁੰਚੇ, ਤਦ ਇਕ ਜ਼ਿਮੀਂਦਾਰ ਨੂੰ ਡੇਲੇ ਤੋੜਦੇ ਨੂੰ ਦੇਖਿਆ ਤਾਂ ਸ੍ਰੀ ਦਸਮੇਸ਼ ਪਾਤਿਸ਼ਾਹ ਜੀ ਨੇ ਡੇਲੇ ਸਿੱਟ ਦੇਣ ਲਈ ਆਗਿਆ ਕੀਤੀ, ਜੱਟ ਨੇ ਤਿੰਨ ਹਿੱਸੇ ਸਿੱਟ ਦਿਤੇ ਤੇ ਚੋਥਾ ਹਿਸਾ ਵਰਤਣ ਲਈ ਰਖ ਲਏ। ਤਾਂ ਸ੍ਰੀ ਗੁਰੂ ਜੀ ਨੇ ਫੁਰਮਾਇਆ ਕਿ ਅਸੀਂ ਇਸ ਦੇਸ਼ ਦਾ ਸਾਰਾ ਦੁਰਭਿੱਖ (ਕਾਲ) ਕੱਢਣਾ ਚਾਹੁੰਦੇ ਸਾਂ। ਪਰ ਤੈਂ ਚੋਥਾ ਹਿੱਸਾ ਰਖ ਲੀਤਾ ਹੈ। ਪਿੰਡ ਦੇ ਪਾਸ ਗੁਰਦੁਆਰਾ ਬਣਿਆ ਹੋਇਆ ਹੈ ੩੫ ਘੁਮਾਂ ਜ਼ਮੀਨ ਪਿੰਡ ਵਲੋਂ ਹੈ। ਪੁਜਾਰੀ ਸਿੰਘ ਸਾਹਿਬ ਜੀ ਹੈ ਇਸ ਦੀ ਨਵੀਂ ਇਮਾਰਤ ਦੀ ਸੇਵਾ ਸੰਤ ਸੁੰਦਰ ਸਿੰਘ ਜੀ ਵਰਕਤ ਨੇ ਬੜੇ ਪ੍ਰੇਮ ਨਾਲ ਕਰਾਈ ਹੈ।

**ਗੁ: ਲੰਭਵਾਲੀ:**— ਪਿੰਡ ਲੰਭਵਾਲੀ ਰੇਲਵੇ ਸਟੇਸ਼ਨ ਜੈਤੋ ਤੋਂ ੬ ਮੀਲ ਪੂਰਬ ਵਲ ਹੈ। ਇਸ ਪਿੰਡ ਤੋਂ ੨ ਫਰਲਾਂਗ ਚੜ੍ਹਦੇ ਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਇਥੇ ਪਹਿਲੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਭੀ ਪਵਿਤ੍ਰ ਚਰਨ ਪਾਏ ਸਨ ਤੇ ਇਕ ਸੱਪ ਨੂੰ ਮੁਕਤੀ ਦਿੱਤੀ ਸੀ। ਗੁਰਦੁਆਰੇ ਦੇ ਨਾਮ ੨੨ ਘੁਮਾਂ ਜ਼ਮੀਨ ਰਿਆਸਤ ਵਲੋਂ ਹੈ।

Digitized by Panjab Digital Library | www.panjabdigilib.org

# ਫਰੀਦ ਕੋਟ

| ਨ: | ਨਾਮ ਗੁਰਦੁਆਰਾ | ਜ਼ਮੀਨ ਘੁਮਾਂ ਜਾਂ ਵਿਘੇ | ਮਕਾਨ | ਸਹਾਇਤਾ ਆਦਿ |
|---|---|---|---|---|
| | ਭਗਤਾ | ੮੮ ਘੁਮਾਂ | | ਫਰੀਦ ਕੋਟ ਵਲੋਂ |
| | ਬਰਗਾੜੀ | ੨੪ ਘੁਮਾਂ ਮਾਫੀ | | |
| | ਕੋਟ ਕਪੂਰਾ | ੧੨੬ ਘੁਮਾਂ | | ਮਾਈ ਸਰਕਾਰ ਫੀ: |
| | ਸੁਰਗਾ ਪੁਰੀ | | | ਦੁਕਾਨਾਂ ਕੁਝ ਫਰੀਦ ਕੋਟ ਵਲੋਂ |
| | ਗੰਡੂ ਥੇਹ | ੧੨ ਘੁਮਾਂ | | |
| | ਜੰਡ ਸਾਹਿਬ | ੨੫ ਘੁਮਾਂ | | |
| | ਬਹਿਬਲ | ੧੬ ਘੁਮਾਂ | | |
| | ਗੁਰੂ ਸਰ | ੬੦ ਘੁਮਾਂ | | |
| | ਭੇਖੜੀ | ੧੮ ਘੁਮਾਂ | | |
| | ਲਖੀ ਜੰਗਲ | ੧੧੦ ਘੁਮਾਂ | | |
| | ਰਾਮੇ ਆਣਾ | ੩੫ ਘੁਮਾਂ | | |
| | ਲੰਭਵਾਲੀ | ੨੨ ਘੁਮਾਂ | | |
| | ਜੋੜ | ੫੩੬ ਘੁਮਾਂ | | |

ਏ ਸਰੀਰਾ ਮੇਰਿਆ ਇਸੁ ਜਗ ਮਹਿ
ਆਇਕੈ ਕਿਆ ਤੁਧੁ ਕਰਮ ਕਮਾਇਆ॥

ਪਾ: ੩

Digitized by Panjab Digital Library | www.panjabdigilib.org

# ਰਿਆਸਤ ਨਾਭਾ ਵਿਖੇ ਸ੍ਰੀ ਦਸਮੇਸ਼ ਜੀ ਦੇ ਗੁਰਦੁਆਰੇ

**ਕਾਂਗੜ**—ਰਾਜ ਨਾਭਾ ਵਿਚ ਨਜ਼ਾਮਤ ਫੂਲ ਦੇ ਥਾਣੇ ਦਿਆਲਪੁਰੇ ਦਾ ਇਕ ਪਿੰਡ ਜੋ ਦੀਨੇ ਤੋਂ ਡੇਢ ਕੋਹ ਦਖਣ ਵਲ ਹੈ ਇਹ ਕਿਸੇ ਸਮੇਂ ਰਾਜ ਜੋਧ ਦੀ ਰਾਜਧਾਨੀ ਸੀ। ਇਸ ਥਾਂ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸੇਵਕ ਰਾਇ ਜੋਧ ਦਾ ਪ੍ਰੇਮ ਦੇਖਕੇ ਆਏ ਹਨ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਭੀ ਚਰਣਾਂ ਨਾਲ ਪਵਿਤ੍ਰ ਕੀਤਾ ਹੈ "ਜ਼ਫਰਨਾਮਾ" ਇਸੇ ਥਾਂ ਵਿਰਾਜ ਕੇ ਲਿਖਿਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਰਾਏ ਜੋਧ ਨੂੰ ਬਖਸ਼ਿਆ ਕਟਾਰ ਹੁਣ ਸਰਦਾਰ ਬਘੇਲ ਸਿੰਘ ਦੇ ਘਰ ਹੈ।

ਰੇਲਵੇ ਸਟੇਸ਼ਨ ਰਾਮ ਪੁਰਾ ਫੂਲ ਤੋਂ ਕਾਂਗੜ ੧੬ ਮੀਲ ਉਤਰ ਵਲ ਹੈ।

ਦੌਰੇ ਦੀ ਸਾਖੀ ਵਿਚ ਲਿਖਿਆ ਹੈ ਕਿ ਭਾਈ ਲਖਮੀਰ ਤੇ ਸਮੀਰ ਨੇ ਮਹਾਰਾਜ ਜੀ ਦੀ ਬੜੀ ਸੇਵਾ ਕੀਤੀ। ਪਰ ਮਹਾਰਾਜ ਦਾ ਬਚਿਆ ਸ਼ੀਤ ਪ੍ਰਸਾਦ ਆਪਣੇ ਮਾਮੇ ਦੇ ਆਖਣ ਤੋਂ ਜੋ ਜੈਤੋ ਦਾ ਰਹਿਣ ਵਾਲਾ ਅੰਤ ਸੁਲਤਾਨੀਆ ਸੀ, ਧਰਤੀ ਵਿਚ ਦਬ ਦਿਤਾ ਅਤੇ ਅਧੀ ਥਾਲੀ ਓਸ ਵਿਚੋਂ ਬੀਬੀਆਂ ਨੇ ਛਕ ਲਿਆ ਸੀ। ਤਾਂ ਮਹਾਰਾਜ ਦੇ ਪੁਛਣ ਤੇ ਉਨ੍ਹਾਂ ਸਚ ੨ ਦਸ ਦਿਤਾ। ਏਸ ਤੇ ਦਾਤਾ ਜੀ ਨੇ ਫੁਰਮਾਇਆ ਕਿ ਜ਼ਮੀਨ ਥੋੜੀ ਕਦੇ ਭੀ ਜੰਮਣੋ ਨਹੀਂ ਹਟੂ। ਬੀਬੀਆਂ ਨੂੰ ਭਾਗ ਲਗੂ। ਚੰਗੇ ੨ ਥਾਈਂ ਇਨ੍ਹਾਂ ਦੇ ਨਾਤੇ ਹੋਣਗੇ। ਸੋ ਓਹੋ ਹੀ ਪ੍ਰਤਖ ਹੋ ਰਿਹਾ ਹੈ।

**ਗੁ: ਦਿਆਲ ਪੁਰਾ:**—(ਜ਼ਫਰਨਾਮਾਂ ਸਾਹਿਬ) ਰਾਜ ਨਾਭੇ ਦੀ ਨਜ਼ਾਮਤ ਫੂਲ ਵਿਚ ਇਕ ਪਿੰਡ ਦਿਆਲ ਪੁਰੇ ਦੀ ਕਾਂਗੜ ਪੱਤੀ ਵਿਚ ਇਕ ਗੁਰਦੁਆਰਾ ਜਿਸ ਦੀ ਆਲੀਸ਼ਾਨ ਇਮਾਰਤ ਭਾਈ ਮਨੀ ਸਿੰਘ ਜੀ ਨੇ ਗੁਰ ਸਿਖਾਂ ਨੂੰ ਪ੍ਰੇਰਕੇ ਬਣਵਾਈ ਹੈ। ਇਥੇ ਵਿਰਾਜ ਕੇ ਸ੍ਰੀ ਕਲਗੀਧਰ ਜੀ ਨੇ ਜ਼ਫਰਨਾਮਾ ਲਿਖਿਆ ਹੈ, ਜੋ ਸੰਮਤ ੧੭੬੨ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਕਾਂਗੜ ਗ੍ਰਾਮ ਤੋਂ ਫ਼ਾਰਸੀ ਰੁਬਾਈਯਾਤ (ਬੈਤਾਂ) ਦੀ ਚਿਠੀ ਜੋ ਔਰੰਗਜ਼ੇਬ ਨੂੰ ਭਾਈ ਦਯਾ ਸਿੰਘ ਜੀ ਭਾਈ ਧਰਮ ਸਿੰਘ ਜੀ ਹੱਥ ਦੱਖਣ ਭੇਜੀ ਹੈ ਉਸ ਦਾ ਨਾਮ ਜ਼ਫਰਨਾਮਾਂ (ਵਿਜਯ ਪੱਤ੍ਰ) ਹੈ ਇਸ ਵਿਚ ਬਾਦਸ਼ਾਹ ਦੇ ਅਨਯਾਯ ਅਤੇ ਅਯੋਗ ਕਰਮਾਂ ਦਾ ਵਰਣਨ ਤਥਾ ਹਿਤਬਰੀ ਸਿਖਯਾ ਹੈ। ਜ਼ਫਰਨਾਮੇ ਦਾ ਪਾਠ ਅਣਜਾਣ ਲਿਖਾਰੀਆਂ ਨੇ ਬਹੁਤ ਅਸੁਧ ਕਰ ਦਿਤਾ ਹੈ। ਜੋ ਭਾ: ਸਾ: ਕਾਹਨ ਸਿੰਘ ਜੀ ਨੇ ਵਡੇ ਯਤਨ ਨਾਲ ਅਨੇਕ ਨੁਸਖੇ ਇਕਤ੍ਰ ਕਰਕੇ ਜੋ ਪਾਠ ਸੋਧਿਆ ਹੈ ਉਹ ਫ਼ਾਰਸੀ ਅਤੇ ਗੁਰਮੁਖੀ ਅੱਖਰਾਂ ਵਿਚ ਅਰਥਾਂ ਸਮੇਤ ਸਹੀ ਤਿਆਰ ਕੀਤਾ ਹੈ। ਇਸ ਗੁਰਦੁਆਰੇ ਨਾਲ ਦੋ ਹਲ ਦੀ ਜ਼ਮੀਨ ਹੈ।

Digitized by Panjab Digital Library | www.panjabdigilib.org

**ਜੈਤੋ**—ਰਾਜ ਨਾਭਾ ਦੀ ਨਜ਼ਾਮਤ ਫੂਲ ਦਾ ਇਕ ਪਿੰਡ ਜੋ ਬਠਿੰਡਾ (ਭਟਿੰਡਾ) ਫੀਰੋਜ਼ ਪੁਰ ਰੇਲਵੇ ਸਟੇਸ਼ਨ ਲਾਈਨ ਪੁਰ ਹੈ। ਇਸ ਥਾਂ ਕਿਲੇ ਦੇ ਪਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਮਹਾਰਾਜ ਹੀਰਾ ਸਿੰਘ ਜੀ ਨੇ ਇਸ ਦੀ ਸੁੰਦਰ ਇਮਾਰਤ ਬਣਵਾਈ ਹੈ। ਇਸ ਗੁਰਦੁਆਰੇ ਦੇ ਪਾਸ ਤਲਾ ਹੈ ਜਿਸ ਦਾ ਨਾਮ ਗੰਗਸਰ ਹੈ।

**ਗੁ: ਗੰਗਾਸਰ ਜੈਤੋ**—ਇਸ ਗੁਰਅਸਥਾਨ ਨਾਲ ੭੦ ਘੁਮਾਂ ਜ਼ਮੀਨ ਅਤੇ ੪੩੨ ਰੁਪੈ ਸਾਲਾਨਾ ਜਾਗੀਰ ਰਿਆਸਤ ਨਾਭਾ ਵਲੋਂ ਹੈ। ੧੮ ਘੁਮਾਉਂ ਜ਼ਮੀਨ ਪਿੰਡ ਵਲੋਂ ਹੈ। ਪੋਹ ਸੁਦੀ ੭ ਅਤੇ ਕਤਕ ਪੂਰਨਮਾਸ਼ੀ ਨੂੰ ਜੋੜ ਮੇਲਾ ਹੁੰਦਾ ਹੈ।

**ਗੁ: ਟਿਬੀ ਸਾਹਿਬ**—ਜੈਤੋ ਤੋਂ ਪੌਣਾ ਮੀਲ ਉਤਰ ਵਲ ਟਿਬੀ ਸਾਹਿਬ ਗੁਰਦੁਆਰਾ ਹੈ। ਇਸ ਥਾਂ ਸ੍ਰੀ ਕਲਗੀਧਰ ਪਿਤਾ ਸੰਝ ਸਮੇਂ ਰਹਿਰਾਸ ਸਾਹਿਬ ਜੀ ਦਾ ਦੀਵਾਨ ਸਜਾਇਆ ਕਰਦੇ ਸਨ। ਇਸ ਗੁਰ ਅਸਥਾਨ ਨਾਲ ੮ ਘੁਮਾਂ ਜ਼ਮੀਨ ਰਿਆਸਤ ਵਲੋਂ ਹੈ। ਜੈਤੋ ਦੀ ਮੰਡੀ ਬਹੁਤ ਪ੍ਰਸਿਧ ਹੈ। ਇਸ ਥਾਂ ਦੂਰ ੨ ਤੋਂ ਲੋਕ ਪਸ਼ੂ ਖਰੀਦਣ ਆਉਂਦੇ ਹਨ। ਜੈਤੋ ਬੀ. ਬੀ. ਅਤੇ ਸੀ. ਆਈ. ਰੇਲਵੇ ਦਾ ਭੀ ਸਟੇਸ਼ਨ ਹੈ। ਜੈਤੋ ਦਾ ਵਸ਼ੇਸ਼ ਵਰਣਨ ਅਕਾਲੀ ਲਹਿਰ ਦੇ ਇਤਿਹਾਸ ਵਿਚ ਪੜ੍ਹੋ।

## ਸ਼ਹੀਦ ਸਿੰਘਾਂ ਦਾ ਅੰਗੀਠਾ ਸਾਹਿਬ

**ਗੁ: ਸਾ: ਸੁਨੀਅਰ**—(ਮਾਝੇ ਦੇ ਸਿੰਘਾਂ ਦਾ ਦੁਬਾਰੇ ਬੇਦਾਵਾ ਲਿਖਣਾ)

ਮਾਲਵੇ ਦੇਸ਼ ਵਿਚ ਵਿਚਰਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਬਜੀਦ ਪੁਰ ਤੋਂ ਗੁਰੁਸਰ, ਜੈਤੋ ਆਦਿ ਪਿੰਡਾਂ ਵਿਚ ਦੀ ਮੰਜ਼ਲੀਂ ੨ ਸੰਗਤਾਂ ਨੂੰ ਨਿਹਾਲ ਕਰਦੇ ਸੁਨੀਅਰ ਪਿੰਡ ਜਾ ਬਿਰਾਜੇ।

ਸੁਨੀਅਰ ਗ੍ਰਾਮ ਬਲੋਕ ਅਸਥਾਨ
ਉਤਰੇ ਹਯ ਤੇ ਤਹਿ ਗੁਣ ਖਾਨ (ਗੁ. ਸੂ. ਪ੍ਰ.)

ਤਾਂ ਏਥੇ ਮਾਝੇ ਦੇ ਸਿੰਘ ਅਨੰਦ ਪੁਰ ਵਿਚ ਸ੍ਰੀ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇਣ ਵਾਲਿਆਂ ਚੋਂ ਮਾਤਾ ਭਾਗ ਕੌਰ ਜੀ ਦੇ ਸਾਥ ਆਕੇ ਮਿਲੇ ਅਤੇ ਕੈਹਣ ਲਗੇ, ਮਹਾਰਾਜ ਜੀ ਮਾਝੇ ਦੇ ਸਾਰੇ ਸਿੰਘਾਂ ਦਾ ਇਹ ਫੈਸਲਾ ਹੈ ਕਿ ਸ੍ਰੀ ਗੁਰੂ ਜੀ ਦਾ ਔਰੰਗਜ਼ੇਬ ਨਾਲ ਨਾ ਲੜਨ ਤਾਂ ਅਸੀਂ ਸਮਝੌਤਾ ਕਰਾ ਦਿੰਦੇ ਹਾਂ। ਜੇ ਸ੍ਰੀ ਗੁਰੂ ਜੀ ਨੇ ਸਾਡੀ ਇਹ ਗਲ ਨਾ ਮੰਨੀ ਤਾਂ ਅਸੀਂ ਗੁਰੂ ਕੇ ਸਿਖ ਨਹੀਂ ਅਤੇ ਤੁਸੀਂ ਸਾਡੇ ਗੁਰੂ ਨਹੀਂ। ਸ੍ਰੀ ਗੁਰੂ ਜੀ ਨੇ ਗਰਜ ਕੇ ਬਚਨ ਕੀਤਾ ਕਿ ਜਿਸ ਵਕਤ ਪੰਚਮ ਪਾਤਸ਼ਾਹ ਤੇ ਨੌਵੇਂ ਪਾਤਸ਼ਾਹ ਜੀ ਨੂੰ ਸ਼ਹੀਦ ਕੀਤਾ ਗਿਆ ਉਸ ਵਕਤ ਆਪ ਕਿਥੇ ਸੀ। ਉਦੋਂ ਤਾਂ ਆਪ ਦੀ ਸੁਲਾਹ ਕਰਾਉਣ ਬਣਦੀ ਸੀ। ਹੁਣ ਨਹੀਂ ਹੋ ਸਕਦੀ। ਅਸੀਂ ਤੁਹਾਨੂੰ ਬੁਲਾਇਆ ਨਹੀਂ। ਤੁਸੀਂ ਆਪ ਹੀ ਆ ਕੇ ਸਾਨੂੰ ਮਤ ਦਿੰਦੇ ਹੋ। ਜਾਓ ਬੇਦਾਵਾ ਲਿਖ ਕੇ ਚਲੇ ਜਾਓ। ਇਹ ਪੰਜ ਸੌ ਸਿੰਘ ਸੀ ਸਭ ਬੇਦਾਵਾ ਲਿਖ ਕੇ ਚਲੇ ਗਏ।

ਚੌਪਈ

ਇਮ ਬੀਚਾਰ ਕਰ ਲਿਖਿਓ ਬੇਦਾਵਾ।

Digitized by Panjab Digital Library | www.panjabdigilib.org

ਗੁਰੂ ਲਿਖਾਇ ਜੇਬ ਮਹਿ ਪਾਵਾ।
ਸਭ ਮਾਝਾ ਸਿਖੀ ਤੇ ਖਾਰਜ।
ਲਿਖ ਦੀਨੇ ਧਰ ਤ੍ਰਾਸ ਅਨਾਰਜ। (ਗੁਰ ਪ੍ਰ: ਸ: ਐਨ ੧ ਅੰਸੂ ੯)

ਇਹ ਸਿੰਘ ਜਦੋਂ ਵਾਪਸ ਜਾ ਰਹੇ ਸਨ, ਵਿਚੋਂ ਮਾਤਾ ਭਾਗ ਕੌਰ ਤੇ ਇਕ ਦੋ ਸਿੰਘਾਂ ਨੇ ਕਿਹਾ ਸਾਨੂੰ ਗੁਰੂ ਜੀ ਦੇ ਵੈਰੀਆਂ ਨਾਲ ਲੜ ਕੇ ਮਰਨਾ ਚਾਹੀਦਾ ਹੈ। ਭਾਵੇਂ ਅਸੀਂ ਬੇਦਾਵੇ ਲਿਖ ਆਏ ਹਾਂ, ਤੇ ਸ੍ਰੀ ਗੁਰੂ ਜੀ ਨੇ ਬਚਨ ਕੀਤਾ ਹੈ ਕਿ ਸਾਡੇ ਮੁਖ ਨਾ ਲਗਣਾ। ਪਰ ਸਾਨੂੰ ਐਸੇ ਮੌਕੇ ਸ੍ਰੀ ਗੁਰੂ ਜੀ ਦਾ ਸਾਥ ਨਹੀਂ ਛਡਣਾ ਚਾਹੀਦਾ। ਇਸ ਵਿਚਾਰ ਧਾਰਾ ਵਿਚ ਮਾਈ ਭਾਗ ਕੌਰ ਜੀ ਨੇ ਲਕੀਰ ਖਿਚੀ ਅਤੇ ਸਾਰਿਆਂ ਨੂੰ ਵੰਗਾਰ ਕੇ ਕਿਹਾ ਜਿਸ ਨੇ ਸ੍ਰੀ ਗੁਰੂ ਜੀ ਦੇ ਦੁਸ਼ਮਨਾਂ ਨਾਲ ਲੜਨਾ ਹੈ ਉਹ ਏਧਰ ਆ ਜਾਓ ਬਾਕੀ ਚਲੇ ਜਾਓ। ਮਾਈ ਜੀ ਦਾ ਬਚਨ ਸੁਣਕੇ ਚਾਲੀ ਸਿੰਘ ਮਾਤਾ ਜੀ ਵਲ ਆਏ ਦੂਜੇ ਮਾਝੇ ਨੂੰ ਵਾਪਸ ਹੋਏ। ਸ੍ਰੀ ਗੁਰੂ ਜੀ ਨੂੰ ਫੜਨ ਵਾਸਤੇ ਸੂਬਾ ਸਰਹੰਦ ਦਸ ਹਜ਼ਾਰ ਫੌਜ ਲੈਕੇ ਆ ਰਿਹਾ ਸੀ। ਨਾਲ ਪਿੰਡਾਂ ਦੇ ਆਮ ਮੁਸਲਮਾਨ ਸਨ। ਸ੍ਰੀ ਗੁਰੂ ਜੀ ਕਈ ਪਿੰਡਾਂ ਵਿਚ ਦੀ ਹੁੰਦੇ ਹੋਏ ਖਿਦਰਾਣੇ ਦੀ ਢਾਬ ਤੋਂ ਟਿਬੀ ਸਾਹਿਬ ਉਚੀ ਜਗਾ ਜਾ ਠਹਿਰੇ ਅਤੇ ਧਰਮ ਵਰੋਧੀਆਂ ਦੀਆਂ ਫੌਜਾ ਨੇ ਜੰਗ ਅਰੰਭ ਦਿਤਾ ਜੋ ਦੇਖੋ ਗੁ: ਮੁਕਤਸਰ।

**ਗੁ: ਰਾਜ ਗੜ੍ਹ:—** ਰਾਜ ਨਾਭਾ ਨਜਾਮਤ ਤਹਿਸੀਲ ਫੂਲ ਥਾਨਾ ਦਿਆਲ ਪੁਰੇ ਦਾ ਇਕ ਪਿੰਡ ਜਿਸ ਦਾ ਪਹਿਲਾ ਨਾਮ ਬੁਰਜ ਮਾਨਾਂ ਵਾਲਾ ਹੁੰਦਾ ਸੀ। ਇਹ ਰੇਲਵੇ ਸਟੇਸ਼ਨ ਰਾਮ ਪੁਰਾ ਫੂਲ ਤੋਂ ੧੪ ਮੀਲ ਹੈ ਇਸ ਪਿੰਡ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ ਸ੍ਰੀ ਸਤ ਗੁਰੂ ਜੀ ਸੈਰ ਅਤੇ ਧਰਮ ਉਪਦੇਸ਼ ਲਈ ਆਏ ਇਥੇ ਠਹਿਰੇ ਹਨ। ਗੁਰਦੁਆਰਾ ਬਣਿਆ ਹੋਇਆ ਹੈ ਨਾਲ ੪ ਘੁਮਾਂ ਜ਼ਮੀਨ ਪਿੰਡ ਵਲੋਂ ਹੈ। ਪੁਜਾਰੀ ਸਿੰਘ ਹੈ। ਮਾਘੀ ਨੂੰ ਜੋੜ ਮੇਲਾ ਹੁੰਦਾ ਹੈ।

**ਸਰੋਪਾਓ:—** ਰਾਜ ਨਾਭਾ ਦੇ ਰਾਜ ਮਹਲ ਵਿਚ ਇਕ ਗੁਰਦੁਆਰਾ ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਭਾਈ ਤਲੋਕਾ ਅਤੇ ਰਾਮਾਂ ਨੂੰ ਬਖਸ਼ਿਆ ਸਰੋਪਾਓ (ਖਿਲਅਤ) ਹੈ ਇਸ ਥਾਂ ਜੋ ਸਤ ਗੁਰੂ ਜੀ ਦੀਆਂ ਵਸਤੂਆਂ ਉਹਨਾਂ ਦਾ ਨਿਰਨਾਂ ਗੁਰ ਬਖਸ਼ਸ਼ਾਂ ਵਿਚ ਦੇਖੋ।

**ਗੁਰੂ ਸਰ:—** ਰਿਆਤ ਨਾਭਾ, ਨਜਾਮਤ ਫੂਲ ਦੇ ਥਾਣਾ ਦਯਾਲ ਪੁਰੇ ਦਾ ਇਕ ਪਿੰਡ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਨੇ ਤੋਂ ਸੈਰ ਕਰਦੇ ਹੋਏ ਆਏ ਸਨ, ਗੁਰੂ ਸਰ ਪਿੰਡ ਪਿਛੋਂ ਬੱਜਾ ਹੈ। ਨਾਭੇ ਵਲੋਂ ਗੁ: ਦੇ ਨਾਲ ੭੦ ਘੁਮਾਂ ਜਮੀਨ ਹੈ। ਮਾਘੀ ਨੂੰ ਜੋੜ ਮੇਲਾ ਹੁੰਦਾ ਹੈ। ਰੇਲਵੇ ਸਟੇਸ਼ਨ ਫੂਲ ਤੋਂ ੧੮ ਮੀਲ ਹੈ।

Digitized by Panjab Digital Library | www.panjabdigilib.org

## ਨਾਭਾ

| ਨੰ: | ਨਾਮ ਗੁਰਦੁਆਰਾ | ਜ਼ਮੀਨ ਘੁਮਾਂ ਜਾਂ ਵਿਘੇ | ਮਕਾਨ | ਸਹਾਇਤਾ ਆਦਿ |
|---|---|---|---|---|
| | ਦਿਆਲ ਪੁਰਾ | ਦੋ ਹਲ ਦੀ | | |
| | ਗੰਗ ਸਰ ਜੈਤੋ | ੯੮ ਘੁਮਾਂ | | ੪੩੨ ਨਾਭਾ ਵਲੋਂ ਵਾਰਸਕ ਮਿਲਦੇ ਹਨ |
| | ਟਿਬੀ ਸਾਹਿਬ ਜੈਤੋ | ੮ ਘੁਮਾਂ | | |
| | ਰਾਸ ਗੜ | ੪ ਘੁਮਾਂ | | |
| | ਗੁਰੂ ਸਰ | ੭੦ ਘੁਮਾਂ | | |
| | ਜੋੜ | ੧੭੪ ਘੁਮਾਂ | | |

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਪਾ: ੫

Digitized by Panjab Digital Library | www.panjabdigilib.org

# ਰਿਆਸਤ ਪਟਿਆਲਾ ਅੰਦਰ ਸਰਬੰਸ ਵਾਰੀ ਪਿਤਾ ਜੀ ਦੇ ਗੁਰ ਦਰਬਾਰ ਤੇ ਬਖਸ਼ੇ ਰਾਜ ਭਾਗ ਕਰਉ ਦੀਦਾਰ ਤੇ ਹੋਵੇ ਨਿਹਾਲ

**ਗੁ: ਲੱਲ ਸਾਹਿਬ (ਕੁੱਭਾ):—** ਇਸ ਅਸਥਾਨ ਪਰ ਸ੍ਰੀ ਗੁਰੂ ਦਸਮੇਸ਼ ਜੀ ਕੁਝ ਚਿਰ ਠਹਿਰੇ ਹਨ, ਤੇ ਇਲਾਕੇ ਦੀਆਂ ਆਈਆਂ ਸੰਗਤਾਂ ਨੂੰ ਸਤ ਧਰਮ ਦਾ ਉਪਦੇਸ਼ ਦੇ ਕੇ ਕ੍ਰਿਤਾਰਥ ਕੀਤਾ ਜਿਸ ਜਗਾ ਸਾਹਿਬ ਜੀ ਬ੍ਰਿਾਜੇ ਸਨ, ਉਹ ਅਸਥਾਨ ਹੁਣ ਪ੍ਰਗਟ ਹੋਇਆਂ ਹੈ। ੩੦ ਘੁਮਾਂ ਜ਼ਮੀਨ ਹੈ।

**ਗੁ: ਕਟਾਣਾ ਸਾ:—** ਰਿਆਸਤ ਪਾਇਲ, ਤਹਿਸੀਲ ਪਾਟਿਆਲਾ ਦਾ ਇਕ ਪਿੰਡ ਜੋ ਰੇਲਵੇ ਸਟੇਸ਼ਨ ਦੋਰਾਹੇ ਤੋਂ ਤਿੰਨ ਮੀਲ ਹੈ। ਇਸ ਪਿੰਡ ਤੋਂ ਚੜ੍ਹਦੇ ਵੱਲ ਨਹਿਰ ਦੇ ਕਿਨਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ। ਜਿਸ ਬੋਹੜ ਹੇਠ ਕੁਝ ਕਾਲ ਵਿਸ਼੍ਰਾਮ ਕੀਤਾ ਹੈ। ਉਹ ਹੁਣ ਮੌਜੂਦ ਹੈ। ਜਿਸ ਦੀ ਇਮਾਰਤ ਬਹੁਤ ਸੁੰਦਰ ਤੇ ਪਾਸ ਰਹੈਸ਼ੀ ਮਕਾਨ ਹਨ।

**ਰੇਰੂ ਸਾਹਿਬ—** ਰਿਆਸਤ ਪਟਿਆਲਾ, ਤਹਿਸੀਲ ਥਾਣਾ ਪਾਇਲ ਦਾ ਪੰਡ ਰਾਮ ਪੁਰ ਹੈ, ਜੋ ਰੇਲਵੇ ਸਟੇਸ਼ਨ ਦੋਰਾਹੇ ਤੋਂ ਡੇਢ ਮੀਲ ਉੱਤਰ ਹੈ ਇਸ ਪਿੰਡ ਤੋਂ ਪੱਛਮ ਵਲ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਸਤਿਗੁਰੂ ਜੀ ਮਾਛੀਂ ਵਾੜੇ ਤੋਂ ਆਉਂਦੇ ਇੱਥੇ ਰੇਰੂ ਦੇ ਬਿਰਛ ਹੇਠ ਥੋੜਾ ਸਮਾਂ ਵਿਰਾਜੇ ਸਨ। ਗੁਰਦੁਆਰਾ ਬਣਿਆ ਹੋਇਆਂ ਜਿਸ ਨੂੰ ਬਹੁਤ ਰਾਉਣਕ ਸੰਤ ਅਤਰ ਸਿੰਘ ਜੀ ਨੇ ਦਿਤੀ ਜਿਨਾਂਹ ਦੇ ਪ੍ਰੇਮੀ ਸਿੰਘ ਸੂਰੇ ਖੁਦ ਖੇਤੀ ਕਰਕੇ ਲੰਗਰ ਚਲਾਉਂਦੇ ਹਨ। ਅਰ ਸੰਗਤਾਂ ਲਈ ਰਹਾਇਸ਼ੀ ਮਕਾਨ ਬੇਅੰਤ ਹਨ। ਹੁਣ ਮੁਖ ਪ੍ਰਬੰਧਕ ਸੰਤ ਭਗਵਾਨ ਸਿੰਘ ਬਾਬਾ ਨੰਥਾ ਸਿੰਘ ਗਿ: ਸਾਧੂ ਸਿੰਘ ਸ੍ਰੀ ਮਾਨ ਜੀ ਇਤ ਆਦਿ ਹਨ। ਗੁਰਦੁਆਰੇ ਦੇ ਨਾਲ ਜਮੀਨ ੨੨੫ ਬਿਘੇ ਦੇ ਕਰੀਬ ਹੈ। ਹਰ ਪੂਰਨ ਮਾਸ਼ੀ ਨੂੰ ਜੋੜ ਮੇਲਾ ਹੁੰਦਾ ਹੈ ਸਾਲਾਨਾ ਦੀਵਾਨ ਬਹੁਤ ਰੌਣਕ ਨਾਲ ਹੁੰਦਾ ਹੈ। ਲੰਗਰ ਦਾ ਪ੍ਰਬੰਧ ਇਕ ਨਮੂਨੇ ਦਾ ਹੈ। ਸੁਭਾ ਸ਼ਾਮ ਸਤਿਸੰਗ ਹੁੰਦਾ ਹੈ।

**ਗੁ: ਸਾਹਿਬ ਦੋਰਾਹਾ:—**(ਦੋਰਾਹਾ ਦਸਮ ਪਾਤਸ਼ਾਹ ਜੀ ਦਾ ਨਗਰ ਦੇ ਵਿਚ ਅਸਥਾਨ ਹੈ) ਇਹ ਅਸਥਾਨ ਨਗਰ ਦੋਰਾਹੇ ਦੇ ਦਰਮਿਆਨ ਵਿਚ ਹੈ, ਜਦੋਂ ਸਤਿਗੁਰੂ ਬਾਜਾਂ ਵਾਲੇ ਏਸ ਨਗਰ ਵਿਚ ਆਏ ਤਾਂ ਨਗਰ ਦਿਆਂ ਲੋਕਾਂ ਨੇ ਸਤਿਗੁਰੂ ਜੀ ਨੂੰ ਨਗਰ ਵਿਚ ਲਿਆਂਦਾ, ਬਾਜਾਂ ਵਾਲੇ ਨੇ ਬਿਸਰਾਮ

Digitized by Panjab Digital Library | www.panjabdigilib.org

ਕੀਤਾ। ਪਿਛੋਂ ਮੁਸਲਮਾਨਾਂ ਨੇ ਏਸ ਜਗ੍ਹਾ ਮਸੀਤ ਬਣਾਈ ਕਈ ਵਾਰੀ ਬਨਾਉਣ ਤੇ ਭੀ ਕੰਧ ਡਿਗ ਪੀ। ਅਖੀਰ ਇਹ ਜਗ੍ਹਾ ਛਡਕੇ ਬਰਾਬਰ ਮਸੀਤ ਬਣਾਈ। ਮੰਜੀ ਸਾਹਿਬ ਦੇ ਨਿਕੀਆਂ ਇਟਾਂ ਦੇ ਨਿਸ਼ਾਨ ਮੌਜੂਦ ਹਨ। ਇਹ ਅਸਥਾਨ ਦਸਮ ਪਾਤਸ਼ਾਹ ਜੀ ਦੇ ਹਨ, ਭਾਈ ਬਸੰਤ ਸਿੰਘ ਪਿਤਾ ਸਾਉਣ ਸਿੰਘ ਘਮਿਆਰ ਸਿੰਘ ਪੁਜਾਰੀ ਹਨ।

**ਗੁਃ ਮਲੂਕਾ**—ਰਿਆਸਤ ਪਟਿਆਲਾ ਨਜ਼ਾਮਤ ਬਰਨਾਲਾ ਤਹਿਸੀਲ ਥਾਣਾ ਬਠਿੰਡਾ ਦਾ ਇਕ ਪਿੰਡ ਜੋ ਰੇਲਵੇ ਸਟੇਸ਼ਨ ਜੈਤੋ ਤੋਂ ਬਾਰਾਂ ਮੀਲ ਪੂਰਬ ਹੈ। ਇਸ ਪਿੰਡ ਤੋਂ ਚੜ੍ਹਦੇ ਵੱਲ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰ ਅਸਥਾਨ ਹੈ। ਸ੍ਰੀ ਸਤਿਗੁਰੂ ਜੀ ਜਲਾਲ ਵਲੋਂ ਆਉਂਦੇ ਇਥੇ ਵਿਰਾਜੇ। ਇਥੇ ਇਕ ਦੀਵਾਨਾ ਸਾਧੂ ਸ੍ਰੀ ਦਸਮੇਸ਼ ਜੀ ਦੇ ਦਰਸ਼ਨ ਕਰਨ ਆਇਆ। ਸ੍ਰੀ ਗੁਰੂ ਜੀ ਵਿਰਾਜੇ ਹੋਇ ਸਨ। ਸਿੰਘਾਂ ਨੇ ਰੋਕਿਆ ਪਰ ਦੀਵਾਨਾ ਨ ਰੁਕਿਆ ਇਸ ਪੁਰ ਉਹ ਢੀਠਤਾ ਨਾਲ ਸਿੰਘਾਂ ਨਾਲ ਲੜਕੇ ਬਹੁਤ ਘਾਇਲ ਹੋਇਆ। ਇਤਨੇ ਵਿੱਚ ਸ੍ਰੀ ਗੁਰੂ ਗਰੀਬ ਨਿਵਾਜ਼ ਜਾਗ ਉੱਠੇ, ਸਾਧੂ ਅੰਦਰ ਬੁਲਾਇਆ ਦਰਸ਼ਨ ਦੇ ਕੇ ਨਿਹਾਲ ਕੀਤਾ। ਦੀਵਾਨਾ ਸਫਲ ਮਨੋਰਥ ਹੋਕੇ ਪਰਲੋਕ ਸਿਧਾਰਿਆ। ਦਸਮੇਸ਼ ਜੀ ਦੇ ਵਿਰਾਜਣ ਵਾਲੀ ਜਗਾ ਦਮਦਮਾ ਬਣਿਆ ਹੋਇਆ ਹੈ। ਪੁਜਾਰੀ ਸਿੰਘ ਸਾਹਿਬ ਜੀ ਹੈ। ਗੁਰਅਸਥਾਨ ਨਾਲ ਚਾਰ ਘੁਮਾਉ ਦੇ ਕਰੀਬ ਜ਼ਮੀਨ ਹੈ। ਹਰ ਅਮਾਵਸ ਜੋੜ ਮੇਲਾ ਹੁੰਦਾ ਹੈ।

**ਗੁਃ ਕਿਲਾ ਬਠਿੰਡਾ**—ਕਿਲਾ ਬਠਿੰਡੇ ਵਿਚ ਗੁਰੂ ਜੀ ਦੀ ਯਾਦਗਾਰ ਵਿਚ ਗੁਰਦੁਆਰ ਹੈ। ਦਮਦਮਾ ਸਾਹਿਬ ਤੋਂ ਦਸਮੇਸ਼ ਪਾਤਸ਼ਾਹ ਏਸ ਕਿਲੇ ਵਿਚ ਪੁੱਜੇ ਤਾਂ ਕਿਲੇ ਵਿਚ ਇਕ ਦੇਊ ਰਹਿੰਦਾ ਸੀ। ਜਿਸ ਨੂੰ ਗੁਰੂ ਸਾਹਿਬ ਜੀ ਨੇ ਕੱਢ ਦਿੱਤਾ। ਉਸਨੇ ਕਿਹਾ ਮਹਾਰਾਜ ! ਮੇਰਾ ਟਿਕਾਣਾ ਕਿਥੇ ਹੋਵੇਗਾ। ਤਾਂ ਗੁਰੂ ਜੀ ਨੇ ਕਿਹਾ ਤੂੰ ਸਰਹੰਦ ਜਾ ਰਹਿ। ਖਾਲਸੇ ਨੇ ਉਸ ਸ਼ਹਿਰ ਦੀ ਇਟ ਨਾਲ ਇੱਟ ਖੜਕਾਉਣੀ ਹੈ। ਇਸ ਕਰਕੇ ਤੈਨੂੰ ਉਥੇ ਭੇਜਦੇ ਹਾਂ। ਗੁਰਦੁਆਰਾ ਕਿਲੇ ਵਿਚ ਬਣਿਆ ਹੋਇਆ ਹੈ, ਉਹਦੇ ਨਾਉਂ ਪਰ ੫੦ ਘੁਮਾਉਂ ਭੋਇੰ ਹੈ।

**ਗੁਃ ਰਤਨ ਹਾਜੀ**—ਸ਼ਹਿਰ ਬਠਿੰਡੇ ਤੋਂ ਅਧ ਮੀਲ ਦੀ ਵਿਥ ਤੇ ਦਖਣ-ਪੂਰਬ ਨੂੰ "ਰਤਨ ਹਾਜੀ" ਨਾਮ ਦਾ ਇਕ ਅਸਥਾਨ ਹੈ। ਏਸ ਨੂੰ 'ਰਤਨ ਪਾਲ' ਬਾਹਮਣ ਨੇ ਬਗਦਾਦ ਦੇ ਖਲੀਫੇ ਦੇ ਸਮੇਂ ਮੂਲਰਾਜ ਚੌਹਾਣ ਨਾਲ ਰਲਕੇ ਉਹਦੇ ਸਣੇ ਮੁਸਲਾ ਬਣਕੇ ਆਪਣੇ ਰਾਜੇ 'ਗਣ ਮਾਲ' ਨਾਲ ਗਦਾਰੀ ਕੀਤੀ। ਅਤੇ ਹੱਜ ਕਰਕੇ ਆਪਨੂੰ ਮੁਸਲਾ ਜਤਾਇਆ। ੫੦ ਹਲ ਦੀ ਜ਼ਮੀਨ ਦੇ ਬਦਲੇ ਬਠਿੰਡੇ ਰਾਜ ਨੂੰ ਤਬਾਹ ਕੀਤਾ। ਰਾਜੇ ਦਾ ਲੜਕਾ ਗਿੱਲ ਤਾਂ ਆਪਣੇ ਪਰਵਾਰ ਨੂੰ ਲੈਕੇ ਓਥੋਂ ਉਜੜ ਆਇਆ। ਅਤੇ ਮੋਗਾ ਤੇ 'ਪਾਇਲ' ਆਦਿ ਦੇ ਪਰਗਣਿਆ ਵਿਚ ਉਹਦੀ ਸੰਤਾਨ ਬਸ ਗਈ। ਨਥਾਣੇ ਵਾਲੇ ਕਾਲੂ ਨਾਥ ਨੇ ਉਸਨੂੰ ਕਰਾਮਾਤਾਂ ਵਿਚ ਹਰਾਕੇ ਉਸਦੇ ਪ੍ਰਭਾਉ ਨੂੰ ਉੜਾਇਆ ਫੇਰ ਗੁਰੂ ਨਾਨਕ ਦੇਵ ਜੀ ਨੇ ਉਸਦੇ ਗੱਦੀ ਨਸ਼ੀਨ ਨੂੰ ਸਿਖ ਬਣਾਇਆ ਅਤੇ ੫੦ ਹੱਲ ਦੀ ਜ਼ਮੀਨ ਪਹਿਲੀ ਪਾਤਸ਼ਾਹੀ ਦੇ ਗੁਃ ਦੇ ਨਾਉਂ ਸੀ। ਓਸਦਾ ਕੋਈ ਗੱਦੀ ਨਸ਼ੀਨ ਮਸਲਮਾਨੀ ਰਾਜ ਦੀ ਝੇਪ

Digitized by Panjab Digital Library | www.panjabdigilib.org

ਵਿਚ ਮੁਸਲਾ ਹੋ ਗਿਆ ਸੀ। ਏਸ ਕਰਕੇ ਦਸਮੇਸ਼ ਪਾਤਸ਼ਾਹ ਨੇ ਉਸ ਨੂੰ ਮੁੜ ਬਣਾਇਆ। ਸਿੱਖ ਰਾਜ ਦੇ ਵੇਲੇ ੨੫ ਘੁਮਾਉ ਜ਼ਮੀਨ ਗੁਰਦੁਆਰੇ ਦੇ ਨਾਉਂ ਲਗੀ।

**ਗੁ: ਭਾਗੂ:—** ਰਾਜ਼ ਪਟਿਆਲਾ ਨਜਾਮਤ ਬਰਨਾਲਾ, ਤਹਿਸੀਲ ਥਾਣਾ ਬਠਿੰਡਾ ਵਿਚ ਇਕ ਪਿੰਡ ਜੋ ਰੇਲਵੇ ਸਟੇਸ਼ਨ ਫੂਲ ਮੰਡੀ ਤੋਂ ਅੱਧ ਮੀਲ ਹੈ। ਇਸ ਪਿੰਡ ਤੋਂ ਚੜ੍ਹਦੇ ਵੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਨੇ ਦਮਦਮੇ ਸਾਹਿਬ ਜੀ ਤੋ ਬਠਿੰਡੇ ਨੂੰ ਜਾਂਦੇ ਹੋਏ ਏਥੇ ਚਰਨ ਪਾਏ ਸਨ। ਛੋਟਾ ਜਿਹਾ ਹਰਿਮੰਦਰ ਅਰ ਕੱਚੇ ਰਿਹਾਇਸ਼ੀ ਮਕਾਨ ਬਣੇ ਹੋਏ ਹਨ। ਇਸ ਨਾਲ ੨੦ ਘੁਮਾਂ ਜ਼ਮੀਨ ਪਿੰਡ ਵਲੋਂ ਹੈ। ਪੁਜਾਰੀ ਸਿੰਘ ਜੀ ਹਨ।

**ਗੁ: ਬੱਗ ਸਰ ਜੱਸੀ (ਬ੍ਰਾਗ)—** ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਈ ਲਖਮੀਰ ਤੇ ਸਮੀਰ ਹੋਰਾਂ ਪਾਸ ਦੀਨੇ ਪਿੰਡ ਪੁਜੇ ਤਾਂ ਲਖਮੀਰ, ਸਮੀਰ ਨੇ ਆਪ ਜੀ ਦੀ ਤਨੋਂ ਮਨੋਂ ਯਥਾ ਯੋਗ ਸੇਵਾ ਕੀਤੀ ਤੇ ਗਲ ਪੱਲੂ ਪਾ ਬਿਨੈ ਕੀਤੀ ਕਿ ਹੇ ਜਗਤ ਤਾਰਕ ਪਿਤਾ, ਇਸ ਮਾਲਵੇ ਦੇ ਸੁਤੇ ਭਾਗ ਜਗਾਵਣ ਲਈ ਕੋਈ ਹੁਕਮ ਕਰੋ, ਤਾਂ ਹੁਕਮ ਹੋਇਆ ਕਿ ਥਾਂ ੨ ਸੱਦੇ ਪੱਤਰ ਭੇਜ ਕੇ ਸਾਰੇ ਮਾਲਵੇ ਦਾ ਇਕ ਇਕੱਠ ਕਰੋ ਤਾਂ ਜੋ ਅੰਤਿਮ ਪਰੋਗਰਾਮ ਤਿਆਰ ਕਰੀਏ। ਤਾਂ ਦੇਗ ਤੇਗ ਦੇ ਧਨੀ ਦਾ ਹੁਕਮ ਸੁਣਦੇ ਸਾਰ ਉਨ੍ਹਾਂ ਥਾਂ ੨ ਸੱਦੇ ਪਤਰ ਭੇਜ ਦਿਤੇ। ਆਪ ਜੀ ਦੇ ਮਸ਼ਵਰੇ ਅਨੁਸਾਰ ਨੀਯਤ ਕੀਤੇ ਦਿਨ ਮਾਲਵੇ ਦਾ ਬੜਾ ਭਾਰੀ ਇਕਠ ਹੋਇਆ। ਜਿਸ ਵਿਚ ਅਨੇਕਾਂ ਗੋਤਾਂ, ਥਾਵਾਂ ਤੇ ਇਲਾਕਿਆਂ ਦੇ ਪਤਵੰਤੇ ਸਜਣ ਸੂਰਬੀਰ ਸਿੰਘਾਂ ਦੇ ਜਥਿਆਂ ਸਮੇਤ ਸਤਿਗੁਰੂ ਜੀ ਦੀ ਚਰਨ ਸ਼ਰਨ ਵਿਚ ਪੁਜੇ ਤੇ ਇਸੇ ਹੀ ਇਕੱਠ ਵਿਚ ਜੱਸੀ ਪਿੰਡ ਦੇ ਵਸਨੀਕ ਸ: ਸੁਫਨਾ ਸਿੰਘ ਜੀ ਜਿਨ੍ਹਾਂ ਪਾਸ ਡੇਢ ਸੌ ਜਵਾਨ ਰਹਿੰਦਾ ਸੀ। ਉਨ੍ਹਾਂ ਨੇ ਸਰਾਵਾਂ ਦੇ ਬਾਰਾਂ ਪਿੰਡਾਂ ਦਾ ਸਾਢੇ ਸਤ ਸੌ ਹੋਰ ਜਵਾਨ ਇਕਠੇ ਕਰਕੇ ਕੁਲ ਨੌ ਸੌ ਸੂਰਮਿਆਂ ਦਾ ਜਥਾ ਲੈ ਕੇ ਭੀ ਪੁਜਿਆ।

ਜੱਸੀ, ਪੱਕਾ, ਪਥਰਾਲਾ, ਸੇਖੂ, ਜੋਗੇਵਾਲਾ, ਤਖਤੂ, ਫਲੂੜ, ਸ਼ੇਰ ਗੜ੍ਹ, ਮਸਾਣਾ, ਦੇਸੂ ਤੇ ਦੋਨੋਂ ਪੰਨੀ ਵਾਲੇ ਇਹ ਪਿੰਡ ਸਰਾਵਾਂ ਦੇ ਸਦਾਉਂਦੇ ਹਨ।

ਸਤਿਗੁਰੂ ਜੀ ਨੇ ਹਾਜ਼ਰ ਹੋਏ ਸਾਰੇ ਇਕੱਠ ਵਿਚ ਜੰਗੀ ਪਰੋਗਰਾਮ ਸੁਣਾਇਆ ਤੇ ਕਪੂਰੇ ਪਾਸ ਦੀ ਹੁੰਦੇ ਹੋਏ ਰਣ ਝੂਜਕ ਸਿੰਘਾਂ ਸਮੇਤ ਖਤਰਾਣੇ ਦੀ ਢਾਬ ਜਾ ਮੱਲੀ। ਇਥੇ ਜ਼ਾਲਮ ਸ਼ਾਹੀ ਤੁਰਕੀ ਦਲ ਨਾਲ ਭਾਰੀ ਜੰਗ ਹੋਇਆ ਤੇ ਹਜ਼ੂਰ ਨੂੰ ਫਤਹਿ ਹਾਸਲ ਹੋਣੀ ਹੀ ਸੀ। ਆਪ ਜੀ ਨੇ ਰਣ ਖੇਤ ਵਿਚ ਜਾਨ ਤੋੜ ਕੇ ਲੜ ਰਹੇ ਸਿੰਘਾਂ ਦੀ ਬਹਾਦਰੀ ਨੂੰ ਵਡਿਆਇਆ ਤੇ ਯੋਗ ਸਨਮਾਨਿਆ। ਤੇ ਸਰਾਵਾਂ ਦੇ ਉਘੇ ਸਰਦਾਰ ਸੁਫਨਾ ਸਿੰਘ ਨੂੰ ਵੀ ਮਾਣ ਦਿਤਾ ਤੇ ਆਖਿਆ, ਤੁਸੀਂ ਧੰਨ ਹੋ, ਮੈਂ ਸਰਾਵਾਂ ਉਤੇ ਬਹੁਤ ਖੁਸ਼ ਹਾਂ। ਦਾਤਾਰ ਨੂੰ ਖੁਸ਼ ਤਕ ਕੇ ਸਰਦਾਰ ਜੀ ਨੇ ਹਥ ਜੋੜ ਆਪ ਜੀ ਨੂੰ ਆਪਣੇ ਨਗਰ ਜੱਸੀ ਲੈ ਜਾਣ ਲਈ ਅਰਦਾਸ ਕੀਤੀ। ਤਾਂ ਬਚਨ ਹੋਇਆ ਕਿ ਪੰਜ ਸਿੰਘ ਸਾਡੇ ਪਾਸ ਛਡ ਜਾਵੋ। ਅਸੀਂ ਹੋਰ ਕਈ ਥਾਵਾਂ ਉਤੇ ਕੁਝ ਕੁ ਜ਼ਰੂਰੀ ਪਰੋਗਰਾਮ ਨਿਭੌਂਦੇ ਹੋਏ ਨਿਮਾਣੀ ਇਕਾਦਸ਼ੀ ਨੂੰ ਜ਼ਰੂਰ ਜੱਸੀ ਪੁਜਾਂਗੇ। ਆਗਿਆ ਪਾ ਸਰਦਾਰ ਹੁਰਾਂ ਆਪਣੇ ਪਿੰਡ ਵਲ ਕੂਚ ਕੀਤਾ। ਉਧਰ ਜੀਵਨ ਦਾਤੇ ਦਸਮੇਸ਼ ਜੀ ਸਿੰਘਾਂ

Digitized by Panjab Digital Library | www.panjabdigilib.org

ਸਮੇਤ ਬਰਾੜਾਂ ਦੇ ਦੇਸ਼ ਨੂੰ ਤਾਰਦੇ ਹੋਏ ਲਖੀ ਜੰਗਲ ਜਾ ਚਰਨ ਪਾਏ ਤੇ ਸੰਗਤਾਂ ਦਾ ਉਧਾਰ ਕਰਦੇ ਹੋਏ ਬਾਜਕ ਪਿੰਡ ਪੁਜੇ। ਅਗੋਂ ਦਵਾਨੇ ਆਪ ਜੀ ਨਾਲ ਈਰਖਾ ਵਸ ਹੋ ਕੇ ਜੰਗ ਕਰਨ ਲਈ ਆ ਰਹੇ ਸਨ ਜੋ ਰਸਤੇ ਵਿਚੋਂ ਡਰ ਖਾ ਕੇ ਨਸ ਗਏ ਤੇ ਸੁਖੂ, ਬੁਧੂ ਨਾਮ ਦੇ ਦੋ ਢਾਡੀ ਆ ਮਿਲੇ। ਹਜ਼ੂਰ ਦੇ ਹੁਕਮ ਅਨੁਸਾਰ ਸਾਬੋ ਇਲਾਕੇ ਦੀ ਉਨ੍ਹਾਂ ਮਲਵਈ ਢਾਡੀਆਂ ਨੇ ਸਦ ਗਾ ਕੇ ਸੁਣਾਈ ਤਾਂ ਆਪ ਢਾਡੀਆਂ ਪਰ ਬਹੁਤ ਪ੍ਰਸੰਨ ਹੋਏ।

ਸਦ ਇਉਂ ਹੈ :—

ਕਚਾ ਕੋਠਾ ਵਿਚ ਵਸਦਾ ਜਾਨੀ। ਸਦਾ ਨਾ ਮਾਪੇ ਨਾ ਨਿਤ ਜਵਾਨੀ।
ਚਲਣਾ ਅਗੇ ਕਿਉਂ ਭਇਉਂ ਗੁਮਾਨੀ। ਹੁਣ ਹੋ ਸਿਆਣਾ ਨ ਪੁਗੂ ਨਦਾਨੀ।

ਗੁਰੂ ਜੀ ਨੂੰ ਪ੍ਰਸੰਨ ਵੇਖ ਇਨ੍ਹਾਂ ਢਾਡੀਆਂ ਗੁਰੂ ਜੀ ਨੂੰ ਨੀਲਾ ਬਾਣਾ ਪਾ ਪਲੰਘ ਪਰ ਬੈਠਣ ਦੀ ਮੰਗ ਕੀਤੀ। ਤਾਂ ਆਪ ਜੀ ਨੇ ਇਵੇਂ ਹੀ ਕੀਤਾ। ਤੇ ਇਥੇ ਹੀ ਸਰਦਾਰ ਸੁਫਨਾ ਸਿੰਘ ਭੀ ਸੰਗਤ ਸਮੇਤ ਪੁਜੇ ਤੇ ਦਰਸ਼ਨ ਕਰਕੇ ਜੱਸੀ ਪੁਜਣ ਲਈ ਬੇਨਤੀ ਕੀਤੀ। ਤਾਂ ਆਪ ਜੀ ਨੀਲਾ ਬਾਣਾ ਪਾ ਪਲੰਘ ਪਰ ਬੈਠ ਗਏ ਤੇ ਸੁਖੂ, ਬੁਧੂ ਤੇ ਦੋ ਹੋਰ ਸਿੰਘਾਂ ਨੇ ਪਲੰਘ ਉਠਾ ਲਿਆ ਤੇ ਜੱਸੀ ਵਲ ਚਾਲੇ ਪਾ ਦਿਤੇ ਤੇ ਗੁਰੂਸਰ ਤੀਕ ਇਸੇ ਤਰ੍ਹਾਂ ਪੁਜੇ। ਅਗੇ ਆਪ ਜੀ ਨੀਲੇ ਘੋੜੇ ਪਰ ਸਵਾਰ ਹੋ ਕੇ ਚਲੇ ਤੇ ਜੱਸੀ ਪੁਜੇ। ਅਗੇ ਤਲਾ ਭਰਿਆ ਹੋਇਆ ਸੀ। ਆਪ ਨੀਲੇ ਤੇ ਅਸਵਾਰ ਸਣੇ ਕਪੜਿਆਂ ਅਤੇ ਘੋੜੇ ਦੇ ਤਲਾ ਵਿਚ ਵੜ ਇਸ਼ਨਾਨ ਕੀਤਾ, ਜਦੋਂ ਬਾਹਰ ਨਿਕਲੇ ਤਾਂ ਆਪ ਜੀ ਦੇ ਨੀਲੇ ਬਸਤ੍ਰ ਭੀ ਬੱਗੇ ਹੋ ਗਏ ਤੇ ਨੀਲਾ ਘੋੜਾ ਭੀ ਬੱਗਾ ਹੋ ਗਿਆ। ਤਾਂ ਲੋਕ ਬੜੇ ਹੈਰਾਨ ਹੋਏ। ਇਥੇ ਇਕ ਵੈਸ਼ਨੂੰ ਸਾਧ ਰਾਮਾਨੰਦ ਰਹਿੰਦਾ ਸੀ ਉਸਨੇ ਝਟ ਆ ਕੇ ਚਰਨ ਫੜੇ ਤੇ ਦੀਨ ਹੋ ਕੇ ਬੇਨਤੀ ਕੀਤੀ। ਤਾਂ ਗੁਰੂ ਜੀ ਨੇ ਉਸ ਨੂੰ ਨਿਹਾਲ ਕੀਤਾ। ਤੇ ਉਸ ਨੂੰ ਇਥੇ ਹੀ ਡੇਰਾ ਰਖਣ ਲਈ ਹੁਕਮ ਹੋਇਆ। ਤੇ ਸਾਰੇ ਬਾਹਰ ਦੇ ਸਿਖਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਉਪਦੇਸ਼ ਲੈ ਜਨਮ ਸਫਲਾ ਕੀਤਾ। ਗੁਰੂ ਮਹਾਰਾਜ ਨੇ ਸਰਬ ਸੰਗਤਾਂ ਨੂੰ ਇਸ ਅਸਥਾਨ ਦੀ ਮਹਿਮਾ ਇਉਂ ਪ੍ਰਗਟ ਕੀਤੀ 'ਭਾਈ ਏਥੇ ਸ੍ਰੀ ਗੁਰੂ ਨਾਨਕ ਦੇਵ ਦੇ ਚਰਨ ਪਏ ਸਨ। ਏਥੇ ਜਿਹੜਾ ਜਗਿਆਸੂ ਇਸ਼ਨਾਨ ਤੇ ਸਤਿਸੰਗ ਕਰੇਗਾ ਉਹ ਕਾਗਹੁ ਹੰਸ ਹੋ ਜਾਊਗਾ। ਮਨ ਨਿਰਮਲ ਹੋ ਕੇ ਮੁਕਤ ਹੋ ਜਾਊਗਾ। ਅਸੀਂ ਇਹ ਪ੍ਰਤਖ ਦਿਖਾ ਕੇ ਸੰਗਤ ਨੂੰ ਏਸ ਅਸਥਾਨ ਦੀ ਮਹੱਤਤਾ ਪ੍ਰਗਟ ਕੀਤੀ ਹੈ।'

**ਮਾਈ ਜਸੀ ਦਾ ਗੁੜ:—** ਗੁੜ ਛਕਿਆ ਤੇ ਸੰਗਤਾਂ ਨੂੰ ਭੀ ਛਕਾਇਆ। ਸ੍ਰੀ ਦਸਮੇਸ਼ ਜੀ ਦਾ ਬਚਨ ਹੋਇਆ। ਜੱਜੀ ਆਇ ਚਲੇ। ਗੁੜ ਖਾਇ ਚਲੇ। ਘਾਠ ਦੇ ਪ੍ਰਸਾਦੇ ਤੇ ਦੁੱਧ ਦੇ ਗਹਿਰੇ ਗੱਫੇ ਵਰਤੇ। ਇਕ ਦਿਨ ਸ: ਸੁਫਨਾ ਸਿੰਘ ਨੇ ਹੱਥ ਬੰਨ ਕੇ ਬੇਨਤੀ ਕੀਤੀ। ਹਜ਼ੂਰ ਸਾਡੇ ਦੇਸ ਵਿਚ ਜੰਡ ਤੋਂ ਬਿਨਾਂ ਹੋਰ ਚੰਗੀ ਲਕੜੀ ਨਹੀਂ ਹੈ ਇਸ ਨੂੰ ਬਹੁਤ ਛੇਤੀ ਘੁਣਾ ਖਾ ਜਾਂਦਾ ਹੈ। ਸਾਡੇ ਮਕਾਨ ਇਕ ਸਾਲ ਭੀ ਨਹੀਂ ਰਹਿੰਦੇ। ਤਾਂ ਹਜ਼ੂਰ ਦਾ ਹੁਕਮ ਹੋਇਆ ਜਿੰਨਾਂ ਚਿਰ ਤੁਹਾਡੇ ਵਿਚ ਗੁਰੂ ਘਰ ਪਰ ਸੁਰਧਾ ਰਹੇਗੀ ਉਨ੍ਹਾਂ ਚਿਰ ਇਥੋਂ ਦੇ ਜੰਡਾਂ ਦੀ ਲਕੜੀ ਨੂੰ ਘੁਣ ਨਹੀਂ ਲਗੇਗਾ। ਜਿਉਂ ਸ਼ਰਧਾ ਘਟੇਗੀ ਤਿਉਂ ਘੁਣਾਂ ਲਗਣਾ ਸ਼ੁਰੂ ਹੋ ਜਾਵੇ ਗਾ। ਜਦੋਂ ਸ਼ਰਧਾ ਬਿਲਕੁਲ ਘਟ ਗਈ ਤਾਂ ਘੁਣਾ

Digitized by Panjab Digital Library | www.panjabdigilib.org

ਪਹਿਲਾਂ ਵਾਂਗ ਹੀ ਲਗਣ ਲਗ ਜਾਵੇਗਾ। ਸੋ ਅੱਜ ਤੀਕ ਜੱਸੀ ਪਿੰਡ ਜੰਡ ਟਾਹਲੀ ਵਰਗੇ ਹਨ। ਇਨ੍ਹਾਂ ਨੂੰ ਹੁਣ ਤੀਕ ਘੁਣਾ ਨਹੀਂ ਲਗਦਾ। ਬੜੀ ਮਜ਼ਬੂਤ ਲਕੜੀ ਹੈ। ਇਥੋਂ ਆਪ ਪੱਕੇ ਦੀ ਸੰਗਤ ਦੀ ਬੇਨਤੀ ਮੰਨਦੇ ਹੋਏ ਪੱਕੇ ਪੁਜੇ ਤੇ ਹੋਰ ਕਈ ਥਾਈਂ ਸੰਗਤਾਂ ਨੂੰ ਤਾਰਦੇ ਹੋਏ ਸ੍ਰੀ ਦਮਦਮੇ ਸਾਹਿਬ ਸਾਬੋ ਕੀ ਤਲਵੰਡੀ ਪੁਜੇ।

ਜੱਸੀ ਤੋਂ ਵਿਦਾ ਹੋਣ ਸਮੇਂ ਸ: ਸੁਫਨਾ ਸਿੰਘ ਨੇ ਪੰਜ ਘੋੜੇ ੨੧ ਰੁਪੈ ਇਕ ਰੇਜ਼ਾ ਭੇਟਾ ਦੇ ਹਜ਼ੂਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਸਟੇਸ਼ਨ ਸੰਗਤ ਮੰਡੀ ਤੋਂ ਦੋ ਮੀਲ ਹੈ ਜ਼ਮੀਨ ਗੁ: ਦੇ ਨਾਉ ੧੫੦ ਘੁਮਾਂ ਸੇਵਾ ਦਾਰ ਨਹਿੰਗ ਕਰਤਾਰ ਸਿੰਘ ਜੀ ਨੇ ਬੜੀ ਅਬਾਦੀ ਕੀਤੀ ਹੈ।

**ਗੁ: ਸੁਜਾਖੇਆਣਾ:—** ਕੋਟ ਸਮੀਰ ਸ੍ਰੀ ਗੁਰੂ ਜੀ ਸੰਗਤਾਂ ਨੂੰ ਨਿਹਾਲ ਕਰ ਰਹਿ ਸਨ ਤਾਂ ਇੱਕ ਅਖਾਂ ਤੋਂ ਮਾਨਖਾ ਆਇਆ ਜਿਸ ਨੇ ਦਰਦ ਭਰੇ ਬਚਨਾਂ ਵਿਚ ਬੇਨਤੀ ਕੀਤੀ ਜੀ ਪਾਤਿਸ਼ਾਹੋ ਮੈਂ ਅੱਖਾਂ ਤੋਂ ਅੰਨ੍ਹਾ ਹਾਂ ਮੇਰੇ ਤੇ ਰਹਿਮ ਕਰੋ ਤਾਂ ਸ੍ਰੀ ਦਸਮੇਸ਼ ਜੀ ਨੇ ਫਰਮਾਇਆ ਭਾਈ ਇਸ ਛਪੜੀ ਵਿਚ ਮੂੰਹ ਧੋਇਆਂ, ਉਹ ਪ੍ਰੇਮੀ ਬੜੇ ਪ੍ਰੇਮ ਨਾਲ ਮੂੰਹ ਧੋਣ ਲਗਾ ਤਾਂ ਸੁਜਾਖਾ ਹੋ ਗਿਆ ਉਸ ਦਿਨ ਤੋਂ ਇਸ ਛਪੜ ਦਾ ਨਾਉ ਸਜਾਖੇ ਆਣਾ ਪਿਆ। ਇਸ ਗਰ ਅਸਥਾਨ ਦੀ ਸੇਵਾ ਨਹਿੰਗ ਕਰਤਾਰ ਸਿੰਘ ਜੀ ਕ੍ਰਿਪਾਲ ਸਿੰਘ ਜੀ ਭਾਈ ਗੁਰਦਿਆਲ ਸਿੰਘ ਭਾਈ ਕਰਨੈਲ ਸਿੰਘ ਜੀ ਆਦਿ ਬੜੇ ਪ੍ਰੇਮ ਨਾਲ ਕਰ ਰਹੇ ਹਨ। ਇਨਾਂ ਸਿੰਘਾਂ ਨੇ ਝਿੜੀ ਸਾਫ ਕਰਕੇ ੧੫੦ ਘੁਮਾਂ ਜ਼ਮੀਨ ਅਬਾਦ ਕੀਤੀ ਹੈ ਇਥੋਂ ਡਲਾ ਸ੍ਰੀ ਹਜ਼ੂਰ ਜੀ ਨੂੰ ਤਲਵੰਡੀ ਲੈ ਗਿਆ ਹੈ।

**ਸ੍ਰੀ ਦਮਦਮਾ ਸਾਹਿਬ (ਗੁਰੂ ਕੀ ਕਾਂਸੀ)—** ਦੀਨ ਦੁਨੀ ਦੇ ਵਾਲੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਮੁਕਤਸਰ ਦੇ ਜੁੱਧ ਪਿਛੋਂ ਮਾਲਵੇ ਦੀ ਧਰਤੀ ਨੂੰ ਪਵਿਤਰ ਚਰਨ ਛੋਹ ਨਾਲ ਨਿਵਾਜਦੇ ਹੋਏ, ਲਖੀ ਜੰਗਲ, ਬਠਿੰਡਾ ਆਦਿ ਵਿਚ ਦੀ ਹੁੰਦੇ ਹੋਏ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਨੂੰ ਜਾ ਭਾਗ ਲਾਉਂਦੇ ਹਨ। ਆਪ ਆਪਣੇ ਗੁਰਦੇਵ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਪਵਿਤਰ ਵਾਕਾਂ ਤੇ ਜਾ ਫੁਲ ਚੜ੍ਹਾਉਦੇ ਹਨ, ਅਤੇ ਉਸ ਉਚੇ ਥਾਂ ( ਦਮਦਮਾ ਸਾਹਿਬ ) ਪੁਰ ਜਾ ਵਿਰਾਜਦੇ ਹਨ, ਜਿਥੇ ਨੌਵੇਂ ਪਾਤਸ਼ਾਹ ਨੇ ਸੰਗਤਾਂ ਨੂੰ ਕਿਹਾ ਸੀ "ਏਥੇ ਬੈਠਣ ਵਾਲਾ ਫਿਰ ਆਵੇਗਾ।"

ਆਪ ਜੀ ਨੇ ਏਥੇ ਪੁਜ ਕੇ ਸਭ ਤੋਂ ਪਹਿਲਾਂ ਕੰਮ ਗੁਰਦੇਵ ਪਿਤਾ ਦੇ ਪਵਿਤਰ ਅਸਥਾਨ ਦੀ ਯਾਤਰਾ ਕਰਕੇ, ਜੁਧਾਂ ਵਲੋਂ ਕਮਰ ਕਸਾ ਖੋਲਿਆ। ਆਪ ਜੀ ਦਾ ਆਉਣਾ ਸੁਣਕੇ ਭਾਈ ਡਲਾ ਅਤੇ ਦੂਰ ਨੇੜੇ ਦੇ ਸਰਦਾਰ ਸਤਿਗੁਰਾਂ ਦੀ ਚਰਨ ਸ਼ਰਨ ਵਿਚ ਤਿਲ ਫੁਲ ਲੈਕੇ ਹਾਜ਼ਰ ਹੋਏ। ਗੁਰੂ ਕਲਗੀ-ਧਰ ਜੀ ਡਲੇ ਦਾ ਅਤੇ ਇਲਾਕੇ ਦੀਆਂ ਸੰਗਤਾਂ ਦਾ ਪ੍ਰੇਮ ਦੇਖਕੇ ਬੜੇ ਪਰਸੰਨ ਹੋਏ। ਅਤੇ ਮਾਲਵੇ ਦੀ ਧਰਤੀ ਨੂੰ ਆਪਣੇ ਪਵਿਤ੍ਰ ਮੁਖਾਰ ਬਿੰਦ ਤੋਂ ਅੱਕਾ ਤੋਂ ਅੰਬ ਤੇ ਨਹਿਰਾਂ ਦਾ ਵਰ ਦੇ ਕੇ ਨਿਵਾਜਿਆਂ ਏਥੇ ਹੀ ਆਪ ਜੀ ਨੇ ਡਲੇ ਦਾ ਪ੍ਰੇਮ ਤੇ ਮਾਣ ਰਫਲ ਦੀ ਪ੍ਰੀਖਿਆ ਵਿਚੋਂ ਤੋੜਿਆ, ਤੇ ਅਖੀਰ ਸਃ

Digitized by Panjab Digital Library | www.panjabdigilib.org

ਡਲਾ ਜੀ ਨੇ ਖਿਮਾਂ ਮੰਗਦੇ ਹੋਏ ਸ੍ਰੀ ਦਸਮੇਸ਼ ਜੀ ਦੇ ਦਸਤ ਕਵਲਾਂ ਤੋਂ ਅੰਮ੍ਰਿਤ ਛਕਿਆ । ਤੇ ਏਥੇ ਹੀ ਪਵਿੱਤਰ ਭੂਮੀ ਪਰ ਰਾਜਾ ਜੈ ਸਿੰਘ ਨੇ ਦਿਲੀ ਤੋਂ ਆਕੇ ਅਪਣੇ ਸਰਾਪ ਦੀ ਬਖਸ਼ਣਾ ਕਰਾਈ ਤੇ ਅੰਮ੍ਰਿਤ ਪਾਨ ਕੀਤਾ ।

ਏਨ੍ਹਾਂ ਉਪਰੋਕਤ ਦਸੀਆਂ ਬਖਸ਼ਸ਼ਾਂ ਤੋਂ ਬਿਨਾਂ ਸ੍ਰੀ ਕਲਗੀਧਰ ਜੀ ਨੇ ਇਸ ਧਰਤੀ ਨੂੰ ਮਹਾਨ ਮਾਣ ਬਖਸ਼ਿਆ ਕਿ ਇਥੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਕਰਤਾਰ ਪੁਰ ਤੋਂ ਮੰਗਾਉਣਾ, ਮਸੰਦਾ ਵਲੋਂ ਜਵਾਬ

ਜਦ ਸ੍ਰੀ ਦਸਮੇਸ਼ ਪਿਤਾ ਜੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਸੰਗਤਾਂ ਨੂੰ ਨਿਹਾਲ ਕਰਦੇ ਤਾਂ ਇਕ ਦਿਨ ਸ੍ਰੀ ਗੁਰੂ ਜੀ ਨੇ ਪੰਜ ਸਿੰਘ ਕਰਤਾਰ ਪੁਰ ਧੀਰ ਮਲੀਆਂ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲੈਣ ਵਾਸਤੇ ਭੇਜੇ । ਅਗੋਂ ਉਨ੍ਹਾਂ ਹੋਰ ਦੇ ਹੋਰ ਬਚਨ ਕਰਦੇ ਹੋਏ ਬੋਲੇ ਕਿ ਅਜੇ ਆਪ ਨੂੰ ਗੁਰੂ ਕਹੋਂਦੇ ਹਨ । ਨਾਲੇ ਅੰਤਰ ਜਾਮੀ ਸਦੌਂਦੇ ਹੈ । ਕਿਧਰੇ ਨਮਾ ਪੰਥ ਚਲਾਇਆ ਹੈ । ਇਤ ਆਦਿ ਕੁਬਚਨ ਕਰਦਿਆਂ ਨੇ ਆਖਿਆ ਕਿ ਆਪਣੀ ਬਾਣੀ ਹੋਰ ਨਹੀਂ ਰਚ ਸਕਦੇ ਯਥਾ:—

ਆਪ ਨਯੋ ਨਯੋ ਪੰਥ ਚਲਾਵਤ ।<br>
ਕਯੋ ਨਾਹਿ ਅਪਨੋ ਗ੍ਰੰਥ ਬਨਾਵਤ ।

ਇਹ ਤਰਕਾਂ ਸੁਣਕੇ ਸਿੰਘ ਖਾਲੀ ਮੁੜਕੇ ਸ੍ਰੀ ਗੁਰੂ ਜੀ ਦੇ ਪਾਸ ਤਲਵੰਡੀ ਸਾਬੋ ਆ ਹਾਜ਼ਰ ਹੋਇ ਅਤੇ ਸਾਰੇ ਕੁਬਚਨ ਸੁਣਾਇ ਤਾਂ ਤੇ ਸ੍ਰੀ ਗੁਰੂ ਜੀ ਮਹਾਰਾਜ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਇਕ ਤੰਬੂ ਲਗਵਾਓ ਅਤੇ ਲਿਖਤ ਦੀ ਸਾਰੀ ਸਮਗਰੀ ਤਿਆਰ ਕਰਕੇ ਭਾਈ ਮਨੀ ਸਿੰਘ ਲਿਖ਼ਾਰੀ ਨੂੰ ਤਿਆਰ ਕਰਕੇ ਆਪ ਜੀ ਅਨਭਵੀ ੧ਓ ਤੋਂ ਲੈਕੇ ਅਠਾਰਹ ਦਸ ਬੀਸ ਤਾਈਂ ਲਿਖਾਈ । ਪਿਛੋਂ ਬਾਬਾ ਦੀਪ ਸਿੰਘ ਜੀ ਨੇ ਚਾਰ ਉਤਾਰੇ ਕੀਤੇ । ਜੋ ਚੌਹਾਂ ਤਖਤਾਂ ਤੇ ਇਕ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਜੀ ਦੂਜਾ ਸ੍ਰੀ ਪਟਨੇ* ਸਾਹਿਬ ਜੀ ਤੀਜਾ ਸ੍ਰੀ ਕੇਸ ਗੜ੍ਹ ਸਾਹਿਬ ਅਨੰਦ ਪੁਰ । ਚੌਥਾ ਤਲਵੰਡੀ ਸਾਬੋ ਸ੍ਰੀ ਦਮਦਮਾ ਸਾਹਿਬ ਜੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਭੇਜੇ ਅਤੇ ਅਰਦਲ ਵਿਚ ੨੫ ੨੫ ਸਿੰਘ ਭੇਜੇ । ਪੰਜਵਾ ਸਰੂਪ ਸ੍ਰੀ ਦਸਮੇਸ਼ ਜੀ ਹੈਦਰਾਬਾਦ ਨੂੰ ਸਾਥ ਲੈਕੇ ਗਏ ਜਿਸ ਨੂੰ ਗੁਰਤਾ ਗਦੀ ਦੀ ਰਸਮ ਸ੍ਰੀ ਹਜ਼ੂਰ ਨੇ ਆਪ ਕੀਤੀ ਸੀ) ਅਤੇ ਸ੍ਰੀ ਕਲਗੀਧਰ ਜੀ ਨੇ ਆਪਣੇ ਮੁਖਾਰਬਿੰਦ ਤੋਂ ਅਠਤਾਲੀ ਸਿੰਘਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਕਥਾ ਸੁਣਾਈ ਗੁਰਬਾਣੀ ਦੀ ਕਥਾ ਕਰਨ ਦਾ ਅਗੇ ਵਾਸਤੇ ਦੋ ਟਕਸਾਲਾਂ ਦਾ ਹੁਕਮ ਕੀਤਾ ੧ ਸ੍ਰੀ ਅੰਮ੍ਰਿਤਸਰ ਜੀ ਜਿਥੇ ਭਾਈ ਮਨੀ ਸਿੰਘ ਜੀ ਪਿੰਡ ਲੌਂਗੋ ਵਾਲ (ਹੁਣ ਪਟਿਆਲਾ) ਮਲਵਈ ਚਲੌਣਗੇ ੨ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਜੀ ਬਾਬਾ ਦੀਪ ਸਿੰਘ ਜੀ ਗੁਰਮ ਮਾਲਵਾ (ਲੁਧਿਆਣਾ) ਚਲੌਣਗੇ ਇਸ ਪਵਿਤ੍ਰ ਭੂਮੀ ਨੂੰ ਗੁਰੂ ਕੀ ਕਾਂਸੀ ਦਾ ਵਰ ਦੇਕੇ ਇਸ ਦੀ ਪ੍ਰਭਤਾ ਨੂੰ ਹੋਰ ਵੀ ਚਾਰ ਚੰਦ ਲਾਏ ਤੇ ਇਹ ਵੀ ਉਚਾਰਨ ਕੀਤਾ ਕਿ ਇਥੇ ਪੰਡਤ, ਗਿਆਨੀ ਅਤੇ ਪ੍ਰਸਿਧ ਵਿਦਵਾਨ ਪੈਦਾ ਹੋਣਗੇ ।

ਆਪ ਨੇ ਇਸ ਧਰਤੀ ਨੂੰ ਚੌਥਾ ਤਖਤ ਥਾਪ ਕੇ ਇਸ ਨੂੰ ਬਹੁਤ ਮਾਣ ਬਖਸ਼ਿਆ ਏਥੇ ਹੀ ਮਾਤਾ ਸੁੰਦਰੀ ਜੀ ਦਿਲੀ ਤੋਂ ਆਏ ਅਤੇ ਦਸਮੇਸ਼ ਜੀ ਤੋਂ ਸਾਹਿਬਜ਼ਾਦਿਆਂ ਦੀ ਪੁਛ ਕੀਤੀ ਜਿਸ ਦੇ ਉਤਰ

*ਅਗੇ ਲਈ ਕਈ ਉਤਾਰੇ ਕੀਤੇ ਹੋਣਗੇ ।

Digitized by Panjab Digital Library | www.panjabdigilib.org

ਵਿਚ ਦਾਤਾ ਜੀ ਨੇ ਸੰਗਤ ਵਲ ਇਸ਼ਾਰਾ ਕਰਕੇ "ਇਨ ਪੁਤਰਨ ਕੇ ਸੀਸ ਪ੍ਰਵਾਰ ਦੀਏ ਸੁਤ ਚਾਰ"

ਆਪ ਜੀ ਇਸ ਧਰਤੀ ਪਰ ੯ ਮਹੀਨੇ ੯ ਦਿਨ ਤੇ ੯ ਘੜੀਆਂ ਬਿਰਾਜੇ ਤੇ ਇਸ ਸਮੇਂ ਅਠਤਾਲੀ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਕੇ ਅਰਥ ਸਮਝਾਏ, ਜਿਸ ਤੋਂ ਉਨ੍ਹਾਂ ਨੂੰ ਵਿਰਾਗ ਪੈਦਾ ਹੋ ਗਿਆ ਤੇ ਰਹਿੰਦੀ ਆਯੂ ਪਹਾੜਾਂ ਵਿਚ ਗੁਜ਼ਾਰਨ ਲਈ ਤਿਆਰ ਹੋ ਗਏ, ਪਰ ਗੁਰੂ ਜੀ ਦੇ ਸਮਝਾਉਣ ਤੇ ਕੁਝ ਸਿੰਘ, ਭਾਈ ਦੀਪ ਸਿੰਘ, ਭਾਈ ਮਨੀ ਸਿੰਘ ਆਦਿ ਰਹਿ ਗਏ ਅਤੇ ਬਾਕੀ ਕੁਝ ਸਿੰਘ ਤਿਬਤ ਦੇ ਪਹਾੜਾਂ ਵਲ ਚਲੇ ਗਏ। ਆਪ ਜੀ ਨੇ ਇਲਾਕੇ ਵਿਚ ਜਿਥੇ ਜਿਥੇ ਅਲੌਕਿਕ ਚਮਤਕਾਰ ਕੀਤੇ ਹਨ ਉਥੇ ਉਥੇ ਆਪ ਦੀ ਪਵਿਤ੍ਰ ਯਾਦ ਗੁਰ ਅਸਥਾਨ ਕਾਇਮ ਹਨ। ਜਿਨ੍ਹਾਂ ਦਾ ਵੇਰਵਾ ਹੇਠ ਦਿਤਾ ਗਿਆ ਹੈ।

ਇਥੇ ਹੀ ਗੁਰੂ ਜੀ ਨੂੰ ਔਰੰਗਜ਼ੇਬ ਵਲੋਂ ਜ਼ਫਰਨਾਮੇ ਦਾ ਉਤਰ ਪੁਜਿਆ। ਜਿਸ ਵਿਚ ਲਿਖਿਆ ਸੀ, ਕਿ ਮੇਰਾ ਚਿਤ ਆਪ ਦੇ ਦਰਸ਼ਾਂ ਨੂੰ ਕਰਦਾ ਹੈ। ਆਪ ਜੀ ਨੇ ਜੋ ਕੁਝ ਲਿਖਿਆ ਸੋ ਠੀਕ ਲਿਖਿਆ ਹੈ। ਮੈਂ ਬਹੁਤ ਪਾਪ ਕੀਤੇ ਹਨ ਇਸ ਲਈ ਆਪ ਜੀ ਦੇ ਚਰਨ ਫੜ ਕੇ ਭੁਲਾਂ ਬਖਸ਼ਾਉਣੀਆਂ ਚਾਹੁੰਦ ਹਾਂ, ਇਸ ਦੇ ਪਿਛੋਂ ਔਰੰਗਜ਼ੇਬ ਛੇਤੀ ਹੀ ਮਰ ਗਿਆ। ਆਪ ਜੀ ਏਥੋਂ ਦਖਣ ਨੂੰ ਤਿਆਰ ਹੋ ਗਏ।

**ਗੁ: ਭਾਗੀ ਵਾਂਦਰ:--** ਇਕ ਪਿੰਡ ਜੋ ਰਿਆਸਤ ਪਟਿਆਲਾ ਨਜਾਮਤ ਬਰਨਾਲਾ, ਤਹਿਸੀਲ ਬਠਿੰਡਾ, ਥਾਣਾ ਰਾਮਾ ਵਿੱਚ ਰੇਲਵੇ ਸਟੇਸਨ ਰਾਮੇ ਤੋਂ ਪੰਜ ਕੋਹ, ਅਰ ਕੋਟ ਫੱਤੇ ਤੋਂ ਸੱਤ ਕੋਹ ਹੈ। ਇਸ ਪਿੰਡ ਤੋਂ ਦੱਖਣ ਪੱਛਮ ਵਲ ਸ੍ਰੀ ਦਸਮੇਸ਼ ਜੀ ਦਾ ਗੁਰਦੁਆਰਾ ਹੈ। ਸ੍ਰੀ ਦਸਮੇਸ਼ ਪਿਤਾ ਜੀ ਦਮਦਮੇ ਨੂੰ ਜਾਂਦੇ ਇੱਥੇ ਸੰਗਤਾਂ ਨੂੰ ਨਿਹਾਲ ਕਰਨ ਹਿਤ ਕੁਝ ਸਮਾਂ ਠਹਿਰੇ ਸਨ। ਪ੍ਰਬੰਧ ਸੋਹਣਾ ਹੈ ਵੈਸਾਖੀ ਨੂੰ ਜੋੜ ਮੇਲਾ ਹੁੰਦਾ ਹੈ।

## ਸ੍ਰੀ ਦਮਦਮਾ ਸਾਹਿਬ ਦੇ ਹੋਰ ਗੁਰ ਅਸਥਾਨ

**ਤਖਤ ਸ੍ਰੀ ਦਮਦਮਾ ਸਾਹਿਬ:--** ਏਥੇ ਸ੍ਰੀ ਗੁਰੂ ਜੀ ਦਾ ਦਰਬਾਰ ਸਜਿਆ ਕਰਦਾ ਸੀ। ਮਾਤਾ ਜੀ ਨੇ ਏਥੇ ਹੀ ਪੁਤ੍ਰਾਂ ਦੀ ਸ਼ਹੀਦੀ ਦਾ ਹਾਲ ਪੁਛਿਆ, ਗੁਰੂ ਸਿੰਘਾਂ ਵਲ ਇਸ਼ਾਰਾਂ ਕਰਕੇ ਫ਼ਰਮਾਇਆ:–

"ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ
ਚਾਰ ਮੂਏ ਤੇ ਕਿਆ ਹੋਇਆ ਜੀਵਤ ਕਈ ਹਜ਼ਾਰ।"

**ਗੁ: ਸਾ: ਮਹਲਸਰ--** ਏਥੇ ਗੁਰੂ ਜੀ ਹੋਲਾ ਮਹੱਲਾ ਖੇਡਿਆ ਕਰਦੇ ਸਨ। ਸਰੋਵਰ ਦਾ ਨਾਮ ਮਹਲਸਰ ਹੈ। ਇਹ ਗੁਰ ਅਸਥਾਨ ਨਗਰ ਟਭਾਂਗੀ ਵਾਂਦਰ ਵਾਲੇ ਪਾਸੇ ਹੈ।

**ਗੁਃ ਜੰਡਸਰ-** ਇਥੇ ਜੰਡ ਨਾਲ ਘੋੜਾ ਬੰਨ੍ਹ ਕੇ ਗੁਰੂ ਜੀ ਨੇ ਫੌਜ ਨੂੰ ਤਨਖਾਹਾਂ ਵੰਡੀਆਂ ਸਨ।

Digitized by Panjab Digital Library | www.panjabdigilib.org

ਕਈ ਵਾਰ ਆਪ ਜੀ ਨੇ ਇਥੇ ਦੀਵਾਨ ਵੀ ਸਜਾਇਆ। ਜਿਸ ਜੰਡ ਨਾਲ ਘੋੜਾ ਬੱਧਾ ਸੀ ਉਹ ਹੁਣ ਤਕ ਮੌਜੂਦ ਹੈ।

**ਗੁਃ ਲਖਣ ਸਰ**-ਇਥੇ ਤਾਲ ਦੇ ਕੰਢੇ ਬੈਠ ਕੇ ਗੁਰੂ ਜੀ ਨੇ ਕਲਮਾਂ ਘੜ ਘੜ ਕੇ ਪਾਣੀ ਵਿਚ ਸੁਟੀਆਂ ਅਤੇ ਫੁਰਮਾਇਆ ਕਿ ਏਥੇ ਵਿਦਿਆ ਦੀ ਭਾਰੀ ਟਕਸਾਲ ਹੋਵੇਗੀ ਅਤੇ ਲਿਖਾਰੀ ਪੈਦਾ ਹੋਣਗੇ। ਬਾਬਾ ਦੀਪ ਸਿੰਘ ਜੀ ਨੇ ਇਥੇ ਸੰਪਰਦਾਈ ਗਿਆਨੀਆਂ ਦੀ ਟਕਸਾਲ ਕਾਇਮ ਕੀਤੀ ਸੀ ਜਿਸ ਦੇ ਕਈ ਵਿਦਵਾਨ ਪੰਥ ਵਿਚ ਪ੍ਰਸਿਧ ਹੋਏ ਹਨ। ਅਤੇ ਸ੍ਰੀ ਗੁਰੂ ਜੀ ਨੇ ਇਉਂ ਫੁਰਮਾਇਆ :

ਇਹ ਹੈ ਪ੍ਰਗਟ ਹਮਾਰੀ ਕਾਸੀ। ਪੜ੍ਹ ਹੈਂ ਇਹਾਂ ਢੋਰ ਮਤਿਰਾਸੀ॥<br>
ਲੇਖਕ ਗੁਨੀ ਕਵਿੰਦ ਗਿਆਨੀ। ਬੁਧਿ ਸਿੰਧੁ ਹ੍ਵੈ ਹੈਂ ਇਤ ਆਨੀ॥<br>
ਤਿਨ ਕੇ ਕਾਰਨ ਕਲਮ ਗਢ, ਦੇਤ ਪ੍ਰਗਟ ਹਮ ਡਾਰ,<br>
ਸਿਖ ਸਖਾਇਤ ਪੜ੍ਹੈਂਗੇ ਹਮਰੇ ਕਈ ਹਜ਼ਾਰ। (ਗੁ: ਵਿ: ੧੦)

**ਗੁਃ ਮਾਈ ਸਰ**-ਇਥੇ ਮਾਤਾ ਜੀ ਨੇ ਵੈਰਾਗ ਕਰਕੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਸੁਣ ਕੇ ਆਪਣੀ ਗੋਦ ਖਾਲੀ ਹੋਣ ਦਾ ਗਿਲਾ ਕੀਤਾ। ਤਾਂ ਗੁਰੂ ਜੀ ਨੇ ਕਿਹਾ ਸਾਰੇ ਸਿਖਾਂ ਨੂੰ ਪੁਤ੍ਰਾਂ ਸਮਾਨ ਸਮਝੋ ਤੇ ਵਾਹਿਗੁਰੂ ਦੇ ਭਾਣੇ ਵਿਚ ਅਡੋਲ ਰਹੋ। ਇਸ ਗੁਰਦੁਆਰੇ ਨੂੰ ਗੁਰਦੁਆਰਾ ਮਾਤਾ ਜੀ ਭੀ ਆਖਦੇ ਹਨ। ਜਿਸ ਦੀ ਸੇਵਾ ਮਾਤਾ ਸਾਹਿਬ ਦੇਵਾ ਦਲ ਨੇ ਕਰਾਈ ਹੈ।

**ਗੁਃ ਅਕਾਲਸਰ**-ਇਹ ਸਰੋਵਰ ਤਖਤ ਸਾਹਿਬ ਦੀ ਪ੍ਰਕਰਮਾ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਖੂਹ ਵਿਚਕਾਰ ਗੋਲ ਸ਼ਕਲ ਦਾ ਹੈ। ਇਥੇ ਗੁਰੂ ਜੀ ਇਸ਼ਨਾਨ ਕਰਿਆ ਕਰਦੇ ਸਨ।

**ਗੁ: ਗੁਰੂਸਰ**-ਇਸ ਦਾ ਆਰੰਭ ਨੌਵੇਂ ਪਾਤਸ਼ਾਹ ਜੀ ਨੇ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿਤ੍ਰ ਹਥਾਂ ਨਾਲ ਸੇਵਾ ਕੀਤੀ। ਇਥੇ ਹੀ ਆਪ ਨੇ ਅੰਮ੍ਰਿਤ ਤਿਆਰ ਕਰਕੇ ਬਹੁਤ ਸਾਰੇ ਸਿੰਘਾਂ ਨੂੰ ਛਕਾਇਆ ਸੀ। ਡਾਕਟਰ ਟਰੰਪ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਇਥੇ ਇਕ ਲਖ ਵੀਹ ਹਜ਼ਾਰ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਸੀ।

**ਗੁਃ ਨਾਨਕਸਰ**-ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਵਿਤ੍ਰ ਚਰਨ ਪਾਏ। ਆਪ ਦੀ ਯਾਦ ਵਿਚ ਅਸਥਾਨ ਦਾ ਨਸ਼ਾਨ ਹੈ ਗੁਰਦੁਆਰਾ ਨਹੀਂ ਬਣਿਆ।

## ਗੁਰੂ ਜੀ ਦੀਆਂ ਨਿਸ਼ਾਨੀਆਂ

ਇਸ ਅਸਥਾਨ ਵਿਖੇ ਗੁਰੂ ਮਹਾਰਾਜ ਜੀ ਦੀਆਂ ਬਖਸ਼ੀਆਂ ਹੋਈਆਂ ਕਈ ਪਵਿਤ੍ਰ ਨਿਸ਼ਾਨੀਆਂ ਮੌਜੂਦ ਹਨ। ਬੰਦੂਕ ਜਿਸ ਨਾਲ ਗੁਰੂ ਜੀ ਨੇ ਨਿਸ਼ਾਨਾ ਪਰਖਿਆ ਸੀ ਸ੍ਰੀ ਤਖਤ ਸਾਹਿਬ ਵਿਚ ਹੈ। ੨. ਸ੍ਰੀ ਗੁਰੂ ਜੀ ਦੀ ਸ੍ਰੀ ਸਾਹਿਬ, ੩. ਬਾਬਾ ਦੀਪ ਸਿੰਘ ਜੀ ਦੀ ਸ੍ਰੀ ਸਾਹਿਬ, ੪. ਸੀਸਾ

ਇਹ ਸੀਸਾ ਜਦ ਸ੍ਰੀ ਜਗਤ ਮਾਤਾਵਾਂ ਭਾਈ ਮਨੀ ਸਿੰਘ ਜੀ ਦੇ ਸਾਥ ਸ੍ਰੀ ਦਮਦਮੇ ਸਾਹਿਬ ਆਏ ਤਾਂ ਸੀਸਾ ਭੇਟ ਕੀਤਾ, ਸ੍ਰੀ ਗੁਰੂ ਜੀ ਦੇ ਪੁਛਣ ਤੇ ਮਾਤਾ ਜੀ ਨੇ ਫੁਰਮਾਇਆ, ਜੀ ਇਹ ਦਿਲੀ ਦੀ ਲੁਟ ਵੇਲੇ ਮੁਗਲਾਂ ਤੋਂ ਸਿਖਾਂ ਨੇ ਲਿਆਂਦਾ ਸੀ। ਏਹ ਮੂੰਹ ਦੇਖਣ ਵਾਲਾ ਹੈ ਜੀ। (ਇਹ ਮਸੀਤ

Digitized by Panjab Digital Library | www.panjabdigilib.org

ਦੀ ਸ਼ਕਲ ਦਾ ਹੈ) ਤਾਂ ਸ੍ਰੀ ਗੁਰੂ ਜੀ ਨੇ ਫਰਮਾਇਆ। ਇਹ ਸੀਸਾ ਜੋ ਵਿੰਗੇ ਮੂੰਹ ਵਾਲਾ ਦੇਖੇਗਾ ਤਾਂ ਉਸਦਾ ਮੂੰਹ ਸਿਧਾ ਹੋ ਜਾਵੇਗਾ। ਸੋ ਇਹ ਬਚਨ ਪੂਰਾ ਹੋ ਰਿਹਾ ਹੈ।

ਚੌਧਰੀ ਡੱਲਾ ਸਿੰਘ ਜੀ ਦੀ ਬੰਸ ਦੇ ਪਾਸ ਗੁਰੂ ਜੀ ਦੀਆਂ ਇਹ ਨਿਸ਼ਾਨੀਆਂ ਮੌਜੂਦ ਹਨ।

ਇਕ ਖੜਗ, ਦੋ ਦਸਤਾਰੇ, ਦੋ ਚੋਲੇ, ਦੋ ਪਜਾਮੇ, ਇਕ ਬਾਜ ਦਾ ਡੋਰਾ, ਇਨ੍ਹਾਂ ਵਸਤਾਂ ਦੇ ਦਰਸ਼ਨ ਹਰ ਚਾਨਣੀ ਦਸਵੀਂ ਨੂੰ ਕਰਾਏ ਜਾਂਦੇ ਹਨ। ਗੁਰਦੁਆਰਾ ਦਮਦਮਾ ਸਾਹਿਬ ਬਠਿੰਡੇ ਤੋਂ ੧੭ ਮੀਲ ਪੂਰਬ ਵਲ ਹੈ। ਰੇਲਵੇ ਸਟੇਸ਼ਨ ਰਾਮਾ ਤੋਂ ੪ ਮੀਲ, ਮਾਈਸਰ ਖਾਨਾ ਤੋਂ ਭੀ ਰਸਤਾ ਜਾਂਦਾ ਹੈ।

ਸ੍ਰੀ ਦਮਦਮਾ ਸਾਹਿਬ (ਗੁਰੂ ਕਾਸ਼ੀ) ਵਿਖੇ ਵਡ ਭਾਗੇ ਗੁਰ ਸਿਖ ਜਿਨ੍ਹਾਂ ਨੇ ਸਭ ਤੋਂ ਪਹਿਲੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸ੍ਰੀ ਦਸਮੇਸ਼ ਜੀ ਦੇ ਮੁਖਾਰਬਿੰਦ ਤੋਂ ਸੁਣੀ। ਸੋ ਉਨ੍ਹਾਂ ਅਠਤਾਲੀ ਗੁਰ ਸਿਖਾਂ ਦੇ ਨਾਉਂ ਬੜੀ ਹੀ ਢੂੰਡ ਕਰਨ ਪਰ ਜੋ ਮਿਲੇ ਉਹ ਹੇਠ ਲਿਖੇ ਅਨੁਸਾਰ ਹਨ।

## ਪਵਿਤ੍ਰ ਆਤਮਾਂ ਬ੍ਰਹਮ ਗਿਆਨੀਆਂ ਦੇ ਨਾਉਂ

੧. ਸ੍ਰੀਮਾਨ ਭਾ: ਸਾ ਭਾ: ਮਨੀ ਸਿੰਘ ਜੀ ਗਿਆਨੀ ਜੋ ਗ੍ਰੰਥੀ ਸ੍ਰੀ ਅੰਮ੍ਰਿਤਸਰ ਸਾਹਿਬ ਹਰਿਮੰਦਰ ਸਾਹਿਬ, ਜਨਮ ਪਿੰਡ ਲੌਂਗੋਵਾਲ ਮਾਲਵਾ (ਪਟਿਆਲਾ) ਦੇ ਸਨ।

੨. ਸ੍ਰੀ ਭਾ: ਸਾ: ਭਾ: ਕਾਹਨ ਸਿੰਘ ਜੀ ਗਿ: ਸਾਹਿਬਜ਼ਾਦੇ ਭੱਲੇ ਤ੍ਰੇਹਣ।

੩. ਸ੍ਰੀਮਾਨ ਭਾ: ਸਾ: ਬਾਬਾ ਬਿਨੋਦ ਸਿੰਘ ਜੀ ਗਿ:।

੪. ਸ੍ਰੀਮਾਨ ਬਾਬਾ ਗੁਰਬਖਸ਼ ਸਿੰਘ ਜੀ ਗਿ: ਸ਼ਹੀਦ ਸ੍ਰੀ ਅਕਾਲ ਤਖਤ ਪਿਛੇ ਸੀਸ ਲਗਾ ਸੀ।

੫. ਸ੍ਰੀਮਾਨ ਬਾਬਾ ਦੀਪ ਸਿੰਘ ਜੀ ਗਿ: ਸ੍ਰੀ ਦਮਦਮੇ ਸਾਹਿਬ ਟਕਸਾਲ ਦੇ ਮੋਦੀ, ਪਿੰਡ ਗੁਰਮ, (ਜ਼ਿਲਾ ਲੁਧਿਆਣਾ) ਮਾਲਵਾ, ਸਿਰ ਲਥ ਸ਼ਹੀਦ ਜਿਨ੍ਹਾਂ ਦਾ ਸੀਸ ਸ੍ਰੀ ਅੰਮ੍ਰਿਤਸਰ ਜਾਕੇ ਲਗਾ ਸੀ।

੬. ਸਾਹਿਬ ਰਾਮ ਕੌਰ ਬਾਬਾ ਗੁਰਬਖਸ਼ ਸਿੰਘ ਜੀ ਗਿ: ਬਾਬੇ ਬੁਢੇ ਦੀ ਬੰਸ ਦੇ ਸਤਵੇਂ ਥਾਇ, ਮਾਝਾ।

੭. ਸ੍ਰੀਮਾਨ ਭਾ: ਸਾ: ਦਾਨ ਸਿੰਘ ਜੀ ਗਿ: ਪਿੰਡ ਦਾਨ ਸਿੰਘ ਵਾਲੇ ਦੇ ਮਾਲਵਾ।

੮. ਸ੍ਰੀਮਾਨ ਭਾ: ਸਾ: ਪਰਮ ਸਿੰਘ ਜੀ ਗਿ: ]<br>
੯. ਸ੍ਰੀਮਾਨ ਭਾ: ਸਾ: ਧਰਮ ਸਿੰਘ ਜੀ ਗਿ: ] ਰੂਪ ਚੰਦ ਦੇ ਪੁਤ੍ਰ ਭਾਈ ਰੂਪੇ ਤੋਂ ਮਾਲਵਾ

੧੦ ,, ,, ਵਜ਼ੀਰ ਸਿੰਘ ਜੀ ਗਿ: ਪਿੰਡ ਦੀਨਾ ਗੁ: ਸਾ: ਲੋਹ ਗੜ੍ਹ ਮਾਲਵਾ ਪਾ: ੧੦ ਜਿਥੋਂ ਜ਼ਫਰਨਾਮਾ ਲਿਖਿਆ।

੧੧. ਸ੍ਰੀਮਾਨ ਭਾ: ਸਾ: ਦਿਯਾ ਸਿੰਘ ਜੀ ਗਿ: ਰਿਆਸਤ ਜੀਂਦ ਦੇ ਵਾਸੀ, ਮਾਲਵਾ। ਸ਼ਹੀਦ ਬਾਬਾ ਦੀਪ ਸਿੰਘ ਨਾਲ ਹੋਏ।

੧੨. ਸ੍ਰੀਮਾਨ ਭਾ; ਸਾ: ਭੀਵਾ ਸਿੰਘ ਜੀ ਗਿਆਨੀ ਪਿੰਡ ਬਠਿੰਡਾ ਮਾਲਵਾ।

੧੩. ਸ੍ਰੀਮਾਨ ਭਾ: ਸਾ: ਪਿਆਰਾ ਸਿੰਘ ਜੀ ਗਿ: ਸ੍ਰੀ ਅੰਮ੍ਰਿਤਸਰ ਜੀ ਮਾਝਾ।

Digitized by Panjab Digital Library | www.panjabdigilib.org

੧੪. ਸ੍ਰੀਮਾਨ ਭਾ: ਸਾ: ਬੀਰ ਸਿੰਘ ਜੀ ਗਿਆਨੀ ] ਰੰਗਰੇਟੇ
ਧੀਰ ਸਿੰਘ ਜੀ ਗਿਆਨੀ ]
੧੫. ,, ,, ਸੁੰਦਰ ਸਿੰਘ ਜੀ ਗਿਆਨੀ ਧਰਮ ਕੋਟ ਜ਼ਿਲਾ ਫੀਰੋਜ਼ਪੁਰ ਮਾਲਵਾ।
੧੬. ,, ,, ਅਮਰ ਸਿੰਘ ਜੀ ਗਿਆਨੀ ਮੀਰਾਂ ਕੋਟ ਮਾਝਾ।
੧੭. ,, ,, ਤਾਰਾ ਸਿੰਘ ਜੀ ਗਿਆਨੀ ਦਿਲੀ ਯੂ ਪੀ।
੧੮. ,, ,, ਜਗਜੀਵਨ ਸਿੰਘ ਗਿਆਨੀ ਅੰਬਾਲਾ ਮਾਲਵਾ।
੧੯. ,, ,, ਗੋਪਾਲ ਸਿੰਘ ਜੀ ਗਿਆਨੀ ਪਿੰਡ ਮਨੀ ਮਾਜਰਾ ਮਾਲਵਾ।
੨੦. ,, ,, ਧਿਆਨ ਸਿੰਘ ਜੀ ਗਿਆਨੀ ਪਿੰਡ ਮਾਜਰਾ ਮਾਲਵਾ।
੨੧. ,, ,, ਬਿਸ਼ੰਭਰ ਸਿੰਘ ਜੀ ਗਿਆਨੀ ਉਜੈਨ ਪੁਰੀ।
੨੨. ,, ,, ਹਰਗੋਪਾਲ ਸਿੰਘ ਜੀ ਗਿਆਨੀ ਉਜੈਨ ਪੁਰੀ।
੨੩. ,, ,, ਧੰਨਾ ਸਿੰਘ ਜੀ ਗਿਆਨੀ ਕਵਿਰਾਜ ਗੁਰਦਰਬਾਰ ਵਾਲੇ ਘਾਹੀ।
੨੪. ,, ,, ਨੰਦ ਸਿੰਘ ਜੀ ਗੁਰੂ ਹਜ਼ੂਰੀਆ, ਗਜਲਾਂ ਵਾਲੇ ਮਸ਼ਹੂਰ ਨਾਮ ਨੰਦ ਲਾਲ ਜੀ।
੨੫. ,, ,, ਮਾਨ ਸਿੰਘ ਜੀ ਗਿਆਨੀ ਚੌਰਬਰਦਾਰ।
੨੬. ,, ,, ਰਾਏ ਸਿੰਘ ਜੀ ਗਿਆਨੀ ਪਿੰਡ ਰਾਮ ਪੁਰ (ਪਟਿਆਲਾ) ਸਟੇਸ਼ਨ ਦੋਰਾਹਾ
੨੭. ,, ,, ਮਖਣ ਸਿੰਘ ਜੀ ਨਾਭਾ।
੨੮. ,, ,, ਮਦਨ ਸਿੰਘ ਜੀ ਗਿਆਨੀ ਐਤੀਆਣਾ, ਜ਼ਿਲਾ ਲੁਧਿਆਣਾ, ਗੁਰੂ ਕੇ ਨੌਲੇ ਦੇ ਸੇਵਾਦਾਰ।
੨੯. ,, ,, ਧਰਮ ਸਿੰਘ ਜੀ ਗਿਆਨੀ ਭਿੰਡਰ ਫੀਰੋਜ਼ਪੁਰ।
੩੦. ,, ,, ਸੁਜਾਨ ਸਿੰਘ ਜੀ ਗਿਆਨੀ ਰੋਪੜ ਅੰਬਾਲਾ।
੩੧. ,, ,, ਜੀਵਨ ਸਿੰਘ ਜੀ ਗਿਆਨੀ ਬੋਪਾ ਰਾਏ ਕੋਟ ਮਾਲਵਾ।
੩੨. ,, ,, ਅਕਾਲ ਸਿੰਘ ਜੀ ਗਿਆਨੀ ਪਿੰਡ ਆਖਾਰਾ ਲੁਧਿਆਣਾ।
੩੩. ,, ,, ਪਿਰਤਪਾਲ ਸਿੰਘ ਜੀ ਗਿਆਨੀ ਪੋਠੋਹਾਰ ਰਾਵਲਪਿੰਡੀ।
੩੩. ,, ,, ਦਿਆਲ ਸਿੰਘ ਜੀ ਗਿਆਨੀ ਗੋਇੰਦਵਾਲ ਸ੍ਰੀ ਬੋਲੀ ਸਾਹਿਬ ਮਾਝਾ।
੩੫. ,, ,, ਬਖਤਾਰ ਸਿੰਘ ਜੀ ਗਿਆਨੀ ਸੋਢੀ ਅਨੰਦਪੁਰ।
੩੬. ,, ,, ਦੇਵਾ ਸਿੰਘ ਜੀ ਗਿਆਨੀ ਤਰਨਤਾਰਨ ਸਾਹਿਬ ਮਾਝਾ।
੩੭. ,, ,, ਮੇਵਾ ਸਿੰਘ ਜੀ ਗਿਆਨੀ ਖਡੂਰ ਸਾਹਿਬ ਜੀ ਮਾਝਾ।
੩੮. ,, ,, ਧਿਆਨ ਸਿੰਘ ਜੀ ਗਿਆਨੀ ਸ੍ਰੀ ਨਨਕਾਣਾ ਸਾਹਿਬ ਜੀ।
੩੯. ,, ,, ਅਚਲ ਸਿੰਘ ਜੀ ਗਿਆਨੀ ਸਾਬੋ ਤਲਵੰਡੀ ਸ੍ਰੀ ਦਮਦਮਾ ਸਾਹਿਬ ਜੀ
੪੦. ,, ,, ਮਾਲਵਾ।
੪੧. ,, ,, ਜੈ ਸਿੰਘ ਜੀ ਗਿਆਨੀ ਰਾਜਾ ਜੈ ਪੁਰੀਆਂ ਨੇ ਅੰਮ੍ਰਿਤ ਪਾਨ ਗੁਰਾਂ ਦੇ ਹਥੋਂ ਕੀਤਾ।

Digitized by Panjab Digital Library | www.panjabdigilib.org

੪੨. ਸ੍ਰੀਮਾਨ ਭਾ: ਸਾ: ਬਿਸ਼ਨ ਸਿੰਘ ਜੀ ਗਿਆਨੀ ਮਹਾਰਾਜਾ ਜੋਧਪੁਰ ।
੪੩. ,, ,, ਭਾਗ ਸਿੰਘ ਜੀ ਗਿਆਨੀ ਅਨੰਦ ਪੁਰ ਕੇ ।
੪੪. ,, ,, ਵਸਾਵਾ ਸਿੰਘ ਜੀ ਗਿਆਨੀ ਚੋਲਾ ਸਾਹਿਬ ਜੀ ਕੇ ਮਾਝਾ ।
੪੫. ,, ,, ਘਣੀਆ ਸਿੰਘ ਜੀ ਗਿਆਨੀ ਤਖਤੂ ਪੁਰਾ ਫੀਰੋਜ਼ਪੁਰ ।
੪੬. ,, ,, ਰਾਮ ਸਿੰਘ ਜੀ ਗਿਆਨੀ ] ਮਹਾਰਾਜੇ ਨਾਭਾ ਪਟਿਆਲਾ ਮਾਲਵਾ
੪੭. ,, ,, ਤ੍ਰਿਲੋਕ ਸਿੰਘ ਜੀ ਗਿਆਨੀ ]
੪੮. ,, ,, ਮਲਿਆਗਰ ਸਿੰਘ ਜੀ ਗਿਆਨੀ ਜਿਨ ਪੀਲੂ ਖਾ ਕੇ ਸੰਤੋਖ ਰਖਿਆ ।

ਸ੍ਰੀ ਦਮਦਮਾ ਸਾਹਿਬ ਵਿਚ ਗੁਰੂ ਕਾਸ਼ੀ ਕਾਇਮ ਕਰਨ ਲਈ ਸ੍ਰੀ ਮਾਨ ੧੦੮ ਸੰਤ ਅਤਰ ਸਿੰਘ ਜੀ ਮਹਾਰਾਜ ਨੇ ਭੀ ਕਾਫੀ ਧਿਆਨ ਦਿੱਤਾ ਪਰੰਤੂ ਆਪ ਛੇਤੀ ਹੀ ਸਚਖੰਡ ਪਧਾਰ ਗਏ ਇਸ ਲਈ ਆਪ ਦੀਆਂ ਸਾਰੀਆਂ ਸਕੀਮਾਂ ਅਮਲ ਵਿਚ ਨਾ ਆ ਸਕੀਆਂ ।

**ਰਾਜ ਦਰਬਾਰ ਪਟਿਆਲਾ ਦੀ ਅਨਗਿਹਲੀ**--ਇਤਹਾਸ ਦੀ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਰਾਜ ਦਰਬਾਰ ਪਟਿਆਲਾ ਨੇ ਬਹੁਤ ਸਾਰੇ ਗੁਰਦੁਆਰਿਆਂ ਨਾਲ ਜਗੀਰਾਂ ਤੇ ਜ਼ਮੀਨਾ ਲਗਵਾਈਆਂ ਅਤੇ ਨਵੀਆਂ ਇਮਾਰਤਾ ਆਦਿ ਬਣਵਾਈਆਂ । ਪਰੰਤੂ ਇਹ ਗੱਲ ਦੁਖ ਨਾਲ ਲਿਖਣੀ ਪੈਂਦੀ ਹੈ ਕਿ ਦਰਬਾਰ ਪਟਿਆਲਾ ਨੇ ਸ੍ਰੀ ਦਮਦਮਾ ਸਾਹਿਬ ਨੂੰ ਸਚੇ ਅਰਥਾਂ ਵਿਚ ਗੁਰੂ ਕੀ ਕਾਸ਼ੀ ਬਨਾਉਣ ਵੱਲ ਬਹੁਤ ਘੱਟ ਧਿਆਨ ਦਿੱਤਾ ਹੈ । ਰਾਜ ਦਰਬਾਰ ਪਟਿਆਲਾ ਦੇ ਦਾਨ ਨਾਲ ਬਨਾਰਸ ਯੂਨੀਵਰਸਿਟੀ ਤਾਂ ਬਹੁਤ ਵਧੀ ਫੂਲੀ ਪਰੰਤੂ ਗੁਰੂ ਕੀ ਕਾਸ਼ੀ ਵਿਚ ਚਲ ਰਿਹਾ ਹਾਈ ਸਕੂਲ ਭੀ ਕਾਫੀ ਅਰਸਾ ਡਾਵਾਂ ਡੋਲ ਰਿਹਾ । ਜੇ ਦਰਬਾਰ ਪਟਿਆਲਾ ਇਸ ਪਵਿਤ੍ਰ ਅਸਥਾਨ ਨੂੰ ਪੱਕੀਆਂ ਸੜਕਾਂ ਕਢਕੇ ਵਡੇ ਸ਼ਹਿਰਾਂ ਨਾਲ ਮਿਲਾ ਦੇਂਦਾ, ਤੇ ਇਥੇ ਆਉਣ ਜਾਣ ਦੀਆ ਸਹੂਲਤਾਂ ਹੋ ਜਾਂਦੀਆਂ ਤਾਂ ਪੰਥ ਦੇ ਵਿਦਿਵਾਨ ਇਥੇ ਵਿਦਿਆ ਦਾ ਕੇਂਦਰ ਬਣਾ ਕੇ ਸਚ ਮੁਚ ਇਸ ਨੂੰ ਗੁਰੂ ਕੀ ਕਾਸ਼ੀ ਬਣਾ ਦਿੰਦੇ । ਕਈ ਵਿਦਵਾਨਾਂ ਨੇ ਇਸ ਪਾਸੇ ਧਿਆਨ ਦਿੱਤਾ ਪਰੰਤੂ ਆਵਾ ਜਾਈ ਦੀਆਂ ਸਹੂਲਤਾਂ ਨਾ ਹੋਣ ਕਰਕੇ ਤੇ ਪੰਥ ਦੀ ਸਮੁਚੀ ਅਨਗਹਿਲੀ ਦੇ ਕਾਰਣ ਉਨਾਂ ਦੇ ਯਤਨ ਸਫਲ ਨਾ ਹੋਇ । ਸਮਾਂ ਆਵੇਗਾ ਜਦੋਂ-ਇਥੇ ਸ਼ਾਨਦਾਰ ਕਾਲਜ, ਅਤੇ ਗੁਰਮਤਿ ਤੇ ਗੁਰਬਾਣੀ ਦੀ ਖੋਜ ਦੇ ਭਾਰੀ ਕੇਂਦਰ ਹੋਣਗੇ ਅਤੇ ਇਹ ਅਸਥਾਨ ਮਾਲਵੇ ਵਿਚ ਰੌਸ਼ਨੀ ਦਾ ਮੀਨਾਰ ਬਣਕੇ ਚਮਕੇਗਾ ।

ਸ਼ੋਕ ! ! ਮਾਲਵੇ ਵਿਚ ਸੁੱਚਾ ਕੰਮ ਕਰਨ ਵਾਲੇ ਦੀ ਕੋਈ ਕਦਰ ਨਹੀਂ । ਸੰਤਾਂ ਨੇ ਗੁਰੂ ਕਾਂਸੀ ਦੀ ਸੇਵਾ ਲਈ ਹੀ ਬੁੰਗਾ ਬਣਵਾਇਆ । ਸ: ਧਰਮ ਸਿੰਘ ਦਿਲੀ ਵਾਲਿਆਂ ਅਤੇ ਹੋਰ ਮਾਇਆ ਧਾਰੀਆਂ ਵਲੋਂ ਬਹੁਤ ਸਹਾਇਤਾ ਹੋਈ ਅਤੇ ਹੋ ਰਹੀ ਹੈ । ਪਰ ਏਸ ਥਾਂ ਦੇ ਭਾਗਾਂ ਵਿਚ ਅਜੇ ਕਸਰ ਹੈ । ਗੁਰੂ ਕੀ ਕਾਸ਼ੀ ਨੂੰ ਲਾਜ ਹੀ ਲਗ ਰਹੀ ਹੈ । ਸ: ਕਰਤਾਰ ਸਿੰਘ ਦਾਖਾ ਨੇ ਓਥੇ ੫ ਸਾਲ ਤਕ ਗੁਰਮਤ ਉਪਦੇਸ਼ਕ ਕਾਲਜ ਦੀ ਸੇਵਾ ਅਪਣੇ ਆਪ ਤੋਂ ਬੜੀ ਮਿਹਨਤ ਅਤੇ ਦੁਖ ਕਟਕੇ ਕੀਤੀ । ਅਤੇ ਕਈ ਦਰਜਨ ਪ੍ਰਚਾਰਕ ਤਿਆਰ ਹੋਏ । ਪਰ ਈਰਖਾਲੂ ਆਸ਼ਰਮ ਬਾਜ਼ਾਂ ਦੀ ਕ੍ਰਿਪਾ ਨਾਲ ਉਹਨਾਂ ਨੂੰ ਇਹ ਕੰਮ ਛਡਨਾ ਪਿਆ । ਪਿਛੋਂ ਸੰਗਤ ਨੇ ਸ: ਹਰੀ ਸਿੰਘ ਢੱਡਿਆਂ ਵਾਲਿਆਂ ਨੂੰ ਭੀ ਏਥੇ ਲਾਇਆ

Digitized by Panjab Digital Library | www.panjabdigilib.org

ਉਹ ਨਿਜਟਦੇ ਰਹੇ ।

## ਹਰਨ ਦੀ ਮੁਕਤੀ ਤੇ ਸਿਖਾਂ ਨੂੰ ਮਠਿਆਈ ਖੁਆਣੀ

ਇਕ ਦਿਨ ਸ੍ਰੀ ਗੁਰੂ ਜੀ ਬਹੁਤ ਦੂਰ ਜਾ ਕੇ ਹਰਨ ਦਾ ਸ਼ਿਕਾਰ ਕਰਕੇ ਬਹੁਤ ਪ੍ਰਸੰਨ ਹੋਏ ਤਾਂ ਸਿਖਾਂ ਪੁਛਿਆ, ਜੀ ਗਰੀਬ ਨਿਵਾਜ਼ ਇਹ ਕੀ ਕੌਤਕ ਹੈ । ਤਾਂ ਸ੍ਰੀ ਸਤਿਗੁਰੂ ਜੀ ਨੇ ਫਰਮਾਇਆ ਕਿ ਇਹ ਪਿਛਲੇ ਜਨਮ ਗੁਰੂ ਘਰ ਦਾ ਖਜ਼ਾਨਚੀ ਸੀ ਅਤੇ ਇਸ ਨੇ ਮਾਇਆ ਨਜਾਇਜ਼ ਵਰਤੀ, ਜੋ ਬਹੁਤ ਵਰਜਨ ਤੇ ਭੀ ਨ ਹਟਿਆ । ਉਹ ਸਿਖ ਹਰਨ ਦੀ ਜੂਨ ਪਿਆ ਸੀ । ਜੋ ਹੇੜੀਆਂ ਦੇ ਦੁਖੀ ਹੋਏ ਹੋਏ ਨੇ ਆਪਣੀ ਕੀਤੀ ਤੇ ਪਛਤਾਵਾ ਕੀਤਾ, ਜਿਸ ਕਰ ਕੇ ਅਸੀਂ ਮਾਰ ਕੇ ਕਲਿਆਣ ਕੀਤਾ ਹੈ । ਜੋ ਭਾਈ ਪਰਾਈ ਮਾਇਆ ਖਾਏਗਾ ਉਸ ਨੂੰ ਆਪਣਾ ਮਾਸ ਖਵਾਣਾ ਪੈਂਦਾ ਹੈ ।

ਸ੍ਰੀ ਗੁਰੂ ਜੀ ਨੇ ਸਿੰਘਾਂ ਨੂੰ ਹੁਕਮ ਕੀਤਾ ਕਿ ਭਾਈ ਰਾਤ ਏਥੇ ਹੀ ਵਿਸਰਾਮ ਕਰਾਂਗੇ ਤਾਂ ਸੰਗਤ ਨੇ ਅਰਜ਼ ਕੀਤੀ, ਸ੍ਰੀ ਗੁਰੂ ਜੀ ਸਾਨੂੰ ਤਾਂ ਭੁਖ ਲਗੀ ਹੈ । ਸ੍ਰੀ ਗੁਰੂ ਜੀ ਨੇ ਹੁਕਮ ਕੀਤਾ ਕਿ ਇਸ ਦਰਖੱਤ ਤੇ ਚੜ੍ਹ ਕੇ ਹਲੂਣਾ ਦਿਓ । ਗੁਰ ਸਿੱਖਾਂ ਬਚਨ ਮੰਨ ਕੇ ਦਰਖੱਤ ਨੂੰ ਹਲੂਣਾ ਦਿਤਾ ਤਾਂ ਅਨੰਤ ਪ੍ਰਕਾਰ ਦੀਆਂ ਮਠਿਆਈਆਂ ਝੜੀਆਂ । ਸੰਗਤ ਛਕ ਕੇ ਨਿਹਾਲ ਹੋਈ । ਕੁਝ ਸਿੰਘਾਂ ਨੇ ਨਹੀਂ ਛਕਿਆ । ਸ੍ਰੀ ਗੁਰੂ ਜੀ ਦੇ ਪੁਛਣ ਤੋਂ ਅਰਜ਼ ਕੀਤੀ, ਜੀ ਸਚੇ ਪਾਤਸ਼ਾਹ ਪਹਿਲੇ ਆਪ ਭੋਗ ਲਾਵੋ ਤਾਂ ਅਸੀਂ ਛਕੀਏ ਨਹੀਂ ਤਾਂ ਅਸੀਂ ਭੀ ਨਹੀਂ ਛਕਦੇ । ਸ੍ਰੀ ਗੁਰੂ ਜੀ ਨੇ ਸਹਿਜ ਬਚਨ ਕੀਤਾ ਕਿ ਭਾਈ ਆਪ ਜੈਸੇ ਸੰਤੋਖੀ ਭੀ ਅਤੇ ਏਹਨਾਂ ਵਰਗੇ ਪੇਟ ਪਾਲੂ ਭੀ ਹੋਣਗੇ, ਇਸ ਕਰਕੇ ਗੁਰਦੁਆਰੇ ਦਾ ਨਾਮ ਮਠਿਆਈ ਸਰ ਹੈ । ਸ੍ਰੀ ਦਮਦਮੇ ਸਾਹਿਬ ਜੀ ਤੋਂ ੮ ਕੋਹ ਹੈ । ਪਹਿਰਾ ਨਹਿੰਗ ਸਿੰਘਾਂ ਸਾਹਿਬ ਜੀ ਦਾ ਹੈ ।

**ਗੁ: ਸਾਹਿਬ ਪੱਕਾ**-ਰਿਆਸਤ ਪਟਿਆਲਾ ਨਜ਼ਾਮਤ ਬਰਨਾਲਾ, ਤਹਿਸੀਲ ਥਾਣਾ ਰਾਮਾਂ ਵਿਚ ਇਕ ਪਿੰਡ ਹੈ । ਇਸ ਤੋਂ ਦਖਣ ਪੂਰਬ ਵਸੋਂ ਦੇ ਨਾਲ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ । ਤਲਵੰਡੀ ਨੂੰ ਜਾਂਦੇ ਸ੍ਰੀ ਗੁਰੂ ਜੀ ਤਿੰਨ ਦਿਨ ਇਥੇ ਵਿਰਾਜੇ ਸਨ । ਜਿਸ ਜੰਡ ਨਾਲ ਸ੍ਰੀ ਗੁਰੂ ਜੀ ਦਾ ਘੋੜਾ ਬੱਧਾ ਸੀ ਉਹ ਮੌਜੂਦ ਹੈ । ਸੋਹਣਾ ਹਰਿਮੰਦਰ ਬਣਿਆ ਹੋਇਆ ਹੈ । ਗੁਰਦੁਆਰੇ ਦੇ ਨਾਮ ੧੦੦ ਘੁਮਾਂ ਜ਼ਮੀਨ ਰਿਆਸਤ ਪਟਿਆਲਾ ਵਲੋਂ ਹੈ। ਪੁਜਾਰੀ ਸਿੰਘ ਸਾਹਿਬ ਜੀ ਹਨ । ਰੇਲਵੇ ਸਟੇਸ਼ਨ ਸੰਗਤ (ਬੀ. ਬੀ. ਐਂਡ ਸੀ. ਆਈ.) ਤੋਂ ਚਾਰ ਮੀਲ ਹੈ ।

**ਗੁ: ਸਾਹਿਬ ਠੀਕਰੀ ਵਾਲਾ**—ਇਸ ਨਗਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਪਵਿਤ੍ਰ ਚਰਨ ਪਾਕੇ ਸੰਗਤਾਂ ਨੂੰ ਨਿਹਾਲ ਕੀਤਾ । ਜਿਸ ਵੇਲੇ ਗੁਰੂ ਜੀ ਆਏ ਨਗਰ ਨਿਵਾਸੀ ਕਿਸੇ ਪ੍ਰਾਣੀ ਦੀ ਅਰਥੀ ਨਾਲ ਗਏ ਹੋਇ ਸਨ । ਜਦ ਉਹਨਾਂ ਨੂੰ ਪਤਾ ਲਗਿਆ ਤਾਂ ਸਭ ਗੁਰੂ ਜੀ ਦੀ ਸ਼ਰਨ ਆਏ । ਗੁਰੂ ਜੀ ਨੇ ਪਰਚਾਉਣੀ ਕਰਨ ਲਈ ਅਤੇ ਸਤਿ ਉਪਦੇਸ਼ ਦੇਣ ਲਈ ਇਹ ਸ਼ਬਦ ਪੜ੍ਹਿਆ "ਕਪੜ ਰੂਪ ਸਹਾਵਣਾ । ਛਡ ਦੁਨੀਆਂ ਅੰਦਰ ਜਾਵਣਾ । ਮੰਦਾ ਚੰਗਾ

Digitized by Panjab Digital Library | www.panjabdigilib.org

'ਆਪਣਾ ਅਪੇ ਹੀ ਕੀਤਾ ਪਾਵਣਾ" ।

ਗੁਰੂ ਜੀ ਦਾ ਉਪਦੇਸ਼ ਸੁਣਕੇ ਬ੍ਰਿਧ ਬਾਬਿਆਂ ਨੇ ਉਠਕੇ ਬੇਨਤੀ ਕੀਤੀ ਸਚੇ ਪਾਤਸ਼ਾਹ ਸਾਡੇ ਪਰ ਕ੍ਰਿਪਾਲਤਾ ਕਰਕੇ ਸਾਨੂੰ ਆਪਣੇ ਬਣਾਉ ਤੇ ਜਸ ਜੀਉਣ ਦਾ ਮਾਨ ਬਖਸ਼ੋ । ਗੁਰੂ ਜੀ ਨੇ ਫਰਮਾ-ਇਆ ਇਸ ਨਗਰ ਵਿਚ ਕਈ ਸੂਰਬੀਰ, ਨਿਰਮਲ ਬੁਧ ਕਲਮ ਤੇ ਤਨ ਮਨ ਧਨ ਨਾਲ ਸੇਵਾ ਕਰਨ ਵਾਲੇ ਪੈਦਾ ਹੋਣਗੇ ।

ਗੁਰੂ ਜੀ ਮਹਾਰਾਜ ਦਾ ਇਹ ਵਾਕ ਫਲ ਲਿਆਇਆ ਅਤੇ ਇਸ ਨਗਰ ਵਿਚੋਂ ਸ: ਸੇਵਾ ਸਿੰਘ ਠੀਕਰੀ ਵਾਲਾ ਗਿ: ਸ਼ੇਰ ਸਿੰਘ ਉਜਾਗਰ ਸਿੰਘ ਭੌਰਾ ਆਦਿ ਜੈਸੇ ਪੰਥ ਤੋਂ ਆਪਾ ਵਾਰਨ ਵਾਲੇ ਪੈਦਾ ਹੋਏ । ਮਹਾਰਾਜ ਆਲਾ ਸਿੰਘ ਬਾਨੀ ਰਿਆਸਤ ਪਟਿਆਲਾ ਨੇ ਇਸ ਨਗਰ ਵਿੱਚ ਹੀ ਨਵਾਬ ਕਪੂਰ ਸਿੰਘ ਪਾਸੋਂ ਅੰਮ੍ਰਿਤ ਪਾਨ ਕਰਕੇ ਖਾਲਸਾ ਦਲ ਵਿੱਚ ਪ੍ਰਵੇਸ਼ ਕੀਤਾ ਅਤੇ ਇਸ ਤੋਂ ਪਿਛੋਂ ਆਪਦਾ ਘਰਾਣਾ ਗੁਰ ਸਿੱਖੀ ਵਿੱਚ ਪਰਪੱਕ ਰਿਹਾ । ਖਾਲਸਾ ਦਲ ਜਦੋਂ ਕੋਈ ਔਕੜ ਆਉਂਦੀ ਇਸ ਨਗਰ ਵਿੱਚ ਇਕਠਾ ਆ ਹੁੰਦਾ ਅਤੇ ਕੁਝ ਚਿਰ ਅਰਾਮ ਕਰਕੇ ਨਵੇਂ ਗੁਰਮਤੇ ਸੋਧ ਕੇ ਦੁਸ਼ਟਾਂ ਨੂੰ ਦੰਡ ਦਿੰਦਾ ਇਸ ਕਰਕੇ ਸਿਖ ਇਤਿਹਾਸ ਵਿੱਚ ਇਸ ਨਗਰ ਦਾ ਨਾਮ ਹਮੇਸ਼ਾ ਚਮਕਦਾ ਰਹੇਗਾ । ਏਸੇ ਅਸਥਾਨ ਦੇ ਰਹਿਣ ਵਾਲੇ ਪੰਡਤ ਦੀਵਾਨ ਸਿੰਘ ਦੇ ਵਿਦਿਆਰਥੀ ਪੰਡਤ ਰਾਜ ਭਾ: ਬਸੰਤ ਸਿੰਘ ਮਹਾਰਾਜਾ ਪਟਿਆਲੇ ਦੇ ਵਿਦਿਆਰਥੀ ਗੁਰੂ ਸਨ ।

ਨਵਾਬ ਕਪੂਰ ਸਿੰਘ ਜੀ ਦੀ ਲਗਾਈ ਇਥੇ ਇਕ ਨਿਮ ਮੌਜੂਦ ਹੈ । ਪਟਿਆਲਾ ਦਰਬਾਰ ਵਲੋਂ ਗੁਰਦੁਆਰੇ ਦੇ ਨਾਮ ਰਸਦ ਆਦਿ ਲਗੀ ਹੋਈ ਹੈ । ਮਹਾਰਾਜਾ ਆਲਾ ਸਿੰਘ ਜੀ ਦਾ ਲਗਵਾਇਆ ਹੋਇਆ ਇਕ ਖੂਹ ਭੀ ਏਥੇ ਹੈ । ਨਿਹੰਗ ਸਿੰਘਾਂ ਦੀ ਛਾਉਣੀ ਹੈ, ਜਿਥੇ ਘਲੂਘਾਰੇ ਸਮੇਂ ਸਿੰਘ ਆਕੇ ਰਿਹਾ ਕਰਦੇ ਸਨ । ੧੯੧੩ ਵਿੱਚ ਹੇਠ ਲਿਖੇ ਪੰਜ ਪਿਆਰਿਆਂ ਨੇ ਗੁਰ ਅਸਥਾਨ ਦੀ ਨੀਂਹ ਰਖੀ ਜੋ ਹੁਣ ਮੁਕੰਮਲ ਹੋ ਗਈ ਹੈ ।

(੧) ਭਾਈ ਸੁੰਦਰ ਸਿੰਘ ਜੀ ਪਿਤਾ ਸੁਖਾ ਸਿੰਘ ਜੀ,
(੨) ਭਾ: ਗੁਰਮੁਖ ਸਿੰਘ ਪਿਤਾ ਘੁਦਾ ਸਿੰਘ ਜੀ,
(੩) ਬਾਬੂ ਖਜ਼ਾਨ ਸਿੰਘ ਜੀ ਪਿਤਾ ਅਮਰੀਕ ਸਿੰਘ ਜੀ,
(੪) ਬਾਬਾ ਭੋਲਾ ਸਿੰਘ ਜੀ ਪਿਤਾ ਜੀਤਾ ਸਿੰਘ ਜੀ,
(੫) ਭਾਈ ਲਾਲ ਸਿੰਘ ਜੀ ਪਿਤਾ ਗਿਆਨ ਸਿੰਘ ਜੀ ।

**ਗੁ: ਭਦੌੜ**—ਰਾਜ ਪਟਿਆਲਾ ਵਿਚ ਬਰਨਾਲੇ ਦੇ ਪਾਸ ਫੂਲ ਬੰਸੀ ਬਾਬਾ ਆਲਾ ਸਿੰਘ ਦੀ ਵਸਾਈ ਨਗਰੀ ਜਿਸ ਵਿਚ ਰਾਮ ਸਿੰਘ ਦੇ ਵਡੇ ਪੁਤਰ ਧੰਨਾ ਸਿੰਘ ਦੀ ਔਲਾਦ ਦੇ ਸਰਦਾਰ ਮਾਲਕ ਹਨ । ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਸ਼ਿਕਾਰ ਖੇਡਦੇ ਹੋਏ ਆਏ । ਅਤੇ ਇਕ ਸਪਣੀ ਮਾਰੀ, ਗੁਰਦੁਆਰਾ ਬਣਿਆ ਹੋਇਆ ਹੈ । ਨਾਲ ੬੦ ਘੁਮਾਂ ਜ਼ਮੀਨ ਬਾਬਾ ਆਲਾ ਸਿੰਘ ਜੀ ਦੇ ਸਮੇਂ ਤੋਂ ਹੈ । ਪੁਜਾਰੀ ਅਕਾਲੀ ਸਿੰਘ ਹੈ । ਮਾਤਾ ਸੁੰਦਰੀ ਕੌਰ ਜੀ ਦੇ ਪਾਲਤੂ ਚਰਨ ਦਾਸ ਭੀ ਇਥੇ ਨਾਮੀ ਸਾਧੂ ਹੋਏ ਹਨ । ਜਿਨ੍ਹਾਂ ਦਾ ਅਸਥਾਨ ਪਿੰਡ ਤੋਂ ਬਾਹਰ ਹੈ । ਇਸ ਨਾਲ ਰਿਆਸਤ ਵਲੋਂ ੧੧੦ ਘੁਮਾਂ ਜ਼ਮੀਨ ਹੈ । ਰੇਲਵੇ ਸਟੇਸ਼ਨ ਤਪੇ ਤੋਂ ਭਦੌੜ ੮ ਮੀਲ ਉਤਰ ਹੈ ।

Digitized by Panjab Digital Library | www.panjabdigilib.org

**ਗੁ: ਬੰਗ ਹੇਰਾ**—ਭਾਈ ਸਾਹਿਬ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦ ਬਠਿੰਡੇ ਆਏ ਤਦ ਬੰਗ ਹੇਰਾ ਪਿੰਡ ਤੋਂ ਇਕ ਝੋਟਾ ਮੰਗਵਾਇਆ ਜਿਸ ਦਾ ਕਿਲੇ ਵਿਚ ਮਲਾਗਰ ਸਿੰਘ ਨੇ ਝਟਕਾ ਕਰਕੇ ਦਿਉ ਨੂੰ ਛਕਾਇਆ।

**ਗੁ: ਜੰਗੀਰਾਣਾ**-ਜੋ ਰਿਆਸਤ ਪਟਿਆਲਾ ਨਜ਼ਾਮਤ ਬਰਨਾਲਾ ਤਹਿਸੀਲ ਥਾਣਾ ਬਠਿੰਡਾ ਵਿਚ ਹੈ। ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਚਰਨ ਪਾ ਕੇ ਕ੍ਰਿਤਾਰਥ ਕੀਤਾ ਹੈ। ਆਸ ਪਾਸ ਦੇ ਸਿਖ ਬਹੁਤਾ ਪ੍ਰੇਮ ਨਹੀਂ ਰਖਦੇ ਜਿੰਨਾਂ ਉਨ੍ਹਾਂ ਨੂੰ ਸ੍ਰੀ ਗੁਰੂ ਜੀ ਨੇ ਮਾਣ ਬਖਸ਼ਿਆ ਹੈ। ਜੰਗੀ ਰਾਣੇ ਤੋਂ ਦੋ ਕੋਹ ਪੁਰ ਗੁਰ ਅਸਥਾਨ ਹੈ। ਉਸਦੇ ਪਾਸ ਹੀ ਸਿੱਧੂਆਂ ਦਾ 'ਤਿਲਕਰਾਇ' ਨਾਮ ਦਾ ਟੋਭਾ ਜਿਥੇ ਨੋਰਾਤਿਆਂ ਵਿਚ ਸਿੱਧੂ ਗੋਤ ਦੇ ਲੋਕ ਮਿਟੀ ਕਢਣ ਆਉਂਦੇ ਹਨ, ਜਿਨ੍ਹਾਂ ਨੂੰ ਗੁਰੂ ਘਰ ਦੀ ਭਾਉ ਭਗਤੀ ਕੋਈ ਨਹੀਂ।

**ਗੁ: ਝੰਡਾ**-ਰਿਆਸਤ ਪਟਿਆਲਾ ਨਜ਼ਾਮਤ ਬਰਨਾਲਾ, ਥਾਣਾ ਬਢਾਲ ਦਾ ਇਕ ਪਿੰਡ ਜੋ ਰੇਲਵੇ ਸਟੇਸ਼ਨ ਗੁਚਾਨ ਤੋਂ ਸਤ ਮੀਲ ਅਤੇ ਝੋਰੜ ਤੋਂ ਛੀ ਕੋਹ ਹੈ। ਇਸ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਖਣ ਨੂੰ ਜਾਂਦੇ ਕੁਝ ਸਮਾਂ ਬਿਰਾਜੇ ਹਨ। ਪਿੰਡ ਦੇ ਲਹਿੰਦੇ ਵਲ ਗੁਰਦੁਆਰਾ ਹੈ। ਪਟਿਆਲੇ ਤੋਂ ੩੨੫ ਰੂਪੇ ਸਾਲਾਨਾ ਜਾਗੀਰ ਹੈ।

**ਗੁ: ਚੋਆ ਸਾਹਿਬ**--ਇੱਕ ਪਿੰਡ ਰਿਆਸਤ ਪਟਿਆਲਾ, ਤਸੀਲ ਰਾਜਪੁਰਾ ਥਾਣਾ ਲਾਲੜੂ ਵਿੱਚ ਰੇਲਵੇ ਸਟੇਸ਼ਨ ਘੱਗਰ ਤੋਂ ਚਾਰ ਮੀਲ ਪੱਛਮ ਹੈ। ਇਸ ਪਿੰਡ ਤੋਂ ਦੱਖਣ ਵੱਲ ਇਕ ਫਰਲਾਂਗ ਪੁਰ ਸ੍ਰੀ ਦਸਮੇਸ਼ ਜੀ ਦਾ ਚੋਆ ਸਾਹਿਬ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਪਾਉਂਟੇ ਤੋਂ ਅਨੰਦ ਪੁਰ ਜਾਂਦੇ ਵਿਰਾਜੇ ਹਨ ਗੁਰਦੁਆਰਾ ਦਰਖਤਾਂ ਦੇ ਘਣੇ ਜੰਗਲ ਵਿੱਚ ਬਣਿਆ ਹੋਇਆ ਹੈ। ਇਥੇ ਹੀ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਸੀਸ ਦਿਲੀ ਤੋਂ ਅਨੰਦ ਪੁਰ ਨੂੰ ਲੈ ਜਾਂਦਾ ਸਿੱਖ ਕਝ ਸਮਾਂ ਠਹਿਰਆ ਸੀ ੫੧ ਵਿੱਘੇ ਜ਼ਮੀਨ ਅਤੇ ੨੫ ਰੁਪਏ ਵਾਰਸਿਕ ਪਟਿਆਲੇ ਵਲੋਂ ਹਨ ਪੁਜਾਰੀ ਸਿੰਘ ਹੈ।

**ਤਸਿੰਬਲੀ ਸਵਾਰਿਆਂ ਦੀ**--ਰਿਆਸਤ ਪਟਿਆਲਾ ਤਸੀਲ ਰਾਜਪੁਰਾ, ਥਾਣਾ ਲਾਲੜੂ ਵਿੱਚ ਇਕ ਪਿੰਡ ਇਸ ਤੋਂ ਦਖਣ ਵੱਲ ਗ੍ਰਾਮ ਦੇ ਕੋਲ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਲਖਨੌਰ ਤੋਂ ਸ਼ਿਕਾਰ ਲਈ ਇਥੇ ਵਿਰਾਜੇ ਹਨ। ਇਮਾਰਤ ਬਹੁਤ ਸੁੰਦਰ ਸੰਗਤਾਂ ਨੇ ਤਿਆਰ ਕੀਤੀ ਹੈ। ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ੮ ਮੀਲ ਅਤੇ ਸਰਕਾਰੀ ਪੱਕੀ ਸੜਕ ਤੋਂ ਇਕ ਮੀਲ ਪਾਸੇ ਤੇ ਹੈ।

**ਗੁ: ਨਾਡਾ**-ਪਟਿਆਲਾ ਰਾਜ ਵਿਚ ਤਹਿਸੀਲ ਰਾਜਪੁਰਾ ਥਾਣਾ ਪੰਜੌਰ ਦਾ ਇੱਕ ਪਿੰਡ ਜੋ ਰੇਲਵੇ ਸਟੇਸ਼ਨ ਚੰਡੀਗੜ੍ਹ ਤੋਂ ਚਾਰ ਮੀਲ ਦਖਣ ਪੂਰਬ ਹੈ। ਇਸ ਪਿੰਡ ਕੋਲ ਦਸਮੇਸ ਜੀ ਦਾ

Digitized by Panjab Digital Library | www.panjabdigilib.org

ਗੁਰਦੁਆਰਾ ਹੈ। ਸ੍ਰੀ ਗੁਰੂ ਜੀ ਪਾਉਂਟੇ ਸਾਹਿਬ ਵਲੋਂ ਅਨੰਦ ਪੁਰ ਨੂੰ ਜਾਂਦੇ ਬਿਰਾਜੇ ਹਨ। ਮੰਜੀ ਸਾਹਿਬ ਬਣਿਆ ਹੋਇਆ ਹੈ।

**ਗੁਃ ਰਾਣੋ ਮਾਜਰਾ**-ਰਿਆਸਤ ਨਜ਼ਾਮਤ ਪਟਿਆਲਾ ਤਹਿਸੀਲ ਰਾਜ ਪੁਰਾ, ਥਾਣਾ ਲਾਲੜੂ ਦਾ ਪਿੰਡ, ਰੇਲਵੇ ਸਟੇਸ਼ਨ ਖਾਸ ਹੈ। ਪਿੰਡ ਦੇ ਪਾਸ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰੂ ਸਾਹਿਬ ਲਖਨੌਰ ਤੋਂ ਪ੍ਰੇਮੀਆਂ ਦੀ ਪਰੇਰਨਾ ਕਰਕੇ ਇਥੇ ਬਿਰਾਜੇ ਹਨ। ੫੦ ਘੁਮਾ ਜ਼ਮੀਨ ਹੈ।

**ਗੁਃ ਹਸਨਪੁਰ**-ਰਿਆਸਤ ਪਟਿਆਲਾ, ਤਹਿਸੀਲ ਥਾਣਾ ਰਾਜ ਪੁਰਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕੱਠਾ ਗੁਰਦੁਆਰਾ ਹੈ। ਨੌਵੇਂ ਗੁਰੂ ਜੀ ਇਥੇ ਤਿੰਨ ਦਿਨ ਰਹੇ ਅਰ ਸ੍ਰੀ ਦਸਮੇਸ਼ ਜੀ ਲਖਨੌਰ ਤੋਂ ਆਏ ਥੋੜਾ ਸਮਾਂ ਠਹਿਰੇ। ਇਥੋਂ ਦੇ ਸ਼ੇਖ ਗੁਰੂ ਜੀ ਦੇ ਪ੍ਰੇਮੀ ਸਨ। ਉਨ੍ਹਾਂ ਨੇ ਬਹੁਤ ਹੀ ਸੇਵਾ ਕੀਤੀ। ਸ਼ੇਖ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਪਾਸ ਗੁਰੂ ਸਾਹਿਬ ਜੀ ਦਾ ਹੁਕਮ ਨਾਮਾ ਹੈ। ਗੁਰਦੁਆਰਾ ਬਣਿਆ ਹੋਇਆ ਹੈ। ਪਾਸ ਰਿਹਾਇਸ਼ੀ ਮਕਾਨ ਹਨ ਜੋ ਪਿੰਡ ਕਬੂਲ ਪੁਰ ਦੀ ਸੰਗਤ ਨੇ ਸੰਮਤ ੧੯੭੫ ਵਿਚ ਬਣਾਏ ਹਨ। ਪੁਜਾਰੀ ਅਕਾਲੀ ਸਿੰਘ ਹੈ। ਰੇਲਵੇ ਸਟੇਸ਼ਨ ਸ਼ੰਭੂ ਤੋਂ ਤਿੰਨ ਮੀਲ ਕੱਚਾ ਰਸਤਾ ਹੈ। ਇਸ ਦੇ ਪਾਸ ਹੀ ਕਬੂਲਪੁਰਾ ਪਿੰਡ ਹੈ। ਇਸ ਵਾਸਤੇ ਦੋਹਾਂ ਦਾ ਮਿਲਵਾਂ ਨਾਉਂ ਹਸਨਪੁਰ-ਕਬੂਲ ਪੁਰ ਸਦੀਂਦਾ ਹੈ।

**ਗੁਃ ਗੋਬਿੰਦਪੁਰਾ**-ਰਿਆਸਤ ਪਟਿਆਲਾ ਨਜ਼ਾਮਤ ਬਰਨਾਲਾ ਤਹਿਸੀਲ ਮਾਨਸਾ, ਥਾਣਾ ਬੋਹਾ ਦਾ ਇਕ ਪਿੰਡ ਜਿਥੇ ਸ੍ਰੀ ਗੁਰੂ ਦਸਮੇਸ਼ ਪਿਤਾ ਜੀ ਨੇ ਵੀ ਚਰਨ ਪਾਕੇ ਇਸ ਨਗਰ ਨੂੰ ਨਿਵਾਜਿਆ ਹੈ। ਰੇਲਵੇ ਸਟੇਸ਼ਨ ਦਾਤੇਬਾਸ ਤੋਂ ਡੇਢ ਮੀਲ ਹੈ।


**ਟਾਹਣਾ ਸਾਹਿਬ**--ਪਿੰਡ ਕੁੱਬ (ਰਿਆਸਤ ਪਟਿਆਲਾ, ਨਜ਼ਾਮਤ ਬਰਨਾਲਾ, ਤਸੀਲ ਥਾਣਾ ਮਾਨਸਾ) ਤੋਂ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕੋ ਗੁਰਦੁਆਰਾ ਹੈ। ਔਰ ਨੌਵੇਂ ਸ੍ਰੀ ਗੁਰੂ ਜੀ ਤਲਵੰਡੀ ਸਾਬੋ ਤੋਂ ਆਏ ਏਥੇ ਟਾਹਲੀ ਹੇਠ ਵਿਰਾਜੇ ਜਿਸ ਤੋਂ ਟਾਹਲਾ ਸਾਹਿਬ ਮਸ਼ਹੂਰ ਹੋ ਗਿਆ। ਉਹ ਬਿਰਛ ਹੁਣ ਸੁੱਕ ਗਿਆ ਹੈ। ਸ੍ਰੀ ਦਸ਼ਮੇਸ਼ ਜੀ ਦਮਦਮੇ ਸਾਹਿਬ ਜੀ ਨਿਵਾਸ ਰਖਦੇ ਹੋਏ ਕਈ ਵਾਰੀ ਸੈਰ ਅਤੇ ਸ਼ਿਕਾਰ ਲਈ ਇਥੇ ਆਕੇ ਠਹਿਰੇ ਹਨ। ਅਰ ਦਸਮ ਗੁਰੂ ਜੀ ਦਾ ਹਰਿਮੰਦਰ ਬਣਿਆ ਹੋਇਆ ਹੈ ਅਤੇ ਨੌਮੇ ਸ੍ਰੀ ਗੁਰੂ ਜੀ ਦਾ ਭੀ ਮਜੀ ਸਾਹਿਬ ਇਕ ਕੋਠੜੀ ਅੰਦਰ ਹੈ ਗੁਰਦੁਆਰੇ ਨਾਲ ੨੫੦ ਘੁਮਾਉ ਜ਼ਮੀਨ ਪਟਿਆਲੇ ਵਲੋਂ ਹੈ। ਰੇਲਵੇ ਸਟੇਸ਼ਨ ਮੌੜ ਤੋਂ ਦੱਖਣ ਵੱਲ ਡੇਢ ਮੀਲ ਹੈ।

**ਖੁਡਾਲ ਅਕਬਰ ਵਾਲੀ**ਰਿਆਸਤ ਪਟਿਆਲਾ, ਨਜ਼ਾਮਤ ਬਰਨਾਲਾ, ਤਹਿਸੀਲ ਮਾਨਸਾ ਥਾਣਾ ਲੋਹਾ ਵਿੱਚ ਇਕ ਪਿੰਡ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ ਸ੍ਰੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਜੀਂਦੇ ਕੰਧਾਂ ਵਿਚ ਚਿਣਵਾਏ ਜਾ ਰਹੇ ਹਨ



ਇਸ ਕਰਕੇ ਗੁਰੂ ਸਾਹਿਬ ਦੇ ਸਿੰਘਾਂ ਨੇ ਤੇ ਬਾਬਾ ਬੰਦਾ ਬਹਾਦਰ ਸਿੰਘ ਨੇ ਮਗਰੋਂ ਗੁਰੂ ਮਾਰੀ ਸਰਹੰਦ ਦੇ ਸ਼ਹਿਰ ਨੂੰ ਤਬਾਹ ਕਰਕੇ ਖਾਲਸੇ ਦੇ ਕਬਜ਼ੇ ਕੀਤਾ। ਹੁਣ ਸ਼ਹੀਦਾਂ ਨੂੰ ਸ਼ਰਧਾਂਜਲੀ ਆਇ ਸਾਲ ਭੇਟਾ ਕਰਨ ਵਾਸਤੇ ਦੇਸ਼ ਦੇ ਕੋਨੇ ੨ ਤੋਂ ਸੰਗਤਾਂ ੧੧-੧੨-੧੩ ਪੋਹ ਨੂੰ ਪੁਜਦੀਆਂ ਹਨ।



Digitized by Panjab Digital Library | www.panjabdigilib.org

ਗੁਰੂ ਜੀ ਸਰਸੇ ਸੰਗਤਾਂ ਨੂੰ ਨਾਮਦਾਨ ਦ੍ਰਿੜ੍ਹਾਇ ਰਹਿ ਸੀ ਤਾਂ ਇਕ ਦਿਨ ਅੰਤਰ ਯਾਮੀ ਪੰਜਾਂ ਸਿੰਘਾਂ ਸਮੇਤ ਏਥੇ ਪੁਜੇ ਕਿਉਂ ਕਿ ਏਥੋਂ ਦੇ ਹਾਕਮ ਨਬੀ ਬਖਸ਼ ਦੀ ਲੜਕੀ ਨੇ ਇਕ ਸੁਨਿਆਰੇ ਸਿਖ ਭਾਈ ਗੁਲਾਬ ਸਿੰਘ ਨੂੰ ਕੁਕਰਮ ਕਰਨ ਵਾਸਤੇ ਭੋਰੇ ਵਿਚ ਬੰਦ ਕਰ ਰਖਿਆ ਸੀ।

ਸਿਦਕੀ ਸਿਖ ਗੁਰਸਿਖੀ ਨੂੰ ਕਲੰਕਤ ਨਹੀਂ ਕਰਨਾ ਚਾਹੁੰਦਾ ਸੀ ਇਸ ਕਰਕੇ ਸ੍ਰੀ ਗੁਰੂ ਜੀ ਨੇ ਭਾਈ ਗੁਲਾਬ ਸਿੰਘ ਨੂੰ ਭੋਰੇ ਚੋਂ ਕਢਿਆ ਅਰ ਨਬੀ ਬਖਸ਼ ਨੂੰ ਧਰਮ ਦਾ ਉਪਦੇਸ਼ ਕੀਤਾ। ਉਹ ਭੋਰਾ ਅਜੇ ਮੌਜੂਦ ਹੈ। ਇਸ ਗੁਰਦਰਬਾਰ ਨਾਲ ਪਟਿਆਲਾ ਵਲੋਂ ੫੦ ਘੁਮਾਉਂ ਜ਼ਮੀਨ ਹੈ ਰੇਲਵੇ ਸਟੇਸ਼ਨ ਬਟੇਰਾ ਤੋਂ ਦੋ ਮੀਲ ਤੇ ਹੈ।

**ਸਰਹਿੰਦ**—ਹਿੰਦ ਦਾ ਸ਼ਿਰੋਮਣਿ ਨਗਰ, ਫੀਰੋਜ਼ ਸ਼ਾਹ ਤੁਗਲਕ ਨੇ ਇਸ ਨਗਰ ਨੂੰ ਸਮਾਣੇ ਦੀ ਹਕੂਮਤ ਤੋਂ ਅਲਗ ਕਰਕੇ ਪਰਗਣੇ ਦਾ ਪ੍ਰਧਾਨ ਥਾਪਿਆ। ਮੁਗਲ ਰਾਜ ਸਮੇਂ ਇਹ ਬੜਾ ਧਨੀ ਸ਼ਹਿਰ ਸੀ ਅਤੇ ਇਸ ਦੇ ਅਧੀਨ ੩੨ †ਪਰਗਣੇ ਸਨ। ੧੩ ਪੋਹ ਸੰਮਤ ੧੭੬੧ ਨੂੰ ਦਸਮੇਸ਼ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹ ਸਿੰਘ ਜੀ ਨੂੰ ਵਜ਼ੀਰ ਖਾਂ ਸੂਬੇ ਨੇ ਇਥੇ ਕੰਧਾਂ ਵਿਚ ਚੁਣਵਾਏ ਸਨ। ਜਗਤ ਮਾਤਾ ਗੂਜਰੀ ਜੀ ਦਾ ਠੰਡਾ ਬੁਰਜ* ਭੀ ਕੋਲ ਹੈ। ਇਸ ਸ਼ਹਿਰ ਦੇ ਅਠ ਬੁਰਜ ਸਨ। ਜਦ ਬੰਦਾ ਬਹਾਦੁਰ ਨੇ ੧ ਜੇਠ ਸੰਮਤ ੧੭੬੭ ਨੂੰ ਸਰਹਿੰਦ ਦੀ ਇਟ ਨਾਲ ਇਟ ਖੜਕਾਈ ਤਾਂ ਸਰਦ ਬੁਰਜ ਤੇ ਟੋਡਰ ਮਲ ਦੀ ਹਵੇਲੀ ਨਹੀਂ ਛੇੜੀ ਸੀ।

**ਗੁਃ ਫਤਹਿ ਗੜ੍ਹ ਸਾਹਿਬ (ਸਰਹਿੰਦ)**—ਪੁਰਾਤਨ ਸਮੇਂ ਵਿੱਚ ਜਿਸ ਸ਼ਹਿਰ ਦਾ ਨਾਮ ਸਰਹਿੰਦ ਸੀ, ਉਸ ਦਾ ਨਾਮ ਪਹਿਲਾਂ ਸਿੰਘਾਂ ਨੇ ਗੁਰੂ ਮਾਰੀ ਰਖਿਆ ਤੇ ਉਸਦੀ ਇੱਟ ਨਾਲ ਇੱਟ ਖੜਕਾਈ। ਉਪਰੰਤ ਸਿੰਘਾਂ ਦੀ ਫਤਹਿ ਦੀ ਯਾਦ ਵਿਚ ਤੇ ਇਸ ਗੱਲ ਨੂੰ ਮੁਖ ਰਖਕੇ ਕਿ ਇਥੇ ਛੋਟੇ ਸਾਹਿਬ ਜ਼ਾਦਿਆਂ ਨੇ ਮੌਤ ਪਰ ਫਤਹਿ ਪਾਈ ਇਸ ਕਰਕੇ ਇਸ ਸ਼ਹਿਰ ਦਾ ਨਾਮ ਫਤਹਿ ਗੜ੍ਹ ਸਾਹਿਬ ਰਖਿਆ। ਏਥੇ ਛੋਟੇ ਸਾਹਿਬ ਜ਼ਾਦਿਆਂ ਦੀ ਯਾਦ ਵਿਚ ਹੇਠ ਲਿਖੇ ਅਸਥਾਨ ਪ੍ਰਸਿੱਧ ਹਨ।

ਜਿਥੇ ਸੂਬੇ ਦੀ ਕਚਹਿਰੀ ਵਿੱਚ ਸਾਹਿਬ ਜ਼ਾਦਿਆਂ ਦੇ ਸੂਬੇ ਨਾਲ ਉਤ੍ਰ ਪ੍ਰਸ਼ਨ ਹੋਏ-ਉਸ ਥਾਂ ਸ਼ਾਨਦਾਰ ਗੁਰਦੁਆਰਾ ਬਣਿਆ ਹੋਇਆ ਹੈ। ਏਥੇ ਵਜੀਦ ਖਾਨ ਨੇ ਸਾਹਿਬ ਜ਼ਾਦਿਆ ਨੂੰ ਪੁਛਿਆ ਕਿ ਜੇ ਤੁਹਾਨੂੰ ਛੱਡ ਦੇਈਏ ਤਾਂ ਤੁਸੀਂ ਕੀ ਕਰੋਗੇ? ਸਾਹਿਬ ਜ਼ਾਦਿਆ ਨੇ ਕਿਹਾ, ਅਸੀਂ ਫੌਜਾਂ ਇਕੱਠੀਆਂ ਕਰਾਂਗੇ ਤੇ ਫਿਰ ਧਰਮ ਯੁਧ ਕਰਾਂਗੇ। ਸਾਡੇ ਗੁਰਦੇਵ ਪਿਤਾ ਨੇ ਫੁਰਮਾਇਆ ਹੈ। "ਇਹੈ ਕਾਜ ਧਰਾ ਹਮ ਜਨਮੰ ਸਮਝ ਲੇਹ ਸਾਧੂ ਸਭ ਮਨਮੰ। ਧਰਮ ਚਲਾਵਣ ਸੰਤ ਉਭਾਰਨ ਦੁਸ਼ਟਾਂ ਸਭਨ ਕੋ ਮੂਲ ਉਪਾਰਨ।"

ਸਾਹਿਬ ਜ਼ਾਦਿਆਂ ਦੇ ਮੂੰਹੋ ਇਹ ਸ਼ਬਦ ਸੁਣਕੇ ਸੂਬਾ ਤੇ ਉਸਦੀ ਕਚਹਿਰੀ ਵਿੱਚ ਬੈਠੇ ਮੁਸਾਹਿਬ

---

†੫੨ ਲਖ ਦੇ ੩੨ ਪਰਗਣੇ ਅਤੇ ੧੨ ਮੀਲ ਮੁਰੱਬੇ ਵਿਚ ਵਸਾਇਆ ਸੀ ਹੋਰ ਹਾਲ ਦੇਖੋ ੧੨੯ ਤੇ ਸਰਹਿੰਦ।

*ਠੰਡਾ ਬੁਰਜ ਇਸ ਕਰਕੇ ਨਾਉਂ ਹੈ ਕਿ ਇਸ ਦੇ ਨਾਲ ਦੀ ਬਹੁਤ ਭਾਰੀ ਜਲ ਦਾ ਨਾਲ ਵਗਦਾ ਸੀ ਜਿਸ ਦੇ ਪਾਣੀ ਦੀ ਉਚਾਈ ੧੧੦ ਫੁਟ ਹੁੰਦੀ ਸੀ। ਪੋਹ ਦਾ ਮਹੀਨਾ ਚੁਫੇਰਿਓਂ ਹਵਾ ਪੈਣੀ, ਪਾਸ ਨਾ ਕੋਈ ਵਸਤ੍ਰ ਤੇ ਨਾ ਦਿਲ ਨੂੰ ਨਗਾਸ ਦੇਣ ਵਾਲੇ ਸਾਹਿਬਜ਼ਾਦੇ।

Digitized by Panjab Digital Library | www.panjabdigilib.org

ਹੱਕੇ ਬੱਕੇ ਰਹਿ ਗਏ। ਸੂਬਾ ਤਾਂ ਅੰਦਰੋਂ ਸੜ ਗਿਆ ਤੇ ਉਸਨੇ ਸਾਹਿਬ ਜ਼ਾਦਿਆਂ ਨੂੰ ਨੀਹਾਂ ਵਿਚ ਚਿਣੇ ਜਾਣ ਦਾ ਹੁਕਮ ਦੇ ਦਿੱਤਾ।

ਵਡੇ ਦਰਬਾਰ ਦੀ ਮੌਜੂਦਾ ਇਮਾਰਤ ੧੯੦੦ ਦੇ ਅਰੰਭ ਵਿਚ ਸਿੱਖ ਮਿਸਲਾਂ ਨੇ ਤਿਆਰ ਕਰਵਾਈ। ਫਤਹਿ ਗੜ੍ਹ ਸਾਹਿਬ ਵਿਚ ੧੧--੧੨–੧੩ ਪੋਹ ਨੂੰ ਹਰ ਸਾਲ ਭਾਰੀ ਜੋੜ ਮੇਲਾ ਹੁੰਦਾ ਹੈ। ਇੰਨਾਂ ਗੁਰ ਅਸਥਾਨਾਂ ਦੀ ਸ਼ੋਭਾ ਵਧਾਉਣ ਲਈ ਸ੍ਰੀ ੧੦੮ ਮਹਾਰਾਜਾ ਸਾਹਿਬ ਯਾਦਵਿੰਦਰ ਸਿੰਘ ਮਹਿੰਦਰ ਬਹਾਦਰ ਪਟਿਆਲਾ ਨੇ ਸੰ: ੨੦੦੧ ਨੂੰ ਅੰਮ੍ਰਿਤਸਰ ਸਰੋਵਰ ਦਾ ਟੱਪਾ ਲਗਾਇਆ।

**ਸਰਹਿੰਦ**—ਸਰਹਿੰਦ ਵਿਚ ਏਹ ਗੁਰਦੁਆਰੇ ਹਨ।

੧. ਸ਼ਹੀਦ ਗੰਜ

ਇਸ ਥਾਂ ਬੰਦਾ ਬਹਾਦਰ ਨੇ ਜਦ ਸਰਹਿੰਦ ਫਤਹ ਕੀਤੀ ਉਸ ਵੇਲੇ ਇਸ ਥਾਂ ਛੇ ਹਜ਼ਾਰ ਸਿੰਘਾਂ ਦਾ ਸਸਕਾਰ ਹੋਇਆ।

੨ ਸ਼ਹੀਦ ਗੰਜ ੨ ਜਥੇਦਾਰ ਸੁਖਾ ਸਿੰਘ ਜੀ ਜੈਨ ਖਾਨ ਨੂੰ ਫਤੇ ਕਰਨ ਵੇਲੇ ਏਸ ਥਾਂ ਸ਼ਹੀਦ ਹੋਏ ਹਨ।

੩. ਸ਼ਹੀਦ ਗੰਜ ੩ ਜਥੇਦਾਰ ਮੱਲਾ ਸਿੰਘ ਜੈਨ ਖਾਨ ਨੂੰ ਫਤੇ ਕਰਨ ਵੇਲੇ ਇਥੇ ਸ਼ਹੀਦ ਹੋਇਆ।

੪. ਜੋਤੀ ਸਰੂਪ ਜਿਸ ਥਾਂ ਸਾਹਿਬਜ਼ਾਦੇ ਅਤੇ ਮਾਤਾ ਜੀ ਦਾ ਸਸਕਾਰ ਹੋਇਆ।

੫. ਥੜਾ ਸਾਹਿਬ ਇਸ ਥਾਂ ਛੀਵੇਂ ਸਤਿਗੁਰੂ ਜੀ ਥੋੜਾ ਸਮਾਂ ਵਿਰਾਜੇ ਹਨ।

੬. ਫਤਹ ਗੜ ਜਿਸ ਥਾਂ ਸਾਹਿਬ ਜ਼ਾਦੇ ਸ਼ਹੀਦ ਹੋਏ। ਇਸ ਨੂੰ ਸਿਖ ਰਾਜ ਸਮੇਂ ਦੀ ਅਤੇ ਮਹਾਰਾਜਾ ਪਟਿਆਲਾ ਵਲੋਂ ਚਾਰ ਹਜ਼ਾਰ ਜਗੀਰ ਹੈ। ੧੩ ਪੋਹ ਨੂੰ ਇਥੇ ਭਾਰੀ ਜੋੜ ਮੇਲਾ ਹੁੰਦਾ ਹੈ ਸਟੇਸ਼ਨ ਖਾਸ ਹੈ ਸਰਹਿੰਦ ਤੋਂ ਅਨੰਦ ਪੁਰ ਵਾਲੀ ਲੈਣ ਤੇ ਹੈ।

੭. ਮਾਤਾ ਗੁਜਰੀ ਜੀ ਦਾ ਬੁਰਜ, ਜਿਸ ਥਾਂ ਮਾਤਾ ਜੀ ਸਾਹਿਬ ਜ਼ਾਦਿਆਂ ਸਮੇਤ ਨਜ਼ਰ ਬੰਦ ਰਹੇ ਅਤੇ ਮਾਤਾ ਜੀ ਜੋਤੀ ਜੋਤ ਸਮਾਏ।

੮. ਵਿਮਾਨ ਗੜ੍ਹ ਇਹ ਉਹ ਥਾਂ ਹੈ ਜਿਥੇ ਮਾਤਾ ਜੀ ਅਤੇ ਸਾਹਿਬ ਜ਼ਾਦਿਆਂ ਦੇ ਸਰੀਰ ਫਤੇ ਗੜੋਂ ਲਿਆਕੇ ਸਿਖਾਂ ਨੇ ਰਾਤ ਰੱਖੇ ਅਤੇ ਅਗਲੇ ਦਿਨ ਇਸ਼ਨਾਨ ਕਰਾਕੇ ਸਸਕਾਰ ਕੀਤਾ ਸੀ। ਇਸ ਲਈ ਜੋਤੀ ਸਰੂਪ ਨਾਉਂ ਪਿਆ ਹੈ।

**ਸਰਦ ਬੁਰਜ**—ਜਦ ਬੰਦੇ ਬਹਾਦਰ ਨੇ ਸਰਹਿੰਦ ਮਾਰੀ ਤਾਂ ਸਿੰਘਾਂ ਨੇ ਸਾਰੀ ਸਰਹਿੰਦ ਦੀ ਇਟ ਨਾਲ ਇਟ ਖੜਕਾ ਦਿਤੀ ਤੇ ਸਾਰਾ ਸ਼ਹਿਰ ਪਲ ਵਿਚ ਮਿਟੀ* ਦਾ ਢੇਰ ਬਣਾ ਦਿਤਾ, ਪਰ

* ਇਸ ਤੋਂ ਹੀ ਰਵਾਇਤ ਪ੍ਰਚਲਤ ਹੈ ਤੇ ਆਮ ਪੜ੍ਹਿਆ ਜਾਂਦਾ ਹੈ ਕਿ 'ਬੰਦਾ ਲੋਹੇ ਦਾ ਸੁਹਾਗਾ ਆ ਗਿਆ।

Digitized by Panjab Digital Library | www.panjabdigilib.org

ਇਸ ਸਰਦ ਬੁਰਜ ਨੂੰ ਨਹੀਂ ਢਾਹਿਆ, ਕਿਉਂਕਿ ਇਸ ਵਿਚ ਮਾਤਾ ਗੁਜਰੀ ਜੀ ਸਾਹਿਬ ਸਮੇਤ ਸਾਹਿਬ ਜ਼ਾਦਿਆਂ ਦੇ ਬੰਦ ਰਖੇ ਸਨ। ਸਿੰਘਾਂ ਨੇ ਇਸ ਨੂੰ ਪਵਿਤ੍ਰ ਯਾਦਗਾਰ ਕਾਇਮ ਰਖਣ ਖਾਤਰ ਨਹੀਂ ਢਾਇਆ। ਸ਼ਹਿਰ ਸਰਹਿੰਦ ਦੇ ਉਦਾਲੇ ਜੋ ਕੰਧ ਸੀ ਉਸ ਵਿਚ ਅਠ ਬੁਰਜ ਸਨ। ਸਤ ਸਿੰਘਾਂ ਨੇ ਢਾਹ ਦਿਤੇ, ਤੇ ਇਸ ਅਠਵੇਂ ਬੁਰਜ ਨੂੰ ਨਹੀਂ ਢਾਇਆ। ਸਰਦ ਬੁਰਜ ਇਸ ਕਰ ਕੇ ਨਾਂ ਪਿਆ ਕਿ ਇਹ ੧੪੦ ਫੁਟ ਉਚਾ ਸੀ ਤੇ ਪਾਸ ਦੀ ਇਕ ਠੰਡੇ ਜਲ ਦਾ ਨਾਲਾ ਵਗਦਾ ਸੀ, ਜਿਸ ਦੇ ਕਾਰਨ ਬਹੁਤ ਠੰਡਾ ਰਹਿੰਦਾ ਸੀ ਤੇ ਸੂਬਾ ਗਰਮੀ ਦੇ ਮੌਸਮ ਵਿਚ ਏਥੇ ਠਹਿਰਿਆ ਕਰਦਾ ਸੀ। ਸੋ ਪੋਹ ਦੇ ਦਿਨਾਂ ਵਿਚ ਠੰਡ ਨਾਲ ਤੰਗ ਕਰਨ ਖਾਤਰ ਠੰਡੇ ਬੁਰਜ ਵਿਚ ਬੰਦ ਰਖੇ ਸਨ।

**ਟੋਡਰ ਮਲ ਦੀ ਹਵੇਲੀ**—ਇਹ ਟੋਡਰ ਮਲ ਉਹ ਉਪਕਾਰੀ ਸੇਠ ਹੋਇਆ ਹੈ ਜਿਸ ਨੇ ਸਾਹਿਬਜ਼ਾਦਿਆ ਦੇ ਸਸਕਾਰ ਵਾਸਤੇ ਮੋਹਰ ਨਾਲ ਮੋਹਰ ਜੋੜ ਕੇ ਜ਼ਮੀਨ ਖਰੀਦ ਕੇ ਉਸ ਵਿਚ ਸਸਕਾਰ ਕੀਤਾ ਸੀ। ਇਸ ਲਈ ਸਿੰਘਾਂ ਨੇ ਉਸ ਦੇ ਇਸ ਉਪਕਾਰ ਨੂੰ ਮੁਖ ਰਖ ਕੇ ਉਸਦੇ ਮਹਲ ਨੂੰ ਨਹੀਂ ਢਾਇਆ ਜੋ ਹੁਣ ਤਕ ਯਾਦਗਾਰ ਵਜੋਂ ਵਿਦਮਾਨ ਹੈ।

## ਗੁ: ਸ੍ਰੀ ਫਤਹਿ ਗੜ੍ਹ ਸਾਹਿਬ ਸਰਹਿੰਦ (ਪੱਟਿਆਂ ਦੀ ਨਕਲ)

੧. ਮਹਾਰਾਜ ਰਣਜੀਤ ਸਿੰਘ ਦਾ ੬ ਜੇਠ ੧੮੭੮ ਬਿ. ਦਾ ਪਰਵਾਨਾ ਦੀਵਾਨ ਕਿਰਪਾ ਰਾਮ ਦੇ ਨਾਮ ਕਿ ਰੀਹਾਨ ਪਿੰਡ ਜੋ ਪਹਿਲਾਂ ਦੀਵਾਨ ਸਿੰਘ ਪਾਸ ਸੀ ੧੮੭੪ ਦੇ ਫਸਲ ਰੱਬੀ ਦੇ ਸ਼ੁਰੂ ਤੋਂ ਮਹੰਤ ਚੜਤ ਸਿੰਘ ਡੇਹਰਾ ਸਾਹਿਬ ਜ਼ਾਦਿਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਧਰਮ ਅਰਥ ਵਜੋਂ ਸਮਝਿਆ ਜਾਵੇ ਤੇ ਉਨਾਂ ਦਾ ਦਖਲ ਕਰਾ ਦਿਤਾ ਜਾਵੇ।

੨. ਮਹਾਰਾਜਾ ਸ਼ੇਰ ਸਿੰਘ ਵਲੋਂ ਮਿਤੀ ੩੧ ਹਾੜ੍ਹ ੧ ਹਾੜ੍ਹ ਬਿ: ਦਾ ਪਟਾ ਜਿਸ ਵਿਚ ਉਪਰੋਕਤ ਗੁਰਦੁਆਰਾ ਸਾਹਿਬ ਦੀ ਜਾਗੀਰ ਧਰਮ ਅਰਥ ਮਨਜ਼ੂਰ ਤੇ ਪੱਕੀ ਕੀਤੀ ਗਈ।

**ਗੁ: ਗੋਬਿੰਦ ਗੜ੍ਹ (ਗਣਵਾ)**-ਇਹ ਪਿੰਡ ਜੋ ਰਿਆਸਤ ਪਟਿਆਲਾ ਤਹਿਸੀਲ ਸਰਹਿੰਦ ਵਿੱਚ ਥਾਨਾ ਬਸੀ ਰੇਲਵੇ ਸਟੇਸ਼ਨ ਖੰਨੇ ਤੋਂ ੧੧ ਮੀਲ ਹੈ। ਇਸ ਪਿੰਡ ਦੇ ਨਾਲ ਹੀ ਸ੍ਰੀ ਗੁਰੂ ਦਸਮੇਸ਼ ਜੀ ਦਾ ਗੁਰਦੁਆਰਾ ਗੋਬਿੰਦ ਗੜ੍ਹ ਹੈ। ਸ੍ਰੀ ਗੁਰੂ ਜੀ ਕੁਲਛੇਤਰ ਨੂੰ ਜਾਂਦੇ ਵਿਰਾਜੇ ਹਨ, ਸੁੰਦਰ ਗੁਰਦਰਬਾਰ ਮਹਾਰਾਜ ਕਰਮ ਸਿੰਘ ਸਾਹਿਬ ਪਟਿਆਲਾ ਦਾ ਬਣਾਇਆ ਹੋਇਆ ਹੈ। ਨਾਲ ੩੦੦੦ ਵਿਘੇ ਜ਼ਮੀਨ ਮੁਗਲਾ ਪਿੰਡ ਵਿਚ ਪਟਿਆਲੇ ਵਲੋਂ ਹੈ। ਪੁਜਾਰੀ ਸਿੰਘ ਜੀ ਹਨ।

Digitized by Panjab Digital Library | www.panjabdigilib.org

# ਪਟਿਆਲਾ

| ਨਾਮ ਗੁਰਦੁਆਰਾ | ਜ਼ਮੀਨ ਘੁਮਾਂ ਜਾਂ ਵਿਘੇ | ਮਕਾਨ | ਸਹਾਇਤਾ ਆਦਿ |
|---|---|---|---|
| ਲੱਲ ਸਾਹਿਬ (ਕੁੱਬਾ) | ੩੦ ਘੁਮਾਂ | | |
| ਰੇਰੂ ਸਾਹਿਬ | ੨੨੫ ਵਿਘੇ | | |
| ਮੂਲਕਾ | ੪ ਘੁਮਾਂ | | |
| ਕਿਲਾ ਬਠਿੰਡਾ | ੫੦ ਘੁਮਾਂ | | |
| ਰਤਨ ਹਾਜੀ | ੨੫ ਘੁਮਾਂ | | |
| | ੫੦ ਹਲ ਦੀ ਜ਼ਮੀਨ ਹੈ | | |
| ਭਾਗੂ | ੨੦ ਘੁਮਾਂ | | |
| ਬਗ ਸਰ | ੧੫੦ ਘੁਮਾਂ | | |
| ਕੋਟ ਸਮੀਰ | ੧੫੦ ਘੁਮਾਂ | | |
| ਸ੍ਰੀ ਦਮਦਮਾ ਸਾਹਿਬ | ਦੋ ਹਜ਼ਾਰ ਘੁਮਾਂ | | |
| ਪਾਕਾ ਸਾਹਿਬ | ੧੦੦ ਘੁਮਾਂ | | |
| ਭਦੌੜ | ੧੧੦ ਘੁਮਾਂ | | |
| ਝੰਡਾ..... ..... ..... ..... ..... ..... ..... .......... | | | ਪਟਿਆਲਾ ਵਲੋਂ ਸਾਲ ਦੇ ੩੨੫ ਰੁ: |
| ਚੋਆ | ੫੧ ਵਿਘੇ | | ,, ,, ,, ੨੫ ਰੁ: ਵਾਰਸ਼ਕ |
| ਰਾਣੇ ਮਾਜਰਾ | ੫੦ ਘੁਮਾਂ | | |
| ਟਾਹਲਾ ਸਾ: | ੨੫ ਘੁਮਾਂ | | |
| ਖ਼ੁਡਾਲ ਅਕਬਰ ਵਾਲੀ | ੫੦ ਘੁਮਾਂ | | |
| ਗੋਬਿੰਦ ਗੜ੍ਹ | ੩੦੦੦ ਵਿਘੇ | | |
| ਜੋੜ | ੨੭੬੪ ਘੁਮਾਂ ੩੨੭੬ ਵਿਘੇ ੫੦ ਹਲ ਦੀ ਜ਼ਮੀਨ | | ੩੫੦ ਰੁ: ਸਾਲਾਨਾ |

ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥
ਨਾਨਕ ਪਾਵਹੁ ਸੂਖ ਘਨੇਰੇ ॥

ਪਾ: ੫

Digitized by Panjab Digital Library | www.panjabdigilib.org

## ਜ਼ਿਲਾ ਕਰਨਾਲ, ਜ਼ਿਲਾ ਹਿਸਾਰ ਤੇ ਬੀਕਾਨੇਰ ਵਿਖੇ

# ਸ੍ਰੀ ਗੁਰੂ ਕਲਗੀਧਰ ਪਿਤਾ ਜੀ ਦੇ

## ਪਵਿਤ੍ਰ ਗੁਰ ਅਸਥਾਨ

**ਗੁਃ ਜੋਤੀਸਰ (ਕਰਨਾਲ)**—ਜ਼ਿਲਾ ਕਰਨਾਲ, ਥਾਨੇਸਰ ਤੋਂ ਤਿੰਨ ਕੋਹ ਪਛਮ ਨੂੰ ਇਕ ਤਾਲ ਹੈ। ਜਿਥੇ ਕੌਰਵ ਪਾਂਡਵਾਂ ਦੇ ਯੁਧ ਦੇ ਅਰੰਭ ਵਿਚ ਕ੍ਰਿਸ਼ਨ ਜੀ ਨੇ ਅਰਜਨ ਨੂੰ ਗੀਤਾ ਦਾ ਉਪਦੇਸ਼ ਕੀਤਾ। ਇਸ ਘਟਨਾ ਦੀ ਯਾਦਗਾਰ ਵਿਚ ਹੁਣ ਧਰਮ ਪ੍ਰੇਮੀਆਂ ਵਲੋਂ ਕੁਰਕਸ਼ੇਤਰ ਤਾਲ ਦੇ ਕੰਢੇ ਆਲੀਸ਼ਾਨ ਗੀਤਾ ਭਵਨ ਬਣਿਆ ਹੈ। ਇਥੇ ਸ੍ਰੀ ਗੁਰੂ ਅਮਰ ਦੇਵ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪੁਜੇ ਸਨ। ਰੇਲਵੇ ਸਟੇਸ਼ਨ ਕੁਰਕਸ਼ੇਤਰ ਤੋਂ ਇਹ ਥਾਂ ਛੀ ਮੀਲ ਪਛਮ ਪਹੋਏ ਵਾਲੀ ਸੜਕ ਦੇ ਕਿਨਾਰੇ ਹੈ।

੨. ਸ਼ਹਿਰ ਵਿਚ ਸਰਸਵਤੀ ਤੀਰਥ ਦੇ ਕਿਨਾਰੇ ਸ੍ਰੀ ਗੁਰੂ ਨਾਨਕ ਜੀ, ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕੋ ਗੁਰਦੁਆਰਾ ਹੈ ਜਿਸ ਦੀ ਸੇਵਾ ਭਾਈ ਸਾਹਿਬ ਉਦਯ ਸਿੰਘ ਜੀ ਕੈਂਥਲ ਪਤਿ ਨੇ ਕਰਾਈ। ੧੦੦ ਰੁਪਈਆ ਸਾਲਾਨਾ ਜਾਗੀਰ ਰਿਆਸਤ ਨਾਭਾ ਵਲੋਂ ਹੈ। ਚੇਤ ਚੌਦਸ਼ ਅਤੇ ਕਤਕ ਦੀ ਪੂਰਨ ਮਾਸ਼ੀ ਨੂੰ ਜੋੜ ਮੇਲਾ ਹੁੰਦਾ ਹੈ। ਰੇਲਵੇ ਸਟੇਸ਼ਨ ਕੁਰਕਸ਼ੇਤਰ ਤੋਂ ੧੮ ਮੀਲ ਪੱਛਮ ਵਲ ਹੈ ਅਤੇ ਪੱਕੀ ਸੜਕ ਗੁਰਦੁਆਰਾ ਸਾਹਿਬ ਨੂੰ ਜਾਂਦੀ ਹੈ।

**ਗੁਃ ਪਹੋਆ**—ਜ਼ਿਲਾ ਕਰਨਾਲ ਦੀ ਤਹਿਸੀਲ ਕੈਥਲ ਵਿਚ ਥਾਨੇਸਰ ਤੋਂ ੧੬ ਮੀਲ ਪਛਮ ਕੁਰਕਸ਼ੇਤਰ ਅੰਤਰਗਤ ਜਿਸ ਦਾ ਸੰਸਕ੍ਰਿਤ ਨਾਮ ਪ੍ਰਿਥੋਦਕ (ਪ੍ਰਿਥੂ ਰਾਜੇ ਦਾ ਤਾਲ) ਹੈ ਇਥੇ ਦੋ ਗੁਰਦੁਆਰੇ ਹਨ। ਸ਼ਹਿਰ ਤੋਂ ਉਤਰ ਪੂਰਬ ਇਕ ਫਰਲਾਂਗ ਦੇ ਕਰੀਬ ਜੰਮੂ ਦੇ ਸ਼ਿਵਾਲਯ ਪਾਸ ਉਚੀ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ ਅਤੇ ਨੌਵੇਂ ਪਾਤਸ਼ਾਹ ਜੀ ਨੇ ਭੀ ਏਥੇ ਚਰਨ ਪਾਏ ਹਨ, ਇਕੱਠਾ ਇਕੋ ਗੁਰ ਅਸਥਾਨ ਹੈ। ਜਿਸ ਦੀ ਇਮਾਰਤ ਖਸਤਾ ਹਾਲਤ 'ਚ ਹੈ। ਹੁਣ ਗੁਰੂ ਪਿਆਰਿਆਂ ਗੁਰ ਸਿਖਾਂ ਦੀ ਵਟਾਂਦਰੇ 'ਚ ਬਹੁਤ ਆਬਾਦੀ ਏਧਰ ਹੋ ਗਈ ਹੈ। ਇਸ ਵਾਸਤੇ ਗੁਰੂ ਘਰ ਦਾ ਪ੍ਰੇਮ ਵਧ ਰਿਹਾ ਹੈ। ਪਾਸ ਇਕ ਬਾਉਲੀ ਹੈ।

Digitized by Panjab Digital Library | www.panjabdigilib.org

**ਗੁਃ ਕੈਰਾ ਸਾਹਿਬ ਜ਼ਿਲਾ ਕਰਨਾਲ**—ਇਸ ਜਗ੍ਹਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿਤ੍ਰ ਚਰਨ ਪਾਏ, ਅਤੇ ਆਈਆਂ ਸੰਗਤਾਂ ਨੂੰ ਸਤਿ ਧਰਮ ਦਾ ਉਪਦੇਸ਼ ਦ੍ਰਿੜਾ ਕੇ ਨਿਹਾਲ ਕੀਤਾ। ਆਪ ਦੀ ਯਾਦ ਵਿਚ ਇਥੇ ਗੁਰਦੁਆਰੇ ਬਣੇ ਹੋਏ ਹਨ।

**ਝੋਰੜ**—ਇੱਕ ਪਿੰਡ ਜੋ ਜ਼ਿਲਾ ਹਿਸਾਰ, ਤਹਿਸੀਲ ਸਰਸਾ, ਥਾਣਾ ਰੋੜ੍ਹੀ ਵਿੱਚ ਰੇਲਵੇ ਸਟੇਸ਼ਨ ਫੜਾ ਗੁੜੇਹ ਤੋਂ ਪੂਰਬ ਦੇ ਪਾਸੇ ਚਾਰ ਮੀਲ ਹੈ ਇਸ ਪਿੰਡ ਸ੍ਰੀ ਦਸਮੇਸ਼ ਜੀ ਦੱਖਣ ਨੂੰ ਜਾਂਦੇ ਪਧਾਰੇ ਹਨ ਜਿਸ ਜੰਡ ਬਿਰਛ ਨਾਲ ਘੋੜਾ ਬੱਧਾ ਸੀ ਓਹੋ ਮੌਜੂਦ ਹੈ। ਇਥੇ ਗੁਰਦੁਆਰੇ ਦੀ ਇਮਾਰਤ ਨਵੀਂ ਬਣ ਰਹੀ ਹੈ।

**ਗੁਃ ਸਾਹਿਬ ਸਰਸਾ**—ਸਰਸਾ ਜ਼ਿਲਾ ਹਿਸਾਰ ਵਿਚ ਸਾਰਸ ਰਾਜਪੂਤ ਦੀ ਈਸਵੀ ਛੀਵੀਂ ਸਦੀ ਵਿੱਚ ਵਸਾਇਆ ਨਗਰ। ਇਥੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪੰਜ ਪੀਰਾਂ ਦੇ ਮਕਾਨ ਪਾਸ ਗੁਰਦੁਆਰਾ ਹੈ, ਅਤੇ ਦਸਮੇਸ਼ ਜੀ ਦਾ ਇੱਕ ਪ੍ਰਸਿੱਧ ਅਸਥਾਨ ਹੈ। ਗੁਰੂ ਜੀ ਮਾਲਵੇ ਤੋਂ ਦੱਖਣ ਨੂੰ ਜਾਂਦੇ ਵਿਰਾਜੇ ਹਨ ਨਾਭਾ ਪਤੀ ਮਹਾਰਾਜਾ ਸਰ ਹੀਰਾ ਸਿੰਘ ਸਾਹਿਬ ਨੇ ਬਹੁਤ ਰੁਪਈਆਂ ਲਗਾਕੇ ਇਸ ਥਾਂ ਸੁੰਦਰ ਹਰਿਮੰਦਰ ਬਣਵਾਇਆ ਹੈ। ਗੁਰਦੁਆਰੇ ਨੂੰ ੩੫੫) ਰੁਪਏ (ਪਟਿਆਲੇ ਤੋਂ ੩੬) ਰੁਪਈਏ ਨਾਭੇ ਤੋਂ ਸਾਲਾਨਾ ਮਿਲਦੇ ਹਨ। ਕਈ ਪਿੰਡਾਂ ਵਿਚ ਪ੍ਰੇਮੀਆਂ ਵਲੋਂ ਬਰਾਨੀ ਜ਼ਮੀਨ ਭੀ ਹੈ। ਸਰਸਾ ਬੰਬੇ ਬੜੋਦਾ ਸੈਂਟ੍ਰਲ ਇੰਡੀਆਂ ਰੇਲਵੇ ਦਾ ਸਟੇਸ਼ਨ ਹੈ।

**ਗੁਃ ਮਧ ਸਿੰਘਾਣਾ**—ਇਕ ਪਿੰਡ ਜੋ ਜ਼ਿਲਾ ਹਿਸਾਰ ਤਹਿਸੀਲ ਥਾਨਾ ਸਰਸਾ ਵਿਚ ਰੇਲਵੇ ਅਮਟੇਸ਼ਨ ਤੋਂ ਦਖਣ ਪਛਮ ੧੦ ਮੀਲ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਰਸੇ ਤੋਂ ਚਲਕੇ ਇਥੇ ਵਿਰਾਜੇ ਸਨ ਇਥੇ ਦੇ ਹੁਣ ਵਾਲੇ ਵਸਨੀਕ ਹਿੰਦੂ ਜਟ ੧੯੮੦ ਵਿਚ ਆਬਾਦ ਹੋਏ ਹਨ। ਪਹਿਲੇ ਮੁਸਲਮਾਨ ਵਸਦੇ ਸਨ ਇਸੇ ਕਾਰਨ ਕੋਈ ਯਾਦਗਾਰ ਕਾਇਮ ਨਹੀਂ ਹੋਈ।

**ਗੁਃ ਸਾਹਿਬ ਸੁਹੇਵਾ (ਬੀਕਾਨੇਰ)**—ਰਿਆਸਤ ਬੀਕਾਨੇਰ, ਨਜਾਮਤ ਰਾਜ ਗੜ੍ਹ, ਤਸੀਲ ਰਿਣੀ ਦਾ ਇਕ ਪਿੰਡ ਜੋ ਸਟੇਸ਼ਨ ਰਾਜ ਗੜ੍ਹ ਤੋਂ ਵਾਯਵੀ ਕੋਣ ੨੫ ਕੋਹ ਹੈ। ਅਰ ਸਰਸੇ ਤੋਂ ਨੈਰਤ ਕੋਣ ੩੦ ਕੋਹ ਹੈ। ਆਸ ਪਾਸ ਦੇ ਲੋਕ ਇਸ ਨੂੰ ਸਾਹਿਆ ਆਖਦੇ ਹਨ। ਇਸ ਥਾਂ ਦਸਮੇਸ਼ ਜੀ ਦਖਣ ਨੂੰ ਜਾਂਦੇ ਹੋਏ ਬਿਰਾਜੇ ਸਨ। ਪਿੰਡ ਤੋਂ ਉਤਰ ਪੂਰਬ ਤਾਲ ਦੇ ਕੰਢੇ ਗੁਰਦੁਆਰਾ ਹੈ। ਗੁਰੂ ਸਾਹਿਬ ਦੇ ਵੇਲੇ ਦਾ ਇਕ ਜੰਡ ਅਤੇ ਪਿਪਲ ਹੈ। ਉਸ ਵੇਲੇ ਪਿਪਲ ਬਹੁਤ ਛੋਟਾ ਤੇ ਜੰਡ ਵਿਚ ਉਗਿਆ ਹੋਇਆ ਸੀ। ਕਲਗੀਧਰ ਨੇ ਫੁਰਮਾਇਆ ਕਿ ਜਦ ਇਹ ਪਿਪਲ ਜੰਡ ਨੂੰ ਖਾ ਜਾਵੇਗਾ ਤਾਂ ਦੇਸ਼ ਦਾ ਕਾਲ (ਦੁਰਭਿਖ) ਦੂਰ ਹੋ ਜਾਵੇਗਾ ਅਤੇ ਖਾਲਸੇ ਦਾ ਰਾਜ ਹੋ ਜਾਏਗਾ। ਹੁਣ ਪਿਪਲ ਨੇ ਸਾਰੇ ਜੰਡ ਨੂੰ ਨਿਗਲ ਲਿਆ ਹੈ ਕੇਵਲ ਨਮੂਨੇ ਮਾਤ੍ਰ ਜੰਡ ਵਿਖਾਈ ਦਿੰਦਾ ਹੈ। ਪਿਪਲ ਦੀ ੨੫ ਫੁਟ ਦੀ ਵਿਥ ਤੇ ਇਕ ਪਥਰ ਦੀ ਚਟਾਨ ਉਪਰ (ਸਿਲ ਉਪਰ) ਤਿੰਨ ਚਾਰ ਨਿਸ਼ਾਨ ਘੋੜੇ ਦੇ ਪੌੜਾਂ ਦੇ ਹਨ ਜਿਨ੍ਹਾਂ

Digitized by Panjab Digital Library | www.panjabdigilib.org

ਨੂੰ ਦਸਮੇਸ਼ ਜੀ ਦੇ ਘੋੜੇ ਦੇ ਦਸਿਆ ਜਾਂਦਾ ਹੈ । ਗੁਰਦੁਆਰੇ ਨਾਲ ੩੦ ਵਿਘੇ ਜ਼ਮੀਨ ਹੈ। ਰਿਆਸਤ ਪਟਿਆਲਾ ਤੋਂ ੩੨੫ ਰੁਪੈ ਸਾਲਾਨਾ ਮਿਲਦੇ ਹਨ। ਪੁਜਾਰੀ ਸਿੰਘ ਹੈ, ਕਤਕ ਦੀ ਪੂਰਨਮਾਸ਼ੀ ਨੂੰ ਜੋੜ ਮੇਲਾ ਹੁੰਦਾ ਹੈ।

**ਗੁ: ਸਾਹਿਬ ਭਾਦਰਾ (ਬੀਕਾਨੇਰ)**-ਬੀਕਾਨੇਰ ਦੇ ਰਾਜ ਵਿਚ ਰਾਜ ਗੜ੍ਹ ਨਜਾਮਤ ਦੀ ਇਕ ਤਹਿਸੀਲ ਦਾ ਪ੍ਰਧਾਨ ਨੱਗਰ ਸਰਸੇ ਤੋਂ ੧੨ ਮੀਲ ਦਖਣ ਪੂਰਬ, ਬੀਕਾਨੇਰ ਤੋਂ ੧੨੬ ਮੀਲ ਉਤਰ ਪੂਰਬ, ਹਿਸਾਰ ਤੋਂ ੩੫ ਮੀਲ ਪਛਮ ਹੈ। ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨਦੇੜ ਨੂੰ ਜਾਂਦੇ ਹੋਏ ਕੁਝ ਸਮਾਂ ਠਹਿਰੇ ਸਨ, ਪਰ ਕਿਸੇ ਪਰੇਮੀ ਨੇ ਹੁਣ ਤਕ ਗੁਰਦੁਆਰਾ ਨਹੀਂ ਬਣਾਇਆ।

**ਗੁ: ਸੁਰਪੁਰ**-ਇਕ ਪਿੰਡ ਜੋ ਰਿਆਸਤ ਬੀਕਾਨੇਰ ਨਜਾਮਤ ਰਾਜ ਗੜ੍ਹ ਤਹਿਸੀਲ ਥਾਨਾ ਨੋਹਰ ਵਿਚ ਨੋਹਰ ਤੋਂ ਪੰਜ ਕੋਹ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੋਹਰ ਤੋਂ ਸੁਹੇਵੇ ਨੂੰ ਜਾਂਦੇ ਇਸ ਪਿੰਡ ਬਿਰਾਜੇ ਹਨ। ਗੁਰਦੁਆਰਾ ਨਹੀਂ ਬਣਿਆ ਜੋ ਪਿੰਡ ਦੀ ਬਹੁਤ ਢਲਿਆਈ ਹੈ।

## ਕਰਨਾਲ ਹਿਸਾਰ ਬੀਕਾਨੇਰ

| ਨੰ: | ਨਾਮ ਗੁਰਦੁਆਰਾ | ਜ਼ਮੀਨ ਘੁਮਾਂ ਜਾਂ ਵਿਘੇ | ਮਕਾਨ | ਸਹਾਇਤਾ ਆਦਿ |
|---|---|---|---|---|
| | ਸ਼ਹਿਰ ਵਾਲੇ ਗੁ: ਦੇ ਨਾਲ ਸਰਸਾ | | | ਨਾਭਾ ਵਲੋਂ ਸਾਲਾਨਾ ੧੦੦) ਪਟਿਆਲੇ ਤੋਂ ੩੫੫) ਸਾਲ ਦੇ ਨਾਭੇ ਤੋਂ ੨੬) ਸਾਲ ਦੇ |
| | ਸੁਹੇਵਾ | ੩੦ ਵਿਘੇ | | ਪਟਿਆਲਾ ਵਲੋਂ ੩੨੫ ਸਾਲਾਨ |
| | ਜੋੜ | ੩੦ ਵਿਘੇ | | ੮੦੦ ਰੁ: ਸਾਲ ਦੀ ਜਾਗੀਰ |

ਏ ਨੇਤ੍ਰਹੁ ਮੇਰਿਹੁ ਹਰਿ ਤੁਮ ਮਹਿ ਜੋਤਿ
ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥

Digitized by Panjab Digital Library | www.panjabdigilib.org

# ਸਤਕਾਰ ਯੋਗ ਸੰਤ ਮਹਾਤਮਾ ਅਤੇ ਗੁਰੂ ਖਾਲਸਾ ਜੀਉ

ਏਸ ਗੁਰ ਅਸਥਾਨ ਕਾਂਡ ਵਿੱਚ ਜਗਤ ਗੁਰਾਂ ਨੇ ਸੰਸਾਰ ਦਾ ਚਕਰ ਲਾਣ ਸਮੇਂ ਮਾਲਵੇ ਦੀ ਧਰਤੀ ਨੂੰ ਭਾਗ ਲੌਂਦੇ ਹੋਏ ਜਿਥੇ ਜਿਥੇ ਪਵਿਤ੍ਰ ਚਰਨ ਪਾਕੇ ਤੇ ਉਪਦੇਸ਼ ਦੇਕੇ ਤਾਰਿਆ ਧੰਨ ਓਹ ਧਰਤੀ, ਰਸਤੇ, ਨਗਰ, ਜੰਗਲ, ਰੇਤਲੇ ਟਿਬੇ, ਨਦੀਆਂ ਤੇ ਸ਼ਹਿਰ ਧਨ ਹਨ।

ਧੰਨ ਧੰਨੁ ਸੁਹਾਵਾ ਸੁ ਸਰੀਰ ਥਾਨ ਹੈ ਜਿਥੈ ਮੇਰਾ ਗੁਰ ਧਰੇ ਵਿਖਾ।

(ਸੋਰਠ ਮ: ੪)

ਉਪਰੰਤ ਚਰਨ ਛੋਹ ਵਾਲੀ ਧਰਤੀ ਤੇ ਗੁਰੂ ਪਿਆਰੇ ਗੁਰ ਸਿਖਾਂ ਨੇ ਗੁਰਦੁਆਰੇ ਕਾਇਮ ਕਰਨ ਹਿਤ ਤਨ ਮਨ, ਧਨ ਵਾਰ ਮੁਕੰਮਲ ਸੇਵਾ ਕਰਕੇ ਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕੀਤੀਆਂ ਉਨ੍ਹਾਂ ਗੁਰਦੁਆਰਿਆਂ ਨੂੰ ਮਾਲਵਾ ਇਤਿਹਾਸ ਵਿਚ ਲਿਖਣ ਦਾ ਜਤਨ ਕੀਤਾ ਗਿਆ ਹੈ ਔਰ ਬੜੀ ਮਹਿਨਤ ਨਾਲ ਜ਼ਿਲਿਆਂ ਦੇ ਤੇ ਦੌਰਿਆਂ ਵਾਰ ਲਿਖਣ ਦਾ ਜਤਨ ਕੀਤਾ ਹੈ। ਫੇਰ ਵੀ ਗਲਤੀਆਂ ਹੋਣ-ਗੀਆਂ ਕਾਰਨ ਕਿ ਸ੍ਰੀ ਗੁਰੂ ਜੀ ਇਕ ਪਾਸੇ ਸੰਗਤਾਂ ਨੂੰ ਨਿਹਾਲ ਕਰਨ ਜਾਂਦੇ ਦੂਜੇ ਪਾਸੇ ਕਿਸੇ ਪ੍ਰੇਮੀ ਰੂਹ ਨੇ ਖਿਚ ਪਾਈ ਹੈ ਤਾਂ ਓਧਰ ਜਾ ਨਿਹਾਲ ਕੀਤਾ। ਜਿਸ ਕਰਕੇ ਨੰਬਰ ਵਾਰ ਕਰਨਾ ਬਹੁਤ ਹੀ ਕਠਨ ਸੀ ਇਸ ਵਾਸਤੇ ਜ਼ਿਲਿਆਂ ਅਨੁਸਾਰ ਲਿਖੇ ਹਨ। ਜਿਤਨੇ ਗੁਰਦੁਆਰੇ ਇਸ ਵਿਚ ਲਿਖੇ ਹਨ ਇਤਨੇ ਹੀ ਨਹੀਂ, ਹੋਰ ਵੀ ਬਹੁਤ ਹੋਣਗੇ ਜੋ ਅਜੇ ਪਰਗਟ ਹੀ ਨਹੀ ਹੋਏ। ਜੈਸੇ ਕੋਕਰੀ ਕਲਾਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਮਹਾਰਾਜ: ਗੁਰੂ ਨਾਨਕ, ਹਰਿ ਗੋਬਿੰਦ ਮਰ, ਸੋਢੀ ਵਾਲ ਦੋ ਮਹੀਨੇ ਦਸ ਦਸ ਦਿਨ ਸੰਗਤਾਂ ਨੂੰ ਕਿਰਤਾਰਥ ਕਰਦੇ ਰਹੇ ਸਨ। ਓਦੋਂ ਹੋਰ ਵੀ ਇਲਾਕੇ ਵਿਚ ਵਿਚਰੇ ਹੋਣਗੇ ਅਤੇ ਕੋਕਰੀ ਨੂੰ ਔਂਦੇ ਜਾਂਦੇ ਭੀ ਕਈ ਥਾਈਂ ਠਹਿਰੇ ਹੋਣਗੇ ਜੋ ਸਾਡੀ ਅਨਗਹਿਲੀ ਦੇ ਕਾਰਨ ਹੁਣ ਤਕ ਕੋਈ ਨਸ਼ਾਨ ਨਹੀਂ ਭਾਲਿਆ। ਕੋਕਰੀ ਕਲਾਂ ਦੇ ਪ੍ਰੇਮੀ ਸਿਖਾਂ ਨੇ ਸ੍ਰੀ ਗੁਰੂ ਜੀ ਨੂੰ ਪਿੰਡ ਲਿਜਾਕੇ ਸਮੇਤ ਮਹਲ, ਸਾਹਿਬਜ਼ਾਦੇ ਅਤੇ ਸੰਗਤਾਂ ਦੇ ਨਿਉਂਦੇ (ਲੰਗਰ) ਛਕਾਉਣੇ ਤੇ ਦੀਵਾਨ ਲਾਉਣੇ 'ਓਹੋ ਸਾਰੇ ਅਸਥਾਨ ਅਜੇ ਗੁਪਤ ਹਨ'' ਇਤ ਆਦਿ ਹੋਰ ਭੀ ਸੈਂਕੜੇ ਹਨ ਜਿਥੇ ਗੁਰੂ ਸਾਹਿਬਾਂ ਨੇ ਅਪਣੀ ਮੌਜ ਅਨੁਸਾਰ ਚਰਨ ਪਾਏ ਇਸ ਕਰਕੇ ਸਾਰੇ ਗੁਰਅਸਥਾਨ ਲਿਖਣੇ ਅਤਿ ਹੀ ਕਠਨ ਹਨ। ਗੁਰ ਸਿਖਾਂ ਦਾ ਪੂਰਨ ਫਰਜ਼ ਹੈ ਕਿ ਗੁਰ ਅਸਥਾਨਾਂ ਨੂੰ ਭਾਲ ਕੇ ਗੁਰਦੁਆਰੇ ਕਾਇਮ ਕਰਨ ਓਹ ਬਡ ਭਾਗੇ ਧੰਨ ਹੋਣਗੇ ਜਿਨ੍ਹਾਂ ਨੇ ਇਸ ਪਵਿਤ੍ਰ ਸੇਵਾ ਵਿਚ ਕਮਾਈ ਸਫਲ ਕੀਤੀ ਜਾ ਕਰਨਗੇ। ਕਿਉਂਕਿ

ਗੁਰਦੁਆਰੇ ਹਰਿ ਕੀਰਤਨ ਸੁਣੀਐ ਸਤਿ ਗੁਰ ਭੇਟ ਹਰਿ ਜਸ ਮੁਖ ਭਣੀਐ।
ਕਲਿ ਕਲੇਸ ਮਿਟਾਏ ਸਤਿਗੁਰ ਹਰਿ ਦਰਗਹਿ ਦੇਵੈ ਮਾਨਾ ਹੇ ॥

(ਮਾਰੂ ਮ: ੫)

Digitized by Panjab Digital Library | www.panjabdigilib.org

ਪਿਆਰੇ ਮਾਲਵਾ ਨਿਵਾਸੀ ਮਹਾਂ ਪੁਰਖ ਸੰਤ ਜਨੋ, ਮਰਜੀਓੜੇ ਗੁਰ ਸਿਖਾਂ ਨੇ ਸੈਂਕੜੇ ਗੁਰਦੁਆਰੇ ਹਜ਼ਾਰਾਂ ਰੁਪਏ ਖਰਚ ਕਰਕੇ ਮੁਕੰਮਲ ਕੀਤੇ ਔਰ ਏਨਾਂ ਦੇ ਨਾਉਂ ਹੇਠ ਦਿਤੇ ਵੇਰਵੇ ਅਨੁਸਾਰ ਜ਼ਮੀਨ ਤੇ ਜਗੀਰਾਂ ਲਗਵਾਈਆਂ। ਜਿਸ ਆਸ਼ੇ ਅਨੁਸਾਰ ਦਾਨੀਆਂ ਨੇ ਦਾਨ ਕੀਤੇ ਸਨ ਸ਼ੈਦ ਉਹ ਪੂਰੇ ਹੁੰਦੇ ਹੋਣ ਜਾ ਨਾ। ਜੇ ਸਾਰੇ ਸੰਤ ਮਹਾਤਮਾ ਮਿਲਕੇ, ਇਕ ਸਾਂਝੀ ਕਮੇਟੀ ਬਨਾਣ ਅਤੇ ਹਰ ਇਕ ਗੁਰ ਅਸਥਾਨ ਤੋਂ ਦਸਵੰਧ ਦਾ ਇਕ ਫੰਡ ਕੈਮ ਕਰਕੇ ਗੁਰਮਤ ਦੇ ਪ੍ਰਚਾਰ ਅਤੇ ਪੰਥ ਦੀ ਉਨਤੀ ਵਾਸਤੇ ਸਾਧਨ ਸੋਚੇ ਜਾਣ ਤਾਂ ਬੜਾ ਹੀ ਯੋਗ ਉਦਮ ਹੋਵੇਗਾ। ਸੋ ਆਸ ਹੈ ਕਿ ਗੁਰੂ ਪਿਆਰੇ ਪ੍ਰ ਉਪਕਾਰੀ ਮਹਾਂ ਪੁਰਖ ਇਸ ਜਤਨ ਨੂੰ ਸਿਰੇ ਚੜ੍ਹਾਣ ਦਾ ਪੌਰਖ ਕਰਕੇ ਹੇਠ ਲਿਖੀਆਂ ਪੰਗਤੀਆਂ ਦੇ ਧਾਰਨੀ ਹੋਣਗੇ।

ਉਪਕਾਰੀ ਜੋ ਪੁਰਖੁ ਹੈ ਸਿਖਿਆ ਤਿਹ ਜ਼ਨ ਦੇਤ
ਕਰ ਉਪਕਾਰ ਸੁ ਨਿਵਚਲੋ ਦੀਨ ਦੁਨੀ ਸੁਖ ਹੇਤ।

(ਨ: ਪ:)

ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਸ੍ਰੀ ਦਸਮੇਸ਼ ਜੀ ਤਕ ਗੁਰ ਅਸਥਾਨਾਂ ਦੀ ਆਮਦਨ ਦਾ ਜੋੜ। ਪੂਜਾ ਪਾਠ ਤੇ ਚੜ੍ਹਾਵਾ ਵਖ ਹੈ।

| ਘੁਮਾਂ | ਵਿਘੇ | ਜਾਗੀਰ | ਹਲ | ਪਿੰਡ |
|---|---|---|---|---|
| ੧੦੬੪੮ | ੨੩੪੨੩ | ੧੮੬੩੯ | ੬੦ | ੧੬ |

ਵਾਹਿਗੁਰੂ ਸਾਨੂੰ ਐਸਾ ਹੀ ਨਿਹਚਾ ਬਖਸ਼ੇ


( ਮੈਂ ਹਾਂ ਆਪ ਜੀ ਦੀ ਕ੍ਰਿਪਾ ਦਾ ਪਾਤ੍ਰ ਦਾਸ ਵਿਸਾਖਾ ਸਿੰਘ ਸੰਤ ਸਿਪਾਹੀ )

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਜੁਗ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ





Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਆਗਿਆ ਭਈ ਅਕਾਲ ਕੀ ਤਵੀ ਚਲਾਇਓ ਪੰਥ ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ

ਆਵਣੁ ਜਾਵਣੁ ਤਉ ਰਹੈ ਪਾਈਐ ਗੁਰੂ ਪੂਰਾ ॥ ਆਸਾ ਮ: ੧ ॥

ਗੁਰਬਾਣੀ ਇਸ ਜਗ ਮਹਿ ਚਾਨਣ

# ਦਸੋਂ ਪਾਤਿਸ਼ਾਹੀਆਂ ਦਾ ਆਤਮਕ ਸਰੂਪ
# ਜੁਗ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ ॥
ਨਟ ਮ: ੪ ॥

## ਦੋਹਰਾ

ਜਿਸ ਮਹਿ ਅੰਮ੍ਰਿਤ ਗਯਾਨ ਹੈ ਮਾਣਿਕ ਭਗਤਿ ਵਿਰਾਗ
ਗੁਰੂ ਗ੍ਰੰਥ ਸਾਹਿਬ ਉਧਦ* ਬੰਦੋ ਕਰ ਅਨੁਰਾਗਾਂ† ॥
ਨਾ: ਪ੍ਰ: ੬੦ ॥

---

*ਉਧਦ—ਸਮੁੰਦਰ †ਅਨੁਰਾਗ—ਪ੍ਰੇਮ

ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਸਮੁੰਦਰ ਵਿਚ ਗਯਾਨ ਰੂਪੀ ਅੰਮ੍ਰਿਤ ਅਤੇ ਭਗਤੀ ਵੈਰਾਗ ਰੂਪ ਮਾਣਿਕ (ਨਾਨਾ ਪ੍ਰਕਾਰ ਦੇ ਰਤਨ) ਭਰੇ ਪਏ ਹਨ। ਤਿਸ ਨੂੰ ਸਹਿਤ ਪ੍ਰੇਮ ਦੇ ਮੇਰੀ ਨਮਸਕਾਰ ਹੋਵੇ।

Digitized by Panjab Digital Library | www.panjabdigilib.org

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ**—ਜਗਤ ਗੁਰੂ ਨਾਨਕ ਦੇਵ ਜੀ ਤੋਂ ਪ੍ਰਚਲਤ ਰਬੀ (ਬਾਣੀ) ਕੀਰਤਨ ਦੁਆਰਾ ਜਗਤ ਜਲੰਦੇ ਵਿੱਚ ਝਲੂਹ ਹੋਇ ਜੀਵਾਂ ਤੇ ਸਤ ਧਰਮ ਵਲੋਂ ਸੁਤੀਆਂ ਹੋਈਆਂ ਆਤਮਾਵਾਂ ਨੂੰ ਪ੍ਰਫੁਲਤ ਤੇ ਜਗਾਉਣ ਵਾਸਤੇ ਮਰਯਾਦਾ ਅਨੁਸਾਰ ਜਗਤ ਗੁਰੂ ਆਪੋ ਆਪਣੇ ਸਮੇਂ ਪ੍ਰਚਾਰ ਕੇ ਜਗਾਉਂਦੇ ਤੇ ਹਰਿਆਵਲ ਕਰਦੇ ਆਏ। ਏਸੇ ਅਨੁਸਾਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਨਿਤਾ ਪ੍ਰਤੀ ਦੇ ਪ੍ਰੋਗਰਾਮ ਦੁਆਰਾ ਦੀਵਾਨ ਵਿੱਚ ਰਬੀ ਕੀਰਤਨ ਸੁਣ ਰਹੇ ਸਨ ਤਾਂ ਇਕ ਰਬਾਬੀ ਨੇ ਕਵਿਤਾ ਪੜ੍ਹਕੇ ਅੰਤ ਨਾਨਕ ਨਾਮ ਪੜ੍ਹਿਆ ਤਾਂ ਸਤਿਗੁਰਾਂ ਪੁਛਿਆ ਭਾਈ ਰਬਾਬੀ ਇਹ ਗੁਰਬਾਣੀ ਨਹੀਂ ਹੈ ਇਸ ਦੇ ਅਖੀਰ ਨਾਨਕ ਪਦ ਲਾਇਆ ਹੈ। ਇਹ ਕਿਉਂ। ਤਾਂ ਰਬਾਬੀ ਹਥ ਜੋੜੇ ਜੀ ਹਜ਼ੂਰ ਮੇਰਾ ਭਤੀਜਾ ਮਹਿਮੂਦ ਹੈ ਦਾਸ ਨੇ ਤਾਂ ਉਸਤੋਂ ਕੰਠ ਕਰੀ ਹੈ। ਤਾਂ ਮਹਿਮੂਦ ਸਦਿਆ ਤੇ ਪੁਛਿਆ ਉਸਨੇ ਬੇਨਤੀ ਕੀਤੀ ਜੀ ਹਜ਼ੂਰ ਮੇਰੇ ਪਾਸ ਗੁਰਬਾਣੀ ਲਿਖੀ ਹੋਈ ਤਾਂ ਹੈ ਨਹੀਂ ਜਿਸ ਤੋਂ ਮੈਂ ਯਾਦ ਕਰਕੇ ਪੜ੍ਹਾਂ। ਅਤੇ ਨਾ ਮੈਨੂੰ ਕਚੀ-ਸਚੀ ਬਾਣੀ ਦੀ ਸਮਝ ਹੈ। ਮੈਂ ਤਾਂ ਸਮਝਿਆ ਜਿਸ ਦੇ ਅਖੀਰ ਨਾਨਕ ਨਾਮ ਆਵੇ ਓਹ ਦੀਵਾਨ ਵਿਚ ਪੜ ਸਕਦੇ ਹਨ। ਗਰੀਬ ਨਿਵਾਜ ਆਪ ਜੀ ਦੇ ਦਾਸ ਨੂੰ ਕਾਵ ਦਾ ਵਲ ਹੋਣ ਤੇ ਕਾਵ ਰਚਕੇ ਨਾਨਕ ਨਾਮ ਪਾਇਆ ਸੀ ਕਿ ਹਜ਼ੂਰ ਦੇ ਦਰਬਾਰ ਵਿੱਚ ਪੜਿਆ ਕਰਾਂਗਾ। ਸੋ ਮੈਂ ਅਨਜਾਣ ਪੁਣੇ ਵਿੱਚ ਗਲਤੀ ਕਰ ਬੈਠਾ ਹੁਣ ਭੁਲ ਮਾਫ ਕਰੋ। ਅਗੇ ਵਾਸਤੇ ਮੈਨੂੰ ਗੁਰਬਾਣੀ ਦੀ ਪੋਥੀ ਬਖਸ਼ੋ ਜਿਸ ਨੂੰ ਯਾਦ ਕਰਕੇ ਸਚੀ ਬਾਣੀ ਪੜ੍ਹਕੇ ਸੰਗਤਾਂ ਨੂੰ ਸੁਣਾਇਆ ਕਰਾਂ। ਇਸ ਵਾਸਤੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸੰਗਤਾਂ ਵਿਚ ਗੁਰਬਾਣੀ ਨੂੰ ਆਮ ਪ੍ਰਚਾਰਨ ਹਿਤ ਜੋ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਰਾਮ ਦਾਸ ਜੀ ਦੀ ਬਾਣੀ (ਪੋਥੀ ਪ੍ਰਮੇਸਰ ਕਾ ਥਾਨ) ਜੋ ਇਕ ਥਾਂ ਇਕਤ੍ਰ ਕਰਕੇ ਪੋਥੀਆਂ ਦੇ ਰੂਪ ਵਿੱਚ ਬਾਬਾ ਮੋਹਨ ਜੀ ਦੇ ਪਾਸ ਗੋਇੰਦ ਵਾਲ ਅਦਬ ਦੇ ਸਹਿਤ ਬਿਰਾਜਵਾਨ ਸਨ ਉਥੋ ਪੋਥੀਆਂ ਲਿਉਣ ਵਾਸਤੇ ਸ੍ਰੀ ਗੁਰੂ ਜੀ ਨੇ ਭਾਈ ਗੁਰਦਾਸ ਜੀ ਤੇ ਬਾਬਾ ਬੁਡਾ ਜੀ ਆਦਿ ਵਾਰੀ ੨ ਪੋਥੀਆਂ ਲੈਣ ਵਾਸਤੇ ਭੇਜੇ ਤਾਂ ਅਗੋਂ ਬਾ ਬਾ ਮੋਹਣ ਜੀ ਖਮੋਸ਼ ਹੀ ਰਹਿਣ ਤਾਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਗੋਇੰਦ ਵਾਲ ਖੁਦ ਜਾਕੇ ਬਾਬਾ ਮੋਹਨ ਜੀ ਨੂੰ ਦਰਸ਼ਨ ਤੇ ਬਾਣੀ ਦੁਆਰਾ ਪ੍ਰਸੰਨ ਕਰਕੇ ਗੁਰ ਬਾਣੀ ਦੀਆਂ ਪੋਥੀਆਂ ਲੈ ਪਾਲਕੀ ਵਿੱਚ ਸਥਾਪਨ ਕਰਕੇ ਨੰਗੇ ਚਰਨੀ ਚੌਰ ਪ੍ਰਕਰਮਾ ਦੁਆਰਾ ਕਰਦੇ ਗੋਇੰਦ ਵਾਲ ਤੋਂ ਬੜੀ ਸਜ ਧਜ ਨਾਲ (ਅੰਮ੍ਰਿਤਸਰ) ਰਾਮ ਸਰ ਤੀਰਥ ਦੇ ਕਨਾਰੇ ਪੁਜੇ। ਜਿਥੇ ਏਸੇ ਹੀ ਨਮਿਤ ਪਹਿਲੇ ਜਗਾ ਦਾ ਪ੍ਰਬੰਧ ਹੋਣ ਤੇ ਸੈਚੀਆਂ (ਪੋਥੀ) ਵਿਰਾਜਵਾਨ ਕੀਤੀਆਂ ਅਤੇ ਫੇਰ ਬੜੀ ਹੀ ਮਿਹਨਤ ਨਾਲ ਪਹਿ-ਲਿਆਂ ਸਤਿਗੁਰਾਂ ਦੀ ਤੇ ਆਪਣੀ ਬਾਣੀ ਅਤੇ ਭਗਤਾਂ ਤੇ ਭਟਾਂ ਦੀ ਬਾਣੀ ਆਦਿ ਨੰਬਰ ਮੂਜਬ ਭਾਈ ਗੁਰਦਾਸ ਜੀ ਤੋਂ ਲਿਖਵਾਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਰੂਪ ਸਮੂਹ ਜਗਤ ਦੇ ਉਧਾਰ ਹਿਤ ਤਿਆਰ ਕਰਕੇ ਹਜ਼ੂਰ ਨੇ ਇਉ ਫਰਮਾਇਆ:—

ਜੋ ਸਿੱਖ ਗੁਰਬਾਣੀ ਭੈ ਕਰੈ। ਬਿਨ ਪ੍ਰਯਾਮ ਭਵ ਸਾਗਰ ਤਰੈ।
ਜੋ ਗੁਰ ਭਗਤ ਸੋ ਸਿਖ ਹੈ ਮੇਰਾ। ਗੁਰ ਬਾਨੀ ਭੈ ਤਿਸੇ ਘਨੇਰਾ।
ਜਿਨ ਭੈ ਅਦਬ ਨ ਬਾਕੀ ਧਾਰਾ ਜਾਨਹੁ ਸੋ ਸਿਖ ਨਹੀਂ ਹਮਾਰਾ।

(ਸੂਰਜ ਪ੍ਰਕਾਸ਼ ਰਾਸਿ ੧੦ ਅੰਸ਼ੂ ੨੧)

ਪ੍ਰਗਟ ਕੀਤਾ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

# ਗੁਰਸਿਖਾਂ ਦੇ ਮਨ ਭਾਵੰਦੀ ਸਤਿਗੁਰ ਕੀ ਵਡਿਆਈ ॥

ਸੇਵਕ ਸਿਖ ਪੂਜਣ ਸਭਿ ਆਵਹਿ, ਸਭਿ ਗਾਵਹਿ ਹਰਿ ਉਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰ ਥਾਇ ਪਾਵੈ, ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ॥
(ਧਨਾਸਰੀ ਮਹਲਾ ੪)

ਸੁ ਕਹੁ ਟਲ ਗੁਰ ਸੇਵੀਐ ਅਹਿਨਿਸ ਸਹਜ ਸੁਭਾਇ
ਦਰਸਨ ਪ੍ਰਸਿਆ ਗੁਰੂ ਕੈ ਜਨਮ ਮਰਨ ਦੁਖ ਜਾਇ
ਸਵਯੇ ਮ: ੨

ਸੇਵਕ ਸੇਵ ਕਰਹਿ ਸਭਿ ਤੇਰੀ ਜਿਨ ਸ਼ਬਦੈ ਸਾਦਿ ਆਇਆ
ਗੁਰ ਕਿਰਪਾ ਤੇ ਨਿਰਮਲ ਹੋਆ ਜਿਨ ਵਿਚਹੁ ਆਪ ਗਵਾਇਆ
ਸੋਰਠ ਮ: ੩ ਘਰ ੧

ਧੰਨੁ ਸੁ ਕਾਗਦੁ[੧] ਕਲਮ[੨] ਧੰਨੁ ਧੰਨੁ ਭਾਂਡਾ[੩] ਧੰਨੁ ਮਸੁ[੪] ॥
ਧੰਨੁ ਲਖਾਰੀ[੫] ਨਾਨਕਾ ਜਿਨਿ ਨਾਮੁ[੬] ਲਿਖਾਇਆ ਸਚੁ ॥

ਵਿਸਰ ਨਾਹੀ ਦਾਤਾਰੁ ਆਪਣਾ ਨਾਮ ਦੇਹੋ
ਗੁਣ ਗਾਵੈ ਦਿਨ ਰਾਤ ਨਾਨਕ ਚਾਉ ਏਹੋ ॥
ਸੂਹੀ ਮ: ੫

ਤੁਮਰੀ ਸਰਣਿ ਤੁਮਾਰੀ ਆਸ਼ਾ ਤੁਮਹੀ ਸਜਨ ਸੁਹੇਲੇ
ਰਾਖਹੁ ਰਾਖਨ ਹਾਰ ਦਿਆਲਾ ਨਾਨਕ ਘਰ ਕੇ ਗੋਲੇ
(ਧਨਾਸਰੀ ਮ: ੫)

ਰਾਖਹੁ ਅਪਣੀ ਸਰਨਿ ਪ੍ਰਭ ਬਿਲ: ਮ: ੧

---

੧ ਕਾਗਜ਼ ੨ ਲੇਖਣੀ (ਡੰਕ) ੩ ਦੁਆਤ (ਬੁਗਤਾ) ੪ ਸਿਹਾਈ
੫ ਸ੍ਰੀ ਗੁਰ ਅਰਜਨ ਸਾਹਿਬ ਜੀ ਦੇ ਸੇਵਕ ਭਾਈ ਗੁਰਦਾਸ ਜੀ ੬ ਧੁਰਕੀ ਬਾਣੀ ਆਈ ਤਿਨ ਸਗਲੀ ਚਿੰਤ ਮਿਟਾਈ ।

Digitized by Panjab Digital Library | www.panjabdigilib.org

ੴ ਸਤਿ ਗੁਰ ਪ੍ਰਸਾਦਿ ॥

# ਜੁਗ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੬੦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਦਿ ਸ੍ਰੀ ਗੁਰੂ ਸਾਹਿਬਾਨ ਜੀ ਦੀ ਬਾਣੀ ਇਕੱਤ੍ਰ ਕਰਕੇ* ਰਾਮਸਰ ਸ੍ਰੋਵਰ ਦੇ ਕਿਨਾਰੇ (ਅੰਮ੍ਰਿਤਸਰ) ਭਾਈ ਗੁਰਦਾਸ ਜੀ ਤੋਂ ਲਿਖਵਾਉਣਾ ਅਰੰਭਿਆ । ਅਤੇ ਸਾਰੇ ਭਗਤਾਂ ਦੀਆਂ ਰੂਹਾਂ ਬੁਲਾਕੇ ਬਾਣੀ (ਸ਼ਾਮਿਲ) ਸਮੇਲਨ ਕਰ ੧੬੬੧ ਵਿਚ ਸੰਪੂਰਨ ਕਰਨ ਤੇ ਏਸ ਸਾਲ ਭਾਦੋਂ ਸੁਦੀ ਏਕਮ ਨੂੰ ਰਾਮਸਰ ਸ੍ਰੋਵਰ ਤੋਂ ਸ੍ਰੀ ਹਰਮਿੰਦਰ ਸਾਹਿਬਾਂ ਜੀ ਵਿਚ ਇਕ ਸ਼ਾਹਾਨਾ ਜਲੂਸ ਨਾਲ ਸ੍ਰੀ ਗੁਰੂ ਗ੍ਰੰਥ

---

*ਨੰਬਰ ਅਨੁਸਾਰ ਤਰਤੀਬ ੧ ਪਹਿਲੇ ਪਾਤਿਸ਼ਾਹ ਤੋਂ ਦੂਜਾ, ਤੀਜਾ, ਚੌਥਾ, ਪੰਜਵਾਂ ਪਾਤਿਸ਼ਾਹ ਦੀ ਬਾਣੀ ਛੰਤ ਸਲੋਕ, ਅਸਟਪਦੀਆਂ, ਵਾਰ ਸਲੋਕ ਮਹਲਾ, ਪਾਉੜੀ ਫੇਰ ਭਗਤਾ ਦੀ ਬਾਣੀ ਬਾਕੀ ਵਾਰਾਂ ਤੇ ਵਧੀਕ ਦੇਖੋ ਕਿਨੀ ਮਿਹਨਤ ਜਿਸ ਜਾ ਅੰਦਾਜ਼ਾ ਲੌਣਾ ਹੀ ਕਠਨ ਹੈ ।

†(ਗੁਰ ਇਤਿਹਾਸ ਦੇ ਲੇਖਕ ਮਹਾਂ ਕਵੀ ਭਾ: ਸਾ: ਸੰਤੋਖ ਸਿੰਘ ਜੀ ਦੀ ਲਿਖਤ)

ਜੋ ਲਿਖ ਲੇਹਿ ਭਲੇ ਤਬਿ ਸੋਧਹਿ ਅੱਖਰ ਸੋ ਲਗ ਕੀ ਚੁਕਸਾਈ ।
ਪਾਠ ਸਮਸਤ ਕਰੈ ਬੁਧਿ ਸੋ ਪਿਖਿ ਪੂਰਬ ਕੇ ਸਮ ਲੇਹਿ ਬਨਾਈ ।
ਆਪ ਤੇ ਘਾਟ ਨ ਬਾਧ ਕਰੈ, ਜਿ ਕਰੈ ਹੁਇ ਮੂਰਖ ਸੋ ਪਛੁਤਾਈ ।
ਔਰ ਬਨਾਇ ਕਵੇ ਨ ਲਿਖੇ:: ਬਿਚ ਕਾਬਜ, ਰਚੈ ਸੁ ਰਚੈ ਪ੍ਰਿਥਕਾਈ । ੬ ।

::ਗੁ: ਪ੍ਰ: ਸੂ: ਰਾਸਿ ੩ ਅੰਸੂ ੫੦
ਹੋਰ ਨਵੀਂ ਕਵਿਤਾ ਬਣਾਕੇ ਨਾ ਲਿਖੇ
ਜੇ ਕੁਈ ਕੁਛ ਰਚੇ ਤਾਂ ਵਖਰਾ ਰਖੇ ਬੀੜ ਨਾ ਵਧ ਘਟ ਕਰੇ

ਇਸ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਵਧ ਘਟ ਕਰਨ ਦਾ ਕਿਸੇ ਨੂੰ ਹਕ ਨਹੀਂ ਕਿਉਂ ਗੁਰੂ ਨਾਲੋਂ ਸਿਖ ਦੀ ਮਤ ਉਚ ਨਹੀਂ ਹੋ ਸਕਦੀ ਪਹਿਲੀ ਬੀੜ ਲਿਖਵਾਈ ਗੁਰੂ ਅਰਜਨ ਦੇਵ ਜੀ ਨੇ ਜਿਸ ਦੀ ਸੋਧ ਸੁਧਾਈ ਦਾ ਜ਼ਿਕਰ ਉਪਰ ਆ ਚੁਕਾ, ਗੁਰੂ ਪੰਚਮ ਪਾਤਸ਼ਾਹ ਤੋਂ ਬਾਦ ਸ੍ਰੀ ਗੁਰੂ ਹਰ ਗੋਬਿੰਦ ਜੀ ਨੇ ਪਾਠ ਦਰਸ਼ਨ ਕੀਤੇ ਅਤੇ ਅਖੀਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੁਭਵ

(ਬਾਕੀ ਅਗਲੇ ਸਫ਼ੇ ਤੇ)

Digitized by Panjab Digital Library | www.panjabdigilib.org

ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਬਾਬਾ ਬੁਡਾ ਜੀ ਨੂੰ ਗ੍ਰੰਥੀ ਦੀ ਸੇਵਾ ਸੌਂਪ ਕੇ‡ ਗੁਰਮਤ ਦੇ ਪਰਚਾਰ ਲਈ ਥਾਨਣੂ ਕੈਮ ਕੀਤੇ ।

---

(ਪਿਛਲੇ ਸਫੇ ਦੀ ਬਾਕੀ)

ਅਨੁਸਾਰ ਉਚਾਰਨ ਕਰਕੇ ਜੋ ਹੂ ਬਹੂ ਉਹ ਬੀੜ ਲਿਖਵਾਈ ਜਿਸ ਦੀ ਸ੍ਰੀ ਹਜ਼ੂਰ ਨੇ ਪਹਿਲੇ ੪੮ ਸਿੰਘ ਸਾਹਿਬਾਂ ਨੂੰ ਕਥਾ ਸੁਣਾਈ ਕੀ ਓਦੋਂ ਨੀ ਸੀ ਪਤਾ ਲਗਾ ਕਿ ਬੀੜ ਵਿਚ ਵਧ ਘਟ ਹੈ ਜੋ ਹੁਣ ਸਿੱਖਾਂ ਨੂੰ ਪਤਾ ਲਗਾ ਹੈ ਕਿ ਇਹ ਬਾਣੀ ਨਹੀਂ ਚਾਹੀਦੀ ਏਹ ਇਥੇ ਚਾਹੀਦੀ ਹੈ ਨਾ ਪਿਆਰਿਓ ਇਉ ਨਾ ਕਰਉ ਤੇ ਵਿਚਾਰੋ ਗੁਰਬਾਣੀ ਗੁਰ ਕਹਿਆ ਸਾ ਕਾਰ ਕਮਾਓ ਗੁਰ ਕੀ ਕਰਣੀ ਕਾਹੇ ਧਾਵੋ ।

ਮਨ ਕੀ ਮਤਿ ਤਿਆਗਹੁ ਹਰਿ ਜਨੋ, ਹੁਕਮ ਬੂਝ ਸੁਖ ਪਾਈਆ ਰੇ ।

ਬਿਲਾਵਲ ਮ: ੪

‡ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਪ੍ਰਕਾਸ਼ ਸੁਖ ਆਸਣ ਅਤੇ ਗ੍ਰੰਥੀਆਂ ਦਾ ਫਰਜ਼ ਜਿਸ ਤਰੀਕੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਪਾਠੀਆਂ ਦੀ ਕ੍ਰਿਆ ਤੇ ਸਵਛਤਾਈ ਨਾਲ ਸ੍ਰੀ ਹਜ਼ੂਰ ਜੀ ਦੀ ਸੇਵਾ ਵਿਚ ਹਾਜ਼ਰ ਹੋਣਾ ਜੰਗਲ ਦਛਾ ਜਾਕੇ ਪੂਰਾ ਇਸ਼ਨਾਨ ਕਰਨਾ, ਫੇਰ ਜੋ ਬਸਤ੍ਰ ਨਾਲ ਆਮ ਕਾਰ ਵਿਹਾਰ ਜਾਂ ਫਿਰਨਾ ਤੁਰਨਾ ਹੈ ਓਹੋ ਬਦਲ ਕੇ ਸਾਫ ਬਸਤ੍ਰ ਪਾਕੇ ਪੂਰਾ ਪੰਜ ਇਸ਼ਨਾਨ ਕਰਕੇ ਹਜ਼ੂਰ ਦੀ ਸੇਵਾ ਵਿਚ ਹਾਜ਼ਰ ਅਦਬ ਦੇ ਸਹਿਤ ਔਣਾ ਸੇਵਾ ਭਗਤਾਉਣ ਵੇਲੇ ਆਪ ਦੀ ਕੰਡ ਪਿਛੇ ਨਹੀਂ ਹੋਣ ਦੇਣੀ ਖਾਸ ਬਚਨ ਤੋਂ ਬਿਨਾ ਆਮ ਬਚਨ ਦਾ ਸੰਕੋਚ, ਪਾਠ ਕਰਨ ਵੇਲੇ ਮੂੰਹ ਅਗੇ ਕਪੜਾ ਰਖਣ ਦਾ ਭਾਵ, ਮੂਹ ਦੀ ਭਾਫ ਤੇ ਥੁਕ ਦੀਆਂ ਛਿਟਾ ਤੋਂ ਹਿਫਾਜ਼ਤ ਰਹਿੰਦੀ ਹੈ' ਸ੍ਰੀ ਹਜ਼ੂਰ ਦੀ ਸੇਵਾ ਵਿਚ, ਹਵਾ ਸਰਨ ਦਾ ਇਤ ਆਦਿ ਬਹੁਤ ਹੀ ਸੰਕੋਚ ਰਖਣਾ ਚਾਹੀਇ ਜੈਸੇ ਸ੍ਰੀ ਹਰਮੰਦਰ ਸ੍ਰੀ ਅਮ੍ਰਿਤਸਰ ਜੀ ਵਿਖੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਭਾਵ ਅਦਬ ਕੀਤਾ ਹੈ ਜੇ ਇਸ ਪਰਕਾਰ ਸਾਰੇ ਪ੍ਰਚਲਤ ਹੋਵੇ ਤਾਂ ਸਤਜੁਗ ਬਰਤ ਜਾਵੇ ਕਿਉਂ ਕਿ ਜਿਸ ਦੀ ਮਹਿਮਾ ਵਿਚ ਸਤਿਗੁਰਾਂ ਨੇ 'ਪੋਥੀ ਪਰਮੇਸਰ ਕਾ ਥਾਨ' ਆਪ ਫੁਰਮਾ ਦਿਤਾ ਹੋਇਆ ਸੀ

ਭਾਵੇਂ ਗੁਰਤਾ ਗੱਦੀ ਪਰ ਤਦੋਂ ਇਹ ਬੀੜ ਸਥਾਪਤ ਨਹੀਂ ਸੀ, ਪਰ ਇਸ ਨੂੰ ਪੂਜਨੀਕ ਥਾਂ ਪ੍ਰਾਪਤ ਹੋ ਚੁਕੀ ਸੀ ਤੇ ਇਤਿਹਾਸ ਦਸਦਾ ਹੈ ਕਿ ਇਸ ਪਵਿਤ੍ਰ ਬੀੜ ਦੇ ਰਚਣ ਹਾਰ ਪੰਚਮ ਪਾਤਸ਼ਾਹ ਜੀ ਆਪ ਇਸਦਾ ਸਤਿਕਾਰ ਇਉਂ ਕਰਦੇ ਹੁੰਦੇ ਸਨ:—

ਸ੍ਰੀ ਸ੍ਰ: ਗ੍ਰੰਥ ਮਹਿ ਲਿਖਿ ਜਸ ਨਾਮੂ ।<br>
ਤਿਹ ਤੇ ਅਧੋ ਭਏ ਸੁਖ ਧਾਮੂ । ਨਾ: ਪ੍ਰ: ਮ: ੧

ਤੇ ਇਹ ਭੀ ਦੱਸਿਆ ਹੈ ਕਿ ਰਾਤ ਵੇਲੇ ਪਵਿਤ੍ਰ ਬੀੜ ਦਾਂ ਬਸਰਾਮ ਸੁੰਦਰ ਸਜੇ ਪਲੰਘ ਉਪਰ ਨਿਵਾਸ ਕੀਤਾ ਜਾਂਦਾ ਸੀ ਪਰ ਸਤਿਗੁਰੂ ਜੀ ਆਪ ਜ਼ਮੀਨ ਤੇ ਅਰਾਮ ਕੀਤਾ ਕਰਦੇ ਸਨ :—ਤਿਹ ਸਥਾਨ ਲੇਕਰ ਜਬ ਗਏ । ਸੁਠ ਪ੍ਰਯੰਕ ਤਬ ਡਾਸਤ ਭਏ । ਸੇਜ ਬੰਦ ਗੁੰਫੇ ਬਡ ਜ਼ਰੀ ਸੁੰਦਰ ਫੂਲਨ ਮਾਲਾ ਧਰੀ ।

Digitized by Panjab Digital Library | www.panjabdigilib.org

(੨) ਸ੍ਰੀ ਮੁਕਤਸਰ ਦੇ ਜੰਗ ਤੋਂ ਬਾਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦਮਦਮੇ ਤਲਵੰਡੀ ਸਾਬੋ) ਸਾਹਿਬ ਜਾ ਕੇ ਪੰਜਾਂ ਸਿੰਘ ਸਾਹਿਬਾਂ ਨੂੰ ਕਰਤਾਰ ਪੁਰ ਧੀਰ ਮਲੀਆਂ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲੈਣ ਵਾਸਤੇ ਭੇਜਿਆ ਅਗੋਂ ਧੀਰਮਲੀਆਂ(ਗੁਰੂ ਦਰੋ ਧਕੇ ਹੋਇਆਂ) ਨੇ ਦੂਰ ਬਚਨ ਕਹੇ ਜੇ ਗੁਰੂ ਅੰਤਰ ਜਾਮੀ ਹਨ ਤਾਂ ਬਾਣੀ ਆਪ ਹੋਰ ਉਚਾਰ ਲੈਣ। ਯਥਾ:—

---

(ਪਿਛਲੇ ਸਫੇ ਦੀ ਬਾਕੀ)

ਗ੍ਰੰਥ ਸਾਹਿਬ ਆਦਰ ਕੇ ਹੇਤ। ਭੂਤਲ ਸੈਨ ਗੁਰੂ ਸਮੇਤ ੧੫।
ਤਹਾਂ ਨਿਵਾਸ ਗ੍ਰੰਥ ਕੋ ਕੀਨੋ। ਸ੍ਰੀ ਗੁਰੁ ਭੂਤਲ ਨਿਕਟ ਅਸੀਨੋ। ੫੧।
(ਰਾਸ ੩ ਅੰਸੂ ੫੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹਨ। ਸਮੂਹ ਖਾਲਸਾ ਜੀ ਦੇ ਸੀਸ ਨਿਵਾਉਣ ਜੋਗ ਇਸ਼ਟ ਗੁਰੂ ਤੇ ਖਾਲਸਾ ਤੇ ਇਸ ਵਿੱਚ ਦੱਸੇ ਹੁਕਮਾਂ ਤੇ ਸੀਸ ਨਿਵਾ ਚਲਣ ਹਾਰ। ਅਰਦਾਸੇ ਤੋਂ ਪਿਛੋਂ ਜੋ ਅਸੀਂ ਖੜੇ ਹੋਕੇ ਕੁਝ ਦੋਹਰੇ ਪੜ੍ਹਿਆ ਕਰਦੇ ਹਾਂ ਉਹ ਇਸੇ ਸਬਕ ਨੂੰ ਤਾਜ਼ਾ ਕਰਨ ਲਈ ਹਨ।

ਆਗਯਾ ਭਈ ਅਕਾਲ ਕੀ ਤਭੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜਾਂਕਾ ਹਿਰਦਾ ਸ਼ੁੱਧ ਹੈ ਖੋਜ ਸ਼ਬਦ ਮੈਂ ਲੇਹ॥

ਇਹ ਸਬਕ ਅਸਾਂ ਯਾਦ ਰਖਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਇਸ਼ਟ ਗੁਰੂ ਹਨ। ਪ੍ਰਤੱਖ ਗੁਰਾਂ ਕੀ ਦੇਹ ਹਨ। ਸਾਡੇ ਹਿਰਦੇ ਭਾਵਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਤੱਖ ਗੁਰਾਂ ਕੀ ਦੇਹ ਹੀ ਤੱਕਣਾ ਅਤੇ ਪੂਰਾ ਸਤਿਕਾਰ ਕਰਨਾ ਹੈ। ਸੁਧ ਹਿਰਦੇ ਨਾਲ* ਸਿਖੀ ਭਾਵਨਾ ਵਿਚ ਸੰਨਿਗਧ ਹੋਕੇ ਗੁਰੂ ਹੁਕਮਾ ਨੂੰ ਸੁਣਾਨਾ ਤੇ ਉਨਾਂ ਤੇ ਚਲਕੇ ਜੀਵਨ ਜਿੱਤਣਾ ਹੈ।

*ਪਢ ਗੁਰੁ ਗ੍ਰੰਥ ਅਨੰਦ ਪਾ ਰਹੀ
ਗੁਰ ਸਿਖ ਪਾਦ ਸਨਾਤ ਲਾਗਹੀ
ਪਰਵਬੁ ਕੋ ਨਹਿ ਲੋਭ ਧਾਰਤੇ
ਕਹਿ ਕਰ ਵਾਕ ਸਦੀਵ ਪਾਲਤੇ
ਗੁਰੂ ਸਿਖ ਮਨ॥ ਕਰੋ ਪ੍ਰਭ ਧਯਾਨ॥
ਵਿਕਾਰਨ ਹਾਨ॥ ਲਹੋ ਨਿਰਵਾਨ
ਸ੍ਰੀ ਅਕਾਲ ਕੋ ਸਿਮਰਨ ਕਰਕੇ
ਸਭ ਕਾਰਜ ਕੀਜੈ ਆਰੰਭ
ਮਨ ਅਰ ਮੁਖ ਮੇ, ਏਕ ਬਾਤ ਹੈ
ਭੂਲ ਨ ਕਬਹੂ ਕੀਜਯੇ ਦੰਭ।

ਜੈਸੇ ਗੁਰ ਫੁਰਮਾਨ
ਭੇਖ ਦਿਖਾਓ ਕੋ ਲੋਗਨ ਭੋ ਵਸ ਕੀਨ,
ਅੰਤ ਕਾਲ ਕਾਤੀ ਭਚਿਓ ਵਸ ਨਰਕ ਮੈਂ ਦੀਨ

Digitized by Panjab Digital Library | www.panjabdigilib.org

ਆਪ ਨਯੋ ਨਯੋ ਪੰਥ ਚਲਾਵਤ
ਕਯੋ ਨਹਿ ਅਪਨੋ ਗ੍ਰੰਥ ਬਨਾਵਤ

ਇਸਤ੍ਰਾਂ ਦੇ ਕੁਬਚਨ ਸੁਣਕੇ ਸਿੰਘ ਖਾਲੀ ਮੁੜ ਆਏ ਤੇ ਸ੍ਰੀ ਗੁਰੂ ਜੀ ਪਾਸ ਆਕੇ ਕਿਹਾ ਜੀ ਹਜ਼ੂਰ ਉਨਾਂ ਇਸ ਪ੍ਰਕਾਰ ਦੁਰਬਚਨ ਕਹੇ ਹਨ । ਤਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਾਰੀ ਤਿਆਰੀ ਕਰਕੇ ਇਕ ਤੰਬੂ ਲਗਵਾਇਆ ਤੇ ਆਪ ਅਨਭਵੀ (ਅੰਤਰ ⌒ ਯਾਮਤਾ) ਬਾਣੀ ਉਚਾਰੀ ਅਤੇ ਭਾਈ ਮਨੀ ਸਿੰਘ ਲੌਂਗੋਵਾਲ, ਪਟਿਆਲਾ, ਲਿਖੀ ਜਾਂਦੇ ਰਹੇ । ੧੯ ਤੋਂ ਲੈਕੇ ਅਠਾਰਹ ਦਸ ਬੀਸ ਤਾਈ ਲਿਖਾਈ (ਜਸ ਦਾ ਪ੍ਰਸਿਧ ਨਾਉਂ ਦਮਦਮੇ ਵਾਲੀ ਬੀੜ) ਬਾਦ ਵਿਚ ਬਾਬਾ ਦੀਪ ਸਿੰਘ ਜੀ ਗੁਰਮ ਲੁਧਿਆਣਾ ਨੇ ਚਾਰ ਉਤਾਰੇ ਕੀਤੇ ਜੋ ੪ ਤਖਤਾ ਸਾਹਿਬ (੧) ਸ੍ਰੀ ਅਕਾਲ ਬੁੰਗਾਂ ਅੰਮ੍ਰਿਤਸਰ (੨) ਸ੍ਰੀ ਪਟਨੇ ਸਾਹਿਬ ਜੀ (੩) ਸ੍ਰੀ ਕੇਸਗੜ੍ਹ ਅਨੰਦ ਪੁਰ ਸਾਹਿਬ (੪) ਸ੍ਰੀ ਦਮਦਮੇ ਸਾਹਿਬ ਜੀ (੫) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਖਨ ਹੈਦਰਾ ਬਾਦ ਨੂੰ ਜਾਣ ਵੇਲੇ ਨਾਲ ਲੈਕੇ ਗਏ । ਜਿਸ ਦਾ ਨਦੇੜ ਸ਼ਹਿਰ ਵਿਖੇ ਪੁਜਣ ਤੇ ਪ੍ਰਕਾਸ਼ ਕਰਕੇ ਤੇ ਹੁਕਮ ਨਾਮਾ ਆਇਆ ਸੂਹੀ ਮ: ੫ ॥

ਅਬਚਲ ਨਗਰ ਗੋਬਿੰਦ ਗੁਰੂ ਕਾ ਨਾਮ ਜਪਤ ਸੁਖ ਪਾਇਆ ਰਾਮ

ਇਸ (*ਅਬਚਲ) ਕਰਕੇ ਇਹ ਨਾਉਂ ਪ੍ਰਚਲਤ ਹੋਇਆ ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ

੧੭੬੫ ਬਿਃ ਕਤਕ ਸੁਦੀ ਪੰਚਮੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਸਜਾਕੇ ਸਚ ਖੰਡ ਪਧਾਰਨ ਦਾ ਪਰੋਗਰਾਮ ਸੁਣਾਇਆ ਅਤੇ ਸੰਗਤਾਂ ਨੂੰ ਗੁਰਬਾਣੀ ਦੁਆਰਾ ਧਰਵਾਸ ਦਿੰਦੇ ਹਨ । ਅਗੋਂ ਸੰਗਤਾਂ ਅਰਜ਼ (ਅਰਦਾਸ) ਕੀਤੀ ਜੀ ਹਜ਼ੂਰ ਅਠਵੇਂ ਪਾਤਸ਼ਾਹ ਜਦ ਦਿਲੀ ਤੋਂ ਸਚ ਖੰਡ ਜਾਣ ਲਗੇ ਸੰਗਤਾਂ ਨੂੰ ਫਰਮਾਨ ਕਰ ਗਏ ਬਾਬਾ ਬਕਾਲੇ । ਹੁਣ ਸਾਨੂੰ ਪ੍ਰਦੇਸ (ਦਖਣ) ਵਿਚ ਛਡ ਕੇ ਆਪ ਜੀ ਸਚ ਖੰਡ ਤਾਂ ਪਧਾਰ ਚਲੇ ਹੋ । ਸੰਗਤਾਂ ਨੂੰ ਕਿਸਦੇ ਪਰਣੇ (ਆਸਰੇ) ਲਾ ਕੇ ਜਾਇਓ ਜੀ । ਤਦ ਹਜ਼ੂਰ ਨੇ (ਜੋ ਅਗੇ ਸਮਗਰੀ ਤਿਆਰ ਕਰਕੇ ਰਖੀ ਹੋਈ ਸੀ) ਫਰਮਾਇਆ ਅਗੇ ਵਾਸਤੇ ਸੰਗਤ ਨੂੰ ਦੋ ਦੇ ਲੜ ਲਾਇਆ ।

੧. ਪੰਜ ਪੈਸੇ ਨਾਰੀਅਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗੇ ਰਖ ਕੇ ਮਥਾ ਟੇਕ ਕੇ ਪੰਜ ਪ੍ਰਕਰਮਾਂ ਕਰਕੇ ਸਰਬਤ ਖਾਲਸੇ ਨੂੰ ਹੁਕਮ ਕੀਤਾ :

ਦੋਹਰਾ—ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹ ॥

੨੫੩—੨੫੪ ਦੋ ਪਾਠ ਹਨ । ਪੜ੍ਹਨ ਵਿਚ ਦੋਨੋ ਆਏ ਹਨ ।

---

*ਤਿੰਨ ਨਾਉਂ ੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਨਾਮੇ ਦੀ ਪਹਿਲੀ ਪੰਗਤੀ ਤੇ ਨਾਉਂ ਤੇ ਹਜ਼ੂਰ ਸਾਹਿਬ 'ਅਬਚਲ' ੨. ਸਿਖ ਦੇ ਅਰਜ਼ ਕਰਨ ਦੇ ਸ੍ਰੀ ਗੁਰੂ ਜੀ ਨੇ ਬਚਨ ਦਿਤਾ ਕਿ ਅਸੀਂ ਹਾਜ਼ਰ ਰਹਾਂਗੇ । ੩. ਸਚ ਖੰਡ ਨੂੰ ਜਾਣ ਤੇ ਸਚ ਖੰਡ ।

Digitized by Panjab Digital Library | www.panjabdigilib.org

ਹੁਕਮ ਕੀਤਾ ਅਜ ਤੋਂ ਖਾਲਸਾ ਜੀ ਨੂੰ ਜੁਗੋ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਹੈ। ਅਗੇ ਵਾਸਤੇ ਹਜ਼ੂਰ ਜੀ ਨੇ ਫਰਮਾਇਆ ਗੁਰੂ ਗ੍ਰੰਥ, ਗੁਰੂ ਪੰਥ ਦੀ ਸ਼ਰਨ ਔਣ ਵਾਲਾ ਮੁਕਤ ਭਗਤ ਦਾ ਅਧਕਾਰੀ ਹੋਵੇਗਾ।

ਚੌਪਈ

ਏਕ ਦਿਵਸ †ਕਾਰੇਨ ਤੇ ਆਗੇ॥ ਮਿਲਿਕੇ ਸਿੰਘ ਪੂਛਨੇ ਲਾਗੇ।
ਕਵਨ ਰੂਪ ਆਪਨ ਪ੍ਰਭ ਕੀਨੋ, ਤਿਨ ਕੇ ਜਵਾਬ ਭਾਤਿ ਇਹ ਦੀਨੋ॥
ਤਾਹ ਸਮੇਂ ਗੁਰ ਬੈਨ ਸੁਨਾਯੋ, ਖਾਲਸਾ ਅਪਨੋ ਰੂਪ ਬਤਾਯੋ
'ਖਾਲਸਾ ਹੀ ਸੋ ਹੈ ਮਮ ਕਾਮਾ, ਬਖਸ ਕੀਉ ਖਾਲਸ ਕੋ ਜਾਮਾ'

ਦੋਹਰਾ

ਖਾਲਸ ਮੇਰੋ ਰੂਪ ਹੈ, ਹੌਂ ਖਾਲਸ ਕੇ ਪਾਸ।
ਆਦਿ ਅੰਤ ਹੀ ਹੋਤ ਹੈ ਖਾਲਸ ਮੈ ਪ੍ਰਗਾਸ।

ਲੋਟਨ ਛੰਦ

ਖਾਲਸ ਖਾਸ ਕਹਾਵੇ ਸੋਈ, ਜਾਕੈ ਹਿਰਦੇ ਭਰਮ ਨ ਹੋਈ॥
ਭਰਮ ਭੇਖ ਤੇ ਰਹੈ ਨਿਆਰਾ, ਸੋ ਖਾਲਸ ਸਤਿਗੁਰੂ ਹਮਾਰਾ॥

ਇਸ ਪ੍ਰਕਾਰ ਸ੍ਰੀ ਗੁਰੂ ਜੀ ਨੇ ਉਪਦੇਸ਼ ਦ੍ਰਿੜਾ ਕੇ ਸਚ ਖੰਡ ਦਾ ਤਿਆਰਾ ਕੀਤਾ ਅਤੇ ਦੋਬਾਰਾ ਫੇਰ ਪਿਆਰ ਨਾਲ ਫਰਮਾਇਆ। ਮੈਂ ਤੁਹਾਡੇ ਵਿਚ ਨਿਵਾਸ ਰਖਾਂਗਾ। ਜਿਥੇ ਪੰਜ ਸਿਖ ਸਚੇ ਦਿਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸ ਕਰਨਗੇ ਮੈਂ ਉਨ੍ਹਾਂ ਦੇ ਅੰਗ ਸੰਗ ਹੋਵਾਂਗਾ।

[ਜਿਸ ਪਰਤੀ ਕਵੀ ਮੈਨਾ ਪਤ ਨੇ ਇਉਂ ਲਿਖਿਆ ਹੈ]

'ਦੋਇ ਮਿਲ ਕਾਰਜ ਉਪਜੋ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ੍ਰੀ ਗੁਰੂ ਪੰਥ ਖਾਲਸਾ ਦਸਾਂ ਗੁਰੂਆਂ ਦਾ ਸਰੂਪ ਹੈ। ਇਸ ਵਾਸਤੇ ਜਦੋਂ ਸਿੰਘ ਪਹਿਲੇ ਫਤਹ ਗਜਾਉਂਦਾ ਹੈ ਮੇਰਾ ਉਸ ਵਲ ਚੇਹਰਾ ਹੁੰਦਾ ਹੈ। ਜੋ ਪਿਛੋਂ ਬੁਲਾਏ ਉਸ ਵਲ ਮੇਰਾ ਮੋਢਾ ਹੁੰਦਾ ਹੈ। ਜੋ ਨਾ ਬੁਲਾਏ ਉਸ ਵਲ ਮੇਰੀ ਕੰਡ ਹੁੰਦੀ ਹੈ। ਜਿਸ ਨੇ ਮੈਨੂੰ ਕੋਈ ਵਸਤੂ ਦੇਣੀ ਹੋਵੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮੇਰੇ ਖਾਲਸੇ ਨੂੰ ਦੇਵੇ ਸੋ ਮੈਨੂੰ ਮਿਲੇਗੀ।

ਦੋਹਰਾ

ਆਤਮ ਰਸ ਜਿਨ ਜਾਨਿਆ ਸੋ ਹੈ ਖਾਲਸ ਦੇਵ॥
ਪੋ ਮੈ ਪ੍ਰਭ ਮੈ ਤਾਸ ਮੈ ਰੰਚਨ ਨਾਹਿਨ ਭੇਵ॥

ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੇਂ ਹਉਂ ਕਰੂੰ ਨਿਵਾਸ॥ (ਸ੍ਰੀ ਮੁਖ ਵਾਕ ਪਾਃ ੧੦ ਸਰਬ ਲੋਹ ਪ੍ਰਕਾਸ਼)

ਸ੍ਰੀ ਗੁਰੂ ਜੀ ਨੇ ਹੁਕਮ ਕੀਤਾ ਃ—ਦਿਆ, ਧੀਰਜ, ਧਰਮ ਸਤਿ, ਸੰਤੋਖ ਵਿਚ ਵਰਤਨਾ, ਕਿਸੇ ਨਾਲ ਠਗੀ, ਫਰੇਬ (ਛਲ) ਨਹੀਂ ਕਰਨਾ। ਦਸਾਂ ਨੌਹਾਂ ਦੀ ਕਿਰਤ ਕਰਕੇ ਗੁਰੂ ਕਾ ਦਸਵੰਧ ਕਢ ਕੇ ਵੰਡ ਕੇ ਛਕਨਾਂ। ਸਵਾਸ ਸਵਾਸ ਵਾਂਹਿਗੁਰੂ ਗੁਰ ਮੰਤ੍ਰ ਜਪਨਾ, ਗਰੀਬਾਂ ਦੀ ਰਖਿਆਂ ਤੇ ਮਦਦ ਕਰਨੀ,

† ਸਚ ਖੰਡ ਜਾਣ ਤੋਂ ੧ ਦਿਨ ਪਹਿਲਾਂ

Digitized by Panjab Digital Library | www.panjabdigilib.org

ਆਪਣੀ ਰਹਿਣੀ, ਕਹਿਣੀ, ਬਹਿਣੀ ਸਹਿਣੀ ਵਿਚ ਪੂਰੇ ਰਹਿਣਾ। ਗ੍ਰੰਥ ਪੰਥ ਨੂੰ ਉਦਾ ਸਮਝਣਾ, ਆਪਣੇ ਪੰਥ ਦੀ ਨਿੰਦਾ ਨਹੀਂ ਕਰਨੀ, ਕਾਮ, ਕਰੋਧ, ਲੋਭ, ਮੋਹ ਦਾ ਤਿਆਗ ਕਰਨਾ। ਤਨ, ਮਨ, ਧਨ ਗੁਰੂ ਕਾ ਸਮਝਣਾ। ਗੁਰੂ ਪੰਥ ਦੇ ਵਾਧੇ ਲਈ ਪੰਥ ਨਾਲ ਮਿਲ ਕੇ ਸਦਾ ਕਮਰ ਕਸਾ ਰਖਣਾ, ਪੰਜਾਂ ਤਿਆਰ ਬਰ ਤਿਆਰ ਸਿੰਘਾਂ ਨੇ ਮਿਲਕੇ ਪੰਜ ਬਾਣੀਆਂ (ਜਪੁ, ਜਾਪ, ਸਵਯੇ ੧੦ ਚੌਪਈ ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ ਦੁਸਟ ਦੋਖ ਤੇ ਲਹਿ ਬਚਾਈ ਤਕ, ਅਨੰਦ ਸਾਹਿਬ ਪੂਰਾ) ਪੜ੍ਹ ਕੇ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਮਾਈ ਭਾਈ ਨੂੰ ਇਕੋ ਬਾਟੇ ਛਕਾਉਣਾ। ਜਿਥੇ ਅਭਿਲਾਖੀ ਜ਼ਿਆਦਾ ਹੋਣ ਉਥੇ ਬੇਸ਼ਕ ਸਹੂਲਤਾਂ ਨੂੰ ਲੈ ਕੇ ਦੋ ਜਾਂ ਵਧ ਕਰ ਕੇ ਭੀ ਛਕਾਇਆ ਜਾ ਸਕਦਾ ਹੈ। ਜੋ ਸ਼ੰਕਾ ਕਰਕੇ ਬਾਟਾ ਪਾੜੇਗਾ ਉਹ ਗੁਰੂ ਦਾ ਦੇਣਦਾਰ ਹੋਵੇਗਾ। ਸ਼ਸਤ੍ਰ ਤੇ ਅਸਤ੍ਰ (ਘੋੜੇ) ਨਾਲ ਪਿਆਰ ਕਰਨਾ, ਸੁਬਾ ਅੰਮ੍ਰਿਤ ਵੇਲੇ ਹਰ ਰੋਜ਼ ਠੰਡੇ ਜਲ ਨਾਲ ਇਸ਼ਨਾਨ ਕਰਕੇ ਜਪਾ ਜਾਪ ਵਿਚ ਜੁੜਨਾ। ਦੋ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ (ਵੈਰ ਵਿਰੋਧ ਮਟਾਕੇ) ਦਰਸ਼ਨ ਤੇ ਸਤਿ ਸੰਗਤ ਕਰਨਾ। ਸ੍ਰੀ ਹਜ਼ੂਰ ਜੀ ਨੇ ਕਤਕ ਸੁਦੀ ਨੂੰ ਲੰਗਰ ਕਰਕੇ ਹੁਕਮ ਕੀਤਾ, ਏਥੇ ਲੰਗਰ ਸਦਾ ਚਲਦੇ ਰਹਿਣਗੇ। ਸਿੰਘਾਂ ਦੀ ਆਬਾਦੀ ਬਹੁਤ ਹੋਵੇਗੀ (ਕੋਈ ਦੇਸ ਨ ਰਹੈ ਸਿੰਘਾਂ ਤੇ ਹੀਨ) ਜੋ ਸ੍ਰੀ ਹਜ਼ੂਰ ਸਾਹਿਬ ਦਰਸ਼ਨ ਕਰੇਗਾ ਉਹ ਪਾਵਨ ਤੇ ਜੀਵਨ ਮੁਕਤਿ ਹੋਵੇਗਾ। ਸਠ ਸਾਲ ਤਕ ਮੈਂ ਆਪਣੇ ਸੇਵਕ (ਸਿਖ) ਦੀ ਉਡੀਕ ਕਰਾਂਗਾ। ਗੁਰਦੁਆਰੇ ਦੇ ਦਰਸ਼ਨ ਤੇ ਸੇਵਾ ਕਰਨੀ। ਹੁਣ ਸੌ ਮਣ ਚੰਦਨ ਦੀ ਚਿਖਾ ਤਿਆਰ ਕਰਵਾਓ। ਘੋੜੇ ਵਾਲੇ ਨੂੰ ਬਚਨ ਕੀਤਾ ਸਾਡੇ ਕਮਾਇਤ ਘੋੜੇ ਨੂੰ ਜ਼ੀਨ ਵਗੈਰਾ ਪਾ ਕੇ ਤਿਆਰ ਰਖਣਾ (ਜੋ ਸਿੰਘਾਂ ਨੇ ਤਿਆਰ ਕੀਤਾ)। ਚਿਖਾ ਦੇ ਚੌਤਰਫ ਕਨਾਤ ਤਨਾਈ। ਹੁਕਮ ਕੀਤਾ ਅੰਗੀਠਾ ਨਹੀਂ ਫੋਲਣਾ, ਮਿਲ ਕੇ ਰਹਿਣਾ। ਅੰਮ੍ਰਿਤ ਧਾਰੀ ਤੋਂ ਬਿਨਾਂ ਕਿਸੇ ਨੂੰ ਪੰਥ ਦਾ ਆਗੂ ਨਾ ਮੰਨਣਾ।

ਹੁਣ ਸ੍ਰੀ ਕਲਗੀਧਰ ਜੀ ਨੇ ਸਣ ਕੇਸੀਂ ਇਸ਼ਨਾਨ ਕਰਕੇ ਸ਼ਸਤ੍ਰ ਬਸਤ੍ਰ ਸਜਾ ਕੇ ਸੰਗਤ ਨੂੰ ਦਰਸ਼ਨ ਦੇ ਰਹੇ ਸਨ। ਜਦੋਂ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਰਨੀ ਹਥ ਲਾਉਂਦੇ ਹਨ ਤਾਂ ਕਿਤੇ ਹਥ ਨਹੀਂ ਲਗਦਾ। ਸਿੰਘਾਂ ਨੇ ਹੈਰਾਨ ਹੋ ਕੇ ਪੁਛਿਆ ਜੀ ਹਜ਼ੂਰ ਆਪ ਜੀ ਦੇ ਚਰਨਾਂ ਨੂੰ ਹਥ ਸਪਰਸ਼ ਨਹੀਂ ਹੁੰਦੇ। ਭਾਈ ਸਿੰਘੋ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਦਸਾਂ ਸਰੂਪਾਂ ਤਕ ਸਰੀਰ ਦੇਖਣ ਮਾਤਰ ਹੀ ਨਜ਼ਰ ਔਂਦੇ ਸਨ। ਫੜਨ ਵਿਚ ਨਹੀਂ ਔਂਦੇ। ਜੈਸੇ ਅਕਾਸ਼ ਵਿਚ ਬਦਲ ਉਪਕਾਰ ਲਈ ਆਉਂਦਾ ਹੈ (ਅਤੇ ਫੜਨ ਵਿਚ ਨਹੀਂ ਆਉਂਦੇ) ਅਤੇ ਮੀਂਹ ਪਾ ਕੇ ਸਮਾ ਜਾਂਦਾ ਹੈ ਇਸ ਤਰ੍ਹਾਂ ਗੁਰੂ ਬ੍ਰਹਮ ਰੂਪ ਹੁੰਦੇ ਹਨ ਅਤੇ ਬ੍ਰਹਮ ਵਿਚ ਹੀ ਸਮਾਂ ਜਾਂਦੇ ਹਨ। ਦੋਹਰਾ:—ਦ੍ਰਿਸ਼ਟ ਪਰਤ ਹੈ ਸਭਨ ਕੋ ਸ੍ਰੀ ਸਤਿਗੁਰ ਤਿਸ ਕਾਲ। ਨਹੀਂ ਸਪਰਸ਼ਨ ਹੋਤ ਹੈ ਇਕ ਲਖ ਬਿਸਮ ਬਿਸਾਲ। ਹੁਣ (ਸੂਰ ਖਾ: ਐਨ ੨ ਅੰਸੂ ੨੮) ਸ੍ਰੀ ਦਸਮੇਸ਼ ਪਿਤਾ ਕਤਕ ਸੁਦੀ ਪੰਚਮੀ ਨੂੰ ਰਾਤ ਦੇ ੧੨ ਬਜੇ ਇਕ ਘੜੀ ਉਪਰ ਜੋਤੀ ਜੋਤ ਸਮਾ ਗਏ*।

ਦੋਹਰਾ:—ਸੰਮਤ ਸਤਰਾਂ ਸੌ ਬਿਤੇ ਉਪਰ ਪੈਹਿੰਟ ਪਹਿਚਾਨ।
ਕਾਤਕ ਕੀ ਸੁਦੀ ਪੰਚਮੀ ਨਿਸ ਬੈਕੁੰਠ ਪਾਇਆਨ। (ਪਸ਼ੂ ਮਾ. ਐਨ ੨)

*ਅੰਗੀਠੇ ਪਰਤੀ ਦੇਖੋ ਲਿਖਾਰੀਆਂ ਦੇ ਅਨਭਵੀ ਗਪਾਉੜੇ ਕਾਂਡ।

Digitized by Panjab Digital Library | www.panjabdigilib.org

ਇਸ ਪਰਕਾਰ ਸ਼ਹੀਦ ਮਾਤਾ ਪਿਤਾ ਦੇ ਸਪੁਤ੍ਰ ਤੇ ਸ਼ਹੀਦ ਪੁਤਰਾਂ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਪਰ ਅਪਾਰੀ ਖਾਲਸੇ ਨੂੰ ਗੁਰਤਾ ਚਮਕੌਰ ਤੇ ਜੁਗ ਜੁਗ ਅਟਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਤਾ ਨਦੇੜ ਦੇ ਕੇ ਸਚ ਖੰਡ ਪਧਾਰ ਗਏ, ਗੁਰੂ ਗ੍ਰੰਥ ਗੁਰੂ ਪੰਥ ਦਸ ਦਿਸਾਂ ਅਕਾਸ਼ ਪਤਾਲ ਵਿਚ ਪ੍ਰਵੇਸ਼ ਕਰੇਗਾ। ਜੋ ਹੁਣ ਨ ਮਿਲੇਗਾਂ ਉਹ ਫੇਰ।

ਖੁਆਰ ਹੋਇ ਸਭ ਮਿਲਨਗੇ ਬਚੇ ਸਰਨ ਜੋ ਹੋਇ। ਇਸ ਵਾਸਤੇ ਏਨਾ ਦੋਹਾਂ ਗੁਰੂਆਂ ਦੇ ਉਪ-ਕਾਰ, ਗੁਰਦੁਆਰੇ, ਜ਼ਮੀਨਾ ਅਤੇ ਜਾਗੀਰ ਲਿਖਣ ਵਿਚ ਲਿਆਉਣੀਆਂ ਕਠਨ ਹੀ ਨਹੀਂ ਸਗੋਂ ਅਸੰਭਵ ਹੈ। (ਕੋਈ) ਦੇਸ ਨ ਰਹੈ ਸਿੰਘਾਂ ਤੇ ਹੀਨ "ਘਰ ਘਰ ਅੰਦਰ ਧਰਮ ਸਾਲ" ਕਿਉਂ ਕਿ ਗੁਰੂ ਪੰਥ ਦੇ ਉਪਕਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿਸ ਵਿਚ ਸੰਸਾਰ ਦੇ ਉਧਾਰ ਵਾਸਤੇ ਵਾਹਿਗੁਰੂ ਦੇ ਗਿਆਨ ਦਾ ਪਵਿਤ੍ਰ ਭੰਡਾਰ ਉਚੇ ਤੇ ਉਚਾ ਸੁਚੇ ਤੇ ਸੁਚਾ ਰਾਮ ਰਹੀਮ ਵਾਹਿਗੁਰੂ (ਅਕਾਲ ਪੁਰਖ) ਨਾਲ ਪਿਆਰ ਤੇ ਉਸਦੇ ਮਿਲਣ ਦਾ ਰਸਤਾ ਉਸ਼ ਕਰਤਾਰ ਦੀ ਰਚੀ ਹੋਈ ਆਮ ਜੰਨਤਾ ਨਾਲ ਪ੍ਰੇਮ ਦਰਸੌਣ ਹਿਤ ਲਬਾ ਲਬ ਹੋਣ ਤੇ ਹਰ ਇਕ ਮਤ ਵਾਲੇ ਵਿਚਾਰ ਕੇ ਸਦਾ ਵਾਸਤੇ ਸਾਦਕ ਬਣਦੇ ਹਨ।

ਇਸ ਕਰਕੇ "ਅੰਤ ਨ ਅੰਤਾਂ ਸਦਾ ਬੇਅੰਤਾ" ਸ੍ਰੀ ਅਕਾਲ ਪੁਰਖ ਜੋ ਆਪ ਨਰਾਇਣ ਕਲਾਂ ਧਾਰ ਜਗ ਮਹ ਪਰਵਰਿਓ॥

ਭੁਲਨ ਹਾਰ ਅਪਾਰ ਪੰਥ ਗੁਰੂ ਬਖਸੰਦ ਤੂੰ
ਆਪ ਬਿਰਦ ਸੰਭਾਰ ਭਵਨ ਭਵੇ ਭਵ ਭਵ ਪ੍ਰਭੂ।

( ਮਹਾਂ ਕਵੀ ਸੰਤੋਖ ਸਿੰਘ ਕਰਤਾ ਸੂ: ਪ੍ਰ:)

ਮੈਂ ਦਾਸ ਕਲਜੁਗੀ ਅਲਪਗ ਜੀਵ, ਅਨ ਜਲ ਦਾ ਕੀੜਾ, ਹਉਮਾ ਦਾਂ ਬੁਰਜ ਮਾਇਆ ਦਾ ਪੁਤਲਾ ਕੀ ਲਿਖ ਸਕਦਾ ਹਾਂ ਸਿਰਫ ਸੁਣ ਗਲਾਂ ਅਕਾਸ਼ ਕੀਆ ਕੀਟਾ ਆਈ ਰੀਸ ਦੇ ਖਿਆਲ ਨਾਲ ਕਲਮ ਚੁਕੀ ਸੋ ਆਸਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਗੁਰੂ ਪੰਥ ਸਾਹਿਬ ਜੀ ਭੁਲਾ ਦੀ ਮਾਫੀ ਤੇ ਅਗੇ ਨੂੰ ਸਮਤ ਬਖਸ਼ਣਗੇ।

( ਦਾਸ ਵਿਸਾਖਾ ਸਿੰਘ ਸੰਤ ਸਿਪਾਹੀ )

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪਦ ਸ਼ਬਦੇ, ਸਲੋਕ, ਛੰਤ, ਪੌੜੀ ਆਦਿ ਦੀ ਗਿਣਤੀ ਇਉਂ ਹੈ—

| | |
|---|---|
| ਸਤਿਗੁਰੂ ਨਾਨਕ ਦੇਵ ਜੀ | ੯੪੭ |
| ,, ਅੰਗਦ ਜੀ (ਕੇਵਲ ਸਲੋਕ) | ੬੩ |
| ,, ਅਮਰਦਾਸ ਜੀ | ੮੬੯ |
| ,, ਰਾਮ ਦਾਸ ਜੀ | ੬੩੮ |
| ,,ਅਰਜਨ ਦੇਵ ਜੀ, | ੨੩੧੨ |
| ,, ਤੇਗ ਬਹਾਦਰ ਜੀ | ੧੧੫ |
| ,, ਗੋਬਿੰਦ ਸਿੰਘ ਜੀ | ੧ |
| ਸੱਤਾ ਬਲਵੰਡ ਵਾਰ ਰਾਮ ਕਲੀ ੩ ਪਦ | ੮ |

Digitized by Panjab Digital Library | www.panjabdigilib.org

| | |
|---|---|
| ਸਦਾਨਾ | ੧ |
| ਸੁੰਦਰ, ਰਾਮਕਲੀ ਸਦੁ, ਪਦ | ੬ |
| ਸੂਰਦਾਸ | ੨ |
| ਸੈਣ | ੧ |
| ਕਬੀਰ ਜੀ | ੫੩੪ |
| ਜੈਦੇਵ | ੨ |
| ਤ੍ਰਿਲੋਚਨ | ੫ |
| ਧੰਨਾ | ੪ |
| ਨਾਮ ਦੇਵ | ੬੨ |
| ਪਰਮਾ ਨੰਦ | ੧ |
| ਪੀਪਾ | ੧ |
| ਫਰੀਦ ਜੀ | ੧੨੩ |
| ਬੇਣੀ | ੩ |
| ਭੇਟਾ ਦੇ ਸਵੈਯੇ | ੧੨੩ |
| ਭੀਖਨ | ੨ |
| ਮਰਦਾਨਾ ਵਾਰ ਬਿਹਾਗੜਾ ਵਿ ਸਲੋਕ | ੩ |
| ਰਵਿਦਾਸ | ੦ |
| ਰਾਮਾ ਨੰਦ | ੧ |

ਗ੍ਰੰਥ ਸਾਹਿਬ ਨਾਲ "ਗੁਰੂ" ਸ਼ਬਦ ਸੰਮਤ ੧੭੬੫ ਤੋਂ ਲਾਉਣ ਅਰੰਭ ਹੋਇਆ ਜਿਸ ਵੇਲੇ ਅਬਿਚਲ ਨਗਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਸਿਖ ਧਰਮ ਦੇ ਅਧਾਰ ਰੂਪ ਗ੍ਰੰਥ ਨੂੰ ਦਿਤੀ।

## ਮੋਕੋ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ

ਅੰਦਰੋਂ ਬਾਹਰ ਪ੍ਰੇਮ ਰਸੇ ਗੁਧੇ ਮਹਾਂ ਕਵੀ ਪੰਥ ਰਤਨ ਸੰਤ ਨਿਹਾਲ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾਂ ਇਸ ਪ੍ਰਕਾਰ ਲਿਖਦੇ ਹਨ।

੧ ਅਨੰਦ ਕੋ ਘਰ ਹੈ ਕਿ ਅੰਮ੍ਰਿਤ ਕੋ ਸਰ ਹੈ
ਕਿ ਦੇਬਨ ਕੋ ਤਰ* ਹੈ ਕਿ ਅਯਾਨ ਕੋ ਸਮਾਜ ਹੈ।
ਕਾਲ ਹੂੰ ਕੋ ਕਾਲ ਹੈ ਕਿ ਰੀਤਿ ਹੀ ਕੀ ਪਾਲ ਹੈ
ਕਿ ਭਾਰਤੀ ਕੋ ਸਾਲ ਹੈ ਕਿ ਭਵ ਕੋ ਜਹਾਜ ਹੈ।
ਵੇਦ ਕੋ ਸਿਧਾਂਤ ਹੈ ਕਿ ਧਾਰਜੋ ਰੂਪ ਸ਼ਾਂਤਿ ਹੈ
ਕਿ ਮੋਖ ਹੂੰ ਕੋ ਕਾਂਡਿ ਹੈ ਕਿ ਹੈ ਬ੍ਰਹਮ ਵਿਰਾਜ ਹੈ।

---

* ਤਰੁ ਕਲਪ ਬ੍ਰਿਛ

Digitized by Panjab Digital Library | www.panjabdigilib.org

ਗਗਨ ਕੋ ਬਾਗ ਹੈ ਕਿ ਜੀਵਨ ਕੋ ਭਾਗ ਹੈ ਕਿ
ਧਗ ਕੋ ਸੁਹਾਗ ਹੈ ਕਿ ਗ੍ਰੰਥ ਮਹਾਰਾਜ ਹੈ।

੨ ਏਕ ਹੀ ਚਢ੍ਹਾਏ ਫਲ ਚਾਹੋ ਫਲ ਦੇਤ ਜੋਈ
ਯਾਮੇ ਕੋਟਿ ਜੀਵਨ ਕੇ ਚੀਤਿ ਅਛੈ ਧਸਗੇ।
ਪਾਤ ਕੀ ਮਲੀਨ ਅਕੁਲੀਨ ਛੀਨ ਦੀਨਨ ਕੇ
ਜਾਂਕੇ ਨੇਕ ਦੇਖਤੇ ਕਰਰੋ ਪਾਪ ਨਸਗੇ।
ਆਲਸੀ ਅਭਾਗੀ ਭੀਰੁ ਭੋਗਨ ਕੋ ਰਾਗੀ ਮੂਢ
ਬਾਨੀ ਕੇ ਪ੍ਰਤਾਪ ਸੇ ਸੁ ਪ੍ਰੇਮ ਸੁਧਾ ਰਸਗੇ।
ਫਸਗੇ ਛਬੀਲੇ ਰੰਗ ਰੂਪ ਜੋ ਨਿਹਾਰੇ ਨੈਨ
ਗ੍ਰੰਥ ਮਹਾਰਾਜ ਜੂ ਹਮਾਰੇ ਮਨ ਬਸਗੇ।

੩ ਤੋ ਲੌ ਹੀਯੇ ਧੀਰਜ ਪ੍ਰਮਾਨ ਕੋ ਬਸੇਰੋ ਕੀਨ
ਜੋ ਲੌ ਮ੍ਰਿਗ ਨੈਨੀ ਨ ਕਹਾਛ ਬਨ ਮਾਰਯੋ ਹੈ।
ਤੋ ਲੌ ਤਮ ਤੋਮ ਹੈ ਜਹਾਨ ਮੇ ਘਨੇਰੋ ਨੀਚ
ਜੌ ਲੋ ਮਾਰ ਤੰਡ ਨ ਪ੍ਰਤਾਪ ਕੋ ਬਿਥਾਰਜੋ ਹੈ।
ਤੋ ਲੋ ਦੂਖ ਦਰਦ ਸੇ ਦੀਨਤਾ ਦਿਖਾਈ ਦੇਤ
ਜੈ ਲੌ ਦੇਵਤਰੁ ਕੇ ਸਮੀਪ ਨ ਪਧਾਰਯੋ ਹੈ।
ਤੋਲੋ ਪੀਨ ਪਾਪਨ ਕੇ ਝੁੰਡਨ ਕੇ ਡੁੰ ਗਾਜੈ
ਜੈ ਲੌ ਮਹਾਰਾਜ ਗੁਰੂ ਗ੍ਰੰਥ ਨ ਨਿਹਾਰਯੋ ਹੈ।

੪ ਧੰਨਯ ਕੁਲ ਗੋਤ੍ਰ ਤਾਂਕੋ ਜਨਨੀ ਜਨਕ ਧੰਨਯ
ਪੂਜਨੀਯ ਸੋਈ ਚੰਦ੍ਰ ਸੂਰਜ ਵਰਨ ਕੋ।
ਕੇਸਰੀ ਨਿਹਾਲ ਸੋ ਨਿਹਾਲ ਹੈ ਪ੍ਰਨਾਮ ਤਾਂਕੋ
ਹੋਤ ਭਾ ਪ੍ਰਮੋਦ ਵਾਂਕੋ ਲਾਖੋ ਹੀ ਵਰਨ ਕੋ।
ਨੈਕ ਜੋ ਨਿਹਾਰੇ ਕੋਟਿ ਪਾਤਕ ਪਲੈ ਹੈ ਬੇਗ
ਚਾਰੋ ਫਲ ਦੇਤ ਚੋਖੇ ਚਾਰੋਂ ਹੀ ਵਰਨ ਕੋ।
ਪ੍ਰੀਤਿ ਸੋ ਪ੍ਰਤੀਤਿ ਸੋ ਅਭੀਤ ਹੈ ਉਚਾਰਯੋ ਜਾਸ
ਗ੍ਰੰਥ ਮਹਾਚਾਜ ਜੂ ਕੇ ਏਕ ਹੀ ਵਰਨ ਕੋ।

੫ ਸ਼ੌਕ ਕੰਠ ਕੀਏ ਖ਼ੁਸ਼ੀ ਮੌਜ ਬੇਸ਼ਮਾਰ ਬੇਸ
ਗੰਠ ਜੋ ਅਨਾਦਿ ਕੀ ਸੂਝ ਹੀਏ ਖੋਲ ਹੈ॥
ਕੇਸਰੀ ਨਿਹਾਲ ਭਾਗ ਭਾਲ ਕੇ ਭਲਾਈ ੨ ਭੂਰਿ।
ਧੁੰਸਕੇ ਅਘੋਘ ਭਾਰੀ ਮੋਦ ਮੇ ਝਕੇਲ ਕੋ,
ਭੂਲ ਤੋਂ ਪ੍ਰਪੰਚ ਭੂਪ ਭੀਤਿ ਕੋ ਜੁ ਭੌਨ ਭੀਮ।

Digitized by Panjab Digital Library | www.panjabdigilib.org

ਪ੍ਰੇਮ ਸੁਧਾ ਸਿੰਧੁ ਮੈ ਧਕੇਲ ਜੀਵ ਘੋਲ ਹੈ,
ਹੈਰਹਯੋ ਅਲੋਲ ਚੀਤ ਛੋਰਕੋ ਕਲੋਲ ਝੋਲ
ਏਕ ਏਕ ਬੋਲ ਗ੍ਰੰਥ ਨਾਥ ਕੋ ਅਮੋਲ ਹੈ।

੬ ਕਾਹੂੰ ਕੋ ਭਰੋਸੋ ਹੈ ਜਮੀਨ ਕੋ ਜਮਾਨੇ ਬੀਜ
ਕਾਹੂੰ ਕੋ ਭਰੋਸੋ ਜੋਰ ਚਾਕਰੀ ਜਹਾਜ ਪੈ।
ਕਾਹੂੰ ਕੋ ਭਰੋਸੋ ਭਰੀ ਸ਼ਾਹ ਪਾਤ ਸ਼ਾਹ ਮੀਤ
ਕਾਹੂੰ ਕੋ ਭਰੋਸੋ ਹੈ ਕੁਟੰਬੀ ਕਰੋ ਕਾਜ ਪੈ।
ਕਾਹੂੰ ਕੋ ਭਰੋਸੋ ਦੇਵਵਾਨੀ ਅਰੁ ਪਾਰਸੀ ਕੋ
ਕਾਹੂੰ ਕੋ ਭਰੋਸੋ ਸੰਤਗੀਰ ਕੀ ਮਿਜਾਜ ਪੈ।
ਕਾਹੂੰ ਕੋ ਭਰੋਸੋ ਚਾਰ ਚਾਤੁਰੀ ਚਲਾਕੀ ਚੇਖ
ਮੋਕੋ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ।

੭ ਦਰਸ ਪਰਸ ਕੀਨੇ ਗ੍ਰੰਥ ਮਹਾਰਾਜ ਜੂ ਕੇ
ਪਾਪ ਜਨਮਾਂਤਰ ਕੇ ਪੁੰਨ ਰੂਪ ਧਾਰਤੇ।
ਦਾਰਦ ਘਨੇਰੇ ਸੇ ਅਨੇਕਧਾ ਵਿਭੂਤਿ ਹੋਤ
ਹੋਤ ਹੈ ਪ੍ਰਕਾਸ ਆਛੋ ਭਾਰੀ ਅੰਧਕਾਰ ਤੇ।
ਮੰਦਧੀ ਸੁਬੁੱਧ ਹ੍ਵੈ ਛਨੇਕ ਮੈ ਅਨੇਕ ਭਾਂਤਿ
ਰੋਗ ਤੇ ਪ੍ਰਮੋਦ ਭਲੀ ਰੀਤਿ ਦੁਰਾਚਾਰ ਤੇ।
ਜੇਤੇ ਰਿਪੁ ਝੁੰਡਨ ਕੇ ਝੁੰਡ ਅਪਕਾਰੀ ਨੀਚ
ਤੇਤੇ ਮੀਤ ਹ੍ਵੈ ਕੇ ਨੀਤ ਕਾਜ ਕੋ ਸਵਾਰ ਤੇ।
੮ ਹੋਤੇ ਜਬੈ ਭੋਰ ਤਬੈ ਹੋਤ ਹੋ ਘਨੇਰੋ ਦੂਖ
ਚੋਰਨ ਕੇ ਝੁੰਡ ਕੋ ਚਕੋਰਨ ਦੀ ਪਾਲ ਕੋ।
ਹੋਤੇ ਜਬੈ ਚੰਦ੍ਰਮਾ ਅਕਾਸ ਮੈਪ੍ਰਕਾਸ ਤਬੈ

ਹੋਤੇ ਹੈ ਸੰਕੋਚ ਕੰਜ ਪੰਥ ਸਜਾਮਾਬਾਲ ਕੋ।
ਹੋਤ ਹੈ ਚਾਈ ਜਬੈ ਸੂਰਬੀਰ ਸਿੰਘਨ ਕੀ
ਤਬੈ ਭੂਮੀ ਹੀਯੋ ਹਾਲੈ ਦੁੱਜਨ ਕਰਾਨ ਕੋ।
ਹੋਤ ਹੈ ਸ਼ਪਾਠ ਜਬੈ ਗ੍ਰੰਥ ਮਹਾਰਾਜ ਜੂ ਕੋ
ਤਬੈ ਕਾਲੋ ਹੋਤੇ ਮੁਖ ਕਾਲ ਕਲਿਕਾਲ ਕੋ।

੯ ਜੇਤੇ ਦੇਵ ਗਾਛਸ ਅਧੀਨ ਹੈ ਅਧੇਨ ਹੂੰ ਤੇ
ਜਾਂਹਿ ਕੀ ਝਿਲੋਕੀ ਬੀਚ ਜਾਗਤੀ ਬਧੁ ਜੋਤ ਹੈ।
ਕੇਸਰੀ ਨਿਹਾਲ ਜਾਂਕੇ ਨੈਸਕ ਹੂੰ ਧਜਾਨ ਧਾਰੇ

Digitized by Panjab Digital Library | www.panjabdigilib.org

ਪਾਪ ਜੋ ਬਿਦਾਰੇ ਜਾਤ ਪੁੰਨ ਤੇ ਉਦੋਤ ਹੈ।
ਭਾਨੁ ਸੋ ਪਧਾਰੇ ਜਹਾਂ ਟਾਰੇ ਅੰਧਕਾਰ ਕਾਲੂ
ਭੂਲੇ ਹੂੰ ਨਿਹਾਰੇ ਤੇ ਕ੍ਰਿਤਾਂਤ ਦੁਖੀ ਰੋਤ ਹੈ।
ਝਾਕੀ ਗੁਰੂ ਗ੍ਰੰਥ ਮਹਾਰਾਜ ਕੀ ਬਿਲੋਰੀ ਕੀ ਜਬੈ
ਬਾਕੀ ਈਸ ਦੂਸਰੇ ਕੀ ਲਾਲਸਾ ਨ ਹੋਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀਆਂ ਪ੍ਰਤੀ ਸੰਕੇਤ

੧੦ ਅੰਨ ਕੋ ਮੱਧੇਜ ਬਾਂਧ ਆਸਨ ਕੋ ਸਾਧ ਬੇਸ਼
ਗਾਤ ਕੋ ਅਲੋਲ*ਸੂਧਿ ਏਕ ਚਾਲ ਲੀਜਿਯੇ।
ਚੀਤ ਕੋ ਨਿਰੋਧਕੈ ਪ੍ਰਬੋਧਕੈ ਪ੍ਰਕਾਸ਼ ਪ੍ਰੇਮ
ਗਾਦੀ ਨ ਵਿਛਾਯ ਨ ਪ੍ਰਯੰਕ ਹਾਥ ਦੀ ਜਿਯੇ।†
ਖਾਂਸੀ ਕ੍ਰੋਧ ਵਾਰਤਾ ਜੰਭਾਈ ਐ ਡਕਾਰ ਛੀਕ
ਹਾਸੀ ਸੀਂਢ ਮੰਦ ਪੌਨ ‡ਥੁਕ ਨਾ ਕਰੀਜਿਯੇ।
ਸਾਤ੍ਕੀ ਸੁਭਾਇ ਸੋਂ ਅਕਾਲ ਸੋਂ ਲਗਾਇ ਧਯਾਨ
ਗ੍ਰੰਥ ਜੂ ਕੋ ਪਾਠ ਪਜਾਰੇ, ਐਸੀ ਭਾਂਤ ਕੀ ਜਿਯੇ।
(ਸੰਤ ਨਿਹਾਲ ਸਿੰਘ)

ਕੜਾਹ ਪ੍ਰਸਾਦ ਜੋ ਭੋਗ ਸਮੇਂ ਜਾਂ ਅਰੰਭ ਸਮੇਂ ਅਤੇ ਸੁਤੇ ਸਿਧ ਸ਼ਰਧਾਲੂ ਗੁਰਸਿੱਖ ਕਰਾ ਕੇ ਅਕਾਲ ਪੁਰਖ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਅਰਦਾਸ (ਅਰਪਨ) ਕਰਕੇ ਸੰਗਤਿ ਵਿਚ ਵਰਤਾਈ ਦਾ ਹੈ ਏਸ ਦਾ ਨਾਮ ਮਹਾ ਪ੍ਰਸਾਦ, ਪੰਚਾਮ੍ਰਿਤ, ਕੜਾਹ ਪ੍ਰਸਾਦ ਦੇਗ ਅਤੇ ਕੁਨਕਾ ਭੀ ਹੈ।

ਰਹਿਤਨਾਮਿਆਂ ਵਿੱਚ ਕੜਾਹ ਪ੍ਰਸਾਦ ਤਿਆਰ ਕਰਨਾ ਅਤੇ ਵਰਤਾਉਣ ਦੀ ਵਿਧਿ ਇਸਤ੍ਰਾਂ ਲਿਖੀ ਹੈ

ਪਾਵਨ ਤਨ ਪਾਵਨ ਕਰਥਾਨ,
ਘ੍ਰਿਤ ਪੈਦਾ ਲੇ ਖੰਡ ਸਮਾਨ
ਕਰ ਕੜਾਹ ਜਪੁ ਪਾਠਸੁ ਠਾਨੈ
ਗੁਰ ਪ੍ਰਸਾਦ ਅਰਦਾਸ ਬਖਾਨੈ
(ਗੁਰ ਪ੍ਰਸੂ)
ਕੜਾਹ ਕਰਨ ਕੀ ਬਿਧਿ ਸ਼ਨ ਲੀਜੈ

*ਚੰਚਲਤਾ ਬਿਨਾ ਅਚਲ

†ਮੰਜੀ ਸਾਹਿਬ ਪੁਰ ਕੂਹਣੀ ਅਤੇ ਹਥ ਨਹੀਂ ਰੱਖਣਾ ਚਾਹੀਏ।

‡ਅਪਾਨ ਵਾਯੂ ਗੋਜ਼ ਹਵਾ ਨਹੀਂ ਸਰਨੀ ਚਾਹੀਇ।

Digitized by Panjab Digital Library | www.panjabdigilib.org

ਤੀਨ ਭਾਗ ਕੋ ਸਮਸਰ ਕੀਜੈ
ਲੇਪਨ ਆਗੈ ਬਹੁਕਰ ਦੀਜੈ
ਮਾਂਜਨ ਕਰ ਭਾਂਜਨ ਧੋਵੀਜੈ
ਕਰ ਸਨਾਨ ਪਵਿਤ੍ਰ ਹੋ ਬਹੈ
ਵਾਹਿ ਗੁਰੂ ਬਿਨ ਅਵਰ ਨ ਕਹੈ
ਕਰ ਤਿਆਰ ਚੌਕੀ ਪਰ ਧਰੈ
ਚਾਰ ਓਰ ਕੀਰਤਨ ਬਹਿ ਕਰੈ
ਜੋ ਪ੍ਰਸਾਦ ਕੋ ਬਾਂਟ ਹੈ ਮਨ ਮੇ ਧਰੇ ਲੋਭ
ਕਿਸਿ ਥੋੜਾ ਕਿਸਿ ਅਗਲਾ ਸਦਾ ਰਹੋ ਤਿਸ ਸੋਗ।
(ਤਨਾਮਾ)

## ਸ੍ਰੀ ਗੁਰੂ ਸਾਹਿਬ ਜੀ ਦੇ ਪਾਠ

੧ ਸਹਜ ੨ ਸਪਤਾਹ ੩ ਅਖੰਡ ਪਾਠ

**੧ ਸਹਜ ਪਾਠ**—ਗੁਰਮੁਖ ਸ਼ਰਧਾਲੂ ਗਮੀ ਸ਼ਾਦੀ ਸਮੇਂ ਘਰ ਜਾਂ ਗੁਰਦੁਆਰੇ ਵਿਚ ਕਰਉਦੇ ਹਨ। ਜਿਸਦੇ ਦਿਨ ਦਾ ਕੋਈ ਹਸਾਬ ਨਹੀਂ। ਪ੍ਰਕਾਸ਼ ਵੇਲੇ ਦੇਗ (ਦੇਸੀ ਘਿਉ ਦੀ) ਜ਼ਰੂਰ ਹੋਣੀ ਚਾਹੀਏ। ਸਮਰਥਾ ਹੋਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਘਰ ਜਾਣ ਵੇਲੇ ੧।) ਰੁਪਈਆ ਨਜਰ ਹੋਣਾ ਚਾਹੀਏ ਚਾਹੇ ਭੋਗ ਵਾਲੇ ਦਿਨ ਉਨੀ ਪੂਜਾ ਘਟ ਕਰੇ ਜਿਸ ਦਿਨ ਭੋਗ ਪਵਏ ਉਸ ਦਿਨ ਦੇਗ ਕੜਾਹ ਪ੍ਰਸਾਦਿ, ਰੁਮਾਲ, ਜਥਾ ਸਕਤ ਭੇਟਾ* ਕਰੇ

**(੨) ਸਪਤਾਹ ਪਾਠ**—ਜੋ ਸਤਾਂ ਦਿਨਾਂ ਵਿਚ ਕੀਤਾ ਜਾਣਾ ਹੈ। ਜਿਸ਼ ਦੀ ਮਰਜਾਦਾ ਇਉਂ ਹੈ ਸਾਫ ਮਕਾਨ ਜਿਸ ਵਿਚ ਪਾਠੀਆਂ ਤੋਂ ਬਿਨਾ ਕੋਈ ਨ ਜਾਵੇ। ਪਾਠੀ ਦੋ ਜਾਂ ਇਕ ਅਰਦਾਸ ਕਰਕੇ ਅਰੰਭ ਰੋਜ਼ਾਨਾ ਕਰਨਾ ਤੇ ਰੋਜ਼ ਹੀ ਬਿਸਰਾਮ ਤੇ ਪਾਠ ਕਰਕੇ ਉਠਣਾ ਜੇ ਦੋ ਪਾਠੀ ਹੋਣ ਤਾਂ ਅਖੰਡ ਪਾਠੀਆਂ ਵਾਂਗ ਬਦਲ ਦੇ ਰਹਿਣ ਬਿਸਰਾਮ ਤੇ ਪਾਠ ਕਰਕੇ ਨਾਲ ਹੀ ਅਰਦਾਸਾ ਕਰਕੇ ਫੇਰ ਹੁਕਮ ਨਾਮਾ ਲੈਕੇ ਬਾਬੇ ਸੁਖ ਆਸਣ ਕਰਨੇ। ਪਹਿਲੇ ਦਿਨ ਬਿਸਰਾਮ ਤੇ ਇਹ ਸ਼ਬਦ ਪੂਰਾ ਕਰਨਾ। ਰਾਗ ਗਉੜੀ ਪੂਰਬੀ ਮਹਲਾ ੫ ॥ ੧ੳ ਸਤਿਗੁਰ ਪ੍ਰਸਾਦਿ ॥ ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ਸਫਾ ੨੦੫

---

* ਕਈ ਮਨਮਤ ਵਲੇ ਇਉਂ ਕਰਦੇ ਹਨ ਕਿ ਜੋ ਸੰਨਬੰਧੀ ਜਾ ਹੋਰ ਸੰਗਤ ਭੇਟਾ ਕਰੇ ਉਹੋ ਵਿੱਚ ਕੱਟਕੇ ਬਾਕੀ ਜੋ ਥੁੜੇ ਤਾਂ ਘਰੋ ਪਾ ਦੇਣੀ ਜੇ ਪੂਰੀ ਹੋ ਜਾਏ ਤਾਂ ਸਰ ਗਿਆ। ਨੋਟ। ਏਹ ਮਨ ਮਤ ਹੈ ਘਰ ਵਾਲੇ ਵਿਚ ਜੇ ਸਮਰਥਾ ਹੈ ਤਾਂ ਪੂਰੀ ਕਰੇ ਜੇ ਨਾ ਹੋਵੇ ਤਾਂ ਗ੍ਰੰਥੀ ਸਾਹਿਬ ਉਦਾਰ ਤਾਈ ਰਖੇ।

(ਅ) ਦੇਗ ਦੇਸੀ ਘਿਓ ਦੀ ਜ਼ਰੂਰੀ ਹੈ

Digitized by Panjab Digital Library | www.panjabdigilib.org

ਦੂਜੇ ਦਿਨ ਸਫਾ ੨੦੫ ਤੋਂ ਗਉੜੀ ਮਃ ੫ ॥ ਐਸੋ ਪਰਚਉ ਪਾਇਓ.....ਏਸ ਸ਼ਬਦ ਤੋਂ ਅਰੰਭ ਕਰਨਾ । ਬਿਸਰਾਮ ਇਹ ਸ਼ਬਦ ਪੜ੍ਹ ਕੇ ਕਰਨਾ ਆਸਾ ਮਹਲਾ ੫॥ ਹਰਖ ਸੋਗ ਵੈਰਾਗ.........ਪੂਰਾ ਕਰੇ ਸਫਾ ੪੦੯ ਤੇ ।

ਤੀਜੇ ਦਿਨ ਇਸ ਸ਼ਬਦ ਤੋਂ ਅਰੰਭ ਕਰਨਾਸਫਾ ੪੦੯ ਤੋਂ ਰਾਗ ਆਸਾ ਮਹਲਾ ੫ ਘਰ ੧੭ ਅਸਾਵਰੀ ੧ਓ ਸਤਿਗੁਰ ਪ੍ਰਸਾਦਿ ॥ ਗੋਬਿੰਦ ਗੋਬਿੰਦ ਕਰਿਹਾਂ ਤੇ ਬਿਸਰਾਮ ਸੋਰਠਿ ਮਹਲਾ ੫ ॥ ਰਾਜਨ ਮਹਿ ਰਾਜਾ ਉਰਝਾਇਓਂ.....ਏਸ ਸ਼ਬਦ ਨੂੰ ਸੰਪੂਰਨ ਕਰਨਾ ਪੰਨਾ ੬੧੩ ।

ਚੌਥੇ ਦਿਨ ਅਰੰਭ ਕਰਨਾ ਪੰਨਾ ੬੧੩ ਤੋਂ ਸੋਰਠਿ ਮਹਲਾ ੫॥ਹਮ ਮੈਲੇ ਤੁਮ ਊਜਲ ਕਰਤੇ ਤੇ ਬਿਸਰਾਮ ਕਰਨਾ ਰਾਗ ਬਿਲਾ: ਮ: ੫ ॥ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ ॥ ਤਿਆਗਿਆ ਏਹ ਸ਼ਬਦ ਪੂਰਾ ਕਰਨਾ ਸਫਾ ੮੧੭

ਪੰਜਵੇ ਦਿਨ ਅਰੰਭ ਕਰਨਾ ਸਫਾ ੮੧੭ । ਬਿਲਾਵਲ ਮਹਲਾ ੫ ॥ ਚਰਨ ਕਮਲ ਕਾ ਆਸਰਾ ਦੀਨੋ ਪ੍ਰਭਿ ਆਪ । ਤੇ ਬਿਸਰਾਮ ਕਰਨਾ ਸਫਾ ੧੦੨੧ ਤੋਂ ਮਾਰੂ ਮਹਲਾ ੧ ॥ ਆਪੇ ਧਰਤੀ ਧਉਲੁ ਅਕਾਸੰ । ਏਹ ਪੂਰਾ ਕਰਨਾ ਸਫਾ ੧੦੨੨ ਤੇ ।

ਛੇਵੇਂ ਦਿਨ ਅਰੰਭ ਕਰਨਾ ਸਫਾ ੧੦੨੨ ਤੋਂ ਸ਼ਬਦ ਮਾਰੂ ਮਹਲਾ ੧ ॥ ਦੂਜੀ ਦੁਰਮਤਿ ਅੰਨੀਬੋਲੀ ਤੇ ਬਿਸਰਾਮ ਸਾਰੰਗ ਮਹਲਾ ੫ । ਹਰਿ ਕਾਟੀ ਕੁਟਿਲਤਾ ਕੁਠਾਰਿ ਏਸ ਸ਼ਬਦ ਨੂੰ ਪੂਰਾ ਕਰਨਾ ੧੨੨੬ ਤੇ ॥

ਸਤਵੇਂ ਦਿਨ ਅਰੰਭ ਕਰਨਾ ਹੈ ਸਫਾ ੧੨੨੬ ਤੋਂ ਸਾਰਗ ਮਹਲਾ ੫ ॥ ਪੋਥੀ ਪਰਮੇਸ਼ਰ ਕਾ ਥਾਨ ਅਜ ਸ੍ਰੀ ਗੁਰੂ ਜੀ ਦੀ ਕ੍ਰਿਪਾ ਸੇ ਪਾਠ ਸੰਪੂਰਨ ਤੇ ਭੋਗ ਪਇ ਜਾਇਗਾ ।

(ਨੋਟ) ਨਿਤਾ ਪ੍ਰਤੀ ਪਾਠੀ ਦਾ ਕਰਮ ਸੁਬਾ ਅੰਮ੍ਰਿਤ ਵੇਲੇ ਉਠ ਜੰਗਲ ਦਿਸ਼ਾ ਜਾ ਦਾਤਨ ਕੁਰਲਾ ਕਰ ਸਮੇਤ ਕੇਸਾਂ ਦੇ ਇਸ਼ਨਾਨ ਪੰਜਾਂ ਬਾਣੀਆਂ ਨਿਤ ਨੇਮ ਤੋਂ ਬਾਦ ਸ੍ਰੀ ਗੁਰੂ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਪਾਠ ਅਰੰਭ ਕਰੇ ਜਿਨਾ ਚਿਰ ਪਾਠ ਬਿਸਰਾਮ ਤੇ ਨ ਜਾਵੇ ਉਨ੍ਹਾਂ ਚਿਰ ਪਾਠ ਬੰਦ ਨਹੀਂ ਕਰਨਾ ਜੇ ਦੋ ਪਾਠੀ ਹੋਣ ਤਾਂ ਅਖੰਡ ਪਾਠੀਆਂ ਦੀ ਤ੍ਰਾਂ ਦੂਜੇ ਨੂੰ ਦੂਜਾ ਬਦਲਨ ਵੇਲੇ ਪਾਠ ਵਾਲਾ ਪਛਾਕਾ ਪਾਕੇ ਪਾਠੀ ਬੈਠਨ ਵੇਲੇ ਪਾਠ ਸ਼ੁਧ ਕਰਨ ਦਾ ਬਲ ਮੰਗੇ ਤੇ ਉਠਨ ਵੇਲੇ ਭੁਲ ਚੁਕ ਦੀ ਮਾਫੀ ਮੰਗੇ ਅਰਦਾਸਾ ਕਰੇ ਜਿਸ ਟੈਮ ਤੇ ਪਹਿਲੇ ਪ੍ਰਕਾਸ ਕਰੇ ਉਸ ਟੈਮ ਰੋਜ਼ਾਨਾ ਕਰੇ । ਪ੍ਰਸਾਦਾ ਜੇ ਅੱਠ ਪਹਿਰਾ ਛਕਣ ਤਾ ਬਹੁਤ ਹੀ ਹਛਾ ਹੈ । ਦੋ ਵੇਲੇ ਛਕਣਾ ਹੋਵੇ ਤਾਂ ਥੋੜਾ ਖਾਵੇ ।

ਆਸਣ ਭੂਮਕਾ (ਭੁਜੇ) ਰਖਣਾ ਜਦ ਪਾਠ ਬਿਸਰਾਮ ਤੇ ਆਵੇ ਤਾਂ ਪਾਠ ਤੋਂ ਬਾਦ ਅਰਦਾਸ, ਅਰਦਾਸ ਤੋਂ ਬਾਦ ਹਜ਼ੂਰ ਦਾ ਹੁਕਮ ਨਾਮਾ ਅਤੇ ਹੁਕਮ ਤੋਂ ਸੁਖ ਅਸਣ ਵਿਚ ਅਟਕਾਰ ਨਾ ਪਾਵੇ ਬਾਦ ਦਿਨ ਭਰ ਵਿਚ ਭਜਨ ਸਿਮਰਨ ਵਲ ਧਿਆਨ ਰਖਣਾ ਕੁੰਭ, ਧੂਪ, ਰਖਣਾ । ਇਹ ਮਰਯਾਦਾ ਪਰਸਪਰ ਪੁਰਾਤਨ ਗੁਰ ਸਿਖ ਮਹਾਤਮਾਂ ਤੋਂ ਸੁਣੀ ਹੈ । ਇਕ ਮਹਾਂ ਪੁਰਖ ਨੇ ਕਿਹਾ ਦਾਸ ਨੇ ਸ੍ਰੀ ਸੰਤ ਪੂਰਨ ਸਿੰਘ ਜੀ ਅਨੰਦ ਪੁਰ ਵਾਲਿਆਂ ਤੋਂ ਏਹ ਮਰਯਾਦਾ ਸੁਣੀ ਸੀ । ਦਾਸ ਨੇ ਭੀ ਸ੍ਰੀ ਸੰਤ

Digitized by Panjab Digital Library | www.panjabdigilib.org

ਨੰਦ ਸਿੰਘ ਜੀ ਕਲੇਰਾਂ ਤੇ ਸ੍ਰੀ ਸੰਤ ਗੁਲਾਬ ਸਿੰਘ ਜੀ ਘੋਲੀਆ ਆਦਿ ਨਾਲ ਪਾਠ ਵਿਧੀਆਂ ਵਾਰੇ ਵਿਚਾਰਾਂ ਕੀਤੀਆਂ ਸਨ ।

**(੩) ਅਖੰਡ ਪਾਠ**—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਜੋ ੧੬ ਪਹਿਰਾ ਵਿੱਚ ਸੰਪੂਰਨ ਹੁੰਦਾ ਹੈ। ਇਸ ਦੇ ਪਾਠੀ ਪੰਜ ਜਾਂ ਚਾਰ ਜੋ ਮਿਥੇ ਹੋਏ ਟੈਮ ਰਉਲ ਤੇ ਦੂਜੇ ਨੂੰ ਦੂਜਾ ਬਦਲਦੇ ਰਹਿੰਦੇ ਹਨ। ਅਰ ਜਿਸ ਟੈਮ ਤੇ ਸ੍ਰੀ ਅਖੰਡ ਪਾਠ ਪਰਾਰੰਭ ਕੀਤਾ ਜਾਂਦ ਹੈ ਉਸ ਟੈਮ ਤੇ ਜਾਂ ਅਗੇ ਪ੍ਰਕਾਸ਼ ਟੈਮ ਤੋਂ ਪਿਛੋਂ ਭੋਗ ਪਾਉਣ ਯੋਗ ਨਹੀਂ।

ਅਖੰਡ ਪਾਠ ਦੇ ਨਾਲ ਤਿੰਨ ਅਰਦਾਸਾਂ ਤਿੰਨ ਦੇਗਾ ਹੋਣ ਤੇ ਅਖੰਡ ਪਾਠ ਸੰਪੂਰਨ ਹੁੰਦਾ ਹੈ। ਪਹਿਲੀ ਅਰਦਾਸ ਦੀ ਸਮਾਪਤੀ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਨਾਮਾਂ ਲੈਂਦੇ ਸਾਰ ਹੀ ਅਖੰਡ ਪਾਠ ਅਰੰਭ ਕਰਨਾ। ਦੂਜੀ ਅਰਦਾਸ ਮਧ ਤੇ ਦੇਗ ਪਹਿਲੇ ਤਿਆਰ ਹੋਣੀ ਚਾਹੀਏ। ਜੈਤਸਰੀ ਦੀ ਵਾਰ ਅਰੰਭ ਹੋਣ ਤੇ ਅਰਦਾਸ ਦੀ ਸਮਾਪਤ ਕਰੋ ਅਤੇ ਵਾਰ ਦੇ ਸਲੋਕ ਤੇ ਪਾਉੜੀ ਸੁਣਕੇ ਪੰਜਾਂ ਪਿਆਰਿਆਂ ਦਾ ਢਾਦਾ ਵਰਤਾ ਕੇ ਫੇਰ ਸੰਗਤ ਨੂੰ ਵਰਤਾਵੇ। ਤੀਜੀ ਅਰਦਾਸ ਸ੍ਰੀ ਅਖੰਡ ਪਾਠ ਦੇ ਭੋਗ ਤੋਂ ਪਹਿਲੇ ਦੇਗ ਹਜ਼ੂਰੀ ਵਿੱਚ ਹਾਜ਼ਰ ਹੋਵੇ ਭੋਗ (ਪਾਠ ਦੀ ਸੰਪੂਰਨ) ਦੀਆਂ ਪੰਗਤੀਆਂ ਦੇ ਨਾਲ ਹੀ ਅਰਦਾਸਾ ਅਰੰਭ ਹੋਵੇ ਅਰਦਾਸ ਦੀ ਸਮਾਪਤੀ ਦੇ ਨਾਲ ਹੀ ਸ੍ਰੀ ਹਜ਼ੂਰ ਦਾ ਮੁਖਵਾਕ ਲਿਆ ਜਾਵੇ ਜੇ ਕੀਰਤਨ, ਕਥਾ, ਜੋ ਸਮੇਂ ਅਨੁਸਾਰ ਹੋਵੇ ਤਾਂ ਧੰਨ ਭਾਗ ਪਰ ਅਰਦਾਸ ਤੇ ਹੁਕਮ ਨਾਮੇ ਵਿਚ ਫਰਕ ਨਾ ਪਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਸੁਣਨ ਦਾ ਮਹਤਮ

ਭੋਗੁ ਕੋ ਭੋਗਨਾ ਚਾਹ
ਸੋਗ ਕੋ ਮਟੋਣਾ ਚਾਹ
ਗੁਰੂ ਲੋਕ ਜਾਣਾ ਚਾਹ
ਜਸ ਲੀਜੇ ਲੋਗ ਕੋ
ਲੋਗ ਕੋ ਪਦਾਰਥ ਜੋ ਸਭਿ ਹੀ ਕੋ ਪਾਨਾ ਚਾਹਿ
ਧਰਮ ਅਰਥ ਅਰ ਪਾਨਾ ਚਾਹਿ ਮੋਖ ਕੋ
ਮੋਖ ਕੋ ਸਾਧਨ ਬਗੈਰ ਹੋਇ ਸ਼ਾਂਤਿ ਹੋ
ਗੁਰੂ ਕੇ ਦੀਦਾਰੇ ਕਰੇ ਹਿਰੇ ਰਿਦੇ ਸੋ ਕੋ
ਸ਼ੋਕ ਕੋ ਮਿਟਾਇ ਕਰ ਸੁਣੋ ਸੰਤ ਖਾਲਸਾ ਜੀ
ਸਭੀ ਫਲ ਪਾਇ ਜੋ ਸੁਨੇ ਚਾਹਿ ਭੋਗ ਕੋ

## ਵਿਚਾਰਾਂ

੧੯੨੮ ਵਿੱਚ ਦਾਸ ਨੂੰ ਗੁਰਦੁਆਰਾ ਜਾਗਰਤ ਸਰ ਸ਼ੇਰ ਪੁਰਾ ਕਲਾਂ ਵਿਖੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸਰੂਪਾਂ ਦੀਆਂ ਜਿਲਦਾਂ ਬਨਵਾਉਣ ਦਾ ਸਮਾਂ ਮਿਲਿਆ ਤਾਂ ਇਕ ਸਰੂਪ ਦੀ

Digitized by Panjab Digital Library | www.panjabdigilib.org

ਜਿਲਦ ਖੋਲਕੇ ਸਫੇ ਝਾੜੇ ਤਾਂ ਢਾਈ ਛਟਾਂਕ ਤੋਲਵੀ ਮਿਟੀ ਡਕੇ ਵਾਲ ਤੇ ਮਛਰ ਮਖੀਆਂ ਨਿਕਲੀਆਂ ਪਾਠ ਕਰਦਿਆ ਜੋ ਹਵਾ ਨਾਲ ਗਰਦਾ ਪੈਂਦਾ ਹੈ। ਵਾਲ (ਰੋਮ) ਜੋ ਮਾਇਆ ਦੇ ਗਰਜੀ, ਨਿਗਾ ਥੋੜੀ ਵਾਲੇ ਪਾਠ ਕਰਨ ਵੇਲੇ ਅਖਰਾਂ ਦੇ ਨਾਲ ਮੂੰਹ ਕਰਕੇ ਦਾੜ੍ਹਾ ਜਲਾਹਿ ਦੇ ਕੁਚ ਵਾਂਗ ਉਤੇ ਘਸੌਂਦੇ ਰਹਿੰਦੇ ਹਨ ਜਾ ਅਨਜਾਣ ਤੇ ਆਲਸੀ ਦਾਹੜੇ ਨੂੰ ਸਾਬਣ ਜਾਂ ਦਹੀ ਨਾਲ ਇਸ਼ਨਾਨ ਨਹੀਂ ਕਰੌਂਦੇ। ਪਾਠ ਕਰਨ ਵੇਲੇ ਹਥ ਪਾ ਪਾ ਕੇ ਖੁਰਕੀ ਜਾਣਗੇ ਓਦੋ ਜੋ ਰੋਮ ਡਿਗਦੇ ਹਨ ਉਹ ਵਿਚ ਹੀ ਰਹਿੰਦੇ ਹਨ।

ਮਛਰ ਜੋ ਗਰਮੀ ਦੇ ਦਿਨਾਂ ਵਿਚ ਅਖੰਡ ਪਾਠਾਂ ਵੇਲੇ ਰਾਤ ਨੂੰ ਜੋਤਾਂ ਦੀ ਰੋਸ਼ਨੀ ਤੇ ਔਂਦਾ ਹੈ।

ਮਖੀਆਂ ਫਗਣ ਚੇਤ ਨੂੰ ਜਦ ਪਾਠ ਕਰਦੇ ਹਾਂ ਤਾਂ ਮਖੀਆਂ ਅਵਸ਼ ਆਕੇ ਬਹਿ ਜਾਂਦੀਆ ਹਨ। ਆਦਿ ਕਰਨਾ ਕਰਕੇ ਇਹ ਜਿਲਦ ਸਫਾਈ ਵੇਲੇ ਨਿਕਲੀਆਂ ਇਸ ਵਾਸਤੇ ਸੁਚਜੇ ਗੁਰਮੁਖ ਗ੍ਰੰਥੀਆਂ ਨੂੰ ਚਾਹੀਇ ਸੂਖਮ ਰੁਮਾਲ ਨਾਲ ਸ੍ਰੀ ਗੁਰੂ ਮਹਾਰਾਜ ਦੇ ਸਫਿਆਂ ਤੇ ਫੇਰੀ ਜਾਣਾ ਚਾਹੀਏ ਜੋ ਐਨਾ ਦਬ ਕੇ ਨਾ ਜਿਸ ਨਾਲ ਸਿਹਾਈ ਘਸੇ ਨਾਲੇ ਮੂੰਹ ਅਗੇ ਕਪੜਾ ਰਖਣਾ ਪਾਠੀ ਨੂੰ ਜ਼ਰੂਰ ਚਾਹੀਏ ਇਕ ਤਾਂ ਸਰਦੀ ਦੇ ਦਿਨ ਵਿਚ ਦੇਖੀ ਦਾ ਹੈ ਸਾਡੇ ਮੂੰਹ ਦੀ ਹਵਾ ਕਿਥੋਂ ਤਕ ਜਾਂਦੀ ਹੈ। ਜਿਸ ਤੋਂ ਕੋਲ ਬੈਠਾ ਬੰਦਾ ਕਿੰਨਾ ਸੰਕੋਚ ਕਰਦਾ ਹੈ। ਅਰ ਬੋਲਨ ਵੇਲੇ ਸਾਡੇ ਮੂੰਹ ਚੋ ਛਿਟਾਂ (ਝਗ) ਕਿਨੀਆਂ ਡਿਗਦੀਆਂ ਹਨ ਇਸ ਵਾਸਤੇ ਪਾਠੀ ਨੂੰ ਮੂੰਹ ਅਗੇ ਕਪੜਾ ਰਖਣਾ ਲੋੜੀਏ।

ਦੇਖੀ ਦੇ ਹਨ ਕਈ ਗੁਰਮੁਖ ਪਾਠੀ ਨੂੰ ਬਦਲਨ ਵੇਲੇ ਖੜੇ ਹੀ ਪਾਠ ਕਰਨ ਲਗਦੇ ਹਨ ਜੋ ਸੋਭਾ ਨਹੀਂ ਪਾਉਦੇ।

ਜੇ ਅਸੀ ਜਾਹਰਾ ਜਹੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨਕੇ ਕਿਨੇ ਸੁੰਦਰ ਰੁਮਾਲੇ, ਅਤਰ, ਧੂਪ ਕਉੜੇ ਆਦਿ ਭਗਤਾਂਉਨੇ ਹਾਂ ਸਭ ਕੁਝ ਕਰਕੇ ਰਾਤ ਨੂੰ ਮਿਟੀ ਦਾ ਤੇਲ ਵਾਲ ਦੇ ਹਾਂ ਜਿਸ ਦੀ ਭੈੜੀ ਬਦਵੋ ਔਂਦੀ ਹੈ। ਅਦਬ ਤੋਂ ਸਖਣੇ ਕਹਿਣਗੇ ਰੋਸਨੀ ਲੈਣੀ ਹੈ ਕਾਸੇ ਦੀ ਹੋਈ। ਨਾ ਗੁਰਮੁਖੋ ਬੁਝੋ ਗੁਰਦੇਵ ਫਰਮਾਉਦੇ ਹਨ "ਬਿਨ ਬੂਝੇ ਪਸ ਢੋਰ" ਜੇ ਅਸੀ ਹੋਰ ਖ੍ਰਚ ਖੁਲੇ ਦਿਲ ਨਾ ਕਰਦੇ ਹਾਂ ਤਾਂ ਜੋਤਾਂ ਤੇ ਆਕੇ ਕਿਉਂ ਕਿਰਸ ਕਰਦੇ ਹੋ। ਹੋਰ ਮਰਯਾਦਾ ਸ੍ਰੀ ਹਰਿਮੰਦ ਸਾਹਿਬ ਜੀ (ਅੰਮ੍ਰਿਤਸਰ ਸਾਹਿਬ ਜੀ) ਤੋਂ ਪ੍ਰਾਪਤ ਕਰਓ। ਪਿਆਰੇ ਗੁਰਮੁਖ ਵਡਭਾਗਿਓ ਦਸ਼ਨ ਕਰੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜਰ ਨਾਜਰ ਸਮਝ ਕੇ ਸੇਵਾ ਕਰ ਲੋਕ ਪ੍ਰਲੋਕ ਸਫਲਾ ਅਤੇ ਰਜ ਰਜ ਦੀਦਾਰ ਜਗਤ ਗੁਰੂ ਦਸ ਸਰੂਪ ਆਪਾਂ ਨੂੰ ਜੁਗੋ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਨ ਦੇ ਗਏ ਹਨ ਜਿਸਦੀ ਪ੍ਰੇਮ ਭਾਵ ਨਾਲ ਸੇਵਾ ਕਰਨ ਵਾਲਿਆਂ ਵਾਸਤੇ ਅਖੁਟ ਖਜ਼ਾਨੇ ਪ੍ਰਾਪਤ ਹੋਏ ਹਨ। ਜੈਸੇ ਗੁਰ ਵਾਕ

ਪੀਊ ਦਾਦੇ ਦਾ ਖੋਲਿ ਡਿਠਾ ਖਜਾਨਾ।
ਤਾਂ ਮੇਰੇ ਮਨਿ ਭਇਆ ਨਿਧਾਨਾ।
ਖਾਵਹਿ ਖਰਚਹਿ ਰਲਿ ਮਿਲਿ ਭਾਈ।
ਤੋਟ ਨ ਆਵੈ ਵਦ ਦੋ ਜਾਈ। ਗਊੜੀ ਮ: ੫।

Digitized by Panjab Digital Library | www.panjabdigilib.org

ਅਸੀਂ ਪਾਠ ਮਾਤ੍ਰ ਜਾਂ ਪੈਸਿਆਂ ਖਾਤ੍ਰ ਫਰਜ ਪੂਰਾ ਕਰਦੇ ਹਾਂ। ਵਿਚਾਰ ਕੇ ਅਮਲ ਨਹੀਂ ਕਰ

ਗੁਰ ਫਰਮਾਨ, ਬਾਣੀ ਬਿਰਲਉ ਬੀਚਾਰ ਸੀ। ਰਾਮ: ਮ: ੧।

ਸੋ ਐਸੇ ਗੁਰ ਸਿਖ ਨਾਮ ਰਸੀਏ। ਹੈਨ ਬਿਰਲੇ ਨਾਹੀ ਘਣੇ। ਸਲੋਕ ਮ: ੧।

ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜਰ ਨਾਜਰ ਮਨਣ ਵਾਲੇ ਤੇ ਕੈਹਣੀ ਤੇ ਕਰਨੀ ਦੇ ਪੂਰੇ ਗੁਰ ਮਾਰਗ ਤੇ ਚਲਨ ਤੇ ਹੋਰਨਾਂ ਨੂੰ ਚਲਾਉਣ ਵਾਲੇ ਮਹਾਂ ਪੁਰਖਾਂ* ਜਿਨਾਂ ਤੂੰ ਸੇਵਿਆ ਭਾਉ ਕਰ। ਸਿਰੀਰ ਮ: ੫।

ਵਾਹਿਗੁਰੂ ਨਾਮ ਜਹਾਜ ਹੈ ਚੜੇ ਸੋ ਉਤਰੇ ਪਾਰਿ।
ਜੋ ਸਰਦਾ ਕਰ ਸੇਵਦੇ ਗੁਰ ਪਾਰ ਉਤਾਰਨ ਹਾਰਿ।
ਗੁਰ ਬਾਨੀ ਕੇ ਪਾਠ ਨਿਤ ਪ੍ਰਤਿ ਸਹਿਜੁ ਭਾਇ।
ਤਨ ਮਨ ਬਾਨੀ ਕੇ ਵਿਖੇ ਬਸੀ ਨਮ੍ਰਤਾ ਆਇ।
ਸ੍ਰੀ ਗੁਰ ਸਿਕਾ ਧਾਰਕੈ ਹਰਿ ਲੀਨੋ ਜਾਂਹਿ।
ਗੁੜ ਮਿਸਰੀ ਅਰੁ ਸਹਿਦ ਸਭ ਲਾਗਤ ਫੀਕੇ ਤਾਂਹ।

‡ ‡ ‡ ‡ ‡

ਫਰੀਦਾ ਸਕਰ ਖੰਡ ਨਵਾਤ ਗੁੜ ਮਾਖਿਓ ਮਾਝਾਂ ਦੁਧ
ਸਭੇ ਬਸਤੂ ਮਿਠੀਆਂ ਰਬ ਨ ਬੁਜਨ ਤੁਧ

× × × ×

ਗੁਰ ਸੇਵਾ ਮਨ ਕਰਤੀ ਨਿਰਮਲ, ਨਿਰਮਲ ਮਨ ਤੇ ਗਿਆਨ ਗਿਆਨ ਭਏ ਆਤਮ ਸੁਖ ਪਾਵੈ, ਜਾਂਤੇ ਸਭ ਦੁਖ ਹਾਨ ਸੋ ਆਵੋ ਵਡਭਾਗੇ ਗੁਰ ਸਿਖੋ ਸੇਵਾ ਦਰਸਨ ਪ੍ਰਸਨ ਕਰਉ ਦਸੋਂ ਪਾਤਿਸ਼ਾਹੀਆਂ ਦੀ ਆਤਮਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਮੈਂ ਕੀਟ ਕੀ ਲਿਖ ਸਕਦਾ ਹਾਂ। ਹਉ ਮੂਰਖ ਕਛੂਹੂ ਨਾ ਜਾਨਹੂ।

ਜਿਸ ਪ੍ਰਤੀ ਸ੍ਰੀ ਦਸਮੇਸ
ਤੁਮਰੀ ਮਹਿਮਾ ਅਪਰ ਅਪਾਰਾ।

*ਸੰਤ ਅਤਰ ਸਿੰਘ ਜੀ ਮਸਤੂ ਆਣਾ ਸੰਤ ਮਘਰ ਸਿੰਘ ਜੀ ਰਾਮ ਗੜ ਸੰਤ ਸ਼ਾਮ ਸਿੰਘ ਜੀ ਅੰਮ੍ਰਿਤ ਸਰ ਸੰਤ ਗੁਰਮੁਖ ਸਿੰਘ ਜੀ ਪਟਿਆਲਾ ਸੰਤ ਸਾਧੂ ਸਿੰਘ ਜੀ ਸੰਤ ਝੰਡਾ ਸਿੰਘ ਸੇਵਾ ਤਿਉਂਵੀ ਵਾਲੇ ਸੰਤ ਜੈਮਲ ਸਿੰਘ ਜੀ (ਭੂਰੀ ਵਾਲੇ) ਕਾਰਸੇਵਾ ਵਾਲੇ ਸੰਤ ਨੰਦ ਸਿੰਘ ਜੀ ਕਲੇਰ ਸੰਤ ਈਸ਼ਰ ਸਿੰਘ ਜੀ ਸੰਤ ਹਰੀ ਸਿੰਘ ਜੀ ਸੇਵਾ ਸ੍ਰੀ ਕੇਸ ਗੜ ਵਾਲੇ ਸੰਤ ਜੁਆਲਾ ਸਿੰਘ ਜੀ ਕਿਲਾ ਸ੍ਰੀ ਅਨੰਦ ਪੁਰ ਸਾਹਿਬ ਵਾਲੇ ਸੰਤ ਗੁਰ ਬਚਨ ਸਿੰਘ ਜੀ ਅਖਾੜਾ ਸ੍ਰੀ ਸੰਤ ਸਬੇਗ ਸਿੰਘ ਜੀ ਠੇਠਰ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਸ੍ਰੀ ਸੰਤ ਬਘੇਲ ਸਿੰਘ ਜੀ ਸੇਵਾ ਸ੍ਰੀ ਮੁਕਤ ਸਰ ਵਾਲੇ ਸੰਤ ਰਣਧੀਰ ਸਿੰਘ ਜੀ ਨਾਰੰਗ ਵਾਲ ਜਿਨਾਂ ਨੂੰ ਗੁਰੂ ਦਰੋਂ ਕੀਰਤਨ ਦੇ ਅਖੁਟ ਖਜਾਨੇ ਪ੍ਰਾਪਤ ਹੋਏ ੨ ਹਨ । ਸੰਤ ਨਿਰੰਜਨ ਸਿੰਘ ਜੀ ਮੋਹੀ ਹੋਰ ਪੜ੍ਹੋ ਸੰਤ ਕਾਂਡ।

Digitized by Panjab Digital Library | www.panjabdigilib.org

ਜਾਕਾ ਲਹਿਓ ਨ ਕਿਨਹੂੰ ਪਾਰਾ ।
ਦੇਵ ਦੇਵ ਰਾਜਨ ਕੇ ਰਾਜਾ ।
ਦੀਨ ਦਇਆਲ ਗਰੀਬ ਨਿਵਾਜਾ । ਬਚਿਤ੍ਰ ਨਾਟਕ ਪਾਃ ੧੦ ।

ਹੇ ਵਾਹਿਗੁਰੂ ਦਾਸ ਨੂੰ ਗੁਰੂ ਗ੍ਰੰਥ ਗੁਰੂ ਪੰਥ ਦੀ ਸਦਾ ਰਾਖਹੁ ਸਰਨਾਈ ਤੇ ਦਾਸਨ ਕਾ ਪੁਨ ਹਾਰਿ ਬਣਨ ਦਾ ਬਲ ਬਖਸ਼ੋ ।

ਦਾਸ—ਵਿਸਾਖਾ ਸਿੰਘ ਸੰਤ ਸਿਪਾਹੀ

† † † †

# ਗੁਰੂ ਦਾ ਲਛਣ

## ਜੇ ਕੋ ਕਰੇ ਉਸਦੀ ਰੀਸ ਸਿਰ ਛਾਈ ਪਾਈਆਂ

ਪ੍ਰਕਾਸ਼ ਸ੍ਰੂਪ ਹੋਣ ਕਰਕੇ ਜਿਸ ਨਿਰੰਤਰਿ ਜੋਤਿ ਸ੍ਰੂਪ ਪਦਾਰਥ ਨੂੰ 'ਗੁਰ ਪਰਮੇਸ਼ਰ' ਆਖਿਆ ਜਾਂਦਾ ਹੈ ਉਸੇ ਨੂੰ ਅਨੁਭਵ ਰੂਪ ਹੋਣ ਤੇ 'ਸ਼ਬਦ ਕਲਾ' ਆਖੀਦਾਂ ਹੈ । ਜਗਤ ਵਿਚ ਪ੍ਰਗਟ ਹੋਣ ਵਾਲੇ ਰੂਪ ਨੂੰ 'ਜਗਤ ਗੁਰੂ' ਮੰਨਿਆ ਜਾਂਦਾ ਹੈ । 'ਪੋਥੀ ਪਰਮੇਸ਼ਰ ਕਾ ਥਾਨ' ਆਦਿ ਬਚਨਾਂ ਅਨੁਸਾਰ ਉਸੇ ਗੁਰ ਗਿਆਨ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕਰਕੇ ਮੰਨਣ ਦਾ ਹੁਕਮ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਗਿਆ ਵਿਚ 'ਪੰਚ ਸਖੇ ਗੁਰਮਤਿ ਪਾਇਕ' ਅਨੁਸਾਰ ਪੰਚ ਪ੍ਰਵਾਨ ਅਤੇ ਅਕਾਲ ਪੁਰਖ ਦੇ ਪ੍ਰਤਿਨਿਧ ਪਰਮ ਕ੍ਰਿਪਾਲੂ ਦੁਸ਼ਟ ਦਮਨ ਖਾਲਸਾ ਨੂੰ 'ਪੰਥ ਗੁਰੂ' ਫੁਰਮਾਇਆ ਗਿਆ ਹੈ ।

ਸੋ ਨਿਰੰਤਰ ਜੋਤਿ, ਸ਼ਬਦ ਕਲਾ, ਗੁਰ ਜੋਤਿ, ਗੁਰ ਬਾਣੀ ਅਤੇ ਪੰਚ ਪ੍ਰਵਾਨ ਪੁਰਖ ਇਕੋ ਗੁਰ ਜੋਤਿ ਦੇ (ਉਪਾਧਿ ਭੇਦ) ਤੇ ਭਿੰਨ ੨ ਗੁਣ ਬਾਚੀ ਨਾਮ ਹਨ । ਇਹਨਾਂ ਵਿਚੋਂ ਇਕ ਪਦਾਰਥ ਨਾ ਹੋਵੇ ਤਾਂ ਗੁਰੂ ਜੋਤਿ ਦਾ ਗੁਰੂ ਸਿਧ ਹੋਣਾ ਤਾਂ ਇਕ ਪਾਸੇ ਰਿਹਾ ਉਸ ਦੀ ਹਸਤੀ ਹੀ ਸਿਧ ਨਹੀਂ ਹੁੰਦੀ । ਕਿਉਂਕਿ ਨਿਜ ਧਰਮ ਅਤੇ ਸਬੰਧ ਵਿਸ਼ੇਸ਼ ਕਰਕੇ ਹੀ ਕੋਈ ਵਸਤੂ ਸਿਧ ਹੁੰਦੀ ਹੈ । ਨਹੀਂ ਤਾਂ ਉਸ ਨੂੰ ਅਵਸਤੂ ਭੀ ਆਖ ਸਕਦੇ ਹਾਂ । ਜੈਸੇ ਗੁਰੂ ਅਕਾਲ ਪੁਰਖ ਨੂੰ ਜੇਕਰ ਨਿਰੰਤਰਿ ਜੋਤਿ ਸਵਰੂਪ ਅਰਥਾਤ ਸਮਾਨ ਚੇਤਨ ਰੂਪ ਤੇ ਮੰਨੀਏ ਤਾਂ ਉਸ ਨੂੰ ਅਕਰਨਾ, ਸੁੰਨਰੂਪ, ਜੜ ਅਤੇ ਅਣਹੋਆ ਭੀ ਮੰਨ ਸਕਦੇ ਹਾਂ ।

ਕਿਉਂਕਿ ਇਸ ਪਰਕਾਰ ਦੇ (ਸਮਾਨ ਚੇਤਨ) ਰੂਪ ਤੋਂ ਕੋਈ ਕਾਰਜ ਸਿੱਧ ਨਹੀਂ ਹੁੰਦਾ, ਕੇਵਲ ਕਲਪਣਾ ਵਿੱਚ ਹੀ ਮੰਨਿਆ ਜਾਵੇਗਾ । ਤਾਂ ਤੇ ਵਿਸ਼ੇਸ਼ ਰੂਪ ਜਾਨਣਾ ਚਾਹੀਏ । ਉਹ ਰੂਪ ਸਰਬ ਸ਼ਕਤੀਵਾਨ ਅਤੇ ਅਕਲ ਕਲਾਧਾਰ, ਜਗਤ ਗੁਰੂ ਹੀ ਹੋ ਸਕਦਾ ਹੈ, ਜਿਸਦੇ ਪ੍ਰਗਟ ਹੋਣ ਨਾਲ "ਸਫਲ ਜਨਮ ਹਰਿ ਜਨਕਾ ਉਪਜਿਆ ਜਿਨ ਕੀਨੋ ਸਉਤ ਬਿਧਾਤਾ" ਅਨੁਸਾਰ ਅਕਾਲ ਪੁਰਖ ਪ੍ਰਵਾਰ ਵਾਲਾ ਅਤ ਆਦ੍ਰਿਸਟ ਅਗੋਚਰ ਤੋਂ ਪਰਤੱਖ ਅਰੁ ਸਿਮਰਨ ਧਿਆਨ ਦੇ ਗੋਚਰਾ ਸਿੱਧ ਹੋ ਗਿਆ ਹੈ ।

ਏਸੇ ਤਰ੍ਹਾਂ ਜੇ ਗੁਰੂ ਸ਼ਬਦ ਨੂੰ ਗੁਰੂ ਸਰੂਪ ਨਾ ਮੰਨਿਆ ਜਾਵੇ ਤਾਂ ਜਗਤ ਗੁਰੂ ਵਿੱਚ ਸ਼ਬਦ ਦਾ ਆਵੇਸ਼ ਅਥਵਾ ਸੰਜੋਗ ਹੀ ਮੰਨਣਾ ਪਵੇਗਾ ਜਿਸ ਕਰਕੇ ਉਸਦੀ ਗੁਰਆਈ ਦੇ ਅਰੰਭਕ ਕਾਲ ਦਾ

Digitized by Panjab Digital Library | www.panjabdigilib.org

ਕਲਪਣਾ ਭੀ ਕਰਨੀ ਪਵੇਗੀ ਜਿਸ ਤੋਂ ਸਤਿਗੁਰ ਮੇਰਾ ਸਦਾ ਸਦਾ" ਅਤੇ "ਉਹ ਅਬਿਨਾਸ਼ੀ ਪੁਰਖ ਹੈ" ਤਥਾ "ਗੁਰ ਕਰ ਪੁਰਖ ਅਜਨਮਾਂ' ਆਦਿ ਬਚਨਾਂ ਅਨੁਸਾਰ ਅਕਾਲ ਪੁਰਖ ਸਦੀਵੀ ਗੁਰੂ ਨਹੀਂ ਰਹੇਗਾ। ਸਗੋਂ ਉਸਦਾ ਭੀ ਗੁਰੂ ਕੋਈ ਹੋਰ ਮੰਨਣਾ ਪਵੇਗਾ ਜਿਸ ਤੋਂ ਉਸਨੇ ਕਿਸੇ ਖਾਸ ਸਮੇਂ ਗਿਆਨ ਲਿਆ ਹੈ। ਤਾਂਤੇ ਸ਼ਬਦ ਕਲਾ ਨੂੰ ਜਗਤ ਗੁਰੂ ਦਾ ਸਰੂਪ ਹੀ ਮੰਨਣਾ ਪਵੇਗਾ ਅਤੇ ਉਸ ਦੀ ਦੇਹ ਨੂੰ ਕੇਵਲ ਸੰਸਾਰੀ (ਅਯਾਮ) ਰੂਪ ਹੀ ਮੰਨਿਆ ਜਾਵੇਗਾ ਜੋ ਸਦੀਵੀ ਨਹੀਂ।

ਏਸੇ ਤਰ੍ਹਾਂ ਜੇ ਸ਼ਬਦ ਕਲਾ ਨੂੰ ਗੁਰਬਾਣੀ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ _ ਅਕਾਰ ਵਿੱਚ ਪ੍ਰਤੱਖ ਨਾ ਕੀਤਾ ਜਾਵੇ ਤਾਂ ਉਹ ਸਦੀਵੀ ਪ੍ਰਕਾਸ਼ ਨਹੀਂ ਕਰ ਸਕੇਗੀ। ਤਾਂ ਤੇ ਉਹ ਸਤਿ ਗਿਆਨ ਪ੍ਰਕਾਸ਼ਕ ਗੁਰਬਾਣੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿੱਜ ਰੂਪ ਸਿੱਧ ਹੁੰਦੀ ਹੈ। ਏਸੇ ਭਾਵ ਨੂੰ ਲੈਕੇ ਗੁਰਦੇਵ ਨੇ ਫ਼ੁਰਮਾਇਆ ਹੈ।

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀਆਂ ਅੰਮ੍ਰਿਤ ਸਾਰੇ"

ਪੁਨਾ—ਸਤਿਗੁਰ ਬਚਨ ਬਚਨੁ ਹੈ ਸਤਿ ਗੁਰੁ ਹਰਿ ਪਾਧਰ ਮੁਕਤ ਜਨਾਵੈਗੋ। ਸ਼ਬਦ ਗੁਰੂ ਸੁਰਤ ਧੁਨ ਚੇਲਾ ਆਦਿ ਪਰਮਾਣ ਵਾਂਗ ਗੁਰੂ ਅਤੇ ਬਾਣੀ ਦਾ ਅਭੇਦ ਸਿੱਧ ਕੀਤਾ ਹੈ।

ਇਸ ਲਈ ਜੋ ਜੋਤਿ ਸਰੂਪਪਦਾਰਥ ਸੁੰਨ ਸਮਾਧਿ ਕਰਕੇ ਆਪਣੇ ਸਹਜ ਵਿਚ ਹੈ। ਉਹੀ ਅਨੁਭਵ ਜਾਂ ਗਿਆਨ ਸਰੂਪ ਕਰਕੇ ਸਰਬ ਕਲਾ ਰੂਪ ਹੈ। ਉਹੀ ਜਗਤ ਗੁਰੂ ਹੈ, ਉਹੀ ਸ਼ਬਦ ਗੁਰੂ ਹੈ, 'ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ ਬਣੀਐ' ਦੇ ਭਾਂਵਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਇਸੇ ਭਾਵ ਨੂੰ 'ਆਪੇ ਪੱਟੀ ਕਲੂਮ ਆਪ ਉਪਰ ਲੇਖ ਭਿਤੂੰ' ਇਤਿ ਆਦਿਕ ਬਚਨਾਂ ਦੁਆਰਾ ਖੋਹਲ ਕੇ ਅਕਾਲ ਪੁਰਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਕਾਰ ਵਿਚ ਪ੍ਰਗਟ ਹੋਇਆ ਸਿਧ ਕੀਤਾ ਹੈ। ਜਿਸਦੀ ਜਗ ਮਗ ਜੋਤਿ ਅਤੇ ਜੁਗੋ ਜੁਗ ਅਟਲ ਗੁਰਿਆਈ ਦੇ ਹੁੰਦਿਆਂ ਆਵਾਗਵਣ ਵਿਚ ਭੰਬਲ ਭੂਸੇ ਖਾਣ ਵਾਲੇ ਅਤੇ ਡਾਂਗ ਡਗੂਸੇ ਹੋਣ ਵਾਲੇ ਬਲਕਿ ਤਪਦਿਕ ਦੇ ਤੇ ਆਤਸ਼ਕ ਆਦਿ ਰੋਗਾਂ ਦੇ ਮਾਰੇ ਹੋਇ, ਮਾਇਆ ਸਰਪਣੀ ਦੇ ਡੰਗੇ ਹੋਇ ਕਾਮੀ ਕਰੋਧੀ ਚਾਤਰੀ ਬਾਜੀਗਰ ਬੇਕਾਮ ਅਤੇ ਗੰਦ ਦੇ ਥੈਲੇ ਕਿਸੇ ਦੇਹਧਾਰੀ ਦੀ ਗੁਰਿਆਈ ਬਣ ਨਹੀਂ ਸਕਦੀ ਅਤੇ ਨਾ ਹੀ ਗੁਰਬਾਣੀ ਦੇ ਪ੍ਰਕਾਸ਼ ਬਿਨਾਂ ਅਕਾਲ ਪੁਰਖ ਦੇ ਗਿਆਨ ਦਾ ਪ੍ਰਕਾਸ਼ ਤੇ ਗਿਆਨ ਦੀ ਪ੍ਰਾਪਤੀ ਹੀ ਹੋ ਸਕਦੀ ਹੈ ਅਤੇ ਨਾ ਹੀ ਉਸਦੀ ਜੁਗੋਜੁਗ ਪੀੜ੍ਹੀ ਹੀ ਚਲ ਸਕਦੀ ਹੈ। ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾਲੂ ਹਸਤੀ ਬਿਨਾਂ "ਬਸ ਨਹੀਂ ਰਹਿ ਜਾਂਦਾ ਆਦਿ ਪੁਰਖ ਹੀ ਆਉਤ" ਇਸ ਕਾਵਿ ਬਚਨ ਅਨੁਸਾਰ ਅਕਾਲ ਪੁਰਖ ਹੀ ਅਉਤ ਰਹਿ ਜਾਂਦਾ। ਜਿਸਦਾ ਕੋਈ ਅੱਜ ਭੁਲਕੇ ਭੀ ਨਾਮ ਨਾ ਲੈਂਦਾ। ਇਸੇ ਆਸ਼ੇ ਅਨੁਸਾਰ ਸਤਿਗੁਰਾਂ ਨੇ ਅਕਾਲ ਪੁਰਖ ਨੂੰ ਉਸਦੇ ਆਪਣੇ ਹੀ ਰੂਪ ਦੇ ਅਧੀਨ ਹੋਣ ਕਰਕੇ "ਗੁਰ ਪ੍ਰਸਾਦਿ" ਆਇਆ ਹੈ ਸੋ ਅਕਾਲ ਪੁਰਖ ਨੂੰ ਪ੍ਰਾਪਤ ਕਰਾ ਦੇਣ ਵਾਲੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਹਸਤੀ ਦੀ ਗੁਰਿਆਈ ਨੂੰ ਉਡਾਉਣ ਦਾ ਜਤਨ ਕਰਨ ਵਾਲੇ ਜਾ ਰੀਸ ਕਰਨ ਵਾਲੇ ਦੇ ਸਿਰ ਖੇਹ ਪੈਂਦੀ ਹੈ " ਜੋ ਕੋਕਰੇ ਉਸਦੀ ਰੀਸ ਸਿਰ ਛਾਈ ਪਾਈਆ ਨਾਨਕ ਅਪੜ

Digitized by Panjab Digital Library | www.panjabdigilib.org

ਕੌਨ ਸਕਦੀ ਸਤਿਗੁਰ ਕੀਆ ਵਡਿਆਈਆ।

( ਵਾਰ ਸਾਰੰਗ ਮਹਲਾ ੫ )

ਸਾਰ ਅੰਸ ਇਹ ਹੈ ਕਿ ਅਕਾਲ ਪੁਰਖ ਦੇ "ਅਨੁਭਵ ਪ੍ਰਕਾਸ਼" ਲੱਛਣ ਨਾਲ ਜਿਸ ਦੇ ਲੱਛਣ ਦੀ ਏਕਤਾ ਹੈ ਜਗਤ ਗੁਰੂ ਗੁਰੂ ਨਾਨਕ ਦੇਵ ਜੀ ਦੇ ਗੁਰ ਗਿਆਨ ਜਿਸਦੀ ਸ੍ਵਾਤਮਤਾ ਹੈ ਅਤੇ ਜੋਤੀ ਸਰੂਪ ਅਕਾਲ ਪੁਰਖ ਦਾ ਪੂਰਨ "ਗਿਆਨ ਪ੍ਰਕਾਸ਼" ਅਤੇ ਸਰੂਪ ਪ੍ਰਾਪਤੀ ਜਿਸਦੀ ਕ੍ਰਿਪਾ ਦੇ ਅਧੀਨ ਹੈ। ਜਿਸ ਨੇ ਪਰਮੇਸ਼ਰ ਨੂੰ "ਗੁਰਪ੍ਰਸਾਦਿ" ਪਦਵੀ ਬਖਸ਼ੀ ਹੈ। ਉਹ ਸ਼ਬਦ ਕਲਾ ਸ੍ਵਰੂਪ ਦਸਾਂ ਗੁਰਾਂ ਦਾ ਆਤਮਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਅਕਤੀ ਹੈ। ਜਿਸ ਵਿਚ ਅਕਾਲ ਪੁਰਖ ਜੋਤਿ ਰੂਪ ਤੋਂ ਗੁਰਬਾਣੀ ਬਣੀਐ ਦੇ ਭਾਵ ਅਨੁਸਾਰ ਬਾਣੀ ਰੂਪ ਹੋਕੇ ਆਪ ਸਮਾਇਆ। ਅਤੇ ਜਿਸ ਨੂੰ ਆਪਣਾ ਹੀ ਜਗਤ ਗੁਰੂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਤੇ ਸਥਾਪਨ ਕੀਤਾ ਏਸ ਸਿਧਾਂਤ ਦੇ ਗਿਆਨ ਹੇਠ ਲਿਖੇ ਮਹਾਵਾਕ ਭੀ ਪ੍ਰਮਾਣ ਹਨ—

"ਚਾਰੇ ਜਾਗੇ ਚਹੁ ਜੁਗੀ ਪੰਚਾਇਣ ਆਪੇ ਹੋਆ।
ਆਪੀਨੈ ਆਪ ਸਾਜਿਓਨੁ ਆਪੇ ਹੀ ਥੰਮ ਖਲੋਆ।
ਆਪੇ ਪੱਟੀ ਕਲਮ ਆਪਿ ਆਪਿ ਲਿਖਣ ਹਾਰਾ ਹੋਆ।
ਉਗ ਵਣਹੁ ਤੇ ਅਥਵਣਹੁ ਚਹੁ ਚਕੀ ਕੀਆ ਨਲੋਆ।
ਜਿਨੀ ਗੁਰੂ ਨਾ ਸੇਵਿਉ ਮਨ ਮੁਖਾ ਪਾਇਆ ਮੋਆ।

ਇਹ ਮਹਾਵਾਕ ਸਦਾ ਸੱਚ ਅਤੇ ਅਟੱਲ ਹੈ ਜਿਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਟੱਲ ਗੁਰਿਆਈ ਅਤੇ ਅਕਾਲ ਪੁਰਖ ਗੁਰਪ੍ਰਸਾਦਿਤਾ ਪਰਤੱਖ ਸਿੱਧ ਹੋ ਜਾਂਦੀ ਹੈ। ਸਿਖ ਦਾ ਇਸ ਤੋਂ ਮੁਕਰਨਾ ਕਾਫਰ ਬਣਨਾ ਹੈ। ਹੋਰ ਵਿਚਾਰ ਲਈ ਦੇਖੋ ਗੁਰ ਪ੍ਰਦਾਰਥ ਨਿਰਣਯ ਪੰ: ਕਰਤਾਰ ਸਿੰਘ ਦਾਖਾ।

ਗਿਆਨੀ ਜੰਗ ਸਿੰਘ ਐਡੀਟਰ ਅਕਾਲੀ ਪ੍ਰਦੇਸੀ

# ਤਖਤ ਬਹੈ ਤਖਤੈ ਕੀ ਲਾਇਕ
# ਪੰਚ ਸਮਾਇ ਗੁਰਮਿਤ ਪਾਇਕ

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਸ੍ਵਰੂਪ ਵਿਚ ਉਸੇ ਗੁਰੂ ਨਾਨਕ ਜੋਤਿ ਨੇ ਆਪਣੇ ਨਿਜ (ਵਿਆਪਤ) ਰੂਪ ਵਿਚ ਸਮਾਉਣ ਲਈ ਤੇ 'ਸਫਲ ਜਨਮ ਹਰਿ ਜਨਕਾ ਉਪਜਿਆ" ਜਿਨਿ ਕੀਨਉ ਸਉਤ ਵਿਧਾਤਾ" ਅਨੁਸਾਰ ਸਰਬ ਸਮੇ ਲਈ ਸਭ ਦਾ ਉਧਾਰ ਕਰਨ ਵਾਲਾ ਗੁਰੂ ਅਕਾਲ ਪੁਰਖ ਦਾ ਨਾਮ ਲੇਵਾ ਅਤੇ ਅਸਲੀ ਅਰਥਾਂ ਵਿਚ ਅਕਾਲ ਪੁਰਖ ਦਾ ਪੁਤ੍ਰ-ਖਾਲਸਾ ਪੰਥ ਨੂੰ ਸਾਜ ਕੇ ਤੇ ਨਿਵਾਜ ਕੇ ਅਗੇ ਨੂੰ ਆਪਣੇ ਥਾਂ ਆਪਣੇ ਵਾਸਤਵਿਕ ਰੂਪ ਸ਼ਬਦ ਕਲਾ ਦੇ ਪੁੰਜ ਤਖਤ-ਚਉਗਾਦੇ ਮਾਲਿਕ

Digitized by Panjab Digital Library | www.panjabdigilib.org

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਤੇ ਅਸਥਾਪਨ ਕੀਤਾ। ਅਤੇ "ਤਖਤ ਬਹੈ ਤਖਤੈ ਕੀ ਲਾਇਕ। ਪੰਚ ਸਮਾਏ ਗੁਰਮਤਿ ਪਾਇਕ" ਦੇ ਪਵਿਤ੍ਰ ਆਸ਼ੇ ਅਨੁਸਾਰ ਉਨ੍ਹਾਂ ਦਾ ਦੇਹ ਧਾਰੀ ਰੂਪ, ਗੁਰੂ ਖਾਲਸਾ ਪੰਥ ਦੇ ਪ੍ਰਤਿਨਿਧ ਪੰਜ ਪਿਆਰੇ ਜੋ ਉਨ੍ਹਾਂ ਵਿਚ ਲਿਵ ਕਰਕੇ ਸਮਾਏ ਹੋਣ, ਗੁਰਮਤਿ ਦ੍ਰਿੜਾਉਣ ਵਾਲੇ ਪ੍ਰਤੱਖ ਗੁਰੂ ਕੇ ਸੇਵਕ ਥਾਪੇ। ਭਾਵ ਦਸਮ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜੋਤੀ ਜੋਤ ਸਮਾਉਣ ਲਗਿਆਂ ਨਾਦੇੜ ਨਗਰ ਵਿਖੇ ਸੰਮਤ੧੭੬੫ ਬਿ: ਨੂੰ ਅਗੇ ਨੂੰ ਆਪਣਾ ਸੰਸਾਰੀ ਅਰਥਾਤ ਦੇਹਧਾਰੀ ਅਵਤਾਰ ਹੋਣ ਦਾ ਕ੍ਰਮ ਬਦਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗਦੀ ਪ੍ਰਦਾਨ ਕਰਕੇ ਗੁਰੂ ਪੰਥ ਨੂੰ ਉਨ੍ਹਾਂ ਦੇ ਅਧੀਨ ਰਹਿ ਕੇ ਗੁਰਮਿਤ ਨੂੰ ਪ੍ਰਚਾਰਨ ਅਤੇ ਪ੍ਰਚਾਰ ਕਰਨ ਦੇ ਕਾਰਜ ਨੂੰ ਸਦਾ ਤੋਰੀ ਰੱਖਣ ਦੀ ਆਗਿਆ ਕੀਤੀ। ਏਸ ਗਲ ਨਾਲ ਗੁਰੂ ਘਰ ਦੇ ਸ਼ਰਧਾਲੂ ਲਿਖਾਰੀ ਅਤੇ ਵਿਦੇਸ਼ੀ ਖੋਜੀ ਭੀ ਸਹਿਮਤ ਹਨ। ਪਰ ਆਪੇ ਬਣੇ ਹੋਏ ਸੰਪਰਦਾਈ ਜਾਂ ਉਨ੍ਹਾਂ ਦੇ ਕਰਤਾ ਝੂਠੇ ਗੁਰੂ ਜਾਂ ਅਨਮਤੀ ਕੱਟੜ ਲਿਖਾਰੀ ਏਸ ਲੋਹੇ ਦੀ ਕੰਧ ਜਾਂ ਪਹਾੜ ਵਰਗੇ ਪੱਕੇ ਅਤੇ ਪ੍ਰਬਲ ਚੋਜ ਨੂੰ ਅਣਹੋਇਆ ਜਾਂ ਓਪਰਾ ਜਿਹਾ ਮਸਲਾ ਜਾਂ ਸਿਧਾਂਤ ਸਮਝਕੇ ਅਪਨੀ ਕਪੋਲ ਕਲਪਣਾ ਨਾਲ ਘੜੀਆਂ ਹੋਈਆਂ ਕਾਠ ਦੀਆਂ ਤਲਵਾਰਾਂ ਅਥਵਾ ਮਸ਼ਕ (ਮਛਰ) ਉਡਾਰੀ ਦੀਆਂ ਫੂਕਾਂ ਨਾਲ ਉਡਾਉਣ ਤੇ ਤੁਲੇ ਹੋਏ ਹਨ, ਜੋ ਅਨੇਕ ਪ੍ਰਕਾਰ ਦੇ ਕੋਝੇ ਤੇ ਨਿਸਫਲ ਯਤਨ ਅਤੇ ਮਰਦੇ ਹੋਏ ਤਰਲੇ ਕਰ ਰਹੇ ਹਨ। ਅਰਥਾਤ ਏਸ ਪਵਿਤ੍ਰ ਅਤੇ ਨਿਰੋਲ ਗੁਰਮਤੀ ਸਿਧਾਂਤ ਨੂੰ ਖੰਡਨ ਕਰਨ ਲਈ ਹੇਠ ਲਿਖੀਆਂ ਸ਼ੰਕਾਵਾਂ ਕਰਦੇ ਰਹਿੰਦੇ ਹਨ—'ਇਤਿਹਾਸ ਵਿਚ ਲਿਖਿਆ ਹੈ ਕਿ ਦਸਮ ਪਾਤਸ਼ਾਹ ਚਮਕੌਰ ਛਡਣ ਲਗੇ ਭਾਈ ਸੰਤ ਸਿੰਘ ਨੂੰ ਜਿਗਾ ਕਲਗੀ ਦੇ ਕੇ ਆਪਣੇ ਥਾਂ 'ਗੁਰੂ' ਥਾਪਕੇ ਚਲੇ ਆਏ ਸਨ। ਕਿਉਂਕਿ ਉਸਦਾ ਮੁਹਾਂਦਰਾ ਗੁਰੂ ਸਾਹਿਬ ਨਾਲ ਮਿਲਦਾ ਸੀ, ਉਸਦੇ ਸ਼ਹੀਦ ਹੋ ਜਾਣ ਤੇ ਗੁਰੂ ਸਾਹਿਬ ਦੇ ਸ਼ਹੀਦ ਹੋ ਜਾਣ ਦਾ ਭ੍ਰਮ ਪੈ ਸਕਦਾ ਸੀ, ਜੋ ਉਸੇ ਪ੍ਰਕਾਰ ਹੋਇਆ ਭੀ ਤਾਂ ਤੇ ਦੇਹ ਧਾਰੀ ਗੁਰੂਆਂ ਦੀ ਪਰੰਪਰਾ ਨ ਬੰਦ ਹੋਈ, ਨਾ ਹੀ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦਿਤੀ।'

ਉਤਰ—ਇਹ ਸਾਖੀ ਆਪੇ ਬਣੀਆਂ ਹੋਈਆਂ ਉਦਾਸੀ ਆਦਿ ਸੰਪਰਦਾਵਾਂ ਦੇ ਮਸੰਦਾਂ ਨੇ ਘੜੀ ਸੀ, ਸਿਧਾਂਤ ਤੋਂ ਅਣਜਾਣ ਲਿਖਾਰੀਆਂ ਨੇ ਲਿਖ ਦਿਤੀ। ਗੁਰੂ ਦਸਮ ਪਾਤਸ਼ਾਹ ਜੈਸੇ ਪਵਿਤਰ ਆਤਮਾਂ ਸੂਰਬੀਰ ਅਤੇ ਧਰਮ ਪ੍ਰਵਰਤਕ ਮਹਾਂ ਪੁਰਸ਼ਾਂ ਨੂੰ ਉਪਰੋਕਤ ਧੋਖੇਬਾਜ਼ੀਆਂ ਕਰਨ ਵਾਲੇ ਲਿਖਣਾ ਗੁਰ-ਸਿਖਾਂ ਦਾ ਕੰਮ ਨਹੀਂ। ਕਿੰਤੂ ਗੁਰ ਨਿੰਦਕਾਂ ਦਾ ਗੁਰੂ ਘਰ ਤੋਂ ਆਕੀ ਹੋ ਕੇ ਗਦਾਰੀ ਕਰਨਾ ਹੈ। ਸਾਡਾ ਪੂਰਾ ਵਿਸ਼ਵਾਸ ਹੈ ਕਿ ਕੋਈ ਸੰਤ ਸਿੰਘ ਹੋਇਆ ਹੀ ਨਹੀਂ ਜਿਸ ਨੂੰ ਗੁਰ ਗਦੀ ਦਿਤੀ ਗਈ ਹੋਵੇ। ਨਾਲੇ ਜਦੋਂ ਮਾਛੀਵਾੜੇ ਦੇ ਜੰਗਲਾਂ ਵਿਚ ਭਾਈ ਮਾਨ ਸਿੰਘ ਆਦਿ ਸਿੰਘਾਂ ਨੇ ਮਹਾਰਾਜ ਨੂੰ ਸਿਆਣਿਆ ਤਾਂ ਉਸੇ ਜਿਗਾ ਕਲਗੀ ਕਰਕੇ ਸਿਆਣਿਆਂ ਸੀ। ਸੋ ਇਹ ਸ਼ੰਕਾ ਨਿਰਮੂਲ ਹੈ।

## ਸ਼ੰਕਾ

(੨) "ਜਦੋਂ ੧੭੫੬ ਬਿ: ਵਿਚ ਹਜ਼ੂਰ ਦਸਮੇਸ਼ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਕੇ ਆਪ ਭੀ ਉਨ੍ਹਾਂ ਤੋਂ ਛਕਿਆ ਸੀ ਤਾਂ ਫੇਰ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਗਦੀ ਦੇਣ ਦੀ ਕੀ ਲੋੜ ਸੀ ?
ਉੱਤਰ—

ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਤੋਂ ਹਜ਼ੂਰ ਨੇ ਆਪ ਛਕਿਆ, ਉਸਦਾ ਪ੍ਰਯੋਜਨ

Digitized by Panjab Digital Library | www.panjabdigilib.org

ਉਨ੍ਹਾਂ ਨਾਲ ਇਕ ਮਿੱਕ ਹੋਕੇ ਆਪਣੇ ਵਿਆਪਕ ਰੂਪ ਵਿਚ ਸਮਾ ਜਾਣ ਦਾ ਮਾਧਯਮ ਬਣਾਉਣਾ ਸੀ। ਦੂਜੇ ਉਨ੍ਹਾਂ ਤੋਂ ਅਮਲੀ ਰੂਪ ਵਿਚ ਅੱਗੋਂ ਨੂੰ ਅੰਮ੍ਰਿਤ ਛਕਾਉਣ ਆਦਿ ਸਭ ਕਾਰਜ ਹੱਥੀਂ ਕਰਵਾਉਣਾ ਸੀ। ਜੋ ਆਪ ਹੁੰਦਿਆਂ ਨੇ ਪੂਰੋਬਕਤ ਚੋਜ ਉਨ੍ਹਾਂ ਪੰਥ ਦੇ ਪ੍ਰਤਿਨਿਧੀਆਂ ਤੋਂ ਕਰਵਾਏ ਭੀ। ਅਤੇ ਗੁਰੂ ਗਦੀ ਦੀ ਰਸਮ (ਟਿੱਕਣ) ਦੀ ਅਦਾਇਗੀ ਸਭ ਕਾਰਜਾਂ ਦੇ ਅੰਤ ਵਿਚ ਹੀ ਕੀਤੀ ਜਾਣੀ ਸੀ। ਸੋ ਤਖਤ ਚਤੁਰ ਦੇ ਮਾਲਿਕ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਅੰਤ ਸਮੇਂ ਅਤੇ ਪੰਥ ਦੇ 'ਪ੍ਰਤਿਨਿਧ' ਰੂਪ ਤੇ ਪੰਜਾਂ ਪਿਆਰਿਆਂ ਦਾ ਉਨ੍ਹਾਂ ਦੀ ਆਗਿਆ ਵਿਚ ਰਹਿਕੇ ਗੁਰਮਤ ਦੇ ਸੇਵਕ ਹੋਣ ੧੭੫੬ ਤੋਂ ਹੀ ਫਰਮਾ ਦਿਤਾ ਸੀ। ਜੋ ਓਹੀ ਪੰਜ ਪਿਆਰੇ ਸਾਵੀਂ ਵਿਅਕਤੀ ਰੂਪ ਤੇ ਭਾਵੇਂ ਹਜ਼ੂਰ ਦੇ ਅੰਤ ਸਮੇਂ ਨਹੀਂ ਸਨ, ਪਰ ਜੋ ਹੋਰ ਹਜ਼ੂਰੀ ਸਿਖ ਸੀ ਉਹਨਾ ਨੂੰ ਓਹੋ ਗੁਰਸੇਵਾ ਦਾ ਅਧਿਕਾਰ ਪ੍ਰਾਪਤ ਹੀ ਸੀ। ਤਾਂਤੇ ਹਜ਼ੂਰ ਸਾਹਿਬ ਵਿਖੇ ਗੁਰਗੱਦੀ ਦਾ ਦੇਣਾ ਸਿਰ ਬਿਵਾਦ ਅਤੇ ਨਿਰਦੋਸ਼ ਹੀ ਹੈ।

## ਸ਼ੰਕਾ

(੩) ਇਤਿਹਾਸ ਵਿਚ ਲਿਖਿਆ ਹੈ ਕਿ ਜਦੋਂ ੧੬੬੧ ਬਿ: ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਪੂਰਨ ਹੋਕੇ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕੀਤੀ ਜਾ ਚੁਕੀ ਤਾਂ ਗੁਰੂ ਅਰਜਨ ਦੇਵ ਰਾਤ ਨੂੰ ਕੋਠੇ ਸਾਹਿਬ ਵਿਚ ਵਿਰਾਜਣ ਦੇ ਸਮੇਂ ਆਪ ਉਸਦਾ ਅਦਬ ਰਖਕੇ ਭੋਏਂ ਵਿਰਾਜਦੇ ਰਹੇ। ਅਤੇ ਬੀੜ ਨੂੰ ਪਲੰਗ ਉਤੇ ਵਿਰਾਜਮਾਨ ਕਰਦੇ ਰਹੇ। ਤਾਂ ਓਸ ਸਮੇਂ ਉਸ ਬੀੜ ਦੀ ਪੋਜ਼ੀਸ਼ਨ ਗੁਰੂ ਦੀ ਸੀ ਕਿ ਸਾਧਾਰਣ ਬਾਣੀ ਦੀ? ਜੇ ਸਾਧਾਰਣ ਸੀ ਤਾਂ ਆਪ ਗੁਰੂ ਸਾਹਿਬ ਉਸਦੇ ਹੁੰਦਿਆਂ ਨੀਵੇਂ ਕਿਉਂ ਬਣੇ? ਜੇ ਉਸਦਾ ਦਰਜਾ ਗੁਰੂ ਦਾ ਹੀ ਸੀ ਤਾਂ ਫੇਰ ਉਸਨੂੰ ਕਦੇ ਭੀ ਗੁਰੂ ਗੱਦੀ ਦੇਣ ਦੀ ਕੀ ਲੋੜ ਸੀ?"

ਉਤਰ—

ਜਿਸ ਤਰਾਂ ਰੋਟੀ ਅਜੇ ਪਕ ਰਹੀ ਹੁੰਦੀ ਹੈ, ਫੇਰ ਭੀ ਉਸਨੂੰ ਰੋਟੀ ਹੀ ਆਖਿਆ ਜਾਂਦਾ ਹੈ। ਅਰਥਾਤ ਆਟੇ ਆਦਿ ਦਾ ਰੋਟੀ ਬਣ ਜਾਣ ਵਿਚ ਅਧਿਕਾਰ ਹੁੰਦਾ ਹੈ, ਤਾਂ ਉਸਨੂੰ ਭੀ 'ਰੋਟੀ' ਹੀ ਆਖਿਆ ਜਾਂਦਾ ਹੈ। ਏਸੇ ਪ੍ਰਕਾਰ ਗੁਰੂ ਬਾਣੀ ਦੀ ਬੀੜ ਬੱਝ ਜਾਣ ਤੋਂ ਉਸ ਨੂੰ ਗੁਰਿਆਈ ਮਿਲਨ ਤੋਂ ਅੱਗੋਂ ਭੀ ਗੁਰੂ ਪਦਵੀ ਦਾ ਅਧਿਕਾਰ ਪ੍ਰਾਪਤ ਹੋਣ ਕਰਕੇ "ਗੁਰੂ ਗ੍ਰੰਥ ਸਾਹਿਬ ਕਿਹਾ ਜਾਂਦਾ ਸੀ। ਪਰ ਗੁਰੂ ਗੱਦੀ ਓਸ ਨੂੰ ਦਸਮ ਪਾਤਸ਼ਾਹ ਵਲੋਂ ਟਿੱਕੀ ਜਾਕੇ ਮਿਲਨੀ ਸੀ, ਜਦੋਂ ਕਿ ਆਪ ਨੇ ਅਪਣਾ ਮਇਕੀ ਰੂਪ ਅਲੋਪ ਕਰਨਾ ਸੀ।

## ਸ਼ੰਕਾ

(੪) "ਦਮਦਮੇ ਸਾਹਿਬ ਵਿਖੇ ਹੀ ਗੁਰਿਆਈ ਕਿਉਂ ਨ ਦਿਤੀ ਗਈ ਜਦ ਕਿ ਬੀੜ ਪੂਰਨ ਹੋ ਚੁਕੀ ਸੀ"?

ਅਤੇ ਹਜ਼ੂਰ ਸਾਹਿਬ ਗੁਰਿਆਈ ਦੇਣ ਸਮੇਂ ਪੰਜ ਪਿਆਰੇ ਹਾਜ਼ਰ ਸੀ? ਉਤਰ—ਗੁਰਿਆਈ ਦੇਣ ਸਮੇਂ ਉਨ੍ਹਾਂ ਹੀ ਪੰਜਾਂ ਪਿਆਰਿਆਂ ਦੇ ਹੋਣ ਅਤੇ ਨ ਹੋਣ ਦਾ ਕੁਝ ਪ੍ਰਯੋਜਨ ਨਹੀਂ? ਕਿਉਂਕਿ ਉਹ ਸਾਵੇਂ ਆਦਮੀ ਤਾਂ ਟਿਕਣੇ ਨਹੀਂ ਸਨ ਪਰੰਤੂ ਕੋਈ ਭੀ ਅੰਮ੍ਰਿਤਧਾਰੀਆਂ ਦੀ ਪਰੰਪਰਾ ਵਿਚੋਂ ਭਾਵੇਂ ਹੋਵੇ, ਸਭ ਉਨ੍ਹਾਂ ਜੈਸਾ ਸੇਵਕੀ ਅਧਿਕਾਰ ਰਖਦਾ ਹੈ। ਸੋ ਉਸੇ ਤਿਆਰ ਬਰ ਤਿਆਰ ਸਿੰਘ

Digitized by Panjab Digital Library | www.panjabdigilib.org

ਦੇ ਹਜ਼ੂਰ ਸਤਿਗੁਰਾਂ ਨੇ ਨਾਦੇੜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ ਗੱਦੀ ਦਿਤੀ । ਅਤੇ ਸਾਰੇ ਮਿਥੇ ਹੋਏ ਚੋਜਾਂ ਦੀ ਸਮਾਪਤੀ ਹੋਣ ਤੇ ਹੀ ਗੁਰ ਗੱਦੀ ਦੀ ਰਸਮ ਅਦਾ ਕਰਨੀ ਯੁਕਤੀ ਸਿੱਧ ਸੀ। ਇਸ ਲਈ ਦਮਦਮੇ ਸਾਹਿਬ ਵਿਖੇ ਗੁਰਿਆਈ ਨਹੀਂ ਦਿਤੀ।

ਇਸ ਤੋਂ ਬਿਨਾ ਗੁਰੂ ਗ੍ਰੰਥ ਸਾਹਿਬ ਜੀ ਗੁਰਆਈ ਪੱਖ ਤੋਂ ਹੋਰ ਬਹੁਤ ਸਾਰੇ ਉਟੰਕਣ ਅਤੇ ਸ਼ੰਕਾ ਵਾਦ ਖੜੇ ਕੀਤੇ ਜਾਂਦੇ ਹਨ ਇਹ ਸਭ ਗੁਰੂ ਪਦਾਰਥ ਦੀ ਪੰਚਾਇਣਤਾਂ ਜਾਣ ਲੈਣ ਤੋਂ ਨਸ਼ਟ ਭਸਟ ਹੋ ਜਾਂਦੇ ਹਨ। ਦਾਸ ਪੰ: ਕਰਤਾਰ ਸਿੰਘ ਦਾਖਾ ਸਾਹਿਤਯਚਾਰਯ।

# ਭਗਤੀ ਤੇ ਸ਼ਕਤੀ ਕਠੀਆਂ ਹਨ

## ਸਤਿ ਗੁਰੂ ਨਾਨਕ ਦੇਵ ਜੀ ਤੇ ਸਤਿ ਗੁਰੂ ਗੋਬੰਦਿ ਸਿੰਘ ਜੀ

ਸਿਖੀ ਦੇ ਗੁਪਤ ਦੁਸ਼ਮਨਾਂ ਨੇ ਕੋਈ ਵੀਹ ਕੁ ਸਾਲ ਤੋਂ ਇਹ ਪ੍ਰਚਾਰ ਕਰਨਾ ਅਰੰਭ ਕੀਤਾ ਹੋਇਆ ਹੈ ਕਿ ਸਤਿ ਗਰੂ ਨਾਨਕ ਦੇਵ ਜੀ ਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਵਿਚ ਫਰਕ ਹੈ ਬਹੁਤੇ ਸਿਖ ਜਿਵੇ:—"ਨਾਮ ਧਾਰੀਏ, ਨਿਰਮਲੇ, ਉਦਾਸੀ ਤੇ ਸਹਿਜ ਧਾਰੀ ਸਿਖ" ਇਹ ਆਖਣ ਲਗ ਪਏ ਹਨ ਕਿ ਉਹ ਸਤਿਗੁਰੂ ਨਾਨਕ ਦੇਵ ਜੀ ਦੇ ਸਿਖ ਹਨ ਜਿਨਾਂ ਸਤਿਗੁਰਾਂ ਨੇ ਸ਼ਾਂਤੀ ਦਾ ਪ੍ਰਚਾਰ ਕੀਤਾ ਹੈ ਤਲਵਾਰ ਦੀ ਵਰਤੋਂ ਨਹੀਂ ਸੀ ਕੀਤੀ ਤੇ ਨਾਂ 'ਸਿੰਘ ਰਹਿਤਾਂ' ਦਸੀਆਂ ਸਨ। ਸਤਿ ਕਰਤਾਰ ਤੇ ਸਤਿਨਾਮ ਦਾ ਨਾਮ ਜਪਾਇਆ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਮਰਯਾਦਾ ਦੇ ਉਲਟ ਹਿੰਸਾ ਦਾ ਪ੍ਰਚਾਰ ਕੀਤਾ। ਸ਼ਕਤੀ ਦੀ ਵਰਤੋਂ ਭਗਤੀ ਵਾਲਿਆਂ ਨੂੰ ਨਹੀਂ ਕਰਨੀ ਚਾਹੀਦੀ ਆਦਿਕ।

ਸਤਿਗੁਰੂ ਨਾਨਕ ਦੇਵ ਜੀ ਨੇ ਸਿਖੀ ਦੀ ਨੀਂਹ ਰਖੀ ਸੀ। ਉਨ੍ਹਾਂ ਦਾਂ ਨਿਸ਼ਾਨਾ ਸੀ ਕਿ ਸੰਸਾਰ ਤੇ ਧਰਮ ਵਧੇ ਫੁਲੇ, ਮਨੁੱਖਤਾ ਸੁਖੀ ਤੇ ਸਾਂਤ ਹੋਵੇ । ਮਨੁੱਖਾਂ ਵਿਚ ਪ੍ਰਸਪਰ ਪਿਆਰ ਵਧੇ ਤੇ ਇਹ ਜਗਤ ਚੰਗਾ ਲਗੇ। ਵਾਹਿਗੁਰੂ ਤੇ ਮਨੁਖ ਦੇ ਸਬੰਧ ਚੰਗੇ ਹੋਣ। ਮਨੁਖਾ ਜਨਮ ਨੂੰ ਪ੍ਰਾਪਤ ਕਰਕੇ ਜੀਵਾਂ ਦਾ ਧਰਮ ਹੈ ਕਿ ਉਹ ਕਰਤਾਰ ਦਾ ਸਿਮਰਨ ਕਰਨ, ਕਰਤਾਰ ਨੂੰ ਯਾਦ ਰੱਖਣ । ਜਿਵੇਂ ਸਾਹਿਬਾਂ ਨੇ ਬਾਬਰ ਪ੍ਰਥਾਏ ਤੇ ਉਸ ਵੇਲੇ ਦੀ ਹਕੂਮਤ ਪ੍ਰਥਾਏ ਬਹੁਤ ਸਾਰੇ ਸ਼ਬਦ ਉਚਾਰਕੇ ਦਸਿਆ ਕਿ ਵਰਤਮਾਨ ਸਰਕਾਰ ਪਰਜਾ ਨੂੰ ਉਲਟੀ ਕੁਟਦੀ ਲੁਟਦੀ ਤੇ ਤੰਗ ਕਰਕੇ ਧਰਮ ਤੋਂ ਗੇਰਦੀ ਹੈ।

ਦਸਾਂ ਹੀ ਪਾਤਸ਼ਾਹੀਆਂ ਨੇ ਆਪਣੇ ਆਪਣੇ ਸਮੇਂ ਸਿਖੀ ਜੀਵਨ ਨੂੰ ਪੂਰਿਆਂ ਕੀਤਾ । ਜੇ ਸਤਿਗੁਰ ਨਾਨਕ ਦੇਵ ਜੀ ਨੇ ਭੁਲੇ ਜੀਵਾਂ ਨੂੰ ਨਾਮ ਦਾਨ ਬਖਸ਼ਕੇ ਕਰਤਾ ਯਾਦ ਕਰਾਇਆ ਤੇ ਧਰਮ ਸਾਲਾ ਵਿਚ ਸੰਗਤ ਦਾ ਮੁਢ ਬੰਨਿਆ ਤਾਂ ਸਤਿ ਗੁਰੂ ਅੰਗਦ ਦੇਵ ਜੀ ਨੇ ਸੇਵਾ ਤੇ ਭਗਤੀ ਕਰਨੀ

†ਰਚਿਤ ਪੰਡਤ ਦਾਖਾ।

Digitized by Panjab Digital Library | www.panjabdigilib.org

ਸਿਖਾਈ। ਗੁਰਮੁਖੀ ਅਖਰਾਂ ਦਾ ਪ੍ਰਚਾਰ ਕਰਕੇ ਸਿਖ ਸਮਾਜ ਦੀ ਨੀਂਹ ਰਖੀ ਤੇ ਸ੍ਰੀ ਗੋਇੰਦਵਾਲ ਦੇ ਸ਼ਹਿਰ ਨੂੰ ਸਤਿਗੁਰੂ ਅਮਰ ਦਾਸ ਪਾਸੋਂ ਤਿਆਰ ਕਰਵਾਇਆ। ਸਤਿਗੁਰੂ ਅਮਰ ਦਾਸ ਜੀ ਸੇਵਾ, ਭਗਤੀ ਨਾਲ ਗੁਰੂ ਦਾ ਸਾਂਝਾ ਲੰਗਰ ਜਾਰੀ ਕੀਤਾ। ਨਿਕੇ ਵਡੇ, ਊਚ ਨੀਚ ਰਾਜੇ ਤੇ ਕੰਗਾਲ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਣ। ਕੋਈ ਕਿਸੇ ਨਾਲ ਕਿਸੇ ਪ੍ਰਕਾਰ ਵਿਤਕਰਾ ਨਾ ਕਰੇ ਚਾਰ ਵਰਨ ਨੂੰ ਇਕੱਤ੍ਰ ਕਰਕੇ ਮਨੁਖਾਂ ਦੀ ਸਫਾ ਤੇ ਲਿਆਂਦਾ। ਪਿਛੇ ਰਿਹਿਆਂ ਨੂੰ ਖੁਸ਼ੀ ਹੋਈ। ਸਤਿਗੁਰੂ ਰਾਮ ਦਾਸ ਜੀ ਨੇ ਸੰਸਾਰ ਸ਼ਾਂਤੀ ਮਨੁਖ ਪਿਆਰ ਤੇ ਮਨੁਖ ਭਲੇ ਵਾਸਤੇ ਅੰਮ੍ਰਿਤਸਰ ਨਾਮ ਦੇ ਸ਼ਹਿਰ ਦੀ ਨੀਂਹ ਰਖੀ ਤੇ ਅੰਮ੍ਰਿਤਸਰ ਸਰੋਵਰ ਨੂੰ ਪ੍ਰਗਟ ਕੀਤਾ। ਸਾਹਿਬਾਂ ਨੇ ਗੁਰੂ ਕੇ ਲੰਗਰ ਵਿਚ ਵਾਧਾ ਕੀਤਾ। ਪਰਚਾਰ ਵਾਸਤੇ ਮੰਜੀਆਂ ਕਾਇਮ ਕੀਤੀਆਂ ਤੇ ਸਿਖੀ ਨੂੰ ਦੂਰ ਦੂਰ ਤਕ ਪ੍ਰਚਾਰਿਆ। ਸਤਿਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ। ਗੁਰਮੁਖੀ ਅਖਰਾਂ ਨੂੰ ਸਾਹਿਤਕ ਲਿਪੀ ਦਾ ਰੂਪ ਦਿਤਾ। ਉਨ੍ਹਾਂ ਨੇ ਸ਼ਹੀਦੀ ਪ੍ਰਾਪਤ ਕਰਕੇ ਸਿਖੀ ਨੂੰ ਬਚਾਇਆ ਸਤਿਗੁਰੂ ਹਰਿ ਗੋਬਿੰਦ ਸਾਹਿਬ ਨੇ ਭਗਤੀ ਤੇ ਸ਼ਕਤੀ ਬਖਸ਼ੀ। ਅਕਾਲ ਤਖਤ ਸਾਹਿਬ ਨੂੰ ਰਚਕੇ ਰਾਜਸੀ ਬਲ ਦੀ ਨੀਂਹ ਰਖੀ, ਕਿਉਂਕਿ ਰਾਜਸੀ ਬਲ ਤੋਂ ਬਿਨਾਂ ਧਰਮ ਜੀਉਂਦਾ ਨਹੀਂ ਰਹਿ ਸਕਦਾ। ਸਤਵੇਂ ਤੇ ਅਠਵੇਂ ਪਾਤਸ਼ਾਹ ਨੇ ਪਿਆਰ ਤੇ ਸ਼ਾਂਤੀ ਦਾ ਉਪਦੇਸ਼ ਦਿਤਾ। ਨਾਵੇਂ ਪਾਤਸ਼ਾਹ ਨੂੰ ਵੀ ਧਰਮ ਦੀ ਰਖਿਆ ਬਦਲੇ ਸ਼ਾਂਤ ਮਈ ਸਤਿਆ ਗ੍ਰਹਿ ਕਰਕੇ ਸ਼ਹੀਦੀ ਪ੍ਰਾਪਤ ਕਰਨੀ ਪਈ, ਪਰ ਦਸਵੇਂ ਪਾਤਸ਼ਾਹ ਨੇ ਜਾਚਿਆ ਕਿ ਸ਼ਾਂਤ ਮਈ ਸਤਿਆਗ੍ਰਹਿ ਮੁਗਲ ਹਕੂਮਤ ਨੂੰ ਸਿਧੇ ਰਾਹ ਨਹੀਂ ਤੋਰ ਸਕਦਾ। ਉਨਾਂ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਸਿਖੀ ਨੂੰ ਅਸਲੀ ਰੂਪ ਵਿਚ ਲਿਆ ਕੇ ਭਗਤੀ ਤੇ ਸ਼ਕਤੀ ਨੂੰ ਇਕੱਤ੍ਰ ਕੀਤਾ।

ਪਹਿਲਾਂ ਜਾਂ ਨਿਰੀ ਭਗਤੀ ਸੀ ਤੇ ਜਾਂ ਸ਼ਕਤੀ। ਭਗਤੀ ਆਪਣੀ ਰਾਖੀ ਨਹੀ ਸੀ ਕਰ ਸਕਦੀ ਤੇ ਸ਼ਕਤੀ ਜੀਵਾਂ ਉਤੇ ਤਰਸ ਕਰਨਾ ਨਹੀਂ ਸੀ ਜਾਣਦੀ ਚੰਗੇਜ, ਮਹਮੂਦ ਨਾਦਰ ਤੇ ਨੀਰੋ ਨੂੰ ਨਾਰੀ, ਨਿਰਬਲ ਪੁਰਸ਼, ਗਰੀਬ ਤੇ ਮਜਲੂਮ ਉਤੇ ਤਰਸ ਨਹੀ ਆਉਂਦਾ ਕਿਉਂਕਿ ਉਹ ਸਕਤੀ ਦੇ ਪੁਜਾਰੀ ਸਨ। ਸਿੱਧ, ਸੰਤ, ਦੇਵੀ ਪੂਜ, ਪੰਡਤ ਆਪਣੇ ਮੰਦਰਾਂ, ਦੇਵਤਿਆਂ ਤੇ ਆਪਣੀਆਂ ਬਹੂ-ਬੇਟੀਆਂ ਦੀ ਇਜਤ ਦੀ ਰਾਖੀ ਨਹੀ ਸੀ ਕਰ ਸਕੇ ਤੇ ਮੁਗਲਾਂ ਦੇ ਜ਼ੁਲਮ ਤੋਂ ਡਰਦੇ ਹੋਏ ਹਿਮਾਲੀਯਾ ਪ੍ਰਬਤ ਦੀਆਂ ਕੰਦਰਾਂ ਵਿੱਚ ਜਾ ਲੁਕੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੀ ਚੱਕੀ ਪੀਸੀ ਸੀ ਤੇ ਉਸ ਨੂੰ ਜ਼ੁਲਮ ਕਰਨ ਤੋਂ ਹਟਾਇਆਂ ਸੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਚਲਤ ਕੀਤੇ ਹੋਏ ਮਿਸ਼ਨ ਨੂੰ ਨੌਵਾਂ ਸ੍ਵਰੂਪਾ ਵਿਚ ਪ੍ਰਚਾਰ ਕੇ ਦਸਮੇ ਸ੍ਵਰੂਪ ਵਿਚ ਸੰਪੂਰਨ ਕਰਦਿਆਂ ਹੋਇਆਂ ਪਾਪ ਰਾਜ ਦਾ ਹਿੰਦ ਵਿਚੋਂ ਖਾਤਮਾਂ ਕੀਤਾ। ਸ਼ੇਰੇ ਪੰਜਾਬ ਮਾ: ਰਣਜੀਤ ਸਿੰਘ ਦਾ ਅਸਲ ਖਾਲਸਾ ਰਾਜ ਸੀ। ਪਰ ਸਿਖ ਧਰਮ ਦੇ ਬਿਰੋਧੀਆਂ ਅਤੇ ਵਲੈਤੀ ਲੁਟੇਰੇ ਅੰਗ੍ਰੇਜ਼ਾਂ ਨੇ ਉਸ ਰਾਜ ਦਾ ਅੰਤ ਖਾਤਮਾਂ ਕਰ ਦਿਤਾ। ਸਿੰਘੋ, ਭੁਲੇਖੇ ਵਿਚ ਨਾ ਆਓ। ਦੁਨੀਆਂ ਦੇ ਜੀਵੋ ਸਿੱਖੀ ਖਾਲਸਾ ਪੰਥ ਇਕੋ ਐਸਾ ਧਰਮ ਹੈ। ਜੋ ਕਲਿਆਨ ਕਾਰੀ ਜੀਵਨ ਦਾ ਸਹੀ ਰਸਤਾ ਦਰਸਾਂਦਾ ਹੈ। ਇਸ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਤਿਆਰ ਕੀਤੇ ਅੰਮ੍ਰਿਤ ਨੂੰ ਛਕੋ ਤੇ ਸੰਤ ਸਿਪਾਹੀ ਹੋਕੇ ਸਾਰੇ ਸੰਸਾਰ ਨੂੰ ਸੁਖੀ ਰਖੋ।

ਦਾਸ ਗਿਆਨੀ ਤ੍ਰਲੋਕ ਸਿੰਘ ਤਵਾਰੀਖ ਦਸ ਗੁਰ ਚਮਤਕਾਰ

Digitized by Panjab Digital Library | www.panjabdigilib.org

ਅਗੇ ਪੜ੍ਹੋ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਦਸਮੇਸ ਜੀ ਦੇ ਸਮੇ ਜੋ ਚਰਨ ਸਰਨ ਰਹਿ ਕੇ ਲੋਕ ਪ੍ਰਲੋਕ ਸਹੇਲਾ ਕਰਨ ਵਾਲੇ ਗੁਰ ਸਿਖਾਂ ਦੇ ਅਮੋਲਕ ਨਾਮ

## ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

ਅਰਸ਼ੀ ਪ੍ਰੀਤਮ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਵਿਚ ਚਾਰ ਉਦਾਸੀਆਂ ਲਾਈਆਂ, ਇਨ੍ਹਾਂ ਚੌਹਾਂ ਉਦਾਸੀਆਂ ਵਿਚ ਬੇਅੰਤ ਜੀਵਾਂ ਦਾ ਉਧਾਰ ਕੀਤਾ ਅਤੇ ਆਪਣੇ ਪਵਿਤਰ ਚਰਨਾਂ ਦੀ ਛੋਹ ਬਖਸ਼ਕੇ ਸੰਸਾਰ ਵਿਚ ਅਨੇਕਾਂ ਅਸਥਾਨਾਂ ਨੂੰ ਭਾਗ ਲਾਏ। ਇਨ੍ਹਾਂ ਚਹੁੰ ਉਦਾਸੀਆਂ ਵਿਚ ਜਿਥੇ ਸ੍ਰੀ ਗੁਰੂ ਨਾਨਕਦੇਵ ਜੀ ਨੇ ਸਾਰੇ ਸੰਸਾਰ ਦੇ ਜੀਵਾਂ ਨੂੰ ਤਾਰਿਆਂ ਅਤੇ ਆਪਣੇ ਪਵਿਤਰ ਚਰਨ ਕਵਲ ਪਾਕੇ ਭੂਮੀ ਨੂੰ ਭਾਗ ਲਾਏ ਉਥੇ ਆਪ ਜੀ ਨੇ ਮਾਲਵੇ ਵਿਚ ਅਣਗਿਣਤ ਜੀਵਾਂ ਦਾ ਉਧਾਰ ਕੀਤਾ ਅਤੇ ਮਾਲਵੇ ਦੀ ਧਰਤੀ ਨੂੰ ਭਾਗ ਲਾਏ। ਸੋ ਜਿਨ੍ਹਾਂ ਸਿਖਾਂ ਸੇਵਕਾਂ ਪਾਸ ਗਏ ਉਨ੍ਹਾਂ ਨੂੰ ਉਪਦੇਸ਼ ਦੇ ਸਿਖੀ ਮਾਰਗ ਤੇ ਲਿਆਂਦਾ, ਉਨ੍ਹਾਂ ਗੁਰੂ ਪਿਆਰੀਆਂ ਵਿਅਕਤੀਆਂ ਦਾ ਜਿੰਨਾਂ ਕੁ ਇਤਹਾਸ ਮਿਲਿਆ ਦਿਤਾ ਗਿਆ ਹੈ। ਬਾਕੀ ਗੁਰ ਪਿਆਰਿਆਂ ਦੇ ਨਾਮ ਹੀ ਦਿਤੇ ਗਏ ਹਨ। ਅਤੇ ਹੋਰ ਬੇਅੰਤ ਸਿਖ ਸੇਵਕ ਹਨ ਜਿਨ੍ਹਾਂ ਦੀ ਗਿਣਤੀ ਕਰਨੀ ਅਤ ਕਠਨ ਹੀ ਨਹੀਂ ਬਲਕਿ ਅਸੰਭਵ ਹੈ ਕਿਉਂ ਤਾਰੇ ਗਿਨੇ ਜਾਤ ਹੈ ਨਾ ਤਾਰੇ ਗਿਨੇ ਜਾਹਿਗੇ, ਕਲ ਤਾਰਨ ਗੁਰੂ ਨਾਨਕ ਆਇਆ ਤਾਂ ਕੌਨ ਲਖਸੇ ਗੁਰੂ ਚਰਨਾਂ ਦੇ ਅਤਿ ਪਿਆਰਿਆਂ ਦੇ ਨਾਮ ਕਦੇ ਮਛਰ ਦੀ ਉਡਾਰੀ, ਐਰੋਪਲੇਨ ਦਾ ਸਫਰ ਕਿਵੇਂ ਗਿਨ ਮਿਨ ਸਕੇ। ਐਸੇ ਮੇਰੀ ਕਲਮ ਜਾਂ ਬੁਧੀ ਵਿਚ ਕੀ ਤਾਕਤ ਹੈ। ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਵੀ ਸਚਾ ਢੋਆ। ਪਾਤਾਲਾ ਪਤਾਲ, ਲਖ ਅਕਾਸ਼ਾ ਅਕਾਸ਼ ਅਤੇ ਪੌਨ ਦੀ ਅਸਵਾਰੀ ਕਰਨ ਵਾਲੇ ਜਗਤ ਗੁਰੂ ਨਾਨਕ ਦੇਵ ਜੀ ਦੇ ਤਾਰਿਆਂ ਨੂੰ ਜਾਂ ਉਪਕਾਰਾਂ ਨੂੰ ਲਿਖ ਸਕੇ। ਆਦਿ ਅੰਤ ਤੇਰਾ ਅੰਤ ਨਾ ਪਾਇਆ ਕਰ ੨ ਥਾਕੇ ਬੇਸ।

## ਜਗਤ ਗੁਰੂ ਨਾਨਕ ਦੇਵ ਤੇ ਦਸੋਂ ਗੁਰੂ ਸਾਹਿਬਾਂ ਤੋਂ ਵਰੋਸਾਈਆਂ ਹੋਈਆਂ ਪ੍ਰਸਿਧ ਹਸਤੀਆਂ

ਦਸ ਗੁਰੂ ਸਾਹਿਬਾਨ ਦੇ ਬੇਅੰਤ ਪ੍ਰੇਮੀ ਸਿਦਕੀ, ਬਹਾਦਰ, ਭਗਤ, ਮਹਾਤਮਾ, ਸ਼ਹੀਦ, ਸੇਵਕ, ਹਠੀ, ਤਪੀ, ਪਰਉਪਕਾਰੀ, ਮਰੀਦ, ਸ਼ਰਧਾਲੂ ਸਿਖ ਹੋ ਚੁਕੇ ਹਨ ਜਿਨ੍ਹਾਂ ਦਾ ਜੀਵਨ ਚਰਿਤ੍ਰ ਬਲਕਿ ਨਾਮ ਤਕ ਈ ਸਿਖ ਇਤਿਹਾਸ ਵਿਖੇ ਨਹੀਂ ਮਿਲਦਾ। ਭਾਵੇਂ ਇਸ ਦਾ ਕਾਰਨ ਸਿਖ ਇਤਿਹਾਸ ਦੇ ਖੋਜੀਆਂ ਦਾ ਘਾਟਾ ਅਰ ਉਨ੍ਹਾਂ ਦੀ ਅਨਗਹਿਲੀ ਹੈ ਪਰ ਫੇਰ ਭੀ ਸਿਖ ਲਿਖਾਰੀਆਂ ਦਾ ਧੰਨਵਾਦ ਹੈ ਜਿਨ੍ਹਾਂ ਨੇ ਐਨੀਆਂ ਮੁਜੀਬਤਾਂ ਤੇ ਗੁਲਾਮੀ ਦੇ ਤਕੜੇ ਸੰਗਲਾਂ ਤੇ ਜੰਗਲਾਂ ਵਿਚ ਰਹਿੰਦਿਆਂ ਹੋਇਆਂ ਸਿਖ ਇਤਿਹਾਸ ਦੇ ਲਿਖਣ ਦਾ ਯਤਨ ਕੀਤਾ ਹੈ। ਜਿਸ ਤੋਂ ਹੁਣ ਸਾਨੂੰ ਕੁਝ ਰੋਸ਼ਨੀ ਮਿਲਦੀ ਹੈ। ਜੇ ਇਹ ਕੁਝ ਭੀ ਨਾ ਹੁੰਦਾ ਤਾਂ ਸਾਡੇ ਕੋਲ ਕੀ ਸੀ। ਇਸੇ ਮਾਨ ਸਰੋਵਰ ਦੇ ਹੀਰੇ ਜੋ ਆਪ ਦੀ ਕਰਨੀ ਅਨੁਸਾਰ ਦਮਕਾਂ ਦੇ ਰਹੇ ਹਨ ਜਿਨ੍ਹਾਂ ਦੇ ਨਾਮ ਲਿਖਣੇ ਕਠਨ ਹਨ। ਕਿਉਂਕਿ ਬੇਅੰਤ ਹੀ ਸਿਖ ਗੁਰੂ ਕੇ ਜਹਾਜ਼ ਚੜ੍ਹ ਕੇ ਆਪ ਮੁਕਤ ਮੁਕਤ ਕਰੈ ਸੰਸਾਰ ਦੇ ਅਧਕਾਰੀ ਹੋ ਚੁਕੇ ਹਨ। ਉਨ੍ਹਾਂ ਵਿਚੋਂ ਜਿੰਨੇ ਕੁ ਨਾਮ ਸਾਨੂੰ ਪ੍ਰਾਚੀਨ ਸਿਧਾਂ ਦੇ ਮਿਲੇ ਹਨ ਪਹਿਲੇ ਉਹ ਦਿਤੇ ਜਾਂਦੇ ਹਨ।

Digitized by Panjab Digital Library | www.panjabdigilib.org

# ਪ੍ਰਾਚੀਨ ਸਿਧਾਂ ਦੇ ਨਾਮ

## ਮੁਗਲ ਆਸਫਜਾਹ, 'ਨਜਾਮੁਲ ਮਲਕ'

ਸ਼ਾਹਜਹਾਨ ਨੇ ਏਸ ਨੂੰ ੧੬੫੦ ਈ: ਦੇ ਲਗ ਭਗ 'ਨਜਾਮੁਲ ਮਲਕ' ਦੀ ਪਦਵੀ ਦੇ ਕੇ ਹੈਦਰਾਬਾਦ ਦਖਣ ਦਾ ਸੂਬਾ ਬਣਾਇਆ, ਜਿਸ ਦੇ ਪੁਤ੍ਰ ਸਫਦਰ ਜੰਗ ਤੇ ਨਾਸਰ ਜੰਗ ਹੋਏ ਜਿਨ੍ਹਾਂ ਨੂੰ ਫਰਾਂਸੀਸੀਆਂ ਅਤੇ ਅੰਗਰੇਜ਼ਾਂ ਨੇ ਲੜਾਇਆ ਅਤੇ ਅੰਗਰੇਜ਼ਾਂ ਨੇ ਨਾਸਰ ਜੰਗ ਨੂੰ ਜਤਾ ਕੇ ਹੈਦਰਾਬਾਦ ਦੀ ਰਿਆਸਤ ਤੇ ਬਰਾਰ (੫ ਜ਼ਿਲੇ) ਗਹਿਣੇ ਕਰਾਏ। ਏਹ ਆਸਫਜਾਹ ਦਾ ਮੁਢ ਸਮਾਣਾ (ਭਵਾਨੀ ਗੜ੍ਹ ਕੋਲ) ਸੀ। ਮਾਲ ਦੇ ਕਾਗਜ਼ਾਂ ਵਿਚ ਹੁਣ ਤਕ ਨਜ਼ਾਮ ਸਾਹਿਬ ਦੇ ਨਾਉਂ ਕੁਝ ਜ਼ਮੀਨ ਬੋਲਦੀ ਹੈ।

## ਸਿਧ ਸੇਢਲ ਜਾਂ ਸੇਢਾ

ਸਿਧ ਸੇਢਲ ਜਾਂ ਸੇਢਾ ਰਾਏ ਮੋਖਾ ਦਾ ਪੋਤਰਾ ਮਾਲਵੇ ਦਾ ਇਕ ਪ੍ਰਸਿਧ ਸਿਧ ਹੋਇਆ ਹੈ ਜੋ ਬਹੁਤ ਸੂਰਮਾ ਅਤੇ ਬਰਕਤ ਵਾਲਾ ਹੋਇਆ ਹੈ। ਇਸ ਨੇ ੧੧੨੦ ਦੇ ਧਰਮ ਯੁਧ ਵਿਚ ਦੁਸ਼ਟਾਂ ਦਾ ਬਹੁਤ ਨਾਸ ਕੀਤਾ। ਸਿਹੌੜੇ ਤੇ ਸਿਰਥਲੇ ਦੇ ਵਿਚਕਾਰ ਲੜਦੇ ਹੋਏ ਦਾ ਸਿਰ ਕਟਿਆ ਗਿਆ ਤੇ ਉਸਦਾ ਧੜ ਲੜਦਾ ਹੋਇਆ ਦੋ ਮੀਲ ਤੇ ਜਾਕੇ ਡਿਗਿਆ। ਉਸਦੀ ਯਾਦ ਵਿਚ ਸਿਧ ਸਰ ਕਰਕੇ ਜਗ੍ਹਾ ਬਣੀ ਹੋਈ ਹੈ। ਉਸ ਦੀ ਬੰਸ ਵਿਚੋਂ ਭਾਈ ਸ਼ੀਹਾਂ ਬੜੀ ਕਲਾ ਵਾਲਾ ਹੋਇਆ ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੰਗ ਵਿਚ ਸੇਵਾ ਕਰਦਾ ਹੋਇਆ ਡਿਹਲੋਂ ਅਤੇ ਅਕਾਲ ਪੁਰੀਏ ਪਠਾਣਾ ਦੇ ਯੁਧ ਵਿਚ ਏਥੇ ਹੀ ਸ਼ਹੀਦ ਹੋਇਆ।

## ਸਿੱਧ ਸੁਲੱਖਣ

ਜਿਸ ਵੇਲੇ ਜਗਦੇਵ ਪ੍ਰਮਾਰ ਨੇ ਗਜ਼ਨੀ ਵਾਲਿਆਂ ਨੂੰ ਸਰਹਿੰਦ ਤੋਂ ਭਜਾ ਕੇ ਲਾਹੌਰ ਵਾੜਿਆ, ਅਤੇ ਆਪਣੀ ਬੰਸ ਨੂੰ ਮਾਰਵਾੜ ਵਲ ਮੁਸਲਮਾਨਾਂ ਦੇ ਟਾਕਰੇ ਤੇ ਭੇਜਿਆ ਸੀ, ਓਦੋਂ ਉਨ੍ਹਾਂ ਦੀ ਪੰਜਵੀਂ ਪੀੜ੍ਹੀ ਵਿਚ ਸੁਲੱਖਣ ਤੇ ਮੱਖਣ (ਲੋਹ ਕਰਣ ਦੇ ਪੁਤ੍ਰ) ਸਕੇ ਭਰਾ ਸਨ, ਜਿਨ੍ਹਾਂ ਵਿਚੋਂ ਮੱਖਣ ਤਾਂ ਸਿੰਧ ਵਿਚ ਬਗਦਾਦੀਆਂ ਦੇ ਟਾਕਰੇ ਤੇ ਲੜਦਾ ਹੋਇਆ ਸ਼ਹੀਦ ਹੋਗਿਆ, ਅਤੇ ਸੁਲੱਖਣ* ਜੇਤੂ ਹੋਕੇ ਆਪਣੇ ਪੁਤ੍ਰ ਸੇਖੋਂ ਅਤੇ ਓਸਦੇ ਬਾਰਾਂ ਪੋਤਿਆਂ ਛੱਤ, ਗੁਰਮ, ਦੇਉਲ ਅਤੇ ਅਉਲਖ ਆਦਿ ਨੂੰ ਲੱਖ ਫੁਲਾਣੀ ਦੇ ਇਲਾਕੇ ਦਾ ਮਾਲਿਕ ਬਣਾ ਕੇ ਆਪ ਅਪਣੇ ਬੁਜਰਗਾਂ ਦੇ ਪਿੰਡ ਛਪਾਰ ਵਿਖੇ

---

*ਸੁਲੱਖਣ ਦੇ ਨਾਲ ਮਾਰਵਾੜ ਦੇ ਜੁੱਧ ਵਿਚ ਉਨ੍ਹਾਂ ਦੇ ਮਤੇਰ ਭਾਈ, ਵੱਜ (ਵਾਜਬੇ ਕਾ ਪਿਤਾ) ਸਰੋਹੀ (ਢਿਲੋਂ ਦਾ ਪਿਤਾ) ਅਤੇ ਬੰਬ ਆਦਿ ਭੀ ਸਨ। ਇਹ ੧ ਲੱਖ ਦਾ ਇਲਾਕਾ ਓਸ ਸਮੇਂ ਭਟਨੇਰ ਤੇ ਮਾਰਵਾੜ ਦੀ ਹੱਦ ਤੇ ਸੀ ਜਦੋਂ ੧੨ ਸੇਖਵਾਂ ਨੇ ਏਸਨੂੰ ਜਿਤਿਆ ਤਾਂ ਮੁਸਲੱਕੀ ਪਰਜਾ ਵਿਸ਼ੇਸ਼ਕ ਕਰਕੇ ਨਵੇ ਮੁਸਲਮਾਨ ਭਟੀ ਬਹੁਤ ਕਤਲ ਹੋਏ, ਅਤੇ ਹੋਰ ਹਿੰਦੂ ਪਰਜਾ ਇਨ੍ਹਾਂ ਦੀ ਇਹ ਜਿਤ ਦੇਖਕੇ ਹੈਰਾਨ ਹੋ ਗਈ। ਢਾਡੀਆਂ ਨੇ ਉਦੋ 'ਲਖ ਫੁਲਾਣੀ ਮਾਰੀ ਸੇਖਵਾ ਪਰਜਾ ਹੈ ਹੈਰਾਨ ਇਉ ਕਥਨ ਕਰਕੇ ਜਸ ਗਾਵਿਆ।

Digitized by Panjab Digital Library | www.panjabdigilib.org

ਆਕੇ ਟਿਕ ਗਏ। ਏਥੇ ਹੀ ਗੜ ਦਰੇੜੇ ਵਾਲੇ 'ਵਾਚਾ ਰਾਉ' ਦਾ ਪੁਤ੍ਰ ਗੁੱਗਾ ਚੋਹਾਣ ਭੀ ਖੱਜਲ ਖੁਆਰ ਹੋਕੇ ਆ ਮਿਲਿਆ। ਓਸਦੇ ਆਉਣ ਤੋਂ ਪਹਿਲਾਂ ਰਾਜਾ ਜਗਦੇਵ ਨੇ ਜਰਗ ਅਤੇ ਛਪਾਰ ਪਿੰਡ ਆਪ ਬਨਵਾਏ ਸੀ, ਛਪਾਰ ਆਪਣੇ ਬੜੇ ਪੁਤ੍ਰ ਛਾਪਾ ਰਾਇ ਦੇ ਨਾਉਂ ਤੇ ਹੈ। ਸੁਲੱਖਣ ਨੂੰ ਜਗਦੇਵ ਨੇ ਹੀ ਦੀਖਿਆ ਦਿਤੀ ਅਤੇ ਜਰਗ ਵਿਚ ਸਰੀਰ ਛਡਿਆ। ਸਿੱਧ ਸੁਲੱਖਣ ਨੇ ਗੁੱਗੇ ਨੂੰ ੧੨੫੦ ਈ: ਦੇ ਲਗ ਪਗ, ਰਤਨ ਹਾਜੀ ਦੀ ਪਾਣ ਹਿਤ ਤਾਰਕੇ ਹਿੰਦੂ ਧਰਮ ਦੇ ਸਹਜੀਆ ਪੰਥ ਦੀ ਦੀਖਿਆ ਦਿੱਤੀ ਏਸ ਤੋਂ ਬਿਨਾ ਸਿੱਧ ਸੁਲੱਖਣ ਨੇ ਮਾਲਵੇ ਵਿਚ ਤੰਤਰੀ ਸੁਹਜਾ ਪੰਥੀ ਦੇ ਹੜ੍ਹ ਨੂੰ ਹਟਾਕੇ ਕਪਿਲ ਦੇ ਨਿਰਾਕਾਰ ਜੋਗ ਦਾ ਪ੍ਰਚਾਰ ਕੀਤਾ, ਜੋ ਅੱਗੇ ਪ੍ਰਗਟ ਹੋਣ ਵਾਲੇ 'ਗੁਰਮਤਿ' ਮਾਰਗ ਲਈ ਰਸਤਾ ਸਾਫ ਕਰਨ ਦਾ ਕੰਮ ਕਰ ਗਿਆ। ਅਤੇ ਸਹਜ ਜੋਗ ਦਾ ਉੱਤਮ ਸਾਧਨ ਬਣਿਆ।

## ਗੁਗਾ ਚੌਹਾਣ

ਪ੍ਰਥਵੀ ਰਾਜ ਦੇ ਅਧੀਨ ਚੌਹਾਣਾਂ ਦੀ ਇਕ ਸ਼ਾਖਾ ਥਲੀ (ਬਾਗੜ) ਵਿਚ ਸੀ, ਜਿਸ ਦਾ ਰਾਜ ਗੁਗਾ ਚੋਹਾਣ, ਜੰਬਰ ਦਾ ਪੋਤਾ ਅਤੇ ਵਾਚਾ ਰਾਇ ਦਾ ਪੁਤ੍ਰ ਸੀ, ਉਹ ਦਿਲੀ ਦੇ ਤੰਵਾਰਾ ਦਾ ਦੋਹਿਤਾ ਅਤੇ ਕਾਂਛਲ ਰਾਣੀ ਤੋਂ ਸੀ। ਉਸਦੀ ਸਕੀ ਮਾਸੀ (ਮਤੇਈ) ਦੇ ਪੁਤ੍ਰ ਗੌਰਾ ਤੇ ਭੌਰਾ ਸੀ। ਕਹਿੰਦੇ ਹਨ ਕਿ ਗੁਗੇ ਦੇ ਨਾਲ ਉਹਦਾ ਜੌੜਾ ਭਾਈ ਸਪ ਜੰਮਿਆ ਸੀ ਜੋ ਛੋਟੀ ਉਮਰ ਵਿਚ ਹੀ ਮਰ ਗਿਆ ਸੀ। ਉਸਦਾ ਗੁਗੇ ਨਾਲ ਬਹੁਤਾ ਪਿਆਰ ਹੋਣ ਕਰਕੇ ਉਹਦੀ ਯਾਦ ਵਿਚ ਗੁਗਾ ਸਪ ਦੀ ਸ਼ਕਲ ਦੀ ਕਲਗੀ ਰਖਦਾ ਸੀ। ਏਸ ਕਰਕੇ ਸੱਪਾਂ ਨੂੰ ਉਨ੍ਹਾਂ ਦੇ ਪੂਜਕ ਲੋਕ ਅਜ ਤਾਈਂ 'ਬਾਬਾ ਗੁਗਾ' ਆਖਦੇ ਹਨ। ਜਦੋਂ ਗੋਰੀਆਂ ਦਾ ਹੱਲਾ (ਪਹਿਲਾਂ) ਸੰਨ ੧੧੯੧ ਈ: ਵਿਚ ਭਟਨੇਰ ਵਲੋਂ ਹੋਇਆ ਤਾਂ ਬਣੀ ਵਿਚ ਗੁਗੇ ਦੀ ਰਾਜਧਾਨੀ ਸਤਲੁਜ ਦੇ ਕੰਢੇ ਮਹਰਾ ਉਨ੍ਹਾਂ ਦਾ ਸ਼ਿਕਾਰ ਹੋਇਆ। ਉਸ ਸਮੇਂ ਸਭ ਰਾਜਪੂਤਾਂ ਨੇ ਰਲ ਕੇ ਗੋਰਾ ਦੇ ਦੰਦ ਖੱਟੇ ਕਰ ਦਿਤੇ ਅਤੇ ਭਟਨੇਰ ਤੇ ਗੜ੍ਹ ਬੀਠਜੀ ਤਾਂ ਜਿਤ ਲਈ ਪਰ ਗੁਗਾ ਦੇ ੫੪ ਪੁਤ੍ਰ ਤੇ ੬੦ ਭਤੀਜੇ ਉਸ ਯੁਧ ਵਿਚ ਮਾਰੇ ਗਏ। ਸ਼ਹਿਰ ਭੀ ਬਰਬਾਦ ਹੋਇਆ ਪਰ ਜਿਤ ਦਾ ਸਿਹਰਾ ਗੁੱਗੇ ਦੇ ਸਿਰ ਰਿਹਾ। ਪਿਛੋਂ ਛੋਟੀ ਰਾਣੀ ਸਿਰੀਆਨੇ ਦੇ ਵਿਆਹ ਪਿਛੇ ਇਹ ਦੋ ਭਾਈਆਂ ਨੇ ਬਹੁਤ ਦੰਗਾ ਕੀਤਾ, ਪਰ ਗੁਗੇ ਨੇ ਆਪਣੇ ਰਸੂਖ ਨਾਲ ਚੌਹਾਣਾਂ ਅਤੇ ਤੰਵਾਰਾਂ ਦੀ ਸਹਾਇਤਾ ਤੇ ਆਪਣੇ ਭਾਈਆਂ ਨੂੰ ਕਤਲ ਕਰਕੇ ਰਾਣੀ ਵਿਆਹ ਲਈ ਪਰ ਓਸਦੀ ਮਾਤਾ ਨੇ ਭਾਣਜਿਆਂ ਦੇ ਮੋਹ ਵਿਚ ਆ ਕੇ ਆਖਿਆ ਕਿ ਤੂੰ ਭੀ ਮੇਰੇ ਮੱਥੇ ਨ ਲਗ, ਤਾਂ ਗੁਗਾ ਗੁੱਸੇ ਹੋਕੇ ਆਪਣੇ ਘੋੜੇ ਨੂੰ ਉਥੇ ਛਡਕੇ ਆਪਣੇ ਮਿਤ੍ਰ ਸਿੱਧ ਸੁਲਖਣ ਛਪਾਰ ਪਿੰਡ ਵਿਚ ਆ ਗਿਆ।

ਓਸ ਤੋਂ ਇਸ ਕਹਣੀ (ਲੋਪ ਹੋ ਜਾਣ ਵਾਲੀ) ਵਿਦਿਆ ਸਿਖ ਕੇ ਸਿੱਧੀ ਸੰਪੰਨ ਹੋਇਆ, ਤਾਂ ਆਪਣੀ ਰਾਣੀ ਨੂੰ ਹਰ ਰੋਜ਼ ਮਿਲਦਾ ਰਿਹਾ, ਜੋ ਮੋਹਰਾਂ ਦੇ ਤਬਾਹ ਹੋ ਜਾਣ ਕਰਕੇ ਗੜ ਦਰੇੜੇ ਦੇ ਕੰਢੇ ਕਿਲੇ ਨ੍ਹਿਦ ਅਪਣੀ ਸੱਸ ਨਾਲ ਰਹਿੰਦੀ ਸੀ। ਇਕ ਦਿਨ ਓਸ ਦੀ ਮਾਤਾ ਨੇ ਆਪਣੀ ਨੂੰਹ ਤੋਂ ਪੁਛਿਆ ਕਿ ਗੁੱਗਾ ਤਾਂ ਕਿਤੇ ਚਲਿਆ ਗਿਆ, ਹੁਣ ਤੂੰ ਸਿੰਗਾਰ ਕਿਸਦੇ ਲਈ ਲਾਉਂਦੀ ਹੈ? ਤਾਂ ਉਸ ਨੇ ਕਿਹਾ, ਤੇਰਾ ਪੁਤ੍ਰ ਨਿੱਤ ਮੇਰੇ ਕੋਲ ਰਾਤ ਨੂੰ ਆਉਂਦਾ ਹੈ। ਤਾਂ ਉਹ ਚੋਰੀ ਦੇਖਦੀ ਰਹੀ, ਜਦੋਂ ਗੁੱਗਾ ਤੜਕੇ ਸਾਰ ਰਾਣੀ ਕੋਲੋਂ ਜਾਣ ਲਗਾ ਤਾਂ ਮਾਤਾ ਨੇ ਉਸ ਨੂੰ ਮੋਹ ਦੇ ਬੱਸ ਜੱਫੀ ਪਾ ਲਈ।

Digitized by Panjab Digital Library | www.panjabdigilib.org

ਬਸ ਫੇਰ ਗੁੱਗਾ ਅਲੋਪ ਹੋ ਗਿਆ, ਫੇਰ ਨਹੀਂ ਆਇਆ। ਉਸ ਤੋਂ ਪਿਛੋਂ ਸਿੱਧ ਸੁਲੱਖਣ ਕੋਲ ਆਕੇ ਇਕੋ ਦਿਨ ਹੀ ਦੋਵੇਂ ਸਿੱਧ ਚੜ੍ਹਾਈ ਕਰ ਗਏ। ਦੋਹਾਂ ਦੀ ਮਾੜ੍ਹੀ 'ਛਪਾਰ' ਹੈ। ਪਰ ਓਸਦੇ ਘੋੜੇ ਦੀ ਮਾੜ੍ਹੀ ਗੜ ਦੇ ਰੇੜੇ ਵਿਚ ਬਾਗੜ ਵਿਚ ਹੈ। ਰਾਜ ਪੂਤ ਏਸ ਥਲੀ ਤੇ ਘੋੜੇ ਨੂੰ ਪੂਜਦੇ ਹਨ।

## ਗੁਰਮੀ ਨਗਰੀ ਤੋਂ ਗੁਰਮ

੧੨੯੦ ਈਸਵੀ ਵਿਚ ਪ੍ਰਮਾਰ ਬੰਸੀ ਗੁਰਮ ਦੇ ਪ੍ਰਵਾਰ ਰਾਜਪੂਤਾਨੇ ਤੇ ਸਿੰਧ ਵਿਚ ਦਿਗ ਬਿਜੈ ਕਰਨ ਤੋਂ ਉਪਰੰਤ ਗੁਰੂ ਕੇ ਮਾਲਵੇ ਵਿਚ ਆਏ ਹੋਏ ਮੰਡੀਰ ਪ੍ਰਮਾਰਾਂ ਕੋਲ ਆਕੇ ਆਲਮਗੀਰ ਦੇ ਕੋਲ ਲੁਦਿਹਾਣੇ ਤੋਂ ੭ ਕੋਹ ਤੇ 'ਗੁਰਮੀ' ਬਸਾਈ ਜੋ ੧੫੦ ਬਰਸ ਬੜੀ ਰੌਣਕ ਅਤੇ ਬਿਉਪਾਰ ਦਾ ਕੇਂਦਰ ਰਹੀ। ਤੈਮੂਰ ਮੁੜਦੇ ਹੋਏ ਨੇ ਏਸ ਤੇ ਹੱਥ ਸਾਫ ਕੀਤਾ ਕਿਉਂਕਿ ਜਦੋਂ ਓਸ ਨੂੰ ਪਤਾ ਲਗਾ ਕਿ ਇਹ ਸ਼ਹਿਰ ਉਨ੍ਹਾਂ ਪ੍ਰਮਾਰਾਂ ਦੀ ਸੰਤਾਨ ਦਾ ਹੈ, ਜਿਨ੍ਹਾਂ ਨੇ ਸਿੰਧ ਵਿਚੋਂ ਖਲੀਫਿਆਂ ਨੂੰ ਕਢਿਆ, ਅਤੇ ਰਾਜਪੂਤਾਨੇ ਵਿਚ ਅਰਬਾਂ ਦਾ ਬੀਉ ਨਾਸ ਕਰ ਦਿੱਤਾ ਹੈ, ਤਾਂ ਉਸਦੀਆਂ ਅੱਖਾਂ ਵਿਚ ਲਹੂ ਭਰ ਆਇਆ। ਨਗਰ ਨੂੰ ਲੁੱਟਣ ਦਾ ਹੁਕਮ ਕੀਤਾ, ਤਾਂ ਅੱਗਿਓਂ ਇਟ ਦਾ ਜਵਾਬ ਪਥਰ ਮਿਲਿਆ। ਅਰਥਾਤ ਜਿਤਨਾ ਕੁ ਉਸਨੇ ਅੰਦਰੋਂ ਲੁੱਟਿਆ ਓਸਤੋਂ ਡੂਢਾ ਮਾਲ ਬਾਹਰ ਹੋਣ ਦੇ ਕਾਰਣ ਗੁਰਮ ਦੇ ਸਹਾਇਕ ਪ੍ਰਮਾਰਾਂ ਤੇ ਮੰਧੇਰਾਂ ਨੇ ਤੈਮੂਰ ਦਾ ਲੁਟਿਆ। ਤੈਮੂਰ ਦੇ ਉਠ ਅਤੇ ਘੋੜੇ ਏਸ ਤੋਂ ਪਹਿਲਾਂ ਛਪਾਰ ਵਾਲਿਆਂ ਨੇ ਖੋਹਕੇ ਬਠਿੰਡੇ ਵਲ ਭੇਜ ਦਿਤੇ ਸੀ। ਕਚੇ ਕਿਲੇ ਅਤੇ ਬਾਜ਼ਾਰ ਵਿਚੋਂ ਕੁਝ ਨਕਦੀ ਤੈਮੂਰ ਦੇ ਹਥ ਜ਼ਰੂਰ ਆਈ, ਪਰ ਉਸ ਨਾਲੋਂ ਤੈਮੂਰ ਦੇ ਡੰਗਰ ਬਹੁਤੇ ਮੁਲ ਦੇ ਚੁਰਾਏ ਗਏ ਅਤੇ ਰਾਖੇ ਕਤਲ ਹੋਏ। ਆਦਮੀ ਦੋਹਾਂ ਧਿਰਾਂ ਦੇ ਇਕੋ ਜਿਹੇ ਮਰੇ। ਗੁਰਮਾਂ ਨੇ ਆਪਣੇ ਬਾਲ ਬਚੇ ਅਪਣੇ ਭਾਈ ਚਾਰੇ ਕੋਲ ਅਗੋਂ ਹੀ ਭੇਜ ਛਡੇ ਸਨ। ਤੈਮੂਰ ਨੇ ਹਾਰਕੇ ਪਿੰਡ ਨੂੰ ਅੱਗ ਲਾ ਦਿਤੀ ਤਾਂ ਗੁਰਮ ਨੇ ਬਾਹਰ ਨਿਕਲਕੇ ਤੈਮੂਰ ਦੇ ਕੈਂਪ ਨੂੰ ਅੱਗ ਲਾ ਦਿਤੀ। ਏਸ ਕੁਪੱਤ ਤੋਂ ਘਬਰਾ ਕੇ ਤੈਮੂਰ ਨੇ ਕੂਚ ਕਰਨ ਦਾ ਹੁਕਮ ਦਿਤਾ। ਫੌਜ ਬਹੁਤੀ ਤਾਂ ਪਹਿਲਾਂ ਹੀ ਸਤਲੁਜ ਪਾਰ ਹੋ ਚੁਕੀ ਸੀ। ਛੇਕੜਲਾ ਦਸਤਾ ਭਾਰ ਬਰਦਾਰੀ ਵਾਲਾ ਭੁੱਲਕੇ ਦਿਨ ਛਿਪੇ ਗੁਰਮਾਂ ਦੀ ਜੂਹ ਵਿਚ ਆ ਵੜਿਆ ਜੋ ਉਨ੍ਹਾਂ ਨੇ 'ਜੀ ਆਇਆਂ ਆਖਕੇ ਹੜਪ ਕਰ ਲਿਆ। ਗੁਰਮਾਂ ਦਾ ਬਹੁਤਾ ਨੁਕਸਾਨ ਉਨ੍ਹਾਂ ਦੇ ਘਰ ਬਾਰ ਦਾ ਹੋਇਆ। ਜੋ ਸਭ ਕੁਝ ਸੜਕੇ ਸੁਆਹ ਹੋ ਚੁਕਿਆ ਸੀ। ਤਾਂ ਉਨ੍ਹਾਂ ਨੇ ਛੇਤੀ ਵਿਚ ਓਸ ਥਾਂ ਤੋਂ ਨੇੜੇ ਹੀ ੪ ਮੀਲ ਦੱਖਣ ਨੂੰ ਇਕ ਨਾਲੇ ਦੇ ਉਚੇ ਕੰਢੇ ਤੇ ਗੁਰਮ ਨਾਮ ਦਾ ਪਿੰਡ ਬੰਨ ਲਿਆ।

## ਗੁਰਮਾਂ ਦੀ ਹੋਰ ਸੇਵਾ

ਮੁਗਲ ਰਾਜ ਵਿਚ ਗੁਰਮ ਪਿੰਡ ਦੇ ਵਸਨੀਕਾਂ ਨੇ ਵਿਤ ਅਨੁਸਾਰ ਤੁਰਕਾਂ ਨਾਲ ਬੜਾ ਟਾਕਰਾ ਕੀਤਾ। ਪਹਿਲਾਂ ੧੭ ਵੀ ਸਦੀ ਈ: ਦੇ ਅੰਤ ਵਿਚ ਅੱਲਾ ਪੁਰ ਦੇ ਪਠਾਣਾਂ ਨਾਲ ਉਹਨਾਂ ਦੇ ਬਦਕਾਰੀਆਂ ਕਰਨ ਤੇ ਏਸ ਪਿੰਡ ਨੇ ਕੰਡੇ ਵਾੜ ਜਾਕੇ ਦੁਸ਼ਟ ਪਠਾਣਾ ਨੂੰ ਮਾਰਕੇ ਘਵੱਦੀ ਵਾਲਿਆਂ ਦੀ ਲੜਕੀ ਨੂੰ ਛੁਡਾਇਆ ਅਤੇ ਉਨ੍ਹਾਂ ਦਾ ਬੀ ਨਾਸ ਕਰਕੇ ਓਥੇ ਘਵਦੀ ਦੇ ਲੋਕ ਬਸਾਏ ਉਸ ਪਿੰਡ

Digitized by Panjab Digital Library | www.panjabdigilib.org

ਨੂੰ ਅਜ ਕਲ 'ਲਾਪੁਰ' ਆਖਦੇ ਹਨ। ਏਸ ਜੁੱਧ ਵਿਚ ਬਾਬਾ ਦੀਪ ਸਿੰਘ ਜੀ ਦੇ ਪਿਤਾ ਜੀ ਸ਼ਹੀਦ ਹੋਏ ਸਨ, ਜਿਨ੍ਹਾਂ ਨੇ ਡਿਹਲੋਂ ਤੋਂ 'ਭੁੱਟੇ' ਪਿੰਡ ਨੂੰ ਆਉਂਦੇ ਹੋਏ ਪਠਾਣਾਂ ਨੂੰ ਜੁੱਧ ਵਿਚ ਵੰਗਾਰਕੇ ਮਾਰਿਆ ਸੀ। ਉਨ੍ਹਾਂ ਸਭ ਸ਼ਹੀਦਾਂ ਦੀਆਂ ਛੋਟੀਆਂ ੨ ਸਮਾਧਾਂ ਨਵੇਂ ਗੁਰਮ ਕੋਲ ਦੱਖਣ ਵਲ ਛੱਪੜ ਤੇ ਹਨ। ਇਸ ਕਾਰਣ ਸਰਕਾਰੀ ਕਾਗਜ਼ਾਂ ਵਿਚ ਉਨ੍ਹਾਂ ਨੇ ਗੁਰਮਾਂ ਨੂੰ ਗਹਿਰੀ ਅੱਖ ਨਾਲ ਯਾਦ ਕੀਤਾ ਹੈ। "ਮੁਗਲ ਜੀਓਗ੍ਰਾਫੀ" ਨਾਮੇ ਪੁਸਤਕ ਦੇ ੧੭੯੦ ਈ: ਵਾਲੇ ਐਡੀਸ਼ਨ ਵਿਚ ਇਕ ਨਕਸ਼ਾ ਹੈ, ਜਿਸ ਵਿਚ ਗੁਰਮ ਪਿੰਡ ਦਾ ਨਿਸ਼ਾਨ ਦੁਸ਼ਮਣਾ ਵਾਲਾ ਦਿੱਤਾ ਹੈ।

੧੭੬੧ ਈਃ ਵਿਚ ਜਦੋਂ ਅਬਦਾਲੀ ਅਤੇ ਖਾਲਸਾ ਪੰਥ ਵਿਚ ਘੱਲੂਘਾਰਾ ਵਰਤਿਆ ਤਾਂ ਅਬਦਾਲੀ ਦੀ ਸੈਨਾ ਦਾ ਰਸਦ ਖਾਨਾ 'ਰਹੀੜੇ' ਸੀ, ਅਤੇ ਖਾਲਸੇ ਦਾ ਗੁਰਮ ਪਿੰਡ ਦੀ ਧਰਮ ਸਾਲਾ ਵਿਚ ਸੀ, ਜਿਥੇ ਨਵੇਂ ਗੁਰਮਾਂ ਦਾ ਗੁਰਦੁਆਰਾ ਹੈ ਉਦੋਂ ਏਸ ਨੂੰ ਧਰਮ ਕੁਟੀਆ ਆਖਿਆ ਜਾਂਦਾ ਸੀ। ਅਬਦਾਲੀ ਦੀ ਫੌਜ ਨੇ ਏਸ ਪਿੰਡ ਨੂੰ ਫੂਕ ਦਿਤਾ ਕਤਲ ਆਮ ਕਰਕੇ ਚਲਦੀ ਲਗੀ ਤਾਂ ਏਥੋਂ ਦੇ ਬਹਾਦਰਾਂ ਨੇ ਜਦੋਂ ਘਲੂਘਾਰਾ ਅਗਾਂਹ ਨੂੰ ਖਿਸਕ ਚਲਿਆ ਲੰਗਰ ਬੰਦ ਕਰਕੇ ਜੁਆਨ ਲੜਕੇ ਲੜਕੀਆਂ ਨੂੰ ਜਗ ਹੇੜੇ ਦੀ 'ਨਾਨਕ ਝਿੰਗੀ' ਵਿਚ ਜਾ ਲੁਕੋਇਆ, ਜੋ ਬੱਚੇ ਛੋਤੀ ਵਿਚ ਪਿਛੇ ਰਹਿ ਗਏ ਸਨ, ਉਨ੍ਹਾਂ ਨੂੰ ਮਾਈਆਂ ਬ੍ਰਿਧਾਂ ਨੇ ਧੂਕੇ ਆਪਣੇ ਪਿੰਡ ਦੀ ਝਿੜੀ ਵਿਚ ਲੁਕੋਇਆ। ਉਨ੍ਹਾਂ ਨੇ ਅਤੇ ਕੁਝ ਬਚੇ ਖੁਚੇ ਬੁੜ੍ਹੀਆ ਨੇ ੧੦੦ ਕਰਮ ਦੀ ਵਿਥ ਤੇ ਧਰਮ ਕੁਟੀਆ ਕੋਲ ਵਰਤਮਾਨ 'ਗੁਰਮ' ਬਸਾਇਆ ਅਤੇ ਨਾਨਕ ਝਿੰਗੜ ਵਾਲੇ ਗੁਰਮਾਂ ਉਥੋਂ ਨਿਕਲਕੇ ਪਿੜ ਛਡਕੇ ਜਾਂਦੇ ਗਿਲਜਈਆਂ ਨਾਲ ਲੜਕੇ ਸ਼ਹੀਦ ਹੋਏ ਅਤੇ ਕੁਝ ਰਸਦ ਲੁੱਟਕੇ ਖਾਲਸਾ ਜੋਧਿਆਂ ਨੂੰ ਪੁਚੌਦੇ ਰਹੇ। ਉਹ ਸਿੰਘ ਕੋਟਲੇ ਦੇ ਰਾਜ ਵਿਚ ਬਚਦੇ ਪ੍ਰਵਾਰ ਲੈਕੇ ਵਸ ਗਏ। ਉਸ ਪਿੰਡ ਦਾ ਨਾਉਂ ਭੀ ਗੁਰਮ ਹੈ ਸਿੰਘਾਂ ਸ਼ਾਹੀ ਸਮੇਂ ਵਿਚ ਇਹ ਪੁਰਾਣਾ ਕਿਲਾ ਗੁਜਰਵਾਲ ਨਾਲ ਸੰਬੰਧਤ ਹੋਣ ਕਰਕੇ ਇਹ ਪਿੰਡ ਕੈਥਲ ਵਾਲੇ ਭਾਈ ਲਾਲ ਸਿੰਘ ਦੇ ਅਧੀਨ ਰਿਹਾ।

ਵਰਤਮਾਨ ਗੁਰਮਾਂ ਵਿਚੋਂ ਚੋਧਰੀ ਜੈ ਸਿੰਘ ਹੋਏ, ਜਿਨ੍ਹਾਂ ਨੇ ੧੮੦੫ ਵਿਚ ਲਾਹੌਰ ਨੂੰ ਜਾਣ ਵਾਲੀ ਗੋਰੀ ਫੌਜ ਨੂੰ ਆਪਣੇ ਪਰਗਣੇ ਵਿਚ ਦੀ ਲੰਘਾਣ ਨਹੀਂ ਦਿਤਾ। ਅਤੇ ਲਾਹੌਰ ਸਰਕਾਰ ਦੇ ਪੱਖ ਤੇ ਫਿਰੰਗੀ ਫੌਜ ਦਾ ਵਿਤ ਅਨੁਸਾਰ ਟਾਕਰਾ ਕੀਤਾ। ਜਿਸ ਕਰਕੇ ਅੰਗ੍ਰੇਜ਼ਾਂ ਨੇ ਵਿਜਈ ਹੋਣ ਤੇ ਇਹ ਪਰਗਣਾ ਹੜਪ ਕਰ ਲਿਆ। ਲਾਰਡ ਲੇਕ ਅਤੇ ਕੈਂਬਲ (੧੮੪੫) ਦੀ ਰਿਪੋਰਟ ਗੁਰਮਾਂ ਦੀ ਪੰਥਕ ਸੇਵਾ ਦੱਸਣ ਲਈ ਕਾਫੀ ਹੈ।

## ਮਾਲਵੇ ਦੇ ਸੇਵਕ ਤੇ ਅਦੁਤੀ ਜੋਧੇ

## ਜਗਦੇਵ ਪ੍ਰਮਾਰ

ਧਾਰਾ ਨਗਰੀ ਦੇ ਪ੍ਰਸਿਧ ਮਹਾਰਾਜਾ ਭੋਜ ਰਾਜ ਪ੍ਰਮਾਰ ਦੇ ਪੋਤੇ ਜਗਦੇਵ ੧੦੬੦ ਬਿ: ਦੇ ਲਗ ਪਗ ਉਡਿਆਕਿਤ ਦੇ ਘਰ ਪੈਦਾ ਹੋਏ। ਇਹ ਸਵਾ ਮਣ ਪੱਕੀ ਸਾਂਗ ਮੋਢੇ ਤੇ ਰਖਦੇ ਹੁੰਦੇ ਸਨ, ਅਤੇ ਧਾਰਾਂ ਤੋਂ ਲਾਂਭੇ ਏਕਾਂਤ ਵਿਚ ਜੋਗਾਭਿਆਸ ਵਿਚ ਲੀਨ ਹੋਏ ਰਹਿੰਦੇ ਸੀ। ਆਪਣੀ ਮਤੇਈ ਦੇ ਕੋਪ ਦੇ ਪਾਤਰ ਹੋਣ ਤੇ ੨੦ ਵਰੇ ਦੀ ਆਯੂ ਵਿਚ ਇਨ੍ਹਾਂ ਦੇ ਸ਼ਤਰੂ ਰਾਜਾ—ਜੈ ਸਿੰਘ ਸਿੱਧਰਾਜ (ਪਿੰਗਲ)

Digitized by Panjab Digital Library | www.panjabdigilib.org

ਦੇ ਸੈਨਾਪਤੀ ਜਾ ਹੋਏ । ੧੪ ਬਰਸ ਪਿਛੋਂ ਉਥੋਂ ਹਟਕੇ ਧਾਰਾ ਆ ਗਏ । ਜੈ ਸਿੰਘ ਨਾਲ ਧਾਰਾ ਵਾਲਿਆਂ ਦਾ ਪੁਰਾਣਾ ਵੈਰ ਹੋਣ ਕਰਕੇ ਜੈ ਸਿੰਘ ਨੇ ਧਾਰਾ ਤੇ ਚੜ੍ਹਾਈ ਕਰ ਦਿਤੀ, ਜਿਸ ਵਿਚ ਇਨ੍ਹਾਂ ਦੇ ਮਤੇਰ ਭਾਈ ਰਣਧੋਲ ਨੂੰ ਜੈ ਸਿੰਘ ਨੇ ਹਰਾ ਲਿਆ । ਅਤੇ ਭੈਣ ਦਾ ਸਾਕ ਦੇਣਾ ਉਸਤੇ ਮਨਾਕੇ ਛਡਿਆ । ਬੁਢੇ ਰਾਜਾ ਦੀ ਆਗਿਆ ਪਾਕੇ ਜਗਦੇਵ ਨੇ ਜੈ ਸਿੰਘ ਤੇ ਚੜ੍ਹਾਈ ਕਰਕੇ ਉਸਨੂੰ ਨੂੜ ਲਿਆ ਤੇ ਓਸਦੀ ਭੈਣ ਦਾ ਸਾਕ ਲਿਖਾਕੇ ਅਤੇ ਆਪਣੇ ਦਾਦੇ ਦਾ ਸੀਸ ਲੈਕੇ ਧਾਰਾ ਵਿਚ ਉਸਦਾ ਦਾਹ ਸੰਸਕਾਰ ਬੜੀ ਧੂਮ ਧਾਮ ਨਾਲ ਕੀਤਾ । ਤਾ ਮਤੇਈ (ਬਘੇਲੀ ਰਾਣੀ) ਨੇ ਪ੍ਰਸੰਨ ਹੋਕੇ ਰਾਜਾ ਨੂੰ ਜਗ-ਦੇਵ ਦੇ ਹੱਕ ਵਿਚ ਗੱਦੀ ਖਾਲੀ ਕਰ ਦੇਣ ਲਈ ਪ੍ਰਾਰਥਨਾ ਕੀਤੀ । ਤਾਂ ਰਾਜਾ ਨੇ ਅਗਲੇ ਦਿਨ ਹੀ ਭਾਰੀ ਉਤਸ਼ਵ ਰਚਕੇ ਜਗਦੇਵ ਨੂੰ ਗੱਦੀ ਦੇਣੀ ਚਾਹੀ ਪਰ ਜਗਦੇਵ ਨੇ ਰਾਜਾ ਦੀ ਪਹਿਲੀ ਪ੍ਰਤਿਗਿਅ ਸੱਤ ਕਰਨ ਲਈ ਅਧੀਨਗੀ ਨਾਲ ਰਾਜਗੱਦੀ ਤੋਂ ਨਾਹ ਕਰ ਦਿਤੀ ।

(੨) ਆਪਣੇ ਭਾਈ ਰਣਧੋਲ ਨੂੰ ਗੱਦੀ ਦੇਕੇ ਆਪ ਆਪਣੇ ਪ੍ਰਵਾਰ ਸਮੇਤ ਰਾਜਸਥਾਨ ਅਤੇ ਸਿੰਧ ਆਦਿ ਵਿਚ ਨਵੇਂ ਆਉਣ ਵਾਲੇ ਮੁਸਲਮਾਨੀ ਹੜ੍ਹ ਨੂੰ ਰੋਕਣ ਲਈ ਕਮਰ ਕਸੇ ਕਰ ਲਏ । ਮਾਂਡੂ ਦੇ ਪ੍ਰਮਾਰ ਮੇਵਾੜ ਤੋਂ ਘਲੋਟ ਅਤੇ ਭਟਨੇਰ ਤੋਂ ਵਿਨੈਪਾਲ ਬੰਸ ਦੇ ਗੰਢੂ ਔਝਲੇ ਅਤੇ ਝੁੱਝ ਮੋਤੀ ਨਾਲ ਲੈਕੇ ਆਪਣੇ ਬੜੇ ਪੁਤ੍ਰ ਜਗ ਸੋਲ ਦੀ ਕਮਾਨ ਹੇਠ ਕੁਝ ਦਲ ਦੇ ਕੇ ਗੜ੍ਹ ਬੀਠਈ ਤੇ ਰੰਗ ਮਹਲ ਆਦਿ ਨਗਰ ਮੁਸਲਮਾਨਾਂ ਤੋਂ ਛਡਾ ਕੇ ਮਾਰਵਾੜ ਵਲ ਉਨ੍ਹਾਂ ਦੀ ਸਦਾ ਲਈ ਖੁੰਬ ਠਪਣ ਖਾਤਰ ਤੋਰਿਆ ਅਤੇ ਰਹਿੰਦਾ, ਦਲ ਆਪ ਨਾਲ ਲੈ ਕੇ ਮੁੜ ਗਜ਼ਨੀ ਤੋਂ ਮਾਂਗਟ ਸਿਧ (ਪ੍ਰਸਿਧ ਚਰਪਟ ਨਾਥ) ਨੂੰ ਨਾਲ ਲੈ ਕੇ ਮਾਲਵੇ ਤੇ ਅਜਮੇਰ ਵਿਚੋਂ ਚੋਹਾਣ ਬੰਸ ਨੂੰ ਅਤੇ ਧਉਲੇ ਤੋਂ ਭੋਈ ਸਿਧ ਧਾਲੀਵਾਲ ਨੂੰ ਤਥਾ ਅਸਟਾ ਕੋਟ ਤੋਂ ਲਛਮਣ ਸਿਧ ਨੂੰ ਨਾਲ ਲੈ ਕੇ ਜਰਗ-ਪੈਲ ਡੇਰੇ ਜਾ ਲਾਏ । ਉਨ੍ਹੀਂ ਦਿਨੀਂ ੧੨ਵੀਂ ਸਦੀ ਦੇ ਮੁਢ ਵਿਚ ਗਜ਼ਨੀ ਵਾਲੇ ਮਹਿਮੂਦ ਦਾ ਪੜੋਤਾ 'ਮੌਦੂਦ' ਸਰਹਿੰਦ ਮਲ ਕੇ ਬੜਾ ਅਤਿਆਚਾਰ ਕਰਦਾ ਸੀ ਅਤੇ ਅਗਾਹਾਂ ਨੂੰ ਵਧਦਾ ਆ ਰਿਹਾ ਸੀ । ਜਗਦੇਵ ਨੇ ਮਾਂਡੂ ਵਾਲੇ ਮੰਡੀਰਾਂ ਨੂੰ ਜਰਗ ਬੰਨ੍ਹਕੇ ਉਥੇ ਬਸਾਇਆ । ਪਿੰਗਲ ਤੋਂ ਪੈਲ ਬੰਨ੍ਹਵਾਈ । ਆਉਂਦੇਸਾਰ ਮੌਦਦ ਨੇ ਰਾਮ ਨਗਰ (ਜੋ ਕੁਸਕਰੀ ਖਾਂ ਦੀ ਸਰਾਂ ਕੋਲ ਉਜੜਿਆ ਪਿਆ ਹੈ) ਵਿਚ ਕਿਲਾ ਬੰਦੀ ਕਰਕੇ ਜਗਦੇਵ ਦਾ ਟਾਕਰਾ ਕੀਤਾ, ਪਰ ਢਾਈ ਫੱਟ ਖਾਕੇ ਹਾਰ ਕੇ ਭਜ ਗਿਆ । ਪੈਲ ਕੋਲ ਪਿੰਗਲ ਨੇ ਡੱਕਿਆ । ਏਸ ਤਰ੍ਹਾਂ ਚੁਫੇਰਿਓ ਸਭ ਸੰਮਿਲਤ ਫੌਜਾਂ ਨੇ ਘੇਰਕੇ ਅਜੇਹਾ ਨੱਕ ਵਿਚ ਦਮ ਕੀਤਾ ਕਿ ਚੋਰੀ ਭੱਜਕੇ ਆਪਣੇ ਪੀਰ ਗੋਸ਼ ਕੋਲ ਗਿਆ, ਜੋ ਜਰਗ ਦੇ ਥੇਹ ਕੋਲ ਰਹਿੰਦਾ ਸੀ, ਬੜੇ ਤਰਲਿਆਂ ਨਾਲ ਜਗਦੇਵ ਤੋਂ ਨਜ਼ਰਾਨਾ ਦੇਣ ਪਿਛੋਂ ਖਿਮਾ ਲਈ ਇਹ ਕਾਰਨਾਂ ਕੀਤੀਆਂ ।

(ੳ) ਬਿਆਸਾ ਤੋਂ ਉਰੇ ਪੈਰ ਨਹੀਂ ਪਟੂੰਗਾ । (ਅ) ਕਿਸੇ ਹਿੰਦੂ ਰਾਜੇ ਜਾਂ ਚੌਧਰੀ ਅਥਵਾ ਪਰਜਾ ਦੀ ਕਿਸੇ ਪ੍ਰਕਾਰ ਭੀ ਬੇਇਜ਼ਤੀ ਨਹੀਂ ਕਰੂੰਗਾ । ਤਾਂ ਸਭ ਸਿਧਾਂ ਅਤੇ ਮਾਰਵਾੜੀ ਸੈਨਾ ਨੂੰ ਨਾਲ ਲੈ ਕੇ ਜਗਦੇਵ ਸਾਰੇ ਪੰਜਾਬ ਦੇ ਅਤ ਤਾਈ ਮੁਸਲਿਆਂ ਨੂੰ ਸੋਧਦਾ ਗਜ਼ਨੀ ਤੇ ਬੁਖਾਰਾ ਤਕ ਜਿਤ ਦਾ ਡੰਕਾ

---

*ਸਾਧਾਰਣ ਲੋਕਾਂ ਅਤੇ ਭੱਟਾਂ ਦੇ ਕਥਨ ਅਨੁਸਾਰ ਜਗਦੇਵ ਨੇ ਜੈ ਸਿੰਘ ਦੀ ਸਭਾ ਵਿਚ ਕਪਾਲ ਭਟਣੀ ਨੂੰ ਸੀਸ ਦਿਤਾ ਸੀ । ਪਰ ਨਵੀਨ ਖੋਜ ਅਨੁਸਾਰ ਚੇਤ ਸੁਦੀ ਐਤਵਾਰ ੧੦੯੪ ਧਾਰਾ ਵਿਚ ਦਿਤਾ ਸੀ ।

Digitized by Panjab Digital Library | www.panjabdigilib.org

ਬਜਾਉਂਦਾ ਗਿਆ ਤੇ ਠਠ ਮੁਲਤਾਨ ਦੇ ਰਸਤੇ ਜਾ ਕੇ ਬਗਦਾਦੀ ਖਲੀਫਿਆਂ ਦੇ ਰਹੇ ਸਹੇ ਨਾਮ ਨਸ਼ਾਨ ਨੂੰ ਚਕ ਦਿਤਾ।

(੩) ਫੇਰ ਆਪਣੇ ਪੋਤੇ ਤੇ ਪੜੋਤਿਆਂ ਨੂੰ ਸਿੰਧ ਵਿਚੋਂ ਕਰਾਚੀ ਤਕ ਦਿਗ ਬਿਜੈ ਕਰਨ ਦੀ ਆਗਿਆ ਦੇਕੇ ਆਪ ੧੫ ਵਰ੍ਹੇ ਪਿਛੋਂ ਮਾਲਵੇ ਵਿਚ ਆਇਆ। ਇਹ ੧੧੨੫ ਈ: ਦੇ ਲਾਗੇ ਛਾਗੇ ਦੀ ਗਲ ਹੈ। 'ਜਰਗ' ਪਿੰਡ ਦਾ ਨਾਮਕਰਣ ਜਰਗੇ (ਪੰਚਾਇਤ) ਦੇ ਨਾਉਂ ਤੇ ਹੋਇਆ, ਜੋ ਸਭ ਸਮਿਲਤ ਸੈਨਾਂ ਦੇ ਮੁਖੀਆਂ ਦਾ ਸੀ। ਕੁਝ ਚਿਰ ਜਰਗ ਵਿਚ ਨਿਵਾਸ ਕਰਨ ਤੋਂ ਪਿਛੋਂ ਆਪਣੇ ਪੁਤਰਾਂ ਛੱਪਾ ਰਾਇ ਅਤੇ ਬੋਪਾ ਰਾਇ ਤੋਂ ਛਪਾਰ ਬੰਨ੍ਹਵਾਇਆ, ਜਿਥੇ ਉਨ੍ਹਾਂ ਦੀ ਸੰਤਾਨ ਨੇ ਰਾਜਸੀ ਕੇਂਦਰ ਬਣਾ ਕੇ ੨੦੦ ਵਰ੍ਹੇ ਤਕ ਧਰਮ ਰਾਜ ਕੀਤਾ। ਜੋ ਬੰਸੇ ਜਗਦੇਵ ਦੇ ਨਾਲ ਏਧਰ ਆਏ ਸੀ ਉਨ੍ਹਾਂ ਦੀਆਂ ਸਾਰੇ ਮਾਲਵੇ ਵਿਚ ਜਗਦੇਵ ਨੇ ਆਪ ਨਾਲ ਹੋ ਕੇ ਥਾਂ ਥਾਂ ਸਿਰ ਬਸਤੀਆਂ ਅਤੇ ਭੈਣੀਆ ਇਉਂ ਵਸਾਈਆਂ—

ਜਰਗ ਤੋਂ ੪ ਕੋਹ ਉਤਰ ਨੂੰ ਵੱਲੀ ਗਿੱਲਾਂ ਦੀ ਸੇਦਲ ਬੰਸ ਦੇ ਚੋਮੋ ਅਤੇ ਧਮੋਟ ਆਦਿ ਪਿੰਡ, ਸ਼ੀਹਣੀ ਗਿਦੜੀ ਆਦਿ ਝੱਜਾਂ ਦੇ, ਛੰਦੜ ਆਦਿ ਮਾਂਗਟਾਂ ਦੇ, ਮਾਂਗਟ ਦਾ ਨਿਵਾਸ ਉਦੋਂ ਅਜ ਕਲ ਦੇ ਕੋਟ ਸ਼ਾਹ ਪੁਰ ਕੋਲ ਸੀ। ਢੰਡੇ ਤੂਰਾਂ ਦੇ ਢੰਡਾਰੀ ਵਿਚ, ਚਨਾਰ ਅਤੇ ਟਵਾਣਿਆਂ ਦੇ ਚਨਾਰਥਲ ਆਦਿ, ਔਝਲਿਆਂ ਦੇ ਇਕੋਲਾਹਾ ਆਦਿ। ਖੰਨੇ ਕੋਲ ਗੇਂਦੂਆਂ ਦੇ ਈਸੜੂ ਆਦਿ, ਪੰਧੇਰਾਂ ਦੇ ਸਿਆੜ੍ਹ ਤੇ ਘਲੋਟੀ ਆਦਿ। ਚਾਹਲ ਚੌਹਾਣਾਂ ਦੇ ਰੱਲੇ ਜੌਹਲ ਆਦਿ ਅਤੇ ਹੋਰ ਗਿਲਾਂ ਦੇ ਵੈਰਸੀ ਆਦਿ ਬੈਰੋਕਿਆਂ ਕੋਲ ਪਿੰਡ ਵਸੇ। ਇਸ ਪ੍ਰਕਾਰ ਮਾਲਵੇ ਵਿਚ ਜਾਖਲ ਤੋਂ ਲਾ ਕੇ ਲੁਧਿਆਣੇ ਤਕ ਅਤੇ ਸਰਹਿੰਦ ਤੋਂ ਲਾਕੇ ਬਠਿੰਡਾ-ਫਰੀਦਕੋਟ ਦੇ ਇਲਾਕੇ ਤਕ ਸਭ ਬੰਸਾਂ ਦਾ ਅਖੰਡ ਪੰਚਾਇਤੀ ਰਾਜ ਕਾਇਮ ਕਰਕੇ ੧੧੫੦ ਦੇ ਲਗ ਭਗ ਆਪਣੇ ਪੰਜਵੀਂ ਪੀੜ੍ਹੀ ਵਾਲੇ ਸਿਧ ਸੁਲਖਣ ਨੂੰ ਛਪਾਰ ਜਾ ਕੇ ਦੀਖਿਆ ਮੰਤ੍ਰ ਦੇ ਕੇ ਸਿਧੀ ਸੰਪੰਨ ਕੀਤੀ। ਅੰਤ ਸਮੇਂ ਤਕ ਜਰਗ ਵਿਚ ਹੀ ਨਿਵਾਸ ਕਰਕੇ ੧੧੯੦ ਈ: ਨੂੰ ੧੫੧ ਬਰਸ ਦੀ ਆਯੂ ਵਿਚ ਨਿਰਵਾਣ ਪ੍ਰਾਪਤ ਕੀਤਾ। ਏਸ ਮਹਾਂ ਪੁਰਖ ਦੀ ਕ੍ਰਿਪਾ ਨਾਲ ੧੫੦ ਬਰਸ ਤਕ ਕੋਈ ਮਾਰੂ ਹੱਲਾ ਪੱਛਮ ਵਲੋਂ ਨਹੀਂ ਹੋਇਆ। ਏਸ ਤੋਂ ਬਿਨਾਂ ਰਾਜਸਥਾਨ ਭਰ ਦੀਆਂ ਵੀਰ ਤੇ ਅਣ-ਖੀਲੀਆਂ ਜ਼ਾਤੀਆਂ ਉਹਲੀਆਂ ਸਦੀਆਂ ਵਿਚ ਗੁਰੂ ਕੇ ਮਾਲਵੇ ਵਿਚ ਵਸ ਕੇ ਇਸ ਦੀ ਵਸੋਂ ਤੇ ਪ੍ਰਫੁਲਤਾ ਕਰਨ ਵਿਚ ਅਧਿਕ ਸਹਾਈ ਹੋਈਆਂ।

## ਸਿਧ ਭੋਈ ਧਾਲੀਵਾਲ

ਇਸ ਸਿਧ ਨੇ ਵੀ ਰਾਜਾ ਜਗਦੇਵ ਨਾਲ ਰਹਿਕੇ ਗਜ਼ਨੀ ਵਾਲਿਆਂ ਦੀ ਲੜਾਈ ਵਿਚ ਬਹੁਤ ਬੀਰਤਾ ਦਿਖਾਈ। ਪਿਛੋਂ ਪਰਮਾਰਾਂ ਤੇ ਹੋਡਲੇ ਵਾਲਿਆਂ ਦੇ ਯੁਧ ਵਿਚ ਲੱਲੂਆਣਾ (ਮਾਨਸਾ ਤੋਂ ਪੂਰਬ ਵਲ) ਪਿੰਡ ਦੇ ਕੋਲ ਲੜਦਾ ਸ਼ਹੀਦ ਹੋਇਆ। ਇਸ ਦੀ ਸਮਾਧ ਪਿੰਡ ਰਾਜੇਆਣਾ ਬਾਘਾ ਪ੍ਰਾਣਾ ਦੇ ਪਾਸ ਹੈ।

Digitized by Panjab Digital Library | www.panjabdigilib.org

# ਚੌਧਰੀ ਮਹਿਰ ਮਿਠਾ (ਧਾਲੀਵਾਲ)

੧੫ਵੀਂ ਸਦੀ ਈਸਵੀ ਵਿਚ ਕਾਂਗੜ ਦੇਸ਼ ਦਾ ਚੌਧਰੀ ਡਫਰ ਧਾਲੀਵਾਲ ਸੀ । ਉਸਦਾ ਪੁਤਰ ਮਹਿਰ ਮਿਠਾਪਰਕੁ ਪਿੰਡ ਦਾ ਚੌਧਰੀ ਸੀ ਜੋ ਬੜੇ ਤੇਜ ਪ੍ਰਤਾਪ ਵਾਲਾ ਜਟ ਸਰਦਾਰ ਸੀ । ਇਸਦੇ ਪੁਤਰ ਚੰਨੂ ਦਾ ਇਕ ਲੜਕਾ ਸਲੰਮ ਅਤੇ ਦੋ ਲੜਕੀਆਂ ਭਾਗ ਭਰੀ ਅਤੇ ਗੋਰੀ ਸਨ ।

ਭਾਗ ਭਰੀ ਮਹਿਰ ਮਿਠੇ ਦੀ ਵਡੀ ਪੋਤੀ ਆਪਣੀ ਸੁੰਦਰਤਾ ਕਰਕੇ ਬਹੁਤ ਪ੍ਰਸਿਧ ਸੀ । ਜਿਸਦੀ ਸੋ ਅਕਬਰ ਨੂੰ ਭੀ ਲਗੀ । ਅਕਬਰ ਨੇ ਰਾਜਪੂਤਾਂ ਵਾਂਗ ਭਾਗ ਭਰੀ ਦਾ ਡੋਲਾ ਮੰਗ ਘਲਿਆ ਅਤੇ ਸਾਥ ਹੀ ਬਹੁਤ ਸਾਰੇ ਲਾਲਚ ਦਿਤੇ । ਪਰ ਮਹਿਰ ਮਿਠੇ ਨੂੰ ਆਪਣੀ ਜਟ ਜ਼ਾਤੀ ਤੇ ਮਾਣ ਸੀ ਅਤੇ ਆਪਣੇ ਬਾਹੂ ਬਲ ਦਾ ਵੀ ਘੁਮੰਡ ਸੀ । ਅਕਬਰ ਨੂੰ ਠੋਕ ਕੇ ਜਵਾਬ ਦੇ ਦਿਤਾ । ਫਿਰ ਦੂਜੀ ਵਾਰ ਜਬਰਨ ਖੋਹਣ ਦਾ ਅਤੇ ਜੰਗ ਦਾ ਡਰ ਦਿਤਾ । ਪਰ ਮਹਿਰ ਮਿਥੇ ਨੇ ਜੰਗ ਲੜਨਾ ਅਤੇ ਮਰਨਾ ਪ੍ਰਵਾਨ ਕਰ ਲਿਆ ਅਤੇ ਅਕਬਰ ਨੂੰ ਲਿਖਿਆ ਕਿ ਮੈਂ ਜ਼ਾਤੀ ਦਾ ਜਟ ਹਾਂ, ਆਪ ਮੁਸਲਮਾਨ ਹੋ, ਮੈਂ ਆਪ ਜੰਗ ਵਿ ਚ ਲੜ ਕੇ ਮਰ ਜਾਵਾਂਗਾ ਅਰ ਆਪਣੀ ਪੋਤਰੀ ਨੂੰ ਮਾਰ ਦਿਆਂਗਾ, ਅਰ ਸਾਰਾ ਪਰਗਣਾ ਹੀ ਜਟਾਂ ਦਾ ਆਪ ਦੇ ਵਿਰੁਧ ਕਰਕੇ ਪੰਜਾਬ ਵਿਚ ਗਦਰ ਮਚ ਜਾਇਗਾ । ਜਿਸਦਾ ਉਤਰ ਸੁਣ ਕੇ ਅਕਬਰ ਨੇ ਸਾਰੇ ਮਾਲਵੇ ਦੇ ਗੋਤਾਂ ਦਾ ਮਝੂ ਬਣਾ ਕੇ ਮਹਿਰ ਮਿਠੇ ਪਾਸ ਘਲਿਆ, ਪਰ ਮਹਿਰ ਮਿਠਾ ਫਿਰ ਭੀ ਨਾ ਮੰਨਿਆਂ ਅਤੇ ਆਪਣੀ ਜਟ ਜ਼ਾਤੀ ਨੂੰ ਦਾਗ ਨਾ ਲਗਣ ਦਿਤਾ । ਸੋ ਫਖਰ ਨਾਲ ਕਿਹਾ ਜਾ ਸਕਦਾ ਹੈ ਕਿ ਮਾਲਵੇ ਦੀ ਇਕੋ ਇਕ ਜਟ ਜ਼ਾਤੀ ਸੀ ਜਿਸ ਨੇ ਅਕਬਰ ਨੂੰ ਡੋਲਾ ਨਹੀਂ ਦਿਤਾ ।

ਉਸ ਵੇਲੇ ਤੋਂ ਢਾਡੀਆਂ ਨੇ ਵਾਰਾਂ ਗਾਵੀਆਂ—

ਅਕਬਰ ਜੇਹਾ ਸ਼ਾਹ ਨ ਕੋਈ ਮਿਠੇ ਜਿਹਾ ਨ ਭਾਠ ।
ਜਟਾਂ ਜਿਹਾ ਬਲੀ ਨ ਕੋਈ ਰਾਜਪੂਤਾਂ ਜਿਹਾ ਨ ਠਾਠ ।

# ਲੂਈ ਪਾਦ ਸਿਧ (ਰਾਜਾ ਰਸਾਲੂ)

ਇਹ ਸਾਲਬਾਹਨ ਦੇ ਪੁਤਰ ਲੂਣਾ ਰਾਣੀ ਤੋਂ ਪੈਦਾ ਹੋਏ ੨ ਸਨ । ਇਨ੍ਹਾਂ ਦੇ ਵਡੇ ਭਾਈ ਅਤੇ ਇਛਰਾਂ ਰਾਣੀ ਦੇ ਪੁਤਰ ਪੂਰਨ ਭਗਤ ਦੇ ਤਿਆਗੀ ਹੋ ਜਾਣ ਤੇ ਰਾਜਾ ਰਸਾਲੂ ਨੇ ਆਪਣੇ ਪਿਤਾ ਦੀ ਸਿਆਲਕੋਟ ਵਾਲੀ ਗੱਦੀ ਸਾਂਭੀ । ਇਨ੍ਹਾਂ ਦੇ ਨਾਨਕੇ ਚਮਾਰੂ ਗੋਤ ਦੇ ਜਟਾਂ ਦੇ ਘਰ* ਸਨ ਜੋ ਰਾਮਪੁਰ ਚਮਾਰੂ (ਸਰਹਿੰਦ ਤੋਂ ੧੦ ਕੋਹ ਦਖਣ) ਨੂੰ ਹੈ । ਉਥੋਂ ਹੀ ਇਨ੍ਹਾਂ ਨੂੰ ਜੋਗ ਦੀ ਚੇਟਕ ਲਗ ਗਈ ਸੀ । ਅਤੇ ਪਹਿਲੀ ਅਵਸਥਾ ਵਿਚ ਹੀ ਬਾਹਲਾ ਰਸਿਕ ਹੋਣ ਕਰਕੇ ਨਪੁੰਸਕ ਹੋ ਗਿਆ । ਫੇਰ ਭੀ ਏਸ ਨੂੰ ਪਹਿਲੀ ਰਸਕਤਾ ਦੇ ਕਾਰਨ ਰਾਣੀਆਂ ਵਿਆਹੁਣ ਦਾ ਸ਼ੌਕ ਲਗਾ ਰਿਹਾ । ਜਦੋਂ ਇਹ ਆਪਣੇ ਨਾਨਕਿਆਂ ਤੋਂ ਹੋ ਕੇ ਨਾਹਨ ਨੂੰ ਸੈਲ ਕਰਨ ਜਾ ਰਿਹਾ ਸੀ ਤਾਂ ਇਸ ਨੂੰ ਕਿਸੇ ਰਸਿਕ ਮਿਤਰ ਨੇ

* ਗੋਤ ਇਨ੍ਹਾਂ ਦਾ 'ਨੂਣ' ਜਟ ਸੀ, ਏਸੇ ਕਰਕੇ ਨੂੰਣਾ ਜਾਂ ਲੂਣਾ ਇਹਦੀ ਮਾਤਾ ਦਾ ਨਾਉਂ ਸਦੀਦਾ ਸੀ, ਪਰ ਤੰਤ੍ਰ ਵਿਦਿਆ ਇਨ੍ਹਾਂ ਨੇ ਕਿਸੇ ਚਮਾਰ ਸਿਧ ਤੋਂ ਸਿਖੀ ਸੀ । ਏਸ ਕਾਰਨ ਇਨ੍ਹਾਂ ਦੀ ਅਲ 'ਚਮਾਰੂ' ਪੈ ਗਈ ਸੀ ।

Digitized by Panjab Digital Library | www.panjabdigilib.org

ਦਸਿਆ ਕਿ ਰਾਜੇ ਹੋਡੀ ਦੀ ਲੜਕੀ ਬੜੀ ਸੁੰਦਰ ਅਤੇ ਛੋਟੀ ਅਵਸਥਾ ਹੋਣ ਤੇ ਭੀ ਬਹੁ ਚਤਰ ਹੈ। ਪਰ ਰਾਜਾ ਪਾਸਾ ਖੇਡਦਾ ਹੈ। ਜਿਹੜਾ ਹਾਰ ਜਾਂਦਾ ਹੈ, ਉਸਦਾ ਸਿਰ ਵੱਢ ਲੈਂਦਾ ਹੈ। ਅਤੇ ਜੋ ਪਾਸੇ ਵਿਚ ਜਿਤੇਆ ਉਹਦੇ ਨਾਲ ਕੋਕਲਾਂ ਦਾ ਬਿਆਹ ਕਰਨਾ ਹੈ। ਇਹ ਗੱਲ ਸੁਣਕੇ ਉਥੋਂ ਹੀ ਮੁੜ ਪਿਆ ਅਤੇ ੫੦ ਕੋਹ ਨੰਗੇ ਪੈਰੀਂ ਜਾਕੇ ਹੋੜਲੇ ( ਸੁਨਾਮ ਤੋਂ ੭ ਕੋਹ ਦੱਖਣ ) ਦੇ ਰਾਜਾ ਹੋਡੀ ਨੂੰ ਹਰਾਕੇ ਕੋਕਲਾ ਬਿਆਹੀ। ਫੇਰ ਰਾਮ ਪੁਰ ਚਮਾਰੂ ਹੁੰਦੇ ਹੋਏ ਨਾਹਨ ਨੂੰ ਚੱਲੇ, ਜਿਥੇ ਇਨ੍ਹਾਂ ਦਾ ਭਰਾ ਪੂਰਨ–ਚੋਰੰਗੀ ਨਾਥ ਰਹਿੰਦਾ ਸੀ, ਪਰ ਜਦੋਂ ਅਮਲੋਹ ਕੋਲ ਗਏ ਤਾਂ ਕੋਕਲਾਂ ਨੇ ਆਖਿਆ ਕਿ ਮੈਂ ਏਸਤੋਂ ਅਗਾਹਾਂ ਨਹੀਂ ਤੁਰ ਸਕਦੀ। ਇਸ ਕਰਕੇ ਰਸਾਲੂ ਨੇ ਉਹਦੇ ਰਹਿਣ ਲਈ ਉਥੇ ਹੀ ਮੰਦਰ ਅਤੇ ਕਿਲਾ 'ਭਾਦਸੋਂ' ਬਣਾਇਆ ਅਤੇ ਉਥੇ ਕੁਝ ਚਿਰ ਰਹਿੰਦੇ ਰਹੇ। ਕੋਕਲਾ ਜੁਆਨ ਹੋ ਗਈ ਤਾਂ ਰਸਾਲੂ ਨੂੰ ਉਸ ਦੇ ਚਲੀ ਜਾਣ ਦਾ ਡਰ ਹੋ ਗਿਆ ਉਥੋਂ ਸਵਾਰੀ ਲੈਕੇ ਉਸ ਨਾਲ ਸਿਆਲਕੋਟ ਪੁਜਾ। ਕੁਝ ਚਿਰ ਮਗਰੋਂ ਜਦੋਂ ਸਾਲਪੁਰ ਨਗਰ (ਅਟਕ ਦਰਿਆ ਕੋਲ) ਬਸਾ ਰਿਹਾ ਸੀ, ਰਾਣੀ ਕੋਕਲਾਂ ਸਿਆਲ ਕੋਟੋ ਕਿਲੇ ਦੀ ਕੰਧ ਟਪਕੇ ਕਿਸੇ ਨਾਲ ਚਲੀ ਗਈ। ਤਾਂ ਰਸਾਲੂ 'ਜਾਦਵ ਦੀਵਾਂ' (ਟਿੱਬਾ) ਕੋਲ ਪਹਾੜਾਂ ਵਿਚ ਕੋਕਲਾਂ ਖਾਤਰ ਝਖ ਮਾਰਦਾ ਫਿਰਦਾ ਅੰਤ ਨੂੰ ਜਗਤ ਤੋਂ ਵੈਰਾਗੀ ਹੋਕੇ ਆਪਣੇ ਭਾਈ ਕੋਲ ਆਇਆ ਤੇ 'ਜਲੰਧਰ ਨਾਥ' ਕੋਲੋ ਦੀਖਿਆ ਲੇਕੇ ਜੋਗੀ ਬਣਿਆ, ਅਤੇ ਪਾਉਂਟੇ ਸਾਹਿਬ ਕੋਲ ਜੋਗ ਕਮਾਉਣ ਲਗਾ। ਇਹ ਲੂਣਾ ਦਾ ਪੁਤ੍ਰ ਹੋਣ ਦੇ ਕਾਰਣ 'ਲੂਣੀ ਮਾਦ' (ਲੂਈ ਪਾਦ) ਨਾਉ ਧਰਾਕੇ ਮਾਰਵਾੜ ਬਿੰਧੀਆ ਚਲ ਆਦਿ ਵਿਚ ਵਿਚਰਦਾ ਰਿਹਾ। ਸਰਹਾ†ਪਾਦ (ਸਰੋਜ ਬਜਰ) ਦਾ ਗੁਰੂ ਏਹੁ ਲੂਣੀ ਪਾਦ੍ਰ ਸੀ ਜਿਸਨੇ "ਮੰਤ੍ਰਯਾਨ" ਸੰਪ੍ਰਦਾਇ ਤੋਰੀ। ਏਸਦੀ ਕਵਿਤਾ ੭ ਵੀਂ ਸਦੀ ਦੀ ਪੰਜਾਬੀ ਵਚ ਬਹੁਤ ਸਾਰੀ ਹੁਣ ਭੀ ਮਿਲਦੀ ਹੈ। ਏਸ ਦਾ ਦੇਹਾਂਤ ਏਸ ਦੇ ਨਾਨਕੀ 'ਰਾਮ ਪੁਰ ਚਮਾਰੂ ਵਿਚ ਹੋਇਆ ਦਸਦੇ ਹਨ। ਏਸਦੇ ਚੇਲੇ ਪੰਜਾਬ ਵਿਚ ਬਹੁਤ ਸਨ ਜੋ ਲੂਣੀਆ ਸਿੱਧ ਕਹਾਉਦੇ ਸਨ। ਅਤੇ ਜੋ ਗੁਰੂ ਨਾਨਕ ਦੇਵ ਦੇ ਸਮੇਂ ਤਾਂ ਬਹੁਤ ਸਨ, ਪਰ ਦਸਵੇ ਪਾਤਸ਼ਾਹ ਦੇ ਵੇਲੇ ਟਾਮੇ ਟਾਮੇ ਰਹਿ ਗਏ ਸਨ ਜੋ ਅਪਣਾ ਪ੍ਰਚਾਰ ਜੰਤ੍ਰ-ਮੰਤ੍ਰਾਂ ਦੇ ਰਾਹੀਂ ਲੁਕਵਾਂ ਜਿਹਾ ਕਹਿ ਰਹੇ ਸੀ। ਜੈਸੇ ਫਕਰਸਰ ਵਾਲਾ ਬਾਲ ਨਾਥ।

## ਲਛਮਣ ਸਿਧ

ਈਸਾ ਦੀ ਦੂਜੀ ਸਦੀ ਵਿਚ ਮਲ ਕੌਮ ਦੇ ਕੁਝ ਕਬੀਲੇ ਉਜੈਨ ਵਲੋਂ ਆਕੇ* ਗੁਰੂ ਕੇ ਮਾਲਵੇ ਵਿਚ ਵਸੇ। ਉਨ੍ਹਾਂ ਨੇ ਪਹਿਲਾਂ ਦੁਆਬੇ ਵਿਚ ਕੁਝ ਪਿੰਡ ਬਸਾਏ। ਸੂਸ਼ਕ ਵਿਚ ਮੱਲਾਂ ਵਾਲੇ ਨਾੜੇ, ਤਿਹਾੜੇ ਵਿਚ ਕਿਲਾ ਮਲ੍ਹੀਆਂ ਵਾਲਾ, ਕੋਕਰੀ ਮਲ੍ਹੀਆਂ ਦੀ, ਕੋਟ ਮਲਿਆਣਾ ਸਤਲੁਜ ਦੇ ਹੇਠਾੜ ਵਿਚ ਅਤੇ ਮਲ੍ਹਾ (ਲੋਪੋਕੇ ਦੇ ਆਸ ਪਾਸ) ਬਸਾਏ। ਜਦੋਂ ਖਹਰੇ ਪਹਿਲਾਂ ਆਏ ਤਾਂ ਮਲ੍ਹੀਆਂ ਨਾਲ ਉਨ੍ਹਾਂ

---

†ਇਹਦਾ ਨਾਉ ਤਾਂ 'ਸਰੋਜ ਬੱਜਰ' ਸੀ, ਪਰ ਸਿਕਲੀਗਰਾਂ ਦੀ ਲੜਕੀ ਨੂੰ ਆਪਣੀ ਨਾਥਣੀ ਬਣਾਲਿਆ ਸੀ. ਅਤੇ 'ਮੰਤ੍ਰਯਾਨ' ਸੰਪ੍ਰਦਾਇ ਦਾ ਆਦਿਲਾ ਅਚਾਰਯ ਹੋਇਆ ਏਸ ਕਰਕੇ ਏਸਨੂੰ ਅ ਦਿ ਸਿੱਧ ਅਤੇ ਉਹਦੀ ਨਾਥਣੀ ਨੂੰ "ਆਦੀ ਮਾਈ' (ਪ੍ਰਾਕ੍ਰਿਤ ਵਿਚ ਆਈ ਮਾਈ) ਕਹਿਣ ਲਗੇ, ਏਸੇ ਕਾਰਣ ਏਸ ਮੰਤ੍ਰਯਾਨ ਨੂੰ ਲੋਕੀ "ਆਈ ਪੰਥ" ਆਖਦੇ ਹਨ। ਏਸ ਨੂੰ ਲੂਈ ਪਾਦ ਨੇ ਸ੍ਰੀ ਪਰਬਤ ਉਪਰ ਦੀਖਿਆ ਮੰਤ੍ਰ ਦੇਕੇ ਇਹ ਪੰਥ ਚਲਾਇਆ ਸੀ।

*ਦੇਖੋ ਸਫਾ ੨੯੩

Digitized by Panjab Digital Library | www.panjabdigilib.org

ਦੇ ਕਈ ਯੁਧ ਹੋਏ। ਉਸ ਸਮੇਂ ਮਲ੍ਹੀਆਂ ਦੇ ਕਈ ਪਿੰਡ ਬਰਬਾਦ ਹੋ ਗਏ, ਜਿਨ੍ਹਾਂ ਵਿਚ ਮਲ੍ਹਾ ਅਤੇ ਚੜਿਕ ਭੀ ਸਨ†। ੧੨ਵੀਂ ਸਦੀ ਈ: ਵਿਚ ਮਲਿਆਣੇ ਵਾਲਿਆਂ ਵਿਚੋਂ ਲਛਮਣ ਸਿਧ ਬੜਾ ਬਲਵਾਨ ਹੋਇਆ, ਉਸਨੇ ਚੜਿਕ ਅਤੇ ਅਸ਼ਟਾਂਗ ਕੋਟ ਆਦਿ ਕਈ ਪਿੰਡ ਬਸਾਏ। ਚੜਿਕਿ ਆਪਣੇ ਭਤੀਜੇ ਸੰਘੇ ਲਈ ਫੇਰ ਬਸਾਈ, ਜਿਸਦੀ ਸੰਤਾਨ ਚੜਿਕ ਦੇ ਮਲ੍ਹੀ ਅਤੇ ਡਰੋਲੀ ਆਦਿ ਦੇ ਭਾਈਕੇ ਹਨ। ਲਛਮਣ ਆਪ ਅਸ਼ਟਾਂਗ ਕੋਟ ਰਿਹਾ ਕਰਦੇ ਸਨ। ਗਜ਼ਨੀ ਵਾਲਿਆਂ ਨੂੰ ਕਢਣ ਵੇਲੇ ਲਛਮਣ ਭੀ ਜਗਦੇਵ ਦੀ ਸਜੀ ਬਾਂਹ ਸੀ। ਇਹ ਗੌਰੀਆਂ ਦੇ ਬਠਿੰਡਾ ਮਾਰਨ ਦੇ ਸਮੇਂ ਭੀ ਉਨ੍ਹਾਂ ਦੇ ਵਿਰੁਧ ਲੜੇ ਸਨ। ਇਸ ਤੋਂ ਮੌਕਾ ਪਾ ਕੇ ਖਹਰਿਆਂ ਨੇ ਗੌਰੀਆਂ ਅਤੇ ਨਵੇਂ ਮੁਸਲੇ ਭਠੀਆਂ ਨੇ ਆਪਣਾ ਸ਼ਤਰੂ ਸਮਝ ਕੇ ਇਨ੍ਹਾਂ ਦਾ ਪਿੰਡ ਫੂਕ ਦਿਤਾ। ਤਦੋਂ ਇਹ ਚੜਿਕ ਆਏ ਹੋਏ ਸਨ, ਉਥੇ ਯੁਧ ਹੋਇਆ ਤਾਂ ਇਨ੍ਹਾਂ ਦਾ ਸੀਸ ਚੜਿਕ ਡਿਗਿਆ ਤੇ ਧੜ ਮੁਸਤਫਾ ਕੋਲ ਆ ਕੇ ਸਿਟਿਆ। ਉਥੇ ਅਰਟਾਂਗ ਕੋਟ ਦੀ ਜੂਹ ਸੀ। ਜਿਸ ਕਰਕੇ ਦੋਹੀਂ ਥਾਈਂ ਇਨ੍ਹਾਂ ਦੀਆਂ ਮਾੜੀਆਂ ਬਣੀਆਂ। ਇਨ੍ਹਾਂ ਦੀ ਆਯੂ ੧੪੦ ਬਰਸ ਦੀ ਹੋਈ ਦਸਦੇ ਹਨ।

## ਕਾਲੂ ਨਾਥ

੧. ਪੁਸ਼ਕਰਨ ਤਹਿਸੀਲ ਦੇ ਕੋਲ ਮਾਝੇ ਵਿਚ ਲੀਲ੍ਹਪੁਰ ਧਾਣੀ ਵਾਲਾਂ ਦਾ ਪਿੰਡ ਸੀ, ਜੋ ੧੬੬੯ ਸੰਮਤ (੧੬੧੨ ਈਃ ਤਕ) ਵਸਦਾ ਰਿਹਾ, ਫੇਰ ਮੁਸਲਿਆਂ ਦੇ ਹੱਲਿਆਂ ਵਿਚ ਉਜੜ ਗਿਆ। ਇਸਦਾ ਚੌਧਰੀ ਜੈਮਲ ਉਪਨਾਮ ਦਾਤਾ ਅਕਬਰ ਦੇ ਸਮੇਂ ਬੜਾ ਨਾਮਾਦਾਰ ਅਤੇ ਭਜਨੀਕ ਪੁਰਸ਼ ਹੋਇਆ ਹੈ। ਉਸਦੇ ਘਰ ੧੫੫੦ ਈਃ ਵਿਚ ਇਕ ਸਿਧ ਪੁਰਸ਼ ਕਾਲੂ ਨਾਥ ਜੀ ਦਾ ਜਨਮ ਹੋਇਆ। ਇਨ੍ਹਾਂ ਬਾਬਤ ਇਕ ਅਨੁਸ਼ੁਤੀ (ਰਵਾਇਤ) ਹੈ ਕਿ ਸਿਧ ਭੋਈ ਜੋ ਗੋਪੀ ਚੰਦ ਅਤੇ ਭਰਥਰੀ ਨਾਥ ਦਾ ਸਾਥੀ ਪਿਛਲੇ ਜਨਮ ਵਿਚ ਗੁਰੂ ਨਾਨਕ ਦਾ ਸਿਖ ਹੋਇਆ ਅਤੇ ਤਖਤੂ ਪੁਰੇ ਆਕੇ ਆਪਣੇ ਸਾਥੀਆਂ (ਭਰਥਰੀ-ਗੋਪੀ ਚੰਦ) ਨਾਲੋਂ ਵਖਰਾ ਹੋ ਗਿਆ ਸੀ ਉਹੀ ਪਹਾੜਾਂ ਦੀ ਸੈਰ ਕਰਕੇ ਫੇਰ ਪ੍ਰਗਟ ਹੋ ਗਿਆ, ਕੋਈ ਆਖਦਾ ਹੈ ਕਿ ਧਾਲੀਵਾਲ ਘਰ ਤਿੰਨ ਜਨਮ* ਲੇਣ ਦੀ ਪ੍ਰਤਿਗਿਆ ਕਰਨ ਦੇ ਕਾਰਨ ਤੀਜੀ ਵਾਰ ਪ੍ਰਗਟ ਹੋਇਆ ਅਤੇ ਹੁਣ ਭੀ ਗੁਰੂ ਨਾਨਕ ਦੇਵ ਜੀ ਦੀ ਬਖਸ਼ਸ਼ ਕਰਕੇ (ਚਰੰਜੀਵੀ) ਕਾਲੂਨਾਥ ਜੀਉਂਦਾ ਹੈ। ਇਨ੍ਹਾਂ ਦੀ ਮਾਤਾ ਦਾ ਨਾਉਂ ਮੋਹਣੀ, ਚਾਚੇ ਦਾ ਨਾਉਂ ਜੈਚੰਦ ਅਤੇ ਛੋਟੇ ਭਾਈ ਦਾ ਨਾਉਂ

---

†੧੪੦ ਬਿਕ੍ਰਮੀ (ਸੰਨ ੮੩ ਵੀਃ) ਦੇ ਲਗ ਪਗ ਇਹ ਕੌਮ ਤਿਹਾੜੇ ਵਿਚ ਬੜੀ ਪ੍ਰਭਾਵਸ਼ਾਲੀ ਸੀ। ਇਸ ਤੋਂ ਪਹਿਲਾਂ ਇਨ੍ਹਾਂ ਦੇ ਕੁਝ ਕਬੀਲੇ ਸਿਕੰਦਰ ਦੇ ਜਾਣ ਤੋਂ ਪਿਛੋਂ ਮਾਲਵੇ ਵਿਚ ਮੁਲਤਾਨ ਆਦਿ ਵਲੋਂ ਆਕੇ ਵਸ ਚੁਕੇ ਸੀ, ਜਿਸ ਕਰਕੇ ਏਸ ਦਾ ਨਾਉ "ਮਾਲਵਾ ਪਿਆ। ਇਨ੍ਹਾਂ ਨੇ ਹੀ ਸਿਕੰਦਰ ਹਰਾਇਆ, ਸਾਈਲੋਕਸ ਨੂੰ ਨਵਾਕੇ 'ਕਰਕੋਟਨਗਰ' (ਜੈਪੁਰ ਕੋਲ) ਅਤੇ ਉਜੈਨ ਨੂੰ ਆਪਣੇ ਵਸੀਕਾਰ ਵਿਚ ਕਰਕੇ ਓਸ ਦੇਸ ਦਾ ਨਾਉਂ ਭੀ 'ਮਾਲਵਾ' ਪਾਇਆ ਸੀ।

* ਪਹਿਲਾ ਜਨਮ ਮਾਰਵਾੜ ਵਿਚ ਲੈ ਕੇ 'ਤਪੋ' (ਧਉਲੇ) ਕੋਲ ਤਪ ਕੀਤਾ ਤੇ ਲੱਖੂਆਣੇ ੧੫੩੦ ਈਃ ਨੂੰ ਸਰੀਰ ਛਡਿਆ। ਦੂਜਾ ਜਨਮ ਲੋਪੇ ਕੇ ਧਾਰ ਕੇ ਰਾਜੇਆਣੇ ੨੦ ਵਰ੍ਹੇ ਦੀ ਆਯੂ ਵਿਚ ਛਡਿਆ। ਇਹ ੧੫੫੦ ਵਿਚ ਤੀਜਾ ਜਨਮ ਗ੍ਰਹਿਣ ਕੀਤਾ।

Digitized by Panjab Digital Library | www.panjabdigilib.org

ਦੀਪਾ ਭਗਤ ਸੀ ਜੋ ੪ ਵਰ੍ਹੇ ਛੋਟਾ ਸੀ।

੨. ਛੋਟੀ ਅਵਸਥਾ ਵਿਚ ਇਹ ਸਿਮਰਨ ਦਾਸ ਬੈਰਾਗੀ ਤੋਂ ਰਾਮ ਨਾਮ ਦੀ ਦੀਖਿਆ ਲੈ ਕੇ ਲੀਲ ਵਿਚ ਉਹਦੇ ਸਿਖ ਹੋਏ।

੩. ਏਸ ਦੀ ੧੬ ਬਰਸ ਦੀ ਆਯੂ ਸੀ ਕਿ ਪਿਤਾ ਪਰਲੋਕ ਸੁਧਾਰ ਗਏ। ਚਾਚੇ ਨੇ ਇਨ੍ਹਾਂ ਦੇ ਅਯਾਣੇ ਅਤੇ ਸਾਧੂ ਸੁਭਾਓ ਜਾਣਕੇ ਬੇਈਮਾਨੀ ਕਰਨੀ ਚਾਹੀ ਤਾਂ ਇਹ ਆਪਣੀ ਤੂੰਬੀ ਫੌਹੜੀ ਤੇ ਮਾਤਾ ਨੂੰ ਨਾਲ ਲੈ ਕੇ ਦੋਵੇਂ ਭਰਾ ਨਿਕਲ ਤੁਰੇ। ਉਸੇ ਦਿਨ ਚਕ ਬਾਬਾ ਪਿੰਡ ਆ ਰਹੇ। ਇਕ ਦਿਨ ਭਿਖਿਆ ਨੂੰ ਜਾਂਦੇ ਹੋਇਆਂ ਇਕ ਮੋਚੀਆਂ ਦੀ ਕੁੜੀ—ਰਜੀ ਨੂੰ ਸਿਞਾਣ ਲਿਆ, ਜੋ ਉਨ੍ਹਾਂ ਦੀ ਪਿਛਲੇ ਜਨਮ ਦੀ ਮਾਤਾ ਸੀ। ਉਸਨੇ ਭੀ ਚਿੰਨ੍ਹ ਚੱਕਰ ਤੋਂ ਪਛਾਣ ਕੇ ਨਿਤ ਸੇਵਾ ਕਰਨੀ ਆਰੰਭੀ। ਅਗਲੇ ਸਾਲ ਲੋਕਾਂ ਵਿਚ ਚਰਚਾ ਹੋਣ ਲਗੀ ਕਿ ਮੋਚਣ ਕਿਉ ਸੇਵਾ ਕਰਦੀ ਹੈ, ਤਾਂ ਨਾਥ ਜੀ ਮਾਤਾ ਸਣੇ ਕੁੰਭ ਦੇ ਮੇਲੇ ਲਈ ਤਿਆਰ ਹੋਏ ਤਾਂ ਮਾਈ ਰੱਜੀ (ਮੋਚਣ) ਭੀ ਨਾਲ ਤਿਆਰ ਹੋ ਗਈ। ਲੋਕਾਂ ਨੇ ਇਸ ਗਲ ਨੂੰ ਬੁਰਾ ਮਨਾਇਆ ਅਤੇ ਪਿਛੇ ਭਜੇ, ਤਾਂ ਨਾਥ ਜੀ ਉਥੇ ਹੀ ਅਟਕ ਗਏ ਅਤੇ ਲੋਕਾਂ ਨੂੰ ਆਖਿਆ ਕਿ ਇਹ ਅਸਾਡੇ ਪਿਛਲੇ ਜਨਮ ਦੀ ਮਾਈ ਹੈ ਇਸ ਗਲ ਦਾ ਸਬੂਤ ਦਿਤਾ ਅਤੇ ਮਾਈ ਰੱਜੀ ਦਾ ਅਠਵੇਂ ਦਿਨ ਸਰੀਰ ਛੁਟਾ ਕੇ ਉਸਦਾ ਉਧਾਰ ਕੀਤਾ। ਲੋਕਾਂ ਨੂੰ ਪਰਤੀਤ ਆਈ ਤਾਂ 'ਪਾਸੀ' ਖਤਰੀ ਸਭ ਸਿਖ ਹੋਏ।

੪. ਨਾਥ ਜੀ ਮਾਲਵੇ ਵਿਚ ਬਠਿੰਡਾ ਲੰਘਕੇ ਮਹਿਲਾਂ ਵਾਲੇ* ਦੀ ਜੂਹ ਵਿਚ ਰਤਨ ਸਰਾਂ† ਦੀ ਢਾਬ ਉਪਰ ਜੰਡ ਹੇਠ ਧੂਆਂ ਲਾਕੇ ਬੈਠ ਗਏ। ੧੨ ਬਰਸ ਤਪ ਕੀਤਾ। ਇਕ ਅਟਕ ਨਾਮ ਦਾ ਜ਼ਟ (ਮਾਨ) ਆਪਣੇ ਖੇਤ ਦੀ ਮੇਰ ਕਰਕੇ ਉਨ੍ਹਾਂ ਨੂੰ ਉਠਾਉਣ ਆਇਆ। ਇਹਨਾ ਆਖਿਆ, ਅਸਾਡਾ ਇਹ ਪਿਛਲੇ ਜਨਮ ਦਾ ਅਸਥਾਨ ਹੈ। ਤਾਂ ਉਹ ਆਖਣ ਲਗਾ, ਪਿਛਲੇ ਜਨਮ ਵਿਚ ਤੁਸੀਂ ਏਥੇ ਵਿਆਹੇ ਹੋਏ ਸੀ? ਬੁਰਾ ਭਲਾ ਆਖਦਾ ਅਕਬਰ ਦੇ ਜਾ ਫਰਿਆਦੀ ਹੋਇਆ, ਜੋ ਉਹਨੀਂ ਦਿਨੀਂ ਆਪਣਿਆਂ ਸੋਹਰਿਆਂ (ਕਾਂਗੜ) ਤੋਂ ਆ ਰਿਹਾ ਸੀ। ਅਤੇ ਉਸ ਨਾਥ ਦੀ ਮਹਿਮਾ ਭੀ ਸੁਣ ਚੁਕਿਆ ਸੀ। ਉਹ ਆਖਣ ਲਗਾ, ਨਾਥ ਜੀ, ਜਗਾ ਦਾ ਕੁਝ ਪ੍ਰਤਿਆਵਾ ਦੇਵੋ ਤਾਂ ਉਸਨੇ ੭ ਹਥ ਧਰਤੀ ਪਟਵਾਕੇ ਆਪਣੇ ਚਿਮਟਾ ਤੇ ਫੌਹੜੀ ਆਦਿ ਕਢਾਏ ਤਾਂ ਅਕਬਰ ਨੇ ੧ ਲਖ ਦੀ ਜਾਗੀਰ ਦਿਤੀ ਜੋ ਉਦਾਲੇ ਦੇ ੩੬ ਪਿੰਡਾਂ ਦੀ ਆਮਦਨੀ ਸੀ। ਇਹ ਗਲ ੧੫੮੩ ਈ: ਦੀ ਹੈ।

੫. ਫੇਰ ਨਾਥ ਜੀ ਛਪਰ ਪਾ ਕੇ ਖੁਲੇ ਰਹਿਣ ਲਗੇ, ਅਤੇ ਰਤਨ ਹਾਜੀ ਤੇ ਸੁਲਤਾਨ ਨਾਥ ਆਦਿ ਸਭ ਪੀਰ ਇਨ੍ਹਾਂ ਨਾਲ ਵਾਰਤਾਲਾਪ ਕਰਿਆ ਕਰਦੇ ਸਨ, ਸਭ ਨੂੰ ਨਾਥ ਜੀ ਨੇ ਗੁਰਮਤਿ ਦੀ ਸਿਖਿਆ—

---

* ਇਹ ਪਿੰਡ ਮਾਨਾਂ ਤੇ ਮੌੜਾਂ ਦਾ ਗੋਬਿੰਦਪੁਰੇ ਤੋਂ ਲਾਕੇ ਪੂਹਲੇ ਤਕ ੭ ਕੋਹ ਵਿਚ ਸੀ ਜੋ ੧੫੪੫ ਬਿ: ਦੇ ਪਿਛੋਂ ਅਕਬਰ ਦੇ ਵੇਲੇ ਉਜੜਿਆ।

† ਜਗਦੇਵ ਅਤੇ ਭੋਈ ਨੇ ਉਸ ਨੂੰ ਮੁਸਲਮਾਨ ਬਣਨ ਕਰਕੇ ਉਥੋਂ ਕਢ ਕੇ ਹਿੰਦੂ ਧਰਮ ਦੀ ਦੀਖਿਆ ਦੇ ਕੇ ਰਤਨ ਸਰ ਰਹਿਣ ਲਈ ਬੇਬਸ ਕੀਤਾ ਸੀ।

Digitized by Panjab Digital Library | www.panjabdigilib.org

ਸਤਿਨਾਮ ਵਾਹਿਗੁਰੂ ਦਾ ਉਪਦੇਸ਼ ਕਰਦੇ ਰਹਿਣਾ, ਗੁਰੂ ਨਾਨਕ ਦੇਵ‡ ਦਾ ਸੁਨੇਹਾ ਦਿੰਦੇ ਰਹਿਣਾ ਅਤੇ ਉਨ੍ਹਾਂ ਦੀ ਜੋਤਿ ਰੂਪ ਗੱਦੀ ਨੂੰ ਅੰਤਰ ਆਤਮਾ ਕਰਕੇ ਸਿਮਰਨ ਕਰਨਾ, ਇਹ ਨਿਤ ਦਾ ਬਿਉਹਾਰ ਸੀ।

੬. ਸੰਮਤ ੧੬੪੫ ਵਿਃ ਦੇ ਹਰਿਦੁਆਰ ਦੇ ਕੁੰਭ ਨੂੰ ਸੰਨਿਆਸੀਆਂ ਨੇ ਜਦੋਂ ਬੈਰਾਗੀਆਂ ਸ਼ਾਹੀ ਕੱਢਣ ਤੋਂ ਰੋਕਿਆ ਤਾਂ ਦੋਹਾਂ ਦਾ ਫਸਾਦ ਬਹੁਤ ਵਧ ਚਲਿਆ, ਕਾਲੂ ਨਾਥ ਨੇ ਉਥੇ ਜਾਕੇ ਦੋਹਾਂ ਧਿਰਾਂ ਦਾ ਫਸਾਦ ਪੱਕੀ ਤਰਾਂ ਨਿਬੇੜਕੇ ਜਸ ਖਟਿਆ।

੭. 'ਅਟਕ ਮਾਨ ਦੀ ਪੁਤ੍ਰੀ' 'ਪੰਜੀ' ਨਾਮ ਦੀ ਬਿਮਾਰੀ ਨੇ ਤਤਿ ਲਾਚਾਰ ਕਰ ਛੱਡੀ ਸੀ, ਘਰ ਦੇ ਉਸਦੀ ਮੰਜੀ ਨਾਥ ਦੇ ਦੁਆਰੇ ਸਿੱਟ ਗਏ। ਨਾਥ ਨੇ ਉਸਨੂੰ ਕਲਾ ਨਾਲ ਰਾਜੀ ਕਰ ਦਿਤਾ ਤਾਂ ਉਸਦੀ ਮਹਿਮਾ ਹੋਰ ਭੀ ਬਹੁਤ ਵਧ ਗਈ। ਤਾਂ ਫੇਰ ਘਰ ਦੇ ਓਸ ਲੜਕੀ ਨੂੰ ਲੈਣ ਆਏ, ਪਰ ਉਹ ਨਾ ਹੀ ਗਈ। ਤਾਂ ਹਾਰਕੇ ਉਹਨਾ ਨੇ ਬੜੇ ਜਤਨ ਨਾਲ ਚੀਖੇ ਭਗਤ ਨੂੰ ਉਸ ਨਾਲ ਵਿਆਹ ਕਰਨ ਲਈ ਮਨਾਇਆ। ਓਸ ਤੋਂ ਰਾਜਾ ਰਾਮ ਦਾ ਜਨਮ ਹੋਇਆ। ਨਾਥ ਨੇ ਆਖਿਆ ਕਿ ੧੨ ਬਰਸ ਚੀਖਾ ਉਸਦੇ ਮੱਥੇ ਨ ਲਗੇ, ਪਰ ਓਸਨੇ ੧੧ਵੇਂ ਬਰਸ ਉਹ ਬਚਨ ਭੁੱਲਕੇ ਪੁਤ੍ਰ ਦੇ ਮੋਹ ਵਿਚ ਆਕੇ ਦਰਸ਼ਨ ਕਰ ਲਏ, ਜਿਸ ਤੋਂ ਉਹ ਅਗਲੇ ਦਿਨ ੪੫ ਬਰਸ ਦੀ ਆਯੂ ਵਿਚ ਪਰਲੋਕ ਨੂੰ ਸਿਧਾਰ ਗਿਆ।

੮. ਇਕ ਦਿਨ ਗੋਪੀ ਚੰਦ ਤੇ ਭਰਥਰੀ ਤਖਤੂ ਪੁਰੇ ਤੋਂ ਉੱਠਕੇ ਕਾਲੂ ਨਾਥ ਕੋਲ ਆਏ, ਤਾਂ ਦਿਲ ਵਿਚ ਸੰਕਲਪ ਕੀਤਾ ਕਿ ਗੋਰੀਆਂ ਗਊਆ ਦਾ ਨਾਥ ਜੀ ਦੁੱਧ ਛਕਾਉਣ ਤਾਂ ਕਲਾ ਵਾਲਾ ਸਮਝੀਏ। ਕਾਲੂ ਨਾਥ ਨੇ ਅੱਗੋ ਹੀ ਜਾਣਕੇ ਇਕ ਕੋਹ ਭਰ ਦੂਰ ਰਹਿਣ ਤੋਂ ਹੀ 'ਅਟਕ' ਦੇ ਹੱਥ ਗੋਰੀਆਂ ਗਊਆਂ ਦਾ ਦੁੱਧ ਉਨ੍ਹਾਂ ਨੂੰ ਪਹੁੰਚਾ ਦਿਤਾ। ਗੋਪੀ ਚੰਦ ਹੁਰੀਂ ਆਕੇ ਬੜੇ ਪਿਆਰ ਨਾਲ ਮਿਲੇ। ਉੱਤਰ ਪ੍ਰਸ਼ਨ ਬੜੇ ਪ੍ਰੇਮ ਭਾਵ ਨਾਲ ਕੀਤੇ। ਗੋਪੀ ਚੰਦ ਨੇ ਆਖਿਆ ਭਲਾ ਜੇ ਤੇਰੀ ਗੰਗਾ ਸੁੱਕ ਜਾਵੇ ਫੇਰ ਕੀ ਕਰੇਂ ?

ਇਤਨੇ ਗੰਗਾ ਵਾਲਾ ਬ੍ਰਾਹਮਣ-ਪੁਜਾਰੀ ਕਾਲੂ ਨਾਥ ਕੋਲ ਆਕੇ ਪੁਕਾਰ ਕਰਨ ਲਗਾ ਕਿ ਆਪ ਦੀ ਵਗਾਈ ਹੋਈ ਗੰਗਾ ਸੁਕ ਗਈ। ਤਾਂ ਕਾਲੂ ਨਾਥ ਨੇ ਅੰਦਰੋ ਜਾਣਕੇ ਕਲਾ ਪ੍ਰੇਰੀ ਤਾਂ ਗੰਗਾ ਸਰਜੀਤ ਨ ਹੋਈ, ਤਾਂ ਅਪਣੇ ਨਾਲੋਂ ਬਲਵਾਨ ਜਾਣਕੇ ਕਿ ਇਹ ਸਭ ਇਨ੍ਹਾਂ ਸਿੱਧਾਂ ਦੀ ਕ੍ਰਿਪਾ ਹੈ, ਗੋਪੀ ਚੰਦ ਨੂੰ ਅਧੀਨਗੀ ਨਾਲ ਆਖਣ ਲਗਾ—ਮਹਾਰਾਜ ਜੀ। ਜੋ ਅਪਰਾਧ ਹੋਇਆ ਹੋਵੇ, ਉਸਦੀ ਖਿਮਾ ਬਖਸ਼ੋ। ਤਾਂ ਗੋਪੀ ਚੰਦ ਨੇ ਆਖਿਆ, ਕਿ ਤੂੰ ਪਿਛਲੇ ਜਨਮ ਤੋਂ ਜਾਣ ਚੁਕਿਆ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਰੂਪ ਵਿਚ ਪਰਮ ਪੁਰਖ ਆਪ ਦੇਹ ਧਾਰਕੇ ਏਸ ਜਗਤ ਵਿਚ ਜੋਤਿ ਜਗਾ ਰਿਹਾ ਹੈ, ਤੂੰ ਹੁਣ ਤਕ ਆਪਣੀ ਤੁਛ ਜਿਹੀ ਕਲਾ ਤੇ ਮਾਣ ਕਰਦਾ ਹੋਇਆ ਉਹਨਾਂ ਤੋਂ ਬਿਮੁਖ ਹੋ ਰਿਹਾ ਹੈ—ਉਨ੍ਹਾਂ ਦੇ ਛੇਵੇਂ ਸਰੂਪ ਸ੍ਰੀ ਗੁਰੂ ਹਰਿ ਗੋਬਿੰਦ ਜੀ ਮਾਲਵੇ ਵਿਚ ਆਏ ਹੋਏ ਹਨ ਉਨ੍ਹਾਂ ਦੀ ਦਰਗਾਹ ਵਿਚੋਂ:

‡ ਪਿਛਲੇ ਜਨਮ ਵਿਚ ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਨੂੰ ਕਾਲੂ ਨਾਥ ਮਿਲ ਨਹੀਂ ਸਕੇ ਅਤੇ ਭੋਈ ਦੇ ਪਹਿਲੇ ਜਨਮ ਵਿਚ ਭੀ ਮਿਲਨ ਦੀ ਤਾਂਘ ਸੀ।

Digitized by Panjab Digital Library | www.panjabdigilib.org

ਤੁਹਾਡੀ ਬੰਸ ਨੂੰ ਏਸ ਛੱਤੀਏ ਤੋਂ ਸਖਣੇ ਕਰਕੇ ਮਰਾੜਕਿਆਂ ਨੂੰ ਏਥੇ ਰਾਜਮਾਨ ਕਰ ਦਿਤਾ ਗਿਆ ਹੈ, ਇਸ ਲਈ ਛੇਤੀ ਉਨ੍ਹਾਂ ਦੇ ਦਰਸ਼ਨ ਪਾਕੇ ਅਸਾਡੀ ਤਰਾਂ ਆਪਣੇ ਪ੍ਰਵਾਰ ਤੇ ਸਿਖਾਂ ਸੇਵਕਾਂ ਸਮੇਤ ਦੀ ਖਿਮਾ ਲਵੋ ਤੇ ਪਰਮ ਸੁਖ ਦੀ ਪ੍ਰਾਪਤੀ ਕਰੋ, ਅਜਿਹੀਆਂ ਕੋਟ ਗੰਗਾ ਉਨ੍ਹਾਂ ਦੇ ਚਰਨਾਂ ਵਿਚ ਹਨ। ਤਾਂ ਕਾਲੂ ਨਾਥ ਬਹੁਤ ਕੋਮਲ ਚਿਤ ਅਤੇ ਯਥਾਰਥ ਵਾਦੀ ਹੋਣ ਕਰਕੇ ਬੇਨਤੀ ਕਰਨ ਲਗੇ ਕਿ ਆਪ ਹੀ ਕ੍ਰਿਪਾ ਕਰਕੇ ਅਰਦਾਸਾ ਕਰਕੇ ਉਨ੍ਹਾਂ ਤੋਂ ਬਖਸ਼ਾਂ ਦੇਵੇ, ਮੈਂ ਉਨ੍ਹਾਂ ਨੂੰ ਜੁੱਧ ਲਈ ਆਉਣ ਦੇ ਸਮੇਂ ਤਕ ਹੋਰ ਪੀਰਾਂ ਸਣੇ ਏਥੇ ਨਿੱਤ ਉਡੀਕ ਰਿਹਾ ਹਾਂ, ਏਸ ਗਲ ਦੀ ਸਚਾਈ ਵਿਚ ਓਹੀ ਪ੍ਰਮਾਣ ਹਨ। ਤਾਂ ਗੋਪੀ ਚੰਦ, ਭਰਥਰੀ, ਬਾਬਾ ਕਲਿਆਣਾ ਰਾਜਾ ਰਾਮ ਅਰਦਾਸ ਕਰਨ ਲਗੇ ਸਨ, ਓਦੋਂ ਨੂੰ ਸੁਲਤਾਨ ਨਾਥ ਭੀ ਆਗਿਆ, ਪੰਜਾਂ ਨੇ ਇਕ ਚਿਤ ਹੋਕੇ ਅਰਦਾਸ ਕੀਤੀ, ਮਹਾਰਾਜ ਜੀ! ਕਾਲੂ ਨਾਥ ਆਪ ਦਾ ਸਾਦਿਕ (ਪ੍ਰੇਮੀ) ਹੈ ਆਪ ਜਾਣਦੇ ਹੀ ਹੋ। ਕ੍ਰਿਪਾ ਕਰਕੇ ਏਸ ਨੂੰ ਅਜ ਤਕ ਸ੍ਰੀ ਚਰਨਾ ਤੋਂ ਬਿਮੁਖ ਰਹਿਣ ਦੀ ਹੁਣ ਮੁਆਫੀ ਦਿਓ। ਅਤੇ ਕ੍ਰਿਪਾ ਕਰਕੇ ਝਬਦੇ ਹੀ ਦਰਸ਼ਨ ਦੇਕੇ ਨਿਹਾਲ ਕਰਨਾ, ਜੇ ਆਪ ਨੂੰ ਮਨਜ਼ੂਰ ਹੋਵੇ, ਮੇਰੇ ਸੁਤੇ ਸਿਧ ਬਚਨ ਕਰਨ ਤੋਂ ਜੇ ਏਸ ਦੀ 'ਗੰਗਾ' ਸੁੱਕ ਗਈ ਹੈ ਉਸਦੇ ਸੁਰਜੀਤ ਕਰਨ ਦੀ ਮੇਰੇ ਵਿਚ ਸਮਰਥਾ ਨਹੀਂ ਹੈ, ਉਹ ਭੀ ਜੇ ਚਾਹੋ ਤਾਂ ਮੁੜ ਅਮਰ ਕਰਨ ਦੀ ਕ੍ਰਿਪਾ ਕਰਨੀ। ਤਾਂ ਇਹ ਅਰਦਾਸ ਸੁਣਕੇ ਗੁਰੂ ਜੀ ਨੇ ਉਨ੍ਹਾਂ ਦੀ ਸੁਰਤੀ ਵਿਚ ਹੀ ਗੰਗਾ ਵਗਦੀ ਦਿਖਾਕੇ ਇਕ ਤਰਾਂ ਨਾਲ ਇਹ ਦੱਸਿਆ ਕਿ ਅਰਦਾਸ ਮਨਜ਼ੂਰ ਹੈ। ਉਦੋਂ ਤੇ ਗੰਗਾ ਪਹਿਲਾਂ ਤੋਂ ਬਹੁਤ ਘੱਟ ਅਕਾਰ ਦੀ ਹੋਕੇ ਵਗੀ।

੯. ਜਦੋਂ ਛੇਵੇਂ ਪਾਤਸ਼ਾਹ ਗੁਰੂ ਸਰ ਦਾ ਯੁੱਧ ਜਿਤਕੇ ਨਾਥਾਣੇ ਆਏ, ਤਾਂ ਉਸ ਢਾਬ ਉਤੇ ਤੰਬੂ ਲਾਏ, ਨਾਥ ਨੇ ਜਾਕੇ ਚਰਨ ਚੁੰਮੇ, ਉਸ ਵੇਲੇ ਸੁਲਤਾਨ ਨਾਥ ਤੇ ਰਤਨ ਹਾਜੀ ਭੀ ਦਰਸ਼ਨ ਕਰਨ ਲਈ ਆਏ। ਨਾਥ ਨੂੰ ਮਹਾਰਾਜ ਨੇ ਬਚਨ ਕੀਤਾ, ਨਾਥ ਜੀ ਤੁਹਾਡੀ ਅਰਦਾਸ ਮਨਜ਼ੂਰ ਹੋਈ, ਤੁਸੀਂ ਅਪਣੀ ਨੇਕੀ ਤਿਆਗ ਤੇ ਸਚਾਈ ਦੇ ਕਾਰਣ ਬਖਸ਼ੇ ਗਏ। ਤਾਂ ਨਾਥ ਨੇ ਆਖਿਆ। ਮਹਾਰਾਜ। ਮੈਂ ਤਾਂ ਆਪਣਾ ਤੁੱਛ ਸੇਵਕ ਹਾਂ ਨਾਥ ਕਹਾਉਣ ਜੋਗ ਨਹੀਂ ਹਾਂ ਕ੍ਰਿਪਾ ਕਰਕੇ ਆਪਣੀ ਸਿਖੀ ਬਖਸ਼ੋ। ਤਾਂ ਸਾਹਿਬਾਂ ਨੇ ਪ੍ਰਸੰਨ ਹੋਕੇ ਨਾਥ ਜੀ ਨੂੰ ਹੋਰਨਾਂ ਸਾਥੀਆਂ ਸਿਧਾਂ ਤੇ ਪੀਰਾਂ ਸਣੇ ਦੀਖਿਆ ਦੇਕੇ ਨਿਹਾਲ ਕੀਤਾ। ਰਤਨ ਹਾਜੀ ਨੂੰ ਆਗਿਆ ਹੋਈ ਕਿ ਤੈਂ ੬੦੦ ਬਰਸ ਦੀ ਅਰਜਾ ਭੋਗ ਲਈ, ਹੁਣ ਸਵਾ ਬਰਸ ਨੂੰ ਏਥੇ ਰਤਨ ਸਰ ਦੇ ਥਾ ਸਮਾ ਜਾਉ। ਸੁਲਤਾਨ ਨਾਥ ਨੂੰ ਮੁਕਤ ਕੀਤਾ, ਬਾਬਾ ਕਲਿਆਣੇ ਨੂੰ ਚਿਰੰਜੀਵੀ ਬਣਾ ਕੇ ਕਾਲਨਾਥ ਨੂੰ ਭੀ ਗੋਪੀ ਚੰਦ ਹੁਰਾਂ ਵਾਂਗ ਚਿਰੰਜੀਵੀ ਰਹਿਣ ਦੀ ਆਗਿਆ ਕੀਤੀ ਉਸ ਵੇਲੇ ਮਹਾਰਾਜ ਦੇ ਕੋਲ ਰਾਇ ਜੋਧ, ਰਾਇ ਭੱਲਣ, ਬਿਧੀ ਚੰਦ ਘੁਮਾਣ, ਭਗਤ ਸਿੰਘ ਤੇ ਜੇਠਾ ਸਿੰਘ ਧਾਲੀਵਾਲ (ਰੂੜੇ ਕਿਆ ਨੇ) ਸੇਮਾ ਕਾਲਾ, ਕਰਮ ਚੰਦ, ਭਾਈ ਭਗਤੂ (ਸੇਲਬਰਾਹ ਦੇ) ਭਾਗ ਮੱਲ ਬੜੇ ਘਰ ਵਾਲਾ ਤੇ ਚੂਹੜ ਤੇ ਮਿਹਰਾ ਜੱਟ ਸੇਖੋਂ ਛਪਾਰ ਤੇ ਬੁੜੰਦੀ ਵਾਲੇ ਆਦਿ ੧੯ ਜੱਥੇਦਾਰ ਸਨ।

੧੦. ਕਾਲੂ ਨਾਥ ਨੇ ਗੁਰੂ ਸਾਹਿਬਾਂ ਤੋਂ ਆਪਣੇ ਭਤੀਜੇ 'ਰਾਜਾ ਰਾਮ' ਅਤੇ ਆਪਣੇ ਸੇਵਕ ਸਿਠਿਆਲੇ ਵਾਲੇ ਧੀਰੇ ਬੱਲ ਨੂੰ ਭੀ ਪਾਹੁਲ ਦਿਵਾਈ। ਧੀਰੇ ਚੌਧਰੀ ਨੇ ਬਹੁਤ ਸਾਧਾਰਨ ਖਰਚ ਕਰਕੇ ਚੁਖੰਡੀ ਬਣਾਈ ਜਿਸ ਵਿਚ ੪ ਬੁਰਜ—ਗੁਰੂ ਸਾਹਿਬ ਦਾ, ਕਾਲੂ ਨਾਥ, ਕਲਿਆਣੇ ਅਤੇ ਸੁਲਤਾਨ ਨਾਥ ਹੁਰਾਂ ਦੇ ਉਚੇ ਬਣਵਾਏ। ਮਹਾਰਾਜ ਨੇ ਰਾਜਾ ਰਾਮ ਦਾ ਪ੍ਰਵਾਰ ਵਧਣ ਦਾ ਵਰ ਦਿੱਤਾ।

Digitized by Panjab Digital Library | www.panjabdigilib.org

# ਭ੍ਰਥਰੀ ਨਾਥ (ਚਿਰੰਜੀਵ)

ਇਤਿਹਾਸਿਕ ਲੋਕ ਭ੍ਰਥਰੀ ਨਾਉਂ ਦੀਆਂ ੩ ਵਿਅਕਤੀਆਂ ਦਸਦੇ ਹਨ, ਪਰ ਅਜ ਤਕ ਉਹ ਕਿਸੇ ਭੀ ਭ੍ਰਥਰੀ ਦਾ ਸਮਾਂ ਠੀਕ ਨਿਰਣੇ ਨਹੀਂ ਕਰ ਸਕੇ । ਪਹਿਲਾਂ 'ਭ੍ਰਥਰੀ ਹਰੀ' ਉਜੈਨ ਦੇ ਚੰਦਰ ਗੁਪਤ ਨਾਮੇ ਬ੍ਰਾਹਮਣ ਹੋਇਆ ਹੈ, ਜਿਸਨੇ ਮਹਾਭਾਸ਼ ਵਿਆਕਰਣ ਦਾ ਲੁਪਤ ਹੋਇਆ ਅੰਸ ਆਪਣੇ ਕੋਲੋਂ ਅਤੇ ਆਪਣੀ ਸਿਮ੍ਰਤੀ ਤੋਂ ਲਿਖਕੇ ਓਸ ਗ੍ਰੰਥ ਰਤਨ ਨੂੰ ਅਨ੍ਹੇਰੇ 'ਚੋ ਕੱਢਕੇ ਪ੍ਰਕਾਸ਼ ਵਿਚ ਲਿਆਂਦਾ, ਤਾਂ ਉਸ ਦਾ ਥਾਂ ਥਾਂ ਪ੍ਰਚਾਰ ਹੋਇਆ। ਉਸ ਚੰਦਰ ਗੁਪਤ ਨੇ ਆਪਣੇ ਗੁਰੂ (ਬ੍ਰਹਮ ਰਾਕਸ਼) ਦੀ ਆਗਿਆ ਨਾਲ ਚਿਤ੍ਰ ਕੂਟ ਤੋਂ ਉਠਕੇ ਉਜੈਨੀ ਆਕੇ ੪ ਕੰਨਿਆਂ ਵਿਆਹੀਆਂ, ਜਿਨ੍ਹਾਂ ਵਿਚੋਂ ਛਤ੍ਰਾਣੀ ਵਿਚੋਂ ਵਿਕ੍ਰਮਾਦਿੱਤ ਹੋਇਆ, ਜੋ ਓਲਿੱਕਰ ਬੰਸ ਦਾ ਆਦਿ ਪੁਰਖ ਅਤੇ ਚੌਥੀ ਸਦੀ ਦੇ ਆਰੰਭ ਵਿਚ 'ਤੀਜਾ' ਬਿਕ੍ਰਮਾਦਿਤ ਹੋਇਆ। ਦੂਜੀ ਇਸਤ੍ਰੀ ਬ੍ਰਾਹਮਣੀ ਤੋਂ ਮਹਾਨ ਪੰਡਿਤ ਭ੍ਰਥਰੀ ਹਰੀ ਹੋਏ, ਜਿਨ੍ਹਾਂ ਨੇ ਵਿਆਕਰਣ ਮਹਾਂ ਭਾਸ਼ੇ ਉੱਪਰ ਸੇਤੂ (ਪੁੱਲ) ਬੰਨਣ ਦੇ ਆਸ਼ੇ ਨਾਲ ਵਾਕਪਦੀਯ ਨਾਮੇ ਵਿਆਕਰਣ ਗ੍ਰੰਥ ਲਿਖਿਆ, ਅਤੇ ਸ਼ੂਦ੍ਰਾਣੀ ਤੋਂ ਮਹਾਂ ਕਵਿ 'ਭੱਟੀ' ਹੋਏ, ਜਿਨ੍ਹਾਂ ਨੇ ਵਿਆਕਰਣ ਗਰਭਿਤ 'ਭੱਟੀ ਕਾਵਯ ਲਿਖੀ। ਏਸੇ ਭ੍ਰਥਰੀ ਪੰਡਿਤ ਨੂੰ ਚੀਨੀ ਯਾਤਰੂ ਹੀਊਨਸਾਂਗ ਜੋ ਗੁਪਤ ਬੰਸਿਆ ਦੇ ਸਮੇਂ ੫੦੦ ਈਃ ਦੇ ਲਗ ਪਗ ਭਾਰਤ ਵਿਚ ਆਇਆ ਸੀ, ਏਸ ਦਾ ਮਰਨ ਸਮਾ ੬੫੧ ਈਃ ਲਿਖਦਾ ਹੈ। ਅਤੇ ਵੈਰਾਗ ਸ਼ਤਕ ਆਦਿ ਤਿੰਨ ਸ਼ਤਕਾਂ ਦੀ ਅਣਹੋਂਦ ਦਸਦਾ ਹੈ, ਜਿਸਦਾ ਭਾਵ ਇਹ ਹੈ ਕਿ ਉਸ ਦੇ ਸਮੇਂ ਤਕ ਇਹ 'ਸ਼ਤਕ' ਬਣੇ ਹੀ ਨਹੀਂ ਸਨ, ਤਾਂ ਤੇ 'ਵਾਕ ਪਦੀਯ' ਦਾ ਕਰਨਾ ਭਰਥਰੀ ੬ ਵੀਂ ਸਦੀ ਵਿਚ ਹੋਇਆ, ਜੋ ਬ੍ਰਾਹਮਣੀ ਮਤ ਦਾ ਸੀ। ਦੂਜਾ ਭ੍ਰਥਰੀ ਤਿਹਾਂ ਸੁਤਕਾਂ ਦਾ ਕਰਤਾ ਸ਼ੈਣੀ ਅਤੇ ਚਾਲੁਕ ਬੰਸੀ ਜੈ ਸਿੰਘ ਪਿੰਗਲ ਦੀ ਲੜਕੀ ਪਿੰਗਲਾਂ ਦਾ ਪਤੀ ਅਤੇ ਚੇਦੀ ਰਾਜ 'ਕਰਣ ਦੇਵ' ਦਾ ਪੁਤ੍ਰ ਸੀ, ਜਿਸਨੇ ੧੦੯੦ ਈ: ਵਿਚ ਆਪਣੀ ਰਾਣੀ ਦੇ ਬਿਭਚਾਰ ਤੋਂ ਦੁਖੀ ਹੋਕੇ ਰਾਜ ਛਡਿਆ ਸੀ। ਤੀਜਾ ਭ੍ਰਥਰੀ ਉਜੈਨ ਦੇ ਉਨ੍ਹਾਂ ਪ੍ਰਮਾਰ ਬੰਸੀ ਰਾਜਿਆਂ ਦਾ ਪੁਤ੍ਰ ਸੀ ਜੋ ਧਾਰਾ ਤੋਂ ਵੱਖ ਹੋਕੇ ੧੨੫੦ ਈਃ ਦੇ ਲਗ ਪਗ ਉਜੈਨ ਦੇ ਰਾਜੇ ਸੀ। ਉਸਦਾ ਭਾਣਜਾ ਗੋਪੀ ਚੰਦ-ਰੰਗ ਪੁਰ (ਮੌੜ) ਦਾ ਰਾਜਾ ਸੇਨ ਬੰਸੀ ਸੀ, ਜੋ ਬਖ਼ਤਿਆਰ ਖਿਲਜੀ ਦੇ ਹਥੋਂ ੧੨੧੦ ਈ: ਵਿਚ ਨਸ਼ਟ ਕੀਤਾ ਗਿਆ ਸੀ। ਗੋਪੀ ਚੰਦ ਆਪਣੀ ਮਾਤਾ ਮੈਨਾਵੰਤੀ ਸਣੇ ਰਾਣੀਆਂ ਦੇ ਆਪਣੇ ਮਾਮੇ ਭ੍ਰਥਰੀ ਕੋਲ ਉਜੈਨ ਵਿਚ ਆ ਰਿਹਾ ਤਾਂ ਭ੍ਰਥਰੀ ਨੇ ਸੰਤਾਨ ਰਹਿਤ ਹੋਣ ਦੇ ਕਾਰਣ ਅਪਣੇ ਭਾਣਜੇ ਗੋਪੀ ਚੰਦ ਨੂੰ ਰਾਜ ਦੇਕੇ ਆਪ ਗੁਰੂ ਕੇ ਮਾਲਵੇ ਵਿਚ ਆਕੇ ਸਿੱਧ*ਸੁਲੱਖਣ ਕੋਲੋਂ ਦੀਖਿਆ ਮੰਤ੍ਰ ਲੈਂਦਾ ਹੋਇਆ ੧੩ਵੀਂ ਸਦੀ ਦੇ ਆਰੰਭ ੧੨੧੫ ਈ: ਦੇ ਆਸ ਪਾਸ 'ਨਾਥ ਪੰਥ' ਵਿਚ ਦਾਖਲ ਹੋਇਆ । ਜੋ ਉਸ ਸਮੇਂ ਹਿੰਦੂ ਜੋਗੀਆਂ ਦੇ ਕਪਲਵਾਦ ਨਾਲ ਮਿਲਗੋਭਾ ਹੋਇਆ ਬੋਧੀਆਂ ਦਾ ਸੁੰਨਵਾਦ ਅਥਵਾ ਸਹਜੀਆ'' ਪੰਥ ਸੀ। ਏਥੋਂ ਜਾਕੇ ਭ੍ਰਥਰੀ ਨੇ ਆਪਣੀ ਭੈਣ ਨੂੰ ਉਜੈਨ ਵਿਚ ਆਪਣੇ ਧਰਮ ਦਾ ਉਪਦੇਸ਼ ਦੇਕੇ ੧੨੨੦ ਈ: ਵਿਚ ਸ੍ਰੀ ਪਰਬਤ ਉਪਰ ਆਪਣੇ ਗੁਾਈ ਹੋਰਨਾ ਸਿਧਾਂ ਕੋਲ ਜਾ ਨਿਵਾਸ ਕੀਤਾ, ਥੋੜੇ ਚਿਰ ਪਿਛੋਂ ੧੨੩੦ ਈਃ ਦੇ ਲਗ ਪਗ ਉਸਦਾ ਭਾਣਜਾ ਗੋਪੀ ਚੰਦ ਭੀ ੩੨ ਸਾਲ ਦੀ ਆਯੂ ਵਿਚ ਅਪਣਾ ਰਾਜ ਤਿਆਗ

---

*ਇਹ ਪ੍ਰਮਾਰ ਬੰਸੀ ਭੋਹ ਕਰਣ ਦਾ ਪੁਤ੍ਰ ਅਤੇ ਸੇਖੋਂ ਦਾ ਪਿਤਾ ਸੀ । ਆਪਣੇ ਭਾਈ-ਮੱਖਣ ਸਣੇ ਆਪਣੇ ਬਜ਼ੁਰਗ ਜਗਦੇਵ ਕੋਲੋਂ ਦੀਖਿਆ ਲੈਕੇ ਛਾਪਾ ਨਗਰੀ ਵਿਚ ਰਹਿੰਦੀ ਸੀ।

Digitized by Panjab Digital Library | www.panjabdigilib.org

ਕੇ ਆਪਣੇ ਮਾਮੇ ਕੋਲ ਪਰਬਤ ਤੇ ਜਾ ਰਿਹਾ। ਫੇਰ ੧੨੩੫ ਈ: ਵਿਚ ਉਨ੍ਹਾਂ ਦੋਹਾਂ ਦਾ ਉਜੈਨ ਵਿਚ ਮੈਨਾਵੰਤੀ ਨੂੰ ਮਿਲਣਾ ਸਾਰੇ ਪ੍ਰਸਿੱਧ ਹੈ। ਏਥੋਂ ਮਾਲਵੇ ਦਾ ਸੈਲ ਕਰਦੇ ਹੋਏ ੧੫ ਵੀਂ ਸਦੀ ਦੇ ਅੰਤ ਵਿਚ 'ਸੁਨਾਮ' ਵਾਲੇ 'ਮਹਾਂ ਦੇਉ' ਨਾਮੇ ਸਿੱਧ ਦੇ ਦਰਸ਼ਨ ਪਰਸ਼ਨ ਕਰਕੇ ਨਿਹਾਲ ਹੋਏ ਜੋ ਹੋਰਨਾ ਸਿੱਧਾਂ ਵਾਂਗ ਤਰਕਵਾਦੀ ਨ ਹੋਕੇ ਤੱਤ ਗਿਆਨੀ-ਸਰਬ ਅਸਤੀ ਵਾਦੀ ਸੀ। ਉਸਤੋਂ ਛੁੱਟੀ ਲੈਕੇ ਸ੍ਰੀ ਪਰਬਤ ਉਪਰ ਫੇਰ ਚਲੇ ਗਏ।

ਜਦੋਂ ੧੪੯੭ ਈ: ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਸੁਨਾਮ ਦੇ ਮਹਾਦੇਉ ਸਿੱਧ ਨੂੰ ਗੁਰਮੰਤ੍ਰ ਦੇਕੇ ਪੂਰਬ ਨੂੰ ਚਲਣ ਲੱਗੇ ਤਾਂ, ਮਹਾਦੇਉ ਦੀ ਪ੍ਰਾਰਥਨਾ ਕਰਨ ਤੋਂ ਓਸਨੂੰ ਹਜ਼ੂਰੀ ਸੇਵਕ ਬਣਾਕੇ ਬਿੰਧ ਪਰਬਤ ਵਲ ਲੈ ਗਏ, ਤਾਂ ਓਥੇ ਭ੍ਰਥਰੀ, ਓਸਦਾ ਭਾਣਜਾ ਗੋਪੀ ਚੰਦ ਅਤੇ ਉਹਨਾਂ ਦੇ ਸਾਥੀ, ਹੋਰ ਸਿੱਧ ਗੁਰੂ ਮਹਾਰਾਜ ਨੂੰ ਮਿਲੇ। ਭ੍ਰਥਰੀ ਨੇ ਸੁੰਨਯ ਤੱਤ ਦੇ ਲੱਛਣ ਦੀ ਵਿਚਾਰ ਸਤਿਗੁਰਾਂ ਨਾਲ ਕੀਤੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਹੈ। ਜੈਸੇ "ਬੋਲੈ ਭ੍ਰਥਰੀ ਸਦਿ ਸਰੂਪ। ਪਰਮ ਪੱਤ ਮਹਿ ਰੇਖ ਨ ਰੂਪ।" ਭਾਵ ਪਰਮ ਤਤ੍ਵ 'ਸੁੰਨ' ਹੈ, ਜਿਸਦੀ ਰੂਪ ਰੇਖਾ ਚਿੰਨ੍ਹ ਕੋਈ ਨਾ ਹੋਣ ਕਰਕੇ ਓਸਦਾ ਲੱਛਣ ਨਹੀ ਬਣ ਸਕਦਾ, ਪਰ ਹੈ ਸਹੀ। ਤਾਂਤੇ ਸੁੰਨ ਦਾ ਲੱਛਣ ਕੋਈ ਭੀ ਨ ਬਣਨ ਕਰਕੇ ਓਸ ਨੂੰ 'ਅਨਿਰ ਬਦਨੀਯ' ਪਰ,'ਸੱਤ' ਕਹਿਣਾ ਠੀਕ ਹੈ। ਸਤਿਗੁਰਾਂ ਏਸਦਾ ਜੋਗ ਉਤਰ ਚੰਗੀ ਤਰ੍ਹਾਂ ਸਮਝਾਕੇ ਭਥਰੀ ਦੀ ਨਿਸ਼ਾ ਕਰ ਦਿਤੀ ਤਾਂ ਸਭ ਤੋਂ ਪਹਿਲਾਂ ਭਰਥਰੀ ਸਿੱਖ ਹੋਇਆ। ਫੇਰ ਚਰਪਟ ਨਾਥ ਅਤੇ ਗੋਪੀ ਚੰਦ ਦੋਵੇਂ ਮਿੱਠੀ੨ ਚਰਚਾ ਕਰਕੇ ਝਬਦੇ ਹੀ ਨਾਮ ਅੰਮ੍ਰਿਤ ਦੇ ਅਧਿਕਾਰੀ ਬਣੇ। ਮਹਾਂਦੇਉ ਜੋ ਪਹਿਲਾਂ ਹੀ ਸਿਖ ਹੋ ਚੁਕਿਆ ਸੀ, ਤੱਤ ਵਿਚਾਰ ਸੁਣ ਕੇ ਨਿਸਚਿੰਤ ਹੋ ਰਿਹਾ। ਸਾਰਿਆਂ ਨੇ ਹਜ਼ੂਰ ਗੁਰਦੇਵ ਦੇ ਨਾਲ ਗੁਪਤ ਰੂਪ ਵਿਚ ਰਹਿਣ ਦੀ ਪ੍ਰਾਰਥਨਾ ਕੀਤੀ। ਤਾਂ ਹਜ਼ੂਰ ਨੇ ਪ੍ਰਵਾਣ ਕਰਕੇ ਉਨ੍ਹਾਂ ਨੂੰ ਆਪਣੇ ਵਤਨ ਮਾਲ ਵੇ ਵਿਚ ਲੈ ਆਂਦਾ। ਤਖਤੂ ਪੁਰੇ ਦੇ ਅਸਥਾਨ ਤੇ ਆਕੇ ਸਭ ਸਿੱਧ ਗੁਰੂ ਮਹਾਰਾਜ ਨਾਲ ਬਹੁਤ ਦਿਨ ਰਹੇ, ਜਿਨ੍ਹਾਂ ਵਿਚ ਸਿੱਧ ਭੋਈ ਧਾਲੀਵਾਲ, ਬਠਿੰਡੇ ਵਾਲਾ ਰਤਨ ਨਾਥ, ਨਥਾਣੇ ਵਾਲਾ ਕਾਲੂ ਨਾਥ ਅਤੇ ਸੁਲਤਾਨ ਨਾਥ ਆਦਿ ਅਨੇਕਾਂ ਸਨ ਅਤੇ ਸੰਗਤਾਂ ਨੂੰ ਪ੍ਰਗਟ ਰੂਪ ਵਿਚ ਸਭ ਸਿੱਧ ਸੰਗਤ ਦਾ ਆਨੰਦ ਮਾਣਦੇ ਅਤੇ ਸਭ ਨੂੰ ਦਰਸ਼ਨ ਦਿੰਦੇ ਰਹੇ।ਗੁਰੂ ਸਾਹਿਬ ਦੇ ਜਾਣ ਤੇ ਹੋਰ ਸਭ ਸਿੱਧ ਆਪੋ ਆਪਣੇ ਥਾਂ ਨੂੰ ਚਲੇ ਗਏ, ਪਰ ਗੋਪੀ ਚੰਦ, ਭਰਥਰੀ ਤੇ ਮਹਾਦੇਉ ਨੇ ਸਦਾ ਨਾਲ ਰਹਿਣ ਅਤੇ ਚਿਰੰਜੀਵਤਾ ਲਈ ਬੇਨਤੀ ਕੀਤੀ, ਜੋ ਮਨਜ਼ੂਰ ਹੋਈ। ਇਸ ਪ੍ਰਕਾਰ ਗੁਰੂ ਦੇਵ ਜੀ ਦੇ ਦੇਹ ਵਿਚ ਰਹਿਣ ਦੇ ਸਮੇ ਤਕ ਗੁਪਤ ਰੂਪ ਧਾਰਕੇ ਉਹ ਤਿੰਨੇ ਸਿੱਧ ਮਹਾਰਾਜ ਦੇ ਚਰਨੀ ਨਿਵਾਸ ਕਰਦੇ ਰਹੇ। ਜੋ ਅਜ ਤਕ ਚਿਰੰਜੀਵ ਬਣਕੇ ਤਖਤੂ ਪੁਰੇ ਦੀ ਝਿੜੀ ਵਿਚ ਨਿਵਾਸ ਕਰਦੇ ਹਨ, ਜਿਨ੍ਹਾਂ ਦੇ ਦਰਸ਼ਨ ਛੇਵੇਂ ਪਾਤਸ਼ਾਹ ਨੇ ਸੰਗਤ ਨੂੰ ਕਰਾਏ ਸਨ। ਇਰੋਂ ਦਸਦੇ ਹਨ ਕਿ ਉਹ ਸਿੱਧ ਅਜ ਤਕ ਅਧਿਕਾਰੀਆਂ ਨੂੰ ਦਰਸ਼ਨ ਦਿੰਦੇ ਅਤੇ ਉਪਦੇਸ਼ ਕਰਿ ਜਾਂਦੇ ਹਨ। ਉਨਾਂ ਦਾ ਗੁਰੂ ਮਹਾਰਾਜ ਨਾਲ ਸਦਾ ਰਹਿਣ ਦਾ ਸਬੂਤ ਕਲਪਯ ਕਵਿ ਦੇ ਸਵੈਯਾਂ ਵਿਚੋਂ ਮਿਲ ਜਾਂਦਾ ਹੈ। ਜਿਵੇਂ ਗੁਰੂ ਨਾਨਕ ਦੇਵ ਨੇ ਬੁਢਣ ਸ਼ਾਹ ਨੂੰ ੧੨੦ ਬਰਸ ਦੀ ਆਯੂ ਹੋਰ ਬਖ਼ਸ਼ੀ ਬਾਬੇ ਬੁੱਢੇ ਨੂੰ ਦੀਰਘ ਆਯੂ ਪ੍ਰਦਾਨ ਕੀਤੀ, ਅਤੇ ਸੁਨਾਮ ਵਾਲੇ ਕਮਲੀਏ (ਅਲਮਸਤ) ਨੂੰ ੧੦੦ ਬਰਸ ਦੀ ਵਧੇਰੇ ਆਯੂ ਬਖ਼ਸ਼ੀ ਸੀ, ਉਸੇ ਪ੍ਰਕਾਰ ਭ੍ਰਥਰੀ, ਗੋਪੀ ਚੰਦ ਅਤੇ ਸੁਨਾਮ ਵਾਲੇ ਮਹਾਦੇਉ ਨੂੰ ਭੀ ਬਿਅੰਤ ਬਰਸਾਂ ਤਕ ਚਿਰੰਜੀਵ ਰਹਿਣ ਦੀ ਦਾਤ ਉਨਾਂ ਦੀ ਇੱਛਾ ਅਨੁਸਾਰ ਬਖ਼ਸ਼ੀ। ਸਿੱਧਾਂ ਨੂੰ ਪੂਰਨ ਪਦ ਦੀ ਪ੍ਰਾਪਤੀ ਹੋਣ ਵਿਚ ਪਹਿਲਾ ਨੰਬਰ ਭ੍ਰਥਰੀ ਦਾ ਹੈ। ਅਤੇ

Digitized by Panjab Digital Library | www.panjabdigilib.org

ਚਿਰੰਜੀਵਤਾ ਲੈਣ ਵਿਚ ਮਹਾਂ ਦੇਵ ਦਾ ਹੈ। ਫੇਰ ਲੂਈ ਪਾਦ (ਰਸਾਲੂ), ਚਰਪਟ ਪਾਦ (ਮਾਂਗਟ) ਅਤੇ ਭੇਈ ਦਾ ਹੈ, ਜੋ ਤੀਜੇ ਜਨਮ ਵਿਚ ਕਾਲੂ ਨਾਥ ਹੋਇਆ। ਜੋ ਲੋਕ ਭ੍ਰਥਰੀ ਨੂੰ ਉਜੈਨ ਦੇ ਰਾਜਾ ਵਿਕ੍ਰਮਾਦਿਤ ਦਾ ਭਾਈ ਸਮਝਦੇ ਹਨ, ਉਨਾਂ ਨੂੰ ਉਜੈਨ ਅਤੇ ਪ੍ਰਮਾਰ ਬੰਸ, ਇਨ੍ਹਾਂ ਗੱਲਾਂ ਦਾ ਸੰਬੰਧ ਭ੍ਰਥਰੀ ਤੇ ਵਿਕ੍ਰਮ ਨਾਉ ਨਾਲ ਹੋਣ ਕਰਕੇ ਭੁਲੇਖਾ ਲਗਦਾ ਹੈ।

ਗੋਪੀ ਚੰਦ ਦੇ 'ਜਾਲੰਧਰ ਨਾਥ' ਤੋਂ ਦੀਖਿਆ ਮੰਤ੍ਰ ਲੈਣ ਵਾਲੀ ਗੱਲ ਭੀ "ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਾਰੂੰ ਨੂੰ ਮਿਲਨ" ਵਾਂਗ ਅਸੱਤ ਹੀ ਹੈ। ਗੋਪੀ ਚੰਦ ਦੇ ਸਮੇਂ ਜਾਲੰਧਰ ਨਾਥ ਖਬਰੇ ਕਿਥੇ ਭੱਠ ਝੋਕਦਾ ਹੋਊ!

ਨੋਟ:– ਗੋਪੀ ਚੰਦ ਤੇ ਭ੍ਰਥਰੀ ਦਾ ਤਖਤੂ ਪੁਰੇ ਰਹਿਣਾ, ਕਾਲੂ ਨਾਥ ਦੇ ਪ੍ਰਸੰਗ ਤੋਂ ਭੀ ਸਿੱਧ ਹੁੰਦਾ ਹੈ, ਜੋ ਏਸੇ ਪੁਸਤਕ ਵਿਚ ਲਿਖਿਆ ਗਿਆ ਹੈ।

## ਮਹਾਂ ਪ੍ਰਭੂ ਗੌਰੰਗ ਦੇਵ ਅਤੇ ਮਹਾਂ ਪ੍ਰਭੂ ਚੇਤੰਨ ਦੇਵ

ਚੌਧਵੀਂ ਸਦੀ ਈ: ਦੇ ਅੰਤ ਵਿਚ ਨਦੀਆਦ ਸ਼ਾਂਤੀ ਪੁਰ ਵਿਖੇ ਨਿਅਇਸ਼ਾਸਤ੍ਰ ਦੀ ਪੜ੍ਹਾਈ ਦੀ ਬੜੀ ਭਾਰੀ ਟਕਸਾਲ ਬਣੀ ਜਿਸਦੇ ਸ਼ਿਰੋਮਣੀ ਭੱਟਾ ਚਾਰਯ 'ਰਘੁਨਾਥ' (ਮੈਥਲ) ਥਾਪੇ ਗਏ। ਉਨ੍ਹਾਂ ਦੇ ਪ੍ਰਧਾਨ ਸਿਸ਼ ਬਾਸਦੇਵ ਸਾਰਬ ਭੋਮ ਭਟਾਚਾਰਯ (ਭੱਟਾ ਚਾਰਯਾ ਦੇ ਸ਼ਹਨਸ਼ਾਹ) ਹੋਏ। ਅਗੇ ਉਨ੍ਹਾਂ ਦੇ ੪ ਚੇਲੇ ਪ੍ਰਧਾਨ ਹੋਏ, ਜਿਨ੍ਹਾਂ ਵਿਚੋਂ ਗੌਰੰਗ ਦੇਵ ਅਤੇ ਚੈਤੰਨ ਦੇਵ ਪੰਡਿਤ ਹੋਕੇ ਭੀ ਭਗਤੀ ਮਾਰਗ ਦੇ ਪ੍ਰਵਰਤਕ ਹੋਏ, ਜੋ ਸਰਗੁਣ ਦੀ ਉਪਾਸ਼ਨਾ ਕਰਨ-ਕਰਾਉਣ ਵਾਲੇ ਪਰਮ ਵੈਸ਼ਣਵ ਹੋਣ ਦੇ ਕਾਰਨ 'ਮਹਾਂ ਪ੍ਰਭੂ' ਕਰਕੇ ਆਖੇ ਗਏ। ਗੌਰੰਗਦੇਵ ਜੀ ਦੀ ਜੀਵਣੀ ਵਿਚ ਲਿਖਿਆ ਹੈ ਕਿ ਇਹ ਕਿਸੇ ਨਿਰਗੁਣ ਵਾਦੀ ਅਤੇ ਸਮਰਥ ਮਹਾ ਪੁਰਖ ਦੀ ਸੰਗਤ ਪਾਕੇ ਸਰਗੁਣ ਉਪਾਸਨਾ ਛਡਕੇ ਨਿਰਗਣ ਉਪਾਸਨਾ ਵਲ ਝੁਕੇ. ਨਾਲੇ ਹਰਿ ਕੀਰਤਨ ਵਿਚ ਭੀ ਉਸੇ ਮਹਾਤਮਾ ਦੀ ਕ੍ਰਿਪਾ ਨਾਲ ਲੀਨ ਹੁੰਦੇ ਹੋਏ ਗੋ ਲੋਕ ਸਿਧਾਰੇ ਫ਼ੇਰ ਉਨ੍ਹਾਂ ਨੇ ਅਪਣੇ ਸਾਧਿਆਈ ਚੈਤੰਨ ਦੇਵ ਨੂੰ ਨਿਰਗੁਣਵਾਦ ਦ੍ਰਿੜ੍ਹਾਕੇ ਹਰਿ ਕੀਰਤਨ ਵਿਚ ਲਿਵਲੀਨ ਕੀਤਾ। ਸੋ ਇਹ ਅਨੁਮਾਨ ਕਰਨਾ ਕਿ ੧੪੯੮ ਈ: ਵਿਚ ਗੁਰੂ ਨਾਨਕ ਦੇਵ ਨੇ ਹੀ ਆਸਾਮ ਨੂੰ ਜਾਂਦੇ ਹੋਇਆਂ 'ਨਦੀਆਦੀ' ਪੰਡਿਤ ਮੰਡਲੀ ਨੂੰ ਆਪਣਾ ਗੁਰਮੰਤ੍ਰ ਦੇਕੇ ਜ਼ਰੂਰ ਨਿਹਾਲ ਕੀਤਾ ਸੀ ਭੋਰਾ ਭੀ ਸਚਾਈ ਤੋਂ ਖਾਲੀ ਨਹੀਂ, ਕਿਉਂਕਿ ਉਸ ਸਮੇਂ ਨਿਰਗੁਣ ਦਾ ਕੀਰਤਨ ਕਰਨਾ ਕਿਸੇ ਮਤ ਵਿਚ ਭੀ ਚਾਲੂ ਨਹੀਂ ਸੀ, ਬਲਕਿ ਵੈਸ਼ਨਵ ਸੰਪ੍ਰਦਾਵਾਂ ਵਿਚ ਨਿਰਗੁਣ ਤੇ ਅਸ਼ਰਧਾ ਤੇ ਨਿਰਗੁਣ ਵਾਦੀਆਂ ਨੂੰ ਸਰਬ ਧਰਮ ਅਤੇ ਰੂਪ ਰੇਖਾ ਰਹਿਤ ਨਿਰਗਣ ਤੱਤ ਦੇ ਜਸ ਕੀਰਤੀ ਦੀ ਅਜੇ ਸੂਝ ਹੀ ਨਹੀਂ ਪੈਦਾ ਹੋਈ ਸੀ। ਤਾਂਤੇ ਗੁਰੂ ਨਾਨਕ ਨਿਰੰਕਾਰੀ ਤੋਂ ਹੀ ਵੈਸ਼ਨਵਾਂ ਨੇ ਨਿਰਗੁਣ ਦਾ ਕੀਰਤਨ ਸਿਖਿਆ, ਜੋ ਦੀਖ਼ਿਆ ਲੈਣ ਬਿਨਾ ਦ੍ਰਿੜ ਨਹੀਂ ਹੋ ਸਕਦਾ ਅਤੇ ਗੁਰਦੇਵ ਦੇ ਸਾਖਿਆਤ ਦਰਸ਼ਨ ਹੋਣ ਤੋਂ ਕੋਈ ਤਤ ਦ੍ਰਿਸ਼ਟੀ-ਸਾਧਕ ਜਨ ਦੀਖ਼ਿਆ ਲਏ ਬਿਨਾ ਚੈਨ ਨਹੀਂ ਕਰ ਸਕਦਾ ਸੀ। ਇਸ ਲਈ ਇਨ੍ਹਾਂ ਦੇ ਗੁਰਭਾਈ ਮਥਰਾ ਨਾਥ ਤਰਕ ਵਾਗੀਸ਼ ਭਟਾਚਰਯ ਅਤੇ ਜੈਦੇਵ (ਪੱਖ ਧਰਮਿਸ੍ਰ) ਵਰਗੇ ਪ੍ਰਕਾਂਡ ਪੰਡਿਤ ਸ਼ਾਸਤ੍ਰਾਂ ਤੋਂ ਹਥ ਧੋ ਕੇ ਬ੍ਰਿਧ ਅਵਸਥਾ ਵਿਚ ਸਿਖ ਬਣਕੇ ਕ੍ਰਿਤ ਕ੍ਰਿਤ ਹੋ ਗਏ।

Digitized by Panjab Digital Library | www.panjabdigilib.org

# ਗੋਪੀ ਚੰਦ(ਸਿੱਧ)

ਬੰਗਾਲੇ (ਗੌੜ) ਦੇ ਰੰਗਪੁਰ (ਰੰਗਵਤੀ) ਨਗਰ ਦੇ ਸੇਨਬੰਸੀ ਰਾਜਿਆਂ ਦੀ ਬੰਸ ਵਿਚੋਂ ਗੋਪੀ ਚੰਦ ਹੋਇਆ। ੧੩ ਵੀਂ ਸਦੀ ਦੇ ਆਰੰਭ ਵਿਚ ਖਿਲਜੀਆਂ ਨੇ ਜਦੋਂ ੧੨੧੦ ਈ: ਨੂੰ ਬੰਗਾਲੇ ਵਿਚ ਕਤਲ ਆਮ ਕੀਤਾ ਤਾਂ ਗੋਪੀ ਚੰਦ ਦੀ ਅਵਸਥਾ ਛੋਟੀ ਸੀ, ਉਹ ਆਪਣੀ ਰਾਣੀ ਪਦਮਦੇਵੀ ਸਮੇਤ ਅਪਣੀ ਮਾਈ ਮੈਨਾ ਵੰਤੀ ਨੂੰ ਲੈਕੇ ਉਜੈਨ ਵਿਚ (ਅਪਣੇ ਨਾਨਕੀਂ) ਚਲਿਆ ਆਇਆ। ਓਥੇ ਉਸਦਾ ਮਾਮਾ 'ਭ੍ਰਥਰੀ' ਪ੍ਰਮਾਰ ਰਾਜ ਕਰਦਾ ਸੀ, ਜੋ ਧਾਰਾ ਵਾਲੀ ਸ਼ਾਖ਼ ਤੋਂ ਭਿੰਨ ਹੋਕੇ ਉਜੈਨੀ ਵਿਚ ਸੁਤੰਤਰ ਰਾਜ ਕਰਦੀ ਸੀ। ਰਾਜਾ ਭ੍ਰਥਰੀ ਦੇ ਸੰਤਾਨ ਨਹੀ ਸੀ, ਇਸ ਕਰਕੇ ਉਹ ਗੋਪੀ ਚੰਦ ਨੂੰ ਰਾਜ ਦੇਕੇ ਸਿੱਧਾਂ ਦਾ ਚੇਲਾ ਬਣਿਆ। ਇਹ ੧੨੧੫ ਈ: ਦੀ ਗੱਲ ਹੈ। ਦਸ ਬਰਸਾਂ ਦੇ ਅੰਦਰ ੨ ਹੀ ਖਿਲਜੀਆਂ ਨੇ ਉਜੈਨ ਨੂੰ ਅਪਣੇ ਅਧੀਨ ਕਰ ਲਿਆ, ਅਤੇ ਮਾਂਡੂ ਨੂੰ ਅਲਫਖਾਂ ਗੋਰੀ ਨੇ ਪ੍ਰਮਾਰਾਂ ਤੋਂ ਖੋਹ ਕੇ ਅਪਣੀ ਸੁਤੰਤਰ ਸ੍ਰਕਾਰ ਬਣਾ ਲਈ, ਤਾਂ ਪ੍ਰਮਾਰਾਂ ਦੀਆਂ ਦੋਵੇਂ ਸ਼ਾਖਾਂ ਢਹਿੰਦੀਆਂ ਕਲਾਂ ਵਿਚ ਜਾ ਰਹੀਆਂ। ਤਾਂ ਗੋਪੀ ਚੰਦ ਦੀ ਮਾਤਾ ਮੈਨਾ ਵੰਤੀ ਨੂੰ ਸੰਸਾਰ ਤੋਂ ਵੈਰਾਗ ਉਤਪੰਨ ਹੋਗਿਆ, ਏਸ ਨੇ ਅਪਣੇ ਪੁਤ੍ਰ ਨੂੰ ਭੀ ਸੰਸਾਰ ਦੀ ਅਨਿੱਤਤਾ ਅਤੇ ਰਾਜ-ਭਾਗਦੀ ਅਨਿਸਥਰਤਾ ਦਾ ਉਪਦੇਸ਼ ਸੁਭਾਇਕ ਹੀ, ਬੋਧੀ ਸਤ੍ਰ ਅਵਸਥਾ ਵਿਚ ਕਰਿ ਦਿੱਤਾ।

*ਇਹ ਅਵਸਥਾ ਭਰਥਰੀ ਦੀ ਸੰਗਤ ਤੋਂ ਮੈਨਾਵੰਤੀ ਨੂੰ ਪ੍ਰਾਪਤ ਹੋ ਚੁਕੀ ਸੀ। ਗੋਪੀ ਚੰਦ ਨੇ ਮਾਤਾ ਦੇ ਏਸ ਉਪਦੇਸ਼ ਨੂੰ ਦ੍ਰਿੜ ਕਰ ਲਿਆ ਅਤੇ ੩੨ ਬਰਸ ਦੀ ਅਵਸਥਾ ਵਿਚ ਬੋਧ ਸੰਨਿਆਸ ਲੈ ਕੇ ਭਰਥਰੀ ਕੋਲ ਜਾਕੇ ਸ੍ਰੀ ਪਰਬਤ ਤੇ ਰਹਿਣ ਲੱਗਾ। ਜਦੋਂ ੧੪੯੮ ਵਿਚ ਸ੍ਰੀ ਗੁਰੂ ਨਾਨਕ ਦੇਵ ਮਹਾਦੇਓ ਸਿਧ ਦੇ ਨਾਲ ਸ੍ਰੀ ਪਰਬਤ ਤੇ ਪੁਜੇ ਤਾਂ ਗੋਪੀ ਚੰਦ ਅਤੇ ਭਰਥਰੀ ਗੁਰੂ ਨਾਨਕ ਦੇਵ ਤੋਂ ਗਿਆਨ ਚਰਚਾ ਕਰਨ ਪਿਛੋਂ ਹੋਰ ਸਿਧਾਂ ਤੋਂ ਪਹਿਲਾਂ ਗੁਰੂ ਕੇ ਸਿਖ ਬਣੇ ਤੇ ਮਹਾ ਦੇਓ ਦੀ ਰੀਸ ਚਿਰੰਜੀਵੀ ਹੋਣ ਦੀ ਅਰਦਾਸ ਕੀਤੀ, ਨਾਲੇ ਸਦਾ ਗੁਰਦੇਵ ਦੇ ਨਾਲ ਗੁਪਤ ਰੂਪ ਵਿਚ ਰਹਿਣ ਦੀ ਅਭਿਲਾਖਾ ਪ੍ਰਗਟ ਕੀਤੀ, ਜੋ ਮਨਜ਼ੂਰ ਹੋਈ। ਚਰਪਟ ਨਾਥ ਭੀ ਉਥੇ ਹੀ ਚਰਚਾ ਕਰਕੇ ਨਿਹਾਲ ਹੋਇਆ ਜੋ ਆਪਣੀ ਮਿਰਤੂ ਦਾ ਸਮਾ ਨੇੜੇ ਆਇਆ ਜਾਣਕੇ ਸਤਿਗੁਰਾਂ ਤੋਂ ਤਖਤੂਪੁਰੇ ਆਕੇ ਛੁਟੀ ਲੈ ਗਿਆ। ਜੋ ਨਾਹਨ ਵਿਚ ਆਪਣੇ ਭਾਈਆਂ ਕੋਲ ਜਾਕੇ ਪਾਉਂਟੇ ਸਾਹਿਬ ਕੋਲ ਦੇਹ ਤਿਆਗ ਗਿਆ। ਤਾਂ ਗੋਪੀ ਚੰਦ, ਭਰਥਰੀ ਤੇ ਮਹਾ ਦੇਓ ਆਪਣਾ ਪੱਕਾ ਥਾਉਂ ਤਖਤੂ ਪੁਰੇ ਬਣਾਕੇ ਟਿਕ ਗਏ। ਉਥੇ ਅਜ ਤਕ ਉਹਨਾਂ ਦਾ ਥੜਾ ਅਤੇ ਛਪੜੀ ਝਿੜੀ ਵਿਚ ਹੈ। ਏਹਨਾਂ ਸਿਧਾਂ ਨੂੰ ਗੁਰੂ ਨਾਨਕ ਦੇਵ ਜੀ ਨਾਲ ਉਥੋਂ ਦੀਆਂ ਸੰਗਤਾਂ ਪ੍ਰਤੱਖ ਦੇਖਦੀਆਂ ਰਹੀਆਂ ਹਨ। ਗੁਰੂ ਹਰਿਗੋਬਿੰਦ ਸਾਹਿਬ ਸਾਹਿਬ ਜੀ ਨੇ ਭੀ ਭਾਈ ਜ਼ੱਕੋ ਦੇ ਬੇਨਤੀ ਕਰਨ ਤੇ ਉਨ੍ਹਾਂ ਦੇ ਦਰਸ਼ਨ ਕਰਾਏ ਸੀ। ਇਹ ਸਿਧ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਰੂਪ ਦੇ ਸਦਾ ਹੀ ਚਰਨਾਂ ਵਿਚ ਰਹਿੰਦੇ ਰਹੇ। ਸਤਿਗੁਰਾਂ ਦੇ ਅਲੋਪ ਹੋ ਜਾਣ ਤੋਂ ਇਹ ਤਖਤੂ ਪੁਰੇ ਹੀ ਆ ਰਹੇ। ਜੋ ਹੁਣ ਭੀ ਹਨ। ਸਮੇਂ ੨ ਅਧਿਕਾਰੀ ਪੁਰਸ਼ਾਂ ਨੂੰ ਦਰਸ਼ਨ ਦਿੰਦੇ ਹਨ।

# ਭਾਃ ਬੁੱਢਣ ਸ਼ਾਹ–ਕੀਰਤਪੁਰੀ

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨਾਹਣ ਵਲ ਜਗਤ ਉਧਾਰਨ ਲਈ ਗਏ ਤਾਂ ਇਕ ਫਕੀਰ

---

*ਮਾਂਗਟ ਜੋ ਸਾਲਬਾਹਨ ਦੇ ਪੁਤਰਾਂ ਵਿਚੋਂ ਸੀ।

Digitized by Panjab Digital Library | www.panjabdigilib.org

ਬੁੱਢਣ ਸ਼ਾਹ ਨਾਮੇ ਮਹਾਰਾਜ ਨੂੰ ਬੜੇ ਪ੍ਰੇਮ ਨਾਲ ਮਿਲਿਆ, ਅਤੇ ਦੁੱਧ ਅਰਪਣ ਕਰਕੇ ਸਿਖੀ ਪ੍ਰਾਪਤ ਕੀਤੀ। ਤਾਂ ਗੁਰੂ ਮਹਾਰਾਜ ਨੇ ਫੁਰਮਾਇਆ–'ਭਾਈ ਬੁੱਢਣ ਸ਼ਾਹ! ਇਹ ਦੁੱਧ ਅਸਾਡੀ ਅਮਾਨਤ ਰੱਖ ਛੱਡ, ਤੈਥੋਂ ਅਸੀਂ ਛੇਵੇਂ ਰੂਪ ਵਿਚ ਆਕੇ ਲਵਾਂਗੇ। ਬੁੱਢਣ ਸ਼ਾਹ ਅਰਜ ਕੀਤੀ-ਸਚੇ ਪਾਤਸ਼ਾਹ ਮੇਰੀ ਇਤਨੀ ਆਯੂ ਕਿਵੇਂ ਹੋਊ, ਮੈਂ ਤਾਂ ਹੁਣ ਬਹੁਤ ਬ੍ਰਿਧ ਹੋ ਗਿਆ ਹਾਂ ? ਤਾਂ ਕਰਤਾ ਪੁਰਖ ਨੇ ਹੁਕਮ ਕੀਤਾ ਬੁੱਢਣ ਸ਼ਾਹ ਹੁਣ ਤੂੰ ੧੨੦ ਬਰਸ ਦਾ ਹੈ, ਅੱਜ ਤੋਂ ੧੨੦ ਬਰਸ ਹੋਰ ਤੈਨੂੰ ਦਿਤੇ, ਜਿਹੜਾ ਤੈਨੂੰ ਮੇਰੇ ਰੂਪ ਵਿਚ ਹੋਕੇ ਦਰਸ਼ਨ ਦੇਵੇ, ਉਹਨੂੰ ਇਹ ਦੁੱਧ ਦੇ ਦੇਣਾ ਇਹ ਵਾਰਤਾ ਸੁਣਕੇ ਨਿਹਾਲ ਹੋ ਰਿਹਾ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਅਬਾਦ ਕੀਤਾ ਤਾਂ ਆਪ ਨੇ ਗੁਰੂ ਨਾਨਕ ਦੇਵ ਦਾ ਰੂਪ ਬਣਾਕੇ ਓਸ ਤੋਂ ਦੁੱਧ ਛਕਿਆ, ਅਤੇ ਬੁੱਢਣ ਸ਼ਾਹ ਨੇ ਮਹਾਰਾਜ ਦਾ ਰੱਜਕੇ ਦਰਸ਼ਨ ਕੀਤਾ, ਤੇ ਦੇਹ ਤਿਆਗ ਕੇ ਮੁਕਤ ਹੋਇਆ।

## ਮਹਾਂ ਦੇਉ (ਸਿੱਧ)

ਸੁਨਾਮ ਦੇ ਰਹਿਣ ਵਾਲਾ ਇਕ ਮਸਤਾਨਾ–"ਜੜੀਆ ਗੋਤ ਵਿਚੋਂ ਸੀ, ਜੋ ਭ੍ਰਥਰੀ ਨਾਥ ਦਾ ਗੁਰਭਾਈ ਅਤੇ ਤੱਤ ਦ੍ਰਿਸ਼ਟੀ ਵਾਲਾ ਬੋਧੀ ਸੀ। ਜਦੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਸੁਨਾਮ ਗਏ, ਤਾਂ ਸਿਧ ਸੰਗਤ ਦੇ ਦਰਸ਼ਨ ਕਰਦਾ ਹੋਇਆ ਗੁਰੂ ਮਹਾਰਾਜ ਦੇ ਚਰਨੀ ਲਗਾ। ਅਤੇ ਨਾਮ ਪ੍ਰਾਪਤ ਕਰਕੇ ਬੇਨਤੀ ਕਰਨ ਲਗਾ–ਮਹਾਰਾਜ ਜੀ! ਮੈਂ ਗਰੀਬ ਨੂੰ ਤਾਂ ਸਦਾ ਹੀ ਆਪਦੇ ਨਾਲ ਹੀ ਰਖੋ, ਤਾਂ ਸਾਹਿਬਾਂ ਬਚਨ ਕੀਤਾ–ਭਾਈ ਤੂੰ ਤਾਂ ਜੋਗੀ-ਮਹਾਦੇਉ ਹੈਂ, ਗਰੀਬ ਕਿਉਂ ਆਖਦਾ ਹੈ ਅਤੇ ਸ਼ਬਦ ਕਰਕੇ ਤਾਂ ਤੂੰ ਸਦਾ ਹੀ ਅਸਾਡੇ ਨਾਲ ਹੈ ਪਰ ਜੇ ਦੇਹ ਕਰਕੇ ਨਾਲ ਰਹਿਣਾ ਹੈ, ਤਾਂ ਭੀ ਤੇਰੀ ਇੱਛਾ ਪੂਰਣ ਹੋਵੇਗੀ। ਕੁਝ ਹੋਰ ਮੰਗ। ਤਾਂ ਮਹਾਂ ਦੇਉ ਨੇ ਗਦ ਗਦ ਹੋਕੇ ਅਰਦਾਸ ਕੀਤੀ– 'ਮਹਾਰਾਜ! ਚਿਰੰਜੀਵੀ ਰਹਿਣ ਦੀ ਅਭਿਲਾਖਾ ਹੈ, ਉਹ ਦਾਤ ਭੀ ਬਖਸ਼ੋ।' ਤਾਂ ਮਹਾਰਾਜ ਨੇ ਬੜੀ ਪ੍ਰਸੰਨਤਾ ਨਾਲ ਬਚਨ ਕੀਤਾ–'ਅੱਛਾ ਭਾਈ ਤੈਨੂੰ ਚਿਰੰਜੀਵ ਕੀਤਾ, ਜੋ ਰਹਿੰਦੀ ਦੁਨੀਆਂ ਤਾਈ ਰਹੇਗਾ। ਪਰ ਗੁਪਤ ਰੂਪ ਵਿਚ ਹੁੰਦਾ ਹੋਇਆ ਸਿਖ ਸੰਗਤਾਂ ਨੂੰ ਧਰਮ ਕਾ ਉਪਦੇਸ਼ ਦਿੰਦੇ ਰਹਿਣਾ ਫੇਰ ਸਤਿਗੁਰਾਂ ਦੇ ਤੁਰਨ ਸਮੇਂ ਤੋਂ ਲਾਕੇ ਤਖਤੂ ਪੁਰੇ ਆਉਣ ਤਕ, ਹੋਰਨਾਂ ਸਿਧਾਂ ਭ੍ਰਿਥਰੀ ਆਦਿ ਦੇ ਸਣੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਦਾ ਹੀ ਸੰਗ ਰਿਹਾ। ਇਹ ਦਾ ਸਬੂਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਮਹੱਲੇ ਦੇ ਸਵੇਯਾ ਵਿਚੋਂ ਮਿਲਦਾ ਹੈ। ਯਥਾ:—

"ਮਹਾ ਦੇਉ ਗੁਣ ਰਵੈ ਸਦਾ ਜੋਗੀ ਜਤਿ ਜੰਗਮੰ ਮਃ ੯ ਸਃ ਮਃ ੧" ਪੁਨਾ–"ਭਰਥਰਿ ਗੁਣ ਉਚਰੈ ਗੁਰੁ ਸੰਗਿ ਰਹੰਤੋ।..... ਸ: ੧੦। ਮ: ੧।"

ਏਸੇ ਮਹਾ ਦੇਉ ਦੀ ਕ੍ਰਿਪਾ ਨਾਲ ਸ੍ਰੀ ਪਰਬਤ ਉਪਰ ਭਰਥਰੀ ਤੇ ਗੋਪੀ ਚੰਦ ਆਦਿ ਨੂੰ ਸਤਿ ਗੁਰਾਂ ਦਾ ਦੀਦਾਰ ਹੋਇਆ, ਏਸੇ ਦੀ ਰੀਸ ਉਨ੍ਹਾਂ ਨੇ ਚਿਰੰਜੀਵਤਾ ਪ੍ਰਾਪਤ ਕੀਤੀ, ਜੋ ਅੱਜ ਤਕ ਮਹਾਂ ਦੇਉ ਦੇ ਸਾਥ ਬਿੰਧੀਆਂ, ਹਿਮਾਲੇ ਤੇ ਗੁਰੂ ਕੇ ਮਾਲਵੇ* ਵਿਚ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ,

---

*ਪੋਨਾ ਤੇ ਹਾਂਸ ਪਿੰਡ (ਜਗਰਾਵਾਂ ਕੋਲ) ਗੰਗਾ ਨਥਾਣਾ' ਧਉਲਾ, ਤਪਾ ਤੇ ਜੋਗ-ਰਲਾ ਆਦਿ ਅਨੇਕ ਥਾਂਵਾ ਦੇ ਵਸਨੀਕ ਇਨ੍ਹਾਂ ਸਿੱਧਾਂ ਦਾ ਉਥੇ ਆਉਣਾ ਦਸਦੇ ਹਨ।

Digitized by Panjab Digital Library | www.panjabdigilib.org

ਅਤੇ ਹੁਣ ਤਖਤੂ ਪੁਰੇ ਵਿਰਾਜ ਰਹੇ ਹਨ।

## ਮਾਂਗਟ ਸਿਧ

ਇਹ ਸਾਲਬਾਹਨ ਦੇ ਪੁਤਰ ਬਹੁਤ ਬੜੀ ਆਯੂ ਵਾਲੇ (੫੨੦ ਤੋਂ ੧੧੨੦ ਤਕ) ਸਨ। ਇਨ੍ਹਾਂ ਨੇ ਰਾਜਾ ਜਗਦੇਵ ਨਾਲ ਗੜ੍ਹ ਗਜ਼ਨੀ ਤੋਂ ਪ੍ਰਵਾਰ ਸਮੇਤ ਆਕੇ ਗਜ਼ਨੀ ਵਾਲਿਆਂ ਨਾਲ ਲੋਹਾ ਲਿਆ। ਇਨ੍ਹਾਂ ਦੀ ਸੰਤਾਨ ਪਹਿਲਾਂ ਸ਼ਾਹਪੁਰ ਕਦੋਂ ਦੇ ਥਾਂ ਬਸੀ, ਫੇਰ ਕਾਲੇ। ਏਸਦੇ ਪੜੋਤੇ ਨੇ ਦੋਰਾਹੇ ਤੋਂ ੪ ਮੀਲ ਉਤਰ ਨੂੰ ਛੰਦੜ ਪਿੰਡ ਵਧਾ, ਜਿਸਦੀ ਸੰਤਾਨ ਦੇ ਰਾਮਪੁਰ ਕਟਾਣੀ ਆਦਿ ਪਿੰਡ ਹਨ। ਗਜ਼ਨੀ ਦੀ ਜਿਤ ਤੋਂ ਪਿਛੋਂ ਇਹ ਜਗਦੇਵ ਨਾਲ ਮਾਰਵਾੜ ਨੂੰ ਫੇਰ ਚਲੇ ਗਏ ਅਤੇ ਰਾਜਪੂਤਾਨੇ ਬਗਦਾਦ ਤੇ ਗਜ਼ਨੀ ਆਦਿ ਨੂੰ ਨਿਵਾ ਕੇ ਹਾਂਸ ਵਡੇ (ਜ਼ਿਲਾ ਲੁਦਿਹਾਣੇ) ਦੇ ਥਾਂ ਆਕੇ ਰਹੇ। ਜਾਲੰਧਰ ਪਾਦ ਦੇ ਸਿਸ਼ ਚਰਪਟ ਨਾਥ ਅਤੇ ਮਾਂਗਟ ਇਕੋ ਵਿਅਕਤੀ ਹੈਂ।

## ਰਤਨ ਹਾਜੀ

ਸਨ ੮੭੫ ਤੋਂ ੧੬੩੨ ਤਕ)

ਮਹਾਰਾਜ ਵਿਜੈ ਪਾਲ ਦੇ ਨੌਵੀਂ ਪੀੜ੍ਹੀ ਵਿਚ ਰਾਜਾ ਪ੍ਰਥਵੀ ਚੰਦ ਗਣਪਾਲ ਬਠਿੰਡੇ ਦਾ ਰਾਜਾ ਸੀ। ਉਸਦੇ ਘਰ ਬ੍ਰਿਧ ਅਵਸਥਾ ਮਸੀਂ ਪੁਤਰ ਪੈਦਾ ਹੋਇਆ ਤਾਂ ਪਟਰਾਣੀ ਨੇ ਈਰਖਾ ਦੇ ਵਸ ਵਜ਼ੀਰ ਰਤਨਪਾਲ (ਬ੍ਰਾਹਮਣ) ਦੇ ਨਾਲ ਮਿਲਕੇ ਬੱਚੇ ਨੂੰ ਆਕੜਾ (ਉਸ ਸਮੇਂ ਦਾ ਸਤਲੁਜ) ਦੇ ਝਲ ਵਿਚ ਸੁਟਵਾ ਦਿਤਾ। ਸ਼ਿਕਾਰ ਖੇਡਦਾ ਹੋਇਆ ਸਾਂਝ ਸਮੇਂ ਮੰਡ ਵਿਚ ਗਿਆ ਤਾਂ ਉਸ ਬਚੇ ਨੂੰ ਚਕ ਲਿਆਂਦਾ। ਰਾਜਗੀ ਦੇ ਚਿੰਨ੍ਹ ਦੇਖਕੇ ਰਾਜਾ ਨੇ ਸ਼ਕ ਕੀਤਾ ਕਿ ਮਤਾ ਪਟਰਾਣੀ ਨੇ ਅਜ ਸਵੇਰੇ ਏਸ ਨੂੰ ਸਿਟਵਾਕੇ ਮੇਰੇ ਘਰ ਮਸ਼ਕ ਜੰਮੀ ਨ ਮਸ਼ਹੂਰ ਕਰ ਦਿਤਾ ਹੋਵੇ। ਇਸ ਕਰਕੇ ਉਸ ਨੇ ਇਹ ਭੇਦ ਗੁਪਤ ਰਖਿਆ। ਪੁਛਣ ਤੋਂ ਪਟਰਾਣੀ ਤੇ ਵਜ਼ੀਰ (ਉਗਾਹ) ਨੇ ਮਸ਼ਕ ਦਾ ਜੰਮਣਾ ਹੀ ਦਸਿਆ। ਜਿਸ ਰੁਮਾਲ ਵਿਚ ਬੱਚਾ ਪਲੇਟਿਆ ਸੀ ਉਹ ਸਿਵਾਣ ਕੇ ਬੜੀ ਰਾਣੀ ਨੂੰ ਪੁਛਿਆ, ਮੇਰਾ ਰੁਮਾਲ ਦਿਉ। ਤਾਂ ਉਸ ਨੇ ਬੇਖਬਰੀ ਪ੍ਰਗਟ ਕੀਤੀ। ਰਾਜਾ ਨੇ ਬੱਚੇ ਨੂੰ ਮੰਗਵਾ ਕੇ ਸਣੇ ਰੁਮਾਲ ਰਾਣੀ ਨੂੰ ਦਿਖਾਇਆ ਤਾਂ ਰਾਣੀ ਝੂਠੀ ਹੋ ਗਈ ਅਤੇ ਯੋਗ ਡੰਡ ਦੀ ਭਾਗੀ ਹੋਈ। ਰਤਨ ਪਾਲ ਬ੍ਰਾਹਮਣ ਨੂੰ ਜੁਤੀਆਂ ਦੀ ਮਾਰ ਤੇ ਦੇਸ਼ ਨਿਕਾਲਾ ਮਿਲਿਆ। ਉਸ ਦੁਸ਼ਟ ਨੇ ਭਾਰਾ ਨਿਰਾਦਰ ਮੰਨ ਕੇ ਸੌਂਹ ਖਾਧੀ ਕਿ ਮੈਂ ਭੀ ਏਸ ਰਾਜੇ

---

†ਰਾਹੁਲ ਨੇ ਇਨ੍ਹਾਂ ਵਿਚੋਂ ਬਹੁਤਿਆਂ ਦਾ ਜੀਵਨ ਅਨੁਮਾਨ (ਅਟਕਲ) ਕਰਕੇ ਲਿਖਿਆ ਹੈ। ਇਸ ਕਰਕੇ ਉਨ੍ਹਾਂ ਦਾ ਲਿਖਿਆ ਸਨ-ਸੰਬਤ ਪੰਜਾਬੀ ਸਿਧਾਂ ਦੇ ਸਬੰਧ ਵਿਚ ਹੈ। ਸੰਨ-ਸੰਬਤ ਨਿਤਾਂਤ ਅਸ਼ੁਧ ਹੈ। ਇਸ ਲਈ ਜਗਦੇਵ, ਲਛਮਣ ਅਤੇ ਭੋਈ ਆਦਿ ਦਾ ਉਕਾ ਹੀ ਪਤਾ ਨਹੀਂ ਅਤੇ ਚਰਪਟ (ਮਾਂਗਟ) ਆਦਿ ਨੂੰ ਉਨ੍ਹਾਂ ਨੇ ਵਿਕ੍ਰਮਾਦਿਤ ਵਾਂਗ ਕੋਈ ਹੋਰ ਵਿਅਕਤੀ ਅਤੇ ਉਹਲੇ ਸਮੇਂ ਦਾ ਦਸਕੇ ਭਾਰੀ ਗਲਤੀ ਕੀਤੀ ਹੈ।

Digitized by Panjab Digital Library | www.panjabdigilib.org

ਦਾ ਰਾਜ ਗਰਕ ਕਰਕੇ ਛਡੂੰ। ਗੜ੍ਹ ਬੀਠਲੀ ਦੇ ਪਤਿਤ ਚੌਹਾਣ ਮੂਲ ਰਾਜ (ਫੇਰ ਨੂਰ ਮੁਹੰਮਦ ਮੂਲ ਨਾਥ) ਨਾਲ ਜਾ ਰਲਿਆ। ਦੋਵੇਂ ਜੁੜਕੇ ਬਗਦਾਦ ਵਾਲੇ ਖਲੀਫੇ ਸੇਂਹੇ ਜਾ ਕੇ ਮੁਸਲਮਾਨ ਹੋ ਗਏ, ਤੇ ਮੱਕੇ ਦਾ ਹਜ ਕਰਕੇ ਮੁੜੇ। ਮੂਲ ਨਾਥ ਨੇ ਰੋਸ਼ਨ ਅਲੀ ਬਗਦਾਦੀ ਜਰਨੈਲ ਤੋਂ ਆਪਣੇ ਭਾਈ ਤੇ ਪਿਤਾ ਨੂੰ ਮਰਵਾਕੇ ਗੜ੍ਹ ਬੀਠਲੀ ਤਬਾਹ ਕਰ ਦਿਤੀ। ਰਤਨ ਹਾਜੀ ਨੇ ਉਸਤੋਂ ਬਠਿੰਡੇ ਅਤੇ ਰਾਜਾ ਪ੍ਰਥਵੀ ਪਤਿ ਦਾ ਨਾਸ ਕਰਾਕੇ ੪੦ ਹਲ ਦੀ ਭੋਇੰ ਤੇ ਰਤਨ ਹਾਜੀ ਦੀ ਦਰਗਾਹ ਨਾਮੇ ਆਪਣਾ ਆਸ਼ਰਮ ਬਣਾਇਆ। ਇਹ ੯੦੦ ਈਸਵੀ ਦੇ ਲਾਗੇ ਛਾਗੇ ਦੀ ਗਲ ਹੈ। ਇਸ ਦੇ ਪੁਤਰ ਅਭੈ ਪਾਲ ਨੂੰ ਮੁਸਲਮਾਨ ਬਣਾ ਕੇ ਲਾਹੌਰ ਦਾ ਰਾਜ ਦਿਤਾ ਗਿਆ ਪਰ ਉਹ ਉਸੇ ਪੀੜ੍ਹੀ ਵਿਚ ਹਿੰਦੂ ਦਾ ਹਿੰਦੂ ਹੀ ਰਹਿ ਗਿਆ। ਉਸਦਾ ਪੁਤਰ ਜੈਪਾਲ ਅਤੇ ਉਸਦਾ ਅਨੰਦ ਪਾਲ ਸੀ ਜਿਨ੍ਹਾਂ ਨੂੰ ਸੁਬਕਤਗੀਨ ਨੇ ਹਿੰਦੂ ਬਣਨ ਦੇ ਅਪਰਾਧ ਵਿਚ ਬਰਦਾਦ ਕਰਨਾ ਮਿਥ ਲਿਆ ਸੀ। ਇਸ ਨੇ ਆਪਣੇ ਤਕੀਏ ਵਿਚ ਰਹਿ ਕੇ ਕਈਆਂ ਮੁਸਲਸਾਨਾਂ ਅਤੇ ਹਿੰਦੂ ਜੋਗੀਆਂ ਕੋਲੋਂ ਜੋਗ ਸਿਖ ਕੇ ਸਿਧਾਂ ਵਿਚ ਭੀ ਆਪਣਾ ਪੈਰ ਰਖਿਆ ਅਤੇ ਕੁਝ ਸੂਫੀਆਂ ਵਾਲੇ ਉਘੜੇ ਦੁਘੜੇ ਪਦੇ ਭੀ ਬਨਾਉਣ ਲਗਾ ਜਿਨ੍ਹਾਂ ਦਾ ਕੁਝ ਸੰਖੇਪ ਪੰਜਾਬੀ ਭਾਸ਼ਾ ਦੇ ਸਾਹਿਤ ਦਾ ਇਤਿਹਾਸ ਨਾਮੇ ਪੁਸਤਕ ਵਿਚ ਲਿਖ ਰਹੇ ਹਾਂ। ਸੰਨ ੧੧੧੦ ਈ: ਵਿਚ ਜਗਦੇਵ ਅਤੇ ਭੋਈ ਸਿਧਾਂ ਨੇ ਇਸ ਨੂੰ ਸਿਧੀਆਂ ਦੇ ਚੋਖੇ ਹਥ ਵਿਖਾਏ। ਅੰਤ ਨੂੰ ਸਿਰ ਲੈਣ ਦੀ ਸ਼ਰਤ ਤੇ ਸਿਰ ਜਿਤਕੇ ਚੋਟੀ ਕੱਟਣ ਤੇ ਹੀ ਸੰਤੋਖ ਕੀਤਾ ਪਰ ਦੀਖਿਆ ਮੰਤਰ ਦੇ ਕੇ ਹਿੰਦੂਆਂ ਦੇ ਦਰਸ਼ਨ ਵਿਚ ਲੈ ਆਂਦਾ। ਉਸਦੇ ਚੇਲੇ ਭੀ ਉਦੋਂ ਤੋਂ ਰਤਨ ਨਾਥ, ਸੁਲਤਾਨ* ਨਾਥ ਆਦਿ ਕਹਾਉਣ ਲਗੇ।

ਆਪ ਰਤਨ ਨਾਥ ਜਗਦੇਵ ਦੀ ਆਗਿਆ ਨਾਲ ਬਠਿੰਡਾ ਛਡਕੇ ੧੨ ਕੋਹ ਪੂਰਬ ਨੂੰ ਮਹਿਲਾਂ ਵਾਲੇ ਦੀ ਢਾਬ ਤੇ ਜਾ ਰਿਹਾ। ਉਸ ਸਮੇਂ ਉਹ ਰਤਨਾਸਰ ਨਾਮ ਕਰਕੇ ਪ੍ਰਸਿਧ ਸੀ। ਜਿਥੇ ਪਿਛੋਂ ਕਾਲੂ ਨਾਥ ਨੇ ਜਾਕੇ ਨਥਾਣਾ ਵਸਾਇਆ ਅਤੇ ਛੇਵੇਂ ਪਾਤਸ਼ਾਹ ਜੀ ਨੇ ਜਿਥੇ ਸ਼ਾਹਜਹਾਨ ਦੀ ਸੈਨਾ ਨਾਲ ਜੰਗ ਕੀਤਾ ਸੀ।

---

*ਰਤਨ ਹਾਜੀ ਦੇ ਚੇਲੇ ਪੜਚੇਲਿਆਂ ਵਿਚੋਂ ਇਕ ਸੁਲਤਾਨ ਨਾਥ ਭੀ ਸੀ ਜੋ 'ਰਤਨ' ਪਦਵੀ ਤੇ ਥਾਪਿਆ ਗਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਸੰਨ ੧੫੦੦ ਈ: ਵਿਚ ਸਿਖ ਬਣਾ ਕੇ ਕਾਲੂਨਾਥ ਆਦਿ ਦੀ ਸੰਗਤ ਕਰਨ ਲਈ ਬਠਿੰਡੇ ਤੋਂ ਨਥਾਣੇ ਭੇਜ ਦਿਤਾ ਸੀ।

Digitized by Panjab Digital Library | www.panjabdigilib.org

ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਦਰੋਂ ਵਰੋਸਾਈ ਹੋਈ ਪ੍ਰਸਿਧ ਹਸਤੀ ਪੂਰਨ ਗੁਰਸਿਖ ਤੇ ਲਿਖਾਰੀ, ਗੁਰਦਰਬਾਰੀ ਗੁਰੂ ਹਿਤਕਾਰੀ ਪ੍ਰ-ਉਪਕਾਰੀ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਖੇ ਸੰਖੇਪ ਨਾਲ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬਾਂ ਜੀ ਤੱਕ ਦੇ ਮੁਖੀ ਮੁਖੀ ਸਿਖਾਂ ਦੇ ਨਾਮ ਲਿਖੇ ਹਨ ਅਤੇ ਜਿਨਾਂ ਦੇ ਮਾਤਾ, ਪਿਤਾ, ਪਿੰਡ, ਇਲਾਕਾ ਜਾਂ ਹੋਰ ਜੀਵਨ ਆਦਿ ਨਹੀਂ ਲਿਖੇ । ਸੋ ਜਿਨ੍ਹਾਂ ਦਾ ਹੁਣ ਲਿਖਣਾ ਬੜਾ ਹੀ ਅਸੰਭਵ ਹੈ ਅਤੇ ਭਾਈ ਸਾਹਿਬ ਜੀ ਨੇ ਆਪਣੀ ਰਚਨਾਂ ਦੀ ਦਸਵੀ ਵਾਰ ਵਿਖੇ ਜੋ ਨਾਮ ਦਿਤੇ ਹਨ ਉਹ ਪਾਠਕਾਂ ਦੀ ਗਿਆਤ ਹਿਤ ਹੇਠਾਂ ਦਰਜ ਕਰਦੇ ਹਾਂ ।

ਤਾਰੂ ਪੋਪਟ ਤਾਰਿਆ–ਗੁਰਮੁਖ ਬਾਲ ਸਭਾਇ ਉਦਾਸੀ ।
ਮੂਲਾ ਕੀੜ ਵਖਾਣੀਐ ਚਲਿਤ ਆਸਚਰਜ ਲੁਭਤ ਗੁਰਦਾਸੀ ।
ਪਿਰਧਾ ਖੇਡਾ ਸੋਇਨੀ ਚਰਣ ਸ਼ਰਣ ਸੁਖ ਸਹਿਜ ਨਿਵਾਸੀ ।
ਭੱਲਾ ਰਬਾਬ ਵਜਾਇੰਦਾ, ਮਜਲਸ ਮਰਦਾਨਾ ਮੀਰਾਸੀ ।
ਪਿਰਥੀ ਮਲ ਸਹਿਹਾਲ ਭਲਾ, ਕਾਮ ਡਿੱਡੀ ਭਗਤ ਅਭਿਆਸੀ ।
ਦਉਲਤ ਖਾਂ ਲੋਦੀ ਭਲਾ ਹੋਆ ਜਿੰਦ ਪੀਰ ਅਬਨਾਸੀ ।
ਮਾਲੋ ਮਾਲਾ ਸਿੱਖ ਦੋਇ ਗੁਰਬਾਣੀ ਰਸ ਰਸਿਕ ਬਿਲਾਸੀ
ਸਨਮੁਖ ਕਾਲੂ ਆਸਧਾਰ ਗੁਰਬਾਣੀ ਦਰਗਾਹ ਸ਼ਾਬਾਹੀ ।
ਗੁਰਮਤਿ ਭਉ ਭਗਤਿ ਪ੍ਰਗਾਸੀ ।
ਭਗਤ ਜੋ ਭਗਤਾਂ ਓਹਰੀ ਜਾਪੂ ਵੰਸੀ ਸੇਵ ਕਮਾਵੈ ।
ਸ਼ੀਹਾਂ ਉੱਪਲ ਜਾਣੀਐ ਗਜਣ ਉਪਲ ਸਤਿਗੁਰ ਭਾਵੈ ।
ਮੈਲਸੀਆਂ ਵਿਚ ਆਖੀਐ ਭਾਗੀਰਥ ਕਾਲੀ ਗੁਣ ਗਾਵੈ ।
ਜਿੱਤਾ ਰੰਧਾਵਾ ਭਲਾ ਬੂੜਾ ਬੁਢਾ ਇਕ ਮਨ ਧਿਆਵੈ ।
ਫਿਰਣਾ ਖਹਰਾ ਜੋਧ ਸਿੱਖ ਜੀਵਾਈ ਗੁਰ ਸੇਵ ਸਮਾਵੈ ।
ਗੁਜਰ ਜਾਤ ਲੁਹਾਰ ਹੈ, ਗੁਰਸਿਖੀ ਗੁਰਸਿਖ ਸੁਨਾਵੈ ।
ਨਾਈ ਧਿੰਙ ਵਖਾਣੀਐ ਸਤਿਗੁਰ ਸੇਵ ਕੁਟੰਬ ਤਰਾਵੈ ।
ਗੁਰਮੁਖ ਸੁਖ ਫਲ ਅਲਖ ਲਿਖਾਵੈ ॥

—:o:—

ਪਾਰੋ ਜੁਲਕਾ ਪਰਮ ਹੰਸ, ਪੂਰੇ ਸਤਿਗੁਰ ਕਿਰਪਾ ਧਾਰੀ ।
ਮਲੂ ਸ਼ਾਂਹੀ ਸੂਰਮਾ, ਭਡਾ ਭਗਤ ਭਾਈ ਕੇਦਾਰੀ ।
ਦੀਪਾ ਦਿਉ ਨਰੈਨ ਦਾਸ ਬੱਲੇ ਦੀ ਜਾਈਏ ਬਲਹਾਰੀ ।
ਲਾਲੂ ਸਲਾਲੂ ਬੁਧਵਾਨ, ਦੁਰਗ ਜੀਵਦ ਪਰ ਉਪਕਾਰੀ ।
ਜਗਾ ਧਰਨੀ ਜਾਣੀਐ ਸੰਸਾਰੁ ਨਾਲੈ ਨਿਰੰਕਾਰੀ ।
ਖਾਨੂ ਮੱਜ ਪੁਤ ਪਿਉ ਗੁਣ ਗਾਹਕ ਗੋਬਿੰਦ ਭੰਡਾਰੀ ।

Digitized by Panjab Digital Library | www.panjabdigilib.org

ਜੋਧ ਰਸ਼ੋਈਆਂ ਦੇਵਤਾ ਗੁਰ ਸੇਵਾ ਕਰ ਦੁਤਰ ਤਾਰੀ ।
ਪੂਰੇ ਸਤਿਗੁਰ ਪੈਜ ਸਵਾਰੀ ।

—:o:—

ਪ੍ਰਿਥੀ ਮੱਲ ਤੁਲਸਾ ਭੱਲਾ ਮੱਲਣ ਗੁਰ ਸੇਵਾ ਹਿੱਤਕਾਰੀ ।
ਰਾਮੂ ਦੀਪਾ ਉਗਰਸੈਣ ਨਾਗਉਰੀ ਗੁਰਸ਼ਬਦ ਵਿਚਾਰੀ ।
ਮੋਹਣ ਰਾਮੂ ਮਹਿਤਿਆ ਅਮਰੂ ਗੋਪੀ ਹਉਮੈ ਮਾਰੀ ।
ਸਹਾਰੂ ਗੰਗੂ ਭੱਲੇ ਭਾਗੂ ਭਗਤਿ ਭਗਤਿ ਹੈ ਪਿਆਰੀ ।
ਖਾਨੂ ਛੁਰਾ ਤਾਰੂ ਤਰੇ, ਵੇਗਾ ਪਾਸੀ ਕਰਣੀ ਸਾਰੀ ।
ਉਗਰੂ ਨੰਦੂ ਸੂਦਨਾ ਪੂਰੋ ਝੱਟਾ ਪਾਰ ਉਤਰੀ ।
ਮਲੀਆ ਸਹਾਰੂ ਭੱਲੇ ਛੀਬੇ ਗੁਰ ਦਰਗਹ ਦਰਬਾਰੀ ।
ਪਾਂਧ ਬੂਲਾ ਜਾਣੀਐ ਗੁਰਬਾਣੀ ਗਾਇਣ ਲਿਖਾਰੀ ।
ਡਲੇ ਵਾਸੀ ਸੰਗਤ ਭਾਰੀ ।

—:o:—

ਸਨ ਮੁਖ ਭਾਈ ਤੀਰਥਾ ਸਭਰ ਵਾਲੇ ਸਭੇ ਸਰਦਾਰਾ ।
ਪੂਹੋ ਮਾਨਕ ਚੰਦ ਹੈ, ਬਿਸ਼ਨ ਦਾਸ ਪ੍ਰਵਾਰ ਸਧਾਰਾ ।
ਪੁਰਖ ਪਦਾਰਥ ਜਾਣੀਐ ਤਾਰੂ ਭਾਰੂ ਦਾਸ ਦੁਆਰਾ ।
ਮਹਾਂ ਪੁਰਖ ਹੈ ਮਹਾਂ ਨੰਦ ਬਿਧੀ ਚੰਦ ਬੁਧ ਬਿਮਲ ਵਿਚਾਰਾ ।
ਬਰਮ ਦਾਸ ਹੈ ਖੋਟੜਾ ਡੂੰਗਰ ਦਾਸ ਭਲੇ ਤਕਿਆਰਾਂ ।
ਦੀਪਾ ਜੇਠਾ ਤੀਰਥਾ ਸੈਂਸਾਰੂ ਬੁਲਾ ਸਦਿਆਰਾ ।
ਮਾਈਆ ਜਾਪਾ ਜਾਣੀਅਨ ਨਈਆਂ ਖੁਲਰ ਗੁਰੂ ਪਿਆਰਾ ।
ਤੁਲਸਾ ਵਹੁਰਾ ਜਾਣੀਐ, ਗੁਰ ਉਪਦੇਸ਼ ਅਵੇਸ਼ ਅਚਾਰਾ ।
ਸਤਿ ਗੁਰ ਸਚ ਸਵਾਰਨ ਹਾਰਾ ।

—:o:—

ਪੂਰੀਆ ਚੂਹੜ ਚਉਧਰੀ ਪੈੜਾ ਦਰਗਾਹ ਦਾੜਾ ਭਾਗੂ ।
ਬਾਲਾ ਕਿਸ਼ਨਾ ਝਿੰਗਰਿਣ ਪੰਡਤ ਗਇ ਸਭਾ ਸ਼ੀਂਗਾਰਾ ।
ਸੁਹੜ ਤਲੋਕਾ ਸੂਰਮਾ ਸੁਖ ਸਮੁੰਦਾ ਸਨਮੁਖ ਸਾਰਾ ।
ਕੁਲਾ ਭੁਲਾ ਝੰਝੀਆ ਭਾਗੀਰਥ ਸੁਇਨੀ ਸਚਿਆਰਾ ।
ਲਾਲੂ ਬਾਲੂ ਵਿਜ ਹਨ ਹਰਖ ਵੰਤ ਹਰਦਾਸ ਪਿਆਰਾ ।
ਵੀਰੂ ਨਿਹਾਲੂ ਤੁਲਸੀਆ ਬੂਲਾ ਚੰਡੀਆ ਬਹੁ ਗੁਣਿਆਰਾ ।
ਗੋਖੂ ਟੋਡਾ ਮਹਿਤਿਆ ਤੋਤਾ ਮਦੂ ਸ਼ਬਦ ਵਿਚਾਰਾ ।

Digitized by Panjab Digital Library | www.panjabdigilib.org

ਝਾਡੂ ਅਤੇ ਮੁਕੰਦ ਹੈ, ਕੀਰਤਨ ਕਰ ਹਜ਼ੂਰ ਕਿਦਾਰਾ।
ਸਾਧ ਸੰਗਤ ਪਰਗਟ ਪਹਾਰਾ।

—:o:—

ਗੰਗੂ ਨਾਉ ਸਰਗਲਾ ਰਾਮਾ ਧਰਮਾਂ ਉਦਾ ਭਾਈ।
ਜਟੂ ਭਟੂ ਵੰਤਿਆ ਫਿਰਨਾ ਸੂਦ ਵਡਾ ਸਤ ਭਾਈ।
ਭੋਲੂ ਭੱਟੂ ਜਾਟੀਅਨ ਸਨਮੁਖ ਤੇਵਾੜੀ ਸੁਖਦਾਈ।
ਡਲਾ ਭਾਗੀ ਭਗਤ ਹੈ, ਜਪੁ ਨੱਵਲਾ ਗੁਰਸਰਣਾਈ।
ਮੂਲਾ ਸੂਜਾਂ ਧਾਵਣੇ ਚੰਦੂ ਚਉਝੜ ਸੇਵ ਕਮਾਈ।
ਰਾਮਦਾਸ ਭੰਡਾਰੀਆ, ਬਾਲਾ ਸਾਈਂ ਦਾਸ ਧਿਆਈ।
ਗੁਰਮੁਖ ਬਿਸ਼ਨੂ ਬੀਬੜਾ ਮਾਛੀ ਸੁੰਦਰ ਗੁਰਮਤਿ ਪਾਈ।
ਸਾਧ ਸੰਗਤ ਵਡੀ ਵਡਿਆਈ।

—:o:—

ਜੱਟੂ ਭਾਨੂ ਤੀਰਥਾ ਚਾਟੀ ਚਲੀ ਲੇ ਚਢੇ ਚਾਰੇ।
ਸਣੇ ਨਿਹਾਲੇ ਜਾਣੀਅਨਿ ਸਨਮੁਖ ਸੇਵਕ ਗੁਰੂ ਪਿਆਰੇ।
ਸੇਖੜ ਸਾਧ ਵਖਾਣੀਅਹ ਨਾਊ ਭੁੱਲੂ ਸਿੱਖ ਸੁਚਾਰੇ।
ਜਟੂ ਭੀਵਾ ਜਾਣੀਅਨ ਮਹਾਂ ਪੁਰਖ ਮੂਲਾ ਪਰਵਾਰੇ।
ਚਤੁਰ ਦਾਸ ਮੂਲਾ ਕਪੂਰ ਹਾੜੂ ਗਾੜੂ ਵਿੱਜ ਵਿਚਾਰੇ।
ਫਿਰਣਾ ਬਹਿਲ ਵਖਾਣੀਅਹਿ ਜੇਠਾ ਚੰਗਾ ਕੁਲ ਨਿਸਤਾਰੇ।
ਵਿਸਾ ਗੋਪੀ ਤੁਲਸੀਆ ਭਾਰ ਦੁਆਜੀ ਮਨਮੁਖ ਸਾਰੇ।
ਵੱਡਾ ਭਗਤ ਹੈ ਭਈਅੜਾ ਗੋਬਿੰਦ ਘੇਈ ਗੁਰੂ ਦੁਆਰੇ।
ਸਤਿਗੁਰੂ ਪੂਰੇ ਪਾਰ ਉਤਾਰੇ।

—:o:—

ਕਾਲੂ ਚਾਉ ਬੰਮੀਆਂ ਮੂਲੇ ਨੂੰ ਗੁਰ ਸ਼ਬਦ ਪਿਆਰਾ।
ਹੇਮਾਂ ਵਿੱਚ ਕਪਾਹੀਆਂ ਗੋਬਿੰਦ ਘੇਟੀ ਗੁਰੂ ਨਿਸਤਾਰਾ।
ਭਿੱਖਾ ਟੋਡਾ ਭੱਟ ਦੁਇ ਧਾਰੋ ਜੂਦ ਮਹਲ ਤਿਸ ਭਾਰਾ।
ਗੁਰਮੁਖ ਗੱਮੂ ਕੋਹਲੀ ਨਾਲ ਨਿਹਾਲੂ ਸੇਵਕ ਸਾਰਾ।
ਛੱਜੂ ਭੱਲਾ ਜਾਣੀਐ ਸਾਈ ਦਿਤਾ ਸਾਧ ਵਿਚਾਰਾ।
ਤੁਲਸਾ ਵਹੁਰਾ ਭਗਤ ਹੈ ਦਾਮੋਦਰ ਅਕਾਲ ਬਲਿਹਾਰਾ।
ਭਾਨਾ ਆਵਲ ਵਿਗਹ ਮੱਲ ਬੁਧੂ ਛੀਂਬਾ ਗੁਰਦਰਬਾਰਾ।
ਸੁਲਤਾਨ ਪੁਰ ਭਗਤ ਭੰਡਾਰਾ।

—:o:—

Digitized by Panjab Digital Library | www.panjabdigilib.org

ਦੀਪਕੁ ਦੀਪਾ ਕਾਸਰਾ ਗੁਰੂ ਦੁਆਰੇ ਹੁਕਮੀ ਬੰਦਾ ।
ਪੱਟੀ ਅੰਦਰ ਚਉਧਰੀ ਢਿੱਲੋ ਲਾਲ ਲੰਗਾਹ ਸੁਹੰਦਾ ।
ਅਜਬ ਅਜਾਇਬ ਸੰਙੀਆਂ ਉਮਰ ਸ਼ਾਹ ਗੁਰ ਸੇਵ ਕਰੰਦਾ ।
ਪੈੜਾ ਛੱਜਲ ਜਾਣੀਐ ਕੰਦੂ ਸੰਘਰ ਮਿਲੈ ਹਸੰਦਾ ।
ਪੂਤ ਸਪੂੱਤ ਕਪੂਰ ਦੇਉ ਸਿੱਖੇ ਮਿਲਿਆ ਮਨ ਵਿਗਸੰਦਾ ।
ਸੰਮਣ ਹੈ ਸ਼ਾਹਬਾਜ਼ ਪੁਰ ਗੁਰਸਿੱਖਾਂ ਦੀ ਸਾਰ ਲਹੰਦਾ ।
ਜੋਧਾ ਜਲੋ ਤੁਲਸ ਪੁਰ ਮੋਹਣ ਆਲਮ ਗੰਜ ਰਹੰਦਾ ।
ਗੁਰਮੁਖ ਵਡਿਆ ਵਡੇ ਮਸੰਦਾ ।

—:o:—

ਢੇਸੀ ਜੋਧ ਹੁਸੰਗ ਹੈ ਗੋਬਿੰਦ ਗੋੱਲਾ ਹਸ ਮਿਲੰਦਾ ।
ਸੋਹਣ ਕੁਕ ਵਖਾਣੀਐ ਧੁੰਟੇ ਜੋਧੇ ਜਾਮ ਸੁਹੰਦਾ ।
ਮੰਞੂ ਪੰਨੂ ਪਰਵਾਣ ਹੈ ਪੀਰਾਂਣਾ ਗੁਰ ਭਾਇ ਚਲੰਦਾ ।
ਰਮਜਾ ਜੱਜਾ ਜਾਣੀਐ ਬਾਲਾ ਮਰਵਾਹਾ ਵਿਗਸੰਦਾ ।
ਨਿਰਮਲ ਨਾਨੋ ਓਹਰੀ ਨਾਲ ਸੂਰੀ ਚਉਧਰੀ ਰਹੰਦਾ ।
ਪਰਬਤ ਕਾਲਾ ਮੇਹਰਾ ਨਾਲ ਨਿਹੱਾਲੂ ਸੇਵ ਕਰੰਦਾ ।
ਕੱਕਾ ਕਾਲਊ ਸੂਰਮਾ ਸੱਦੂ ਰਾਮ ਦਾਸ ਬਚਨ ਮਨੰਦਾ ।
ਜੇਠਾ ਸਭੌਗ ਚੂਹਣੀਅਹੁੰ ਆਰੋੜੇ ਭਾਰਾਉ ਗਵੰਦਾ ।
ਸਨਮੁਖ ਇਕਦੂੰ ਇਕ ਚੜ੍ਹੰਦਾ ।

—:o:—

ਪੇੜ ਜਾਤਿ ਚੰਤਾਲੀਆ ਜੇਠੇ ਸੇਠੀ ਕਾਰ ਕਮਾਈ ।
ਭਟਕਣ ਘੁਗ ਜਾਣੀਐ ਗੁਰ ਦਿਤਾ ਗੁਰਮਤਿ ਗੁਰਤਾਈ ।
ਕਾਦਾਰਾ ਸੱਰਾਫ ਹੈ ਭਗਤ ਵਡਾ ਭਗਵਾਨ ਸੁਭਾਈ ।
ਸਿਖ ਭੱਲਾ ਰਵਤਾਸ ਵਿਚ ਧਉਣ ਮੁਰਾਰੀ ਗੁਰ ਸਰਣਾਈ ।
ਆਡਿਤ ਸੁਇਨੀ ਸੂਰਮਾ ਚਰਣ ਸਰਣ ਚੂਹੜ ਜੇ ਸਾਈ ।
ਲੱਾਲਾ ਸੇਤੀ ਜਾਣੀਐ ਜਾਣੁ ਨਿਹਾਲ ਸਬਦ ਲਿਵ ਲਾਈ ।
ਰੱਾਮਾ ਝੰਝੀ ਆਖੀਐ ਹੇਮੂ ਸੋਨੀ ਗੁਰਮਤਿ ਪਾਈ ।
ਜਟੂ ਭੰਡਾਲੀ ਭਲਾ ਸ਼ਾਹਦੇਰ ਸੰਗਤਿ ਸੁਖਦਾਈ ।
ਪੰਜਾਬੇ ਗੁਰ ਦੀ ਵਡਿਆਈ ।

—:o:—

ਸਨਮੁਖ ਸਿਖ ਲਾਹੌਰ ਵਿਚ ਸੋਢੀ ਆਇਣ ਤਾਇਆ ਸਹਾਰੀ ।

Digitized by Panjab Digital Library | www.panjabdigilib.org

ਸਾਈਂ ਦਿਤਾ ਝੰਡੀਆ ਸੈਦੋ ਜਟ ਸ਼ਬਦ ਵਿਚਾਰੀ ।
ਬੁਧੂ ਮਹਤਾ ਜਾਣੀਅਹਿ ਕੁਲ ਕੁਮਿਆਰ ਭਗਤਿ ਨਰੰਕਾਰੀ ।
ਲੱਖੂ ਵਿਚ ਪਟੋਲੀਆਂ ਭਾਈ ਲੱਧਾ ਪਰ ਉਪਕਾਰੀ ।
ਕਾਲੂ ਨਾਨੋ ਰਾਜ ਦੁਈ ਹਾੜੀ ਕੋਹਲੀਆ ਵਿਚ ਭਾਰੀ ।
ਸੂਦ ਕਲਿਆਣਾ ਸੂਰਮਾ ਭਾਨੂ ਭਗਤ ਸ਼ਬਦ ਵਿਚਾਰੀ ।
ਮੂਲਾ ਬੇਰੀ ਜਾਣੀਐ ਤੀਰਥ ਅਤੇ ਮੁਕੰਦ ਅਪਾਰੀ ।
ਕੁਹ ਕਿਸ਼ਨ ਮੁਹਜੰਗੀਆ ਸੇਠ ਮੰਗੀਣੇ ਨੌਂ ਬਲਿਹਾਰੀ ।
ਸਨ ਮੁਖ ਸਨਿਆਰਾ ਭਲਾ ਨਾਉਂ ਨਿਹੱਲੂ ਸੱਪਰ ਵਾਰੀ ।
ਗੁਰਮੁਖ ਸੁਖ ਫਲ ਕਰਣੀ ਸਾਰੀ ।

—:o:—

ਭੱਠਾ ਮੱਲਣੀ ਜਾਣੀਐ ਕਾਬਲ ਰੇਖ ਰਾਉ ਗੁਰਭਾਈ ।
ਮਾਧੋ ਸੋਢੀ ਕਾਸ਼ਮੀਰ ਗੁਰਸਿਖੀ ਦੀ ਚਾਲ ਚਲਾਈ ।
ਭਾਈ ਭੀਵਾ ਸ਼ੀਹ ਚੰਦ ਰੂਪ ਢੰਦ ਸਨਮੁਖ ਸਤ ਭਾਈ ।
ਪਰਤਾਪੂ ਸਿੱਖ ਸੂਰਮਾ ਨੰਦੇ ਵਿਰੜ ਸੇਵ ਕਮਾਈ ।
ਸਾਮੀ ਦਾਸ ਵਛੇਰ ਹੈ ਥਾਨੇਸਰ ਸੰਗਤਿ ਬਹਿਲਾਈ ।
ਗੋਪੀ ਮਹਿਤਾ ਜਾਣੀਐ ਤੀਰਥ ਨੱਥਾ ਗੁਰ ਸਰਣਾਈ ।
ਭਾਊ ਮੌਲਕ ਆਖੀਅਹਿ ਢਿੱਲੀ ਮੰਡਲ ਗੁਰਮਤਿ ਪਾਈ ।
ਜੀਵੰਦ ਜਗ ਸੀ ਫਤੇ ਪੁਰ ਸੇਠਾ ਤਲੌਕੇ ਸੇਵ ਕਮਾਈ ।
ਸਤਿਗੁਰ ਦੀ ਵੱਡੀ ਵਡਿਆਈ ।

—:o:—

ਮਹਿਤਾ ਸ਼ਕਤਾ ਆਗਰੈ ਚੱਢਾ ਹੋਆ ਨਿਹਾਲ ਨਿਹਾਲਾ ।
ਗੜੀਅਲ ਮਥਰਾ ਦਾਸ ਹੈ ਸੱਪਰ ਵਾਰਾ ਲਾਲ ਗੁਲਾਲਾ ।
ਗੰਗਾ ਸਹਿਗਲ ਸੂਰਮਾ ਹਰਵੰਸ ਤਪੇ ਟਹਿਲ ਧਰਮਸਾਲਾ ।
ਅਣਦ ਮੁਰਾਰੀ ਮਹਾਂ ਪੁਰਖ ਕੱਲਿਆਣਾ ਕੁਲਕ ਵਲਰ ਸਾਲਾ ।
ਨਾਨੋ ਲਟਕਣ ਬਿੰਦਰਾਉ ਸੇਵਾ ਸੰਗਿਤ ਪੂਰਨ ਘਾਲਾ ।
ਹਾਂਡਾ ਆਲਮ ਚੰਦ ਹੈ ਸੈਂ ਸਾਰਾ ਤਲਵਾੜ ਸੁਖਾਲਾ ।
ਜਗਨਾ ਨੰਦਾ ਸਾਧ ਹੈ ਭਾਨੂੰ ਸੁਹੜ ਹੰਸਾਂ ਦੀ ਢਾਲਾ ।
ਗੁਰਭਾਈ ਰਤਨਾ ਦੀ ਮਾਲਾ ।

—:o:—

ਮੀਗਾਰੂ ਜੈਤਾ ਭਲਾ ਸੂਰਬੀਰ ਮਨਿ ਪਰਉਪਕਾਰਾ ।

Digitized by Panjab Digital Library | www.panjabdigilib.org

ਜੈਤਾ ਨੰਦਾ ਜਾਣੀਐ ਪੁਰਖ ਪਿਰਾਗਾ ਸ਼ਬਦ ਅਧਾਰਾ ।
ਤਿਲਕ ਤਿਲੋਕਾ ਪਾਠਕਾ ਸਾਧ ਸੰਗਤਿ ਸੇਵਾ ਹਿਤਕਾਰਾਂ ।
ਤੋਤਾ ਮਹਿਤਾ ਮਹਾਂ ਪੁਰਖ ਗੁਰਮੁਖ ਸੁਖਫਲ ਸ਼ਬਦ ਪਿਆਰਾਂ ।
ਜੜਿਆ ਸਾਈਂ ਦਾਸ ਹੈ ਸੱਭ ਕੁਲ ਹੀਰੇ ਲਾਲ ਅਪਾਰਾ ।
ਮਾਲਕ ਪੈੜਾ ਹੈ ਕਹੋਲੀ ਦਰਗਾਹ ਭੰਡਾਰੀ ਅਤਿ ਭਾਰਾ ।
ਮੀਆ ਜਮਾਲ ਨਿਹਾਲ ਹੈ ਭਗਤੂ ਭਗਤ ਕਮਾਵੈ ਕਾਰਾ ।
ਪੂਰਾ ਗੁਰ ਪੂਰਾ ਵਰਤਾਰਾ ।

—:o:—

ਆਨੰਤਾ ਕੁਕੋ ਭਲੇ ਸਭ ਵਧਾਵਣ ਹਨ ਸਿਰਦਾਰਾ ।
ਇੱਟਾ ਰੋਡਾ ਜਾਣੀਐ ਨਵਲ ਨਿਹਾਲੂ ਸ਼ਬਦ ਵੀਚਾਰਾ ।
ਤਖਤੂ ਧੀਰ ਗੰਭੀਰ ਹੈ ਦਰਗਾਹ ਤੁੱਲੀ ਜਪੇ ਨਿਰੰਕਾਰਾ ।
ਮਨਸਾ ਧਾਰ ਅਥਾਹ ਹੈ ਤੀਰਥ ਉਪਲ ਸੇਵਕ ਸਾਰਾ ।
ਕਿਸਨਾ ਝੱਡੀ ਆਖੀਐ ਪੰਮੂ ਪੁਰੀ ਗੁਰੂ ਕਾ ਪਿਆਰਾ ।
ਧਿੰਗਤ ਮੰਦੂ ਜਾਂਣੀਅਨਿ ਵਡੇ ਸੁਜਾਣ ਤਖਾਣ ਅਪਾਰਾ ।
ਬਨ ਬਾਲੀ ਤੇ ਪਰਸਰਾਮ ਬਾਲ ਵੇਦ ਹਉਂ ਤਿਨ ਬਲਿਹਾਰਾ ।
ਸਤਿਗੁਰ ਪੁਰਖ ਸਵਾਰਨ ਹਾਰਾ ।

—:o:—

ਲਸ਼ੋਕਰ ਭਾਈ ਤੀਰਥਾ ਗੁਆਲੀਏਰ ਸੁਇਨੀ ਹਰਿ ਦਾਸ ।
ਭਾਵਾ ਧੀਰ ਉਜੈਣ ਵਿੱਚ ਸਾਧ ਸੰਗਤਿ ਗੁਰ ਸ਼ਬਦ ਨਿਵਾਸ ।
ਮੇਲ ਵੱਡਾ ਬਰਹਾਨ ਪੁਰ ਸਨਮੁਖ ਸਿੱਖ ਸਹਜ ਪਰਗਾਸ ।
ਭਗਤ ਭਈਆ ਭਗਵਾਨ ਦਾਨ ਨਾਲ ਬੋਲਦਾ ਘਰੇ ਉਦਾਸ ।
ਮਲਕ ਕਟਾਰੂ ਜਾਣੀਏ ਡੱਲ ਰਿਹਾਣੈ ਸਾਬਾਸ਼ ।
ਸੁੰਦਰ ਸੁਆਮੀ ਦਾਸ ਦੁਇ ਵੰਸ ਵਧਾਵਨ ਕਵਲ ਵਿਗਾਸ ।
ਗੁਜਰਾਤੇ ਵਿੱਚ ਜਾਣੀਐ ਭੇਖਾਰੀ ਭਾਬੜਾ ਸੁਲਾਸ ।
ਗੁਰਮੁਖ ਭਾਉ ਭਗਤਿ ਰਹਿਰਾਸ ।

—:o:—

ਸੁਹੰਡੇ ਮਾਇਆ ਲੰਬਰੇ ਸਾਧ ਸੰਤ ਗਾਵੈ ਗੁਰਬਾਣੀ ।
ਚੂਹੜ ਚਉ ਡੜ ਲਖਨਊ ਗੁਰਮੁਖ ਅਨਦਿਨ ਵਖਾਣੀ ।
ਸਨਮੁਖ ਸਿਖ ਪਰਯਾਗ ਵਿਚ ਭਾਈ ਭਾਨਾ ਵਿਰਤੀ ਹਾਣੀ ।

Digitized by Panjab Digital Library | www.panjabdigilib.org

ਜੱਟੂ ਤਪਾ ਸਜਣੋ ਪੁਰ ਗੁਰਮਤਿ ਨਿਹਚਲ ਸੇਵ ਕਮਾਣੀ।
ਪਟਣੇ ਸੱਭਰਵਾਲ ਹੈਨ ਵਲ ਨਿਹਾਲਾ ਸੁਧ ਪਰਾਣੀ।
ਜੈਤਾ ਸੇਰਾ ਵਖਾਣੀਐ ਵਿਣ ਗੁਰ ਸੇਵਾ ਹੋਰ ਨ ਜਾਣੀ।
ਰਾਜ ਮਹਲ ਭਾਨੂ ਬਹਲ ਭਾਉ ਭਗਤਿ ਗੁਰਮਤਿ ਮਨ ਭਾਣੀ।
ਸਨਮੁਖ ਸੋਢੀ ਬਦਲੀ ਸੇਠ ਗੁਪਾਲੈ ਗੁਰਮਤਿ ਜਾਣੀ।
ਸੁੰਦਰ ਚੱਢਾ ਆਗਰੇ ਢਾਕੇ ਮੋਹਣ ਸੇਵ ਕਮਾਣੀ।
ਸਾਧ ਸੰਗਤਿ ਵਿਟਹੁ ਕੁਰਬਾਣੀ।

—:o:—

ਇਸੇ ਤਰ੍ਹਾਂ ਭਾਈ ਸਾਹਿਬ ਜੀ ਨੇ ਸੰਖੇਪ ਕਰਕੇ ਗੁਰੂ ਸਾਹਿਬਾਨ ਦੇ ਜੀਵਨ ਚਰਿਤ੍ਰ ਸਬੰਧੀ ਟੂਕਾਂ ਦਿਤੀਆਂ ਹਨ। ਜੈਸਾ ਕਿ :-

ਸੋ ਟਿੱਕਾ ਸੋ ਛਤਰ ਸਿਰ ਸੋਈ ਸੱਚਾ ਤਖਤ ਟਿਕਾਈ।
ਗੁਰ ਨਾਨਕ ਹੰਦੀ ਮੋਹਰ ਹੱਥ ਗੁਰ ਅੰਗਦ ਦੀ ਦੋਹੀ ਫਰਾਈ।
ਦਿਤਾ ਛਡ ਕਰਤਾਰ ਪੁਰ ਬੈਠ ਖਡੂਰੇ ਜੋਤਿ ਜਗਾਈ।
ਜੰਮੇ ਪੂਰਬ ਬੀੱਜਿਆ ਵਿਚ ਵਿਚ ਹੋਰ ਕੂੜੀ ਚੜਰਾਈ।
ਲਹਿਣੇ ਪਾਈ ਨਾਨਕੋਂ ਦੇਣੀ ਅਮਰ ਦਾਸ ਘਰ ਆਈ।
ਗੁਰ ਬੈਠਾ ਅਮਰ ਸਰੂਪ ਹੋ ਗੁਰਮੁਖ ਪਾਈ ਦਾਤ ਇਲਾਹੀ।
ਫੇਰ ਵਸਾਇਆ ਗੋਂਦਵਾਲ ਅਚਰਜ ਖੇਲ ਨ ਲਿਖਿਆ ਜਾਈ।
ਦਾਤਿ ਜੋਤਿ ਖਸਮੈ ਵਡਿਆਈ।

—:o:—

ਦਿਚੇ ਪੂਰਬ ਦੇਵਣਾ ਜਿਸਦੀ ਵਸਤ ਤਿਸੈ ਘਰ ਆਵੈ।
ਬੈਠਾ ਸੋਢੀ ਪਾਤਸ਼ਾਹ ਰਾਮਦਾਸ ਸਤਿਗੁਰ ਕਹਾਵੈ।
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ।
ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ ਸਮਾਵੈ।
ਦਿਤਾ ਲਈਏ ਆਪਣਾ ਅਣ ਦਿਤਾ ਕੱਛ ਹਥ ਨ ਆਵੈ।
ਫਿਰ ਆਈ ਗੁਰ ਅਰਜਨੈ ਪੁਤ ਸੰਸਾਰ ਗੁਰੂ ਕਹਾਵੈ।
ਜਾਨ ਨਾ ਦੇੱਸਾ ਸੋਢੀਓ ਹੋਰਸ ਅਜਰ ਨ ਜਰਿਆ ਜਾਵੈ।
ਘਰ ਹੀ ਕੀ ਵਥ ਘਰੇ ਰਹਾਵੈ।

—:o:—

ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰ ਭਾਰੀ।

Digitized by Panjab Digital Library | www.panjabdigilib.org

ਅਰਜਨ ਕਾਇਆ ਪਲਟਕੈ ਮੂਰਤ ਹਰਿ ਗੋਬਿੰਦ ਸਵਾਰੀ।
ਚੱਲੀ ਪੀੜ੍ਹੀ ਸੋਢੀਆ ਰੂਪ ਦਿਖਾਵਣ ਵਾਰੋ ਵਾਰੀ।
ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
ਪੁਛਨ ਸਿਖ ਅਰਦਾਸ ਕਰ ਛੇ ਮਹਿਲਾਂ ਤਕ ਦਰਸ ਨਿਆਰੀ।
ਅਗਮ ਅਗੋੱਚਰ ਸਤਿਗੁਰ ਬੋੱਲੇ ਮੁਖੇਤ ਸੁਣਹੁ ਸੰਸਾਰੀ।
ਕਲਿਜੁਗ ਪੀੜ੍ਹੀ ਸੋੱਢੀਆਂ ਨਿਹਚਲ ਨੀਵ ਉਸਾਰ ਖਲ੍ਹਾਰੀ।
ਜੁਗ ਜੁਗ ਸਤਿਗੁਰ ਧਰੇ ਅਵਤਾਰੀ।

—:0:—

# ਗੁਰ ਦਰਸ ਪ੍ਰਾਪਤ ਵਾਲੇ ਗੁਰਸਿੱਖ

ਪਿਆਰੇ ਗੁਰੂ ਖਾਂਲਸਾ ਜੀ ਦਾਸ ਨੂੰ ਤਾਂ ਆਪ ਦੇ ਬੀਤੇ ਹੋਏ ਜਨਮ ਦੀਆਂ ਗਲਾ ਭੀ ਯਾਦ ਨਹੀਂ, ਜੋ ਕਈ ਸਦੀਆਂ ਤੋਂ ਪਹਿਲੇ ਗੁਰਸਿਖ ਹੋ ਚੁਕੇ ਹਨ ਉਨ੍ਹਾਂ ਦੇ ਜੀਵਨ ਜਾਂ ਨਾਮ ਮੈਂ ਲਿਖਣ ਦੀ ਸਮਰਥਾ ਕੀ ਰਖਦਾ ਹਾਂ। ਜੈਕੇ ਗੁਰਵਾਕ—

"ਪਿਤਾ ਕਾ ਜਨਮ ਕੈ ਜਾਨੈ ਪੂਤ" ਏਹ ਜੋ ਬਡਭਾਗੇ ਗੁਰਸਿਖਾਂ ਦੇ ਨਾਮ ਹੇਠ ਲਿਖੇ ਹੈ ਗੁਰ ਇਤਿਹਾਸ ਚੋ ਪੜਚੋਲ ਕਰਕੇ ਲਿਖਦਾ ਹਾਂ

ਪਿਆਰੇ ਪਾਠਕ ਜੀਉ—

ਗ੍ਰੰਥ ਸੂਰਜ ਪ੍ਰਕਾਸ਼, ਜਨਮ ਸਾਖੀਆਂ, ਪੰਥ ਪ੍ਰਕਾਸ਼, ਗੁਰ ਬਿਲਾਸ ਤਵਾਰੀਖਾਂ ਆਦਿਕ ਕਈ ਗ੍ਰੰਥ ਹਨ ਜਿਨਾਂ ਵਿਖੇ ਥੋੜੇ ਥੋੜੇ ਗੁਰਸਿਖਾ ਦੇ ਕੁਝ ਨਾਮ ਮਿਲੇ ਹਨ। ਅਤੇ ਕਈ ਤਵਾਰੀਖਾਂ ਭੀ ਬਣੀਆਂ ਤੇ ਬਣ ਰਹੀਆਂ ਹਨ, ਫੇਰ ਭੀ ਸਾਰੇ ਪ੍ਰਾਤਨ ਉਚ ਜੀਵਨ ਵਾਲੇ ਗੁਰ ਸਿੱਖਾਂ ਦੇ ਜੀਵਨ, ਤਾ ਕੀ ਨਾਮ ਭੀ ਨਹੀਂ ਮਿਲਦੇ ਅਤੇ ਨਾ ਹੀ ਗੁਰੂ ਪੰਥ ਅਰ ਨਾ ਹੀ ਕਿਸੇ ਗੁਰਸਿਖ ਰਾਜੇ ਨੇ ਉਦਮ ਕੀਤਾ ਹੈ ਹਾਂ ਦਾਸ ਇਕ ਕੈਂਥਲ ਵਾਲੇ ਭਾਈ ਸਾਹਿਬ ਉਦੇ ਸਿੰਘ ਜੀ (ਰਾਜਾ) ਦਾ ਪਨਿਹਾਰ ਹੋਕੇ ਸੀਸ ਨਿਵਾਕੇ, ਰਸਨਾ ਨਾਲ ਚਰਨ ਚਟਦਾ ਹੋਇਆ ਅਤ ਹੀ ਧੰਨਵਾਦ ਕਰਦਾ ਹਾਂ। ਜਿਸ ਨੇ ਗੁਰੂ ਪੰਥ ਦੇ ਸ਼੍ਰੋਮਣੀ ਵਿਦਵਾਨ ਸ੍ਰੀ ਕਵਿ ਚੂੜਮਣ ਭਾ: ਸਾ: ਭਾ: ਸੰਤੋਖ ਸਿੰਘ ਜੀ ਦੀ ਸਹੀ ਕਦਰ ਕਰਦੇ ਹੋਇਆ ਗੁਰ ਇਤਿਹਾਸ (ਸੂਰਜ ਪ੍ਰਤਾਪ) ਲਿਖਵਾਕੇ ਗੁਰੂ ਪੰਥ ਦੀ ਅਮੁਲ ਸੇਵਾ ਕਰਕੇ ਗੁਰ ਪੰਥ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ। ਕਿਉਂਕਿ ਸੂਰਜ ਪ੍ਰਤਾਪ ਤੋਂ ਬਿਨਾ ਪਹਿਲੇ ਸਿਖਾਂ ਕੋਲ ਕੋਈ ਸਿਖ ਇਤਿਹਾਸ ਹੀ ਨਹੀਂ ਸੀ। ਸੋ ਦਾਸ ਨੇ ਉਪਰ ਲਿਖੇ ਗ੍ਰੰਥਾਂ ਵਿਚੋਂ ਦਸੋ ਪਾਤਿਸ਼ਾਹੀਆਂ ਅਨੁਸਾਰ ਸਿੱਖ ਦੇ ਨਾਮ ਜਿਨੇ ੨ ਮਿਲੇ ਭਾਲ ਕੇ ਲਿਖੇ ਹਨ ਪਹਿਲੇ ਪੜੋ ਸਤਿਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਸਮੇਂ ਦੇ ਮੁਖੀ ਸਿਖ।

Digitized by Panjab Digital Library | www.panjabdigilib.org

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਮੁਖੀ ਸਿੱਖ

੧. ਉਬਾਰੇ ਖਾਂ
੨. ਉਮੇਦਾ ਰਾਇ ਬੁਲਾਰ ਦਾ ਸ਼ਰਧਾਲੂ
ਉਚਾਣੀ
ਅਜਿਤਾ ਰਾਧਵਾ ਸਿੱਖ ਹੋਇਆ
ਅਲਮਸਤ ਸੁਨਾਮ ਨਾਨਕ ਮਤੇ ਵਾਲਾ ਨਾਨਕ ਮਤੇ ਦਾ ਮਹੰਤ ਥਾਪਿਆ ਸ੍ਰੀ ਚੰਦ ਨੂੰ ਖਡਾਉਂਦਾ ਰਿਹਾ।
ਸਿਪਾਮਾ ਪੰਡਤ ਪਖੋਕਿਆਂ ਦਾ ਜਿਸ ਪ੍ਰਥਾਏ ਇਹ ਸ਼ਬਦ ਉਚਾਰਿਆ, ਸੁਣ ਪੰਡਤਾ ਤੁਮ ਦੇਹੋ ਪਤੀ।
ਸਾਲਸ ਰਾਏ ਜੌਹਰੀ ਤੇ ਅਰਧਮਦਾਸ ਸਾਖੀ
ਸ਼ਾਹ ਸੁਹਾਗਣ ਤੇ ਪਿੰਗਲੇ ਨੂੰ ਅੰਗ ਦਿਤੀ
ਸ਼ੇਖ ਬ੍ਰਹਿਮ ਪਾਕਪਟਣ ਸੁਲਖਣੀ ਮਾਤਾ
ਸ਼ਿਵ ਨਾਭ
ਸਜਣ ਠੱਗ ਤਲੰਬੇ
ਸ਼ਮਸ਼ ਤਬਰੇਜ਼ ਪੀਰ
ਸ੍ਰੀ ਚੰਦ ਤੇ ਲਖਮੀ ਦਾਸ
ਸੈਦੋ ਘੇਈ

## ਸ਼ੇਖ ਤਾਹਿਰ ਤੇ ਸ਼ਾਹ ਸ਼ਰਫ

ਸ੍ਰੀ ਗੁਰੂ ਨਾਨਕ ਦੇਵ ਜੀ ਪਹੋਏ ਤੀਰਥ ਤੋਂ ਹੁੰਦੇ ਹੋਏ ਕਰਨਾਲ ਦੇ ਰਸਤੇ ਪਾਨੀਪਤ ਪਹੁੰਚੇ। ਉਥੋਂ ਦੇ ਰਹਿਣ ਵਾਲੇ ਸ਼ੇਖ ਤਾਹਿਰ ਅਰ ਸ਼ਾਹ ਸ਼ਰਫ ਆਪਣੀ ਕਰਾਮਾਤ ਕਰਕੇ ਬੜੇ ਪ੍ਰਸਿਧ ਸਨ ਤੇ ਦੁਨੀਆਂ ਦੇ ਲੋਕਾਂ ਨੂੰ ਝੂਠੀਆਂ ਕਰਾਮਾਤਾਂ ਦਖਾਕੇ ਆਪਣੇ ਆਪ ਨੂੰ ਕਾਫੀ ਵਡਾ ਜ਼ਾਹਿਰ ਕਰਦੇ ਸਨ ਤੇ ਆਪਣੀ ਮੰਨਤਾ ਕਰਾ ਰਹੇ ਸਨ। ਜਦ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਤਾ ਲਗਾ ਤਾਂ ਆਪ ਉਥੇ ਪੁਜੇ, ਉਨ੍ਹਾਂ ਨਾਲ ਗਿਆਨ ਚਰਚਾ ਹੋਈ। ਸਤਿਗੁਰ ਜੀ ਦੇ ਤੇਜ ਪ੍ਰਤਾਪ ਅਤੇ ਸਚੇ ਉਪਦੇਸ਼ ਅਗੇ ਉਨ੍ਹਾਂ ਦੀ ਕੁਝ ਪੇਸ਼ ਨ ਗਈ ਤੇ ਨਿਰਉਤਰ ਹੋ ਕੇ ਸਤਿਗੁਰਾਂ ਦੇ ਚਰਨੀਂ ਢਹਿ ਪਏ। ਅਤੇ ਦੋਵੇਂ ਫਕੀਰ ਸਤਿਗੁਰਾਂ ਦੇ ਸਿਖ ਬਣੇ।

ਸੁਧਾਰਣ
ਸਾਧ ਖ਼ਰੇ ਸੌਦੇ ਵਾਲੇ
ਹਰਦਾਸ ਵੈਦ
ਹਰਦਿਆਲ ਪ੍ਰੋਹਤ ਨੂੰ ਗਿਆਨ ਦਾ ਜਨੇਊ
ਕਾਲੂ ਜੀ ਬਾਬਾ
ਕੌਡਾ ਰਾਖਸ਼

Digitized by Panjab Digital Library | www.panjabdigilib.org

ਕਲਿਆਣ ਰਿਸ਼ੀ
ਕਾਕ ਪ੍ਰਸ਼ੰਡ

# ਭਗਤ ਕਬੀਰ ਜੀ ਦਾ ਜੀਵਨ

ਭਗਤ ਕਬੀਰ ਜੀ ਦਾ ਜਨਮ ੧੪੫੫ ਬਿ: ਵਿਚ ਕਾਸੀ ਤੋਂ ੭੦ ਕੋਹ ਦੇ ਫਾਸਲੇ ਤੇ ਮਗਹਰ ਦੀ ਧਰਤੀ ਵਿਚ ਪਿੰਡ ਪ੍ਰਸਾ, ਗੋਮਤੀ ਦੇ ਕੰਢੇ ਰਘ ਨਾਥ ਪੁਰੇ ਕੋਲ ਹੋਇਆ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ੧੪੯੭ ਈ: ਵਿਚ ਗੋਮਤੀ ਦੇ ਕੰਢੇ ਰਘੁਨਾਥ ਪੁਰੇ ਕੋਲ ਪ੍ਰਸਾ ਪਿੰਡ ਵਿਖੇ ਦੀਖਿਆ ਲੈਕੇ ਗੁਰਮਤ ਧਾਰਨ ਕੀਤੀ ਉਸ ਸਮੇ ਉਨਾਂ ਦੀ ਆਯੂ ੯੯ ਵਰਸ ਦੀ ਸੀ । ਸ੍ਰੀ ਗੁਰੂ ਜੀ ਦੀ ਆਗਿਆ ਨਾਲ ਮਗਹਰ ਨੂੰ ਛਡ ਕੇ ਗੁਰਮਤ ਪ੍ਰਚਾਰਨ ਲਈ ਧਾਰਮਿਕ ਕੇਂਦ੍ਰ ਬਨਾਰਸ ਵਿਚ ਬਸੇ ਅਤੇ ੧੪੯੭ ਈ: ਤੋਂ ਲਾਕੇ ੧੫੧੮ ਈ: ਤੋਂ ਅਰਥਾਤ ੧੫੭੫ ਬਿਃ ਤਕ ਗੁਰਮਤ ਦਾ ਪ੍ਰਚਾਰ* ਕਰਦਿਆਂ ਹੋਇਆਂ ਨੇ ਆਮ ਜੰਨਤਾਂ ਤੋਂ ਇਲਾਵਾ ਹੇਠ ਲਿਖੇ ਮੁਖੀਆਂ ਨੂੰ ਗੁਰਮਤ ਦੇ ਧਾਰਨੀ ਬਣਾਕੇ ਗੁਰੂ ਨਾਨਕ ਦੇਵ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ।

ਉਨਾਂ ਮਹਾਂ ਪੁਰਖਾਂ ਦੇ ਨਾਉਂ—

ਰਾਮਾ ਨੰਦ ਸਮੇਤ ੧੨ ਚੇਲਿਆ ਦੇ, ਅਨੰਤਾ ਨੰਦ, ਸੁਖਾ ਨੰਦ, ਸੁਰਸਰਾ ਨੰਦ, ਨਰ ਹਰੀਆ ਨੰਦ, ਭਾਵਾ ਨੰਦ, ਖੀਚੀ ਰਾਜਾ (ਪੀਪਾ) ਜੋ ਗਗਰੌਣ ਦਾ ਮਾਲਿਕ ਸੀ, ਸੈਣ ਜੋ ਬਾਧਵਾ ਗੜ ਦੇ ਰਾਜ ਦਾ ਨਾਈ ਸੀ, ਸਿਮਰ ਦਾਸ, ਜੋ ਕਾਲੂ ਨਾਥ ਦਾ ਗੁਰੂ ਹੋਇਆ, ਧੰਨਾ ਜਟ-ਧਾਲੀਵਾਲ (ਮਾਰਵਾੜ) ਵਿਚੋਂ, ਰਵਿਦਾਸ (ਛਤੀਸ ਗੜ ਦਾ), ਪਦਮਾ ਵਤੀ, ਸੁਰਸਰੀ ਇਹ ਦੋ ਮਾਈਆਂ ਬਨਾਰਸ ਦੀਆਂ ਹੋਈਆਂ ਸਨ, ਧਰਮ ਦਾਸ ਜੋ ਕਬੀਰ ਸਾਹਿਬ ਜੀ ਦਾ ਚੇਲਾ, ਪ੍ਰਮਾ ਨੰਦ ਜੋ ਇਹ ਗੁਰੂ ਘਰ ਵਿਚ ਪ੍ਰਵੇਸ਼ ਹੋਏ,

ਇਨ੍ਹਾਂ ਵਿਚੋਂ ਕਈਆਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹੀ ਹੋਈ ਹੈ ।
ਕਾਰੂ ਹਮੀਦ
ਕੁਸ਼ਟੀ ਫਕੀਰ ਦਿਆਲ ਪੁਰਾ
ਕਰੋੜੀਆਂ
ਕਾਂਸ਼ੀ ਵਿੱਚ ਸਾਰੇ ਭਗਤ
ਗੋਬਿੰਦ ਲੋਕ ਮਿਲੇ, ਗੌਸ ਪੀਰ ਸੱਰਸਾ ਗੋਪੀ ਚੰਦ, ਭਰਥਰੀ ਮਹਾਂ
ਚੁਰਾਸੀ ਸਿੱਧ, ਗੋਰਖ ਭਰਥਰੀ ਮੰਗਨ ਆਦਿ

**ਚੰਦਨ ਦਾਸ ਜਾੜਾ**—ਸ੍ਰੀ ਗੁਰੂ ਨਾਨਕ ਦੇਵ ਜੀ ਕਲਯੁਗੀ ਜੀਵਾਂ ਦਾ ਉਧਾਰ ਕਰਦੇ ਹੋਏ ਮਾਲਵੇ ਦੀ ਧਰਤੀ ਨੂੰ ਭਾਗ ਲਾਉਂਦੇ ਛੀਂਟਾ ਵਾਲਾ (ਮਨਸੂਰ ਅਜ ਕਲ ਰਿਆਸਤ ਨਾਭਾ) ਵਿਚ

*ਅਖੀਰ ਮਗਹਰ ਵਿਚ ਜਾਕੇ ਜਪਾ ਜਾਪ ਕਰਦੇ ਹੋਏ ੧੫੮੦ ਵਿਚ ਪੂਰਨ ਗੁਰੂ ਦੀ ਕ੍ਰਿਪਾ ਨਾਲ ਸਚਖੰਡ ਪਧਾਰ ਗਏ ਦੇਖੋ ਭਗਤ ਕਬੀਰ ਸਾਹਿਬ ਜੀ ਦਾ ਜੀਵਨ ਰਚਤ ਪੰਡਤ ਕਰਤਾਰ ਸਿੰਘ ਜੀ ਦਾਖਾ

Digitized by Panjab Digital Library | www.panjabdigilib.org

ਪੁਜੇ। ਆਪ ਜੀ ਦਾ ਸੂਰਜ ਤੋਂ ਵਧ ਤੇਜਮਈ ਚਿਹਰੇ ਦੀ ਦਮਕ, ਪ੍ਰੇਮ ਮਈ ਰਸ ਭਿੰਨੇ ਨੇਤਰਾਂ ਦੀ ਚਮਕ ਅਤੇ ਪ੍ਰਭਾਵਸ਼ਾਲੀ ਸਚਾਂ ਸੁਚਾ ਉਪਦੇਸ਼ ਸੁਣਕੇ ਚੰਦਨ ਦਾਸ ਜਾੜੇ ਗੋਤ ਦਾ ਖਤਰੀ ਸਿਖ ਬਣਿਆ, ਅਤੇ ਬੜੇ ਪ੍ਰੇਮ ਨਾਲ ਸੇਵਾ ਕਰਨ ਲਗਾ, ਸਤਿਗੁਰੂ ਉਸਦਾ ਪ੍ਰੇਮ ਅਤੇ ਬੇਨਤੀ ਪ੍ਰਵਾਨ ਕਰਕੇ ਉਸਦੇ ਚੁਬਾਰੇ ਵਿਚ ਜਾ ਠਹਿਰੇ। ਇਥੇ ਹੀ ਬੀਬੀ ਨਾਨਕੀ ਦੀ ਪ੍ਰੇਮ ਤਾਰ ਪੁਜਣ ਤੇ ਸਤਿਗੁਰੂ ਕੋਟਲਾ ਜਗਰਾਉਂ ਤੇ ਤਿਹਾੜਾ ਵਿਚ ਦੀ ਹੁੰਦੇ ਹੋਏ ਸੁਲਤਾਨਪੁਰ ਪੁਜੇ।

ਜਟੂ ਮਲ ਕਿਆਰਾ ਸਾਹਿਬ ਵਾਲਾ
ਜਿੰਦਾ ਪੀਰ ਸਾਧ ਵੇਲੇ ਵਾਲੇ
ਜਲਾਲ ਪੀਰ ਬਹਾਵਲ ਪੁਰ
ਜਾਹਰ ਬਲੀ ਸ਼ੇਖ, ਤੇ ਸ਼ਰਫ ਦੀਨ ਤੇ ਮਾਨ ਚੰਦ ਕੰਧਾਰ
ਜੈਰਾਮ

**ਭਾਈ ਝੰਡਾ ਜੀ**—ਆਪ ਜੀ ਪਿੰਡ ਸਿਆਣੇ ਜ਼ਿਲਾ ਕਰਨਾਲ ਦੇ ਤ੍ਰਿਖਾਣ ਸਿਖ ਸਨ। ਜਗਤ ਗੁਰੂ ਨਾਨਕ ਦੇਵ ਜੀ ਦੁਨੀਆਂ ਦੇ ਲੋਕਾਂ ਦਾ ਉਧਾਰ ਕਰਦੇ ਹੋਏ ਸਿਆਣੇ ਨਗਰ ਪੁਜੇ। ਸੰਗਤਾਂ ਗੁਰੂ ਜੀ ਦੇ ਦਰਸ਼ਨ ਨੂੰ ਆਈਆਂ। ਭਾਈ ਝੰਡਾ ਭੀ ਸਤਿਗੁਰਾਂ ਦੀ ਸੇਵਾ ਵਿਚ ਦਰਸ਼ਨ ਕਰਨ ਲਈ ਆਇਆ, ਤੇ ਸਤਿਗੁਰਾਂ ਦੇ ਚਰਨ ਪ੍ਰਸ ਕੇ ਸਿਖੀ ਧਾਰਨ ਕੀਤੀ। ਤੇ ਸਤਿਗੁਰਾਂ ਦੇ ਨਾਲ ਹੀ ਸੰਸਾਰ ਯਾਤ੍ਰਾ ਵਿਚ ਤੁਰ ਪਿਆ ਤੇ ਬਹੁਤ ਸਮਾਂ ਸਤਿਗੁਰੂ ਜੀ ਦੇ ਨਾਲ ਰਿਹਾ। ਸਤਿਗੁਰੂ ਜੀ ਤੋਂ ਆਤਮ ਗਿਆਨ ਪ੍ਰਾਪਤ ਕਰਕੇ ਕਲਿਆਣ ਪਾਈ।

ਇਹ ਸਿਖ ਬੜਾ ਉਪਕਾਰੀ ਹੋਇਆ, ਇਸ ਦੀ ਔਲਾਦ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ। ਗੁਰੂ ਜੀ ਦਾ ਬਖਸ਼ਿਆ ਹੋਇਆ ਖੰਡਾ ਹੁਣ ਉਨ੍ਹਾਂ ਦੀ ਔਲਾਦ ਪਾਸ ਹੈ।

ਤੁਲਸਾ ਦਾਸੀ
ਤ੍ਰਿਆ ਦੇਸ਼ ਨੂਤ ਸ਼ਾਹ ਤਾਰੀ ਤ੍ਰਿਪਤਾ ਮਾਤਾ ਜੀ
ਦੀਨ ਖਾਨ ਮੁਲਾਂ, ਜਿਸਨੂੰ ਤਲੰਗ ਦੇ ਸ਼ਬਦਾਂ ਰਾਹੀਂ ਉਪਦੇਸ਼ ਦਿਤਾ
ਦੌਲਤ ਖਾਂ ਸੁਲਤਾਨ ਪੁਰਾ ਵਾਲਾ
ਦੇਵ ਲੂਤ
ਦੁਨੀ ਚੰਦ ਤੇ ਭਾਗੂ ਲਾਹੌਰ ਦੇ
ਦਸਤਗੀਰ ਪੀਰ ਬਗਦਾਦ

**ਧਰਮ ਕੋਟ ਦੇ ਸ਼ਰਧਾਲੂ ਸਿਖ**—ਰਵਾਇਤ ਹੈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਤੋਂ ਦੂਜੀ ਉਦਾਸੀ ਦਾ ਕਮਰ ਕਸਾ ਕਸਕੇ ਦਰਿਆ ਸਤਲੁਜ ਲੰਘ ਕੇ ਧਰਮ ਕੋਟ (ਪਹਿਲਾ ਨਾਂ ਕੁਤਬ ਸਰ) ਪਹੁੰਚੇ ਤੇ ਇਕ ਬਾਉਲੀ ਸਾਹਿਬ ਉਪਰ ਆ ਸੰਗਤਾਂ ਨੂੰ ਦਰਸ਼ਨ ਦਿਤੇ। ਇਥੇ ਦੋ ਪ੍ਰੇਮੀ ਸਿਖ ਸਤਿਗੁਰਾਂ ਦੀ ਸੇਵਾ ਕਰਨ ਲਗੇ। ਉਨ੍ਹਾਂ ਦਿਨਾਂ ਵਿਚ ਹਰਦੁਆਰ ਦਾ ਮੇਲਾ ਆ ਗਿਆ। ਉਹ ਦੋਵੇਂ ਸਿਖ ਹਰ ਸਾਲ ਦੀ ਤਰ੍ਹਾਂ ਇਸ ਵਾਰ ਭੀ ਹਰਦੁਆਰ ਨੂੰ ਤਿਆਰ ਹੋਏ ਪਰ ਇਕ ਪ੍ਰੇਮੀ ਤਾਂ ਦੀਰਘ ਵਿਚਾਰ ਤੋਂ ਉਪਰੰਤ ਜਾਣੋ ਹਟ ਗਿਆ ਤੇ ਦੂਸਰੇ ਨੇ ਸਤਿਗੁਰਾਂ ਤੋਂ ਆਗਿਆ ਨਾ ਲਈ ਤੇ ਹਰਦੁਆਰ

Digitized by Panjab Digital Library | www.panjabdigilib.org

ਨੂੰ ਚਲਿਆ ਗਿਆ। ਸਤਿਗੁਰਾਂ ਦੂਜੇ ਸਿਖ ਨੂੰ ਅਗਲੇ ਸਵੇਰ ਪੁਛਿਆ ਕਿ ਗੁਰਮੁਖਾ ਸੁਣਾ ਖੁਸ਼ ਹੈਂ, ਤਾਂ ਉਸ ਸਿਖ ਨੇ ਕਿਹਾ ਕਿ ਮਹਾਰਾਜ ਆਪ ਦੀ ਮਿਹਰ ਹੈ। ਜਦ ਸਾਰਾ ਸਮਾਚਾਰ ਸਿਖ ਨੇ ਦਸਿਆ ਕਿ ਮਹਾਰਾਜ ਉਸਨੇ ਆਪਦੀ ਆਗਿਆ ਇਸ ਲਈ ਨਹੀਂ ਲਈ ਕਿ ਸ਼ਾਇਦ ਹਜ਼ੂਰ ਦਾ ਕੀ ਹੁਕਮ ਹੋਵੇ, ਜਿਸ ਦੇ ਮੰਨਣ ਵਿਚ ਯਾ ਨਾ ਮੰਨਣ ਵਿਚ ਕੁਝ ਅਵਸ਼ਕਤਾ ਪਾਈ ਜਾਂਦੀ ਸੋ ਉਹ ਬਿਨਾਂ ਆਗਿਆ ਚਲਿਆ ਗਿਆ ਹੈ। ਤਦ ਸਤਿਗੁਰਾਂ ਉਸ ਸਿੰਘ ਨੂੰ ਬਾਉਲੀ ਸਾਹਿਬ ਵਿਚ ਇਸ਼ਨਾਨ ਕਰਨ ਲਈ ਕਿਹਾ। ਜਦ ਸਿਖ ਇਸ਼ਨਾਨ ਕਰਨ ਲਗਾ ਤਾਂ ਉਸ ਨੂੰ ਹਰਦੁਆਰ ਗਏ ਸਿਖ ਦੇ ਦਰਸ਼ਨ ਹੋਏ। ਤਾਂ ਉਸ ਨੇ ਗੁਰੂ ਸਾਹਿਬ ਜੀ ਨੂੰ ਦਸਿਆ ਤਾਂ ਹੋਰਨਾਂ ਸਿਖਾਂ ਨੂੰ ਵੀ ਇਹ ਕੌਤਕ ਦਖਾਇਆ। ਸਿਖਾਂ ਸਤਿਗੁਰੂ ਅਗੇ ਇਸ ਕੌਤਕ ਦੀ ਪੁਛ ਕੀਤੀ ਤਾਂ ਸਤਿਗੁਰਾਂ ਨੇ ਕਿਹਾ ਕਿ ਕਰਤਾਰ ਦੀ ਰਜ਼ਾ। ਅਫਸੋਸ ਕਿ ਉਨ੍ਹਾਂ ਪ੍ਰੇਮੀ ਸਿਖਾਂ ਦੇ ਨਾਵਾਂ ਦਾ ਖੋਜ ਕਰਨ ਤੇ ਵੀ ਪਤਾ ਨਹੀਂ ਲਗਾ।

ਨਜ਼ਾਮ ਦੀਨ ਪੀਰ ਤੇ ਸਕੰਦਰ ਲੋਧੀ ਬਾਦਸ਼ਾਹ ਨੂੰ ਸਿਖੀ ਦਿਲੀ ਵਿਚ

**ਨਾਨੂ ਪੰਡਤ**—ਇਹ ਕੁਰਛੇਤਰ ਦੇ ਰਹਿਣ ਵਾਲਾ ਸੀ। ਇਹ ਆਪਣੀ ਵਿਦਵਤਾ ਕਰਕੇ ਦਿਗਵਿਜਈ ਪੰਡਤ ਕਰਕੇ ਪ੍ਰਸਿਧ ਸੀ ਤੇ ਕਾਫੀ ਪ੍ਰਸਿਧਤਾ ਪ੍ਰਾਪਤ ਕਰ ਚੁਕਾ ਸੀ। ਸਤਿਗੁਰੂ ਨਾਨਕ ਅਰਸ਼ੀ ਪ੍ਰੀਤਮ ਜਗਤ ਦੇ ਜੀਵਾਂ ਦਾ ਉਧਾਰ ਕਰਦੇ ਹੋਏ ਏਥੇ ਪੁਜੇ। ਪੰਡਤ ਆਪਣੀ ਵਿਦਿਆ ਦੇ ਹੰਕਾਰ ਵਿਚ ਸਤਿਗੁਰੂ ਜੀ ਨਾਲ ਗਿਆਨ ਚਰਚਾ ਕਰਨ ਲਈ ਆਇਆ। ਸਤਿਗੁਰੂ ਜੀ ਦੇ ਸਤਿ ਧਰਮ ਦੇ ਉਪਦੇਸ਼ ਅਗੇ ਉਸਦਾ ਮਾਣ ਟੁਟ ਗਿਆ ਅਤੇ ਸਤਿਗੁਰੂ ਜੀ ਦੀ ਸਿਖੀ ਧਾਰਨ ਕਰਕੇ ਸਤਿਗੁਰੂ ਨਾਨਕ ਦੇਵ ਜੀ ਦਾ ਸਿਖ ਬਣਿਆ ਤੇ ਸਤਿਗੁਰੂ ਜੀ ਦੀ ਆਗਿਆ ਪਾਕੇ ਸਿਖੀ ਦਾ ਪ੍ਰਚਾਰ ਕਰਨ ਲਗਾ।

ਪਾਧਾ ਗੁਪਾਲ ਤੇ ਬੀਰ ਜਿਨਾਂ ਦੇ ਪ੍ਰਥਾਏ ਆਸਾ ਰਾਗ ਦੀ ਪੱਟੀ

ਪੈੜਾ

**ਭਾਈ ਬਾਲੇ ਵਾਲੀ ਜਨਮ ਸਾਖੀ ਵਿਚੋਂ**—ਅਗੇ ਅਖਰ ਸ਼ਾਸਤ੍ਰੀ ਸਾਰੇ ਸੰਸਾਰ ਵਿਖੇ ਪ੍ਰਸਿਧ ਸਨ। ਗੁਰਮੁਖੀ ਅਖਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਣਾਏ ਅਤੇ ਸ੍ਰੀ ਗੁਰੂ ਅੰਗਦ ਜੀ ਜਗਤ ਵਿਚ ਵਰਤਾਏ। ਐਸੇ ਪਰਉਪਕਾਰੀ ਗੁਰੂ ਜੀ ਨੇ ਜਗਤ ਦੇ ਉਧਾਰ ਕਰਨ ਦੇ ਵਾਸਤੇ ਗੁਰਮੁਖੀ ਅਖਰ ਬਣਾਏ ਕਿਉਂਜੋ ਸੰਸਕ੍ਰਿਤ ਬੜੀ ਔਖੀ ਸੀ ਅਤੇ ਗੁਰਮੁਖੀ ਸੁਖੇਨ ਹੀ ਸਮਝੀ ਜਾਂਦੀ ਹੈ। ਕਲਜੁਗੀ ਜੀਵਾਂ ਦੀ ਬੁਧ ਮੋਟੀ ਜਾਣਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਮੁਖੀ ਅਖਰ ਰਚ ਦਿਤੇ ਹਨ। ਸਿਧਾ ਗਾਡੀ ਗੁਰਮੁਖ ਰਸਤਾ ਬਣਾ ਦਿਤਾ ਹੈ ਜੋ ਸਿਖ ਸਰਧਾਵੰਤ ਜਿਸਦੇ ਚਿਤ ਵਿਚ ਮੋਖ ਹੋਣ ਦੀ ਚਾਹ ਹੋਵੇ ਸੋ ਸ੍ਰੀ ਗੁਰੂ ਜੀ ਕੇ ਸੁਖਨ ਰਸਤੇ ਪਰ ਚਲੇਗਾ ਸੋ ਸ੍ਰੀ ਪਰਮੇਸਰ ਜੀ ਕੇ ਪਰਮ ਧਾਮ ਕੋ ਪ੍ਰਾਪਤ ਹੋਵੇਗਾ।

ਪ੍ਰਮਾ ਨੰਦ ਜੈ ਰਾਮ ਦਾ ਪਿਤਾ ਨਿਹਾਲ ਕੀਤਾ

ਫਰੰਦੇ ਨੇ ਰਬਾਬ ਦਿੱਤਾ

**ਫੇਰੂ ਬਾਬਾ**—ਬਾਬਾ ਫੇਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਿਤਾ ਸਨ ਤੇ ਇਹ ਪਿੰਡ ਮਤੇ

Digitized by Panjab Digital Library | www.panjabdigilib.org

ਦੀ ਸਰਾਇ (ਨਾਂਗੇ ਦੀ ਸਰਾਇ) ਤਹਿਸੀਲ ਮੁਕਤਸਰ, ਜ਼ਿਲਾ ਫੀਰੋਜ਼ਪੁਰ ਦੇ ਵਸਨੀਕ ਸਨ। ਇਹ ਕੁੱਝ ਸਮਾਂ ਫੀਰੋਜ਼ ਪੁਰ ਦੇ ਹਾਕਮ ਦੇ ਖਜ਼ਾਨਚੀ ਰਹੇ। ਬਾਬਾ ਫੇਰੂ ਜੀ ਦਾ ਦੇਹਾਂਤ ਸੰਮਤ ੧੫੮੩ ਵਿੱਚ ਹੋਇਆ।

ਬਾਲਾ ਭਾਈ ਜੀ
ਬਾਬਰ ਬਾਦਸ਼ਾਹ ਨੂੰ ਦਰਸ਼ਨ ਦੇਣੇ
ਬਾਬਰ ਦੀ ਕੈਦ ਵਿਚੋਂ ਛਡਾਏ ਹੋਏ ਸਾਰੇ ਸਿਖ
ਬਲੀ ਗੰਧਾਰੀ ਹਸਨ ਅਬਦਾਲ
ਬਣ ਮਾਣੂ
ਬਹਾਵਲ ਦੀਨ ਸਮਾਵ ਦੀਨ, ਦੀਨ ਸਾਹਿ ਮਦੀਨੇ ਦੇ ਸਿਖ ਆਦਿਕ
ਬਹਾਵਲ ਹਕ ਪੀਰ ਰੁਕਨ ਦੀਨ ਕਾਜ਼ੀ ਮਕੇ ਦੇ

**ਬਲੋਚ ਚੌਧਰੀ ਤੇ ਸਿਧ ਜਗਰਾਵਾ**—ਸ੍ਰੀ ਗੁਰੂ ਨਾਨਕ ਦੇਵ ਜੀ ਬੀਬੀ ਨਾਨਕੀ ਦੇ ਪ੍ਰੇਮ ਦੀ ਖਿਚ ਵਿੱਚ ਛੀਟਾਂ ਵਾਲੇ ਤੋਂ ਕੋਟ ਵਿਚ ਦੀ ਹੁੰਦੇ ਹੋਏ ਜਗਰਾਵਾਂ ਪੁਜੇ ਤੇ ਚੌਧਰੀ ਬਲੋਚ ਜੋ ਇਸ ਪ੍ਰਗਣੇ ਦਾ ਮਾਲਕ ਸੀ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਸਰਨ ਵਿਚ ਆਇਆ। ਤੇ ਸਾਥ ਹੀ ਉਥੋਂ ਦੇ ਰਹਿਣ ਵਾਲਾ ਯੋਗੀ ਵੀ ਸਾਥ ਆਇਆ, ਦੋਹਾਂ ਸਜਣਾਂ ਨਾਲ ਸਤਿਗੁਰਾਂ ਦੀ ਕਾਫੀ ਗੂੜ੍ਹ ਚਰਚਾ ਹੋਈ, ਸਤਿਗੁਰਾਂ ਦੀ ਨਾਮ ਰਸ ਭਿੰਨੀ ਬਾਣੀ ਦਾ ਦੋਹਾਂ ਸਜਣਾਂ ਤੇ ਬਹੁਤ ਪ੍ਰਭਾਵ ਪਿਆ, ਅਤੇ ਦੋਵੇਂ ਸਜਣ ਸਤਿਗੁਰੂ ਜੀ ਦੇ ਸਿਖ ਬਣ ਗਏ। ਸਤਿ ਗੁਰੂ ਨਾਨਕ ਦੇਵ ਜੀ ਓਥੇ ਕੁਝ ਦਿਨ ਠਹਿਰ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ, ਉਪਰੰਤ ਆਪ ਜੀ ਤਿਹਾੜਾ ਆਦਿ ਵਿਚ ਦੀ ਸੁਲਤਾਨ ਪੁਰ ਪੁਜ ਗਏ।

ਬਾਬਾ ਬੁਢਾ ਜੀ
ਬਾਲਕ ਹੋਲਾਂ ਚਬਾਉਣ ਵਾਲੇ ਨੂੰ ਸਿਖੀ ਰਾਜ ਬਖਸ਼ਿਆ
ਭਗੀਰਥ, ਭਬੀਖਣ, ਹਨੂਮਾਣ ਲੰਕਾਂ ਦੇ ਸਿੱਖ
ਮਨਸੁਖ ਲਾਹੌਰ ਦਾ ਸ਼ਾਹ ਜਿਸਦਾ ਸੰਗਲਾ ਦੀਪ ਜਾਂਦਾ ਜਹਾਜ਼ ਬੰਨੇ ਲਾਇਆ
ਮੂਲੇ ਤੋਂ ਝੂਠ ਛਡਾਇਆ
ਮਰਦਾਨਾ
ਮਾਲੋ ਸ਼ੇਖ
ਮੂਲ ਚੰਦ ਤੇ ਚੰਦੂ ਰਾਣੀ
ਰਾਏ ਬੁਲਾਰ, ਵਿਰਕਤ ਫਕੀਰ ਜਿਸ ਨੂੰ ਗੜਵੀ ਤੇ ਸ਼ਾਪ ਦਿਤੀ

ਰਾਜੇ ਟਾਪੂਆਂ ਦੇ। (੧) ਨੈਨ ਜੋੜ, (੨) ਸੁਖ ਚੈਨ, (੩) ਸਾਗਰ ਸੈਨ ਆਸੂਰਾ, (੪) ਪੁਨੰਹੋ (੫) ਸੁਧ, (੬) ਬਬੇਕ, (੭) ਤੁਰਤ ਰੰਗ, (੮) ਲਾਲ ਐਨ (੯) ਰਾਏ ਐਨ (੧੦) ਸੰਭਾਰਕਾ (੧੧) ਸੁਚੈਨ (੧੨) ਬਾਲ ਸਿੰਘ (੧੩, ਝੰਡਾ ਬਾਢੀ (੧੪) ਸੁਧਰ ਸੈਨ (੧੫) ਇੰਦਰ ਸੈਨ (੧੬) ਮਧਰ

Digitized by Panjab Digital Library | www.panjabdigilib.org

ਸੈਨ (੧੭) ਕੰਵਲ ਨੈਨ ਇਹ ਰਾਜਿਆਂ ਨੂੰ ਅਤੇ ਇਨ੍ਹਾਂ ਦੇ ਰਾਜ ਵਿੱਚ ਸਿਖੀ ਦਾ ਪ੍ਰਚਾਰ ਕੀਤਾ।
ਵਿਪਾਰੀ ਦਾ ਪਾਈਯਾਂ ਵੇਖਕੇ ਸਿਖੀ ਦਿਤੀ
ਵਲੀ ਕੰਧਾਰੀ
ਲੰਕਾ ਦੇ ਸਿਖ ਭਬੀਖਣ ਤੇ ਹਨੂਮਾਨ
ਲਾਲੋ ਭਾਈ ਏਮਨਾਬਾਦ
ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਮੀ ਸਚਾ ਢੋਆ

# ਦੂਜੀ ਪਾਤਸ਼ਾਹੀ ਦੇ ਸਿੱਖ

## ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ

ਦੀਨ ਦੁਨੀ ਦੇ ਵਾਲੀ ਸਾਹਿਬ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਮਿਸ਼ਨ ਨੂੰ ਪ੍ਰਚਾਰਨ ਸਮੇਂ ਮਾਲਵੇ ਵਿੱਚ ਜਿਥੇ ੨ ਸੰਗਤਾਂ ਨੂੰ ਜਾਕੇ ਦਰਸ਼ਨ ਦਿਤੇ ਤੇ ਉਨਾਂ ਨਾਲ ਗਿਆਨ ਗੋਸ਼ਟ ਹੋਈ ਉਨ੍ਹਾਂ ਅਨੇਕਾਂ ਜੀਵਾਂ ਵਿਚੋਂ ਕੁਝ ਕੁ ਦਾ ਸੰਖੇਪ ਇਤਿਹਾਸ ਮਿਲਿਆ ਹੈ, ਜੋ ਅਗੇ ਦਿਤਾ ਗਿਆ ਹੈ, ਬਾਕੀ ਗੁਰਸਿੱਖਾਂ ਦੇ ਨਾਉਂ ਦਿਤੇ ਜਾਂਦੇ ਹਨ।

## ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਮੁਖੀ ਗੁਰ ਸਿਖਾਂ ਦੇ ਨਾਮ ਤੇ ਸੰਖੇਪ ਜੀਵਨ

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ, ਭਾਈ ਸਿੰਘਾ ਜੀ ਚੜ੍ਹਿਕ ਦੇ ਰਹਿਣ ਵਾਲਾ, ਭਾਈ ਸੀਹਾਂ ਜੀ, ਭਾਈ ਹਮਾਊਂ ਜੀ, ਭਾਈ ਗੁਜਰ ਜੀ, ਭਾਈ ਗੋਂਦਾ ਜੀ, ਭਾਈ ਜੋਧ ਜੀ, ਭਾਈ ਜੋਧ ਰਸੋਈਆ ਜੀ, ਭਾਈ ਜਿਵੰਦਾ ਮਾਲਵੇ ਦੇ ਜਵੰਦਿਆਂ ਦੇ, ਭਾਈ ਜੀਵਾ ਜੀ, ਭਾਈ ਦੁਰਗਾ ਜੀ, ਭਾਈ ਦਯਾ ਰਾਮ ਜੀ, ਭਾਈ ਧੀਰਾ ਜੀ, ਭਾਈ ਪਾਰੋ ਜੀ, ਭਾਈ ਪੰਨੂੰ ਜੀ, ਭਾਈ ਪੈੜਾ, ਮੋਖਾ, ਜਨਮ ਸਾਖੀ ਦਾ ਲਿਖਾਰੀ, ਭਾਈ ਬਖਤਾਵਰ ਚੌਧਰੀ ਜੀ ਹਰੀਕਿਆਂ ਵਾਲਾ, ਭਾਈ ਮੂਲਾ ਸ਼ਾਹੀ ਜੀ, ਭਾਈ ਮਹਿਮਾ ਜੀ, ਮੱਲਣ ਭਾਈ ਜੀ, ਭਾਈ ਮੂਲ ਚੰਦ ਜੀ, ਰਣ ਸਿੰਘ ਸਿਧ ਜੀ ਹਰੀਕੇ, ਭਾਈ ਲਾਲੂ ਜੀ।

**ਚੌਧਰੀ ਬਖਤੌਰੇ ਦਾ ਸਿੱਖ ਹੋਣਾ**—ਚੌਧਰੀ ਬਖਤੌਰ ਇਸ ਪ੍ਰਗਣੇ ਦੇ ੭੨ ਪਿੰਡਾਂ ਦਾ ਮਾਲਕ ਸੀ, ਜੋ ਕਰ ਉਗ੍ਰਾਹ ਕੇ ਦਿਲੀ ਘਲਿਆ ਕਰਦਾ ਸੀ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਪਿੰਡ ਹਰੀਕੇ ਠਹਿਰੇ ਹੋਏ ਸਨ ਤਾਂ ਚੌਧਰੀ ਬਖਤੌਰਾ ਵੀ ਸਤਿਗੁਰਾਂ ਦੇ ਦਰਸ਼ਨ ਕਰਨ ਆਇਆ, ਪਰ ਚੌਧਰ ਦੇ ਹੰਕਾਰ ਵਿਚ ਸਤਿਗੁਰਾਂ ਦੇ ਬਰਾਬਰ ਬੈਠ ਗਿਆ, ਜਿਸ ਦੇ ਇਸ ਵਤੀਰੇ ਤੋਂ ਗੁਰਸਿਖਾਂ ਦੇ

Digitized by Panjab Digital Library | www.panjabdigilib.org

ਮਨ ਵਿੱਚ ਖਲਸ ਜਿਹੀ ਪੈਦਾ ਹੋਈ, ਜਾਣੀ ਜਾਣ ਸਤਿਗੁਰਾਂ ਨੇ ਸਿਖਾਂ ਦੇ ਦਿਲਾਂ ਦੀ ਜਾਣਦਿਆਂ ਹੋਇਆਂ, ਰਬੀ ਰੰਗ ਵਿੱਚ ਰਤਿਆ ਇਸ ਸ਼ਬਦ ਦਾ ਉਚਾਰਨ ਕੀਤਾ, "ਜਿਸ ਨੂੰ ਸਾਹਿਬ ਵਡਾ ਕਰੈ ਸੋਈ ਵਡ ਜਾਣੀ ਜੇ ਕੋ ਉਸ ਦੀ ਰੀਸ ਕਰੇ ਸੋ ਮੂੜ ਅਜਾਣੀ।"

ਤਦ ਚੋਧਰੀ ਨੇ ਕਿਹਾ ਕਿ ਮੈਂ ਕਿਹੜਾ ਕਿਸੇ ਨਾਲੋਂ ਘਟ ਹਾਂ ਮੈਂ ੭੨ ਪਿੰਡਾਂ ਦਾ ਚੌਧਰੀ ਹਾਂ, ਤਾਂ ਗੁਰੂ ਜੀ ਨੇ ਫਿਰ ਇਹ ਸ਼ਲੋਕ ਉਚਾਰਨ ਕੀਤਾ "ਅਗੈ ਜਾਤ ਨਾ ਜੋਰ ਹੈ, ਅਗੈ ਜੀਉ ਨਵੇ, ਜਿਨ ਕੀ ਲੇਖੈ ਪਤਿ ਪਵੇ ਚੰਗੇ ਸੇਈ ਕੇਇ," ਦਾ ਅਜੇਹਾ ਅਣਿਆਲਾ ਤੀਰ ਬਜਿਆ ਕਿ ਹੰਕਾਰ ਛਡਕੇ ਸਤਿਗੁਰੂ ਜੀ ਦੇ ਚਰਨ ਫੜਕੇ ਆਪਣੀ ਭੁੱਲ ਬਖਸ਼ਾਈ ਤੇ ਸਤਿਗੁਰੂ ਜੀ ਦੀ ਸਿਖੀ ਧਾਰਨ ਕੀਤੀ

**ਭਾਈ ਮੂਲ ਚੰਦ ਜੀ**—ਇਹ ਮਾਲਵੇ ਦੇ ਰਹਿਣ ਵਾਲੇ ਸਿਧੀ ਖਤਰੀ ਦਾ ਪੋਤ੍ਰਾ ਜੋ ਪ੍ਰਸਿਧ ਸੇਠ ਹੋਇਆ ਹੈ; ਇਸ ਦੇ ਸੁਨਾਮ ਅਤੇ ਸੰਗਰੂਰ ਦੋ ਪ੍ਰਸਿੱਧ ਅਸਥਾਨ ਹਨ ਇਹ ਸ੍ਰੀ ਅੰਗਦ ਦੇਵ ਜੀ ਦਾ ਅਨਿਨ ਸਿਖ ਹੋਇਆ ਹੈ, ਇਸ ਨੇ ਗੁਰ ਅੰਗਦ ਦੇਵ ਜੀ ਦੀ ਬਹੁਤ ਸੇਵਾ ਕੀਤੀ। ਸਤਿਗੁਰੂ ਜੀ ਤੋਂ ਸਿਖੀ ਧਾਰਨ ਕੀਤੀ।

**ਸ੍ਰੀਮਾਨ ਭਾਈ ਮੱਲਣ ਜੀ**—ਆਪ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਪਰਮ ਸ਼ਰਧਾਲੂ ਸਿਖ ਸਨ। ਆਪ ਜੀ ਨੂੰ ਸਤਿਗੁਰਾਂ ਨੇ ਵਿਦਿਆ ਅਭਿਆਸ ਦਾ ਉਪਦੇਸ਼ ਦੇ ਕੇ ਵਿਦਿਆ ਪ੍ਰਚਾਰਕ ਥਾਪਿਆ। ਜਿਸ ਨੇ ਮਾਲਵੇ ਵਿਚ ਗੁਰਸਿਖੀ ਦਾ ਬਹੁਤ ਪ੍ਰਚਾਰ ਕੀਤਾ। ਆਪ ਜੀ ਪਿੰਡ ਮੱਲਣ, ਤਹਿਸੀਲ ਮੁਕਤਸਰ ਜ਼ਿਲਾ ਫੀਰੋਜ਼ਪੁਰ ਦੇ ਵਸਨੀਕ ਸਨ। ਆਪ ਆਪਣੇ ਸਮੇਂ ਦੇ ਮਾਲਵੇ ਦੇ ਰਤਨ ਹੋਏ ਹਨ। ਪਰ ਅਫਸੋਸ ਕਿ ਖੋਜ ਕਰਨ ਤੇ ਵੀ ਆਪ ਦਾ ਪੂਰਾ ਇਤਿਹਾਸ ਨਹੀਂ ਮਿਲ ਸਕਿਆ।

**ਰਣ ਸਿੰਘ ਸਿੱਧ**—ਇਹ ਮੋਹਰ ਸਿੰਘ ਦੇ ਡੇਰੇ ਪਿੰਡ ਹਰੀਕੇ ਰਹਿਣ ਵਾਲਾ ਸਿਧ ਸੀ, ਇਸ ਨੇ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਨਾਂਗੇ ਦੀ ਸਰਾਂ ਆਉਣਾ ਸੁਣਿਆ ਤਾਂ ਬੜੀ ਪ੍ਰੇਮ ਭਾਵਨਾ ਸਹਿਤ ਸਤਿਗੁਰੂ ਦੀ ਹਜ਼ੂਰੀ ਵਿਚ ਨਾਂਗੇ ਦੀ ਸਰਾਂ ਪੁਜਾ ਅਤੇ ਤੀਬਰ ਸ਼ਰਧਾ ਦਰਸਾਕੇ ਸਤਿਗੁਰੂ ਜੀ ਨੂੰ ਪਿੰਡ ਹਰੀਕੇ ਆਉਣ ਦੀ ਬੇਨਤੀ ਕੀਤੀ। ਜਿਸਦੀ ਬੇਨਤੀ ਪ੍ਰਵਾਨ ਕਰਦੇ ਹੋਏ ਸਤਿਗੁਰੂ ਜੀ ਨੇ ਹਰੀਕੇ ਪਰੀ ਪਿੰਡ ਆ ਦਰਸ਼ਨ ਦਿਤੇ। ਰਣ ਸਿੰਘ ਸਿਧ ਨੇ ਸਤਿਗੁਰਾਂ ਦੀ ਬਹੁਤ ਸੇਵਾ ਕੀਤੀ ਤੇ ਸਤਿਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਕਰਕੇ ਸਿਧ ਤੋਂ ਸਿਖ ਬਣਿਆ ਤੇ ਬਾਕੀ ਦੀ ਸਾਰੀ ਉਮਰ ਸਿਖੀ ਦੇ ਮਾਰਗ ਤੇ ਚਲਦਿਆਂ ਹੋਇਆ ਲੰਘਾਈ।

Digitized by Panjab Digital Library | www.panjabdigilib.org

# ਤੀਜੀ ਪਾਤਸ਼ਾਹੀ ਦੇ ਸਿੱਖ

## ਸ੍ਰੀ ਗੁਰੂ ਅਮਰ ਦਾਸ ਜੀ ਮਹਾਰਾਜ

ਸਿੱਖ ਕੌਮ ਦੇ ਤੀਸਰੇ ਸਤਿਗੁਰੂ ਅਮਰ ਦਾਸ ਜੀ ਮਹਾਰਾਜ ਨੇ ਮਾਲਵੇ ਦੀ ਧਰਤੀ ਨੂੰ ਆਪਣੇ ਚਰਨ ਕੰਵਲ ਪਾਕੇ ਪਵਿਤਰ ਕੀਤਾ, ਅਤੇ ਅਨੇਕਾਂ ਮਾਲਵੇ ਦੇ ਰਹਿਣ ਵਾਲੇ ਸਿਖਾਂ ਸੇਵਕਾਂ ਦਾ ਉਧਾਰ ਕੀਤਾ। ਜਿਥੇ ਜਿਥੇ ਦਾਤਾ ਜੀ ਦੇ ਪਵਿੱਤਰ ਚਰਨ ਕੰਵਲ ਟਿਕੇ, ਅਤੇ ਜਿਨਾਂ ਗੁਰੂ ਪਿਆਰੀਆਂ ਰੂਹਾਂ ਨੂੰ ਗੁਰੂ ਗਰੀਬ ਨਿਵਾਜ ਨੇ ਨਿਵਾਜਿਆ ਉਨ੍ਹਾਂ ਗੁਰਮੁਖ ਪਿਆਰਿਆਂ ਦਾ ਇਤਹਾਸ ਦਿਤਾ ਜਾਂਦਾ ਹੈ ਇਤਹਾਸ ਵਜੋਂ ਅਨਗਹਿਲੀ ਕਰਕੇ ਬਹੁਤ ਸਾਰੇ ਗੁਰਮੁਖਾਂ ਦੇ ਜੀਵਨ, ਜਿਨ੍ਹਾਂ ਨਾਲ ਸਤਿਗੁਰਾਂ ਦੀ ਗਿਆਨ ਗੋਸ਼ਟ ਹੋਈ ਖੋਜ ਕਰਨ ਤੇ ਵੀ ਨਹੀਂ ਮਿਲਿਆ ਇਤਹਾਸ ਵਿਚ ਕੇਵਲ ਨਾਂ ਹੀ ਆਉਂਦੇ ਹਨ, ਜੋ ਅਗੇ ਦਿਤੇ ਜਾਂਦੇ ਹਨ।

## ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਮਹਾਰਾਜ ਦੇ ਸਮੇਂ ਦੇ ਮੁਖੀ ਸਿਖਾਂ ਦੇ ਨਾਮ ਤੇ ਸੰਖੇਪ ਜੀਵਨ

ਸ਼੍ਰੀ ਗੁਰੂ ਰਾਮ ਦਾਸ ਜੀ, ਅਨੰਦ ਜੀ ਪੋਤਾ ਗੁਰੂ ਜੀ, ਅਕਬਰ ਜੀ, ਸੌਣ ਮਲ ਜੀ, ਸਚਨ ਸਚ ਜੀ ਮਲਵਈ, ਹਰੀ ਪੁਰ ਵਾਲਾ ਰਾਜਾ ਜੀ, ਕੇਸੋ ਗੁਪਾਲ ਸਿਖ ਜੀ, ਕਾਬਲ ਦੀ ਮਾਈ ਸੇਵਾ ਜੀ, ਖੇੜਾ ਸੋਇਹੀ, ਗੇਗੋ ਸ਼ਾਹ ਜੀ, ਤਲਵੰਡੀ ਦਾ ਇਕ ਲੱਤ ਵਾਲਾ ਸਿੰਘ, ਦੁਰਗਾ ਪੰਡਤ ਸ੍ਰੀ ਗੁਰੂ ਜੀ ਦੇ ਚਰਨ ਪਦਮ ਦੇਖਣ ਵਾਲਾ ਦਾਲਾ ਰਬਾਬੀ ਸਿਖ, ਪਰਮ ਹੰਸ ਪਾਰੋ ਜੀ, ਬ੍ਰਹਮ ਚਾਰੀ ਸਤਿਗੁਰਾਂ ਦੇ ਗੁਣਾਂ ਨੂੰ ਕਥਨ ਵਾਲਾ, ਲਾਲੂ ਸੇਵਾਦਾਰ, ਬਾਈ ਮੰਜੀ ਸਿਖਾਂ ਨੂੰ, ਬੇਨੀ ਪੰਡਤ ਜੀ, ਮਥੋ ਮੁਰਾਰੀ, ਮਾਈ ਦਾਸ ਦੀ ਵੈਸ਼ਨੋ, ਮਾਣਕ ਮਰੋ ਜੀਵੜਾ, ਮੋਹਣ ਦਾ ਪੁਤ੍ਰ ਸੰਸਾ ਰਾਮ ਬਾਣੀ ਦਾ ਲਿਖਾਰੀ, ਮਹਿੰਗਾ ਸਿੰਘ ਜੀ, ੭੨ ਮਾਈਆਂ ਬ੍ਰਹਮ ਗਿਆਨਣਾਂ।

ਭਾਈ ਸਚਨ-ਸਚ ਦੀ ਸੰਤਾਨ ਪਹਿਲਾਵਾਨ ਹੋਈ ਜੋ ਹੁਣ ਤਕ ਪ੍ਰਸਿਧ ਹੈ। ਇਨ੍ਹਾਂ ਪਾਸ ਸਤਿਗੁਰੂ ਜੀ ਦੀਆਂ ਕਈ ਬਖਸ਼ਸ਼ਾਂ ਹਨ। ਅਤੇ ਪਹਿਲਵਾਨ ਦਾ ਇਹ ਘਰਾਣਾ ਕਿਲਾ ਬਹਾਦਰ ਗੜ੍ਹ (ਪੈਪਸੂ) ਦੇ ਪਾਸ ਕਿਸੇ ਪਿੰਡ ਵਿਚ ਆਕੇ ਬਸ ਗਿਆ ਹੈ। ਰਾਜ ਪ੍ਰਮੁਖ ਪੈਪਸੂ ਨੇ ਇਸ ਖਾਨਦਾਨ ਪਾਸ ਗੁਰੂ ਜੀ ਦੀਆਂ ਨਿਸ਼ਾਨੀਆਂ ਹੋਣ ਕਰਕੇ ਉਨ੍ਹਾਂ ਦਾ ਬੜਾ ਆਦਰ ਸਤਿਕਾਰ ਕੀਤਾ। ਅੰਤ ਗੁਰੂ ਘਰ ਦੀਆਂ ਨਿਸ਼ਾਨੀਆਂ ਦੇ ਖੁਦ ਹਾਜ਼ਰ ਹੋਕੇ ਦਰਸ਼ਨ ਕੀਤੇ। ਗੁਰੂ ਘਰ ਦੀਆਂ ਨਿਸ਼ਾਨੀਆਂ ਇਹ ਹਨ। ਪਾਨ (ਜੋੜਾ) ਸਾਹਿਬ ਪਲੰਘ ਸਾਹਿਬ ਤੇ ਛਿਟੀ ਸਾਹਿਬ।

ਕਈਆਂ ਪੁਸਤਕਾਂ ਵਿਚ ਇਹ ਵੀ ਜ਼ਿਕਰ ਆਇਆ ਹੈ ਕਿ ਇਕ ਜਾਤਿ ਅਭਿਮਾਨੀ ਹਿੰਦੂ ਰਾਜਾ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਆਇਆ ਪਰ ਉਸ ਨੇ ਲੰਗਰ ਵਿਚੋਂ ਪ੍ਰਸ਼ਾਦਾ ਨ ਛਕਿਆ ਜਦ ਉਹ ਦੀਵਾਨ ਵਿਚ ਆਇਆ ਤਾਂ ਉਸ ਨੂੰ ਸਿੰਘਾਸਣ ਪਰ ਬੈਠੇ ਗੁਰੂ ਮਹਾਰਾਜ ਦੇ ਦਰਸ਼ਨ ਨਾ ਹੋਏ ਚੌਰ ਕਰਨ ਵਾਲਾ ਸਿੰਘ, ਸਿੰਘਾਸਣ ਹੋਰ ਸਭ ਕੁਝ ਨਜਰੀ ਆਇਣੇ ਪਰ ਗੁਰੂ ਮਹਾਰਾਜ ਦੇ ਦਰਸ਼ਨ

Digitized by Panjab Digital Library | www.panjabdigilib.org

ਨਾ ਹੋਣ। ਨਾਲ ਦੇ ਸਾਥੀ ਉਸਨੂੰ ਦਸਣ ਗੁਰੂ ਜੀ ਇਸ ਸਮੇਂ ਸਿੰਘਾਸਣ ਪਰ ਬਿਰਾਜਮਾਨ ਹਨ। ਕਿੰਤੂ ਉਸਨੂੰ ਦਰਸ਼ਨ ਨਾ ਹੋਏ। ਲਾਚਾਰ ਹੋਕੇ ਉਸਨੇ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ ਤਦ ਗੁਰੂ ਮਹਾਰਾਜ ਦੇ ਪਵਿਤ੍ਰ ਦੀਦਾਰ ਹੋਇ।

ਹਰੀ ਪੁਰ ਮੰਡੀ ਦੇ ਰਾਜੇ ਹਰੀ ਰਾਮ ਦੀ ਰਾਣੀ ਸਮੇਂ ਦੀ ਰੀਤ ਅਨੁਸਾਰ ਘੁੰਡ ਕਢਕੇ ਦਰਬਾਰ ਵਿਚ ਆਈ। ਮਹਾਰਾਜ ਨੇ ਸੁਭਾਵਕ ਹੀ ਕਿਹਾ ਇਹ ਕੌਣ ਹੈ, ਝਲੀ ਜਿਹੀ। ਇਸ ਪੁਰ ਉਹ ਸਚ ਮੁਚ ਝਲੀ ਹੋ ਗਈ, ਤੇ ਜੰਗਲਾਂ ਨੂੰ ਚਲੀ ਗਈ। ਇਕ ਵਾਹਿਗੁਰੂ ਜੀ ਦਾ ਪ੍ਰੇਮੀ ਸਿਖ ਭਾਈ ਸਚਨ ਸਚ ਲੰਗਰ ਲਈ ਲਕੜਾਂ ਲੈਣ ਗਿਆ ਝਲੀ ਰਾਣੀ ਨੇ ਉਸਦੇ ਕਪੜੇ ਪਾੜ ਦਿਤੇ। ਨੌਂਹਦਰਾਂ ਨਾਲ ਮਾਸ ਉਚੇੜ ਛਡਿਆ। ਉਸਨੇ ਗੁਰੂ ਜੀ ਅਗੇ ਫਰਿਆਦ ਕੀਤੀ ਤਾਂ ਗੁਰੂ ਜੀ ਨੇ ਆਪਨਾ ਜੋੜਾ ਦੇ ਕੇ ਫੁਰਮਾਇਆ ਇਹ ਉਸਦੇ ਸਿਰ ਨਾਲ ਛੁਹਾਓ। ਜੋੜਾ ਲਗਣ ਨਾਲ ਉਹ ਪੂਰਨ ਰਾਜੀ ਹੋ ਗਈ ਪਰ ਰਾਣੀ ਉਸ ਸਮੇਂ ਨਗਨ ਸੀ। ਭਾਈ ਸਦਨ ਸਚ ਨੇ ਉਸ ਨੂੰ ਨੰਗੇਜ ਰੋਕਨ ਲਈ ਆਪਨੀ ਚਾਦਰ ਦਿੱਤੀ। ਅਤੇ ਉਹ ਦੋਵੇਂ ਅਧੀਆ ੨ ਲਕੜਾਂ ਚੁਕ ਕੇ ਗੁਰੂ ਦੇ ਲੰਗਰ ਵਿਚ ਲਿਆਏ। ਪਰੰਤੂ ਰਾਣੀ ਨੂੰ ਹਜ਼ੂਰੀ ਵਿਚ ਲਿਆਂਦਾ ਗਿਆ। ਗੁਰੂ ਮਹਾਰਾਜ ਨੂੰ ਉਸ ਨੇ ਪੁਛਿਆ ਕਿ ਤੈਨੂੰ ਤੇਰੇ ਪਤੀ ਦੇਵ ਪਾਸ ਵਾਪਸ ਭੇਜ ਦਿਤਾ ਜਾਏ। ਰਾਣੀ ਨੇ ਉਤਰ ਵਿਚ ਕਹਿਆ ਉਹ ਕੂੜੇ ਸਾਕ ਹਨ। ਜੋ ਮੈਨੂੰ ਇਸ ਹਾਲਤ ਵਿਚ ਛਡ ਕੇ ਚਲੇ ਗਏ। ਜੇ ਮੇਰੇ ਹਮਦਰਦ ਹੁੰਦੇ ਤਾਂ ਮੇਰੀ ਭੁਲ ਦੀ ਖਿਮਾਂ ਮੰਗਦੇ ਤੇ ਮੇਰੇ ਰੋਗ ਦਾ ਕੋਈ ਇਲਾਜ ਕਰਦੇ। ਹੁਣ ਮੈਂ ਉਹਨਾਂ ਦੇ ਪਾਸ ਨਹੀਂ ਜਾਣਾ ਚਾਹੁੰਦੀ ਜੇ ਤੁਠੇ ਹੋ ਤਾਂ ਮੈਨੂੰ ਗੁਰੂ ਘਰ ਦੀ ਸੇਵਾ ਵਿਚ ਹੀ ਰਖੋ। ਸਮੇਂ ਦੀ ਰੀਤੀ ਅਨੁਸਾਰ ਕਿਉਂਕਿ ਭਾਈ ਸਚਨ ਸਚ ਨੂੰ ਅਪਨੀ ਚਾਦਰ ਉਸ ਬੀਬੀ ਨੂੰ ਦਿਤੀ ਸੀ। ਇਸ ਲਈ ਗੁਰੂ ਮਹਾਰਾਜ ਨੇ ਸੰਗਤ ਦੀ ਹਾਜਰੀ ਵਿਚ ਭਾਈ ਸਦਨ ਸਚ ਦਾ ਅਨੰਦ ਕਾਰਜ ਉਸ ਰਾਣੀ ਨਾਲ ਕਰ ਦਿਤਾ। ਇਹ ਦੁੰਪਤੀ ਗੁਰੂ ਜੀ ਦੇ ਬਾੜੇ ਅਨਿਨ ਸਿਖ ਹੋਏ।

# ਚੌਥੀ ਪਾਤਸ਼ਾਹੀ ਦੇ ਸਿਖ

## ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ

ਅਰਸ਼ਾਂ ਕੁਰਸਾਂ ਦੇ ਮਾਲਿਕ ਸ੍ਰੀ ਗੁਰੂ ਰਾਮਦਾਸ ਜੀ ਸੋਢੀ ਪਾਤਸ਼ਾਹ ਨੇ ਸੰਸਾਰ ਦੇ ਉਧਾਰ ਲਈ ਘਟ ਹੀ ਚੱਕਰ ਲਾਇਆ ਹੈ। ਕਾਰਣ ਕਿ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਵਿਚ ਅੰਮ੍ਰਿਤ ਸਰੋਵਰ ਦੀ ਖੁਦਾਈ ਕਰਨੀ ਅਰੰਭ ਦਿਤੀ। ਜਿਸ ਦੇ ਕਾਰਨ ਆਪ ਜੀ ਦੂਰ ਦਰੇਡੇ ਦੇਸ਼ ਦੇਸ਼ਾਂਤਰਾਂ ਵਿਚ ਆਪਣੇ ਪਵਿਤਰ ਦਰਸ਼ਨ ਨਹੀਂ ਦੇ ਸਕੇ, ਇਸੇ ਸਬਬ ਆਪ ਜੀ ਨੂੰ ਮਾਲਵੇ ਵਿਚ ਸੰਗਤਾਂ ਨੂੰ ਦਰਸ਼ਨ ਦੇਣ ਦਾ ਅਵਸਰ ਨਹੀਂ ਮਿਲਿਆ। ਸੋ ਮਾਲਵੇ ਵਿਚ ਆਪ ਜੀ ਦੇ ਗੁਰ ਅਸਥਾਨ ਨਹੀਂ ਹਨ ਅਤੇ ਆਪ ਜੀ

Digitized by Panjab Digital Library | www.panjabdigilib.org

ਚਿਠੀ ਪਤਰ ਰਾਹੀਂ ਹੀ ਮਲਵਈ ਸਿਖਾਂ ਨੂੰ ਸਰੋਵਰ ਜੀ ਖੁਦਾਈ ਲਈ ਸਦਦੇ ਰਹੇ ਹਨ, ਉਨ੍ਹਾਂ ਵਿਚੋਂ ਜਿਨੇ ਕੁ ਮਿਲੇ ਹਨ ਉਨ੍ਹਾਂ ਦਾ ਜੀਵਨ ਅਗੇ ਦਿਤਾ ਜਾਂਦਾ ਹੈ ਬਾਕੀ ਗੁਰ ਸਿਖਾਂ ਦੇ ਏਥੇ ਨਾਮ ਹੀ ਲਿਖੇ ਜਾਂਦੇ ਹਨ।

# ਸ੍ਰੀ ਗੁਰੂ ਰਾਮ ਦਾਸ ਜੀ ਦੇ ਸਮੇਂ ਦੇ ਮੁਖੀ ਸਿਖਾਂ ਦੇ ਨਾਮ ਤੇ ਸੰਖੇਪ ਜੀਵਨ

ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ, ਆਦਮ ਜੀ ਬਿਰਧ ਅਵਸਥਾ ਵਿਚ ਪੁਤਰ ਦੀ ਇਛਾ ਲੈ ਕੇ ਸਰਨ ਔਣ ਵਾਲਾ, ਉਦਮ ਜੀ ਮਲਵਈ, ਅਨੰਦ ਜੀ, ਅੰਮ੍ਰਿਤੀ, ਸਿਧ ਦਰਸ਼ਨ ਨੂੰ ਆਏ, ਸ੍ਰੀ ਚੰਦ ਜੀ ਦਰਸ਼ਨਾਂ ਨੂੰ ਆਏ, ਸਮਾਣਾ ਜੀ, ਸੰਗਤੀਆ ਜੀ, ਸੰਤਾ ਜੀ, ਬਾਬਾ ਹਰਦਾਸ ਜੀ, ਹਰਬੰਸ ਤਪਾ ਸਰਨ ਆਇਆ, ਹਿੰਦਵਾਲ ਜੀ, ਕਾਲ਼ੀਦਾਸ ਜੀ, ਕ੍ਰਿਪਾ ਜੀ, ਕਰਨਾ ਜੀ, ਕਰਮਾ ਜੀ, ਕੰਠਾ ਜੀ, ਕਲਿਆਣਾ ਜੀ, ਕਸੌਰਾ ਜੀ, ਗੁਰਦਾਸ ਜੀ ਸਾਹਿਬ ਲਿਖਾਰੀ, ਗੰਗਾ ਜੀ, ਗੁਰਾ ਜੀ, ਚਿੜਾ ਜੀ, ਜਗਤਾ ਜੀ, ਦਯਾ ਕੌਰ ਜੀ, ਦਰਸਾ ਜੀ, ਭਾਈ ਧੰਨਾ ਜੀ, ਭਾਈ ਨਿਛਤਰਾ ਜੀ, ਭਾਈ ਪ੍ਰਿਥੀ ਚੰਦ ਜੀ, ਭਾਈ ਪੰਡੂ ਜੀ, ਭਾਈ ਪੂਰਨ ਜੀ, ਭਾਈ ਪਰਾਗਾ ਜੀ, ਭਾਈ ਬੰਕਾ ਜੀ, ਭਾਈ ਬੈਰਾਗਾ ਜੀ, ਬੇਬੇ ਭਾਨੀ ਜੀ, ਭਾਈ ਭੂਪਾ ਜੀ, ਭਾਈ ਭਗਵਾਨ ਜੀ, ਭਾਈ ਭਗਤਾ ਜੀ, ਭਾਈ ਮੰਗਲ ਜੀ, ਭਾਈ ਮੋਹਣਾ ਜੀ।

## ਭਾਈ ਉਧਮ ਮਲਵਈ ਦੀ ਸੇਵਾ

ਇਕ ਉਧਮ ਨਾਮ ਦਾ ਬੈਰਾੜ ਜਟ ਮਲਵਈ ਜੋ ਥਿੰਡੂ ਨਗਰ ਦਾ ਵਸਨੀਕ ਸੀ,ਸਤਿਗੁਰੂ ਜੀ ਦੀ ਸ਼ਰਨ ਆ ਗਿਆ। ਉਸਦੇ ਨਾਲ ਉਸਦੀ ਇਸਤ੍ਰੀ ਤੇ ਛੋਟੀ ਕੰਨਿਆ ਸੀ। ਸਤਿਗੁਰੂ ਜੀ ਦੀ ਚਰਨੀਂ ਡਿਗ ਕੇ ਭਾਈ ਉਧਮ ਜੀ ਨੇ ਸਿਖੀ ਨੂੰ ਧਾਰਨ ਕੀਤਾ। ਸਤਿਗੁਰੂ ਜੀ ਦਾ ਉਪਦੇਸ਼ ਸੁਣਕੇ ਗੁਰੂ ਕੇ ਲੰਗਰ ਵਿਚ ਸੇਵਾ ਕਰਨ ਲਗਾ ਪਰ ਫੈਸਲਾ ਇਹ ਕੀਤਾ ਕਿ ਪ੍ਰਸ਼ਾਦ ਗੁਰੂ ਕੇ ਲੰਗਰੋਂ ਨਹੀਂ ਛਕਣਾ। ਇਸਤਰੀ ਤੇ ਕੰਨਿਆਂ ਗੁਰੂ ਕੇ ਲੰਗਰ ਵਿਚ ਪ੍ਰਸ਼ਾਦੇ ਪਕਾਉਣ ਤੇ ਭਾਂਡੇ ਮਾਂਜਣ ਦੀ ਸੇਵਾ ਕਰਦੀਆਂ ਤੇ ਭਾਈ ਉਧਮ ਜੰਗਲ ਨੂੰ ਚਲਿਆ ਜਾਂਦਾ। ਦੋ ਭਾਰ ਸੁਕੀਆਂ ਲਕੜਾਂ ਦੇ ਲਿਆਉਂਦਾ। ਇਕ ਭਾਰ ਗੁਰੂ ਕੇ ਲੰਗਰ ਵਿਚ ਸੁਟ ਦੇਂਦਾ ਤੇ ਇਕ ਭਾਰ ਦਾ ਅੱਧਾ ਹਿਸਾ ਬਜ਼ਾਰ ਵੇਚਦਾ ਤੇ ਅਧਾ ਘਰ ਰਖ ਲੈਂਦਾ। ਜੋ ਪੈਸੇ ਬਜ਼ਾਰੋਂ ਵਟਦਾ ਉਸਦਾ ਅੰਨ ਮੁਲ ਲੈਂਦਾ। ਜੋ ਅਧਾ ਭਾਰ ਘਰ ਰਖਦਾ ਉਹ ਲਕੜਾਂ ਇਕਠੀਆਂ ਹੁੰਦੀਆਂ ਜਾਂਦੀਆਂ। ਸਾਰਾ ਪ੍ਰਵਾਰ ਆਪ ਇਸਤਰੀ ਤੇ ਲੜਕੀ ਹਰ ਸਮੇਂ 'ਸਤਿਕਰਤਾਰ, ਸਤਿਕਰਤਾਰ' ਜਪਦੇ ਰਹਿੰਦੇ। ਕਿਸੇ ਨਾਲ ਲੜਾਈ ਨਾ ਝਗੜਾ, ਸਦਾ ਨਿਰਮਾਣਤਾ ਨਾਲ ਦਿਨ ਬਤੀਤ ਕਰਦੇ। ਸੇਵਾ ਤੇ ਭਗਤੀ ਜੀਵਨ ਦਾ ਮਨੋਰਥ ਬਣ ਗਈਆਂ। ਮੀਂਹ ਜਾਏ ਜਾਂ ਹਨੇਰੀ, ਉਹ ਜ਼ਰੂਰ ਲਕੜੀਆਂ ਦਾ ਭਾਰ ਲਿਆਉਂਦੇ। ਇਸ ਤਰ੍ਹਾਂ ਸੇਵਾ ਕਰਦਿਆਂ ਚਾਰ ਸਾਲ ਬੀਤ ਗਏ। ਮਾਘ ਲੰਘਿਆ ਫਗਣ ਦੇ ਦਿਨ ਆਏ, ਤਾਂ ਕਈ ਦਿਨ ਦੀਆਂ ਝੜੀਆਂ ਲਗ ਗਈਆਂ, ਕਰਤਾਰ ਦਾ ਭਾਣਾ ਐਸਾ ਹੋਇਆ ਕਿ ਸੁਕਾ ਬਾਲਣ ਕਿਤਿਉਂ ਨਾ ਲਭਾ। ਸਾਰੇ ਸ਼ਹਿਰ ਵਿਚ ਹੀ ਸੁਕੀਆਂ ਲਕੜਾਂ ਦੀ ਕਮੀ ਹੋ ਗਈ। ਬਹੁਤ ਸਾਰੇ ਦੁਕਾਨਦਾਰ ਭਾਈ ਉਦਮ ਜੀ ਕੋਲ ਆਏ ਕਿ ਉਹ ਸੁਕੀਆਂ ਲਕੜਾਂ ਵੇਚ ਦੇਵੇ ਤੇ ਜੋ ਜੀ ਕਰੇ ਰਕਮ ਲੈ ਲਵੇ। ਉਹਦੀ ਸਲਾਹ ਹੋਈ ਕੇ ਉਹ ਸੁਕੀਆਂ ਲਕੜਾਂ ਵੇਚੇ, ਪਰ ਸੌਦਾ ਹੋਣ ਤੋਂ ਪਹਿਲਾਂ

Digitized by Panjab Digital Library | www.panjabdigilib.org

ਉਹਦੀ ਇਸਤ੍ਰੀ ਘਰ ਆ ਗਈ, ਉਸ ਨੇ ਆਉਂਦਿਆ ਹੀ ਆਖਿਆ 'ਸੁਆਮੀ ਜੀ ।' ਗੁਰੂ ਕੇ ਲੰਗਰ ਵਿਚ ਸੁਕੀਆਂ ਲਕੜਾਂ ਦੀ ਕਮੀ ਆ ਗਈ ਹੈ। ਸਵੇਰ ਦਾ ਲੰਗਰ ਨਹੀਂ ਪਕੇਗਾ, ਕਿਹਾ ਚੰਗਾ ਹੋਵੇ ਜੇ ਸਾਰੀਆਂ ਲਕੜਾਂ ਗੁਰੂ ਕੇ ਲੰਗਰ ਵਿਚ ਜਾ ਸੁਟੀਏ । ਸ਼ਾਇਦ ਸਤਿਗੁਰੂ ਜੀ ਸਾਡੀਆਂ ਭੌਣੀਆਂ ਪੂਰੀਆਂ ਕਰ ਦੇਣ, ਰਾਤੀ ਤੁਸੀਂ ਆਖਦੇ ਸੀ ਚੰਗੇ ਟਕੇ ਵਟੇ ਜਾਣੇ ਨੇ, ਟਕਿਆਂ ਨੂੰ ਕੀ ਕਰਨਾ ਹੈ ਬਸ ਜੋ ਇਛਾ ਹੈ, ਉਹੋ ਹੀ ਸਤਿਗੁਰੂ ਪੂਰੀ ਕਰੇ। ਮੇਰੀ ਇਕਲੇ ਦੀ ਕੋਈ ਮਰਜ਼ੀ ਨਹੀਂ । ਜੋ ਤੂੰ ਸਲਾਹ ਦੇਂਦੀ ਹੈ, ਉਹੋ ਹੀ ਠੀਕ ਹੈ। ਹੁਣੇ ਚਲ ਲਕੜੀਆਂ ਢੋਣੀਆਂ ਸ਼ੁਰੂ ਕਰੀਏ । ਤੜਕੇ ਤਕ ਸਾਰੀਆਂ ਢੋਈਆਂ ਜਾਣਗੀਆਂ, ਭਾਈ ਉਦਮ ਦਾ ਉਤਰ ਸੀ।

ਉਸੇ ਵੇਲੇ ਘਰ ਦੇ ਤਿਨੇ ਜੀ ਲਕੜੀਆਂ ਢੋਣ ਲਗ ਪਏ। ਉਨ੍ਹਾਂ ਨੂੰ ਲੜਕੀਆਂ ਢੋਂਦਿਆਂ ਦੇਖ ਕੇ ਸਤਿਗੁਰੂ ਦੇ ਹੋਰ ਸਿਖ ਵੀ ਸੇਵਾ ਕਰਨ ਲਗ ਪਏ। ਅਧੀ ਰਾਤ ਤਕ ਸਾਰੀਆਂ ਲਕੜੀਆਂ ਗੁਰੂ ਕੇ ਲੰਗਰ ਵਿਚ ਪਹੁੰਚਾ ਦਿਤੀਆਂ ਗਈਆਂ।

ਸਵੇਰ ਹੋਣ ਤੋਂ ਪਹਿਲਾਂ ਹੀ ਬਾਰਸ਼ ਫਿਰ ਸ਼ੁਰੂ ਹੋ ਗਈ, ਸਾਰਾ ਦਿਨ ਮੋਹਲੇਧਾਰ ਬਾਰਸ਼ ਹੁੰਦੀ ਰਹੀ ਗੁਰੂ ਕੇ ਲੰਗਰ ਵਿਚ ਸੁਕਾ ਬਾਲਣ ਸੀ, ਸਹਜੇ ਹੀ ਲੰਗਰ ਤਿਆਰ ਹੋ ਗਿਆ, ਸਤਿਗੁਰੂ ਜੀ ਨੂੰ ਖਬਰ ਦਿਤੀ ਗਈ ਗੁਰੂ ਕਾ ਲੰਗਰ ਤਿਆਰ ਹੈ।

ਸਤਿਗੁਰੂ ਜੀ ਲੰਗਰ ਵਿਚ ਪੁਜੇ, ਪ੍ਰਸ਼ਾਦ ਤਿਆਰ ਹੋਇਆ ਤੇ ਸੁਕੀਆਂ ਲਕੜਾਂ ਦਾ ਢੇਰ ਦੇਖਕੇ ਸਤਿਗੁਰੂ ਜੀ ਨੇ ਪੁਛਿਆ, 'ਇਹ ਸੁਕੀਆਂ ਲਕੜਾਂ ਕਿਥੋਂ ਆਈਆਂ ?'

ਮੁਖੀ ਲਾਂਗਰੀ ਸਿਖ ਨੇ ਦੋਵੇਂ ਹਥ ਜੋੜ ਕੇ ਉਤਰ ਦਿਤਾ, 'ਸਚੇ ਪਾਤਸ਼ਾਹੋ । ਆਪ ਦਾ ਭਾਈ ਸਿਖ ਆਪਣੇ ਘਰੋਂ ਇਹ ਸਾਰਾ ਸੁਕਾ ਬਾਲਣ ਛਡ ਗਿਆ ਹੈ। ਤਿਨੇ ਜੀ ਸਾਰੀ ਰਾਤ ਬਾਲਣ ਢੋਂਦੇ ਰਹੇ ਹਨ। ਬਹੁਤ ਸ਼ਰਧਾਲੂ ਸਿਖ ਹਨ, ਰਾਤ ਦਿਨੇ ਸੇਵਾ ਕਰਦੇ ਹੋਏ ਅਕਦੇ ਥਕਦੇ ਨਹੀਂ । ਉਨਾਂ ਦੀ ਛੋਟੀ ਕਨਿਆ ਸਾਰਾ ਦਿਨ ਜੂਠੇ ਬਰਤਨ ਮਾਂਜਦੀ ਰਹਿੰਦੀ ਹੈ।

ਸਤਿਗੁਰੂ ਜੀ ਨੇ ਇਹ ਸਾਰਾ ਬਿਆਨ ਸੁਣਕੇ ਇਕ ਸਿਖ ਨੂੰ ਭੇਜਿਆ, ਕਿ ਉਹ ਭਾਈ ਉਦਮ ਜੀ ਨੂੰ ਸਦਕੇ ਲੈ ਆਵੇ । ਸਤਿਗੁਰੂ ਜੀ ਦਾ ਹੁਕਮ ਪਾਕੇ ਸਿਖ ਨਸ ਉਠਿਆ ਤੇ ਭਾਈ ਉਦਮ ਦੇ ਘਰ ਪਹੁੰਚ ਗਿਆ। ਉਦਮ ਜੰਗਲ ਨੂੰ ਜਾਣ ਵਾਸਤੇ ਤਿਆਰ ਸੀ।

ਸਿਖ ਨੇ ਸਤਿਗੁਰੂ ਜੀ ਦਾ ਹੁਕਮ ਸੁਣਾਇਆ। ਹੁਕਮ ਸੁਣਦੇ ਸਾਰ ਭਾਈ ਉਦਮ ਨੂੰ ਖੁਸ਼ੀਆਂ ਚੜ੍ਹ ਗਈਆਂ। ਉਹ ਖੁਸ਼ੀ ਵਿਚ ਨਚਣ ਲਗ ਪਿਆ। 'ਧੰਨ ਭਾਗ' ਮੇਰੇ ਸਤਿਗੁਰੂ ਜੀ ਨੇ ਮੈਨੂੰ ਯਾਦ ਕੀਤਾ ਹੈ, ਮੈਂ ਤਰ ਗਿਆ ਹੁਣ ਬੇੜਾ ਪਾਰ ਹੋ ਜਾਵੇਗਾ। ਧੰਨ ਧਨ ਸਤਿਗੁਰੂ ਜੀ, ਐਸੇ ਸਚੇ ਸਤਿਗੁਰੂ ਜੀ ਤੋਂ ਮੈਂ ਬਲਿਹਾਰ ਜਾਵਾਂ। ਇਉਂ ਖੁਸ਼ੀ ਵਿਚ ਸਤਿਗੁਰੂ ਜੀ ਦੀ ਉਸਤਤ ਕਰਦਾ ਹੋਇਆਂ ਗੁਰੂ ਕੇ ਲੰਗਰ ਵਲ ਦੌੜ ਗਿਆ। ਅਗੇ ਸਤਿਗੁਰੂ ਜੀ ਖਲੋਤੇ ਉਡੀਕ ਰਹੇ ਸਨ ' ਭਾਈ ਉਦਮ ਜੀ ਨੇ ਸਤਿ ਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕਿਆ, ਮਥਾ ਟੇਕ ਚੁਕਾ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ, 'ਭਾਈ ਉਦਮ ਤੇਰੀ ਘਾਲ ਥਾਏਂ ਪਈ ਤੂੰ ਦਰਗਾਹੋਂ ਨਿਹਾਲ ਹੋ ਗਿਆ। ਜੋ ਇਛਾ ਹੈ ਮੰਗ, ਤੂੰ ਸਾਧ

Digitized by Panjab Digital Library | www.panjabdigilib.org

ਸੰਗਤ ਦੀ ਸੇਵਾ ਕੀਤੀ ਹੈ, ਔਖੇ ਵੇਲੇ ਵੀ ਲੰਗਰ ਦੀ ਸੇਵਾ ਕੀਤੀ ਹੈ, ਅਸੀਂ ਬਹੁਤ ਖੁਸ਼ ਹਾਂ ਕਹੋ ਕੀ ਇਛਾ ਹੈ ? ਭਾਈ ਉਦਮ ਚੁਪ ਰਿਹਾ ਉਹ ਸੋਚਣ ਲਗਾ, 'ਕੀ ਮੰਗਾਂ ?' ਜੋ ਕੁਝ ਮੰਗਣਾ ਹੈ, ਉਹ ਕੁਝ ਮੰਗਦਿਆਂ ਹੋਇਆਂ ਮੈਨੂੰ ਸ਼ਰਮ ਆਉਂਦੀ ਹੈ।' ਉਹਦੀ ਜ਼ਬਾਨ ਨਾ ਹਿਲੀ, ਏਨੇ ਨੂੰ ਉਹਦੀ ਪੁਤ੍ਰੀ ਨੇ ਹੌਸਲਾ ਕੀਤਾ। ਉਹ ਹਥ ਜੋੜ ਬੋਲੀ 'ਮਹਾਰਾਜ ! ਇਕ ਵੀਰ ਦੀ ਲੋੜ ਹੈ। ਵੀਰ ਬਿਨਾ ਘਰ ਸੁੰਞਾ ਹੈ ਦਿਨੇ ਹਨੇਰਾ ਰਹਿੰਦਾ ਹੈ, ਮੇਹਰ ਕਰੋ, ਦਇਆ ਕਰੋ ਹੇ ਕਿਰਪਾਲੂ ਪਿਤਾ ਜੀ ਵੀਰ ਮਿਲੇ।

ਹੱਛਾ ਬੇਟੀ ਕਰਤਾਰ ਤੇਰੀ ਇਛਾ ਪੂਰੀ ਕਰੇਗਾ । ਤੈਨੂੰ ਵੀਰ ਮਿਲ ਜਾਵੇਗਾ। ਗੁਰੂ ਘਰ ਦਾ ਸ਼ਰਧਾਲੂ ਹੋਵੇਗਾ। ਇਹ ਬਚਨ ਕਰਕੇ ਸਤਿਗੁਰੂ ਜੀ ਅਗੇ ਤੁਰ ਗਏ।

"ਸਾਧ ਬਚਨ ਅਟਲਾਧਾ" ਮੇਰੇ ਸਚੇ ਸਤਿਗੁਰੂ ਜੀ ਦਾ ਬਚਨ ਸੀ ਖਾਲੀ ਕਿਵੇਂ ਜਾਂਦਾ ਸਤਿ ਗੁਰੂ ਜੀ ਤਾਂ ਆਪ ਪਰਮੇਸ਼ਰ ਸਨ। ਜਿਵੇਂ ਅਗੇ ਸੇਵਾ ਕਰਦੇ ਸੀ ਤਿਵੇਂ ਸੇਵਾ ਕਰਦਿਆਂ ਹੋਇਆ ਭਾਈ ਉਦਮ ਨੂੰ ਸਾਲ ਪੂਰਾ ਹੋ ਗਿਆ ਤਾਂ ਉਹਦੀ ਧਰਮ ਪਤਨੀ ਦੀ ਕੁਖੋਂ ਇਕ ਬਾਲਕ ਨੇ ਜਨਮ ਲਿਆ 'ਭਾਈ ਉਦਮ ਜੀ ਦੇ ਘਰ ਪੁਤ੍ਰ ਜਨਮਿਆਂ' ਸੇਵਾ ਦਾ ਫਲ ਮਿਲ ਗਿਆ।" ਸਾਧ ਸੰਗਤ ਵਿਚ ਇਉਂ ਚਰਚਾ ਹੋਈ।

ਭਾਈ ਉਦਮ ਦਾ ਪੁਤ੍ਰ ਸਤਵੇਂ ਪਾਤਸ਼ਾਹ ਤਕ ਗੁਰੂ ਘਰ ਦੀ ਸੇਵਾ ਕਰਦਾ ਰਿਹਾ । ਉਸ ਦੀ ਵੰਸ਼ ਵਿਚੋਂ ਕੈਂਥਲ ਦੇ ਰਾਜੇ ਰਾਜਾ ਲਾਲ ਸਿੰਘ ਤੇ ਰਾਜਾ ਉਦੇ ਸਿੰਘ ਜੀ ਹੋਏ ਹਨ । ਰਾਜਾ ਉਦੇ ਸਿੰਘ ਜੀ ਨੇ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਪਾਸੋਂ "ਸੂਰਜ ਪ੍ਰਕਾਸ਼" ਗ੍ਰੰਥ ਤਿਆਰ ਕਰਵਾਇਆ ਸੀ। ਦੋ ਪਿੰਡ ਜਗੀਰ ਦੇ ਦਿਤੇ ਸਨ। ਸੂਰਜ ਪ੍ਰਕਾਸ਼ ਗ੍ਰੰਥ ਸੰਮਤ ੧੮੯੮ ਨੂੰ ਸੰਪੂਰਨ ਹੋਇਆ ਸੀ। ਇਸ ਤਰਾਂ ਸਤਿਗੁਰੂ ਜੀ ਦਾ ਵਰ ਪੂਰਾ ਹੋਇਆ।

# ਪੰਜਵੀਂ ਪਾਤਸ਼ਾਹੀ ਦੇ ਸਿੱਖ

## ਭਾਈ ਗੰਗਾ ਰਾਮ ਬ੍ਰਹਿਮਣ ਦੀ ਬਾਜਰੀ ਦਾ ਮੁਲ

ਸੰਮਤ ੧੬੪੫ ਬਿ: ਸਾਲ ਦਾ ਸ਼ੁਰੂ ਪੱਖ ਸੀ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸੰਤੋਖਸਰ ਸਰੋਵਰ ਦੀ ਸੇਵਾ ਕਰਵਾ ਰਹੇ ਸਨ। ਸੰਗਤ ਬਹੁਤ ਜੁੜੀ ਹੋਈ ਸੀ, ਗੁਰੂ ਕਾ ਲੰਗਰ ਅਤੁਟ ਚਲ ਰਿਹਾ ਸੀ। ਸਰੋਵਰ ਦੀ ਸੰਪੂਰਨਤਾ ਵੀ ਨੇੜੇ ਹੀ ਸੀ ਕਿ ਇਕ ਸੁਦਾਗਰ ਗੰਗਾ ਰਾਮ ਬ੍ਰਾਹਮਣ ਊਠਾਂ ਉਤੇ ਬਾਜਰੀ ਲੱਦਕੇ ਵੇਚਣ ਵਾਸਤੇ ਆਇਆ। ਭਾਵੇਂ ਉਸ ਅਗੇ ਜਾਣਾ ਸੀ, ਸਾਹ ਕੱਢਣ ਤੇ ਰਾਤ ਰਹਿਣ ਵਾਸਤੇ ਸੰਤੋਖ ਸਰ ਦੇ ਨੇੜੇ ਹੀ ਸੰਘਣੇ ਰੁਖਾਂ ਵਿਚ ਡੇਰਾ ਲਾ ਦਿਤਾ । ਉਸ ਦੇ ਕੋਲ ਪੰਜ ਸੌ

Digitized by Panjab Digital Library | www.panjabdigilib.org

ਮਣ ਬਾਜਰੀ ਸੀ। ਬਠਿੰਡੇ ਦੇ ਇਲਾਕੇ ਵਿਚ ਉਹਦਾ ਘਰ ਸੀ। ਬਹੁਤੇ ਰੁਪਏ ਵਟਣ ਦੇ ਕਾਰਨ ਕਰਕੇ ਆਪਣੇ ਘਰ ਤੋਂ ਦੂਰ ਆਇਆ ਸੀ। ਉਹਦੇ ਕੋਲ ਭਾਵੇਂ ਪਹਿਲਾਂ ਬਹੁਤ ਧਨ ਸੀ, ਪਰ ਫੇਰ ਵੀ ਹੋਰ ਧਨ ਇਕੱਤਰ ਕਰਨ ਦੀ ਭੁਖ ਉਸ ਨੂੰ ਕਦੀ ਕਦੀ ਤੰਗ ਕਰਦੀ ਸੀ। ਆਦਮੀਆਂ ਨੂੰ ਨਾਲ ਲੈ ਕੇ ਬੀਕਾ ਨੇਰ ਤੇ ਰਾਜਸਥਾਨ ਦੇ ਮਾਰੂਥਲਾਂ ਵਿਚੋਂ ਅਨਾਜ ਖਰੀਦ ਦਾ ਤੇ ਮਾਝੇ ਵਿਚ ਵੇਚਣ ਆਉਂਦਾ।

ਉਸ ਨੇ ਦੇਖਿਆ ਕਿ ਸਰੋਵਰ ਪੱਕਾ ਹੋ ਰਿਹਾ ਸੀ। ਬਿਨਾਂ ਮਜੂਰੀ ਤੋਂ ਪ੍ਰੇਮ ਤੇ ਸ਼ਰਧਾ ਨਾਲ ਲੋਕ ਟੋਕਰੀ, ਇੱਟ ਵਟੇ ਤੇ ਚੂਨੇ ਦੀ ਸੇਵਾ ਕਰ ਰਹੇ ਸਨ। ਸੇਵਾ ਕਰਨ ਵਾਲਿਆਂ ਵਿਚ ਅਮੀਰਾਂ ਤੇ ਗਰੀਬਾਂ ਦੀਆਂ ਬਹੂ-ਬੇਟੀਆਂ ਵੀ ਸਨ। ਕਈ ਰਾਜਕੁਮਾਰ ਤੇ ਸ਼ਾਹੂਕਾਰਾਂ ਦੇ ਸਪੁਤ੍ਰ ਸੇਵਾ ਕਰ ਰਹੇ ਸਨ। ਗੁਰੂ ਕਾ ਲੰਗਰ ਖੁਲਾ ਵਰਤ ਰਿਹਾ ਸੀ, ਕਿਸੇ ਗਲ ਦਾ ਘਾਟਾ ਨਹੀਂ ਸੀ। ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਣ ਵਾਲੇ ਕਿਸੇ ਨੂੰ ਕੋਈ ਨਹੀਂ ਰੋਕਦਾ। ਸ਼ਾਹੂਕਾਰ ਸੁਦਾਗਰ ਗੰਗਾ ਰਾਮ ਨੇ ਵੀ ਆਪਣੇ ਆਦਮੀਆਂ ਸਮੇਤ ਗੁਰੂ ਕੇ ਲੰਗਰੋ ਪ੍ਰਸ਼ਾਦਾ ਛਕਿਆ। ਪ੍ਰਸ਼ਾਦਾ ਛਕਕੇ ਆਪਣੇ ਡੇਰੇ ਨੂੰ ਆਇਆ ਸੀ ਕਿ ਅਸਮਾਨ ਉਤੇ ਬਦਲ ਹੋ ਗਏ। ਵੇਖਦਿਆਂ ਵੇਖਦਿਆਂ ਬਾਰਸ਼ ਹੋਣ ਲੱਗ ਪਈ ਐਸੀ ਬਾਰਸ਼ ਹੋਈ ਕਿ ਉਹ ਕਈ ਦਿਨ ਦੀ ਝੜੀ ਦਾ ਰੂਪ ਬਣ ਬੈਠੀ। ਝੜੀ ਦੇ ਕਾਰਨ ਗੰਗਾ ਰਾਮ ਨੂੰ ਰੁਕਣਾ ਪੈ ਗਿਆ। ਗੁਰੂ ਘਰ ਦੀ ਮਹਿਮਾ ਨੇ ਉਹਦੇ ਮਾਯਾਵਾਦੀ ਮਨ ਉਤੇ ਅਸਰ ਕੀਤਾ। ਉਸ ਨੂੰ ਗੁਰਬਾਣੀ ਦਾ ਕੀਰਤਨ ਚੰਗਾ ਲਗਾ। ਸੇਵਾ ਵਾਲਿਆਂ ਦਾ ਸਤਕਾਰ ਕਰਨ ਲਗਾ ਅਤੇ ਸਤਿ ਸੰਗਤ ਵਿਚ ਇਕ ਦਿਨ ਜਾ ਬੈਠਾ। ਅਗੇ ਸਤਿਗੁਰੂ ਸਾਹਿਬ ਉਪਦੇਸ਼ ਕਰ ਰਹੇ ਸਨ। 'ਮਾਇਆ ਧਾਰੀਆਂ ਦੀ ਉਲਟੀ ਮਤ ਤੇ ਮਾਇਆ ਧਾਰੀ ਨੂੰ ਅੰਨਾ, ਬੋਲਾ ਸਾਹਿਬ ਦੱਸ ਰਹੇ ਸਨ ਕਿ ਮਾਇਆ ਮਨੁਖ ਨੂੰ ਕਿਉ ਕਠੀ ਕਟਨੀ ਚਾਹੀਦੀ ਹੈ ? ਕਿਥੇ ਵਰਤਣੀ ਚਾਹੀਦੀ ਹੈ ? ਮਾਇਆ ਤੇ ਧਰਮ ਦਾ ਕੀ ਸਬੰਧ ਹੈ ? ਸਤਿਗੁਰੂ ਜੀ ਦੇ ਬਚਨ ਹਰ ਇਕ ਹਿਰਦੇ ਵਿਚ ਖੁਬਦੇ ਜਾਂਦੇ ਸਨ। ਹਿਰਦਿਆਂ ਉਤੋਂ ਜਨਮ ਜਨਮ ਦੀ ਮੈਲ ਲਥਦੀ ਜਾਂਦੀ ਸੀ ਉਹ ਸੁਰਜੀਤ ਹੁੰਦੇ ਜਾਂਦੇ ਸਨ। 'ਜੀਵ ਦਾ ਮਨ ਬਾਂਦਰ ਦੀ ਨਿਆਈਂ ਹੈ। ਉਹ ਹੰਕਾਰ ਦੀ ਰੰਗਣ ਵਿਚ ਰੰਗਿਆ ਹੋਇਆ ਨਚਦਾ ਫਿਰਦਾ ਹੈ। ਇਕ ਥਾਂ ਟਿਕਦਾ ਨਹੀਂ। 'ਸਿੰਚਹਿ ਦਰਬੁ ਦੇਹਿ ਦੁਖੁ ਲੋਗ। ਤੇਰੇ ਕਾਜਿ ਨਾ ਅਵਰਾ ਜੋਗ।" ਸਾਹਿਬਾਂ ਕਿਹਾ ਮਨੁਖ ਨੂੰ ਧਨ ਇਕਠਾ ਕਰਨ ਦੀ ਭੁਖ ਹੈ। ਕਈਆਂ ਮਾੜਿਆਂ ਮਨੁਖਾਂ ਨੂੰ ਤੰਗ ਤੇ ਦੁਖੀ ਕਰਕੇ ਧਨ ਇਕਠਾ ਕਰਦਾ ਹੈ। ਇਹ ਨਹੀਂ ਸਮਝਦਾ ਕਿ ਧਨ ਉਹਦੇ ਜੋਗਾ ਨਹੀਂ ਸਗੋਂ ਲੋਕਾਂ ਜੋਗਾ ਹੈ। ਧੀਆਂ, ਪੁਤ੍ਰ ਤੇ ਨੂਹਾਂ ਉਸ ਨੂੰ ਖਰਚ ਖਾ ਜਾਂਦੀਆਂ ਹਨ। ਜਾਂ ਚੋਰ ਲੁਟ ਕੇ ਖਰਚ ਦੇਂਦਾ ਹੈ। ਧਨ ਇਕਠਾ ਕਰਨ ਵਾਲਾ ਪਛਤਾਉਂਦਾ ਹੀ ਮਰ ਜਾਂਦਾ ਹੈ। ਜਦੋਂ ਮਰਦਾ ਹੈ ਤਾਂ 'ਕਰਿ ਅਹਿੰਕਾਰੁ ਹੋਇ ਵਰਤਹਿ ਅੰਧ। ਜਮ ਕੀ ਜੇਵੜੀ ਤੂੰ ਆਗੈ ਬੰਧ।' ਉਸ ਹੰਕਾਰੀ ਦੀ ਮਾੜੀ ਦਸ਼ਾ ਹੁੰਦੀ ਹੈ। ਜਮ ਉਹਦੇ ਗਲ ਵਿਚ ਰੱਸੀ ਪਾ ਕੇ ਖਿਚ ਤੁਰਦਾ ਹੈ। ਜਮ ਉਸ ਨੂੰ ਨਰਕਾਂ ਵਿਚ ਦੁਖ ਦੇਂਦਾ ਹੈ। ਹਰ ਪੁਰਸ਼ ਨੂੰ ਇਹ ਗਿਆਨ ਹੋਣਾ ਚਾਹੀਏ "ਛਾਡਿ ਵਿਡਾਣੀ ਤਾਤਿ ਮੂੜੇ" ਈਹਾ ਬਸਨਾ ਰਾਤਿ ਮੂੜੇ। ਮਾਇਆ ਕੇ ਮਾਤੇ ਤੈ ਉਠਿ ਚਲਣਾ। ਰਚਿ ਰਿਹਿਓ ਤੂੰ ਸੰਗਿ ਸੁਪਨਾ। ਰਹਾਉ।' ਕਿ ਬਿਗਾਨੀ ਚਿੰਤਾ ਨੂੰ ਛੱਡ। ਬਿਗਾਨੀ ਚਿੰਤਾ ਹੈ–ਮੈਂ ਉਲਾਦ ਵਾਸਤੇ ਧਨ ਇਕਠਾ ਕਰਾਂ, ਮਕਾਨ ਪਾਵਾਂ, ਧਰਤੀ ਖਰੀਦ ਛਡਾਂ, ਪੋਤਰੇ ਸੁਖੀ ਹੋਣਗੇ ਆਦਿਕ। ਪਰ ਇਹ ਨਹੀਂ ਜਾਣਦਾ ਕਿ ਇਥੇ ਤਾਂ ਇਕ ਰਾਤ ਆਪ ਰਹਿਣਾ ਹੈ। ਦਾਹਵੇ ਕਰ

Digitized by Panjab Digital Library | www.panjabdigilib.org

ਰਿਹਾ ਹੈ ਕਈ ਸਾਲ ਜਿਉਣ ਦੇ। ਮਾਇਆ ਮਧ ਮਤੇ ਹੰਕਾਰੀ ਨੇ, ਉਠ ਕੇ ਤੁਰ ਜਾਣਾ ਹੈ। ਐਵੇਂ ਉਸ ਜਗਤ ਨਾਲ ਪਿਆਰ ਪਾ ਰਿਹਾ ਹੈ, ਸੋ ਸੁਪਨੇ ਦੀ ਨਿਆਈ ਹੈ। ਕੋਈ ਪਤਾ ਨਹੀਂ ਕੇਹੜੇ ਵੇਲੇ ਧਰਮ ਰਾਜ ਦਾ ਸੱਦਾ ਆ ਜਾਣਾ ਹੈ। ਜਦੋਂ ਜਮਾਂ ਨੇ ਅਗੇ ਲਾ ਤੋਰਨਾ ਹੈ, ਤਦੋਂ ਉਨਾਂ ਨਾ ਮਨੁਖ ਦੇ ਧਨ ਨੂੰ ਵੇਖਣਾ ਹੈ ਤੇ ਨਾ ਧੀਆਂ ਪੁਤ੍ਰਾਂ ਨੂੰ ਮਿਲਣ ਦੇਣਾ ਹੈ।

ਸਤਿਗੁਰੂ ਜੀ ਨੇ ਪ੍ਰਕਰਣ ਨੂੰ ਜਾਰੀ ਰਖਦਿਆਂ ਹੋਇਆਂ ਫਰਮਾਇਆ, ਮਨੁਖ ਦੀ ਉਮਰ ਦੇ ਚਾਰ ਹਿਸੇ ਹੁੰਦੇ ਹਨ–'ਬਾਲ ਬਿਵਸਥਾ ਬਾਰਿਕ ਅੰਧ' ਕਿ ਪਹਿਲੀ ਅਵਸਥਾ (ਹਿੱਸਾ) ਬਾਲਪਨ ਹੈ। ਉਸ ਅਵਸਥਾ ਵਿਚ ਮਨੁਖ ਅਗਿਆਨੀ ਹੁੰਦਾ ਹੈ। ਕਿਸੇ ਗਲ ਦੀ ਸੂਝ ਬੂਝ ਨਹੀਂ ਹੁੰਦੀ ਮਾਂ ਬਾਪ ਦੇ ਆਸਰੇ ਉਨਾਂ ਦੇ ਕਹਿਣ ਉਤੇ ਦਿਨ ਕਟਦਾ ਹੈ। ਪਰ ਜਦ ਦੂਸਰੀ ਅਵਸਥਾ ਵਿਚ ਪੁਜਦਾ ਹੈ ਜਿਸ ਨੂੰ ਜਵਾਨੀ ਆਖਦੇ ਹਨ–"ਭਰਿ ਜੋਬਨਿ ਲਗਾ ਦੁਰਗੰਧ" ਉਸ ਅਵਸਥਾ ਵਿਚ ਪਾਪ ਕਰਮ ਵਿਚ ਰੁਝ ਜਾਂਦਾ ਹੈ। ਹੰਕਾਰ ਤੇ ਕਾਮ ਦੋਵੇਂ ਸਤਾਉਂਦੇ ਹਨ ਦੋਵਾਂ ਦਾ ਗੁਲਾਮ ਹੋ ਕੇ ਜਗਤ ਕਰਤਾ ਨੂੰ ਭੁਲ ਜਾਂਦਾ ਹੈ। ਸ਼ਰਮ ਨਹੀਂ ਕਰਦਾ ਬੁਰਾ ਭਲਾ ਨਹੀਂ ਚਿਤਾਰਦਾ। "ਤ੍ਰਿਤੀਆਂ ਬਿਵਸਥਾ ਸਿੰਚੇ ਪਾਇ।" ਜਦੋਂ ਅਧਖੜ ਉਮਰ ਆਉਂਦੀ ਹੈ। ਜਿਸ ਵੇਲੇ ਹੰਕਾਰ ਤੇ ਕਾਮ ਦਾ ਬਲ ਮਧਮ ਪੈ ਜਾਂਦਾ ਹੈ ਤਾਂ ਮਨੁਖ ਨੂੰ ਮਾਇਆ ਇਕਠੀ ਕਰਨ ਦੀ ਲਗਨ ਲਗ ਜਾਂਦੀ ਹੈ। ਫਿਰ ਉਹ ਪਾਪ ਤੇ ਕੁਕਰਮ ਕਰਕੇ ਮਾਇਆ ਇਕਤ੍ਰ ਕਰਦਾਂ ਹੈ ਉਹ ਮਾਇਆ ਪਾਪਾ ਦਾ ਖਜ਼ਾਨਾਂ ਤੇ ਭਾਰ ਬਣਦੀ ਹੈ। ਜਿਸ ਵੇਲੇ ਬੁਢੇਪਾ ਆਇਆ "ਬਿਰਧ ਭਇਆ ਛੋਡਿ ਚਲਿਓ ਪਛੁਤਾਇ ॥ ੨ ॥" ਤਾਂ ਜਮਾਂ ਨੇ ਅਗੇ ਲਾ ਤੋਰ ਲਿਆ ਤੁਰਦਾ ਹੋਇਆ ਮਨੁਖ ਪਛਤਾਉਣ ਲਗਾ ਕਿਉਂਕਿ ਸਾਰੇ ਪਾਪ ਤੇ ਕੁਕਰਮ ਅਗੇ ਆ ਖਲੋਤੇ, ਧੀਆਂ, ਪੁਤ੍ਰਾਂ, ਇਸਤ੍ਰੀ ਤੇ ਦੌਲਤ ਨੂੰ ਛਡ ਤੁਰਿਆਂ, ਕਿਸੇ ਨੇ ਸਾਥ ਨਾ ਦਿਤਾ। ਪਾਪਾਂ ਦਾ ਭਾਰ ਉਹਦਾ ਕਚੂਮਰ ਕੱਢਣ ਲਗਾ। ਪਰ ਮਨੁਖ ਇਹ ਨਹੀਂ ਸੋਚਦਾ ਕਿ 'ਚਿਰੰਕਾਲ ਪਾਇ ਦੁਰਲਭ ਦੇਹ। ਨਾਮ ਬਿਹੂਣੀ ਹੋਈ ਖੇਹ ॥ ਪਸੂ ਪਰੇਤ ਮੁਗਧ ਤੇ ਬੁਰੀ। ਤਿਸਹਿ ਨਾ ਬੂਝੈ ਜਿਨਿ ਇਹ ਸਿਰੀ ਕਈਆਂ ਸਦੀਆਂ ਪਿਛੋਂ ਇਹ ਚੰਗੀ ਮਨੁਖਾ ਦੇਹ ਹਾਸਲ ਕੀਤੀ ਪਰ ਪ੍ਰਮਾਤਮਾ ਦੇ ਸਿਮਰਨ ਤੋਂ ਬਿਨਾਂ ਇਹ ਚੰਦਨ ਵਰਗੀ ਦੇਹ ਖਾਕ ਵਿਚ ਰਲ ਜਾਂਦੀ ਹੈ। ਇਸ ਦੀਆਂ ਆਤਮਾ ਪਸ਼ੂ ਤੇ ਹੋਰ ਜੀਵਾਂ ਦੀਆਂ ਆਤਮਾਵਾਂ ਨਾਲੋਂ ਵੀ ਬੁਰੀ ਹੋ ਜਾਂਦੀ ਹੈ। ਇਹ ਨਹੀਂ ਸੋਚਿਆ ਕਿ ਮਨੁਖ ਦੇਹ ਪ੍ਰਾਪਤ ਕਰਨ ਦਾ ਮਨੋਰਥ ਸਿਰਫ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਹੈ ਕਿਉਂਕਿ ਜੀਵ ਬਹੁਤ ਚਿਰ ਤੋਂ ਈਸ਼ਵਰ ਨਾਲੋਂ ਵਿਛੜਿਆ ਹੋਇਆ ਮਨੁਖ ਜਨਮ ਵਿਚ ਹੀ ਈਸ਼੍ਵਰ ਨਾਲ ਮਿਲ ਸਕਦਾ ਹੈ। ਇਸ ਵਾਸਤੇ ਹੇ ਸੰਤ ਜਨੋ। ਸਦਾ ਅਰਦਾਸ ਕਰੋ ਕਿ ਪ੍ਰਮਾਤਮਾ ਦਇਆ ਕਰਕੇ ਆਪਣੇ ਕੋਲ ਸੱਦ ਲਵੇ। ਦੀਨ ਦਿਆਲ ਪ੍ਰਮਾਤਮਾ ਦੀ ਸ਼ਰਨ ਵਿਚ ਸਦੀਵੀ ਕਾਲ ਵਾਸਤੇ ਰਹੀਏ।

'ਸੁਣਿ ਕਰਤਾਰ ਗੋਵਿੰਦ ਗੁਪਾਲ। ਦੀਨ ਦਿਆਲ ਸਦਾ ਕਿਰਪਾਲ।
ਤੁਮਹਿ ਛੁਡਾਵਹੁ ਛੁਟਕਹਿ ਬੰਧ। ਬਖਸਿ ਮਿਲਾਵਹੁ ਨਾਨਕ ਜਗ ਅੰਧ।

ਉਪਦੇਸ਼ ਨੂੰ ਗੰਗਾ ਰਾਮ ਨੇ ਸੁਣਿਆ। ਉਸ ਨੂੰ ਇੰਞ ਪ੍ਰਤੀਤ ਹੋਇਆ ਜਿਵੇਂ ਸਤਿਗੁਰੂ ਜੀ ਨੇ ਉਹਦੇ ਬੀਤੇ ਤੇ ਵਰਤਮਾਨ ਜੀਵਨ ਨੂੰ ਬਿਆਨ ਕੀਤਾ ਹੈ। ਜਵਾਨੀ ਵਿਚ ਉਸਨੇ ਹੰਕਾਰੀ ਤੇ ਪਾਪ ਤੇ ਕਾਮ ਦੇ ਵਸ ਹੋਕੇ ਕਈ ਪਾਪ ਕਕਮ ਵੀ ਕੀਤੇ ਸਨ। ਜੁਵਾਨੀ ਤੋਂ ਟਪ ਕੇ ਮਾਇਆ ਇਕਠੀ ਕਰਨ

Digitized by Panjab Digital Library | www.panjabdigilib.org

ਵਿਚ ਰੁਝ ਗਿਆ ਸੀ। ਘਟ ਤੋਲ ਕੇ ਦਿਤਾ ਤੇ ਵੱਧ ਤੋਲ ਕੇ ਲਿਆ। ਕਈ ਹੇਰਾ ਫੇਰੀਆਂ ਕੀਤੀਆਂ। ਉਹ ਸਾਰਾ ਵਿਖਿਆਨ ਸੁਣਕੇ ਸੋਚਾਂ ਵਿਚ ਡੁਬ ਗਿਆ। ਸੋਚਾਂ ਵਿਚ ਗਵਾਚਾ ਹੋਇਆ ਹੀ ਉਹ ਆਪਣੇ ਡੇਰੇ ਵਿਚ ਆ ਪੁਜਾ। ਰਾਤ ਸਾਰੀ ਘਬਰਾਹਟ ਵਿਚ ਕਟੀ। ਨੀਂਦ ਨਾ ਆਈ, 'ਮੈ ਪਾਪੀ! ਮੈਂ ਮਾਇਆ ਕਿਸ ਵਾਸਤੇ ਇਕਠੀ ਕਰ ਰਿਹਾ ਹਾਂ? ਧੀਆਂ ਪੁਤ੍ਰ ਤੇ ਧਨ ਜਗਤ ਉਤੇ ਰਹਿ ਜਾਣਾ ਹੈ। ਇਹ ਨਾਲ ਨਹੀਂ ਜਾਣਾ। ਜਿਵੇਂ ਮੇਰਾ ਬਾਬਾ ਤੇ ਦਾਦਾ ਛੱਡ ਕੇ ਤੁਰ ਗਏ। ਉਹ ਕੀ ਨਾਲ ਲੈ ਗਏ ਹਨ।' ਸਵੇਰ ਹੋਈ ਤਾਂ ਉਹ ਸਤਿਗੁਰੂ ਜੀ ਦੇ ਦਰਬਾਰ ਵਲ ਗਿਆ, ਦਰਸ਼ਨ ਕੀਤੇ, ਸਤਿਗੁਰੂ ਜੀ ਦੀ ਸ਼ਰਨ ਵਿਚ ਬੈਠ ਗਿਆ। ਅਜੇ ਬੈਠਾ ਹੀ ਸੀ ਕਿ ਗੁਰੂ ਕੇ ਲੰਗਰ ਕੇ ਮੁਖੀਏ ਨੇ ਆਕੇ ਬੇਨਤੀ ਕੀਤੀ, 'ਸਚੇ ਪਾਤਸ਼ਾਹੋ। ਲੰਗਰ ਵਿਚ ਆਟਾ ਨਹੀਂ ਹੈ। ਝੜੀ ਦੇ ਕਾਰਨ ਆ ਨਹੀਂ ਸਕਿਆ।'

'ਕਰਤਾਰ ਭੇਜੇਗਾ।' ਇਹ ਆਖ ਕੇ ਸਤਿਗੁਰੂ ਜੀ ਚੁਪ ਹੋ ਗਏ। ਗੰਗਾ ਰਾਮ ਨੇ ਸੁਣਿਆ ਲੰਗਰ ਵਿਚ ਆਟਾ ਨਹੀਂ, ਫਿਰ ਉਸ ਨੇ ਸੁਣਿਆ, ਕਰਤਾਰ ਭੇਜੇਗਾ। ਉਹਦੀ ਆਤਮਾ ਨੇ ਆਵਾਜ਼ ਦਿਤੀ, ਗੰਗਾ ਰਾਮ ਛੇਤੀ ਕਰ ਵੇਲਾ ਹਥੋਂ ਨਾ ਗਵਾ, ਤਰ ਜਾਵੇਂਗਾ, ਕਹਿ ਦੇ ਉਠ ਕੇ ਗੁਰੂ ਜੀ ਮੇਰੀ ਬਾਜਰੀ ਹਾਜ਼ਰ ਹੈ। ਕਰਤਾਰ ਨੇ ਸ਼ਾਇਦ ਤੈਨੂੰ ਹੀ ਭੇਜਿਆ ਹੈ। ਉਦਮ ਕਰ, ਪਿਛੇ ਜੋ ਕੀਤਾ ਚੰਗਾ ਕੀਤਾ, ਅਗੇ ਸੋਚ ਸਮਝ ਕੇ ਕਰ। ਆਤਮਾ ਦੀ ਪੁਕਾਰ ਨੂੰ ਸੁਣ ਕੇ ਗੰਗਾਂ ਰਾਮ ਉਠ ਕੇ ਖਲੋ ਗਿਆ। ਦੋਵੇਂ ਹਥ ਜੋੜੇ ਗਲ ਵਿਚ ਪੱਲੂ ਪਾ ਕੇ ਸਤਿਗੁਰੂ ਅਗੇ ਬੇਨਤੀ ਕੀਤੀ, 'ਹੇ ਦੀਨ ਦਿਆਲ! ਦਇਆ ਦੇ ਸਾਗਰੋ! ਗੁਰੂ ਲੰਗਰ ਦੀ ਸੇਵਾ ਵਾਸਤੇ ਮੈਨੂੰ ਬਲ ਬਖਸ਼ਿਆ ਜਾਵੇ। ਮੇਰੇ ਕੋਲ ਬਾਜਰੀ ਦੇ ਊਠ ਹਨ। ਲੋੜ ਅਨੁਸਾਰ ਬਾਜਰੀ ਲੰਗਰ ਵਿਚ ਵਰਤੀ ਜਾਵੇ।'

'ਤੇਰੀ ਸ਼ਰਧਾ।' ਸਤਿਗੁਰੂ ਜੀ ਬਚਨ ਕੀਤਾ। ਗੰਗਾ ਰਾਮ ਸਤਿਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕ ਕੇ ਆਪਣੇ ਡੇਰੇ ਵਲ ਨਠ ਉਠਿਆ। ਸੋ ਮਣ ਦੇ ਲਗ ਭਗ ਬਾਜਰੀ ਅਨਤੋਲੀ ਹੀ ਭਾਰ ਖੋਲ੍ਹ ਕੇ ਲੰਗਰ ਵਿਚ ਜਾ ਉਲਟੀ। ਸਬਬ ਐਸਾ ਬਣਿਆ ਕਿ ਇਕ ਸਿਖ ਤਿਲ ਲੈ ਕੇ ਆ ਗਿਆ। ਸਤਿਗੁਰੂ ਜੀ ਨੇ ਤਿਲ ਤੇ ਬਾਜਰੀ ਮਿਲਾ ਕੇ ਘੁੰਘਣੀਆਂ ਤਿਆਰ ਕਰਾ ਦਿਤੀਆ। ਸੰਗਤਾਂ ਨੇ ਖੁਸ਼ ਹੋ ਕੇ ਛਕੀਆਂ। ਹੌਲੀ ੨ ਗੰਗਾ ਰਾਮ ਜੀ ਦੀ ਪੰਜ ਸੌ ਮਣ ਬਾਜਰੀ ਗੁਰੂ ਕੇ ਲੰਗਰ ਵਿਚ ਵਰਤੀ ਗਈ। ਗੰਗਾ ਰਾਮ ਪਿਛੇ ਮੁੜਨ ਦੀ ਥਾਂ ਸਤਿਗੁਰੂ ਜੀ ਦੇ ਹਜ਼ੂਰ ਹੀ ਰਿਹਾ। ਊਠਾਂ ਅਤੇ ਬੰਦਿਆਂ ਨੂੰ ਗੁਰੂ ਕੇ ਲੰਗਰ ਵਾਸਤੇ ਲਕੜਾਂ ਅਤੇ ਸਰੋਵਰ ਵਾਸਤੇ ਇਟਾਂ ਢੋਣ ਵਾਸਤੇ ਲਾ ਦਿਤੇ। ਤਨੋਂ ਮਨੋਂ ਤੇ ਧਨੋਂ ਸੇਵਾ ਕਰਨ ਲਗਾ। ਥੋੜਾ ਚਿਰ ਪਿਛੋਂ ਇਕ ਦਿਨ ਦੂਰ ੨ ਤੋਂ ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਈਆਂ। ਕਰਤਾਰ ਦਾ ਭਾਣਾ ਐਸਾ ਹੋਇਆ, ਮਾਇਆ ਹੀ ਮਾਇਆ ਇਕਠੀ ਹੋ ਗਈ। ਸੋਨੇ ਦੀਆਂ ਮੋਹਰਾਂ ਤੇ ਚਾਂਦੀ ਦੇ ਰੁਪਇਆਂ ਦਾ ਅੰਤ ਨਾ ਰਿਹਾ। ਸਤਿਗੁਰੂ ਜੀ ਨੇ ਮੋਹਰਾਂ ਦੀ ਥੈਲੀ ਗੰਗਾ ਰਾਮ ਵਲ ਕਰਕੇ ਆਖਿਆ, 'ਮਿਸਰ ਜੀ! ਆਪਣੀ ਬਾਜਰੀ ਦਾ ਮੁਲ ਲੈ ਲਵੋ। ਆਪ ਨੇ ਵੇਲੇ ਸਿਰ ਗੁਰੂ ਸੰਗਤਾਂ ਦੀ ਸੇਵਾ ਕੀਤੀ ਹੈ। ਕਰਤਾਰ ਤੁਸਾਂ ਦਾ ਭਲਾ ਕਰੇ।'

ਗੰਗਾ ਰਾਮ ਉਠ ਕੇ ਖਲੋ ਗਏ। ਗਲ ਵਿਚ ਪੱਲੂ ਪਾਇਆ, ਬੇਨਤੀ ਕੀਤੀ–'ਦਾਤਾ ਤੁਸਾਂ ਦੇ ਦਰਬਾਰ ਵਿਚੋਂ ਮਾਇਆ ਨੂੰ ਲੈ ਜਾਵਾਂ? ਇਹ ਮਾਇਆ ਥੋੜੇ ਕੋਲ ਹੀ ਕੈਦਣ ਬਣ ਕੇ ਰਹਿ ਸਕਦੀ ਹੈ। ਮੇਰਾ ਤਾਂ ਸਰਬ ਨਾਸ ਕਰ ਦੇਵੇਗੀ। ਇਹ ਜਗਤ ਵਿਚ ਰਹਿ ਜਾਵੇਗੀ। ਮੈਨੂੰ ਤਾਂ ਐਸੀ ਵਸਤੂ ਦੀ

Digitized by Panjab Digital Library | www.panjabdigilib.org

ਲੋੜ ਹੈ ਜੋ ਦਰਗਾਹੇ ਸਹਾਈ ਹੋਵੇ। ਬਸ ਨਾਮ ਦਾਨ ਬਖਸ਼ੋ। 'ਮਾਇਆ ਹੋਈ ਨਾਗਨੀ ਜਗਤ ਰਹੀ ਲਪਟਾਇ।' ਮੈਂ ਤਾਂ ਪਹਿਲੀ ਕਮਾਈ ਹੋਈ ਮਾਇਆ ਵੀ ਸਾਧ ਸੰਗਤ ਦੀ ਸੇਵਾ ਵਿਚ ਖਰਚ ਕਰਨੀ ਚਾਹੁੰਦਾ ਹਾਂ। ਇਹ ਆਖ ਕੇ ਸਤਿਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕ ਦਿਤਾ।

ਸਤਿਗੁਰੂ ਜੀ ਪ੍ਰਸੰਨ ਹੋਏ। ਉਨ੍ਹਾਂ ਨੇ ਦਇਆ ਕਰਕੇ ਨਾਮ ਦਾਨ ਬਖਸ਼ਿਆ ਤੇ ਨਿਹਾਲ ਕੀਤਾ। ਗੰਗਾ ਰਾਮ ਨੂੰ ਬਠਿੰਡੇ ਤੇ ਬੀਕਾਨੇਰ ਦੇ ਇਲਾਕੇ ਦਾ ਮਸੰਦ ਮੁਕਰਰ ਕਰ ਦਿਤਾ। ਰਿਧੀਆਂ ਸਿਧੀਆਂ ਬਖਸ਼ ਦਿਤੀਆਂ। ਭਾਈ ਗੰਗਾ ਰਾਮ ਬਾਜਰੀ ਦਾ ਸੁਦਾਗਰ ਕਰਤਾਰ ਦੇ ਸਿਮਰਨ ਦਾ ਸੁਦਾਗਰ ਬਣ ਗਿਆ। ਸਾਰੀ ਉਮਰ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ। ਆਪ ਦੀ ਬੰਸ ਵਿਚ ਅਜੇ ਤਕ ਸਿਖੀ ਚਲੀ ਆਉਂਦੀ ਹੈ। ਵੇਲਾ ਸੰਭਾਲ ਕੇ ਜਨਮ ਸੁਵਾਰ ਲਿਆ। ਗੰਗਾ ਰਾਮ ਦਾ ਚੇਲਾ ਭਾਈ ਮੂਲ ਚੰਦ ਸੀ ਜਿਸਦੀ ਯਾਦ ਵਿਚ ਸੁਨਾਮ ਅਤੇ ਸੰਗਰੂਰ ਵਿਚ ਪ੍ਰਸਿਧ ਅਸਥਾਨ ਬਣੇ ਹੋਏ ਹਨ। ਗੰਗਾ ਰਾਮ ਨੇ ਸੈਂਕੜੇ ਆਦਮੀਆਂ ਨੂੰ ਗੁਰੂ ਨਾਨਕ ਨਾਮ ਲੇਵਾ ਬਣਾਇਆ। ਭਾਈ ਗੰਗਾ ਰਾਮ ਦੇ ਵਰ ਤੋਂ ਉਪਲ ਖਤਰੀ ਦੇ ਘਰ ਮੂਲ ਚੰਦ ਨਾਮੇ ਸਿਧ ਪੈਦਾ ਹੋਇਆ ਜੋ ਹਰੇਕ ਲੋੜਵੰਦ ਨੂੰ ੭ ਪੁਤਰਾਂ ਦੀ ਬਖਸ਼ਿਸ਼ ਕਰਦਾ ਹੁੰਦਾ ਸੀ। ਭਾਈ ਮੂਲ ਚੰਦ ਦੀ ਸਮਾਧ ਸੁਨਾਮ ਵਿਚ ਹੈ। ਉਸਦੇ ਪੁਜਾਰੀ ਭਾਈ ਗੰਗਾ ਰਾਮ ਦੀ ਸੰਤਾਨ ਗੁਰੂ ਵਾਲੇ ਹਨ।

## ਖੋਹਣ ਆਇਆ ਖੋਹਿਆ ਗਿਆ

ਭਾਈ ਬਹੋੜੂ ਇਕ ਉਚੇ ਤੇ ਸੁਚੇ ਜੀਵਨ ਵਾਲਾ ਗੁਰਸਿਖ ਹੋਇਆ ਹੈ। ਆਪ ਦੇ ਜੀਵਨ ਦੇ ਦੋ ਪਖ ਹਨ। ਇਕ ਪਖ ਉਹ ਹੈ ਜਦੋਂ ਸਤਿਗੁਰੂ ਜੀ ਦੀ ਸ਼ਰਨ ਨਹੀਂ ਸਨ ਆਏ। ਮਨ ਮਤੀਏ ਸਨ ਤੇ ਚੋਰੀ ਕਰਕੇ ਗੁਜ਼ਾਰਾ ਕਰਦੇ ਸਨ। ਹੇਠਾਂ ਆਪ ਦੇ ਜੀਵਨ ਦਾ ਪੂਰਾ ਪ੍ਰਸੰਗ ਲਿਖਿਆ ਜਾਂਦਾ ਹੈ।

ਭਾਈ ਬਹੋੜੂ ਗਿਲਾਂ (ਲੁਧਿਆਣੇ) ਦਾ ਮਲਵਈ ਸੀ ਤੇ ਇਸਦਾ ਗੋਤ ਵੀ ਗਿਲ ਸੀ। ਇਹ ਜਵਾਨੀ ਵਿਚ ਧਾੜੇ ਮਾਰਿਆ ਕਰਦਾ ਸੀ, ਸਬਬ ਨਾਲ ਇਸਨੇ ਗੁਰੂ ਘਰ ਦੇ ਇਕ ਪ੍ਰੇਮੀ ਨੂੰ ਲੁਟਣ ਲਈ ਰੋਕਿਆ। ਉਹ ਦਰਵੇਸ਼ ਪੁਰਸ਼ ਸੀ। ਉਸ ਨੇ ਭਾਈ ਬਹੋੜੂ ਨੂੰ ਕਿਹਾ—ਮੇਰੇ ਕੋਲ ਤਾਂ ਕਰਤਾਰ ਦਾ ਨਾਮ ਹੈ ਜੇ ਉਹ ਲੈਣਾ ਹੈ ਤਾਂ ਬੇਸ਼ਕ ਖੋਹ ਲੈ ਹੋਰ ਤਾਂ ਕੁਝ ਨਹੀਂ। ਸਧਾਰਨ ਤੇ ਮਨ ਮਤੀਆ ਬਹੋੜੂ 'ਕਰਤਾਰ ਦਾ ਨਾਮ' ਦਾ ਅਰਥ ਨਾ ਸਮਝ ਸਕਿਆ। ਉਹ ਕਹਿਣ ਲਗਾ ਉਹ ਕੀ ਚੀਜ਼ ਹੈ। ਉਸਦੇ ਕਿਨੇ ਪੈਸੇ ਵਟੇ ਜਾਣਗੇ?

ਮਹਾਂ ਪੁਰਸ਼—ਉਸਨੂੰ ਕੋਲ ਰਖਣ ਵਾਲਾ ਮਹਾਪੁਰਸ਼ ਤੇ ਬਾਦਸ਼ਾਹ ਹੋ ਜਾਂਦਾ ਹੈ। ਕਿਸੇ ਗਲ ਦਾ ਘਾਟਾ ਨਹੀਂ ਰਹਿੰਦਾ। ਅਗੇ ਰਬ ਵੀ ਉਸ ਨੂੰ ਸਤਕਾਰ ਦੇਂਦਾ ਹੈ, ਏਥੇ ਲੋਕ ਵਡਿਆਈ ਕਰਦੇ ਹਨ। ਅੰਨ ਕਪੜੇ ਦਾ ਘਾਟਾ ਨਹੀਂ ਰਹਿੰਦਾ, ਫਿਰ ਤੈਨੂੰ ਰਾਹ ਨਹੀਂ ਰੋਕਣਾ ਪਵੇਗਾ ਤੇ ਨਾ ਸਰਕਾਰ ਦੇ ਦੰਡ ਦਾ ਭੈ ਰਹੇਗਾ।

ਭਾਈ ਬਹੋੜੂ—(ਖੁਸ਼ ਹੋਕੇ) ਹੱਛਾ! ਐਸੀ ਚੀਜ਼ ਹੈ, ਉਹ ਮੈਨੂੰ ਦਿਖਲਾ ਤਾਂ ਭਲਾਂ ਮੈਂ ਦੇਖਾਂ ਉਸਦਾ ਰੰਗ ਰੂਪ ਤੇ ਢੰਗ ਕੀ ਹੈ?

Digitized by Panjab Digital Library | www.panjabdigilib.org

ਮਹਾਂ ਪੁਰਸ਼—ਉਹ ਅਮੋਲਕ ਚੀਜ਼ ਮੈਂ ਨਾਲ ਬੋੜੇ ਚੁਕੀ ਫਿਰਦਾ ਹਾਂ। ਜਿਥੇ ਰਖੀ ਹੈ ਉਥੋਂ ਮਿਲੇਗੀ। ਮੇਰੇ ਨਾਲ ਚਲ।

ਭਾਈ ਬਹੋੜੂ—ਮੇਰੇ ਨਾਲ ਧੋਖਾ ਨਾ ਹੋਵੇ।

ਮਹਾਂ ਪੁਰਸ਼—ਦਰਵੇਸ਼ ਕਦੇ ਧੋਖਾ ਨਹੀਂ ਕਰਦੇ ਉਹ ਪ੍ਰਮਾਤਮਾ ਕੋਲੋਂ ਡਰਦੇ ਹਨ।

ਭਾਈ ਬਹੋੜੂ—ਕਿਥੇ ਰਖੀ ਜੇ ਉਹ ਵਸਤੂ!

ਮਹਾਂ ਪੁਰਸ਼—ਦੂਰ ਚਲਣਾ ਹੋਵੇਗਾ। ਜਲੰਧਰ ਤੋਂ ਅਗੇ ਦਰਿਆ ਬਿਆਸਾ ਤੋਂ ਪਾਰ ਇਕ ਨਵਾਂ ਸ਼ਹਿਰ ਵਸਿਆ ਹੈ।

ਭਾਈ ਬਹੋੜੂ—ਮੈਂ ਜ਼ਰੂਰ ਤੁਸਾਂ ਨਾਲ ਚਲਾਂਗਾ ਭਾਵੇਂ ਕਿਤੇ ਲੈ ਚਲੋ।

ਭਾਈ ਬਹੋੜੂ ਨੇ ਮਹਾਂ ਪੁਰਸ਼ ਦੇ ਨਾਲ ਜਾਣ ਲਈ ਹਾਂ ਕਰ ਦਿਤੀ ਪਰ ਉਸਦਾ ਦਿਲ ਡੋਲ ਗਿਆ। ਉਸ ਨੂੰ ਇੰਞ ਪ੍ਰਤੀਤ ਹੋਇਆ ਜਿਵੇਂ ਉਹਦਾ ਹਿਰਦਾ ਬੈਠਦਾ ਜਾਂਦਾ ਹੈ।

ਉਸਦੇ ਅੰਦਰੋਂ ਚੋਰੀ ਕਰਨ ਵਾਲੀ ਰੂਹ ਉਡਦੀ ਹੋਈ ਪ੍ਰਤੀਤ ਹੋ ਰਹੀ ਹੈ। ਉਹ ਦਾ ਸਰੀਰ ਕੰਬਿਆ, ਉਸ ਨੂੰ ਜੋ ਮਹਾਂ ਪੁਰਸ਼ ਮਿਲਿਆ ਸੀ ਉਹ ਭਾਈ ਮਾਈ ਭੂੰਦੜ ਸੀ। ਭੂੰਦੜ ਗੁਰੂ ਘਰ ਦਾ ਸ਼ਰਧਾਲੂ ਤੇ ਕਰਾਮਤੀ ਫਕੀਰ ਸੀ ਸਦਾ ਚੋਲਾ ਗਲ ਰਖਦਾ ਉਹ ਸਤਯਵਾਦੀ ਦਰਵੇਸ਼ ਸੀ। ਉਸਦੇ ਚੇਹਰੇ ਦਾ ਪ੍ਰਭਾਵ ਐਸਾ ਸੀ ਤੇ ਨੈਣਾਂ ਦੀ ਐਸੀ ਖਿਚ ਸੀ ਕਿ ਜਿਸ ਵਲ ਉਹ ਖੁਸ਼ੀ ਨਾਲ ਧਿਆਨ ਕਰਕੇ ਦੇਖ ਲੈਂਦਾ, ਉਸ ਨੂੰ ਗੁਰੂ ਘਰ ਦਾ ਸੇਵਕ ਬਣਾ ਦੇਂਦਾ। ਅਨੇਕਾਂ ਚੋਰਾਂ ਨੂੰ ਚੋਰੀਆਂ ਛੁਡਾਈਆਂ ਅਨੇਕਾਂ ਦੁਰਾਚਾਰੀਆਂ ਨੂੰ ਨੇਕ ਬਣਾਇਆ। ਉਹ ਸਦਾ 'ਸਤਿ ਕਰਤਾਰ, ਸਤਿਕਰਤਾਰ ਦਾ ਜਾਪ ਕਰਦਾ ਸੀ। ਸ੍ਰੀ ਗੁਰੂ ਰਾਮ ਦਾਸ ਜੀ ਦੇ ਸਮੇਂ ਭੂੰਦੜ ਸਤਿਗੁਰੂ ਜੀ ਦੀ ਸ਼ਰਨ ਆਇਆ ਸੀ।

ਭਾਈ ਭੂੰਦੜ ਦੇ ਨਾਲ ਬਹੋੜੂ ਡਾਕੂ ਤੁਰ ਪਿਆ। ਲਮੇਰਾ ਪੰਧ ਕਰਕੇ ਗੁਰੂ ਕੀ ਨਗਰੀ ਰਾਮ-ਦਾਸਪੁਰ ਪਹੁੰਚ ਪਏ। ਅਗੇ ਸਤਿਗੁਰੂ (ਸ੍ਰੀ ਗੁਰੂ ਅਰਜਨ ਦੇਵ) ਜੀ ਦਾ ਦਰਬਾਰ ਲਗਾ ਹੋਇਆ ਸੀ। ਭਾਈ ਭੂੰਦੜ ਨੇ ਨਾਲ ਹੀ ਬਹੋੜੂ ਨੇ ਸਤਿਗੁਰੂ ਜੀ ਦੀ ਸ਼ਰਨ ਵਿਚ ਸਿਰ ਨਿਵਾ ਦਿਤਾ। ਸਾਧੂ ਰੂਪ ਸਿਖ ਬੈਠੇ ਹੋਏ ਦੇਖੇ ਸਚੇ ਪਾਤਸ਼ਾਹ ਦੇ ਦਰਸ਼ਨ ਕੀਤੇ, ਬਹੋੜੂ ਦਾ ਮਨ ਸ਼ਾਂਤ ਹੋ ਗਿਆ। ਉਸ ਨੂੰ ਇੰਞ ਪ੍ਰਤੀਤ ਹੋਇਆ ਜਿਵੇ ਉਹ ਨਵੀਂ ਦੁਨੀਆਂ ਵਿਚ ਆ ਗਿਆ। ਨਵੀਂ ਦੁਨੀਆਂ ਵੀ ਸਵਰਗ ਦੇ ਸਮਾਨ ਸੀ।

ਚਾਰ ਦਿਨ ਸਤਿ ਸੰਗਤ ਵਿਚ ਬੈਠਾ ਤਾਂ ਉਸਨੂੰ ਚੇਤਾ ਹੀ ਭੁਲ ਗਿਆ ਕਿ ਉਹ ਕੇਹੜੀ ਅਮੋਲਕ ਵਸਤੂ ਲੈਣ ਵਾਸਤੇ ਆਇਆ ਸੀ। ਸਤਿਗੁਰੂ ਜੀ ਨੇ ਉਸ ਨੂੰ ਨਾਮ ਦਾਨ ਬਖਸ਼ਕੇ ਨਿਹਾਲ ਕੀਤਾ ਤੇ ਕਿਹਾ 'ਭਾਈ ਬਹੋੜੂ ਆਪਣੇ ਪਿੰਡ ਜਾ ਕੇ ਰਹੁ, ਧਰਮ ਕਿਰਤ ਕਰਨੀ, ਵੰਡ ਕੇ ਛਕਣਾ, ਆਏ ਗਏ ਸਾਧ ਸਿਖ ਦੀ ਸੇਵਾ ਕਰਨੀ ਅਤੇ ਗੁਰਮਤਿ ਦਾ ਪ੍ਰਚਾਰ ਕਰਨਾ ਸਾਲ ਵਿਚ ਇਕ ਦੋ ਵਾਰ ਰਾਮ ਦਾਸ ਪੁਰ ਵੀ ਆਇਆ ਕਰਨਾ।

ਬਹੁਤ ਅਛਾ ਜੀ! ਆਖ ਕੇ ਭਾਈ ਬਹੋੜੂ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕਿਆ

Digitized by Panjab Digital Library | www.panjabdigilib.org

ਤੇ ਆਪਣੇ ਪਿੰਡ ਨੂੰ ਤੁਰ ਗਿਆ। ਡਾਕਾ ਮਾਰਨ ਵਾਸਤੇ ਘਰੋਂ ਨਿਕਲਿਆ ਸੀ ਤੇ ਸਾਧੂ ਹੋ ਕੇ ਘਰ ਚਲਿਆ ਗਿਆ। ਦਾਤੇ ਦੇ ਰੰਗ ਖੋਹਣ ਆਇਆ ਖੋਹਿਆ ਗਿਆ।

ਉਹਦਾ ਪ੍ਰਵਾਰ, ਪਿੰਡ ਵਾਸੀ ਤੇ ਮਿਤ੍ਰ ਹੈਰਾਨ ਸਨ ਕਿ ਕਿਸ ਸਾਧੂ ਨੇ ਭਾਈ ਬਹੋੜੂ ਦਾ ਜੀਵਨ ਬਦਲ ਦਿਤਾ। ਪਿੰਡ ਦੇ ਲੋਕ ਸਖੀ ਸਰਵਰ ਦੇ ਚੇਲੇ ਤੇ ਦੇਵੀ ਦੇਵਤਾ ਨੂੰ ਮਾਨਣ ਵਾਲੇ ਸਨ ਸਾਰਿਆ ਨੂੰ ਸਿਖੀ ਮਾਰਗ ਵਲ ਤੋਰਿਆ ਪਿੰਡ ਵਿਚ ਧਰਮ ਸਾਲਾ ਬਣਵਾਈ ਤੇ ਰੋਜ਼ ਸਤਿ ਸੰਗ ਹੋਣ ਲਗਾ। ਗੁਰਮੁਖੀ ਅਖਰ ਬਚਿਆਂ ਨੂੰ ਪੜ੍ਹਏ ਜਾਣ ਲਗੇ। ਭਾਈ ਬਹੋੜੂ ਦਾ ਘਰ ਵੀ ਆਏ ਗਏ ਸਿਖ ਵਾਸਤੇ ਧਰਮਸਾਲਾ ਦਾ ਰੂਪ ਸੀ। ਆਉਦੇ ਜਾਂਦੇ ਸਿਖ ਰਹਿੰਦੇ, ਉਨਾਂ ਨੂੰ ਰੋਟੀ ਤੇ ਆਰਾਮ ਵਾਸਤੇ ਮੰਜਾ ਬਿਸਤਰਾ ਦਿਤਾ ਜਾਂਦਾ।

## ਭਾਈ ਬੋਹੜੂ ਦੇ ਸਿੱਦਕ ਤੇ ਤਿਆਗ ਦੀਆਂ ਅਨੇਕਾਂ ਸਾਖੀਆਂ ਹਨ ਫਿਰ ਵੀ ਇਕ ਸਾਖੀ ਜੋ ਪ੍ਰਸਿਧ ਹੈ। ਓਹ ਲਿਖਦੇ ਹਾਂ

ਭਾਈ ਬਹੋੜੂ ਜਦ ਭਾਈ ਭੂੰਦੜ ਦੀ ਸੰਗਤ ਦੇ ਜ਼ਰੀਏ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਦਰਸ਼ਨ ਕਰਨੇ ਤੇ ਸਚ ਮੁਚ ਹੀ ਜੀਵਨ ਨੂੰ ਪਲਟਾ ਆ ਗਿਆ ਭਾਈ ਬਹੋੜੂ ਗੁਰ ਸਰਨ ਵਿਚ ਰਹਿੰਦਾ ਹੋਇਆ ਪੂਰਾ ਸ਼ਰਧਾਲੂ ਤੇ ਸਿਦਕੀ ਹੋਣ ਤੇ ਜੋ ਗੁਰਸਿਖ ਦਿਸਦਾ ਉਸ ਤੇ ਤਨ ਮਨ ਬਾਰਨ ਤਾਈਂ ਜਾਂਦਾ ਏਸ ਖੇਡ ਵਿਚ ਖ਼ੇਡਦਿਆ ਭਾਈ ਬਹੋੜੂ ਦੇ ਘਰ ਇਕ ਕਨਿਆ ਨੇ ਜਨਮ ਲਿਆ ਜੋ ਗੁਰਮੁਖ ਮਾਤਾ ਪਿਤਾ ਦੀ ਸੰਗਤ ਦਾ ਸਦਕਾ ਗੁਰਮੁਖੀ ਖਿਆਲ ਵਿੱਚ ਭੋਲੀ ਭਾਲੀ ਨੂੰ ਦੁਨੀਆਂ ਦੀ ਕੋਈ ਹਵਾ ਨਾ ਲਗੀ ਸਾਧ ਸਰੂਪ ਦੇਵੀ ਦੀ ਜਦ ਉਮਰ ਅਠਾਰਾ ਸਾਲ ਦੀ ਹੋ ਗਈ ਤਾਂ ਉਸ ਦੀ ਸ਼ਾਦੀ ਵਾਸਤੇ ਮਾਪੇ ਖਿਆਲ ਕਰਨ ਪਰ ਕੋਈ ਗੁਰਮੁਖ ਗੁਰੂ ਘਰ ਦਾ ਸ਼ਰਧਾਲੂ ਨਿਗਾ ਨਾ ਆਵੇ ਅਤੇ ਅਨਮਤੀਆਂ ਨੜੀ ਮਾਰਾਂ ਤੇ ਕੁੜੀ ਮਰਾਂ ਦੇ ਘਰੀਂ ਨਹੀਂ ਸੀ ਵਿਆਹੁਨਾ ਚਾਹੁੰਦੇ। ਪਰ ਇਸ ਫਿਕਰ ਵਿੱਚ ਰਾਤ ਦਿਨ ਰਹਿਣ। ਪਰ ਜਦੋਂ ਕੋਈ ਸਿੱਖ ਘਰ ਆਉਂਦਾ ਤਾਂ ਉਸ ਦੀ ਬੜੇ ਪ੍ਰੇਮ ਨਾਲ ਜਲ ਪਾਣੀ ਤੇ ਪ੍ਰਸਾਦੇ ਦੀ ਸੇਵਾ ਕਰਨੀ ਜਿਸ ਕਰਕੇ ਸਾਰੇ ਇਲਾਕੇ ਵਿਚ ਸੋ ਹੋ ਗਈ ਕਿ ਭਾਈ ਬਹੋੜੂ ਗੁਰਸਿਖਾਂ ਦੀ ਸੇਵਾ ਤੇ ਬਹੁਤ ਭਰੋਸਾ ਰਖਦਾ ਹੈ।

ਇਸ ਕਰਕੇ ਇਕ ਦਿਨ ਇਕ ਪਾਪੀ ਆਤਮਾ ਵਾਲਾ ਲਾਲਚੀ ਭੇਖੀ (ਠਗ) ਸਿੱਖ ਬਣਕੇ ਭਾਈ ਬਹੋੜੂ ਦੇ ਘਰ ਆ ਗਿਆ। ਉਸ ਪਖੰਡੀ ਦੇ ਇਹ ਬਚਨ ਜ਼ਾਦਾ ਕੰਠ ਕੀਤੇ ਸਨ, ਪ੍ਰੇਮੀ ਜਨੋ, ਗੁਰਮੁਖੋ, ਬੀਬੀ ਜੀ ਮਾਤਾ ਜੀ ਸਾਰੇ ਸਤਿਨਾਮ ਜਪੋ ਭਾਈ ਕੋਈ ਸੁਆਸ ਬਿਰਥਾ ਨਾ ਜਾਵੇ ਇਹ ਜਨਮ ਮੁੜ ਹਥ ਨਹੀਂ ਔਣਾ। ਦੂਜਾ ਜਸ ਕਰਨਾ ਤੂੰ ਧੰਨ ਹੈ ਭਾਈ ਤੈਨੂੰ ਗੁਰੂ ਅਤੇ ਗੁਰਮੁਖਾਂ ਦੀ ਸੰਗਤ ਪ੍ਰਾਪਤ ਹੋਈ ਹੈ ਮੈਂ ਤਾਂ ਭਾਈ ਪਾਪੀ ਗਰੀਬ ਮਸਕੀਨ ਹਾਂ ਮੇਰੇ ਵਿਚ ਤਾਂ ਸਿੰਵਲ ਵਾਂਗ ਕੋਈ ਗੁਣ ਨਹੀਂ ਐਸੇ ਮਿਠੇ ਮਿਠੇ ਬਚਨ ਕਰਕੇ ਭਾਈ ਬਹੋੜੂ ਨੂੰ ਐਸਾ ਭਰਮਾਇਆ ਕਿ ਭਾਈ ਜੀ ਤਾਂ ਸਾਰੇ ਘਰ ਦਿਆਂ ਸਮੇਤ ਬੀਬੀ ਦੇ ਆਖਿਆ ਕਿ ਭਾਈ ਗੁਰ ਸਿਖ ਆਪਣੇ ਘਰ ਆਇਆ ਹੈ ਜੋ ਹੁਕਮ ਕਰਨ ਸੇਵਾ ਤਨ ਮਨ ਨਾਲ ਕਰਓ ਇਸ ਕਰਕੇ ਪ੍ਰੇਮ ਅਤੇ ਬਚਨ ਭਾਈ ਜੀ ਦੇ ਹੁਕਮ ਅਨੁਸਾਰ

Digitized by Panjab Digital Library | www.panjabdigilib.org

ਰਾਤ ਦਿਨ ਸਚਾ ਸਿਖ ਸਮਝਕੇ ਸੇਵਾ ਕਰਨ ਲਗੇ। ਹੁਣ ਪਾਪੀ ਕਾਲੇ ਆਤਮਾ ਵਾਲੇ ਭੇਖੀ ਨੇ ਜਦ ਦੇਖਿਆ ਕਿ ਮੇਰੇ ਤੇ ਪੂਰੇ ਬਝ ਗਏ ਹਨ ਤਾਂ ਬੀਬੀ ਜੀ ਭੈਣ ਜੀ ਆਖ ਆਖ ਕੇ ਅਨਭੋਲ ਦੇਵੀ ਨੂੰ ਬੋਲਣ ਲਗਾ ਪਰ ਬੀਬੀ ਤੇ ਨਾ ਬੀਬੀ ਦੇ ਮਾਤਾ ਪਿਤਾ ਨੂੰ ਕੋਈ ਗਿਆਨ ਨਹੀਂ ਸੀ ਕਿ ਸਿਖ ਕਿਸੇ ਲਾਲਚ ਜਾਂ ਮੰਦੀ ਵਾਸ਼ਨਾ ਅਨੁਸਾਰ ਸਾਡੇ ਘਰ ਬੈਠਾ ਹੈ।

ਹੁਣ ਉਸ ਪਾਪੀ ਨੇ ਭਾਈ ਬਹੋੜੂ ਦੀ ਜੋ ਸਪੁਤ੍ਰੀ ਸੀ ਉਸ ਨੂੰ ਇਸ਼ਨਾਨ ਕਰਨ, ਲੀੜੇ ਧੋਣ ਦੇ ਵਾਸਤੇ ਆਖਿਆ ਕਰੇ ਤੇ ਬੀਬੀ ਝਟ ਪਟ ਸੇਵਾ ਕਰ ਲਿਆ ਕਰੇ ਇਸ ਪਖੰਡੀ ਬਗਲੇ ਨੇ ਬੀਬੀ ਜੀ ਨੂੰ ਐਸਾ ਠਗਿਆ ਕਿ ਉਹ ਤਨੋ ਮਨੋ ਉਸਦੀ ਹੋ ਗਈ ਭਾਈ ਬਹੋੜੂ ਤੇ ਉਸਦੀ ਧਰਮ ਪਤਨੀ ਇਸ ਗਲ ਦੇ ਸਿਰ ਤਾਂ ਹੋ ਗਏ ਪਰ ਉਹਨਾਂ ਨੇ ਅਨਡਿਢ ਕਰ ਦਿਤਾ, ਕਿਸੇ ਕਿਸਮ ਦਾ ਘਬਰਾਹਟ ਨਹੀਂ ਪੈਦਾ ਕੀਤਾ ਨ ਬਗਲੇ ਸਿਖ ਨੂੰ ਕਿਹਾ ਘਰੋਂ ਚਲਿਆ ਜਾਵੇ। ਇਕ ਦਿਨ ਐਸਾ ਸਬਬ ਬਣਿਆ ਠਗ ਬੀਬੀ ਜੀ ਨੂੰ ਕੈਂਹਦਾ ਕਿ ਮੇਰੇ ਸਰੀਰ ਦੀ ਮੁਠੀ ਚਾਪੀ ਕਰ। ਭੋਲੀ ਭਾਲੀ ਬੀਬੀ ਸਿਖ ਸਮਝ ਕੇ ਸੇਵਾ ਕਰਨ ਲਗ ਪਈ ਉਸ ਪਾਪੀ ਨੇ ਸੇਵਾ ਤੋਂ ਬੀਬੀ ਨੂੰ ਨ ਹਟਾਇਆ ਤੇ ਨਾ ਹੀ ਬੀਬੀ ਹਟੀ। ਆਖਰ ਨੀਂਦ ਨੇ ਜ਼ੋਰ ਪਾਇਆ ਤਾਂ ਉਸੇ ਮੰਜੇ ਉਤੇ ਸੌਂ ਗਈ। ਭਾਈ ਬਹੋੜੂ ਇਕ ਮੰਜੇ ਤੇ ਸੁਤੇ ਦੇਖ ਕੇ ਘਬਰਾਇਆ ਨਹੀਂ ਸਗੋਂ ਆਪਣੀ ਚਾਦਰ ਆਪਣੇ ਉਤੋਂ ਲਾਹ ਕੇ ਉਨਾਂ ਦੇ ਉਪਰ ਪਾ ਦਿਤੀ ਆਪ ਚੁਪ ਚਾਪ ਚਲੇ ਗਏ। ਜਦ ਬੀਬੀ ਨੂੰ ਜਾਗ ਆਈ ਅਤੇ ਉਪਰ ਵਾਲੀ ਚਾਦਰ ਸਿਆਣਕੇ ਠਗ ਨੂੰ ਜਗਾਇਆ ਤੇ ਕਹਾ ਕਿ ਪਿਤਾ ਜੀ ਨੂੰ ਪਤਾ ਲਗ ਗਿਆ ਇਹ ਚਾਦਰ ਆਪਣੇ ਉਪਰ ਉਹ ਪਾਕੇ ਗਏ ਹੋਣਗੇ ਹੁਣ ਕੀ ਬਣੇਗਾ ਉਹ ਮਾਰਨਗੇ। ਭੇਖੀ ਸਿਖ ਬੀਬੀ ਦੀ ਜ਼ਬਾਨੋ ਬਚਨ ਸੁਣਕੇ ਡਰਦਾ ਮਾਰਿਆ ਖਿਸਕ ਗਿਆ ਤੇ ਬੀਬੀ ਉਠਕੇ ਡਰਦੀ ਡਰਦੀ ਘਰ ਦੇ ਕੰਮ ਕਰਨ ਲਗ ਪਈ ਕਿ ਪਿਤਾ ਜੀ ਘਰ ਆਕੇ ਸ਼ੈਤ ਕੀ ਮੇਰੇ ਨਾਲ ਲੜਾਈ ਝਗੜਾ ਕਰਨ। ਏਨੇ ਨੂੰ ਭਾਈ ਬਹੋੜੂ ਘਰ ਆਗਿਆ ਉਸ ਨੇ ਲੜਕੀ ਨੂੰ ਕੁਝ ਨਹੀਂ ਕਿਹਾ ਬਲਕੇ ਪ੍ਰੇਮ ਧੀਰਜ ਨਾਲ ਪੁਛਿਆ—ਕਿ ਬੀਬੀ ਜੀ ਗੁਰੂ ਦਾ ਸਿੱਖ ਕਿਥੇ ਹੈ ਬੀਬੀ ਜੀ ਨੇ ਉਤਰ ਦਿਤਾ ਪਿਤਾ ਜੀ ਉਹ ਤਾਂ ਇਸ਼ਨਾਨ ਕਰਨ ਗਏ ਹਨ। ਜਦ ਰੋਟੀ ਦਾ ਵੇਲਾ ਹੋਇਆ ਤਾਂ ਸਿਖ ਨਾ ਮੁੜਿਆ। ਤਾਂ ਸਾਰਾ ਪ੍ਰਵਾਰ ਉਡੀਕਣ ਲਗਾ। ਦਿਨ ਢਲ ਗਿਆ ਉਹ ਨਾ ਆਇਆ। ਜਿਸ ਵਕਤ ਰਾਤ ਦੀ ਰੋਟੀ ਖਾਣ ਲਗੇ ਤਾਂ ਭਾਈ ਬਹੋੜੂ ਨੇ ਆਪਣੀ ਪੁਤ੍ਰੀ ਨੂੰ ਪੁਛਿਆ ਕੀ ਤੈਨੂੰ ਪਤਾ ਹੈ ਕਿ ਇਹ ਸਿਖ ਕੇਹੜੇ ਪਿੰਡ ਦਾ ਰਹਿਣ ਵਾਲਾ ਸੀ। ਬੀਬੀ ਜੀ, ਜੀ ਉਹ ਆਖਦਾ ਸੀ, ਮੇਰਾ ਪਿੰਡ ਮਾਣਕ ਪੁਰ ਹੈ ਉਹ ਕਦ ਆਊ ਪਿਤਾ ਜੀ ਜ਼ਰੂਰੀ ਹੈ ਕਿ ਆਜਾਵੇਗਾ। ਜਦ ਅਧੀ ਰਾਤ ਹੋਈ ਤਾਂ ਭੇਖੀ ਸਿਖ ਆ ਗਿਆ ਤੇ ਬੀਬੀ ਨੂੰ ਜਗਾਇਆ ਤੇ ਘਰ ਵਿਚੋਂ ਕੀਮਤੀ ਮਾਲ ਬੀਬੀ ਤੋਂ ਲੈ ਕੇ ਗਠ ਬੰਨ੍ਹ ਲਈ ਤੇ ਜਦ ਤੜਕ ਸਾਰ ਭਾਈ ਬਹੋੜੂ ਇਸ਼ਨਾਨ ਕਰਨ ਵਾਸਤੇ ਖੂਹ ਤੇ ਗਿਆ ਤਾਂ ਪਾਪੀ ਜਾਗ ਉਠਿਆ ਤੇ ਜੋ ਗਠ ਬੰਨ੍ਹੀ ਸੀ ਉਹ ਲੈਕੇ ਸੁਤੀ ਪਈ ਕੰਨਿਆ ਨੂੰ ਛਡ ਕੇ ਘਰੋਂ ਬਾਹਰ ਨਿਕਲਿਆ ਤਾਂ ਥੋੜੀ ਦੂਰ ਗਿਆ ਤਾਂ ਕੀ ਦੇਖਦਾ ਹੈ ਕਿ ਭਾਈ ਬਹੋੜੂ ਜੀ ਅਗੇ ਔਂਦੇ ਸਨ ਉਨ੍ਹਾਂ ਨੂੰ ਦੇਖਕੇ ਪਾਪੀ ਦਾ ਆਤਮਾ ਕੰਬ ਉਠਿਆ ਅਤੇ ਸਿਰ ਉਤੋਂ ਗਠੜੀ ਧਰਤੀ ਉਤੇ ਡਿਗ ਪਈ ਉਸ ਨੂੰ ਮੁੜ ਕੇ ਚਕਣ ਦਾ ਹੌਸਲਾ ਨਾ ਪਿਆ। ਤਾਂ ਗਠੜੀ ਛਡਕੇ ਚਲਾ ਗਿਆ ਤਾਂ ਭਾਈ ਬਹੋੜੂ ਨੇ ਜਦੋਂ ਦੇਖਿਆ, ਗਠੜੀ ਛਡਕੇ ਸਿਖ ਅਗੇ ਤੁਰ ਚਲਿਆ ਹੈ ਤਾਂ ਉਸ ਨੇ ਸਿਖ ਨੂੰ ਬਾਹੋਂ ਫੜ ਕੇ ਆਖਿਆ। ਗੁਰ ਸਿਖਾ ਇਹ ਤਾਂ ਸ੍ਰੀ ਗੁਰੂ ਜੀ ਦਾ ਤੇ ਗੁਰੂ ਦੇ ਸਿਖਾਂ ਦਾ ਹੀ ਘਰ

Digitized by Panjab Digital Library | www.panjabdigilib.org

ਹੈ। ਤੂੰ ਚੋਰੀ ਨਠਦਾ ਹੈਂ। ਆ ਦਿਨ ਚੜੇ ਇਹ ਸਾਰਾ ਮਾਲ ਤੇ ਮੇਰੀ ਪੁਤ੍ਰੀ ਨੂੰ ਲੈਕੇ ਜਾਵੀਂ। ਮੈਂ ਆਪ ਖੁਸ਼ੀ ਖੁਸ਼ੀ ਤੋਰਾਂਗਾ। ਮੇਰੇ ਗੁਰੂ ਦਾ ਸਿਖ ਘਰੋਂ ਨਿਰਾਸ਼ਾ ਨਹੀਂ ਜਾਣਾ ਚਾਹੀਦਾ। ਮੇਰੇ ਧੰਨ ਭਾਗ ਜੋ ਮੇਰੇ ਘਰੋਂ ਗੁਰ ਸਿਖ ਦੇ ਮਨ ਦੀਆਂ ਮੁਰਾਦਾ ਪੂਰੀਆਂ ਹੋ ਗਈਆ ਹਨ। ਗੁਰਸਿਖ ਤੇਰੀ ਤੜਪਦੀ ਆਤਮਾ ਸ਼ਾਂਤ ਹੋ ਗਈ ਹੈ ਮੈਂ ਤਾਂ ਗੁਰ ਸਿਖਾਂ ਦੇ ਚਰਨਾਂ ਵਾਸਤੇ ਆਪਣੀ ਖਲੜੀ ਦੇ ਜੋੜੇ ਤਿਆਰ ਕਰਨ ਨੂੰ ਤਿਆਰ ਹਾਂ। ਨਾਂ ਡਰ ਤੇ ਨਾ ਨਰਾਜ ਹੋ। ਰੋਟੀ ਖਾਕੇ ਚਲਾ ਜਾਵੀਂ ਜੇ ਗੁਰਸਿਖ ਮੇਰੇ ਘਰੋਂ ਭੁਖਾ ਜਾਵੇ ਤਾਂ ਮੇਰੇ ਅਰਸ਼ੀ ਪ੍ਰੀਤਮ ਮੈਂ ਗਰੀਬ ਤੇ ਗੁਸੇ ਨਾ ਹੋ ਜਾਣਗੇ।

ਠਗ ਸਿਖ ਸ਼ਰਮਿੰਦਾ ਹੋਇਆ। ਉਸ ਦੀ ਆਤਮਾ ਉਸ ਨੂੰ ਲਾਹਨਤਾਂ ਦੇਣ ਲਗੀ। ਉਹ ਕੰਬਦੇ ਹਥਾਂ ਨਾਲ ਗਠੜੀ ਚੁਕਕੇ ਭਾਈ ਬਹੋੜੂ ਦੇ ਨਾਲ ਮੁੜ ਘਰ ਆ ਗਿਆ। ਉਹ ਦੀਆਂ ਅਖੀਆਂ ਉਚੀਆਂ ਨਹੀਂ ਸਨ ਹੁੰਦੀਆਂ। ਭਾਈ ਬਹੋੜੂ ਨੇ ਗਠੜੀ ਇਕ ਪਾਸੇ ਰਖ ਦਿਤੀ। ਕਿਸੇ ਘਰ ਦੇ ਜੀ ਨੂੰ ਨਹੀਂ ਦਸਿਆ ਕਿ ਠਗ ਸਿਖ ਸਾਮਾਨ ਲੈ ਕੇ ਜਾ ਰਿਹਾ ਸੀ। ਭਾਈ ਬਹੋੜੂ ਦੀ ਪਤਨੀ ਨੇ ਪ੍ਰਸਾਦਿ ਤਿਆਰ ਕੀਤਾ। ਬੜੇ ਪ੍ਰੇਮ ਨਾਲ ਠਗ ਸਿਖ ਨੂੰ ਛਕਾਇਆ। ਜਦੋਂ ਪ੍ਰਸਾਦਿ ਛਕ ਚੁਕਿਆ ਤਾਂ ਭਾਈ ਬਹੋੜੂ ਨੇ ਉਹੋ ਗਠੜੀ ਤੇ ਆਪਣੀ ਕੰਨਿਆ ਦਾ ਹਥ ਫੜ ਕੇ ਠਗ ਸਿਖ ਨੂੰ ਕਿਹਾ, ਗੁਰੂ ਕੇ ਪਿਆਰਿਆ, ਮੇਰੇ ਕੋਲ ਇਹ ਪੁਤਰੀ ਤੇ ਇਨਾਂ ਕੁ ਸਮਾਨ ਹੈ ਇਹ ਤੂੰ ਲੈ ਜਾ, ਏਨਾਂ ਸਮਾਨ ਹੀ ਦਾਜ ਸਮਝ ਲਵੀਂ, ਮੇਰੀ ਬੇਟੀ ਨੂੰ ਖੁਸ਼ ਰਖੀਂ ਇਹਦੀਆਂ ਭੁਲਾਂ ਵਲ ਨਾ ਦੇਖੀਂ ਇਹ ਬਾਲੜੀ ਹੈ। ਸਤਿਗੁਰੂ ਦਾ ਧਿਆਨ ਧਰ ਕੇ ਵਾਹਿਗੁਰੂ ਦਾ ਸਿਮਰਨ ਕਰਿਆ ਕਰੀਂ। ਆਏ ਗਏ ਸੰਤ ਸਾਧ ਤੇ ਗੁਰ ਸਿਖ ਦੀ ਸੇਵਾ ਕਰਨੀ। ਇਹੋ ਮੇਰੀ ਸਿਖਿਆ ਹੈ। ਚਲੋ ਮੈਂ ਤੁਸਾਂ ਨੂੰ ਛਡ ਆਵਾਂ।

ਐਨਾ ਵਡਾ ਤਿਆਗ ਦੇਖ ਕੇ ਠਗ ਸਿਖ ਦੀ ਮਲੀਨ ਆਤਮਾ ਡੋਲ ਗਈ। ਉਹ ਭਾਈ ਬਹੋੜੂ ਦੇ ਚਰਨਾਂ ਉਪਰ ਡਿਗ ਕੇ ਧਾਹੀਂ ਮਾਰ ਮਾਰ ਕੇ ਰੋਣ ਲਗਾ। ਜਿਉਂ ਜਿਉਂ ਰੋਂਦਾ ਗਿਆ ਤਿਉਂ ੨ ਉਹ ਪਾਪ ਧੁਪਦੇ ਗਏ। ਉਹਦੀ ਲਾਲਚੀ ਤੇ ਦੁਰਕਾਰਨ ਰੂਹ ਮਰਦੀ ਗਈ। ਉਹ ਰੋਂਦਾ ਹੋਇਆ ਆਖੀ ਗਿਆ, ਹੇ ਗੁਰਮੁਖ ਜਨ! ਮੈਨੂੰ ਖਿਮਾ ਕਰੀਂ, ਮੈਂ ਪਾਪੀ, ਦੁਰਾਚਾਰੀ, ਠਗ, ਮੈਂ ਅਕ੍ਰਿਤਘਨ, ਮੈਨੂੰ ਨਰਕਾਂ ਦੀ ਅੱਗ ਤੋਂ ਬਚਾ। ਮੇਰੀ ਬਹੁੜੀ ਸੁਣ। ਭਾਈ ਬਹੋੜੂ ਨੇ ਉਸ ਨੂੰ ਚੁਕ ਕੇ ਗਲ ਨਾਲ ਲਾ ਲਿਆ ਤੇ ਕਿਹਾ, ਮੈਂ ਕਿਸੇ ਨੂੰ ਬਖਸ਼ਣ ਯੋਗ ਨਹੀਂ, ਮੈਂ ਤਾਂ ਆਪ ਪਾਪੀ ਬੰਦਾ ਹਾਂ। ਚਲ ਸਤਿਗੁਰੂ ਜੀ ਦੇ ਚਰਨੀਂ ਲਗ ਜਿਨ੍ਹਾਂ ਮੈਨੂੰ ਬਖਸ਼ਿਆ ਹੈ। ਮੈਂ ਤੈਨੂੰ ਸਤਿਗੁਰੂ ਦਾ ਸਿਖ ਸਮਝਦਾ ਰਿਹਾ ਹਾਂ ਤੇ ਸਮਝਾਂਗਾ। ਜਿਸ ਸਤਿਗੁਰੂ ਦੀ ਮਰਯਾਦਾ ਨੂੰ ਧਾਰ ਕੇ ਭੁਲ ਕੀਤੀ ਉਸੇ ਸਤਿਗੁਰੂ ਕੋਲ ਚਲ, ਉਹੋ ਹੀ ਸਮਰਥ ਹਨ। ਮੈਂ ਤਾਂ ਕਿਸੇ ਗੁਰੂ ਦਾ ਸਿਖ ਨਹੀਂ। ਮੈਂ ਭੇਸ ਧਾਰਿਆ ਸੀ ਠਗੀ ਮਾਰਨ ਵਾਸਤੇ। ਮੈਂ ਤਾਂ ਭੇਖੀ ਸਿਖ ਹਾਂ। ਮੈਨੂੰ ਤੁਸਾਂ ਦੇ ਗੁਰੂ ਨੇ ਉਨਾਂ ਚਿਰ ਨਹੀਂ ਬਖਸ਼ਨਾਂ ਜਿਨਾਂ ਚਿਰ ਤੁਸੀਂ ਮੈਨੂੰ ਨਾ ਬਖਸ਼ੋ।

ਚਲ ਮੇਰੇ ਨਾਲ।

ਭਾਈ ਬਹੋੜੂ, ਠਗ ਸਿਖ, ਆਪਣੀ ਕੰਨਿਆਂ ਤੇ ਬਾਕੀ ਦੇ ਪ੍ਰਵਾਰ ਨੂੰ ਨਾਲ ਲੈ ਕੇ ਰਾਮਦਾਸ ਪੁਰਾ ਪੁਜਾ। ਸਤਿਗੁਰੂ ਜੀ ਦੇ ਚਰਨੀਂ ਡਿਗ ਕੇ ਠਗ ਸਿਖ ਨੇ ਆਪਣੇ ਪਾਪ ਕਰਮਾਂ ਦਾ ਇਕਬਾਲ ਕੀਤਾ। ਮੁੜ ਸਤਿਗੁਰ ਜੀ ਪਾਸੋਂ ਖਿਮਾਂ ਮੰਗੀ। ਸਤਿਗੁਰੂ ਜੀ ਨੇ ਸਿਖ ਦੀਆਂ ਭੁਲਾਂ ਬਖਸ਼ ਕੇ ਉਹਨੂੰ ਨਿਹਾਲ

Digitized by Panjab Digital Library | www.panjabdigilib.org

ਕਰ ਦਿਤਾ ਤੇ ਭਾਈ ਬਹੋੜੂ ਦੀ ਗੁਰਮੁਖਤਾ ਦੀ ਵਡਿਆਈ ਕੀਤੀ । ਠਗ ਸਿਖ ਨਾਲ ਬਹੋੜੂ ਦੀ ਕੰਨਿਆਂ ਦਾ ਵਿਆਹ ਹੋ ਗਿਆ। ਅਗੇ ਨੂੰ ਉਹ ਸਚਾ ਸਿਖ ਬਣ ਗਿਆ । ਪ੍ਰਮਾਤਮਾਂ ਕੋਲੋਂ ਡਰ ਕੇ ਵਾਹਿਗੁਰੂ ਦਾ ਸਿਮਰਨ ਕਰਨ ਲਗਾ।

ਐਸੇ ਗੁਰ ਸਿਖਾਂ ਪ੍ਰਤੀ ਅਰਦਾਸੇ ਵਿਚ ਬੇਨਤੀ ਕਰਿਆ ਕਰਦੇ ਹਾਂ–'ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।'

## ਭਾਈ ਬਹਿਲੋ ਜੀ

ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ ॥
ਨਾਨਕ ਭੇਟੇ ਸਾਧ ਜਬ ਹਰ ਪਾਇਆ ਮਨ ਮਾਹਿ ॥ (ਸਲੋਕ ਮਃ ੫)

ਮਨੁਖ ਸਮਾਜ ਦਾ ਇਤਿਹਾਸ ਦਸਦਾ ਹੈ ਕਿ ਜਦ ਤੋਂ ਮਨੁਖ ਨੂੰ ਗਿਆਨ ਹੋਇਆ ਕਿ ਉਹ ਮਨੁਖ ਹੈ, ਉਸ ਨੂੰ ਬਨਾਉਣ, ਸ੍ਰਿਸ਼ਟੀ ਨੂੰ ਰਚਨ, ਜੀਵ ਜੰਤੂ ਨੂੰ ਖੁਰਾਕ ਦੇਣ ਵਾਲਾ ਕੋਈ ਹੋਰ ਹੈ ਉਸ ਨੂੰ ਜਾਨਣ ਤੇ ਪਿਆਰ ਕਰਨ ਨਾਲ ਮਨੁਖ ਦੀ ਕਲਿਆਣ ਹੁੰਦੀ ਹੈ। ਬਸ ਉਸ ਦਿਨ ਤੋਂ ਮਨੁਖ ਆਪ ਨਾਲੋਂ ਵਡੀ ਸ਼ਕਤੀ ਦੀ ਪੂਜਾ ਕਰਨ ਲਗਾ। ਸਮਝ ਦੇ ਘਾਟੇ ਅਤੇ ਗਿਆਨ ਦੀ ਥੁੜ ਦੇ ਕਾਰਨ ਰਬ ਨੂੰ ਸਮਝਣ ਤੇ ਜਾਨਣ ਵਿਚ ਮਨੁਖ ਧੋਖਾ ਖਾਂਦਾ ਰਿਹਾ। ਕਦੀ ਅਗ, ਜਲ, ਸਪ, ਤਕੜੇ ਮਨੁਖ ਦੀ ਪੂਜਾ ਕਰਦਾ ਰਿਹਾ । ਕਦੀ ਕੁਦਰਤੀ ਸ਼ਕਤੀਆਂ ਨੂੰ ਹੀ ਰਬ ਮੰਨਿਆਂ ਜਾਂਦਾ ਰਿਹਾ। ਚਲਾਕ ਮਨੁਖਾਂ ਨੇ ਜਦੋਂ ਦੇਖਿਆ ਕਿ ਭੋਲੀ ਭਾਲੀ ਜਨਤਾ, ਰਬ ਦੇ ਨਾਮ ਉਤੇ, ਰਬ ਨੂੰ ਭਾਲਣ ਤੇ ਉਸ ਨੂੰ ਮਿਲਣ ਬਦਲੇ ਨਰਕ ਦੇ ਡਰ ਨਾਲ ਸਭ ਕੁਝ ਵਾਰ ਰਹੀ ਹੈ, ਤਦ ਉਸ ਨੇ ਹੇਰਾ ਫੇਰੀਆਂ ਨਾਲ ਖੁਦ ਰਬ ਬਨਣਾ ਸ਼ੁਰੂ ਕਰ ਦਿਤਾ। ਬਹੁਤੇ ਰੱਬਾਂ ਦੀ ਘੜਮਸ ਚੌਦੇ ਨੂੰ ਦੇਖ ਕੇ ਪ੍ਰਮਾਤਮਾਂ ਨੇ ਕੁਝ ਐਸੀਆਂ ਮਹਾਨ ਸ਼ਕਤੀਆਂ ਜਗਤ ਉਤੇ ਭੇਜੀਆਂ ਜਿਨ੍ਹਾਂ ਨੇ ਭੋਲੇ ਲੋਕਾਂ ਨੂੰ ਰਬ ਦਾ ਸਹੀ ਰਸਤਾ ਦਸਿਆ । ਫਿਰ ਭੀ ਅਗਿਆਨਤਾ ਦੇ ਕਾਰਨ 'ਠਗ ਰਬ' ਦੀਆਂ ਦੁਕਾਨਾਂ ਚਲਦੀਆਂ ਰਹੀਆਂ। ਏਸੇ ਤਰ੍ਹਾਂ ਦਾ ਰੱਬ ਇਕ ਮੁਸਲਮਾਨ ਫਕੀਰ ਸਖੀ ਸਰਵਰ ਹੋਇਆ ਹੈ। ਉਸ ਦੇ ਚੇਲੇ ਹਿੰਦੂ ਭੀ ਸੀ। ਪਰ ਸਰਵਰ ਦੀ ਮਰਯਾਦਾ ਸਾਰੀ ਹਿੰਦੂ ਸਭਿਤਾ ਦੇ ਵਿਰੁਧ ਸੀ। ਉਹ ਦਾਅਵਾ ਕਰਦਾ ਰਿਹਾ ਕਿ ਮਨੁਖ ਨੂੰ ਉਹ ਰਿਧੀਆਂ ਤੇ ਸਿਧੀਆਂ ਦੇ ਸਕਦਾ ਹੈ। ਦੁਧ ਪੁਤ ਤੇ ਅੰਨ ਦੇ ਸਕਦਾ ਹੈ। ਰੋਗਾਂ ਨੂੰ ਹਟਾ ਸਕਦਾ ਹੈ। ਕਲਿਆਣ ਕਰ ਸਕਦਾ ਹੈ। ਦੇਖੋ ਦੇਖੀ ਹਜ਼ਾਰਾਂ ਨਰ ਨਾਰੀ ਸਰਵਰੀਏ ਬਣ ਗਏ। ਘਰ ਘਰ ਪੀਰ ਖਾਨੇ ਬਣਾ ਬੈਠਾ। ਵੀਰਵਾਰ ਨੂੰ ਦੀਵੇ ਜਗਾ ਕੇ ਖੇਡਾਂ ਦੇਣ ਲਗਾ।

ਸਖੀ ਸਰਵਰ ਦੇ ਚੇਲਿਆਂ ਵਿਚ ਇਕ ਬਹਿਲੋ ਭਗਤ ਸੀ। ਇਹ ਮਾਲਵੇ ਦੇ ਨਗਰ ਫਫੜੇ ਦਾ ਰਹਿਣ ਵਾਲਾ ਸੀ। ਸਿਧੂ ਜਟ ਸੀ, ਅਨਪੜ੍ਹ ਹੋਣ ਤੇ ਵੀ ਸੂਝ ਬੂਝ ਵਾਲਾ ਪੁਰਸ਼ ਸੀ, ਘਰ ਦਿਆਂ ਦੀ ਸੰਗਤ ਨੇ ਉਸ ਨੂੰ ਸਰਵਰੀਆ ਬਣਾ ਦਿਤਾ । ਐਸਾ ਚੇਲਾ ਬਣਿਆ ਕਿ ਪੀਰ ਬਣਨ ਤਕ ਪਹੁੰਚ ਪਿਆ।

ਹਰ ਸਾਲ ਨਿਗਾਹੇ ਜਾਂਦਾ, ਜਟਾਂ ਗ੍ਰਹਿਸਤੀਆਂ ਵਾਲਾ ਲਿਬਾਸ ਲਾ ਸੁਟਿਆ ਤੇ ਪੀਰਾਂ ਵਾਲਾ

Digitized by Panjab Digital Library | www.panjabdigilib.org

ਪਾ ਲਿਆ, ਹੱਥ ਵਿਚ ਲੋਹੇ ਦੀ ਖੂੰਡੀ ਗਲ ਵਿਚ ਤਸਬੀ, ਕੰਧੇ ਉਤੇ ਮੁਸੱਲਾ, ਗਲ ਚੋਲਾ ਅਤੇ ਵੀਰ ਵਾਰ ਨੂੰ ਖੇਡ ਦੇਂਦਾ। ਲੋਹੇ ਦੀ ਸੰਗਲੀ ਪਿੰਡੇ ਉਤੇ ਮਾਰਦਾ, ਘਰ ਦੇ ਪੀਰ ਖਾਨੇ ਵਿਚ ਬੈਠ ਕੇ ਖੇਡ ਦੇਂਦਾ ਹੋਇਆ ਕਈਆਂ ਲੋਕਾਂ ਨੂੰ ਦਸਦਾ ਤੇ ਰਾਜ਼ੀ ਹੋਣ ਦੇ ਢੰਗ ਬਤਾਉਂਦਾ। ਜਦੋਂ ਉਹ ਤੁਰਦਾ ਤਾਂ ਭੋਲੇ ਭਾਲੇ ਲੋਗ ਉਸ ਦੇ ਚਰਨਾਂ ਉਪਰ ਮਥਾ ਟੇਕਦੇ ਸਭ ਕੁਝ ਹੋਣ ਤੇ ਵੀ ਮਨ ਨੂੰ ਸ਼ਾਤੀ ਨਹੀਂ ਸੀ, ਚਿਤ ਦੀ ਭਟਕਣਾ ਦਾ ਅੰਤ ਨਹੀਂ ਸੀ ਹੋਇਆ ਉਹਦੇ ਮਨ ਦੀਆਂ ਮੁਰਾਦਾਂ ਪੂਰੀਆਂ ਨਹੀਂ ਸਨ ਹੁੰਦੀਆਂ ਉਹ ਨਿਗਾਹੇ ਨੂੰ ਤੁਰਿਆ, ਮਾਲਵੇ ਦੇ 'ਪੀਰ ਭਾਈ, ਸਰਵਰੀਏ ਚੇਲੇ ਨਾਲ ਹੋ ਤੁਰੇ। ਸਭ ਤੋਂ ਵਡਾ ਸੰਗ ਬਣ ਗਿਆ। ਬਹਿਲੋ ਅਤੇ ਅੱਠ ਸੱਤ ਹੋਰ ਸਜਣ ਪੀਰ ਦੀ ਖੇਡ ਦੇਣ ਵਾਲੇ ਸਨ। ਜਿਥੇ ਸੰਗਤ ਦਾ ਪੜਾਅ ਹੁੰਦਾ ਉਥੇ ਹੀ ਉਹ ਖੇਡਣ ਲਗ ਪੈਂਦਾ। ਪਿੰਡ ਦੇ ਗਰੀਬ ਤੇ ਭੋਲੇ ਭਾਲੇ ਵਸ-ਨੀਕ ਆ ਉਦਾਲੇ ਹੁੰਦੇ। ਸਰੀਰਕ ਤੇ ਮਾਨਸਿਕ ਰੋਗਾਂ ਬਾਰੇ ਪੁਛਦੇ। ਖੇਡਣ ਵਾਲੇ ਕਿਸੇ ਨੂੰ ਕਹਿੰਦੇ ਤੈਨੂੰ ਤਵੀਤ ਹਨ, ਕਿਸੇ ਨੂੰ ਕਹਿੰਦੇ ਤੈਨੂੰ ਛਾਇਆ ਚਮੜੀ ਹੈ ਤੂੰ ਪੀਰ ਦੀ ਸੁਖਣਾ ਨਹੀਂ ਦਿਤੀ। ਐਸੇ ਬਚਨ ਕਰਕੇ ਸਗੋਂ ਰੋਗੀ ਨੂੰ ਭਰਮ ਤੇ ਭੈ ਦੇ ਖੂਹ ਵਿਚ ਸੁਟ ਦੇਂਦੇ। ਰੋਗੀ ਹੋਰ ਤੜਫਦਾ, ਜੇ ਖੇਡਣ ਬੈਠਦਾ ਤਾਂ ਨਾਲੇ ਧਨ ਖਰਚ ਹੁੰਦਾ ਤੇ ਨਾਲੇ ਤਨ ਨਸ਼ਟ ਹੁੰਦਾ।

ਭਾਈ ਬਹਿਲੋ ਦਾ ਸੰਗ ਨਿਗਾਹੇ ਨੂੰ ਜਾਂਦਾ ਹੋਇਆ ਰਾਮ ਦਾਸ ਪੁਰ ਆ ਪੁਜਾ। ਰਾਮ ਦਾਸ ਪੁਰ ਉਸ ਵੇਲੇ ਵਸ ਰਿਹਾ ਸੀ ਸਰੋਵਰ ਪੱਕਾ ਕਰਨ ਵਾਸਤੇ ਆਵੇ ਚੜ੍ਹਾਉਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਸਤਿਗੁਰੂ ਅਰਜਨ ਦੇਵ ਜੀ ਸੰਗਤਾਂ ਨੂੰ ਉਪਦੇਸ਼ ਕਰਦੇ ਸਨ। ਗੁਰੂ ਕਾ ਲੰਗਰ ਅਟੁਟ ਵਰਤਦਾ ਸੀ ਸੈਂਕੜੇ ਸਿਖ ਆਉਂਦੇ ਤੇ ਜਾਂਦੇ ਸਨ। ਗੁਰੂ ਘਰ ਦੀ ਮਰਜਾਦਾ ਵੇਖਕੇ ਸਤਿਗੁਰੂ ਜੀ ਦਾ ਉਪਦੇਸ਼ ਸੁਣਕੇ ਚਿਤ ਨੂੰ ਕੁਝ ਹੋਇਆ। ਮਨ ਉਤਾਵਲਾ ਹੋਕੇ ਤੜਫਿਆ। ਸਤਿ ਗੁਰੂ ਜੀ ਨੇ ਫੁਰਮਾਇਆ:—

'ਜਾਕਉ ਖੋਜਹਿ ਅਸੰਖ ਮੁਨੀ ਅਨੇਕ ਤਪੇ। ਬ੍ਰਹਮੇ ਕੋਟ ਅਰਾਧਹ ਗਿਆਨੀ ਜਾਪ ਜਪੇ।
ਜਪ ਤਾਪ ਸੰਜਮ ਕਿਰਿਆ ਪੂਜਾ ਅਨਿਕ ਸੋਧਨ ਬੰਦਨਾ। ਕਰਿ ਗਵਨੁ ਬਸੁਧਾ
ਤੀਰਥਹ ਮੰਜਨੁ ਮਿਲਨ ਕਉ ਨਿਰੰਜਨਾ। ਮਾਨੁਖ ਬਨੁ ਤਿਨੁ ਪਸ਼ੂ ਪੰਖੀ ਸਗਲ
ਤੁਝਹਿ ਅਰਾਧਤੇ। ਦਿਆਲ ਲਾਲ ਗੋਬਿੰਦ ਨਾਨਕ ਮਿਲੁ ਸਾਧ ਸੰਗਤ ਹੋਏ ਗਤੇ।

ਤਿਸਦਾ ਪ੍ਰਮਾਰਥ ਜਿਸ ਪ੍ਰਮੇਸ਼ਰ ਨੇ ਸਾਰੇ ਜਗਤ ਦੀ ਰਚਨਾਂ ਕੀਤੀ ਹੈ। ਜੇਹੜਾ ਨਵੇਂ ਤੋਂ ਨਵਾਂ ਕੌਤਕ ਕਰਦਾ ਹੈ। ਉਸ ਪ੍ਰਮਾਤਮਾ ਨੂੰ ਲੱਖਾਂ ਤਪੱਸਵੀ, ਜੋਗੀ ਤੇ ਮੁਨੀ ਆਦਿਕ ਲਭਦੇ ਫਿਰਦੇ ਹਨ, ਪਰ ਉਹ ਲਭਦਾ ਨਹੀਂ। ਅਨੇਕਾਂ ਬ੍ਰਹਮਾ ਵਰਗੇ ਉਸ ਦੀ ਪੂਜਾ ਕਰਦੇ ਹਨ। ਕਈ ਗਿਆਨੀ ਉਹਦੇ ਨਾਮ ਦਾ ਜਾਪ ਜਪਦੇ ਹਨ। ਕਈ ਜਪ ਦੇ ਨਾਲ ਤਪ ਕਰਦੇ ਤੇ ਸੰਜਮ ਦਾ ਜੀਵਨ ਬਤੀਤ ਕਰਦੇ ਹਨ। ਸੁਚੇ ਰਹਿੰਦੇ ਹਨ। ਨਾ ਕਿਸੇ ਨਾਲ ਛੂੰਹਦੇ ਹਨ ਤੇ ਨਾ ਕਿਸੇ ਕੋਲੋਂ ਲੈ ਕੇ ਅੰਨ ਜਲ ਖਾਂਦੇ ਤੇ ਪੀਂਦੇ ਹਨ। ਅਨੇਕਾਂ ਯਾਤਰੂ ਤੇ ਦੁਨੀਆ ਦੇ ਲੋਕ ਤੀਰਥਾਂ ਦੀ ਯਾਤ੍ਰਾ ਕਰਦੇ ਫਿਰਦੇ ਹਨ ਕਿ ਕਿਤਿਉਂ ਉਨ੍ਹਾਂ ਨੂੰ ਪ੍ਰਮਾਤਮਾ ਦੇ ਚਰਨਾਂ ਦੀ ਧੂੜੀ ਹੀ ਮਿਲ ਜਾਵੇ। ਹੇ ਪ੍ਰਮਾਤਮਾ ਤੂੰ ਕਿਥੇ ਹੈਂ? ਇਹ ਕੋਈ ਪਤਾ ਨਹੀਂ। ਕਿਸੇ ਕਦੀ ਦੇਖਿਆ ਨਹੀਂ। ਪਰ ਇਕ ਗਲ ਹੈ ਕਿ ਪੁਰਸ਼ (ਨਰ ਨਾਰੀ) ਜੰਗਲ ਘਾਹ ਤੇ ਜੜ ਆਦਿਕ, ਪਸ਼ੂ ਤੇ ਪੰਛੀ ਰਾਤ ਦਿਨੇ ਤੇਰੇ ਨਾਮ ਦਾ ਸਿਮਰਨ ਕਰਦੇ ਰਹਿੰਦੇ ਹਨ। ਪਰ ਅਸਾਂ

Digitized by Panjab Digital Library | www.panjabdigilib.org

ਤੱਤ ਇਹ ਜਾਤਾ ਹੈ ਕਿ ਸਾਧ ਸੰਗਤ ਵਿਚ ਬੈਠ ਕੇ ਪ੍ਰਮਾਤਮਾ ਦਾ ਨਾਮ ਸੁਣ ਕੇ ਅਤੇ ਭਗਤੀ ਸੇਵਾ ਕਰਕੇ ਹੀ ਮਨੁਖ ਨੂੰ ਪ੍ਰਮਾਤਮਾ ਦਾ ਮੇਲ ਹੁੰਦਾ ਹੈ। ਉਹ ਮੁਕਤ ਹੋ ਜਾਂਦਾ ਹੈ। ਹਿੰਦੂ ਹੋ ਕੇ ਤੁਰਕਾਂ ਦਾ ਸੰਗ ਕਰਨਾ, ਉਨ੍ਹਾਂ ਦੇ ਠਗ ਪੀਰਾਂ ਦੇ ਮੰਨਣ ਵਾਲੇ ਨੂੰ ਕਦੀ ਸਾਂਤੀ ਪ੍ਰਾਪਤ ਨਹੀਂ ਹੋ ਸਕਦੀ। ਜਗਤ ਭਰਮਾਂ ਵਿਚ ਡੁਬਦਾ ਫਿਰਦਾ ਹੈ। ਗੁਣ ਤੇ ਔਗਣ ਦੀ ਵਿਚਾਰ ਨਹੀਂ ਕਰਦਾ । ਸਚ ਤੇ ਝੂਠ ਦਾ ਗਿਆਨ ਨਹੀਂ । ਗਿਆਨ ਹਾਸਲ ਤਦੇ ਹੁੰਦਾ ਹੈ, ਜੇ ਸਚੇ ਸਤਿਗੁਰੂ ਦੀ ਸ਼ਰਨ ਜਾਵੇ ਤੇ ਗੁਰਮਤਿ ਉਤੇ ਚਲੇ ।

ਸਤਿਗੁਰੂ ਜੀ ਦੇ ਬਚਨ ਭਾਈ ਬਹਿਲੋ ਦੇ ਮਨ ਵਿਚ ਤਾਰ ਵਾਂਗ ਵਜੇ, ਉਨ੍ਹਾਂ ਅਨਿਆਲੇ ਤੀਰਾਂ ਨੇ ਭਰਮ, ਬੁਰਿਆਈ, ਅਗਿਆਨਤਾ ਤੇ ਸਖੀ ਸਰਵਰ ਦੀ ਪਾਂਣ ਸਭ ਕੁਝ ਦੂਰ ਕਰ ਦਿਤੀ। ਮਨ ਨਿਰਮਲ ਹੋਣ ਲੱਗਾ। ਸਰਵਰ ਦੀ ਸੰਗਲੀ, ਖਫਨੀ, ਚਮੜਾ ਢੋਲ ਝੰਡਾ ਇਕ ਵਾਧੂ ਜਿਹਾ ਭਾਰ ਪ੍ਰਤੀਤ ਹੋਇਆ। ਸਰਵਰ ਦੀ ਉਪਮਾ ਦੀ ਝੂਠੀ ਤੇ ਫਰਜ਼ੀ ਕਵਿਤਾ ਕੰਨਾਂ ਨੂੰ ਖਾਣ ਲਗੀ। ਸਤਿਗੁਰੂ ਜੀ ਦੀ ਬਾਣੀ ਬਹੁਤ ਮਿਠੀ ਲਗੀ ਜਿਵੇਂ ਕੋਇਲ ਦੇ ਸ਼ਬਦ ਸੁਣਕੇ ਕੋਇਲ ਦਾ ਪੁਤ੍ਰ ਕਾਵਾਂ ਵਿਚੋਂ ਤੇ ਹੰਸਾਂ ਦਾ ਪੁਤ੍ਰ ਬਗਲਿਆਂ ਵਿਚੋਂ ਨਿਖੜ ਕੇ ਆਪਣਿਆਂ ਕੋਲ ਆ ਜਾਂਦਾ ਹੈ। ਤਿਵੇਂ ਭਾਈ ਬਹਿਲੋ ਮੁਸਲਮਾਨ ਪੀਰ ਦੀ ਪੂਜਾ ਛਡ ਕੇ ਮੁੜ ਉਧਰ ਆਉਣ ਲਗਾ । ਜਿਥੋਂ ਗਏ ਸਨ। ਭਰਾ ਭਰਾਵਾਂ ਨਾਲ ਮਿਲਕੇ ਹੀ ਸੁਖੀ ਹੁੰਦੇ ਹਨ। ਉਹਦੇ ਸਾਥੀਆਂ ਨੇ ਕਿਹਾ, ਬਹਿਲੋ ਉਠ ਅਗੇ ਚਲੀਏ। ਸੰਗ ਤੁਰਨ ਨੂੰ ਕਾਹਲਾ ਪਿਆ ਹੈ, ਦੋ ਦਿਨ ਏਥੇ ਪੜਾ ਕਰ ਲਿਆ, ਰਾਹ ਦਾ ਪੰਧ ਲੰਮਾ ਹੈ ।

ਮੇਰਾ ਪੈਂਡਾ ਮੁੱਕ ਗਿਆ, ਮੇਰਾ ਜੀਵਨ ਪੜਾਅ ਆ ਗਿਆ, ਇਸ ਤੋਂ ਅੱਗੇ ਮੈਂ ਨਹੀਂ ਜਾ ਸਕਦਾ, ਝੂਠ ਦੀ ਥਾਂ ਮੈਨੂੰ ਸਤਯ ਦੀ ਲੋਅ ਲੱਗ ਗਈ, ਅਗੇ ਹਨੇਰੀ ਵਿਚ ਹੱਥ ਮਾਰਕੇ ਜਿਸ ਵਸਤੂ ਨੂੰ ਮੈਂ ਲਭਦਾ ਰਿਹਾ, ਜਿਸ ਬਦਲੇ ਪਾਗਲਾਂ ਵਾਂਗ ਸਿਰ ਮਾਰਦਾ ਰਿਹਾ, ਲੋਹੇ ਦੇ ਸੰਗਲਾਂ ਨਾਲ ਹਡੀਆਂ ਚੂਰ ਕਰਦਾ ਰਿਹਾ, ਉਹ ਵਸਤੂ ਨਾ ਮਿਲੀ। ਭੁਖ ਵਧ ਗਈ, ਭੁੱਖ ਨਾਲ ਵਿਆਕੁਲ ਹੋ ਕੇ ਸਤਯ ਵਸਤੂ ਨੂੰ ਭੁੱਲ ਗਿਆ, ਕੂੜ ਪਿਛੇ ਫਿਰਦਾ ਰਿਹਾ। ਜਾਓ । ਹੁਣ ਬਹਿਲੋ ਨਾ ਪੀਰਦਾ ਹੈ ਨਾ ਪੀਰ ਪਹਿਲੋ ਦਾ ਹੈ।

ਇਹ ਕੀ ਹਨੇਰ ਮਾਰਦੇ ਹੋ, ਪੀਰ ਕਰਾਮਾਤੀ ਜ਼ਾਹਰਾ ਪੀਰ ਹੈ, ਉਹ ਅਨਾ ਕਰ ਦੇਵੇਗਾ। ਤੁਸਾਂ ਦੇ ਹਥ ਪੈਰ ਜੋੜ ਦੇਵੇਗਾ, ਪਿੰਡ ਗਰਕ ਹੋ ਜਾਵੇਗਾ, ਪਰਵਾਰ ਦੁਖੀ ਹੋਵੇਗਾ, ਡੰਗਰ ਮਰ ਜਾਣਗੇ, ਮੰਦੇ ਸਬਦ ਪੀਰ ਦੀ ਸ਼ਾਨ ਵਿਚ ਨਾ ਕਹੋ, ਤੁਸੀਂ ਪੀਰ ਸਰਵਰ ਦੇ ਹੋ, ਓਸ ਦੇ ਰਹੋ, ਥਾਂ ਥਾਂ ਪੀਰ ਬਣੇ ਫਿਰਦੇ ਹਨ, ਰੋਟੀਆਂ ਖਾਣ ਦੇ ਮਾਰੇ, ਮਾਇਆ ਇਕਠੀ ਕਰਨ ਦੇ ਭੁਖੇ । ਲਾਲਚ ਵਿਚ ਨਹੀਂ ਆਉਣਾ ਚਾਹੀਦਾ। ਉਠ ਛੇਤੀ ਕਰ। ਚੌਂਕੀ ਭਰਨ ਦਾ ਵੇਲਾ ਹੋ ਗਿਆ ਹੈ । ਅਗੇ ਸਗੋਂ ਦੋ ਚੌਕੀਆਂ ਰਹਿ ਗਈਆਂ ਹਨ ।

'ਚੌਂਕੀਆਂ ਭੁਲ ਗਈਆਂ, ਸਿਰ ਮਾਰਨ ਦੀ ਸ਼ਕਤੀ ਨਹੀਂ ਰਹੀ ਸਚੇ ਨੇ ਝੂਠੇ ਕੋਲੋਂ ਮੈਨੂੰ ਖੋਹ ਲਿਆ ਹੈ। ਜਾਓ। ਮੈਂ ਨਹੀਂ ਜੇ ਜਾਣਾ। ਇਹ ਲੌ ਸੰਗਲ ਖਲੜ੍ਹ ਝੰਡਾ, ਢੋਲ, ਤਸਬੀ..... ..... ਮੈਂ ਨਹੀਂ ਜੇ ਜਾਣਾ ਮੈਂ ਸਤਿਗੁਰ ਜੀ ਦੇ ਚਰਨਾ ਵਿਚ ਰਹਾਂਗਾ ਸਤਿਸੰਗ ਵਿਚ ਬੈਠਾਂਗਾ।

Digitized by Panjab Digital Library | www.panjabdigilib.org

ਇਹ ਆਖ ਕੇ ਭਾਈ ਬਹਿਲੋ ਨੇ ਇਕ ਇਕ ਕਰਕੇ ਸਾਰੀਆਂ ਪੀਰਾਂ ਦੀਆ ਨਿਸ਼ਾਨੀਆਂ ਉਦਾਲਿਓ ਲਾਹ ਕੇ ਸੁਟ ਦਿਤੀਆਂ। ਪੀਰ ਦੇ ਚੇਲੇ ਹੈਰਾਨ ਹੋਏ ਉਨਾਂ ਵਿਚੋਂ ਕਈ ਥਰ ਥਰ ਕੇ ਕੰਬ ਉਠੇ। ਉਨਾਂ ਨੇ ਤਰਲੇ ਕੀਤੇ, ਡਰ ਦਿਤੇ ਪਰ ਬਹਿਲੋ ਨੇ ਦਿਕ ਨਾ ਸੁਣੀ। ਉਹ ਉਸੇ ਵੇਲੇ ਉਠ ਕੇ ਉਧਰ ਚਲਿਆ ਗਿਆ ਜਿਧਰ ਸਰੋਵਰ ਦੀ ਪੁਟਾਈ ਹੋ ਰਹੀ ਸੀ। ਸਿਰ ਉਤੇ ਮੜਾਸਾ ਕੀਤਾ, ਟੋਕਰੀ ਫੜੀ ਤੇ ਕਾਰ ਸੇਵਾ ਕਰਨ ਲਗ ਪਿਆ।

ਪੀਰ ਦੇ ਚੇਲੇ ਨਰਾਸ ਹੋਕੇ ਅਗੇ ਤੁਰ ਗਏ ਉਨਾਂ ਵਿਚੋਂ ਤਿਨ ਭਾਈ ਬਹਿਲੋ ਨਾਲ ਰਹਿਕੇ ਗੁਰੂ ਘਰ ਦੀ ਸੇਵਾ ਕਰਨ ਲਗੇ।

ਜਿਵੇਂ ਤਨੋ ਮਨੋ ਧਨੋ ਪਹਿਲੇ ਸਖੀ ਸਰਵਰ ਦੇ ਚਾਟੜੇ ਬਣੇ ਸਨ ਤਿਵੇਂ ਭਾਈ ਬਹਿਲੋ ਜੀ ਸਤਿਗੁਰੂ ਜੀ ਦੇ ਸੇਵਕ ਬਣ ਗਏ। ਐਸਾ ਪ੍ਰੇਮ ਪਾਇਆ ਕੇ ਸਭ ਕੁਝ ਭੁਲ ਗਏ ਘਰ ਜਾਣਾ ਭੀ ਭੁਲ ਗਿਆ। ਆਪਾ ਖਤਮ ਹੋ ਗਿਆ ਹਰ ਪਾਸੇ ਤੂੰ ਹੀ ਤੂੰ ਨਜ਼ਰ ਆਉਣ ਲਗਾ। ਕਹੀ ਤੇ ਟੋਕਰੀ ਆਪ ਦੀਆਂ ਜੀਵਨ ਸਾਥਣਾ ਬਣੀਆਂ। ਦੋ ਕੁ ਮਹੀਨੇ ਸੇਵਾ ਕਰਦਿਆਂ ਹੋਇਆਂ ਵਿਚਾਰ ਫ਼ੁਰੀ–ਬਹਿਲੋ–ਤੂੰ ਭੁਲ ਕਰ ਰਿਹਾ ਹੈ। ਸੇਵਾ ਕਰਕੇ ਗੁਰੂ ਕੇ ਲੰਗਰੋਂ ਪ੍ਰਸ਼ਾਦੇ ਕਿਉਂ ਛਕਦਾ ਹੈਂ। ਕੀ ਸੇਵਾ ਵੇਚ ਰਿਹਾ ਹੈ? ਰੋਟੀ ਸੇਵਾ ਦਾ ਮੁਲ ਨਹੀਂ? ਲੰਗਰੋਂ ਪ੍ਰਸ਼ਾਦੇ ਨਾ ਛੱਕ ਕੋਈ ਹੋਰ ਹੀਲਾ ਵਸੀਲਾ ਕਰ। ਇਹ ਅਵਾਜ਼ ਉਹਦੀ ਆਤਮਾ ਦੀ ਸੀ।

ਅਗਲੇ ਦਿਨ ਹਟੀ ਵਾਲੇ ਨਾਲ ਫੈਸਲਾ ਕੀਤਾ ਕੇ ਹਟੀ ਵਾਲੇ ਦੀ ਦਾਲ ਦਲ ਆਇਆ ਕਰੇ ਹਲਦੀ ਤੇ ਲੂਣ ਪੀਹ ਕੇ ਦੇ ਆਇਆ ਕਰੇ। ਮਜ਼ਦੂਰੀ ਲਵੇ ਦੋ ਵੇਲੇ ਦੀ ਰੋਟੀ ਤੇ ਕਪੜੇ ਜੋਗੇ ਪੈਸੇ। ਉਨਾਂ ਪੈਸਿਆਂ ਨੂੰ ਜੋੜ ਕੇ ਸਤਿਗੁਰੂ ਜੀ ਦੀ ਭੇਟਾ ਕਰਾਗਾ।

ਭਾਈ ਬਹਿਲੋ ਨੇ ਫਿਰ ਇਸ ਤਰ੍ਹਾਂ ਨਿਤ ਕਰਮ ਮਿਥਿਆ–ਤੜਕੇ ਉਠਕੇ ਇਸ਼ਨਾਨ ਕਰਨ। ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨਾ, ਆਸਾ ਦੀ ਵਾਰ ਦਾ ਕੀਰਤਨ ਸੁਣਨ ਪਿਛੋਂ ਫੇਰ ਕਾਰ ਵਿਚ ਰੁਝ ਜਾਣਾ, ਲੌਢੇ ਵੇਲੇ ਨੂੰ ਹਟੀ ਵਾਲੇ ਦੀ ਨੌਕਰੀ ਕਰਨੀ ਤੇ ਰਾਤ ਨੂੰ ਭਜਨ ਕਰਨਾ। ਇਕ ਪਲ ਵੇਹਲੇ ਨਹੀਂ ਬੈਹਣਾ ਬਹਿਲੋ ਜੀ ਤਾਂ ਭਾਈ ਗੁਰਦਾਸ ਜੀ ਦੇ ਇਸ ਬਚਨ ਉਤੇ ਚੱਲ ਰਿਹਾ ਸੀ।

> ਪੈਰੀਂ ਪੈਪਾ ਖਾਕ ਹੋਇ ਛਡਮਣੀ ਮਜੂਰੀ। ਪਾਣੀ ਪੱਖਾ ਪੀਹਣਾ ਨਿਤ ਕਰੈ
> ਮਜੂਰੀ। ਤੱਪੜ ਝਾੜ ਵਿਛਾਇੰਦਾ ਚੁਲ ਝੋਕਣ ਝੂਰੀ। ਮੁਰਦੇ ਵਾਂਗ ਮੁਰੀਦ
> ਹੋਇ ਕਰ ਸਿਦਕ ਸਬੂਰੀ। ਚੰਨਣ ਹੋਵੈ ਸਿਮਲਹੁੰ ਫਲ ਵਾਸ ਹਜੂਰੀ। ਪੀਰ
> ਮੁਰੀਦਾ ਪਿਰਹੜੀ ਗੁਰਮੁਖ ਮਤਿ ਪੂਰੀ।

ਅਠੇ ਪਹਿਰ ਸੇਵਾ ਕਰਨ ਦਾ ਹੀ ਉਮਾਹ ਰਹਿੰਦਾ ਸੀ। ਸਾਰੇ ਸਿਖ ਭਾਈ ਬਹਿਲੋ ਦੀ ਗੁਰੂ ਘਰ ਨਾਲ ਪ੍ਰੀਤ ਦੇਖਕੇ ਦੰਗ ਰਹਿ ਗਏ ਸਨ। ਜਪ ਤਪ ਤੇ ਹਠ ਵਿਚ ਪੂਰਾ ਸੀ। ਉਹਦਾ ਸਰੀਰ ਥਕਦਾ ਤੇ ਮਨ ਅਕਦਾ ਨਹੀਂ ਸੀ।

Digitized by Panjab Digital Library | www.panjabdigilib.org

ਉਹ ਤਨੋਂ ਮਨੋਂ ਤੇ ਧਨੋਂ ਸਤਿਗੁਰੂ ਜੀ ਦਾ ਸ਼ਰਧਾਲੂ ਸਿਖ ਬਣ ਗਿਆ ਸੀ।

ਭਾਈ ਬਹਿਲੋ 'ਮੁਰਦੇ ਵਾਂਗ ਮੁਰੀਦ ਹੋਇ' ਸੇਵਾ ਕਰਨ ਲਗਾ। ਕੋਈ ਚੀਜ਼ ਆਪਣੀ ਨਾ ਸਮਝੀ। ਕਸ਼ਟ ਝਲਕੇ ਗੁਰੂ ਘਰ ਦੀ ਸੇਵਾ ਕਰਨ ਨੂੰ ਧਰਮ ਸਮਝਦਾ। ਇਕ ਦਿਨ ਕਿਸੇ ਆਦਮੀ ਨਾਲ ਵਿਚਾਰਾਂ ਹੋਈਆਂ ਕੇ ਸਰੋਵਰ ਨੂੰ ਪੱਕਾ ਕਰਨ ਵਾਸਤੇ ਜੋ ਜੋ ਆਵੇ ਪਕ ਰਹੇ ਹਨ ਉਨਾਂ ਆਵਿਆਂ ਵਿਚ ਚੰਗੀਆਂ ਇਟਾਂ ਕਿਵੇਂ ਪਕਾਈਆਂ ਜਾ ਸਕਦੀਆਂ ਹਨ। ਕੇਹੜੀ ਚੀਜ ਬਾਲਣ ਵਿਚ ਰਲਾਈ ਜਾਵੇ ? ਦਸਣ ਵਾਲੇ ਨੇ ਦਸਿਆਂ ਕੇ ਜੇ ਬਾਲਣ ਵਿਚ (ਬਲਦੇ ਆਵੇ ਸਮੇ) ਜੇ ਵਿਸ਼ਟਾ (ਗੰਦਗੀ) ਸੁਟਿਆ ਜਾਵੇ ਤਾਂ ਇਟਾਂ ਬਹੁਤ ਚੰਗੀਆਂ ਪਕਦੀਆਂ ਹਨ । ਲਾਲ ਸੁਰਖ ਹੋ ਜਾਂਦੀਆਂ ਹਨ ਅਤੇ ਕਈ ਸੌ ਸਾਲ ਤਕ ਖਰਾਬ ਨਹੀਂ ਹੁੰਦੀਆਂ। ਲਾਂਉਦਿਆਂ ਤੇ ਸੁਟਦਿਆਂ ਹੋਇਆਂ ਟੁਟਦੀਆਂ ਨਹੀਂ। ਇਹ ਸੁਣ ਕੇ ਭਾਈ ਬਹਿਲੋ ਨੇ ਆਪਣੇ ਆਪ ਫੈਸਲਾ ਕੀਤਾ 'ਗੁਰੂ ਘਰ ਦੀ ਸੇਵਾ ਕਰਨ ਦਾ ਇਹ ਸਨਹਿਰੀ ਸਮਾਂ ਹੈ। ਅਗਲੇ ਦਿਨ ਇਕ ਚੰਗੀ ਟੋਕਰੀ ਲਈ ਅਤੇ ਟੋਕਰੀ ਵਿਚ ਬੋਰੀ ਦਾ ਕਪੜਾ ਲਾਇਆ, ਜਿਸ ਕਾਰਨ ਟੋਕਰੀ ਵਿਚੋਂ ਵਿਸ਼ਟਾ ਵਗੇ ਨਾ। ਕੰਬਲ ਦੀ ਝੁਮੀ ਮਾਰੀ ਤੇ ਬਾਹਰ ਨੂੰ ਤੁਰ ਗਏ। ਵਿਸ਼ਟਾ ਕਠਾ ਕਰਕੇ ਲਿਆਵੇ (ਭੱਠੇ) ਵਿਚ ਸੁਟਦੇ ਰਹੇ, ਕਿਨੀ ਕਠਨ ਸੇਵਾ ਸ੍ਰੀ ਪ੍ਰੀਤ ਦਾ ਅੰਤਮ ਇਮਤਿਹਾਨ ਸੀ ਉਸ ਵਿਚੋਂ ਵੀ ਭਾਈ ਬਹਿਲੋ ਜੀ ਪਾਸ ਹੋ ਗਏ। ਆਵਾ ਪੱਕ ਗਿਆ, ਇਟਾਂ ਸਾਰੀਆਂ ਨਾਲੋਂ ਚੰਗੀਆਂ ਨਿਕਲੀਆਂ, ਸਤਿਗੁਰੂ ਜੀ ਨੂੰ ਪਤਾ 'ਲੱਗ ਗਿਆ ਕੇ ਚੰਗੀਆਂ ਇਟਾਂ ਪਕਣ ਦਾ ਕਾਰਨ ਭਾਈ ਬਹਿਲੋ ਜੀ ਦੀ ਸੇਵਾ ਹੈ। ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਏਨੇ ਪ੍ਰਸੰਨ ਕੇ ਸਾਰੀਆਂ ਸ਼ਕਤੀਆਂ ਵਰਦਾਨ ਦੇਣ ਵਿਚ ਤਿਆਰ ਹੋ ਗਏ। ਉਨਾਂ ਦੀ ਜ਼ਬਾਨੋਂ ਸੁਤੇ ਸਿਧ ਨਿਕਲ ਗਿਆ 'ਭਾਈ ਬਹਿਲੋ ਸਭ ਨਾਲੋਂ ਪਹਿਲੋ ਨਿਹਾਲ !!' ਉਸੇ ਵੇਲੇ ਟੋਕਰੀ ਸੁਟਾ ਦਿਨੀ, ਕੰਬਲ ਉਪਰੋਂ ਲਾਹ ਕੇ ਪਾਸੇ ਰੱਖ ਦਿਤਾ, ਇਸ਼ਨਾਨ ਕਰਾ ਕੇ ਨਵੇਂ ਬਸਤਰ ਪਹਿਨਾ ਕੇ ਹਿੱਕ ਨਾਲ ਲਾ ਕੇ ਵਰ ਦਿਤੇ ਤੇ ਮਸੰਦ ਮੁਕੱਰਰ ਕਰ ਦਿਤਾ । ਹੁਕਮ ਕੀਤਾ 'ਭਾਈ ਬਹਿਲੋ ਆਪਣੇ ਪਿੰਡ ਜਾ ਕੇ ਰਹੋ, ਤੇਰਾ ਸਤਿਕਾਰ ਹੋਵੇਗਾ।

ਗੁਰੂ ਘਰ ਦੀ ਸੇਵਾ ਨਾ ਭੁਲਣੀ ਤੇ ਗੁਰਮਤ ਦਾ ਪਰਚਾਰ ਕਰਿਆ ਕਰਨਾ। ਗੁਰਬਾਣੀ ਆਪ ਪੜਨੀ ਤੇ ਹੋਰਨਾਂ ਨੂੰ ਕੰਠ ਕਰਾਉਣੀ। ਅਸੀਂ ਤੇਰੇ ਉਤੇ ਬਹੁਤ ਪ੍ਰਸਨ ਹਾਂ, ਤੇਰੀ ਬਾਇ ਪਈ। ਮਾਲਵੇ ਦੀ ਸਾਰੀ ਸਿਖੀ ਦਾ ਤੂੰ ਮੁਖੀ ਖੁਸ਼ੀ ਤੇ ਅਨੰਦ ਨਾਲ ਖੀਵਾ ਹੋ ਕੇ ਭਾਈ ਬਹਿਲੋ ਹੋਰ ਕੋਈ ਗਲ ਨਾ ਕਰ ਸਕਿਆ, ਸਗੋਂ ਉਚੀ ਉਚੀ ਇਹ ਸ਼ਬਦ ਪੜਨ ਲਗ ਪਿਆ।

ਚਰਣ ਕਮਲ ਕਾ ਆਸਰਾ ਦੀਨੋਂ ਪ੍ਰਭਿ ਆਪਿ ॥
ਪ੍ਰਭ ਸਰਣਾ ਗੀਤ ਜਨ ਪਰੇ ਤਾਕਾ ਸਦ ਪਰਤਾਪੁ ॥ ੧
ਰਾਖਨਹਾਰ ਅਪਾਰ ਪ੍ਰਭ ਤਾਕੀ ਨਿਰਮਲ ਸੇਵ ॥
ਰਾਮ ਰਾਜ ਰਾਮ ਦਾਸ ਪੁਰਿ ਕੀਨੇ ਗੁਰਦੇਵ ॥ ੧ ॥ ਰਹਾਉ ॥
ਸਦਾ ਸਦਾ ਹਰਿ ਧਿਆਈਐ ਕਿਛੁ ਵਿਘਨੁ ਨ ਲਾਗੈ ॥
ਨਾਨਕ ਰਾਮ ਨਾਮ ਸਲਾਹੀ ਭਾਉ ਦੁਸਮਨ ਭਾਗੈ ॥

Digitized by Panjab Digital Library | www.panjabdigilib.org

ਸਤਿਗੁਰੂ ਦੇ ਕਮਲ ਫੁਲ ਵਰਗੇ ਚਰਨਾਂ ਦਾ ਆਸਰਾ ਪ੍ਰਮਾਤਮਾ ਨੇ ਆਪ ਦਿਤਾ। ਭੁਲੇ ਭਾਈ ਬਹਿਲੋ ਨੂੰ ਸਬੱਬ ਨਾਲ ਸਤਿਗੁਰੂ ਦੀ ਸ਼ਰਨ ਵਿਚ ਲਿਆਂਦਾ, ਜੇ ਪ੍ਰਮਾਤਮਾ ਦੀ ਮੇਹਰ ਨਾ ਹੁੰਦੀ ਤਾਂ ਕਦੀ ਸਤਿਗੁਰੂ ਜੀ ਕੋਲ ਆਉਣ ਦਾ ਢੋਅ ਨਹੀਂ ਸੀ ਬਣਨਾ। ਜੇਹੜਾ ਸਤਿਗੁਰੂ ਜੀ ਦੀ ਸ਼ਰਨ ਆਉਂਦਾ ਹੈ, ਉਹਦੀ ਵਡਿਆਈ ਹੁੰਦੀ ਹੈ ਉਹ ਦਾ ਜਸ ਆਪਣੇ ਆਪ ਹੀ ਚਾਰ ਜੁਗ ਵਿਚ ਖਿਲਰ ਜਾਂਦਾ ਹੈ। ਉਹ ਪ੍ਰਭੂ ਮਾਲਕ ਜੁਗਾਂ ਜੁਗਾਂਤਰਾਂ ਤੋਂ ਭਗਤਾਂ ਦੀ ਪੈਜ ਰਖਦਾ ਆਇਆ ਹੈ। ਉਸੇ ਦੀ ਸੇਵਾ ਹੀ ਕਰਨੀ ਚੰਗੀ ਹੈ। ਬੜੀਆਂ ਦਾਤਾਰ ਦੀਆਂ ਮੇਹਰਾਂ ਹੋਈਆਂ ਜੋ ਸੰਜੋਗ ਨਾਲ ਰਾਮ ਦਾਸ ਪੁਰ ਆ ਵਸੇ, ਰਾਮ ਦਾਸ ਪੁਰ ਸਵਰਗ ਦੀ ਨਗਰੀ ਹੈ, ਇੰਦ੍ਰ ਲੋਕ ਦੇ ਸਮਾਨ ਹੈ। ਇਸ ਨਗਰੀ ਵਿਚ ਸਚ ਮੁਚ ਰਾਮ ਰਾਜ ਹੈ। ਸਤਯ ਧਰਮ ਤੇ ਨੇਕ ਕਿਰਤ ਕਰਨ ਵਾਲੇ ਪੁਰਸ਼ ਵਸਦੇ ਹਨ। ਕਿਸੇ ਨੂੰ ਕੋਈ ਦੁਖ ਨਹੀਂ। ਝੂਠ ਬੋਲ ਕੇ ਕੋਈ ਕਿਸੇ ਨੂੰ ਠੱਗਦਾ ਨਹੀਂ। ਇਸ ਰਾਮ ਰਾਜ ਨੂੰ ਗੁਰ ਦੇਵ (ਸ੍ਰੀ ਗੁਰੂ ਅਰਜਨ ਦੇਵ ਜੀ) ਨੇ ਕਾਇਮ ਕੀਤਾ ਹੈ। ਹਰੀ ਸਿਮਰਨ ਦੇ ਪ੍ਰਤਾਪ ਕਾਰਨ ਕੋਈ ਵਿਘਨ ਨਹੀਂ ਲਗਦਾ। ਸਾਰੇ ਕਾਰਜ ਆਪਣੇ ਆਪ ਸਫਲਤਾ ਨਾਲ ਹੁੰਦੇ ਜਾਂਦੇ ਹਨ ਸਭ ਨਾਮ ਦੀ ਕਿਰਪਾ ਹੈ, ਜਿਸਦੇ ਕਾਰਨ ਪੰਜੇ ਦੁਸ਼ਮਨ ਨਸ਼ਟ ਹੋ ਗਏ, ਜੀਵਨ ਸਫਲ ਹੋ ਗਿਆ।

ਮਾਲਕ (ਸਤਿਗੁਰੂ ਜੀ) ਦਾ ਹੁਕਮ ਹਰ ਸਿਖ ਨੂੰ ਮੰਨਣਾ ਪੈਂਦਾ ਹੈ, ਜੋ ਹੁਕਮ ਮੰਨਦਾ ਹੈ ਉਸੇ ਦਾ ਜਨਮ ਸਫਲ ਹੁੰਦਾ ਹੈ। ਉਹੋ ਹੀ ਸਚੇ ਦੇ ਮਹਿਲ ਵਿਚ ਦਾਖਲ ਹੁੰਦਾ ਹੈ। ਭਾਈ ਬਹਿਲੋ ਦਾ ਭਾਵੇਂ ਚਿਤ ਨਹੀਂ ਸੀ ਕਰਦਾ ਆਪਣੇ ਪਿਆਰੇ ਪਤੀ (ਸਤਿਗੁਰੂ ਜੀ) ਕੋਲੋਂ ਵਿਛੜੇ। ਉਹ ਤਾਂ ਸਤਯ ਧਰਮ ਦੀ ਬਲ ਰਹੀ ਅਮਰ ਤੇ ਪਵਿਤ੍ਰ ਸ਼ਮਾਂ ਉਤੋਂ ਕੁਰਬਾਨ ਹੋ ਜਾਣਾ ਚਾਹੁੰਦਾ ਸੀ। ਪਰ ਪਿਆਰੇ ਦੇ ਹੁਕਮ ਨੇ ਉਸ ਕੋਲੋਂ ਰਾਮਦਾਸ ਪੁਰ ਛੁਡਾ ਦਿਤਾ। ਜਦ ਤੁਰਿਆ ਤਦੋਂ ਪ੍ਰੇਮ ਤੇ ਸ਼ਰਧਾ ਦੇ ਅਖਾਂ ਵਿਚ ਹੰਝੂ ਸਨ।

ਭਾਈ ਬਹਿਲੋ ਆਪਣੇ ਪਿੰਡ ਚਲਿਆ ਗਿਆ ਸਿਖੀ ਦਾ ਪ੍ਰਚਾਰ ਕਰਨ ਲਗਾ ਵਰਤਮਾਨ ਫਰੀਦ ਕੋਟ ਤੇ ਨਾਭੇ ਦੇ ਇਲਾਕੇ ਵਿਚ ਗੁਰਮਤ ਦਾ ਚੰਗਾ ਪ੍ਰਚਾਰ ਕੀਤਾ। ਗੁਰੂ ਘਰ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ, ਮਾਲਵੇ ਦੀ ਸੰਗਤ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਉਂਦਾ ਰਿਹਾ। ਗੁਰੂ ਘਰ ਵਾਸਤੇ ਮਾਇਆ ਇਕਠੀ ਕਰਕੇ ਭੇਜਦਾ ਰਿਹਾ। ਆਪ ਦੀ ਵੰਸ਼ ਵਿਚੋਂ ਭਾਈ ਭਗਤਾ ਜੀ ਹੋਏ ਹਨ। ਜਿਸਦੇ ਨਾਮ ਉਤੇ ਭਗਤਾ ਪਿੰਡ ਹੈ, ਸਾਰਾ ਖਾਨਦਾਨ ਹੀ ਸਤਿਗੁਰੂ ਜੀ ਦੀ ਸੇਵਾ ਕਰਦਾ ਰਿਹਾ। ਧੰਨ ਭਾਈ ਬਹਿਲੋ* ਜੇਹੇ ਮਹਾਂ ਪੁਰਖ ਤੇ ਗੁਰਮੁਖ ਸਿਖ।

## ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ

ਸ੍ਰੀ ਗੁਰੂ ਅਰਜਨ ਦੇਵ ਦਾ ਜੀਵਨ ਵੀ ਇਕ ਅਲੌਕਿਕ ਜੀਵਨ ਹੈ, ਆਪ ਜੀ ਨੇ ਸਿੱਖ ਕੌਮ ਦੀ

---

*ਭਾਈ ਬਹਿਲੋ ਦਾ ਜਨਮ ਸੰਮਤ ੧੬੪੦
ਸ੍ਰੀ ਗੁਰੂ ਜੀ ਦੀ ਸਰ ਸਰਨ ਆਏ ਸੰਮਤ ੧੬੬੦
ਭਾਈ ਬਹਿਲੋ ਜੀ ਦਾ ਦਿਹਾਂਤ ਸੰਮਤ ੧੭੦੦ ਵਿਚ ਹੋਇਆ
ਭਾਈ ਬਹਿਲੋ ਦੀ ਵੰਸ ਦੇ ਭਾਈ ਕੇ ਕਹੇ ਜਾਂਦੇ ਹਨ

Digitized by Panjab Digital Library | www.panjabdigilib.org

ਨੀਂਹ ਪਕੀ ਕਰਨ ਲਈ ਕਈ ਇਕ ਮਾਅਰਕੇ ਦੇ ਕੰਮ ਕੀਤੇ। ਸਭ ਤੋਂ ਪਹਿਲਾਂ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਤਿਆਰ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਤਿਆਰ ਕਰਨਾ, ਸ੍ਰੀ ਅੰਮ੍ਰਿਤਸਰ ਨੂੰ, ਸ੍ਰੀ ਤਰਨ ਤਾਰਨ ਨੂੰ ਵਿਪਾਰਕ ਤੌਰ ਤੇ, ਤੇ ਅਰੋਗਤਾ ਤੌਰ ਤੇ ਅਧਕ ਰੌਣਕ ਦੇਣੀ ਆਦਿ ਤੇ ਰਾਤ ਦਿਨ ਦੇ ਬਹੁਤ ਜ਼ਿਆਦਾ ਰੁਝੇਵਿਆਂ ਵਿਚੋਂ ਵੇਹਲ ਨਾ ਮਿਲਣ ਦੇ ਕਾਰਨ ਆਪ ਜੀ ਪ੍ਰਦੇਸ ਯਾਤਰਾ ਵਿਚ ਨਹੀਂ ਗਏ ਇਸ ਵਾਸਤੇ ਆਪ ਜੀ ਦੇ ਪਵਿਤ੍ਰ ਚਰਨ ਕੰਵਲਾਂ ਦੀ ਛੋਹ ਮਾਲਵਾ ਦੇਸ ਪ੍ਰਾਪਤ ਨਹੀਂ ਕਰ ਸਕਿਆ, ਜਿਸ ਦੇ ਕਾਰਨ ਆਪ ਜੀ ਦੇ ਗੁਰ ਅਸਥਾਨ ਮਾਲਵੇ ਵਿਚ ਨਹੀਂ ਹਨ।

ਪਰ ਆਪ ਜੀ ਚਿਠੀ ਪੱਤਰ ਦੁਆਰਾ ਹੀ ਮਲਵਈ ਸਿੰਘਾਂ ਨੂੰ ਯਾਦ ਕਰਕੇ ਆਪਣੇ ਬਿਰਧ ਨੂੰ ਨਿਵਾਜਦੇ ਰਹੇ ਹਨ। ਅਤੇ ਭਾਈ ਬਹਿਲੋ ਸਭ ਤੋਂ ਪਹਿਲੋਂ, ਮਲਵਈ ਨੂੰ ਨਾਮਣਾ ਦੇ ਕੇ ਸਦਾ ਲਈ ਗੁਰੂ ਘਰ ਦਾ ਸੇਵਕ ਹੋਣ ਦਾ ਮਾਣ ਬਖਸ਼ਿਆ ਜੋ ਸ੍ਰੋਵਰ ਤੇ ਹਰਿਮੰਦਰ ਤਿਆਰ ਹੋਣ ਸਮੇਂ ਸਰੋਵਰ ਲਈ ਕਾਰ ਭੇਟਾ ਅਤੇ ਮਲਵਈ ਸਿੰਘਾਂ ਦੇ ਜਥੇ ਲੈ ਕੇ ਪੁਜਿਆ ਕਰਦਾ। ਤੇ ਲੰਗਰ ਵਿਚ ਮਾਲਵੇ ਦੇਸ਼ ਦੀ ਉਪਜ, ਬਾਜਰਾ ਮੋਠ ਆਦਿ ਲੈ ਜਾਇਆ ਕਰਦਾ।

## ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੇਂ ਦੇ ਮੁਖੀ ਸਿਖਾਂ ਦੇ ਨਾਂ

੧. ਪਿਤਾ ਸ੍ਰੀ ਗੁਰੂ ਰਾਮ ਦਾਸ ਜੀ, ੨. ਮਾਤਾ ਬੀਬੀ ਭਾਨੀ ਜੀ, ੩. ਮਹਿਲ ਮਾਤਾ ਗੰਗਾ ਸਿੰਘ ਜੀ, ੪. ਸਪੁੱਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਗੁਰਸਿੱਖ, ਅਜਬ ਅਜੈਬ ਡਰੋਲੀ ਵਾਲੇ, ਸਾਲੋ ਭਾਈ,

## ਸ੍ਰੀ ਕਬੀਰ ਜੀ ਤੋਂ ਆਦਿ ਲੈਕੇ ਭਗਤ ਸਾਰੇ ਸ੍ਰੀ ਗੁਰੂ ਜੀ ਦੀ ਸ਼ਰਨ ਆਏ

**ਨੰਦਾ**—ਨੰਦਾ, ਵਿੱਠਰ, ਅਤੇ ਸ੍ਵਾਮੀਦਾਸ ਤਿੰਨੇ ਥਨੇਸਰ ਦੇ ਬਾਣੀਏ ਸਨ ਇਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰੇਮ ਸਨੇਹੀ, ਸਿਖ ਹੋਏ ਅਰਜ਼ ਕੀਤੀ ਜੀ ਹਜ਼ੂਰ ਸਾਡੀ ਕਲਿਆਣ ਦਾ ਉਪਾਉ ਦਸੋ ਤਾਂ ਮੁਕਤ ਭੁਗਤ ਦੇ ਮਾਲਕ ਨੇ ਫਰਮਾਇਆ ਕਿ ਭਾਈ ਲੈਣ ਦੇਣ ਵਿਚ ਸਚ ਵਰਤਣਾ, ਕਦੇ ਦੂਜਾ ਸੁਖਾਨ ਨਹੀਂ ਆਖਣਾ, ਸੋ ਗੁਰੂ ਪਿਆਰਿਆਂ ਨੇ ਗੁਰ ਉਪਦੇਸ਼ਾਂ ਉੱਪਰ ਪੂਰਾ ਅਮਲ ਕੀਤਾ ਅਤੇ 'ਇੱਕ ਸੁਖਨੀਏ' ਪ੍ਰਚਲਤ ਹੋਏ।

ਬੇਬਾਣਾ ਜੀ, ਅਰਵਦਾਸ ਜੀ, ਪੀਪਾ ਜੀ, ਸੈਨ ਜੀ, ਪ੍ਰਮਾ ਨੰਦ ਜੀ, ਸੂਰਦਾਸ ਜੀ, ਰਾਮਾ ਨੰਦ ਜੀ, ਸਦਨਾ ਜੀ, ਭੀਖਣ ਜੀ, ਜੈਦੇਵ ਜੀ, ਤ੍ਰਲੋਚਨ ਜੀ, ਫਰੀਦ ਜੀ, ਸਮਣ ਤੇ ਮੂਸਣ ਜੀ, ਜਮਾਲ ਜੀ, ਪਤੰਗ ਜੀ, ਕਿਦਾਰੀ, ਕਲਿਆਣਾ,

Digitized by Panjab Digital Library | www.panjabdigilib.org

# ਗੰਗਾ ਰਾਮ ਬ੍ਰਹਿਮਣ ਬਠਿੰਡਾ ਸਾਰੇ ਭਟ ਸ੍ਰੀ ਗੁਰੂ ਜੀ ਦੇ ਸ਼ਰਨ ਆਕੇ ਸਿਖ ਬਣੇ

ਭਿਖਾ ਜੀ, ਕਲ ਜੀ, ਜਲ ਜੀ, ਨਲ ਜੀ, ਕਲ ਸਾਹਰ ਜੀ, ਮਥਰਾ ਜੀ, ਜਾਲਪ ਜੀ, ਬਲ ਜੀ, ਹਰਬੰਸ ਜੀ, ਟਲ ਜੀ, ਸਲ੍ਹ ਜੀ, ਜਲਣ ਜੀ, ਭੋਲ ਜੀ, ਕੀਰਤ ਜੀ, ਰਾਇੰਦਾ ਜੀ, ਗੰਗਾਂ ਜੀ ਦਾਸਾ ਜੀ ।

# ਭਾਈ ਦਿਆਲ ਸਿੰਘ

ਦਿਆਲਾ, ਭਾਈ ਦਿਆਲ ਸਿੰਘ ਭਾਈ ਰੂਪ ਚੰਦ ਦਾ ਪੋਤਾ. ਅਤੇ ਭਾਈ ਧਰਮ ਸਿੰਘ ਦਾ ਸਪੁੱਤਰ. ਰਾਜ ਨਾਭਾ ਵਿਚ ਇਸ ਮਹਾਤਮਾ ਦਾ ਆਬਾਦ ਕੀਤਾ ਹੋਇਆ ਦਿਆਲ ਪੁਰਾ ਪਿੰਡ ਹੈ, ਬਾਗੜੀਆਂ ਵਾਲੇ ਭਾਈ ਸਾਹਿਬ ਏਸੇ ਬਜ਼ੁਰਗ ਦੀ ਬੰਸ ਹਨ--

# ਭਾਈ ਭੀਵਾਂ ਤੇ ਰੂਪ ਚੰਦ ਸਰਹੰਦ ਨਿਵਾਸੀ

ਭਾਈ ਭੀਵਾਂ ਤੇ ਰੂਪ ਚੰਦ ਸਰਹੰਦ ਵਿਚ ਰਹਿੰਦੇ ਸਨ ਆਪ ਦਸਾਂ ਨੌਹਾਂ ਦੀ ਕ੍ਰਿਤ ਕਰਕੇ ਸਿਖਾਂ ਨਾਲ ਵੰਡ ਖਾਵਨ ਤੇ ਗੁਰ ਪੁਰਬ ਕਰਕੇ ਸਿਖਾਂ ਨੂੰ ਉਤਮ ਪ੍ਰਸਾਦਿ ਛਕਾਵਣ । ਇਕ ਦਿਨ ਇਕ ਮੁਗਲ ਵਾਸਲੀ (ਵਾਸਲੀ) ਮੁਹਰਾਂ ਦੀ ਏਨ੍ਹਾਂ ਨੂੰ ਦੇ ਗਿਆ, ਜੋ ਮੈਂ ਦਿਲੀ ਜਾਂਦਾ ਹਾਂ ਫੇਰ ਆਕੇ ਤੁਸਾਂ ਪਾਸੋਂ ਲਵਾਂਗਾ । ਉਨ੍ਹਾਂ ਅੰਦਰ ਰਖ ਛੋਡੀ ਤੇ ਵਹੀ ਨਾਵਾਂ ਲਿਖਣੋਂ ਭੁਲ ਗਏ । ਤਾਂ ਉਹ ਪੰਜਾਂ ਬਰਸਾਂ ਪਿਛੋਂ ਆਇਆ । ਉਸ ਨੇ ਆਪ ਦੀ ਇਮਾਨਤ (ਮੁਹਰਾਂ) ਮੰਗੀਆਂ । ਮੇਰੀ ਇਕੋਤ੍ਰ ਸੌ ਮੁਹਰ ਵਾਸਲੀ ਵਿਚ ਹੈ । ਤਾਂ ਭਾਈ ਭੀਵੇ ਆਪਣੀ ਵਹੀਆਂ ਸਭੇ ਹੀ ਦੇਖੀਆਂ । ਕਿਸੇ ਜਗਾ ਨਹੀਂ ਸੀ ਲਿਖਿਆ ਤੇ ਉਸ ਨੂੰ ਚੇਤੇ ਭੀ ਨਹੀਂ ਸੀ । ਤਾਂ ਦੋਨੋਂ ਝਗੜਦੇ ਨਵਾਬ ਪਾਸ ਗਏ । ਨਵਾਬ ਨੇ ਕੜਾਹਾ ਤੇਲ ਦਾ ਤਪਾਇਆ ਤੇ ਕਿਹਾ ਦੋਨੋਂ ਹੱਥ ਪਾਵੋ । ਤਾਂ ਸਿਖ ਨੇ ਪੰਜ ਮੁਹਰਾਂ ਸ੍ਰੀ ਗੁਰੂ ਜੀ ਕਾ ਪ੍ਰਸਾਦ ਮੰਨੀਆਂ । ਦੋਨਾਂ ਨੇ ਹੱਥ ਕੜਾਹੇ ਵਿਚ ਪਾਇਆ ਤੇ ਮੁਗਲ ਦਾ ਹਥ ਸੜ ਗਿਆ ਤੇ ਸਿਖ ਦਾ ਹਥ ਸਲਾਮਤ ਨਿਕਲਿਆ । ਤਾਂ ਮੁਗਲ ਨੂੰ ਨਵਾਬ ਨੇ ਝੂਠਾ ਕਹਿਕੇ ਨਿਕਾਲ ਦਿਤਾ । ਭਾਈ ਭੀਵਾ ਸਚਾ ਹੋਕੇ ਘਰ ਆਇਆ ਤੇ ਭਾਈ ਰੂਪ ਚੰਦ ਤੋਂ ਪੁਛਿਆ । ਇਕ ਵਾਸਲੀ ਦਾ ਦਾਵਾ ਮੁਗਲ ਕੀਤਾ ਸੀ ਸੋ ਝੂਠਾ ਹੋਇਆ ਤਾਂ ਭਾਈ ਰੂਪ ਚੰਦ ਕਿਹਾ ਅਸੀਂ ਭੀ ਅੰਦਰ ਦੇਖੀਏ । ਜਾਂ ਵੇਖਣ ਲਗੇ ਤਾਂ ਅੰਦਰੋਂ ਕਿਸੇ ਭਾਂਡੇ ਵਿਚੋਂ ਵਾਸਲੀ ਨਿਕਲ ਆਈ । ਦੋਨੋਂ ਵਾਸਲੀ ਨੂੰ ਲੈਕੇ ਜਿਥੇ ਮੁਗਲ ਬੈਠਾ ਸੀ ਤਿਥੇ ਗਏ । ਉਸ ਨੂੰ ਕਿਹਾ ਏਹ ਵਾਸਲੀ ਆਪਣੀ ਤੂੰ ਲੈ । ਤਾਂ ਮੁਗਲ ਕਿਹਾ ਤੁਸਾਂ ਗੁਰੂ ਜੀ ਦੀ ਭੇਟ ਕੀ ਮੰਨੀ ਸੀ । ਤਾਂ ਉਨ੍ਹਾਂ ਕਿਹਾ ਪੰਜ ਮੁਹਰਾਂ ਤਾਂ ਮੁਗਲ ਕਿਹਾ । ਤੁਸਾਡੇ ਗੁਰੂ ਦਾ ਮੈਂ ਦਰਸ਼ਨ ਕਰਨਾ ਚਾਹੁੰਦਾ ਹਾਂ । ਤਾਂ ਓਸ ਨੂੰ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਹਜ਼ੂਰ ਲਿਆਏ । ਓਸ ਪ੍ਰਸ਼ਨ ਕੀਤਾਂ ਜੀ ਏਹ ਝੂਠੇ ਸਚੇ ਹੋਏ ਤੇ ਮੈਂ ਸਚਾ ਝੂਠਾ ਹੋਇਆ ਤਾਂ ਬਚਨ ਹੋਇਆ । ਏਨਾਂ ਦਾ ਇਕਸ ਗੁਰੂ ਤੇ ਨਿਸਚਾ ਸੀ ਤੇ ਤੇਰਾ ਬਹੁਤਿਆਂ ਪੀਰਾਂ ਤੇ ਨਿਸਚਾ ਸੀ ਭਾਈ ਇਕ ਭਰਤੇ

Digitized by Panjab Digital Library | www.panjabdigilib.org

ਦੀ ਇਸਤ੍ਰੀ ਸੁਖੀ ਹੁੰਦੀ ਹੈ। ਸ੍ਰੀ ਗੁਰੂ ਜੀ ਦੀ ਸ਼ਰਨ ਵਿਚ ਆਕੇ ਮੁਗ਼ਲ ਵੀ ਸਿਖ ਹੋਇਆ।

ਸਿਖਾਂ ਦੀ ਭਗਤਾਂ ਮਾਲਾ ਸਫਾ ੧੩੯

ਪ੍ਰਾਣਾ, ਪੇੜਾ, ਪਿੰਗਲਾ ਪਤੀ ਰਜਨੀ, ਪਟੀ ਵਾਲਾ ਦੁਨੀ ਚੰਦ, ਭਾਈ ਬਹਿਲੋ, ਬਿਧੀ ਚੰਦ, ਬਹੋੜੂ, ਭੀਣਾ ਜੀ ਤੇ ਰੂਪ ਚੰਦ, ਭਗਤੂ ਭਟ ਸਾਰੇ ਭਗਤ, ਮਾਹੀ, ਮੰਝ, ਲੰਙਾ।

ਸਤਾ ਬਲਵੰਡ ਜੀ, ਸੁੰਦ੍ਰ ਜੀ ਸਦ ਰਚਨ ਵਾਲੇ, ਲਧਾ ਉਪਕਾਰੀ ਜੀ, ਭਾਈ ਬੈਨੋ ਜੀ, ਹਰੀ ਲਾਲ ਤੇ ਕਿਸ਼ਨ ਲਾਲ ਜੀ ਕਾਸੀ ਵਾਲੇ, ਬੁਧ ਜੀ, ਲਖੂ, ਹੇਮਾ ਜੀ, ਜੇਠਾ ਜੀ, ਕਿਦਾਰਾ ਜੀ, ਮੀਆ ਮੀਰ ਜੀ, ਸਦੂ ਜੀ, ਅਰਥ ਮਲ ਜੀ, ਵਜੀਰ ਖਾਂ ਜੀ, ਉਲਕੂ ਜੀ, ਮਹੇਸਾ ਜੋਗੀ ਦੇਵ ਜੀ ਗੜ ਸੰਕਰ ਦੇ ਸਨ, ਸੰਤ ਰਾਮ ਜੀ ਜੋ ਜਹਾਂਗੀਰ ਦਾ ਅਰਧਲੀ ਸੀ ਭਿਖਾਰੀ ਜੀ।

## ਅਜਬ ਅਜੈਬ ਡਰੋਲੀ

ਇਹ ਦੋਵੇਂ ਭਾਈ ਸੰਘੇ ਗੋਤ ਦੇ ਪਿੰਡ ਡਰੋਲੀ ਦੇ ਵਸਨੀਕ ਸਨ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਅੰਮ੍ਰਿਤ ਸਰੋਵਰ ਤਿਆਰ ਕਰਾ ਰਹੇ ਸਨ ਤਾਂ ਏਨ੍ਹਾਂ ਦੋਹਾਂ ਭਾਈਆਂ ਨੇ ਬਹੁਤ ਸੇਵਾ ਕੀਤੀ, ਜਿਸ ਪਰ ਸਤਿਗੁਰੂ ਜੀ ਨੇ ਪ੍ਰਸੰਨ ਹੋਕੇ ਇਨਾਂ ਦੋਹਾਂ ਭਾਈਆਂ ਨੂੰ ਡਰੋਲੀ ਪ੍ਰਗਣੇ ਦੇ ਮਸੰਦ ਥਾਪ ਦਿਤੇ। ਅਤੇ ਆਪਣੇ ਦਸਤ ਕੰਵਲਾਂ ਨਾਲ ਮੰਜੀ ਬਖਸ਼ ਕੇ ਨਾਲ ਹੀ ਜੀਰੇ ਧਰਮ ਕੋਟ ਘਲ, ਮੋਗੇ ਆਦਿ ਪਿੰਡਾਂ ਦੀ ਸਿਖੀ ਬਖਸ਼ੀ, ਜੋ ਕਈ ਪੀੜ੍ਹੀਆਂ ਤਕ ਸਿਖਾਂ ਤੋਂ ਕਾਰ ਭੇਟਾ ਲੈਕੇ ਗੁਰੂ ਕੇ ਖਿਜ਼ਾਨੇ ਭੇਜਦੇ ਰਹੇ। ਇਨਾਂ ਦੀ ਸੰਤਾਨ ਵਿਚੋਂ ਭਾਈ ਉਮਰ ਸ਼ਾਹ ਬੜੇ ਪ੍ਰਤਾਪੀ ਪੁਰਸ਼ ਹੋਏ ਹਨ, ਜਿਨ੍ਹਾਂ ਨੇ ਇਸ ਇਲਾਕੇ ਵਿਚ ਸਿਖੀ ਦਾ ਪ੍ਰਚਾਰ ਕੀਤਾ, ਭਾਈ ਉਮਰ ਸ਼ਾਹ ਦੇ ਘਰ ਨੰਦ ਚੰਦ ਦੀਵਾਨ ਡਰੋਲੀ ਵਾਲੇ ਹੋਏ ਹਨ, ਜਿਨਾਂ ਦੀ ਬੰਸ ਹੁਣ ਡਰੋਲੀ ਵਿਚ ਵਸਦੀ ਹੈ। ਜਿਨ੍ਹਾਂ ਦੇ ਉਦਮ ਨਾਲ ਮਹਾਰਾਜ ਦਾ ਸਰੂਪ ਇਨ੍ਹਾਂ ਦੇ ਆਇਆ ਜੋ ਹੁਣ ਡਰੋਲੀ ਵਿਚ ਵਿਦਮਾਨ ਹੈ। ਅਗੇ ਪੜ੍ਹੋ ਸ੍ਰੀ ਦਸਮੇਸ਼ ਜੀ ਦੇ ਸਿੰਘ ਨੰਦ ਚੰਦ ਡਰੋਲੀ।

## ਭਾਈ ਭਗਤੂ

ਆਪ ਜੀ ਗੁਰੂ ਰਾਮ ਦਾਸ ਜੀ ਦੇ ਵਰਦਾਨ ਤੋਂ ਭਾਈ ਆਦਮ ਬਰਾੜ ਜਟ ਦੇ ਘਰ ਪੈਦਾ ਹੋਇ, ਆਪ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸੇਵਾ ਵਿਚ ਰਹਿਕੇ ਸ੍ਰੀ ਅੰਮ੍ਰਿਤਸਰ ਬਣਨ ਸਮੇਂ ਬੜੀ ਸੇਵਾ ਕੀਤੀ, ਤੇ ਗੁਰੂ ਪੰਚਮ ਪਾਤਸ਼ਾਹ ਦੇ ਅਨਿਨ ਸਿਖ ਹੋਏ ਹਨ। ਆਪ ਦਾ ਦਿਹਾਂਤ ਕਰਤਾਰ ਪੁਰ ਵਿੱਚ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਨੇ ਕੀਤਾ। ਆਪ ਜੀ ਦੀ ਬੰਸ ਵਿਚੋਂ ਸ: ਗੁਰਬਖਸ਼ ਸਿੰਘ ਦੇ ਸਪੁਤਰ ਭਾਈ ਦੇਸੂ ਸਿੰਘ ਨੇ ਰਿਆਸਤ ਕੈਂਥਲ ਕਾਇਮ ਕੀਤੀ, ਉਨ੍ਹਾਂ ਦੇ ਸੁਲਗ ਪੋਤੇ ਸ੍ਰੀ ਮਾਨ ਭਾਈ ਉਦੇ ਸਿੰਘ ਜੀ ਨੇ ਕਵਿ ਚੂੜਮਣ ਭਾਈ ਸੰਤੋਖ ਸਿੰਘ ਨੂੰ ਰਖਕੇ ਗੁਰ ਪ੍ਰਤਾਪ ਸੂਰਜ ਦੀ ਰਚਨਾ ਕਰਾਈ ਜੋ ਇਕ ਵਡਮੁਲੀ ਚੀਜ਼ ਹੈ। ਸ੍ਰੀ ਗੁਰੂ ਜੀ ਨੇ ਭਾਈ ਭਗਤੂ ਦੇ ਭੂਤ ਸਰੇਣੀ ਮਤੈਹਿਤ ਕੀਤੀ। ਭੂਤਾਂ ਦਾ ਲਾਇਆ ਖੂਹ, ਭਗਤੇ ਵਿਚ ਮਜੂਦ ਹੈ ਏਸ ਰੰਗ ਰਤੇ ਨੇ ਹੀ ਸ੍ਰੀ ਕੀਰਤ ਪੁਰ ਨੂੰ ਜਾਂਦਿਆਂ ਬੀਬੀ ਜਸੀ ਪਿੰਡ ਗਿਲ ਜ਼ਿਲਾ ਲੁਧਿਆਣਾ ਨਾਲ ਬਾਜਰੇ ਦੀ ਰਾਖੀ, ਮਨੇ ਤੇ ਬੈਠੀ ਨਾਲ ਅਨੰਦ ਪੜ੍ਹ ਲਿਆ ਸੀ ਦੇਖੋ ਇਸਤ੍ਰੀ ਕਾਂਡ।

Digitized by Panjab Digital Library | www.panjabdigilib.org

# ਛੇਵੀਂ ਪਾਤਸ਼ਾਹੀ ਦੇ ਸਿਖ

## ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਮਹਾਰਾਜ

ਮੀਰੀ ਪੀਰੀ ਦੇ ਮਾਲਿਕ, ਦੋ ਜਹਾਨ ਤਾਰਿਕ, ਗ੍ਰੀਬਾਂ ਦੇ ਪਾਲਿਕ ਅਤੇ ਸੰਸਾਰ ਦੇ ਉਧਾਰਿਕ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚੱਪੇ ੨ ਤੇ ਮਾਲਵਾ ਦੇਸ਼ ਦੀ ਧਰਤੀ ਨੂੰ ਆਪਣੇ ਪਵਿਤ੍ਰ ਚਰਨਾਂ ਕੰਵਲਾਂ ਦੀ ਛੋਹ ਲਾ ਕੇ ਨਿਵਾਜਣਾ ਤੇ ਭੁਲਦੇ ਫਿਰਦਿਆਂ ਸ਼ਰਨ ਆਇਆਂ ਨੂੰ ਵਸਾਉਣਾ ਆਦਿ ਉਹ ਅਲੌਕਿਕ ਅਤੇ ਅਦਭੁਤ ਤੇ ਅਦੁਤੀ ਚਮਤਕਾਰ ਹਨ, ਕਿ ਜਿਨ੍ਹਾਂ ਵਲ ਤਕ ਕੇ ਇਹ ਕਹਿਣਾ ਪੈਂਦਾ ਹੈ ਕਿ ਆਪ ਨੇ ਜੋ ਮਾਣ ਵਡਿਆਈ ਮਾਲਵਾ ਦੇਸ਼ ਨੂੰ ਦਿਤੀ ਉਹ ਸ਼ਾਇਦ ਹੀ ਕਿਸੇ ਦੇ ਹਿਸੇ ਵਿਚ ਆਈ ਹੋਵੇ। ਆਪ ਨੇ ਮਾਲਵਾ ਦੇਸ਼ ਲਈ ਰਹਿਮਤਾਂ ਦੇ ਭੰਡਾਰ ਖੋਲ੍ਹ ਦਿਤੇ। ਜਿਨ੍ਹਾਂ ਗੁਰ ਸਵਾਰਿਆਂ ਤੇ ਆਪ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਉਨ੍ਹਾਂ ਦਾ ਸੰਖੇਪ ਜੀਵਨ ਦਿਤਾ ਜਾਂਕਾ ਹੈ ਪਰ ਕਈਆਂ ਗੁਰ ਪਿਆਰਿਆਂ ਦਾ ਜੀਵਨ ਖੋਜ ਕਰਨ ਤੇ ਵੀ ਹਥ ਨਹੀਂ ਲਗਾ। ਏਥੇ ਜੋ ਪੜਤਾਲ ਹੋਏ ਕੇਵਲ ਉਨ੍ਹਾਂ ਦੇ ਨਾਮ ਹੀ ਦਿਤੇ ਜਾਂਦੇ ਹਨ।

## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਖੀ ਸਿਖਾਂ ਦੇ ਨਾਮ ਤੇ ਸੰਖੇਪ ਜੀਵਨ

ਅਨੰਤਾ ਸਿਖ, ਅਵਲ ਖੇਰ ਮੋਗਾ ੧੨੦੦ ਅਸਵਾਰਾਂ ਵਾਲਾ, ਅਮੜੀ, ਅੰਨ, ਸਾਈਂ ਦਾਸ ਜੀ, ਸਾਧੂ ਜੀ, ਸਜਣ ਸਿੰਘ ਜੀ, ਸੁਭਾਗਾ ਸਿਖ ਜੀ ਘੋੜੇ ਲਿਆਇਆ, ਸ਼ਾਹ ਦੌਲਾ ਜੀ, ਸਿੰਘਾ, ਸੁਖਾ, ਸਰਮੁਖ ਦੇਓ, ਸੋਧਾ, ਸਿੰਘ ਪਰੋਹਤ, ਹਰਦਾਸ ਦਰੋਗਾ ਗਵਾਲੀਆਰ ਦੇ ਕਿਲੇ ਦਾ, ਹਸਨ ਖਾਂ ਦੂਤ ਨੂੰ ਕਾਬਲ ਦਾ ਰਾਜ ਦਿਤਾ, ਹਮੀਰਾ ਹੇਹਰਾ, ਹੀਰਾ ਸਿੰਘ ਜੀ, ਕੌਲਾ ਜੀ, ਕਟੂ ਸ਼ਾਹ ਸੇਵਾ ਦਾਸ, ਕਾਲੂ ਨਾਥ ਜੋ ਸਿਖ ਹੋਇਆ, ਕਲਾ, ਕਰਮ ਚੰਦ ਜੀ, ਕਟਾਰਾ, ਕਪੂਰ ਢਿਲੋਂ, ਜਗਤ ਬਰਾੜ, ਜੋਧ ਰਾਇ, ਖਵਾਜਾ ਜਾਨੀ ਸਯਦ ਕੋ ਦਰਸ ਦਿਖਾਇਆ, ਖੇਮਾਂ, ਗੋਪਾਲੇ ਸਿਖ ਨੇ ਜਪੁ ਜੀ ਸਾਹਿਬ ਸੁਣਾਇਆ, ਗਾੜੀਆ ਜੀ, ਗੰਗਾ, ਗਿਲ ਮੋਗਾ, ਗਰੇਵਾਲ, ਘੁਮਾਣ, ਚੂਹੜ, ਚੌਧਰੀ ਸੀਹਾਂ, ਜੋਧ ਸਾਹ ਜੀ, ਜੇਠ ਜੀ, ਜੈਤਾ ਅਜਮ ਜੀ, ਜੋਧੇ, ਜੋਧ, ਤਖਤਾ ਰਾਇ ਦੋਰਾਹੇ ਵਿਚ ਅਕਾਲੀ ਪਤੀ, ਦੁਲਟ, ਦੇਸਾ ਜਟੀ ਨੂੰ ਸਤ ਪੁਤ੍ਰ ਦਿਤੇ, ਧਾਲੀਵਾਲ, ਨਾਨਕ ਮਤੇ ਅਲਮਸਤ, ਨਾਹਰ ਸੁੰਧੂ, ਨੰਦਾ ਤੇ ਨਿਤ ਨੰਦ ਪੰਡਤ, ਪ੍ਰਤਾਪ ਸਿੰਹੁ, ਬੁਢਣ ਸਾਹਿ ਕੀਰਤ ਪੁਰ ਵਾਲੇ, ਬਿਧੀ ਚੰਦ ਛੀਨਾ, ਬੈਰਾੜ, ਬੁਲਾਕਾ, ਬਿਧੀਆ, ਬਹਿਲੋ, ਬਰਕੇੜਾ, ਭਾਗ ਭਰੀ ਕਸਮੀਰ ਵਾਲੀ, ਭੂਰਾ, ਭਾਗੂ ਮਲ, ਭਗਤਾ, ਭਲਣ, ਭਗਤਾ, ਭੁਲਰ ਭਾਗਾ ਮਾਨ, ਭੋਗਾ, ਮੀਆ ਮੀਰ, ਮਜਨੂ ਟਿੱਲੇ ਦੇ ਫਕੀਰ ਸਿਖ, ਮਿਹਰਾ ਬਾਬੇ ਬਕਾਲੇ, ਮਲਕ ਜਾਤੀ ਆਦਿ, ਮਹਿਰਾਜ, ਮਾਨ, ਮਿਤ੍ਰ, ਮਾਈ ਦਾਸ, ਮੋਹਰੂ, ਮਿਹਰਾ ਸੇਖੋ, ਮਿਤੂ ਰੁੜਕੇ, ਰਾਏ ਜੋਧ, ਰਾਏ, ਰਾਏ ਲਾਲਾ, ਰੂਪਾ ਸਿਖ, ਰੰਧਾਵਾ, ਰਾਮੋ ਜੀ ਡਰੋਲੀ, ਰੂਪਾ ਮਾਈ, ਲੁਹਾਰੀ, ਰਜੀ ਮਾਈ ਦੀ ਮੇਗੋੜ, ਲਖੀ ਚੰਦ ਰਾਜਾ।

Digitized by Panjab Digital Library | www.panjabdigilib.org

## ਸੁੰਦਰ ਸ਼ਾਹ

ਭਾ: ਬੁੱਢਣ ਸ਼ਾਹ ਦਾ ਚੇਲਾ, ਜੋ ਸਦਾ ਬਿਧੀ ਚੰਦ ਦਾ ਸਾਥੀ ਰਿਹਾ। ਅੰਤ ਸਮੇਂ ਸੰਮਤ ੧੬੯੮ ਵਿਚ ਅਜੁਧਿਆ ਤੋਂ ੧੮ ਕੋਹ ਪਰੇ ਦੇਉਂ ਨਗਰ ਵਿਚ ਦੋਹਾਂ ਦੀ ਇਕੋ ਥਾਂ ਸਮਾਧ ਹੈ।

## ਰਬਾਬੀ

ਗੁਰੂ ਮਹਾਰਾਜ ਦੇ ਰਬਾਬੀ ਅਬੁਦਲਾ, ਬਾਖਕ, ਉਸਦਾ ਪੁਤ੍ਰ, ਚਤਰਾ, ਨੱਥੂ ਮੱਲ ਅਤੇ ਮੌਜ ਦਰਿਆਇ ਆਦਿ ਸਨ।

## ਅਰਬੀ ਪੀਰ ਸਿਖ ਹੋਏ

ਰਾਮ ਜਸ ਆਪਣੀ ਪੁਸਤਕ ਵਿਚ ਲਿਖਦਾ ਹੈ ਕਿ ਅਰਬ ਦੇ ਪ੍ਰਸਿਧ ਪੀਰ 'ਪਰਹਿ 'ਕਹਿਵਾਨੀ' ਪੀਰ ਫਾਜਲ ਈਰਾਨੀ ਅਤੇ ਪੀਰ ਹਸਨ ਅਲੀ ਅਰਬੀ ਇਕੱਠੇ ਹੋਕੇ ੧੬੯੯ ਈ: ਵਿਚ ਕੀਰਤਪੁਰ ਆਏ, ਅਤੇ ਹਕੀਕਤ ਤੇ ਮਾਰਫਤ ਦੀ ਵਿਚਾਰ ਕਰਨ ਪਿਛੋਂ ਰਹੱਸ ਵਾਦ ਦਾ ਤਾਤਪ੍ਰਯ ਸਮਝਕੇ ਸਿਖ ਹੋਏ, ਅਤੇ ਨਾਮ ਸਿਮ੍ਰਨ ਵਿਚ ਲਿਵਲੀਨ ਹੋਏ। ਓਸ ਸਮੇਂ ਰਾਜਾ ਤਾਰਾ ਚੰਦ ਹੰਡੂਰੀਆ, ਅਤੇ ਦੀਪ ਚੰਦ ਚੰਦ ਕਹਲੂਰ ਵਾਲਾ ਇਤਿਆਦਿ ਪਹਾੜੀ ਰਾਜੇ ਕੋਲ ਬੈਠੇ ਸਨ।

ਸੂਚਨਾ--ਕਈ ਗ੍ਰੰਥਕਾਰ ਇਉਂ ਭੀ ਕਹਿੰਦੇ ਹਨ ਕਿ ਜਦੋਂ ਗੁਰੂ ਮਹਾਰਾਜ ਨੇ 'ਗੁਰੂ ਸਰ' ਦਾ ਜੁੱਧ ਜਿਤ ਕੇ (ਨਿਥਾਣੇ) ਕਾਲੂ ਨਾਥ ਤੇ ਸੁਲਤਾਨ ਨਾਥ ਆਦਿ ਦਾ ਉਧਾਰ ਕੀਤਾ, ਤਾਂ ਉਹਨਾਂ ਸਿੱਧਾਂ ਨੇ ਅੰਦਰੋਂ ਅੰਦਰੀ ਅਰਬੀ ਪੀਰਾਂ ਨੂੰ ਯਾਦ ਕੀਤਾ, ਜੋ ਉਨ੍ਹਾਂ ਦੇ ਸੰਗੀ ਅਤੇ ਪਰਮਾਰਥ ਦੇ ਸਹਾਇ ਸਨ, ਤਾਂ ਗੁਰੂ ਮਹਾਰਾਜ ਨੇ ਉਨ੍ਹਾਂ ਨੂੰ ਸੁਰਤੀ ਨਾਲ ਬਗਦਾਦ ਜਾਕੇ ਦਰਸ਼ਨ ਦਿਤੇ ਸੀ, ਅਤੇ ਆਪਣੇ ਹਜ਼ੂਰ (ਕੀਰਤ ਪੁਰ) ਆਉਣ ਦੀ ਆਗਿਆ ਦਿਤੀ ਸੀ।

## ਜੋ ਸਿਖ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਤੇ ਸਤੇ ਹੋਏ

(੧) ਰਾਜਾ ਰਾਮ ਪ੍ਰਤਾਪ ਸਿੰਘ--ਜੈਸਲਮੇਰ ਦੇ ਜਾਦਵ ਬੰਸੀ ਅਤੇ ਉਸਦਾ ਪੁਤਰ ਰਾਜਾ ਰਾਮ ਸਿੰਘ, ਜੋ ਸ਼ਾਹਜਹਾਨ ਦੇ ਹਮਲੇ ਵਿਚ ਕਈਆਂ ਮੁਗਲਾਂ ਨੂੰ ਮਾਰਕੇ ਗੁਰੂ ਮਹਾਰਾਜ ਦੀ ਸ਼ਰਨ ਆਏ ਸਨ, ਅਤੇ ਗੁਰੂ ਮਹਾਰਾਜ ਦੇ ਨਾਲ ਹਰੇਕ ਜੁੱਧ ਵਿਚ ਸੇਵਾ ਕਰਦੇ ਰਹੇ ਸਨ। ਜਦੋਂ ਗੁਰੂ ਮਹਾਰਾਜ ਦੀ ਚਿਖਾ ਤਿਆਰ ਹੋ ਗਈ ਤਾਂ ਇਹ ਦੋਵੇਂ ਪਿਤਾ ਪੁਤ੍ਰ ਚਿਖਾ ਵਿਚ ਜਲਕੇ ਸੱਚ ਖੰਡ ਨੂੰ ਗਏ।

ਹੇਠ ਲਿਖੇ ਸਿਖ, ਜੋ ਗੁਰੂ ਹਰਿ ਰਾਏ ਸਾਹਿਬ ਨੇ ਚਿਖਾ ਵਿਚ ਜਲਨੋਂ ਰੋਕ ਰਖੇ ਸਨ, ਕਟਾਰਾਂ ਖਾਕੇ ਉਸੇ ਵੇਲੇ ਸੁਰਗ ਵਾਸੀ ਹੋਏ। (੧) ਰਾਜਾ ਸੰਗ੍ਰਾਮ ਸਿੰਘ-ਭਟਨੇਰ ਵਾਲਾ, ਜੋ ਲੜਕੀ ਮੰਗਣ ਤੋਂ ਮੁਗਲ ਸੂਬੇ ਨੂੰ ਕਤਲ ਕਰਕੇ ਗੁਰੂ ਮਹਾਰਾਜ ਪਾਸ ਆ ਗਿਆ। (੨) ਖੁਆਜਾ ਸਰਾਇ (੩) ਅੱਲਾ

Digitized by Panjab Digital Library | www.panjabdigilib.org

ਯਾਰ ਖਾਂ ਵਹਜਾਰੀ (੪) ਅਤੇ ਮੰਗਲ ਸ਼ਾਹ–ਹੇਮੂ ਵਜੀਰ ਦਾ ਪੋਤਾ ਸੀ, ਅਤੇ ਖਜ਼ਾਨਚੀ ਸੀ, ਓਸਦੀ ਬੇਟੀ ਕਿਸੇ ਮੁਗਲ ਸਰਦਾਰ ਨੇ ਧਕੇ ਨਾਲ ਆਪਣੇ ਘਰ ਪਾ ਲਈ ਸੀ ਤਾਂ ਉਹ ਓਸਦੇ ਪਰਵਾਰ ਨੂੰ ਕਤਲ ਕਰਕੇ ਗੁਰੂ ਮਹਾਰਾਜ ਕੋਲ ਆ ਗਿਆ ਸੀ।

ਨੋਟ:—ਇਹ ਸਭ ਬ੍ਰਿਤਾਂਤ 'ਦੁਬਸਤਾਂਨਿ ਮਜ਼ਾਹਬ' ਵਿਚੋਂ ਲਿਖੇ ਹਨ–

## 'ਚਉਧਰੀ' ਸੇਖੋਂ ਤੇ ਉਨ੍ਹਾਂ ਦਾ ਵਡਭਾਗਾ ਪੁਤ੍ਰ ਚੂਹੜ।

ਦਾਖੇ ਵਾਲਾ 'ਚਉਧਰੀ' ਨਾਉਂ ਦਾ ਸੇਖੋਂ ਅਪਣੇ ਪਿੰਡ ਦੇ ਮੂਲ ਪੁਰਸ਼ ਚੌਧਰੀ ਹਮੀਰ ਦੇ ੭ਵੀਂ ਪੀੜੀ ਵਿਚ ਸੀ। ਓਸਦੇ ਪਹਿਲੇ ਟੱਬਰ ਤੋਂ ਕੋਈ ਸੰਤਾਨ ਨਾ ਹੋਈ,ਇਸ ਕਰਕੇ ਹੋਰ ਟੱਬਰ ਵਿਆਹਿਆ, ਤਾਂ ਓਸਦੇ 'ਬਾਲਾ' ਜੰਮਿਆ, ਜਿਸ ਦੇ ਨਾਂ ਉਤੇ "ਬਾਲਾ ਪੱਤੀ" ਹੁਣ ਤਕ ਪ੍ਰਸਿੱਧ ਹੈ। ੧੬੯੮ ਈ: ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁ: ਦਮਦਮਾ ਸਾਹਿਬ ਰਕਬੇ ਦੇ ਅਸਥਾਨ ਤੇ ਚਉਧਰੀ ਦੇ ਬੜੇ ਟੱਬਰ ਮਾਈ ਰੱਜੀ ਨੂੰ ਘਰ ਵਿਚ ਪੁਤ੍ਰ ਅਤੇ ਸਦੀਵੀ ਸਿਖ ਹੋਣ ਦਾ ਵਰ ਦਿੱਤਾ। ਅਗਲੇ ਬਰਸ ਉਨ੍ਹਾਂ ਦੇ ਘਰ ਪੁਤ੍ਰ ਜੰਮਿਆ, ਤਾਂ ਉਸਦਾ ਨਾਉਂ 'ਚੂਹੜ' ਧਰਿਆ, ਜੋ ਉਨ੍ਹੀ ਦਿਨੀ ਅਕਸਰ ਕਰਕੇ ਨਜ਼ਰ ਲਗਣ ਤੋਂ ਡਰਦੇ, ਦੁਰਲੱਭ ਪੁਤ੍ਰ ਦਾ ਨਾਉਂ ਰੱਖਣ ਦਾ ਰਿਵਾਜ ਸੀ। ਜਦੋਂ 'ਚੂਹੜ' ਦਸਵੇਂ ਵਰਹੇ ਵਿਚ ਹੋਇਆ, ਤਾਂ ਚਉਧਰੀ ਨੂੰ ਪਤਾ ਲਗਾ ਵਰਦਾ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਹਲ ਵਡੇ ਪਿੰਡ ਦਾ ਜੁੱਧ ਜਿੱਤਕੇ ਉਥੇ ਵਿਰਾਜ ਰਹੇ ਹਨ, ਮਾਈ ਰੱਜੀ ਅਤੇ ਚੂਹੜ ਨੂੰ ਲੈਕੇ ਮਾਹਲੀਂ ਅਪੜਿਆ, ਜਿਥੇ ਚੂਹੜ ਦੇ ਨਾਨਕੇ ਭੀ ਸੀ। ਗੁਰੂ ਸਚੇ ਪਾਤਸ਼ਾਹ ਦੇ ਹਜ਼ੂਰ ਜਾਕੇ ਚੂਹੜ ਸਣੇ ਆਪ ਚਉਧਰੀ ਨੇ ਗੁਰੂ ਮਹਾਰਾਜ ਜੀ ਤੋਂ ਪਾਹੁਲ ਲਈ। ਅਤੇ ਦਸਤਾਰ ਬੰਨ੍ਹਵਾਕੇ ਸਦਾ ਲਈ ਮਹਾਰਾਜ ਜੀ ਦੇ ਨਾਲ ਰਹਿਣ ਲਈ ਚੂਹੜ ਦੀ ਅਰਦਾਸ ਕਰਾਂ ਦਿਤੀ। ਤਾਂ ਬਾਬਾ ਚੂਹੜ ਗੁਰੂ ਹਰਿ ਰਾਇ ਸਾਹਿਬ ਜੀ ਦੇ ਨਾਲ ਭੀ ਚੋਖਾ ਚਿਰ ਰਹੇ। ਜਦੋਂ ਗੁਰੂ ਹਰਿ ਰਾਇ ਸਾਹਿਬ ਜੀ ਮਾਲਵੇ ਦਾ ਦੋਰਾ ਕਰਦੇ ਹੋਏ ਪੱਤੋਕਿਆਂ ਕੋਲ ਆਏ ਤਾਂ ਮਾਹਲਾਂ ਦੇ ਇਕ ਸਿਖ ਨੇ ਉਸਨੂੰ ਦਸਿਆ ਕਿ ਤੇਰਾ ਪਿਤਾ ਦੋ ਬਰਸ ਤੋਂ ਗੁਜਰ ਗਿਆ ਹੈ। ਤਾਂ ਉਹ ਗੁਰੂ ਜੀ ਤੋਂ ਆਗਿਆ ਲੈਕੇ ਦਾਖੇ ਆਇਆ, ਉਸ ਸਮੇਂ ਉਸਦੀ ਆਯੂ ੨੦ ਬਰਸ ਦੀ ਸੀ। ਓਸ ਦੇ ਭਾਈ ਬਾਲੇ ਨੇ ਓਸਦਾ ਅੱਧ ਹੋਣ ਤੇ ਭੀ ਸਾਢ ਤੀਆ ਹਿਸਾ ਦਿੱਤਾ, ਜੋ ਏਸ ਨੇ ਖੁਸ਼ੀ ਨਾਲ ਲੈ ਲਿਆ। ਨਾਤਾ ਰੱਜੀ ਨੇ ਭੀ "ਗੁਰਸਿਖਾਂ ਕੀ ਭੁਖ ਸਭ ਗਈ ਤਿਨ ਪਿਛੇ ਹੋਰ ਖਾਇ ਘਨੇਰੀ" ਏਸ ਮਹਾਵਾਕ ਨੂੰ ਸਫਲਾ ਕਰਦਿਆਂ ਸਿੱਖੀ ਦੀ ਦਾਤ ਨੂੰ ਏਸ ਤੁੱਛ ਹਿਸੇ ਨਾਲੋਂ ਵਿਸ਼ੇਸ਼ ਸਮਝਕੇ ਗੁਰੂ ਜੀ ਦਾ ਲੱਖ ਸ਼ੁਕਰ ਮਨਾਇਆ।

ਮਾਤਾ ਜੀ ਨੇ ਓਸੇ ਬਰਹੇ ਚੂਹੜ ਨੂੰ ਅਪਣੇ ਪਿਉਕਿਆਂ ਦੇ ਰਾਹੀਂ ਭਦੌੜ ਵਿਆਹਿਆ, ਤਾਂ ਚੂਹੜ ਦੇ ੫ ਪੁਤ੍ਰ ਭਗਤਾ, ਜਗਤਾ, ਸਗਤਾ, ਰਾਮਾ ਤੇ ਦੇਵਾ ਹੋਏ। ਦੇਵੇ ਦੀ ਅਠਵੀਂ ਪੀੜੀ ਵਿਚ ਪੰ: ਕਰਤਾਰ ਸਿੰਘ ਪੰਥ ਦੇ ਅਮੋਲਕ ਹੀਰੇ ਹਨ।

ਮਾਈ ਰੱਜੀ ਤਾਂ ਬੜੀ ਆਯੂ ਭੋਗਕੇ ੮੦ਵੇਂ ਬਰਸ ਵਿਚ ਆਪਣੇ ਪੋਤ੍ਰੇ ਭਗਤੇ ਦਾ ਜਨਮ ਦੇਖਕੇ ਚਲਾਣਾ ਕਰ ਗਈ। ਅਤੇ ਇਨ੍ਹਾਂ ਵਿਚੋਂ ਸਗਤੇ ਦੀ ਸੰਤਾਨ ਓਸਦੇ ਨਾਨਕੇ ਪਿੰਡ ਭਦੌੜ ਵਿਚ ਹੈ, ਜੋ ਸਗਤੇ ਦੀ ਨਾਨਕੇ ਢੇਰੀ ਦੀ ਮਾਲਕ ਹੋਈ। ਦੂਜੇ ਚੌਹਾਂ ਦੀ ਸੰਤਾਨ ਦਾਖੇ ਹੈ।

Digitized by Panjab Digital Library | www.panjabdigilib.org

## ਮਿਹਰਾ ਸੇਖੋਂ

ਇਹ ਬੜੂੰਦੀ ਜ਼ਿਲਾ ਲੁਧਿਆਣਾ ਦਾ ਰਹਿਣ ਵਾਲਾ ਮਹਾ ਜੋਧਾ ਤੇ ਪਰਉਪਕਾਰੀ ਸ੍ਰੀ ਗੁਰੂ ਹਰਗੋਬਿੰਦ ਜੀ ਦਾ 'ਗੁਰੂਸਰ' ਗੁਜਰਵਾਲ ਜਾਕੇ ਸਿਖ ਹੋਇਆ ਅਤੇ ਕਈ ਜੰਗਾਂ ਵਿਚ ਮਹਾਰਾਜ ਦੇ ਨਾਲ ਰਿਹਾ। ਜਦੋਂ ਆਂਡਲੂ ਵਾਲਿਆਂ ਨੇ ਭੈਣੀ ਦਰੇੜੇ ਨੂੰ ਉਜਾੜਿਆਂ, ਤਾਂ ਚੌਧਰੀ ਸਰਵਣ (ਭੈਣੀ) ਨੇ ਇਹਨੂੰ ਨਾਲ ਲੈਕੇ ਸ੍ਰੀ ਗੁਰੂ ਜੀ ਪਾਸ ਫਰਿਆਦ ਕੀਤੀ, ਜੋ ਲਿੱਤਰੀ ਪਿੰਡ ਦੀ ਜੂਹ ਵਿਚ ਵਿਰਾਜ-ਮਾਨ ਸਨ। ਤਾਂ ਮਹਾਰਾਜ ਨੇ ਭਾਈ ਸਰਵਣ ਅਤੇ ਮਿਹਰੇ ਦੀ ਮਦਦ ਤੇ ਆਂਡਲੂ ਵਾਲਿਆਂ ਨੂੰ ਤਬਾਹ ਕੀਤਾ। ਉਸ ਵੇਲੇ ਭੀ ਭਾਈ ਮਿਹਰੇ ਨੇ ਮਹਾਰਾਜ ਦੀ ਤਾਕਤ ਨਾਲ ਜੁੱਧ ਵਿਚ ਆਂਡਲੂ ਵਾਲਿਆਂ ਨੂੰ ਖੂਬ ਹੱਥ ਦਿਖਾਏ। ਇਹ ਜੁੱਧ ੧੬੬੪ ਸੰਮਤ ਵਿਚ ਹੋਇਆ। ਮਿਹਰੇ ਨੂੰ ਗੱਦੀ ਦੇ ਉਤਸ਼ਵ ਦੇਖਣ ਦਾ ਚਾਉ ਸੀ, ਇਸ ਕਰਕੇ ਸਾਹਿਬਾਂ ਨੇ ਬਚਨ ਕੀਤਾ ਕਿ ਨੌਵੇਂ ਥਾਂ ਗੱਦੀ ਤੇਰੇ ਪਿੰਡ ਹੋਣੀ ਹੈ। ਤਾਂ ਮਿਹਰਾ ਕੀਰਤਪੁਰ ਤੋਂ ਜਾਕੇ ਦਾਖੇ ਵਾਲਿਆਂ ਕੋਲ ਵਡਾਲੇ ਜਾ ਵਸਿਆ।

## ਚੌਧਰੀ ਫਤੂਹੀ-ਗੁੱਜਰ ਵਾਲੀਆ

੧੬੬੨ ਸੰਮਤ ਦੇ ਲਗ ਪਗ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਗੁੱਜਰ ਵਾਲ ਜਿਲਾ ਲੁਧਿਆਣਾ ਵਿਖੇ ਪਧਾਰੇ ਸਨ, ਤਾਂ ਓਦੋਂ ਅਕਬਰ ਬਾਦਸ਼ਾਹ ਵਲੋਂ ਕਾਂਗੜੇ ਵਾਲੇ ਨਾਤੇ ਕਰਾਉਣ ਵਿਚ ਢਾਈ ਲਖ ਦਾ ਪਰਗਣਾ ਗੁਜਰ ਵਾਲੀਆਂ ਨੂੰ ਅਤੇ ਢਾਈ ਲੱਖ ਦਾ ਰਾਇ ਪੁਰੀਏ ਚੌਧਰੀ ਲਾਲੇ ਨੂੰ ਦਿਤਾ ਗਿਆ ਸੀ। ਗੁੱਜਰਵਾਲੀਏ ਚਉਧਰੀ ਦਾ ਪੋਤਾ ਚਉਧਰੀ ਫਤੂਹੀ ਸੀ, ਓਸ ਤੋਂ ਮਹਾਰਾਜ ਨੇ ਬਾਜ ਮੰਗਿਆ ਤਾਂ ਓਸ ਦੇ ਮੁਕਰ ਜਾਣ ਤੋਂ ਉਹ ਬਾਜ ਡੋਰ ਖਾਕੇ ਮਰਨ ਲੱਗਿਆ ਤਾਂ ਓਸ ਦੀ ਚਉਧਰਾਣੀ ਨੇ ਆਖਿਆ ਛੇਤੀ ਜਾਹ, ਬਾਜ ਦੇਕੇ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰ ਤਾਂ ਓਸ ਨੇ ਮਹਾਰਾਜ ਦੇ ਅੱਗੇ ਬਾਜ ਹਾਜ਼ਿਰ ਕੀਤਾ, ਤੇ ਆਖਿਆ ਮਹਾਰਾਜ ਭੁੱਲ ਬਖਸ਼ੋ, ਨਾਲੇ ਅਪਣੇ ਜਾਨਵਰ ਨੂੰ ਆਪ ਹੀ ਰਾਜੀ ਕਰ ਲਵੋ, ਤਾਂ ਅਰਦਾਸ ਮਨਜ਼ੂਰ ਹੋਈ, ਤੇ ਬਚਨ ਹੋਇਆ ਫਤੂਹੀ! ਤੁਹਾਨੂੰ ਨੁਕਸਾਨ ਕਰਕੇ ਹੋਸ਼ ਆਇਆ ਕਰੂ, ਬਾਜ ਨਹੀਂ ਦਿਤਾ, ਚੌਧਰ ਦਾ ਦਸਵਾਂ ਹਿਸਾ ਦਿੱਤਾ। ਤਾਂ ਚੌਉਧਰੀ ਚਰਨੀ ਪਿਆ, ਅਤੇ ਕ੍ਰਿਪਾ ਦ੍ਰਿਸ਼ਟੀ ਰੱਖਣ ਲਈ ਬੇਨਤੀ ਕੀਤੀ, ਤਾਂ ਹਜ਼ੂਰ ਨੇ ਕਿਹਾ ਤੇਰੀ ਇਜ਼ਤ ਬਰਕਰਾਰ ਰਹੂ, ਵਾਧਾ ਥੋੜਾ ਹੋਊਗਾ, ਸੋ ਉਪਰੋਕਤ ਤਿੰਨ ਗੱਲਾਂ ਪ੍ਰਤਖ ਦੇਖਣ ਵਿਚ ਆ ਰਹੀਆਂ ਹਨ। ਅਰਥਾਤ ਮ: ਰਣਜੀਤ ਸਿੰਘ ਨੇ ਪਟਿਆਲੇ ਜਾਂਦੇ ਹੋਏ ਨੇ ਗੁਰਮਾਂ ਦਾ ਤਅੱਲਕਾ ਜਬਤ ਕੀਤਾ। ਇਜ਼ਤ ਬਰਕਰਾਰ ਹੈ, ਪਰ ਵਾਧਾ ਓਸਦੀ ਸੰਤਾਨ ਵਿਚ ਨਹੀਂ ਹੁੰਦਾ।

## ਭਾਈ ਜਵੰਦ (ਕੰਦੋਰਲਾ)

ਗੁਰੂ ਹਰਿ ਗੋਬਿੰਦ ਸਾਹਿਬ ਦੇ ਸਿਦਕੀ ਸਿਖ ਅਤੇ ਭਾਰੀ ਜੋਧਿਆਂ ਵਿਚੋਂ ਭਾਈ 'ਜਵੰਦ' ਮੂਸੀ-ਪੁਰੀਆ ਹੋਇਆ ਹੈ। ਜੋ ਪਹਿਲਾਂ ਤੋਂ ਗੁਰੂ ਮਹਾਰਾਜ ਦੇ ਨਾਲ ਰਿਹਾ। ਮਹਾਰਾਜ ਨੇ ਕੀਰਤ ਪੁਰ ਦਾ ਸੇਵਾ ਕਰਨ ਤੇ ਏਸਨੂੰ ਵਿਸ਼ੇਸ਼ ਬਰਕਤ ਦਿਤੀ ਸੀ। ਜਦੋਂ ਮਹਾਰਾਜ ਨੇ ਗੁਆਲੀਅਰ ਤੋਂ ਪੰਜਾਬ ਦੀ

Digitized by Panjab Digital Library | www.panjabdigilib.org

ਸਿਧ ਕੀਤੀ, ਭਾਈ ਜਵੰਧ ਓਦੋਂ ਭੀ ਮਹਾਰਾਜ ਦੇ ਹਜ਼ੂਰੀ ਸਿਖਾਂ ਵਿਚ ਸੀ। ਅਤੇ ਜਦੋਂ ਆਪ ਚੰਦੂ ਨੂੰ ਪੰਜਾਬ ਲੈਕੇ ਆਏ, ਓਦੋਂ ਭੀ 'ਜਵੰਧ' ਗੁਰੂ ਸਾਹਿਬ ਦੇ ਨਾਲ ਸੀ। ਜਸੋਵਾਲ (ਜ਼ਿਃ ਲੁਧਿਆਣਾ) ਦੇ ਪੜਾਉ ਤੇ ਜਹਾਂਗੀਰ ਭੀ ਮਹਾਰਾਜ ਨੂੰ ਆ ਮਿਲਿਆ ਅਤੇ ਬੇਨਤੀ ਕੀਤੀ–ਹਜ਼ੂਰ। ਆਪ ਲੁਧਿਆਣੇ ਵਿਖੇ ਮੇਰੇ ਪਾਸੋਂ ਆਪਣੇ ਕੁਝ ਜੋਧਿਆਂ ਦੀ ਛਾਉਣੀ ਪਾਕੇ ਸੁਤੰਤਰ ਪ੍ਰਬੰਧ ਰਖੋ, ਤਾਕਿ ਲੁਦਿਹਾਣੇ ਵਾਲੇ ਪਠਾਣ ਪਰਜਾ ਨੂੰ ਦੁਖ ਨ ਦੇਣ। ਤਾਂ ਮਹਾਰਾਜ ਨੇ ਲੁਦਿਹਾਣੇ ਦੇ ਦੱਖਣ ਦੇ ਪਾਸੇ ਆਪਣੀ ਛਾਉਣੀ ਪਾਈ। ੧੦੦ ਜੋਧੇ ਹਰ ਸਮੇਂ ਉਥੇ ਰਹਿਣ ਦੀ ਆਗਿਆ ਕੀਤੀ। ਅਤੇ ਭਾਈ ਜਵੰਧ ਨੂੰ ਉਨ੍ਹਾਂ ਦਾ ਦਲਪਤੀ ਨੀਯਤ ਕੀਤਾ, ਤਾਂ ਓਸ ਆਗਿਆ ਮੰਨਕੇ ਆਪਣੇ ਪ੍ਰਵਾਰ ਅਤੇ ਹੋਰ ਸੰਬੰਧੀਆਂ ਨੂੰ ਅਪਣੇ ਕੋਲ ਲਿਆਕੇ ਜਵੱਦੀ ਪਿੰਡ ਬਸਾਇਆ। ਏਸ ਤੋਂ ਬਿਨਾਂ ਸ਼ਹਿਰ ਦੀ ਸੰਗਤ ਲਈ ਭਾਈ ਮੱਲੇ ਨੂੰ ਪ੍ਰਬੰਧਕ ਬਣਾਕੇ ਸੂਦਾਂ ਦੇ ਮਹੱਲੇ ਧਰਮ ਸਾਲ ਬਣਵਾਈ, ਜੋ ਅਜ ਤਕ ਹੈ। ਅਤੇ ਛਾਉਣੀ ਦੇ ਕਈ ਖੂਹ ਭੀ ਅੱਜ ਤਕ ਮੁੰਦੇ ਹੋਏ ਦੇਖੇ ਜਾਂਦੇ ਹਨ।

## ਭਾਈ ਸੀਹਾਂ ਸਿੰਘ

"ਸਿਧਸਰ" ਵਾਲੇ ਸੇਦਲ ਸਿਧ ਦੀ ਬੰਸ ਵਿਚੋਂ ਸੀਹਾਂ ਸਿੰਘ ਨਾਮ ਦਾ ਸਿੱਧ ਨਥਾਣੇ ਵਾਲੇ ਕਾਲੂ ਨਾਥ ਦਾ ਮੇਲੀ ਸੀ। ਅਤੇ ਸਿੱਧ ਸਿਰ ਦੀ ਸੇਵਾ ਵਿਚ ਸਦਾ ਰਹਿੰਦਾ ਸੀ, ਜਦੋਂ ਛੇਵੇਂ ਪਾਤਸ਼ਾਹ ਚੰਦੂ ਨੂੰ ਦਿੱਲੀ ਤੋਂ ਲਈ ਆਉਂਦੇ ਸੀ ਤਾਂ ਇਕੋ ਲਾਹੇ ਦੇ ਸਿੱਧ ਆਸਨ ਤੇ ਸੀਹਾਂ ਗੁਰੂ ਮਹਾਰਾਜ ਦਾ ਸਿਖ ਹੋਇਆ, ਸਿੱਧਾਂ ਵਾਲੀ ਭਾਵਨਾ ਦੇਖਕੇ ਗੁਰੂ ਮਹਾਰਾਜ ਨੇ ਸਿੱਧੀ ਬਖਸ਼ੀ ਤਾਂ ਪਲਾਹੀ ਸਾਹਿਬ (ਦੁਆਬੇ) ਦੇ ਜੰਗ ਤੋਂ ਲੈਕੇ ਹਰ ਜੁੱਧ ਵਿਚ ਗੁਰੂ ਮਹਾਰਾਜ ਦੀ ਸੰਗਤ ਵਿਚ ਸੇਵਾ ਕਰਦਾ ਰਹਿਆ। ਜਦੋਂ ਮਹਾਰਾਜ ਧਮੋਟ ਅਤੇ ਕਟਾਣੀ ਗਏ ਤਾਂ ਇਹ ਡਿਹਲੋਂ, ਭੁੱਟੇ ਅਤੇ ਰਾੜੇਵਾਲੇ ਪਠਾਣਾਂ ਨਾਲ ਗੁਰੂ ਮਹਾਰਾਜ ਦੇ ਜੁਧਾਂ ਵਿਚ ਖੰਡਾ ਵਾਹੁੰਦਾ ਰਿਹਾ। ਅੰਤ ਨੂੰ ਸਿਹੋੜਾ ਤੇ ਸਿਰਥਲੇ ਦੇ ਵਿਚਕਾਰ ਸਿਧ ਸਰ ਕੋਲ ਲੜਦਾ ਹੋਇਆ ਸ਼ਹੀਦ ਹੋਇਆ। ਅਤੇ ਸੇਦਲ ਵਾਂਗ ਹੀ ਸਿਰ ਕਟ ਜਾਣ ਤੋਂ ਧੜ ਨਾਲ ਕਿੰਨਾ ਚਿਰ ਲੜਦਾ ਰਿਹਾ। ਹੁਣ ੨੦–੨੫ ਬਰਸ ਤੋਂ ਸਿਧਸਰ ਵਿਖੇ ਸੁੰਦਰ ਗੁਰਦੁਆਰਾ ਸੰਗਤਾਂ ਨੇ ਬਣਾ ਲਿਆ ਹੈ।

## ਭਾਈ ਸਾਧੂ

ਇਹ ਫੀਰੋਜ਼ ਪੁਰ ਦੇ ਲਾਗੇ ਪਿੰਡ ਮੱਲੇ ਦਾ ਵਸਨੀਕ ਸੀ ਤੇ ਭਾਈ ਧਰਮੇ ਦਾ ਸਪੁਤਰ ਸੀ। ੨੬ ਜੇਠ ਸੰਮਤ ੧੬੮੬ ਵਿਚ ਇਸ ਦੀ ਸ਼ਾਦੀ *ਬੀਬੀ ਵੀਰੋ ਜੀ ਨਾਲ ਹੋਈ। ਇਹ ਖੋਸਲੇ ਖਤਰੀਆਂ ਵਿਚੋਂ ਸਨ। ਇਸ ਦੇ ਪੰਜ ਪੁੱਤਰ ਹੋਏ ਜਿਹੜੇ ਕਿ ਬੜੇ ਧਰਮਾਤਮਾ ਤੇ ਮਹਾਨ ਯੋਧੇ ਹੋ ਗੁਜ਼ਰੇ ਹਨ! ਇਨ੍ਹਾਂ ਦੇ ਨਾਮ ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ, ਸੰਗੋ ਸ਼ਾਹ, ਮਾਹਰੀ ਚੰਦ ਸਿੱਖ ਇਤਿਹਾਸ ਵਿਚ ਪ੍ਰਸਿੱਧ ਹਨ। ਭੰਗਾਣੀ ਦੇ ਜੁੱਧ ਸਮੇਂ ਸ੍ਰੀ ਗੁਰੂ ਦਸ਼ਮੇਸ਼ ਜੀ ਦੀ ਕਮਾਨ ਹੇਠਾਂ ਇਨ੍ਹਾਂ ਨੇ

*ਬੀਬੀ ਵੀਰੋ ਜੀ ਮੀਰੀ ਪੀਰੀ ਦੇ ਮਾਲਕ ਗੁਰੂ ਹਰਿ ਗੋਬਿੰਦ ਸਾਹਿਬ ਦੀ ਸਪੁਤਰੀ ਸਨ ਤੇ ਇਨ੍ਹਾਂ ਦਾ ਜਨਮ ਸੰਮਤ ੧੩੭੨ ਵਿਚ ਮਾਤਾ ਦਾਗੋਦਰੀ ਜੀ ਜੀ ਦੇ ਉਦਰ ਤੋਂ ਹੋਇਆ।

Digitized by Panjab Digital Library | www.panjabdigilib.org

ਬਹਾਦਰੀ ਪਾਈ। ਬਚਿੱਤਰ ਨਾਟਕ ਵਿਖੇ ਗੁਰੂ ਜੀ ਨੇ ਇਨਾਂ ਦੀ ਵੱਡੀ ਸ਼ਲਾਘਾ ਕੀਤੀ ਹੈ। ਸੰਗੋ ਸ਼ਾਹ ਤੇ ਜੀਤ ਮੱਲ ਜੰਗ ਵਿਚ ਸ਼ਹੀਦ ਹੋ ਗਏ ਸਨ।

ਭਾਈ ਸਾਧੂ ਬਹੁਤ ਪਰੇਮੀ ਸਿੱਖ ਸੀ ਤੇ ਗੁਰੂ ਜੀ ਇਸ ਨਾਲ ਖਾਸ ਹਿਤ ਕਰਦੇ ਸਨ।

## ਭਾਈ ਸਜਣ ਸਿੰਘ ਇਆਲੀ ਕਲਾਂ

ਆਪ ਜੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਅਨਿਨ ਗੁਰ ਸਿੱਖ ਸਨ; ਅਤੇ ਹਰ ਮਸਿਆ ਕੜਾਹ ਪ੍ਰਸ਼ਾਦਿ ਦੀ ਦੇਗ ਲੈਕੇ ਕੀਰਤਨ ਪੁਰ ਪੁਜਿਆਂ ਕਰਦਾ ਸੀ ਜਿਸ ਦੇ ਜਾਣ ਪਰ ਭੋਗ ਪਾਇਆ ਜਾਂਦਾ ਸੀ ਇਕ ਮਸਿਆ ਭਾਈ ਸਜਣ ਸਿੰਘ ਭੋਗ ਦੇ ਮੌਕੇ ਤੇ ਵੇਲੇ ਸਿਰ ਨਾ ਪੁਜ ਸਕੇ ਤੇ ਭੋਗ ਨੂੰ ਬਹੁਤ ਦੇਰ ਹੋ ਗਈ। "ਘਟਿ ਘਟਿ ਕੇ ਪਟਿ ਪਟਿ ਕੀ ਜਾਨਤ, ਭਲੇ ਬੁਰੇ ਕੀ ਪੀਰ ਪਛਾਨਤ" ਜਦ ਸੰਗਤ ਨੇ ਗੁਰੂ ਜੀ ਨੂੰ ਭੋਗ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਕਿਹਾ ਕਿ ਅਸੀਂ ਆਪਣੇ ਸਿਖ ਸਜਣ ਸਿੰਘ ਉਡੀਕ ਰਹੇ ਹਾਂ ਇਹ ਬਚਨ ਹੋ ਹੀ ਰਹੇ ਸਨ ਕਿ ਭਾਈ ਸਜਣ ਦੇਗ ਲੈਕੇ ਪੁਜ ਗਿਆ ਸਤਿਗੁਰਾਂ ਨੇ ਭਾਈ ਸਜਣ ਨੂੰ ਪੁਛਿਆ "ਗੁਰਮੁਖਾ ਅਜ ਦੇਰ ਕਿਉਂ ਕੀਤੀ, ਤਾਂ ਸਤਿਗੁਰਾਂ ਨੂੰ ਉਸ ਨੇ ਦਸਿਆ ਦਾਤਾ ਜੀ ਅਸੀਂ ਖੂਹ ਲਾਉਂਦੇ ਸੀ, ਤੇ ਸਾਡੇ ਸਰੀਕ ਲਾਉਣ ਨਹੀਂ ਦਿੰਦੇ ਸੀ ਸੋ ਹੁਣ ਵੀ ਮੈਂ ਵਿਚੇ ਛਡਕੇ ਤੁਰ ਆਇਆ ਹਾਂ ਤਾਂ ਸਤਿਗੁਰਾ ਸਹਿਜ ਸੁਭਾ ਕਿਹਾ ਕਿ ਤੇਰਾ ਸ਼ਰੀਕ ਕੋਈ ਨਹੀਂ ਰਹੇਗਾ। ਤਦ ਭਾਈ ਸਜਣ ਸਿੰਘ ਨੇ ਕਿਹਾ ਦਾਤਾ ਜੀ ਜੇ ਸ਼ਰੀਕ ਹੀ ਨਾ ਰਿਹਾ ਤਾਂ ਮੈਂ ਕਿਸ ਨਾਲ ਵਰਤਾਂਗਾ, ਤਦ ਸਤਿਗੁਰਾਂ ਕਿਹਾ, ਚੰਗਾ ਰਹੇਗਾ ਜ਼ਰੂਰ ਪਰ ਅਕਲਾ ਹੀ ਰਹੇਗਾ ਸੋ ਹੁਣ ਤੱਕ ਉਸ ਪਿੰਡ ਵਿਚ ਭਾਈ ਸਜਣ ਦੇ ਸ਼ਰੀਕ ਦਾ ਇਕੋ ਘਰ ਤੁਰਿਆ ਆਉਂਦਾ ਹੈ ਸਤਿਗੁਰੂ ਮੀਰੀ ਪੀਰੀ ਦੇ ਮਾਲਕ ਮਿਹਰ ਕੀਤੀ ਤੇ ਭਾਈ ਸਜਣ ਦਾ ਖੂਹ ਰਾਤੋਂ ਰਾਤ ਲਾ ਦਿਤਾ, ਜਿੱਥੇ ਆਕੇ ਅੰਮ੍ਰਿਤ ਵੇਲੇ ਖੂਹ ਵੇਖਿਆ ਖੂਹ ਓਥੇ ਹੀ ਹੁਣ ਤੱਕ ਚਾਲੂ ਹੈ ਪਰ ਲਿਪਾਈ ਨਹੀਂ ਹੋਈ।

## ਸਾਂਈ ਦਾਸ

ਡਰੋਲੀ (ਜ਼ਿਲਾ ਫੀਰੋਜ ਪੁਰ) ਨਿਵਾਸੀ ਖਤ੍ਰੀ, ਜਿਸ ਨਾਲ ਮਾਤਾ ਰਾਮੋ ਜੀ ਦਾ ਅਨੰਦ ਹੋਇਆ ਸੀ, ਜਗਤ ਮਾਤਾ ਦਾਮੋਦਰੀ ਜੀ ਦੀ ਭਡੀ ਭੈਣ ਸੀ। ਇਸ ਕਰਕੇ ਦੁਨਿਆਵੀ ਸਾਕ ਅਨੁਸਾਰ ਸਾਈ ਦਾਸ ਜੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਾਡੂ ਲਗਦੇ ਸਨ ਪਰ ਆਪ ਜੀ ਤਾਂ ਦੋ ਤਲਵਾਰਾਂ ਦੇ ਮਾਲਕ ਨੂੰ ਸਤਿ ਸ੍ਰੂਪ ਜਾਣ ਕੇ ਸਿਖ ਬਣਿਆ ਜੋਸ੍ਰੀ ਹਰਿ ਗੋਬਿੰਦ ਸਾਹਿਬ ਜੀ ਨੂੰ ਭਾਵਨਾ ਨਾਲ ਕਈ ਮਹੀਨੇ ਪਾਸ ਠਹਿਰਾਕੇ ਸਤਿਸੰਗ ਦਾ ਅਨੰਦ ਮਾਣਦਾ ਹੁੰਦਾ ਸੀ ਇਕ ਸਮੇ ਦੀ ਗਲ ਹੈ ਕਿ ਸਰਧਾਲੂ ਸਾਈ ਦਾਸ ਜੀ ਨੇ ਇਕ ਮਕਾਨ ਬਣਾਇਆ ਪਰ ਜਿਨ੍ਹਾਂ ਚਿਰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਚਰਨ ਪੈਣ ਤੇ ਰਸਮ ਅਦਾ ਨਾ ਹੋਈ ਉਨ੍ਹਾਂ ਚਿਰ ਮਕਾਨ ਵਿਚ ਪ੍ਰਵੇਸ਼ ਨਹੀਂ ਕੀਤਾਂ। ਏਸ ਸਰਧਾਵਾਨ ਗੁਰਮੁਖ ਦੀ ਕ੍ਰਿਪਾ ਸਦਕਾ ਮਾਲਵੇ ਦੀ ਚਪਾ ਚੱਪਾ ਧਰਤੀ ਨੂੰ ਗੁਰੂ ਚਰਨਾਂ ਦੀ ਛੋਹ ਦਾ ਮਾਣ ਪਰਾਪਤ ਹੋਇਆ ਹੈ।

Digitized by Panjab Digital Library | www.panjabdigilib.org

## ਹਸਨ ਖਾਂ

ਹਸਨ ਖਾਂ:—ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਮੀਰੀ ਪੀਰੀ ਦੇ ਮਾਲਕ ਜਦ ਮੋਹਰਾਜ (ਜ਼ਿਲਾ ਫੀਰੋਜ਼ ਪੁਰ) ਵਿੱਚ ਗੁਰੂ ਸਰ ਜੁਧ ਕਰਨ ਦੀ ਤਿਆਰੀ ਕਰ ਰਹੇ ਸਨ ਤਦ ਲਲਾ ਬੇਗ ਨੇ ਹਸਨ ਖਾਂ ਨੂੰ ਗੁਰੂ ਜੀ ਦੀਆਂ ਫੌਜਾਂ ਦਾ ਭੇਤ ਲੈਣ ਘਲਿਆ, ਜੋ ਗੁਰ ਸਾਹਿਬ ਜੀ ਦੇ ਦਰਸ਼ਨ ਕਰਕੇ ਗੁਰੂ ਜੀ ਦਾ ਸਿੱਖ ਹੋਗਿਆ, ਗੁਰੂ ਜੀ ਵਲੋਂ ਵਰੋਸਾਇ ਜਾਣ ਕਰਕੇ ਸ਼ਾਹ ਜਹਾਨ ਦੇ ਦਰਬਾਰ ਵਿਚ ਉਚ ਦਰਜਾ ਪਾਪਤ ਹੋਇਆ ਅਤੇ ਜੰਗ ਵਿਚ ਗੁਰੂ ਜੀ ਵਲੋਂ ਲੜਦਾ ਰਿਹਾ।

## ਭਾਈ ਹਮੀਰਾ ਪਿੰਡ ਹੇਹਰ ਕਲਾਂ

ਮੀਰੀ ਪੀਰੀ ਦੇ ਮਾਲਕ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਮਾਲਵੇ ਦੀ ਭੂਮੀ ਨੂੰ ਆਪਣੇ ਪਵਿਤਰ ਚਰਨਾਂ ਦੀ ਛੋਹ ਪ੍ਰਦਾਨ ਕਰਦੇ ਹੋਏ ਹੇਹਰ ਪਿੰਡ ਵਿਚ ਪੁਜੇ, ਸਥ ਵਿਚ ਲੋਕ ਬੈਠੇ ਸਨ, ਸਤਗੁਰਾਂ ਨੇ ਆਪਣੇ ਛਕਣ ਵਾਸਤੇ ਦੁਧ ਮੰਗਿਆ, ਤਾਂ ਇਕ ਮਖੋਲੀਏ ਤੌਰ ਤੇ ਕਿਹਾ ਕਿ ਦੁਧ ਭਾਈ ਹਮੀਰੇ ਦੇ ਘਰ ਹੈ (ਵਾਸਤਵ ਵਿਚ ਉਸ ਦੇ ਘਰ ਦੁਧ ਨਹੀਂ ਸੀ ਤੇ ਔਸਰ ਝੋਟੀਆਂ ਹੀ ਸਨ) ਗੁਰੂ ਜੀ ਸਿਧੇ ਹਮੀਰੇ ਦੇ ਘਰ ਚਲੇ ਗਏ, ਤੇ ਦੁਧ ਦੀ ਮੰਗ ਕੀਤੀ ਜਦ ਹਮੀਰੇ ਨੇ ਸਤਿਗੁਰਾਂ ਦਾ ਤੇਜ ਪ੍ਰਤਾਪ ਤਕਿਆ, ਤਾਂ ਹਥ ਜੋੜ ਕੇ ਬੜੀ ਨਿਮਰਤਾ ਨਾਲ ਕਹਿਣ ਲਗਾ, ਮਹਾਂ ਪੁਰਸ਼ੋ ਆਪ ਜੀ ਨਾਲ ਕਿਸੇ ਮਖੌਲ ਕੀਤਾ ਹੈ, ਮੇਰੇ ਘਰ ਦੁਧ ਕਿਥੇ ਇਥੇ ਤਾਂ ਔਸਰ ਝੋਟੀਆਂ ਹਨ, ਤਦ ਗੁਰੂ ਜੀ ਨੇ ਕਿਹਾ ਗੁਰਮੁਖਾ ਇਹ ਖਿਆਲ ਨ ਕਰ, ਤੇਰੇ ਘਰ ਦੁਧ ਬਹੁਤ ਹੈ, ਤੂੰ ਝੋਟੀਆਂ ਦੇ ਥਾਪੀ ਦੇਹ, ਸੋ ਹਮੀਰਾ ਸਤਿਗੁਰਾਂ ਦਾ ਬਚਨ ਮੰਨਕੇ ਜਿਸ ਝੋਟੀ ਨੂੰ ਥਾਪੀ ਦੇਵੇ, ਦੁਧ ਚੋ ਕੇ ਸਤਿਗੁਰੂ ਅਗੇ ਲਿਆ ਰਖੇ ਸਤਿਗੁਰੂ ਜੀ ਬੜੇ ਪ੍ਰਸੰਨ ਹੋਏ ਤੇ ਕਿਹਾ ਕਿ ਕੁਝ ਮੰਗ, ਤਾਂ ਭਾਈ ਹਮੀਰੇ ਨੇ ਕਿਹਾ ਸਤਿਗੁਰੂ ਜੀ ਆਪ ਦੀ ਬੜੀ ਮਿਹਰ ਹੈ ਤਦ ਉਸਦੇ ਘਰ ਵਾਲੀ ਨੇ ਕਿਹਾ ਕਿ ਕੋਈ ਪ੍ਰਤਾਪੀ ਪੁਰਸ਼ ਜਾਪਦੇ ਹਨ ਤੇ ਆਪਣੇ ਔਲਾਦ ਨਹੀਂ ਤੂੰ ਪੁਤਰ ਦੀ ਮੰਗ ਕਰ ਤਦ ਉਸਨੇ ਆਪਣੀ ਪਤਨੀ ਦੇ ਕਹੇ, ਪੁਤਰ ਦੀ ਦਾਤ ਮੰਗੀ ਤਦ ਸਤਿਗੁਰਾਂ ਸਹਿਜ ਸੁਭਾ ਕਿਹਾ ਕਿ ਆਪ ਜੀ ਨੂੰ ਪਾਲਿਆ ਪੋਸਿਆ ਹੀ ਪੁਤਰ ਮਿਲ ਜਾਵੇਗਾ ਸੋ ਥੋੜੇ ਦਿਨਾਂ ਮਗਰੋਂ ਖਰ ਕੇ ਵੇਚਣ ਵਾਲੇ ਚੰਗੜ ਆਏ, ਇਕ ਉਨ੍ਹਾਂ ਦਾ ਲੜਕਾ ਜੋ ਬਹੁਤ ਬੀਮਾਰ ਸੀ ਭਾਈ ਹਮੀਰੇ ਨੂੰ ਦੇ ਗਏ, ਤੇ ਸਤਿਗੁਰਾਂ ਦੇ ਵਾਕ ਪੂਰੇ ਹੋਏ ਉਹ ਲੜਕਾ ਵਡਾ ਹੋਕੇ ਗੁਰੂ ਦਸਮੇਸ਼ ਜੀ ਦੀ ਸ਼ਰਨ ਗਿਆ, ਤੇ ਜੁਧਾ ਜੰਗਾਂ ਵਿਚ ਪੂਰਨ ਹਿਸਾ ਲਿਆ ਜੋ ਕਿਰਪਾਲ ਦਾਸ ਕਰਕੇ ਇਤਿਹਾਸ ਵਿੱਚ ਪ੍ਰਸਿਧ ਹੋਇਆ ਹੈ, ਜੋ ਹੇਹਰਾ ਦੇ ਗੁਰਦੁਆਰੇ ਦਾ ਵਡਾ ਮਸੰਦ ਹੋਇਆ ਹੈ। ਤੇ ਸਤਿ-ਗੁਰੂ ਮਾਛੀਵਾੜੇ ਤੋਂ ਹੁੰਦੇ ਹੋਏ ਇਸ ਪਾਸ ਹੇਹਰਾ ਪੁਜੇ; ਜਿਸ ਨੇ ਸਤਿਗੁਰੂ ਦਸਮੇਸ਼ ਪਿਤਾ ਦੀ ਬੜੀ ਸੇਵਾ ਕੀਤੀ, ਤੇ ਵਿਦਾ ਕਰਨ ਸਮੇਂ ਪਲੰਘ ਦਾ ਇਕ ਪਾਵਾ ਚੁਕੀ ਕਾਫੀ ਦੂਰ ਤਕ ਨਾਲ ਗਿਆ।

## ਭਾਈ ਹੀਰਾ ਜੀ

ਦੋ ਜਹਾਨ ਦੇ ਵਾਲੀ ਅਰਸ਼ਾਂ ਕੁਰਸ਼ਾਂ ਦੇ ਮਾਲਿਕ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਲਵੇ

Digitized by Panjab Digital Library | www.panjabdigilib.org

ਦੀ ਧਰਤੀ ਨੂੰ ਭਾਗ ਲਾਉਂਦੇ ਹੋਏ ਪਿੰਡ ਕਾਉਂਕੇ ਜ਼ਿਲਾ ਲੁਧਿਆਣਾ ਵਿਚ ਪੁਜੇ ਅਤੇ ਪਿੰਡ ਤੋਂ ਦੋ ਮੀਲ ਦੀ ਵਿਥ ਉਤਰ ਪਛਮ, (ਜਿਥੇ ਉਨ੍ਹਾਂ ਦੀ ਯਾਦ ਵਿਚ ਪਵਿਤ੍ਰ ਗੁਰ ਅਸਥਾਨ ਬਣਿਆ ਹੋਇਆ ਹੈ) ਜਾ ਵਿਰਾਜੇ। ਸਾਹਿਬਾਂ ਦਾ ਆਉਣਾ ਸੁਣ ਕੇ ਪਿੰਡ ਕਾਉਂਕੇ ਅਤੇ ਇਲਾਕੇ ਦੀਆਂ ਸੰਗਤਾਂ ਹੁਮ ਹੁਮਾਕੇ ਦਰਸਨਾਂ ਨੂੰ ਆਈਆਂ। ਜਿਨ੍ਹਾਂ ਵਿਚ ਭਾਈ ਹੀਰਾ ਜੀ ਵੀ ਦਰਸ਼ਨ ਕਰਕੇ ਨਿਹਾਲ ਹੋਇਆ ਤੇ ਸਤਿਗੁਰਾਂ ਦੀ ਚਰਨ ਸ਼ਰਨ ਵਿਚ ਪੁਜ ਕੇ ਕੀਰਤਨ ਕਰਨ ਲਗਾ, ਬੜਾ ਸੋਹਣਾ ਕੀਰਤਨ ਕੀਤਾ ਜਿਸ ਨੂੰ ਸੁਣ ਕੇ ਸਾਹਿਬ ਬੜੇ ਪ੍ਰਸੰਨ ਹੋਏ ਤੇ ਉਹ ਸਿਖ ਦਾ ਨਾਂ ਪੁਛਿਆ। ਤਾਂ ਉਸ ਸਿਖ ਨੇ ਅਗੋਂ ਬੜੇ ਸਤਿਕਾਰ ਨਾਲ ਕਿਹਾ ਜੀ ਆਪ ਦੇ ਚਰਨ ਸੇਵਕ ਨੂੰ ਲੋਕ ਹੀਰਾ ਕਹਿ ਕੇ ਬਲਾਉਂਦੇ ਹਨ। ਤਾਂ ਸਤਿਗੁਰੂ ਤੁਠੇ ਤੇ ਕਿਹਾ ਭਾਈ ਤੂੰ ਤਾਂ ਸਚ ਮੁਚ ਹੀ ਹੀਰਾ ਹੈਂ ਤੇ ਅਗੋਂ ਲਈ ਇਸ ਨਗਰ ਵਿਚ ਬੜੇ ਹੀਰੇ ਪੈਦਾ ਹੋਣਗੇ।

ਸੋ ਸਤਿਗੁਰਾਂ ਦਾ ਵਾਕ ਸਫਲ ਹੋ ਰਿਹਾ ਹੈ। ਇਸ ਨਗਰ ਵਿਚ ਅਨੇਕ ਹੀਰੇ ਪੈਦਾ ਹੋਏ ਜਿਨ੍ਹਾਂ ਵਿਚੋਂ ਥੋੜਿਆਂ ਜਿਹਾਂ ਦੇ ਨਾਮ ਥਲੇ ਲਿਖਦੇ ਹਾਂ।

ਵਿਰਕਤ ਹੀਰਾ ਸਿੰਘ ਜੀ, ਸ: ਸ਼ਾਮ ਸਿੰਘ ਜੀ ਅਟਾਰੀ ਵੀ ਇਸੇ ਨਗਰ ਚੋਂ ਗਏ ਗੌਹਰ ਕੌਰ ਦੇ ਘਰ ਪੈਦਾ ਹੋਏ, ਮਾਈ ਕਿਸ਼ਨ ਕੌਰ ਅਤੇ ਸਰਦਾਰ ਰਣਬੀਰ ਸਿੰਘ ਜੋ ਠਾਣੇਦਾਰੀ ਛਡ ਕੇ ਅਕਾਲੀ ਲਹਿਰ ਦੇ ਮੁਖੀ ਹੋਏ ਹਨ।

## ਕਾਲੂ ਨਾਥ ਜੋਗੀ

ਇਹ ਬਾਹੀਏ ਦੇ ਪ੍ਰਸਿਧ ਨਗਰ ਨਥਾਣੇ ਦਾ ਵਸਨੀਕ ਸੀ ਅਤੇ ਇਸਨੇ ਕਈ ਪ੍ਰਕਾਰ ਦੀਆਂ ਯੋਗ ਸਾਧਨਾਂ ਕਰਕੇ ਰਿਧੀਆਂ ਸਿਧੀਆਂ ਪ੍ਰਾਪਤ ਕੀਤੀਆਂ ਹੋਈਆਂ ਸਨ। ਜੋ ਕਈ ਵਾਰ ਬਠਿੰਡੇ ਵਾਲੇ ਰਤਨ ਹਾਜੀ-ਰਣਮਾਜੀ ਨੂੰ ਸਿਧੀਆਂ ਵਿਚ ਹਰਾ ਚੁਕਿਆ ਸੀ। ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਦਰਸ਼ਨ ਕਰਕੇ ਇਸਨੇ ਗੁਰਮਤਿ ਧਾਰਨ ਕੀਤੀ ਅਤੇ ਗੁਰੂ ਘਰ ਦਾ ਸਚਾ ਪ੍ਰੇਮੀ ਬਣ ਗਿਆ। ਗੁਰੂ ਸਰ ਨਥਾਣੇ ਦੇ ਯੁਧ ਵਿੱਚ ਇਸਨੇ ਗੁਰੂ ਸਾਹਿਬ ਜੀ ਦੇ ਸਿਖਾਂ ਦੀ ਬੜੀ ਸੇਵਾ ਕੀਤੀ ਅਤੇ ਰਾਸ਼ਨ ਆਦਿਕ ਪਹੁੰਚਾਦੇ ਰਹੇ ਗੁਰੂ ਸਾਹਿਬ ਜੀ ਕਾਲੂ ਨਾਥ ਜੀ ਪਰ ਬਹੁਤ ਪ੍ਰਸੰਨ ਹੋਏ ਤੇ ਆਪਣੇ ਪਵਿਤ੍ਰ ਚਰਨ ਪਾ ਕੇ ਉਸਦੇ ਅਸਥਾਨ ਨੂੰ ਪਵਿਤ੍ਰ ਕੀਤਾ ਜਿਥੇ ਅੱਜ ਬੜਾ ਸ਼ਾਨਦਾਰ ਇਤਹਾਸਕ ਗੁਰਦੁਰਾ ਬਣਿਆ ਹੋਇਆ ਹੈ। ਜੋਗੀ ਕਾਲੂ ਨਾਥ ਨੇ ਗੁਰੂ ਜੀ ਦੇ ਹੁਕਮ ਅਨੁਸਾਰ ਮਾਲਵੇ ਵਿਚ ਕਾਫੀ ਸਿੱਖੀ ਪਰਚਾਰ ਕੀਤਾ। ਆਪ ਦੇ ਅਸਥਾਨ ਪਰ ਹਰ ਸਾਲ ਚੇਤ ਚੌਦਸ ਨੂੰ ਮੇਲਾ ਲਗਦਾ ਹੈ।

## ਭਾਈ ਜਗਤਾ ਬਰਾੜ

ਭਾਈ ਜਗਤਾ ਬਰਾੜ ਇਕ ਪ੍ਰਤਾਪੀ ਤੇ ਪ੍ਰਸਿਧ ਸੂਰਮਾਂ ਹੋਇਆ ਹੈ। ਪਹਿਲਾ ਇਹ ਸੁਲਤਾਨੀਅ ਸੀ, ਮਾਈ ਸੂਰਤੀ ਨੇ ਇਸ ਨੂੰ ਗੁਰੂ ਘਰ ਦਾ ਸਿੱਖ ਬਣਵਾਇਆ ਸੀ ਇਸ ਦੀ ਬੰਸ ਵਿਚੋਂ ਭਾਈ ਚੰਦ ਜੀ ਇਕ ਕਰਨੀ ਵਾਲੇ ਮਹਾ ਪੁਰਸ਼ ਹੋਏ ਹਨ, ਜਿਸ ਦੇ ਦੋਹਾਂ ਪੁਤਰਾਂ ਨੇ ਸ੍ਰੀ ਗੁਰੂ ਦਸਮੇਸ਼ ਜੀ ਤੋਂ

Digitized by Panjab Digital Library | www.panjabdigilib.org

ਅੰਮ੍ਰਿਤ ਛਕਿਆ ਸੀ ਤੇ ਜਿਨਾਂ ਦੇ ਪ੍ਰਸਿਧ ਨਾ ਸ: ਪਰਮ ਸਿੰਘ ਤੇ ਸ: ਧਰਮ ਸਿੰਘ ਜੀ ਸਨ। ਸ੍ਰੀ ਦਸਮੇਸ਼ ਜੀ ਨੇ ਦਿਆਲ ਹੋਕੇ ਇਨ੍ਹਾਂ ਨੂੰ ਇਕ ਪੋਥੀ ਅਰ ਇਕ ਕਿਰਪਾਨ ਬਖਸ਼ੀ ਜੋ ਇਸ ਵੇਲੇ ਉਨਾਂ ਦੀ ਉਲਾਦ ਪਾਸ ਹੈ।

## ਜੋਧਾ ਰਾਇ

ਮਹਿਰ ਮਿਰਾ ਧਾਲੀਵਾਲ ਗੋਤ ਵਿਚੋਂ ਇਕ ਨਾਮੀ ਜੋਧਾ ਹੋਇਆ ਹੈ। ਉਸਦੀ ਸੰਤਾਨ ਵਿਚੋਂ ਦੀਨੇ ਅਤੇ ਕਾਂਗੜ ਨਗਰ ਦਾ ਸਰਦਾਰ ਜੋਧਾ ਰਾਏ ਸੀ। ਜੋ ਆਪਣੀ ਸੁਪਤਨੀ ਤੋਂ ਪ੍ਰਭਾਵਤ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਰਨ ਵਿਚ ਆਇਆ ਤੇ ਗੁਰਸਿਖੀ ਧਾਰਨ ਕੀਤੀ।

ਆਪ ਪਾਸ ਹਰ ਵੇਲੇ ੫੦੦ ਸਵਾਰ ਸਨੱਧਬਧ ਰਹਿੰਦੇ ਸੀ, ਆਪ ਨੇ ਗੁਰੂਸਰ ਮਿਹਰਾਜ ਦੇ ਜੁਧ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਕੀਤੀ। ਰਾਇ ਜੋਧੇ ਦੀ ਬੰਸ ਵਿਚੋਂ ਸਮੀਰ ਤੇ ਲਖਮੀਰ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦ ਦੀਨੇ ਆਏ ਤਾਂ ਏਨਾਂ ਨੇ ਗੁਰੂ ਸਾਹਿਬ ਜੀ ਦੀ ਬੜੇ ਪ੍ਰੇਮ ਨਾਲ ਸੇਵਾ ਕੀਤੀ ਅਤੇ ਸਤਿਗੁਰੂ ਕਾਫੀ ਚਿਰ ਏਥੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਹਨ। ਜਿਸ ਜਗ੍ਹਾ ਗੁਰੂ ਕਲਗੀਧਰ ਜੀ ਵਿਰਾਜੇ ਸਨ ਉਨ੍ਹਾਂ ਦੀ ਯਾਦ ਵਿਚ 'ਲੋਹ ਗੜ੍ਹ' ਨਾਮ ਦਾ ਗੁਰਦੁਆਰਾ ਬਣਿਆ ਹੋਇਆ ਹੈ, ਪ੍ਰਬੰਧ ਕਮੇਟੀ ਦੇ ਹਥ ਹੈ। ਗੁਰਦੁਆਰੇ ਦੇ ਨਾਲ ਕਾਫੀ ਜ਼ਮੀਨ ਤੇ ਰਿਹਾਇਸ਼ੀ ਮਹਾਨ ਹਨ। ਦੇਖੋ ਗੁ: ਕਾਂਡ ਦੀਨਾ।

**ਭਾਈ ਭਲਣ**—ਭਾਈ ਭਲਣ ਬਰਾੜ ਬੰਸ ਦਾ ਇਕ ਪ੍ਰਸਿਧ ਤੇ ਪਰਤਾਪੀ ਸਰਦਾਰ ਹੋਇਆ ਹੈ ਜਿਸ ਨੂੰ ਅਕਬਰ ਦੇ ਦਰਬਾਰ ਵਿਚ ਚੰਗੀ ਮਾਨ ਪ੍ਰਤਿਸ਼ਟਾ ਪਰਾਪਤ ਸੀ। ਜਦ ਸੰਮਤ ੧੬੯੮ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਲਵੇ ਵਿਚ ਆਏ ਤਾਂ ਭਲਣ ਮੀਰੀ ਪੀਰੀ ਦੇ ਮਾਲਕ ਦੀ ਸ਼ਰਨ ਵਿਚ ਆਇਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖੀ ਧਾਰਨ ਕੀਤੀ। ਸ: ਭਲਣ ਸਮੇਤ ਆਪਣੇ ਪਰਵਾਰ ਦੇ ਸਤਿਗੁਰਾਂ ਦੀ ਤਨ ਮਨ ਧਨ ਨਾਲ ਸੇਵਾ ਕਰਦਾ ਰਿਹਾ।

**ਬਾਬਾ ਮੋਹਣ ਜੀ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਸ਼ਰਨ ਵਿਚ**—ਜਦ ਸਿਧੂ ਜ਼ਿਮੀਂਦਾਰ ਬੀਦੋਵਾਲ ਤੋਂ ਭਟੀ ਪਚਾਧਿਆਂ ਦੇ ਉਜਾੜੇ ਹੋਏ ਬਾਬਾ ਮੋਹਣ ਜੀ ਦੀ ਸਰਕਰਦਗੀ ਹੇਠ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ਼ਰਨ ਵਿਚ ਆਦੇ ਅਤੇ ਬਹੁੜੀ ਕੀਤੀ ਕਿ ਸਾਡੀ ਬਾਂਹ ਫੜੋ ਤੇ ਸਾਨੂੰ ਵਸਣ ਲਈ ਇਕ ਪਿੰਡ ਦੀ ਜ਼ਮੀਨ ਮਾਨਾ, ਕੌੜੇ ਤੇ ਭੁਲਰਾਂ ਤੋਂ ਦਵਾਉਣ ਦੀ ਕਿਰਪਾ ਕਰੋ ਤਾਂ ਮੀਰੀ ਪੀਰੀ ਦੇ ਮਾਲਕ ਨੇ ਮਾਨਾ ਤੇ ਕੋੜੇ ਭੁਲਰਾਂ ਨੂੰ ਸਦ ਕੇ ਇਕ ਪਿੰਡ ਦੀ ਜ਼ਮੀਨ ਦੇਣ ਲਈ ਕਿਹਾ ਪਰ ਉਨ੍ਹਾਂ ਨੇ ਸਤਿਗੁਰੂ ਜੀ ਦਾ ਬਚਨ ਨਾ ਮੰਨਿਆਂ, ਤਦ ਬਾਬਾ ਮੋਹਣ ਨੂੰ ਗੁਰੂ ਜੀ ਨੇ ਕਿਹਾ ਕਿ ਕਿਸੇ ਪਾਸੇ ਜਾਕੇ ਜਿਥੇ ਦਿਨ ਛਿਪ ਜਾਵੇ ਆਪ ਨੇ ਪਿੰਡ ਦੀ ਮੋਹੜੀ ਗਡ ਲੈਣੀ। ਬਾਬਾ ਮੋਹਣ ਨੇ ਸਤਿਗੁਰਾਂ ਦੀ ਆਗਿਆ ਅਨੁਸਾਰ ਮਾੜੀ ਤੋਂ ਤਿੰਨ ਕੋਹ ਤੇ ਜਾਕੇ ਮੇਹਰਾਜ ਪਿੰਡ ਦੀ ਮੋਹੜੀ ਗਡ ਦਿਤੀ ਜਿਸ ਨੂੰ ਮਾਨਾ ਤੇ ਕੋੜੇ ਭੁਲਰਾਂ ਨੇ ਪਟ ਕੇ ਛਪੜ ਵਿਚ ਸੁਟ

Digitized by Panjab Digital Library | www.panjabdigilib.org

ਦਿਤੀ। ਬਾਬਾ ਮੋਹਣ ਨੇ ਆਕੇ ਸਾਰੀ ਵਾਰਤਾ ਸਤਿਗੁਰੂ ਜੀ ਨੂੰ ਸੁਣਾਈ ਤਾਂ ਸਤਿਗੁਰਾਂ ਕਿਹਾਂ ਕਿ ਆਪ ਦੀ ਜੜ ਪਤਾਲ ਲਗ ਗਈ ਹੈ ਅਤੇ ਕੁਝ ਸਿੰਘਾਂ ਨੂੰ ਸਹਾਇਤਾ ਲਈ ਨਾਲ ਘਲ ਦਿਤਾ, ਜਿਸ ਪਰ ਮਾਨ ਕੌੜੇ ਅਤੇ ਭੁਲਰ ਜੈਦ ਪ੍ਰਾਣੇ ਨੂੰ ਨਾਲ ਲੈ ਕੇ ਲੜਨ ਆਏ ਜਿਸ ਵਿਚ ਸਤਿਗੁਰਾਂ ਦੀ ਕ੍ਰਿਪਾ ਅਤੇ ਸਹਾਇਤਾ ਨਾਲ ਬਾਬਾ ਮੋਹਣ ਅਤੇ ਉਸਦੇ ਸਾਥੀਆਂ ਦੀ ਜਿਤ ਹੋਈ ਤੇ ਮਾਨ, ਕੌੜੇ ਭੁਲਰ ਸਮੇਤ ਜੈਦ ਪਰਾਣੇ ਦੇ ਹਾਰ ਗਏ। ਜੈਦ ਪਰਾਣਾ ਇਸ ਜੁਧ ਵਿਚ ਮਾਰਿਆ ਗਿਆ। ਮਾਨ, ਕੌੜੇ ਅਤੇ ਭੁਲਰ ਸਭ ਭਜ ਗਏ। ਪਿਛੋਂ ਬਾਬਾ ਮੋਹਣ ਨੇ ਸਤਿਗੁਰਾਂ ਦੀ ਮਿਹਰ ਦੇ ਸਦਕਾ ਖੁਲ੍ਹੀ ਜੂਹ ਵਲ ਲਈ। ਬਾਬਾ ਮੋਹਣ ਸਣੇ ਆਪਣੀ ਬੰਸ ਦੇ ਸਤਿਗੁਰਾਂ ਦੀ ਚਰਨੀਂ ਡਿਗਾ ਤੇ ਸਾਰੇ ਸਿਧੂਆਂ ਨੇ ਸਿਖੀ ਧਾਰਨ ਕੀਤੀ ਅਤੇ ਸਦਾ ਸਤਿਗੁਰੂ ਜੀ ਦੇ ਚਰਨ ਸ਼ਰਨ ਵਿਚ ਰਹਿਣ ਦਾ ਪ੍ਰਣ ਕੀਤਾ। ਬਾਬਾ ਮੋਹਣ ਦੀ ਬੰਸ ਵਿਚੋਂ ਬਾਹੀਆਂ ਦੇ ੨੨ ਪਿੰਡ ਜੋ ਅਗੇ ਦਿਤੇ ਜਾਂਦੇ ਹਨ।

**ਬਾਹੀਆ**—ਇਕ ਜ਼ਾਤ ਦੇ ਲੋਕਾਂ ਦੇ ੨੨ ਪਿੰਡ ਖਾਸ ਕਰਕੇ ਮੇਹਰਾਜ ਤੇ ਬੇਰਾੜਾਂ ਦੇ ੨੨ ਪਿੰਡ ਜੋ ਜ਼ਿਲਾ ਫੀਰੋਜ਼ਪੁਰ ਵਿਚ ਹਨ। ਹੁਣ ਇਹ ਗਰਾਮ ੨੫ ਹੋ ਗਏ ਹਨ ਪਰ ਨਾਮ ਬਾਹੀਆ ਹੀ ਪਰਸਿਧ ਹੈ।

ਕੁਲ ਚੰਦ ਦੀ ਉਲਾਦ ਪਾਸ ਪੂਹਲਾ, ਪੂਹਲੀ, ਵੇਗਾ, ਲਹਿਰਾ, ਢਿਲਵਾਂ, ਮਾੜੀ ਮਾਨਾ ਵਾਲੀ।
ਕਾਲੇ ਦੀ ਉਲਾਦ ਪਾਸ ਨਥਾਣਾ, ਗੰਗਾ ਅਤੇ ਬੁਰਜ।
ਸੰਦਲੀ ਦੀ ਉਲਾਦ ਪਾਸ ਪੰਜੇ ਕਲਿਆਣ, ਬਜੋਆਣਾ ਅਤੇ ਕਾਣੀ ਭੈਣੀ।
ਕਰਮ ਚੰਦ ਦੀ ਉਲਾਦ ਪਾਸ ਚਾਰੇ ਲੈਹਰੇ, ਚਿਦੜ, ਨਾਥ ਪੁਰਾ, ਛੰਨਾਂ ਅਤੇ ਬਾਠ।

ਸਮੇ ਦੀ ਉਲਾਦ ਪਾਸ ਸੇਮਾ ਪਿੰਡ ਮੇਹਰਾਜ (ਮਰਾੜ)।

ਸਾਰਿਆਂ ਦਾ ਸਾਂਝਾ ਬਾਹੀਆ ਅੰਗਰੇਜ਼ੀ ਸਰਕਾਰ ਦੇ ਅਧੀਨ ਅਗਸਤ ੧੯੩੩ ਵਿਚ ਹੋਇਆ। ਬਾਹੀਏ ਦੇ ਸਾਰੇ ਬੇਰਾੜ ਮੁਆਫੀਦਾਰ ਹਨ।

**ਬਾਈ ਭਾਰੂ ਜੀ ਮਲਵਈ**—ਭਦਰ ਕਾਲੀ ਦਾ ਮੇਲਾ ਸੀ, ਪਹਾੜ ਦੇ ਲੋਕ ਇਸ ਮੇਲੇ ਨੂੰ ਬੜੀ ਧੂਮ ਧਾਮ ਨਾਲ ਮਨਾਉਂਦੇ ਸਨ। ਉਸ ਮੇਲੇ ਉਤੇ ਰਾਜੇ ਮਹਾਰਾਜੇ ਤੇ ਸੇਠ ਲੋਕ ਭੀ ਆਉਂਦੇ ਤੇ ਪੂਜਾ ਪਾਠ ਕਰਦੇ ਸਨ। ਬਹੁਤ ਸਾਰਿਆਂ ਸਿਖਾਂ ਤੇ ਰਾਜਿਆਂ ਦੀ ਬੇਨਤੀ ਕਰਨ ਤੇ ਸਤਿਗੁਰੂ ਜੀ ਵੀ ਉਸ ਮੇਲੇ ਤੇ ਚਲੇ ਗਏ। ਸਤਿਗੁਰੂ ਜੀ ਦੇ ਜਾਣ ਦਾ ਆਸ਼ਾ ਸਿਰਫ ਇਹ ਸੀ ਕਿ ਬਹੁਤ ਪੂਜਾ ਕਰਨ ਵਾਲੇ ਲੋਕਾਂ ਵਿਚ ਗੁਰਮਤ ਦਾ ਪ੍ਰਚਾਰ ਕੀਤਾ ਜਾਵੇ। ਸਤਿਗੁਰੂ ਜੀ ਦੇ ਨਾਲ ਰਾਗੀ, ਢਾਢੀ ਤੇ ਕਵੀ ਵੀ ਗਏ ਸਨ। ਸਤਿਗੁਰੂ ਜੀ ਨੇ ਇਕ ਖੁਲ੍ਹੀ ਥਾਂ ਵਿਚ ਸਤਿਗੁਰੂ ਨਾਨਕ ਜੀ ਦਾ ਨਿਰੰਕਾਰੀ ਦਰਬਾਰ ਲਾ ਦਿਤਾ। ਗੁਰਬਾਣੀ ਦਾ ਉਪਦੇਸ਼ ਤੇ ਕੀਰਤਨ ਹੋਣਾ ਸ਼ੁਰੂ ਹੋਇਆ। ਸਤਿਗੁਰੂ ਜੀ ਦੀ ਮਹਾਨ ਆਤਮਿਕ ਸ਼ਕਤੀ ਦੇ ਕਾਰਨ ਦੇਵੀ ਦੇ ਮੰਦਰ ਨਾਲੋਂ ਸਤਿਗੁਰੂ ਜੀ ਦੇ ਦਰਬਾਰ ਵਿਚ ਬਹੁਤੀ ਰੌਣਕ ਹੋ ਗਈ, ਕਈ ਰਾਜੇ ਤੇ ਮਹਾਰਾਜੇ ਵੀ ਉਪਦੇਸ਼ ਸੁਣਨ ਵਾਸਤੇ ਦਰਬਾਰ ਵਿਚ ਆ ਬੈਠਾ।

ਜਿਸ ਵੇਲੇ ਮੇਲਾ ਹੋਇਆ ਤਦੋਂ ਸਤਿਗੁਰੂ ਜੀ ਦੇ ਸਿਦਕੀ ਤੇ ਹਿੰਮਤੀ ਸਿਖ ਨੇ ਇਕ ਕੌਤਕ

Digitized by Panjab Digital Library | www.panjabdigilib.org

ਰਚ ਦਿਤਾ। ਉਹ ਕੌਤਕ ਐਸਾ ਸੀ ਜਿਸ ਨੇ ਸਾਰੇ ਲੋਕਾਂ ਦਾ ਧਿਆਨ ਆਪਣੀ ਵਲ ਖਿਚ ਲਿਆ। ਉਹ ਕੌਤਕ ਇਹ ਸੀ–ਸਤਿਗੁਰੂ ਜੀ ਦਾ ਇਕ ਸਿਖ ਭਾਰੂ ਸੀ, ਉਹ ਮਾਲਵੇ ਦਾ ਵਸਨੀਕ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਕੀਰਤਪੁਰ ਸਾਹਿਬ ਪੁਜਾ ਹੋਇਆ ਸੀ, ਉਹ ਦੇਵਤਿਆਂ, ਸੁਲਤਾਨੀਆਂ ਤੇ ਮੜ੍ਹੀ ਮਸਾਨ ਪੁਜਾਰੀਆਂ ਦੇ ਵਿਰੁਧ ਸੀ। ਉਹ ਸਦਾ ਕੁਹਾੜਾ ਹਥ ਵਿਚ ਰਖਦਾ, ਜਿਥੇ ਕਿਤੇ ਵੀ ਦਾ ਲਗਦਾ ਉਥੇ ਹੀ ਦੇਵੀ ਦੇਵਤੇ ਦੇ ਮੰਦਰ ਨੂੰ ਢਾਹ ਸੁਟਦਾ। ਕਈਆਂ ਦੇਵੀਆਂ ਦੇ ਅੰਗ ਭੰਗ ਕੀਤੇ ਸਨ। ਪਥਰ ਦੀਆਂ ਦੇਵੀਆਂ ਉਸ ਨੂੰ ਆਪਣੀ ਸ਼ਕਤੀ ਨਾਲ ਬੀਮਾਰ ਕਰ ਸਕੀਆਂ ਸਨ ਤੇ ਨਾ ਅੰਨਾਂ ਕਾਣਾ। ਸ਼ਾਇਦ ਇਸ ਵਾਸਤੇ ਕਿ ਉਸ ਦਾ ਮਾਲਕ (ਸਤਿਗੁਰੂ ਜੀ) ਜਿਸ ਦਾ ਸਾਹਿਬਾ ਡਾਡਾ ਹੋਇ ਤਿਸ ਨੋ ਮਾਰ ਨਾ ਸਾਕਾ ਕੋਇ।' ਬਹੁਤ ਬਲ ਤੇ ਮਹਾਂ ਬ੍ਰਹਮਾਂ ਜੈਸਾ ਸ਼ਕਤੀ ਰਖਣ ਵਾਲਾ ਸੀ।

ਭਾਈ ਭਾਰੂ ਭਦਰ ਕਾਲੀ ਦੇਵੀ ਦੇ ਮੰਦਰ ਵਿਚ ਗਿਆ, ਉਸ ਨੇ ਦੇਵੀ ਤੇ ਭੈਰੋਂ ਜਤੀ ਦੀ ਮੂਰਤੀ ਦੇ ਨਕ ਵਢ ਸੁਟੇ। ਉਸ ਦਾ ਇਹ ਕਰਮ ਦੂਸਰਿਆਂ ਨੂੰ ਬਹੁਤ ਬੁਰਾ ਲਗਾ। ਦੇਵੀ ਭਗਤਾਂ ਨੇ ਉਸ ਨੂੰ ਫੜ ਲਿਆ ਤੇ ਸਤਿਗੁਰੂ ਜੀ ਦੇ ਪਾਸ ਲੈ ਆਏ। ਦੇਵੀ ਦੀ ਭੇਟਾ ਖਾਣ ਵਾਲਿਆਂ ਪੰਡਤਾਂ ਨੇ ਰਾਜਿਆਂ ਅਗੇ ਫਰਿਆਦ ਕੀਤੀ। ਸਾਰੇ ਮੇਲੇ ਵਿਚ ਇਹੋ ਚਰਚਾ ਹੋਣ ਲਗ ਪਈ ਕਿ ਇਕ ਪੁਰਖ ਨੇ ਦੇਵੀ ਦਾ ਨਕ ਤੋੜ ਦਿਟਾ ਹੈ। ਭੈਰੋਂ ਜਤੀ ਦੇ ਕੰਨ ਨਹੀਂ ਛਡੇ। ਹਿੰਦੂ ਰਾਜੇ ਵੀ ਬਹੁਤ ਗਰਮ ਹੋ ਗਏ। ਅਖੀਰ ਇਹ ਫੈਸਲਾ ਹੋ ਗਿਆ ਕਿ ਭਾਈ ਭਾਰੂ ਨੂੰ ਸਜ਼ਾਏ ਮੌਤ ਦਿਤੀ ਜਾਵੇ। ਹੌਲੀ ਹੌਲੀ ਮਾਮਲਾ ਸਤਿਗੁਰੂ ਜੀ ਦੇ ਦਰਬਾਰ ਵਿਚ ਪੇਸ਼ ਹੋ ਗਿਆ ਕਿ ਭਾਈ ਭਾਰੂ ਜੀ ਨੂੰ ਕੀ ਸਜ਼ਾ ਦਿਤੀ ਜਾਣੀ ਚਾਹੀਏ।

ਸਤਿਗੁਰੂ ਜੀ ਨੇ ਬਚਨ ਕੀਤਾ, ਭਾਈ ਭਾਰੂ ਜੀ ਨੇ ਜੋ ਕਰਪ ਕੀਤਾ ਹੈ ਇਸਦਾ ਫਲ ਇਸ ਨੂੰ ਜ਼ਰੂਰ ਮਿਲਣਾ ਚਾਹੀਏ। ਜੇ ਕਰਮ ਚੰਗਾ ਤਾਂ ਚੰਗਾ ਫਲ ਜੇ ਮੰਦਾ ਹੈ ਤਾਂ ਮੰਦਾ ਫਲ। ਪਰ ਸਵਾਲ ਇਸ ਗਲ ਦਾ ਹੈ ਕਿ ਫਲ (ਸਜ਼ਾ) ਦੇਵੇ ਕੌਣ! ਭਾਰੂ ਨੇ ਦੇਵੀ ਤੇ ਭੈਰੋਂ ਜਤੀ ਨਾਲ ਮੱਥਾ ਲਾਇਆ ਹੈ ਦੇਵਤੇ ਪੁਰਖਾਂ ਨਾਲੋਂ ਬਲੀ ਹੁੰਦੇ ਹਨ। ਸਜ਼ਾ ਦੇਣ ਦਾ ਹਕ ਦੇਵੀ ਤੇ ਭੈਰੋਂ ਨੂੰ ਹੈ। ਜਾਂ ਤਾਂ ਕਹੋ ਦੇਵੀ ਤੇ ਭੈਰੋਂ ਇਸ ਨਾਲੋਂ ਮਾੜੇ ਹਨ ਤੇ ਮਾੜੇ ਦੀ ਰਾਖੀ ਕਰਨਾ ਮਨੁਖ ਦਾ ਪਰਮ ਧਰਮ ਹੈ। ਜੇ ਦੇਵੀ ਤੇ ਦੇਵਤੇ ਤਕੜੇ ਹਨ ਤੇ ਉਹ ਆਪ ਭਾਰੂ ਨੂੰ ਸਜ਼ਾ ਦੇਣਗੇ। ਕਿਸੇ ਮਨੁਖ ਦਾ ਕੋਈ ਫਰਜ਼ ਨਹੀਂ ਕਿ ਉਹ ਦੇਵਤਿਆਂ ਦੀ ਲੜਾਈ ਵਿਚ ਦਖਲ ਦੇਵੇ। ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਇਕ ਪੰਡਤ ਗਰਮੀ ਨਾਲ ਬੋਲਿਆ, ਜੀ ਦੇਵੀ ਤੇ ਭੈਰੋਂ ਦੀ ਮੂਰਤ ਤਾ ਪੱਥਰ ਦੀ ਹੈ ਤੇ ਉਹ ਜੜ ਰੂਪ ਹੈ। ਉਸ ਦੀ ਰਾਖੀ ਕਰਨਾ ਅਸਾਂ ਦਾ ਧਰਮ ਹੈ ਉਹ ਆਪਣੀ ਰਾਖੀ ਆਪ ਨਹੀਂ ਕਰ ਸਕਦੇ।

ਪੰਡਤ ਦੀ ਇਹ ਦਲੀਲ ਸੁਣ ਕੇ ਸਤਿਗੁਰੂ ਜੀ ਮੁਸਕਰਾ ਪਏ। ਸਾਹਿਬਾਂ ਨੇ ਉਚੀ ਸੁਣਾ ਕੇ ਆਖਿਆ, ਓ ਪੰਡਤ! ਜੋ ਦੇਵੀ ਤੇ ਦੇਵਤੇ ਆਪਣੀ ਰਾਖੀ ਆਪ ਨਹੀਂ ਕਰ ਸਕਦੇ ਉਹ ਜੜ ਰੂਪ ਪੱਥਰ ਤੇਰੀ ਰਾਖੀ ਕਿਵੇਂ ਕਰ ਸਕਦੇ ਹਨ। ਤੇਰੀਆਂ ਲੋੜਾਂ ਤੇ ਸਧਰਾਂ ਕਿਵੇਂ ਪੂਰੀਆਂ ਕਰ ਸਕਦੇ ਹਨ। ਇਨ੍ਹਾਂ ਪਥਰਾਂ ਦੀ ਸੇਵਾ ਛਡ ਤੇ ਉਸ ਸ਼ਕਤੀਵਾਨ ਭਗਵਾਨ (ਪ੍ਰਮਾਤਮਾ) ਦੀ ਪੂਜਾ ਕਰ ਜੋ ਸਾਰੇ ਜਗਤ, ਪਥਰਾਂ ਬਨਸਪਤੀ ਤੇ ਮਨੁਖਾਂ ਦੇ ਘੜਨ ਤੇ ਭੰਨਣ ਯੋਗ ਹੈ। ਜਿਸਦੇ ਹੁਕਮ ਵਿਚ ਪਵਨ, ਇੰਦਰ, ਰੁਦਰ ਤੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਆਦਿਕ ਰਹਿੰਦੇ ਹਨ। ਸਤਿਗੁਰੂ ਦੀ ਸ਼ਰਨ ਆ ਤੇ ਅਕਾਲ ਪੁਰਖ ਦੀ

Digitized by Panjab Digital Library | www.panjabdigilib.org

ਪੂਜਾ ਕਰਨ ਦੀ ਜਾਚ ਸਿਖ। ਹੁਸ਼ਿਆਰ ਪੰਡਤਾਂ ਨੇ ਆਪਣੀ ਰੋਜੀ ਵਾਸਤੇ ਇਹ ਢੰਗ ਰਚੇ ਹਨ। ਭੋਲੀ ਭਾ ਵਾਲੀ ਅਗਿਆਨੀ ਲੋਕਾਈ ਨੂੰ ਫਸਾ ਕੇ, ਭੈ ਦਸ ਕੇ ਕਾਰਜ ਸਿਧ ਕੀਤਾ ਜਾ ਰਿਹਾ ਹੈ। ਸਤਿਗੁਰੂ ਦੇ ਉਪਦੇਸ਼ ਦਾ ਅਸਰ ਲੋਕਾਂ ਦੇ ਮਨਾ ਉਤੇ ਬਹੁਤ ਪਿਆ, ਜੋ ਭਾਈ ਭਾਰੂ ਨੂੰ ਪਥਰ ਮਾਰਨ ਵਾਸਤੇ ਡਟੇ ਖਲੋਤੇ ਸਨ ਉਹ ਸ਼ਾਂਤ ਹੋ ਗਏ ਤੇ ਸਤਿਗੁਰੂ ਜੀ ਨੇ ਭਾਈ ਭਾਰੂ ਨੂੰ ਨਿਹਾਲ ਕੀਤਾ। ਪਰ ਨਾਲ ਹੀ ਇਹ ਸਿਖਿਆ ਦਿਤੀ ਅਸਾਂ ਗਿਆਨ ਨਾਲ ਪਥਰ ਪੂਜਾ ਛਡਾਉਣੀ ਹੈ ਤੁਰਕਾਂ ਵਾਂਗ ਦੇਵ ਮੂਰਤੀਆਂ ਨੂੰ ਤੋੜਕੇ ਹਿੰਦੂ ਭਰਾਵਾਂ ਦਾ ਦਿਲ ਨਹੀਂ ਦੁਖਾਉਣਾ।'

## ਭਾਈ ਮੂਲਾ

ਇਹ ਬਠਿੰਡੇ ਦੇ ਰਹਿਣ ਵਾਲੇ ਰਤਨ ਸ਼ਾਹ ਬਾਣੀਆਂ ਦਾ ਬੇਟਾ ਸੀ। ਬਠਿੰਡੇ ਦਾ ਬਾਜਰੇ ਤੇ ਮੋਠਾਂ ਦਾ ਸੌਦਾਗਰ ਭਾਈ* ਰਤਨ ਸ਼ਾਹ ਦੇ ਘਰ ਮੂਲ ਚੰਦ ਨਾਮੇ ਜਮਾਂਦਰੂ ਸਿੱਧ ਪੈਦਾ ਹੋਇਆ। ਜਿਸ ਦੀ ਬੋਦੀ ਸਵਾ ਗਿਠ ਲੰਮੀ ਅਤੇ ਧਉਲੀ ਸੀ। ਤਾਂ ਬਾਲਕ ਨੂੰ ਆਪਣੀ ਕਾਮਨਾ ਦੇ ਅਨੁਸਾਰ ਭਾ: ਗੰਗਾ ਰਾਮ ਨੂੰ ਚਾੜ ਦਿਤਾ। ਬੜਾ ਹੋਕੇ ਗੰਗਾ ਰਾਮ ਬ੍ਰਾਹਮਣ ਅੰਮ੍ਰਿਤਸਰ ਗਿਆ । ਤਾਂ ਦੇਵ ਨੇਤ ਨਾਲ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਪੁਜ ਗਿਆ। ਮਹਾਰਾਜ ਦੀ ਕ੍ਰਿਪਾ ਨਾਲ ਉਸਨੂੰ ਸਿੱਖੀ ਤੇ ਰਿੱਧੀ-ਸਿੱਧੀ ਪ੍ਰਾਪਤ ਹੋਈ। ਤਾਂ ਬਠਿੰਡੇ ਆਕੇ ਸਿਖੀ ਅਤੇ ਦੇਗ ਦੀ ਸੇਵਾ ਕਰਨ ਲਗਾ। ਏਹ ਉਸਦੇ ਵਰਤੋਂ

ਖਾਸ ਨਾਭੇ ਵਿਚ ਭਾਈ ਮੂਲੇ ਦੀ ਇਕ ਬੈਠਕ ਹੈ। ਸੰਗਰੂਰ ਵਿਚ ਭੀ ਇਸਦੀ ਯਾਦਗਾਰ ਹੈ। ਧੋਬੀ ਭਾਈ ਮੂਲੇ ਦੀਆਂ ਸੁੱਖਾਂ ਸੁੱਖਦੇ ਹਨ।

## ਲਖੀ ਚੰਦ ਰਾਜਾ ਛੇਵੇਂ ਪਾਤਸ਼ਾਹ ਦਾ ਸਿੱਖ

ਰਾਜੇ ਲਖੀ ਚੰਦ ਦੀ ਰਾਜਧਾਨੀ ਕਿਆਨਾ ਬਾਦ ਚੌਰਾਸੀ ਸੀ ਜਿਸ ਦਾ ਨਾਉ ਹੁਣ (ਦੁਰਾਹਾ ਪ੍ਰਸਿੱਧ ਹੈ) ਸੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਗੋਆਲੀਅਰ ਦੇ ਕਿਲੇ ਵਿਚੋਂ ੫੨ ਰਾਜਿਆਂ ਨੂੰ ਕੈਦ ਵਿਚੋਂ ਰਿਹਾ ਕਰਕੇ ਦਿਲੀ ਆਏ, ਤਾਂ ਜਹਾਂਗੀਰ ਬਾਦਸ਼ਾਹ ਆਪ ਜੀ ਦੇ ਪਵਿਤ੍ਰ ਦਰਸ਼ਨ ਕਰਨ ਆਇਆ, ਅਤੇ ਸ੍ਰੀ ਗੁਰੂ ਜੀ ਨੂੰ ਸ਼ਰਧਾ ਭਾਵ ਨਾਲ ਮਿਲਿਆ, ਅਤੇ ਆਪਣੇ ਕੀਤੇ ਦੀ ਗਲਤੀ ਮੰਨੀ, ਅਰ ਚੰਦੂ ਸੁਆਹੀ ਨੂੰ ਗੁਰੂ ਜੀ ਦੇ ਪੇਸ਼ ਕਰ ਦਿੱਤਾ ਜਿਸ ਨੂੰ ਲੈਕੇ ਗੁਰੂ ਜੀ ਪੰਜਾਬ ਨੂੰ ਆ ਰਹੇ ਸੀ,

---

*ਭਾਈ ਮੂਲ ਚੰਦ ਜੀ ਸਿਧੀਆਂ ਸੰਪੰਨ ਹੋਕੇ ਸਾਧੂ ਬ੍ਰਿਤੀ ਵਿਚ ਹੀ ਫਿਰਦੇ ਰਹੇ। ਅਤੇ ਜਿਸਨੂੰ ਪੁਤ੍ਰ ਦੀ ਲੋੜ ਹੁੰਦੀ ਉਹ ਗੁਰੂ ਅਰਜਣ ਨਾਉਂ ਲੈਕੇ ੭ ਪੁਤ੍ਰ ਬਖਸ਼ਿਆ ਕਰਨ। ਅੰਤ ਨੂੰ ਫਿਰਦੇ ਫਿਰਦੇ 'ਸੁਨਾਮ' ਆ ਗਏ। ਉਥੇ ਦੇ ਇਕ ਸੰਤਾਨ ਹੀਨ ਸ਼ਾਹੂਕਾਰ ਨੂੰ ਭੀ ਸੱਤ ਪੁਤ੍ਰ ਬਖਸ਼ੇ ਜਿਨ੍ਹਾਂ ਦੀ ਸੰਤਾਨ ਦੇ ੭ ਘਰ ਅਜ ਤਕ ਹਨ। ਭਾਈ ਮੂਲ ਚੰਦ ਦੀ ਸਮਾਧ ਭੀ ਸੁਨਾਮ ਵਿਚ ਹੈ। ਉਥੇ ਹਰ ਸਾਲ ਮੇਲਾ ਲਗਦਾ ਹੈ। ਉਸ ਦੀ ਪੁਜਾਰੀ ਭਾਈ ਮੂਲ ਚੰਦ ਦੀ ਸੰਤਾਨ† ਹੈ । ਗੁਰੂ ਕੇ ਪਸੋਰ ਆਦਿ ਕਈ ਪਿੰਡ ਮ: ਆਲਾ ਸਿੰਘ ਆਦਿ ਰਾਜਿਆਂ ਦੇ ਦਿਤੇ ਹੋਏ ਹਨ।

†ਭਾਈ ਮੂਲੇ ਦੇ ਨਾਮ ਪੁਰ ਸੁਨਾਮ (ਪਟਿਆਲਾ) ਵਿੱਚ ਭਾਰੀ ਮੇਲਾ ਲੱਗਦਾ ਹੈ ਤੇ ਇਸਦੇ ਸੇਵਕ ਭਾਈ ਮਲੇ ਦੇ ਸਦਾਉਂਦੇ ਹਨ।

Digitized by Panjab Digital Library | www.panjabdigilib.org

ਰਸਤੇ ਵਿੱਚ ਕਿਆਸਾ ਬਾਦ ਦੇ ਰਾਜੇ ਲਖੀ ਚੰਦ ਜੋ ਪ੨ ਰਾਜਿਆ ਨਾਲ ਰਿਹਾ ਹੋਕੇ ਸਾਥ ਹੀ ਆ ਰਿਹਾ ਸੀ ਦੀ ਰਾਜਧਾਨੀ ਵਿਚ ਆ ਠਹਿਰੇ, ਲਖੀ ਚੰਦ ਦੇ ਪ੍ਰੇਮ ਵਸ ਹੋਕੇ ਕਈ ਦਿਨ ਸਤ ਧਰਮ ਦਾ ਉਪਦੇਸ਼ ਦੇਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਜਿਸ ਜਗ੍ਹਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਬਿਰਾਜਕੇ ਸੰਗਤਾਂ ਨੂੰ ਉਪਦੇਸ਼ ਦਿਯਾ ਕਰਦੇ ਸਨ, ਉਸ ਜਗ੍ਹਾ ਦਾ ਨਾਂ ਦਮਦਮਾ ਕਰਕੇ ਪ੍ਰਸਿਧ ਹੈ। ਅਰ ਲਖੀ ਚੰਦ ਰਾਜੇ ਨੇ ਗੁਰੂ ਸਾਹਿਬ ਦੀ ਯਾਦ ਵਿਚ ਇਕ ਬਾਵਲੀ (ਬਾਉਲੀ) ਬਣਾਈ ਜਿਸ ਵਿਚ ਰਾਜ ਮਹੱਲ ਤੋਂ ਇਕ ਸੁਰੰਗ ਰਾਣੀਆਂ ਦੇ ਇਸ਼ਨਾਨ ਕਰਨ ਲਈ ਲਿਆਂਦੀ ਗਈ ਸੀ। ਅਤੇ ਰਾਜੇ ਵਲੋਂ ਇਕ ਸੁੰਦਰ ਗੁਰਦੁਆਰਾ ਸਾਹਿਬ ਗੁਰੂ ਸਾਹਿਬ ਦੀ ਯਾਦ ਵਿਚ ਤਿਆਰ ਕਰਕੇ ੫੬੮ ਵਿਘੇ ਦਾ ਪਟਾ ਅਰ ਦੂਜਾ ੭੦ ਵਿਘੇ ਦਾ ਪਟਾ ਲਿਖਕੇ, ਸ੍ਰੀ ਗੁਰੂ ਜੀ ਤੋਂ ਖੁਸ਼ੀਆਂ ਲਈਆਂ ਉਨਾਂ ਪਟਿਆ ਦੀ ਨਕਲ ਗੁ: ਦੁਰਾਹਾ ਦੇ ਇਤਹਾਸ ਵਿੱਚ ਪੜੋ।

## ਦੋਰਾਹੇ ਵਿਚ ਅਕਾਲੀਆਂ ਦੀ ਪਤੀ

ਪਿੰਡ ਦੁਰਾਹੇ ਦੇ ਵਿੱਚ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਗੁਰਦੁਆਰਾ ਸਾਹਿਬ ਦੇ ਪ੍ਰਾਤਨ ਪ੍ਰਬੰਧਕ ਅਕਾਲੀ ਸਿੰਘ ਸਨ । ਭਾਵੇਂ ਵਧੇਰੇ ਵਸੋਂ ਹਿੰਦੂਆ ਦੀ ਸੀ। ਇਸ ਕਰਕੇ ਓਸ ਪਤੀ ਦਾ ਨਾਉਂ ਅਕਾਲੀਆਂ ਵਾਲੀ ਪਤੀ ਸਦਿਆ ਜਾਣ ਲਗਾ ਤੇ ਹੁਣ ਤਕ ਪਿੰਡ ਦੁਰਾਹੇ ਵਿਚ ਅਕਾਲੀਆਂ ਦੀ ਪਤੀ ਕਰਕੇ ਸਦੀ ਜਾਂਦੀ ਹੈ।

ਜਿਸ ਵੇਲੇ ਔਰੰਗ ਜ਼ੇਬ ਨੇ ਆਪਣੀ ਤਲਵਾਰ ਦੇ ਜ਼ੋਰ ਨਾਲ ਮੁਸਲਮਾਨੀ ਮਤਿ ਫੈਲਾਣ ਦੀ ਲਹਿਰ ਚਲਾਈ ਤਾਂ ਉਸ ਦੀਆਂ ਫ਼ੌਜਾਂ ਇਸ ਲਹਿਰ ਦਾ ਪਰਚਾਰ ਕਰਨ ਲਈ ਪੰਜਾਬ ਵਲ ਆਈਆਂ ਤਾਂ ਅਕਾਲੀ ਸਿੰਘ ਜੋ ਇਸ ਪਿੰਡ ਦੁਰਾਹੇ ਵਿਚ ਵਸਦੇ ਸਨ, ਮੁਸਲਮਾਨ ਨਾ ਹੋਣ ਦੇ ਕਾਰਨ ਲੜਦੇ ਹੋਏ ਸ਼ਹੀਦ ਹੋ ਗਏ ਅਤੇ ਵਸਦੇ ਹਿੰਦੂ ਮੁਸਲਮਾਨ ਹੋ ਗਏ, ਅਤੇ ਗੁਰਦੁਆਰਾ ਸਾਹਿਬ ਦੇ ਦੋਵੇਂ ਪਟੇ ਇਨਾਂ ਨਵੇਂ ਬਣੇ ਮੁਸਲਮਾਨਾ ਦੇ ਹਥ ਆ ਗਏ, ਜਿਨ੍ਹਾਂ ਦੀ ਬੰਸ ਵਿਚੋਂ ਜੂਹਾ ਮੂਹਾ ਹੋਏ ਹਨ ਜਿਨ੍ਹਾਂ ਦੀ ਔਲਾਦ ਏਥੇ ਵਸਦੀ ਰਹੀ ਹੁਣ ਵਰਤਮਾਨ ੧੯੪੭ (੨੦੦੪ ਬਿਕਰਮੀ) ਦੇ ਘਲੂਘਾਰੇ ਵਿੱਚ ਪਾਕਿਸਤਾਨ ਨੂੰ ਜਾਣ ਤੋਂ ਪਹਿਲਾਂ ਇਕ ਪਟਾ ੫੬੮ ਬਿਘੇ ਦਾ ਅਤੇ ਦੂਜਾ ੭੦ ਬਿਘੇ ਦਾ ਲੈਕੇ ਸ੍ਰੀ ਮਾਨ ਸੰਤ ਕਿਸ਼ਨ ਸਿੰਘ ਪਾਸ ਆਏ। ਅਤੇ ਉਹਨਾਂ ਦੇ ਆਗੂ ਹਬੀਬ ਮੁਹੰਮਦ ਪਿਤਾ ਅਲੀ ਬਖਸ਼ ਪਤੀ ਅਕਾਲੀਆਂ ਵਾਲੇ ਨੇ, ਭੁਲ ਬਖਸ਼ਾਈ ਤੇ ਸਿਖੀ ਧਾਰਨ ਲਈ ਬਹੁਤ ਤਰਲੇ ਕੀਤੇ ਪਰ ਸੰਤ ਜੀ ਹੋਰਾਂ ਪਟੇ ਤਾਂ ਰਖ ਲਏ ਅਰ ਅੰਮ੍ਰਿਤ ਛਕਾਉਣਾ ਸਮੇਂ ਅਨੁਸਾਰ ਜੋਗ ਨਾ ਸਮਿਝਿਆ ਅਤੇ ਕਿਹਾ ਆਪ ਤਾਂ ਗੰਗਾ ਗਏ ਗੰਗਾ ਦਾਸ, ਜਮਨਾ ਗਏ ਜਮਨਾ ਦਾਸ।

ਤੀਰਥ ਗਏ ਰਾਮ ਰਾਮ, ਮਸੀਤ ਗਏ ਸਾਹਿਬ ਸਲਾਮ।

ਇਹ ਦੋਵੇਂ ਪਟੇ ਗੁਰਦੁਆਰਾ ਸਾਹਿਬ ਵਿਚ ਹਨ, ਜਿਨਾਂ ਦਾ ਇਤਿਹਾਸ ਗੁ: ਕਾਂਡ ਗੁਃ ਦੁਰਾਹਾ ਵਿੱਚ ਦਿਤਾ ਹੈ।

Digitized by Panjab Digital Library | www.panjabdigilib.org

# ਸਤਵੀਂ ਪਾਤਸ਼ਾਹੀ ਦੇ ਸਿੱਖ

## ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਹਾਰਾਜ

ਬਿਰਧ ਪਾਲਿਕ ਸਤਿਗੁਰੂ ਹਰਿ ਰਾਇ ਸਾਹਿਬ ਜੀ ਨੇ ਵੀ ਮਾਲਵੇ ਦੀ ਧਰਤੀ ਨੂੰ ਬਹੁਤ ਮਾਣ ਬਖਸ਼ਿਆ ਹੈ। ਛੀਵੇਂ ਪਾਤਸ਼ਾਹ ਦੇ ਦਿਤੇ ਵਰਾਂ ਦੀ ਪੁਸ਼ਟੀ ਕਰਨੀ ਸਰਨ ਆਏ ਮਲਵਈ ਸਿਖਾਂ ਦੀ ਕਲਿਆਣ ਕਰਨੀ, ਆਪਣੇ ਪਵਿਤ੍ਰ ਮੁਖਾਰ ਬਿੰਦ ਤੋਂ ਮਾਲਵੇ ਦੇਸ਼ ਨੂੰ ਸੁਭਾਗ ਮਾਲਵਾ ਕਹਿਕੇ ਉਬਾਰਨਾਂ, ਜੰਗਲ ਵਿੱਚ ਮੰਗਲ ਆਦਿ ਲਾਉਣੇ ਸਭ ਆਪ ਦੀ ਮਿਹਰ ਦਾ ਹੀ ਸਦਕਾ ਹੈ, ਆਪ ਜੀ ਨੇ ਇਸ ਮਾਲਵਾ ਦੇਸ਼ ਨੂੰ ਆਪਣੇ ਪਵਿਤ੍ਰ ਚਰਨ ਪਾਕੇ ਅਨੇਕਾਂ ਵਾਰ ਤਾਰਿਆ। ਅੰਤ ਕਈਆਂ ਮਾਲਵੇ ਦੇ ਵਸਨੀਕਾਂ ਨੂੰ ਸਤਿ ਧਰਮ ਦਾ ਉਪਦੇਸ਼ ਦੇਕੇ ਸਦਾ ਲਈ ਗੁਰਚਰਨਾਂ ਨਾਲ ਜੋੜਿਆ। ਅਗੇ ਉਨ੍ਹਾਂ ਗੁਰਮੁਖ ਪਿਆਰਿਆਂ ਦਾ ਸਮਾਂ ਚਾਰ ਦਿਤਾ ਜਾਂਦਾ ਹੈ, ਜਿਨ੍ਹਾਂ ਦਾ ਇਤਹਾਸ ਪ੍ਰਾਪਤ ਹੋਇਆ। ਜਿਨਾਂ ਦਾ ਨਹੀਂ ਮਿਲ ਸਕਿਆ ਕੇਵਲ ਨਾਂ ਹੀ ਦਿਤੇ ਜਾਂਦੇ ਹਨ।

## ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਮੁਖੀ ਸਿੱਖਾਂ ਦੇ ਸੰਖੇਪ ਜੀਵਨ ਤੇ ਨਾਮ

ਸ੍ਰੀ ਗੁਰੂ ਹਰਿ ਕਿਸ਼ਨ ਸਾਹਿਬ ਜੀ ਮਹਾਰਾਜ, ਉਰੀਆ ਜੀ, ਅਮਰ ਸ਼ਾਹ ਹੰਡੂਰੀਆ ਰਾਜਾ ਸਿਖ ਅਨੰਤਾ, ਅਨਮਤੀਆਂ ਦਾ ਗੁਰੂ ਸਰਣ ਆਉਣਾ, ਇੰਦ੍ਰ ਮਲ, ਸੁਥਰਾ ਸਜਾਨਾ ਆਦਿ, ਸੰਤੂ, ਸੌਜਾ, ਸੁਧਾ ਸਿਖ, ਸੂਜਾ, ਸਮਾਲ ਨਾਥ, ਸਿਵ ਦਿਆਲ, ਸੋਣ ਰਾਏ, ਸਿੰਧਾ, ਸੋਲ ਸਾਹ, ਸੁਹੇਲਾ, ਹਸਨਾ, ਹਰੀਆ ਬੇਲਾ ਵਾਲੇ, ਹਾਕਮ ਰਾਏ, ਮਲਤਾਨੀਆ, ਕੌੜੇ ਮਹਿਰਾਜ, ਕਾਲਾ ਤੇ ਉਸ ਦੇ ਭਤੀਜਿਆਂ ਨੂੰ ਨਾਭਾ ਪਟਿਆਲਾ ਸੰਗਰੂਰ ਦਾ ਰਾਜਾ, ਕੁਤਬ ਦੀਨ, ਕਿਸ਼ਾਨਾ, ਕੀਰਤ ਪੁਰ ਦੇ ਸਿੱਖ:—ਗਰੀਬ ਸਿਖ ਜਿਸ ਦੀ ਗਰੀਬੀ ਦੂਰ ਕੀਤੀ, ਖੇਮਾ ਜਿੰਦਵੜੀ ਦਾ, ਮੋਦਾ ਕਾਬਲ ਵਾਲਾ, ਗਉਰਾ ਸ਼ਰਨ ਆਇਆ, ਗੁਰਮੁਖ ਸੰਤੂ, ਗਜਣ, ਘਰੀਆਂ ਰੋਪੜ ਦਾ, ਚੰਦਰ ਨਾਥ ਸਿਧ ਸਿਖ ਹੋਏ, ਚੰਦਾ ਹੁਸ਼ਿਆਰ ਪੁਰ, ਜੀਵਨ ਉਪਕਾਰੀ, ਜੈਤ ਪੁਰਾਣਾ, ਜੰਤੂ, ਜੋਸਾ ਵਲੀ ਪੀਰ, ਜਿਤਾ, ਜਗਾਹਾ, ਜੋਤਾ, ਤਾਰਾ ਹੁਸ਼ਿਆਰ ਪੁਰ, ਤਰਨਾ, ਦਾਰਾ ਸਕੋਹ ਸਿੱਖ, ਦਰਵੇਸ਼ ਕੀਰਤਪੁਰ ਦਾ, ਧੰਨਾ ਤ੍ਰਖਾਣ ਜਿਦਵੜੀ ਦਾ, ਨਰਾਇਣ ਹੁਸ਼ਿਆਰ ਪੁਰ, ਨਿਰਦਾਸਾ ਭਟ, ਨਿਧਾਨਾ, ਪਾਈਆ, ਪੈਣਾ, ਫੇਰੂ ਜੀ, ਬੰਦਾ, ਬਿਰਧਾ ਪ੍ਰੇਮਣ ਨੇ ਪ੍ਰਸਾਦੇ ਛਕਾਏ, ਬਾਈ ਸੌ ਗੁਰਸਿਖ ਘੋੜ ਸਵਾਰ, ਬਾਲੂ ਜੀ, ਬਿੱਝੂ ਰੋਪੜ ਦਾ, ਬਿੰਦਾ ਰੋਪੜ ਦਾ, ਬੇਨਵਾ ਕੀਰਤ ਪੁਰ ਦਾ, ਬਿਧੀ ਚੰਦ ਦਾ ਪੁਤ੍ਰ ਲਾਲ ਚੰਦ ਜੀ, ਬੁਧਾ, ਬਸੰਤਾ, ੨੨੦੦ ਬਾਈ ਸੌ

Digitized by Panjab Digital Library | www.panjabdigilib.org

ਘੋੜਾ ਸਵਾਰ ਸਿਖ, ਭਗਤ ਭਗਵਾਨ, ਭੂਪ ਸਿੰਘ ਰਾਜਪੂਤ, ਭਗਵਾਨ ਪੁਰੀ, ਭਲਵਾਨ, ਭੋਲਾ, ਮਲੰਗ ਜੰਜੀਆ, ਮੰਗਤਾ, ਮੁਹੱਬਤ ਫੂਲਿਕਿਆ ਵਿਚੋਂ ਮੰਨਾ, ਮਿਹਰ ਚੰਦ, ਮਹੇਲਾ, ਰਾਜਿਆਂ ਦਾ ਹੰਕਾਰ ਪਹਿਲਵਾਨਾ ਤੋਂ ਤੜਾਇਆ ਸਿਖ ਬਣਾਏ, ਰੋਸਨ ਜਮੀਰ ਪੁਰ ਕੀਰਤ ਪੁਰ ਦਾ ਸਿਖ, ਰੇਬਾ ਨਾਥ ਹੁੰਡੂਰੀਆ ਸਿਧ ਸਿਖ ਹੋਏ, ਲਾਲ ਜੀ, ਰਾਮਾ, ਲੌਂਡੂ ਜੀ।

## ਅਨਮਤੀਆਂ ਦਾ ਗੁਰੂ ਸ਼ਰਨ ਵਿੱਚ ਆਉਣਾ :—

ਭੋਲਾ, ਜੰਜੀਆ, ਮੰਗਤਾ ਅਤੇ ਫਕੀਰੀਆਂ ਗੁਰੂ ਜੀ ਦੀ ਸਰਨ ਵਿੱਚ ਆਏ, ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਦਰਬਾਰ ਵਿੱਚ ਸਿਖਾਂ ਦੀ ਰਹਿਣੀ ਬਹਿਣੀ ਤੇ ਕਰਣੀ ਵੇਖ ਕੇ ਬੜੇ ਪ੍ਰਸੰਨ ਹੋਏ ਤੇ ਸੰਤਿਗੁਰਾਂ ਤੋਂ ਹੱਥ ਜੋੜ ਕੇ ਜਗਤ ਜੂਠ ਛਡ ਕੇ ਸਤਿਗੁਰੂ ਜੀ ਦੇ ਸਿੱਖ ਬਣੇ ॥

## ਭਾਈ ਸੁਥਰਾ, ਸਜਾਨਾ ਆਦਿ ਗੁਰਸਿੱਖ :—

ਜਦ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਮਾਲਵੇ ਦੀ ਧਹਤੀ ਨੂੰ ਤਾਰਦੇ ਹੋਏ, ਮਿਹਰਾਜ ਪਿੰਡ ਪੁਜੇ ਤਾਂ ਭਾਈ ਸੁਥਰਾ, ਭਾਈ ਸੁਜਾਨਾ, ਭਾਈ ਸੂਜਾ ਅਤੇ ਭਾਈ ਮੁਹਬੱਤ ਚਾਰੇ ਸਤਿਗੁਰ ਜੀ ਦੀ ਸਰਨ ਵਿੱਚ ਆਏ, ਤੇ ਸਤਿਗੁਰਾਂ ਤੋਂ ਸਤਿ ਧਰਮ ਦਾ ਉਪਦੇਸ਼ ਲੈ ਕੇ ਸਿਖੀ ਧਾਰਨ ਕੀਤੀ ਤੇ ਗੁਰੂ ਘਰ ਦੇ ਸੇਵਕ ਬਣੇ ਰਹੇ।

## ਕਾਲਾ

ਬਾਬਾ ਮੋਹਣ ਦਾ ਪੁੱਤਰ, ਜਿਸ ਨੇ ਲੜਾਈ ਵਿੱਚ ਜੈਤ ਪ੍ਰਾਣੇ ਨੂੰ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮਿਹਰ ਨਾਲ ਮਾਰਿਆ, ਅਤੇ ਸਤਿਗੁਰਾਂ ਤੋਂ ਬਚਨ ਲੈਕੇ ਆਪਣੇ ਪਿਤਾ ਮੋਹਣ ਦੇ ਕਹਿਣ ਪਰ ਮਿਹਰਾਜ ਪਿੰਡ ਦੀ ਮੋਹੜੀ ਗਡੀ। ਜੋ ਹੁਣ ਬਾਈਆਂ ਦੇ ਬਾਈ ਪਿੰਡਾਂ ਦਾ ਕੇਂਦਰ ਹੈ।

## ਕੀਰਤਨ ਪੁਰ ਦੇ ਗੁਰਸਿੱਖ

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਅਧੱਕ ਕਰਕੇ ਕੀਰਤਨ ਪੁਰ ਹੀ ਵਿਰਾਜਦੇ, ਅਤੇ ਦੇਸ਼ਾਂ ਪ੍ਰਦੇਸ਼ਾਂ ਦੀਆਂ ਆਈਆਂ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਚਲਾਏ ਮਿਸ਼ਨ ਸਿੱਖੀ ਮਾਰਗ ਦਾ ਉਪਦੇਸ਼ ਤੇ ਆਦਰਸ਼ ਦਸਕੇ ਸੰਗਤਾਂ ਨੂੰ ਕਿਰਤਾਰਥ ਕਰਦੇ ਉਹਨਾਂ ਦਿਨਾਂ ਵਿੱਚ ਬੇਨਾਵਾਂ, ਦਰਵੇਸ਼ ਤੇ ਰੌਸ਼ਨ ਜਮੀਨ ਪੀਰ, ਸਤਿਗੁਰੂ ਜੀ ਦੇ ਅੰਨਿਨ ਸਿਖ ਹੋਏ ਹਨ, ਜਿਨਾਂ ਨੂੰ ਸਤਿਗੁਰੂ ਦੇ ਦਰਬਾਰ, ਲੰਗਰ ਆਦਿ ਦੀ ਬਹੁਤ ਸੇਵਾ ਕੀਤੀ ਸਤਿਗੁਰੂ ਜੀ ਏਨਾਂ ਦੀ ਘਾਲਣਾ ਪ੍ਰ ਬਹੁਤ ਪ੍ਰਸੰਨ ਹੋਏ ਤੇ ਸਤਿਗੁਰੂ ਨਾਨਕ ਦੇਵ ਜੀ ਦੀ ਸਿਖੀ ਬਖਸ਼ੀ।

## ਜੈਤ ਪੁਰਾਣਾ

ਇਹ ਮਾਲਵੇ ਦੇ ਪਿੰਡ ਭੋਖੜੀ ਦੇ ਰਹਿਣ ਵਾਲਾ ਇਕ ਪ੍ਰਸਿੱਧ ਸਰਦਾਰ, ਜੋ ਆਪਣੇ ਬਲ

Digitized by Panjab Digital Library | www.panjabdigilib.org

ਕਰਕੇ ਬਹੁਤ ਪ੍ਰਸਿੱਧ ਸੀ, ਭਾਵੇਂ ਇਸ ਦਾ ਆਪਣਾ ਗੋਤ ਸਿਧੂ ਸੀ, ਪਰ ਕੌੜੇ ਭੁਲਰਾਂ ਦਾ ਰਿਸ਼ਤੇਦਾਰ ਹੋਣ ਕਰਕੇ ਮੋਹਣ ਕਾਲੇ ਆਦਿ ਸਿਧੂਆਂ ਨੂੰ ਬਹੁਤ ਦੁਖ ਦਿੰਦਾ ਸੀ, ਤੇ ਪਿੰਡ ਨਹੀਂ ਸੀ ਬੰਨ੍ਹਣ ਦਿੰਦਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਹਿਣ ਪਰ ਵੀ ਨ ਮੰਨਿਆ, ਜਿਸ ਪਰ ਮੋਹਣ ਤੇ ਕਾਲੇ ਆਦਿ ਸਿਧੂਆਂ ਨਾਲ ਇਸ ਦਾ ਜੁਧ ਹੋਇਆ ਜਿਸ ਵਿਚ ਸਤਿਗੁਰੂ ਹਰਿਗੋਬਿੰਦ ਸਾਹਿਬ ਦੀ ਕਾਲੇ ਨੂੰ ਸਹਾਇਤਾ ਅਤੇ ਦਇਆ ਦ੍ਰਿਸ਼ਟੀ ਨਾਲ ਇਹ ਜੋਧਾ ਕਾਲੇ ਦੇ ਹਥੋਂ ਮਾਰਿਆ ਗਿਆ, ਭੁਲਰ ਤੇ ਮਾਨ ਮੈਦਾਨ ਛਡ ਕੇ ਭਜ ਗਏ ਉਪ੍ਰੰਤ ਬਾਬਾ ਮੋਹਣ ਨੇ ਮਿਹਰਾਜ ਪਿੰਡ ਦੀ ਨੀਂਹ ਰਖੀ ਤੇ ਮਨ ਮਰਜ਼ੀ ਦੀ ਜੂਹ ਕਾਇਮ ਕੀਤੀ।

## ਜਿੰਦਵੜੀ ਦੇ ਗੁਰਸਿੱਖ

ਜਦ ਸ੍ਰੀ ਗੁਰੂ ਹਰਿ ਰਾਇ ਜੀ ਸੰਗਤਾਂ ਨੂੰ ਨਿਹਾਲ ਕਰਦੇ ਜਿੰਦਵੜੀ ਪੁਜੇ ਤਾਂ ਭਾਈ ਖੇਮਾਂ, ਭਾਈ ਮੰਨਾ ਤੇ ਭਾਈ ਧੰਨਾ ਗੁਰੂ ਸਾਹਿਬ ਦੇ ਦਰਸ਼ਨ ਦੀਦਾਰ ਕਰਨ ਆਏ, ਸਤਿਗੁਰਾਂ ਦਾ ਉਪਦੇਸ਼ ਸੁਣ ਕੇ ਮਨ ਦ੍ਰਵ ਗਿਆ ਤੇ ਸਤਿਗੁਰਾਂ ਦੀ ਪਿਆਰੀ ਸਿਖੀ ਧਾਰ ਕੇ ਸਤਿਗੁਰੂ ਦੀ ਚਰਨ ਸਰਨ ਵਿੱਚ ਰਹਿਣ ਲਗੇ ਅਤੇ ਇਲਾਕੇ ਵਿੱਚ ਸਿਖੀ ਦਾ ਪ੍ਰਚਾਰ ਕਰਨ ਲਗੇ।

## ਭਾਈ ਜੀਵਨ ਉਪਕਾਰੀ

ਇਹ ਮਹਾਂ ਪੁਰਸ਼ ਭਾਈ ਭਗਤੂ ਦਾ ਛੋਟਾ ਪੁੱਤਰ, ਜੋ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਪਾਸ ਕੀਰਤਨ ਪੁਰ ਸਾਹਿਬ ਰਿਹਾ ਕਰਦਾ ਸੀ, ਜਿਸਨੇ ਕੀਰਤਨ ਪੁਰ ਰਹਿ ਕੇ ਗੁਰੂ ਘਰ ਦੀ ਬਹੁਤ ਸੇਵਾ ਕੀਤੀ, ਤੇ ਉਥੇ ਹੀ ਇਸਦਾ ਸ੍ਰੀਰ ਸ਼ਾਂਤ ਹੋਇਆ, ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਦਸਤ ਕੰਵਲਾਂ ਨਾਲ ਇਸਦਾ ਦਿਹਾਂਤ ਕੀਤਾ, ਸਤੇ ਦਾਸ ਇਸ ਦਾ ਪੁਤੱਰ ਹੋਇਆ ਹੈ, ਜਿਸ ਦੀ ਬੰਸ ਹੁਣ ਭੁਚੋ ਭਾਈ ਕੇ ਚੱਕ ਆਦ ਵਿਚ ਰਹਿੰਦੀ ਹੈ।

## (੨੨੦੦) ਗੁਰਸਿੱਖ ਘੋੜ ਸਵਾਰ

ਮੀਰੀ ਪੀਰੀ ਦੇ ਮਾਲਕ ਅਰਸ਼ੀ ਪ੍ਰੀਤਮ ਦੋ ਜਹਾਨ ਵਾਲੀ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ ਜੋਤ ਸਮਾਉਣ ਸਮੇਂ, ਸਾਹਿਬ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਆਗਿਆ ਕਰ ਗਏ ਸਨ ਕਿ ਆਪ ਨੇ ਕੋਈ ਜੁਧ ਨਹੀਂ ਕਰਨਾ, ਪਰ ੨੨੦੦ ਸਨਧ ਬੰਧ ਜੋਧਾ ਜ਼ਰੂਰ ਆਪਨੀ ਅਰਦਲ ਵਿੱਚ ਰਖਣਾ, ਸੋ ਸ੍ਰੀ ਗੁਰੂ ਹਰਿ ਰਾਇ ਜੀ ਨੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਬਚਨਾਂ ਤੇ ਫੁਲ ਚੜ੍ਹਾਉਂ-ਦਿਆਂ, ਸਦਾ ਹੀ ਜਿਥੇ ਬੇਅੰਤ ਸਿਖ ਆਪਣੇ ਨਾਲ ਰਖੇ, ਉਥੇ ੨੨੦੦ ਜੋਧਾ ਤਿਆਰ ਬਰ ਤਿਆਰ ਆਪਣੇ ਨਾਲ ਰਖੇ, ਏਥੇ ਕੁਝ ਕ ਸਿਖਾਂ ਦੇ ਨਾਉ ਜੋ ਮਿਲ ਸਕੇ, ਲਿਖਦੇ ਹਾਂ।

## ਭਾਈ ਲੋਡੂ ਜੀ ਭਾਈ ਘਰੀਆ ਗੁਰਸਿੱਖ

ਜਦ ਸ੍ਰੀ ਹਰਿਰਾਇ ਸਾਹਿਬ ਜੀ ਰੋਪੜ ਪੁਜੇ ਤਾਂ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਆਈਆਂ, ਸਤਿਗੁਰਾਂ ਦਾ ਅੰਮ੍ਰਿਤਮਈ ਉਪਦੇਸ਼ ਸੁਣ ਕੇ ਭਾਈ ਲੋਡੂ ਜੀ, ਭਾਈ ਘਰੀਆ ਜੀ, ਭਾਈ ਬਿੰਡੂ, ਅਤੇ ਬਿੰਦਾ ਜੀ ਨੇ ਸੰਗਤ ਵਿੱਚ ਉਠਕੇ ਬੇਨਤੀ ਕੀਤੀ ਕਿ ਜੇ ਤੁਠੇ ਹੋ ਤਾਂ ਆਪ ਦੀ ਸਿਖੀ ਦੀ ਦਾਤ ਬਖਸ਼ੋ, ਸਤਿਗੁਰਾਂ ਮਿਹਰ ਕੀਤੀ ਤੇ ਆਪਣੀ ਪਿਆਰੀ ਸਿਖੀ ਬਖਸ਼ੀ।

Digitized by Panjab Digital Library | www.panjabdigilib.org

# ਅਠਵੀਂ ਪਾਤਸ਼ਾਹੀ ਦੇ ਸਿਖ

## ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ

ਸਿਖ ਕੌਮ ਦੇ ਅਠਵੇਂ ਸਤਿਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਮਾਲਵਾ ਦੇਸ਼ ਪਰ ਖਾਸ ਕ੍ਰਿਪਾ ਕੀਤੀ ਹੈ। ਆਪਣੇ ਪਵਿਤ੍ਰ ਦਰਸ਼ਨ ਦਿਦਾਰ (ਜਿਨੁ ਡਿਠਿਆ ਸਭ ਦੁਖ ਜਾਇ) ਦੇ ਕੇ ਲੱਖਾਂ ਪ੍ਰਾਣੀਆਂ ਨੂੰ ਜੀਵਨ ਮੁਕਤੀ ਬਖਸ਼ੀ। ਅਨਪੜ੍ਹ ਮੂਰਖ ਅਤੇ ਬੋਲੇ ਆਦਿ ਸਿਰ ਛਿਟੀ ਰਖਕੇ ਗੀਤਾ ਦਾ ਪਾਠ ਕਰਾਉਣਾ ਅਤੇ ਹੰਕਾਰੀਆਂ ਦਾ ਹੰਕਾਰ ਤੋੜਨਾ, ਇਹ ਸੁਭਾਗ ਵੀ ਮਾਲਵੇ ਨੂੰ ਹੀ ਬਖਸ਼ਿਆ ਕਿ ਮਾਲਵੇ ਦੇ ਮੂਰਖ ਅਤੇ ਅਨਪੜ੍ਹ, ਪੰਡਤਾਂ ਦੇ ਤੁਲ ਹਨ। ਆਪ ਜੀ ਦੀ ਜਿਨ੍ਹਾਂ ਵਿਅਕਤੀਆਂ ਨਾਲ ਗਿਆਨ ਗੋਸ਼ਟ ਹੋਈ ਤੇ ਉਨ੍ਹਾਂ ਦੇ ਅਹੰਕਾਰ ਦੂਰ ਕਰਕੇ ਉਨ੍ਹਾਂ ਨੂੰ ਪਵਿਤ੍ਰ ਸਿਖੀ ਬਖਸ਼ੀ, ਉਨ੍ਹਾਂ ਦਾ ਏਥੇ ਇਤਿਹਾਸ ਸੰਖੇਪ ਜਿਹਾ ਦਿਤਾ ਜਾਂਦਾ ਹੈ।

## ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਦੇ ਮੁਖੀ ਸਿਖਾਂ ਦੇ ਸੰਖੇਪ ਜੀਵਨ ਤੇ ਨਾਮ

ਭਾਃ ਸਰਵਣ ਸਿੰਘ ਜੀ ਬਾਬਾ ਬੁਢਾ ਜੀ ਦੇ ਘਰਾਣੇ ਚੋਂ, ਸਜਣ, ਸੰਤ ਰਾਮ, ਸਦਾ ਮਲ, ਸਤੀ ਰਾਮ, ਸੰਗਤੀਆ, ਸਾਹੀ ਰਾਮ, ਸਾਹਿਬ ਭਾਣਾ ਜੀ, ਕਿਸ਼ਨ ਲਾਲ ਪੰਡਤ ਪੰਜੋਖਰਾ, ਕਾਨਾ, ਗਜਣ, ਗੁਰਦਿਤਾ ਜੀ ਬਾਬਾ ਬੁਢਾ ਜੀ ਦੀ ਬੰਸ ਵਿਚੋਂ, ਗੁਰਬਖਸ਼ ਸਿੰਘ ਜੀ ਰਾਮ ਕੁਮਾਰ, ਗੱਦੇ ਗਿਲ ਦਾ, ਗੁਰਬਖਸ਼ ਸਿੰਘ ਜੀ ਬੰਸ ਸਰਪੰਜੋਖਰੇ ਉਬਾਦ ਹੈ, ਚੰਦੂ ਕੀਰਤਪੁਰ ਦਾ ਵੇਸਵਾ ਦਾ ਸੰਗ ਛਡ ਕੇ ਸਿਖ ਹੋਇਆ, ਚੰਦਾ, ਚਿਰੀਆ ਪੇਚ ਕੀਰਤਪੁਰ ਦਾ ਵਿਕਾਰ ਛਡਕੇ ਸਿਖ ਹੋਇਆ, ਛਜੂ ਝੀਅਰ ਪੰਜੋਖਰੇ ਵਾਲਾ, ਜਲਾਲ, ਜਸਵੰਤਾਂ ਕੀਰਤਪੁਰ ਨੇ ਚੋਰੀ ਛਡਕੇ, ਜਗਨੇ ਨੇ ਕਸਾਈ ਪੁਣਾ ਛਡਕੇ, ਜੰਜੀਆ ਜਗਤ ਤਮਾਖੂ, ਝੂਠ ਛਡਕੇ, ਜੇ ਸਿੰਘ ਰਾਜਾ ਸੁਹਾਈ, ਝੰਡਾ ਜੀ, ਦਯਾਲਾ, ਨਈਆ ਸ਼ਸਤ੍ਰ, ਨੂਰ ਦੀਨ ਦਾ ਸਿਖਹੋਣਾ, ਪਰਸ ਰਾਮ ਰਾਜੇ ਦਾ ਪ੍ਰਵਾਨ, ਪੰਜਾਬਾ ਜੀ, ਬਸੰਤਰ ਬ੍ਰਾਹਮਣ ਸਿਖ ਹੋਇਆ ਜਿਸ ਦਾ ਕੋਹੜ ਹਟਾਇਆ, ਫਕੀਰੀਆ, ਭੋਲਾ, ਭੀਮਾ, ਮੰਗਤਾ, ਮਾਲਾ ਸ਼ੇਖ, ਮੁਹੰਮਦ ਬਖਸ਼ ਰੋਪੜ ਤੇ ਸਿਖ ਹੋਏ, ਮਹੇਸਾ, ਰਾਜਾ ਰਾਮ ਰੋਪੜ ਵਾਲਾ ਸਿਖ ਹੋਇਆ।

**ਪੰਡਤ ਕ੍ਰਿਸ਼ਨ ਲਾਲ ਪੰਜੋਖਰਾ**—ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜਦਿਲੀ ਨੂੰ ਜਾਂਦੇ ਹੋਏ ਜਦ ਪੰਜੋਖਰੇ ਪੁਜੇ ਤਾਂ ਸੰਗਤਾਂ ਦਾ ਪਿਆਰ ਦੇਖਕੇ ਓਥੇ ਠਹਿਰ ਗਏ, ਓਥੋਂ ਦੇ ਰਹਿਣ ਵਾਲੇ ਪੰਡਤ ਲਾਲ ਚੰਦ ਨੂੰ ਜਦ ਪਤਾ ਲਗਾ ਤਾਂ ਉਹ ਇਨ੍ਹਾਂ ਦੇ ਨਾਮ ਤੇ ਖੁਣਸ ਖਾਣ ਲਗਾ, ਤੇ ਕਹਿਣ ਲਗਾ ਕਿ ਨਾਂ ਤਾਂ ਕ੍ਰਿਸ਼ਨ ਭਗਵਾਨ ਤੋਂ ਵੀ ਚੰਗਾ ਹਰਿ ਕ੍ਰਿਸ਼ਨ ਰਖਾਇਆ ਹੋਇਆ ਹੈ ਪਰ

Digitized by Panjab Digital Library | www.panjabdigilib.org

ਤਾਂਹੀ ਗੁਰੂ ਜਾਣੀਏ ਜੇ ਉਹ ਗੀਤਾ ਦੇ ਅਰਥ ਕਰ ਦੇਣ ਜਦ ਇਹ ਗਲ ਸਤਿਗੁਰਾਂ ਦੇ ਸਿਖਾਂ ਨੇ ਸੁਣੀ ਤਾਂ ਸਤਿਗੁਰੂ ਹਰਿ ਕ੍ਰਿਸ਼ਨ ਜੀ ਨੂੰ ਉਪਰੋਕਤ ਵਾਰਤਾ ਸੁਣਾਈ ਤਾਂ ਸਤਿਗੁਰਾਂ ਨੇ ਉਸ ਪੰਡਤ ਨੂੰ ਸਦਿਆ ਅਤੇ ਕਿਹਾ ਜੇ ਅਸੀਂ ਆਪ ਅਰਥ ਕੀਤੇ ਤਾਂ ਵੀ ਆਪ ਦੀ ਤਸਲੀ ਨਹੀਂ ਹੋਣੀ, ਅਸੀਂ ਇਸ ਅਨਪੜ ਮੂਰਖ ਬੋਲੇ ਅਤੇ ਗੂੰਗੇ ਝੀਵਰ ਤੋਂ ਅਰਥ ਕਰਵਾ ਸਕਦੇ ਹਾਂ, ਸੋ ਸਾਹਿਬ ਜੀ ਨੇ ਉਸ ਝੀਵਰ ਦੇ ਸਿਰ ਛਟੀ ਰਖੀ ਤੇ ਅਰਥ ਕਰਵਾ ਦਿਤੇ, ਤੇ ਪੰਡਤ ਦਾ ਮਾਣ ਤੋੜਿਆ ਪੰਡਤ ਲਾਲ ਚੰਦ ਜੀ ਸਤਿਗੁਰਾਂ ਦੀ ਇਹ ਸਮਰਥਾ ਦੇਖਕੇ ਚਰਨ ਫੜ ਲਏ ਤੇ ਆਪਣੀ ਭੁਲ ਬਖਸ਼ਾਈ ਤੇ ਸਤਿਗੁਰ ਜੀ ਦਾ ਸਿਖ ਬਣਿਆ।

**ਭਾਈ ਜਸਵੰਤਾ**—ਇਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਇਕ ਸਿੱਖ ਹੋਇਆ ਹੈ, ਇਹ ਪਹਿਲਾ ਬਹੁਤ ਚੋਰੀ ਕਰਿਆ ਕਰਦਾ ਸੀ' ਇਕ ਵੇਰਾਂ ਸਤਿਗੁਰੂ ਦੇ ਦਰਬਾਰ ਵਿੱਚ ਸੰਗਤ ਦੇ ਨਾਲ ਦਰਸ਼ਨ ਕਰਨ ਆਇਆ ਸਤਿਗੁਰੂ ਜੀ ਦੇ ਮੁਖਾਰ ਬਿੰਦ ਤੋਂ ਅੰਮ੍ਰਿਤ ਮਈ ਉਪਦੇਸ਼ ਸੁਣਕੇ ਸਤਿਗੁਰੂ ਦੇ ਭਰੇ ਦਰਬਾਰ ਵਿੱਚ ਆਪਣੀ ਪਿਛਲੀ ਸਾਰੀ ਵਿਥਿ ਆ ਸੁਣਾਈ, ਅਤੇ ਅਗੇ ਲਈ ਸਾਹਿਬ ਜੀ ਤੋਂ ਭੁਲ ਬਖਸ਼ਾਕੇ ਸਚਾ ਸਿਖ ਬਣਿਆ।

**ਛੱਜੂ ਝੀਵਰ**—ਇਹ ਝੀਵਰ ਜਾਤੀ ਦਾ ਮੂਰਖ ਅਤੇ ਗੂੰਗਾ ਪੰਜਖੋਰੇ ਰਹਿੰਦਾ ਸੀ ਇਸ ਪਾਸੋਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਸਿਰ ਤੇ ਛਟੀ ਰਖਕੇ ਗੀਤਾ ਦਾ ਅਰਥ ਕਰਾਕੇ ਕ੍ਰਿਸ਼ਨ ਲਾਲ ਪੰਡਤ ਦਾ ਹੰਕਾਰ ਤੋੜਿਆ ਸੀ ਸਤਿਗੁਰਾਂ ਦਾ ਝੀਵਰੋ ਤੋਂ ਆਪਣੀ ਸ਼ਕਤੀ ਦੁਆਰਾ ਅਰਥ ਕਰਾਉਣੇ ਤੇ ਉਸ ਨੂੰ ਵੀ ਗਿਆਨ ਹੋਣ ਕਰਕੇ ਸਤਿਗੁਰੂ ਜੀ ਦੀ ਸਿਖੀ ਧਾਰਨ ਕੀਤੀ ਤੇ ਝੀਵਰ ਦੇ ਮੰਦ ਕਰਮ ਸ਼ਿਕਾਰ ਆਦਿ ਨੂੰ ਸਦਾ ਲਈ ਛਡ ਦਿਤਾ।

## ਨੂਰ ਦੀਨ ਮੁਸਲਮਾਨ ਸਿਖ

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਦੇ ਦਰਸ਼ਨ ਕਰਕੇ ਤੇ ਉਨ੍ਹਾਂ ਦੇ ਦਰਬਾਰ ਦੀ ਪ੍ਰਭੁਤਾ ਦੇਖਕੇ ਨੂਰਦੀਨ, ਮਾਲਾ ਸ਼ੇਖ ਤੇ ਮੁਹੰਮਦ ਬਖਸ਼ ਜੋ ਰੋਪੜ ਦੇ ਰਹਿਣ ਵਾਲੇ ਸਨ, ਸਿਖ ਬਣੇ ਅਤੇ ਆਪਣੀ ਬਾਕੀ ਦੀ ਆਯੂ ਸਿਖੀ ਵਿਚ ਹੀ ਲੰਘਾਈ ਤੇ ਗੁਰੂ ਘਰ ਦੇ ਪ੍ਰੇਮੀ ਸਿਖ ਹੋਏ।

## ਰਾਜਾ ਰਾਮ ਰੋਪੜ ਵਾਲੇ

ਇਹ ਬਹੁਤ ਹੀ ਬਜਰ ਪਾਪੀ ਸੀ। ਇਸ ਨੇ ਆਪਣੀਆਂ ਸਤ ਲੜਕੀਆਂ ਮਾਰੀਆਂ ਸਨ ਜਿਨ੍ਹਾਂ ਦੇ ਪਾਪ ਕਰਕੇ ਇਸ ਨੂੰ ਦਿਨੇ ਰਾਤ ਚੈਨ ਨਹੀਂ ਸੀ ਆਉਂਦੀ ਅਤੇ ਸਰੀਰ ਨੂੰ ਜਲਨ ਲਗੀ ਰਹਿੰਦੀ ਸੀ। ਇਲਾਜ ਕਰਨ ਤੇ ਵੀ ਰੋਗ ਵਧਦਾ ਜਾਵੇ। ਅਖੀਰ ਸਤਿਗੁਰਾਂ ਦੀ ਮਹਿਮਾ ਸਣਕੇ ਜਾ ਦਰਬਾਰ ਵਿਚ ਹਾਜ਼ਰ ਹੋਇਆ ਤੇ ਬਹੁੜੀ ਕੀਤੀ ਤੇ ਕਿਹਾ ਸਤਿਗੁਰੂ ਜੀ ਮੈਨੂੰ ਬਖਸ਼ ਲਉ, ਮੈਂ ਪਾਪੀ ਹਾਂ, ਮੈਂ ਆਪਣੀਆਂ ਸਤ ਲੜਕੀਆਂ ਮਾਰੀਆਂ ਹਨ ਜਿਸ ਦੇ ਅਪਰਾਧ ਕਰਕੇ ਸਰੀਰ ਜਲ ਰਿਹਾ ਹੈ। ਆਪ ਦੀ

Digitized by Panjab Digital Library | www.panjabdigilib.org

ਬਾਬਤ ਸੁਣਿਆ ਹੈ। 'ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਧਿਆਈਐ ਜਿਨ ਡਿਠਿਆ ਸਭ ਦੁਖ ਜਾਏ,' ਸੋ ਆਪਣਾ ਬਿਰਧ ਪਾਲੋ, ਮੈਂ ਪਾਪੀ ਨੂੰ ਤਾਰੋ, ਸਤਿਗੁਰੂ ਦਿਆਲੂ ਹੋਏ ਤੇ ਉਸ ਦੇ ਪਾਪ ਬਖਸ਼ ਦਿਤੇ ਤੇ ਆਪਣੇ ਵਿਰਧ ਦੀ ਪਾਲਣਾ ਕੀਤੀ।

# ਨੌਵੀਂ ਪਾਤਸ਼ਾਹੀ ਦੇ ਗੁਰ ਸਿਖ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਸਿੱਖ ਕੌਮ ਦੇ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ, ਹਿੰਦ ਦੀ ਚਾਦਰ ਨੇ ਵੀ ਮਾਲਵੇ ਪਰ ਬਹੁਤ ਉਪਕਾਰ ਕੀਤੇ, ਥਾਂ ਥਾਂ ਜਾ ਕੇ ਗੁਰਸਿਖੀ ਦਾ ਆਦਰਸ਼ ਜਣਾਇਆ ਬੇਅੰਤ ਮਲਵਈ ਸਿਖਾਂ ਨੂੰ ਸਿਖੀ ਦਾਨ ਕੀਤੀ। ਮਾਲਵੇ ਦੀ ਪਵਿੱਤਰ ਧਰਤੀ ਨੂੰ ਕਈ ਕਈ ਮਹੀਨੇ ਭਾਗ ਲਾਏ। ਜਿਨ੍ਹਾਂ ਗੁਰੂ ਪਿਆਰਿਆਂ ਨੂੰ ਆਪਦੀ ਚਰਨ ਛੋਹ ਪ੍ਰਾਪਤ ਹੋਈ ਉਨਾਂ ਦੇ ਸੰਖੇਪ ਜੀਵਨ ਅਗੇ ਦਿਤੇ ਜਾਂਦੇ ਹਨ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮੁਖੀ ਸਿਖਾਂ ਦਾ ਸੰਖੇਪ ਜੀਵਨ ਅਤੇ ਨਾਮ

ਉਦੇ ਸਿੰਘ ਜੀ ਗੌਠੜ ਕਰਨਾਲ, ਉਗਾਣਾ ਜੀ, ਉਦਾ ਜੀ, ਆਸਾਮ ਦਾ ਰਾਜਾ ਜਿਸ ਨੂੰ ਮੋਹਰ ਲਾ ਕੇ ਪੁਤਰ ਦਿਤਾ, ਅਲਫ ਦੀਨ ਵੀ, ਅਖਲ ਸਾਹਿਬ ਜੀ,ਅਕਾਹ ਦੀਨ ਜੀ,ਅਬਦੁਲਾ ਜੀ,ਸਾਗਰ ਮੱਲ ਸੂਲੀ ਸਰ ਵਾਲਾ ਚੋਰ, ਸਸਰਾਮ ਚਚੇ ਫਮੂ ਨੂੰ ਨਿਹਾਲ ਕੀਤਾ, ਸਾਹਿਬ ਚੰਦ ਹੁਕਮ ਨਾਮੀਆਂ ਸਿੱਖ ਸਤੀ ਰਾਮ, ਸੈਫ ਅਲੀ ਬਹਾਦਰ ਗੜ, ਸਫਲ ਦੀਨ ਮਲਵਈ, ਸ਼ਿਵ ਦੱਤ, ਸੰਧੂ, ਯਸਦੀਨ, ਸੈਫ ਦੀਨ ਗੁਜਰਾਤ ਵਾਲੇ, ਸਾਈਆਂ, ਸੰਤ ਅਰਦਾਸ, ਸੈਫ ਦੀਨ, ਸੁਖੋ ਦੇਵੀ, ਸਰਿਆ, ਸਟੂ, ਹਰਬਖਸ਼, ਹਰਜਸ, ਹਸਨ ਅਲ, ਕਿਰਪਾਲ ਚੰਦ, ਕਾਦਰੀ, ਕ੍ਰਿਸ਼ਨਾ, ਕਰੋੜਾ, ਪਤੀ ਕਪੂਰੀ ਜੀ ਭਗਤ, ਕਸ਼ਮੀਰੀ ਪੰਡਤ ਸ਼ਰਨ ਆਏ, ਅਤ ਕਰਤਾਰੀ, ਖੀਵਾ, ਗੁਲਾਬ ਰਾਏ, ਗੋਪੀ ਨਾਥਾ, ਗੁਰਦਿੱਤਾ ਜੀ, ਰਾਜਾ ਗੋਂਦਾ ਭਈਆ, ਗੁਰੂ ਜੀ ਦੇ ਕੀਰਤਨੀ ਸਿਖ, ਗੋਂਦਾ ਗੁਰਦਿਤਾ, ਗਿਆਨੋ ਮਾਤਾ, ਗੁਜਰੀ ਮਾਤਾ, ਘਨੀਆ ਦਾਸ, ਘੰਨਸ਼ਿਆਮ, ਜੈਉ ਸੇਠ, ਜੈਤਾ ਲਭਾਣਾ, ਜੇਠਾ ਜੀ, ਜੀਵਨ, ਸੀਸ ਲਿਆਉਣ ਵਾਲਾ, ਮਲਵਈ ਸਨਾਮ ਦੇ ਰਹਿਣ ਵਾਲਾ, ਜਸਾ ਸੂਰਮਾ, ਜਈਆਂ, ਜਾਂਦਨਾ, ਝੰਡਾ, ਝਾਲਾ ਮੁੱਖੀ, ਦੀਵਾਨ ਚੰਦ, ਦਿਗ ਬਿਜੈ, ਦੀਵਾਨ, ਦਿਆ ਕੋਰ ਮਾਤਾ, ਦਾਸਾ, ਦੇਸੂ, ਚਾਹਲ ਚੌਧਰੀ ਭਿਖੀ ਦਾ

Digitized by Panjab Digital Library | www.panjabdigilib.org

ਅਕਪੂਰ, ਦਿਆਲਾ ਜੀ ਸਿਦਕੀ, ਮੀਹਾਂ, ਸਾਹਿਬ, ਧਮਧਾਣ ਸਾਹਿਬ, ਛੜਕਾ ਕਰਨ ਵਾਲਾ, ਧੂਮ ਰਾਏ, ਧੰਨਤਾ ਦੇਓ, ਧਿਆਨ ਮਾਤਾ, ਨਥਾ ਜੀ, ਨਰੈਣ ਦਾਸ, ਨੰਦਾ, ਨੂਰੋ ਮਾਤਾ, ਨਾਨਕੀ ਜੀ ਮਾਤਾ, ਪਿਤਾ ਹਰੀ ਚੰਦ ਬਸੀ ਖਤਰੀ, ਬਾਬਾ ਬਕਾਂਲਾ, ਪੀਰ ਬਖਸ਼, ਪੂਰੋ ਜੀ ਕੀ ਮਾਤਾ, ਬਹਿਲਾ ਭਾਈ, ਘੂੜੀਆ ਸਿਖ, ਬਿਸ਼ਨ ਸਿੰਘ ਰਾਜਾ, ਬਾਲਕੀ ਦਾਸ ਤੇ ਮਾਤਾ ਜੀ, ਬੰਗਾਲ ਵਿਚ ਬੇਅੰਤ ਸਿਖ, ਭਿਖਾ ਜੀ, ਕਧੂਰੀ, ਭਾਨੀ ਮਾਤਾ ਜੀ, ਮਖਨ ਸ਼ਾਹ ਮਾਲਾ ਰਾਣੀ, ਮਨਸੂ ਦਾਸ ਰੋਪੜ, ਮੀਹਾਂ ਸਾਹਿਬ, ਮਤੀ ਦਾਸ, ਰਾਜਾ ਰਾਮ ਜੀ, ਗਈਆ, ਰਈਆ, ਰੰਗ ਮਤ, ਰੱਤੋ ਦੇਈ ਮਾਤਾ, ਰਾਮਾ ਮਾਤਾ, ਲਖੀ ਸ਼ਾਹ, ਲਖਾ, ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬੇਅੰਤ ਪ੍ਰੇਮੀ ਸਿਖਾਂ ਵਿੱਚੋਂ ਇਹ ਅਗੇ ਲਿਖੇ ਪੰਜ ਪ੍ਰੇਮੀ ਅਤੇ ਸਿਦਕੀ ਸਿਖ ਜੋ ਸਤਿਗੁਰਾਂ ਦੇ ਨਾਲ ਦਿਕੀ ਵਿਚ ਸ਼ਹੀਦ ਹੋਏ ।

੧. ਭਾਈ ਚੇਤਾ ਜੀ ।
੨. ਭਾਈ ਗੁਰਦਿਤਾ ਜੀ ।
੩. ਭਾਈ ਉਦਾ ਰਾਠੌੜ ।
੪. ਭਾਈ ਦਿਆਲ ਜੀ ।
੫. ਭਾਈ ਮਤੀ ਦਾਸ ਜੀ ।

## ਭਾਈ ਉਦਾ ਰਾਠੌੜ ਕਰਨਾਲ

ਭਾਈ ਉਦਾ ਜੀ ਰਾਠੌੜ ਜ਼ਿਲਾ ਕਰਨਾਲ ਦੇ ਬਸਨੀਕ ਸਨ । ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬਹੁਤ ਪ੍ਰੇਮੀ ਸਿਖ ਸੀ ਅਤੇ ਸਤਿਗੁਰਾਂ ਦੇ ਲੰਗਰ ਦਾ ਰਸੋਈਆ ਸੀ, ਜੋ ਲੰਗਰ ਦੀ ਸੇਵਾ ਕਾਰ ਕਰਕੇ ਪ੍ਰਸਿੱਧ ਸੀ ਇਹ ਵੀ ਗੁਰੂ ਤੇਗ ਬਹਾਦਰ ਜੀ ਨਾਲ ਦਿਲੀ ਜਾ ਕੇ ਸ਼ਹੀਦ ਹੋਇਆ ਸੀ ।

## ਭਾਈ ਸਾਗਰ ਮੱਲ 'ਜਸਪਾਲ' ਜ਼ਿ: ਲੁਦਿਹਾਣਾ

ਅਕਬਰ ਬਾਦਸ਼ਾਹ ਦੇ ਸਮੇਂ ਗਿੱਲ ਗੋਤ ਦੇ ਜਸਪਾਲ ਨੇ ਜਸਪਾਲ (ਭਾਈਕੇ) ਪਿੰਡ ਬਸਾਇਆ । ਉਸਦੀ ਤੀਜੀ ਪੀੜੀ ਵਿਚ ਭਾ : ਯੋਗੋ ਹੋਇਆ । ਉਸਦੇ ੭ ਪੁਤ੍ਰ ਹੋਏ । ਉਨ੍ਹਾਂ ਵਿਚ ਕੈਲਾਸ ਦੇ ਪੁਤ੍ਰ ਬਾਬਾ ਸਾਗਰ ਮੱਲ ਹੋਏ । ਜਿਨ੍ਹਾਂ ਨੂੰ ਗੁਰੂ ਹਰਿਰਾਇ ਸਾਹਿਬ ਨੇ ਸਿਖੀ ਦੀ ਬਖਸ਼ਸ਼ ਦੇ ਨਾਲ ਹੀ ਕੀਰਤਪੁਰ ਸਾਹਿਬ ਤੋਂ ਇਕ ਤਬੀ (ਲੋਹ) ਬਖਸ਼ੀ ਅਤੇ ਆਗਿਆ ਕੀਤੀ ਕਿ ਸਿਖੀ ਅਤੇ ਦੇਗ ਦਾ ਪ੍ਰਚਾਰ ਕਰੋ । ਤਾਂ ਨੇੜੇ ਤੇੜੇ ਅਤੇ ਪਿੰਡ ਦੀਆਂ ਸੰਗਤਾਂ ਨੇ ਗੁਰੂ ਕੀ ਲੋਹ ਦੇ ਨਾਓਂ ਬਹੁਤ ਸਾਰੀ ਭੋਂਇ ਲਾ ਦਿਤੀ । ਫੁਲਾਂ ਵਾਲ ਆਦਿ ਵਿਚ ਭੀ ਏਸ ਲੋਹ ਦੇ ਨਾਓਂ ਖਾਸੀ ਜ਼ਮੀਨ ਹੈ । ਉਸ ਸਮੇਂ ਬਾਬਾ ਰਾਮ ਰਾਇ ਦੀ ਸਿਖੀ ਪ੍ਰਚਾਰਨ ਵਾਲੇ ਉਸਦੇ ਮਸੰਦ ਬਹੁਤ ਸਾਰੇ ਸਨ । ਇਸ ਲਈ ਉਨ੍ਹਾਂ ਪਿੰਡ ਦੇ ਆਸ ਪਾਸ ਜਸੋਵਾਲ, ਜਵਦੀ ਆਦਿ ਕਈ ਪਿੰਡ ਆਰੀਏ ਹੋ ਗਏ ਸੀ । ਅਤੇ ਸਭ ਥਾਈਂ ਗ੍ਰਹਸਥੀ ਜੱਟ ਰਾਮਰਾਇ ਦੇ ਮਸੰਦ ਸਨ, ਜੋ ਮਹੰਤ ਕਹਾਉਂਦੇ ਸੀ । ਇਸ ਰਿਵਾਜ ਨਾਲ ਬਾਬਾ ਸਾਗਰ ਮਲ ਜੀ ਦੀ ਸੰਤਾਨ ਵਾਲੇ ਭੀ ਗ੍ਰਹਸਥੀ ਅਤੇ 'ਰਾਮ ਰਈਏ' ਮਹੰਤ ਚਲੇ ਆਉਂਦੇ ਹਨ । ਅਜ ਕਲ ਉਨ੍ਹਾਂ ਵਿਚੋਂ ਕਈਆਂ ਨੇ ਅੰਮ੍ਰਿਤ ਛਕ ਕੇ ਸਿਖੀ ਧਾਰਨ ਕਰ ਲਈ ਹੈ । ਭਾਈ ਸੁਖਦੇਵ ਸਿੰਘ

Digitized by Panjab Digital Library | www.panjabdigilib.org

ਹੁਰੀਂ ਤਿਆਰ ਬਰ ਤਿਆਰ ਸਿਖ ਹਨ ।

## ਸੂਲੀਸਰ ਦਾ ਚੋਰ

ਸ੍ਰੀ ਗੁਰੂ ਤੇਗ ਬਹਾਦਰ ਜੀ ਮਾਲਵੇ ਨੂੰ ਭਾਗ ਲਾਉਂਦੇ ਹੋਏ ਧਰਮੂ ਦੇ ਕੋਟ ਪੁਜੇ, ਸੰਗਤਾਂ ਦਾ ਪ੍ਰੇਮ ਅਤੇ ਰਾਤ ਮੂੰਹ ਆਈ ਦੇਖ ਕੇ ਉਥੇ ਹੀ ਡੇਰੇ ਲਾ ਦਿਤੇ ॥ ਰਾਤ ਦੇ ਦੀਵਾਨ ਤੋਂ ਉਪ੍ਰੰਤ ਸੰਗਤਾਂ ਗੁਰੂ ਜੀ ਤੋਂ ਖੁਸ਼ੀਆਂ ਲੈ ਕੇ ਆਪੋ ਆਪਣੇ ਅਸਥਾਨਾਂ ਨੂੰ ਵਹੀਰਾਂ ਪਾ ਗਈਆਂ ਅਤੇ ਸਤਿਗੁਰਾਂ ਦੇ ਹਜ਼ੂਰੀਏ ਸਿੱਖ ਲੰਗਰ ਆਦਿ ਦੀ ਸੇਵਾ ਤੋਂ ਵਿਹਲੇ ਹੋ ਕੇ ਆਪੋ ਆਪਣੇ ਆਸਣ ਤੇ ਜਾ ਬਿਰਾਜੇ, ਜਦ ਅਧੀ ਰਾਤ ਹੋਈ ਤਾਂ ਇਕ ਚੋਰ ਨੇ ਸਤਿਗੁਰਾਂ ਦਾ ਘੋੜਾ ਖੋਲ੍ਹ ਲਿਆ, ਜਦ ਪਹਿਰੇ ਵਾਲੇ ਸਿੱਖ ਦੀ ਅੱਖ ਖੁਲੀ ਤਾਂ ਦੇਖਿਆ ਕਿ ਘੋੜਾ, ਨਹੀਂ ਹੈ। ਸਤਿਗੁਰਾਂ ਪਾਸ ਸਿੱਖ ਨੇ ਖਬਰ ਕੀਤੀ ਤੇ ਆਪਣੀ ਅਣਗਹਿਲੀ ਦੀ ਭੁਲ ਬਖਸ਼ਾਈ ਤੇ ਉਸ ਨੇ ਘੋੜੇ ਦੇ ਮਗਰ ਜਾਣ ਲਈ ਕਿਹਾ । ਜਾਣੀ ਜਾਣ ਸਤਿਗੁਰਾਂ ਸਿਖ ਨੂੰ ਕਿਹਾ ਬੇਫਿਕਰ ਹੋ ਕੇ ਸੌ ਜਾਵੇ ਸਾਡਾ ਘੋੜਾ ਕਿਤੇ ਨਹੀਂ ਜਾਂਦਾ । ਓਧਰ ਸਤਿਗੁਰਾਂ ਇਹ ਖੇਡ ਵਰਤਾਈ ਕਿ ਜਦ ਚੋਰ ਘੋੜੇ ਨੂੰ ਲੈ ਕੇ ਡੇਰੇ ਦੀ ਹਦ ਤੋਂ ਬਾਹਰ ਤੁਰੇ ਤਾਂ ਅੰਨਾ ਹੋ ਜਾਵੇ, ਜਦ ਮੁੜ ਆਵੇ ਦਿਸਣ ਲਗ ਪਵੇ। ਇਸੇ ਤਰ੍ਹਾਂ ਕਰਦਿਆਂ ਦਿਨ ਚੜ੍ਹ ਗਿਆ । ਅਖੀਰ ਹਾਰ ਕੇ ਸਤਿਗੁਰਾਂ ਦੇ ਚਰਨਾਂ ਤੇ ਢਹਿ ਪਿਆ ਤੇ ਖਿਮਾਂ ਮੰਗੀ। ਸਤਿਗੁਰਾਂ ਉਸਨੂੰ ਬਖਸ਼ ਦਿਤਾ ਤੇ ਉਹ ਚੋਰੀ ਛਡਕੇ ਸਤਿਗੁਰੂ ਜੀ ਦਾ ਸਿਖ ਬਣਿਆ ਤੇ ਸੂਲੀ ਦੀ ਸਜ਼ਾਮੰਗੀ। ਸਤਿਗੁਰਾਂ ਕਿਹਾ ਕਿ ਸਿਖਾ ਇਸ ਤਰ੍ਹਾਂ ਦਾ ਬਚਨ ਨਹੀਂ ਕਹੀਦਾ। ਤਾਂ ਉਹ ਚਲਿਆ ਗਿਆ ਪਰ ਸ਼ਰਮ ਦਾ ਮਾਰਿਆ ਇਕ ਸੁਕੇ ਜੰਡ ਦੇ ਖੁੰਗ ਤੇ ਪੇਟ ਧਰ ਕੇ ਮਰ ਗਿਆ, ਉਸ ਜਗਾ ਦਾ ਨਾਂ ਸੂਲੀ ਸਰ ਕਰਕੇ ਪ੍ਰਸਿੱਧ ਹੋਇਆ ।

## ਨਵਾਬ ਸੈਫਦੀਨ (ਸੈਫਾ ਬਾਦੀਆ)

ਨਵਾਬ ਔਰੰਗਜ਼ੇਬ ਦੇ ਸਾਲਿਆਂ ਵਿਚੋਂ ਸੀ, ਇਹ ਬੰਦਗੀ ਕਰਨ ਵਾਲਾ ਅਤੇ ਔਲੀਆਵਾਂ ਤੇ ਗੁਰ ਪੀਰਾਂ ਦਾ ਸਰਧਾਲੂ ਸੀ। ਜਦੋਂ ਔਰੰਗਜ਼ੇਬ ਨੇ ਸਰਮਦ ਵਲੀ ਨੂੰ ਮਾਰਿਆ ਤਾਂ ਏਸਨੇ ਹਾ ਦਾ ਨਾਹਰਾ ਮਾਰ ਕੇ ਬਾਦਸ਼ਾਹ ਨੂੰ ਆਖਿਆ, ਮੈਂ ਏਸ ਅਤਤਾਈ ਰਾਜ ਵਿਚ ਨਹੀਂ ਰਹਿੰਦਾ, ਤਾਂ ਉਸਨੇ ਏਸਨੂੰ ਰੱਦੀ ਜਿਹਾ ਟੁਕੜਾ ਪਟਿਆਲੇ ਤੋਂ ੪ ਮੀਲ ਦਖਣ-ਪੂਰਬ ਨੂੰ ਦੇ ਕੇ ਇਕ ਪ੍ਰਕਾਰ ਤੇ ਦੇਸ- ਨਿਕਾਲਾ ਜਿਹਾ ਦੇ ਦਿਤਾ ਸੀ। ਉਸਨੇ ਛੋਟਾ ਜਿਹਾ ਕਿਲਾ 'ਸੈਫਾਬਾਦ' ਨਾਮ ਦਾ ਬਣਾਕੇ ੯੨–੯੩ ਪਿੰਡ ਹੋਰ ਬਸਾ ਲਏ। ਇਹ ਕਿਲਾ ਮਹਾਰਾਜਾ ਅਮਰ ਸਿੰਘ ਨੇ ਪਿਛੋਂ ਜਿੱਤਿਆ ਅਤੇ ਸ: ਕਰਮ ਸਿੰਘ ਨੇ ਹੋਰ ਮੰਦਰ ਬਣਾ ਕੇ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਉਂ ਤੇ ਬਹਾਦਰ ਗੜ੍ਹ ਰਖਿਆ ।

ਇਹ ਨਵਾਬ ਗੁਰੂ ਤੇਗ ਬਹਾਦਰ ਜੀ ਦਾ ਸਿੱਖ ਸੀ, ਇਕ ਵੇਰ ਆਪ ਕੀਰਤਪੁਰ ਸਾਹਿਬ ਭੀ ਜਾ

Digitized by Panjab Digital Library | www.panjabdigilib.org

ਆਇ ਸੀ। ਗੁਰੂ ਸਾਹਿਬ ੧੭੩੧ ਬਿ: ਨੂੰ ਦਿੱਲੀ ਜਾਂਦੇ ਹੋਏ ਏਥੇ ੩ ਮਹੀਨੇ ਠਹਿਰੇ, ਜਿੱਥੇ ਉਨ੍ਹਾਂ ਦੇ ਦੋ ਗੁਰਦੁਆਰੇ ਹਨ। ਸੈਫ ਦੀਨ ਬੇਗਮਾਂ ਸਣੇ ਹਜ਼ੂਰ ਗੁਰਦੇਵ ਜੀ ਦੀ ਸੇਵਾ ਕਰਕੇ ਨਿਹਾਲ ਹੋਇਆ।

## ਮਾਈ ਕਰਮੋ

ਬਸੰਤ ਪੰਚਮੀ ਸੰ: ੧੭੩੧ ਈ: ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸੈਫਾਬਾਦ ਤੋਂ 'ਲਹਿਲ' ਪਿੰਡ ਦੀ ਮਾਈ ਕਰਮੋ ਨੂੰ ਮਾਤਾ ਦੇ ਰੋਗ ਤੋਂ ਰਾਜੀ ਕੀਤਾ, ਏਥੇ ਹੁਣ ਗੁਰਦਵਾਰਾ ਦੁਖ-ਨਿਵਾਰਨ ਸਾਹਿਬ ਬਣਿਆ ਹੋਇਆ ਹੈ, ਜੋ ਪਟਿਆਲੇ ਦੇ ਨਾਲ ਹੋਣ ਕਰਕੇ ਅਤਿ ਪ੍ਰਸਿੱਧ ਅਤੇ ਰੌਣਕ ਤੇ ਹੋ ਗਿਆ ਹੈ। ਪਟਿਆਲਾ ਦੁਖ ਨਿਵਾਰਨ ਤੋਂ ਲਗ ਪਗ ਸੌ ਸਾਲ ਪਿਛੋਂ ਬਸਿਆ। ਬਸੰਤ ਪੰਚਮੀ ਨੂੰ ਏਥੇ 'ਅਸ਼ਨਾਨ ਖਾਸ' ਹੁੰਦਾ ਹੈ, ਅਤੇ ਜੋੜ ਮੇਲਾ ਭਰਦਾ ਹੈ।

## ਗੁਰੂ ਜੀ ਦੇ ਕੀਰਤਨੀਏ ਸਿੱਖ

ਭਾਈ ਗੁਲਾਬ ਰਾਇ, ਭਾਈ ਰਾਜਾ, ਭਾਈ ਬਹਿਲ, ਭਾਈ ਮਨਸੂਦ ਅਤੇ ਭਾਈ ਹਰਬਖ਼ਸ਼ ਪੰਜੇ ਸਿੱਖ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹਜ਼ੂਰ ਰਬੀ ਬਾਣੀ ਦਾ ਕੀਰਤਨ ਕਰਿਆ ਕਰਦੇ ਸਨ, ਤੇ ਸਦਾ ਹੀ ਸਤਿਗੁਰਾਂ ਦੀ ਸੇਵਾ ਵਿੱਚ ਰਹਿਣ ਦਾ ਸੁਭਾਗ ਪਰਾਪਤ ਸੀ, ਇਹ ਪੰਜੇ ਰਾਗੀ ਸਿੱਖ ਮਾਲਵੇ ਦੇ ਰਹਿਣ ਵਾਲੇ ਸਨ, ਜਿਨ੍ਹਾਂ ਪੁਰ ਸਤਿਗੁਰਾਂ ਦੀ ਖਾਸ ਮਿਹਰ ਸੀ।

## ਗੁਰੂਸਰ ਤੇ ਭਾਈ ਦੇਸੂ ਦਾ ਪ੍ਰਸੰਗ

ਚੌਧਰੀ ਮਲੂਕੇ ਦਾ ਸੁਧਾਰ ਕਰਕੇ ਦਇਆ ਦੇ ਸਾਗਰ ਸਚੇ ਪਾਤਸ਼ਾਹ ਸਤਿਗੁਰੂ ਜੀ ਅਗੇ ਤੁਰੇ। ਪੈਰ ਪੈਰ ਤੇ ਪਿੰਡ ਪਿੰਡ ਦੁਖੀ ਜੀਵਾਂ ਨੂੰ ਤਾਰੀ ਜਾਂਦੇ ਸਨ। ਮੰਜ਼ਲੋ ਮੰਜ਼ਲੀ ਚਲਦੇ ਹੋਏ ਸਾਹਿਬ ਹੰਡਆਇ ਨਗਰ ਜਾ ਪੁਜੇ। ਇਹ ਪਿੰਡ ਵੀ ਸੁਲਤਾਨੀਆਂ ਦਾ ਸੀ, ਸਾਧੂ ਮਹਾਤਮਾ ਦੀ ਕਦਰ ਨਹੀਂ ਸਨ ਕਰਦੇ। ਸਾਹਿਬਾਂ ਦੇ ਹੁਕਮ ਨਾਲ ਬਾਹਰ ਡੇਰਾ ਲਗ ਗਿਆ। ਜੋ ਰਸਦਾਂ ਪਾਸ ਸਨ, ਉਹਨਾਂ ਵਿਚੋਂ ਗੁਰੂ ਕਾ ਲੰਗਰ ਤਿਆਰ ਹੋਣਾ ਸ਼ੁਰੂ ਹੋਇਆ। ਪਿੰਡ ਵਾਲਿਆਂ ਨੇ ਕੋਈ ਧਿਆਨ ਨਾ ਦਿਤਾ। ਜਿਨਾਂ ਜੀਵਾਂ ਨੂੰ ਵਾਹਿਗੁਰੂ ਨੇ ਨਾਮ ਦਾਨ ਬਖਸ਼ਣਾ ਹੋਵੇ ਕੋਈ ਨਾ ਕੋਈ ਬਹਾਨਾ ਬਣਾ ਕੇ ਉਨਾਂ ਦਾ ਉਧਾਰ ਕਰ ਦੇਂਦੇ ਹਨ। ਸਭ ਵਾਹਿਗੁਰੂ ਦੇ ਹਥ ਖੇਡ ਹੈ, ਵਾਗੁਰੂ ਵਲੋਂ ਢੋਅ ਐਸਾ ਬਣਿਆ ਕੇ ਪਿੰਡ ਦੇ ਪੈਂਚ ਦੇ ਮੁੰਡੇ ਨੂੰ ਤਾਪ ਚੜ੍ਹਿਆ ਹੋਇਆ ਸੀ, ਉਹ ਖੇਤਾਂ ਵਲੋਂ ਆਇਆ। ਸਤਿਗੁਰੂ ਜੀ ਦੇ ਨੂਰੀ ਚਿਹਰੇ ਨੂੰ ਤਕ ਕੇ ਉਨਾਂ ਦੇ ਕੋਲ ਚਲਿਆ ਗਿਆ। ਉਸ ਨੇ ਮਨ ਹੀ ਮਨ ਵਿਚ ਸੋਚਿਆ ਕਿ ਕੋਈ ਵਡੇ ਸਾਧੂ ਹਨ। ਸ਼ਾਇਦ ਕੋਈ ਦਵਾ ਦੇਣ ਤੇ ਮੇਰਾ ਤਾਪ ਉਤਰ ਜਾਵੇ। ਉਸ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕ ਕੇ ਤੇ ਦੋਵੇਂ ਹਥ ਜੋੜ ਕੇ ਬੇਨਤੀ ਕੀਤੀ :– "ਭਗਵਾਨ ਦੇ ਪਿਆਰੇ! ਮਹਾਂ _ਰਖੋ। ਮੈਨੂੰ ਕੋਈ ਦਵਾਈ ਬਖਸ਼ੋ, ਮੈਂ ਤਾਪ ਨਾਲ ਬਹੁਤ ਦੁਖੀ ਹੋ ਰਿਹਾ ਹਾਂ। ਮੇਰਾ ਤਨ ਮਨ ਤੱਤੀ ਲੋਹ ਵਾਂਗ ਤਪ ਰਿਹਾ ਹੈ। ਸਿਰ ਨੂੰ ਦਰਦ ਅਤੇ ਅਖਾਂ ਅਗੇ ਭੰਬਰ ਤਾਰੇ ਆ ਰਹੇ ਹਨ।"

ਉਸ ਲੜਕੇ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ :– "ਕਾਕਾ! ਉਹ ਸਾਹਮਣੇ

Digitized by Panjab Digital Library | www.panjabdigilib.org

ਸਰੋਵਰ ਹੈ ਉਸ ਵਿਚ ਇਸ਼ਨਾਨ ਕਰ ਤੇਰਾ ਤਾਪ ਟੁਟ ਜਾਵੇ ਗਾ, ਤੇ ਨੌ ਬਰ ਨੌ ਹੋ ਜਾਂਵੇ ਗਾ।" ਜਿਸ ਸਰੋਵਰ ਵਲ ਸਤਿਗੁਰੂ ਜੀ ਨੇ ਇਸ਼ਾਰਾ ਕੀਤਾ ਸੀ, ਉਹ ਅਸਲ ਵਿਚ ਕਚੇ ਪਾਣੀ ਦਾ ਟੋਭਾ ਸੀ। ਉਸ ਦੇ ਇਕ ਪਾਸਿਉਂ ਮਾਲ ਪਾਣੀ ਪੀਂਦਾ ਸੀ ਤੇ ਦੂਸਰੇ ਪਾਸੇ ਲੀੜੇ ਧੋਤੇ ਜਾਂਦੇ ਸਨ। ਉਸ ਟੋਭੇ ਵਿਚੋਂ ਤਾਂ ਉਹ ਲੜਕਾ ਕਈ ਵਾਰ ਨਹਾ ਚੁਕਾ ਸੀ। ਪਹਿਲਾਂ ਤਾਂ ਉਹ ਮੁੰਡਾ ਘਬਰਾਇਆ ਕਿ ਸ਼ਾਇਦ ਸਤਿਗੁਰੂ ਜੀ ਨੇ ਉਸ ਨੂੰ ਮਖੌਲ ਕੀਤਾ ਹੈ। ਪਰ ਜਦੋਂ ਦੁਬਾਰਾ ਸਤਿਗੁਰੂ ਜੀ ਨੇ ਬਚਨ ਕੀਤਾ ਤੇ ਨਾਲ ਹੀ ਦਸਿਆ ਕੇ ਉਹ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦਾ ਹੋਇਆ ਇਸ਼ਨਾਨ ਕਰੇ ਤਾਂ ਉਸ ਲੜਕੇ ਨੇ ਉਸੇ ਤਰਾਂ ਕੀਤਾ। ਸਤਿਗੁਰੂ ਜੀ ਦੇ ਹੁਕਮ ਨੂੰ ਮਨਿਆ। ਸਤਿਨਾਮ ਵਾਹਿਗੁਰੂ ਦਾ ਜਾਪ ਜਪਦਾ ਹੋਇਆ ਉਹ ਟੋਭੇ ਵਿਚ ਜਾ ਵੜਿਆ। ਪਹਿਲਾ ਚੁਭਾ ਲਾਇਆ ਤਾਂ ਉਸ ਦੇ ਹਿਰਦੇ ਨੂੰ ਸ਼ਾਂਤੀ ਹੋਈ। ਦੂਸਰੀ ਵਾਰ ਸਾਰਾ ਤਾਪ ਟੁਟ ਗਿਆ ਤੇ ਤੀਸਰੀ ਵਾਰ ਉਹ ਅਰੋਗ ਹੋ ਗਿਆ। ਉਸ ਨੇ ਪੰਜ ਚੁਭੇ ਲਾ ਕੇ ਇਸ਼ਨਾਨ ਕਰ ਲਿਆ। ਸਤਿਗੁਰੂ ਜੀ ਦੇ ਬਚਨ ਸਤਿ ਹੋਏ। ਉਹਦਾ ਤਾਪ ਟੁਟ ਗਿਆ। ਹਿਰਦੇ ਨੂੰ ਸ਼ਾਂਤੀ ਹੋਈ, ਸਿਰ ਦਰਦ ਕਰਨੋਂ ਤੇ ਚਕਰੌਣੋਂ ਹਟ ਗਿਆ। ਲੀੜੇ ਪਾ ਕੇ ਉਹ ਖੁਸ਼ੀ ਖੁਸ਼ੀ ਸਤਿਗੁਰੂ ਜੀ ਦੇ ਪਾਸ ਪੁਜਾ ਤੇ ਚਰਨਾਂ ਉਪਰ ਮਥਾ ਟੇਕਦਾ ਹੋਇਆ, ਸਤਿਗੁਰੂ ਜੀ ਦਾ ਜਸ ਕਰਦਾ ਹੋਇਆ ਆਪਣੇ ਘਰ ਨੂੰ ਚਲਿਆ ਗਿਆ। ਉਹ ਰੱਜੇ ਪੁੱਜੇ ਪੈਂਚ ਦਾ ਇਕਲੌਤਾ ਪੁਤ੍ਰ ਸੀ। ਉਸ ਨੂੰ ਅਰੋਗ ਦੇਖ ਕੇ ਉਹਦੀ ਮਾਤਾ ਬਹੁਤ ਪ੍ਰਸੰਨ ਹੋਈ। ਉਸ ਨੇ ਪੁਤ੍ਰ ਦਾ ਮਥਾ ਚੁਮਦਿਆਂ ਹੋਇਆਂ ਪੁਛਿਆ 'ਮੇਰੇ ਲਾਲ ਤੇਰਾ ਕਿਵੇਂ ਤਾਪ ਟੁਟਾ ? ਤੇਰੇ ਤਾਂ ਚੇਹਰੇ ਦਾ ਰੰਗ ਹੀ ਹੋਰ ਦਾ ਹੋਰ ਹੋ ਗਿਆ ਹੈ। ਮੈਂ ਵਾਰੀ ਜਾਵਾਂ ਘੋਲੀ ਜਾਵਾਂ ਮੇਰੇ ਲਾਲ ਨੂੰ ਜਿਸ ਨੇ ਰਾਜ਼ੀ ਕੀਤਾ ਹੈ ਉਹ ਕਿਨਾ ਚੰਗਾ ਹੈ।

'ਮਾਂ ! ਟੋਭੇ ਦੇ ਲਾਗੇ ਇਕ ਮਹਾਤਮਾ ਆਏ ਹਨ। ਉਹਦੇ ਸਾਥੀ ਉਸ ਨੂੰ 'ਸਤਿਗੁਰੂ' ਜੀ ਆਖਦੇ ਹਨ। ਬੜੀ ਉਨਾਂ ਦੀ ਸ਼ਾਨ ਹੈ। ਵਡੇ ਪ੍ਰਤਾਪ ਵਾਲੇ ਹਨ। ਗੱਡੇ, ਘੋੜੇ, ਰਥ ਤੇ ਸੇਵਾਦਾਰ ਨਾਲ ਹਨ। ਉਨਾਂ ਦੇ ਬਚਨ ਨਾਲ ਮੇਰਾ ਤਾਪ ਟੁਟਾ ਹੈ। ਮਾਂ ਉਹ ਬਹੁਤ ਚੰਗੇ ਹਨ। ਮੈਂ ਉਨਾਂ ਦੀ ਸੇਵਾ ਕਰਨਾਂ ਚਾਹੁੰਦਾ ਹਾਂ' ਇਸ ਦੇ ਨਾਲ ਹੀ ਮੁੰਡੇ ਨੇ ਟੋਭੇ ਵਿਚ ਇਸ਼ਨਾਨ ਕਰਨ ਦੀ ਵਾਰਤਾ ਦਸ ਦਿਤੀ।

ਮੁੰਡੇ ਦੀ ਮਾਤਾ ਨੰਬਰਦਾਰਨੀ ਖੁਸ਼ੀ ਵਿਚ ਆਪੇ ਤੋਂ ਬਾਹਰ ਹੋ ਗਈ, ਉਹ ਉਸੇ ਵੇਲੇ ਹੋਰ ਮਾਈਆਂ ਨੂੰ ਦਸਣ ਲਗੀ। ਕਿ ਉਹਦੇ ਪੁਤ੍ਰ ਦਾ ਤਾਪ ਕਿਵੇਂ ਟੁਟਾ ਹੈ। ਉਸ ਦੇ ਕੋਲੋਂ ਕਥਾ ਸੁਣ ਕੇ ਜਿਨਾਂ ਮਾਈਆਂ ਦੇ ਪੁਤ੍ਰਾਂ, ਭਰਾਵਾਂ, ਪਤੀਆਂ, ਲੜਕੀਆਂ ਨੂਹਾਂ ਨੂੰ ਤਾਪ ਚੜ੍ਹਿਆ ਹੋਇਆ ਸੀ ਉਹ ਸਭ ਨੂੰ ਨਾਲ ਲੈ ਕੇ ਟੋਭੇ ਵਲ ਤੁਰ ਪਈਆਂ। ਟੋਭੇ ਦੇ ਉਤੇ ਮੇਲਾ ਲਗ ਗਿਆ। ਸਤਿਗੁਰੂ ਜੀ ਦੀ ਮੇਹਰ ਨਾਲ ਜਿਸ ਜਿਸ ਨੇ ਇਸ਼ਨਾਨ ਕੀਤਾ ਉਸੇ ਉਸੇ ਦਾ ਤਾਪ ਦੂਰ ਹੋ ਗਿਆ।

ਇਸ ਸ਼ਕਤੀ ਨੂੰ ਦੇਖਕੇ ਨਗਰ ਦੇ ਸਾਰੇ ਪੱਗ ਬੰਨ ਮਰਦ ਤੇ ਇਸਤ੍ਰੀਆਂ ਸਤਿਗੁਰੂ ਜੀ ਦੇ ਚਰਨੀ ਆ ਲਗੇ। ਸਾਹਿਬਾਂ ਨੇ ਸਾਰਿਆਂ ਨੂੰ ਨਾਮ ਦਾਨ ਇਸ਼ਨਾਨ ਬਖਸ਼ਿਆ। ਬਾਣੀ ਸੁਣਾ ਕੇ ਇਕ ਤਾਂ ਗੁਰਮਤਿ ਦਾ ਉਪਦੇਸ਼ ਕੀਤਾ ਦੂਸਰੇ ਉਨਾਂ ਨੂੰ ਭਵਸਾਗਰ ਤੋਂ ਪਾਰ ਕੀਤਾ। ਉਹੋ ਟੋਭਾ 'ਗੁਰੂਸਰ' ਹੋ ਗਿਆ ਅਜੇ ਤਕ ਰੋਗੀ ਉਸ ਵਿਚੋਂ ਇਸ਼ਨਾਨ ਕਰਕੇ ਤਨ ਤੇ ਮਨ ਦੇ ਰੋਗ ਦੂਰ ਕਰਦੇ ਹਨ। ਸਾਰੇ ਨਗਰ ਵਾਸੀਆਂ ਨੇ ਸਤਿਗੁਰੂ ਜੀ ਦੀ ਬਹੁਤ ਸੇਵਾ ਕੀਤੀ।

Digitized by Panjab Digital Library | www.panjabdigilib.org

ਦੋ ਦਿਨ ਉਥੇ ਠਹਿਕੇ ਸਤਿਗੁਰੂ ਜੀ ਅਗੇ ਤੁਰ ਪਏ । ਕਈਆਂ ਪਿੰਡਾਂ ਦੇ ਵਿਚੋਂ ਦੀ ਲੰਘਦੇ ਹੋਏ ਭੀਖੀ ਦੀ ਢਾਬ ਕਿਨਾਰੇ ਜਾ ਪੁਜੇ । ਭੀਖੀ ਵਡਾ ਪਿੰਡ ਸੀ । ਉਥੋਂ ਦਾ ਦੇਸੂ ਚਾਹਲ ਜਟ ਵਡਾ ਜ਼ਿਮੀਂ-ਦਾਰ ਤੇ ਚਾਲੀ ਪਿੰਡਾਂ ਦਾ ਮਾਲਕ ਸੀ । ਉਹਦੇ ਚਾਲੀ ਦੇ ਚਾਲੀ ਪਿੰਡ ਸੁਲਤਾਨੀਏ ਸਨ। ਸਾਰੇ ਨਗਾਹੇ ਜਾਂਦੇ ਤੇ ਮੁਸਲਮਾਨ ਪੀਰਾਂ ਫਕੀਰਾਂ ਦੀ ਸੇਵਾ ਕਰਦੇ । ਹੁਕਾ ਪੀਂਦੇ ਅਤੇ ਹੋਰ ਜੀਵਨ ਨਸ਼ਟ ਕਰਨ ਵਾਲੇ ਕਰਮ ਕਰਦੇ ਸਨ । ਸਤਿ ਗੁਰੂ ਜੀ ਦੇ ਦਰਸ਼ਨ ਕਰਨ ਨਾ ਆਏ ।

ਪਰ ਸਬਬ ਐਸਾ ਬਣਿਆ ਕਿ ਪਸ਼ੌਰ ਤੇ ਕਾਬਲ ਦੀ ਸੰਗਤ (ਜੋ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸ੍ਰੀ ਅਨੰਦ ਪੁਰ ਆਏ ਸੀ ਤੇ ਪਤਾ ਲਗਣ ਤੇ ਕਿ ਸਤਿਗੁਰੂ ਜੀ ਤੀਰਥਾਂ ਨੂੰ ਚਲੇ ਗਏ ਹਨ, ਪਿਛੇ ਆ ਗਏ ਸੀ, ਕਿਉਂਕਿ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਮਨ ਇੱਛਾ ਤੇ ਸਧਰ ਸੀ) ਭੀਖੀ ਦੇ ਪੜਾ ਉਤੇ ਆ ਪੁਜੀ । ਸੰਗਤ ਦੀ ਗਿਣਤੀ ਚੋਖੀ ਸੀ । ਸਾਰੀ ਸੰਗਤ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤੇ ਕਾਰ ਭੇਟ ਚੜ੍ਹਾਈ। ਸਤਿਗੁਰੂ ਜੀ ਪਾਸੋਂ ਖੁਸੀਆਂ ਪ੍ਰਾਪਤ ਕੀਤੀਆਂ ।

ਗੁਰੂ ਕਾ ਲੰਗਰ ਤਿਆਰ ਹੋਣਾ ਅਰੰਭ ਹੋ ਗਿਆ । ਰਬਾਬੀਆਂ ਨੇ ਕੀਰਤਨ ਕਰਨਾ ਸ਼ੁਰੂ ਕੀਤਾ । ਜੰਗਲ ਵਿਚ ਮੰਗਲ ਲਗ ਗਿਆ । 'ਸਤਿ ਨਾਮ ਵਾਹਿਗੁਰੂ ! ਧੰਨ ਸਤਿਗੁਰੂ ਨਾਨਕ ਦੇਵ ਜੀ' ਦੀ ਧੁਨ ਨਾਲ ਸਾਰਾ ਵਾਯੂ ਮੰਡਲ ਗੂੰਜਣ ਲਗਾ । ਪੰਛੀ, ਬਨਾਸਪਤੀ, ਪਸ਼ੂ ਤੇ ਹੋਰ ਜੀਵ ਜੰਤੂ ਨਾਮ ਨੂੰ ਸਰਵਨ ਕਰਨ ਲਗੇ । ਨਾਮ ਹੀ ਜੀਵਨ ਦੇ ਉਧਾਰ ਦਾ ਆਸਰਾ ਹੈ । ਭੀਖੀ ਦੀ ਢਾਬ ਸੁਵਰਗ ਦਾ ਰੂਪ ਬਣ ਗਈ । ਸਤਿਗੁਰੂ ਜੀ ਪਾਰ ਬ੍ਰਹਮ ਦਾ ਪ੍ਰਤੱਖ ਰੂਪ ਬੈਠੇ ਸਨ ।

ਚਾਹਲਾਂ ਦਾ ਸਰਦਾਰ ਇਸ ਰੌਣਕ ਨੂੰ ਦੇਖਕੇ ਦੂਰ ਨਾ ਰਹਿ ਸਕਿਆ । ਉਹ ਹੌਲੀ ਹੌਲੀ ਤੁਰਦਾ ਹੋਇਆ ਸੰਗਤ ਵਿਚ ਆ ਬੈਠਾ ਤੇ ਉਪਦੇਸ਼ ਸਰਵਨ ਕਰਨ ਲਗਾ । ਉਸ ਵੇਲੇ ਸਬੱਬ ਨਾਲ ਸਤਿਗੁਰੂ ਜੀ ਦਸ ਰਹੇ ਸਨ ਕਿ ਜੀਵ ਦੇ ਜਗਤ ਉਤੇ ਆਉਣ ਦਾ ਜੀਵਨ-ਮਨੋਰਥ ਕੀ ਹੈ ਤੇ ਇਸ ਦੀ ਕਿਵੇਂ ਕਲਿਆਣ ਹੋ ਸਕਦੀ ਹੈ ? ਸਤਿਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਗੁਰਮਤਿ ਦੇ ਗਾਡੀ ਰਾਹ ਤੋਂ ਬਿਨਾ ਮਨੁਖ ਦੀ ਕਦੀ ਕਲਿਆਣ ਨਹੀਂ ਹੋ ਸਕਦੀ । ਇਸ ਵਾਸਤੇ ਸਿਖੀ ਨੂੰ ਧਾਰਨ ਕਰਕੇ ਸੇਵਾ, ਭਗਤੀ, ਦਾਨ, ਨਾਮ ਆਦਿਕ ਕਰਨਾ ਚਾਹੀਦਾ ਹੈ ।

ਐਸੀ ਸਿਖਿਆ ਸੁਣ ਕੇ ਭਾਈ ਦੇਸੂ ਹੈਰਾਨ ਹੋਇਆ । ਉਸ ਨੂੰ ਨਵਾਂ ਜੀਵਨ ਗਿਆਨ ਹੋਇਆ । ਉਹਦਾ ਹਿਰਦਾ ਕੰਬਿਆ । ਮੈਂ ਪਾਪੀ ਤੇ ਭੁਲੜ ਹਾਂ, ਮੂਰਖ ਹਾਂ, ਫੇਰ ਇਉਂ ਹੋਇਆ ਉਹ ਛੇਤੀ ਨਾਲ ਉਠਿਆ ਤੇ ਸਤਿਗੁਰੂ ਜੀ ਦੀ ਚਰਨੀ ਆ ਡਿਗਾ । ਰੋ ਰੋ ਕੇ ਉਸ ਨੇ ਆਤਮਾ ਦੇ ਉਪਰੋ ਪਾਪ ਤੇ ਕੁਕਰਮਾਂ ਜਨਮ ਜਨਮ ਦੀ ਮੈਲ ਧੋਤੀ । ਉਹ ਕੁਰਲਾ ਕੇ ਕਹਿਣ ਲਗਾ—'ਦਾਤਾ । ਬਖਸ਼ੋ । ਮੈਂ ਪਾਪੀ ਹਾਂ, ਜਿਧਰ ਨਜ਼ਰ ਮਾਰਦਾ ਹਾਂ ਹਨੇਰਾ ਹੀ ਹਨੇਰਾ ਦਿਸ ਰਿਹਾ ਹੈ । ਰੋਸ਼ਨੀ ਦਿਖਾਓ । ਭਾਵ ਸਾਗਰ ਦੇ ਕਪਰ ਡਰਾ ਰਹੇ ਹਨ । ਮੌਤ । ਮੌਤ ।

ਸਤਿਗੁਰੂ ਜੀ ਨੇ ਉਹਦਾ ਵਿਰਲਾਪ ਸੁਣਿਆ । ਦਇਆ ਆਈ—"ਦੇਸ ਰਾਜ । ਵਾਹਿਗੁਰੂ ਕਹੋ, ਤੇ ਮਨਮਤਿ ਦਾ ਤਿਆਗ ਕਰ । ਸਾਧ ਸੰਗਤ ਦੀ ਸੇਵਾ ਕਰਨ ਤੇ ਤੇਰੀ ਕਲਿਆਣ

Digitized by Panjab Digital Library | www.panjabdigilib.org

ਹੋਵੇਗੀ। ਸੁਲਤਾਨੀਏ ਪੀਰ ਦੀ ਖੂੰਡੀ ਤੇ ਉਹਦਾ ਮੁਸਲਾ ਪਰੇ ਸੁਟ।

ਇਹ ਸੁਣਕੇ ਭਾਈ ਦੇਸੂ ਨੇ ਖੂੰਡੀ ਤੇ ਮੁਸੱਲਾ ਢਾਬ ਵਿਚ ਸੁਟ ਦਿਤਾ। ਜ਼ਬਾਨੋਂ "ਵਾਹਿਗੁਰੂ। ਵਾਹਿਗੁਰੂ। ਦਾ ਜਾਪ ਕਰਨ ਲਗਾ।

ਏਸੇ ਤਰਾਂ ਵਾਹਿਗੁਰੂ ਦਾ ਜਾਪ ਕਰਦਾ ਹੋਇਆ ਘਰ ਚਲਿਆ ਗਿਆ। ਉਸ ਨੂੰ ਜਾਂਦਿਆਂ ਹੋਇਆਂ ਸਤਿਗੁਰੂ ਜੀ ਨੇ ਪੰਜ ਤੀਰ ਬਖਸ਼ੇ। ਬਚਨ ਕੀਤਾ–"ਭਾਈ ਦੇਸ ਰਾਜ। ਇਹ ਤੀਰ ਪੰਜ ਬੀਰ ਹਨ। ਜਦੋਂ ਕਦੀ ਤੈਨੂੰ ਭੀੜ ਬਣੇ ਇਨਾਂ ਤੋਂ ਸਹਾਇਤਾ ਪ੍ਰਾਪਤ ਕਰ ਲਿਆ ਕਰੀਂ। ਪਰ ਗੁਗਾ, ਮੜ੍ਹੀ ਸੁਲਤਾਨ ਤੇ ਮਸਾਨ ਨੂੰ ਨਾ ਮੰਨੀ। ਬਸ ਤੇਰਾ ਰਾਜ ਭਾਗ ਬਣਿਆ ਰਹੇਗਾ। ਘਰ ਆਏ ਸਾਧੂ ਸੰਗਤ ਦੀ ਸੇਵਾ ਕਰਨੀ, ਧਰਮ ਕਿਰਤ ਕਰਨੀ ਅਤੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨਾ, ਬਸ ਨੌ ਨਿਧਾਂ ਤੇ ਬਾਰਾਂ ਸਿਧਾਂ ਪ੍ਰਾਪਤ ਹੋਣਗੀਆਂ ਪਰ ਜੇ ਕਿਤੇ ਤੀਰਾਂ ਦੀ ਨਿਰਾਦਰੀ ਕੀਤੀ ਤਾਂ ਸਾਰਾ ਰਾਜ ਭਾਗ ਨਸ਼ਟ ਹੋ ਜਾਵੇਗਾ।

ਸਤਿ ਗੁਰੂ ਜੀ ਪਾਸੋਂ ਵਰ ਲੈ ਕੇ ਭਾਈ ਦੇਸੂ ਘਰ ਚਲਿਆ ਗਿਆ। ਦਸ ਦਿਨ ਸਤਿਗੁਰੂ ਜੀ ਉਥੇ ਰਹੇ। ਦਸੇ ਦਿਨ ਹੀ ਭਾਈ ਦੇਸੂ ਸਤਿਗੁਰੂ ਜੀ ਦੀ ਸੇਵਾ ਕਰਦਾ ਰਿਹਾ ਤੇ ਨਿਹਾਲ ਹੁੰਦਾ ਰਿਹਾ।

## ਭਾਈ ਗੁਰਦਿਤਾ ਜੀ†

ਇਹ ਗੁਰਸਿਖ ਪ੍ਰੇਮੀ ਅਟਕ ਦੇ ਰਹਿਣ ਵਾਲਾ ਇਕ ਜ਼ਿਮੀਦਾਰ ਸੀ ਜੋ ਸ੍ਰੀ ਹਰਿ ਗੋਬਿੰਦ ਸਾਹਿਬ ਜੀ ਮਹਾਰਾਜ ਸਮੇਂ ਸਿਖ ਸਜਿਆ ਸੀ ਇਹ ਗੁਰੂ ਘਰ ਦਾ ਬਹੁਤ ਸ਼ਰਧਾਲੂ ਅਤੇ ਗੁਰੂ ਤੇਗ ਬਹਾਦਰ ਜੀ ਦਾ ਨਿਕਟ ਵਰਤੀ ਸਿਖ ਸੀ। ਜੋ ਸਤਿਗੁਰਾਂ ਦਾ ਵਿਛੋੜਾ ਨਾ ਸਹਾਰਦਾ ਹੋਇਆ ਨਾਲ ਹੀ ਦਿਲੀ ਗਿਆ। ਜੋ ਜ਼ਾਲਮ ਔਰੰਗਜ਼ੇਬ ਦੇ ਹੁਕਮ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਸ਼ਹੀਦ ਕੀਤਾ ਗਿਆ ਇਸ ਪ੍ਰੇਮੀ ਗੁਰੂ ਸਿਖ ਨੇ ਹਸਦਿਆ ਹਸਦਿਆ ਆਪਣਾ ਸੀਸ ਹਿੰਦੂ ਧਰਮ ਦੀ ਰਖਿਆ ਲਈ ਕੁਰਬਾਨ ਕੀਤਾ।

## ਭਾਈ ਜੈਤਾ ਜੀ
## ਰਘਰੇਟੇ ਗੁਰੂ ਕੇ ਬੇਟੇ

ਭਾਈ ਜੈਤਾ ਜੀ ਨੂੰ ਸ੍ਰੀ ਗੁਰੂ ਕਲਗੀਧਰ ਜੀ ਨੇ "ਰੰਘ ਰੇਟੇ, ਗੁਰੂ ਕੇ ਬੇਟੇ" ਕਹਿਕੇ ਨਿਵਾਜਿਆ ਸੀ। ਇਸ ਗੁਰ ਸਿੱਖ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਦਿਲੀ ਵਿਚੋਂ ਬੜੀ ਬਹਾਦਰੀ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦ ਪੁਰ ਸਾਹਿਬ ਲਿਆਦਾ ਸੀ· ਜਿਸ ਦੀ ਘਾਲਣਾ ਨੂੰ ਮੁਖ ਰਖਕੇ ਸ੍ਰੀ ਗੁਰੂ ਜੀ ਨੇ ਛਾਤੀ ਨਾਲ ਲਾਇਆ ਤੇ ਉਪਰੋਕਤ ਵਾਕ ਕਹਿਕੇ ਸਾਰੀ ਕੌਮ ਨੂੰ ਗੁਰੂ ਕੇ ਬੇਟੇ ਦਾ ਵਰ ਦਿੱਤਾ:–

## ਭਾਈ ਚੇਤਾ ਜੀ

ਇਹ ਲੁਬਾਣਾ ਸਿੱਖ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਨ ਵਿੱਚ ਆਕੇ ਸਿਖ ਸਜਿਆ, ਤੇ ਗੁਰੂ

Digitized by Panjab Digital Library | www.panjabdigilib.org

ਜੀ ਦੇ ਅਤੀ ਸਿਦਕੀ ਸਿਖਾਂ ਵਿਚੋਂ ਇਕ ਹੋਇਆ ਹੈ । ਜੋ ਸਤਿਗੁਰੂ ਜੀ ਦੇ ਨਾਲ ਹੀ ਮੁਸਲਮਾਨੀ ਮਤ ਨਾ ਧਾਰਨ ਕਰਕੇ ਦਿਲੀ ਵਿਚ ਸ਼ਹੀਦ ਕੀਤਾ ਗਿਆ ਆਪ ਜੀ ਇਲਾਕਾ ਹੁਸ਼ਿਆਰ ਪੁਰ ਦੇ ਵਸਨੀਕ ਸਨ ।

## ਭਾਈ ਦਿਆਲਾ

ਭਾਈ ਦਿਆਲਾ ਜੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਨਿਨ ਸਿੱਖ ਹੋਏ ਹਨ, ਜੋ ਸਤਿਗੁਰੂ ਜੀ ਨਾਲ ਦਿਲੀ ਸੀਸ ਦੇਣ ਸਮੇਂ ਗਏ ਸਨ, ਭਾਈ ਦਿਆਲਾ ਜੀ ਨੂੰ ਬਹੁਤ ਹੀ ਅਸਹਿ ਅਤੇ ਅਕਹਿ ਕਸ਼ਟ ਦੇ ਕੇ ਪਾਣੀ ਦੀ ਉਬਲੀ ਦੇਗ ਵਿੱਚ ਬਹਾ ਕੇ ਸ਼ਹੀਦ ਕੀਤਾ ਗਿਆ । ਪਰ ਇਸ ਸਿਦਕੀ ਸਿਖ ਨੇ ਅੰਤਮ ਸਵਾਸਾਂ ਤਕ ਸਿਖੀ ਸਿਦਕ ਨਹੀਂ ਛਡਿਆ, ਅਤੇ ਅਡੋਲ ਰਹਿੰਦੇ ਹੋਏ ਗੁਰਪੁਰੀ ਨੂੰ ਪਇਆਣਾ ਕੀਤਾ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਸ਼ਹੀਦ ਕੰਬੂਵਾਲ (ਲੌਂਗੋ ਵਾਲ ਮਾਲਵਾ ਨਿਵਾਸੀ) ਦੇ ਚਾਚਾ ਜੀ ਸਨ ।

## ਮੀਹਾਂ ਸਾਹਿਬ*

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਰਾਮਦੇਵ ਨਾਮ ਦਾ ਇਕ ਪ੍ਰਸਿੱਧ ਸਰਧਾ ਵਾਨ ਸਿਖ ਹੋਇਆ ਹੈ, ਜੋ ਸਤਿਗੁਰੂ ਦੇ ਲੰਗਰ ਦਾ ਜਲ ਭਰਨ ਅਰ ਛੜਕਾ ਆਦਿ ਦੀ ਸੇਵਾ ਕਰਿਆ ਕਰਦਾ ਸੀ, ਜਦ ਸਤਿਗੁਰ ਤੇਗ਼ ਬਹਾਦਰ ਜੀ ਧਮਸਾਣ ਪੁਜੇ ਤੇ ਇਸਦੀ ਸੇਵਾ ਤੇ ਪ੍ਰਸੰਨ ਹੋ ਕੇ ਇਸ ਦਾ ਨਾਮ ਗੁਰੂ ਜੀ ਨੇ ਭਾਈ ਮੀਹਾਂ ਰਖਿਆ, ਅਤੇ ਅਗੇ ਲਿਖੀਆਂ ਚੀਜ਼ਾਂ ਨਗਾਰਾ, ਨਿਸ਼ਾਨ ਅਤੇ ਲੰਗਰ ਚਲਾਉਣ ਲਈ ਲੋਹ ਬਖਸ਼ ਕੇ ਉਥੋਂ ਦਾ ਮਹੰਤ ਥਾਪ ਦਿਤਾ ।

ਇਸ ਮਹਾਤਮਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵੀ ਬਹੁਤ ਸੇਵਾ ਕੀਤੀ ਸ੍ਰੀ ਦਸ਼ਮੇਸ਼ ਪਿਤਾ ਜੀ ਨੇ ਖ਼ੁਸ਼ ਹੋ ਕੇ ਇਕ ਦਸਤਾਰ ਅਤੇ ਸ਼ਸਤਰ ਬਖਸ਼ਿਆ ।' ਇਸ ਦੀ ਸੰਪਰਦਾਇ ਦੇ ਸਾਧੂ ਮੀਂਹਾ ਸ਼ਾਹੀ ਅਥਵਾ ਮੀਹਾਂ ਦਾਸੀਏ ਆਪਣੇ ਆਪ ਨੂੰ ਸਦਾਉਂਦੇ ਹਨ ।

## ਭਾਈ ਮਤੀ ਦਾਸ ਜੀ

ਆਪ ਜੀ ਬ੍ਰਾਹਮਣ ਜਾਤੀ ਚੋਂ ਗੁਰੂ ਤੇਗ ਬਹਾਦਰ ਜੀ ਦੇ ਸਿੱਖ ਹੋਏ ਹਨ । ਆਪ ਜੀ ਨੂੰ ਗੁਰੂ ਜੀ ਨੇ ਦੀਵਾਨ ਥਾਪਿਆ ਸੀ । ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਦੀ ਖਾਤਰ ਆਪਾ ਵਾਰਨ ਦਿਲੀ ਗਏ ਤਾਂ ਆਪ ਜੀ ਉਨਾਂ ਦੇ ਨਾਲ ਸਨ । ਆਪ ਜੀ ਨੂੰ ਜਿਉਂਦੇ ਜੀਅ ਆਰੇ ਨਾਲ ਚੀਰਿਆ ਗਿਆ, ਪਰ ਆਪ ਜੀ ਨੇ ਮੁੱਖ ਤੋਂ ਸੀ ਤੱਕ ਨਾ ਉਚਾਰੀ ਤੇ ਚੀਰੇ ਹੋਏ ਦੋ ਫਾੜ ਸ੍ਰੀਰ ਨਾਲ ਹੀ ਜਪਜੀ ਸਾਹਿਬ ਦਾ ਪਾਠ ਪੂਰਾ ਕਰਕੇ ਸੁਆਸ ਛਡੇ ।

---

*ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਪੰਜ ਪਿਆਰੇ ਸਨ ।

†ਭਾਃ ਗੁਰਦਿਤਾ ਜੀ, ਭਾਃ ਜੈਤਾ ਜੀ, ਭਾਃ ਚੇਤਾ ਜੀ,' ਭਾਃ ਦਿਆਲਾ ਜੀ, ਭਾਃ ਮਤੀ ਦਾਸ ਜੀ

Digitized by Panjab Digital Library | www.panjabdigilib.org

# ਦਸਵੀਂ ਪਾਤਸ਼ਾਹੀ ਦੇ ਸਿਖ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ

ਸ਼ਹੀਦ ਪਿਤਾ ਦੇ ਸਪੁਤਰ, ਅਤੇ ਸ਼ਹੀਦ ਸੱਪੁਤਰਾਂ ਦੇ ਮਾਨ ਯੋਗ ਪਿਤਾ, ਸ੍ਰੀ ਗੁਰੂ ਕਲਗੀਧਰ ਜੀ ਮਹਾਂਰਾਜ ਨੇ ਜੋ ਜੋ ਉਪਕਾਰ ਮਾਲਵੇ ਦੇਸ ਪਰ ਕੀਤੇ ਉਹ ਗਿਣੇ ਜਾਣ ਵਾਲੇ ਨਹੀਂ। ਸ੍ਰੀ ਹਜ਼ੂਰ ਨੇ ਇਸ ਧਰਤੀ ਨੂੰ ਆਪਣੇ ਨੰਗੇ ਚਰਨ ਕੰਵਲਾ ਦੁਆਰਾ ਪਰਸਕੇ ਸੋਨੇ ਦੀ ਖਾਣ ਬਣਾ ਦਿਤਾ। ਜੰਡ ਕਰੀਰ ਤੇ ਮ੍ਰਾਲ ਉਗਾਣ ਵਾਲੀ ਧਰਤੀ ਨੂੰ ਬਾਂਗਾਂ ਦੀ ਧਰਤੀ ਵਿਚ ਬਦਲ ਦਿੱਤਾ। ਅਕਾਂ ਦੀ ਥਾਂ ਅੰਬ ਲਾ ਦਿਤੇ। ਜੌਂ ਬਾਜਰੀ ਥਾਂ ਕਣਕਾਂ ਦੇ ਖੇਤ ਲਹਿਰਾ ਦਿਤੇ। ਕਿਤੇ ਸ਼ਹੀਦਾਂ ਦੀ ਕਰਬਲਾ ਦਾ ਮਾਣ, ਕਿਤੇ ਮੁਕਤੀ ਦੇ ਸਰ ਦਾ ਮਾਣ ਕਿਤੇ ਵਿਦਿਆਂ ਦੀ ਕਾਸੀ ਦਾ ਮਾਣ ਬਖਸ਼ਕੇ ਇਸ ਦੀ ਸ਼ਾਨ ਨੂੰ ਅਰਸ਼ਾਂ ਤੇ ਚਮਕਾ ਦਿਤਾ ਅਤੇ ਮਾਲਵੇ ਦੀ ਧਰਤੀ ਨੂੰ ਸਾਰੇ ਸੰਸਾਰ ਵਿਚ ਪ੍ਰਸਿਧ ਕਰ ਦਿੱਤਾ।

ਕਿਤੇ ਚੌਧਰਤਾ ਅਤੇ ਸਰਦਾਰੀਆਂ ਬਖਸ਼ਕੇ ਡਲੇ ਵਰਗਿਆਂ ਨੂੰ ਅਸਮਾਨ ਚੜ੍ਹਾ ਦਿਤਾ ਕਿਤੇ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁਟ ਕੇ ਮਲੇਰੀਏ ਵਰਗਿਆਂ ਦੀਆਂ ਜੜ੍ਹਾਂ ਪਤਾਲ ਲਾ ਦਿਤੀਆਂ। ਮਾਰੂ ਥਲਾਂ ਵਿਚ ਸਦਾ ਲਈ ਕਾਲ ਦੂਰ ਕਰਕੇ ਨਹਿਰਾਂ ਦੇ ਪਾਣੀ ਦਾ ਜਾਲ ਵਿਛਾ। ਦਿਤਾ ਜਫਰ ਨਾਮਾਂ ਲਿਖਣ ਦਾ ਮਾਣ ਵੀ ਆਪ ਜੀ ਨੇ ਇਸੇ ਧਰਤੀ ਨੂੰ ਬਖਸ਼ਿਆ। ਗਲ ਕੀ ਮਾਲਵਾ ਦੇਸ ਨੂੰ ਆਰਥਿਕ ਤੇ ਆਤਮਿਕ ਤੌਰ ਤੇ ਧਨਾਡ ਬਣਾ ਦਿਤਾ। ਇਸ ਧਰਤੀ ਪਰ ਆਪ ਨੇ ਕਰੋੜਾਂ ਹੀ ਮਨੁੱਸ ਮਾਤਰ ਨੂੰ ਤਾਰਿਆ ਏਥੇ ਕੇਵਲ ਉਨ੍ਹਾਂ ਗੁਰੂ ਪਿਆਰਿਆਂ ਦਾ ਜ਼ਿਕਰ ਕੀਤਾ ਜਾਂਦਾ ਹੈ ਜਿਨਾਂ ਪਰ ਆਪ ਦੀ ਅਪਾਰ ਦਿਆ ਦ੍ਰਿਸ਼ਟੀ ਹੋਈ।

## ਸ੍ਰੀ ਦਸਮੇਸ਼ ਜੀ ਦੇ ਸਿੱਖ

ਪੰਜ ਪਿਆਰੇ
ਉਸਨਾਕ ਸਿੰਘ,
ਉਦੇ ਸਿੰਘ,
ਅਜਮੇਰ ਸਿੰਘ,
ਅਨੰਦ ਸਿੰਘ,
ਆਸਾ ਸਿੰਘ ਕਵੀ ਤੇ ਲਿਖਾਰੀ
ਆਲਮ ਸਿੰਘ,
ਅਠਤਾਲੀ ਸਿੰਘ
ਕਥਾ ਸੁਣਨ ਵਾਲੇ ਦੇਖੋ ਗੁ: ਦਮਦਮਾ, ਅਜੀਤ ਸਿੰਘ
ਤੇ ਜੈ ਸਿੰਘ ਰਾਜੇ,
ਸਿਧਸੈਨ ਮੰਡੀ ਦਾ ਰਾਜਾ,
ਸ਼ਾਹ ਸੰਗ੍ਰਾਮ (ਸੰਗੋਸ਼ਾਹ),
ਸੈਦ ਖਾਂ ਜਿਸ ਨੂੰ ਗਿਆਨ ਦਿਤਾ,
ਸੈਦਾ ਬੇਗ ਪ੍ਰੇਮੀ,
ਸੰਗਤ ਸਿੰਘ,
ਸੰਤ ਸਿੰਘ ਚਮਕੌਰ ਸਾਹਿਬ ਰੋਪੜ,
ਸ਼ਾਹ ਭੀਖਾ,
ਸਮੀਰ ਦੀਨੇ ਵਾਲਾ ਰਾਏ ਜੋਧ ਦੇ ਪੋਤੇ,
ਸੋਭਾ ਰਾਮ,
ਸਯਦ ਸ਼ਹੀਦ,

Digitized by Panjab Digital Library | www.panjabdigilib.org

ਸ਼ੇਰ ਮੁਹੰਮਦ ਮਲੇਰ ਕੋਟਲਾ ਮਲਵਈ,
ਸੁਖੂ ਦੀਵਾਨੇ,
ਸੰਤੋਖ ਸਿੰਘ,
ਹਰ ਗੋਪਾਲ,
ਹੁਕਮ ਨਾਥ ਜੋਗੀ ਚਰਚਾ ਕਰਨ ਆਇਆ ਸਿਖ ਹੋਇਆ,
ਹਰੀ ਸਿੰਘ,
ਜੋਗ ਅਭਿਆਸੀ,
ਹਜਾਰ ਸਿੰਘ,
ਕੇਸੋ ਦਾਸ ਪੰਡਤ,
ਕੀਰਤੀਆ ਚੌਰਦਾਰ,
ਕੋਠਾ ਸਿੰਘ
ਚਮਕੌਰ ਸਾਹਿਬ ਸ਼ਹੀਦ,
ਕ੍ਰਿਪਾਲ ਚੰਦ,
ਮਾਮਾ ਜੀ,
ਕਾਹਨ ਸਿੰਘ,
ਕਲਾ ਰਾਏ,
ਕੇਸਰ ਸਿੰਘ,
ਕਿਰਪਾਲ ਦਾਸ ਕੌਲ ਸੋਢੀ,
ਕਪੂਰ ਸਿੰਘ,
ਗੁਲਾਬਾ,
ਗੰਗਾ ਰਾਮ,
ਗੋਦੜੀਆ,
ਗੁਰਬਖਸ਼ ਸਿੰਘ,
ਗੁਰਦਾਸ ਬਹਿਲੋ ਕਾ ਮਲਵਈ,
ਗਨੀ ਖਾਂ ਮਾਛੂ ਵਾੜੇ ਵਾਲੇ,
ਘਨਈਆ ਜੀ ਪਾਣੀ ਪਿਉਣ ਵਾਲਾ ਬ੍ਰਹਮ ਗਿਆਨੀ,
ਘੁਦੂ ਘੁੰਘਣੀਆਂ ਸਿੰਘ,

ਚੌਦਾਂ ਸੌ ਬਰਾੜ ਤਨਖਾਹ ਤੇ ੨੨੦੦ ਮਲਵਈ, ਸਿਧੂ, ਗਿਲ, ਧਾਲੀ ਪਾਲ, ਸਰਾਂ, ਮਾਨ, ਭੁਲਰ, ਹੇਹਰ ਸੇਖੋਂ, ਮਾਲੀ,ਜੋਹਲ,ਚਾਹਲ, ਮਡੀਰ, ਸੰਧੂ, ਬੁਟਰ, ਢਿਲੋਂ, ਦੁਲਟ, ਗਰੇਵਾਲ, ਖੋਸੇ, ਤੂਰ, ਬਲ-ਰਾਈ, ਚੀਮੇ, ਚਠੇ, ਬਾਠ,ਕੰਗ, ਭਿੰਡਰ ਆਦਿ ਮਲਵਈ, ਭੰਗੂ ਈਨਾ, ਦਿਓਲ,ਗੁਰਮ, ਛੀਨੇ, ਕੰਬੋ, ਖਹਿਰੇ, ਸਿਵੀਏ,
ਚੜ੍ਹਤ ਸਿੰਘ,
ਜੀਤ ਮਲ,
ਜੋਗਾ ਸਿੰਘ ਪਸ਼ੋਰੀ,
ਜਗਾ ਸਿੰਘ ਪ੍ਰੇਮੀ,
ਜੋਤਸ਼ੀ ਪ੍ਰੇਮੀ,
ਜੂਹਰ ਸਿੰਘ,
ਟੋਡਰ ਮਲ, ਸਰਹੰਦ ਦਾ ਸ਼ਾਹੂ-ਕਾਰ ਜਿਸ ਨੇ ਮੋਹਰ ਨਾਲ ਮੋਹਰ ਜੋੜਕੇ ਜਗਤ ਮਾਤਾ ਤੇ ਸਾਹਿਬ ਜ਼ਾਦਿਆ ਦੇ ਅੰਗੀਠੇ ਵਾਸਤੇ ਜਗਾ ਲੈਣ ਵਾਲਾ ਮਲਵਈ,
ਡਲਾਂ ਸਿੰਘ,
ਤਖਤ ਮਲ ਦੀਨੇ ਵਾਲੇ ਦੇ ਪੋਤ੍ਰੇ ਮਲਵਈ,
ਬਾਬਾ ਦੀਪ ਸਿੰਘ ਸ਼ਹੀਦ,
ਦਿਆਲ ਪੁਰੀ ਸਰਸੰਦ ਨਿਵਾਸੀ ਮਲਵਈ,
ਦੀਵਾਨੇ ਸਾਧੂ ਮਲਵਈ,
ਦਾਨ ਸਿੰਘ ਮਲਵਈ,
ਦਿਆਲ ਦਾਸ ਭਾਈ ਭਗਤੂ ਦਾ ਪੋਤਾ ਭੁਚੋ ਤੋਂ,
ਦਰਬਾਰਾ ਸਿੰਘ,
ਦਾਦ ਦੁਆਰੇ ਜੋਤ ਰਾਮ ਸਾਧ,
ਦਇਆ ਰਾਮ ਬਹਾਦਰ,
ਦਲ ਸਿੰਗਾਰ ਘੋੜਾ,
ਧਿਆਨ ਸਿੰਘ ਮਲਵਈ,
ਧੰਨਾ ਸਿੰਘ ਜੀ,
ਧਿਆਨ ਸਿੰਘ ਮਲਵਈ,
ਨੰਦ ਚੰਦ ਦੀਵਾਨ,
ਨੰਦ ਲਾਲ ਜੀ
ਨਿਗਾਹੀਆ ਸਿੰਘ ਆਲਮਗੀਰ ਮਲਵਈ,
ਨੂਰਾ ਮਾਹੀ ਮਲਵਈ,
ਨੇਨਿਧਾ ਪੰਡਤ,
ਨੌ ਨੰਦਾ ਸਿੰਘ ਜੀ,
ਨਿਹਾਲਾ ਚਮਕੌਰ ਸਾਹਿਬ,
ਅਮਰ ਸਿੰਘ ਥਾਪਰ,
ਪੰਜਾਬ ਕੌਰ ਬੇਬੇ ਮਲਵਈ,
ਫੇਰੂ ਜੀ, ਫਤੂ ਸੰਮੂ ਡੋਗਰ,
ਬੁਧੂ ਸ਼ਾਹ ਪੀਰੀ ਸਤਿਸੰਗ ਮਰੀਦ ਮਲਵਈ,
ਬਿਸਾਲੀ ਵਾਲਾ ਰਾਜਾ,
ਬਚਿੱਤ੍ਰ ਸਿੰਘ
ਬਸ਼ੰਭਰ ਦਾਸ,
ਬੁਧੂ,
ਬੀਰ ਸਿੰਘ,
ਧੀਰ ਸਿੰਘ ਸਾਬੋਕੀ ਤਲਵੰਡੀ ਨਿਸ਼ਾਨੇ ਪਰਖਾਉਣ ਵਾਲੇ
ਬਰਨ ਸਿੰਘ,
ਬੰਦਾ ਬਹਾਦਰ ਸਿੰਘ ਜੀ,
ਬਹਾਦਰ ਸ਼ਾਹ.
ਬਨੋਦ ਸਿੰਘ ਭਲਾ,

Digitized by Panjab Digital Library | www.panjabdigilib.org

ਭੀਖਣ ਸ਼ਾਹ ਮਲਵਈ,
ਭੀਮ ਚੰਦ,
ਭੱਟੀ ਮਾਤਾ ਰਾਂਜੋਆਣੇ ਵਾਲੀ
ਪਲੰਘ ਚਕਣ ਵਿੱਚ ਸੇਵਾ,
ਭਾਗ ਕੋਰ ਮਾਤਾ ਝੰਬਾਲ ਦੇਖੋ
ਇਸਤ੍ਰੀ ਕਾਂਡ,
ਭੂਮੀ ਸਿੰਘ ਮਲਵਈ,
ਭੂੰਦੜ ਸਿੰਘ ਮਲਵਈ,
ਕੀਰਤੀ ਪ੍ਰਕਾਸ਼ ੬,
ਮੈਣੀ ਸੰਗਤ ਦੀ ਮਾਤਾ ਦਾ
ਪ੍ਰੇਮ, ਮੇਦਨੀ ਪ੍ਰਕਾਸ਼ ੧੦,
ਨਾਹਨ ਦਾ ਰਾਜ ੧੦,
ਮੇਦਨੀ ਪ੍ਰਕਾਸ਼ ਫਤਹਿ ਸਾਹ,
ਜਿਨਾ ਦਾ ਰਮੇਕ ਪਾਉਂਟੇ ਸਾਹਿਬ
ਕਰਾਇ ਮਲਵਈ,
ਅਹੋਹੀ ਚੰਦ,
ਆਲਾ ਸਿੰਘ,
ਮਦਨ ਨਾਥ ਸਿੱਧ ਕੁਰਛੇਤ੍ਰ
ਮਿਲੋ ਮਲਵਈ,
ਮੈਮੂ ਖਾਂ ਪ੍ਰੇਮੀ,
ਮਨੀ ਸਿੰਘ ਸ਼ਹੀਦ ਮਲਵਈ,
ਅਨੰਦ ਸਿੰਘ ਮਲਵਈ,
ਮਦਨ ਸਿੰਘ ਮਲਵਈ,
ਮਾਛੀ ਵਾੜੇ ਦੀ ਮਾਈ ਪ੍ਰੇਮਣ
ਮਲਵਈ,
ਮੁਹੱਬਤ ਸਿੰਘ ਤੇ ਮਾਈ ਸੇਵੀ
ਪਿੰਡ ਅਖਾੜਾ ਮਲਵਈ,
ਮਲਾਗਰ ਸਿੰਘ ਪੀਲੂ ਬਹਿਬਲ,
ਮਲਵਈ,
ਮਹਾਂ ਸਿੰਘ ਜੀ ਮਝੈਲ ਜਥੇਦਾਰ,
ਮਾਹੀ ਸਿੰਘ,
ਰਤਨ ਰਾਇ ਰਾਜਾ ਆਸਾਮ
ਸ਼ਰਨ ਆਇਆ,
ਰਾਮ ਰਾਇ ਫਿਰ ਸ਼ਰਨ
ਆਇਆ
ਰਾਇ ਪੁਰ ਵਾਲੀ ਰਾਣੀ
ਮਲਵੈਣ,
ਰਾਮ ਦਿਤਾ ਕਿੰਗਰੀਆ,
ਰੰਗੀ ਸਿੰਘ ਬਰਨਾਲੇ ਕੋਲ ਦਾ,
ਰਾਮ ਸਿੰਘ,
ਰੋਸ਼ਨ ਸਿੰਘ ਕਵੀ ਮਲਵਈ,
ਲਹੌਰਾ ਸਿੰਘ,
ਲਾਲ ਸਿੰਘ ਢਾਲ ਵਾਲਾ,
ਲਖਮੀਰ, ਸਮੀਰ ਦੀਨਾ
ਵੀਰੋ ਜੀ ਦੇ ਪੰਜ ਸਪੁਤਰ
ਮਲਵਈ,
ਰਾਮ ਸਿੰਘ, ਮਲਵਈ
ਤਿਲੋਕ ਸਿੰਘ, ਨਾਭਾ ਪਟਿ-
ਆਲੇ ਵਾਲੇ
ਭਾਈ ਗੁਲਾਬਾ,
ਪੰਜਾਬਾ,
ਧਮਰਾਨੇ ਵਾਲੇ ।
ਲਾਲ ਚੰਦ ਬੂੜੀਆਂ,
ਲੱਖਾ ਸਿੰਘ ।

## ਸ੍ਰੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਦੇ ਸਿਖਾਂ ਦੇ ਨਾਮ

ਸਤਿਗੁਰਾਂ ਦੇ ਮਾਤਾ ਪਿਤਾ:—ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ । ਮਾਤਾ ਗੁਜਰੀ ਸਾਹਿਬ ਜੀ । ਮਹਿਲ ਮਾਤਾ ਅਜੀਤ ਕੌਰ ਜੀ ਮਾਤਾ ਸੁੰਦਰੀ ਕੌਰ ਜੀ । ਮਾਤਾ ਸਾਹਿਬ ਕੌਰ ਜੀ । ਸਾਹਿਬ ਜ਼ਾਦੇ ਸਾਹਿਬ ਅਜੀਤ ਸਿੰਘ ਜੀ, ਸਾਹਿਬ ਜੁਝਾਰ ਸਿੰਘ, ਸਾਹਿਬ ਜੋਰਾਵਰ ਸਿੰਘ ਜੀ, ਸਾਹਿਬ ਫਤੇਹਿ ਸਿੰਘ ਜੀ ਭੀਖਣ ਸਾਹਿ ਮੈਣੀ ਸੰਗਤਿ ਦੀ ਮਾਤਾ ਦਾ ਪ੍ਰੇਮ, ਮਾਮਾ ਕ੍ਰਿਪਾਲ ਚੰਦ ਜੀ ਪੰਡਤ ਰਾਮ ਚੰਦ ਰਤਨ ਰਾਏ, ਰਾਜਾ ਅਸਾਮ ਦਾ ਜੋ ਸ਼ਰਨ ਆਯਾ ਸੀ, ਭੀਮ ਚੰਦ, ਨੰਦ ਚੰਦ ਦੀਵਾਨ ਰਾਮ ਰਾਏ ਸ਼ਰਨ ਆਇਆ ।

## ਪੰਜਾਂ ਪਿਆਰਿਆਂ ਦੇ ਸੀਸ ਭੇਟ ਲੈਕੇ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਚਲਾਇਆ ।

ਸ੍ਰੀ ਦਸਮੇਸ਼ ਜੀ ਨੇ ਸ੍ਰੀ ਕੇਸਗੜ੍ਹ ਵਿਖੇ ਦੀਵਾਨ ਸਜਾ ਕੇ ਬੀਰ ਰਸ ਵਿਚ ਆਕੇ ਇੱਕ ਸੀਸ ਦੀ ਮੰਗ ਕੀਤੀ । ਇਸ ਤਰ੍ਹਾਂ ਬਾਰੀ ਬਾਰੀ ਪੰਜ ਸੀਸ ਲਏ । ਵਿਸਾਖੀ ਸੰਮਤ ੧੭੫੬ ਬਿ: ਤੋਂ ਜਿਨਾਂ

Digitized by Panjab Digital Library | www.panjabdigilib.org

ਪੰਜ ਪਿਆਰਿਆਂ ਨੇ ਸ੍ਰੀ ਗੁਰੂ ਕਲਗੀਧਰ ਜੀ ਦੇ ਹਜ਼ੂਰ ਸੀਸ ਅਰਪਨ ਕਰਕੇ ਖੰਡੇ ਦਾ ਅੰਮ੍ਰਿਤ ਛਕ ਕੇ ਤਲਵਾਰ ਦੀ ਧਾਰ ਹੇਠਾਂ ਪਰਖੇ ਹੋਏ ਗੁਰੂ ਪਿਆਰਿਆਂ ਨੂੰ ਮੁੜ ਦੀਵਾਨ ਵਿੱਚ ਲਿਆ ਕੇ ਦਰਸ਼ਨ ਕਰਾਏ, 'ਸਤਿਗੁਰ ਕੇ ਜਨਮੇ ਗਮਨ ਮਿਟਾਇਆ" ਇਹਨਾਂ ਨੇ ਨਵਾਂ ਜਨਮ ਲਿਆ ਉਨ੍ਹਾਂ ਦੇ ਸੰਪੂਰਨ ਜੀਵਨ ਕਿਸੇ ਗ੍ਰੰਥਾਂ ਵਿਚੋਂ ਨਹੀਂ ਮਿਲਦੇ। ਜੋ ਖੋਜੀ ਵਿਦਵਾਨਾਂ ਨੇ ਖੋਜ ਕਰਕੇ ਲਿਖੇ ਉਹ ਇਸ ਪ੍ਰਕਾਰ ਹਨ।

(੧) ਭਾ: ਸਾ: ਦਯਾ ਸਿੰਘ ਜੀ *

---

*(੧) ਲਾਹੌਰ ਨਿਵਾਸੀ ਸੁਧੇ ਖਤ੍ਰੀ ਦੇ ਘਰ ਮਾਤਾ ਦਿਆਲੀ ਜੀ ਤੋਂ ਸੰ: ੧੭੨੬ ਵਿੱਚ ਭਾਈ ਦਯਾ ਰਾਮ ਦਾ ਜਨਮ ਹੋਇਆ। ਸੰ: ੧੭੫੬ ਵਿੱਚ ਸ੍ਰੀ ਦਸਮੇਸ਼ ਜੀ ਨੂੰ ਸੀਸ ਭੇਟ ਕਰਕੇ ਅੰਮ੍ਰਿਤ ਪਾਨ ਕੀਤਾ। ਸੰ: ੧੭੬੫ ਵਿਚ ਆਪ ਦਾ ਦਿਹਾਂਤ ਸ੍ਰੀ ਹਜ਼ੂਰ ਸਾਹਿਬ ਗੁਦਾਵਰੀ ਦੇ ਕਿਨਾਰੇ ਹੋਇਆ। ਆਪ ਪੰਜ ਪਿਆਰਿਆਂ ਦੇ ਜਥੇਦਾਰ ਸਨ।

(੨) ਹਸਤਨਾਪੁਰ ਨਿਵਾਸੀ ਸੰਤ ਰਾਮ ਜੱਟ ਦੇ ਘਰ ਮਾਤਾ ਸੰਭੋ ਦੇ ਉਦ੍ਰ ਤੋਂ ਸੰਨ ੧੭੨੩ ਵਿੱਚ ਧਰਮ ਦਾਸ ਜੀ ਦਾ ਜਨਮ ਹੋਇਆ ਸੰ: ੧੭੫੬ ਵਿੱਚ ਸ੍ਰੀ ਦਸਮੇਸ਼ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ। ਸੰ: ੧੭੬੫ ਵਿੱਚ ਹਜ਼ੂਰ ਸਾਹਿਬ ਇਹਨਾਂ ਦਾ ਦਿਹਾਂਤ ਹੋਇਆ।

(੩) ਦੁਵਾਰਕਾ ਨਿਵਾਸੀ ਤੀਰਥ ਚੰਦ ਛੀਂਬੇ ਦੇ ਘਰ ਮਾਤਾ ਦੇਵਾਂ ਬਾਈ ਦੇ ਉਦਰ ਤੋਂ ਸੰਨ ੧੭੨੦ ਵਿੱਚ ਮੁਹਕਮ ਚੰਦ ਜੀ ਜਨਮੇ। ਸੰ: ੧੭੫੬ ਵਿੱਚ ਸ੍ਰੀ ਕਲਗੀਧਰ ਜੀ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ। ੮ ਪੋਹ ਸੰਨ ੧੭੬੧ ਵਿੱਚ ਚਮਕੌਰ ਦੇ ਧਰਮ ਜੁਧ ਵਿੱਚ ਸ਼ਹੀਦ ਹੋਏ।

(੪) ਬਿਦਰ ਨਿਵਾਸੀ ਚਮਨੇ ਨਾਈ ਦੇ ਘਰ ਸੋਨਾ ਵਾਈ ਦੇ ਉਦਰ ਤੋਂ ਸੰਨ ੧੭੧੯ ਵਿੱਚ ਸਾਹਿਬ ਚੰਦ ਜੀ ਦਾ ਜਨਮ ਹੋਇਆ। ਸੰਨ ੧੭੫੬ ਵਿੱਚ ਦਸਮੇਸ਼ ਜੀ ਤੋਂ ਅੰਮ੍ਰਿਤ ਛਕਕੇ ਸਿੰਘ ਸਜ ਗਏ। ਸੰਨ ੧੭੬੧ ਦੇ ਧਰਮ ਜੁਧ ਵਿੱਚ ਚਮਕੌਰ ਸਾਹਿਬ ਵਿੱਚ ਸ਼ਹੀਦ ਹੋਏ। ਇਨਾਂ ਨੇ ਅੰਮ੍ਰਿਤ ਛਕਣ ਤੋਂ ਪਹਿਲਾਂ ਭੀ ਧਰਮ ਜੁਧ ਵਿੱਚ ਹਿਸਾ ਲਿਆ। ਭੰਗਾਣੀ ਦੇ ਜੰਗ ਵਿਚ ਵਡੀ ਬੀਰਤਾ ਦਿਖਾਈ ਜਿਸ ਦਾ ਜ਼ਿਕਰ ਬਚਿਤ੍ਰ ਨਾਟਕ ਦੇ ਅਠਵੇਂ ਅਧਯਾ ਵਿਚ ਪੜੋ।

(੫) ਪੁਰੀ (ਜਗਨ ਨਾਥ) ਨਿਵਾਸੀ ਪਿਤਾ ਗੁਲਜ਼ਾਰੀ ਝੀਵਰ ਦੇ ਘਰ ਮਾਤਾ ਧੰਨੋ ਦੇ ਉਦਰ ਤੋਂ ਸੰਨ ੧੭੧੯ ਵਿੱਚ ਭਾਈ ਹਿੰਮਤ ਜੀ ਦਾ ਜਨਮ ਹੋਇਆ। ਸੰਨ ੧੭੫੬ ਨੂੰ ਸ੍ਰੀ ਕਲਗੀਧਰ ਜੀ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ। ਸੰਨ ੧੭੬੧ ਦੇ ਧਰਮ ਜੁਧ ਵਿੱਚ

(ਬਾਕੀ ਅਗਲੇ ਸਫੇ ਤੇ)

Digitized by Panjab Digital Library | www.panjabdigilib.org

੧੧ ਭਾਦਰੋ ਸੰਮਤ ੧੭੧੯ ਨੂੰ ਪਿਆਰੇ ਪਿਤਾ ਸੁਧੇ ਦੇ ਗ੍ਰਹਿ ਵਿਖੇ ਮਾਈ ਦਿਆਲੀ ਜੀ ਦੇ ਉਦਰ ਤੇ ਜਨਮ ਹੋਇਆ। ਜੋ ਡਲਾ ਨਿਵਾਸੀ ਖਤ੍ਰੀ ਭਾਈ ਪਾਰੇ ਦੀ ਕੁਲ ਵਿਚੋ ਸਨ ਇਹ ਸੰ: ੧੭੩੪ ਨੂੰ ਅਨੰਦ ਪੁਰ ਸਾਹਿਬ ਵਿਖੇ ਸ੍ਰੀ ਦਸਮੇਸ਼ ਜੀ ਦੀ ਸਰਨ ਵਿਚ ਹਾਜਰ ਹੋਇ ਸੰ: ੧ ਵੈਸਾਖ ੧੭੫੬ ਨੂੰ ਅੰਮ੍ਰਿਤ ਛਕਿਆ । ਸੰਮਤ ੧੭੬੨ ਵਿਖੇ ਭਾਈ ਦਯਾ ਸਿੰਘ ਜੀ ਨੇ ਲੋਹਗੜ (ਦੀਨਾ) ਤੋਂ ਔਰੰਗਜ਼ੇਬ ਪਾਸ ਦਖਣ ਵਿਚ ਸ੍ਰੀ ਗੁਰੂ ਦਸਮੇਸ ਜੀ ਪਾਸੇਂ ਜ਼ਫ਼ਰ ਨਾਮਾਂ ਲੈਕੇ ਗਿਆ ਸੀ। ਸੰ: ੧੭੬੫ ਗਿਆਰਾਂ ਅਸੂ ਨੂੰ ਸ੍ਰੀ ਹਜੂਰ ਸਾਹਿਬ (ਅਬਚਲ ਨਗਰ) ਵਿਖੇ ਪਰਲੋਕ ਨੂੰ ਸਧਾਰਿਆ।

---

(ਪਿਛਲੇ ਸਫੇ ਦੀ ਬਾਕੀ)

ਚਮਕੌਰ ਸ਼ਹੀਦ ਹੋਏ।*

ਉਹ ਪੰਜ ਗੁਰਮੁਖ ਸਿੰਘ ਜੀ ਜਿਨਾਂ ਨੂੰ ਕਲਗੀਧਰ ਜੀ ਨੇ ਚਮਕੌਰ ਦੀ ਗੜ੍ਹੀ ਛਡਣ ਵੇਲੇ ਗੁਰਤਾ ਦਿਤੀ।

੧. ਭਾ: ਦਯਾ ਸਿੰਘ ਜੀ। ੨. ਧਰਮ ਸਿਘ ਜੀ। ੩. ਭਾ: ਮਾਨ ਸਿੰਘ ਜੀ। ੪. ਭਾ: ਸੰਗਤ ਸਿੰਘ ਜੀ। ੫. ਭਾ: ਸੰਤ ਸਿੰਘ ਜੀ।

* ਕਈ ਲੇਖਕਾਂ ਨੇ ਪੰਜ ਪਿਆਰਿਆਂ ਦਾ ਪੂਰਬ ਜਨਮ, ਲਊ, ਧੰਨਾ, ਨਾਮਦੇਵ ਸੈਨ ਅਤੇ ਜਰਫੰਧਕ ਕਲਪਿਆ ਹੈ ਜੋ ਕੇਵਲ ਮਖੀ ਤੇ ਮਖੀ ਮਾਰੀ ਹੈ। ਇਹਨਾਂ ਕਵੀਆਂ ਨੂੰ ਲਿਖਣ ਲਗਿਆਂ ਇਹ ਭੀ ਧਿਆਨ ਨਹੀਂ ਰਿਹਾ ਕਿ ਖਤ੍ਰੀ ਦਾ ਆਤਮਾ ਮੁੜ ਖਤ੍ਰੀ ਦੇ ਵਿੱਚ, ਅਤੇ ਨਾਈ ਦਾ ਨਾਈ ਬੰਸ ਵਿੱਚ।

*** ਆਦਿ ਕਿਸ ਨਿਯਮ ਅਨੁਸਾਰ ਆ ਸਕਦਾ ਹੈ।

(੧) ਪਿਆਰੇ ਦਯਾ ਸਿੰਘ ਜੀ — ਲਊ ਦਾ ਅਵਤਾਰ ਸਨ। ਪਿਤਾ ਮਈਆ ਰਾਮ ਜੀ ਮਾਤਾ ਸੋਭਾ ਦੇਈ ਜੀ, ਛੱਤ੍ਰੀ, ਲਾਹੌਰ ਵਿਚ ਜਨਮ ਹੋਇਆ। ੧੭੨੫ ਬਿ: ਫਗਣ ਦੀ ਸੰਗ੍ਰਾਦ ਅੰਮ੍ਰਿਤ ਵੇਲੇ ਐਤਵਾਰ। ੧੩ ਸਾਲਾਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆਏ। ੧੭੬੫ ਬਿ: ਅਮਾਵਸ ਨੂੰ ਅਬਚਲ ਹਜ਼ੂਰ ਸਾਹਿਬ ਜੀ ਵਿਖੇ ਜੋਤੀ ਜੋਤ ਸਮਾਏ।

(੨) ਭਾਈ ਧਰਮ ਸਿੰਘ ਜੀ — ਭਗਤ ਧੰਨੇ ਜੀ ਦੇ ਅਵਤਾਰ ਸਨ। ਪਿਤਾ ਪਰਮ ਸੁਖ ਜੀ ਮਾਤਾ ਅਨੰਤੀ ਜੀ ਦਿਲੀ ਦੇ ਵਸਨੀਕ ਸਨ। ਜੱਟ ਜਾਤੀ ਦੇ ਸਨ। ੧੭੨੭ ਬਿ: ਨੂੰ ਵੈਸਾਖ ੧੩ ਸੋਮਵਾਰ ਪਹਿਰ ਰਾਤਿ ਰਹਿੰਦੀ ਜਨਮ ਹੋਇਆ। ੨੫ ਵੇਂ ਵਰੇਂ ਸ੍ਰੀ ਦਸਮੇਸ਼ ਜੀ ਦੀ ਸ਼ਰਣ ਆਏ ਅਤੇ ੧੭੬੮ ਬਿ: ਸ੍ਰੀ ਹਜ਼ੂਰ ਸਾਹਿਬ ਜੋਤੀ ਜੋਤ ਸਮਾਏ।

(੩) ਭਾਈ ਹਿੰਮਤ ਸਿੰਘ ਜੀ — ਚਤ੍ਰ ਭੁਜੀ ਨੂੰ ਪਕੜਨ ਵਾਲੇ ਫੰਧਕ ਦੇ ਅਵਤਾਰ ਸਨ।

(ਬਾਕੀ ਅਗਲੇ ਸਫੇ ਤੇ)

Digitized by Panjab Digital Library | www.panjabdigilib.org

## ੨. ਭਾਈ ਸਾ: ਧਰਮ ਸਿੰਘ ਜੀ

ਦੂਜੇ ਪਿਆਰੇ ਭਾਈ ਸੰਤ ਰਾਮ ਜ਼ਿਮੀਦਾਰ ਜੱਟ ਦੇ ਘਰ ਮਾਤਾ ਜੱਸੀ ਦੀ ਗੋਦ ਪਿੰਡ ਜਟਵਾੜ (ਜ਼ਿਲਾ ਸਹਾਰਨ ਪੁਰ) ਵਿਖੇ ਸੰ: ੧੭੨੪ ਕਤਕ ਸਤ ਨੂੰ ਜਮੇ ਏਹ ਗੁਰੂ ਪਿਆਰੇ ਸ੍ਰੀ ਚਮਕੌਰ ਸਾਹਿਬ ਦੇ ਧਰਮ ਯੁਧ ਵਿਖੇ ਸ਼ਹੀਦ ਹੋਏ। ਇਨਾਂ ਦੀ ਵੰਸ ਵਿਚੋਂ ਸ: ਨੌਧ ਸਿੰਘ ਜੀ ਰਾਜਾ ਸਾਹਿਬ ਕਲੀਸਆਂ ਦੇ ਰਸਾਲਦਾਰ ਰਹੇ ਹਨ। ੧੭੩੫ ਨੂੰ ਸ੍ਰੀ ਦਸਮੇਸ ਜੀ ਦੀ ਸਰਨ ਆਏ। ੮ ਪੋਹ ਸੰ: ੧੭੬੧

## ੩, ਭਾ: ਸਾ: ਹਿੰਮਤ ਸਿੰਘ ਜੀ

ਏਹ ਗੁਰੂ ਪਿਆਰੇ ਭਾਈ ਜੋਤੀ ਰਾਮ ਝੀਵਰ ਦੇ ਘਰ ਮਾਈ ਰਾਮੋ ਜੀ ਦੀ ਗੋਦ ੫ ਮਾਘ ੧੭੧੮ ਨੂੰ ਪਿੰਡ ਸੰਗਤ ਪੁਰਾ (ਰਾਜ ਪਟਿਆਲਾ) ਵਿਖੇ ਜਨਮ ਲਿਆ। ਸੰ: ੧੭੩੫ ਨੂੰ ਸ੍ਰੀ ਅਨੰਦ ਪੁਰ ਸਾਹਿਬ ਵਿਖੇ ਗੁਰੂ ਸਰਣ ਵਿਚ ਪਹੁੰਚੇ ਸੰ: ੧੭੫੬ ਵਿਚ ਸੀਸ ਭੇਟ ਕਰਕੇ ਸਿੰਘ ਸਜੇ। ਅਤੇ ਧਰਮ ਯੁਧ ਸ੍ਰੀ ੮ਪੋਹ ਸੰ:੧੭੬੧ ਨੂੰ ਚਮਕੌਰ ਸਾਹਿਬ ਵਿਖੇ ਸ਼ਹੀਦ ਹੋਇ।

## ੪. ਭਾ: ਸਾ: ਮੁਹਕਮ ਸਿੰਘ ਜੀ

ਏਹ ਗੁਰੂ ਪਿਆਰੇ ਭਾਈ ਤੀਰਥ ਰਾਮ ਛੀਬੇ ਦੇ ਘਰ ਮਾਈ ਸੁਖ ਦੇਵੀ ਦੀ ਗੋਦ ੨੨ ਜੇਠ ਸੰ: ੧੭੩੩ ਨੂੰ ਪਿੰਡ ਬੂੜੀਏ (ਜ਼ਿਲਾ ਅੰਬਾਲਾ) ਵਿਖੇ ਜਨਮ ਲਿਇਆ। ਅਰੁ ਸੰ: ੧੭੪੨ ਨੂੰ ਸ੍ਰੀ ਅਨੰਦ ਪੁਰ ਸਾਹਿਬ ਜਾ ਰਹੇ ੧੭੫੬ ਨੂੰ ਅੰਮ੍ਰਿਤ ਪਾਨ ਕਰਕੇ ਸਿੰਘ ਸਜੇ ਅਤੇ ਏਹ ਗੁਰੂ ਪਿਆਰੇ ੮ ਪੋਹ

---

(ਪਿਛਲੇ ਸਫੇ ਦੀ ਬਾਕੀ)

ਪਿਤਾ ਮਾਲ ਦੇਉ ਜੀ ਮਾਤਾ ਲਾਲ ਦੇਈ ਜੀ ਜਗਨ ਨਾਥ ਦੇ ਵਾਸੀ ਝੀਵਰ ਸੀ। ੧੭੨੧ ਬਿ: ਜੇਠ ੧੫ ਨੂੰ ਜਨਮ ਹੋਇਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਰਨ ਵਿਚ ਮਾਤਾ ਪਿਤਾ ਰਹਿੰਦਾ ਸੀ। ਬਾਬੇ ਬਕਾਲੇ ਜਨਮ ਹੋਇਆ। ੧੭੬੧ ਬਿ: ਸਾਹਿਬ ਜ਼ਾਦਿਆਂ ਨਾਲ ਸ੍ਰੀ ਚਮਕੌਰ ਵਿਖੇ ਸ਼ਹੀਦ ਹੋਏ।

(੪) ਭਾਈ ਮੁਹਕਮ ਸਿੰਘ ਜੀ — ਸ੍ਰੀ ਨਾਮ ਦੇਵ ਜੀ ਦੇ ਅਵਤਾਰ, ਪਿਤਾ ਜਗਜੀਵਨ ਰਾਏ ਜੀ ਮਾਤਾ ਸੰਭਲੀ ਜੀ ਦੁਆਰਕਾ ਵਾਸੀ। ੧੭੩੬ ਬਿ: ਪੰਜ ਚੇਤ੍ਰ ਨੂੰ ਜਨਮ ਹੋਇਆ। ੧੫ ਵੇਂ ਸਾਲ ਦੇ ਮਾਤਾ ਪਿਤਾ ਸਮੇਤ ਸ੍ਰੀ ਕਲਗੀਧਰ ਜੀ ਦੀ ਸ਼ਰਨ ਵਿਚ ਆਏ ੧੭੬੧ ਬਿ: ਨੂੰ ਸ੍ਰੀ ਚਮਕੌਰ ਸਾਹਿਬ ਜੰਗ ਵਿਚ ਸ਼ਹੀਦ ਹੋਏ।

(੫) ਭਾਈ ਸਾਹਿਬ ਸਿੰਘ ਜੀ — ਭਗਤ ਸੈਣ ਜੀ ਦੇ ਅਵਤਾਰ ਸਨ। ਪਿਤਾ ਸੁਰਸਰੈਣ ਜ ਮਾਤਾ ਅਨਕੰਪਾ ਜੀ ੧੭੩੨ ਬਿ: ਵਿਚ ਪੰਜ ਮੱਘਰ ਨੂੰ ਜਨਮ ਹੋਇਆ, ਬਿਦਰ ਪੁਰ ਦੇ ਵਾਸੀ ਸੀ। ਮਾਤਾ ਪਿਤਾ ਨੇ ੧੧ ਸਾਲ ਦੇ ਸ੍ਰੀ ਦਸਮੇਸ਼ ਜੀ ਦੀ ਸ਼ਰਨ ਵਿਚ ਲਿਆਏ। ੧੭੬੧ ਬਿ: ਸ੍ਰੀ ਚਮਕੌਰ ਸਾਹਿਬ ਜੰਗ ਵਿਚ ਸ਼ਹੀਦ ਹੋਏ।

Digitized by Panjab Digital Library | www.panjabdigilib.org

੧੭੬੧ ਨੂੰ ਧਰਮ ਯੁਧ ਸ੍ਰੀ ਚਮਕੌਰ ਸਾਹਿਬ ਵਿਖੇ ਸ਼ਹੀਦ ਹੋਏ। ਭਾਈ ਸੰਤੋਖ ਸਿੰਘ ਜੀ ਕਰਤਾ ਸੂ: ਪ੍ਰ ਏਨਾਂ ਦੀ ਬੰਸ ਵਿਚੋਂ ਸਨ।

## ੫. ਭਾਈ ਸਾ: ਭਾਈ ਸਾਹਿਬ ਸਿੰਘ ਜੀ

ਏਹ ਗੁਰੂ ਪਿਆਰੇ ਭਾਈ ਤੁਲਸੀ ਨਾਈ ਜਾਂ ਚਮਨ ਰਾਮ ਦੇ ਘਰ ਮਾਤਾ ਬਿਸ਼ਨ ਦੇਈ ਦੀ ਗੋਦ ੪ ਹਾੜ ਸੰ: ੧੭੨੨ ਨੂੰ ਪਿੰਡ ਨੰਗਲ ਸਹੀਦਾਂ (ਜ਼ਿਲਾ ਹੁਸ਼ਿਆਰ ਪੁਰ) ਵਿਖੇ ਜਨਮ ਲਿਆ। ਆਪ ਜੀ ਸੰਮਤ ੧੭੩੮ ਵਿਖੇ ਸ੍ਰੀ ਅਨੰਦ ਪੁਰ ਸਾਹਿਬ ਸ੍ਰੀ ਗੁਰੂ ਸਰਣ ਵਿਖੇ ਰਹੇ। ਏਹ ਵਡਭਾਗੇ ਧਰਮ ਯੁਧ ੮ ਪੋਹ ੧੭੬੧ ਨੂੰ ਸ੍ਰੀ ਚਮਕੌਰ ਵਿਖੇ ਸ਼ਹੀਦ ਹੋਏ। ਏਨਾਂ ਦੀ ਸੰਤਾਨ ਦੇ ਨੰਗਲ ਸ਼ਹੀਦਾਂ ਵਿਚ ਬਾਸਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਆਗਿਆ ਸੀ ਕਿ ਦੀਵਾਨ ਵਿਚ ਜੋ ਪ੍ਰਸਾਦਿ ਵਰਤੇ ਓਹ ਸਭ ਸਿਖਾਂ ਤੋਂ ਪਹਿਲਾਂ ਏਨਾਂ ਪੰਜਾਂ ਨੂੰ ਦਿਤਾ ਜਾਇਆ ਕਰੇ ਉਸ ਮਰਯਾਦਾ ਅਨੁਸਾਰ ਹੁਣ ਪਹਿਲਾਂ ਪੰਜਾਂ ਤਿਆਰ ਬਰ ਤਿਆਰ ਸਿੰਘ ਨੂੰ ਕੜ੍ਹਾਹ ਪ੍ਰਸਾਦ ਵਰਤਨ ਵੇਲੇ ਦਿਤਾ ਜਾਂਦਾ ਹੈ।

## (ਸਾਡੀ ਪੂੜ ਪੜਤਾਲ)

ਗੁਰੂ ਪਿਆਰੇ ਪਾਠਕ ਜਨੋ ਆਪ ਜੀ ਪੜ੍ਹ ਕੇ ਹਰਾਨ ਹੋਵੋਗੇ ਤੇ ਸਾਂਨੂੰ ਭੀ ਬੜਾ ਅਫਸੋਸ ਹੈ ਕਿ, ਏਨਾਂ ਮਹਾਂ ਪੁਰਖਾਂ ਮਹਾਂ ਪ੍ਰ ਉਪਕਾਰੀ ਜਿਨਾਂ ਤੋਂ ਗੁਰੂ ਪੰਥ ਦੀ ਬਨਿਆਦ ਰਖੀ ਗਈ ਹੈ ਉਨਾਂ ਦੇ ਸਹੀ ਜੀਵਨ ਬੜੀ ਹੀ ਢੂੰਡ ਕਰਨ ਤੇ ਭੀ ਸਾਂਨੂੰ ਨਹੀਂ ਪ੍ਰਾਪਤ ਹੋਏ ਜੋ ਕੁਝ ਲਿਖਤਾ ਮਿਲੀਆਂ ਹਨ। ਉਨਾਂ ਨੇ ਸਾਨੂੰ ਬੀ ਸੰਸੇ ਵਿਚ ਪਾ ਦਿਤਾ ਹੈ। ਇਸ ਵਾਸਤੇ ਉਹ ਲਿਖਤਾਂ ਪਾਠਕਾਂਦੇ ਬਿਚਾਰ ਹਿਤ ਪੇਸ਼ ਕਰਦੇ ਹਾਂ।

(੧) ਗਿ: ਠਾਕਰ ਸਿੰਘ ਜੀ ਕਰਤਾ ਗੁਰ ਦ੍ਰਸ਼ਨ
(੨) ਗਿ: ਸਾਹਿਬ ਕਾਹਨ ਸਿੰਘ ਜੀ ਨਾਭਾ ਕਰਤਾ ਮਹਾਨ ਕੋਸ਼
(੩) ਗਿ: ਲਾਲ ਸਿੰਘ ਜੀ ਸੰਗਰੂਰ, ਕਰਤਾ ਗੁਰੂ ਪੰਥ ਖਾਲਸਾ
(੪) ਗਿ: ਗੁਰਬਚਨ ਸਿੰਘ ਖਾਲਸਾ, ਭਿੰਡਰ ਕਰਤਾ ਦਸਾਂ ਸਤਿਗੁਰਾਂ ਜੀ ਦੀ ਬੰਸਾਵਲੀ
(੫) ਭਾਈ ਮੰਗਲ ਸਿੰਘ ਜੀ ਕਰਤਾ ਬਾਬਾ ਬੁਡਾ ਜੀ ਦੇ ਜੀਵਨ ਚਰਤ੍ਰ ਆਦਿ ਤੋਂ ਜੋ ਕੁਝ ਪ੍ਰਾਪਤ ਹੋਇਆ ਹੈ ਉਹੋ ਹੀ ਆਪ ਜੀ ਦੇ ਅਗੇ ਪੇਸ਼ ਕੀਤਾ ਜਾਂਦਾ ਹੈ।

(ਦਾਸ ਵਿਸਾਖਾ ਸਿੰਘ ਸੰਤ ਸਿਪਾਹੀ)

## ਉਸਨਾਕ ਸਿੰਘ

ਇਹ ਮਾਲਵੇ ਦੇ ਪ੍ਰਸਿਧ ਇਤਿਹਾਸਕ ਨਗਰ ਸਰਹੰਦ ਦੇ ਵਸਨੀਕ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਜੀ ਸੇਵਦਾਰਾਂ ਵਿਚੋਂ ਸੀ ਤੇ ਕਲਗੀਧਰ ਪਿਤਾ ਦੇ ਚੌਰ ਬਰਦਾਰ ਹੋਣ ਦਾ ਮਾਨ ਵੀ

Digitized by Panjab Digital Library | www.panjabdigilib.org

ਇਸੇ ਨੂੰ ਮਿਲਿਆ ਹੋਇਆ ਸੀ।

## ਉਦੇ ਸਿੰਘ

ਰਿਆਸਤ ਕੈਂਥਲ ਦੇ ਮਹਾਰਾਜ ਲਾਲ ਸਿੰਘ ਦਾ ਸਪੁਤਰ ਸੀ ਤੇ ਇਸ ਦੀ ਮਾਤਾ ਦਾ ਨਾਮ ਸਾਹਿਬ ਕੌਰ ਸੀ ਜੋ ਰਾਜਾ ਬੱਲਬਗੜ (ਜਾਟ) ਦੀ ਸੁਪਤਰੀ ਸੀ। ਗੁਰੂ ਘਰ ਦਾ ਪ੍ਰੇਮੀ ਤੇ ਸਿਖ ਇਤਿਹਾਸ ਨਾਲ ਖਾਸ ਹਿਤ ਰੱਖਦਾ ਸੀ। ਕਵਿਰਾਜ ਭਾਈ ਸੰਤੋਖ ਸਿੰਘ ਜੀ ਨੇ ਇਸੇ ਦੀ ਸਹਾਇਤਾ ਤੇ ਸਰਪਰਸਤੀ ਨਾਲ 'ਗੁਰੂ ਪ੍ਰਾਤਪ ਸੂਰਯ' ਨਾਮੀਂ ਪ੍ਰਸਿੱਧ ਪੁਸਤਕ ਨੂੰ ਰਚਿਆ। ਮਹਾਰਾਜਾ ਉਦੇ ਸਿੰਘ ਦੇ ਖਾਨਦਾਨ ਦਾ ਮੁੱਢ ਭਾਈ ਭਗਤੂ ਤੋਂ ਚੱਲਦਾ ਹੈ। ੧੫ ਮਾਰਚ ਸੰਨ ੧੮੪੩ ਵਿਚ ਅਧਰੰਗ ਦੇ ਰੋਗ ਨਾਲ ਇਸ ਪ੍ਰਉਪਕਾਰੀ ਰਾਜੇ ਦੀ ਮੌਤ ਹੋ ਗਈ ਸੀ।

ਸੰਮਤ ੧੭੪੭ ਵਿਚ ਮਾਤਾ ਜੀਤੋ ਜੀ ਦਾ ਦੇਹਾਂਤ ਅਗੰਮ ਪੁਰੇ ਜ਼ਿਲਾ ਹੁਸ਼ਿਆਰ ਪੁਰ ਵਿਚ ਹੋ ਜਾਣ ਕਰਕੇ, ਇਸ ਨਗਰ ਦੀ ਇਤਿਹਾਸਕ ਮੱਹਤਤਾ ਵਿਚ ਵਾਧਾ ਹੋ ਗਿਆ। ਏਸ ਦੇਹਰੇ ਦੇ ਨਾਉਂ ੧੦੦ ਰੁਪਇਆ ਸਾਲਾਨਾ ਦੀ ਜਗੀਰ ਹੈ। ਜਿਹੜੀ ਕਿ ਅੱਜ ਤੱਕ ਜ਼ਿਲਾ ਅੰਬਾਲਾ ਦੇ ਪਿੰਡ ਚਿਪੜ ਚਿੜੀ ਤੋਂ ਮਿਲਦੀ ਹੈ।

## ਭਾਈ ਅਜਮੇਰ ਸਿੰਘ (ਪੀਰ ਬਿਬ੍ਰਾਹੀਮ ਸ਼ਾਹ)

ਇਸ ਦਾ ਅਸਲ ਨਾਉਂ ਇਬਰਾਹੀਮ ਸ਼ਾਹ ਸੀ। ਇਹ ਮਾਲਵੇ ਛੱਤੇਆਣੇ ਪਿੰਡ ਦਾ ਵਸਨੀਕ ਮੁਸਮਾਨ ਸੀ। ਜਦ ਸੰਮਤ ੧੭੬੨-੬੩ ਵਿਚ ਕਲਗੀਧਰ ਪਿਤਾ ਮਾਲਵੇ ਦੇ ਜੰਗਲ ਨੂੰ ਮੰਗਲ ਦੀ ਸ਼ਕਲ ਵਿਚ ਬਦਲਦੇ ਹੋਏ ਤੇ ਥਾਂ ਥਾਂ ਭਾਗ ਲਾਉਂਦੇ ਹੋਏ, ਛੱਤੇਆਣੇ ਪਹੁੰਚੇ ਤਾਂ ਸਤਿਗੁਰੂ ਦੇ ਉਪਦੇਸ਼ ਦਾ ਇਬਰਾਹੀਮ ਸ਼ਾਹ ਦੇ ਦਿਲ ਉਪਰ ਐਸਾ ਅਸਰ ਹੋਇਆ ਕਿ ਉਸਨੇ ਇਸਲਾਮ ਨੂੰ ਤਿਆਗਕੇ, ਸਿਖ ਮੱਤ ਧਾਰਨ ਕਰ ਲਿਆ ਤੇ ਕਲਗੀਧਰ ਗੁਰੂ ਦਾ ਅਨਿਨ ਸ਼ਰਧਾਲੂ ਹੋ ਗਿਆ।

ਇਸ ਗੱਲ ਨੂੰ ਕਵੀ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਯ ਵਿਚ ਇਉਂ ਲਿਖਿਆ ਹੈ:—

'ਸੁਣ ਸ੍ਰੀ ਪ੍ਰਭੁ ਪ੍ਰਸੰਨਤਾ ਧਾਰੀ।
ਪੂਰਬ ਭਲੀ ਰੀਤਿ ਤੈਂ ਡਾਰੀ।
ਮੁਸਲਮਾਨ ਹੋਇ ਭਾਵਨ ਧਰੈ।
ਮਿਲਨ ਪੰਥ ਮੇਂ ਜੋ ਹਿਤ ਕਰੈ।
ਤਉ ਇਹ ਉਚਤ ਖਾਲਸੇ ਬੀਚ, ਪਾਹੁਲ ਲਹੈ, ਉਚ ਕੇ ਬੀਚ।
ਮਾਨ ਸਿੰਘ ਲੇ (ਲੇ ਆਗਯਾ) ਅੰਮ੍ਰਿਤ ਬਨ ਵਾਯੋ।
ਖਰੇ ਹੋਇ ਤਤਕਾਲ ਛਕਾਯੋ
ਸ੍ਰੀ ਮੁਖ ਤੇ ਤਬ ਨਾਮ ਉਚਾਯੋ।

Digitized by Panjab Digital Library | www.panjabdigilib.org

ਸ਼ੁਭ*ਅਜਮੇਰ ਸਿੰਘ ਤਹਿ ਧਾਰਯੋ ।
ਵਾਹਿ ਗੁਰੂ ਸੀ ਕੀ ਕਹਿ ਫਤੇ ।
ਭਾ ਕਾਲਿਆਣ ਉਚਿਤ ਮੁਦ ਚਿਤੇ ।
ਸਿਮਰਨ ਕਰਣ ਲਗਯੋ ਗੁਰੂ ਕੇਰਾ ।
ਗੁਰ ਬਾਣੀ ਪੜ੍ਹ ਸੰਝ ਸਵੇਰਾ ।

## ਭਾਈ ਅਨੰਦ ਸਿੰਘ ਜੀ ਮਲਵਈ

ਆਪ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੜੇ ਪ੍ਰੇਮੀ ਸਿਖ ਹੋਏ ਹਨ। ਆਪ ਜੀ ਨੂੰ ਬ੍ਰਹਿਮ ਗਿਆਨੀ ਦੀ ਪਦਵੀ ਪ੍ਰਾਪਤ ਸੀ ਆਪ ਜੀ ਬੜੇ ਬਹਾਦਰ ਜੋਧੇ ਸਨ। ਆਪ ਜੀ ਸ੍ਰੀ ਗੋਬਿੰਦ ਸਿੰਘ ਜੀ ਨਾਲ ਚਮਕੌਰ ਵਿਚ ਜੁਧ ਕਰਦੇ ਹੋਏ ਸ਼ਹੀਦ ਹੋਏ ਆਪ ਦਾ ਜਨਮ ਨਗਰ ਖੋਜ ਕਰਨ ਤੇ ਵੀ ਨਹੀਂ ਮਿਲਿਆ।

## ਸੁੱਖੂ

ਇਹ ਪਿੰਡ ਬਾਜਕ (ਰਿ: ਪਟਿਆਲਾ) ਦਾ ਵਸਨੀਕ ਸੀ। ਇਸ ਦੇ ਛੋਟੇ ਭਾਈ ਦਾ ਨਾਮ ਬੁੱਧੂ ਸੀ। ਇਕ ਵੇਰੀ ਇਨ੍ਹਾਂ ਦੋਹਾਂ ਭਰਾਵਾਂ ਦੇ ਕਹਿਣ ਪੁਰ ਗੁਰੂ ਜੀ ਨੇ ਮਾਛੀਵਾੜੇ ਵਾਲਾ ਲਿਬਾਸ ਫ਼ੇਰ ਪਹਿਨਿਆ, ਅਰ ਇਨਾਂ ਦੋਹਾਂ ਨੇ ਦੋ ਹੋਰ ਸਿੱਖਾਂ ਨੂੰ ਨਾਲ ਲੈਕੇ ਗੁਰੂ ਸਾਹਿਬ ਦਾ ਪਲੰਘ ਉਠਾਇਆ।

ਸੁਣ ਗੁਰੂ ਪਲੰਘ ਅਪਣਾ ਉਠਵਾਯੋ।
ਸੁਖੂ ਬੁਧੂ ਸੀਸ ਲਗਾਯੋ। ਗੁ. ਪ੍ਰ. ਸੂ.

ਦੇਖੋ ਗੁਰ ਅਸਥਾਨ ਕਾਂਡ ਬਗ ਸਰ ਸਫਾ ੨੨੬

## ਸ਼ਾਹ ਭੀਖ ਜੀ

ਆਪ ਜੀ ਦਾ ਜਨਮ ਸਯੱਦ ਕੁਲ ਵਿਚ ਪਿੰਡ ਸਿਆਨਾ ਤਹਿਸੀਲ ਕੈਂਥਲ, ਜ਼ਿਲਾ ਕਰਨਾਲ ਵਿੱਚ ਹੋਇਆ। ਆਪ ਦੇ ਵਡੇਰੇ ਘੁੜਾਮ ਨਗਰ ਵਿੱਚ ਰਹਿੰਦੇ ਸਨ। ਇਸ ਲਈ ਆਪ ਜੀ ਨੂੰ ਘੁੜਾਮ ਦੇ ਰਹਿਣ ਵਾਲਾ ਲਿਖਿਆ ਹੈ।

ਆਪ ਜੀ ਅਬੁਲ ਮੁਆਲੀ ਸ਼ਾਹ ਦੇ ਮੁਰੀਦ, ਜੋ ਜ਼ਿਲਾ ਸਹਾਰਨ ਪੁਰ ਦੇ ਪਿੰਡ ਅੰਬਹਿਟਾ ਵਿਚ ਹੋਇਆ। ਆਪ ਜੀ ਨੇ ਆਪਣੀ ਉਮਰ ਦਾ ਬਹੁਤ ਸਾਰਾ ਹਿਸਾ ਠਸਕੇ ਨਗਰ ਵਿਚ ਲੰਘਾਇਆ ਤਾਂ ਜੋ ਤਹਿਸੀਲ ਥਾਨੇਸਰ ਜ਼ਿਲਾ ਕਰਨਾਲ ਵਿਚ ਹੈ। ਆਪ ਜੀ ਦੇ ਪ੍ਰੇਮ ਦੀ ਖਿਚ ਵਿਚ ਹੀ ਮੀਰ ਮੁਆਲੀ ਠਸਕੇ ਆ ਰਹੇ, ਤੇ ਸ਼ਾਹ ਭੀਖਨ ਤਨ ਮਨ ਨਾਲ ਸੇਵਾ ਕਰਦੇ ਰਹੇ।

ਆਪ ਜੀ ਨੇ ਆਤਮਿਕ ਸ਼ਕਤੀ ਦੁਆਰਾ, ਗੁਰੂ ਗੋਬਿੰਦ ਸਿੰਘ ਜੀ ਪਟਨੇ ਪ੍ਰਗਟ ਹੋਏ ਜਾਣਕੇ,

---

*ਇਬਰਾਹੀਮ ਸ਼ਾਹ ਨੂੰ ਅੰਮ੍ਰਿਤ ਛਕਾਕੇ ਗੁਰੂ ਜੀ ਨੇ ਇਸਦਾ ਸ਼ੁਭ ਨਾਮ ਅਜਮੇਰ ਸਿੰਘ ਰੱਖਿਆ।

Digitized by Panjab Digital Library | www.panjabdigilib.org

ਪੂਰਬ ਵਲ ਸਜਦਾ ਕੀਤਾ, ਤੇ ਮੁਰੀਦਾਂ ਨੂੰ ਨਾਲ ਲੈ ਕੇ ਪਟਨੇ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਪੁਜਿਆ। ਦਰਸ਼ਨ ਕਰਨ ਸਮੇਂ ਦੋ ਕੁਜੀਆਂ ਗੁਰੂ ਸਾਹਿਬ ਅਗੇ ਰਖੀਆਂ। ਗੁਰੂ ਸਾਹਿਬ ਨੇ ਦੋਹਾਂ ਕੂਜੀਆਂ ਤੇ ਹਬ ਧਰ ਦਿਤੇ, ਤੇ ਪੀਰ ਦੀ ਤਸਲੀ ਕਰ ਦਿਤੀ।

ਭੀਖਣ ਸ਼ਾਹ ਦੇ ਮੁਰੀਦ ਨੇ ਪੀਰ ਜੀ ਨੂੰ ਪੁਛਿਆ ਤਾਂ ਆਪ ਨੇ ਦਸਿਆ ਕਿ ਮੇਰਾ ਭਾਵ ਦੋ ਕੁਜੀਆਂ ਰਖਣ ਤੋਂ ਹਿੰਦੂ ਮੁਸਲਮਾਨ ਕੌਮ ਤੋਂ ਹੈ। ਕਿ ਆਪ ਜੀ ਕਿਸ ਕੌਮ ਨੂੰ ਅੱਛਾ ਸਮਝਣ ਗੇ, ਸੋ ਬਾਲ ਗੁਰੂ (ਗੁਰੂ ਗੋਬਿੰਦ ਸਿੰਘ ਜੀ ਨੇ) ਦੋਹਾਂ ਕੁਜੀਆਂ ਤੇ ਹਬ ਧਰ ਕੇ ਤਸਲੀ ਕਰਾ ਦਿਤੀ ਹੈ ਕਿ ਆਪ ਜੀ ਦੋਹਾਂ ਕੌਮਾਂ ਨੂੰ ਇਕੋ ਜਿਹਾ ਜਾਨਣ ਗੇ ਅਤੇ ਦੋਹਾਂ ਕੌਮਾਂ ਦੇ ਰਾਖੇ ਹੋਣਗੇ ਅਤੇ ਧਰਮ ਵਿਰੋਧੀਆਂ ਦਾ ਨਾਸ ਕਰਨ ਗੇ।

ਪੀਰ ਜੀ ਦੀ ਕਬਰ ਠਸਕਾ ਵਿਚ ਹੈ। ਜਿਸਦੀ ਜਗੀਰ ੩੦੦੦ ਰੁਪੈ ਵਾਰਸ਼ਿਕ ਹੈ।

## ਭਾਈ ਸੰਤੋਖ ਸਿੰਘ ਜੀ ਪਹਿਲੇ ਜਥੇਦਾਰ ਸ੍ਰੀ ਹਜ਼ੂਰ ਸਾਹਿਬ

ਆਪ ਜੀ ਸ੍ਰੀ ਗੁਰੂ ਕਲਗੀਧਰ ਦੇ ਹਜ਼ੂਰੀ ਸਿਖਾਂ ਵਿਚੋਂ ਹੋਏ ਹਨ। ਆਪ ਜੀ ਨੂੰ ਸ੍ਰੀ ਹਜ਼ੂਰ ਸਾਹਿਬ ਦੇ ਸਭ ਤੋਂ ਪਹਿਲੇ ਜਥੇਦਾਰ ਹੋਣ ਦਾ ਮਾਣ ਪ੍ਰਾਪਤ ਹੋਇਆ।

ਜਦੋਂ ਦੋ ਜਹਾਨ ਵਾਲੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦ ਪੁਰ ਦੇ ਸੁਖਾਂ ਨੂੰ ਸਦਾ ਲਈ ਤਿਲਾਂਜਲੀ ਦੇ, ਦੇਸ਼ ਤੇ ਕੌਮ ਦੀ ਖਾਤਰ ਸਾਰਾ ਸਰਬੰਸ ਵਾਰ, ਚਮਕੋਰ ਦੇ ਜੁਧ ਮਗਰੋਂ ਮਾਲਵੇ ਦੇਸ਼ ਦੀ ਧੂੰਨੀ ਦੀਨੇ ਕਾਗੜ ਵਿਖੇ ਲਖਮੀਰ ਸਮੀਰ ਨੂੰ ਆਪਣੇ ਪਵਿਤ੍ਰ ਦਰਸ਼ਨ ਦੇ ਕੇ ਅਤੇ ਆਪਣੇ ਪਵਿੱਤ੍ਰ ਚਰਨਾਂ ਦੀ ਛੋਹ ਬਖਸ਼ ਕੇ ਮਾਲਵੇ ਨੂੰ ਤਾਰ ਰਹੇ ਸਨ, ਸ੍ਰੀ ਹਜ਼ੂਰ ਦੀ ਸਰਨ ਵਿਚ ਆਇਆ ਭਾਈ ਭਾਈ ਸੰਤੋਖ ਸਿੰਘ ਜੀ ਨੇ ਦਸਮੇਸ਼ ਜੀ ਦੇ ਦਸਤ ਕੰਵਲਾਂ ਤੋਂ ਅੰਮ੍ਰਿਤ ਛਕਿਆ ਤੇ ਖਾਲਸਾ ਪੰਥ ਵਿੱਚ ਪ੍ਰਵੇਸ਼ ਕੀਤਾ ਤੇ ਸਦਾ ਲਈ ਗੁਰੂ ਜੀ ਦਾ ਚਰਨ ਭੌਰਾ ਬਣ ਗਿਆ।

ਆਪ ਜੀ ਸ੍ਰੀ ਦਸਮੇਸ਼ ਜੀ ਦੇ ਨਾਲ ਹੀ ਹਜ਼ੂਰ ਸਾਹਿਬ ਗਏ। ਜਦ ਦਸਮੇਸ਼ ਜੀ ਅੰਤਮ ਕੌਤਕ ਵਰਤਾਉਣ ਲਗੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦੇ ਕੇ ਆਪ ਜੀ ਨੂੰ ਉਸ ਅਸਥਾਨ ਦਾ ਪਹਿਲਾ ਜਥੇਦਾਰ ਟਿਕਿਆ।

ਆਪ ਜੀ ਨੇ ਉਸ ਸੇਵਾ ਨੂੰ ਬੜੀ ਯੋਗਤਾ ਨਾਲ ਨਭਾਇਆ। ਆਪ ਪਰ ਮਾਲਵੇ ਦੇ ਦੇਸ਼ ਨੂੰ ਪੂਰਾ ਮਾਣ ਹੈ ਕਿ ਸੱਭ ਤੋਂ ਪਹਿਲਾ ਜਥੇ ਕਲਗੀਧਰ ਨੇ ਮਾਲਵੇ ਨੂੰ ਆਪਣੀ ਦਇਆ ਦਿਰਸ਼ਟੀ ਨਾਲ ਜੰਗਲ ਤੋਂ ਮੰਗਲ ਬਣਾਇਆ। ਉਥੇ ਮਾਲਵੇ ਦੇ ਸਿੰਘ ਸਾਹਿਬ ਭਾਈ ਸੰਤੋਖ ਸਿੰਘ ਨੂੰ ਸ੍ਰੀ ਹਜ਼ੂਰ ਸਾਹਿਬ ਦੀ ਜਥੇਦਾਰੀ ਦਾ ਮਾਣ ਪ੍ਰਦਾਨ ਕੀਤਾ। ਅਤੇ ਫੁਰਮਾਨ ਕੀਤਾ

ਇਕ ਸੰਤੋਖ ਸਿੰਘ ਯੁਤ ਰਹਿਤ
ਤਿਸ ਸੰਗ ਬੋਲੇ ਕਰੁਣਾ ਸਹਿਤ।
ਇਸ ਥਲ ਰਹੋ ਦੇਗ ਬਰਤਾਵਹੁ,
ਸੁੱਧਾ ਯਤ ਸੋ ਸਿੰਘ ਟਿਕਵਾਹੁ॥

Digitized by Panjab Digital Library | www.panjabdigilib.org

# ਭਾਈ ਹਜ਼ਾਰਾ ਸਿੰਘ ਜੀ

ਸਰਹੰਦ ਦੇ ਰਹਿਣ ਵਾਲਾ ਇਕ ਬਾਣੀਆ, ਜਿਸ ਨੇ ਸ੍ਰੀ ਦਸਮੇਸ਼ ਜੀ ਤੋਂ ਅੰਮ੍ਰਿਤ ਛਕਿਆ, ਇਹ ਬਹੁਤ ਭਾਰੀ ਜੋਧਾ ਹੋਇਆ, ਜਿਸ ਨੇ ਅਨੰਦ ਪੁਰ ਸਾਹਿਬ ਦੇ ਜੁਧ ਵਿਚ ਬੜੀ ਸੂਰਮਤਾ ਦਿਖਾਈ ਸੀ।

# ਕਿਰਪਾਲ ਦਾਸ

ਕ੍ਰਿਪਾਲ ਦਾਸ ਜੀ ਉਦਾਸੀ ਸਾਧੂਆਂ ਵਿਚੋਂ ਮਹੰਤ ਹੋਏ ਹਨ। ਆਪ ਜੀ ਬਹੁਤ ਸੂਰਬੀਰ ਅਤੇ ਨਾਮ ਦੇ ਰਸੀਏ ਸਨ। ਆਪ ਜੀ ਨੇ ਭੰਗਾਣੀ ਦੇ ਜੁਧ ਵਿਚ ਕੁਤਕੇ ਨਾਲ ਸਰਦਾਰ ਹਯਾਤ ਖਾਂ ਨੂੰ ਮਾਰਿਆ ਸੀ। ਸ੍ਰੀ ਕਲਗੀਧਰ ਜੀ ਨੇ ਖੁਸ਼ ਹੋ ਕੇ ਸਰੋਪਾ ਬਖਸ਼ਿਆ।

ਬਿਚਿਤ੍ਰ ਨਾਟਕ ਵਿੱਚ ਲਿਖਿਆ ਹੈ।

ਕ੍ਰਿਪਾਲੰ ਕਪਕੋ ਹੈ ਕੁੱਤਕੋ ਸੰਭਾਰੀ।
ਹਠੀ ਖਾਨ ਹਯਾਤ ਕੇ ਸੀਸ ਝਾਰੀ।
ਉਠੀ ਛਿੱਛ ਇਛੰ ਕੱਢਾ ਮਿੱਜ ਜੋਰੰ।
ਮਨੋ ਮਖਨੰ ਮਟੱਕੀ ਕਾਨ ਫੋਰੰ॥

ਕ੍ਰਿਪਾਲ ਦਾਸ ਜੀ ਦੀ ਗਦੀ ਦਾ ਅਸਥਾਨ ਪਿੰਡ ਹੇਹਰ (ਜ਼ਿਲਾ ਲੁਧਿਆਣਾ) ਹੈ। ਜਦ ਦਸਮੇਸ਼ ਜੀ ਮਾਛੀਵਾੜੇ ਤੋਂ ਉਚ ਦੇ ਪੀਰ ਦਾ ਪਹਿਰਾਵਾ ਪਹਿਨ ਕੇ ਏਥੇ ਪਹੁੰਚੇ। ਉਸ ਸਮੇ ਕ੍ਰਿਪਾਲ ਦਾਸ ਨੇ ਬੁਹਤ ਸੇਵਾ ਕੀਤੀ ਅਤੇ ਉਥੋਂ ਤੋਰਨ ਸਮੇਂ ਕਈ ਕੋਹ ਪਲੰਘ ਦਾ ਇਕ ਪਾਵਾ ਚੁਕੀ ਗਏ।

# ਗੁਲਾਬਾ

ਗੁਲਾਬਾ ਪਿੰਡ ਮਾਛੀਵਾੜਾ ਜ਼ਿਲਾ ਲੁਧਿਆਣਾ ਦਾ ਵਸਨੀਕ ਸਿਖ ਸੀ। ਇਹ ਖਤਰੀ ਤੋਂ ਸਿੱਖ ਬਣਿਆ ਸੀ ਜੋ ਮਸੰਦੀ ਛਡ ਕੇ ਧਰਮ ਦੀ ਕਿਰਤ ਕਰਦਾ ਸੀ। ਸ੍ਰੀ ਦਸਮੇਸ਼ ਜੀ ਚਮਕੌਰ ਦੇ ਕਿਲੇ ਤੋਂ ਇਸ ਦੇ ਘਰ ੧੭੬੧ ਈ: ਵਿਚ ਆ ਕੇ ਠਹਿਰੇ ਸਨ। ਸ੍ਰੀ ਗੁਰੂ ਦਸਮੇਸ਼ ਜੀ ਨੇ ਇਸ ਦੇ ਘਰ ਹੀ ਉਚ ਦੇ ਪੀਰ ਦਾ ਪਹਿਰਾਵਾ ਪਹਿਨਿਆਂ ਸੀ। ਇਹ ਦੂਸਰਿਆਂ ਮਸੰਦਾਂ ਵਾਂਗ ਲੋਭੀ ਨਹੀਂ ਸੀ ਤੇ ਗੁਰੂ ਘਰ ਦਾ ਕਰ ਉਗਰਾਹ ਕੇ ਗੁਰੂ ਸਾਹਿਬ ਨੂੰ ਘਲ ਦਿਆ ਕਰਦਾ ਸੀ।

# ਸਾਧੂ ਗੋਦੜੀਆ

ਭਾਈ ਗੋਦੜੀਆ ਬਚਪਨ ਤੋਂ, ਭਾਈ ਗੋਰਾ ਜੋ ਸ੍ਰੀ ਹਰ ਰਾਇ ਸਾਹਿਬ ਜੀ ਦੇ ਮਾਮੇ ਸਨ ਇਨ੍ਹਾਂ ਪਾਸ ਰਹਿਣ ਤੇ ਆਪ ਬੜੀ ਡਾਢੀ ਕਮਾਈ ਵਾਲੇ ਬ੍ਰਹਮ ਗਿਆਨੀ ਸਾਦਾ ਲਿਬਾਸ ਦੀ ਮੌਜ ਵਿਚ ਖੇਲਣ ਲਗੇ "ਰੰਗਿ ਹਸਾਰੰਗ ਰੋਵਹਿ ਚੁਪ ਭੀ ਕਰ ਜਾਹਿ ਪਰਵਾਹ ਨਾਹੀ ਕਿਸੈ ਕੇਰੀ ਬਾਝੁ

Digitized by Panjab Digital Library | www.panjabdigilib.org

ਸਚੇ ਦੇ ਨਹਿ ਆਸਾ ਦੀ ਵਾਰਾਂ ਅਤੇ ਗੁਰੂ ਭਰੋਸੇ ਵਾਲੇ ਪੂਰਨ ਸਿੱਖ ਸਨ ਆਪ ਜੋ ਬਚਨ ਕਰਦੇ ਸੋ ਸਤ ਹੁੰਦੇ" ਆਪ ਦੇ ਬਚਨਾਂ ਵਿਚੋਂ ਕੁਝ ਨਮੂਨੇ ਮਾਤਰ ਸਾਖੀਆਂ ਪੇਸ਼ ਕਰਦੇ ਹਾਂ।

ਆਪ ਜਪ ਜੀ ਸਾਹਿਬ ਜੀ ਦੇ ੨੧ ਪਾਠ ਰੋਜ਼ ਕਰਿਆ ਕਰਦੇ ਸੀ ਅਤੇ ਨੇਕ ਕਮਾਈ ਕਰਦਾ ਹੁੰਦਾ ਸੀ। ਸ੍ਰੀ ਦਮਦਮੇ ਸਾਹਿਬ ਸ੍ਰੀ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਸੀ।

੧. ਭਾਈ ਭਗਤੂ ਦਾ ਪੁਤ੍ਰ ਜੀਉਣਾ ਸੀ ਜੋ ਆਪ ਦੇ ਖੇਤਾਂ ਵਿੱਚ ਕੰਮ ਕਰਦਾ ਹੋਇਆ (ਸੀਰੀਆਂ) ਕਾਮਿਆਂ ਨੂੰ ਘੂਰ ਰਿਹਾ ਸੀ ਇੰਨੇ ਨੂੰ ਸੰਤ ਗੋਦੜੀਆ ਅਚਾਨਕ ਹੀ ਉਧਰ ਚਲਾ ਗਿਅ ਅਤੇ ਜੀਉਣੇ ਨੂੰ ਕਹਿਣ ਲਗੇ ਕਾਕਾ ਕਿਉਂ ਝਿੜਕਦਾ ਹੈਂ।

ਉਸ ਸਮੇਂ ਜੀਉਣਾ ਕਰੋਧ ਵਿਚ ਆਇਆ ਹੋਇਆ ਸੀ। ਜਿਸ ਕਰਕੇ ਮਹਾਂ ਪੁਰਸ਼ਾਂ ਦਾ ਸਤਕਾਰ ਕਰਨਾ ਵੀ ਭੁਲ ਗਿਆ ਸ੍ਰੀ ਉਸ ਨੇ ਅਗੋਂ ਉਤਰ ਦਿੱਤਾ, ਤੁਸਾਂ ਨੂੰ ਰਾਜਨੀਤੀ ਦਾ ਕੀ ਪਤਾ ਹੈ ਜਾਉ ਭਜਨ ਕਰਓ। ਜੀਉਣੇ ਦੇ ਐਸੇ ਬਚਨ ਸੁਣਕੇ ਗੋਦੜੀਏ ਦੇ ਸੁਭਾਵਕ ਹੀ ਮੂੰਹੋਂ ਬਚਨ ਨਿਕਲਿਆ ਕਿਉਂ ਭਾਈ ਆਫਰਿਆ ਹੋਇਆ ਹੈਂ ਕੀ ਤੇਰਾ ਅਨ ਜਲ ਮੁਕ ਗਿਆ ਹੈ। ਏਹ ਬਚਨ ਕਰਕੇ ਸੰਤ ਗੋਦੜੀਆ ਜੀ ਚਲਾ ਗਿਆ। ਅਰ ਉਸ ਵਕਤ ਹੀ ਭਾਈ ਜੀਉਣੇ ਦਾ ਢਿਡ ਆਫਰ ਗਿਆ ਸੀ। ਏਸੇ ਆਫਰੇਮੇ ਦੇ ਕਾਰਣ ਜੀਉਣੇ ਦੀ ਮੌਤ ਹੋ ਗਈ।

੨. ਭਾਈ ਗੋਰਾ ਢੰਗਾ ਸੂਰਮਾ ਹੋਣ ਤੇ ਬਹੁਤ ਸਾਰੇ ਜੁਆਨ ਉਸਦੇ ਪਾਸ ਰਿਹਾ ਕਰਦੇ, ਇਸੇ ਬਲ ਦੇ ਕਾਰਨ ਇਕ ਦਿਨ ਗੋਰੇ ਨੇ ਬਠਿੰਡਾ ਲੁਟਣ ਵਾਸਤੇ ਪ੍ਰੋਗਰਾਮ ਬਣਾ ਕੇ ਤੁਰੇ ਤਾਂ ਸੰਤ ਗੋਦੜੀਆ ਜੀ ਮਿਲੇ ਤਾਂ ਬਚਨ ਕੀਤਾ ਕਿ ਬਠਿੰਡਾ ਲੁਟਣ ਨਾ ਜਾ, ਜੇ ਸ਼ਹਿਰ ਲੁਟੇਂਗਾ ਤਾਂ ਤੇਰੀ ਮੌਤ ਹੋ ਜਾਵੇਗੀ, ਇਹ ਲੁਟ ਤੇਰਾ ਕਾਲ ਹੈ। ਪਰ ਗੋਰੇ ਦੀ ਮੌਤ ਨੇੜੇ ਆਈ ਹੋਣ ਤੇ ਗੋਰੇ ਨੇ ਇਹ ਬਚਨ ਹੀ ਨਾ ਸੁਣਿਆ ਤਾਂ ਸ਼ਹਿਰ ਲੁਟਣ ਵਾਸਤੇ ਚਲਿਆ ਗਿਆ। ਬਠਿੰਡੇ ਵਿਚੋਂ ਬਹੁਤ ਸਾਰੀ ਲੁਟ ਕੀਤੀ। ਉਸ ਲੁਟ ਨੂੰ ਵੇਖ ਕੇ ਗੋਰੇ ਦੇ ਸਾਲੇ ਨੇ ਲਾਲਚ ਬਸ ਹੋ ਕੇ ਸੁਤੇ ਪਏ ਗੋਰੇ ਨੂੰ ਮੰਜੇ ਦੀ ਪੈਂਦ ਨਾਲ ਗਲ ਘੁਟ ਕੇ ਹੀ ਮਾਰ ਦਿਤਾ।

੩. ਸੰਤ ਜੀ ਜਿਸ ਕੰਮ ਨੂੰ ਕਰਨ ਲਗਦਾ ਸੀ ਉਸਨੂੰ ਕਰੀ ਜਾਣਾ ਤਾਂ ਇਕ ਦਿਨ ਮਹਾਂ ਮੂਰਖ ਜਟ ਨੇ ਉਸਨੂੰ ਫੜ ਕੇ ਹਾੜ੍ਹੀ ਵਢਣ ਲਾ ਲਿਆ ਗੋਦੜੀਆ ਹਾੜ੍ਹੀ ਵੱਢਣ ਲਗ ਗਿਆ। ਜਟ ਆਪ ਪਿੰਡ ਚਲਿਆ ਗਿਆ ਤੇ ਘਰ ਜਾ ਕੇ ਸੌਂ ਗਿਆ ਅਤੇ ਰੋਟੀ ਵੀ ਨਾ ਘਲੀ ਇੰਨੇ ਨੂੰ ਦਿਨ ਛਿਪ ਗਿਆ, ਗੋਦੜੀਆ ਹਾੜ੍ਹੀ ਵਢਣੋਂ ਨਾ ਹਟਿਆ। ਜਦ ਜਟ ਜਾ ਕੇ ਰੋਕਣ ਲਗਾ ਤਾਂ ਨਾ ਹਟਿਆ। ਏਧਰ ਜਟ ਦੇ ਘਰ ਔਂਦੇ ਨੂੰ ਤਿੰਨ ਪੁਤ੍ਰ ਇੱਕ ਧੀ ਤੇ ਘਰ ਵਾਲੀ (ਸਿੰਘਣੀ) ਸਾਰਾ ਟਬਰ ਮਾਰਿਆ ਪਿਆ ਦੇਖ ਕੇ ਰੋਣ ਪਿਟਣ ਲਗਾ ਤਾਂ ਕਿਸੇ ਸਿਆਣੇ ਆਖਿਆ ਸੰਤ ਗੋਦੜੀਆ ਨੂੰ ਹਾੜ੍ਹੀ ਵਢਣ ਲਾਉਣ ਦੇ ਕਾਰਨ ਸਾਰੀਆਂ ਮੌਤਾਂ ਹੋਈਆਂ ਹਨ ਤਾਂ ਸਾਰੇ ਪਿੰਡ ਨੇ ਖੇਤ ਵਿਚ ਜਾ ਕੇ ਬੇਨਤੀ ਕਰਕੇ ਹਥ ਵੰਨ੍ਹੇ ਤੇ ਮਿਨਤਾਂ

Digitized by Panjab Digital Library | www.panjabdigilib.org

ਨਾਲ ਹਥ ਵਿਚੋਂ ਦਾਤ੍ਰੀ ਫੜੀ।

੪. ਇਕ ਦਿਨ ਗੋਦੜੀਏ ਦੇ ਪੁਤ੍ਰਾਂ ਨੇ ਸੰਤ ਜੀ ਨੂੰ ਸਰੋਂ ਵਢਣ ਭੇਜ ਦਿਤਾ ਮੀਂਹ ਪੈਣ ਤੇ ਮੁੰਡੇ ਆਪ ਨਾ ਗਏ। ਤਾਂ ਗੋਦੜੀਆ ਸਰੋਂ ਵਢੀ ਗਿਆ ਉਸਦੀ ਰੋਟੀ ਦਾ ਕਿਸੇ ਖਿਆਲ ਨਾ ਕੀਤਾ। ਸੰਤ ਜੀ ਦੇ ਹਮ ਜਮਾਤੀ ਨੇ ਆ ਕੇ ਬੇਨਤੀ ਕੀਤੀ ਕਿ ਸੰਤ ਜੀ ਕੀ ਕਰਦੇ ਹੋ ਤਾਂ ਸੰਤ ਜੀ ਨੇ ਉਤਰ ਦਿਤਾ ਕਿ ਪੁਤ੍ਰਾਂ ਦੀਆਂ ਜੜਾਂ ਪੁਟ ਰਿਹਾ ਹਾਂ। ਬਸ ਹੁਣ ਕੀ ਸਾਧ ਬਚਨ ਅਟਲਾਧਾ। ਇਹ ਬਚਨ ਸੁਣ ਕੇ ਪੁਛਣ ਵਾਲਾ ਬਹੁਤ ਹੀ ਹੈਰਾਨ ਤੇ ਸ਼ਰਮਿੰਦਾ ਹੋਇਆ ਕਿ ਕਿਤੇ ਮੈਨੂੰ ਵੀ ਐਸਾ ਬਚਨ ਨ ਕਰ ਦੇਣ ਹੁਣ ਕੀ ਹੋਇਅ' ਸੰਤ ਗੋਦੜੀਆ ਦੇ ਤਿੰਨ ਪੁਤ੍ਰ ਸਨ ਤਿੰਨੇ ਹੀ ਇਕ ਲਖਤ ਮਰ ਗਏ। ਪਰ ਸੰਤ ਜੀ ਨੇ ਕੋਈ ਅਫਸੋਸ ਨਹੀਂ ਕੀਤਾ ਉਹ ਤਾਂ ਰੰਗ ਹਸਾ ਰੰਗ ਰੋਵਾ ਵਾਲੀ ਖੇਡ ਵਿਚ ਖੇਡਦੇ ਰਹਿੰਦੇ ਐਸੇ ਵਰ, ਤੇ ਸਰਾਫ ਹੋਰ ਬਹੁਤ ਸਾਰੇ ਹਨ ਇਹ ਨਮੂਨੇ ਮਾਤ੍ਰ ਦਿਤੇ ਹਨ। ਗੋਦੜੀਆ ਤਿਆਗੀ ਬਿਰਾਗੀ, ਰਾਗ ਦੇਖ ਤੋਂ ਨਿਰਲੇਪ ਜਗਤ ਵਿਚ ਰਹਿੰਦਾ ਜਗਤ ਨੂੰ ਮਿਥਿਆ ਮੰਨਦਾ ਸੀ। ਇਸ ਵਡਭਾਗੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸੇਵਾ ਕਰਨ ਦਾ ਸੁਭਾਗ ਸਮਾਂ ਪਰਾਪਤ ਹੋਇਆ ਸੀ।

## ਘੁੰਘਣੀਆਂ ਸਿੰਘ

ਮਾਲਵੇ ਦੀ ਪਵਿੱਤ੍ਰ ਧਰਤੀ ਨੂੰ ਭਾਗ ਲਾਉਂਦੇ ਹੋਏ ਗੁਰੂ ਦਸ਼ਮੇਸ਼ ਜੀ ਪਿੰਡ ਭਗਤੇ ਗਏ ਤਾਂ ਗੁਰੂ ਘਰ ਦਾ ਇਕ ਪ੍ਰੇਮੀ ਸਿੱਖ ਆਪਣੇ ਛੋਟੇ ਲੜਕੇ ਦੇ ਸਿਰ ਪਰ ਘੁੰਘਣੀਆਂ (ਬਕਲੀਆਂ) ਰਖ ਕੇ ਭੇਟ ਕਰਨ ਆਇਆ। ਗੁਰੂ ਜੀ ਨੇ ਪੁਛਿਆ ਲੜਕੇ ਦਾ ਨਾਉਂ ਕੀ ਹੈ ? ਸਿਖ ਨੇ ਬੇਨਤੀ ਕੀਤੀ ਮਹਾ-ਰਾਜ ਇਸਦਾ ਨਾਮ ਤਾਂ ਅਜੇ ਰੱਖਣਾ ਹੈ। ਗੁਰੂ ਜੀ ਨੇ ਇਸ ਬੱਚੇ ਨੂੰ ਅੰਮ੍ਰਿਤ ਛਕਾਇਆ ਤੇ ਇਸਦਾ ਨਾਮ ਘੁੰਘਣੀਆਂ ਸਿੰਘ ਹੀ ਰਖ ਦਿੱਤਾ। ਅਗੇ ਚਲਕੇ ਇਹ ਲੜਕਾ ਗੁਰੂ ਘਰ ਦਾ ਪ੍ਰਸਿਧ ਸੇਵਕ ਬਣਿਆ।

## ਸ੍ਰ: ਚੜ੍ਹਤ ਸਿੰਘ ਜੀ

ਆਪ ਬਾਬਾ ਦਾਨ ਸਿੰਘ ਜੀ ਦੇ ਵਡੇ ਭਰਾਤਾ ਤੇ ਪਿੰਡ ਮਹਿਮਾ ਸਰਜਾ ਦੇ ਰਹਿਣ ਵਾਲੇ ਸਨ। ਜਵਾਨ ਹੁੰਦੇ ਹੀ ਆਪ ਦਸਮ ਪਾਤਸ਼ਾਹ ਜੀ ਦਾ ਯਸ਼ ਸੁਣ ਕੇ ਸ੍ਰੀ ਅਨੰਦਪੁਰ ਸਾਹਿਬ ਚਲੇ ਗਏ ਅਤੇ ਅੰਮ੍ਰਿਤਪਾਨ ਕਰਕੇ ਤਨ ਮਨ ਧਨ ਸਤਿਗੁਰੂ ਜੀ ਦੇ ਅਰਪਣ ਕਰ ਦਿੱਤਾ ਤੇ ਬਾਕੀ ਦਾ ਜੀਵਨ ਗੁਰੂ ਜੀ ਦੀ ਹਜ਼ੂਰੀ ਵਿੱਚ ਰਹਿ ਕੇ ਬਿਤਾਇਆ। ਮੁਕਤਸਰ ਦੇ ਜੰਗ ਵਿਚ ਆਪ ਨੇ ਬੜੀ ਬਹਾਦਰੀ ਵਿਖਾਈ ਸੀ। ਸ੍ਰ: ਚੜ੍ਹਤ ਸਿੰਘ ਜੀ ਨਾਲ ਦਸ਼ਮੇਸ਼ ਪਿਤਾ ਬਹੁਤ ਪਿਆਰ ਕਰਦੇ ਸਨ ਅਤੇ ਆਪ ਨੂੰ ਹਮੇਸ਼ਾ ਆਪਣੀ ਅਰਦਲ ਵਿੱਚ ਰਖਦੇ ਸਨ।

## ਟੋਡਰ ਮਲ ਜੀ

ਇਹ ਸਰਹਿੰਦ ਦੇ ਰਹਿਣ ਵਾਲਾ ਇਕ ਸ਼ਾਹੂਕਾਰ ਸੀ ਇਸ ਨੇ ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਛੋਟੇ

Digitized by Panjab Digital Library | www.panjabdigilib.org

ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਪਿਛੋਂ ਮਾਤਾ ਗੁਜਰੀ ਦੀ ਸੇਵਾ ਕੀਤੀ ਅਤੇ ਧੀਰਜ ਦਿਤਾ ਸਾਹਿਬ-ਜ਼ਾਦਿਆਂ ਦੇ ਸਸਕਾਰ ਵਾਸਤੇ ਮੋਹਰ ਨਾਲ ਮੋਹਰ ਰਖ ਕੇ ਜ਼ਮੀਨ ਖਰੀਦੀ ਤੇ ਉਸ ਵਿੱਚ ਸਾਹਿਬਜ਼ਾਦਿਆਂ ਦਾ ਹਥੀਂ ਸਿਸਕਾਰ ਕੀਤਾ ਇਸਦੇ ਸਦਕਾ ਇਸ ਦਾ ਨਾਂ ਸਿਖ ਇਤਿਹਾਸ ਵਿੱਚ ਬੜਾ ਸਤਕਾਰਿਆ ਜਾਂਦਾ ਹੈ ਤੇ ਸਰਹਿੰਦ ਦੀ ਤਬਾਹੀ ਵੇਲੇ ਇਸ ਦੇ ਮਹਿਲੇ ਦੀ ਤਬਾਹੀ ਨਹੀਂ ਕੀਤੀ ਜੋ ਹੁਣ ਟੋਡਰ ਮਲ ਦੀਹਵੇਲੀ ਕਰਕੇ ਪ੍ਰਸਿਧ ਹੈ।

## ਚੌਧਰੀ ਡੱਲਾ ਸਿੰਘ (ਤਲਵੰਡੀ)

ਇਹ ਸਾਬੋ ਦੀ ਤਲਵੰਡੀ ਦਾ ਸਰਦਾਰ ਸੀ। ਗੁਰੂ ਘਰ ਦਾ ਪ੍ਰੇਮੀ ਸੀ। ਸੰਮਤ ੧੭੬੨-੬੩ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੂੰ ਇਸਨੇ ਆਪਣੇ ਘਰ ਠਹਿਰਾਇਆ ਤੇ ਡਾਢੇ ਪ੍ਰੇਮ ਨਾਲ ਸੇਵਾ ਕੀਤੀ। ਜਿਥੇ ਗੁਰੂ ਸਾਹਿਬ ਜੀ ਠਹਿਰੇ ਸਨ, ਏਥੇ ਹੀ ਗੁਰਦਵਾਰਾ ਦਮੰਦਮਾ ਸਾਹਿਬ ਬਣਿਆ ਹੋਇਆ ਹੈ। ਇਹ ਪਵਿਤ੍ਰ ਅਸਥਾਨ ਮਾਲਵੇ ਦਾ ਪ੍ਰਸਿਧ ਤੀਰਥ ਹੈ ਤੇ ਗੁਰੂ ਪੰਥ ਦਾ ਚੌਥਾ ਤਖਤ ਹੈ।

ਡੱਲੇ ਨੂੰ ਸੰਬੋਧਨ ਕਰਕੇ ਕਲਗੀਧਰ ਨੇ ਮਾਲਵੇ ਨੂੰ ਕਈ ਬਖਸ਼ਿਸ਼ਾਂ ਦਖਸ਼ੀਆਂ ਸਨ। ਗੁਰੂ ਸਾਹਿਬ ਨੇ ਕਿਹਾ ਸੀ 'ਡੱਲਿਆ ਇਸ ਧਰਤੀ ਨੂੰ ਭਾਗ ਲੱਗਣਗੇ। ਏਥੇ ਨਹਿਰਾਂ ਚਲਣਗੀਆਂ ਅੰਬ ਲੱਗਣਗੇ ਤੇ ਬੇਅੰਤ ਕਣਕ ਪੈਦਾ ਹੋਵੇਗੀ।

ਇਸ ਅਨਿੰਨ ਸੇਵਕ ਨੇ ਦਸਮੇਸ਼ ਪਿਤਾ ਜੀ ਤੋਂ ਅੰਮ੍ਰਿਤ ਛਕਿਆ ਸੀ। ਇਸ ਦਾ ਨਾਮ* ਡੱਲਾ ਸਿੰਘ ਰੱਖਿਆ ਗਿਆ।

ਸਿਖੀ ਸਿਦਕ ਦੀ ਅਜ਼ਮਾਇਸ਼ ਕਰਨ ਵਾਲੀ ਪ੍ਰਸਿਧ ਸਾਖੀ ਵੀ ਡੱਲੇ ਦੇ ਨਾਮ ਨਾਲ ਸੰਯੁਕਤ ਹੈ ਜੋ ਇਸ ਪ੍ਰਕਾਰ ਹੈ। ਦਸ਼ਮੇਸ਼ ਜੀ ਜਦ ਇਸ ਦੇ ਪਾਸ ਆਏ ਤਾਂ ਅਨੰਦ ਪੁਰ ਸਾਹਿਬ ਛੱਡਣ ਤੇ ਸ੍ਰੀ ਚਮਕੌਰ ਸਾਹਿਬ ਦੇ ਧਰਮ ਯੁੱਧ ਦਾ ਹਾਲ ਸੁਣਕੇ ਇਹ ਕਹਿਣ ਲਗਾ ਮਹਾਰਾਜ ਆਪਣੇ ਇਸ ਸੇਵਕ ਨੂੰ ਯਾਦ ਨ ਕੀਤਾ ਮੇਰੇ ਬਹਾਦਰ ਸਿੰਘ ਹੀ ਯਵਨਾਂ ਦੇ ਛੱਕੇ ਛੁਡਾ ਦਿੰਦੇ। ਡੱਲੇ ਨੂੰ ਹੰਕਾਰ ਵਿਚ ਗੁਸਿਆ ਵੇਖਕੇ ਇਕ ਦਿਨ ਗੁਰੂ ਜੀ ਨੇ ਫੁਰਮਾਇਆ। ਡਲਿਆ। ਇਕ ਸਿੱਖ ਨੇ ਨਵੀਂ ਕਿਸਮ ਦੀ ਬੰਦੂਕ ਲਿਆਂਦੀ ਹੈ ਇਸ ਦਾ ਨਿਸ਼ਾਨਾ ਪਰਖਕੇ ਵੇਖਣਾ ਹੈ ਆਪਣੇ ਯੋਧਿਆਂ ਨੂੰ ਬੁਲਾ ਲਿਆ। ਚੌਧਰੀ ਡੱਲਾ ਆਪਣੇ ਸਿਪਾਹੀਆਂ ਨੂੰ ਬੁਲਾਣ ਗਿਆ ਤਾਂ ਉਹ ਅਗੋਂ ਹੁੱਜਤਾਂ ਕਰਨ ਲੱਗ ਪਏ। ਨਿੰਮੋਝੂਣਾ ਹੋਕੇ ਡੱਲਾ ਵਾਪਸ ਆ ਗਿਆ। ਗੁਰੂ ਸਾਹਿਬ ਨੇ ਫੁਰਮਾਇਆ ਤਬੇਲੇ ਵਿਚ ਸਾਡੇ ਦੋ ਸਿੰਘ ਹਨ ਉਹਨਾਂ ਨੂੰ ਸਦ ਲਿਆ। ਜਦ ਡੱਲੇ ਨੇ ਉਨ੍ਹਾਂ ਨੂੰ ਜਾਕੇ ਦਸਿਆ ਕਿ ਗੁਰੂ ਜੀ ਇਕ ਸਿਖ ਦੀ ਛਾਤੀ ਵਿਚ ਗੋਲੀ ਮਾਰਕੇ ਬੰਦੂਕ ਦਾ ਨਿਸ਼ਾਨਾ ਪ੍ਰਖਣਾ ਚਾਹੁੰਦੇ ਹਨ ਤਾਂ ਉਹ ਦੋਵੇ ਸਿਖ ਇਕ ਦੂਜੇ ਤੋਂ ਅਗੇ ਹੋਣ ਦਾ ਯਤਨ ਕਰਨ ਲੱਗੇ। ਗੁਰੂ ਜੀ ਨੇ ਕਿਹਾ ਡੱਲਿਆ ਸਾਡੇ ਸਿੰਘ ਨੂੰ ਮੌਤ ਦਾ ਭੈ ਨਹੀਂ। ਇਹ ਹਰ ਸਮੇਂ

---

* ਤਲਵੰਡੀ ਵਿੱਚ ਡੱਲਾ ਸਿੰਘ ਨੂੰ ਬਖਸ਼ੀਆਂ ਗੁਰਵਸਤੂਆਂ, ਉਸਦੀ ਔਲਾਦ ਸਰਦਾਰ ਸ਼ਮਸ਼ੇਰ ਸਿੰਘ ਪਾਸ ਇਹ ਹਨ:-ਇਕ ਖੜਕ, ਦੋ ਦਸਤਾਰਾਂ, ਦੋ ਚੋਲੇ ਦੋ ਪਜਾਮੇ, ਇਕ ਬਾਜ਼ ਦਾ ਡੋਰਾ। ਇਨ੍ਹਾਂ ਵਸਤਾਂ ਦਾ ਦਰਸ਼ਨ ਹਰ ਚਾਨਣੀ ਦਸਮੀ ਤੇ ਵਿਸਾਖੀ ਵਾਲੇ ਦਿਨ ਹੁੰਦਾ ਹੈ।

Digitized by Panjab Digital Library | www.panjabdigilib.org

ਕੁਰਬਾਨ ਹੋਣ ਲਈ ਤਿਆਰ ਰਹਿੰਦੇ ਹਨ ਇਹ ਸੁਣ ਕੇ ਡਲੇ ਦਾ ਹੰਕਾਰ ਟੁਟ ਗਿਆ ਤੇ ਉਹ ਗੁਰੂ ਜੀ ਦੇ ਚਰਨਾਂ ਪਰ ਢਹਿ ਪਿਆ । ਜਿਥੇ ਨਸ਼ਾਨਾ ਪਰਖਿਆ ਸੀ ਉਸ ਜਗ੍ਹਾ ਦੋਹਾਂ ਸਿੰਘਾਂ ਭਾਈ ਸਿੰਘ, ਭਾਈ ਧੀਰ ਸਿੰਘ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ ।

## ਦੀਨੇ ਦੀ ਚੌਧਰੀ

ਲਖਮੀਰ ਤੇ ਸ਼ਮੀਰ ਤੇ ਤਖਤ ਮਲ ਇਹ ਤਿੰਨੇ ਸਕੇ ਭਰਾ ਸਨ ਇਨ੍ਹਾਂ ਦੀ ਬਹਾਦਰੀ ਤੇ ਚੌਧਰ ਦਾ ਜਸ ਸਾਰੇ ਇਲਾਕੇ ਵਿਚ ਫੈਲਿਆ ਹੋਇਆ ਸੀ ਕਿਉਂਕਿ ਇਨਾਂ ਦਾ ਬਜ਼ੁਰਗ ਬਾਬਾ ਰਾਏ ਜੋ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਸੇਵਾ ਵਿਚ ਰਹਿਣ ਤੇ ਵਡੇ ਸੂਰਮਿਆਂ ਦੀ ਕਤਾਰ ਵਿਚ ਗਿਣਿਆ ਗਿਆ ਜਿਸ ਨੇ ਗੁਰੂ ਸਰ (ਮਰਾੜ) ਦੇ ਜੰਗ ਵਿਚ ਬੜੀ ਦਲੇਰੀ ਦਿਖਾਈ ਜਿਸ ਤੋਂ ਸ੍ਰੀ ਗੁਰੂ ਜੀ ਨੇ ਪ੍ਰਸੰਨ ਹੋਕੇ ਵਰ ਦਿਤਾ ਤੇਰੇ ਘਰ ਸਭ ਬਰਕਤਾਂ ਰਹਿਣ ਗੀਆਂ ਇਸ ਕਰਕੇ ਭਾਈ ਤਖਤ ਮਲ ਭੀ ਗੁਰੂ ਜੀ ਦੇ ਜੰਗਾਂ ਦਾ ਸ਼ੌਕੀ ਤੇ ਗੁਰੂ ਚਰਨਾਂ ਤੋਂ ਆਪਾ ਵਾਰਨ ਵਾਲਾ ਹੋਣ ਤੇ ਬੰਦਾ ਬਹਾਦਰ ਦੇ ਸਰਹੰਦ ਉਜਾੜਨ ਵਿਚ ਪੂਰਾ ਹਿਸਾ ਲਿਆ ਅਤੇ ਗੁਰੂ ਦਰੋਹੀਆਂ ਨੂੰ ਦੰਡ ਦੇ ਕੇ ਮੰਨ ਸਾਂਤ ਕੀਤਾ ।

## ਦਿਆਲ ਪੁਰੀ

ਸੀਤਲ ਪਰੀ ਸਨਿਆਸੀ ਦਾ ਚੇਲਾ, ਜਿਹੜਾ ਸਰਹਿੰਦ ਰਹਿੰਦਾ ਸੀ, ਸਾਹਿਬ ਜ਼ਾਦਿਆਂ ਦਾ ਸ਼ਹੀਦ ਹੋਣਾ ਦੇਖਕੇ ਅਤੇ ਸਰਹੰਦ ਉਪਰ ਆਉਣ ਵਾਲੀ ਬਿਪਤਾ ਜਾਣਕੇ, ਇਹ ਦਸਮੇਸ਼ ਜੀ ਪਾਸ ਦੀਨੇ ਪਿੰਡ ਪੁਜਾ, ਦਸਮੇਸ਼ ਜੀ ਨੇ ਏਸ ਦੀ ਬੇਨਤੀ ਪਰ ਹੁਕਮ ਦਿਤਾ, ਕਿ ਤੇਰਾ ਮਹਲਾ ਤੇ ਡੇਰਾ ਖਾਲਸਾ ਦਲ ਤੋਂ ਬਚ ਜਾਵੇਗਾ ।

## ਸ੍ਰੀ ਮਾਨ ਭਾਈ ਦਾਨ ਸਿੰਘ ਜੀ

ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ

ਆਪ ਜੀ ਪਿੰਡ ਮਹਿਮਾਂ ਸਰਜਾ ਰਿਆਸਤ ਫਰੀਦਕੋਟ ਦੇ ਰਹਿਣ ਵਾਲੇ ਸਨ, ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ ਦੀਨੇ ਕਾਂਗੜ ਵਿਚ ਆ ਰਹੀ ਸ਼ਾਹੀ ਸੈਨਾ ਦੇ ਟਾਕਰੇ ਦੀਆਂ ਤਿਆਰੀਆਂ ਕਰ ਰਹੇ ਸਨ, ਤਦ ਭਾਈ ਦਾਨ ਸਿੰਘ ਜੀ ਵੀ ਬਹੁਤ ਸਾਰੇ ਬੈਰਾੜ ਸਿੰਘਾਂ ਨੂੰ ਨਾਲ ਲੈ ਕੇ ਹਾਜ਼ਰ ਹੋਇਆ, ਸ੍ਰੀ ਦਸਮੇਸ਼ ਜੀ ਤੋਂ ਅੰਮ੍ਰਿਤ ਪਾਨ ਕਰਕੇ ਗੁਰੂ ਜੀ ਦੀ ਖਾਲਸਾ ਫੌਜ ਵਿਚ ਭਰਤੀ ਹੋ ਗਿਆ, ਤੇ ਸਤਿ ਗੁਰੂ ਜੀ ਦੇ ਨਾਲ ਰਹਿ ਕੇ ਮੁਕਤਸਰ ਦੇ ਜੁਧ ਵਿਚ ਬਹੁਤ ਬਹਾਦਰੀ ਵਿਖਾਈ ।

ਜਦ ਸਤਿ ਗੁਰੂ ਜੀ ਮੁਕਤਸਰ ਦੇ ਜੁਧ ਪਿਛੋਂ ਬੈਰਾੜਾਂ ਦੇ ਪ੍ਰਗਣੇ ਨੂੰ ਲੰਘ ਕੇ ਸ੍ਰੀ ਦਮਦਮਾ ਸਾਹਿਬ ਨੂੰ ਜਾ ਰਹੇ ਸਨ ਤਾਂ, ਭਾਈ ਦਾਨ ਸਿੰਘ ਦੇ ਸਾਥੀ ਬੈਰਾੜ ਭਾਈਆਂ ਨੇ ਸਤਿ ਗੁਰੂ ਜੀ ਦੇ ਘੋੜੇ ਦੀਆਂ ਵਾਗਾਂ ਫੜ ਲਈਆਂ ਤੇ ਕਿਹਾ ਕਿ ਸਾਡੀ ਤਨਖਾਹ ਦੇ ਕੇ ਆਪ ਅਗੇ ਜਾ ਸਕਦੇ ਹੋ, ਸਤਿ ਗੁਰਾਂ ਨੇ ਬਹੁਤ ਸਮਝਾਇਆ ਕਿ ਗੁਰੂ ਦਾ ਖਜ਼ਾਨਾ ਜੁਧਾਂ ਜੰਗ ਵਿਖੇ ਬਹੁਤ ਖਰਚ ਹੋਇਆ ਹੈ, ਤੇ ਗੋਲਕ ਮਸਤਾਨੀ ਹੈ, ਪਰ ਉਹ ਆਪਣੇ ਹਠ ਤੇ ਅੜੇ ਰਹੇ, ਸਤਿ ਗੁਰਾਂ ਅਜਿਹਾ ਕੌਤਕ ਵਰਤਾਇਆਂ, ਕਿ ਇਕ ਸਿੰਘ ਮੋਹਰਾਂ ਦੀ ਲਦੀ ਖਚਰ ਲੈ ਕੇ ਆ ਗਿਆ, ਤਾਂ ਸਤਿ ਗੁਰਾਂ ਨੇ ਅਠ ਆਨੇ ਸਵਾਰ ਤੇ ਚਾਰ

Digitized by Panjab Digital Library | www.panjabdigilib.org

ਆਨੇ ਪੈਦਲ ਦੇ ਹਿਸਾਬ ਤਨਖਾਹਾਂ ਦਿਤੀਆਂ (ਬਾਕੀ ਦੀ ਮਾਇਆ ਦਬ ਦਿਤੀ, ਜਦ ਪਿਛੋਂ ਬੈਰਾੜ ਕਢਣ ਆਏ ਤਾਂ ਉਨਾਂ ਨੂੰ ਉਹ ਮਾਇਆ ਮਿਲੀ ਨਹੀਂ) ਜਦ ਸਾਰਿਆਂ ਨੂੰ ਤਨਖਾਹ ਦੇ ਰਹ ਸਨ ਤਾਂ ਭਾਈ ਦਾਨ ਸਿੰਘ ਨੂੰ ਵਾਜ ਮਾਰੀ, ਤਦ ਭਾਈ ਦਾਨ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, ਕਿ ਸਤਿ ਗੁਰੂ ਜੀ ਮੈਨੂੰ ਇਸ ਝੂਠੀ ਮਾਇਆ ਦੀ ਲੋੜ ਨਹੀਂ, ਜੇ ਤਰੁਠੇ ਹੋ ਤਾਂ ਆਪ ਦੀ ਪਿਆਰੀ ਸਿਖੀ ਬਖਸ਼ੋ ਅਤੇ ਇਲਾਕੇ ਵਿਚ ਵਰਖਾ ਕਰਵਾਕੇ ਇਲਾਕੇ ਦਾ ਕਾਲ ਦੂਰ ਕਰੋ ਤੂੰ ਦਾਤਾ ਦਾਤਾਰ ਤੇਰਾ ਦਿਤਾ ਖਾਵਣਾ ਤਦ ਸਤਿ ਗੁਰੂ ਅਰਸ਼ਾਂ ਕੁਰਸ਼ਾਂ ਦੇ ਵਾਲੀ ਨੇ ਆਪਣੇ ਅੰਮ੍ਰਿਤ ਭਿੰਨੇ ਨੈਣ ਆਸਮਾਨ ਵਲ ਉਤਾਂਹ ਨੂੰ ਕੀਤੇ ਤੇ ਤੀਰ ਕਸਿਆ, ਇਤਹਾਸ ਵਿਚ ਲਿਖਿਆ ਹੈ ਕਿ ਬਾਰਸ਼ ਹੋਣ ਲਗ ਗਈ ਤਦ ਗੁਰੂ ਕਲਗੀਧਰ ਜੀ ਨੇ ਭਾਈ ਦਾਨ ਸਿੰਘ ਨੂੰ ਫਰਮਾਇਆ ਕਿ ਮਾਝੇ ਦੀ ਸਿਖੀ ਭਾਈ ਮਹਾਂ ਸਿੰਘ ਨੇ ਰਖੀ ਤੇ ਬੈਰਾੜਾਂ ਦੀ ਸਿਖੀ ਭਾਈ ਦਾਨ ਸਿੰਘ ਤੂੰ ਰਖ ਲਈ ਹੈ।

ਭਾਈ ਸਾਹਿਬ ਦਾਨ ਸਿੰਘ ਜੀ ਨੇ ਸਤਿਗੁਰਾਂ ਦੇ ਚਰਨ ਫੜ ਲਏ ਤੇ ਕਲਗੀਧਰ ਦਾ ਸਿਦਕੀ ਸਿਖ ਬਣਿਆ, ਅਤੇ ਰਾਤ ਨੂੰ ਬਰਾੜ ਮਾਇਆ ਕਢਣ ਆਏ ਤਾਂ ਨਾ ਲਬੀ ਝੂਠੇ ਹੋਕੇ ਮੁੜ ਗਏ ਦੂਜੇ ਦਿਨ ਸਤਿ ਗੁਰੂ ਜੀ ਨੇ ਪੁਛਿਆ ਤਾਂ ਨੀਮੀ ਪਾਕੇ ਬੈਠ ਗਏ ਜਿਸ ਥਾਂ ਇਹ ਕੌਤਕ ਵਰਤਾਇਆ ਸੀ, ਉਸ ਥਾਂ ਹੁਣ ਪਵਿੱਤ੍ਰ ਯਾਦਗਾਰ 'ਗੁਪਤਸਰ' ਨਾਮ ਦਾ ਗੁਰਦੁਆਰਾ ਬਣਿਆ ਹੋਇਆ ਹੈ।

## ਭਾਈ ਦਰਬਾਰਾ ਸਿੰਘ (ਸਰਹਿੰਦ ਨਿਵਾਸੀ)

ਇਹ ਸਰਹਿੰਦ ਸ਼ਹਿਰ ਦਾ ਰਹਿਣ ਵਾਲਾ ਸੀ ਤੇ ਇਸ ਦਾ ਜਨਮ ਬਾਣੀਆ ਖਾਨਦਾਨ ਵਿੱਚ ਹੋਇਆ ਪ੍ਰੰਤੂ ਗੁਰੂ ਜੀ ਦੀ ਸ਼ਰਨ ਵਿਚ ਜਾ ਕੇ ਜਦ ਇਸ ਨੇ ਖੰਡੇ ਦਾ ਅੰਮ੍ਰਿਤ ਪਾਨ ਕਰ ਲਿਆ ਤਾਂ ਬੜਾ ਸੂਰਬੀਰ ਪ੍ਰਸਿੱਧ ਹੋਇਆ। ਸ੍ਰੀ ਅਨੰਦ ਪੁਰ ਦੇ ਜੰਗ ਵਿੱਚ ਇਸਨੇ ਐਸੀ ਅਦੁਤੀ ਬਹਾਦਰੀ ਵਿਖਾਈ ਕਿ ਆਪਣੇ ਤੇ ਬੇਗਾਨੇ ਸਭ ਹੈਰਾਨ ਹੋ ਗਏ। ਧਰਮ ਯੁਧ ਵਿਚ ਲੜਕੇ ਆਪ ਨੇ ਵੀਰਗਤੀ ਪ੍ਰਾਪਤ ਕੀਤੀ ਅਤੇ ਇਤਹਾਸ ਵਿੱਚ ਆਪਣਾ ਨਾਮ ਹਮੇਸ਼ਾਂ ਲਈ ਅਮਰ ਕਰ ਦਿੱਤਾ।

## ਦਿਆਲ ਦਾਸ

ਆਪ ਭਾਈ ਭਗਤੂ ਦੇ ਪੋਤੇ ਤੇ ਗੌਰੇ ਦੇ ਪੁਤਰ ਸਨ, ਜੋ ਭੁਚੋਂ ਪਿੰਡ ਵਿਚ ਰਹਿੰਦੇ ਸਨ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਮਦਮੇ ਆਏ ਤਾਂ ਆਪ ਸੇਵਾ ਵਿਚ ਹਾਜ਼ਰ ਹੋਇਆ।
ਮਹਾਂਰਾਜ ਦੇ ਦਸਤ ਕੰਵਲਾਂ ਤੋਂ ਅੰਮ੍ਰਿਤ ਛੱਕ ਕੇ ਸਿੰਘ ਸਜਿਆ।

## ਦਯਾ ਰਾਮ ਬਹਾਦਰ

ਇਹ ਪਿੰਡ ਦਾਸੀ (ਜ਼ਿਲਾ ਅੰਬਾਲਾ) ਦਾ ਪਿਤਾ ਜਾਤੀ ਮਲਕ ਬ੍ਰਹਮ ਦੇ ਘਰ ਜਨਮ ਹੋਇਆ। ਅਰ ਏਸ ਨੇ ਸੰਨ ੧੭੫੬ ਵਿਖੇ ਸ੍ਰੀ ਦਸਮੇਸ਼ ਜੀ ਤੋਂ ਖੰਡੇ ਦਾ ਅੰਮ੍ਰਿਤ ਪਾਨ ਕਰਕੇ ਸਿਖ ਪੰਥ ਵਿਚ ਪ੍ਰਵੇਸ਼ ਤੇ ਸ੍ਰੀ ਕਲਗੀਧਰ ਜੀ ਦੀ ਥਾਪਨਾ ਨਾਲ ਬਹਾਦਰਾਂ ਦੀ ਲੜੀ ਵਿੱਚ ਹੋਣ ਕਰਕੇ ਭੰਗਾਣੀ ਦੇ ਜੰਗ ਵਿਚ

Digitized by Panjab Digital Library | www.panjabdigilib.org

ਬਹਾਦਰੀ ਨਾਲ ਸ਼ਤਰੂਆਂ ਨੂੰ ਹਥ ਦਖਾਏ। ਏਸ ਕਰਕੇ ਸ੍ਰੀ ਗੁਰੂ ਜੀ ਨੇ ਬਿਚਤ੍ਰ ਨਾਟਕ ਵਿਖੇ ਲਿਖਿਆ ਹੈ ॥

ਕੁਪਯੋ ਦੇਵ ਤੇਸੰ ਦਯਾ ਰਾਮ ਜੁਧੰ,
ਕਿਯੋ ਦ੍ਰੋਵ ਜਯੋ ਮਹਾਂ ਜੁਧ ਸੁੱਧੰ।

## ਦਲ ਸ਼ਿੰਗਾਰ

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਰੀ ਦਾ ਇਕ ਖਾਸ ਘੋੜਾ, ਜੋ ਸ੍ਰ. ਕਪੂਰ ਸਿੰਘ ਬੈਰਾੜ ਨੇ ਗਿਆਰਾ ਸੌ ਰੁਪਈਏ ਨੂੰ ਖਰੀਦ ਕੇ ਸਤਿਗੁਰ ਦੀ ਸਵਾਰੀ ਲਈ ਆਨੰਦ ਪੁਰ ਭੇਜਿਆ ਸੀ।

ਜੰਗਲ ਬਿਪੈ ਕਪੂਰਾ ਜਾਟ,
ਕੇਤਿਕ ਗ੍ਰਾਮਨ ਕੋ ਪਤਿ ਠਾਠ,
ਇਕ ਸੈ ਇਕ ਹਜ਼ਾਰ ਧਨ ਦੇ ਕੇ।
ਚੰਚਲ ਬਲੀ ਤੁਰੰਗਮ ਲੈਕੇ।
ਸੋ ਹਜ਼ੂਰ ਮੈਂ ਦਯੋ ਪਚਾਈ।
ਦੇਖਿਓ ਬਹ ਬਲ ਸੋਂ ਚਪਲਾਈ।
ਆਪਨੇ ਚਢਬੇ ਹੇਤ ਬੰਧਾਯੋ।
ਦਲ ਸਿੰਗਾਰ ਤਿੰਹ ਨਾਮ ਬਤਾਯੋ।

ਦਲ ਵਿਦਾਰ ਘੋੜਾ ਇਸ ਤੋਂ ਵਖ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸਵਾਰੀ ਦਾ ਇਕ ਖਾਸ ਘੋੜਾ ਅਨੰਦ ਪੁਰ ਦੇ ਕਈ ਜੰਗਾਂ ਵਿੱਚ ਦਸਮੇਸ਼ ਇਸ ਤੇ ਸਵਾਰ ਹੋਕੇ ਜੰਗ ਕਰਦੇ ਰਹੇ ਹਨ।

## ਸ੍ਰ: ਮਲ ਸਿੰਘ ਮੋੜ (ਦਲਪਤ ਦਲ ਦਾ ਮੋਹਰੀ)

ਪਿੰਡ ਮੋੜਾਂ ਤੋਂ ਦਲਪਤ ਸ੍ਰੀ ਗੁਰੂ ਮਹਾਂਰਾਜ ਜੀ ਦੀ ਸ਼ਰਨ ਵਿੱਚ ਸਚੇ ਦਿਲੋਂ ਹਾਜ਼ਰ ਹੋਇਆ ਤੇ ਸੇਵਾ ਕੀਤੀ। ਸ੍ਰੀ ਗੁਰੂ ਜੀ ਨੇ ਇਸ ਦੀ ਸੇਵਾ ਤੇ ਪ੍ਰਸੰਨ ਹੋਕੇ ਇੱਕ ਤੀਰ ਤੇ ਇਕ ਦਸਤਾਰ ਦਿਤੇ ਅਰ ਵਰ ਦਿਤਾ ਕਿ ਤੂੰ ਦਲਾਂ ਦਾ ਮੋਹਰੀ ਹੋਵੇਂਗਾ! ਇਹ ਚਾਂਈ ਚਾਂਈ ਘਰ ਲੈਕੇ ਆਇਆ ਤਾਂ ਅਗੇ ਘਰ ਮਾਰੀ ਮਤ ਵਾਲਾ ਇਸ ਦਾ ਮਾਮਾ ਪੰਚਪੀਰੀਆਂ ਜੇਤੋ ਵਾਲਾ ਆਇਆ ਹੋਇਆ ਸੀ। ਉਸ ਨੇ ਸ੍ਰੀ ਗੁਰੂ ਜੀ ਦਾ ਤੀਰ ਤੋੜ ਕੇ ਧਰਤੀ ਵਿਚ ਦਬ ਦਿਤਾ। ਸ੍ਰੀ ਗੁਰੂ ਜੀ ਦੀ ਦਸਤਾਰ ਗਾਉਣ ਵਾਲੇ ਮਰਾਸੀ ਨੂੰ ਦੇ ਦਿਤੀ। ਦਲਪਤ ਸ੍ਰੀ ਦਸਮੇਸ਼ ਜੀ ਦੇ ਪਾਸ ਜਾ ਕੇ ਪੁਕਾਰ ਕੀਤੀ ਤਾਂ ਸ੍ਰੀ ਗੁਰੂ ਜੀ ਨੇ ਬਚਨ ਕੀਤਾ ਪੰਚ ਪੀਰੀਆਂ ਮਾਰੀ ਮਤ ਵਾਲਾ ਚੌੜ ਹੋ ਗਿਆ ਅਤੇ ਤੂੰ ਦਲਾਂ ਦਾ ਮੋਹਰੀ ਹੋਵੇਂਗਾ।

ਮਲ ਸਿੰਘ ਦਲਪਤ ਰਾਇ ਦਾ ਪੁਤ੍ਰ ਧੰਨਾ ਸਿੰਘ ਮਲਵਈ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦਾ ਇਨਾਮੀ ਜਰਨੈਲ ਹੋਇਆ। ਇਸ ਦਾ ਪੁਤਰ ਨਛੱਤਰ ਸਿੰਘ ਜੋ ਗਿਨਤੀ ਦੇ ਸੂਰਮਿਆਂ ਚੋਂ ਗਿਣਿਆਂ ਗਿਆ ਹੈ ਜਿਸ ਦਾ ਪੁਤਰ ਸ: ਬ: ਫਤਹ ਸਿੰਘ ਜੋ ੨੭ ਸਾਲ ਫਰੀਦਕੋਟ ਵਿਚ ਵਡੇ ਵਜ਼ੀਰ ਰਹੇ ਜਿਨਾਂ ਨੇ ਪੰਥ ਤੇ ਰਿਆਸਤ ਦੇ ਬਹੁਤ ਕੰਮ ਸਵਾਰੇ। ਆਪ ਪੂਰਨ ਅਵਸਥਾ ਭੋਗ ਕੇ ਸੰਨ ੧੯੫੨

Digitized by Panjab Digital Library | www.panjabdigilib.org

ਵਿਚ ਪਟਿਆਲੇ ਸਰੀਰ ਤਿਆਗਿਆ ਆਪ ਜੀ ਦਾ ਸਸਕਾਰ ਪਿੰਡ ਮੈਨ ਵਿਚ ਕੀਤਾ ਗਿਆ, ਅਤੇ ਆਪ ਜੀ ਦੇ ਨਾਓ ਤੇ ਮੌਡਲ ਟਾਊਨ ਫਤੇਹ ਗੜ੍ਹ ਹੈ।

ਦੇਖੋ ਸਿੱਖ ਰਾਜ ਧੰਨਾ ਸਿੰਘ ਮਲਵਈ।

## ਭਾਈ ਕੀ ਬਾਗੜੀਆਂ ਦੇ ਬਜ਼ੁਰਗਾਂ ਨੂੰ ਵਰ

ਸ੍ਰੀ ਗੁਰੂ ਪਿਆਰੇ ਰੂਪ ਚੰਦ ਦੇ ਪੁਤ੍ਰ, ਭਾਈ ਪਰਮ ਸਿੰਘ ਧਰਮ ਸਿੰਘ ਸ੍ਰੀ ਗੁਰੂ ਜੀ ਨੂੰ ਰੋਜ਼, ਨਵਾਂ ਮੰਜਾ ਬੁਣਕੇ ਦਿੰਦੇ ਸਨ। ਇਕ ਦਫਾ ਸ੍ਰੀ ਦਸਮੇਸ਼ ਪਿਤਾ ਜੀ ਏਨ੍ਹਾਂ ਦੀ ਪਰੀਖਿਆ ਕਰਨ ਹਿਤ ਰਾਤ ਨੂੰ ਇਨਾਂ ਦੇ ਪਾਸ ਪੁਜੇ। ਪਰ ਸਿਦਕੀ ਸਿੰਘਾਂ ਨੇ ਸ੍ਰੀ ਗੁਰੂ ਜੀ ਦੀ ਓਟ ਲੈ ਕੇ ਝਟ ਪਟ ਮੰਜਾ ਤਿਆਰ ਕਰਕੇ ਸ੍ਰੀ ਗੁਰੂ ਜੀ ਦੇ ਬ੍ਰਿਾਜਮਾਨ ਹੋਣ ਲਈ ਦਿਤਾ ਤਾਂ ਸ੍ਰੀ ਗੁਰੂ ਜੀ ਨੇ ਇਨਾਂ ਨੂੰ ਆਪ ਦਾ ਘੋੜਾ, ਪੁਸ਼ਾਕਾ ਤੇ ਤਲਵਾਰ ਵੀ ਬਖਸ਼ਸ਼ ਕੀਤੀ। ਜੋ ਪ੍ਰਸੰਨ ਹੋਕੇ ਲੈ ਲਈਆਂ। ਜਿਸ ਵਕਤ ਸ੍ਰੀ ਗੁਰੂ ਜੀ ਮਧੂ ਸਿੰਘਾਂ ਦੇ ਪਿੰਡ ਕੋਲ ਪੁਜੇ, ਪਿਛੇ ਮੁੜ ਕੇ ਦੇਖਿਆ ਤਾਂ ਸ੍ਰੀ ਗੁਰੂ ਜੀ ਦਾ ਦਿਤਾ ਹੋਇਆ ਘੋੜਾ ਹਥ ਵਿਚ ਫੜੀ ਆਉਂਦੇ ਹਨ, ਪੁਸ਼ਾਕ ਅਤੇ ਸ੍ਰੀ ਸਾਹਿਬ ਨੂੰ ਸਿਰ ਤੇ ਚੁਕੀ ਆਉਂਦੇ ਹਨ। ਤਦ ਸ੍ਰੀ ਗੁਰੂ ਜੀ ਨੇ ਫਰਮਾਇਆ ਕਿ ਭਾਈ ਸਿਖੋ, ਘੋੜਾ ਤੁਹਾਡੇ ਚੜਨ ਨੂੰ ਪੁਸ਼ਾਕ ਤੇ ਸ੍ਰੀ ਸਾਹਿਬ ਪਹਿਨਣ ਵਾਸਤੇ ਦਿਤੇ ਸੀ। ਜਿਸ ਦਾ ਉਤ੍ਰ ਗੁਰੂ ਪਿਆਰਿਆਂ ਵਲੋਂ ਆਇਆ, ਜੀ ਪਾਤਸ਼ਾਹੋ ਆਪ ਜੀ ਲਖ ਲਖ ਬਖਸ਼ਸ਼ਾਂ ਬਖਸ਼ੋ ਧੰਨ ਭਾਗ, ਪਰ ਜੀ ਮਿਹਰ ਦੇ ਦਾਤੇ, ਸਾਨੂੰ ਆਪ ਜੀ ਦੀਆਂ ਸਤਿਕਾਰ ਯੋਗ ਵਸਤੂਆਂ ਦਾ ਅਦਬ ਕਰਨ ਦੀ ਮਤ ਬੁਧ ਬਖਸ਼ੋ ਤਾਂ ਆਪ ਜੀ ਬਸਤਾਂ ਬਖਸ਼ਦੇ ਰਹੋ ਤੇ ਅਸੀਂ ਸਦਾ ਸਤਿਕਾਰ ਕਰਦੇ ਰਹੀਏ। ਇਤ ਆਦਿ ਸ਼ਰਧਾ ਦੇ ਬਚਨ ਸੁਣ ਕੇ ਸ੍ਰੀ ਗੁਰੂ ਜੀ ਨੇ ਫਰਮਾਇਆ ਕਿ ਹਛਾ ਭਾਈ ਤੁਹਾਡੀ ਜ਼ਬਾਨ ਤਲਵਾਰ ਹੋਵੇਗੀ। ਜਾਓ ਆਪਣੇ ਪਿੰਡ ਜਾਕੇ ਗੁਰੂ-ਦੇ ਲੰਗਰ ਦੀ ਸੇਵਾ ਕਰੋ। ਤੁਹਾਡੀ ਘਾਲ ਥਾਂਏ ਪਵੇਗੀ! ਗੁਰੂ ਜੀ ਦੀ ਆਗਿਆ ਮੰਨਕੇ ਪ੍ਰੇਮ ਅਦਬ ਨਾਲ ਨਮਸਕਾਰ ਕਰ ਆਪਣੇ ਪਿੰਡ ਭਾਈ ਰੂਪੇ ਆ ਕੇ ਹਰ ਰੋਜ਼ ਲੰਗਰ ਤੇ ਸਤ ਸੰਗ ਜਾਰੀ ਕੀਤਾ। ਹੁਣ ਇਹ ਮਰਯਾਦਾ ਖਾਸ ਭਾਈ ਕੀ ਬਾਗੜੀਆਂ ਵਿਚ ਪ੍ਰਚਲਤ ਹੈ। ਹਰ ਰੋਜ਼ ਭਾਈ ਸਾਹਿਬ ਭਾਈ ਅਰਜਣ ਸਿੰਘ ਜੋ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸਮੇਤ ਪ੍ਰਵਾਰ ਦੇ ਰੋਜ਼ਾਨਾ ਕਰਦੇ ਹਨ।

## ਸ਼੍ਰੋਮਣੀ ਸ਼ਹੀਦ ਬਾਬਾ ਦੀਪ ਸਿੰਘ ਜੀ

ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣ ਸਿਰ ਸੇਵ ਕਰੀਜੈ।

ਆਪ ਜੀ ਉਚ ਕੋਟੀ ਦੇ ਬ੍ਰਹਿਮ ਗਿਆਨੀ ਨਾਮ ਅਭਿਆਸੀ, ਕੁਰਬਾਨੀ ਦੇ ਪੁੰਜ ਧਰਮੀ ਸੂਰਬੀਰ ਸਿਖ ਕੌਮ ਦੇ ਅਣਖੀਲੇ ਜਥੇਦਾਰ ਅਰ ਅਰਸ਼ੀ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਗੁਰਸਿੱਖ ਸਨ। ਆਪ ਜੀ ਸਿਖ ਕੌਮ ਦੇ ਸਿਰਲਥ ਜੋਧਿਆਂ ਵਿਚੋਂ ਸ਼੍ਰੋਮਣੀ ਸ਼ਹੀਦ ਹੋਏ ਹਨ, ਜਿਸ ਨੇ ਗੁਰਬਾਣੀ ਦੇ ਇਸ ਪਵਿੱਤਰ ਵਾਕ ਨੂੰ ਸਫਲਾ ਕਰ ਵਖਾਇਆ, "ਜੇ ਤਉ ਪ੍ਰੇਮ ਖੇਲਣ ਕਾ ਚਾਉ, ਸਿਰ ਧਰ ਤਲੀ ਗਲੀ ਮੇਰੀ ਆਓ" ਆਪ ਜੀ ਨੇ ਖਬੇ ਹਥ ਦੀ ਤਲੀ ਉਤੇ ਸਿਰ ਰਖਕੇ ਪਿਆਰੇ ਦੀ ਗਲੀ ਲੰਘ ਸ੍ਰੀ ਦਰਬਾਰ ਸਾਹਿਬ ਜਾ ਸੀਸ ਭੇਟ ਕੀਤਾ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਿਰ ਲੱਬ ਸ਼ਹੀਦ ਬਾਬਾ ਦੀਪ ਸਿੰਘ ਜੀ ਗੁਰਮ, ਲੁਧਿਆਣਾ



'ਵਿਣ ਸਿਰੁ ਸੇਵ ਕਰੀਜੈ'

(ਪੰਨਾ ੩੭੫)

Digitized by Panjab Digital Library | www.panjabdigilib.org

ਬਾਬਾ ਦੀਪ ਸਿੰਘ ਜੀ ਦਾ ਜਨਮ ੧੭੪੫ ਬਿ: ਦੇ ਲਗ ਪਗ ਪਿੰਡ ਗੁਰਮ ਜ਼ਿਲਾ ਲੁਧਿਆਣਾ ਵਿਖੇ ਹੋਇਆ। ਇਸ ਕਰਕੇ ਕਈ ਇਤਹਾਸ ਕਾਰ ਲਿਖਾਰੀ ਭੁਲੇਖਾ ਖਾਂਦੇ ਹਨ, ਤੇ ਆਪ ਦਾ ਜਨਮ ਪਿੰਡ ਪਹੂ ਵਿੰਡ ਲਿਖ ਦਿਤਾ, ਜਦ ਆਪ ਜੀ ਮੁਛ ਫੁਟ ਹੋਏ ਤਾਂ ਆਪ ਜੀ ਆਪਣੇ ਨਗਰ ਗੁਰਮ ਵਿਚ ਆ ਰਹੇ, ਅਤੇ ਸਮੇਂ ਅਨੁਸਾਰ ਵਿਦਿਆ ਪ੍ਰਾਪਤ ਕੀਤੀ, ਆਪ ਜੀ ਦਾ ਵਧੇਰੇ ਝੁਕਾ, ਗਤਕਾ, ਨੇਜ਼ਾਬਾਜ਼ੀ, ਮੁਗਧਰ ਚੁਕਣਾ ਅਤੇ ਸ੍ਰੀਰ ਨੂੰ ਰਿਸ਼ਟ ਪੁਸ਼ਟ ਰਖਣਾ ਸੀ, ਥੋੜੇ ਚਿਰ ਵਿਚ ਹੀ ਬਾਬਾ ਜੀ ਆਪਣੇ ਇਲਾਕੇ ਦੇ ਜੋਧਿਆ ਵਿਚ ਗਿਣੇ ਜਾਣ ਲਗੇ।

ਬਾਬਾ ਜੀ ਦੇ ਪਿਤਾ *ਅਲਾਪੁਰ ਦੇ ਪਠਾਣਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ ਉਨ੍ਹਾਂ ਦੇ ਕੋਈ ਸਕਾ ਭਰਾ ਭੀ ਨਹੀਂ ਸੀ। ਬਾਬਾ ਜੀ ਉਸ ਵੇਲੇ ੫ ਸਾਲ ਦੇ ਸਨ ਇਸ ਕਰਕੇ ਬਾਬਾ ਜੀ ਦੀ ਮਾਤਾ ਜੀਓਣੀ ਆਪਣੇ ਪਿਤ੍ਰਕੇ ਪੋਹੂ ਪਿੰਡ ਜ਼ਿਲਾ ਲਾਹੌਰ ਵਿਖੇ ਬਾਬਾ ਜੀ ਨੂੰ ਲੈ ਗਏ ਇਥੇ ਆਪ ਜੀ ਦੇ ਬਚਪਨ ਦਾ ਬਹੁਤਾ ਹਿਸਾ ਪਿੰਡ ਪੋਹੂ ਵਿੰਡ ਵਿਚ ਲੰਘਿਆ।

ਇਨ੍ਹਾ ਦਿਨਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਨੇ ਠਹਿਰੇ ਹੋਏ ਸਨ, ਅਤੇ ਮਲਵਈ ਸੂਰਬੀਰ ਸਤਿਗੁਰਾਂ ਦੀ ਸ਼ਰਨ ਵਿਚ ਵਾਹੋ ਦਾਹੀ ਖਿਚੇ ਆ ਰਹੇ ਸਨ, ਜਦ ਬਾਬਾ ਦੀਪ ਸਿੰਘ ਜੀ ਨੇ ਇਹ ਸੋਅ ਸੁਣੀ ਤਾਂ ਆਪ ਜੀ ਵੀ ਸਾਹਿਬ ਜੀ ਦੀ ਸ਼ਰਨ ਵਿਚ ਦੀਨੇ ਆ ਹਾਜ਼ਰ ਹੋਏ। "ਦਰਸ਼ਨ ਭੇਟਤ ਹੋਤ ਨਿਹਾਲ" ਬਸ ਫੇਰ ਕੀ ਸੀ ਸਤਿਗੁਰਾਂ ਦੇ ਚਰਨ ਭੌਰੇ ਬਣ ਗਏ, ਤੇ ਸ੍ਰੀ ਹਜ਼ੂਰ ਦੇ ਪਵਿਤਰ ਦਸਤ ਕੰਵਲ ਤੋਂ ਅੰਮ੍ਰਿਤ ਛਕ ਤਿਆਰ ਬਰ ਤਿਆਰ ਸਿੰਘ ਸਜ ਗਏ। ਤੇ ਸਦਾ ਲਈ ਆਪਣਾ ਆਪ ਸ੍ਰੀ ਗੁਰੂ ਜੀ ਨੂੰ ਅਰਪਣ ਕਰ ਦਿੱਤਾ ਆਪ ਜੀ ਨੂੰ ਸਤਿਗੁਰੂ ਜੀ ਦੇ ਨਿਕਟ ਵਰਤੀ ਸਿਖਾਂ ਵਿਚੋਂ ਰਹਿਣ ਦਾ ਮਾਣ ਪ੍ਰਾਪਤ ਹੋਇਆ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਲਵੇ ਦੀ ਧਰਤੀ ਨੂੰ ਭਾਗ ਲਾਉਂਦੇ ਹੋਏ ਸਾਬੋਕੀ ਤਲਵੰਡੀ (ਦਮਦਮਾ ਸਾਹਿਬ) ਪੁਜੇ, ਅਤੇ ਉਥੇ ੯ ਮਹੀਨੇ, ੯ ਦਿਨ, ਤੇ ੯ ਘੜੀਆਂ ਠਹਿਰੇ, ਅਨਭਵੀ ਬੀੜ ਆਦਿ ਗੁਰੂ ਗ੍ਰੰਥ ਸਾਹਿਬ ਜੀ ਦਾ ਰਚਨਾ ਕਰਵਾਉਣ ਤੋਂ ਉਪਰੰਤ ਤਦ ਆਪ ਨੂੰ ੪੮ ਸਿੰਘਾਂ ਵਿਚ ਕਥਾ ਸੁਣਨ ਦਾ ਵੀ ਸੁਭਾਗ ਅਵਸਰ ਮਿਲਿਆ, ਅਤੇ ਬ੍ਰਹਮ ਗਿਆਨੀ ਦੀ ਪਦਵੀ ਪ੍ਰਾਪਤ ਹੋਈ, ਆਪ ਜੀ ਨੂੰ ਚੌਥੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ ਗੁਰੂ ਕੀ ਕਾਸ਼ੀ ਦਾ ਵਰ ਦੇਕੇ, ਏਥੋਂ ਦਾ ਜਥੇਦਾਰ ਥਾਪਿਆ ਤੇ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਦੀ ਸੇਵਾ ਕਰਨ ਦੀ ਆਗਿਆ ਦੇਕੇ ਦਖਣ ਨੂੰ ਚਲੇ ਗਏ।

---

*ਅੱਲਾ ਪੁਰ ਦਾ ਨਾਉ ਅਜ ਕਲ 'ਲਾਪੁਰ' ਰਹਿ ਗਿਆ ਹੈ ਜਦੋਂ ਜਹਾਂਗੀਰ ਨੇ ਲੁਧਿਹਾਣੇ ਦੇ ਲੋਧੀਆਂ ਨੂੰ ਕਤਲ ਕੀਤਾ ਤਾਂ ਉਨਾਂ ਦੇ ਵਿਚੋਂ ਇਕ ਘਰ ਦੇ ੭ ਥਾਂ ਧਾਂਦਰੇ, ਡਿਹਲੋਂ, ਅੱਲਾ ਪੁਰ, ਭੁਟੇ ਰਾੜੇ ਅਤੇ ਲੁਧਿਆਣੇ ਆਦਿ ਥਾਵਾਂ ਦੇ ਰਈਸ ਥੋੜੇ ਥੋੜੇ ਪਿੰਡਾਂ ਵਿਚ ਰਹਿੰਦੇ ਸੀ, ਜੋ ਗੁਰੂ ਸਾਹਿਬ ਜੀ ਦੇ ਨਾਲ ਟਾਕਰਾ ਲਾਕੇ ਕੁਝ ਕੁ ਮਰ ਗਏ, ਡਿਹਲੋ ਭੁੱਟੇ ਅਤੇ ਅਲਾ ਪੁਰ ਦੇ ਬਾਕੀ ਸਨ।

Digitized by Panjab Digital Library | www.panjabdigilib.org

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਖਣ ਨੂੰ ਜਾਕੇ ਬੰਦੇ ਬਹਾਦਰ ਨੂੰ ਘਲਣਾ ਤੇ ਬੰਦਾ ਬਹਾਦਰ ਦੇ ਆਉਣ ਪਰ ਸਿੰਘਾਂ ਨੇ ਜਿਤਾਂ ਮਾਰਨੀਆਂ, ਸਿੰਘਾਂ ਦੇ ਬੋਲ ਬਾਲੇ ਦਾ ਸਮਾਂ ਸੀ ਪਰ ਕੁਝ ਚਿਰ ਪਿਛੋਂ ਬੰਦਾ ਸਿੰਘ ਦਾ ਆਪਣੇ ਆਪ ਨੂੰ ਗੁਰੂ ਕਹਾਉਣਾ, ਤੇ ਸ੍ਰੀ ਹਰਿ ਮੰਦਰ ਸਾਹਿਬ ਵਿਚ ਗਦੀ ਲਾਕੇ ਬੈਠਣਾ ਆਦਿ ਬੰਦੇ ਦੀਆਂ ਵਧੀਕਿਆਂ ਪੰਥ ਦੇ ਮੁਖੀ ਸਿੰਘਾਂ ਨੂੰ ਚੰਗੀਆਂ ਨਾ ਲਗੀਆਂ, ਬਾਬਾ ਜੀ ਦੀ ਸਿਖ ਅਣਖ ਨੇ ਗਵਾਰਾ ਨ ਕੀਤਾ ਤੇ ਬੰਦੇ ਬਹਾਦਰ ਨੂੰ ਡੌਲੇ ਤੋਂ ਫੜਕੇ ਬਾਹਰ ਕੱਢ ਦਿਤਾ, ਤੇ ਗਦੀ ਸਰੋਵਰ ਵਿਚ ਸੁਟ ਦਿਤੀ, ਆਪ ਜੀ ਸਾਬੋਕੀ ਤਲਵੰਡੀ ਨੂੰ ਚਲੇ ਆਏ।

ਓਧਰ ਹਕੂਮਤ ਵਲੋਂ ਸਿੱਖ ਕੌਮ ਤੇ ਸਖਤੀਆਂ ਦਾ ਦੌਰ ਆਰੰਭ ਹੋ ਗਿਆ । ਬੰਦਾ ਸਿੰਘ ਥੋੜੇ ਚਿਰ ਪਿਛੋਂ ਮਾਰਿਆ ਗਿਆ, ਸਿੰਘ ਜੰਗਲਾਂ ਪਹਾੜਾਂ ਵਿੱਚ ਚਲੇ ਗਏ, ਤੇ ਹਕੂਮਤ ਵਲੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਹੋਣ ਲਗੀ। ਜਿਸ ਨੂੰ ਨਾ ਸਹਾਰਦਿਆਂ ਹੋਇਆਂ ਸਿੰਘਾਂ ਨੇ ਮਾਲਵੇ ਵਿੱਚ ਦਮਦਮਾ ਸਾਹਿਬ ਸਾਬੋ ਦੀ ਤਲਵੰਡੀ ਜਾ ਖਬਰ ਦਿਤੀ। ਬਾਬਾ ਦੀਪ ਸਿੰਘ ਜੀ ਨੂੰ ਇਹ ਖ਼ਬਰ ਸੁਣਕੇ ਰੋਹ ਚੜ੍ਹ ਗਿਆ, ਡੌਲੇ ਫਰਕ ਉਠੇ, ਮਲਵਈ ਖ਼ੂਨ ਉਬਾਲੇ ਖਾਣ ਲਗਾ, ਤਦ ਬਾਬਾ ਜੀ ਨੇ ਸ੍ਰੀ ਹਰਿ-ਮੰਦਰ ਸਾਹਿਬ ਦੀ ਬੇਅਦਬੀ ਦੂਰ ਕਰਨ ਲਈ ਮਾਲਵੇ ਦੇ ਕਈ ਸੂਰਬੀਰ ਜੋਧੇ ਇਕਠੇ ਕਰਕੇ ਅਰਦਾਸ ਸੋਧ ਲੱਖੀ ਜੰਗਲ ਦੇ ਖਾਲਸੇ ਨੂੰ ਨਾਲ ਲੈਕੇ ਮਜ਼ਲਾਂ ਮਾਰਦੇ ਹੋਏ ਹਰੀ ਕਾ ਪਤੱਣ ਲੰਘ ਤਰਨ ਤਾਰਨ ਜਾ ਡੇਰੇ ਕੀਤੇ।

ਸ੍ਰੀ ਤਰਨ ਤਾਰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਬਾਬਾ ਜੀ ਨੇ ਅਰਦਾਸਾ ਸੋਧਿਆ, ਤੇ ਜੈਕਾਰਿਆਂ ਦੀ ਗੂੰਜ ਵਿਚ ਖਾਲਸਾ ਦਲ ਸ੍ਰੀ ਅੰਮ੍ਰਿਤਸਰ ਵਲ ਵਧਿਆ, ਪੰਜ ਕੋਹ ਦੀ ਦੂਰੀ ਤੇ ਜਾਕੇ ਅਗੋਂ ਦੁਸ਼ਮਨ ਦੀ ਫੌਜ ਨਾਲ ਮਾਅਰਕੇ ਦਾ ਜੁਧ ਹੋਇਆ, ਜਿਸ ਵਿੱਚ ਬਾਬਾ ਜੀ ਦਾ ਸੀਸ ਵੈਰੀ ਦੇ ਸਾਂਝੇ ਵਾਰ ਨਾਲ ਧੜ ਤੋਂ ਅਡ ਹੋ ਗਿਆ ਤੇ ਜ਼ਮੀਨ ਤੇ ਡਿਗਣ ਲਗਾ, ਤਾਂ ਕੋਲ ਲੜ ਰਹੇ ਸਿੰਘ ਨੇ ਬਾਬਾ ਜੀ ਨੂੰ ਉਚੀ ਸਾਰੇ ਕਿਹਾ, ਬਾਬਾ ਜੀ ਆਪ ਜੀ ਦਾ ਪਰਣ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਸੀਸ ਭੇਟ ਕਰਨ ਦਾ ਸੀ। ਇਹ ਬੋਲੀ ਸੁਣਨ ਦੀ ਦੇਰ ਸੀ ਕਿ ਬਾਬਾ ਜੀ ਨੇ ਆਪਣਾ ਸੀਸ ਖਬੇ ਹਥ ਦੀ ਤਲੀ ਉਪਰ ਰਖ ਲਿਆ ਤੇ ਰਣਛੇਤ੍ਰ ਵਿਚ ਜੂਝਦੇ ਹੋਏ ਲਖਾਂ ਵੈਰੀਆਂ ਨੂੰ ਤਲਵਾਰ ਦੇ ਘਾਟ ਉਤਾਰਦੇ ਹੋਏ ਚਾਟੀ ਵਿੰਡ ਦਰਵਾਜੇ ਕੋਲ ਜਾ ਪੁਜੇ। ਓਥੋਂ ਖੜੋ ਕੇ ਸੀਸ ਸ੍ਰੀ ਗੁਰੂ ਰਾਮ ਦਾਸ ਦੇ ਦਰਬਾਰ ਵਿੱਚ ਵਗਾਹ ਮਾਰਿਆ, ਤੇ ਕਿਹਾ ਸਤਿਗੁਰੂ ਜੀ 'ਆਪਣੇ ਸੇਵਕ ਕੀ ਆਪੇ ਰਾਖੇ' ਇਹ ਸੀਸ ਆਪ ਦੀ ਭੇਟ ਹੈ, ਬਾਕੀ ਇਹ ਸ੍ਰੀਰ ਮਲ ਮੂਤਰ ਦਾ ਭਰਿਆ ਆਪ ਦੇ ਪਵਿੱਤ੍ਰ ਦਰਬਾਰ ਵਿਚ ਹਾਜ਼ਰ ਹੋਣ ਜੋਗਾ ਨਹੀਂ, ਕਹਿਕੇ ਸ੍ਰੀਰ ਉਥੇ ਡਿਗ ਪਿਆ, ਜਿਥੇ ਆਪ ਜੀ ਦੇ ਸੀਸ ਅਰ ਧੜ ਡਿਗੇ ਸਨ। ਉਥੇ ਹੁਣ ਪਵਿੱਤ੍ਰ ਯਾਦਗਾਰਾਂ ਬਣੀਆਂ ਹੋਈਆਂ ਹਨ।

ਆਪ ਜੀ ਸਿਖ ਕੌਮ ਦੀ ਸ਼ਾਨ ਅਤੇ ਸਿਖੀ ਧਰਮ ਦੀ ਆਨ ਬਦਲੇ ਆਪਣਾ ਆਪ ਕੁਰਬਾਨ ਕਰ ਗਏ। ਅਤੇ ਆਉਣ ਵਾਲੀ ਨਸਲ ਲਈ ਇਕ ਅਦੁਤੀ ਮਿਸਾਲ ਕਾਇਮ ਕਰ ਗਏ ਹਨ। ਬਾਬਾ ਜੀ ਦਾ ਇਤਹਾਸ ਸੁਨਹਿਰੀ ਅਖਰਾਂ ਵਿੱਚ ਲਿਖਣ ਦੇ ਯੋਗ ਹੈ।

Digitized by Panjab Digital Library | www.panjabdigilib.org

## ਬਾਬਾ ਦੀਪ ਸਿੰਘ ਜੀ ਨਾਲ ਗਏ ਮਲਵਈ ਸਿੰਘ ਸਾਹਿਬ

ਸੰਨ ੧੮੧੭ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਭੇਜੇ ਹੋਏ ਬਖਸ਼ੀ ਜਹਾਨ ਖਾਂ ਦੇ ਹਥੋਂ ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤ ਸਰੋਵਰ ਦੀ ਹੋ ਰਹੀ ਬੇ ਅਦਬੀ ਨੂੰ ਰੋਕਣ ਲਈ ਸ੍ਰੀ ਤਖਤ ਦਮਦਮਾਂ ਸਾਹਿਬ ਮਾਲਵਾ ਤੋਂ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਜਥੇਦਾਰੀ ਹੇਠ ਹੋਰ ਮੁਖੀ ਜਥੇਦਾਰ ਜੋ ਬਾਬਾ ਜੀ ਦੇ ਨਾਲ ਰਣਛੇਤਰ ਵਿੱਚ ਸ਼ਹੀਦ ਹੋਏ ਉਨਾਂ ਦੇ ਪਵਿਤ੍ਰ ਨਾਮ ਇਹ ਹਨ।

੧. ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ।
੨. ਬਾਬਾ ਬਲਵੰਤ ਸਿੰਘ ਜੀ ,, ਜਥੇਦਾਰ।
੩. ,, ਹੀਰਾ ਸਿੰਘ ਜੀ ,, ,,
੪. ,, ਗੰਡਾ ਸਿੰਘ ਜੀ ,, ,,
੫. ,, ਲਹਿਣਾ ਸਿੰਘ ਜੀ ,, ,,
੬. ,, ਰਣ ਸਿੰਘ ਜੀ ,, ,,
੭. ,, ਗੁਪਾਲ ਸਿੰਘ ਜੀ ,, ,,
੮. ,, ਭਾਗ ਸਿੰਘ ਜੀ ,, ,,
੯. ,, ਸਜਣ ਸਿੰਘ ਜੀ ,, ,,
੧੦. ,, ਬਹਾਦਰ ਸਿੰਘ ਜੀ ,, ,,

ਇਨਾਂ ਉਪਰ ਲਿਖੇ ਪਿਆਰੇ ਸ਼ਹੀਦ ਸਿੰਘਾਂ ਦੀ ਯਾਦ ਵਿਚ ਗੁਰੂ ਕੇ ਬਾਗ ਸ੍ਰੀ ਅੰਮ੍ਰਿਤਸਰ ਜੀ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ, ਜਿਸ ਦੇ ਥੜੇ ਦੇ ਪਾਸੇ ਤੇ ਉਪਰ ਸਿੰਘਾਂ ਦੇ ਨਾਮ ਲਿਖੇ ਹੋਏ ਹਨ।

## ਗੁਰੂ ਕੇ ਘੋੜੇ ਨੇ ਭੁਚਾਂ ਦਾ ਪਾਣੀ ਨਾ ਪੀਣਾ

ਸ੍ਰੀ ਗੋਬਿੰਦ ਸਿੰਘ ਮਹਾਰਾਜ ਸਾਹਿਬ ਜੀ ਨੇ ਤਲਵੰਡੀ (ਦਮਦਮਾ) ਤੋਂ ਦੱਖ਼ਨ ਹੈਦਰਾਬਾਦ ਨੂੰ ਜਦੋਂ ਕਮਰਕਸੇ ਕੀਤੇ ਤਾਂ ਸ੍ਰੀ ਗੁਰੂ ਜੀ ਦੇ ਨਾਲ ਬਹੁਤ ਸਾਰੇ ਸਿੰਘ ਮਹਿਲਾਂ ਦੇ ਡੋਲੇ, ਘੋੜੇ, ਗਡੇ ਤੰਬੂ ਆਦਿਕ ਬਹੁਤ ਸਮਾਨ ਅਤੇ ਜੰਗੀ ਸੂਰਮੇ ਨਾਲ ਸਨ ਅਤੇ ਇਕ ਤਕੜੇ ਜਥੇ ਵਿਚ ਸਾਹਿਬ ਜਿਸ ਨਗਰ ਵਿੱਚ ਦੀ ਲੰਘਦੇ ਉਹ ਵਡਭਾਗੇ ਕਰਮਾਂ ਵਾਲੇ ਨਗਰ ਸਾਰੇ ਦੇ ਸਾਰੇ ਸ੍ਰੀ ਹਜ਼ੂਰ ਦੀ ਸੇਵਾ ਕਰਕੇ ਪ੍ਰਸੰਨ ਤੇ ਸ੍ਰੀ ਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕਰਦੇ। ਭਾਈ ਰਾਮ ਸਿੰਘ ਆਦਿ ਨੇ ਬਹੁਤ ਹੀ ਰਜ ਰਜ ਕੇ ਸੇਵਾ ਕੀਤੀ। ਇਸੇ ਪ੍ਰੋਗਰਾਮ ਅਨੁਸਾਰ ਚਲਦੇ ਚਲਦੇ ਭੁਚੋ ਪਿੰਡ ਵਿੱਚ ਪੁਜੇ। ਇਸ ਪਿੰਡ ਵਿਚ ਭਾਈ ਦਿਆਲਾ ਰਹਿੰਦਾ ਸੀ। ਭਾਈ ਦਿਆਲੇ ਦਾ ਪਿਤਾ, ਦਾਦਾ, ਪਿਛੇ ਗੁਰੂ ਘਰ ਦੇ ਮਸੰਦ ਸਨ ਤੇ ਗੁਰੂ ਘਰ ਤੋਂ ਬੇਮੁਖ ਹੋ ਗਏ ਸਨ। ਸ੍ਰੀ ਗੁਰੂ ਜੀ ਜਦ ਪਿੰਡ ਦੇ ਕੋਲ ਦੀ ਲੰਘਣ ਲਗੇ ਤਾਂ ਭਾਈ ਦਿਆਲੇ ਅਗੇ ਹੋਕੇ ਅਦਬ ਸਹਿਤ ਨਿਮਸ਼ਕਾਰ ਕੀਤੀ ਅਤੇ ਨਾਲ ਹੀ ਅਰਜ (ਅਰਦਾਸ) ਕੀਤੀ ਜੀ ਸਚੇ ਪਾਤਿ-

Digitized by Panjab Digital Library | www.panjabdigilib.org

ਸ਼ਾਹੋ। ਦਾਸ ਦੀ ਬੇਨਤੀ ਪ੍ਰਵਾਨ ਕਰੋ ਤੇ ਪ੍ਰਸਾਦਿ ਛਕੌਣ ਦੀ ਆਗਿਆ ਦੇਵੋ। ਭਾਈ ਦਿਆਲੇ ਦੇ ਬਚਨ ਸੁਣਕੇ ਚੋਜੀ ਪ੍ਰੀਤਮ ਚੁਪ ਰਹੇ। ਜਦੋਂ ਭਾਈ ਦਿਆਲੇ ਨੇ ਤੀਜੀ ਦਫਾ ਬੇਨਤੀ ਕੀਤੀ ਤਾਂ ਸ੍ਰੀ ਗੁਰੂ ਜੀ ਨੇ ਬਚਨ ਕੀਤਾ ਕਿ ਇਸ ਪਿੰਡ ਦੀ ਢਾਬ ਵਿੱਚੋਂ ਤਾਂ ਸਾਡਾ ਘੋੜਾ ਵੀ ਪਾਣੀ ਨਹੀਂ ਪੀਂਦਾ ਉਹ ਵੀ ਪਿਆਸਾ ਹੀ ਅਗੇ ਨੂੰ ਚਲਿਆ ਹੈ ਇਸ ਵਾਸਤੇ ਭਾਈ ਰਾਮ ਸਿੰਘ ਨੇ ਸ੍ਰੀ ਗੁਰੂ ਜੀ ਨੂੰ ਪੁਛਿਆ ਜੀ ਸਚੇ ਪਾਤਿਸਾਹੋ ਇਸ ਦਾ ਕੀ ਕਾਰਣ। ਭਾਈ ਰਾਮ ਸਿੰਘ ਜਿਨੇ ਗੁਰੂ ਘਰ ਤੋਂ ਬੇ-ਮੁਖ ਮਸੰਦ ਹਨ ਉਹਨਾਂ ਨੇ ਸਾਰੇ ਆਪੋ ਆਪਣੇ ਪਿੰਡ ਗੁਰੂ ਘਰ ਤੋਂ ਉਲਟ ਕਰ ਰਖੇ ਹਨ ਅਤੇ ਇਨਾਂ ਦੇ ਇਸ ਵਾਸਤੇ ਇਹਨਾਂ ਦਾ ਪ੍ਰਸਾਦਾ ਨਹੀਂ ਛਕਣਾ ਅਤੇ ਅਗਲੇ ਪਿੰਡ ਜਾਕੇ ਡੇਰਾ ਕਰਾਂ ਗੇ। ਇਹ ਬਚਨ ਸ੍ਰੀ ਗੁਰੂ ਜੀ ਦੇ ਸੁਣ ਕੇ ਭਾਈ ਦਿਆਲਾ ਬਹੁਤ ਉਦਾਸ ਤੇ ਬਹੁਤ ਹੀ ਪ੍ਰੇਸ਼ਾਨ ਹੋ ਗਿਆ। ਸੁਤੇ ਸਿਧ ਹੀ ਇਉਂ ਬਚਨ ਕਰਦਾ ਹੈ ਕਿ ਭਾਈ ਕੀ ਕਹਿ ਸਕਦੇ ਹਾਂ ਕਿ ਅਸੀਂ ਕਿਨੇਕੁ ਪਾਪੀ ਹਾਂ ਜਦ ਸਾਨੂੰ ਦੋ ਜਹਾਨ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਸਾਡੇ ਬਜ਼ੁਰਗਾਂ ਦੇ ਗੁਰੂ ਘਰ ਨਾਲ ਬਿਗਾੜ ਪਾਉਣ ਤੇ ਐਥੇ ਨਹੀਂ ਝਲਿਆ ਅਗੇ ਤਾਂ ਸਾਨੂੰ ਨਰਕਾ ਨੇ ਭੀ ਨਹੀਂ ਝਲਣਾ ਕਿਉਂਕਿ ਸਾਡੇ ਤਾਲ ਦਾ ਪਾਣੀ ਸ੍ਰੀ ਗੁਰੂ ਜੀ ਦੇ ਘੋੜੇ ਨੇ ਵੀ ਨਹੀਂ ਪੀਤਾ। ਐਦੂੰ ਮੰਦ ਕਰਮ ਹੋਰ ਕਦੋਂ ਹੋਣਗੇ।

ਹੇ ਕਲਗੀਧਰ ਪਿਤਾ ਜੀ ਬਖਸ਼ੋ।

ਇਸ ਤਰਾਂ ਰੋ ਰੋ ਕੇ ਬਿਆਕਲ ਹੋ ਗਿਆ ਸੀ। ਤਾਂ ਗੁਰੂ ਚਰਨਾਂ ਦਾ ਤੇ ਗੁਰੂ ਦਰਸ਼ਨਾਂ ਦਾ ਸਦਾ ਪਿਆਸਾ ਉਸਨੂੰ ਰੰਗ ਰਤੀ ਰੂਹ ਸਾਧੂ ਗੋਦੜੀਆ ਮਿਲਿਆ। ਜਿਸ ਨੇ ਗੁਰੂ ਘਰ ਨਾਲ ਬਿਗੜੀ ਤੋਂ ਸੁਆਰਨ ਦਾ ਬਲ ਦਸਦਿਆ ਧੀਰਜ ਦਿਤਾ ਅਤੇ ਨਾਲ ਬੇਨਤੀ ਕੀਤੀ ਕਿ ਪ੍ਰਸਾਦ ਤਿਆਰ ਕਰਕੇ ਗੱਡਿਆਂ ਉਤੇ ਲਦ ਕੇ ਸ੍ਰੀ ਗੁਰੂ ਜੀ ਦੇ ਅਗਲੇ ਪੜਾ ਤੇ ਲੈ ਚਲੀਏ। ਤਾਂ ਇਹ ਬਚਨ ਸੁਣ ਭਾਈ ਰਾਮ ਸਿੰਘ ਨੇ ਵੀ ਬੇਨਤੀ ਕੀਤੀ, ਕਿ ਠੀਕ ਹੈ ਪ੍ਰਸਾਦ ਤਿਆਰ ਕਰ ਕੇ ਜ਼ਰੂਰ ਲੈ ਚਲੋ ਤੇ ਸ੍ਰੀ ਗ੍ਰੀਬ ਨਿਵਾਜ ਜ਼ਰੂਰ ਪ੍ਰਸਾਦਾ ਛਕ ਲੈਣਗੇ। ਪਰ ਜੇ ਤਨਖ਼ਾਹ ਲੌਣ ਤਾਂ ਉਹ ਵੀ ਮੰਨਣੀ ਪਊਗੀ। ਹੁਣ ਭਾਈ ਦਿਆਲੇ ਨੇ ਇਹ ਸ਼ੁਭ ਸਿਖਿਆ ਮੰਨ ਕੇ ਪ੍ਰਸਾਦਾ ਤਿਆਰ ਕਰਾਇਆ ਤੇ ਗੱਡੇ ਉਤੇ ਲਦ ਕੇ ਲੈ ਚਲੇ। ਭਾਈ ਗੋਦੜੀਆਂ ਸ੍ਰੀ ਗੁਰੂ ਜੀ ਦੇ ਸਾਥ ਚਲਿਆ ਗਿਆ ਅਤੇ ਰਾਹ ਵਿਚ ਸ੍ਰੀ ਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕਰਨੀ ਸ਼ੁਰੂ ਕੀਤੀ ਕਿ ਆਪ ਦਯਾ ਦੇ ਸਾਗਰ ਹੋ। ਅਸੀਂ ਭੁਲਣਹਾਰ ਹਾਂ ਸਾਡੇ ਜੇ ਔਗਣ ਚੇਤੇ ਰਖੋ ਤਾਂ ਸਾਡਾ ਕੀ ਟਿਕਾਣਾ ਹੈ। ਆਪ ਜੀ ਕ੍ਰਿਪਾ ਕਰਕੇ ਭਾਈ ਦਿਆਲੇ ਦਾ ਪ੍ਰਸ਼ਾਦਾ ਛਕ ਕੇ, ਪਿਛਲੇ ਗੁਨਾਹਾਂ ਦੀ ਮਾਫੀ ਦੇ ਕੇ ਅਗੇ ਨੂੰ ਆਪ ਦੀ ਸ਼ਰਨ ਵਿਚ ਰੱਖੋ ਜੀ। ਸ੍ਰੀ ਗੁਰੂ ਜੀ ਸਾਧੂ ਗੋਦੜੀਆਂ ਦੀ ਬੇਨਤੀ ਸੁਣ ਕੇ ਬਹੁਤ ਪ੍ਰਸੰਨ ਹੋ ਕੇ ਬੋਲੇ ਹੱਛਾ ਭਾਈ ਜੇ ਦਿਆਲਾ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ ਜਾਵੇ। ਸ੍ਰੀ ਹਜ਼ੂਰ ਜਿਵੇਂ ਹੁਕਮ ਕਰੋ ਉਸ ਤਰਾਂ ਹੀ ਪ੍ਰਵਾਨ ਹੈ। ਸਾਧੂ ਗੋਦੜੀਏ ਦਾ ਉਤਰ ਸੀ। ਹੁਣ ਅਗਲੇ ਪਿੰਡ ਡੇਰਾ ਕੀਤਾ ਤੇ ਭਾਈ ਦਿਆਲਾ ਪ੍ਰਸਾਦ (ਲੰਗਰ) ਲੈ ਕੇ ਪ੍ਰਵਾਰ ਸਮੇਤ ਹਾਜ਼ਰ ਹੋਇਆ। ਅੰਮ੍ਰਿਤ ਦੇ ਦਾਤੇ ਨੇ ਪ੍ਰਵਾਰ ਸਮੇਤ ਅੰਮ੍ਰਿਤ ਛਕਾਇਆ। ਅਜ ਤੋਂ ਦਿਆਲੇ ਤੋਂ ਭਾਈ ਦਿਆਲ ਸਿੰਘ ਹੋਇਆ ਅਤੇ ਪਿਛਲੇ ਸਾਰੇ ਕੁਕਰਮ ਬਖਸ਼ ਦਿਤੇ ਤੇ ਅਗੇ ਨੂੰ ਆਪ ਦੀ ਸੰਗਤ ਵਿਚ ਥਾਂ ਦੇ ਕੇ ਸਾਰੇ ਪ੍ਰਵਾਰ ਨੂੰ ਨਿਹਾਲ ਕੀਤਾ। ਭਾਈ ਗੋਦੜੀਏ ਦੇ ਸ਼ੁਭ ਉਪਦੇਸ਼ ਦੇ ਜ਼ਰੀਏ ਸ੍ਰੀ ਕਲਗੀਧਰ ਪਾਤਸ਼ਾਹ ਨੇ ਭਾਈ ਗੋਦੜੀਏ ਨੂੰ ਨਿਹਾਲ ਕੀਤਾ।

"ਟੁਟੀ ਗੰਢਣ ਹਾਰ ਗੋਪਾਲ"

Digitized by Panjab Digital Library | www.panjabdigilib.org

# ਸ੍ਰੀ ਮਾਨ ਭਾਈ ਧੰਨਾ ਸਿੰਘ ਜੀ ਕਵੀ

ਆਪ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੇ ਸੇਵਕ ਸਨ, ਅਤੇ ਵਿਦਵਾਨ ਕਵੀ ਸਨ। ਇਕ ਵਾਰ ਚੰਦਨ ਕਵੀ ਇਕ ਸਵੈਯਾ ਬਣਾਕੇ ਸਤਿਗੁਰ ਦੇ ਦਰਬਾਰ ਹਾਜ਼ਰ ਹੋਇਆ, ਅਰ ਆਖਿਆ ਕਿ ਆਪ ਦੇ ਦਰਬਾਰ ਦੇ ਕਵੀਆਂ ਵਿਚੋਂ ਕੋਈ ਇਸਦਾ ਅਰਥ ਕਰੇ, ਕਲਗੀਧਰ ਨੇ ਫਰਮਾਇਆ ਕਿ ਇਸਦਾ ਅਰਥ ਗੁਰੂ ਘਰ ਦੇ ਘਾਹੀ ਭੀ ਕਰ ਸਕਦੇ ਹਨ।

"ਨਵਸਾਤ ਤਿਯੇ ਨਵਸਾਤ ਕਿਯੇ, ਨਵਸਾਤ ਪਿਯੇ ਨਵਸਾਤ ਪਿਯਾਏ।
ਨਵਸਾਤ ਰਚੇ, ਨਵਸਾਤ ਬਚੇ, ਨਵਸਾਤ ਪਿਆਪਹਿ ਦਾਯਕ ਪਾਏ।
ਜੀਤ ਕਲਾ ਨਵਸਾਤਨ ਕੀ, ਨਵਸਾਤਨ ਕੇ ਮੁਖ ਅੰਦਰ ਛਾਏ।
ਮਾਨਹੁ ਮੇਘ ਕਿ ਮੰਡਲ ਮੇ, ਕਵਿ ਚੰਦਨ ਚੰਦ ਕਲੇਵਰ ਛਾਏ।

ਭਾਈ ਧੰਨਾ ਸਿੰਘ ਨੇ ਇਸ ਦਾ ਅਰਥ ਕੀਤਾ ਕਿ ਸੋਲਾ ਵਰ੍ਹੇ ਦੀ ਉਮਰ ਦੀ ਇਸਤ੍ਰੀ ਨੇ ਸੋਲਾਂ ਸ਼ਿੰਗਾਰ ਕੀਤੇ।

ਉਸ ਦਾ ਪਤੀ ਸੋਲਾਂ ਮਹੀਨਿਆਂ ਪਿਛੋਂ ਪਰਦੇਸੋਂ ਆਇਆ ਸੀ। ਇਸਤ੍ਰੀ ਨੇ ਸੋਲਾਂ ਪ੍ਰਕਾਰ ਦੇ ਭੋਜਨ ਖਵਾਏ,

ਸੋਲਾਂ ਘਰਾਂ ਦੇ ਚੌਪੜ ਦੀ ਬਾਜੀ ਪਤੀ ਨਾਲ ਰਚੀ, ਦੋਹਾਂ ਨੇ ਸੋਲਾਂ ੨ ਚਾਲਾਂ ਚਲੀਆਂ। ਨਰਦਾਂ ਵਾਲੀ ਬਾਜ਼ੀ ਜਿੱਤਕੇ ਇਸਤ੍ਰੀ ਨੇ ਸੋਲਾਂ ਆਨੇ ਵਾਲੀ ਰੁਪਯੇ ਪ੍ਰਾਪਤ ਕੀਤੇ। ਜਦ ਪਤਿ ਨੇ ਇਸਤ੍ਰੀ ਨੂੰ ਜਿਤਿਆ। ਤਦ ਸੋਲਾ ਕਲਾ ਚੰਦ੍ਰ ਵਤ ਮੁਖ ਨੂੰ ਸ਼ਰਮ ਦੇ ਮਾਰੇ ਵਸਤ੍ਰ ਨਾਲ ਛੁਪਾ ਲਿਆ। ਮਾਨੋ ਚੰਦ੍ਰਮਾ ਮੇਘ ਵਿਚ ਢਕਿਆ ਗਿਆ ਹੈ।

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:–

ਸੁਨ ਧੰਨਾ ਸਿੰਘ ਅਰਥ ਬਖ਼ਾਨਾ
ਤ੍ਰਿਯ ਖੜਸ ਬਰਖਨ ਬਯ ਵਾਨਾ
ਤਨ ਖੋੜਸ ਸਿੰਗਾਰ ਸੁਹਾਯੋ
ਖੋੜਸ ਮਾਸਨ ਮੇ ਪਿਯ ਆਯੋ
ਖੋੜਸ ਘਰ ਕੋ ਚੌਪਰ ਰਜਯੋ
ਖੋਲਸ ਦਾਵ ਲਾਯ ਸੁਖ ਮਚਯੋ
ਸੋਈ ਘੋੜਸ ਪਯਾਰੇ ਲਾਯੋ
ਖੋੜਸ ਕੀ ਬਾਜੀ ਜੈ ਪਾਯੋ
ਖੋੜਸ ਕਲਾ ਚੰਦ ਮੁਖ ਜੋਈ
ਹਾਰ ਪਾਯ ਤ੍ਰਿਯ ਛਾਦਤ ਸੋਈ

Digitized by Panjab Digital Library | www.panjabdigilib.org

ਮਨਹੁ ਮੇਘ ਮੇ ਨਿਸਪਤਿ ਛਾਯੋ
ਇਮ ਅੰਚਰ ਮਹਿ ਮੁਖ ਦਰਸਾਯੋ

(ਗੁ: ਪ੍ਰ: ਸੂ: ਰੁਤ ੫ ਅ: ੨੫)

ਚੰਦਨ ਕਵਿ ਅਰਥਿ ਸੁਣਕ ਲੱਜਿਤ ਹੋਇਆ ਅਰ ਸਤਿ ਗੁਰੂ ਜੀ ਤੋਂ ਆਪਣੇ ਅਭਿਮਾਨ ਬਾਬਤ ਮੁਆਫੀ ਮੰਗੀ

ਭਾਈ ਧੰਨਾ ਸਿੰਘ ਨੇ ਚੰਦਨ ਕਵੀ ਨੂੰ ਆਪਣੇ ਸਵੈਯੇ ਸੁਣਾਕੇ ਆਖਿਆ ਕਿ ਅਰਥ ਕਰ। ਪਰ ਚੰਦਨ ਨੂੰ ਅਰਥ ਨਾ ਆਇਆ।

ਸਵੈਯੇ ਇਹ ਹਨ:—

ਮੀਨ ਮਰੇ ਜਲ ਕੇ ਪਰ ਸੇ
ਕਬਹੂ ਨ ਮਰੇ ਪਾਵਕ ਪਾਏ
ਹਾਥਿ ਮਰੈ ਮਦ ਕੇ ਪਰ ਸੇ
ਕਬਹੂ ਨ ਮਰੇ ਤਨ ਤਾਪ ਕੇ ਆਏ
ਤੀਯ ਮਰੈ ਪਤਿ ਕੇ ਪਰ ਸੇ
ਕਬਹੂ ਨ ਮਰੇ ਪਰਦੇਸ ਸਿਧਾਏ
ਗੂੜ੍ਹ ਮੈਬਾਤ ਕਹੀ ਦਿਜ ਰਾਜ
ਬਿਚਾਰ ਸਕੈ ਨ ਬਿਨਾ ਚਿਤਲਾਏ
ਕੋਲ ਮਰੈ ਰਵਿ ਕੇ ਪਰ ਸੇ
ਕਬਹੂ ਨ ਮਰੇ ਸਸਿ ਕੀ ਛਬਿ ਪਾਏ
ਮਿਤ੍ਰ ਮਰੇ ਮਿਤ ਕੋ ਮਿਲਕੈ
ਕਬਹੂ ਨ ਮਰੇ ਜਬ ਦੂਰ ਸਿਧਾਏ
ਸਿੰਘ ਮਰੇ ਜਬ ਮਾਸ ਮਿਲੈ
ਕਬਹੂ ਨਾ ਮਰੇ ਜਬ ਹਾਥ ਨ ਆਏ
ਗੁਜ ਮੈਂ ਬਾਤ ਕਹੀ ਦਿਲ ਰਾਜ
ਬਿਚਾਰ ਸਕੈ ਨ ਬਿਨਾ ਚਿਤਲਾਏ

ਇਨ੍ਹਾਂ ਸਵੈਯਾ ਵਿਚ ਵਿਰੋਧਾ ਭਾਸ ਅਲੰਕਾਰ ਹੈ। ਜੇ ਕਬਹੂ ਨ ਪਾਠ ਨੂੰ ਪਿਛਲੇ ਪਦ ਨਾਲ ਜੋੜ ਦਿਤਾ ਜਾਵੇ ਤਦ ਅਰਥ ਸਾਫ ਹੋ ਜਾਂਦਾ ਹੈ ਯਥਾ—

ਮੀਨ ਮਰੇ ਜਲ ਕੇ ਪਰ ਸੇ ਕਬਹੂ ਨਾ
ਮਰੇ ਪਰ ਪਾਵਕ ਪਾਏ..... ..... ਆਦਿਕ

Digitized by Panjab Digital Library | www.panjabdigilib.org

## ਧਿਆਨ ਸਿੰਘ ਜੀ

ਮਾਜਰੀ ਜ਼ਿਲਾ ਅੰਬਾਲਾ ਪਿੰਡ ਦਾ ਵਸਨੀਕ ਜਿਸ ਨੇ ਸ੍ਰੀ ਦਸਮੇਸ਼ ਜੀ ਤੋਂ ਅੰਮ੍ਰਿਤ ਛਕਿਆ ਇਹ ਕਲਗੀਧਰ ਦੇ ਦਰਬਾਰ ਦਾ ਕਵੀ ਸੀ। ਇਸ ਵਡਭਾਗੇ ਨੇ ਸਿਖੀ ਖਰੀਦੀ ਸੀ।

## ਭਾਈ ਨੰਦ ਚੰਦ

ਇਹ ਪਿੰਡ ਡਰੋਲੀ (ਫੀਰੋਜ਼ਪੁਰ) ਦਾ ਵਸਨੀਕ ਸੀ ਤੇ ਉਮਰ ਸ਼ਾਹ ਦਾ ਪੋਤਾ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਡਰੋਲੀ ਦੇ ਇਲਾਕੇ ਦਾ ਮਸੰਦ ਥਾਪਿਆ ਹੋਇਆ ਸੀ। ਇਸ ਨੇ ਭੰਗਾਣੀ ਦੇ ਯੁੱਧ ਵਿਚ ਵਡੀ ਵੀਰਤਾ ਦਿਖਾਈ, ਜਿਸ ਦਾ ਜ਼ਿਕਰ ਵਿਚਿਤ੍ਰ ਨਾਟਕ ਦੇ ਅਠਵੇਂ ਅਧਿਆਇ ਵਿੱਚ ਆਉਂਦਾ ਹੈ।

'ਤਹਾਂ ਨੰਦ ਚੰਦੀ ਕਿਯੋ ਕੋਪ ਭਾਰੋ।
ਲਗਾਈ ਬਰਛੀ ਕ੍ਰਿਪਾਣ ਸੰਭਾਰੋ।
ਤੁਟੀ ਤੇਗ ਤ੍ਰਿਖੀ ਕਢੇ ਜੰਮ ਦੱਢੰ।
ਹਠੀ ਰਾਖਯੰ ਲੱਜ ਬੰਸੰ ਸਨੱਢੰ।'

ਇੱਕ ਵੇਰੀ ਕਿਸੇ ਇਲਾਕੇ ਦੇ ਉਦਾਸੀ ਸਾਧੂ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਕੇ, ਕਲਗੀਧਰ ਜਾਂ ਤੋਂ ਦਸਖਤ ਕਰਵਾਉਣ ਲਈ ਅਨੰਦ ਪੁਰ ਲੈ ਆਏ। ਕਿਉਂਕਿ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਮੇਂ ਤੋਂ ਦਸ਼ਮੇਸ਼ ਜੀ ਦੇ ਵੇਲੇ ਤੱਕ ਜੋ ਕਾਪੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਕੀਤੀ ਜਾਂਦੀ ਸੀ, ਉਹ ਦਸਖਤੀ ਲਈ ਸ੍ਰੀ ਸਤਿਗੁਰੂ ਜੀ ਦੇ ਪੇਸ਼ ਹੁੰਦੀ ਸੀ।

ਪਰ ਨੰਦ ਚੰਦ ਨੇ ਉਦਾਸੀ ਸਾਧੂਆਂ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੇ ਕੋਲ ਹੀ ਰੱਖ ਲਿਆ ਸਾਧੂਆਂ ਨੇ ਗੁਰੂ ਜੀ ਕੋਲ ਸ਼ਿਕਾਇਤ ਕੀਤੀ ਤੇ ਨੰਦ ਚੰਦ ਡਰਦਾ ਮਾਰਿਆ ਅਨੰਦ ਪੁਰ ਸਾਹਿਬ ਤੋਂ ਭੱਜ ਕੇ, ਧੀਰ ਮਲ ਦੇ ਕੋਲ ਕਰਤਾਰ ਪੁਰ ਚਲਿਆ ਗਿਆ। ਉਨ੍ਹਾਂ ਏਸ ਨੂੰ ਦਸਮੇਸ਼ ਜੀ ਦਾ ਗੁਪਤ ਦੂਤ ਸਮਝਕੇ ਮਰਵਾ ਦਿੱਤਾ।

ਉਦਾਸੀਆਂ ਤੋਂ ਖੋਈ ਹੋਈ ਇਹ ਬੀੜ ਹੁਣ ਵੀ ਡਰੋਲੀ ਵਿੱਚ ਮੌਜੂਦ ਹੈ।

## ਨੂਰਾ ਮਾਹੀ

ਜਦੋਂ ਸ੍ਰੀ ਕਲਗੀ ਧਰ ਪਿਤਾ ਜੀ ਆਪਣੇ ਚੋਜਾਂ ਅਨੁਸਾਰ ਮਾਲਵੇ ਨੂੰ ਨਿਹਾਲ ਕਰਦੇ ਰਾਏ ਕਲੇ ਦੇ ਕੋਲ ਰਾਏ ਕੋਟ ਪੁਜੇ ਤਾਂ ਸ੍ਰੀ ਗੁਰੂ ਜੀ ਤੋਂ ਰਸਤੇ ਦੀ ਦੁਖ ਭਰੀ ਸਾਰੀ ਬਾਰਤਾ ਪੁਛਕੇ ਕਲਾ ਬਿਰਾਗ ਵਿਚ ਰੋਂਦਾ ਹੋਇਆ ਕੇਹਣ ਲਗਾ, ਸਰਬ ਦਤਾਰ ਗੁਰੂ ਜੀ ਆਪ ਜੀ ਮੇਰੇ ਪਾਸ ਦਰਸ਼ਨ ਦਿਓ ਮੈ ਆਪ ਜੀ ਦੀ ਰਜ ਰਜ ਕੇ ਸੇਵਾ ਕਰ ਲਵਾ, ਕਲਾ ਤੁਰਕਾਂ ਨੂੰ ਬਚਨ ਕੁਬਨ ਬੋਲਦਾ ਹੋਇਆ ਪੁਛਦਾ ਹੈ ਕਿ

Digitized by Panjab Digital Library | www.panjabdigilib.org

ਛੋਟੇ ਸਾਹਿਬ ਜਾਦੇ ਤੇ ਜਗਤ ਮਾਤਾ ਕਿਥੇ ਹਨ। ਸ੍ਰੀ ਗੁਰੂ ਜੀ ਸੁਣਿਆ ਹੈ ਕਿ (ਮਾਤਾ ਗੁਜਰੀ ਜੀ) ਤੇ ਛੋਟੇ ਲਾਲ ਸੂਬਾ ਸਰਹਿੰਦ ਪਾਸ ਹਨ। ਰਾਇ ਕਲੇ ਨੇ ਉਸੇ ਵੇਲੇ ਨੂਰਾ ਮਾਹੀ ਜੋ ਘੋੜੇ ਦਾ ਬਹੁਤ ਤੇਜ਼ ਅਸਵਾਰ ਤੇ ਤੇਜ ਸੀ ਘੋੜਾ ਦੇਕੇ ਗੁਰੂ ਸਪੁਤ੍ਰਾਂ ਦਾ ਤੇ ਮਾਤਾ ਜੀ ਦਾ ਪਤਾ ਲੈਣ ਵਾਸਤੇ ਸਰਹੰਦ ਨੂੰ ਘਲਿਆ ਸੀ ਜੋ ਸ੍ਰੀ ਗੁਰੂ ਦੇ ਚਰਨਾਂ ਤੇ ਨਿਮਸਕਾਰ ਕਰਕੇ ਸਰਹੰਦ ਨੂੰ ਚਲਿਆ ਗਿਆ ਅਤੇ ਦੂਸਰੇ ਦਿਨ ਮੁੜਕੇ ਸ੍ਰੀ ਗੁਰੂ ਜੀ ਨੂੰ ਸਾਹਿਬ ਜ਼ਾਦਿਆਂ ਤੇ ਮਾਤਾ ਜੀ ਦੀਆਂ ਸ਼ਹੀਦੀਆਂ ਦਾ ਹਾਲ ਸੁਣਾਇਆ ਅਤੇ ਨੂਰਾ ਮਾਹੀ ਗੁਰੂ ਜੀ ਦੀ ਸਿਖਿਆ ਧਾਰ ਕੇ ਸਿਖ ਹੋਇਆ।

**ਨਿਹਾਲਾਃ**—ਇਹ ਚਮਕੌਰ ਦਾ ਨੰਬਰਦਾਰ ਸੀ ਤੇ ਸਾਰੇ ਇਲਾਕੇ ਵਿਚ ਮੰਨਿਆ ਹੋਇਆ ਬੰਦਾ ਸੀ। ਇਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਪਣੇ ਘਰ ਠਹਿਰਾਕੇ ਅਤਿ ਅੰਤ ਪ੍ਰੇਮ ਤੇ ਅਪਾਰ ਸ਼ਰਧਾ ਨਾਲ ਸੇਵਾ ਕੀਤੀ। ਗੁਰੂ ਜੀ ਥਾਨੇਸਰ ਤੋਂ ਵਾਪਸ ਆਉਂਦੇ ਹੋਏ ਏਸੇ ਦੇ ਘਰ ਬਿਰਾਜੇ ਸਨ।

## ਫਤੂ ਸੰਮੂ

ਇਹ ਦੋਵੇਂ ਭਾਈ ਡੋਗਰ ਸਨ। ਇਨ੍ਹਾਂ ਨੇ ਗੁਰੂ ਜੀ ਨੂੰ ਪ੍ਰੇਮ ਨਾਲ ਲੂੰਗੀ ਅਰ ਖੇਸ ਭੇਟ ਕੀਤਾ। ਗੁਰੂ ਜੀ ਨੇ ਖੁਸ਼ੀ ਨਾਲ ਪ੍ਰਵਾਨ ਕਰਦਿਆਂ ਪਵਿਤਰ ਮੁਖਾਰਬਿੰਦ ਤੋਂ ਉਚਾਰਿਆ—

'ਤੇੜ ਲੂੰਗੀ ਮੋਢੇ ਖੇਸ, ਜਿਹਾ ਦੇਸ ਤਿਹਾ ਭੇਸ।'

## ਭਾਈ ਬਰਨ ਸਿੰਘ ਮਲਵਈ

ਭਾਈ ਬਰਨ ਸਿੰਘ ਪਿੰਡ ਫਾਜ਼ਲਕਾ ਦਾ ਵਸਨੀਕ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ ਆਕੇ ਅੰਮ੍ਰਿਤ ਛਕਿਆ ਅਤੇ ਸਿੰਘ ਸਜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਹੀ ਰਹਿਣ ਲਗਾ। ਜਿਸ ਨੇ ਅਨੰਦ ਪਰ ਦੇ ਜੰਗ ਵਿਚ ਧਰਮ ਵਿਰੋਧੀਆਂ ਨੂੰ ਖੂਬ ਹਥ ਦਿਖਾਏ।

## ਬੁਧੂ ਸ਼ਾਹ ਪੀਰ

ਸਿਖ ਇਤਿਹਾਸ ਵਿਚ ਪੀਰ ਬੁਧੂ ਸ਼ਾਹ ਦਾ ਨਾਮ ਖਾਸ ਮਹੱਤਤਾ ਵਾਲਾ ਹੈ। ਇਹ ਪਿੰਡ ਸੋਢੌਰਾ ਜ਼ਿਲਾ ਅੰਬਾਲਾਂ ਦਾ ਵਸਨੀਕ ਸੀ। ਏਸ ਦਾ ਅਸਲ ਨਾਮ ਸਯੱਦ ਬਦਰੁਦੀਨ ਸੀ। ਏਸ ਨੇ ਸਫਾਰਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਕੋਲ ਪੰਜ ਸੌ ਪਠਾਨ ਨੌਕਰ ਰਖਵਾਏ ਸਨ। ਏਹਨਾਂ ਪਠਾਨਾਂ ਵਿਚੋਂ ਮੁਖੀਆਂ ਦੇ ਨਾਮ ਕਾਲਾ ਖਾਨ, ਭੀਖਨ ਖਾਨ, ਨਿਜਾਬਤ ਖਾਨ ਅਤੇ ਹਯਾਤ ਖਾਨ ਆਦਿ ਸਨ।

ਏਨ੍ਹਾਂ ਚਾਰਾਂ ਵਿਚੋਂ ਕਾਲਾ ਖਾਨ ਤੋਂ ਬਾਕੀ ਤਿੰਨੇ ਨਮਕਹਰਾਮ ਹੋ ਗਏ ਤੇ ਭੰਗਾਣੀ ਦੇ ਯੁਧ ਸਮੇਂ ਆਪਣੇ ਸਵਾਰਾਂ ਸਮੇਤ, ਵਿਰੋਧੀ ਫੌਜਾਂ ਨਾਲ ਜਾ ਮਿਲੇ। ਜਦੋਂ ਪੀਰ ਬੁਧੂ ਨੂੰ ਏਹ ਖਬਰ ਮਿਲੀ ਤਾਂ

Digitized by Panjab Digital Library | www.panjabdigilib.org

ਉਸਨੂੰ ਬੜਾ ਖੇਦ ਪਹੁੰਚਿਆ ਤੇ ਉਸੇ ਵੇਲੇ ਆਪਣੇ ਚਾਰ ਪੁਤਰ ਤੇ ੭੦੦ ਮੁਰੀਦ ਲੈਕੇ, ਰਣ ਤੱਤੇ ਵਿਚ ਆ ਜੁਝਿਆ। ਖੂਬ ਤੇਗਾਂ ਚੱਲੀਆਂ। ਏਸ ਦੇ ਦੋ ਪੁਤਰ ਤੇ ਬਹੁਤ ਸਾਰੇ ਮੁਰੀਦ ਸ਼ਹੀਦ ਹੋ ਗਏ।

ਜੰਗ ਨੂੰ ਜਿਤ ਲੈਣ ਮਗਰੋਂ ਗੁਰੂ ਜੀ ਨੇ ਪੀਰ ਬੁਧੂ ਸ਼ਾਹ ਨੂੰ ਆਪਣੇ ਕੋਲ ਬੁਲਾਕੇ ਬਹੁਤ ਆਦਰ ਕੀਤਾ। ਸਤਿਗੁਰੂ ਜੀ ਨੇ ਅਪਣੀ† ਦਸਤਾਰ, ਕੰਘਾ ਜਿਸ ਵਿਚ ਵਾਹੇ ਹੋਏ ਕੇਸ ਲਗੇ ਹੋਏ ਸਨ, ਇਕ ਛੋਟੀ ਕ੍ਰਿਪਾਨ ਹੁਕਮਨਾਮੇ ਸਮੇਤ ਪੀਰ ਬੁਧੂ ਸ਼ਾਹ ਨੂੰ ਪਿਆਰ ਸਹਿਤ ਬਖਸ਼ੀ। ਏਹਨਾਂ ਅਨਮੁਲੀਆਂ ਸੁਗਾਤਾਂ ਨੂੰ ਪ੍ਰਾਪਤ ਕਰਕੇ ਪੀਰ ਬੁਧੂ ਸ਼ਾਹ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਤੇ ਉਸਦੇ ਦੋਹਾਂ ਪੁਤ੍ਰਾਂ ਦੀ ਮੌਤ ਵੀ ਉਸਦੀ ਬਹੁਤ ਪ੍ਰਸੰਨਤਾ ਦਾ ਕਾਰਨ ਬਣ ਗਈ।

ਸੋਢੌਰੇ ਦੇ ਹਾਕਮ ਸਰਦਾਰ ਆਸਮਾਨ ਖਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਃ ਦੀ ਮਦਦ ਕਰਨ ਦੇ ਅਪਰਾਧ ਵਿਚ, ਪੀਰ ਬੁਧੂ ਸ਼ਾਹ ਨੂੰ ਕਤਲ ਕਰਾ ਦਿੱਤਾ।

ਸੰਮਤ ੧੭੬੬ ਵਿਚ ਜਿਸ ਸਮੇਂ ਬੰਦਾ ਬਹਾਦਰ ਨੇ ਸੋਢੌਰਾ ਫ਼ਤਹ ਕੀਤਾ ਤਾਂ ਉਸਨੇ ਪੀਰ ਬੁਧੂ ਸ਼ਾਹ ਦੇ ਕਤਲ ਦਾ ਬਦਲਾ ਲੈਣ ਲਈ ਅਸਮਾਨ ਖਾਂ ਨੂੰ ਫਾਂਸੀ ਦੇ ਕੇ ਮਾਰਿਆ।

## ਭੀਖਲ ਸ਼ਾਹ ਸੇਖ

ਇਹ ਮਹਾਤਮਾ ਪੀਰ ਕਰਕੇ ਮੰਨੇ ਜਾਂਦੇ ਹਨ ਇਨ੍ਹਾਂ ਦਾ ਪਿੰਡ ਸਿਆਣਾ ਦਾ (ਕੈਥਲ) ਸੀ ਸਹਿ ਭੀਖ ਜੀ ਸਯੱਦ ਮੁਸਲਮਾਨਾਂ ਵਿਚੋਂ ਸਨ। ਸ੍ਰੀ ਗੁਰੂ ਕਲਗੀਧਰ ਜੀ ਦੇ ਅਵਤਾਰ ਸਮੇਂ, ਮੀਰੀਦਾ ਸਣੇ ਸੀਪਟਣਾ ਸਾਹਿਬ ਵਿਖੇ ਜਾਕੇ ਦਰਸ਼ਨ ਪਾਕੇ ਸ਼ਾਂਤ ਹੋਏ ਅਰ ਸਿਖ ਧਰਮ ਦਾ ਧਾਰਨੀ ਸਮੇਤ ਮੁਰੀਦਾ ਦੇ ਹੋਇਆ। ਏਨਾਂ ਨੇ ਹੀ ਸ੍ਰੀ ਗੁਰੂ ਜੀ ਅਗੇ ਦੋ ਕੁਜੀਆਂ ਰਖਕੇ ਪਰੀਖਿਆ ਕੀਤੀ ਸੀ ਕਿ ਹਿੰਦੂਆਂ ਕੇ ਜਾਂ ਮੁਸਲਮਾਨਾਂ ਕੇ ਰਾਖੇ ਜਦ ਸ੍ਰੀ ਦਸਮੇਸ਼ ਜੀ ਨੇ ਦੋਹਾਂ *ਕੁਜੀਆਂ ਤੇ ਹਥ ਰਖ ਕੇ ਸਮਝਾਇਆ ਕਿ ਦੋਹਾਂ ਦੇ ਰਾਖੇ। ਤਾਂ ਮਨ ਗਿਆ ਕਿ ਸਾਂਝੇ ਪੀਰ ਗੁਰੂ ਨਾਨਕ ਦੇ ਸਰੂਪ ਜੋ ਹੋਇ।

## ਮਾਲਵੇ ਦੇ ਅਦੁਤੀ ਸ਼ਹੀਦ ਭਾਈ ਮਨੀ ਸਿੰਘ ਜੀ

[ ਤਨੁ ਮਨੁ ਕਾਟਿ ਕਾਟ ਸਭ ਅਰਪੀ ]

ਸ੍ਰੀ ਮਾਨ ਭਾਈ ਸਾਹਿਬ ਭਾਈ ਮਨੀ ਸਿੰਘ ਸੀ ਸਿਖ ਇਤਹਾਸ ਦੇ ਉਹ ਚਮਕਦੇ ਸਿਤਾਰੇ ਹਨ ਜਿਨਾਂ ਦਾ ਨਾਮ ਸਿੱਖ ਕੌਮ ਵਿਚ ਬੜੇ ਸਤਿਕਾਰ ਨਾਲ ਪੁਕਾਰਿਆ ਜਾਂਦਾ ਹੈ, ਆਪ ਜੀ ਨੇ ਸਿਖ ਕੌਮ ਦੀ ਵਿਰਥੀ ਲਈ ਜੋ ਜੋ ਘਾਲਣਾ ਘਾਲੀਆਂ ਅਤੇ ਅਸਹਿ ਤੇ ਅਕਹਿ ਕਸ਼ਟ ਸਹਾਰੇ ਸੁਨਹਿਰੀ ਅਖਰਾਂ ਵਿਚ ਲਿਖਣ ਦੇ ਯੋਗ ਹਨ।

---

†ਹੁਣ ਇਹ ਪਵਿਤ੍ਰ ਵਸਤਾਂ ਗੁਃ ਸਰੋਪਾ ਸਾਹਿਬ ਨਾਭਾ ਵਿਚ ਮੌਜੂਦ ਹਨ।

*ਇਕ ਕੁਜੀ ਵਿਚ ਦੁਧ ਜੋ ਹਿੰਦੂਆ ਦੀ ਸੀ।
ਦੂਜੀ ਵਿਚ ਪਾਣੀ ਜੋ ਮੁਸਲਮਾਨਾ ਦੀ ਸੀ।

Digitized by Panjab Digital Library | www.panjabdigilib.org

ਸਿਖ ਕੌਮ ਵਿੱਚ ਜੋ ਮਾਣ ਭਾਈ ਗੁਰਦਾਸ ਜੀ ਨੂੰ ਲਿਖਾਰੀ ਹੋਣ ਦਾ ਹੈ ਉਹੀ ਮਾਣ ਆਪ ਨੂੰ ਪ੍ਰਾਪਤ ਹੈ, ਆਪ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਨਭਵੀ ਬੀੜ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਚਾਰਨ ਸਮੇਂ ਲਿਖਣ ਦਾ ਮਾਣ ਬਖਸ਼ਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਰਨ ਕਥਾ ਸੁਣਾ ਕੇ ਬ੍ਰਹਿਮ ਗਿਆਨੀ ਦੇ ਦਰਜੇ ਦਾ ਮਾਣ ਦਿਤਾ ਏਥੇ ਹੀ ਬਸ ਨਹੀਂ, ਸਭ ਤੋਂ ਪਹਿਲਾ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮਾਨਨੀਯ ਗ੍ਰੰਥੀ ਸਾਹਿਬ ਦੀ ਸੇਵਾ ਮਾਤਾ ਸੁੰਦਰ ਜੀ ਵਲੋਂ ਆਪ ਨੂੰ ਹੀ ਦਿਤੀ ਗਈ ਸੀ ਆਪਦਾ ਨਾ ਸਿਖ ਕੌਮ ਵਿਚ ਖਾਸ ਥਾ ਰਖਦਾ ਹੈ।

ਆਪ ਜੀ ਦਾ ਜਨਮ ਕੈਂਬੋਵਾਲ (ਲੌਂਗੋ ਵਾਲ ਦੇ ਪਾਸ) ਮਾਲਵੇ ਦੀ ਪਵਿਤ੍ਰ ਭੂਮੀ ਵਿਚ ਹੋਇਆ ਆਪ ਜੀ ਦੇ ਬਜ਼ੁਰਗ ਗੁਰੂ ਘਰ ਦੇ ਸ਼ਰਧਾਲੂ ਸਨ ਅਤੇ ਸ੍ਰੀ ਗੁਰੂ ਕਲਗੀਧਰ ਦੇ ਦਰਸ਼ਨਾਂ ਨੂੰ ਅਨੰਦ ਪੁਰ ਸਾਹਿਬ ਜਾਇਆ ਕਰਦੇ ਸੀ, ਇਕ ਵਾਰ ਆਪ ਜੀ ਭੀ ਆਪਣੇ ਸਤਿਕਾਰ ਯੋਗ ਪਿਤਾ ਨਾਲ ਸ੍ਰੀ ਕਲਗੀਧਰ ਦੇ ਦਰਸ਼ਨ ਕਰਨ ਅਨੰਦ ਪੁਰ ਸਾਹਿਬ ਗਏ। ਗੁਰੂ ਜੀ ਦੇ ਦਰਬਾਰ ਦੀ ਸ਼ਾਨ, ਖਾਲਸੇ ਦੀ ਚੜ੍ਹਤ ਤੇ ਦਸਮੇਸ਼ ਜੀ ਦੇ ਅਦੁਤੀ ਤੇ ਅਲੌਕਿਕ ਚਮਤਕਾਰ ਦੇਖਕੇ ਉਥੇ ਹੀ ਰਹਿ ਪਏ।

## ਦੀਵਾਲੀ

ਸ੍ਰੀ ਅੰਮ੍ਰਿਤਸਰ ਵਿਚ ਛੇਵੇਂ ਪਾਤਸ਼ਾਹਿ ਜੀ ਦੇ ਸਮੇਂ ਤੋਂ ਲੈਕੇ ਵਿਸਾਖੀ ਤੇ ਦੀਵਾਲੀ ਦੇ ਜੋੜ ਮੇਲੇ ਹੁੰਦੇ ਸਨ। ਜਿਨ੍ਹਾਂ ਤੇ ਦੂਰ ਦੂਰ ਤੋਂ ਸੰਗਤਾਂ ਆਉਂਦੀਆਂ ਸਨ। ਉਨਾਂ ਦਿਨਾਂ ਵਿਚ ਸੂਬਾ ਲਾਹੌਰ ਨੇ ਸਿਖਾਂ ਤੇ ਸਖਤੀ ਕਰਨੀ ਸ਼ੁਰੂ ਕਰ ਦਿਤੀ। ਸੰਮਤ ੧੭੯੪ ਵਿਚ ਭਾਈ ਮਨੀ ਸਿੰਘ ਜੀ ਨੇ ਅੰਮ੍ਰਿਤਸਰ ਦੇ ਕਾਜ਼ੀ ਅਬਦੁਲਾ ਰਜ਼ਾਕ ਰਾਹੀਂ ਸੂਬਾ ਲਾਹੌਰ ਨੂੰ ਲਿਖਿਆ ਕਿ ਜੇ ਇਸ ਸਾਲ ਦੀਵਾਲੀ ਦਾ ਮੇਲਾ ਹੋਣ ਦਿਤਾ ਜਾਵੇ ਤਾਂ ਉਹ ਪੰਜ ਹਜ਼ਾਰ ਰੁਪੈਇਆ ਸਰਕਾਰ ਨੂੰ ਦੇਣਗੇ। ਇਸ ਤੇ ਖ਼ਾਨ ਬਹਾਦਰ ਜ਼ਕ-ਰੀਆ ਖ਼ਾਨ ਸੂਬਾ ਲਾਹੌਰ ਨੇ ਦੀਪਮਾਲਾ ਦਾ ਮੇਲਾ ਕਰਨ ਦੀ ਆਗਿਆ ਦੇ ਦਿਤੀ। ਸੂਬੇ ਦੇ ਮਨ ਵਿਚ ਸਿਖਾਂ ਨੂੰ ਮਾਰਨ ਲਈ ਕਪਟ ਸੀ। ਇਸ ਲਈ ਉਸ ਨੇ ਫੌਜ ਵੀ ਭੇਜ ਦਿਤੀ। ਉਸਦਾ ਮਕਸਦ ਇਹ ਸੀ ਕਿ ਜਦ ਦੀਵਾਲੀ ਦੇ ਮੇਲੇ ਤੇ ਸਿਖ ਇਕਤ੍ਰ ਹੋਣਗੇ ਤਾਂ ਉਨਾਂ ਨੂੰ ਘੇਰ ਕੇ ਮਾਰ ਦਿਤਾ ਜਾਵੇ। ਭਾਈ ਮਨੀ ਸਿੰਘ ਜੀ ਤੇ ਖਾਲਸੇ ਨੂੰ ਵੀ ਸੂਬੇ ਦੇ ਇਸ ਇਰਾਦੇ ਦਾ ਪਤਾ ਲਗ ਗਿਆ ਇਸ ਲਈ ਮੇਲੇ ਤੇ ਬਹੁਤ ਘਟ ਸੰਗਤ ਆਈ ਤੇ ਆਮਦਨ ਵੀ ਬਹੁਤ ਘਟ ਹੋਈ। ਅੰਮ੍ਰਿਤਸਰ ਦੇ ਹਾਕਮ ਨੇ ਭਾਈ ਮਨੀ ਸਿੰਘ ਜੀ ਤੋਂ ਮੇਲੇ ਦਾ ਟੈਕਸ ਦਾ ਪੰਜ ਹਜ਼ਾਰ ਰੁਪਿਆ ਮੰਗਿਆ ਤਾਂ ਭਾਈ ਸਾਹਿਬ ਜੀ ਨੇ ਉਤਰ ਦਿਤਾ ਜਦ ਹਕੂਮਤ ਨੇ ਮੇਲਾ ਹੀ ਨਹੀਂ ਲਗਣ ਦਿਤਾ ਤਾਂ ਦਸੋ ਟੈਕਸ ਕਿਥੋਂ ਦਿਤਾ ਜਾਵੇ। ਇਹ ਧਕੇਸ਼ਾਹੀ ਤੇ ਜਬਰ ਹੈ।

ਹਕੂਮਤ ਨੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਵਿਚ ਕੈਦ ਕਰ ਦਿਤਾ।

ਸਤਿਗੁਰੂ ਦੇ ਹਜ਼ੂਰ ਰਹਿਕੇ ਉਚ ਵਿਦਿਆ ਪ੍ਰਾਪਤ ਕੀਤੀ ਅਤੇ ਗੁਰੂ ਦਸਮੇਸ਼ ਦੇ ਦਰਬਾਰ ਵਿੱਚ ਬਹੁਤ ਸਨਮਾਨ ਪ੍ਰਾਪਤ ਕੀਤਾ, ਇਥੋਂ ਤਕ ਕਿ ਆਪਜੀ ਨੂੰ ਗੁਰੂ ਘਰ ਦੇ ਪ੍ਰਵਾਰ ਅਤੇ ਮਹਿਲਾਂ ਵਿੱਚ ਜਾਣ ਦਾ ਪੂਰਨ ਅਧਿਕਾਰ ਸੀ। ਆਪ ਜੀ ਸ੍ਰੀ ਦਸਮੇਸ਼ ਦੇ ਇਤਨੇ ਨਿਕਟਵਰਤੀ ਹੋ ਗਏ ਸਨ, ਕਿ

Digitized by Panjab Digital Library | www.panjabdigilib.org

ਸ੍ਰੀ ਹਜ਼ੂਰ ਆਪ ਜੀ ਨੂੰ ਪਲ ਭਰ ਭੀ ਦੂਰ ਨਹੀਂ ਜਾਣ ਦਿੰਦੇ ਸਨ।

ਜਦ ਸ੍ਰੀ ਗੁਰੂ ਜੀ ਨੇ ਅਨੰਦ ਪੁਰ ਦਾ ਕਿਲਾ ਛਡਿਆ ਤਾਂ ਸਭ ਤੋਂ ਵਡੀ ਸੇਵਾ ਆਪ ਜੀ ਦੇ ਜ਼ੁਮੇ ਇਹ ਲਗੀ ਕਿ ਮਹਿਲਾਂ ਨੂੰ ਗੁਪਤ ਤਰੀਕੇ ਨਾਲ ਦਿਲੀ ਲੈ ਜਾਉ। ਸੋ ਜਿਸ ਤਰੀਕੇ ਨਾਲ ਆਪ ਨੇ ਉਹ ਸੇਵਾ ਨਿਭਾਈ ਓਹ ਅਕਥਨੀਯ ਹੈ

ਜਦ ਸਤਿਗੁਰੂ ਜੀ ਦਮਦਮਾ ਸਾਹਿਬ ਤਲਵੰਡੀ ਸਾਬੋ ਪੁਜੇ ਤਾਂ ਆਪ ਜੀ ਗੁਰੂ ਸਾਹਿਬਾਂ ਦੇ ਮਹਿਲਾਂ ਸਣੇ ਏਥੇ ਪੁਜੇ। ਗੁਰੂ ਜੀ ਦੇ ਹਜ਼ੂਰ ਰਹਿ ਕੇ ਅਨਭਵੀ ਬੀੜ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਆਪ ਨੇ ਹੀ ਲਿਖਣ ਦਾ ਮਾਣ ਪ੍ਰਾਪਤ ਕੀਤਾ। ਪੂਰਨ ਕਥਾ ਸੁਣ ਕੇ ਬ੍ਰਹਮ ਗਿਆਨੀ ਦੀ ਪਦਵੀ ਪਾਈ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਗ੍ਰੰਥੀ ਮਾਤਾ ਸੁੰਦਰੀ ਜੀ ਨੇ ਏਥੋਂ ਹੀ ਥਾਪ ਕੇ ਤੱਤ ਖਾਲਸੇ ਅਤੇ ਬੰਦਈਆਂ ਦਾ ਝਗੜਾ ਨਬੇੜਨ ਲਈ ਆਪ ਨੂੰ ਘਲਿਆ. ਜੋ ਆਪ ਨੇ ਯੋਗਤਾ ਨਾਲ ਨਬੇੜਿਆ।

ਜਿਸ ਵੇਲੇ ਭਾਈ ਸਾਹਿਬ ਜੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸੀ ਉਸ ਵੇਲੇ ਸਿੰਘਾਂ ਉਪਰ ਬੜੀ ਬਿਪਤਾ ਦਾ ਸਮਾ ਸੀ। ਸਿੰਘ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਤਰਸਦੇ ਸਨ। ਆਪ ਜੀ ਨੇ ਸੋਚਿਆ ਦੀਪ ਮਾਲਾ ਦਾ ਮੇਲਾ ਨੇੜੇ ਹੈ, ਕਿਉਂ ਨਾ ਧੂਮ ਧਾਮ ਨਾਲ ਮਨਾਇਆ ਜਾਵੇ ਇਸ ਖਿਆਲ ਨੂੰ ਮੁਖ ਰਖਕੇ ਆਪਨੇ ਵਕਤ ਦੀ ਹਕੂਮਤ ਤੋਂ ਦੀਪ ਮਾਲਾ ਕਰਨ ਦੀ ਆਗਿਆ ਲੈ ਲਈ ਅਤੇ ਉਨਾਂ ਵਲੋਂ ਜੋ ਸ਼ਰਤ ਲਾਈ ਗਈ ਸੀ ਭਾਈ ਸਾਹਿਬ ਸੋਚਿਆ, ਕਿ ਸੰਗਤਾਂ ਬਹੁਤ ਆਉਣਗੀਆਂ ਚੜ੍ਹਾਵਾ ਕਾਫੀ ਚੜ ਜਾਵੇ ਗਾ, ਤੇ ਸ਼ਰਤ ਵਾਲੀ ਰਕਮ ਬੜੀ ਆਸਾਨੀ ਨਾਲ ਤਾਰ ਦਿਤੀ ਜਾਵੇ ਗੀ। ਇਕ ਪੰਥ ਦੋ ਕਾਜ, ਸਿੰਘ ਸ੍ਰੀ ਗੁਰੂ ਰਾਮਦਾਸ ਸੀ ਦੇ ਦਰਬਾਰ ਦੇ ਦਰਸ਼ਨ ਕਰ ਜਾਣਗੇ, ਸਰੋਵਰ ਚੋਂ ਇਸ਼ਨਾਨ ਕਰਕੇ ਜੀਵਨ ਮੁਕਤ ਹੋਣਗੇ, ਅਤੇ ਸਾਥ ਹੀ ਅਸੀਂ ਇਸ ਢੰਗ ਨਾਲ ਖਾਲਸਾ ਜੀ ਦੇ ਦੂਸ਼ਨ ਅਤੇ ਯੋਗ ਵਿਚਾਰਾਂ ਕੀਤੀਆਂ ਜਾਣਗੀਆਂ। ਸੋ ਉਪਰੋਕਤ ਵਿਚਾਰਾਂ ਨੂੰ ਮੁਖ ਰਖਕੇ ਭਾਈ ਸਾਹਿਬ ਜੀ ਨੇ ਦੀਪ ਮਾਲਾਂ ਦੇ ਮੇਲੇ ਤੇ ਸੰਗਤਾਂ ਨੂੰ ਅਤੇ ਖਾਲਸਾ ਮੰਥ ਨੂੰ ਸਦਾ ਪੱਤਰ ਭੇਜ ਦਿਤੇ। ਸਾਰੇ ਪੰਥ ਵਿਚ ਖ਼ੁਸ਼ੀ ਦੀ ਲਹਿਰ ਫੈਲ ਗਈ। ਖੂਬ ਤਿਆਰੀਆਂ ਹੋਣ ਲਗੀਆਂ ਜਦ ਥੋੜੇ ਦਿਨ ਬਾਕੀ ਰਹਿ ਗਏ, ਸਮੇਂ ਦੀ ਹਕੂਮਤ ਬੇਈਮਾਨ ਹੋ ਗਈ, ਤੇ ਫੈਸਲਾ ਕਰ ਲਿਆ ਕਿ ਦੀਪ ਮਾਲਾ ਤੇ ਆਇਆਂ ਸਿੰਘਾਂ ਨੂੰ ਫੜ ਲਿਆ ਜਾਵੇ। ਇਸ ਗਲ ਦਾ ਭਾਈ ਮਨੀ ਸਿੰਘ ਨੂੰ ਪਤਾ ਲਗ ਗਿਆ। ਆਪ ਜੀ ਨੇ ਸਿੰਘਾਂ ਨੂੰ ਹੁਕਮ ਨਾਮੇਂ ਘਲ ਦਿਤੇ। ਸਿੰਘ ਕੋਈ ਵੀ ਦੀਪ ਮਾਲਾ ਤੇ ਨਾਂ ਆਇਆ ਤੇ ਚੜ੍ਹਾਵਾ ਨਾ ਚੜਿਆ, ਵਕਤ ਦੀ ਹਕੂਮਤ ਨੇ ਭਾਈ ਸਾਹਿਬ ਦੇ ਇਸ ਵਰਤਾਰੇ ਤੋਂ ਖਿਝ ਗਈ ਤੇ ਮੇਲੇ ਤੇ ਕੀਤੀ ਰਕਮ ਮੰਗੀ। ਭਾਈ ਸਾਹਿਬ ਨੇ ਕਿਹਾ ਕਿ ਆਪ ਨੇ ਸਿੰਘਾਂ ਨੂੰ ਫੜਨ ਦੀ ਠਾਣੀ ਸੀ। ਸਿੰਘ ਨਹੀਂ ਆਏ, ਚੜ੍ਹਾਵਾ ਨਹੀਂ ਚੜਿਆ। ਰਕਮ ਕਿਥੋਂ ਦਿਤੀ ਜਾਵੇ।

ਇਸ ਦੋਸ਼ ਵਿਚ (ਇਕ ਬਹਾਨਾ ਬਣਾ ਕੇ) ਹਕੂਮਤ ਨੇ ਆਪ ਨੂੰ ਲ;ਹੌਰ ਸਦ ਕੇ, ਜਾਂ ਰਕਮ ਦੇਵੋ ਜਾਂ ਮੁਸਲਮਾਨ ਹੋਣਾ ਪ੍ਰਵਾਨ ਕਰੋ, ਨਹੀਂ ਤਾਂ ਅੰਗ ਅੰਗ ਕਟ ਕੇ ਸ਼ਹੀਦ ਕੀਤੇ ਜਾਉਗੇ। ਇਸ ਗਲ ਦਾ ਲਾਹੌਰ ਨਿਵਾਸੀਆਂ ਨੂੰ ਪਤਾ ਲਗਾ, ਪੂਰੀ ਰਕਮ ਤਾਰਨੀ ਚਾਹੀ। ਪਰ ਆਪ ਨੇ ਕੋਈ ਗਲ

Digitized by Panjab Digital Library | www.panjabdigilib.org

ਪਰਵਾਨ ਨਾ ਕੀਤੀ ਤੇ ਹਸਦਿਆਂ ੨ ਕੌਮ ਦੀ ਖਾਤਰ ਅੰਗ ਅੰਗ ਕਟਾਉਣਾ ਪ੍ਰਵਾਨ ਕੀਤਾ।

ਆਪ ਜੀ ਲਾਹੌਰ ਵਿੱਚ ਬੰਦ ਬੰਦ ਕਟਵਾ ਕੇ ਸਦਾ ਲਈ ਖਾਲਸਈ ਸ਼ਾਨ ਨੂੰ ਚਾਰ ਚੰਦ ਲਾਉਂਦੇ ਹੋਏ ਸ਼ਹੀਦ ਹੋ ਗਏ।

# ਸ੍ਰੀ ਮਾਨ ਭਾਈ ਮਾਹੀ ਸਿੰਘ ਜੀ

ਆਪ ਜੀ ਕੰਬੋ ਘਰਾਣੇ ਵਿੱਚ ਪਿੰਡ ਸੁਨਾਮ ਰਿਆਸਤ ਪਟਿਆਲਾ ਦੇ ਰਹਿਣ ਵਾਲੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦ ਅਨੰਦ ਪੁਰ ਸਾਹਿਬ ਬਿਰਾਜੇ ਸਨ ਤਾਂ ਭਾਈ ਮਾਹੀ ਸਿੰਘ ਜੀ ਹਜ਼ੂਰ ਦੀ ਸ਼ਰਨ ਵਿਚ ਆਇਆ ਸੀ, ਜਿਸ ਨੇ ਅਨੰਦ ਪੁਰ ਸਾਹਿਬ ਦੇ ਕਈ ਜੁਧਾਂ ਵਿੱਚ ਹਿਸਾ ਲਿਆ ਸੀ। ਇਸ ਨੇ ਮਦਨ ਖਾਂ ਪਠਾਣ ਗਵਾਲੀਅਰ ਨੂੰ ਟਾਕਰੇ ਵਿੱਚ ਤੇਗ਼ ਦੇ ਘਾਟ ਉਤਾਰਿਆ ਸੀ। ਜਿਸ ਦੀ ਬੀਰਤਾ ਪਰ ਸ੍ਰੀ ਦਸਮੇਸ਼ ਜੀ ਬਹੁਤ ਪ੍ਰਸੰਨ ਹੋਏ, ਤੇ ਜਦ ਆਪ ਜੀ ਨੇ ਸਾਬੋ ਕੀ ਤਲਵੰਡੀ ਜੁੱਧ ਦਾ ਕਮਰ ਕਸਾ ਖੋਲਿਆ ਤੇ ਆਪ ਜੀ ਨੇ ਭਾਈ ਮਾਹੀ ਸਿੰਘ ਨੂੰ ਸਨਾਮ ਤੋਂ ਸਦ ਘਲਿਆ।

ਜਦ ਭਾਈ ਮਾਹੀ ਸਿੰਘ ਜੀ ਦੀਨ ਦੁਨੀ ਦੇ ਵਾਲੀ ਦੀ ਸ਼ਰਨ ਵਿਚ ਦਮਦਮਾਂ ਸਾਹਿਬ ਪੁਜਿਆ, ਤਾਂ ਸਾਹਿਬ ਨੇ ਬੜੇ ਪਿਆਰ ਸਤਿਕਾਰ ਨਾਲ ਆਦਰ ਮਾਨ ਕੀਤਾ, ਅਤੇ ਆਪਣੇ ਦਸਤ ਕੰਵਲਾਂ ਨਾਲ ਭਾਈ ਮਾਹੀ ਸਿੰਘ ਜੀ ਨੂੰ ਪਟਾ ਲਿਖ ਕੇ ਦਿੱਤਾ ਅਤੇ ਸਾਥ ਹੀ ਸੰਗਤਾਂ ਨੂੰ ਹੁਕਮ ਕੀਤਾ ਕਿ ਆਪ ਸਾਰਿਆਂ ਭਾਈ ਮਾਹੀ ਸਿੰਘ ਦਾ ਆਦਰ ਮਾਨ ਕਰਨਾ, ਅਤੇ ਉਹ ਪਟਾ ਅਜ ਕਲ ਆਪ ਦੀ ਸੰਤਾਨ ਸਨਾਮ ਪਿੰਡ ਵਿਚ ਰਹਿਣ ਵਾਲੀ ਪਾਸ ਹੈ। ਆਪ ਦੀ ਸੰਤਾਨ ਵਿਚੋਂ ਹੀ ਵਰਤਮਾਨ ਕਾਲ ਵਿੱਚ ਭਾਈ ਟਹਿਲ ਸਿੰਘ ਜੀ ਸ੍ਰੀ ਨਨਕਾਣਾ ਸਾਹਿਬ ਵਿੱਚ ਸ਼ਹੀਦ ਹੋਏ ਹਨ ਅਤੇ ਦੂਜੇ ਭਾਈ ਉਧਮ ਸਿੰਘ ਜੀ ਨੇ ਇੰਗਲੈਂਡ ਜਾ ਕੇ ਐਡਵਾਇਰ ਨੂੰ ਮਾਰਿਆ ਸੀ।

# ਅਨੰਦ ਪੁਰ ਦੇ ਘੇਰੇ ਦੀ ਸਿੰਘਾਂ ਨੂੰ ਸਰੋਤ ਹੋਣੀ ਤੇ ਸਿਦਕੀ ਸਿੰਘਾਂ ਨੇ ਗੁਰੂ ਸ਼ਰਨ ਵਿਚ ਪੁਜਣਾ।

ਦਿੱਲੀ ਤੇ ਸਰਹੰਦ ਦੀਆਂ ਸੰਗਤਾਂ ਨੇ ਸਾਰੇ ਦੇਸ਼ ਵਿੱਚ ਖਬਰਾਂ ਭੇਜ ਦਿਤੀਆਂ ਕਿ ਅਨੰਦ ਪੁਰ ਤੇ ਘੇਰਾ ਪੈ ਗਿਆ ਹੈ। ਮਹਾਂ ਭਾਰਤ ਦੀ ਤਰ੍ਹਾਂ ਮਹਾਂ ਭਿਆਨਕ ਜੰਗ ਹੋਵੇ ਗਾ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਭਰੋਸਾ ਵਾਨ ਸਿੰਘ ਜ਼ਾਲਮ ਦੀ ਸੈਨਾ ਦੇਖ ਕੇ ਘਬਰਾਏ ਨਹੀਂ ਬਲਕਿ ਰਣ ਦੇਖ ਸੂਰੇ ਚਿਤ ਉਲਾਸ ਸ੍ਰੀ ਗੁਰੂ ਜੀ ਤੋਂ ਆਪਾ ਵਾਰਨ ਵਾਲੇ ਸਿਦਕੀ ਸਿੱਖ ਘਰਾਂ ਤੋਂ ਘੋੜੇ ਤੇ ਹਥਿਆਰ ਅ ਦਿਕ ਲੈ ਕੇ ਅਨੰਦ ਪੁਰ ਵਲ ਨੂੰ ਕਮਰ ਕਸੇ ਕਰਦੇ ਸਨ, ਕਿਉਂਕਿ ਉਹਨਾਂ ਵਡ ਭਾਗਿਆਂ ਨੂੰ ਸ੍ਰੀ ਗੁਰੂ ਜੀ ਤੋਂ ਉਪਦੇਸ਼ ਸੁਣਿਆ ਹੋਇਆ ਸੀ ਕਿ 'ਜੋ ਘੜਿਆ ਸੋ ਭਜਸੀ' ਤਾਂ ਫੇਰ ਮਰਨ ਤੋਂ ਕਿਉਂ ਡਰਨਾ। ਐਸਾ ਮੌਕਾ ਫੇਰ ਹਥ ਨਹੀਂ ਜੇ ਆਉਣਾ। ਸ੍ਰੀ ਗੁਰੂ ਜੀ ਦੇ ਹਜ਼ੂਰ ਜੰਗ ਵਿਚ ਸ਼ਹੀਦੀ ਬਾਟਾ ਛਕ ਕੇ ਕਿਉਂ ਨਾ ਮਰੀਏ। ਮਾਝੇ, ਮਾਲਵੇ, ਮੈਣ ਦੁਆਬਾ ਰਿਆੜਕੀ ਪੁਆਦਿ ਆਦ ਦੇ ਨੌ ਜਵਾਨ ਸੂਰਬੀਰ ਵਹੀਰਾਂ ਘਤ ਕੇ ਅਨੰਦ ਪੁਰ ਪਿਆਰੇ ਪ੍ਰੀਤਮ ਦੇ ਚਰਨਾਂ ਵਲ ਵਾਹੋ ਦਾਹੀ ਜਾ ਰਹੇ ਸਨ। ਬਹੁਤ ਸਾਰੇ ਥਾਂਈ

Digitized by Panjab Digital Library | www.panjabdigilib.org

ਰੋਕਿਆ ਗਿਆ ਜੋ ਤਲਵਾਰ ਦੇ ਬਲ ਦੁਸ਼ਮਨਾਂ ਦੇ ਆਹੂ ਲਾਹੁੰਦੇ ਹੋਏ ਅਗੇ ਲੰਘਦੇ ਹੋਏ ਅਨੰਦ ਪੁਰ, ਪਹੁੰਚ ਗਏ। ਕਈਆਂ ਮਾਵਾਂ ਨੇ ਆਪਣੇ ਪੁੱਤ੍ਰਾਂ ਨੂੰ ਮੌਤ ਲਾੜੀ ਦੇ ਗਾਨੇ ਬੰਨ ਕੇ ਅਨੰਦ ਪੁਰ ਨੂੰ ਤੋਰਿਆਂ ਭੈਣਾ ਨੇ ਵੀਰ ਤੋਰੇ, ਕਈ ਪਿਤਾ ਪੁਤ੍ਰਾਂ ਸਮੇਤ ਅਨੰਦ ਪੁਰ ਪੁਜੇ। ਇਹ ਸਾਰੇ ਧਰਮ ਯੁੱਧ ਵਿੱਚ ਸ਼ਹੀਦ ਹੋਣ ਵਾਸਤੇ ਚਾਂਈ ਚਾਂਈ ਆਏ ਸਨ।

## ਭਾਈ ਰਾਮ ਸਿੰਘ ਮਲਵਈ ਦਾ ਅਨੰਦ ਪੁਰ ਪੁਜਣਾ

ਮਾਲਵੇ ਦਾ ਇਕ ਆਪਾ ਵਾਰਨ ਵਾਲਾ ਪ੍ਰਵਾਰ, ਭਾਈ ਰਾਮ ਸਿੰਘ ਜੀ ਨੇ ਜਦ ਅਨੰਦ ਪੁਰ ਤੇ ਘੇਰਾ ਸੁਣਿਆਂ ਤਾਂ ਆਪ ਦੇ ਸਾਰੇ ਪ੍ਰਵਾਰ, ਧਰਮ ਪਤਨੀ, ਪੁਤਰ ਤੇ ਨੂੰਹ, ਤੇ ਪੁਤ੍ਰੀ ਨੂੰ ਘਰ ਵਿਚ ਬਿਠਾ ਕੇ ਗੁਰਮਤਾ ਸੋਧਨ ਲਗਾ ਕਿ ਸ੍ਰੀ ਗੁਰੂ ਜੀ ਤੇ ਅਨੰਦ ਪੁਰ ਘੇਰਾ ਜ਼ਾਲਮਾਂ ਨੇ ਪਾਇਆ ਹੋਇਆ ਹੈ। ਇਸ ਵਾਸਤੇ ਆਪ ਸਾਰੇ ਘਰ ਦੇ ਕੰਮ ਕਾਜਾਂ ਨੂੰ ਚੰਗੀ ਤਰ੍ਹਾਂ ਭੁਗਤਾਈ ਜਾਣਾ ਅਤੇ ਮੈਂ ਸ੍ਰੀ ਗੁਰੂ ਜੀ ਦੇ ਚਰਨਾਂ ਵਿੱਚ ਜਾ ਕੇ ਹਾਜ਼ਰ ਹੁੰਦਾ ਹਾਂ ਤਾਂ ਸਾਰਾ ਪ੍ਰਵਾਰ ਹੀ ਤਿਆਰ ਹੋਣ ਲਗਾ। ਜੋ ਪ੍ਰਵਾਰ ਦਾ ਮੁਖੀਆਂ ਭਾਈ ਰਾਮ ਸਿੰਘ ਸੀ ਉਸ ਨੇ ਸਾਰਿਆਂ ਨੂੰ ਬਹੁਤ ਸਮਝਾਇਆ ਕਿ ਜੰਗ ਵਿੱਚ ਸਫ਼ਰ ਵਿੱਚ ਬਹੁਤ ਔਕੜਾ ਆਉਂਦੀਆਂ ਹਨ। ਇਸ ਵਾਸਤੇ ਹੋਰ ਸਾਰਾ ਪ੍ਰਵਾਰ ਘਰ ਰਹੇ ਤੇ ਦਾਸ ਨੂੰ ਆਗਿਆ ਹੋਵੇ, ਇਸ ਬਾਤ ਨੂੰ ਕਿਸੇ ਨਾ ਮੰਨਿਆਂ ਤਾਂ ਵੋਟਾਂ ਤੇ ਫੈਸਲਾ ਹੋਇਆ। ਸੂਬ ਸੰਮਤੀ ਨਾਲ ਸਾਰਾ ਪ੍ਰਵਾਰ ਹੀ ਤਿਆਰ ਹੋ ਗਿਆ। ਉਨ੍ਹਾਂ ਤੁਰਦਿਆਂ ਨੂੰ ਦੇਖ ਕੇ ਉਸ ਨਗਰ ਦੇ ਹੋਰ ਵੀ ਸੂਰਮੇ ਸਿੰਘ ਨਾਲ ਤਿਆਰ ਹੋ ਤੁਰੇ। ਰਲਦੇ ੨ ਇਕ ਤਕੜਾ ਜਥਾ ਬਣ ਗਿਆ, ਨਾਭੇ ਦੇ ਕੋਲ ਉਹਨਾਂ ਦਾ ਪਿੰਡ ਸੀ। ਹੁਣ ਰਾਤ ਦਿਨ ਇਕ ਕਰਕੇ ਸਤਲੁਜ ਦੇ ਕਿਨਾਰੇ ਜਾ ਪੁਜੇ ਤਾਂ ਕੀ ਦੇਖਦੇ ਹਨ ਕਈਆਂ ਕੋਹਾਂ ਵਿਚ ਮੁਗਲਾਂ ਦਾ ਦਲ ਹੀ ਦਲ ਦਿਸਦਾ ਹੈ ਜਿਨਾਂ ਨਾਲ ਉਹ ਟਕਰ ਨਹੀਂ ਲੈ ਸਕਦੇ ਸਨ ਅਤੇ ਨਾ ਹੀ ਪਿਛੇ ਮੁੜ ਸਕਦੇ ਸਨ, ਕਿਉਂਕਿ ਅਰਦਾਸ ਕੀਤੀ ਹੋਈ ਸੀ ਕਿ ਸ੍ਰੀ ਗੁਰੂ ਜੀ ਦੇ ਪਾਸ ਪੁਜ ਕੇ ਸੇਵਾ ਕਰਨੀ ਹੈ। ਹੁਣ ਸਾਰਿਆਂ ਨੇ ਅਰਦਾਸਾ ਸੋਧਿਆ ਤੇ ਦਰਿਆ ਤੋਂ ਪਾਰ ਹੋ ਗਏ। ਦੁਸ਼ਮਨਾਂ ਦੇ ਦਲਾਂ ਵਿਚ ਦੀ ਲੰਘਣ ਲਗਿਆਂ ਕੁਦਰਤ ਨੇ ਐਸੀ ਖੇਲ ਵਰਤਾਈ ਕਿ ਭਿਆਨਕ ਹਨੇਰੀ ਤੇ ਬਦਲ ਆ ਗਿਆ। ਉਸ ਝਖੜ ਝਾਂਜੇ ਵਿਚ ਸਿੰਘ ਤੁਰੇ ਗਏ। ਮੁਗਲਾਂ ਨਾ ਉਹਨਾਂ ਨੂੰ ਦੇਖਿਆ ਤੇ ਨਾ ਰੋਕਿਆ ਕਿਉਂਕਿ ਉਹ ਅੰਦਰੋਂ ਹੀ ਬਾਹਰ ਨਾ ਨਿਕਲੇ। ਸਾਰੇ ਸਿੰਘ ਕਿਲਾ ਲੋਹ ਗੜ੍ਹ ਦੇ ਦਰਵਾਜ਼ੇ ਅਗੇ ਜਾ ਪੁਜੇ। ਜਦੋਂ ਖਤਰੇ ਤੋਂ ਬਾਹਰ ਹੋਏ ਤਾਂ ਅਸਮਾਨ ਫਿਰ ਨਿਰਮਲ ਹੋ ਗਿਆ। ਇਸ ਜ਼ਾਹਰੀ ਕਲਾਂ ਨੂੰ ਸਾਰੇ ਦੇਖ ਕੇ ਸ੍ਰੀ ਗੁਰੂ ਜੀ ਦਾ ਦੀਦਾਰ ਕਰ ਕੇ ਧੰਨਵਾਦ ਕਰਨ ਲਗੇ।

## ਫੂਲਕੀਆ ਰਿਆਸਤ ਦੇ ਮੋਢੀ ਭਾਈ ਰਾਮਾ ਤੇ ਤਿਲੋਕਾ

ਸ੍ਰੀ ਗੁਰੂ ਜੀ ਦੀ ਕ੍ਰਿਪਾਲਤਾ ਦਾ ਸਦਕਾ ਗੁਰਸਿੱਖਾਂ ਨੇ ਐਸੇ ਨਿਆਰੇ ਕੰਮ ਕੀਤੇ ਸਨ ਜਿਨ੍ਹਾਂ ਨੂੰ ਲਿਖਣ ਲਗਿਆਂ ਕਈ ਪੁਸਤਕ ਬਣਦੇ ਹਨ ਪਰ ਸਾਰੇ ਪਾਸੇ ਨਿਗਹ ਮਾਰੇ ਖਾਸ ਖਾਸ ਹੀ ਲਿਖਣ ਵਿਚ ਲਿਆਂਦੇ ਹਨ ਜੈਸੇ ਦੋ ਭਾਈ ਰਾਮਾ ਤੇ ਤਿਲੋਕਾ ਜਦੋਂ ੨੨ ਧਾਰ ਹਿੰਦੂ ਤੇ ਮੁਗਲ ਫੌਜਾਂ ਨੇ ਅਨੰਦ ਪੁਰ ਦੇ ਉਦਾਲੇ ਘੇਰਾ ਘਤਿਆ ਸੁਣਿਆ ਤਾਂ ਆਪ ਮਲਵੀ ਜੁਵਾਨਾਂ ਨੂੰ ਲੈਕੇ ਅਨੰਦ ਪੁਰ ਪੁਜੇ ਸਨ।

Digitized by Panjab Digital Library | www.panjabdigilib.org

ਜਦ ਨੂੰ ਸ੍ਰੀ ਗੁਰੂ ਜੀ ਅਨੰਦ ਪੁਰ ਤੋਂ ਸਿਖ ਸੰਗਤਾਂ ਦੇ ਹਠ ਕਰਨੇ ਤੇ ਤੁਰਨ ਦਾ ਪ੍ਰੋਗਰਾਮ ਬਣਾਇਆ ਗਿਆ ਤਾਂ ਅਨੰਦ ਪੁਰ ਤੇ ਸਰਸਾ ਦੀਆਂ ਲੜਾਈਆਂ ਵਿਚ ਪ੍ਰਵਾਰ ਤੇ ਨਾਲ ਦੇ ਜੁਵਾਨ ਸ਼ਹੀਦ ਹੋ ਗਏ ਦੋਨੋ ਭਾਈ ਸਰਸਾ ਪਾਰ ਹੋਣ ਤੋਂ ਹੀ ਸਤਿਗੁਰੂ ਜੀ ਨਾਲੋਂ ਵਿਛੜ ਗਏ ਸਨ । ਰੋਪੜ ਦੇ ਨੇੜੇ ਰੋਪੜੀ ਪਠਾਣਾਂ ਨਾਲ ਇਹਨਾਂ ਦੀ ਲੜਾਈ ਹੋਈ ਉਸ ਲੜਾਈ ਵਿਚ ਦੋਹਾਂ ਭਰਾਵਾਂ ਨੇ ਬਹੁਤ ਹੀ ਬਹਾਦਰੀ ਦਿਖਾਈ ਪਰ ਚਾਰ ਚੋਫੇਰੇ ਦੁਸ਼ਮਨ ਹੀ ਦੁਸ਼ਮਨ ਨਜ਼ਰ ਔਣ ਤੇ ਕੋਈ ਪੇਸ਼ ਨਾ ਗਈ ਅਤੇ ਦੁਸ਼ਮਨ ਦੇ ਹਥੋਂ ਨਿਕਲ ਗਏ । ਹੁਣ ਨਾ ਅਕੇ ਤੇ ਨ ਥਕੇ ਕਿਉਂਕਿ ਸ੍ਰੀ ਗੁਰੂ ਦੇ ਨਾਲ ਅਤਿ ਅੰਤ ਸ਼ਰਧਾ ਸੀ ਇਸ ਕਰਕੇ ਪਿਆਰੇ ਸਤਿਗੁਰੂ ਜੀ ਦੀ ਢੂੰਡ ਵਿਚ ਬਿਜਲੀ ਦੀ ਤਰਾਂ ਦੋਨੋ ਭਰਾਂ ਇਓ ਪੜ੍ਹਦੇ ਸਨ "ਏਕ ਘੜੀ ਨਾ ਮਿਲਤੇ ਤਾਂ ਕਲ ਜੁਗ ਹੋਤਾ, ਪੜਦੇ ਹੋਏ ਅਤੇ ਪਾਛੇ ਲਾਗ ਚਲੀ ਦੇ ਭਾਵਾਂ ਅਨੁਸਾਰ ਕਿਉਂ ਆਪ ਜੀ ਨੇ ਅਨੰਦ ਪੁਰ ਦੇ ਤਿਆਗ ਨੂੰ ਦੇਖਿਆ, ਸ੍ਰੀ ਗੁਰੂ ਜੀ ਦਾ ਪ੍ਰਵਾਰ ਵਿਛੋੜਾ ਦੇਖਿਆ ਅਤੇ ਸਰਸਾ ਤੇ ਗੁਰੂ ਪਿਆਰੇ ਸਿਖ ਸ਼ਹੀਦ ਹੁੰਦੇ ਦੇਖਦਿਆਂ ਇਤ ਆਦਿ ਕਾਰਨਾਮੇ ਦੇਖਣ ਤੇ ਆਪ ਨੂੰ ਤਿਆਗੀ ਬਣਾ ਦਿਤਾ ਜੋ ਮੌਤ ਤੋਂ ਨਿਰਭੈ ਹੋ ਗਏ । ਹੁਣ ਦੋਹਾਂ ਭਾਈਆਂ ਨੇ ਫੈਸਲਾ ਕੀਤਾ ਕਿ ਸ੍ਰੀ ਗੁਰੂ ਜੀ ਦੀ ਸੇਵਾ ਕਰੀ ਜਾਣਾ ਹੈ । ਗੁਰਸਿੱਖਾਂ ਦੀ ਸਹਾਇਤਾ ਕਰਨੋ ਨਹੀਂ ਟਲਣਾ ਮੌਤ ਚਾਹੇ ਆ ਜਾਵੇ, ਜੀਵਨ ਸੇਵਾ ਹੈ ਪ੍ਰੇਮ ਹੈ ਮੌਤ ਜੀਵਨ ਦੀ ਤਬਦੀਲੀ ਹੈ । ਮਰਕੇ ਵੀ ਨਹੀਂ ਮਰਨਾ ਫਿਰ ਡਰ ਕਿਸ ਗਲ ਦਾ ਹੈ। ਹੁਣ ਰਾਮਾ ਤੇ ਤਿਲੋਕਾ ਦੋਨੋ ਭਰਾ ਹੀ ਰਹਿ ਗਏ । ਕੋਲ ਤਲਵਾਰਾਂ ਤੇ ਢਾਲਾ ਰਹਿ ਗਈਆਂ । ਹੋਰ ਸਾਰੇ ਹਥਿਆਰ ਬੇਕਾਰ ਹੋ ਗਏ । ਹੁਣ ਸੋਚਦੇ ਹਨ ਕਿ ਮਰੇ ਪਏ ਦੁਸ਼ਮਨਾ ਦੇ ਹਥਿਆਰ ਚੁਕ ਕੇ ਦੋਵੇਂ ਭਰਾ ਜਿਉਂਦੇ ਮੁਗਲਾ ਨਾਲ ਜੰਗ ਕਰਕੇ ਸ਼ਹੀਦ ਹੋ ਜਾਈਏ ਤਾਂ ਚੰਗਾ ਹੈ ।

ਕਈ ਮਾਵਾਂ ਨੇ ਪੁਤ੍ਰ ਤੇ ਭੈਣਾ ਨੇ ਵੀਰ ਨੂੰ ਮੌਤ ਲਾੜੀ ਦੇ ਗਾਨੇ ਬਨਕੇ ਅਨੰਦ ਪੁਰ ਨੂੰ ਤੋਰਿਅ ਕਈ ਪਿਤਾ ਪੁਤ੍ਰ ਸਮੇਤ ਗਏ ।

ਪਰ ਦੋਹਾਂ ਭਾਈ ਨੇ ਹੁਣ ਗੁਰਮਤਾ ਕੀਤਾ ਕਿ ਸ੍ਰੀ ਕਲਗੀਧਰ ਜੀ ਦੇ ਪਾਸ ਜਾਕੇ ਹਾਜ਼ਰ ਹੋਈਏ, ਸ਼ਾਇਦ ਅਸਾਂ ਦੀ ਲੋੜ ਹੋਵੇ ਤਾਂ ਸੇਵਾ ਕਰਨਾ ਸਾਡਾ ਧਰਮ ਹੈ । ਜਦ ਸ੍ਰੀ ਗੁਰੂ ਜੀ ਚਮਕੌਰ ਜਾ ਚੁਕੇ ਸਨ । ਲੜਾਈ ਹੋ ਰਹੀ ਸੀ । ਇਹ ਦੋਨੋਂ ਭਰਾਂ ਰੋਪੜ ਤੋ ਜੰਗਲ ਵਿਚ ਦੀ ਚਮਕੌਰ ਵਲ ਕਮਰ ਕਸੇ ਕੀਤੇ । ਅਤੇ ਰਾਹ ਵਿਚ ਧਰਮ ਦੇ ਦੁਸ਼ਮਨ ਟਿੱਡੀ ਦਲ ਵਾਂਗ ਜਾਲ ਤਾਣੀ ਬੈਠੇ ਸਨ । ਲੰਘਣ ਵਾਸਤੇ ਕੋਈ ਰਾਹ ਨਹੀਂ ਸੀ, ਚੋਫੇਰੇ ਖਤਰਾ ਹੀ ਖਤਰਾ ਨਜ਼ਰ ਆਉਂਦਾ ਸੀ ਪਰ "ਜਾਂ ਤੂੰ ਮੇਰੇ ਵਲ ਹੈ ਤਾਂ ਕਿਆ ਮੋਹ ਛੰਦਾ ।" ਸ੍ਰੀ ਗੁਰੂ ਜੀ ਤੇ ਭਰੋਸਾ ਰਖ ਕੇ ਅਗੇ ਵਧੀ ਗਏ । ਜਾਂ ਨੇੜੇ ਪਹੁੰਚੇ ਤਾਂ ਚਮਕੌਰ ਪਿੰਡ ਵਿਚ ਪੁਜਣਾ ਬਹੁਤ ਕਠਨ ਸੀ । ਇਸ ਕਰ ਕੇ ਪਿਛੇ ਹੀ ਰੁਕੇ (ਲੁਕੇ) ਰਹੇ । ਅਤੇ ਰਾਤ ਨੂੰ ਦੁਸ਼ਮਣਾਂ ਦੀਆਂ ਗਲਾਂ ਸੁਣਦੇ ਸਨ । ਜੋ ਕਹਿੰਦੇ ਸਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਚਮਕੌਰ ਨੂੰ ਛਡ ਕੇ ਚਲੇ ਗਏ ਹਨ ਤੇ ਉਹਨਾਂ ਦੇ ਨਾਲ ਦੇ ਸਾਰੇ ਸਿੰਘ ਸ਼ਹੀਦ ਹੋ ਗਏ ਹਨ । ਇਹ ਗਲਾਂ ਸੁਣ ਕੇ ਭਾਈ ਰਾਮੇ ਤੇ ਤਿਲੋਕੇ ਸਣੇ ਸਲਾਹ ਕੀਤੀ ਕਿ ਜਦ ਫੌਜੀ ਰਾਤ ਨੂੰ ਸੌ ਜਾਣ ਤਾਂ ਸ਼ਹੀਦ ਸਿੰਘਾਂ ਦਾ ਸਸਕਾਰ ਕਰਨ ਦਾ ਜਤਨ ਕਰੀਏ ਏਸ ਤੋਂ ਵਧ ਹੋਰ ਕਿਹੜੀ ਉਤਮ ਸੇਵਾ ਹੈ । ਜੇ ਸੇਵਾ ਕਰਦਿਆਂ ਹੋਇਆਂ ਸ਼ਹੀਦੀ ਪ੍ਰਾਪਤ ਹੋ ਜਾਵੇ ਤਾਂ ਵੀ ਧੰਨ ਭਾਗ । ਕਿਉਂਕਿ ਇਕ ਦਿਨ ਤਾਂ ਮਰਨਾ ਹੈ ਆਓ ਰਜ ਰਜ ਕੇ ਏਹ ਸੇਵਾ ਕਰੀਏ । ਇਉਂ ਗੁਰਮਤਾ ਕਰ ਕੇ ਦੋਨੋਂ ਭਾਈ ਹਨੇਰੀ ਰਾਤ ਵਿਚ ਨਿਕਲੇ ਜਦ ਠੰਡੀ

Digitized by Panjab Digital Library | www.panjabdigilib.org

ਹਵਾ ਪਾਣੀ ਨੂੰ ਜਮਾਂ ਦੇਣ ਵਾਲੀ ਅੰਗਾਂ ਨੂੰ ਸੁੰਨ ਕਰਦੀ ਜਾਂਦੀ ਸੀ ਅਤੇ ਹਥ ਪਸਾਰਿਆਂ ਨਜ਼ਰ ਨਹੀਂ ਸੀ ਆਂਉਂਦਾ। ਅਰ ਮੁਗ਼ਲ ਫ਼ੌਜਾਂ ਤੰਬੂਆਂ ਵਿੱਚ ਬੇਫਿਕਰ ਹੋ ਕੇ ਸੁਤੀਆਂ ਪਈਆਂ ਸਨ ਕਿਉਂਕਿ ਸਾਰੇ ਸਿੰਘ ਸ਼ਹੀਦ ਹੋ ਜਾਣ ਤੇ ਚਮਕੌਰ ਦੀ ਗੜ੍ਹੀ ਉਤੇ ਹੁਣ ਉਹਨਾਂ ਦਾ ਕਬਜ਼ਾ ਹੈ ਤੇ ਹੁਣ ਡਰ ਸਭ ਮੁਕ ਗਏ ਜੇ ਸਤਿਗੁਰੂ ਜੀ ਅਗੇ ਚਲੇ ਗਏ ਹੋਣ ਤਾਂ ਇਕ ਫੌਜੀ ਦਸਤਾ ਪਿਛੇ ਲਾ ਕੇ ਫੜ ਲਵਾਂ ਗੇ। ਕਿਉਂ ਰੋਪੜ ਦੇ ਇਲਾਕੇ ਵਿਚੋਂ ਸੌ ਸੌ ਮੀਲ ਮੁਰਬੇ ਚੋਂ ਕਿਸੇ ਸਿੰਘ ਦੇ ਆਉਣ ਦੀ ਝਾਕ ਨਹੀਂ। ਹੁਣ ਇਹ ਜਿਤ ਦੀ ਖੁਸ਼ੀ ਵਿਚ ਬਿਲਕੁਲ ਨਿਰਭੈ ਹੋ ਕੇ ਰਜ ਰਜ ਕੇ ਸ਼ਰਾਬਾਂ ਪੀ ਕੇ ਉਹ ਕੁਝ ਘੂਕ ਸੁਤੇ ਤੇ ਕੁਝ ਬੇ-ਸੁਧ ਹੋਏ ਹੋਏ ਸਨ। ਹੁਣ ਭਾਈ ਰਾਮੇ ਤੇ ਤਿਲੋਕੇ ਨੇ ਗੁਰਮਤਾ ਸੋਧਿਆ ਕਿ ਮੁਗਲਾਂ ਦੀਆਂ ਲੋਥਾਂ ਦੇ ਵਿਚੋਂ ਸਿੰਘਾਂ ਦੀਆਂ ਦੇਹਾਂ ਕਿਵੇਂ ਲੱਭਾਂ ਗੇ। ਹਨੇਰੇ ਵਿਚ ਹਥ ਪਸਾਰਿਆਂ ਨਜ਼ਰ ਨਹੀਂ ਆਉਂਦਾ। ਜੇ ਚਾਨਣ ਕਰਦੇ ਹਾਂ ਤਾਂ ਮੁਗ਼ਲੀ ਫ਼ੌਜਾਂ ਨੂੰ ਪਤਾ ਲਗ ਜਾਵੇ ਗਾ। ਇਸ ਵਿਚਾਰ ਧਾਰਾ ਵਿੱਚ ਬੈਠਿਆ ਨੂੰ ਵਿਚਾਰ ਫੁਰੀ ਕਿ ਆਪਾਂ ਲੋਥਾਂ ਵਿਚ ਚਲੀਏ ਅਤੇ ਦਾਹੜੇ ਤੇ ਕੇਸਾਂ ਵਾਲੇ ਹਥਾਂ ਨਾਲ ਟੋਹ ਟੋਹ ਕਿ ਇਕਠੇ ਕਰੀ ਚਲਾਂ ਗੇ ਫੇਰ ਜਿਵੇਂ ਵਾਹਿਗੁਰੂ ਨੂੰ ਭਾਵੇ ਉਸ ਤਰ੍ਹਾਂ ਸਸਕਾਰ ਦਾ ਬੰਦੋਬਸਤ ਜਿਵੇਂ ਕਰਾਵੇ ਗਾ ਸ਼ੋ ਕਰਾਂ ਗੇ। ਸੋ ਇਸ ਗੁਰਮਤੇ ਅਨੁਸਾਰ ਜੰਗ ਭੂਮੀ ਵਿੱਚ ਵੜਦਿਆਂ ਸਾਰ ਦੇਖ ਭਾਲ ਸ਼ੁਰੂ ਕੀਤੀ, ਪਰ ਬਹੁਤ ਮੁਸ਼ਕਲ ਨਾਲ ਸਿੰਘਾਂ ਦੀਆਂ ਚਾਰ ਪੰਜ ਦੇਹਾਂ ਮਿਲੀਆਂ ਅਤੇ ਰਾਤ ਆਪ ਦਾ ਸਫ਼ਰ ਮੁਕਾਂਦੀ ਜਾਂਦੀ ਹੈ ਆਪਣੀ ਬਾਕੀ ਸੇਵਾ ਅਜੇ ਬਹੁਤ ਹੈ। ਜੇ ਆਪਾਂ ਲੀੜੇ ਪਾੜ ਕੇ ਮਸਾਲ ਬਣਾਈਏ ਤਾਂ ਤੇਲ ਕਿਥੋਂ ਲਵਾਂ ਗੇ। ਹੁਣ ਦਲੇਰ ਤਿਲੋਕਾ ਰਾਮੇ ਨਾਲ ਵਿਚਾਰ ਕਰਨ ਲਗਾ ਕਿ ਆਪਾਂ ਤੇੜ ਸਿਰ ਦੇ ਲੀੜੇ ਪਾੜ ਕੇ ਇਕ ਤੰਬੂ ਵਿਚ ਜਾਨਾਂ ਹਾਂ, ਉਥੋਂ ਇਕ ਮਸਾਲ ਤੇ ਇਕ ਤੇਲ ਦੀ ਕੁਪੀ ਚੁਕ ਲਿਆਂ-ਉਂਦਾ ਹਾਂ ਜੇ ਸਹੀਦ ਸਿੰਘਾਂ ਦੀ ਸੇਵਾ ਕਰਨ ਖਾਤ੍ਰ ਪਾਗਲ ਬਣ ਜਾਈਏ ਤਾਂ ਕੀ ਹਰਜ ਹੈ। ਇਹ ਮਤਾ ਪਕਾ ਕੇ ਤਿਲੋਕਾ ਇਕ ਤੰਬੂ ਵਿਚ ਚਲਾ ਗਿਆ ਜਿਸ ਵਿਚ ਚਾਰ ਮੁਗ਼ਲ ਸੁਤੇ ਪਏ ਸਨ। ਪਹਿਰੇ ਦਾਰ ਬਹੁਤ ਦੂਰ ਸੀ। ਹੁਣ ਤਿਲੋਕੇ ਨੇ ਕਾਹਲੀ ਨਾਲ ਮਿਸਾਲ ਤੇ ਕੁਪੀ ਨੂੰ ਚੁਕ ਲਿਆ ਅਤੇ ਝਟ ਪਟ ਆਪ ਦੇ ਭਾਈ ਰਾਮੇ ਕੋਲ ਪੁਜਾ। ਹੁਣ ਮਿਸਾਲ ਦੇ ਜ਼ਰੀਏ ਦੋਹਾਂ ਬੀਰਾਂ ਨੇ ੮–੧੦ ਸਿੰਘਾਂ ਦੀਆਂ ਲੋਥਾਂ ਇਕਠੀਆਂ ਕੀਤੀਆਂ ਜਿਨ੍ਹਾਂ ਦੇ ਸਰੀਰ ਦਾ ਜ਼ਖਮਾਂ ਤੋਂ ਖਾਲੀ ਕੋਈ ਥਾਂ ਨਹੀਂ ਸੀ। ਜਿਥੇ ਇਕ ਸਿੰਘ ਦੀ ਲੋਥ ਪਈ ਸੀ ਉਥੇ ਸਠ ਸਠ ਸਤ੍ਰ ਸਤ੍ਰ ਮੁਗ਼ਲਾਂ ਦੀਆਂ ਲੋਥਾਂ ਸਨ। ਇਕ ਪਾਸੇ ਰਖ ਕੇ ਲਗੇ ਲਕੜਾਂ (ਬਾਲਣ) ਦੀ ਭਾਲ ਕਰਨ ਕਰਦਿਆਂ ੨ ਨੂੰ ਇਕ ਠੰਡਾ ਅੰਗੀਠਾ ਨਜ਼ਰ ਪਿਆ ਜਿਸ ਦੇ ਕੋਲ ਇਕ ਸਿਰ ਤੇ ਧੜ ਪਿਆ ਸੀ ਜੋ ਕਿਸੇ ਕੁਆਰੀ ਕੰਨਿਆ ਦਾ ਸੀ * ਜਿਸ ਨੂੰ ਗੌਹ ਨਾਲ ਦੇਖਣ ਤੇ ਕੜੇ ਅਤੇ ਕ੍ਰਿਪਾਨਾਂ ਨਜ਼ਰ ਪਈਆਂ ਉਹਨਾਂ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਏ ਹੋਏ ਦੋਨੋਂ ਭਾਈ ਕਹਿੰਦੇ ਹਨ ਕਿ ਆਪਾਂ ਤੋਂ ਵੀ ਪਹਿਲਾਂ ਕੋਈ ਸ੍ਰੀ ਦਸਮੇਸ ਜੀ ਦੀ ਸਪੁਤਰੀ ਸੇਵਾ ਕਰ ਗਈ ਹੈ ਤੇ ਕਹਿਣ ਲਗੇ ਬਲਹਾਰ ਜਾਵਾਂ ਉਸ ਕਲਗੀਆਂ ਵਾਲੇ ਦੇ ਜਿਸ ਦੀਆਂ ਸਪੁਤਰੀਆਂ ਵਿਚ ਐਨੀ ਨਿਰਭੈਤਾ ਹੈ। ਜੋ ਸਿੰਘਾਂ ਦਾ ਸਸਕਾਰ ਕਰਨ ਵਾਸਤੇ ਆਈ ਹੋਵੇ ਗੀ। "ਧੰਨ ਸਿੱਖੀ ਧੰਨ ਸਿੱਖੀ" ਹੁਣ ਦੋਹਾਂ ਭਰਾਵਾਂ ਨੇ ਬਾਕੀ ਦੀਆਂ ਲੋਥਾਂ ਨੂੰ ਉਸੇ ਅੰਗੀਠੇ ਵਿਚ ਰਖ ਕੇ, ਲਾਗੇ ਖਲੋ ਕੇ ਬਾਣੀ ਪੜ ਕੇ ਅਰਦਾਸਾ ਕੀਤਾ ਗੁਪਤ ਜੈਕਾਰਾ ਛਡ ਕੇ ਪਾਗਲਾਂ ਵਾਂਗ ਚੀਕਾਂ ਮਾਰ ਕੇ ਇਕ ਪਾਸੇ ਨੂੰ ਭਜ ਗਏ।

---

* ਬੀਬੀ ਹਰਸਰਨ ਕੌਰ ਪਿੰਡ ਖੁਰੰੜਾ ਵਾਲੀ ਦਾ ਸਾਰਾ ਜੀਵਨ ਇਸਤ੍ਰੀ ਕਾਂਡ ਵਿਚ ਪੜ੍ਹੋ।

Digitized by Panjab Digital Library | www.panjabdigilib.org

ਮੁਗਲ ਫ਼ੌਜੀਆਂ ਨੇ ਪਿਛਾ ਕੀਤਾ ਪਰ ਵਾਹਿਗੁਰੂ ਦੀ ਕ੍ਰਿਪਾ ਨਾਲ ਹਥ ਨਹੀਂ ਆਏ। ਪਾਗਲਾਂ ਵਾਲੀ ਸੂਰਤ ਵਿਚ ਹੀ ਜਦੋਂ ਖਤਰੇ ਤੋਂ ਪਾਰ ਹੋਏ ਤਾਂ ਉਹੋ ਸਿਆਣੀਆਂ ਗਲਾਂ ਕਰਦੇ ਹੋਏ ਘਰ ਪੁਜੇ। ਪਰ ਘਰ ਜਾ ਕੇ ਗੁਰ ਦਰਸ਼ਨਾਂ ਦੀ ਤੜਪ ਲਗੀ ਰਹਿਣ ਤੇ ਬੜੇ ਉਦਾਸ ਹੋਏ ੨ ਸ੍ਰੀ ਗੁਰੂ ਜੀ ਦੀ ਭਾਲ ਕਰਨ ਲਗੇ। ਭਾਲ ਕਰਦਿਆਂ ੨ ਨੂੰ ਪਤਾ ਲਗਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੋਟ ਕਪੂਰੇ ਵਲ ਹਨ। ਇਹ ਸੁਣ ਕੇ ਦੋਨੋਂ ਭਾਈ ਘਰੋਂ ਘੋੜਿਆਂ ਤੇ ਸਵਾਰ ਹੋਏ। ਸ੍ਰੀ ਗੁਰੂ ਜੀ ਦੀ ਢੂੰਡ ਕਰਦੇ ਕਰਦੇ ਸਾਬੋ ਕੀ ਤਲਵੰਜੀ ਸ੍ਰੀ ਗੁਰੂ ਸਾਹਿਬ ਜੀ ਦੇ ਆ ਦ੍ਰਸ਼ਨ ਕੀਤੇ। ਹੁਣ ਭੁਬਾਂ ਮਾਰ ਮਾਰ ਕੇ ਅਨੰਦ ਪੁਰ ਤੋਂ ਵਿਛੜਨ ਦਾ ਸਾਰਾ ਹਾਲ ਬਿਆਨ ਕੀਤਾ। ਸ੍ਰੀ ਗੁਰੂ ਜੀ ਸਾਰਾ ਹਾਲ ਸੁਣ ਕੇ ਬਹੁਤ ਹੀ ਖੁਸ਼ ਹੋਏ। ਸਾਹਿਬਾਂ ਬਚਨ ਕੀਤਾ ਅਸੀਂ ਦੋਨਾਂ ਭਾਈਆਂ ਤੇ ਬਹੁਤ ਹੀ ਪ੍ਰਸੰਨ ਹਾਂ ਤੁਸੀਂ ਨਿਹਾਲ ਹੋਏ। ਹੁਣ ਜੋ ਚਿਤ ਹੈ ਸੋ ਮੰਗ ਲਵੋ ਇਸ ਤਰ੍ਹਾਂ ਤਿੰਨ ਦਫਾ ਬਚਨ ਕੀਤਾ ਤਾਂ ਭਾਈ ਰਾਮੇ ਨੇ ਦੋਨੋ ਹਥ ਜੋੜ ਕੇ ਬਹੁਤ ਪ੍ਰੇਮ ਨਾਲ ਬੇਨਤੀ ਕਰਦਾ ਹੋਇਆ ਕਹਿੰਦਾ ਹੈ 'ਜਗਤ ਪਿਤਾ ਜੀ ਆਪ ਦਾ ਦਿਤਾ ਬੜਾ ਕੁਝ ਹੈ। ਜੇ ਤੁਠੇ ਹੋ ਤਾਂ ਧਰਤੀ ਬਖਸ਼ੋ। ਸ੍ਰੀ ਗੁਰੂ ਜੀ ਬਹੁਤ ਹਛਾ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਦਿਤੇ ਹੋਏ ਵਰ ਸਤ ਹੋਣ ਗੇ। ਜਾਉ ਮਾਲਵੇ ਦੇ ਰਾਜੇ ਹੋਵੋ ਗੇ। "ਰਾਜ ਕਰੋ ਗੇ" ਹੁਣ ਮਿਹਰਾਂ ਦੇ ਦਾਤੇ ਨੇ ਮਿਹਰ ਕਰ ਦਿਤੀ॥

ਭਾਈ ਰਾਮਾ ਤੇ ਤਿਲੋਕਾ ਵਰ ਲੈ ਕੇ ਘਰ ਚਲੇ ਗਏ ਅਤੇ ਅੰਮ੍ਰਿਤ ਛਕ ਕੇ ਰਾਮ ਸਿੰਘ ਤੇ ਤਿਲੋਕ ਸਿੰਘ ਹੋਏ। ਭਾਈ ਰਾਮ ਸਿੰਘ ਦੀ ਕੁਲ ਵਿਚੋਂ ਪਟਿਆਲਾ ਰਾਜ ਤੇ ਭਾਈ ਤਿਲੋਕੇ ਦੀ ਵੰਸ਼ ਵਿਚੋਂ ਨਾਭਾ ਤੇ ਫਰੀਦ ਕੋਟ, ਜੀਂਦ ਰਾਜ ਕਾਇਮ ਹੋਏ। "ਠੀਕ" ਗੁਰਵਾਕ "ਖਿਨ ਮਹਿ ਥਾਪ ਨਿਵਾਜੇ ਠਾਕਰ ਨੀਚ ਕੀਟ ਤੇ ਕਰੇ ਰਜ਼ੰਰਹਾ"

ਪਰ ਜਿਨਾ ਚਿਰ ਗੁਰੂ ਗ੍ਰੰਥ ਤੇ ਗੁਰੂ ਪੰਥ ਨਾਲ ਬਣ ਆਵੇ ਗੀ ਉਨਾ ਚਿਰ ਰਾਜ ਕਾਇਮ। ਜਦ ਇੱਕ ਨਾਲ ਬਿਗੜ ਜਾਵੇ ਗੀ ਉਦੋਂ ਹੀ ਰਾਜ ਜਾਵੇ ਗਾ। ਜੋ ੧੯੨੧ ਵਿੱਚ ਅਕਾਲੀ ਲਹਿਰ (ਗੁਰੂ ਪੰਥ) ਦਾ ਸਾਥ ਛਡ ਦਿਤਾ ਤੇਭਾਗ ਖੁਸ ਗਏ। ਦੇਖੋ ਮੋਰਚਾ ਜੈਤੋ

## ਪਿੰਡ ਦੀਨਾ

ਭਾਈ ਦੇਸੂ ਤ੍ਰਖਾਣ (ਰਾਮਗੜ੍ਹੀਆ) ਗੁਰੂ ਜੀ ਦਾ ਸਿਖ ਸੀ ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਗਮ ਸੁਣਕੇ ਸਤਿਗੁਰੂ ਜੀ ਦੇ ਉਤਾਰੇ ਵਾਸਤੇ ਆਪ ਦਾ ਚੁਬਾਰਾ ਲਿੱਪ ਪੋਚ ਕੇ ਕਈ ਦਿਨ ਅਗੋ ਰਖਿਆ ਸੀ ਉਸ ਚੁਬਾਰੇ ਵਿਚ ਉਤਾਰਾ ਕਰਕੇ ਦੇਸੂ ਦਾ ਪ੍ਰੇਮ ਪੂਰਾ ਕੀਤਾ ਅਤੇ ਸਿਖ ਸੰਗਤਾ ਪ੍ਰੇਮ ਨਾਲ ਆਕੇ ਦਰਸ਼ਨ ਕਰਨ ਲਗੀਆ।

## ਭਾਈ ਲੱਖਾ ਸਿੰਘ ਜੀ

ਪਿੰਡ ਭੜੀ (ਜ਼ਿਲਾ ਲੁਧਿਆਣਾ) ਦਾ ਗੁਰੂ ਜੀ ਦੀ ਥਾਪਨਾ ਨਾਲ ਬਹਾਦਰ ਖਾਲਸਾ ਹਮੇਸ਼ਾ ਸ੍ਰੀ ਗੁਰੂ ਦਸਮੇਸ਼ ਜੀ ਦੀ ਅਰਦਲ ਵਿਚ ਨਿਸ਼ਾਨ ਲੈਕੇ ਚਲਦਾ, ਸ੍ਰੀ ਹਜ਼ੂਰ ਸਾਹਿਬ (ਅਬਚਲ ਨਗਰ

Digitized by Panjab Digital Library | www.panjabdigilib.org

ਵਿਖੇ ਜਦੋਂ ਪਠਾਣਾ ਨੇ ਗੁਰੂ ਜੀ ਪਰ ਵਾਰ ਕੀਤਾ ਏਹ ਗੁਰੂ ਜੀ ਦੀ ਅਰਦਲ ਵਿਚ ਸੀ ਵਾਰ ਕਾਰਨ ਵਾਲਾ ਗੁਲ ਖਾਨ ਤਾਂ ਗੁਰੂ ਜੀ ਨੇ ਥਾ ਹੀ ਰਖਿਆ। ਅਤੇ ਇਸ ਦਾ ਭਾਈ ਅਤੌਲ ਖਾਂ ਭਜੇ ਜਾਂਦੇ ਨੂੰ ਪਹਿਰੇਦਾਰ ਭਾਈ ਆਲਮ ਸਿੰਘ ਨੇ ਸ੍ਰੀ ਸਾਹਿਬ ਨਾਲ ਝਟਕਾ ਦਿਤਾ।

**ਲਾਲ ਚੰਦਃ**—ਇਹ ਬੂੜੀਆ (ਅੰਬਾਲਾ) ਦਾ ਰਹਿਣ ਵਾਲਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਲੰਗਰ ਵਿਚ ਰਸੋਈਆ ਸੀ। ਇਹ ਯੋਧਾ ਵੀ ਸੀ। ਭੰਗਾਣੀ ਦੇ ਯੁੱਧ ਵਿਚ ਇਸ ਨੇ ਕਰੜੇ ਹੱਥ ਵਿਖਾਏ। ਵਚਿਤ੍ਰ ਨਾਟਕ ਵਿਚ ਲਿਖਿਆ ਹੈ। "ਕੁਪਯੋ ਲਾਲ ਚੰਦ, ਕੀਯੇ ਲਾਲ ਰੂਪੰ।" ਲਾਲ ਚੰਦ ਨੇ ਦਸ਼ਮੇਸ਼ ਜੀ ਕੋਲੋਂ ਅੰਮ੍ਰਿਤ ਛਕਿਆ ਤੇ ਇਸ ਦਾ ਨਾਮ ਲਾਲ ਸਿੰਘ ਰੱਖਿਆ ਗਿਆ। ਹੁਣ ਇਸ ਦੀ ਉਲਾਦ ਰਿਆਸਤ ਫਰੀਦ ਕੋਟ ਦੇ ਨੰਗਲ* ਪਿੰਡ ਵਿੱਚ ਵਸਦੀ ਹੈ। ਖਾਨਦਾਨੀ ਸਜਰਾ ਇਸ ਪ੍ਰਕਾਰ ਹੈ :—

ਲਾਲ ਚੰਦ (ਲਾਲ ਸਿੰਘ)
|
ਗੁਰਮੁਖ ਸਿੰਘ
|
ਚਤੁਰ ਸਿੰਘ
|
ਬਿੰਦਰਾ ਸਿੰਘ
|
ਵਸਾਖਾ ਸਿੰਘ
|
ਬਿਸ਼ਨ ਸਿੰਘ
|
ਨਰਾਇਣ ਸਿੰਘ
|
ਹੀਰਾ ਸਿੰਘ
|
ਭਗਵਾਨ ਸਿੰਘ

ਇਸ ਖਾਨਦਾਨ ਪਾਸ ਦਸਮੇਸ਼ ਜੀ ਦਾ ਇਕ ਜੋੜਾ ਹੈ, ਜਿਸ ਦਾ ਤਲਾ ਚਮੜੇ ਦਾ ਹੈ। ਉਪਰਲਾ ਹਿੱਸਾ ਕੀਮ ਖਾਬ ਦਾ ਬਣਿਆ ਹੋਇਆ ਹੈ।

ਇਕ ਬਾਟਾ ਹੈ ਜਿਹੜਾ ਕਿ ਅੱਠਾਂ ਧਾਤਾਂ ਦਾ ਬਣਿਆ ਹੋਇਆ ਹੈ। ਇਸ ਨੂੰ ਜ਼ੰਗ ਨਹੀਂ ਲਗਦਾ ਇਕ ਨੀਲਾ ਚੋਲਾ ਹੈ।

ਹਰ ਐਤਵਾਰ ਨੂੰ ਇਨਾਂ ਵਸਤਾਂ ਦੇ ਦਰਸ਼ਨ ਕਰਾਏ ਜਾਂਦੇ ਨੇ ਤੇ ਇਹ ਗੱਲ ਪ੍ਰਸਿਧ ਹੈ ਕਿ ਹੰਜੀਰਾਂ ਦਾ ਕੋਈ ਵੀ ਰੋਗੀ, ਜੋ ਸ਼ਰਧਾ ਸਹਿਤ ਇਨ੍ਹਾਂ, ਪਵਿਤ੍ਰ ਵਸਤੂਆਂ ਦੇ ਦਰਸ਼ਨ ਕਰ ਲਵੇ ਤੇ ਬਾਟੇ ਨੂੰ ਛੁਹ ਲਵੇ, ਉਹ ਝੱਟ ਰਾਜ਼ੀ ਹੋ ਜਾਂਦਾ ਹੈ। ਇਸ ਤਰ੍ਹਾਂ ਹਜ਼ਾਰਾਂ ਰੋਗੀ ਅਰੋਗ ਹੋਏ ਹਨ।

---

* ਇਹ ਪਿੰਡ ਫਰੀਦ ਕੋਟ ਤੋਂ ਚੜ੍ਹਦੇ ਵਲ ਛੇ ਮੀਲ ਹੈ।

Digitized by Panjab Digital Library | www.panjabdigilib.org

ਭਾਈ ਲਾਲ ਸਿੰਘ ਜੀ ਦੀ ਉਲਾਦ ਪਾਸ, ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ, ਇਕ ਤਲਵਾਰ ਵੀ ਸੀ, ਜਿਹੜੀ ਕਿ *ਮਹਾਰਾਜਾ ਰਣਜੀਤ ਸਿੰਘ ਨੇ ਲੈ ਲਈ ਸੀ।

ੴ

## ਮਾਲਵੇ ਦੇ ਦੇਸ ਵਿੱਚ ਦਸੋਂ ਗੁਰੂ ਸਾਹਿਬਾਂ ਦੀਆਂ ਬਖ਼ਸ਼ਸ਼ਾਂ

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਦਸ ਗੁਰੂ ਸਾਹਿਬਾਂ ਚੋਂ ਜਿਨ੍ਹਾਂ ੨ ਗੁਰਮੁਖ ਪਿਆਰੇ ਸੇਵਕਾਂ ਨੂੰ ਸਤਿਗੁਰਾਂ ਤਰੁਠ ਕੇ ਆਪਣੇ ਪਵਿਤ੍ਰ ਹਸਤ ਕੰਵਲਾਂ ਤੋਂ

ਜੋ ਜੋ ਵਸਤਾਂ ਬਖਸ਼

ਕੇ

ਕਰਤਾਰਥ ਕੀਤਾ

ਉਹ ਅਗੇ ਪੜ੍ਹੋ

ਤੇ

ਦੀਦਾਰ ਕਰੋ

ਜੀ

## ਸਧਾਰ

ਸਧਾਰ ਜ਼ਿਲਾ ਲੁਧਿਆਣਾ ਵਿਖੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਜਦ ਝਿੜੇ ਵਿਚ ਨਗ ਰਹੇ ਤਾਂ ਸਾਬ ਭਾਈ ਪ੍ਰੇਮਾ ਏਸੇ ਪਿੰਡ ਦਾ ਨਾਲ ਨੰਗੇ ਪੈਰੀਂ ਸ੍ਰੀ ਗੁਰੂ ਜੀ ਦੀ ਸੇਵਾ ਵਿਚ ਪਿਛੇ ੨ ਆ ਰਿਹਾ ਸੀ ਤਦ ਸ੍ਰੀ ਗੁਰੂ ਜੀ ਨੇ ਆਪਣੇ ਚਰਣਾਂ ਦਾ ਜੋੜਾ ਲਾਹ ਕੇ ਕਿਹਾ ਭਾਈ ਪ੍ਰੇਮਾ ਅਸੀਂ ਤਾਂ ਘੋੜੇ ਤੇ ਹਾਂ

* ਭਾਈ ਬਿਸ਼ਨ ਸਿੰਘ ਇਨ੍ਹਾਂ ਗੁਰ ਵਸਤਾਂ ਸਮੇਤ, ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਵਿਚ, ਲਾਹੌਰ ਰਹਿੰਦਾ ਹੁੰਦਾ ਸੀ। ਇਸ ਵੇਲੇ ਮਹਾਰਾਜਾ ਰਣਜੀਤ ਸਿੰਘ ਨੇ ਬੇਨਤੀ ਕਰਕੇ ਤਲਵਾਰ ਮੰਗ ਲਈ ਸੀ।

Digitized by Panjab Digital Library | www.panjabdigilib.org

ਤੇਰੇ ਪੈਰ ਨੰਗੇ ਪੈਦਲ ਹਨ। ਇਹ ਜੋੜਾ ਤੂੰ ਪਾ ਲੈ ਤਾਂ ਭਾਈ ਪ੍ਰੇਮੇ ਨੇ ਹਥ ਨਾਲ ਜੋੜਾ ਲੈ ਕੇ ਸਿਰ ਪਰ ਰਖ ਲਿਆ ਤਾਂ ਰਹਿਮ ਦਿਲ ਸ੍ਰੀ ਗੁਰੂ ਜੀ ਨੇ ਪੁਛਿਆ ਭਾਈ ਜੋੜਾ ਤਾਂ ਅਸਾਂ ਤੈਨੂੰ ਪੈਰਾਂ ਵਿਚ ਪਾਉਣ ਲਈ ਦਿਤਾ ਹੈ ਤੇ ਤੂੰ ਤਾਂ ਸਿਰ ਤੇ ਰਖ ਲਿਆ। ਪ੍ਰੇਮੇ ਨੇ ਬੇਨਤੀ ਕੀਤੀ ਪਾਤਿਸਾਹੋ ਇਹ ਜੋੜਾ ਸੀਸ ਤੇ ਰਖਣ ਦੇ ਯੋਗ ਹੈ। ਤਦ ਸ੍ਰੀ ਗੁਰੂ ਜੀ ਫੁਰਮਾਇਆ ਭਾਈ ਜੋ ਇਸ ਜੋੜੇ ਦੀ ਸੇਵਾ ਤੇ ਦ੍ਰਸ਼ਨ ਭਾਵਨਾ ਨਾ ਕਰੇ ਉਸ ਪਰ ਆਪਾਰ ਖੁਸ਼ੀ ਹੋਵੇਗੀ। ਇਹ ਜੋੜਾ ਹੁਣ ਪਿੰਡ ਦੇ ਪੰਚਾਇਤੀ ਗੁਰ ਦੁਆਰੇ ਵਿਚ ਅਦਬ ਸਹਿਤ ਰਖਿਆ ਹੋਇਆ ਹੈ।

## ਰਿਆਸਤ ਸੰਗਰੂਰ ਵਿੱਚ ਗੁਰੂ ਵਸਤੂ

ਰਿਆਸਤ ਸੰਗਰੂਰ ਵਿਚ ਸ੍ਰੀ ਗੁਰੂ ਦਸਮੇਸ਼ ਜੀ ਦੇ ਦੋ ਸ਼ਸਤਰ ਹਨ।

(ੳ) ਇਕ ਤਲਵਾਰ ਜਿਸ ਵਿਚ ਸੁਨਹਿਰੀ ਅਖਰਾਂ ਵਿਚ ਇਹ ਪਾਠ ਹੈ।

ਈਂ ਤਲਵਾਰ ਗੁਰੂ ਗੋਬਿੰਦ ਸਿੰਘ ਦੀ ਕਮਰ ਕੀ ਹੈ। ਇਲਾਕਾ ਕਸੂਰ ਯਾ ਪਿੰਦਰੀ ਪਹਿਮਦ ਯਾਰ ਸੇ। (ਫਾਰਸੀ ਅਖਰਾਂ ਵਿਚ)

ਇਹ ਸ੍ਰੀ ਸਾਹਿਬ ਜੋ ਸ੍ਰੀ ਕਲਗੀਧਰ ਜੀ ਨੇ ਭਾਈ ਧਰਮ ਸਿੰਘ ਨੂੰ ਬਖਸ਼ੀ ਸੀ, ਭਾਈ ਗੁਦੜ ਜੀ ਨੇ ਦਿਆਲ ਪੁਰੇ ਜਦ ਰਾਜਾ ਗਜਪਤ ਸਿੰਘ ਨੂੰ ਅੰਮ੍ਰਿਤ ਛਕਾਇਆ ਤਦ ਇਹ ਸ਼ਸਤਰ ਰਾਜਾ ਸਾਹਿਬ ਨੂੰ ਦਿਤਾ। ਦੂਸਰਾ ਸ਼ਸਤਰ ਪੇਸ਼ ਕਬਜ਼ ਹੈ। ਜਿਸ ਉਤੇ ੧੭੫੨ ਅਤੇ ਹੇਠ ਲਿਖੀ ਇਬਾਰਤ।

ਸਕਨਾ ਰੋਜਾ ਹਰ ਦੋ ਆਲਮੇ ਫਜ਼ਲ ਸਖੀ ਸ਼ਾਹ ਗੋਬਿੰਦ ਸਿੰਘ ਖੁਦ ਸ਼ਾਂਹ ਦਰਾਂ ਤੇਗ ਪਿਨਹਾਂ। (ਫਾਰਸੀ ਅਖਰਾਂ ਵਿਚ)

ਇਹ ਸ੍ਰੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਤਲੋਕ ਸਿੰਘ ਨੂੰ ਬਖਸ਼ੀ ਸੀ।

ਸੰਗਰੂਰ ਦੇ ਰਾਜ ਭਵਨ ਵਿੱਚ ਇਕ ਕਤਾਂਬੀ ਜਿਲਦ ਦਸਮ ਗ੍ਰੰਥ ਹੈ। ਜਿਸ ਵਿਚ ਸੁਖਮਨਾ ਅਤੇ ਮਾਲ ਕੌਸ ਦੀ ਵਾਰ ਵਾਧੂ ਬਾਣੀਆਂ ਹਨ। ਜ਼ਫ਼ਰਨਾਮਾ ਫ਼ਾਰਸੀ ਅਖਰ ਵਿੱਚ ਲਿਖਿਆ ਹੋਇਆ ਹੈ॥

ੳ. ਇਨਾਂ ਉਪ੍ਰੋਕਤ ਚੀਜ਼ਾਂ ਤੋਂ ਸਿਵਾ ਗੁਰ ਪ੍ਰਨਾਲੀ ਹਥ ਦੀ ਲਿਖਤ।

ਅ. ਪ੍ਰਾਣ ਸੰਗਲੀ ਪਾਤਸ਼ਾਹੀ ਪਹਿਲੀ ਗੁਰਮੁਖੀ ਲਿਖਤ।

## ਹੇਹਰ

ਹੇਹਰ ਜ਼ਿਲਾ ਲੁਧਿਆਣਾ ਵਿਖੇ ਸ੍ਰੀ ਗੁਰੂ ਜੀ ਹਰਿ ਗੋਬਿੰਦ ਸਾਹਿਬ ਜੀ ਦੇ ਭਾਈ ਹਮੀਰੇ ਪਾਸ ਆਉਣ ਵੇਲੇ ਦਾ ਪਲੰਗ ਜਿਸ ਪਰ ਗੁਰੂ ਜੀ ਕੁਝ ਚਿਰ ਬਿਰਾਜੇ ਸੀ ਤੇ ਚੁਲਾ ਜਿਸ ਪਰ ਸ੍ਰੀ ਗੁਰੂ ਜੀ ਦਾ ਪ੍ਰਸ਼ਾਦ ਤਿਆਰ ਹੋਇਆ ਸੀ।

Digitized by Panjab Digital Library | www.panjabdigilib.org

## ਕਪੂਰ ਗੜ੍ਹ , ਨਾਭਾ

ਵਿਖੇ ਬਾਬਾ ਨਾਥਾ ਸਿੰਘ ਜੀ ਦੇ ਡੇਰੇ ਵਿਚ ਸ੍ਰੀ ਦਸਮੇਸ਼ ਜੀ ਦਾ ਸ੍ਰੀ ਸਾਹਿਬ ਹੈ ॥

## ਕਾਂਗੜਾ, ਰਾਜ ਨਾਭਾ

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਰਾਇਜੋਧ ਨੂੰ ਬਖਸ਼ਿਆ ਕਟਾਰ, ਹੁਣ ਸਰਦਾਰ ਬਘੇਲ ਸਿੰਘ ਦੇ ਘਰ ਹੈ ॥

## ਗੁ : ਕਾਂਗੜ

ਕਟਾਰ ਤਿਲਾਈ ਕਬਜ਼ੇ ਵਾਲਾ ਜੋ ਸ਼ਰਧਾਲੂ ਸੂਰਬੀਰ ਸਿਖ ਰਾਏ ਜੋਧ ਤਪੇ ਦੇ ਧਾਲੀਵਾਲਾਂ ਦਾ ਚੌਧਰੀ (ਸਰਦਾਰ) ਨੂੰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਬਖਸ਼ਿਆ ਸੀ ॥

## ਖਟਕੜ ਸਾਹਿਬ

ਗੁ: ਖਟਕੜ ਸਾਹਿਬ, ਨਰਵਾਣਾ ਜ਼ਿਲਾ ਸੰਗਰੂਰ
੧ ਭਾਈ ਬਾਲੇ ਵਾਲੀ ਜਨਮ ਸਾਖੀ ਲਿਖਤ ਪੱਤਰੇ ੪੨੦ ੧੮੮੫ ਬਿ:

## ਗਿਆਨੀ ਗੁਰਬਖਸ਼ ਸਿੰਘ ਪਿੰਡ ਘੜੂਆਂ ਜ਼ਿਲਾ ਫਤਹਿ ਗੜ ਸਾਹਿਬ

**੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ**—ਪਹਿਲੇ ਅਠਾਈ ਪਤਰਿਆਂ ਪੁਰ ਤਤਕਰਾ ਰਾਗਾਂ ਤੇ ਸ਼ਬਦਾਂ ਦਾ ਹੈ। ਪਹਿਲੇ ਪੱਤਰੇ ਪੁਰ ਤਤਕਰਾ ਰਾਗਾਂ ਦਾ ਜੋ ਦੂਜੇ ਬੰਨੇ ਅਧ ਤੱਕ ਚਲਦਾ ਹੈ, ਪਰ ਨਾਲ ਰਾਗਾਂ ਦੇ ਪੰਨੇ ਨਹੀਂ ਲਿਖੇ। ਪੰਨੇ ਦੇ ਅਧ ਤੋਂ ਰਾਗਾਂ ਦਾ ਤਤਕਰਾ ਸ਼ੁਰੂ ਹੁੰਦਾ ਹੈ, ਸ਼ਬਦਾਂ ਦੇ ਪੰਨੇ ਅਗੇ ਦਰਜ ਹਨ ਤਤਕਰੇ ਦੇ ਅੰਤ ਵਿਚ ਇਹ ਲਿਖਿਆ ਹੈ । ਸੰਮਤ ੧੯੦੬ ਅਤ੍ਰ ਸਿੰਘ ਗੁਜਰੀ ਵਾਸਤੇ ਨਰਾਇਣੇ ਇਹ ਗ੍ਰੰਥ ਸਾਹਿਬ ਲਿਖਵਾਇਆ, ਕਸ਼ਮੀਰ ਨਗਰ ਵਿਚ ਲਿਖਾਈ ਸਾਡੇ ਪਹੁੰਚੇ ਨਬੇ ੯੦) ਰੁਪਈਏ ਹਰੀ ਸਿੰਘ, ਬਾਕੀ ਆਨ ਕੇ ਮੈ ਲੈਨਾ ਨਾ ਦੇਵੇ ਤਾ ਪੜਨਾ ਪਾਪ ਹੈ। ਮੇਰੇ ਨਾਲ ਬਦੋ ਬਦੇ ਲੈ ਲਿਆ—ਮਹੰਤ ਗੁਜਰਾ (ਘਸਾਇਆ ਹੈ) ਪਹਿਲੇ ਪੱਤਰੇ ਦੇ ਦੂਜੇ ਪਾਸੇ ਜਿਸ ਪਰ ਅੰਕ ਨਹੀਂ ਲਗਾ—ਗੁਰਬਾਣੀ ਅਰੰਭ ਹੁੰਦੀ ਹੈ। ਅਗਲੇ ਪੱਤਰੇ ਦੇ ਪਹਿਲੇ ਪੰਨੇ ਤੋਂ ਚਲਦੀ ਹੈ। ਅੰਕ ਪਹਿਲੇ ਦੋ ਪਤਰਿਆਂ ਪਰ ਨਹੀਂ ਦਿੱਤੇ। ਤੀਜੇ ਪਰ ਅੰਕ ੩ ਅਰੰਭ ਕੀਤਾ ਹੈ। ਅੰਕ ਸਿਧੇ ਪਾਸੇ ਲਾਏ ਹਨ। ਕੁਲ ਪਤਰੇ ੯੭੧ ਹਨ। ੯੭ ਵੇਂ ਪੱਤਰੇ ਦੇ ਪਹਿਲੇ ਪੰਨੇ ਦੀ ਦੂਸਰੀ ਪੰਗਤੀ ਦੇ ਅਖੀਰ ਤੋਂ ਰਾਗਮਾਲਾ ਅਰੰਭ ਹੁੰਦੀ ਹੈ ਜੋ ੯੭੧ ਪੱਤਰੇ ਪਹਿਲੇ ਪੰਨੇ ਪਰ ਸਮਾਪਤਿ ਹੋਈ ਹੈ ਅੰਤ ਵਿਚ ਅੰਗ ॥ ੧੧ ॥ ਲਗਾ ਹੋਇਆ ਹੈ। ਅਖੀਰ "ਗੁਰੂ ਨਾਨਕ ਜੀ" ਲਿਖਿਆ ਹੋਇਆ ।

ਜਿਥੋਂ ਰਾਗ ਅਰੰਭ ਹੁੰਦਾ ਹੈ, ਉਥੇ ਸੁਨਹਿਰੀ ਤੇ ਰੰਗੀਨ ਮੀਨਾਕਾਰੀ ਕੀਤੀ ਹੋਈ ਹੈ ਅਤੇ

Digitized by Panjab Digital Library | www.panjabdigilib.org

ਵਿਚਕਾਰ ਇਕ ਕੋਰਾਂ ਵਰਕਾ ਇਸ ਵਾਸਤੇ ਪਾਇਆ ਹੋਇਆ ਹੈ । ਕਿ ਚਿਤ੍ਰਕਾਰੀ ਜੁੜ ਨਾ ਜਾਏ । ਪੱਤਰਿਆ ਦੇ ਅੰਕ ਸਿਧੇ ਬੰਨੇ ਉਤਲੀ ਨੁਕਰ ਪੁਰ ਲਾਏ ਹਨ ਤੇ ਦੁਆਲੇ ਵੰਨ ਸੁਵੰਨੇ ਫੁੱਲ ਬਣਾਏ ਹਨ ।

ਸਾਈਜ਼ ਪੱਤਰਾ ਸਾਢੇ ੨੩ ਇੰਚ ਹੈ । ਹਰ ਪੰਨੇ ਪੁਰ ੧੮ ਸਤਰਾਂ ਹਨ ।

## ਘੁੜਾਨੀ

## ਜਥੇਦਾਰ ਕੇਹਰ ਸਿੰਘ ਪਿੰਡ ਘੁੜਨੀ ਕਲਾਂ ਤਹਿਸੀਲ ਪਾਇਲ ਜ਼ਿਲਾ ਫਤਹਿ ਗੜ ਸਾਹਿਬ

ਦਸਿਆ ਗਿਆ ਹੈ ਕਿ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਕਿਲਾ ਗਵਾਲੀਅਰ ਤੋਂ ਬਵੰਜਾ ਰਾਜਿਆਂ ਦੀ ਬੰਦ ਖਲਾਸੀ ਕਰਾਕੇ ਜਦੋਂ ਆਏ ਤਾਂ ਤਿੰਨ ਹਫਤੇ ਘੁੜਾਨੀ ਕਲਾ ਬਿਰਾਜੇ, ਇਨ੍ਹਾਂ ਨੇ ਬੜੀ ਸ਼ਰਧਾ ਪ੍ਰੇਮ ਨਾਲ ਸੇਵਾ ਕੀਤੀ ਜਿਸ ਬਦਲੇ ਸਤਿਗੁਰਾਂ ਹੇਠ ਲਿਖੀਆਂ ਯਾਦਗਾਰੀ ਵਸਤਾਂ ਬਖਸ਼ੀਆ ।

੧. ਚੋਲਾ ਸਾਹਿਬ:—

ਲੰਬਾਈ ..... ..... ..... ..... ..... ੫੭ ਇੰਚ
ਬਾਹ ..... ..... ..... ..... ..... ੨੮ ,,
ਕਮਰ ..... ..... ..... ..... ..... ੨੫ ,,
ਛਾਂਤੀ ..... ..... ..... ... ... ... ੩੬ ,, ਚੁਬਗਲੇਤੋਂ ਚੜਾਈ
ਤੀਰਾ (ਮੌਰ) ..... ... ... ... ... ... ੨੨ ਇੰਚ
ਕਲਾਈ ..... ..... ..... ..... ... ਸਾਡੇ ੭ ਇੰਚ
ਮੋਢ ..... ..... ..... ..... ..... ... ੧੨ ,,
ਘੇਰਾ ਥਲਿਉਂ ਸਵਾ ੧੫ ਫੁਟ

**੨. ਪੋਥੀ ਸਾਹਿਬ**—ਜੋ ਸਤਿਗੁਰੂ ਦੇ ਗਾਤਰੇ ਵਾਲੀ ਦੱਸੀ ਜਾਂਦੀ ਹੈ । ਇਸ ਵਿੱਚ ਪੰਜ ਗੁੰਥੀ ਵਾਲੀਆਂ ਬਾਣੀਆਂ ਤੋਂ ਬਿਨਾ ਮਲਾਰ ਕੀ ਵਾਰ ਭੀ ਹੈ । ਕੁਲ ਪਤਰੇ ੩੨੬ ਹਨ ਜਿਨ੍ਹਾਂ ਪੁਰ ਪਤਰੇ ਦੇ ਸਿਧੇ ਪਾਸੇ ਅੰਕ ਲਗੇ ਹੋਏ ਹਨ । ਬਾਣੀ ਪਤਰਾ ਇਕ ਤੋਂ ਅਰੰਭ ਹੋਕੇ ੩੩੪ ਵੇ ਪਤਰੇ ਦੀਆਂ ਦੋ ਸਤਰਾਂ ਲੈ ਕੇ ਸੰਪੂਰਣ ਹੁੰਦੀ ਹੈ । ਅਗਲੇ ਪਤਰੇ ਖਾਲੀ ਪਏ ਹਨ । ਤਤਕਰਾ ਡੇਢ ਪਤਰੇ ਪਰ ਹੈ, ਜਿਨ੍ਹਾਂ ਨੂੰ ਅੰਕ ਨਹੀਂ ਲਗੇ ਹੋਏ 'ਜਪ' ਦੇ ਦੋਵੇ ਪਹਿਲੇ ਪਤਰੇ ਪੰਨੇ ਸੁਨਹਿਰੀ ਤੇ ਰੰਗਦਾਰ ਵੇਲ ਬੂਟਿਆ ਨਾਲ ਸਜਾਏ ਹੋਏ ਹਨ, ਹਰ ਇਕ ਨਵੀਂ ਬਾਣੀ ਅਰੰਭ ਕਰਨ ਸਮੇਂ ਭੀ ਇਸੇ ਤਰ੍ਹਾਂ ਸਜਾਵਟ ਕੀਤੀ ਹੈ ।

ਪਤਰਾ ੬੩ ਤੇ ੬੪ ਨਹੀਂ ਹਨ । ਇਹ ਪਤਰੇ ਓਂਕਾਰ ਦੇ ਆਖਰੀ ਤੇ ਸਿਧ ਗੋਸ਼ਟ ਦੇ ਅਰੰਭਕ ਹਨ ਜਿਲਦ ਬੰਨ੍ਹਣ ਤੋਂ ਬਾਦ ਨਿਕਲੇ ਪਰਤੀਤ ਨਹੀਂ ਹੁੰਦੇ ।

ਪਤਰਿਆ ਦਾ ਸਾਈਜ਼ ੭×ਸਾਢੇ ੪ ਇੰਚ ਹੈ, ਤੇ ਹਰ ਪੰਨੇ (ਪੱਤਰੇ ਦੇ ਇਕ ਇਕ ਪਾਸੇ (ਪੁਰ

Digitized by Panjab Digital Library | www.panjabdigilib.org

੧੧ ਸਤਰਾਂ ਬੜੀ ਸੁੰਦਰਤਾ ਨਾਲ ਲਿਖੀਆਂ ਹਨ । ਸਾਰੀ ਲਿਖਤ ਇਕੋ ਹਥ ਕਲਮ ਤੇ ਸਿਆਹੀ ਦੀ ਹੈ ।

**ਚਰਨ ਦਾਸੀ ਦਾ ਇਕ ਪੈਰ:**—ਜੋ ੨੦ ਇੰਚ ਲੰਮਾ ਤੇ ਪਬੋਂ ਸਾਢੇ ਚਾਰ ਇੰਚ ਚੌੜਾ ਹੈ । ਅੰਦਰ ਚਮੜਾ ਤੇ ਬਾਹਰ ਕਾਢਵਾਂ ਕਪੜਾ ਜ਼ਰੀਦਾਰ ਲਗਾ ਹੋਇਆ ਹੈ । ਵਿਚਕਾਰੋਂ ਟੁਟ ਜਾਣ ਕਰਕੇ ਲੋਹੇ ਦੀਆਂ ਪਤੀਆਂ ਲਾਕੇ ਸਾਭਿਆ ਹੋਇਆ ਹੈ ।

## ਘੁੰਗਰਾਣਾ

॥ ਜੋੜਾ॥

ਭਾਈ ਸੇਵਾ ਸਿੰਘ ਪਿੰਡ ਘੁੰਗਰਾਣਾ ਤਹਿਸੀਲ ਜ਼ਿਲਾ ਲੁਧਿਹਾਣਾ । ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਚਰਣਾਂ ਦੇ ਜੋੜੇ ਦਾ ਇਕ ਪੈਰ ਦੂਜਾ ਨਾਲ ਦਾ ਨਹੀਂ ਹੈ । ਸੁਣਨ ਵਿਚ ਆਇਆ ਹੈ ਕਿਸੇ ਪ੍ਰੇਮੀ ਤੋਂ ਕੀਮਤ ਤੇ ਲਿਆ ਹੈ ।

ਘੁੜਾਣੀ ਇਲਾਕਾ ਪਟਿਆਲਾ, ਨਜਾਮਤ ਸੁਨਾਮ ਵਿੱਚ ਇਕ ਪਿੰਡ ਹੈ । ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸੂਰਤੀਏ ਮਸੰਦ ਨੂੰ ਇਕ ਚੋਲਾ ਬਖਸ਼ਿਆ, ਜੋ ਉਸ ਦੀ ਔਲਾਦ ਪਾਸ ਹੈ ।

## ਢਿਲਵਾਂ ( ਫਰੀਦ ਕੋਟ )

ਢਿਲਵਾਂ ਕਲਾਂ ਇਹ ਪਿੰਡ ਰਿਆਸਤ ਫਰੀਦ ਕੋਟ ਵਿਖੇ ਸੋਢੀ ਕੌਲ ਜੀ ਪਾਸ ਸ੍ਰੀ ਦਸਮੇਸ਼ ਜੀ ਦਾ ਨੀਲਾ ਚੋਲਾ, ਬਖਸ਼ਸ਼ ਹੁਣ ਸੋਢੀ ਕੌਲ ਜੀ ਦੀ ਵੰਸ ਦੇ ਮਲ ਸਿੰਘ ਪਾਸ ਹੈ ਦਰਬਾਰ ਬਣਿਆ ਹੋਇਆ ਹੈ ।

## ਢਿਲਵਾਂ (ਪਟਿਆਲਾ)

ਢਿਲਵਾਂ ਵਾਲੇ ਸੋਢੀ ਕੌਲ ਜੀ ਜੋ ਪਟਿਆਲਾ, ਨਜਾਮਤ ਫਤੇ ਗੜ੍ਹ (ਬਸੀ) ਥਾਣਾ ਮੂਲੇ ਪੁਰ ਦਾ ਇਕ ਪਿੰਡ ਢਿਲਵਾਂ ਏਥੇ ਸ੍ਰੀ ਗੁਰੂ ਜੀ ਦੀਆਂ ਦਿਤੀਆ ਹੋਈਆਂ ਇਹ ਵਸਤਾਂ ਹਨ ।

੧. ਮਾਲਾ

੨. ਪੰਜ ਗ੍ਰੰਥੀ ਪੋਥੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ।

੩. ਜਪੁਜੀ ਸਾਹਿਬ ਜੀ ਦਾ ਗੁਟਕਾ ਸ੍ਰੀ ਦਸਮੇਸ਼ ਜੀ ਦਾ ਦਿਤਾ ਹੋਇਆ ਰਾਜਾ ਅਮਰ ਸਿੰਘ ਪਟਿਆਲਾ ਵਲੋਂ ਸੋਢੀ ਸਾਹਿਬ ਜੀ ਨੇ ਹੇਠ ਲਿਖੇ ਪਿੰਡ ਤੇ ਜਾਗੀਰ ੧ ਸੰਗਤ ਪੁਰਾ ੨ ਖਰ੍ਹੇ ੩ ਪਲੋ ੪ ਮਾਜਰੀ, ੫ ਰਾਇਸਰ, ਕੁਲ ਜਾਗੀਰ ਨੌ ਹਜ਼ਾਰ ਰੁਪਏ ਸਾਲਾਨਾ ਹੈ ।

## ਦੂਖ ਨਿਵਾਰਨ

ਗੁਰ ਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਸਾਖੀ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸੈਫਾ

Digitized by Panjab Digital Library | www.panjabdigilib.org

ਬਾਦ ਤੋਂ ਲਹਿਲ ਪਿੰਡ ਦਰਸ਼ਨ ਦੇਣ ਬਾਰੇ :– ਇਹ ਸਾਖੀ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਸੰਦ ਭਾਈ ਫਤਹ ਚੰਦ ਦੀ ਸੰਤਾਨ ਵਿਚੋਂ ਕਿਸੇ ਗੁਰਸਿੱਖ ਸ਼ਰਧਾਲੂ ਦੀ ਲਿਖੀ ਹੋਈ ਹੈ।

ਏਸੇ ਦੇ ਆਧਾਰ ਤੇ ਗੁ: ਦੂਖ ਨਿਵਾਰਨ ਸਾਹਿਬ ਜੀ ਦਾ ਪ੍ਰਗਟ ਹੋਣਾ ਇਉਂ ਹੈ :–

ੴ ਸਤਿਗੁਰ ਪ੍ਰਸਾਦਿ

ੴ ਅੰਕਾਰ

ੴ ਸ੍ਰੀ ਅਕਾਲ ਜੀ ਸਹਾਏ
ਰਾਇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਕਾਲਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਸਾਹਿਬ ਨੂੰ ਭਾਗ ਰਾਮ ਝਿਊਰ ਬੇਨਤੀ ਕਰਤ ਭਇ ਜੀ ਲਾਲਹ ਗਾਵੰ ਵਿਚ ਬਮਾਰੀ ਜਾਂਦੀ ਨਹੀਂ ਸਚੇ ਸਾਹਿਬ ਸੈਫਾਬਾਦ ਤੇ ਉਠ ਕੇ ਲਾਹਲ ਗਾਵੰ ਦੇ ਪਹਾੜ ਓਰ ਕਰੀਬਨ ਸਤ ਅਠ ਸੈ ਤੋਂ ਬੋਹੜ ਦੇ ਥਲੇ ਆਣ ਬਰਾਜਤ ਭਏ। ਯੀਹਾਂ ਟੋਬੜ ਮੇਂ ਚਰਨ ਧੋਵਤ ਭਏ ਹੁਕਮ ਹੋਇਆ ਏਥੇ ਜੋ ਕੋਈ ਰੋਗੀ ਸਰਧਾ ਸਹਿਤ ਅਸਨਾਨ ਕਰੇਗਾ ਉਸ ਦੇ ਸਭੇ ਖੰਡਿਏ ਗੇ। ਏਥੇ ਥੜਾ ਬਣਾਉ ਹੁਕਮ ਹੋਇਆ ਜੋ ਇਥੇ ਬਸੰਤ ਪੰਚਮੀ ਨੂੰ ਅਸਨਾਨ ਕਰੇ ਗਾ। ਉਸ ਨੂੰ ਸਭ ਤੀਰਥਾਂ ਕਾ ਫਲ ਪਰਾਪਤ ਹੋਵੇਗਾ। ਸੰਗਤ ਬੇਨਤੀ ਕਰਤ ਭਾਈ ਜੀ ਇਥੇ ਅਬਾਦੀ ਹੁੰਦੀ ਨਹੀਂ ਅਬਾਦੀ ਹੋਵੇ ਗੀ ਹੁਕਮ ਹੋਇਆ। ਇਥੇ ਰੌਣਕ ਬਹੁਤ ਹੋਵੇਗੀ ਇਥੇ ਗੁਰਸਿਖ਼ ਹੋਸੀ ਰਾਜ ਧਾਨ ਸੇਵਾ ਕਰਸੀ। ਗੁਰਧਾਮ ਉਘਾ ਹੋਸੀ ਸਭ ਜਹਾਨ ਜੋ ਕੋਈ ਸੇਵ ਕਮਾਵੇ ਮਨ ਬਾਂਛਤ ਫਲ ਪਾਵੇ। ਕਰਮਾਂ ਦੇਵੀ ਖਤਰਾਣੀ ਚਰਨੀ ਡਿਗੀ ਜੀ ਅਠਰਾਹੇ ਨਾਲ ਬਾਲ ਸ਼ਾਤ ਹੋ ਜਾਂਦੇ ਹੈ ਜੀ ਹੁਕਮ ਹੋਇਆ ਇਥੇ ਅਸਨਾਨ ਕਰ ਜੋ ਦੂਰ ਹੋਸੀ ਕੋਈ ਰੋਗ ਨਾ ਰੇਹਸੀ। ਇਥੇ ਦਿਨ ਖੋੜਾ ਮਾਘ ਸੁਕਲ ਪੰਜਮੀ ਸਤਾਰਾਂ ਸੌ ਅਠਾਈਸ ਸਭ ਸੰਗਤ ਕੇ ਖੁਸ਼ੀ ਕਰਤ ਭਏ ਜੋ ਹੁਕਮ ਨਾਮੇ ਦੇ ਦਰਸ਼ਨ ਪਾਵੇ ਗਾ ਸੋ ਮੇਰੇ ਦਰਸ਼ਨ ਪਾਵੇ ਗਾ ਗੁਰਧਾਮ ਕੋ ਜਾਵੇ ਗਾ ਸਭ ਸੁਖ ਪਾਵੇ ਗਾ ਜਮ ਧਾਮ ਨਾ ਜਾਵੇ ਗਾ।

ਸਮਾਪਤੰ

# ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ)

**ਪੋਥੀ ਸਾਹਿਬ :–** ਜਿਸ ਵਿਚ ਜ਼ਫਰਨਾਮੇ ਤੋਂ ਬਿਨਾਂ ਦਸਵੇਂ ਪਾਤਸ਼ਾਹ ਦੀ ਸਾਰੀ ਬਾਣੀ ਦਰਜ ਹੈ। ਇਹ ਬਾਬਾ ਦੀਪ ਸਿੰਘ ਜੀ ਦੀ ਲਿਖੀ ਹੋਈ ਤੇ ਉਨ੍ਹਾਂ ਦੇ ਗਾਤਰੇ ਦੀ ਦਸੀ ਜਾਂਦੀ ਹੈ। ਇਸ ਦਾ ਸਾਈਜ਼ ਸਾਢੇ 7 × ਸਵਾ 7 ਇੰਚ ਹੈ। ਹਰ ਪੰਨੇ ਪਰ ਪੰਦਰਾਂ ਸਤਰਾਂ ਹਨ। ਸਾਰੀ ਲਿਖਤ ਇਕੋ ਹਥ ਦੀ ਹੈ। ਕੁਲ ਪਤਰੇ ੯੭੧ ਹਨ। ਭੋਗ ਚਰਿਤ੍ਰਾਂ ਪਰ ਹੈ। ਜੋ ੯੭੧ ਪਤਰੇ ਦੀਆਂ ੧੦ ਮਤਰਾਂ ਤੱਕ ਲਿਖੇ ਹਨ। ਅੰਤਲੇ ੮ ਪਤਰਿਆਂ ਪੁਰ ਪੋਥੀ ਦਾ

Digitized by Panjab Digital Library | www.panjabdigilib.org

ਤਤਕਰਾ ਦਿਤਾ ਹੈ, ਪਰ ਇਨਾਂ ਪਤਰਿਆਂ ਨੂੰ ਅੰਕ ਨਹੀਂ ਲਾਏ।

**ਤਸਵੀਰ :—** ਜਿਸ ਵਿੱਚ ਦਸਵੇਂ ਪਾਤਸ਼ਾਹ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਣਾ ਦਸ ਰਹੇ ਹਨ। ਸਾਈਜ਼ ਸਾਢੇ 23 × ਸਵਾ 27 ਇੰਚ ਚੌਕਾਠ ਹੈ, ਥਲੇ ਲਿਖਿਆ ਹੈ, "ਅਮਲ ਪ੍ਰਤਾਪ ਸਿੰਘ ਮਿਸਤਰੀ ਰਹਿਣ ਵਾਲਾ ਮੁਕਤਸਰ ਸਨਾਤਨ ਵਾਸੀ ਜ਼ਿਲਾ ਅੰਮ੍ਰਿਤਸਰ ਵਿਸਾਖ ਤਰੀਕ ੧੫ ਸੰਮਤ ੧੯੬੯ ।

**ਸ਼ੀਸ਼ਾ :—** ਜੋ ਤਿੰਨ ਫਰਦਾਂ ਵਿੱਚ ਤਹਿ ਹੋ ਜਾਂਦਾ ਹੈ। ਚੌਕਾਠ ਸੁਨਹਿਰੀ ਹੈ। ਸਾਈਜ਼ ੧੦×੮ ਇੰਚ ਹੈ ਪਰ ਚੌਕਾਠ ਸਮੇਤ ੧੮×੧੬ ਇੰਚ ਹੈ ਤੇ ਭਿੜਨ ਵਾਲੀਆਂ ਫਰਦਾਂ ਦੋਵੇਂ ਮਿਲ ਕੇ ਇਸ ਦੇ ਬਰਾਬਰ ਹਨ। ਉਪਰ ਗੁੰਬਦ ਦਾ ਰੂਪ ਬਣ ਜਾਂਦਾ ਹੈ। ਇਸ ਸੰਬੰਧੀ ਦਸਮ ਪਾਤਸ਼ਾਹ ਦਾ ਬਚਨ ਦਸਿਆ ਜਾਂਦਾ ਹੈ ਕਿ ਇਸ ਦੇ ਦਰਸ਼ਨ ਕਰਨ ਤੋਂ ਲਕਵੇ ਨਾਲ ਵਿੰਗਾ ਹੋਇਆ ਮੂੰਹ ਸਿੱਧਾ ਹੋ ਜਾਂਦਾ ਹੈ॥

**ਤੇਗਾ ਬਾਬਾ ਦੀਪ ਸਿੰਘ ਜੀ ਸ਼ਹੀਦ :—** ਲੰਬਾਈ ਤਿੰਨ ਗਿੱਠ, ਚਾਰ ਉਂਗਲ (ਦੋ ਫੁਟ) $5\frac{7}{8}$ ਇੰਚ) ਚੌੜਾਈ ਪੌਣੇ ਚਾਰ ਉਂਗਲ (ਢਾਈ ਇੰਚ) ਮੁਠ (ਲੋਹੇ ਦਾ ਤਾੜੀਦਾਰ, ਮੁਲੰਮਾ ਚਾਂਦੀ ਦਾ ਪੌਣੇ ਸਤ ਇੰਚ ਪਕੜ ਸਾਢੇ ਤਿੰਨ ਇੰਚ ਤੋਲ ਡੇਢ ਸੇਰ ਸਤ ਤੋਲੇ। ਮੁਠ ਦੇ ਲਾਗੇ ਫਲ ਉਤੇ ਧਾਰ ਵਲ (ਸੁਰਿੰਦਰ ਆਹਨ ਨਗਰ) ਉਕਰਿਆਂ ਹੋਇਆ ਹੈ।

ਇਕ ਅੰਗਰਖਾ, ਅੰਦਰਲਾ, ਬਾਜ਼ੂ ਮੋਹਰੀ ੬੬ ਉਂਗਲੀ, ਬਾਜ਼ ਲੰਬਾਈ ਤਿੰਨ ਗਿਠ ਤਿੰਨ ਉਂਗਲ (੧੨ ਗਿਰਾਂ) ਅੰਗਰਖੇ ਦੀ ਲੰਬਾਈ ੪ ਗਿਠ ਛੇਂ ਉਂਗਲ (੧੮ ਗਿਰ੍ਹਾਂ)।

## ਗੁ : ਸ: ਧਮਤਾਨ ਸਾਹਿਬ

ਸ਼ਸਤਰ

੧. ਸ੍ਰੀ ਸਾਹਿਬ ਸੀਖਦਾਰ— ਫਲ ਦੋ ਫੁੱਟ ਸਾਢੇ ਛੇ ਇੰਚ ਲੰਮਾ, ਵਿਚਕਾਰੋਂ ਸਵਾ ਇੰਚ ਚੌੜਾ ਤੇ ਮੁੱਠ ਧਾਰੀਦਾਰ-ਗੰਗਾ-ਜਮਨੀ (ਸੋਨੇ ਚਾਂਦੀ ਦਾ ਕੰਮ) ਹੈ। ਇਸ ਦੇ ਫਲ ਉਤੇ ਮੁਟਾਈ ਦੇ ਦੋਹਾਂ ਸਿਰਿਆਂ ਤੇ ਸੋਨੇ ਦੀਆਂ ਪੰਜ ਪੰਜ ਰੇਖਾਂ ਲੱਗੀਆਂ ਹੋਈਆਂ ਹਨ। ਇਹ ਸ੍ਰੀ ਸਾਹਿਬ ਉਹ ਦੱਸੀ ਜਾਂਦੀ ਹੈ, ਜੋ ਸ੍ਰੀ ਕਲਗੀਧਰ ਜੀ ਨੇ ਬਾਬਾ ਬੰਦਾ ਬਹਾਦਰ ਸਿੰਘ ਜੀ ਨੂੰ ਪੰਜਾਬ ਵਲ ਤੋਰਨ ਸਮੇਂ ਬਖਸ਼ੀ ਤੇ ਖਾਲਸੇ ਨੇ ਲੈ ਲਈ ਸੀ॥

੨. ਜਨਮ ਸਾਖੀ–ਪੈੜੇ ਵਾਲੀ— ੧੭੭੫ ਈ: ਵਿਖੇ ਭਾਈ ਮੋਹਰ ਸਿੰਘ ਬੱਲਾ, ਬੁਤਾਲਾ (ਸਠਿਆਲਾਂ ਮੁਢ ਸੁਤੋਵਾਲ ਵਾਸੀ) ਦੀ ਲਿਖੀ ਹੋਈ॥ ਸਫ਼ੇ ਪਪੜ, ਨਾਪ ਸਾਢੇ ੫–੫ ਇੰਚ, ਸਤਰਾਂ ਇਕ ਸਫੇ ਦੀਆਂ ਦੋ॥

Digitized by Panjab Digital Library | www.panjabdigilib.org

੩. ਪਟੇ— ੧੯ ਜੋ ਰਾਜਾ ਅਮਰ ਸਿੰਘ ਤੋਂ ਰਾਜਾ ਮਹਿੰਦਰ ਸਿੰਘ ਤਕ–

| | | | | | |
|---|---|---|---|---|---|
| ੧. | ਮਹਾਰਾਜਾ ਅਮਰ ਸਿੰਘ ਪਟਿਆਲਾ | | ਵਲੋਂ | ੧੧੮੮ | ਹਿਜਰੀ। |
| ੨. | ,, | ਸਾਹਿਬ ਸਿੰਘ ਮੁਆਫ਼ੀ ਕਮੀਣਾਂ ਬਾਰੇ ॥ | | | |
| ੩. | ,, | ਸਾਹਿਬ ਸਿੰਘ | ਵਲੋਂ ਸੰਮਤ | ੧੯੬੪ | ਬਿ। ਦਾ |
| ੪. | ,, | ਸਾਹਿਬ ਸਿੰਘ | ਵਲੋਂ | ੧੮੭੩ | ਬਿ: |
| ੫. | ,, | ਸਾਹਿਬ ਸਿੰਘ | ਵਲੋਂ ਸੰਮਤ | ੧੮੭੮ | ਬਿ: ਦਾ |
| ੬. | ,, | ਸਾਹਿਬ ਸਿੰਘ | ਵਲੋਂ ,, | ੧੮੮੯ | ,, |
| ੭. | ,, | ਕਰਮ ਸਿੰਘ | ,, ,, | ੧੮੭੫ | ,, |
| ੮. | ,, | ,, | ,, ,, | ੧੮੮੨ | ,, |
| ੯. | ,, | ,, | ,, ,, | ੧੮੮੪ | ,, |
| ੧੦. | ,, | ,, | ,, ,, | ੧੮੮੫ | ,, |
| ੧੧. | ,, | ,, | ,, ,, | ੧੮੯੭ | ,, |
| ੧੨. | ,, | ,, | ,, ,, | ੧੯੦੧ | ,, |
| ੧੩. | ,, | ,, | ,, ,, | ੧੮੮੯ | ,, |
| ੧੪. | ਕਚਹਿਰੀ ਪਟਿਆਲਾ | | ,, ,, | ੧੮੮੯ | ,, |
| ੧੫. | ,, | | ,, ,, | ੧੯੦੮ | ,, |
| ੧੬. | ,, | | ,, ,, | ੧੮੬੯ | ,, |
| ੧੭. | ,, | | ,, ,, | | |
| ੧੮. | ,, | | ,, ,, | | |
| ੧੯. | | | | ਮੁਆਫੀ ਜ਼ਮੀਨ | |

## ਗੁ: ਸਿਰੋਪਾਉ ਨਾਭਾ

ਨਾਭੇ ਕਿਲੇ ਅੰਦਰ ਪੱਛੋਂ ਵੱਲ ਦੇ ਬੁਰਜ ਵਿੱਚ ਗੁਰਦਆਰਾ "ਸਿਰੋਪਾਉ" ਹੈ। ਇੱਥੇ ਸ੍ਰੀ ਗੁਰੂ ਸਾਹਿਬ ਜੀ ਦੀਆਂ ਇਤਨੀਆਂ ਵਸਤਾਂ ਹਨ :–

(ੳ) ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਚੋਲਾ, ਜੋ ਸ੍ਰੀ ਗੁਰੂ ਸਾਹਿਬ ਜੀ ਨੇ ਹੁਕਮ ਨਾਮੇ ਨਾਲ ਬਾਬਾ ਤਿਲੋਕ ਸਿੰਘ, ਰਾਮ ਸਿੰਘ ਜੀ ਨੂੰ ਕ੍ਰਿਪਾ ਕਰ ਕੇ ਭੇਜਿਆ। ਇਸ ਦੇ ਬਾਹਰ ਰੇਸ਼ਮੀ ਧਾਰੀਦਾਰ ਮਸਰੂ। ਅੰਦਰ ਮਲਾਗੀਰੀ ਵਸਤਰ ਹੈ।

(ਅ) ਸ੍ਰੀ ਦਸ਼ਮੇਸ਼ ਜੀ ਦਾ ਹੁਕਮਨਾਮਾ, ਇਹ ਅਸਲ ਹੁਕਮ ਨਾਮਾ ਪਟਿਆਲੇ ਹੈ। ਨਕਲ ਨਾਭੇ ਹੈ।

(ੲ) ਦਸਤਾਰ ਸ੍ਰੀ ਕਲਗੀਧਰ ਜੀ ਦੀ ਜੋ ਸਤਿਗੁਰੂ ਜੀ ਨੇ ਭੰਗਾਣੀ ਦੇ ਜੰਗ ਪਿਛੋਂ ਸਾਈਂ ਬੁਧੂ ਸ਼ਾਹ ਸਢੋਰੇ ਵਾਲੇ ਨੂੰ ਬਖ਼ਸ਼ੀ।

Digitized by Panjab Digital Library | www.panjabdigilib.org

(ਸ) ਦਸਤਾਰ ਨਾਲ ਕੰਘਾ, ਜਿਸ ਵਿੱਚ ਵਾਹੇ ਹੋਏ ਕੇਸ਼ ਹਨ ।

(ਹ) ਦਸਤਾਰ ਨਾਲ ਕਰਦ, ਜੋ ਕਰੀਬਨ ਸਾਢੇ ਤਿੰਨ ਇੰਚ ਲੰਮੀ ਹੈ ।
ਇਨ੍ਹਾਂ ਤਿੰਨਾਂ ਵਸਤਾਂ ਨਾਲ ਜੋ ਬੁਧੂ ਸ਼ਾਹ ਨੂੰ ਸ੍ਰੀ ਦਸਮੇਸ਼ ਜੀ ਨੇ ਹੁਕਮ ਬਖ਼ਸ਼ਿਆ ਹੈ। ਇਹ ਚਾਰੇ ਵਸਤਾਂ (ਨੰ: ੲ. ਸ. ਹ. ,) ਸਾਂਈਂ ਬੁਧੂ ਸ਼ਾਹ ਦੀ ਔਲਾਦ ਦਾ ਮਕੂਲ ਗੁਜ਼ਾਰਾ ਦੇ ਕਰ ਕੇ, ਮਹਾਰਾਜਾ ਭਰਪੂਰ ਸਿੰਘ ਜੀ ਨੇ ਲੈ ਲਈਆਂ ਸਨ ।

(ਖ) ਕੋਰੜਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ, ਇਸ ਦੀ ਡੰਡੀ ਬੈਂਤ ਦੀ ਹੈ ॥

(ਗ) ਤੇਗਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ।

(ਘ) ਸ੍ਰੀ ਸਾਹਿਬ ਸ੍ਰੀ ਕਲਗੀਧਰ ਜੀ ਦਾ, ਜੋ ਸਤਿਗੁਰੂ ਜੀ ਨੇ ਤਿਲੋਕ ਸਿੰਘ ਜੀ ਨੂੰ ਅੰਮ੍ਰਿਤ ਛਕਾਉਣ ਸਮੇਂ ਸੰਮਤ ੧੭੬੩ ਵਿੱਚ ਦਮਦਮੇ ਬਖ਼ਸ਼ਿਆ ।
ਇਸਦੇ ਇੱਕ ਤਰਫ ਪਾਠ ਹੈ ॥ ਸ੍ਰੀ ਭਗੌਤੀ ਜੀ ਸਹਾਇ ਗੁਰੂ ਗੋਬਿੰਦ ਸਿੰਘ ਪਾਤਸ਼ਾਹੀ ਦਸ ॥ ਦੂਜੇ ਪਾਸੇ ਹੈ – ਪਾਤਸ਼ਾਹੀ ਦਸ ॥

(ਙ) ਸ੍ਰੀ ਸਾਹਿਬ ਸ੍ਰੀ ਦਸਮੇਸ਼ ਜੀ ਦਾ, ਜੋ ਬਡਰੁੱਖਿਆਂ ਤੋਂ ਮਹਾਰਾਜਾ ਹੀਰਾ ਸਿੰਘ ਜੀ ਆਪਣੇ ਨਾਲ ਨਾਭੇ ਲਿਆਏ, ਇਸ ਉੱਪਰ ਇਹ ਪਾਠ ਹੈ । ਗੁਰੂ ਗੋਬਿੰਦ ਸਿੰਘ ਕੇ ਕਮਰ ਕੀ ਤਲਵਾਰ ਹੈਗੀ, ਬਧੇ ਦੇਗ ਤੇ, ਯਾ ਤੇਗ ਤੇ " ਕਬਜ਼ੇ ਪੁਰ ਪਾਠ ਹੈ। ਗੁਰੂ ਨਾਨਕ ਸਰਬ ਸਿੱਖਾਂ ਨੂੰ ਸਹਾਇ ॥

(ਚ) ਤਲਵਾਰ ਸ੍ਰੀ ਕਲਗੀਧਰ ਜੀ ਦੀ, ਜੋ ਕਲ੍ਹਾ ਰਾਇ ਨੂੰ ਬਖ਼ਸ਼ੀ । ਇਹ ਕੋਟਲੇ ਵਾਲੇ ਨਵਾਬ ਸਾਹਿਬ ਦੇ ਜ਼ਰੀਏ ਮਹਾਰਾਜਾ ਜਸਵੰਤ ਸਿੰਘ ਨੂੰ ਮਿਲੀ । ਇਸ ਪੁਰ Genoa ਲਿਖਿਆ ਹੈ ॥*

(ਛ) ਖੰਜਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਜੋ ਛੋਟੀ ਉਮਰ ਵਿੱਚ ਕਮਰ ਤੇ ਸਜਾਇਆ ਕਰਦੇ ਸਨ । ਇਸ ਪੁਰ ਪਾਠ ਹੈ :– ਸੰਮਤ ੧੭੩੧

ਸਤਿ ਸ੍ਰੀ ਅਕਾਲ ਪੁਰਖ ਜੀ ਸਹਾਇ ।
ਤੂਹੀ ਖੜਗਧਾਰਾ ਤੁਧਹੀ ਬਾਢਵਾਰੀ ।
ਤੂਹੀ ਤੀਰ ਤਲਵਾਰ ਕਾਤੀ ਕਟਾਰੀ ।
ਹਲੱਬੀ ਜਨੂਬੀ ਮਗਰਬੀ ਤੂਹੀ ਹੈ ।
ਨਿਹਾਰੋ ਜਹਾਂ ਆਪ ਠਾਂਢੀ ਵਹੀਂ ਹੈ ॥

(ਜ) ਸ੍ਰੀ ਦਸ਼ਮੇਸ਼ ਜੀ ਦੇ ਢਾਲੇ ਦੇ ਦੋ ਫੁੱਲ, ਜਿਨ੍ਹਾਂ ਪੁਰ ਦਸ ਅਵਤਾਰਾਂ ਦੀਆਂ ਤਸਵੀਰਾਂ ਹਨ ॥

---

* ਇਟਲੀ ਦਾ ਪਰਸਿੱਧ ਬੰਦਰ ਹੈ। ਇਸ ਵਿੱਚ ਪੁਰਾਣੇ ਸਮੇਂ ਆਲਾ ਦਰਜੇ ਦੀਆਂ ਤਲਵਾਰਾਂ ਬਣਦੀਆਂ ਸਨ । ਜਦ ਯੂਰਪ ਦੇ ਵਪਾਰੀ ਹਿੰਦੁਸਤਾਨ ਆਉਣ ਲੱਗੇ, ਤਦ ਇਥੋਂ ਦੀਆਂ ਤਲਵਾਰਾਂ ਸਾਡੇ ਦੇਸ਼ ਆਈਆਂ, ਹੁਣ ਇਥੇ ਰੇਸ਼ਮੀ ਵਸਤਰ ਉੱਤਮ ਬਣਦੇ ਹਨ ॥

Digitized by Panjab Digital Library | www.panjabdigilib.org

(ੜ) ਸ੍ਰੀ ਕਲਗੀਧਰ ਜੀ ਦੇ ਤੀਰ ਦੀ ਮੁਖੀ, ਇਸ ਦਾ ਪਰਸੰਗ ਇਉਂ ਹੈ :–

(ੜ) ਸ੍ਰੀ ਦਸ਼ਮੇਸ਼ ਜੀ ਅਨੰਦਪੁਰ ਇੱਕ ਸਿੰਮਲ ਦੇ ਬਿਰਛ ਵਿੱਚ ਤੀਰਾਂ ਦਾ ਨਿਸ਼ਾਨਾ ਲਗਾਇਆ ਕਰਦੇ ਸਨ। ਉਹ ਬਿਰਛ ਕੁਝ ਵਰ੍ਹੇ ਬੀਤੇ ਹਨ ਕਿ ਸੁੱਕ ਕੇ ਡਿਗ ਪਿਆ। ਉਸ ਵਿਚੋਂ ਕਈ ਮੁਖੀਆਂ ਲੱਭੀਆਂ। ਇੱਕ ਮੁਖੀ ਕੇਸਗੜ੍ਹ ਦੇ ਪੁਜਾਰੀ ਸਿੰਘ ਜ਼ੀ ਨੇ ਬਾਬਾ ਨਰਾਇਣ ਸਿੰਘ ਜੀ ਮਹੰਤ ਡੇਰਾ ਬਾਬਾ ਅਜਾਪਾਲ ਸਿੰਘ ਸਾਹਿਬ ਨੂੰ ਦਿੱਤੀ, ਉਹਨਾਂ ਨੇ ਮਹਾਰਾਜਾ ਹੀਰਾ ਸਿੰਘ ਨੂੰ ਦਿੱਤੀ ॥

(ਢ) ਇੱਕ ਪੁਸਤਕ, ਜਿਸ ਵਿੱਚ ਚਰਿਤ੍ਰਾਂ ਦਾ ਪਾਠ ਹੈ। ਇਸ ਦੇ ਪਤਰੇ ੩੦੦ ਸੌ ਹਨ ਭਾਈ ਤਾਰਾ ਸਿੰਘ ਕਵੀ ਨੇ ਦਸਿਆ ਹੈ ਕਿ ਇਹ ਸ੍ਰੀ ਕਲਗੀਧਰ ਜੀ ਦਾ ਲਿਖਿਆ ਹੋਇਆ ਹੈ। ਰਾਜਾ ਭਰਪੂਰ ਸਿੰਘ ਜੀ ਨੇ ਕਵੀ ਜੀ ਨੂੰ ਦੋ ਹਜ਼ਾਰ ਨਗਦ ਅਤੇ ਦੋ ਸੌ ਰੁਪਈਏ ਵਾਰਸਿਕ ਜਾਗੀਰ ਦੇ ਕੇ ਇਹ ਪੁਸਤਕ ਲੈ ਲਿਆ ਹੋਇਆ ਹੈ।

## ਨੰਗਲ

## ਭਾਈ ਭਗਵਾਨ, ਪਿੰਡ ਨੰਗਲ, ਜ਼ਿਲਾ ਫਰੀਦ ਕੋਟ

### ੧. ਦਸਮ ਪਾਤਿਸ਼ਾਹ ਦੇ ਪੈਰਾਂ ਦਾ ਜੋੜਾ:–

ਜਿਸ ਦੇ ਉਤੇ ਬੂਟੀ ਦਾਰ ਬਨਾਤ ਕੇਸਰੀ ਰੰਗ ਤੇ ਅੰਦਰ ਚਮੜਾ ਲੱਗਾ ਹੈ, ਮਾਪ ਪੌਣੇ ਦਸ ਤੇ ਚਾਰ ਇੰਚ ਹੈ।

**ਬਾਟਾ:**–ਜੋ ਸੱਤ ਧਾਤਾ ਦਾ ਬਣਿਆ ਦਸਿਆ ਜਾਂਦਾ ਹੈ ਪ੍ਰਜਾ ਪਦਾ ਕਹਿੰਦਾ ਹੈ, ਇਸਦਾ ਜਲ ਛਕਣ ਤੈ ਜੋੜਾ ਛੁਹਣ ਨਾਲ ਹੰਜੀਰਾਂ ਦਾ ਰੋਗ ਦੂਰ ਹੋ ਜਾਂਦਾ ਹੈ।

**੩. ਨੀਲਾ ਚੋਲਾ:**–ਨੀਲੀ ਰੰਗੀ ਸੂਤੀ ਟਵਿਲ ਦੀਆਂ ਲੀਰਾ ਹਨ। ਇਹ ਉਸ ਚੋਲੇ ਦੀਆਂ ਦਸੀਆਂ ਜਾਂਦੀਆਂ ਹਨ ਜੋ ਦਸਵੇਂ ਪਾਤਸ਼ਾਹ ਦੇ ਉਚ ਦੇ ਪੀਰ ਬਣਨ ਸਮੇਂ ਅੰਗ ਲਾਇਆ ਸੀ।

**੪. ਮੋਹਰ ਦਾ ਚਿੰਨ:**–ਜੋ ਕੋਰੇ ਕਾਗਜ਼ ਤੇ ਲਗੀ ਹੋਈ ਤੇ ਚੋਗਾਠ ਵਿਚ ਮੜੀ ਹੋਈ ਹੈ। ਇਹ ਦਸਵੇਂ ਪਾਤਸ਼ਾਹ ਦੇ ਹਥੀ ਲਾਕੇ ਭਾਈ ਲਾਲ ਚੰਦ ਨੂੰ ਬਖਸ਼ੀ ਦਸੀ ਜਾਂਦੀ ਹੈ।

**ਮੋਹਰ ਦੇ ਅਖਰ ਇਹ ਹਨ:**–ਜੋ ਬਾਬਾ ਬੰਦਾ ਸਿੰਘ ਜੀ ਦੀ ਮੋਹਰ ਦੇ ਸਨ।

"ਦੇਗ਼ ਤੇਗ਼ ਫਤਹਿ ਨੁਸਰਤ ਬੇ ਦਰੰਗ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।"

ਇਹ ਮੋਹਰ ਦਾ ਗੁਰਮੁਖੀ ਅਖਰਾਂ ਵਿਚ ਉਤਾਰਾ ਹੈ। ਭਾਈ ਭਗਵਾਨ ਸਿੰਘ ਦਾ ਬਿਆਨ ਹੈ ਕਿ:

Digitized by Panjab Digital Library | www.panjabdigilib.org

ਭਾਈ ਲਾਲ ਚੰਦ ਜੀ ਬੂੜੀਆ (ਜ਼ਿਲਾ ਅੰਬਾਲਾ) ਦੇ ਵਸਨੀਕ ਬਹਿਲ ਖਤਰੀ ਸਨ । ਤੇ ਹਲ ਵਾਈ ਦੀ ਕਾਰ ਕਰਦੇ ਸਨ । ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੇਵਾ ਵਿਚ ਮਾਖੋਵਾਲ ਹਾਜ਼ਰ ਹੋਏ ਤੇ ਪਾਂਵਟੇ ਵੀ ਨਾਲ ਹੀ ਆਏ । ਭੰਗਾਣੀ ਜੁੱਧ ਵਿਚ ਬੜੀ ਬਹਾਦਰੀ ਨਾਲ ਲੜੇ, ਫਿਰ ਅਨੰਦ ਪੁਰ ਤੋਂ ਆਗਿਆ ਲੈ ਕੇ ਆਪਣੇ ਨਗਰ ਘੁੜੀਆਂ ਵਿਚ ਆ ਗਏ, ਜਿਸ ਵਕਤ ਗੁਰੂ ਗੋਬਿੰਦ ਸਿੰਘ ਜੀ ਅਨੰਦ ਪੁਰ ਤਿਆਗ ਕੇ ਮੁਕਤ ਸਰ ਵਲ ਜਾ ਰਹੇ ਸਨ ਉਸ ਵੇਲੇ ਕੋਟ ਕਪੂਰੇ ਲਾਗਲੇ ਢਿਲਵਾ ਮੁਕਾਮ ਪਰ ਸਤਿਗੁਰਾਂ ਦੀ ਸੇਵਾ ਵਿੱਚ ਹਾਜ਼ਰ ਹੋਏ, ਇਸ ਮੌਕੇ ਸਾਦਿਕਾ ਨੀਲਾ ਬਾਣਾ ਲਾਹ ਕੇ ਪਾੜਿਆ ਤਾਂ ਭਾਈ ਸਾਹਿਬ ਨੇ ਲੀਰਾ ਇਕਠੀਆਂ ਕਰਕੇ ਸਾਂਭ ਲਈਆਂ ਉਸ ਵੇਲੇ ਸਤਿਗੁਰਾਂ ਪਾਸ ਸਤਿ ਧਾਤਾ ਬਾਟਾ ਸੀ । ਉਹ ਆਪਨੇ ਭਾਈ ਸਾਹਿਬ ਨੂੰ ਬਖਸ਼ ਦਿਤਾ, ਨਾਲੇ ਹੀ ਚਰਨਾਂ ਦਾ ਜੋੜਾ ਇਨਾਇਤ ਫੁਰਮਾਇਆ "ਇਹ ਚੀਜ਼ਾਂ ਤੁਹਾਡੀ ਵੰਸ ਵਿਚ ਹੀ ਰਹਿਣਗੀਆਂ" ਕੋਈ ਖੋਹ ਨਹੀਂ ਸਕੇਗਾ, ਨਾਲੇ ਸਾਹਿਬਾਂ ਨੇ ਵਰ ਦਿਤਾ ਕਿ ਇਸ ਬਾਟੇ ਦਾ ਅੰਮ੍ਰਿਤ (ਜਲ) ਛਕਣ ਤੇ ਜੋੜਾ ਛੂਹਣ ਨਾਲ ਹਜੀਰਾ ਦਾ ਰੋਗ ਸ਼ਾਂਤ ਹੋ ਜਾਏਗਾ—

ਇਹ ਬਖਸ਼ਸ਼ਾਂ ਪ੍ਰਾਪਤ ਕਰਕੇ ਅਤੇ ਗੁਰੂ ਆਗਿਆ ਪਾਕੇ ਭਾਈ ਸਾਹਿਬ ਜੀ ਨੰਗਲ ਪਿੰਡ ਆ ਵਸੇ, ਅਰ ਸਿਖੀ ਪ੍ਰਚਾਰ ਦੇ ਨਾਲ ਹੀ ਦੁਖੀਆਂ ਨੂੰ ਇਸ ਚੰਦਰੇ ਰੋਗ ਤੋਂ ਭੀ ਖਲਾਸੀ ਬਖ਼ਸ਼ਦੇ ਰਹੇ । ਹੁਣ ਵੀ ਹੰਜੀਰਾਂ ਦੇ ਰੋਗੀ ਨਿਰੇ ਦੇ ਐਤਵਾਰ ਬਾਟੇ ਦਾ ਜਲ ਲੈਣ ਆਉਂਦੇ ਹਨ, ਤੇ ਰਾਜ਼ੀ ਹੋਣ ਪਰ ਸਵਾ ਮਹੀਨੇ ਬਾਅਦ ਆਕੇ ਕੜਾਹ ਪ੍ਰਸ਼ਾਦ ਦੀ ਦੇਗ ਕਰਾਂਉਦੇ ਹਨ ।

ਭਾਈ ਲਾਲ ਚੰਦ ਤੋਂ ਬਾਅਦ ਇਨ੍ਹਾਂ ਵਸਤਾਂ ਦੀ ਸੇਵਾ ਪੀੜੀ ਦਰ ਪੀੜੀ ਇਸ ਤਰ੍ਹਾਂ ਚਲ ਆਈ ਹੈ । ਭਾਈ ਬੰਦ ਰਾਇ ਸਿੰਘ, ਭਾਈ ਗੁਰਮੁਖ ਸਿੰਘ ਭਾਈ ਚਤਰ ਸਿੰਘ ਭਾਈ ਵਿਸਾਖਾ ਸਿੰਘ, ਭਾਈ ਬਿਸ਼ਨ ਸਿੰਘ ਭਾਈ ਨਰਾਇਣ ਸਿੰਘ ਭਾਈ ਹੀਰਾ ਸਿੰਘ ਤੋਂ ਬਾਅਦ ਮੌਜੂਦਾ ਸੇਵਾ ਦਾਰ ਭਾਈ ਭਗਵਾਨ ਸਿੰਘ ਪਾਸ ਪਈਆਂ ਹਨ ।

(ਭਾਈ ਭਗਵਾਨ ਸਿੰਘ ਦਾ ਉਪਰ ਦਿਤਾ ਬਿਆਨ ਭਾਈ ਰਣਧੀਰ ਸਿੰਘ ਗੁਰਦੁਆਰਾ ਇਨਸ-ਪੈਕਟਰ ਨੇ ਪਟਿਆਲੇ ਵਿਚ ੩੪ ਵੀ ਸਿਖ ਐਜੂਕੇਸ਼ਨਲ ਕਾਨਫਰੰਸ ਵੇਲੇ ਇਤਹਾਸਕ ਯਾਦਗਾਰ ਦੀ ਪ੍ਰਦਰਸ਼ਨੀ ਸਮੇਂ ਜਦੋਂ ਇਹ ਵਸਤਾਂ ਦੇ ੨੨ ਅਕਤੂਬਰ ਤੋਂ ੬ ਨਵੰਬਰ ੧੯੪੯ ਤੱਕ ਦਰਸ਼ਨੀ ਹੋਏ ਲਿਖਿਆ ।

## ਇਤਿਹਾਸਕ ਯਾਦਗਾਰਾਂ

## ਮੋਤੀ ਬਾਗ ਪੁਸਤਕ ਕਾਲਾ ਪਟਿਆਲਾ

### ੧. ਜਨਮ ਪਤਰੀ ਬਾਬੇ (ਗੁਰੂ) ਨਾਨਕ ਦੀਃ—

ਜਨਮ ਸਾਖੀ ਗੁਰੂ ਨਾਨਕ ਦੇਵ ਜੀ ਦੀ ਗੁਰਮੁਖੀ ਲਿਪੀ ਵਿਚ ਹਥ ਦੀ ਲਿਖਤ ਦੀ ਜਿਸ ਉਤੇ ਲਿਖਣ ਦਾ ਸੰਮਤ ਨਹੀਂ ਦਿਤਾ ਹੋਇਆ ਪਤਰੇ ੨੪੬ $੯ \times 7\frac{1}{4}''$ ਸਤਰਾਂ ੨੫ ਇਸ ਦੇ ਅਰੰਭ ਵਿਚ

Digitized by Panjab Digital Library | www.panjabdigilib.org

ਸਾਢੇ ਛੇ ਪਤਰੇ ਜਨਕ ਗੋਸ਼ਟ ਹੈ। ਤੇ ਪਹਿਲ ਪਤਰੇ ਪਰ ਸੁਨਹਿਰੀ ਕੰਮ ਕੀਤਾ ਹੋਇਆ ਹੈ, ਉਪਰ ਦਰਮਿਆਨ ਵਿਚ ਸਰਸਵਤੀ, ਸ਼ਿਵ ਜੀ, ਬ੍ਰਹਮਾਂ ਤੇ ਲਛਮੀ ਦੀਆਂ ਮੂਰਤਾਂ ਹਨ । ਇਸੇ ਪ੍ਰਕਾਰ ਦੇ ਦੂਸਰੇ ਸੁਨਹਿਰੀ ਪਤਰੇ ਪੁਰ ਗੁਰੂ ਨਾਨਕ, ਭਾਈ ਬਾਲਾ ਤੇ ਮਰਦਾਨੇ ਦੀਆਂ ਤਸਵੀਰਾਂ ਹਨ ।

## ੨. ਸਾਖੀਆਂ ਭਾਈ ਮੂਲ ਚੰਦ ਦੀਆਂ,

ਲਿਖਤ ਭਾਈ ਭਗਵਾਨ ਸਿੰਘ ਬਨੂਰੀ ਗੁਰਮੁਖੀ ਹਸਤ ਲਿਖਤ ਪਤਰੇ ੧੩੯, ਮਾਪ ੧੧×੮ ਇੰਚ ਸਤਰਾਂ ਫੀ ਸਫਾ ੧੩ ਪਹਿਲ ੮ ਵਰਕੇ ਜਿਨ੍ਹਾਂ ਪੁਰ ਮੰਗਲਾ ਚਰਨ ਦੇ ਅੰਗ ਨਹੀਂ ਲਿਖੇ ਹੋਏ।

**੩. ਜੰਗ ਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾਃ**–ਲਿਖਤ ਦਸਵੇਂ ਪਾਤਸ਼ਾਹ ਦੇ ਦਰਬਾਰੀ ਕਵੀ ਅਣੀ ਰਾਏ ਗੁਰਮੁਖੀ ਲਿਪੀ ਹਥ ਦੀ ਲਿਖਤ ਪਤਰੇ ੩੬ ਮਾਪ ਪੰਨਾ ੪×੪ ਇੰਚ ਸਤਰਾਂ ਫੀ ਪੰਨਾ ੭ ਕੁਲ ੬੮ ਪੌੜੀਆਂ ਹਨ

## ਸਿੰਘ ਸਾਗਰ (ਗੁਰ ਬਲਾਸ ਦਸਵੀਂ ਪਾਤਸ਼ਾਹੀ)

ਕ੍ਰਿਤ ਭਾਈ ਵੀਰ ਸਿੰਘ ਜੀ ਬਲ ਸਠਿਆਨਾ ਜ਼ਿਲਾ ਅੰਮ੍ਰਿਤਸਰ ਗੁਰਮੁਖੀ ਲਿਪੀ ਹਥ ਦੀ ਲਿਖਤ ਸੰਮਤ ੧੩੮੯ ਮਾਘ ਵਦੀ ੧੧ ਐਤਵਾਰ ਪਤਰੇ ੨੮੦ ਮਾਪ ੯½×੭ ਇੰਚ ਸਤਰਾਂ ਫੀ ਪੰਨਾ ੧੫ ਇਸ ਵਿਚ ਵਾਕਿਆਤਦੀਆਂ ਤਾਰੀਖਾਂ ਨਹੀਂ ਦਿਤੀਆਂ ਹੋਈਆਂ ਪਰ ਬਹੁਤ ਸਾਰੀਆਂ ਨਵੀਆਂ ਗਲਾਂ ਦਿਤੀਆਂ ਹੋਈਆਂ ਹਨ ।

ਭਾਈ ਵੀਰ ਸਿੰਘ ਪੁਤਰ ਬਖਤ ਸਿੰਘ ਪੁਤਰ ਸਭਾ ਚੰਦ ਸਿੰਘ ਪਟਿਆਲੇ ਵਿਚ ਮਾਂ ਕਰਮ ਸਿੰਘ ਦੇ ਸਮੇਂ ਹੋਇਆ ਹੈ।

## ੪. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਥਾਂ ਦਾ ਦੋਹੀ ਪਾਸੀਂ ਲਿਖਿਆ ਹੋਇਆ ਇਕ ਪਤਰਾ

ਜੋ ਉਨਾਂ ਦੀਆਂ ਆਪਣੀਆਂ ਰਚਨਾ ਦਾ ਹੈ ਮਾਪ ੧੨½ ਇੰਚ ਲੰਬਾ ੨੫⅛ ਇੰਚ ਚੌੜਾ ਇਕ ਪਾਸੇ ੨੦ ਤੇ ਦੂਜੇ ਪਾਸੇ ੨੫ ਸਤਰਾਂ ਹਨ ਇਹ ਪਤਰਾ ਕਿਲਾ ਮੁਬਾਰਕ ਵਿਚ ਬੁਰਜ ਬਾਬਾ ਆਲਾ ਸਿੰਘ ਵਿਚ ਹੈ। ਇਸ ਵਿਚ ਦਿਤੀ ਰਚਨਾ ਕਲਕੀ ਅਵਤਾਰ ਵਿਚੋਂ ਛੰਦ ਪ੩੪੬ ਤੋ ਪ੩੭੭ ਤੱਕ ਹੈ ।

ਇਹ ਕੇਸਰ ਸਿੰਘ ਛਿੱਬਰ ਦੀ ਸੰਮਤ ੧੮੩੬ ਬਿਕਰਮੀ ਸਨ ੧੭੮੦ ਈਃ ਵਿਚ ਲਿਖੀ ਪੁਸਤਕ ਬੰਸਾਵਲੀ ਨਾਮੇ ਵਿਚ ਦਸੇ ਗਏ ਲਹੌਰੋ ਪ੍ਰਾਪਤ ਹੋਏ ਅਨੂਣੀ ਤਹਿ ਕੀਤੇ ਸਤ ਪਤਰਿਆਂ ਵਿਚੋਂ ਪ੍ਰਤੀਤ ਹੁੰਦਾ ਹੈ।

Digitized by Panjab Digital Library | www.panjabdigilib.org

# ਕਿਲਾ ਮੁਬਾਰਿਕ–ਬੁਰਜ ਬਾਬਾ ਆਲਾ ਸਿੰਘ ਪਟਿਆਲਾ

ੳ. ਸ੍ਰੀ ਗੁਟਕਾ ਸਾਹਿਬ ਜੀ : ਇਸ ਪੁਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹਸਤੀਅਖਰ (ਮੂਲ ਮੰਤਰ) ਹਨ। ਇਸ ਵਿਚ ਨੌਵੇਂ ਮਹਿਲ ਜੀ ਦੀ ਬਾਣੀ ਤੇ ਸਹਸਕ੍ਰਿਤ ਆਦਿਕ ਸ਼ਲੋਕ ਹਨ। ਇਕੋ ਹਥ ਦੀ ਲਿਖਾਈ ਹੈ।

ਅ. ਖੰਡਾ ਸਾਹਿਬ : ਇਹ ਦੋ ਧਾਰਾ ਫੌਲਾਦੀ ਖੰਡਾ ਹੈ, ਅਤੇ ਇਸ ਤੇ ਗੁਰੂ ਤੇਗ ਬਹਾਦਰ ਸਹਾਏ ਖੋਦਿਆ ਹੋਇਆ ਹੈ ॥

ੲ. ਸ੍ਰੀ ਸਾਹਿਬ : ਇਹ ਗੁਰੂ ਦਸਵੇਂ ਪਾਤਸ਼ਾਹ ਦੀ ਸ੍ਰੀ ਸਾਹਿਬ ਹੈ, ਇਸ ਪਰ "ਗੁਰੂ ਗੋਬਿੰਦ ਸਿੰਘ ਸਹਾਇ ਦੇਗ ਤੇਗ ਫਤਹ ਜੋ ਕੋਈ ਦਰਸ਼ਨ ਕਰੇ ਗਾ ਨਿਹਾਲ" ਖੋਦਿਆ ਹੋਇਆ ਹੈ। ਦਸਤਾ ਚਿਤ੍ਰਕਾਰੀ ਵਾਲਾ ਸੁਨਹਿਰੀ ਹੈ।

ਸ. ਸ੍ਰੀ ਸਾਹਿਬ : ਦਸਤੇ ਹੇਠ ਇਸ ਤੇ "ਅਕਾਲ ਸਹਾਇ ਗੁਰੂ ਗੋਬਿੰਦ ਸਿੰਘ ਜੀ" ਖੋਦਿਆ ਹੋਇਆ ਹੈ। ਇਸ ਦੇ ਦੋਵੇਂ ਪਾਸੇ ਖਾਲੀ ਹਨ।ਦਸਤਾ ਸੁਨਹਿਰੀ ਹੈ।

ਹ. ਤੀਰ (ਬਾਨ) ਇਸ ਤੇ ਤਿੰਨ ਸੋਨੇ ਚਾਂਦੀ ਦੇ ਬੰਦ ਹਨ।
ਉਪ੍ਰੋਕਤ ਚਾਰੇ ਸ਼ਸਤਰ ਤੇ ਗੁਟਕਾ ਸਾਹਿਬ ਬਾਬਾ ਤਲੋਕਾ ਜੀ ਤੇ ਬਾਬਾ ਰਾਮ ਸਿੰਘ ਜੀ ਨੂੰ ਹੁਕਮ ਨਾਮੇਂ ਦੀ ਪਾਲਨਾ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਕਮਰ ਕਸੇ ਵਿਚੋਂ ਹਾਜ਼ਰ ਹੋਣ ਸਮੇਂ ਬਖਸ਼ੇ ਹਨ। ਅਤੇ ਫਰਮਾਇਆ ਸੀ ਕਿ ਇਹ ਅਮੋਲਕ ਵਸਤਾਂ ਸਰਬ ਰਖਿਆ ਲਈ ਸਰਬ ਮਨੋਰਥਾਂ ਦੀ ਸਿਧੀ ਲਈ ਅਪਾਰ ਰਤਨ ਤੁਸਾਨੂੰ ਸ਼ਸਤ੍ਰ ਜਾਣ ਕੇ ਬਖਸ਼ੇ ਹਨ ॥

(ੳ) ਖੰਡਾ ਸਾਹਿਬ :
ਇਹ ਦੋ ਧਾਰਾ ਖੰਡਾ ਹੈ, ਕਬਜ਼ਾ ਸਰਬ ਲੋਹ ਤਾਰ ਜੜਤ ਹੈ।

(ਅ) ਤੇਗ਼ ਸਾਹਿਬ :–
ਇਸ ਦਾ ਕਬਜ਼ਾ ਸਰਬ ਲੋਹ ਦਾ ਤੇ ਝਾਲ ਚਾਂਦੀ ਦੀ ਹੈ।

(ੲ) ਸ੍ਰੀ ਸਾਹਿਬ :–
ਇਹ ਫੌਲਾਦੀ ਸ੍ਰੀ ਸਾਹਿਬ ਹੈ ਜਿਸ ਤੇ ਚੰਦਰਮਾਂ ਅਤੇ ਖੰਡੇ ਦੇ ਨਿਸ਼ਾਨ ਹਨ :–

(ਸ) ਸ੍ਰੀ ਸਾਹਿਬ : ਇਸ ਦਾ ਕਬਜ਼ਾ ਸਰਬ ਲੋਹ ਦਾ ਹੈ ਜਿਸ ਤੇ ਚਿਤ੍ਰਕਾਰੀ ਹੈ। ਸ੍ਰੀ ਅਕਾਲ ਸਹਾਇ ਗੁਰੂ ਗੋਬਿੰਦ ਸਿੰਘ ਉਸ ਉਪਰ ਲਿਖਿਆ ਹੋਇਆ ਹੈ।

(ਹ) ਸ੍ਰੀ ਸਾਹਿਬ : ਇਹ ਸ਼ਿਕਾਰਗਾਹ ਸ੍ਰੀ ਸਾਹਿਬ ਹੈ। ਇਸ ਤੇ "ਭਗੌਤੀ ਸਹਾਇ ਗੁਰੂ

Digitized by Panjab Digital Library | www.panjabdigilib.org

ਗੋਬਿੰਦ ਸਿੰਘ ਪਾਤਸ਼ਾਹੀ ੧੦" ਖੋਦਿਆ ਹੋਇਆ ਹੈ। ਦਸਤਾ ਸੁਨਹਿਰੀ ਹੈ ਜਿਸ ਉਤੇ ਸੁਨਹਿਰੀ ਝਾਲ ਹੈ। ਜੰਗਲੀ ਜਾਨਵਰਾਂ ਦੇ ਚਿੱਤਰ ਉਕਰੇ ਹੋਏ ਹਨ।

(ਕ) ਕਟਾਰ ਸਾਹਿਬ : ਇਹ ਸ਼ਿਕਾਰਗਾਹ ਕਟਾਰ ਹੈ। ਕਬਜ਼ਾ ਸੁਨਹਿਰੀ ਹੈ। ਜੰਗਲੀ ਜਾਨਵਰ ਦੇ ਚਿਤਰ ਉਕਰੇ ਹੋਏ ਹਨ।

(ਖ) ਸਫਾ ਜੰਗ :– ਇਸ ਦੇ ਦਸਤੇ ਉਪਰ ਤਿੰਨ ਪੋਲਰੇ ਚਾਦੀ ਦੇ ਚੜੇ ਹੋਏ ਹਨ। ਫਲ ਉਪਰ ਇਕ ਪਾਸੇ ਮਹਾਂ ਕਾਲ ਜੀ ਦੀ ਤੇ ਦੂਜੇ ਪਾਸੇ ਚਤਰ ਭੁਜ ਜੀ ਦਾ ਚਿਤਰ ਹੈ। ਪੀਨ ਉਪਰ ਇਕ ਪਾਸੇ (ਈ ਜ਼ਨੀਜਤ ਨਿਆਜ਼) ਦੂਜੇ ਪਾਸੇ "ਸਰ ਕਲੰਦ ਬਾ ਫਤਦਾ" ਫਾਰਸੀ ਅਖਰ ਖੋਦੇ ਹੋਏ ਹਨ॥

(ਗ) ਖੰਜਰ :– ਦਸਤਾ ਸੁਨਹਿਰੀ ਹੈ।

(ਘ) ਪੇਸ਼ ਕਬਜ਼ :– ਦਸਤਾ ਹਾਥੀ ਦੰਦ ਦਾ ਹੈ, ਜਿਸ ਤੇ ਇਕ ਚਾਂਦੀ ਦਾ ਬੰਦ ਹੈ।

(ਙ) ਬਰਛਾ ਸਾਹਿਬ :– ਛੜ ਅਜੀਬ ਜੌਹਰ ਦਾਰ ਹੈ, ਜਿਸ ਵਿਚ ਬਹੁਤ ਹੀ ਲਚਕ ਹੈ। ਹਾਲੇ ਤੱਕ ਲਕੜੀ ਦਾ ਪਤਾ ਨਹੀਂ ਲਗ ਸਕਿਆ ਕਿ ਕਿਸ ਦਰਖਤ ਦੀ ਹੈ। ਇਸ ਨੂੰ ਗਾਤਾ ਬਲਮ ਤੇ ਇੰਦਰ ਦਮਨ ਭਲਾ ਵੀ ਆਖਦੇ ਹਨ।

(ਚ) ਨਿਸ਼ਾਨ ਸਾਹਿਬ :– ਛੜ ਦੀ ਇਕੋ ਹੀ ਪੋਰੀ ਹੈ, ਹੇਠ ਪੋਲਰੇ ਵਿਚ ਸਾਰੀ ਹਰੜ ਹੀ ਹੈ।

ਇਹ ਦਸ ਸ਼ਸਤ੍ਰ ਤੇ ਨਿਸ਼ਾਨ ਸਾਹਿਬ ਬਾਬਾ ਤਲੋਕਾ ਜੀ ਤੇ ਬਾਬਾ ਰਾਮਾ ਜੀ ਨੂੰ ਦਸਵੇਂ ਪਾਤਸ਼ਾਹ ਨੇ ਦਮਦਮੇ ਸਾਹਿਬ ਅੰਮ੍ਰਿਤ ਛਕਾਣ ਪਿਛੋਂ ਆਪਣੇ ਪਵਿਤ੍ਰ ਕਮਰਕਸੇ ਦੇ ਬਖਸ਼ੇ ਸਨ। ਦਸਿਆ ਜਾਂਦਾ ਹੈ ਕਿ ਉਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਫਰਮਾਇਆ ਸੀ ਕਿ ਤੁਹਾਡਾ ਰਾਜ ਅਖੰਡ ਇਸਥਿਤ ਰਹੇ ਗਾ।

(ਛ) ਹੁਕਮ ਨਾਮਾ ਸ੍ਰੀ ਦਸਮੇਸ਼ ਜੀ ਦਾ

(ੳ) ਸ੍ਰੀ ਸਾਹਿਬ ਜੀ :–

ਇਸ ਦੇ ਦੋਨੋ ਪਾਸੇ ਖਾਲੀ ਹਨ। ਕਬਜ਼ੇ ਤੇ ਸੁਨਹਿਰੀ ਨਿਸ਼ਾਨ ਹਨ।

(ਅ) ਪੇਸ਼ ਕਬਜ਼ :– ਇਸ ਦਾ ਕਬਜ਼ਾ ਸਰਬ ਲੋਹ ਦਾ ਹੈ।

(ੲ) ਸ੍ਰੀ ਸਾਹਿਬ :– ਕੇਵਲ ੯ ਇੰਚ ਲੰਬੀ ਹੈ, ਗੋਲੀਆ ਸ਼ਕਲ ਦੀ ਹੈ। ਸ੍ਰੀ ਸਾਹਿਬ ਦੀ ਸ਼ਕਲ ਖੋਖਰੀ ਦੀ ਹੈ।

(ਸ) ਸਫਾ ਜੰਗ :– ਦਸਤੇ ਉਪਰ ਛੇ ਫੁਲੀਆਂ ਚਾਂਦੀ ਦੀਆਂ ਅਤੇ ਦੋਨੋ ਪਾਸੇ ਪੋਲਰੇ ਹਨ।

(ਹ) ਛਤੀਰ :– (ਬਾਣ) ਇਨਾਂ ਦੀ ਮੁਠੀ ਹੇਠ ਚਾਂਦੀ ਦੇ ਪੋਲਰੇ ਹਨ। ਅਤੇ ਤਿੰਨ ਤਿੰਨ ਬਰੀਕ ਬੰਦ ਹਨ।

(ਕ) ਨਿਸ਼ਾਨ ਸਾਹਿਬ :– ਇਸ ਦੇ ਦਸਤੇ (ਛੜ) ਹੇਠ ਪੋਲਰੇ ਵਿੱਚ ਦੋ ਪਹਿਲੂ ਦਾਰ ਹਰੜਾਂ

Digitized by Panjab Digital Library | www.panjabdigilib.org

ਹਨ ।

ਇਹ ਸ਼ਸਤ੍ਰ ਤੇ ਨਿਸ਼ਾਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਤੋਂ ਦੱਖਣ ਦੇਸ ਨੂੰ ਚਾਲੇ ਪਾਉਣ ਸਮੇਂ ਸਿਰੋਪਾਉ ਵਜੋਂ ਤਿਲੋਕ ਸਿੰਘ ਜੀ ਤੇ ਬਾਬਾ ਰਾਮ ਸਿੰਘ ਜੀ ਨੂੰ ਬਖਸ਼ੇ ।

ਕਮਰ ਕਸਾ : ਦਸਮ ਪਾਤਸ਼ਾਹ ਦਾ ਹੈ । ੧੩ ਜੇਠ ੧੯੯੯ ਬਿ: ਨੂੰ ਮਹਾਰਾਜਾ ਯਾਦਵਿੰਦਰ ਸਿੰਘ ਨੇ ਸਰਦਾਰ ਗੁਰਦਿਆਲ ਸਿੰਘ ਜੀ ਬਠਿੰਡਾ ਤੋਂ ਲੈ ਕੇ ਕਿਲੇ ਵਿਚ ਰਖਿਆ ਸੀ ।

ਇਸ ਦੇ ਪਖੇ ਪਿਤਲ ਭਰਤ ( ਫੌਲਾਦ ਦੇ ) ਹਨ, ਅਗਲਾ ਪਿਛਲਾ ਦੋਵੇਂ ਸਵਾ ਯਾਰਾਂ ਇੰਚ ਲੰਬੇ ਤੇ ਸਾਢੇ ਅਠ ਇੰਚ ਚੌੜੇ ਹਨ, ਅਤੇ ਬਗਲਾਂ ਵਾਲੇ ਦੋਵੇਂ ਕਿਨਾਰੇ ਤੋਂ ਸਵਾ ਦਸ ਇੰਚ ਲੰਬੇ ਤੇ ਸਵਾ ਸਤ ਇੰਚ ਚੌੜੇ।ਪਰ ਵਿਚਕਾਰ ਕਟਾਮ⌒ਤੋਂ ਲੰਬਾਈ(ਉਤਾਂਹਨੂੰ) ਸਾਢੇ ਅਠ ਇੰਚ ਹੈ । ਸਜੇ ਪਾਸੇ ਬਗਲ ਵਾਲੇ ਪਖੇ ਪੁਰ "੧ਓ ਸਤਿ ਸ੍ਰੀ ਅਕਾਲ ਸਿੰਘ ਜੀ' ਤੇ "ਸਿਰ ਮਸਤਕ ਰਖਯਾ ਪਾਰ ਬ੍ਰਹਮ" (ਸਾਰਾ ਸ਼ਬਦ ਪੰਜਾਂ ਸਤਰਾਂ ਵਿਚ) ਅਤੇ "ਬੋਲ ਸ੍ਰੀ ਵਹਿਗੁਰੂ ਜੀ ਅੰਕਤ ਹੈ"

ਅਗਲੇ (ਸਾਹਮਣੇ ਪੱਖੇ ਤੇ ਚਾਰ ਸਤਰਾਂ ਵਿੱਚ ਪੂਰਾ ਮੂਲ ਮੰਤਰ, ਪੰਜਵੀ ਸਤਰ ਵਿਚ ਸ੍ਰੀ ਵਾਹਿਗੁਰੂ ਜੀ ਸਹਾਇ) ਉਕਰਿਆ ਹੈ

ਖਬੇ ਪਾਸੇ (ਬਗਲ ਵਾਲੇ ਪਖੇ ਉਪਰ "੧ਓ ਸਤਿਗੁਰ ਪ੍ਰਸਾਦਿ"
ਛਪੈ ਛੰਦ ।। ਤ੍ਵ ਪ੍ਰਸਾਦਿ ।। ਚਕ੍ਰ ਚਿਹਨ (ਸਾਰਾ ਛੰਦ ਸਤਰਾਂ ਚਿ)
ਅਖੀਰ ਤੇ "ਵਾਹਿਗੁਰੂ"ਅੰਕਿਤ ਹੈ ।।⌒

ਪਿਛਲੇ (ਪਿਠ ਵਲ ਦੇ) ਪੰਖੇ ਉਪਰ ੧ਓ ਉਤਾਰ ਖਾਸੇ ਦਸਖਤਕ ਉਸਤਤਿ
ਅਕਾਲ ਜੀ ਕੀ ਪਾਤਸ਼ਾਹੀ ੧੦ ਅਕਾਲ
ਪੁਰਖ ਕੀ ਰਖਿਆ ਹਮਨੈ ਸਰਬ ਲੋਹ ਕੀ
ਰਖਿਆ ਹਮਨੈ ਸਰਬ ਕਾਲ ਜੀ ਦੀ ਰਛਿਆ ਹਮਨੈ ।।
ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ, ।। ਅਗੇ
ਲਿਖਾਰੀ ਕੇ ਦਸਖਤ ਅੰਕਤ ਕੀਤੇ ਗਏ ਹਨ ।।

ਜੰਮਦਾੜ : ਬ : ਸ਼ਕਲ ਖੰਡਾ: ਉਪਰੋਂ ⌒ਦੋ ਫਲ ਬਸ਼ਕਲ ਆਰੀ ਦੰਦੇਦਾਰ ਉਪਰਦੇ ਸਜੇ ਪਾਸੇ ਇਹ ਲੇਖ ਗੁਰਮੁਖੀ ਵਿਚ ਹੈ '੧ਓ ਸਤਿਗੁਰ ਪ੍ਰਸਾਦਿ' ਦੇਗ ਤੇਗ ਫਤਹਿ ਨੁਸਰਤ ਬੇਂਦ ਰੰਗ, ਯਾਫਤ ਫਤਹ ਨਾਨਕ ਗੁਰੂ ਗੋਬਿੰਦ ਸਿੰਘ ਜੀ ਸਹਾਇ, ਅਤੇ ਸੰਸਕ੍ਰਿਤ ਵਿੱਚ ਦੋ ਸ਼ਲੋਕ ਫਲ ਅਤੇ ਕੰਘੇ ਦੇ ਪਾਂਸ ਚੰਡੀ ਦੀ ਉਸਤਿਤ ਵਿੱਚ ਹਨ ।

ਸਿਰੋਹੀ (ਸ੍ਰੀ ਸਾਹਿਬ :– ਗੰਗਾ ਜਮਨੀ ਸਰਬ ਲੋਹ ਦਾ ਹੈ ਸਜੇ ਪਾਸੇ ਕਬਜੇ ਦੇ ਕੋਲ ਫਲ ਉਤੇ ਫਾਰਸੀ ਅਖਰਾਂ ਬਿੱਚ ਤੇ ਦੂਜੇ ਪਾਸੇ ਫਲ ਉਤੇ ਤਿੰਨ ਬਿੰਦੀਆਂ ਹਨ । ਇਹ ਸ੍ਰੀ ਸਾਹਿਬ ਪਟਣੇ ਤੋਂ ਆਈ ਹੈ ।

Digitized by Panjab Digital Library | www.panjabdigilib.org

ਸ੍ਰੀ ਦਸਮੇਸ਼ ਜੀ ਦੀ:– ਜੋ ਦੋ ਖਾਲੀ ਸ਼ਕਲ⌒ ਦੀ ਹੈ। ਇਸ ਦੀ ਪਿਠ ਉਤੇ ਗੁਰਮੁਖੀ ਸੁਨਹਿਰੀ ਅਖਰਾਂ ਵਿੱਚ ਇਹ ਲੇਖ ਹੈ। "੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਪਾਤਸ਼ਾਹੀ ੧੦। ਫਲ ਦੇ ਅਗਲੇ ਹਿਸੇ ਤੇ ਵਿਚਕਾਰ ਸਤ ਉਂਗਲ ਝਿਰੀ ਕਟੀ ਹੋਈ ਹੈ।

**ਬੰਦੂਕ ਸੁਨਹਿਰੀ ਤੋੜੇ ਦਾਰ:**—ਇਹ ਬੰਦੂਕ ਸ੍ਰੀ ਦਸਮੇਸ਼ ਜੀ ਦੀ ਹੈ, ਇਸ ਦੇ ਉਪਰਲੇ ਹਿਸੇ ਵਿਚ ਅਤੇ ਕੁੰਦੇ ਦੇ ਪਾਸ ਸੁਨਹਿਰੇ ਵਿਚ ⌒ ਭਗਵਤੀ ਅਸ਼ਟ ਭੁਜੀ ਦੀ ਤਸਵੀਰ (ਸ਼ੇਰ ਦੀ ਸਵਾਰੀ)ਤੇ ਇਸ ਦੇ ਪਾਸ ਲਿਖਿਆ ਹੈ "੧ੴ ਅਕਾਲ ਸਹਾਇ। ਗੁਰੂ ਗੋਬਿੰਦ ਸਿੰਘ ਜੀ ਸਦਾ ਪਾਤਸ਼ਾਹ ਜੀ" ਉਪਰ ਚੰਡੀ ਦਾ ਸਤੋਤ੍ਰ ਭਗੌਤੀ ਸਤੋਤ੍ਰ ਹੈ।

**ਬਰਛਾ ਸ੍ਰੀ ਦਸਮੇਸ਼ ਜੀ ਦਾ:**—ਇਸ ਦਾ ਇਕ ਹਥ ਤੋਂ ਵਧ ਲੰਬਾ ਫਲ ਤੇ ਸਰਬ ਲੋਹ ਦਾ ਪਲਤਾ ਹੈ। ਤੇ ਉਪਰ ਝਾਲ ਸੋਨੇ ਦੀ ਹੈ।

**ਖੜਾਵਾਂ:**—ਇਹ ਦਸਮ ਪਾਤਸ਼ਾਹ ਦੀਆਂ ਚੰਦਨ ਦੀਆਂ ਖੜਾਵਾਂ ਸਵਰਗਵਾਸੀ ਮਹਾਰਾਜਾ ਭੁਪਿੰਦਰ ਸਿੰਘ ਜੀ ਸਮੇ ਪਿੰਡੀ ਘੇਬ ਦਾ ਇਕ ਸੇਠ ਲਿਆਇਆ ਸੀ, ਅਤੇ ਸਰਕਾਰ ਨੇ ੧੫੦੦) ਭੇਟਾ ਕੀਤਾਂ ਸੀ।

**ਤੇਗਾ:**—ਇਹ ਬਾਰਾਂ ਸੇਰ ਪਕੇ ਦਾ ਤੇਗਾਂ ਛੇਵੀਂ ਪਾਤਸ਼ਾਹੀ ਦਾ ਹੈ। ਇਕ ਪਾਸੇ ਚੰਦਰਮਾਂ ਦੂਜੇ ਪਾਸੇ ਸੂਰਜ ਚਿਤਰ ਹੈ। ਪੰਜ ਖਾਲੀਆਂ ਹਨ।

## ਗੁਰੂ ਪੰਥ ਵਲੋਂ ਦਾਤਾ

(ੳ) ਸ੍ਰੀ ਸਾਹਿਬ ਇਸ ਤੇ ਉਰਦੂ ਅਖਰਾ ਵਿਚ ਸਰਕਾਰ ਆਹਲੂਵਾਲੀਆਂ ਖੋਦਿਆ ਹੋਇਆ ਹੈ ਦੋਵੇ ਪਾਸੇ ਦੋ ਦੋ ਖਾਲੀਆਂ ਹਨ।

(ਅ) ਨਿਸ਼ਾਨ ਸਾਹਿਬ:–ਇਸ ਦੇ ਛੜ ਦੇ ਹੇਠ ਪੋਜਰੇ ਵਿਚ ਦੋ ਹਰੜਾ ਹਨ।
ਇਹ ਸ੍ਰੀ ਸਾਹਿਬ ਤੇ ਨਿਸ਼ਾਨ ਸਾਹਿਬ ਗੁਰੂ ਪੰਥ ਵਲੋਂ ਸ: ਤੇਜਾ ਸਿੰਘ ਨੂੰ ਅੰਮ੍ਰਿਤ ਪਾਨ ਕਰਾਕੇ ਬਖਸ਼ੀਆਂ ਸਨ।

## ਭਾਈ ਚੇਤ ਸਿੰਘ ਜੀ ਫੱਫੜੇ ਭਾਈ ਕੇ, ਤਹਿਸੀਲ ਮਾਣਸਾ, ਜ਼ਿਲਾ ਬਠਿੰਡਾ

(ੳ) ਹੁਕਮਨਾਮਾ ਦਸਵੇਂ ਪਾਤਸ਼ਾਹ ਦਾ ਭਾਈ ਦੇਸ ਰਾਜ ਦੇ ਨਾਮ ਜਿਸ ਦਾ ਪ੍ਰਸਤਾਵ ਇਹ ਹੈ।
(ਲਿਖਾਰੀ ਦੀ ਲਿੱਖਤ) ਭਾਈ ਦੇਸ ਰਾਜ ਸੰਗਤਾਂ ਸਹਲੰਗ ਫਫੜਿਆ ਕਾ ਨਿਸ਼ਾਨ ਦਸਵੇਂ

Digitized by Panjab Digital Library | www.panjabdigilib.org

ਪਾਤਸ਼ਾਹ ਦਾ

ਚੋਲਾ ਸਾਦਾ ਸੂਤੀ ਚਿੱਟਾ :— ਜਿਸ ਦਾ ਸਾਈਜ਼ ਇਹ ਹੈ :-

| | | |
|---|---|---|
| ਬਾਜ਼ੂ | ..... ..... ..... ..... | ੪੮ ਇੰਚ |
| ਲੰਬਾਈ | ..... ..... ..... ..... | ੪੭ ,, |
| ਤੀਰਾ | ..... ..... ..... ..... | ੧੭ ,, |
| ਕਮਰ | ..... ..... ..... ..... | ੪੧ ,, |
| ਘੇਰਾ ਬਲਿਉਂ | ..... ..... | ਸਵਾ ੨੨ ਫੁੱਟ |
| ਕਲਾਈ | ..... ..... | ,, ੫ ਇੰਚ |
| ਛਾਤੀ ਚੁਬਗਲੇ ਤੋਂ | ..... ..... | ੨੫ ਫੁਟ |

ਚੋਲਾ ਛੀਟ ਦਾ ਸੂਤੀ ਦੋਹਰਾ :– ਜਿਸ ਦੇ ਅੰਦਰ ਚਿੱਟਾ ਸੂਤੀ ਕਪੜਾ ਤੇ ਉਤਲੇ ਪਾਸੇ ਛੀਟ ਕਾਲੀ ਬੂਟੀ ਦੀ ਲਗੀ ਹੈ, ਸਾਈਜ਼ ਇਹ ਹੈ।

| | | |
|---|---|---|
| ਬਾਜ਼ੂ | ..... ..... ..... ..... | ੫੦ ਇੰਚ |
| ਤੀਰਾ | ..... ..... ..... ..... | ੧੯ ,, |
| ਕਮਰ | ..... ..... ..... ..... | ੪੦ ,, |
| ਘੇਰ | ..... ..... ..... | ਪਣੇ ੧੯ ਫੁਟ |
| ਚੁਬਗਲੇ ਤੇ ਛਾਤੀ | | ੨੫ ਇੰਚ |

ਪਾਜਾਮਾ ਕਕੜੈਲ (ਚਮੜੇ ਦਾ) ਜਿਸ ਦਾ ਨੇਂਹ ਧਾਰੀਦਾਰ ਸੂਤੀ ਕਪੜੇ ਦਾ ਲਗਾ, ਇਸਦੀ ਜਮੀਨ ਲਾਲ ਤੇ ਧਾਰੀ ਚਿੱਟੀ ਹੈ। ਇਹ ਪਜਾਮਾ ਸਿਪਾਲੇ ਘੋੜੇ ਦੀ ਸਵਾਰੀ ਸਮੇਂ ਪਹਿਨਣ ਵਾਲਾ ਜਾਪਦਾ ਹੈ। ਸਾਈਜ਼ ਇਹ ਹੈ :—

| | | |
|---|---|---|
| ਲੰਬਾਈ | ..... ..... ..... | ੪੩ ਇੰਚ ਸਣੇ ਨੇਂਹ |
| ਘੇਰਾ | ..... ..... ..... | ੩੦ ਇੰਚ |
| ਗਦ | ..... ..... ..... | ੧੫ ,, |
| ਮੁਹਰੀ | ..... ..... ..... | ੭ ,, |

ਜੋੜਾ ਖਲ ਦਾ :– ਸਾਈਜ਼ ੧੧ × ੪ ਇੰਚ

ਭਾਈ ਬਹਿਲੋ ਦੀ ਬੰਸ ਸਬੰਧੀ ਭਾਈ ਚੇਤ ਸਿੰਘ ਦਾ ਬਿਆਨ ਇਸ ਤਰ੍ਹਾਂ ਹੈ।

ਭਾਈ ਬਹਿਲੋ ਜੀ ਪਿੰਡ ਫ਼ੱਠੜਿਆਂ (ਤਸੀਲ ਮਾਣਸਾ ਪੈਪਸੂ) ਮਹਿਰ ਮੀਆਂ ਸਿੱਧੂ ਜਟ ਅਲਾ ਦਿੱਤੇ ਦੇ ਪੁਤਰ ਸਨ। ਇਹ ਘਰਾਣਾ ਸਖੀ ਸੁਲਤਾਨ ਦਾ ਸ਼ਰਧਾਲੂ ਸੀ। ਬਹਿਲੋ ਬਾਲਗ ਹੋ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਅੰਮ੍ਰਿਤਸਰ ਹਾਜ਼ਰ ਹੋਇਆ, ਅਤੇ ਸ੍ਰੀ ਹਰਿਮੰਦਰ ਦੀ ਉਸਾਰੀ ਵਾਸਤੇ ਲਾਏ ਆਵਿਆਂ ਦੀ ਸੇਵਾ ਬੜੀ ਮਿਹਨਤ, ਲਗਨ, ਤੇ ਸ਼ਰਧਾ ਭਾਵ ਨਾਲ ਕੀਤੀ। ਭਾਈ ਬਹਿਲੋ ਦੇ ਪੁਤ੍ਰ ਭਾਈ ਨਾਨੋ ਨੇ ਆਪਣਾ ਪੁਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਲਾਇਆ।

Digitized by Panjab Digital Library | www.panjabdigilib.org

ਭਾਈ ਭਗਤੇ ਨੇ ਗੁਰ ਸੇਵਾ ਦੇ ਤਾਣ ਭੂਤਾਂ ਪ੍ਰੇਤਾਂ, ਪੁਰ ਹੁਕਮ ਹਾਸਲ ਕੀਤਾ ਤੇ ਭੂਤਾਂ ਪਾਸੋਂ ਹੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਖੂਹ ਲਵਾਇਆ , ਤੇ ਭਗਤਾ ਪਿੰਡ ਬੱਧਾ ਜੋ ਹੁਣ ਪੈਪਸੂ ਦੇ ਜ਼ਿਲਾ ਫਰੀਦ ਕੋਟ ਵਿਚ ਹੈ। ਭਾਈ ਭਗਤੇ ਦੇ ਘਰ ਭਾਈ ਗੁਰਦਾਸ, ਤਾਰਾ, ਭਾਗ, ਮਿਹਰਾ ਬਖਤਾ ਪੰਜ ਪੁਤਰ ਹੋਏ। ਭਾਈ ਗੁਰਦਾਸ ਜੀ ਗੁਰੂ ਤੇਗ ਬਹਾਦਰ ਦੀ ਸੇਵਾ ਵਿਚ ਮਾਖੋਵਾਲ ਹਾਜ਼ਰ ਹੋਏ । ਗੁਰੂ ਸਾਹਿਬ ਪੂਰਬ ਰਟਨ ਸਮੇਂ ਭਾਈ ਸਾਹਿਬ ਨੂੰ ਲੰਗਰ ਚਲਾਉਣ ਤੇ ਖੂਹ ਲਵਾਉਣ ਦੀ ਆਗਿਆ ਦੇ ਕੇ ਮਾਖੋ ਵਾਲ ਛਡ ਗਏ। ਸੋ ਉਨਾਂ ਨੇ ਬੜੀ ਪ੍ਰੇਮ-ਭਾਵਨਾ ਨਾਲ ਆਗਿਆ ਪਾਲਨ ਕੀਤੀ। ਖੂਹ ਲਵਾਇਆ ਤੇ ਲੰਗਰ ਚਲਾਇਆ। ਭਾਈ ਗੁਰਦਾਸ ਭਲੇ ਦੀਆਂ ਵਾਰਾਂ ਵਿਚੋਂ ਆਖਰੀ ਵਾਰ ਇਨ੍ਹਾਂ ਦੀ ਰਚਨਾ ਦਸੀ ਜਾਂਦੀ ਹੈ।

ਭਾਈ ਤਾਰੇ ਦੀ ਸੰਤਾਨ ਦੁਨੇ ਕੋਟ, ਭਾਈ ਮਿਹਰੇ ਦੀ ਸੇਲਬਰਾਹ ਤੇ ਭਾਈ ਬਖਤੇ ਦੀ ਬੰਬੀਏ ਪਿੰਡ ਵਸਦੀ ਹੈ।

ਭਾਈ ਗੁਰਦਾਸ ਜੀ ਦੇ ਘਰ ਕਰਮ ਪ੍ਰਕਾਸ਼ ਤੇ ਕਰਮ ਪ੍ਰਕਾਸ਼ ਦੇ ਘਰ ਭਾਈ ਦੇਸ ਰਾਜ ਦਾ ਜਨਮ ਹੋਇਆ। ਜੋ ਦਸਮੇ ਪਾਤਸ਼ਾਹ ਦੀ ਮਸੰਦ ਪ੍ਰੀਖਿਆ ਸਮੇਂ ਨਿਰਦੋਸ਼ ਸਾਬਤ ਹੋਣ ਕਰਕੇ ਬਖਸ਼ੇ ਗਏ ਤੇ ੨੯ ਵੈਸਾਖ ੧੭੫੬ ਵਿਚ ਸਤਿਗੁਰਾਂ ਆਪ ਇਸ ਨੂੰ ਹੁਕਮ ਨਾਮਾ ਬਖਸ਼ਿਆ :-

ਲਿਖਾਰੀ ਦੀ ਲਿਖਤ "ਭਾਈ ਦੇਸ ਰਾਜ ਸੰਗਤ ਸਹਲੰਗ ਫਫੜਿਆਂਕਾ ਨਿਸ਼ਾਨ ਪਾਤਸ਼ਾਹੀ ਦਸਵੀ :—

ੴ ਗੁਰੂ ਜੀ

ਭਾਈ ਦੇਸ ਰਾਜ ਨੂੰ ਸੰਗਤ ਕਾਰ ਦੇਣੀ, ਤੁਸਾਡਾ ਭਲਾ ਹੋਵੇਗਾ ਅਗੇ ਲਿਖਾਰੀ ਦੇ ਦਸਖਤ :-

ੴ ਸਤਿਗੁਰੂ ਜੀ

ਸਿਰੀ ਗੁਰੂ ਜੀ ਕੀ ਆਗਿਆ ਹੈ, ਭਾਈ ਦੇਸ ਰਾਜ ਸਰਬਤ ਸੰਗਤ ਗੁਰਦਾਸ ਭਗਤੇ ਫਫੜੇ ਕਾ ਸਹਲੰਗੁ ਗੁਰੂ ਰਖੇ ਗਾ ਸੰਗਤ ਗੁਰੂ ਗੁਰੂ ਜਪਣਾ ਜਨਮ ਸਉਰੇਗਾ। ਭਾਈ ਦੇਸ ਰਾਜ ਹਜ਼ੂਰ ਆਇਆ, ਖੁਸ਼ੀ ਹੋਈ ਕਾਰ ਸੰਗਤਿ ਭਾਈ ਦੇਸ ਰਾਜ ਨੂੰ ਦੇਣੀ ਮੇਰੀ ਖੁਸ਼ੀ ਹੈ। ਨਿਹਾਲ ਹੋਏ ਮਿਤੀ ਵੈਸਾਖ ੨੭ ਸੰਮਤ ੧੭੫੬ ਸਤਰਾਂ ੫ :—

ਇਸ ਹੁਕਮ ਨਾਮੇ ਦੇ ਨਾਲ ਇਕ ਕਟਾਰ, ਇਕ ਜੋੜੀ ਚਰਨ ਦਾਸੀ, ਇਕ ਪਜਾਮਾ ਕਕੜੇਲ ਜਾਨਵਰ ਦੀ ਖੱਲ ਦਾ, ਦੋ ਚੋਗੇ ਸੂਤੀ (ਇਕ ਇਕਹਰਾ ਸਾਦਾ ਤੇ ਇਕ ਛੀਟ ਦਾ) ਭੀ ਬਖਸ਼ੇ ਗਏ ਦਸੀਦੇ ਹਨ ॥

(ਇਹ ਸਾਰੀਆਂ ਵਸਤਾਂ ੨੦੦੬ ਬਿ : ਦੀ ਦੀਪ ਮਾਲਾ ਸਮੇਂ ਸਿੱਖ ਐਜੂਕੇਸ਼ਨਲ ਕਾਨਫਰੰਸ

Digitized by Panjab Digital Library | www.panjabdigilib.org

ਨਾਲ ਕਿਲਾ ਮੁਬਾਰਕ ਅੰਦਰ ਹੋਈ ਪ੍ਰਦਸ਼ਨੀ ਵਿੱਚ ਭਾਈ ਚੇਤ ਸਿੰਘ ਲਿਆ ਕੇ ਦਰਸ਼ਕਾਂ ਨੂੰ ਦਖਾਈਆਂ ਭਾਈ ਦੇਸ ਰਾਜ ਦੇ ਦੂਜੇ ਭਰਾ ਸੈਣਾ ਜੀ ਸਨ।

ਭਾਈ ਦੇਸ ਰਾਜ ਤੋਂ ਅਗਾੜੀ ਵੰਸ ਇਉਂ ਚਕਦੀ ਹੈ ॥

ਭਾਈ ਦੇਸ ਰਾਜ ਦਾ ਦਇਆ ਚੰਦ, ਦਇਆ ਚੰਦ ਦੇ ਘਰ ਸਾਧੂ ਸਿਘ ਅਨੂਪ ਸਿੰਘ, ਕੋਇਠਾ ਸਿੰਘ ਤੇ ਸੁੰਦਰ ਸਿੰਘ ਚਾਰ ਪੁਤਰ ਹੋਏ। ਸੁੰਦਰ ਸਿੰਘ ਦੇ ਦੋ ਪੁਤਰ ਹਮੀਰ ਸਿੰਘ ਤੇ ਨੌਧ ਸਿੰਘ ਹੋਏ। ਮਹਾਰਾਜਾ ਅਮਰ ਸਿੰਘ ਪਟਿਆਲਾ ਪਤਿ ਦੇ ਘਰੋਂ ਮਹਾਂਰਾਣੀ ਹੁਕਮਾਂ ਦੇ ਪੇਕੇ ਭੀਖੀ ਪਿੰਡ ਸਨ, ਜਿਨਾਂ ਦੀ ਸ਼ਰਧਾ ਭਗਤੀ ਭਾਈ ਦੇਸ ਰਾਜ ਨਾਲ ਸੀ। ਇਸ ਲਈ ਮਹਾਰਾਣੀ ਦੀ ਫਰਮਾਇਸ਼ ਨਾਲ ਭਾਈ ਹਮੀਰ ਸਿੰਘ ਨੂੰ ਮਹਾਰਾਜ ਸਾਹਿਬ ਨੇ ਤਸੀਲ ਸਿਰਹੰਦ ਵਿਚ ਮਲੋਕ ਪਿੰਡ ਬਖਸ਼ ਦਿਤਾ ॥

ਭਾਈ ਹਮੀਰ ਸਿੰਘ ਦੇ ਰੂੜ ਸਿੰਘ ਤੇ ਮੰਗਲ ਸਿੰਘ ਤਿੰਨ ਪੁਤਰ ਹੋਏ। ਅਤੇ ਅਗੇ ਇਨ੍ਹਾਂ ਯਾਦਗਾਰੀ ਵਸਤਾਂ ਦੀ ਸੇਵਾ ਸੰਭਾਲ ਪੀੜੀ ਦਰ ਪੀੜੀ ਇਸ ਤਰ੍ਹਾਂ ਟੁਰੀ ਆਈ ਹੈ।

ਭਾਈ ਰੂੜ ਸਿੰਘ, ਅਤਰ ਸਿੰਘ, ਦਸੌਂਧਾ ਸਿੰਘ ਤੋਂ ਭਾਈ ਚੇਤ ਸਿੰਘ (ਮੌਜੂਦਾ ਸੇਵਾਦਾਰ ਜਿਨਾਂ ਦਾ ਜਨਮ ਸੰਮਤ ੧੯੪੦ ਮਿਤੀ ਭਾਦਰੋਂ ਸੁਦੀ ਦਸਮੀ ਦਾ ਹੈ। ਅਗਾੜੀ ਇਨਾਂ ਦੇ ਕੋਈ ਤੱਗ ਪੱਗ ਵਾਲਾ ਨਹੀਂ ਬਚਿਆ ਸਿਰਫ ਦੋ ਬੀਬੀਆਂ ॥

ਭਾਈ ਸਾਹਿਬ ਦਸਦੇ ਹਨ, ਕਿ ਬਹਿਲੋ ਜੀ ਦਾ ਦਿਹਾਂਤ ਸੰਮਤ ੧੬੬੦ ਬਿ: ਵਿੱਚ ਤੇ ਭਾਈ ਦਸੌਂਧਾ ਸਿੰਘ ਦਾ ਸੰਮਤ ੧੯੬੨ ਮਿਤੀ ਮਘਰੋਂ ੫ ਨੂੰ ਹੋਇਆ ਸੀ ਅਰ ਇਨ੍ਹਾਂ ਦੇ ਘਰ ਵਡਾਰੂ ਆਂਦਾ ਲਿਖਿਆ ਤੇ ਇਕੱਠਾ ਕੀਤਾ ਲਿਖਤੀ ਮਸਾਲਾ ਬਥੇਰਾ ਪਿਆ ਹੈ। ਪਿੰਡ ਫਫੜੇ ਪਹੁੰਚਣ ਲਈ ਫੀਰੋਜ਼ਪੁਰ ਦਿੱਲੀ ਰੇਲਵੇ ਲਾਈਨ ਤੇ ਨਰਿੰਦਰਪੁਰੇ ਸਟੇਸ਼ਨ ਉਤਰਨਾ ਪੈਂਦਾ ਹੈ। ਉਥੋਂ ਚੜ੍ਹਦੇ ਬੰਨੇ ਦੋ ਕੁ ਮੀਲ ਪੈਂਡਾ ਹੈ ॥

## ਫਰੀਦ ਕੋਟ

ਅੰਮ੍ਰਿਤ ਛਕ ਕੇ ਕਪੂਰਾ ਕਪੂਰ ਸਿੰਘ ਸਜਿਆ ਸ੍ਰੀ ਗੁਰੂ ਦਸਮੇਸ਼ ਜੀ ਨੇ ਇਸ ਨੂੰ ਇਕ ਖੜਗ ਅਤੇ ਢਾਲ ਬਖਸ਼ੀ, ਜੋ ਹੁਣ ਫਰੀਦ ਕੋਟ ਦੇ ਰਾਜ ਮਹਿਲ ਵਿਚ ਸਨਮਾਨ ਨਾਲ ਰੱਖੇ ਹੋਏ ਹਨ। ਢਾਲ ਗੈਂਡੇ ਦੀ ੨੨ ਇੰਚ ਕੁਤਰ ਦੀ ਹੈ।

## ਫਰੀਦ ਕੋਟ

ਰਿਆਸਤ ਦੇ ਤੋਸ਼ੇਖਾਨੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਖੜਗ ਅਤੇ ਢਾਲਾ ਹੈ ਜੋ ਚੌਧਰੀ ਕਪੂਰ ਸਿੰਘ ਨੂੰ ਬਖਸ਼ਿਆ ਸੀ।

Digitized by Panjab Digital Library | www.panjabdigilib.org

੨. ਇਕ ਪਤ੍ਰ ਸਾਢੇ ਸੋਲਾਂ ਇੰਚ ਦਾ ਲੰਮਾਂ ਕਿਸੇ ਗ੍ਰੰਥ ਦਾ ਹੈ, ਜੋ ਵਿਚਕਾਰੋ ਦੋ ਟੁਕੜੇ ਹੋ ਗਿਆ ਹੈ ਇਸ ਦੀ ਲਿਖਤ ਬਹੁਤ ਪੁਰਾਣੀ ਹੈ। ਜੋ ਆਮ ਲੋਕਾਂ ਤੋਂ ਪੜ੍ਹੀ ਨਹੀਂ ਜਾਂਦੀ ਅਹਲਕਾਰ ਕਹਿੰਦੇ ਹਨ ਕਿ ਇਹ ਪਤ੍ਰ ਸ੍ਰੀ ਦਸਮੇਸ਼ ਜੀ ਦੇ ਸਮੇਂ ਦਾ ਹੈ। ਪਾਠ ਛੰਦ ਬੱਧ ਹੈ ੭੧੬ ਛੰਦ ਤੋਂ ੫੭੪ ਤਕ ਪਾਠ ਹੈ ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਕਿਸੇ ਵਡੇ ਗ੍ਰੰਥ ਦਾ ਹੈ। ਅੱਗਾ ਪਿੱਛਾ ਦੇਖੇ ਬਿਨਾ ਪ੍ਰਸੰਗ ਦਾ ਕੁਝ ਪਤਾ ਨਹੀਂ ਲਗਦਾ, ਨਮੂਨੇ ਮਾਤਰ ਪਾਠ ਲਿਖਦੇ ਹਾਂ:-

ਦੇਖਜਾ ਵਿਚਾਰ ਰਾਜਾ ਅਪਾਰ।
ਆਨਾਨ ਚਿੱਤਾ। ਪਰਮੰ ਪਵਿਤ। ੫੭ ੧੭।
ਸੁੰਦਰ ਸਰੂਪ। ਸੌਂਦਰਜ ਭੂਪ। ਸੋਭਾ ਅਪਾਰ।
ਸੋਭੇ ਸੁਧਾਰ। ੫੭.੨੦

## ਬਾਗੜੀਆ

## ਭਾਈ ਸਾਹਿਬ ਬਾਗੜੀਆ ਜ਼ਿਲਾ ਲੁਧਿਆਣਾ

## (ਪੁਸਤਕਾਂ)

੧. ਜਾਪੁ ਸ੍ਰੀ ਮੁਖ ਵ੍ਹਾਕ ਪਾ: ੧੦ ਜ਼ਫਰਨਾਮਾ ਹਕਾਇਤਾਂ ਸਮੇਤ ਅਤੇ ਮੁਨਾਜਾਤ ਬਾਬ ਜੀ ਫਾਰਸੀ ਲਿਖਤੀ, ਇਸ ਦੇ ਅਰੰਭ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਹੈ, ਲਿਖਤ ਦਾ ਸੰਮਤ ਨਹੀਂ ਦਿੱਤਾ ਹੋਇਆ।

੨. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭਾਈ ਬਾਲੇ ਵਾਲੀ ਲਿਖਤ ਮਿਤੀ ਮਘਰ ਸੁਦੀ ੧੦ ਸੰਮਤ ੧੭੮੧, ਪੱਤਰੇ ੨੧੨, ਸਾਈਜ ੧੨। ੯ ਇੰਚ, ਸਤਰਾਂ ਫੀ ਸਫਾ ੧੭ ਇਸ ਵਿਚ ਕੁਝ ਤਸਵੀਰਾਂ ਭੀ ਹਨ।

੩. ਜਪੁ ਜੀ ਸਟੀਕ-ਹਥ ਲਿਖਤ
ਤਸਵੀਰਾਂ
੪. ਸ੍ਰੀ ਗੁਰੂ ਨਾਨਕ ਸਾਹਿਬ ਜੀ
੫. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ
੬. ਮ: ਰਣਜੀਤ ਸਿੰਘ ਦਾ ਦਰਬਾਰ
੭. ਭਾ: ਸੰਪੂਰਨ ਸਿੰਘ } ਰਈਸ ਬਾਗੜੀਆ
੮. ਭਾ: ਮੋਹਰ ਸਿੰਘ }

੯. ਕੜਛਾ ਪਿੱਤਲ ਦਾ :- ਸਾਢੇਚਾਰ ਇੰਚ ਚੋੜਾ ਦੋ ਇੰਚ ਡੂੰਘਾ ਤੇ ਡੰਡੀ ਦੋ ਫੁੱਟ ਲੰਮੀ ਇਹ ਕੜਛਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਰੂਪ ਚੰਦ ਨੂੰ ਬਖਸ਼ਿਆ ਤੇ ਲੰਗਰ ਚਲਾਉਣ ਦੀ ਆਗਿਆ ਕੀਤੀ॥

Digitized by Panjab Digital Library | www.panjabdigilib.org

੧੦. ਸ੍ਰੀ ਸਾਹਿਬ :– ਫਲ ਦੀ ਲੰਬਾਈ ਦੋ ਫੁੱਟ ਸਾਢੇ ਸੱਤ ਇੰਚ ਤੇ ਚੌੜਾਈ ਵਿਚਕਾਰੋਂ ਸਵਾ ਇੰਚ। ਮੁੱਠ ਚਾਂਦੀ ਦੀ ਸਿੰਘ ਮੁਖ। ਇਸ ਦੇ ਫਲ ਪੁਰ ਮੁੱਠ ਵਲ ਨੂੰ ਚੌੜੇ ਦਾ ਇਹ ਵਾਰਤਾ ਲਿਖੀ ਹੈ॥ "ਗੁਰੂ ਤੇਗ ਬਹਾਦਰ ਸੰ :੧੬੦੦ ਮੇ ਜਨਮੇ ਅਰੁ ਸੰ : ੧੬੬੦ ਗਦੀਨਸ਼ੀਨ ਹੁਏ ਬੇਟਾ ਗੁਰੂ ਹਰਿ ਗੋਬਿੰਦ ਦਾ ਥਾ ਗੁਰੂ ਮੁਦਤਾਂ ਤਕ ਅਜੀਮਾਬਾਦ ਮੇਂ ਰਹੇ ਆਖਰਕਾਰ ਹੁਕਮ ਆਲਮਗੀਰ ਬਾਦਸ਼ਾਹ ਸੰ : ੧੨੬੩ ਮੇਂ ਮੁਕਾਮ ਦੇਹਲੀ ਮੇਂ ਸਮਾਣੇ" ਸੁਣਿਆ ਹੈ ਕਿ ਇਹ ਸ੍ਰੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਸੁਖੀਏ ਦੇ ਪੁੱਤਰ ਨੂੰ ਬਖ਼ਸ਼ੀ ਸੀ॥

੧੧. ਕੱਤੀ ਲੰਬੀ :– ਜਿਸ ਦਾ ਫਲ ਦੋ ਫੁੱਟ ਸਾਢੇ ਨੌ ਇੰਚ ਤੇ ਵਿਚਕਾਰੋਂ ੧ ਸਹੀ ਤਿੰਨ ਬਟਾ ੧੦ ਇੰਚ ਚੌੜਾ ਹੈ। ਮੁੱਠਾ ਖੰਡਾ ਫ਼ੈਸ਼ਨ ਤਾੜੀਦਰ ਤੇ ਸਤ ਇੰਚ ਲੰਬੀ ਹੈ॥

੧੨. ਕੱਤੀ ਇਕ ਧਾਰੀ :– ਫਲ ਦੋ ਫੁੱਟ ਸਾਢੇ ੪ ਇੰਚ ਲੰਬਾ ਤੇ ਵਿਚਕਾਰੋਂ ੧ ਸਹੀ ਤਿੰਨ ਬਟਾ ੧੦ ਇੰਚ ਚੌੜਾ ਮੁੱਠਾ ਤੋਤਾ ਮੁਖ ਤਾੜੀਦਰ ਲੋਹੇ ਦਾ॥ ਜਿਸ ਪੁਰ ਸੋਨੇ ਦਾ ਕੰਮ ਕੀਤਾ ਹੋਇਆ ਹੈ ਪੌਣੇ ਸੱਤ ਇੰਚ ਲੰਬਾ।

੧੩. ਪੇਸ਼ ਕਬਜ਼ :– ਦਸਤਾ ਸੰਗਿ ਯਸ਼ਬ ਸਾਢੇ ੪ ਇੰਚ ਲੰਮਾ, ਫਲ ਪੌਣੇ ਨੌ ਇੰਚ ਲੰਮਾ ਤੇ ਵਿਚਕਾਰੋਂ ੧ ਸਹੀ ੨ ਬਟਾ ੧੦ ਇੰਚ ਚੌੜਾ॥

੧੪. ਪੇਸ਼ ਕਬਜ਼ :– ਮੂਠ ਪੌਣੇ ਪੰਜ ਇੰਚ ਲੰਮੀ ਸੰਗਿ ਖਸ਼ਬ ਦੀ ਜਿਸ ਵਿੱਚ ਸੋਨੇ ਦੀਆਂ ਮੁਖੀਆਂ, ਅੰਦਰ ਦਸ ਲਾਲ ਨਗ ਜੜੇ ਹਨ। ਫ਼ਲ ਪੌਣੇ ਦਸ ਇੰਚ ਲੰਮਾ, ਮੁੱਢੋਂ ੧ ਸਹੀ ਇਕ ਬਟਾ ੧੦ ਇੰਚ ਤੇ ਵਿਚਕਾਰੋਂ ੯ ਬਟਾ ੧੦ ਇੰਚ ਚੌੜਾ ਹੈ॥

੧੫ ਪੇਸ਼ ਕਬਜ਼ (ਜੰਭੂਆ) :– ਦਸਤਾ ਯਸ਼ਬ, ਘੋੜ ਮੁਖ, ਪੌਣੇ ਪੰਜ ਇੰਚ, ਫਲ ੪ ਸਹੀ ੪ ਬਟਾ ੧੦ ਇੰਚ ਲੰਮਾ ਤੇ ਵਿਚਕਾਰੇਂ ੧ ਸਹੀ ਇਕ ਬਟਾ ਦਸ ਇੰਚ ਚੌੜਾ ਹੈ॥

(ਨੋਟ, ੧੧ ਤੋਂ ੧੫ ਅੰਕ ਤਕ ਸਾਰੇ ਸ਼ਸਤ੍ਰ ਸ੍ਰੀ ਦਸਮੇਸ਼ ਜੀ ਨੇ ਭਾਈ ਰੂਪ ਚੰਦ ਤੇ ਉਨ੍ਹਾਂ ਦੇ ਸੱਤਾਂ ਪੁੱਤਰਾਂ ਨੂੰ ਬਖਸ਼ੇ ਸਨ)

੧੬. ਲੋਹ :– ਤਿੰਨ ਫੁਟ ਚਾਰ ਇੰਚ ਚੌੜੀ, ਜਿਸ ਦੀ ਚੰਦੀ ਗਿਰਦੇ ਚਾਰ ਘੇਰ ਪੱਤ੍ਰਿਆਂ ਦੇ ਹਨ। ਏਨਾਂ ਗੁਰ ਬਖ਼ਸ਼ਸ਼ਾਂ ਤੋਂ ਬਿਨਾ ਭਾ : ਸਾ : ਜੀ ਪਾਸ ਹੋਰ ਅਨੇਕਾਂ ਬਹੁ ਮੁਲੀਆਂ ਇਤਿਹਾਸਕ ਯਾਦਗਾਰਾਂ ਪੁਸਤਕਾਂ ਅਤੇ ਲਿਖਤਾਂ ਹਨ॥

ਭਮੀਪੁਰਾ :– ਜਦ ਸ੍ਰੀ ਦਸਮੇਸ਼ ਜੀ ਮੋਹੀ ਜ਼ਿਲਾ ਲੁਧਿਹਾਣਾ ਵਿਖੇ ਆਏ ਤਾਂ ਸ੍ਰੀ ਗੁਰੂ ਜੀ ਦੇ ਹਥ ਦੀ ਉਂਗਲੀ ਵਿਚ ਛਾਪ (ਮੁੰਦਰੀ) ਪਾਈ ਹੋਈ ਉਸ ਉਪਰ ਦੀ ਮਾਸ ਫਿਰ ਗਿਆ ਸੀ ਜੋ ਇਕ ਲੋਹਾਰ ਪਾਸੋਂ ਉਤਰਾਈ ਅਤੇ ਉਸੇ ਨੂੰ ਬਖ਼ਸ਼ ਦਿਤੀ ਜੋ ਹੁਣ ਉਸ ਦੀ ਸੰਤਾਨ ਪਾਸ ਪਿੰਡ ਭਮੀਪੁਰਾ ਤਹਿਸੀਲ ਜਗਰਾਉਂ ਵਿਖੇ ਹੈ॥

## ਨਵਾਬ ਸਾਹਿਬ ਮਾਲੇਰ ਕੋਟਲਾ

੧. ਸ੍ਰੀ ਸਾਹਿਬ :– ਮੁਠ ਥੱਬੀ (ਯਾ ਚਾਂਦੀ) ਦਾ ਕਾਰ ਤਿਲਾਈ, ਸਤ ਇੰਚ ਲੰਮੀ, ਫਲ ਦੋ

Digitized by Panjab Digital Library | www.panjabdigilib.org

ਫੁਟ ੧੦ ਇੰਚ ਲੰਮਾ ਤੇ ਵਿਚਕਾਰੋਂ ੧ ਸਹੀ ੨ ਬਟਾ ੧੦ ਇੰਚ ਚੌੜਾ। ਫਲ ਦੀ ਪਿੱਠ ਪੁਰ ਇੱਕ ਫੁਟ ੧੦ ਇੰਚ ਤਕ ਬੜੇ ਸੁੰਦਰ ਗੋਲ ⌒ ਕਿੰਗਰੇ ਬਣੇ ਹੋਏ ਹਨ ਤੇ ਧਾਰ ਵਲ ਢਾਈ ਇੰਚ ਤਕ। ਮੁਠ ਪਾਸੇ ਫਲ ਉਤੇ ਇਕ ਬੰਨੇ –੧ੳ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਨਵਾਬ ਸ਼ਰ ਖ਼ਾਂ ਮਲੇਰੀ ਨੂੰ ਪ੍ਰੇਮ ਦਾ ਸੰਦੇਸ਼ ਰਾਇਕੋਟ ਤੇ ਦੂਜੇ ਬੰਨੇ "ਸੰਮਤ ੧੭੬੨" ਲਿਖਿਆ ਹੈ॥

੨. ਬਾਦਸ਼ਾਹ ਔਰੰਗਜ਼ੇਬ ਦੇ ਨਾਮ ਚਿੱਠੀ ਦੀ ਨਕਲ :– ਜੋ ਨਵਾਬ ਸ਼ੇਰ ਮੁਹੰਮਦ ਖ਼ਾਨ ਰਈਸ ਮਲੇਰ ਕੋਟਲਾ ਵਲੋਂ ਗੁਰੂ ਗੋਬਿੰਦ ਸਿੰਘ ਦੇ ਸਾਹਿਬ ਜ਼ਾਦਿਆਂ ਸਬੰਧੀ ਲਿਖੀ ਦੱਸੀ ਜਾਂਦੀ ਹੈ। ਇਸ ਵਿਚ ਨਵਾਬ ਸਾਹਿਬ ਨੇ ਬਾਦਸ਼ਾਹ ਪਾਸ ਅਪੀਲ ਕੀਤੀ ਹੈ॥ ਕਿ ਸਾਹਿਬ ਜ਼ਾਦਿਆਂ ਨੂੰ ਸਰਹੰਦ ਵਿਚ ਮਾਰੇ ਜਾਣ ਤੋਂ ਬਚਾਇਆ ਜਾਵੇ। ਯਾ ਦਿਲੀ ਨਜ਼ਰ ਬੰਦ ਰੱਖਿਆ ਜਾਵੇ ਯਾ ਮੇਰੇ ਪਾਸ ਨਜ਼ਰ ਬੰਦ ਕਰ ਦਿੱਤੇ ਜਾਣ॥ ਇਸ ਚਿੱਠੀ ਦੇ ਅੰਤ ਵਿੱਚ ਦਸਖਤਾਂ ਦੀ ਥਾਂ ਤੋਂ ਉੱਪਰ ਤਾਰੀਖ "੯ ਜ਼ੀਕੱਾਦਾ ਸੰਨ ੧੧੨੧ ਹਿਜਰੀ" ਪਈ ਹੋਈ ਹੈ ਤੇ ਅਖੀਰ ਨੀਚੇ ਲਿਖਿਆ ਹੋਇਆ ਹੈ :– "ਨਕਲ ਮੁਤਾਬਿਕ ਅਸਲ ਹੈ। ਬੰਦਾ ਸਰਫ਼ਰਾਜ ਅਲੀ ਖ਼ਾਨ ਹਿਲਕਾਰ ਖ਼ਾਸ"

ਉਤੇ ਦੱਸੀ ਚਿਠੀ ਦਾ ਅੰਗਰੇਜ਼ੀ ਤਰਜਮਾ ਇਹ ਦੋਨੋਂ ਚਿਠੀਆਂ ਸੁਨੈਹਰੀ ਫਰੇਮ ਵਿਚ ਲਗੀਆਂ ਹੋਈਆਂ ਹਨ।

## ਪਿੰਡ ਭਾਈ ਰੂਪਾ – ਜ਼ਿਲਾ ਫੂਲ
## ਰਿਆਸਤ ਪਟਿਆਲਾ (ਯੂਨੀਅਨ)

੧. ਹੁਕਮਨਾਮਾ (ਨਾਂ ਮੁਕੰਮਲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭਾਈ ਸੁਖੀਆ ਦੇ ਨਾਮ :–

⌒ ਨਿਸ਼ਾਨ ਗੁਰੂ ਸਾਹਿਬ

੧ੳ ਸਤਿਗੁਰੂ ਜੀ

ਸੁਖੀਆਂ ਗੁਰੂ ਰਖੇਗਾ, ਤੁਸਾਂ ਹਜ਼ੂਰ ਆਵਣਾ ਘਰ ਅਸਾਡਾ ਹੈ, (ਊਂਟ ਭੇਜਣਾ :
(ਹੁਕਮਨਾਮੇ ਦੇ ਲਿਖਾਰੀ ਦੀ ਲਿਖਤ)

ਇਕ ਊਂਟ ਲੈ ਆਵਣਾ ਤੁਸਾਂ ਜ਼ਰੂਰ ਆਵਣਾ
ਭਾਈ ਰੂਪੇ ਦਾ ⌒ ਘਰੁ ਮੇਰਾ ਹੈ, ਮੇਰੀ ਖੁਸ਼ੀ। ਸਤਰਾਂ ੧੦
੧ੳ ਸਤਿਗੁਰੂ ਜੀ॥

ਸ੍ਰੀ ਗੁਰੂ ਜੀਉ ਕੀ ਆਗਿਆ ਹੈ, ਭਾਈ ਸੁਖੀਆ ਸਰਬਤ ਸੰਗਤ ਰੂਪੇ ਕੀ ਗੁਰੂ ਰਖੇ ਗਾ। ਸੰਗਤ ਗੁਰੂ ਗੁਰੂ ਜਪਣਾ। ਜਨਮ ਸਉਰੇਗਾ। ਅਸਵਾਰ ਪਿਆਦੇ ਬੰਦੂਕੀ ਜਮੀਅਤ ਲੈ ਕੇ ਤੁਸਾਂ ਆਵਣਾ ਮੇਰੀ ਬਹੁਤ ਖੁਸ਼ੀ ਹੈ, ਜੋ ਆਵਗੁ ਸੋ ਨਿਹਾਲ ਹੋਗ, ਹੁਕਮ ਦੇਖਦੇ ਹੀ ਸ਼ਿਤਾਬੀ ਆਵਣਾ, ਗੁਰੂ ਸੰਗਤ ਕੀ ਬਹੁੜੀ ਕਰੇਗਾ, ਗੁਰੂ ਸੰਗਤ ਕੇ ਸਭ ਮਨੋਰਥ ਪੂਰੇ ਕਰੇਗਾ, ਸੰਗਤ ਨਿਹਾਲ ਹੋਈ।

ਨੋਟ : ਇਸ ਹੁਕਮਨਾਮੇ ਦਾ ਉਤਾਰਾ ਤੇ ਹੇਠਲਾ ਕੁਝਕੁ ਹਿਸਾ ਭੁਰ ਗਿਆ ਹੈ। ਜਿਸ ਨਾਲ ਤਾਰੀਖ ਜਾਂਦੀ ਰਹੀ ਹੈ। ਮਜ਼ਮੂਨ ਦੇ ਭਾਵ ਤੋਂ ਸੰਮਤ ੧੭੫੩ ਵਿੱਚ ਸ਼ਾਹਜ਼ਾਦਾ (ਮੁਅਜ਼ਮ) ਬਹਾਦਰ ਸ਼ਾਹ ਦੀ ਮਦਰ ਦੇਸ ਵਲ ਚੜ੍ਹਾਈ ਸਮੇਂ (ਭਾਈ ਤਿਲੋਕਾ ਭਾਈ ਰਾਮਾ ਦੇ ਨਾਲ ਹੀ ਲਿਖਿਆ ਪਰਤੀਤ ਹੁੰਦਾ ਹੈ।

Digitized by Panjab Digital Library | www.panjabdigilib.org

ਹੁਕਮ ਨਾਮਾ (ਅਪੂਰਨ) ਭਾਈ ਮਿਹਰ ਚੰਦ ਦੇ ਨਾਮ :-

ਭਾਈ ਮਿਹਰ ਚੰਦਾ ਤੁਮ ਆਵਣਾ ਰਹਿਣਾ ਨਹੀਂ, ਤੇਰੇ ਪਰ ਮੇਰੀ ਬਹੁਤ ਖੁਸ਼ੀ ਹੈ ਤੇਰੀ ਹਰ ਤਰਹਿ ਦੀ ਮੁਹਫਜ਼ਤ ਮੇਰੇ ਸਿਰ ਹੈ। ਤੂੰ ਮੇਰੇ ਸਿਰ ਨਾਲ ਹੈਂ।

ਲਿਖਾਰੀ ਦੀ ਲਿਖਤ

ੴ ਸਤਿਗੁਰੂ

ਸ੍ਰੀ ਗੁਰੂ ਜੀ ਦੀ ਆਗਿਆ ਹੈ ਭਾਈ ਮਿਹਰ ਚੰਦ ਤੁਸਾਂ ਆਵਣਾ, ਰਹਿਣਾ ਨਹੀਂ, ਤੇਰੇ ਪਰ ਮੇਰੀ ਬਹੁਤ ਖੁਸ਼ੀ ਹੈ, ਤੇਰੀ ਹਰ ਤਰਹਿ ਦੀ ਮਹਾਫਜ਼ਤ ਮੇਰੇ ਸਿਰ ਹੈ, ਤੂੰ ਮੇਰੇ ਸਿਰ ਨਾਲ ਹੈਂ।

ਯਾਦਦਾਸ਼ਤ (ਰੁਕਾ) ਜਗਨ ਮਸੰਦ ਦੇ ਨਾਮ :—

ਨਿਸ਼ਾਨ ਗੁਰੂ ਸਾਹਿਬ

ਮਸੰਦ

ਤੁਮ ਚਦਰ ਦੇਨੇ ਚਦਰ ਮੁਖ

੧ ਬਲਦ ਮਹੀਂ ਗਾਂਈ ਸਰਕਾਰ, ੧ ਛੇੜ ਵਾਲਾ ਦੇ ਚਾਰ ਵੇ।

੧ ਘੋੜੇ ਘੋੜੀਆਂ ਸਰਕਾਰ ਖਚਰ, ੧ ਆਮ ਘੋੜੀਆਂ ਦੇ ਚਾਰਵੇ।

੧ ਲਸ਼ਕਰ ਦੇ ਬਲਦ ਗਾਈਂ ਮਹੀਂ, ੧ ਭਾੜੀਆਂ ਦਾ ਭਾੜਾ ਜੋ ਆਣ

੧ ਸਿਖਾਂ ਸਭਨਾਂ ਦੇ ਚਾਰਵੇ

ਹੁਕਮ ਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਰਬਤਿ ਸੰਗਤ ਬੇਰਾੜਾ ਕੀ ਦੇ ਨਾਮ ਸੰਮਤ ੧੭੬੩ ਮਿਤ੍ਰੀ ਕਤਕੋਂ ੨੦ :— (ਨਿਸ਼ਾਨ ਗੁਰੂ ਸਾਹਿਬ)

ੴ ਸਿਰੀ ਸਤਿਗੁਰੂ ਜੀ

ਸਿਰੀ ਗੁਰੂ ਜੀ ਕੀ ਆਗਿਆ ਹੈ, ਸਰਬਤਿ ਸੰਗਤ ਬੇਰਾੜ ਕੀ ਗੁਰੂ ਰਖੇਗਾ। ਗੁਰੂ ਗੁਰੂ ਜਪਣਾ ਜਨਮ ਸਉਰੈਗਾ ਫੁਰਮਾਇਸ਼ ਹੁਕਮ ਦੇਖਦਿਆਂ ਭੇਜਣੀ :—

੧ ਬੈਲੁ ਹਛਾ ਇਕੁ ਭਾਈ ਥਿਰਾਜ ਸਿੰਘ। ੧ ਬੈਲ ਹਛਾ ਭਾਈ ਬੁਲਾਕੀ ਸਿੰਘ। ੧ ਹਛਾ ਇਕ ਭਾਈ ਬਾਜ਼ ਸਿੰਘ ੧ ਬੈਲ ਹਛਾ ਇਕ ਭਾਈ ਧਰਮ ਸਿੰਘ ਰੂਪੇ ਕਾ: ਸਰਬਤ ਸੰਗਤਿ ਬੈਰਾੜ ਕੀ ਭਾਈ ਰੂਪੇ ਕੀ ਵੰਸ ਦੀ ਭੀ ਗੁਰੂ ਰਖੇ ਗਾ। ੪ ਬੈਲ ਚਾਰ ਹਛੇ ਬਹਲਾ ਨੋ ਭੇਜਣੇ ਹੁਕਮ ਦੇਖਦਿਆਂ ਮੇਰੀ ਤੁਸਾਂ ਉਪਰਿ ਖੁਸ਼ੀ ਹੈ, ਅਸਾਂ ਦਖਣ ਨੋ ਕੂਚ ਕੀਤਾ ਹੈ, ਜਿਨਿ ਸਿਖ ਸਾਡੇ ਨਾਲ ਚਲਣਾ ਹੋਏ ਤਿਨਿ ਹੁਕਮ ਦੇਖਦਿਆਂ ਹਜ਼ੂਰਿ ਆਵਣਾ ਮੇਰੀ ਤੁਸਾਂ ਉਪਰਿ ਖੁਸ਼ੀ ਹੈ, ਤੁਸਾਡੀ ਗੁਰੂ ਜੀ ਤੁਸਾਡੀ ਰਖੇਗਾ।

ਸੰਮਤ ੧੭੬੩ ਮਿਤੀ ਕਤਤੋ ੧੦ ਸਤਰਾਂ।

੪. ਹੁਕਮ ਨਾਮਾ ਬਾਬਾ ਬੰਦਾ ਸਿੰਘ ਵਲੋਂ ਭਾਈ ਧਰਮ ਸਿੰਘ, ਪ੍ਰਮ ਸਿੰਘ, ਦਾਨ ਸਿੰਘ, ਸੰਗੋ ਸਿੰਘ ਰੂਪੇ ਵਾਸੀਆ ਦੇ ਨਾਮ:--

Digitized by Panjab Digital Library | www.panjabdigilib.org

# ਮੋਹਰ

੧ੳ ਫਤੇ ਦਰਸ਼ਨ ਸਚੇ ਸਾਹਿਬ ਕੀ ਆਗਿਆ ਹੈ ਭਾਈ ਧਰਮ ਸਿੰਘ ਭਾਈ ਪਰਮ ਸਿੰਘ, ਭਾਈ ਦਾਨ ਸਿੰਘ, ਸੰਗੋ ਸਿੰਘ ਵਾਸੀ ਰੂਪੇਕੇ ਸਰਬਤਹਿ ਅਕਾਲ ਪੁਰਖ ਜੀਉਂ ਦਾ ਖਾਲਸਾ ਹੈ, ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਿਉਰੈਗਾ—ਹੁਕਮ ਦੇਖਦਿਆ ਈ ਪੰਜੇ ਹਥਿਆਰ ਬਧਿ ਆਵਣਾ ਜੋ ਸਿਖ ਆਵੇਗਾ ਸੋ ਨਿਹਾਲ ਹੋਵੇਗਾ ਸੰਗਤ ਦੇ ਮਨੋਰਥ ਪੂਰੇ ਹੋਵੇਂਗਾ, ਨਿਹਾਲ ਹੋਏ।

ਹੁਕਮ ਨਾਮਾ ਮਾਤਾ ਸੁੰਦਰੀ ਜੀ ਦਾ ਭਾਈ ਦੁੰਨਾ, ਭਾਈ ਬਿਗਰਾ ਮਲ ਭਾਈ ਗੁਰਦਾਸ ਭਾਈ ਰਾਮਾ ਦੇ ਨਾਮ ਸੰਮਤ ੧੭੮੫ ਮਿਤੀ ਅਸੂ ੧੩ ਦਾ--

੧ੳ ਸਤਿਗੁਰੂ ਜੀ

ਸਰਬਤ ਖਾਲਸਾ ਗੁਰੂ ਰਖੇਗਾ,

੧ੳ ਸਤਿ ਗੁਰੂ ਜੀ

ਸ੍ਰੀ ਮਾਤਾ ਜੀ ਦੀ ਆਗਿਆ ਹੈ ਭਾਈ ਦੁਨਾ, ਭਾਈ ਬਿਰਹਾ ਮਲ ਭਾਈ ਗੁਰਦਾਸ ਰਾਮੇ ਕੇ ਸਰਬਤਿ ਕਬੀਲਾ ਗੁਰੂ ਰਖੇਗਾ, ਗੁਰੂ ਗੁਰੂ ਜਪਣਾ ਜਨਮ ਸਧਾਰਣਾ ਹੈ। ੨੧) (ਇਕੀ ਰੁਪਈਏ) ਤੁਸਾਂ ਤੇ ਸੂਰੇ ਸੇਵੜੇ ਕੀ ਮਾਰਫਤਿ ਹਜ਼ੂਰ ਪਹੁਤੇ ਬਹੁਤ ਖੁਸ਼ੀ ਹੋਈ ਹੈ ਅਗੇ ਕਾਰ ਭੇਟ ਸੁਖ ਮੰਨਤ ਦਸਉਂਧ ਚਲੀਹਾ ਗੋਲਕ ਜ਼ਰੂਰੀ ਗੁਰੂ ਜੀ ਕੇ ਨਮਿਤ ਕੀ ਕੌਡੀ ਦਮੜੀ ਹੋਵੇ, ਸੋ ਹੁੰਡੀ ਕਰਾਇ ਕੇ ਮੇਵੜੇ ਕੀ ਮਾਰਫਤ ਹਜ਼ੂਰ ਭੇਜਣੀ ਨਿਹਾਲ ਹੋਣਗੇ ਤੁਸਾਂਡੀ ਖਟੀ ਕਮਾਈ ਵਿੱਚ ਗੁਰੂ ਬਰਕਤ ਪਾਵੇਗਾ, ਤੁਸੀਂ ਮੇਰੇ ਪੁਤ ਫਰਜੰਦ ਹੋ ਤੁਸਾਂ ਉਪਰ ਮੇਰੀ ਬਹੁਤ ਖੁਸ਼ੀ ਹੈ ਸਿਖਾਂ ਪੁਤਾਂ ਦੀ ਸੇਵਾ ਦਾ ਵੇਲਾ ਹੈ। ਲੋਚਕੇ ਸੇਵਾ ਕਰਹੁਗੇ ਤੁਸਾਡਾ ਭਲਾ ਹੋਵੇਗਾ। ਸੰਮਤ ੧੭੮੫ ਮਿਤੀ ਅਸੂੳ ੧੩ ਸਤਰਾਂ ੧੧

ਨੋਟਃ—ਇਹ ਹੁਕਮਨਾਮਾ ਨੰ: ੨ ਤੇ ੬ ਇਕ ਸ਼ੀਸ਼ੇ ਵਾਲੀ ਚੌਕਾਠ ਵਿਚ ਅਤੇ ੩. ੪. ਤੇ ੫ ਦੂਸਰੀ ਸ਼ੀਸ਼ੇ ਵਾਲੀ ਚੌਕਾਠ ਵਿਚ ਲਗੇ ਹੋਏ ਹਨ।

# ਰਾਏ ਕਲਾ ਜ਼ਿਲਾ ਲੁਧਿਆਣਾ

ਸਰਦਾਰ ਰਾਇ ਕਲਾਂ ਪਾਸ ਸ੍ਰੀ ਦਸਮੇਸ਼ ਜੀ ਦੀਆਂ ਬਖਸ਼ਸ਼ਾ (੧) ਗੰਗਾ ਸਾਗਰ। (੨) ਪੋਥੀ ਪੜਨ ਵਾਲੀ ਰੇਹਲ। (੩) ਖੜਗ, ਅਤੇ ਹੁਕਮ ਦਿਤਾ ਸੀ ਕਿ ਇਸਨੂੰ ਸਨਮਾਨ ਨਾਲ ਰੱਖਣਾ। ਕਲੇ ਨੇ ਹੁਕਮ ਦੀ ਪੂਰੀ ਪਾਲਨਾ ਕੀਤੀ ਉਸ ਦੇ ਪੋਤੇ ਨੇ ਦਸਮੇਸ਼ ਦਾ ਖੜਗ ਪਹਿਰ ਲਿਆ ਉਸ ਦਿਨ ਸ਼ਿਕਾਰ ਵਿਚ ਘੋੜਾ ਤਬਕਣ ਤੇ ਖੜਗ ਉਛਲ ਕੇ ਉਸ ਦੀ ਬਖੀ ਵਿਚ ਬਜਾ ਅਰ ਆਪ ਘੋੜੇ ਤੋਂ ਡਿਗ ਪਿਆ ਪੈਰ ਰਕਾਬ ਰਹਿਣ ਤੇ ਸਿਰ ਜ਼ਮੀਨ ਤੇ ਬਜ ਬਜ ਫਿਸ ਗਿਆ ਜੋ ਬੁਰੀ ਹਾਲਤ ਨਾਲ ਮੋਇਆ ਜੋ ਖੜਗ ਹੈ ਨਾਭੇ ਸਿਰੇ ਪਾਉ ਗੁ: ਸਾ: ਵਿਚ ਹੈ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਮਾਲਵੇ ਵਿਖੇ

ਗੁਰੂ ਪੰਥ ਦੇ ਚਮਕਮੇ ਗੁਰਦੁਆਰੇ ਹਜ਼ਾਰਾਂ ਦੀ ਗਿਣਤੀ ਵਿੱਚ ਗੁਰਮੁਖ ਪਿਆਰੇ ਗੁਰ ਸਿੱਖਾਂ ਨੇ ਤਿਆਰ ਕਰਾਏ ਹਨ ॥ ਜੋ ਹਿਤਕਾਰੀ ਤੇ ਉਪਕਾਰੀ ਸਜਣਾਂ ਦੀ ਆਗਿਆ ਅਨੁਸਾਰ ਜੋਗ ਥਾਂ ਲੈਣ ਗੇ।

ਇਥੇ ਸਿਰਫ ਹੇਠ ਲਿਖੇ ਪੜ੍ਹੋ ਤੇ ਦਰਸ਼ਨ ਕਰੋ

ਜੀ

ਧਰਮ ਕੁਟੀਆਂ ਜਾਂ ਸ਼ਹੀਦਾਂ ਦੀ ਝਿੜੀ

ਗੁਰਮ ਗੋਤ ਦਾ ਮਹਾਨ ਨਗਰ "ਗੁਰਮੀ"

ਜਿਥੇ ਮਹਾਂ ਜੋਧੇ ਤੇ ਬ੍ਰਹਮ ਗਿਆਨੀ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਜਨਮ ਤੇ ਜਿਥੇ ਪੰਜ ਬੋਲੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖੇ ਸਨ ॥

# ਗੁਰਮ ਗੋਤ ਦਾ ਮਹਾਨ ਨਗਰ ਗੁਰਮੀ

ਜਦੋਂ ੧੨ ਵੀਂ ਸਦੀ ਈਸਵੀ ਦੇ ਮੁੱਢ ਵਿਚ ਮਹਾਰਾਜਾ ਜਗਦੇਵ "ਪ੍ਰਮਾਰ" ਨੇ 'ਧਾਰਾਂ' ਨਗਰੀ ਦਾ ਰਾਜ ਆਪਣੇ ਭਤੀਜੇ ਅਤੇ ਨਰਵਰਮ ਦੇਵ ਦੇ ਪੁੱਤਰ ਯਸੋਵਰਮ ਨੂੰ ਦੇ ਕੇ ਆਪ ਪ੍ਰਵਾਰ ਸਮੇਤ, ਮਾਂਡੂ ਦੇ ਪੁਆਰਾਂ ਅਤੇ ਭਟਨੇਰ ਦੀ ਵਿਨੈ ਪਾਲ ਬੰਸ ਨੂੰ ਨਾਲ ਲੈਕੇ ਮਾਰਵਾੜ ਅਤੇ ਸਿੰਧ ਵਿਚੋਂ ਖਲੀਫਿਆਂ ਅਤੇ ਗ਼ਜ਼ਨੀ ਦਿਆਂ ਮੁਸਲਮਾਨਾਂ ਦੀ ਜੜ੍ਹਾਂ ਪੁਟਨ ਲਈ ਬੀੜਾ ਉਠਾਇਆ, ਤਾਂ ਸਿੰਧ ਤੇ ਬਗਦਾਦ ਫਤੇਹ ਕਰਨ ਤੋਂ ਉਪ੍ਰੰਤ ਉਹ ਆਪਣੇ ਸਾਥੀ ਸਿੱਧਾਂ ਅਤੇ ਸੋਲੰਕੀ ਤੇ ਚੋਹਾਣਾਂ ਦਾ ਸੰਘ ਬਣਾ ਕੇ ਪਾਇਲ ; ਜਰਗ ਅਤੇ ਰਾਮ ਨਗਰ (ਪਾਇਲ ਕੋਲ) ਗ਼ਜ਼ਨੀ ਵਾਲਿਆਂ ਪਠਾਣਾਂ ਨੂੰ ਜੁੱਧ ਵਿਚ ਹਰਾ ਕੇ ਮੁੜ ਲਾਹੌਰ ਵੜਿਆ। ਉਸ ਸਮੇਂ ਉਸਦੇ ਸਾਥੀ ਅਨੇਕ ਜੱਥੇ ਏਸੇ–ਗੁਰੂ ਕੇ ਮਾਲਵੇ ਵਿਚ ਬਸ ਗਏ, ਅਤੇ ਆਪਣੀਆਂ ੨ ਚਤੁਧਰਾਂ ਬਣਾ ਕੇ ਸੁਤੰਤਰ ਰਾਜ ਕਰਨ ਲਗੇ, ਤਾਂ ਅਗਲੀ ਸਦੀ ਵਿਚ ਉਨ੍ਹਾਂ ਦੇ ਆਸ ਪਾਸ ਹੀ ਜਾਖਲ ਤੋਂ ਲੈ ਕੇ ਲੁਧਿਆਣੇ ਦੇ ਦਖਣ ਅਤੇ ਪੂਰਬ ਵਲ (ਸਤਲੁਜ ਦੇ ਹੇਠਾੜ ਵਿਚ) ਅਚਲ ਗੜ੍ਹ (ਕੋਹ ਆਬੂ) ਸਿਰੋਂਹੀ, ਸਾਂਭਰਮਤੀ, ਲਖਾਤੇ ਤਲਾਣੀ ਅਤੇ ਸਿੰਧ ਦੇ ਪ੍ਰਮਾਰ ਵਿਸ਼ੇਸ਼ ਕਰ ਕੇ ਮਹਾਰਾਜਾ ਜਗਦੇਵ ਦੀ ਬੰਸ "ਛਪਾਰ" ਵਾਲੇ ਸਿੱਧ ਸੁਲੱਖਣ ਅਤੇ ਉਸਦੇ ਪੁੱਤ੍ਰ ਸ਼ੇਸ਼ਰਾਮ ਦੀ ਅਗਵਾਈ ਵਿਚ ੮੫ ਪਿੰਡ ਬੰਨ ਕੇ ਆਪਣੇ ਭਾਈਚਾਰੇ ਕੋਲ ਆ ਬਸੇ। ਉਸ ਸਮੇਂ ਸ਼ੇਸ਼ਰਾਮ ਦੇ ੧੨ ਪੋਤ੍ਰਿਆਂ ਵਿਚੋਂ ਛੱਤ, ਬੜ, ਦੇਤ੍ਰੋਲ ਅਤੇ ਗੁਰਮ ਦੀ ਬਹੁਤ

Digitized by Panjab Digital Library | www.panjabdigilib.org

ਪ੍ਰਸਿਧੀ ਸੀ, ਜਿਨ੍ਹਾਂ ਨੇ ਸਿੰਧ ਤੇ ਕਰਾਚੀ ਬੰਦਰ ਤਕ ੧੨੫ ਬਰਸ ਤਕ ਮਾਰਾਂ ਮਾਰ ਕੇ ਅਰਬੀਆਂ ਦੇ ਮੂੰਹ ਮੋੜਨ ਤੋਂ ਬਿਨਾ ਬਗਦਾਦੀ ਖਲਾਫਤ ਦੀ ਜੜ ਪੱਟ ਦਿਤੀ ਸੀ।

ਇਨ੍ਹਾਂ ਮਹਾਨ ਸੂਰਮਿਆਂ ਵਿਚੋਂ ਗੁਰਮ ਨੇ ੧੨੯੦ ਈਸਵੀ ਵਿਚ ਲੁਦਿਹਾਣੇ ਤੋਂ ੯ ਮੀਲ ਦੱਖਣ ਨੂੰ "ਗੁਰਮੀ" ਨਾਮ ਦੀ ਨਗਰੀ ਬਸਾਈ, ਜੋ ੧੩੯੮ ਵਿਚ ਤੈਮੂਰ ਤਾਤਾਰੀ ਨਾਲ ਜੁਧ ਕਰਨ ਦੇ ਕਾਰਣ ਬਰਬਾਦ ਹੋ ਗਈ, ਜਿਸਦਾ ਥੇਹ ਆਲਮ ਗੀਰ ਕੋਲ ਹੈ, ਅਤੇ ਹੁਣ ਉਥੇ ਦਸਵੇਂ ਪਾਤਸ਼ਾਹ ਜੀ ਦੀ ਯਾਦ ਵਿਚ ਉਨ੍ਹਾਂ ਦਾ ਤੀਰ ਨਾਲ ਕਢਿਆ ਹੋਇਆ ਜਲਾਸ਼ਯ ਅਤੇ ਇਤਿਹਾਸਕ ਗੁਰਦੁਆਰਾ ਸੋਭਾਇਮਾਨ ਹੈ।

੧੪੦੦ ਈ: ਵਿਚ ਗੁਰਮੀ ਨਗਰੀ ਦੇ ਬਰਬਾਦ ਹੋ ਜਾਣ ਤੋਂ ਬਚੇ ਖੁਚੇ ਗੁਰਮਾਂ ਨੇ ਉਥੋਂ ੪ ਮੀਲ ਤੇ ਫਿਰ ਗੁਰਮ ਬੰਨਿਆ। ਅਤੇ ੧੪੨੫ ਈ: ਵਿਚ ਮਦਦ ਲਈ ਆਪਣੇ ਪੁਰਾਣੇ ਜੁੱਟ ਦੇ ਲੱਲੀਆਂ ਨੂੰ ਦੇਹਲੇ ਜਾਂ ਡਿਹਲੇਆਣੇ ਤੋਂ ਉਠ ਕੇ (ਜੋ ਸਾਇਆਂ ਦੇ ਥਾਂ ਬੈਠੇ ਸੀ) ਉਨ੍ਹਾਂ ਦੇ ਪਰੋਹਿਤਾਂ ਦੇ ਰਾਂਹੀ 'ਡਿਹਲੋਂ' ਬਣਵਾਇਆ। ਏਸੇ ਗੁਰਮ ਵਿਚ ਮਹਾਨ ਪਵਿੱਤ੍ਰ ਵਿਅਕਤੀ—ਬਾਬਾ ਦੀਪ ਸਿੰਘ ਜੀ ਦਾ ਜਨਮ ਹੋਇਆ। ਇਹ ੧੭੪੫— ਬਿਕਰਮੀ ਦੇ ਆਸ ਪਾਸ ਦਾ ਸਮਾਂ ਹੈ। ਬਾਬਾ ਜੀ ਦੇ ਪਿਤਾ 'ਅਲਾਪੁਰ'*ਦੇ ਪਠਾਣਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ। ਉਨ੍ਹਾਂ ਦੇ ਕੋਈ ਸਗੇ ਭਰਾ ਭੀ ਨਹੀਂ ਸਨ। ਬਾਬਾ ਜੀ ਉਸ ਵੇਲੇ ੫ ਸਾਲ ਦੇ ਸਨ, ਇਸ ਕਰਕੇ ਉਹਨਾਂ ਦੀ ਮਾਤਾ 'ਜੀਉਣੀ' ਨੇ ਆਪਣੇ ਪਿੜ੍ਹਕੇ 'ਪੋਹੂ ਪਿੰਡ' ਜ਼ਿਲਾ ਲਾਹੌਰ ਵਿਖੇ ਬਾਬਾ ਜੀ ਨੂੰ ਲੈ ਗਈ। ਕੁਝ ਸਮਾਂ ਉਥੇ ਰਿਹਕੇ ਆਪਣੇ ਪਿਉਕਿਆਂ ਦੇ ਸਬੰਧੀ ਨਵਾਬ ਕਪੂਰ ਸਿੰਘ ਸੁਲਤਾਨ ਵਿੰਡੀਏ ਦੇ ਖਾਨਦਾਨ ਵਿਚੋਂ ਬ੍ਰਿਕ ਜੋਧਿਆਂ ਨੂੰ ਲਿਆਈ, ਅਤੇ ਅਪਣੀ ਜੂਹ ਵਿਚ 'ਰੁੜਕਾਂ' ਪਿੰਡ ਬਸਾ ਕੇ ਅਲਾ ਪੁਰੀਏ ਪਠਾਣਾਂ ਦਾ ਸਫਾਇਆ ਕੀਤਾ, ਜੋ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਤੋਂ ਪੰਥ ਨਾਲ ਦੁਸ਼ਮਣੀ ਰਖਦੇ ਅਤੇ ਲੜਦੇ ਆਉਂਦੇ ਸੀ। ਉਸ ਵੇਲੇ ਬਾਬਾ ਜੀ ੧੮ ਬਰਸ ਦੇ ਚੜ੍ਹਦੀ ਜੁਆਨੀ ਵਿਚ ਸਨ, ਜੋ ਤੇਗ ਬਾਹੁਣ ਅਤੇ ਪਲੱਥੇ ਬਾਜ਼ੀ ਵਿਚ ਚੰਗੇ ਨਿਪੁਨ ਸਨ। ਅੱਲਾਪੁਰ ਦੀ ਚੜ੍ਹਾਈ ਵਿਚ ਬਾਬਾ ਜੀ ਗੁਰਮਾਂ ਅਤੇ ਰੁੜਕੇ ਵਾਲੇ ਬ੍ਰਿਕਾਂ ਦੇ ੨੫੦ ਸਵਾਰਾਂ ਦੀ ਗਿਣਤੀ ਦੇ ਜਥੇਦਾਰ ਸਨ। ਜਦੋਂ ਗੁਰੂ ਮਹਾਰਾਜ ਦਸਮ ਪਾਤਸ਼ਾਹ ਜੀ ਚਮਕੌਰ ਦਾ ਜੁੱਧ ਸ਼ਾਂਤ ਕਰਕੇ ੧੭੬੩ ਬਿ: ਵਿਚ ਮਾਲਵੇ ਦਾ ਦੌਰਾ ਕਰਿ ਰਹੇ ਸੀ, ਅਤੇ ਦੀਨੇ ਵਿਰਾਜਮਾਨ ਸਨ। ਉਥੇ ਬਾਬਾ ਦੀਪ ਸਿੰਘ ਜੀ ਅਪਣਾ ਜਥਾ ਲੈ ਕੇ ਹਜ਼ੂਰ ਦੇ ਹਾਜ਼ਿਰ ਹੋਏ, ਜਿਸ ਵਿਚ ਗੁਰਮਾਂ ਦੇ ਇਲਾਵਾ ਰੁੜਕੇ ਦੇ ਬ੍ਰਿਕ ਅਤੇ ਮਾਲਵੇ ਦੇ ਸੰਧੂ ਭੀ ਚੋਖੀ ਗਿਣਤੀ ਵਿਚ ਬਾਬਾ ਜੀ ਦੇ ਨਾਲ ਸਨ। ਏਸ ਸਮੇਂ ਤੋਂ ਲੈਕੇ ਅੰਤ ਸਮੇਂ ਤਕ ਬਾਬਾ ਜੀ ਸਤਿਗੁਰਾਂ ਦੀ ਆਗਿਆ ਵਿਚ ਲਗਾਤਾਰ ਹੀ ਰਹੇ। ਅਤੇ ਮੁਕਤਸਰ ਦੇ ਜੁੱਧ ਦੀ ਸਾਰੀ ਤਿਆਰੀ ਅਤੇ ਜੋਧਿਆਂ ਦੀ ਭਰਤੀ ਅਤੇ ਕਮਾਨ ਕਰਨ

---

*ਅਲਾਪੁਰ ਦਾ ਨਾਉਂ ਅਜਕਲ 'ਲਾ ਪੁਰ' ਰਹਿ ਗਿ ਆ ਹੈ। ਜਦੋਂ ਜਹਾਂਗੀਰ ਨੇ ਲੁਧਿਆਣੇ ਦੇ ਲੋਧੀਆਂ ਨੂੰ ਕਤਲ ਕੀਤਾ ਤਾਂ ਉਨ੍ਹਾਂ ਵਿਚੋਂ ਇਕ ਘਰ ਦੇ, ਥਾਂ ਧਾਂਦਰੇ, ਡਿਹਲੋ, ਅੱਲਾ ਪੁਰ, ਭੁੱਟੇ, ਰਾੜੇ ਅਤੇ ਲੁਦਿਹਾਣਾ ਆਦਿ ਥਾਂਵਾਂ ਦੇ ਰਈਸ ਥੋੜੇ ਥੋੜੇ ਪਿੰਡਾਂ ਵਿਚ ਰਹਿੰਦੇ ਸੀ ਜੋ ਗੁਰੂ ਸਾਹਿਬ ਜੀ ਦੇ ਨਾਲ ਟਾਕਰਾ ਲਾ ਕੇ ਕੁਝਕੁ ਮਰ ਗਏ ਡਿਹਲੋਂ, ਭੁੱਟੇ ਅਤੇ ਅੱਲਾਪੁਰ ਦੇ ਬਾਕੀ ਸਨ।

Digitized by Panjab Digital Library | www.panjabdigilib.org

ਦਾ ਮੁਖ ਕਾਰਯ ਬਾਬਾ ਜੀ ਦੇ ਹੀ ਸਪੁਰਦ ਸੀ, ਨਾਲੇ ਮਹਾਰਾਜ ਨੇ ਹੀ ਜੁੱਧ ਵਿਦਿਆ ਤੋਂ ਬਿਨਾ ਸ਼ਸਤ੍ਰ ਵਿਦਿਆ, ਅਤੇ ਫ਼ਾਰਸੀ, ਮਰਹਿਟੀ ਅਤੇ ਹਿੰਦੀ ਦੀ ਭੀ ਪੂਰਨ ਯੋਗਤਾ ਬਾਬਾ ਜੀ ਨੂੰ ਕਰਾ ਦਿਤੀ ਸੀ।

ਜਦੋਂ ਸਚੇ ਪਾਤਸ਼ਾਹ ਨੇ ਜੁੱਧਾਂ ਤੋਂ ਨਿਰਾਲੇ ਹੋਕੇ ਤਲਵੰਡੀ ਸਾਬੋਕੇ ਵਿਚ ਗੁਰੂ ਕੀ ਕਾਸੀ ਅਸਥਾਪਨ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਲੈਣ ਵਾਸਤੇ ਪੰਜ ਸਿੰਘ ਕਰਤਾਰ ਪੁਰ ਧੀਰ ਮਲੀਆਂ ਪਾਂਸ ਭੇਜੇ ਉਹਨਾਂ ਅਗੋਂ ਤਰਕ ਕੀਤੀ ਯਥਾ :— ਆਪ ਨਯੋ ਨਯੋ ਪੰਥ ਚਲਾਵਤ ॥

ਕਯੋਂ ਨਹਿ ਅਪਨੋ ਗ੍ਰੰਥ ਬਨਾਵਤ ॥

ਇਹ ਕੁਬਚਨ ਸੁਣਕੇ ਸਿੰਘ ਖਾਲੀ ਆਕੇ ਸ੍ਰੀ ਗੁਰੂ ਜੀ ਦੇ ਪਾਸੇ ਉਸੇ ਪ੍ਰਕਾਰ ਬੇਨਤੀ ਕੀਤੀ ਤੇ ਤਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਆਗਿਆ ਕਰਕੇ ਆਦਿ ਬੀੜ ਦੀ ਰਚਨਾ ਕੀਤੀ ਤਾਂ ਭਾਈ ਮਨੀ ਸਿੰਘ ਜੀ ਲਿਖਾਰੀ ਦੇ ਨਾਲ ਨਾਲ ਮਹਾਰਾਜ ਦੀ ਆਗਿਆ ਪਾ ਕੇ ਬਾਬਾ ਦੀਪ ਸਿੰਘ ਜੀ ਨੇ ਉਸ ਬੀੜ ਦੇ ਚਾਰ ਉਤਾਰੇ ਕੀਤੇ, ਅਤੇ ਹੋਰ ਕਈ ਲੋੜੀਂਦੇ ਗੁਰਮਤਿ ਦੇ ਗ੍ਰੰਥ ਭੀ ਲਿਖੇ। ਸਾਹਿਬਾਂ ਨੇ ਦੱਖਣ ਨੂੰ ਜਾਣ ਤੋਂ ਪਹਿਲਾਂ ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਦਾਨ ਸਿੰਘ ਤੇ ਡੱਲਾ ਸਿੰਘ ਆਦਿ ਬਰੜਾਂ ਅਤੇ ਮਿਰਜਾ ਰਾਜਾ ਜੈ ਸਿੰਘ (ਜੈ ਪੁਰੀਆ) ਆਦਿ ੪੮ ਅਧਿਕਾਰੀ ਸਿੱਖਾਂ ਨੂੰ ਅਪਣੇ ਮੁਖਾਰਬਿੰਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਆਪ ਸ੍ਰਵਣ ਕਰਾਈ। ਉਸ ਸਮੇਂ ਤਕ ਬਾਬਾ ਜੀ ਨੇ ਮਹਾਰਾਜ ਦੇ ਹਜ਼ੂਰ ਰਹਿ ਕੇ ਲੋੜੀਂਦੀਆ ਸਭ ਭਾਸ਼ਾਂ ਅਤੇ ਦੀਨ-ਦੁਨੀ ਦੀਆਂ ਵਿਦਿਆਵਾਂ ਭੀ ਹਜ਼ੂਰ ਦੀ ਕਲਾ ਤੋਂ ਹੀ ਸਿਖ ਲਈਆਂ ਸਨ।

## ਬਾਬਾ ਜੀ ਦੀ ਵਿਦਿਅਕ ਸੇਵਾ

ਗੁਰੂ ਦਸਮੇਸ਼ ਜੀ ਨੇ ਦੱਖਣ ਨੂੰ ਜਾਣ ਲਗਿਆਂ ਬਾਬਾ ਜੀ ਨੂੰ ਆਗਿਆ ਕੀਤੀ ਕਿ ਤੁਸੀਂ ਇਕ ਵਾਰ ਘਰ ਜਾ ਕੇ ਮਾਤਾ ਜੀ ਨੂੰ ਮਿਲ ਆਓ। ਫੇਰ ਅੰਤ ਤਕ ਗੁਰੂ ਕਾਸ਼ੀ ਰਚਣ ਦੀ ਸਭ ਪ੍ਰਕਾਰ ਤੋਂ ਸੇਵਾ ਕਰਨੀ। ਇਸ ਕਰਕੇ ਬਾਬਾ ਜੀ ਅਪਣੇ ਥਾਂ ਭਾਈ ਫਤੇ ਸਿੰਘ ਨੂੰ ਨੀਯਤ ਕਰਕੇ ਗੁਰਮੀ ਆਏ, ਤੇ ਮਾਤਾ ਜੀ ਕੋਲ ਤਿੰਨ–ਚਾਰ ਸਾਲ ਰਹੇ। ਏਸੇ ਸਮੇਂ ਵਿਚ ਉਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁ-ਵਾਦ ਹਿੰਦੀ, ਮਰਹਿਟੀ, ਉਰਦੂ, ਫਾਰਸੀ ਅਤੇ ਅਰਬੀ (ਪੰਜਾਂ) ਬੋਲੀਆਂ ਵਿਚ ਕੀਤਾ, ਉਹ ਏਕਾਂਤ ਅਸਥਾਨ ਗੁਰਮਾਂ ਦੀ ਪਹਿਲੀ ਵਸਤੀ ਤੋਂ ਬਾਹਰ ਸੌ ਕਰਮ ਉੱਤਰ ਵਲ ਸੀ। ਜਿਥੇ ਸ਼ਹੀਦਾਂ ਦੀ ਝਿੜੀ ਅਤੇ ਛੱਪੜ ਸੀ, ਕੁਝ ਕਚੇ ਕੋਠੇ ਭੀ ਉਥੇ ਪਾਏ ਹੋਏ ਸਨ, ਜਿਨ੍ਹਾਂ ਨੂੰ ਸ਼ਹੀਦੀ ਜਾਂ ਧਰਮੀ ਕੁਟੀਆਂ ਕਹਿੰਦੇ ਸਨ। ਇਨ੍ਹਾਂ ਅਨਵਾਦਾਂ ਦੀ ਸਚਾਈ ਵਿਚ ਗੁਰਮਾਂ ਵਾਲੇ ਈਸ਼ਰ ਸਿੰਘ ਜੀ, ਜੋ ੨੮ ਬਰਸ ਅਮ੍ਰੀਕਾ ਵਿਚ ਰਹੇ। ਅਤੇ 'ਬਰਕਲੇ' ਯੂਨੀਵਰਸਿਟੀ-ਕੇਲੈਫੋਰਨੀਆਂ ਦੇ M. sc ਹਨ, ਇਉਂ ਆਖਦੇ ਹਨ ਅਰਬ–ਬਗਦਾਦ ਦੇ ਨਾਨਕ ਪੰਥੀ – ਦੋ ਵਿਦਿਆਰਥੀ ਭਗਤ ਤੇ ਜਗਤ ਨਾਮੇਂ ਮੇਰੇ ਨਾਲ ਪੜ੍ਹਦੇ ਸਨ, ਉਨ੍ਹਾਂ ਨੇ ਉਸ ਯੂਨੀਵਰਸਿਟੀ ਦੇ ਪੁਸਤਕਾਲਯ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਅਨੁਵਾਦ ਅਰਬੀ ਵਿਚ ਬਾਬਾ ਦੀਪ ਸਿੰਘ ਕ੍ਰਿਤ ਲਿਆਂਦਾ ਹੋਇਆ ਸੀ। ਮੈਂ ਓਸ ਵੇਲੇ ਉਨ੍ਹਾਂ ਕੋਲੋਂ ਦੇਖਿਆ ਹੈ। ਹਿੰਦੀ ਅਨੁਵਾਦ ਬਾਬਤ ਏਸ਼ੀਆਟਿਕ ਸੋਸਾਇਟੀ ਨੇ ੧੮੮੧ ਈ: ਦੇ ਆਪਨੇ ਮਾਸਕ ਪਤ੍ਰ—'ਗਾਰਸੀਆ' ਵਿਚ ਲਿਖਿਆ ਹੈ, ਜਿਸਦੀ ਲਿਖਤੀ ਨਕਲ ਦਾ ਪਤਾ ਉਹਨਾਂ ਨੇ ਪੈਰਸ ਦੀ

Digitized by Panjab Digital Library | www.panjabdigilib.org

Griental Dept ਦਾ ਦਫਤ੍ਰ ਦਿਤਾ ਹੈ। ਮਰਹਿਟੀ ਅਨੁਵਾਦ ਦਾ ਹਵਾਲਾ ਪੂਨਾ ਲਾਇਬਰੇਰੀ ਅਤੇ ਮੈਕਾਲਫ ਦੇ ਲੇਖ ਤੋਂ ਮਿਲਦਾ ਹੈ। ਉਰਦੂ ਅਨੁਵਾਦ ਮੁਹੰਮਦ ਰਮਜ਼ਾਨ ਵਕੀਲ ਲੁਧਿਆਣਾ ਦੇ ਕੋਲ ਆਪ ਅਖੀਂ ਦੇਖਿਆ ਹੈ। ਫਾਰਸੀ ਅਨੁਵਾਦ ਦਾ ਪਤਾ ਕਾਬਲ ਦੀ ਸ਼ਾਹੀ ਲਾਇਬਰੇਰੀ ਵਿਚੋਂ ੧੯੩੯ ਵਿਚ ਲਗਾ। ਜਦੋਂ ਕਾਬਲ ਤੇ ਚੜ੍ਹਾਈ ਹੋਈ ; ਅਤੇ ਕਮਾਂਡਰ ਇਨ ਚੀਫ Sail ਨੇ ਉਸਦੀ ਸੂਚੀ ਬਣਾਈ। ਅਜੇਹੇ ਅਦਭੁਤ ਕਾਰਯ ਕਰਨੇ, ਉਸ ਜੋਗੀ ਪੁਰਸ਼ ਲਈ ਅਸੰਭਵ ਨਹੀਂ ਜੋ ਇੱਕ ਹੱਥ ਵਿਚ ਕਟਿਆ ਹੋਇਆ ਅਪਣਾ ਸੀਸ ਸੰਭਾਲੇ, ਦੂਜੇ ਨਾਲ ਖੰਡਾ ਵਾਹੇ। ਫੇਰ "ਸਮਰਥ ਗੁਰੂ ਸਿਰਿ ਹਥੁ ਧਰਿਓ" ਹੋਵੇ, ਉਸਨੂੰ ਇਹ ਕੀ ਗੱਲ ਹੈ।

ਬਾਬਾ ਜੀ ਦੀ ਮਾਤਾ ਉਨ੍ਹਾਂ ਦੇ ਸ਼ਹੀਦ ਹੋ ਜਾਣ ਤੋਂ ਪਿਛੋਂ ਤਕੜਾ ਚਿਰ ਜੀਉਂਦੀਆਂ ਰਹੀਆਂ। ਬਾਬਾ ਜੀ ਨੇ ਗੁਰਮਾਂ ਤੋਂ ਜਾ ਕੇ ਮਹਾਰਾਜ ਦੇ ਹੁਕਮ ਅਨੁਸਾਰ ਗੁਰਕਾਸ਼ੀ ਦੀ ਟਕਸਾਲ ਬਣਾ ਕੇ ਚਲਾਈ। ਬੁੰਗੇ ਕਈ ਬਣਾਏ, ਮਿਠੇ ਪਾਣੀ ਦਾ ਖੂਹ ਲਵਾਇਆ ਅਤੇ ਗੁਰਮਤਿ ਦੇ ਬਹੁਤ ਸਾਰੇ ਪੁਸਤਕ ਲਿਖੇ ਤੇ ਪੜ੍ਹਾਏ। ਸੇਖਮਾਂ ਅਤੇ ਦਾਊਧਰ ਆਦਿ ਵਿਚ ਕਈ ਟਕਸਾਲਾਂ ਕਾਇਮ ਕੀਤੀਆਂ। ਬਾਬਾ--ਜੋਗੀ ਜੋਧਾ ਤੇ ਗਿਆਨੀ।

ਏਸ ਗੱਲ ਦੀ ਸਚਾਈ ਵਿਚ ਕੁਝ ਹੋਰ ਵੀ ਵਕਤਵ ਹੈ- ਜਦੋਂ ਮੈਂ ਸਿੰਘ ਸਭਾ ਭਸੌੜ ਨੂੰ ਜਾਣ ਲਈ ਘੁੰਗਰਾਣੇ ਤੋਂ ਉਠਕੇ ਅਹਿਮਦ ਗੜ੍ਹ ਨੂੰ ਗੱਡੀ ਚੜ੍ਹਨ ਜਾ ਰਿਹਾ ਸੀ ਤਾਂ ਪਹਿਲੀ ਗੱਡੀ ਖੁੰਝ ਜਾਣ ਦੇ ਕਾਰਣ ਸਮਾ ਬਿਤਾਉਣ ਲਈ ਮੈਂ ਖੇਲੇ ਪਿੰਡ ਦੇ ਮਹੰਤਾਂ ਦੇ ਖੂਹ ਉਤੇ ਜਾ ਬੈਠਾ, ਜੋ ਰੇਲ ਦੇ ਲਾਗੇ ਹੈ। ਉਥੇ ਇਕ ਸਿੰਘ ਜਿਸਦਾ ਨਾਉਂ ਨਰੈਣ ਸਿੰਘ ਸੀ, ਗੁਰਮਾਂ ਦੇ ਰਹਿਣ ਵਾਲਾਂ ਅਤੇ ਖੇੜੇ ਵਾਲਿਆਂ ਦਾ ਕੋਈ ਸਬੰਧੀ ਸੀ, ਮੈਨੂੰ ਪੁਸਤਕ ਪੜ੍ਹਦੇ ਨੂੰ ਦੇਖ ਕੇ ਕੋਲ ਆ ਬੈਠਾ। ਪੰਥਕ ਵਿਚਾਰ ਕਰਦਿਆਂ ਉਸਨੇ ਸੁਭਾਵਿਕ ਹੀ ਮੈਨੂੰ ਬਾਬਾ ਦੀਪ ਸਿੰਘ ਸ਼ਹੀਦ ਦੀ ਲੰਬੀ ਸਾਰੀ ਵਾਰਤਾ ਸੁਣਾਈ, ਜਿਸਦਾ ਭਾਵ ਇਹ ਸੀ ਕਿ ਬਾਬਾ ਦੀਪ ਸਿੰਘ ਜੀ ਸਭਨਾਂ ਪੜ੍ਹਤਾਂ ਦੇ ਗਿਆਨੀ, ਮਹਾਂ ਜੋਧੇ ਅਤੇ ਸ਼ਹੀਦ ਹੋਏ ਹਨ ਜਿਨ੍ਹਾਂ ਦੇ ਤੁਲ ਕੋਈ ਟਾਵਾ ਸਿੰਘ ਹੀ ਕਲਾਂ ਵਾਲਾ ਹੋਇਆ ਹੋਊ। ਦੂਜੇ ਉਹ ਗੁਰਮੀ ਜਨਮ ਲੈ ਕੇ, ਯਤੀਮ ਹੋ ਜਾਣ ਦੇ ਕਾਰਣ ਮਾਤਾ ਜੀ ਨਾਲ ਲਾਹੌਰ ਦੇ ਜ਼ਿਲੇ ਅਪਣੇ ਨਾਨਕੀਂ ਪਲੇ, ਜੁਆਨ ਹੋਏ ਬ੍ਰਿਕਾਂ ਦੇ ਕੁਝ ਪ੍ਰਵਾਰ ਨਾਲ ਲਿਆਕੇ ਮਾਤਾ ਜੀ ਨੇ ਰੁੜਕਾ ਪਿੰਡ ਗੁਰਮਾਂ ਦੀ ਜੂਹ ਵਿਚ ਹੀ ਅਪਣੀ ਮਦਦ ਲਈ ਬੰਨ੍ਹਵਾਇਆ। ਬਾਬਾ ਜੀ ਫ਼ੌਜੀ ਵਿਦਿਆ ਵਿਚ ਬਹੁਤ ਹੁਸ਼ਿਆਰ ਸਨ। ਗੁਰੂ ਸਾਹਿਬ ਦੇ ਮਾਲਵੇ ਵਿਚ ਆਉਣ ਦੀ ਖਬਰ ਸੁਣ ਕੇ 'ਦੀਨੇ' ਜਾਕੇ, ਸਦਾ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਰਹਿੰਦੇ ਰਹੇ। ੪—੫ ਬਰਸ ਪਿਛੋਂ ਪਿੰਡ ਆਕੇ ਮਾਤਾ ਜੀ ਦੀ ਸੇਵਾ ਅਤੇ ਏਕਾਂਤ ਵਿਚ ਬੈਠ ਕੇ ਝਿੜੀ ਵਿਚ ਸਾਰਾ ਦਿਨ ਪੋਥੀਆਂ ਲਿਖਦੇ ਰਹਿੰਦੇ। ੫ ਬਰਸ ਪਿਛੋਂ ਮਾਤਾ ਜੀ ਨੂੰ ਹੋਰ ਪਿੰਡ ਦੀ ਸੰਗਤ ਸਮੇਤ ਉਪਦੇਸ਼ ਦ੍ਰਿੜ੍ਹਾਕੇ ਪਿੰਡ ਦੇ ਕੁਝ ਸਿੰਘਾਂ ਸਮੇਤ ਦਮਦਮੇ ਸਾਹਿਬ ਨੂੰ ਚਲੇ ਗਏ। ਅਤੇ ਬਾਰਾਂ ਬਰਸ ਗੁਰੂ ਕੀ ਕਾਸ਼ੀ ਸੇਵਾ ਕਰ ਕੇ ਅਤੇ ਬੇਅੰਤ ਜੰਗ ਕਰਦੇ ਹੋਏ ਸ਼ਹੀਦ ਹੋ ਗਏ। ਅਤੇ ਮਾਤਾ ਜੀ ਨੇ ਉਨ੍ਹਾਂ ਦੇ ਜਾਣ ਤੋਂ ੧੫ ਬਰਸ ਪਿਛੋਂ ਗੁਰਮਾਂ ਵਿਚ ਚਲਾਣਾ ਕੀਤਾ। ਮੈਨੂੰ ਉਹਨਾਂ ਦੇ ਸ਼ਹੀਦ ਹੋ ਜਾਣ ਤੋਂ ਬਿਨਾ ਬਾਬਾ ਜੀ ਦੇ ਇਤਿਹਾਸ ਦਾ ਕੁਝ ਭੀ ਪਤਾ ਨਹੀਂ ਸੀ। ੧੯੨੩ ਈ: ਦੇ ਲਗ ਪਗ ਮੈਨੂੰ ਇਕ ਪੁਸਤਕ ਦੇ ਪੜ੍ਹਨ ਦਾ ਸਮਾਂ ਮਿਲਿਆ। ਉਸ ਪੁਸਤਕ ਦੇ ਪੜ੍ਹਨ ਤੋਂ ਪਤਾ ਲਗਾ ਕਿ ਬਾਬਾ

Digitized by Panjab Digital Library | www.panjabdigilib.org

ਜੀ ਦਾ ਜਨਮ ਨਗਰ 'ਪੋਹੂ' ਪਿੰਡ ਜ਼ਿਲਾ ਲਾਹੌਰ ਸੀ। ਅਤੇ ਉਥੇ ਹੀ ਆਪ ਪਲੇ, ਤੇ ਸ਼ਹੀਦ ਹੋ ਗਏ। ਮੈਂ ਕੁਝ ਚਿਰ ਏਸ ਗੱਲ ਬਾਬਤ ਕੁਝ ਖਿਆਲ ਨਾ ਕੀਤਾ। ਪਰ ੧੯੨੬ ਈ: ਵਿਚ ਭਾਈ ਕਰਮ ਸਿੰਘ ਹਿਸਟੋਰੀਅਨ ਨੇ ਬਾਬਾ ਜੀ ਦੇ ਜੀਵਨ ਸਬੰਧੀ ਕਈ ਪੁੱਛਾਂ ਕੀਤੀਆਂ, ਤਾਂ ਭਾਈ ਈਸ਼ਰ ਸਿੰਘ ਜੀ ਨੇ ਅਮ੍ਰੀਕਾ ਵਿਚੋਂ ਪੁਛਾਂ ਦੇ ਉਤਰ ਲਈ ੧੯੨੭ ਦੀ ਫੁਲਵਾੜੀ ਵਿਚ ਬਾਬੇ ਜੀ ਦੇ ਜੀਵਨ ਸਬੰਧੀ ਸੰਖੇਪ ਤੇ ਕਈ ਗੱਲਾਂ ਲਿਖੀਆਂ। ਉਹ ਪੜ੍ਹ ਕੇ ਮੈਨੂੰ ਉਨ੍ਹਾਂ ਦੀਆਂ ਪੁਛਾਂ ਅਰ ਉਤ੍ਰ ਸੁਣਦੇ ਸਾਰ ੧੯੧੦ ਵਾਲਾ ਭਾਈ ਨਰੈਣ ਸਿੰਘ ਦਾ ਦਿਤਾ ਹੋਇਆਂ ਸਮਾਚਾਰ ਯਾਦ ਆ ਗਿਆ ਸੀ। ਸ: ਈਸ਼ਰ ਸਿੰਘ ਜੀ ਦਾ ਲੇਖ ਪੜ੍ਹ ਕੇ ਮੈਂ ਚਾਉ ਨਾਲ ਖੋਜ ਕਰਨ ਲਗਾ ਤਾਂ ਮੈਨੂੰ ਸਿਵਾਇ ਗੁਰਮਾਂ ਵਿਚ ਬਾਬਾ ਜੀ ਦਾ ਜਨਮ ਹੋਣਾ ਅਤੇ ਜੁਆਨੀ ਤੀਕ ਉਨ੍ਹਾਂ ਦਾ ਨਾਨਕੀਂ ਰਹਿਣਾ, ਫੇਰ ਆ ਕੇ ਸਦਾ ਦਸਮੇਸ਼ ਜ ਦੀ ਹਜ਼ੂਰੀ ਵਿਚ ਰਹਿਕੇ ਸ਼ਹੀਦੀ ਤੋਂ ਅਗੋਂ, ਗੁਰੂ ਕਾਸ਼ੀ ਦੀ ਸੇਵਾ ਕਰਨੀ ਹੀ ਮਲੂਮ ਸੀ ਪਰ ਏਸ ਸਮਾਚਾਰ ਦੀ ਲੜੀ ਤੋਂ ਵਿਸ਼ੇਸ਼ ਕਰ ਕੇ ਦੀਨੇ ਆਕੇ ਮਹਾਰਾਜ ਦੇ ਹਸਤ ਕਮਲ ਤੋਂ ਅੰਮ੍ਰਿਤ ਪਾਨ ਕਰਨ ਤੋਂ ਠੀਕ ਨਿਸਚੇ ਹੋ ਗਿਆ ਕਿ ਆਪ ਦਾ ਮਲਵਈ ਹੋਣਾ ਅਤੇ ਜਨਮ ਨਗਰ ਗੁਰਮਾਂ ਜ਼ਿ: ਲੁਧਿਆਣਾ ਹੀ ਹੈ। ਆਪ ਦਾ ਅੰਮ੍ਰਿਤ ਸੰਸਕਾਰ ਦੀਨੇ ਤੋਂ ਪਹਿਲਾਂ ਕਿਤੇ ਭੀ ਹੋਣਾ ਸਿੱਧ ਨਹੀਂ ਹੁੰਦਾ। ਫੇਰ ਭਾ: ਨਰੈਣ ਸਿੰਘ ਜੈਸੇ ਸਾਧਾਰਣ ਆਦਮੀ ਦਾ ਸੁਤੇ ਸਿਧ ਗਿਆਨ ਹੋਣਾ ਅਤੇ ਸ: ਈਸ਼ਰ ਸਿੰਘ ਦੇ ਲੇਖ ਦਾ ਮੇਰੇ ਲਈ ਬੇਲਾਗ ਪੁਸ਼ਟੀਕਾਰ ਹੋਣਾ ਏਸ ਗੱਲ ਦਾ ਪੱਕਾ ਸਬੂਤ ਹੈ ਕਿ ਬਾਬਾ ਜੀ ਦਾ ਜਨਮ 'ਗੁਰਮਾਂ' ਹੀ ਸੀ, ਜਿਨ੍ਹਾਂ ਦੀ ਬਰਕਤ ਕਰਕੇ ਉਸ ਪਿੰਡ ਵਿਚ ੨੦੦ ਬਰਸ ਤੋਂ ਪੰਥਕ ਅਸਥਾਨ ਅਤੇ ਰਾਜਨੀਤਕ ਜਾਗ੍ਰਤੀ ਚਲੀ ਆ ਰਹੀ ਹੈ।

ਈਸ਼ਰ ਸਿੰਘ ਹੁਰਾਂ ਦੀ ਖੋਜ ਬਹੁਤੀ ਜ਼ਰੂਰੀ ਅਤੇ ਚਕ੍ਰਿਤ ਕਰ ਦੇਣ ਵਾਲੀ ਹੈ, ਜੋ ਉਨ੍ਹਾਂ ਨੇ ਲਿਖ ਕੇ ਭੇਜੀ। ਥੋੜੇ ਚਿਰ ਤੋਂ ਪੰਥ ਵਿਚ ਇਕ ਨਿਕੰਮੀ, ਵਾਦੀ ਦੀ ਸਿਪਰਟ ਚਲ ਪਈ ਹੈ ਕਿ ਕਿਸੇ ਦੂਜੇ ਇਲਾਕੇ ਵਿਚ ਹੋ ਚੁਕੇ ਮਹਾਂ ਪੁਰਸ਼ਾਂ ਨੂੰ ਖੋਹਕੇ ਝੂਠ ਮੂਠ ਆਪਣੇ ਬਣਾਉਣਾ ਅਤੇ ਜੇ ਨਾ ਖੋਹਿਆ ਜਾਵੇ ਤਾਂ ਉਸਤੇ ਦੂਸ਼ਨ ਲਾਉਣੇ ਆਰੰਭ ਕੀਤੇ ਜਾਂਦੇ ਹਨ। ਮਹਾਂ ਕਵੀ ਸੰਤੋਖ ਸਿੰਘ ਜੀ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ ਅਤੇ ਅਕਾਲੀ ਫੂਲਾ ਸਿੰਘ ਹੁਰਾਂ ਨੂੰ ਗੈਰ ਮਲਵਈ ਸਿੱਧ ਕਰਨ ਦੇ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ, ਜਿਨ੍ਹਾਂ ਬਾਬਤ ਸਾਨੂੰ ਬਹੁਤ ਅਫਸੋਸ ਹੈ। ਮੈਂ ਉਨ੍ਹਾਂ ਸਜਨਾਂ ਤੇ ਮਹਾਂ ਪੁਰਸ਼ਾਂ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਉਨ੍ਹਾਂ ਰੀ ਪੈਰਵੀ ਕਰਦੇ ਹੋਏ ਕੁਝ ਸੇਵਾ ਕਰਕੇ ਦਿਖਾਓ। ਨਹੀਂ ਤਾਂ ਅਸੀਂ ਉਨ੍ਹਾਂ ਦੇ ਜੀਉਂਦੇ ਜਾਗਦੇ ਵਾਰਸ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੀ ਕ੍ਰਿਪਾ ਕਟਾਖ ਦੁਆਰਾ ਬਣਾਏ ਹਾਂ, ਹੱਕ ਤੋਂ ਵੱਧ ਉਨ੍ਹਾਂ ਨੂੰ ਕਿਵੇਂ ਹਥੋਂ ਛਡ ਦਿਆਂਗੇ? ਉਹ ਤਾਂ ੯੦ ਫੀ ਸਦੀ ਅਸਾਡੇ ਅੰਦਰ ਅਪਣੇ ਸੰਸਕਾਰ ਸੰਜਰ ਕੇ ਹਜਾਰਾਂ ਦੇ ਰੂਪ ਵਿਚ ਚਿਰ ਤੋਂ ਉਦੇ ਹੁੰਦੇ ਆਂਏ ਹਨ, ਤੁਸੀਂ ਉਨਾਂ ਨੂੰ ਪਹੁੰਚ ਨਹੀਂ ਸਕਦੇ ਉਨ੍ਹਾਂ ਦੇ ਖੋਹਣ ਦੀ ਗਲ ਦੂਰ ਗਈ॥

Digitized by Panjab Digital Library | www.panjabdigilib.org

## ਗੁਰਦੁਆਰਾ ਨਾਨਕ ਸਰ ਕਲੇਰ

ਜ਼ਿਲਾ ਲੁਧਿਆਣਾਥਾਣਾ ਸਿਧਮ ਬੇਟ ਤਹਿਸੀਲ ਜਗਰਾਉਂ ਦਾ ਇਕ ਪਿੰਡ ਅਸਟੇਸਣ ਖਾਸ ਏਸ ਜੰਗਲ ਬੀਆਬਾਨ ਨੂੰ ਰੌਣਕ ਸ੍ਰੀ ਸੰਤ ਬਾਬਾ ਨੰਦ ਸਿੰਘ ਜੀ ਸੇਰਪੁਰਾ ਕਲਾਂ ਨੇ ਦਿਤੀ ਹੈ। ਇਸ ਜਗਾਹ ਆਪ ਜੀ ਤਪਸਿਆ ਕਰਕੇ ਇਸ ਗੁਰ ਪੰਗਤੀ ਨੂੰ ਦਰਸਾਇਆ ਜਿਥੇ ਵੈਸਣ ਸਾਧ ਜਨ ਸੋ ਥਾਨ ਸੋਹੰਦਾ। ਹੁਣ ਇਥੇ ਜੰਗਲ ਵਿਚ ਮੰਗਲ ਲਗੇ ਹੋਏ ਹਨ ਗੁਰਦੁਆਰਾ ਤੇ ਸ੍ਰੋਵਰ ਅਤਿ ਸੁੰਦਰ ਤਿਆਰ ਹਨ ਜਿਨ੍ਹਾਂ ਦੀ ਸੇਵਾ ਸੰਤ ਈਸਰ ਸਿੰਘ ਜੀ ਅਭਿਆਸੀ ਨੇ ਕਰਾਈ ਹੈ। ਅਤੇ ਹਰ ਪੂਰਨ ਮਾਸੀ ਨੂੰ ਜੋੜ ਮੇਲਾ ਹੁੰਦਾ ਹੈ ਵੈਸੇ ਰੌਣਕਾਂ ਸਦਾ ਹੀ ਰਹਿੰਦੀਆਂ ਹਨ॥ ਸ੍ਰੀ ਮਾਨ ਸੰਤ ਨੰਦ ਸਿੰਘ ਜੀ ਮਹਾਂਰਾਜ ਬਚਨ ਕਰਦੇ ਹੁੰਦੇ ਹੀ ਕਿ ਬੇਬੇ ਨਾਨਕੀ ਜੀ ਦੇ ਯਾਦ ਕਰਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਛੀਟਾਂ ਵਾਲੇ ਤੋਂ ਚਲ ਕੇ ਕੋਟਲੇ ਗਗਰਾਉਂ ਤੇ ਤਿਹਾੜੇ ਤੋਂ ਹੁੰਦੇ ਹੋਏ ਬੇਬੇ ਜੀ ਦੇ ਪਾਸ ਸੁਲਤਾਨ ਪੁਰ ਪੁਜੇ ਸਨ। ਉਦੋਂ ਇਸ ਜਗਾਹ ਕੁਝ ਅਰਸਾ ਠਹਿਰੇ ਸਨ ਇਸ ਕਰਕੇ ਅਸੀਂ ਨਾਨਕ ਸਰ ਨਾਉਂ ਰਖਿਆ ਹੈ।

## ਗੁਰਦੁਆਰਾ ਘੋਲੀਆ ਤੇ ਮੋਗਾ

ਘੋਲੀਆ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਦਾ ਇਕ ਪਿੰਡ ਘੋਲੀਆ ਖੁਰਦ ਅਸਥਾਨ ਤੇ ਅਨੰਦ ਭਵਨ ਮੋਗਾ ਨੂੰ ਰਾਉਣਕ ਸੰਤ ਮਹਾਂਰਾਜ ਗੁਲਾਬ ਸਿੰਘ ਜੀ ਨੇ ਬਹੁਤ ਦਿਤੀ ਹੈ ਜਿਥੇ ਭੁਖੇ ਵਾਸਤੇ ਸਦਾ ਲੰਗਰ ਤੇ ਬੀਮਾਰਾਂ ਵਾਸਤੇ ਮੁਫਤ ਦੁਆਈਆਂ ਜਿਸ ਕਰ ਕੇ ਆਪ ਜੀ ਨੂੰ ਸਾਰੇ ਪੰਥ ਅੰਦਰ ਸਤਿਕਾਰ ਨਾਲ ਦੇਖਿਆ ਜਾਂਦਾ ਸੀ ਹੁਣ ਮੋਗੇ ਮੁਖ ਪਰਬੰਧਕ ਸੰਤ ਸਰਵਣ ਸਿੰਘ ਜੀ ਤੇ ਘੋਲੀ-ਏ ਮੁਖ ਪਰਬੰਧਕ ਸੰਤ ਹਰਚੰਦ ਸਿੰਘ ਜੀ ਹਨ। ਜੋ ਸੋਹਣੇ ਢੰਗ ਨਾਲ ਸੇਵਾ ਭਗਤਾ ਰਹਿ ਹਨ। ਏਥੇ ਸੈਂਕੜੇ ਹੀ ਵੈਦ ਤੇ ਗਿਆਨੀ ਹੋ ਕੇ ਜਾਂਦੇ ਹਨ।

## ਗੁਰਦੁਆਰਾ ਰਾਮ ਗੜ੍ਹ

ਜ਼ਿਲਾ ਲੁਧਿਹਾਣਾ ਥਾਣਾ ਸਿਧਮ ਬੇਟ, ਤਹਿਸੀਲ ਜਗਰਾਉਂ ਦਾ ਇਕ ਪਿੰਡ ਏਥੇ ਸ੍ਰੀ ਸੰਤ ਮਘਰ ਸਿੰਘ ਜੀ ਨੇ ਦੋ ਗੁਰ ਅਸਥਾਨ ਤਿਆਰ ਕੀਤੇ ਸਨ ਜਿਨਾਂ ਦੀਆਂ ਬਹੁਤ ਹੀ ਸੋਹਣੀਆਂ ਇਮਾ-ਰਤਾ ਬਣੀਆਂ ਹਨ ਇਕ ਅਸਥਾਨ ਦੇ ਮੁਖ ਪਰਬੰਧਕ ਸੰਤ ਨੰਦ ਸਿੰਘ ਜੀ ਹਨ ਜੋ ਬਹੁਤ ਹੀ ਪ੍ਰੇਮ ਹਿਤਕਾਰ ਨਾਲ ਸੇਵਾ ਭੁਗਤਾ ਰਹੇ ਹਨ। ਦੂਜੇ ਗੁਰਦੁਆਰੇ ਦੇ ਪਰਬੰਧਕ ਹੌਲਦਾਰ ਹਰਨਾਮ ਸਿੰਘ ਤੇ ਭਾਈ ਬਿਸ਼ਨ ਸਿੰਘ ਜੀ ਭਾ: ਨੰਦ ਸਿੰਘ ਜੀ ਭਾ: ਸੁੰਦਰ ਸਿੰਘ ਜੀ।

ਪਰਬੰਧ ਪ੍ਰੇਮ ਹਿਤ ਚਲਾ ਰਹੇ ਹਨ। ਏਥੇ ਹੀ ਗੁਰ ਅਸਥਾਨ ਵਿਖੇ ਗਰਲ ਹਾਈ ਸਕੂਲ ਸ੍ਰ: ਬਾਬੂ ਸਿੰਘ ਜੀ ਦੀ ਸਰਪਰਸਤੀ ਹੇਠ ਚਲ ਰਿਹਾ ਹੈ ਜਿਸ ਦੇ ਇਮਦਾਦੀ ਸ: ਜੁਆਲਾ ਸਿੰਘ ਸ: ਪਾਖਰ ਸਿੰਘ ਸ: ਨੰਦ ਸਿੰਘ ਜੀ ਬਿਸ਼ਨ ਸਿੰਘ ਸ: ਸ਼ੇਰ ਸਿੰਘ ਸ: ਨਿਰੰਜਨ ਸਿੰਘ ਅਤੇ ਸ: ਤਿਰਲੋਚਨ ਲਾਭ ਸਿੰਘ ਜੀ ਕੈਪਟਨ ਸ: ਨਰਿੰਦਰ ਸਿੰਘ ਸੰਤ ਚੰਨਣ ਸਿੰਘ ਜੀ

Digitized by Panjab Digital Library | www.panjabdigilib.org

ਬੇਬੇ ਭਾਨ ਕੌਰ ਜੀ ਅਤੇ ਹੈਡਮਿਸਟ੍ਰੈਸ ਬਸੰਤ ਕੌਰ ਜੀ।

ਰਾਮ ਗੜ੍ਹ ਭੁਲਰ ਦੀ ਅਥਕ ਮਿਹਨਤ ਦਾ ਸਦਕਾ ਬੜੀ ਹੀ ਤਰਕੀ ਵਲ ਜਾ ਰਿਹਾ ਹੈ।

## ਗੁਰਦੁਆਰਾ ਮਾਣੂ ਕਾ

ਥਾਣਾ ਬਾਗਾ ਤਹਿਸੀਲ ਮੋਗਾ ਜ਼ਿਲਾ ਫਿਰੋਜ਼ਪੁਰ ਵਿਖੇ ਸੰਤ ਰਾਮ ਸਿੰਘ ਜੀ ਨੇ ਗੁਰਮਤ ਵਿਦਿਆ ਦੀ ਟਕਸਾਲ ਚਾਲੂ ਕਰਕੇ ਬੜੇ ਹੀ ਵਿਦਵਾਨ ਏਥੋਂ ਪੈਦਾ ਕੀਤੇ। ਇਸ ਗੁਰ ਅਸਥਾਨ ਇਮਾਰਤ ਦੀ ਸੇਵਾ ਸ੍ਰੀ ਗੁਰੂ ਜੀ ਨੇ ਸੰਤ ਚੰਨਣ ਸਿੰਘ ਜੀ ਰੱਬ ਤੋਂ ਲਈ ਹੈ।

## ਗੁਰਦੁਆਰਾ ਦੌਦਰ

ਥਾਣਾ ਮਹਿਣਾ ਤਹਿਸੀਲ ਮੋਗਾ, ਸਟੇਸਨ ਅਜੀਤਵਾਲ ਤੋਂ ਤਿੰਨ ਕੋਹ ਤੇ ਹੈ ਇਸ ਗੁਰ ਅਸਥਾਨ ਨੂੰ ਠਾਕਰ ਜੀ ਤੇ ਬਰਕਤ ਈਸ਼ਰ ਸਿੰਘ ਜੀ ਸੰਤ ਮੰਗਲ ਸਿੰਘ ਜੀ ਨੇ ਰੌਣਕ ਦਿੱਤੀ ਹੈ। ਇਸ ਅਸਥਾਨ ਵਿਚ ਅਖਾਂ ਤੋਂ ਮਨਾਖੇ ਸੂਰਮਿਆਂ ਨੂੰ ਮੁਫਤ ਮਹਾਂ ਵਿਦਿਆ ਦਿਤੀ ਜਾਂਦੀ ਹੈ। ਹੁਣ ਤਕ ਏਥੋਂ ੭੦ ਦੇ ਕਰੀਬ ਅਬਲ ਨੰਬਰ ਰਾਗੀਆਂ ਦੀਆਂ ਜੋੜੀਆਂ ਪੈਦਾ ਹੋ ਚੁਕੀਆਂ ਹਨ ਤੇ ਹੋਰ ਹੋ ਰਹੀਆਂ ਹਨ। ਹੁਣ ਮੁਖ ਪਰਬੰਧਕ ਉਪਕਾਰੀ ਮਹੰਤ ਸੰਤਾ ਸਿੰਘ ਜੀ ਹਨ। ਏਸੇ ਗੁਰਦੁਆਰੇ ਦੇ ਵਿਦਿਆਰਥੀ ਪੰਥ ਪਰਸਿਧ ਲਾਲ ਸਿੰਘ ਡਿ: ਡਾਰਾਇਕਟਰ ਵਿਦਿਆ ਵਿਭਾਗ ਪਟਿਆਲਾ ਹਨ॥

## ਗੁਰਦੁਆਰਾ ਸ: ਠੇਠਰ

ਜ਼ਿਲਾ, ਤਹਿਸੀਲ ਫੀਰੋਜ਼ਪੁਰ ਦਾ ਇਕ ਪਿੰਡ ਠੇਠਰ ਵਿਖੇ ਸ੍ਰੀ ਸੰਤ ਸਬੇਗ ਸਿੰਘ ਜੀ ਨੇ ਗੁਰ-ਦੁਆਰਾ ਆਪ ਜੀ ਦੀ ਪਰਕਿਰਿਆ ਸੇ ਮਕੰਮਲ ਕੀਤਾ ਹੈ ਜਿਥੋਂ ਅਠੋ ਪਹਿਰ ਭੁਖੇ ਨੂੰ ਪ੍ਰਸਾਦਾ, ਬੀਮਾਰਾਂ ਨੂੰ ਦੁਆਈ ਮੁਫਤ ਹਰ ਇਕ ਵਾਸਤੇ ਵਿਸਰਾਮ ਮਿਲਦਾ ਹੈ। ਆਪ ਜੀ ਬੜੇ ਪ੍ਰਉਪਕਾਰੀ ਮਹਾਤਮਾ ਹਨ। ਅਰ ਅਖੰਡ ਪਾਠਾਂ ਦਾ ਪ੍ਰਵਾਹ ਚਲਾਈ ਰਖਦੇ ਹਨ॥

## ਗੁਰਦੁਆਰਾ ਮਸਤੂਆਣਾ

ਇਹ ਗੁਰ ਅਸਥਾਨ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਦਾ ਆਬਾਦ ਕੀਤਾ ਹੋਇਆ ਹੈ। ਬੜੇ ਹੀ ਸੁੰਦਰ ਗੁਰਦੁਆਰਾ ਤੇ ਸਰੋਵਰ ਤਿਆਰ ਕੀਤੇ ਹਨ, ਜਿਥੇ ਆਪ ਜੀ ਨੇ ਸੰਗਤਾਂ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਤੇ ਇਸ਼ਨਾਨ ਦਾ ਪਰਬੰਧ ਕੀਤਾ ਹੈ। ਅਤੇ ਨਾਲ ਅਵਿਦਿਆ ਦੂਰ ਕਰਨ ਹਿਤ ਕਾਲਜ ਚਾਲੂ ਕਰ ਕੇ ਇਕ ਮਹਾਨ ਪੰਥ ਦੇ ਸਿਰ ਅਸਾਨ ਚੜ੍ਹਾਇਆ। ਕੌਮੀ ਹੀਰੇ ਜਿਸ ਕਾਲਜ ਵਿਚੋਂ ਸੈਂਕੜੇ ਪੈਦਾ ਹੋਏ ਤੇ ਹੋ ਰਹੇ ਹਨ। ਪਰਬੰਧ ਕਮੇਟੀ ਦੇ ਹਥ ਹੈ। ਹੋਰ ਸੇਵਾ ਕਰਨ ਵਾਲੇ ਬਹਿੰਗਮ ੮੦ ੯੦ ਰਹਿੰਦੇ ਹਨ।

## ਗੁਰਦੁਆਰਾ ਪੰਜ ਗਰਾਈ ਕਲਾ

ਇਸ ਗੁਰ ਅਸਥਾਨ ਨੂੰ ਰੌਣਕ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਨੇ ਬਹੁਤ ਦਿਤੀ ਹੈ। ਇਹ

Digitized by Panjab Digital Library | www.panjabdigilib.org

ਅਸਥਾਨ ਪਿੰਡ ਦੇ ਵਿਚਕਾਰ ਹੈ। ਜਿਸ ਦੀ ਇਮਾਰਤ ਬਹੁਤ ਸੁੰਦਰ ਬਣੀ ਹੋਈ ਹੈ। ਪਾਸ ਰਹੈਸੀ ਮਕਾਨ ਦੁਆਸਮੇ ਤੇ ਲੰਗਰ ਅਤਿ ਸੁੰਦਰ ਤਰੀਕੇ ਦਾ ਹੈ। ਜਿਸ ਦੇ ਮੁਖ ਪਰਬੰਧਕ ਸੰਤ ਮਾਹਣਾ ਸਿੰਘ ਜੀ ਪੰ: ਤਰਲੋਕ ਸਿੰਘ ਜੀ ਬੜੇ ਹੀ ਮਿਲਾਪੜੇ ਹਨ ਜਿਨਾਂ ਤੋਂ ਬੜੇ ਹੀ ਲੋਕ ਬਰੋਸੇਂਦੇ ਹਨ।

## ਗੁਰਦੁਆਰਾ ਸਚ ਖੰਡ* ਬੋਪਾ ਰਾਇ ਕਲਾਂ

ਜ਼ਿਲਾ ਲੁਧਿਹਾਣਾ ਤਹਿਸੀਲ ਜਗਰਾਉਂ ਦਾ ਇਕ ਪਿੰਡ ਬੋਪਾ ਰਾਇ ਜਿਸ ਵਿਖੇ ਸ੍ਰੀ ਸੰਤ ਸੁੰਦਰ ਸਿੰਘ ਜੀ ਨੇ ਸੰਗਤਾਂ ਨੂੰ ਪ੍ਰੇਰਨਾ ਕਰ ਕੇ ਗੁਰਦੁਆਰੇ ਦੀ ਸੇਵਾ ਕਰਵਾਈ ਹੈ। ਇਸ ਦੇ ਮੁਖ ਪ੍ਰਬੰਧਕ ਗਿਆਨੀ ਗੁਰਦਿਆਲ ਸਿੰਘ ਜੀ ਗੁਰਮਤ ਦੇ ਗਿਆਤਾ ਤੇ ਨੀਤੀ ਨਿਪੁੰਨ ਹਨ। ਜੋ ਸ੍ਰੀ ਗੁਰੂ ਪੰਥ ਸਾਹਿਬ ਜੀ ਤੇ ਗੁਰ ਇਤਿਹਾਸ ਦੀ ਪੜਾਈ ਕਰਾਂਦੇ ਅਤੇ ਸੁਭਾ ਸ਼ਾਮ ਕਥਾ ਕੀਰਤਨ ਦਾ ਪ੍ਰਵਾਹ ਚਲਾ ਰਹੇ ਹਨ। ਲੰਗਰ ਤੇ ਰਿਹਾਇਸ਼ ਦਾ ਪ੍ਰਬੰਧ ਬਹੁਤ ਸੁੰਦਰ ਹੈ।

## (ਗੁਰਦੁਆਰਾ ਭਾਈ ਰੂਪਾ)

ਇਸ ਗੁਰ ਅਸਥਾਨ ਤੋਂ ਗੁਰਮੁਖੀ ਦੇ ਲਿਖਾਰੀ ਬੇਅੰਤ ਪੈਦਾ ਹੋਏ ਜਿਨਾਂ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੈਂਕੜੇ ਸਰੂਪ ਹਥੀ ਲਿਖ ਕੇ ਬਹੁਮੁਲੀ ਸੇਵਾ ਕੀਤੀ ਜਦੋਂ ਗੁਰਮੁਖੀ ਦੇ ਪ੍ਰੈਸ (ਛਾਪੇਖਾਨੇ) ਨਹੀਂ ਚਲੇ ਸਨ। ਇਸ ਗੁਰਦੁਆਰੇ ਨੂੰ ਰੌਣਕ ਦੇਣ ਵਾਲੇ ਮਹੰਤ ਦੇਵਾ ਸਿੰਘ ਜੀ ਜੌਹਲ ਜਨੇਤ ਪੁਰਾ ॥ ਇਸ ਟਕਸਾਲ ਦੇ ਲਿਖਾਰੀ ਹੇਠ ਲਿਖੇ ਪਿੰਡਾਂ ਵਿਚ ਅਜ ਕਲ ਵਸ ਰਹੇ ਹਨ। ਭਾਈ ਕਾ ਦਿਆਲ ਪੁਰਾ । ਭਾਈ ਕੀ ਸਮਾਧ ਤੇ ਭਾਈ ਰੂਪਾ ਆਦਿ।

## ਗੁ: ਲਹਿਰਾ ਬੇਗਾ

ਇਸ ਗੁਰਦੁਆਰਾ ਸਾਹਿਬ ਜੀ ਨੂੰ ਰੌਣਕ ਸ੍ਰੀ ਸੰਤ ਵਧਾਵਾ ਸਿੰਘ ਜੀ ਨੇ ਦਿਤੀ ਹੈ ਜਿਥੇ ਭਜਨ ਕੀਰਤਨ, ਤੇ ਵਿਦਿਆ ਦਾ ਛੇਤਰ ਲਾ ਰਖਿਆ ਹੈ। ਆਪ ਜੀ ਤੋਂ ਵਿਦਿਆ ਹਾਸਲ ਕਰਨ ਵਾਲੇ ਪੰਡਤ ਕਿਸ਼ਨ ਸਿੰਘ ਭਾਈ ਰਾਮ ਸਿੰਘ ਜੀ ਸ੍ਰੀ ੧੦੮ ਸੰਤ ਨੰਦ ਸਿੰਘ ਜੀ ਕਲੇਰ ਆਦਿ ਹਨ।

## ਗੁਰਦੁਆਰਾ ਉਗੋ ਕੇ

ਇਹ ਅਸਥਾਨ ਮਹਿਮਾਂ ਸ਼ਾਹੀ ਸੰਮਪਰਦਾ ਦਾ ਮੁਖ ਅਸਥਾਨ ਹੈ ਜਿਥੋਂ ਸੈਂਕੜੇ ਵਿਦਿਆ ਪ੍ਰਾਪਤ ਕਰਕੇ ਵੈਦ, ਪੰਡਤ ਪੈਦਾ ਹੋਏ ਤੇ ਹੋ ਰਹੇ ਹਨ। ਇਸ ਦੇ ਮੁਖ ਪ੍ਰਬੰਧਕ ਪੰਡਤ ਹਰ ਕਿਸ਼ਨ ਸਿੰਘ ਜੀ ਮਹੰਤ ਦੇ ਪਰਸਾਰਥ ਨਾਲ ਸੋਹਣੀ ਤਰਕੀ ਤੇ ਜਾ ਰਿਹਾ ਹੈ।

---

* ਪ੍ਰ ਉਪਕਾਰੀ ਸੰਤ ਸੁੰਦਰ ਸਿੰਘ ਜੀ ਨੇ ਏਥੇ ਸਰੀਰ ਤਿਆਗਣ ਤੇ ਸਚਖੰਡ ਨਾਉਂ ਰਖਿਆ ਹੈ।

Digitized by Panjab Digital Library | www.panjabdigilib.org

## ਗੁਰਦੁਆਰਾ ਅਖੰਡ* ਪ੍ਰਕਾਸ਼

ਜ਼ਿਲਾ ਫੀਰੋਜ਼ਪੁਰ, ਤਹਿਸੀਲ ਜੀਰਾ, ਥਾਣਾ ਧਰਮ ਕੋਟ ਦਾ ਇਕ ਪਿੰਡ ਹੈ। ਇਸ ਗੁਰ ਅਸਥਾਨ ਦੀ ਸੇਵਾ ਸ੍ਰੀ ਮਾਨ ਗਿ: ਸੁੰਦਰ ਸਿੰਘ ਜੀ ਸ੍ਰੀ ਮਾਨ ਗਿ: ਇੰਦਰ ਸਿੰਘ ਜੀ ਭਿੰਡਰਾਂ ਨੇ ਕਰਾਈ ਹੈ। ਪਾਸ ਹੀ ਲੰਗਰ ਤੇ ਰਿਹੈਸ਼ੀ ਮਕਾਨ ਹੈ। ਅਜ ਕਲ ਸ੍ਰੋ: ਵਿਦਿਆਲਾ ਹੈ। ਜਿਥੋਂ ਬੇਅਤ ਗਿਆਨੀ ਤੇ ਅਖੰਡ ਪਾਠੀ ਤੇ ਸੁਧ ਪਾਠੀ ਹੋਕੇ ਗੁਰੂ ਪੰਥ ਦੀ ਅਮੁਲੀ ਸੇਵਾ ਕਰ ਰਹੇ ਹਨ। ਏਥੋਂ ਦੇ ਮੁਖ ਪ੍ਰਬੰਧਕ ਤੇ ਹਿਤਕਾਰੀ ਸ੍ਰੀ ਮਾਨ ਗਿ: ਗੁਰਬਚਨ ਸ਼ਿੰਘ ਜੀ ਖਾਲਸਾ, ਅਖਾੜਾ ਜੋ ਗੁਰਮਤ ਪ੍ਰਚਾਰ ਹਿਤ ਵਿਦਿਆਰਥੀਆਂ ਦੇ ਨਾਲ ਵਿਚਰ ਕੇ ਸੋਹਣੀ ਰੀਤੀ ਨਾਲ ਗੁਰਮਤ ਦਾ ਪ੍ਰਚਾਰ ਕਰ ਰਹੇ ਹਨ

## ਗੁਰਦੁਆਰਾ ਸੇਖਮਾ

ਜ਼ਿਲਾ ਫੀਰੋਜ਼ਪੁਰ, ਥਾਣਾ, ਤਹਿਸੀਲ ਜੀਰਾ ਦਾ ਇੱਕ ਪਿੰਡ ਇਸ ਗੁਰ ਅਸਥਾਨ ਦੀ ਸੇਵਾ ਸ੍ਰੀ ਮਾਨ ਧਿਆਨ ਸਿੰਘ ਜੀ ਨੇ ਕਰਾਈ ਏਥੇ ਖਾਸ ਵਿਦਵਾਨਾਂ ਦੀ ਟਕਸਾਲ ਚਲੀ ਆਉਂਦੀ ਹੈ। ਇਸੇ ਟਕਸਾਲ ਦੇ ਗਿ: ਬਦਨ ਸਿੰਘ ਜੀ ਧਿਆਨ ਸਿੰਘ ਜੀ ਜੋ ਆਦਿ ਸਿਰੀ ਗੁਰੂ ਗਰੰਥ ਸਾਹਿਬ ਜੀ ਦਾ ਟੀਕਾ ਜੋ ਮਹਾਰਾਜਾ ਫਰੀਦ ਕੋਟ ਨੇ ਮਹਾਂ ਪ੍ਰਉਪਕਾਰ ਕਰ ਕੇ ਗੁਰੂ ਪੰਥ ਤੋਂ ਜਸ ਦੇ ਪਾਤ੍ਰ ਬਣੇ ਹਨ ਉਸਦੇ ਮੁਖੀ ਲਿਖਾਰੀਆਂ ਵਿਚੋਂ ਸਨ। ਇਸ ਗੁ: ਦੇ ਨਾਲ ਜ਼ਮੀਨ ਸੈਂਕੜਿਆਂ ਦੇ ਹਿਸਾਬ ਹੈ। ਅਸਟੇਸ਼ਨ ਭਾਈ ਕੀ ਤਲਵੰਡੀ ਤੋਂ ਜੀਰੇ ਵਾਲੀ ਪੱਕੀ ਸੜਕ ਤੇ ਹੈ॥

---

* ਅਖੰਡ ਪ੍ਰਕਾਸ ਨਾਉ ਏਥੇ ਗਿ: ਸੁੰਦਰ ਸਿੰਘ ਜੀ ਨੇ ੧੦੧ ਅਖੰਡ ਪਾਠ ਕਰਾਏ ਸਨ॥

Digitized by Panjab Digital Library | www.panjabdigilib.org

ੴ

# ਮਾਰਿਆ ਸਿਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ

## ਸਦਾ ਸਲਾਮਤ ਪੰਥ ਤੁਮਾਰਾ

ਸਿਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੫੨੬ ਬਿ: ਤੋਂ ਸੰਨ ੧੫੯੬ ਤਕ ਗੁਰਗਦੀ ਪਰ ਵਿਰਾਜਮਾਨ ਹੋਕੇ ਜਗਤ ਜੀਵਾਂ ਦਾ ਉਧਾਰ ਕਰਨ ਹਿਤ ੭੦ ਵਰਸ ਦੀ ਆਰਜਾ ਅੰਦਰ ਹੇਠ ਲਿਖੇ ਥਾਵਾਂ ਤੇ ਜਾ ਕੇ ਭੁਲੇ ਭਟਕਦਿਆਂ ਲੋਕਾਂ ਨੂੰ ਸਤ ਉਪਦੇਸ਼ ਦੇਕੇ ਨਿਹਾਲ (ਉਧਾਰ) ਕੀਤਾ ।।

ਬਾਬੇ ਤਾਰੇ ਚਾਰ ਚੱਕ ਨੌ ਖੰਡ ਪ੍ਰਿਥਿਮੀ ਸੱਚਾ ਢੋਆ
ਗੁਰਮੁਖ ਕਲਿ ਵਿਚ ਪਰਗਟ ਹੋਆ ।। [ਭਾ: ਗੁਰਦਾਸ ਜੀ]

ਅਤੇ ਪੰਜਾਬ ਹਿੰਦੁਸਤਾਨ ਦੇ ਤਾਂ ਕੋਨੇ ੨ ਚਕਰ ਲਗਾਕੇ ਸਾਰੇ ਮਜ਼ਹਬ ਸਾਰੇ ਮੱਤ ਸਾਰੇ ਮੁਲਕਾਂ ਦਾ ਏਨਾਂ ਲੰਮਾ ਚੌੜਾ ਸਫ਼ਰ ਕਰਕੇ ਦੇਖਿਆ ਕਿ ਸਾਰੀ ਲੁਕਾਈ ਗੁਲਾਮੀ ਦੇ ਕਰੜੇ ਸੰਗਲਾਂ ਵਿਚ ਜਕੜੀ ਪਈ ਸੀ। ਇਥੋਂ ਦੀ ਮਨੁਖਤਾ ਜ਼ੁਲਮਾਂ ਦੀ ਚਕੀ ਵਿਚ ਪਿਸ ਰਹੀ ਸੀ। ਇਸ ਵਿਚੋਂ ਅਣਖ ਖਤਮ ਹੋ ਚੁਕੀ ਸੀ ਜਿਸ ਕਰਕੇ ਜ਼ਾਲਮ ਦਾ ਮੁਕਾਬਲਾ ਕਰਨ ਦੀ ਸ਼ਕਤੀ ਨਹੀਂ ਰਹੀ ਸੀ। ਇਹ ਕਿਉਂ ਇਸ ਲਈ ਕਿ ਮਨੁਖ ਦੀ ਜ਼ਿੰਦਗੀ ਦੇ ਹਰ ਪਹਿਲੂ ਵਿਚੋਂ ਧਰਮ ਅਤੇ ਆਸਤਕਤਾ ਦੀ ਅੰਸ ਖਤਮ ਹੋ ਚੁਕੀ ਸੀ। ਜੇ ਕਿਤੇ ਕੋਈ ਝਲਕ ਨਜ਼ਰ ਆ ਵੀ ਰਹੀ ਸੀ ਤਾਂ ਉਹ ਨਿਰੀ ਜ਼ਾਹਰਦਾਰੀ ਤੇ ਦਿਖਾਵਾ ਹੀ ਸੀ ।। ਜੈਸੇ

ਭੇਖ ਦਖਾਇਓ ਜਗਤ ਕੋ ਲੋਗਨ ਕੋ ਬਸ ਕੀਨ ।।

ਇਸ ਵਾਸਤੇ ਜਗਤ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਸਮੇਂ ਭਾਰਤ ਦੀ ਸਾਰੀ ਜਨਤਾ 'ਪਰਜਾ ਅੰਧੀ ਗਿਆਨ ਬਿਨ'' ਜ਼ਿੰਦਗੀ ਦੇ ਸਭ ਪਹਿਲੂਆਂ ਵਿਚ ਗੋਤੇ ਖਾ ਰਹੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਦਾ ਕਾਰਨ ਭਾਈ ਲਾਲੋ ਨੂੰ ਸੰਬੋਧਨ ਕਰਦਿਆਂ ਇਹ ਦਸਦੇ ਹਨ।

ਸਰਮ ਧਰਮ ਦੋਏ ਛਪ ਖਲੋਏ
ਕੂੜ ਫਿਰੇ ਪਰਧਾਨ ਵੇ ਲਾਲੋ ।।

ਮਲਕ ਭਾਗੋ, ਸਜੱਣ ਠਗ, ਅਤੇ ਕੌਡੇ ਜਿਹੇ ਰਾਖਸ ਬੇਅੰਤ ਜਨਤਾ ਦਾ ਖ਼ੂਨ ਪੀ ਰਹੇ ਸਨ ।। ਰਾਜੇ ਕਸਾਈ ਬਣੇ ਹੋਏ ਸਨ ।। ਉਸ ਸਮੇਂ ਦਾ ਨਕਸ਼ਾ ਗੁਰੂ ਜੀ ਇਉਂ ਫਰਮਾਨ ਕਰਦੇ ਹਨ

ਕਲ ਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਰਿਆ ।।
ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ ।।

Digitized by Panjab Digital Library | www.panjabdigilib.org

ਭਾਵ, ਧਰਮ ਤੇ ਸਰਮ ਕਿਤੇ ਨਜਰ ਨਹੀਂ ਸੀ ਆਉਂਦਾ ਕੀ ਮੌਲਵੀ, ਕਾਜ਼ੀ, ਪੰਡਤ, ਸਿਧ, * ਵਲੀ ਤੇ ਫਕੀਰ, ਅਤੇ ਯੋਗੀ ਕੋਈ ਵੀ ਮਨੁਖਤਾ ਦੀ ਫਿਰਆਦ ਨਹੀਂ ਸੁਣ ਰਿਹਾ ॥ ਨਾ ਹੀ ਉਨਾਂ ਪਾਸ ਕੋਈ ਸ਼ਕਤੀ ਸੀ ਨਾ ਇਲਾਜ ਸੀ ॥

ਜਗਤ ਗੁਰਦੇਵ ਜੀ ਨੇ ਭਾਰਤ ਦੇ ਆਰਥਕ ਸਿਆਸਤ, ਸਮਾਜ ਤੇ ਰਾਜ ਵਿਚ ਪਏ ਨੁਕਸਾਂ ਦਾ ਕਾਰਨ ਅਤੇ ਭਾਰਤੀਆਂ ਵਿਚ ਸਮਾਈ ਕਾਇਰਤਾ ਦੀ ਵਜਾ ਇਹੋ ਦੇਖੀ ਕਿ ਹਰ ਕੋਈ ਆਪਣਾ ਧਰਮ ਛਡ ਚੁਕਾ ਹੈ। ਦੂਜੇ ਦੇ ਦੂਜੇ ਮਤ ਦਾ ਖੰਡਨ ਨਾ ਕਰਉ ਆਜ਼ਾਦੀ ਨਾਲ ਕਿਸੇ ਮਤ ਨੂੰ ਧਾਰਨ ਕਰੇ ਇਸ ਵਾਸਤੇ ਅਰਸ਼ੀ ਪ੍ਰੀਤਮ ਨੇ ਸਾਰੀ ਦੁਨੀਆਂ ਦੇ ਮੁਖੀਆਂ ਪਾਸ ਪੁਜੇ ਚਾਹੇ ਉਹ ਸਮਾਜਕ ਮੁਖੀ ਸੀ, ਵਲੀ ਸੀ, ਫਕੀਰ ਸੀ, ਸਿਧ, ਪੰਡਤ, ਮੁਲਾਂ, ਚਾਹੇ ਸ਼ਾਹ ਜਾਂ ਰਾਜਾ ਸੀ, ਮੰਦਰਾਂ ਵਿਚ ਗਏ, ਮਠਾਂ ਤੇ ਪਹੁੰਚੇ, ਮਕੇ ਤੇ ਮਦੀਨੇ ਗਏ ॥ ਗਲ ਕੀ ਉਸ ਵਕਤ ਦੀ ਸੁਣੀ ਦੇਖੀ ਜਾਣ ਵਾਲੀ ਦੁਨੀਆਂ ਦੀ ਹਰ ਨੁਕਰੇਂ ਗਏ ॥ ਨਾ ਕਿਸੇ ਹਿੰਦੂ ਨਾ ਮੁਸਲਮਾਨ ਨੂੰ ਆਪਣਾ ਮਤ ਛਡਣ ਲਈ ਕਿਹਾ ਅਤੇ ਨਾ ਹੀ ਕਿਸੇ ਰਾਜੇ ਨੂੰ ਰਾਜ ਤਿਆਗ ਦਾ ਉਪਦੇਸ਼ ਦਿਤਾ ॥ ਸਭ ਨੂੰ ਇਹੋ ਸਮਝਾਇਆ ਕਿ ਜਿਸ ਕਾਰ ਵਿਚ ਅਤੇ ਜ਼ਿਸ ਮਜ਼ਹਬ ਵਿਚ ਹੈ ਉਸੇ ਵਿਚ ਪਕੇ ਰਹਿੰਦੇ ਹੋਏ ਸਦਾ ਕਰਤਾਰ ਨੂੰ ਯਾਦ ਰਖੋ ॥ ਸਚ ਨੂੰ ਗ੍ਰਹਿਣ ਕਰੋ ਤੇ ਸਚੇ ਅਰਥਾਂ ਵਿੱਚ ਧਰਮੀ ਬਣੋ ਕਿਉਂਕਿ

ਧਰਮ ਸਹਾਰਾ ਹੈ ਸੰਸਾਰ ਦਾ, ਨੌ ਖੰਡ ਪ੍ਰਿਥਵੀ ਅਤੇ ਕੁਲ ਬ੍ਰਹਿਮੰਡ ਦਾ ॥ ਜਿਥੇ ਧਰਮ ਕਾਇਮ ਹੈ ਉਥੇ ਹੀ ਸੁਖ, ਸ਼ਾਂਤੀ, ਅਮਨ ਦਾ ਰਾਜ ਹੈ ॥ ਜਿਥੇ ਧਰਮ ਨਹੀਂ ਉਥੇ

ਸਚ ਕਿਨਾਰੇ ਰਹਿ ਗਿਆ, ਖਹਿ ਖਹਿ ਮਰਨ ਬਾਮਣ ਮੁਲਾਣੇ।
ਕਾਦੀ ਕੂੜ ਬੋਲ ਮਲ ਖਾਇ, ਬਾਮਣ ਨਾਵਹ ਜੀਅ ਅਘਾਇ ॥ ਭਾ: ਗੁ: ਜੀ
ਜੋਗੀ ਜੁਗਤ ਨਾ ਜਾਣਾ, ਅੰਧ, ਤੀਨੇ ਉਜਾੜੇ ਕਾ ਹੋਇ ਬੰਧ ॥ ਭਾਵ ਦੂਜੇ ਨੂੰ ਦੂਜਾ ਖੰਡਨ ਕਰਕੇ ਝਗੜੇ ਬਧੌਣ ਲਗੇ ਹੋਏ ਸੀ। ਇਤਆਦਿ ਸਾਰੀਆਂ ਹਾਲਤਾਂ ਦਾ ਸੁਧਾਰ ਕਰਨ ਹਿਤ
ਮਾਰਿਆ ਸਿਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ ॥

ਗੁਰਮਤਿ ਸਤਿ ਕਰਿ ਚੰਚਲ ਅਚਲ ਭਏ
ਮਹਾਂ ਮਲ ਮੂਤ੍ਰ ਧਾਰੀ ਨਿਰਮਲ ਕੀਨੇ ਹੈਂ॥
ਗੁਰਮਤਿ ਸਤਿ ਕਰ ਜੋਨਿ ਤੇ ਅਜੋਨਿ ਭਏ,
ਕਾਲ ਤੇ ਅਕਾਲ ਕੈ ਅਮਰ ਪਦ ਦੀਨੇ ਹੈਂ ॥
ਗੁਰਮਤਿ ਸਤਿ ਕਰਿ ਹਉਮੈ ਹੋਇ ਰੇਨ,
ਤ੍ਰਿਕੁਟੀ ਤ੍ਰਿਬੇਨੀ ਪਾਰ ਆਪਾ ਆਪ ਜੀਨੇ ਹੈਂ ॥
ਗੁਰਮਤਿ ਸਤਿ ਕਰਿ ਬਰਨ ਅਬਰਨ ਭਏ,

---

* ਰਬੀ ਬਾਣੀ :— ਹਥ ਕਮੰਡਲ ਕਾਪੜੀਆਂ ਮਨ ਤਰਿਸ਼ਨਾ ਉਪਜੀ ਭਾਰੀ
ਇਸਤ੍ਰੀ ਤਜ ਕਰ ਕਾਮ ਬਿਆਪਿਆ ਚਿਤ ਲਾਇਆ ਪਰ ਨਾਰੀ ॥ ਪੁਨਾ:
ਜਤੀ ਸਦਾਵੈ ਜੁਗਤ ਨਾ ਜਾਣੈ ਛਡ ਬਹੇ ਘਰ ਬਾਰ ॥ ਅਥਵਾ ॥
ਘਰ ਕੀ ਨਾਰ ਤਿਆਗ ਅੰਧਾ ਪਰ ਨਾਰੀ ਸਿਉ ਘਾਲੈ ਧੰਧਾ ॥

Digitized by Panjab Digital Library | www.panjabdigilib.org

ਭੈ ਭ੍ਰਮ ਨਿਵਾਰ ਡਾਰ ਨਿਭੈ ਕਰ ਲੀਨੇ ਹੈਂ ॥

[ਭਾ : ਗੁਰਦਾਸ ਸ : ਜੀ]

(ਪੁਨਾ) ਨਿਰਮਲ ਭੇਖ ਉਪਾਰ ਤਾਸ ਬਿਨ ਅਵਰ ਨਾ ਕੋਈ ॥ (ਭਟ) (ਸਵੈਯੇ ਮ : ੫)
ਅਹਿਨਿਸ ਨਵਤਨ ਨਿਰਮਲਾ ਮੈਲਾ ਕਬਹੂ ਨਾ ਹੋਇ ॥ (ਵਾਰ ਸੂਹੀ ਮ : ੧)
ਸਾਧ ਸੰਗਿ ਹੋਇ ਨਿਰਮਲ ਨਾਨਕ ਪ੍ਰਭ ਕੈ ਰੰਗਿ (ਗਊੜੀ ਥਿਤੀ ਮ : ੧)

ਗੁਰਮੁਖ ਮਾਇਆ ਵਿੱਚ ਉਦਾਸੀ, ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ ॥

ਰਾਜ ਜੋਗੀ ਪਿਤਾ ਨੇ ਰਾਜ ਜੋਗੀ ਦੇ ਭਾਵ ਨੂੰ ਮੁਖ ਰਖਕੇ ਸਦ ਗ੍ਰਿਸਥੀਆਂ ਦਾ ਪੰਥ ਚਲਾਇਆ ਇਸ ਪ੍ਰਚਾਰ ਨੂੰ ਸੁਣ ਜੋ ਆਪ ਦੀ ਮੌਜ ਨਾਲ ਮੁਸਲਮਾਨ ਜਾਂ ਹੋਰ ਮਤ ਦਾ ਸ਼ਰਨ ਆਇਆ ॥ ਉਸਨੂੰ ਸਰਨ ਦੇ ਕੇ ਏਕਤਾ ਦੀ ਲੜੀ ਵਿੱਚ ਪਰੋਦਿਆਂ ਇਉਂ ਉਪਦੇਸ਼ ਦਿਤਾ

ਦੁਬਿਧਾ ਨ ਪੜਉ ਹਰਿ ਬਿਨ ਹੋਰ ਨ ਪੂਜਉ ਮੜੈ ਮਸਾਣਿ ਨ ਜਾਈ ॥
ਤ੍ਰਿਸਨਾ ਰਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ॥ ਸੋਰਠ ਮ : ੧ ॥

ਇਤਆਦਿ ਉਪਦੇਸ਼ ਦੇ ਕੇ ਜੋ ਆਪਾ ਪ੍ਰਸਤ ਲੋਕਾਂ (ਕਰਮਕਾਂਡੀ) ਦੇ ਵਹਿਮ ਪਾਇ ਹੋਏ ਸਨ ॥ ਉਨ੍ਹਾਂ ਨੂੰ ਦੂਰ ਕਰ ਕੇ ਅਗੇ ਲਈ ਸਦ ਗ੍ਰਿਸਤੀਆਂ ਨੂੰ ਅਜਿਹਾ ਸਤ ਗਿਆਨ ਅਤੇ ਨਾਮ ਦਰੜਾਇ ਕੇ ਨਿਰਮਲ (ਸਿਖ) ਪੰਥ ਪਰਚਲਤ ਕਰ ਦਿਤਾ ॥ ਜਿਸ ਵਿਚ "ਘਾਲ ਖਾਇ ਕਿਛੁ ਹਥਹੁ ਦੇਇ" ਦੇ ਅਸੂਲ ਮਨੁਖ ਮਾਤ੍ਰ ਵਾਸਤੇ ਕਾਇਮ ਕਰਕੇ ਹਰੇਕ ਦਾ ਮਾਣ ਪੂਰੀ ਤਰ੍ਹਾਂ ਰਖਿਆ ਜਾਂਦਾ ਅਤੇ ਗੁਰ ਦਰਬਾਰ ਵਿਚ ਗ੍ਰੀਬ ਅਮੀਰ ਅਤੇ ਕਿਰਤੀ–ਕਿਸਾਨ ਸਾਰਿਆਂ ਨੂੰ ਏਕ ਪਿਤਾ ਏਕਸ ਕੇ ਹਮ ਬਾਰਕ ਤਕਕੇ ਫਰਮਾਇਆ ਸੀ ॥

ਹੋਇ ਇਕਤ੍ਰ ਮਿਲੋ ਮੇਰੇ ਭਾਈ ਦੁਬਦਾ ਦੂਰ ਕਟਉ ਲਿਵ ਲਾਇ ॥
ਹਰਿ ਨਾਮੈ ਕੇ ਹੋਵੋ ਜੋੜੀ ਗੁਰਮੁਖ ਵੈਸੋ ਸਫਾ ਵਛਾਇ ॥ ਦੇ ਪਰੋਗਰਾਮ ਨੂੰ ਨੌ ਸਰੂਪਾਂ ਵਿਚ ਪ੍ਰਚਾਰਿਆ ॥

ਅਤੇ ਸ੍ਰੀ ਦਸਮੇਸ਼ ਪਿਤਾ ਜੀ ਨੇ ਐਸੇ ਪੁਕਾਰ ਕੇ

ਸ੍ਰੀ ਗੁਰੂ ਗੋਬਿੰਦ ਸਿੰਘ ਸੁਨ ਕਰ ਐਸੇ । ਬੋਲੇ ਘਨਹਰ ਜੈਸੇ ।
ਇਸ ਬਿਧ ਕੋ ਅਬ ਪੰਥ ਬਨਾਵੋ । ਸਕਲ ਜਗਤ ਮਹਿ ਬਹੁ ਬਿਦਤਾਵੋ ।
ਲਾਖਹੁੰ ਨਰ ਜਗ ਕੇ ਇਕ ਥਾਇ। ਤਿਨ ਮਹਿ ਮਿਲੈ ਏਕ ਸਿੱਖ ਜਾਇ ।
ਸਭ ਮਹਿ ਪ੍ਰਥੱਕ ਪਛਾਨਯੋ ਪਰੈ । ਰਲੈ ਨ ਕਬਹੂ ਕੈ ਸਿਰੁ ਕਰੈ ।
ਜਥਾ ਬਕਨ ਮਹਿ ਹੰਸਨ ਛਪੈ । ਗਿਰੀਅਨ ਵਿਖੇ ਮੋਰ ਜਿਮ ਵਿਪੈ ।
ਜਯੋ ਖਰਗਨ ਮਹਿ ਬਲੀ ਤੁਰੰਗ। ਜਥਾ ਮ੍ਰਿਗਿਨ ਮਹਿ ਕੇਹਰ ਅੰਗ ।
ਤਿਮ ਨਾਨਾ ਭੇਖਨ ਕੇ ਮਾਹਿ । ਮਮ ਸਿੱਖ ਕੋ ਸਗਲੇ ਪਰਖਾਹਿ ।

( ਗੁ: ਪ੍ਰ: ਸੂਰਜ ੧–੭ )

ਇਸ ਕਰਕੇ ਸੰ: ੧੭੫੬ ਵਾਲੇ ਦਿਲ ਨਿਰੋਲ ਗੁਰੂ ਪੰਥ ਦੀ ਸਾਜਨਾ ਕਰਕੇ

Digitized by Panjab Digital Library | www.panjabdigilib.org

ਪੰਥ ਦੀ ਬੁਨਿਆਦਿ ਪੰਜਾ ਪਿਆਰਿਆਂ ਤੋਂ ਕਾਇਮ ਕਰਕੇ (ਅਪਰ ਅਪਾਰੀ ਖਾਲਸੇ ਦਾ ਖਤਾਬ ਤੇ (ਵਰ) ਫੈਲੇਗਾ ਦਸ ਦਿਸ਼ਾ, ਜਲ, ਥਲ, (ਕੋਈ) ਦੇਸ਼ ਨਾ ਰਹਿਓ ਸਿੰਘਾਂ ਤੇ ਹੀਨ ਸਿਖ ਪੰਥ ਨੂੰ ਸਿੰਘ ਜਾ ਨਿਰਮਲ (ਖਾਲਸਾ) ਪੰਥ ਦੇ ਰੂਪ ਵਿਚ ਕਿਵੇਂ ਪਲਟਿਆ। ਇਸ ਸਮੇਂ ਦੇ ਨਜ਼ਾਰੇ ਨੂੰ ਅਖੀ ਦੇਖਣ ਵਾਲਾ ਸ੍ਰੀ ਦਸਮੇਸ਼ ਜੀ ਦਾ ਸੈਨਾਪਤਿ ਗੁਰ ਗ੍ਰੰਥ ਸੋਭਾ ਦਾ ਲਿਖਾਰੀ ਤੇ ਸ੍ਰੀ ਗੁਰੂ ਜੀ ਦਾ ਦਰਬਾਰੀ ਇਉਂ ਲਿਖਦਾ ਹੈ।

ਚੇਤ ਮਾਸ ਬੀਤਵ ਸਕਲ ਮੇਲਾ ਸਭਯੋ ਅਪਾਰ।
ਵੈਸਾਖੀ ਕੇ ਦਿਵਸ ਮੈਂ ਸਤਿਗੁਰ ਕਿਯੋ ਵਿਚਾਰ। ੧੧੮।
ਗੋਬਿੰਦ ਸਿੰਘ ਕਰੀ ਖੁਸੀ, ਸੰਗਤਿ ਭਈ ਨਿਹਾਲ।
ਕਿਯੋ ਪ੍ਰਗਟ ਤਬ ਖਾਲਸਾ, ਚੂਕਯੋ ਸਰਬ ਜੰਜਾਲ ॥ ੧੨੦ ॥
ਸਬ ਸਮੂਰ ਸੰਗਤਿ ਮਿਲੀ, ਸਤਿਲੁਜ ਕੇ ਤੀਰ।
ਕੇਤਕ ਸੁਨ ਭਏ ਖਾਲਸਾ, ਕੇਤਕ ਭਏ ਅਧੀਰ ॥ ੧੨੧ ॥

ਸੈਨਾ ਪਤਿ ਇਓ ਦਸਦਾ ਹੈ ਕਿ ਸ੍ਰੀ ਗੁਰੂ ਜੀ ਨੇ ਸਾਰੇ ਮਜ਼ਹਬਾਂ ਤੇ ਫਿਰਕੇ ਬੰਦੀਆਂ ਤੋਂ ਨਿਆਰਾ ਹੀ ਰਚਿਆ ਹੈ। ਸਿੱਖ ਪੰਥ ਦੀ ਕਾਇਮੀ ਸਮੇਂ ਸ੍ਰੀ ਗੁਰੂ ਸਾਹਿਬ ਜੀ ਦੀਆਂ ਨਜ਼ਰਾਂ ਵਿੱਚ ਮਨੁਖੀ ਏਕਤਾ ਤੇ ਕੌਮੀ ਭਵਿਖ ਦੀ ਉਸਾਰੀ ਦਾ ਇਕ ਅਨੋਖਾ ਨੁਖਸਾਂ ਜਿਸ ਵਿਚ ਕਿਸੇ ਤੰਗ ਦਿਲੀ ਨੂੰ ਇਕ ਤਿਲ ਸਮਾਨ ਭੀ ਥਾਂ ਨਹੀਂ ਸੀ। ਕਿਉਂ ਸਦ ਗ੍ਰਿਸਥੀਆਂ ਦਾ ਇਕ ਤੀਜਾ ਪੰਥ ਸਜਾਕੇ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਆਪ ਪੰਜਾ ਤੋਂ ਅੰਮ੍ਰਿਤ ਛਕ ਗੁਰੂ ਖਾਲਸੇ ਦੇ ਰੂਪ ਵਿਚ ਆਪਣੇ ਆਪ ਨੂੰ ਸਮੋਕੇ ਜਿਥੇ ਕ੍ਰੋੜਾਂ ਕੋਹਾਂ ਵਿਚ ਛਾਇਆ ਹੋਇਆ ਅਗਿਆਨ (ਅੰਧੇਰਾ) ਦੂਰ ਉਥੇ ਕ੍ਰੋੜਾ ਕੋਹਾਂ ਵਿਚ ਫੈਲਿਆ ਹੋਇਆ ਜ਼ੁਲਮ ਤੇ ਅਧਰਮ ਦੇ ਰਾਜ ਦੀ ਸਹਸਾ ਹੀ ਛਾਵਣੀ ਲਪੇਟਾਗਾ ਜਿਥੇ ਕ੍ਰੋੜਾ ਔਰੰਗਜ਼ੇਬ, ਹਲਾਕੂ ਤੇ ਤੈਮੂਰ ਵਰਗੇ ਦੇ ਜ਼ੁਲਮ ਨੂੰ ਠਲ ਹੀ ਨਹੀਂ ਉਸ ਦਾ ਸਦਾ ਵਾਸਤੇ ਖਾਤਮਾ ਕਰਨ ਵਾਸਤੇ ਜਗਤ ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਮਨੋਰਥ ਨੂੰ ਪੂਰਾ ਕਰਕੇ ਧਰਮ ਚਲਾਵਨ ਸੰਤ ਉਬਾਰਨ ਦੁਸ਼ਟ ਸਭਨ ਕੋ ਮੂਲ ਉਪਾਰਨ ਖਾਤਰ ਗ੍ਰਿਸਤੀ ਦਸ ਗੁਰੂਆਂ ਨੇ ਗ੍ਰਿਸਥੀਆਂ ਦਾ ਪੰਥ ਕਾਇਮ ਕਰਕੇ ਅਗੰਮੜੇ ਪੁਰਖ ਨੇ ਮੇਘ ਦੀ ਗਰਜ ਵਾਲੀ ਗੰਭੀਰ ਧੁਨੀ ਨਾਲ ਨਿਰੰਤਰੀ ਜੋਤਿ ਵਿਚੋਂ ਸਹਿਜ ਹੀ ਇਉ ਸਿੰਘ ਨੰਦ ਦਾ ਉਚਾਰਨ ਕੀਤਾ।

ਖਾਲਸਾ ਹਮਾਰੀ ਸੋਜ ਖਾਲਸਾ ਹਮਾਰੀ ਮੌਜ
ਖਾਲਸਾ ਹਮਾਰੀ ਫੌਜ ਜੀਤ ਕੀ ਨਿਸ਼ਾਨੀ ਹੈ।
ਖਾਲਸਾ ਹਮਾਰੀ ਚਾਲ ਖਾਲਸਾ ਹਮਾਰੀ ਢਾਲ
ਖਾਲਸਾ ਹਮਾਰੀ ਘਾਲ ਭੋਗ ਮੋਖ ਦਾਨੀ ਹੈ।
ਖਾਲਸਾ ਹਮਾਰੀ ਜਾਨ ਖਾਲਸਾ ਹਮਾਰੀ ਆਨ
ਖਾਲਸਾ ਹਮਾਰੀ ਖਾਨ ਮੋਦ ਕੀ ਸੁਹਾਨੀ ਹੈ।
ਖਾਲਸਾ ਹਮਾਰੀ ਜਾਤਿ ਖਾਲਸਾ ਹਮਾਰੀ ਪਾਤਿ

Digitized by Panjab Digital Library | www.panjabdigilib.org

ਸ੍ਰੀ ਗੁਰੂ ਗੋਬਿੰਦ ਸਿੰਘ ਬਾਨੀਯੋਂ ਬਖਾਨੀ ਹੈ।
ਪੁਨਾ (ਗੁਰ ਸੋਭਾ)
ਗੁਰੂ ਖਾਲਸਾ ਖਾਲਸਾ ਗੁਰੂ
ਅਬ ਤੇ ਹੋਏ ਐਸੀ ਬਿਧ ਸ਼ੁਰੂ
ਆਪਨੀ ਜ਼ੋਤਿ ਖਾਲਸੇ ਵਿਖੈ
ਹਮ ਨੇ ਧਰੀ ਸਗਲ ਜਗ ਪਿਖੈ

( ਗੁਰ ਪ੍ਰ: ਸ: ਅੰਕ ੨ ੧੧ ਅੰਸੂ )

ਪੂਜਾ ਏਕ ਅਦ੍ਰਬ ਅਕਾਲ ਕੀ ਹੈ ਇਸ ਜਹਾਂ
ਸਤਿਨਾਮ ਵਾਹਿਗੁਰੂ ਜਾਪ ਮੁਕਤਮਾਲ ਸਾ।
ਬਾਨੀ ਗੁਰੂ ਗਾਯਬੇਕੋ ਸੂਧੀ ਗੁਰੂ ਗ੍ਰੰਥ ਜੂਕੀ
ਖਾਯਬੇ ਕੋ ਭੋਜਨ ਕੜਾਹ ਨਕਦ ਮਾਲ ਸਾ।
ਕਹੋ "ਤੋਖਹਰਿ" ਭਏ ਚਾਰੋ ਹੀ ਬਰਨ ਏਕ
ਦਰਨ ਮਲੇਛਨ ਕੋ ਧਾਰਯੋ ਵਪੁ ਕਾਲ ਸਾ
ਦ੍ਵੈਮਤ ਕੋ ਸਾਲ† ਸਾ ਨਿਰਾਲਸਾ ਧਰਮ ਨੀਤਿ
ਲਾਲਸਾ‡ ਭਰਨ ਧਨਜ ਭਯੋ ਪੰਥ ਖਾਲਸਾ।
ਹੁਣ ਦੇਖੋ ਜਿਨਾ ਦਸੰਦੜਿਆ
ਦੁਰਮਤ ਬੰਝੇ ਮਿਤ੍ਰ ਅਸਾਡੜੇ ਸੇਈ ਮੋਏ ਅਖਰ
ਡੋਗਰਿਆਂ ਦੀ ਕਰਤੂਤ

## ਸਿਖ ਰਾਜ ਦਾ ਖਾਤਮਾ ਕਰਨ ਵਿਚ ਡੋਗਰਿਆਂ ਤੇ ਬਾਹਮਣਾਂ ਦੀ ਹਰ ਬੇਈਮਾਨੀਆਂ ਵਿਚ ਕਾਮਯਾਬੀ

ਸਿਖ ਰਾਜ ਦਾ ਖਾਤਮਾਂ ਹੋਣ ਤੋਂ ਪਹਿਲੇ ਸਿਆਣੇ ੨ ਸਿਖ ਸਮਝ ਗਏ ਸਨ ਕਿਉਂਕਿ ਰਾਜਾ ਗੁਲਾਬ ਸਿੰਘ ਅੰਗ੍ਰੇਜ਼ਾਂ ਨਾਲ ਇਕ ਮਿਕ ਹੋਣ ਤੇ ਰਾਜਾ ਧਿਆਨ ਸਿੰਘ ਆਦਿਕ ਡੋਗਰਿਆਂ ਨੇ ਸਿਖ ਰਾਜ ਦੀ ਕਲੀ ੨ ਪਸਲੀ ਤੋੜ ਕੇ ਸਤਿਆਨਾਸ ਕਰਨ ਵਿਚ ਜੋ ਤਰਾਣ ਲਾਏ ਉਨਾਂ ਤੋਂ ਅਨੁਮਾਨ ਲਾਉਂਦੇ ਗਮ ਦੇ ਸਮੁੰਦਰ ਵਿਚ ਗੋਤੇ ਖਾਂਦਿਆਂ ਨੂੰ ਸਿਖਾਂ ਤੇ ਅੰਗ੍ਰੇਜ਼ਾਂ ਦੀ ਖੜਕਾਉਣ ਵਿੱਚ ਡੋਗਰੇ ਸਿੱਖ ਫ਼ੌਜਾਂ ਦੀ ਜਿਤ ਨੂੰ ਹਾਰ ਦਰਸਾ ਕੇ ਬੇਈਮਾਨੀ ਵਿਚ ਕਾਮਯਾਬ ਹੋਏ। ਹੁਣ ਬਹੁਤ ਸਿੱਖ ਤਾਂ ਜਾਨਾਂ ਹੀਲ ਕੇ ਲੜਦਿਆਂ ਨੇ ਸ਼ਹੀਦੀਆਂ ਪਾਈਆਂ॥ ਜੋ ਬਚੇ ਉਹ ਨਾਂ ਤਾਂ ਅੰਗ੍ਰੇਜ਼ਾਂ ਦੀ ਨੌਕਰੀ ਨਾ ਈਨ ਵਿਚ ਰਹਿਣਾ ਪਸੰਦ ਕਰਦੇ ਹੋਏ ਇਕ ਫਕੀਰ ਲਿਬਾਸ ਜੰਗਲਾਂ ਪਹਾੜਾਂ ਵਿਚ ਜਾ ਦਿਨ

---

†ਸੱਲ ‡ਇੱਛਾ ਕਾਮਨਾ।

Digitized by Panjab Digital Library | www.panjabdigilib.org

ਕਟੀ ਕਰਨ ਲਗੇ। ਏਧਰ ਅੰਗਰੇਜ਼ਾਂ ਨੇ ਅਮਰ ਵੇਲ ਬਾਂਗ ਪੰਜ਼ਾਬ ਤੇ ਛਾ ਜਾ ਕੇ ਗੁਰਮਤ †ਪ੍ਰਚਾਰ ਨੂੰ ਅਜੇਹੀ ਸਟ ਲਾਈ ਜਿਸ ਨਾਲ ਸਦਾ ਲਈ ਉਸਦਾ ਖਾਤਮਾ ਹੋ ਜਾਵੇ

**ਦੇਖੋ** :——ਵਰਤਮਾਨ ਸਮੇਂ ਵਿਚ ਪੋਲੀਟੀਕਲ ਜਾਗਰਤੀ ਆਉਣ ਤੇ ਜਲਿਆਂ ਵਾਲੇ ਬਾਗ ਵਿਚ ਨਿਰਦੋਸ਼ ਨਿਹਥਿਆਂ ਜਾਇਜ਼ ਮੰਗਾਂ ਮੰਗਦਿਆਂ ਤੇ ਅਡੇਰ (ਐਡਵਾਇਰ) ਨੇ ਮਸ਼ੀਨ ਗੱਨਾਂ ਨਾਲ ਭਠੀ ਦੇ ਦਾਣਿਆਂ ਵਾਂਗ ਪੰਜਾਬੀਆਂ ਨੂੰ ਭੁਨ ਕੇ ਜੋ ਆਪਣੀ ਅਸਲੀਅਤ ਨੂੰ ਪਰਗਟ ਕੀਤਾ ਕੈਸੇ ਅਚਰਜ ਦੀ ਗਲ ਹੈ ਕਿ ਉਹ ਕੌਮ ਮੁਰਦਾ ਹੋ ਚੁਕੀ ਸੀ। ਉਸ ਦਿਨ ਹੀ ਅਕਾਲ ਤਖਤ ਤੋਂ ਡੇਰ ਨੂੰ ਸਿਰੋਪਾਉ ਮਿਲਦਾ ਹੈ ਜਿਥੋਂ ਐਸੇ ਜ਼ਾਲਮਾਂ ਨੂੰ ਨਾਸ ਕਰਨ ਵਾਸਤੇ ਸਿਖ ਫੌਜਾਂ ਨਾਲ ਜੱਥੇਦਾਰ ਚੜ੍ਹਾਈ ਕਰਦੇ ਹੁੰਦੇ ਸਨ॥ ਇਹ ਅੰਧੇਰ ਕਦ ਤਕ ?

## ਸਿਖ ਰਾਜਿਆਂ ਨੂੰ ਤੜਪ

ਸਿਖ ਰਾਜੇ ਜਦ ਗੁਰ ਅਸਥਾਨ ਜਾਂ ਹਿੰਦੂ ਤੀਰਥਾਂ ਕੁੰਭ ਅਰਧ ਕੁੰਭੀ ਹਰਦੁਆਰ ਆਦਿ ਤੇ ਜਾਣ ਤਾਂ ਸੋਚਣ ਲਗੇ ਕਿ ਖਰਚ ਸਿਖ ਰਾਜਿਆਂ ਦਾ ਅਤੇ ਪਰਚਾਰ ਮਨ ਮਤ ਦਾ (ਹਿੰਦੂਆਂ) ਕਿਉਂ ਕਿ ਪਰਚਾਰ ਦਾ ਦਾਰੋ ਮਦਾਰ ਸ਼ਾਹੀ (ਜਲੂਸ) ਤੇ ਹੁੰਦਾ ਹੈ ਅਤੇ ਸਾਹੀਆਂ ਨਿਕਲਦੀਆਂ (ਚੜਦੀਆਂ) ਹੁੰਦੀਆਂ ਸਨ ਏਹ

੧ ਸਨਆਸੀ
੨ ਬੈਰਾਗੀ
੩ ਉਦਾਸੀ

ਜਿਨਾਂ ਵਿਚ ਸਿਖਾਂ ਦਾ ਨਾਮ ਨਮੂਜ ਹੀ ਨਾ ਹੋਇਆ ਕਰੇ ਇਸ ਖਿਆਲ ਨਾਲ ਸਿਖ ਰਾਜੇ ਮਹਾਂਰਾਜਾ ਨਰਿੰਦਰ ਸਿੰਘ ਜੀ ਪਟਿਆਲਾ। ਮਹਾਰਾਜਾ ਭਰਪੂਰ ਸਿੰਘ ਜੀ ਨਾਭਾ। ਮਹਾਰਾਜਾ ਸਰੂਪ ਸਿੰਘ ਜੀ ਜੀਂਦ (ਸੰਗਰੂਰ) ਆਦਿਕ ਨੇ ਮਿਲਕੇ ਵਿਚਾਰ ਕੀਤੀ ਕਿ ਗੁਰਮਤ ਪ੍ਰਚਾਰ ਹਿਤ ਕੋਈ ਜੱਥੇਬੰਦੀ ਕਾਇਮ ਕਰੀਏ ਜਿਸ ਨਾਲ ਮੁੜ ਸਿਖ ਪੰਥ ਵਿਚ ਇਕਤ੍ਰਤਾ ਹੋਵੇ॥ ਇਸੇ ਵਿਚਾਰ ਧਾਰਾ ਵਿਚ ਵਹਿੰਦਿਆਂ ਹੋਇਆਂ ਨੇ ਸੋਚਿਆ ਕਿ ਵਿਦਵਾਨਾਂ ਤੋਂ ਬਿਨਾ ਜੱਥੇਬੰਦੀ ਦਾ ਚਲਣਾ ਕਠਣ ਹੈ॥

---

† ਗੁਰਮਤ ਅਨੁਸਾਰ ੧ ਅਨੰਦ ਨਾ ੨ ਅੰਮ੍ਰਿਤ ਨਾ
੪ ਗੁਰਬਾਣੀ ਦਾ ੩ ਪਾਠ ਪੂਜਾ

੧ ਫੇਰੇ ੨ ਅੰਮ੍ਰਿਤ ਤਿਆਰ ਕਰਕੇ ਰਖ ਲੈਣਾ ਜਦ ਛਕਣ ਵਾਲੇ ਔਣ ਤਾਂ ਇਕ ਕਛੈਹਰਾ ਦੋ ਜਣਿਆਂ ਦੇ ਪਾਕੇ ਫੇਰ ਲੈ ਲੈਣਾ ਅਤੇ ਅੰਮ੍ਰਿਤ —)। =)॥ ਆਨੇ ਵਾਲੇ ਬਣਾ ਲਏ ਸਨ।

੩ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਾਉਣ ਵਾਲੇ ਨੂੰ ਕਹਿਣਾ ਪੂਜਾ ਭੇਟਾ ਦੇ ਦੇ ਪਾਠ ਸਾਡਾ ਅਗੇ ਕੀਤਾ ਹੈ॥ ਹੁਣ ਭੋਗ ਤੇਰੇ ਨਿਮਤ ਪਾ ਦਿੰਦੇ ਹਾਂ।

Digitized by Panjab Digital Library | www.panjabdigilib.org

ਹੁਣ ਉਧਰ ਨਿਗਾਹ ਮਾਰੀ ਜਿਥੇ ੨ ਗੁਰੂ ਪੰਥ ਦੇ (ਵਿਦਵਾਨ) ਹੀਰੇ ਦਮਕਾਂਦੇ ਰਹੇ ਸਨ ਉਨਾਂ ਨੂੰ ਜਥੇਬੰਦੀ (ਮਾਲਾ) ਵਿਚ ਪਰੋਕੇ ਉਨਾਂ ਦਾ ਪਰੋਗਰਾਮ ਬਣਾਕੇ ਆਪਣਾ ਫਰਜ਼ ਪੂਰਾ ਕਰੀਏ ਸੋ ਜਿਸ ਵਿਚ ਗੁਰੂ ਭਰੋਸੇ ਪੂਰਨ ਸਫਲ ਹੋਏ ॥

ਅਗੇ ਦੇਖੋ ਨਿਰਮਲ ਅਖਾੜੇ ਦੀ ਕਾਇਮੀ

ਸਿੱਖ ਰਿਆਸਤਾਂ ਦੇ ਮਾਲਕਾਂ ਤੇ ਸਿਖ ਰਈਸਾਂ ਨੇ ਫੌਜੀ ਸਿੱਖ ਸਰਦਾਰਾਂ ਨੂੰ ਇਕਤ੍ਰ ਕਰਕੇ ਥਾਂ ਥਾਂ ਸਿੰਘ ਸਭਾ ਕਾਇਮ ਕਰਕੇ ਗੁਰਮੁਖੀ ਦੇ ਪਤਰ ਜਾਰੀ ਗੁਰਮਤ ਸੰਬਧ ਅਤੇ ਪੰਜਾਬੀ ਬੋਲੀ ਦੇ ਬੇਅੰਤ ਪੁਸਤਕ ਰਚੇ ਗਏ ਜਿਸ ਤੇ ਬਾਹਮਣਾਂ ਨੇ ਪੁਰਾਤਨ ਮਰਯਾਦਾ ਅਨੰਦ ਕਾਰਜ ਦੀ ਜੋ ਸੀ ਉਸਨੂੰ ਰੋਕਨ ਤੇ ਪੂਰਾ ਤਾਣ ਲਾਇਆ ਇਸ ਕਰਕੇ ਟਿੱਕਾ ਸਾਹਿਬ ਸ੍ਰੀ ਮਾਨ ੧੦੮ ਰਿਪਦਮਨ ਸਿੰਘ ਜੀ ਨਾਭਾ ਨੇ ਅਕਤੂਬਰ ਸੈਸ਼ਨ ਨੂੰ ਬਿਲ ਕੌਂਸਲ ਵਿਚ ਪੇਸ਼ ਕੀਤਾ ਅਤੇ ਟਿੱਕਾ ਸਾਹਿਬ ਕੌਂਸਲ ਵਿੱਚੋਂ ਬਦਲ ਜਾਣ ਤੇ ਸਰਦਾਰ ਸੁੰਦਰ ਸਿੰਘ ਜੀ ਰਈਸ ਮਜੀਠਾ ਦੇ ਜਤਨ ਨਾਲ ੨੭ ਅਗਸਤ ੧੯੦੯ ਨੂੰ ਰਪੋਰਟ ਲਈ ਖਾਸ ਕਮੇਟੀ ਦੇ ਹਵਾਲੇ ਕੀਤਾ ਜੋ ੨੨ ਅਕਤੂਬਰ ੧੯੦੯ ਨੂੰ ਅਨੰਦ ਵਿਵਾਹ ਦਾ ਕਨੂਨ ਪਾਸ ਹੋਇਆ ॥

ਏਸ ਕਾਰਜ ਵਿਚ ਬਸੇਮ ਕਰਕੇ ਹੇਠ ਲਿਖੇ ਰਈਸਾਂ ਤੇ ਰਾਜਿਆਂ ਨੇ ਬਹੁਤਾ ਜਤਨ ਕੀਤਾ ॥

ਮਹਾਰਾਜਾ ਨਰਿੰਦ੍ਰ ਸਿੰਘ ਪਟਿਆਲਾ ਮਹਾਰਾਜਾ ਬਿਕਰਮ ਸਿੰਘ ਫਰੀਦਕੋਟ ਮਹਾਰਾਜਾ ਰਘਬੀਰ ਸਿੰਘ ਜੀਂਦ ਟਿੱਕਾ ਰਿਪਦਮਨ ਸਿੰਘ ਨਾਭਾ ਭਾਈ ਸ: ਅਰਜਨ ਸਿੰਘ ਬਾਗੜੀਆਂ ਭਾਈ ਸ: ਸਿਵਸ਼ਾਮ ਸਿੰਘ ਭਾਈ ਡੁਬਾ ਸ: ਨਾਨਕ ਸਿੰਘ ਰਈਸ ਸ: ਸਿਵਦੇਵ ਸਿੰਘ ਰਈਸ ਭਦੌੜ ॥ ਬਾਬਾ ਸੁੰਦਰ ਸਿੰਘ ਪਖੋਕੇ ਤੇ ਉਨਾਂ ਦੇ ਸਪੁਤ੍ਰ ਰਾਜਿੰਦਰ ਸਿੰਘ ਪਖੋਕੇ ॥ ਸ: ਕਿਸ਼ਨ ਸਿੰਘ ਸ: ਅਜਮੇਰ ਸਿੰਘ ਰਈਸ ਸ: ਮਿਹਰ ਸਿੰਘ ਰਈਸ ਦੁਨਾ ਕੋਟ ॥ ਸੂਬੇਦਾਰ ਗੁਰਦਿਤ ਸਿੰਘ ਚੂਹੜ ਚਕ ਸੂਬੇਦਾਰ ਰਤਨ ਸਿੰਘ ਨਿਹੰਗ ਸਿੰਘ ਗਾਲਬ ਕਲਾਂ ਸਰਦਾਰ ਸੁੰਦਰ ਸਿੰਘ ਰਈਸ ਮਜੀਠਾ ਭਾਈ ਸ: ਕਾਹਨ ਸਿੰਘ ਨਾਭਾ ਆਦਿ ਦੀਆਂ ਪੁਸਤਕਾਂ ਤੋਂ ਸਿੱਖ ਕੌਮ ਨੂੰ ਬਹੁਤ ਹੀ ਸਫਲਤਾ ਪਰਾਪਤ ਹੋਈ ਅਤੇ ਉਪਰੋਕਤ ਰਈਸਾਂ ਦੇ ਮਦਦ ਨਾਲ ਮਾਲਵੇ ਅੰਦਰ ਸੈਂਕੜੇ ਹੀ ਗੁਰਮਤ ਦੇ ਵਿਦਵਾਨ ਪੈਦਾ ਹੋਏ ਜਿਨਾਂ ਨੇ ਮਨ ਮਤ ਦੇ ਗੜ੍ਹ ਨੂੰ ਤੋੜ ਕੇ ਇਕ ਵਾਰ ਇਸ ਦੇਸ਼ ਵਿਚ ਸਿਖੀ ਪਰਚਾਰ ਦਾ ਹੜ ਚਲਾ ਦਿਤਾ। ਇਹ ਹੈ ਸਿਖ ਰਈਸ ਤੇ ਸਿਖ ਰਾਜਿਆਂ ਦੀ ਡਾਢੀ ਤੜਪ ਦਾ ਫਲ ॥

## ਮਾਲਵੇ ਵਿਚ ਨਿਰਮਲ ਅਖਾੜੇ ਦੀ ਕਾਇਮੀ ਹੋਣੀ

ਗੁਰਮਤ ਦੇ ਪ੍ਰਚਾਰ ਨੂੰ ਮੁਖ ਰਖਕੇ ਵਿਦਿਯਾਵਾਨ ਗੁਰਸਿਖਾਂ ਨੂੰ ਜਥੇ ਬੰਦੀ ਵਿਚ ਪਰੋਣਾ ਸੰਮਤ ੧੯੧੮ ਵਿੱਚ ਮਹਾਰਾਜਾ ਨਰਿੰਦ੍ਰ ਸਿੰਘ ਜੀ ਪਟਿਆਲਾ ਪਤਿ, ਮਹਾਰਾਜਾ ਭਰਪੂਰ ਸਿੰਘ ਜੀ ਨਾਭਾ ਪਤਿ, ਅਤੇ ਮਹਾਰਾਜਾ ਸਰੂਪ ਸਿੰਘ ਜੀ ਜੀਂਦ (ਸੰਗਰੂਰ) ਪਤਿ ਨੇ ਨਿਰਮਲੇ ਸੰਤਾ ਦਾ ਅਖਾੜਾ ਕਾਇਮ ਕੀਤਾ, ਜਿਸ ਜਗਾ ਇਸ ਅਖਾੜੇ (ਜਥੇ ਬੰਦੀ) ਦੀ ਕਾਇਮ ਕੀਤੀ ਸੀ ਉਸ ਜਗਾ ਦਾ ਨਾਂਉ "ਧਰਮ

Digitized by Panjab Digital Library | www.panjabdigilib.org

ਧੁਜਾ'' ਪਟਿਆਲਾ ਵਿੱਚ ਪ੍ਰਸਿਧ (ਸ਼ਾਹੀ ਗੁਰ ਅਸਥਾਨ) ਹੈ।

ਤਿੰਨਾ ਸਿਖ ਰਿਆਸਤਾਂ ਵਲੋਂ ਇਹ ਸਾਂਝਾ ਦਸਤੂਰੁਲ ਅਮਲ ਲਿਖਿਆ ਗਿਆ:--

## ਦਸਤੂਰੁਲ ਅਮਲ

ਇਸ ਦਸਤੂ ਰੁਲ ਅਮਲ ਦੀ ਪ੍ਰਵਾਨਗੀ ੧੨ ਅਗਸਤ ਸੰਨ ੧੯੬੨ ਨੂੰ ਹੋਈ।

ਤਿੰਨਾਂ ਰਿਆਸਤਾਂ (ਪਟਿਆਲਾ, ਨਾਭਾ ਅਤੇ ਜੀਂਦ) ਵਲੋਂ ਵਾਸਤੇ ਅਖਾੜਾ (ਜਥਾ) ਨਿਰਮਲਾ ਪੰਥ ਗੁਰੂ ਗੋਬਿੰਦ ਸਿੰਘ ਜੀ, ਜਿਸ ਦੇ ਮੁਖੀ ਪੰਜ ਹੋਣਗੇ।

੧. ਸ੍ਰੀ ਮਹੰਤ ਦੀ ਚੋਣ ਤਿਨਾਂ ਰਿਆਸਤਾਂ ਦੀ ਸਲਾਹ ਨਾਲ ਅਤੇ ਚਾਰ ਮਹੰਤ ਹੋਰ, ਜੋ ਪੰਜ ਕੱਕਿਆਂ (ਅਰਥਾਤ ਕੱਛ, ਕ੍ਰਿਪਾਨ, ਕੇਸ, ਕੰਘਾ ਕੜਾ) ਦੀ ਰਹਿਤ ਵਾਲੇ ਹੋਣ ਸ੍ਰੀ ਮਹੰਤ ਦੀ ਸਲਾਹ ਨਾਲ ਥਾਪੇ ਜਾਣਗੇ।

੨. ਜੋ ਲਾਂਗਰੀ ਅਖਾੜੇ ਵਿਚ ਪ੍ਰਸਾਦ ਤਿਆਰ ਕਰਨ ਵਾਲੇ ਹੋਣ, ਉਹ ਭੀ ਇਸ ਰਹਿਤ ਵਾਲੇ ਹੋਣਗੇ।

੩. ਦੋ ਕਾਰਬਾਰੀ ਦੋ ਭੰਡਾਰੀ, ਜਿਨ੍ਹਾਂ ਦੇ ਸਪੁਰਦ ਲੰਗਰ ਦੀ ਸਮਗਰੀ ਹੋਵੇਗੀ। ਅਤੇ ਇਕ ਗ੍ਰੰਥੀ ਤੇ ਇਕ ਗਿਆਨੀ (ਅਰਥ ਕਰਨ ਵਾਲਾ) ਮੁਕੱਰਰ ਹੋਣਗੇ।

ਇਹ ੬ ਸਿੰਘ ਭੀ ਰਹਿਤ ਵਾਲੇ ਹੋਣ ਅਤੇ ਇਕ ਜਾਂ ਦੋ ਚੋਬਦਾਰ ਮੁਕਰਰ ਕੀਤੇ ਜਾਣ।

੪. ਜੋ ਸ੍ਰੀ ਮਹੰਤ ਹੁਣ ਹੈ, ਇਸ ਲਈ ਰਹਿਤ ਦੀ ਪਾਬੰਦੀ ਜ਼ਰੂਰੀ ਨਹੀਂ। ਪਰ ਜੋ ਸ੍ਰੀ ਮਹੰਤ ਅਗੇ ਲਈ ਥਾਪਿਆ ਜਾਊਗਾ ਉਹ ਲਾਇਕ, ਵਿਰਕਤ ਅਤੇ ਰਹਿਤ ਵਾਲਾ ਹੋਵੇਗਾ।

੫. ਜਦ ਸ੍ਰੀ ਮਹੰਤ ਕਿਸੀ ਰਿਆਸਤ ਗਾਹ ਵਿਚ ਆਵੇ ਜਾਂ ਰਈਸ ਨੂੰ ਅਖਾੜੇ ਵਿਚ ਜਾਣਦਾ ਸਮਾਂ ਮਿਲੇ ਤਾਂ ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਮਹੰਤ ਨੂੰ ਭੇਟਾ ਅਰਪਨ ਕੀਤੀ ਜਾਵੇਗੀ, ਹੋਰ ਕਿਸੇ ਮਹੰਤ ਨੂੰ ਜੁਦੀ ਜੁਦੀ ਪੂਜਾ ਨਹੀ ਦਿਤੀ ਜਾਵੇਗੀ।

੬. ਜੋ ਆਮਦਨ ਇਸ ਕਿਸਮ ਦੀ ਹੋਵੇਗੀ, ਭਾਵੇਂ ਕਿਸ ਥਾਂ ਤੋਂ ਆਵੇ, ਉਸ ਦਾ ਜਮਾਂ ਖਰਚ ਅਖ਼ਾੜੇ ਵਿੱਚ ਹੁੰਦਾ ਰਹੇਗਾ, ਜੇ ਕੋਈ ਮਹੰਤ ਬਾਹਰ ਤੋਂ ਕੁਝ ਲਿਆਵੇ ਤਾਂ ਉਹ ਭੀ ਅਖਾੜੇ ਵਿਚ ਜਮਾ ਕਰਾਵੇ ਆਪਣੇ ਪਾਸ ਕੁਝ ਨਾ ਰੱਖੇ।

੭. ਜੇ ਸ੍ਰੀ ਮਹੰਤ ਧਰਮ ਅਰਥ ਕਿਸੇ ਸਾਧੂ ਬ੍ਰਹਮਣ ਜਾ ਅਪਾਹਜ ਨੂੰ ਲੋਈ ਜਾਂ ਨਕਦ ਰੁਪੈਆ ਤੀਰਥ ਯਾਤ੍ਰਾ ਲਈ ਜਾਂ ਕੋਈ ਵਸਤੂ ਦੇਣਾ ਚਾਹੇ ਤਾਂ ਦੇ ਸਕਦਾ ਹੈ। ਪਰ ਕਾਗਜ਼ਾਂ ਵਿਚ ਪੂਰਾ ਵੇਰਵਾ ਲਿਖਿਆ ਜਾਇਆਂ ਕਰੇ।

੮. ਜੇ ਕਿਸੇ ਥਾਂ ਧਰਪ ਧੁਜਾ ਅਖਾੜਾ ਗੁਰੂ ਗੋਬਿੰਦ ਸਿੰਘ ਜੀ ਭੰਡਾਰਾ ਕਰਨਾ ਚਾਹੇ ਤਾਂ ਸ੍ਰੀ ਮਹੰਤ ਦੀ ਸਲਾਹ ਅਤੇ ਪ੍ਰਵਾਨਗੀ ਨਾਲ ਕਰੇ। ਸ੍ਰੀ ਮਹੰਤ ਦੀ ਮਨਜ਼ੂਰੀ ਤੋਂ ਬਗੈਰ ਖਰਚ ਕਰਨ ਦਾ ਅਧਿਕਾਰ ਨਹੀਂ। ਭਲਾ ਜੇ ਕਦੀ ਕੋਈ ਐਸਾ ਸਮਾਂ ਹੋਵੇ ਕਿ ਖਾਸ ਕਿਸੇ ਕੰਮ ਲਈ ਕੁਝ ਖਰਚ ਕਰਨਾ ਪਵੇ ਅਤੇ ਉਸ ਸਮੇਂ ਉਸ ਕੰਮ ਨੂੰ ਅਰੰਭ ਕਰ ਦੇਣ, ਪਰ ਉਸ ਦੀ ਇਤਲਾਹ ਸ੍ਰੀ ਮਹੰਤ

Digitized by Panjab Digital Library | www.panjabdigilib.org

ਨੂੰ ਦੇ ਦੇਣ।

੯. ਜੇ ਕੋਈ ਐਸੀ ਲੋੜ ਹੋਵੇ ਕਿ ਨਵਾਂ ਮਹੰਤ ਥਾਪਣਾ ਹੈ ਤਾਂ ਉਸ ਪਾਸੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਮ ਲਈ ਜਾਵੇ ਕਿ ਮੈਂ ਰਹਿਤ ਵਿਚ ਚੰਗੀ ਤਰਾਂ ਰਹਾਂਗਾ ਅਤੇ ਜੋ ਆਮਦਨ ਕਿਸੇ ਤਰ੍ਹਾਂ ਦੀ ਭੀ ਹੋਵੇਗੀ, ਉਹ ਅਖਾੜੇ ਵਿਚ ਜਮਾ ਕਰਦਿਆ ਕਰਾਂਗਾ।

੧੦. ਸ੍ਰੀ ਮਹੰਤ ਅਤੇ ਦੂਜੇ ਮਹੰਤਾਂ ਲਈ ਜ਼ਰੂਰੀ ਹੋਊਗਾ ਕਿ ਜੇ ਕੋਈ ਸਿਖ ਜਾਗੀਰਦਾਰ ਜਾਂ ਸਰਦਾਰ ਅਖਾੜੇ ਲਈ ਭੰਡਾਰਾ ਕਰਨਾ ਚਾਹੇ ਤਾਂ ਜੈਸੀ ਉਸ ਦੀ ਸ਼ਰਧਾ ਹੋਵੇ ਵੈਸੇ ਕਰੇਗਾ, ਮਹੰਤਾਂ ਨੂੰ ਚਾਹੀਦਾ ਹੈ ਕਿ ਉਸ ਵਿਚ ਕਿਸੀ ਤਰਾਂ ਦਾ ਤਕਰਾਰ ਨਾ ਕਰਨ ਉਸ ਦੀ ਇਜ਼ਤ ਦਾ ਖਿਆਲ ਰੱਖਣ।

੧੧. ਇਸੀ ਤਰਾਂ ਜੇ ਕੋਈ ਸਿੱਖ ਇਸ ਫਿਰਕੇ ਦਾ ਡੇਰੇਦਾਰ ਅਖਾੜੇ ਲਈ ਭੰਡਾਰਾ ਕਰੇ ਤਾਂ ਉਸ ਲਈ ਭੀ ਉਪਰਲੀ ਦਫਾ (ਨੰਬਰ ੧੦) ਅਨੁਸਾਰ ਅਮਲ ਕੀਤਾ ਜਾਵੇਗਾ, ਜੇ ਕਰ ਇਹ ਗਲ ਪਾਈ ਜਾਵੇ ਕਿ ਉਹ ਗੁਜ਼ਾਰੇ ਵਾਲਾ ਹੈ। ਅਤੇ ਜਾਣ ਬੁੱਝਕੇ ਕਮਜ਼ੋਰੀ ਜਾਹਰ ਕਰਦਾ ਹੈ ਤਾਂ ਜਿਸ ਰਿਆਸਤ ਨਾਲ ਉਹ ਸੰਬੰਧ ਰਖਦਾ ਹੋਵੇ, ਉਸ ਰਿਆਸਤ ਪਾਸ ਤਜਵੀਜ਼ ਕਰਕੇ ਉਸ ਦਾ ਰੁਪਯਾ ਜ਼ਬਤ ਕਰਕੇ ਅਖਾੜੇ ਵਿਚ ਜਮਾ ਕਰਾ ਦਿੱਤਾ ਕਰਨ।

੧੨. ਸਫਰ ਵਿਚ ਅਖ਼ਾੜੇ ਨੂੰ ਜੇ ਕੋਈ ਗੁਰਦੁਆਰਾ ਆ ਜਾਵੇ ਤਾਂ ਦਰਸ਼ਨ ਕੀਤੇ ਬਿਨਾ ਨਾ ਲੰਘੇ, ਦਰਸ਼ਨ ਕਰਕੇ ਜਾਵੇ। ਅਤੇ ਅਖਾੜੇ ਵਲੋਂ ਜੈਸਾ ਗੁਰਦੁਆਰਾ ਹੋਵੇ ਵੈਸਾ ਮਥਾ ਟੇਕਿਆ ਜਾਵੇ।

੧੩. ਬੈਠਣ ਦੇ ਕਾਇਦੇ ਇਸ ਤਰੀਕੇ ਨਾਲ ਰੱਖਣੇ ਚਾਹੀਏ, ਵਿਚਕਾਰ ਸਵਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਸ ਦੇ ਸੱਜੇ ਪਾਸੇ ਸ੍ਰੀ ਮਹੰਤ ਅਤੇ ਉਸ ਤੋਂ ਬਾਦ ਦੂਜੇ ਮਹੰਤ ਅਤੇ ਫੇਰ ਹੋਰ ਸਾਧੂ ਸਿੱਖ। ਖੱਬੇ ਪਾਸੇ ਗਿਆਨੀ ਸਿੱਖ ਅਰਥ ਕਰਨ ਵਾਲੇ। ਉਸ ਤੋਂ ਬਾਦ ਹੋਰ ਸਿੱਖ ਸਾਧੂ ਇਨ੍ਹਾਂ ਤੋਂ ਬਗੈਰ ਭਾਵੇਂ ਹੋਰ ਕੋਈ ਸਾਧੂ ਵਿਦਵਾਨ ਮਹਾਤਮਾ ਹੋਵੇ ਪਰ ਦਰਬਾਰ (ਦੀਵਾਨ) ਦੇ ਵੇਲੇ ਆਪਣੇ ਥਾਈਂ ਬੈਠੇ। ਮਹੰਤਾ ਤੋਂ ਪਹਿਲਾਂ ਨਹੀਂ ਬਠਾਇਆ ਜਾਵੇਗਾ ਇਸ ਵਿਚ ਉਹਦੇ ਦਾ ਖਿਆਲ ਰੱਖਿਆ ਜਾਵੇਗਾ ਵਿਦਿਯਾ ਦਾ ਨਹੀਂ ਜੇ ਕਰ ਦੂਜੇ ਪੰਥ ਦਾ ਮਹੰਤ ਆ ਜਾਵੇ ਤਾਂ ਗਿਆਨੀ ਸਿਖ ਦੇ ਖਬੇ ਪਾਸੇ ਥਾਂ ਦਿਤੀ ਜਾਵੇ ਜੇ ਕਰ ਸੱਜੇ ਪਾਸੇ ਬੈਠਣ ਲਈ ਥਾਂ ਦਿੱਤੀ ਜਾਵੇ ਤਾਂ ਮਹੰਤਾਂ ਦੇ ਬਾਦ ਦਿੱਤੀ ਜਾਵੇ।

੧੪. ਜੇਹੜੇ ਕੋਈ ਖਾਸ ਮਕਾਨ ਸ੍ਰੀ ਮਹੰਤ ਦੇ ਰਹਿਣ ਦੇ ਹੋਣ ਉਨ੍ਹਾਂ ਵਿਚ ਸ੍ਰੀ ਮਹੰਤ ਤੋਂ ਬਿਨ ਹੋਰ ਸਾਧੂ ਨ ਰਹੇ। ਹਾਂ ਜੋ ਦੋ ਚਾਰ ਸਾਧੂ ਟਹਿਲ ਸੇਵਾ ਵਾਲੇ ਹੋਣ ਉਹ ਬੇਸ਼ਕ ਰਹਿਣ। ਇਸੇ ਤਰ੍ਹਾਂ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਵਾਰਾ ਹੋਵੇ ਉਸ ਮਕਾਨ ਵਿਚ ਭੀ ਕੋਈ ਸੌਣਾ ਨਾ ਪਾਏ। ਕਿਉਂ ਕਿ ਬੇਅਦਬੀ ਹੁੰਦੀ ਹੈ।

੧੫. ਕੋਈ ਸਿੱਖ ਸਾਧੂ ਜਾਂ ਗ੍ਰਹਸਥੀ ਆਦਮੀ ਮੱਥਾ ਟੇਕਣ ਆਵੇ ਤਾਂ ਉਸ ਨੂੰ ਮਨਾਹੀ ਨਾ ਹੋਵੇ। ਜੈਸਾ ਅਧਿਕਾਰੀ ਹੋਵੇ ਵੈਸੀ ਉਸ ਨੂੰ ਬੈਠਣ ਲਈ ਥਾਂ ਦਿੱਤੀ ਜਾਵੇ।

੧੬. ਸ੍ਰੀ ਮਹੰਤ ਅਤੇ ਦੂਜੇ ਚਾਰ ਮਹੰਤਾਂ ਲਈ ਜ਼ਰੂਰੀ ਹੈ ਕਿ ਕਿਸੀ ਰਿਆਸਤ ਵਿਚ ਕਿਸੀ

Digitized by Panjab Digital Library | www.panjabdigilib.org

ਅਹਿਲਕਾਰ ਦੇ ਮਕਾਨ ਪੁਰ ਨਾ ਜਾਣ । ਜੇ ਕੋਈ ਲੋੜ ਪਵੇ ਤਾਂ ਕਾਰਬਾਰੀ ਭੰਡਾਰੀ, ਚੋਬਦਾਰ, ਜਾ ਡੇਰੇਦਾਰ ਮਹੰਤ ਨੂੰ ਭੇਜ ਦੇਣ । ਪਰ ਜੇ ਕੋਈ ਪ੍ਰਸ਼ਾਦ ਛਕਾਵੇ ਬਿਲਾ ਸ਼ੱਕ ਜਾਣ ।

੧੭. ਅਖਾੜੇ ਦੇ ਸਿੱਖਾਂ ਲਈ ਜ਼ਰੂਰੀ ਹੋਵੇਗਾ ਕਿ ਜਦ ਕੋਈ ਮਹੰਤ ਕਿਸੀ ਸਿਖ ਆਦਿਕ ਨੂੰ ਕੰਮ ਲਈ ਭੇਜੇ ਤਾਂ ਉਹ ਕੋਈ ਹੀਲਾ ਬਹਾਨਾ ਨਾ ਕਰੇ, ਜੋ ਕਰਨਗੇ ਤਾਂ ਜੁਰਮਾਨੇ ਦੇ ਭਾਗੀ ਹੋਣਗੇ, ਜੋ ਅਖਾੜੇ ਦਾ ਮਹੰਤ ਤਜਵੀਜ਼ ਕਰੇਗਾ ।

੧੮. ਜੇ ਕੋਈ ਸਾਧੂ ਸਿੱਖ ਬਿਰੰਗਮ (ਵਿਰਕਤ) ਹੋਕੇ ਡੇਰੇ ਵਿਚ ਰਹਿਣਾ ਚਾਹੇ ਤਦ ਉਸ ਪਾਸੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਥ ਇਸ ਮਤਲਬ ਲਈ ਲਗਵਾਇਆ ਜਾਊਗਾ ਕਿ ਮੈਂ ਆਪਣੇ ਪਾਸ ਕੁਝ ਨਹੀਂ ਰਖਿਆ ਸਭ ਕੁਝ ਗੁਰਦੁਆਰੇ ਚੜ੍ਹਾ ਦਿੱਤਾ ਹੈ । ਸੰਗਤ ਵਿਚ ਕਾਇਮ ਰਹਾਂਗਾ, ਫੇਰ ਦਾਖਲ ਕਰ ਲਿਆ ਜਾਵੇ, ਜੇ ਕਰ ਇਸ ਤਰਾਂ ਦਾ ਪ੍ਰਣ ਨਾ ਦੇਵੇ, ਤਾਂ ਉਸ ਨੂੰ ਦਾਖਲ ਨਾ ਕਰਨ ।

੧੯. ਮਹੰਤਾਂ ਨੂੰ ਚਾਹੀਦਾ ਹੈ ਕਿ ਰਹਿਤ ਵਾਲੇ ਸਿੱਖਾਂ ਦੇ ਹੱਥੋਂ ਪ੍ਰਸ਼ਾਦ ਛਕਣ । ਉਹਨਾਂ ਪਾਸੋ ਹੀ ਤਿਆਰ ਕਰਾਉਣ ਅਤੇ ਪ੍ਰਸ਼ਾਦ ਡੋਲ ਦੇ ਜਲ ਦਾ ਲੰਗਰ ਵਿਚ ਹੋਇਆ ਕਰੇ ।

੨੦. ਇਹ ਰੋਕ ਨਹੀਂ ਕਿ ਕਿਸੇ ਦੂਜੇ ਸਿਖ ਸਾਧੂਆਂ ਨੂੰ ਭੋਜਨ ਨਾ ਦਿੱਤਾ ਜਾਵੇ । ਪ੍ਰਸ਼ਾਦ ਸਭ ਨੂੰ ਦੇਣਾ ਚਾਹੀਏ । ਪਰ ਇਹ ਖਿਆਲ ਰਹੇ ਕਿ ਰਹਿਤ ਵਾਲਿਆਂ ਦੀ ਪੰਗਤ ਤੋਂ ਜੁਦੇ ਹੋ ਜਾਇਆ ਕਰਨ ਉਨ੍ਹਾਂ ਦੀ ਪੰਗਤ ਜੁਦੀ ਹੋਵੇ ।

੨੧. ਇਸਤ੍ਰੀ ਨੂੰ ਅਖਾੜੇ ਵਿਚ ਕਦੀ ਨਾ ਵੜਨ ਦਿੱਤਾ ਜਾਏ । ਅਤੇ ਨਸ਼ੇ ਸ਼ਰਾਬ ਆਦਿਕ ਲਈ ਭੀ ਰੋਕ ਹੈ, ਮਗਰ ਅਫੀਮ ਅਤੇ ਭੰਗ ਦੀ ਰੋਕ ਨਹੀਂ ।

੨੨. ਜੇ ਕੋਈ ਰਹਿਤ ਨਾ ਰੱਖਣ ਵਾਲਾ ਕਿਸੀ ਕੌਮ ਦਾ ਪ੍ਰੇਮੀ ਪ੍ਰਸਾਦ ਕਰਾਉਣਾ ਚਾਹੇ ਤਾਂ ਨਾਹ ਨਹੀਂ ਕਰਨੀ ਸੁੱਕਾ ਸੀਧਾ ਲੈਕੇ ਆਪਣੇ ਲਾਂਗਰੀਆਂ ਪਾਸੋਂ ਤਿਆਰ ਕਰਾ ਲੈਣ ।

੨੩. ਜਿਹੜੀ ਰਕਮ ਪਹਿਲਾਂ ਤੋਂ ਹੀ ਅਸਲੀ ਪੇਸ਼ਗੀ ਅਖਾੜੇ ਦੇ ਸਪੁਰਦ ਕੀਤੀ ਗਈ ਹੈ ਉਸ ਦੀ ਆਮਦਨੀ ਸੂਦ ਅਤੇ ਨਫਾ ਤਜਾਰਤ ਤੋਂ ਕਾਰਵਾਈ ਲੰਗਰ ਤੇ ਮੁਰੰਮਤ ਹੋਵੇ, ਅਸਲ ਰਕਮ ਨਾ ਖਰਚ ਕੀਤੀ ਜਾਵੇ ।

੨੪. ਖਜ਼ਾਨੇ ਦਾ ਪ੍ਰਬੰਧ ਇਸ ਤਰ੍ਹਾਂ ਰਹੇਗਾ, ਜੋ ਹਰ ਤਿੰਨੇ ਮਹੰਤ ਅਰ ਤਿੰਨੇ ਸਰਕਾਰਾਂ ਵਿਚ ਹਨ । ਉਨਾ ਦੇ ਸਪੁਰਦ ਰਹੇਗਾ । ਉਹ ਮਹੰਤ ਆਪਣੀ ਆਪਣੀ ਕੋਸ਼ਿਸ਼ ਨਾਲ ਉਸ ਰੁਪਯੇ ਦੀ ਆਮਦਨ ਸੂਦ ਅਤੇ ਤਿਜਾਰਤ ਵਧਾਉਣ ਅਤੇ ਅਖਾੜੇ ਸਦਰ ਵਿਚ ਖਬਰ ਦੇਣ । ਅਤੇ ਦਫਾ ਨੰਬਰ ੨੩ ਅਨੁਸਾਰ ਖਰਚ ਕਰਨ । ਸਾਲ ਭਰ ਵਿਚ ਇਕ ਵਾਰ ਅਖਾੜੇ ਦੇ ਖਾਤੇ ਨੂੰ ਦੇਖਲਿਆ ਕਰਨ । ਅਤੇ ਉਹ ਸ੍ਰੀ ਮਹੰਤ ਤੋਂ ਮੁਲਾਹਜ਼ਾ ਕਰਾਇਆ ਕਰਨ ।

੨੫. ਸ੍ਰੀ ਮਹੰਤ ਆਪਣੇ ਜੀਉਂਦੇ ਜੀ ਜੇ ਕਰ ਕਿਸੇ ਨੂੰ ਆਪਣੀ ਥਾਂ ਅੱਗੇ ਲਈ ਕਰਨਾ ਚਾਹੇ । ਤਾਂ ਤਿੰਨਾਂ ਰਿਆਸਤਾਂ ਦੇ ਅਖਾੜਿਆਂ ਦੀ ਸਲਾਹ ਨਾਲ ਆਪਣੀ ਜ਼ਿੰਦਗੀ ਵਿਚ ਮੁਕੱਰਰ ਕਰ ਸਕੇਗਾ ।

੨੬. ਜੋ ਸ੍ਰੀ ਮਹੰਤ ਨੇ ਆਪਣੇ ਜੀਉਂਦੇ ਆਪ ਕਿਸੀ ਨੂੰ ਸ੍ਰੀ ਮਹੰਤ ਥਾਪ ਦਿਤਾ ਹੈ ਅਤੇ ਉਸ

Digitized by Panjab Digital Library | www.panjabdigilib.org

ਨੇ ਆਪਣੇ ਸਮੇਂ ਵਿਚ ਚੰਗਾ ਕੰਮ ਨਹੀਂ ਕੀਤਾ । ਤਾਂ ਤਿੰਨੇ ਸਰਕਾਰਾਂ ਇਤਫਾਕ ਨਾਲ ਉਸ ਨੂੰ ਬਰਖਾਸਤ ਕਰ ਦੇਣਗੀਆਂ ।

੨੭. ਜੇ ਕੋਈ ਮਹੰਤ ਇਸ ਰਹਿਤ ਦੇ ਉਲਟ ਅਮਲ ਕਰੇਗਾ ਤਾਂ ਤਿੰਨਾਂ ਸਰਕਾਰਾਂ ਨੂੰ ਅਖ-ਤਿਆਰ ਹੈ ਕਿ ਆਪਣੀ ਸਲਾਹ ਨਾਲ ਉਸ ਨੂੰ ਮਹੰਤੀ ਤੋਂ ਹਟਾ ਦੇਣ।

੨੮. ਹਰ ਪੰਜ ਮਹੰਤਾ ਪਾਸੋਂ ਪਹਿਲਾਂ ਇਕਰਾਰ ਨਾਮੇ ਲਏ ਜਾਣ। ਕਿ ਅਸੀਂ ਇਸ ਦਸਤੂ ਰੁਲ ਅਮਲ ਦੇ ਉਲਟ ਅਮਲ ਨਹੀਂ ਕਰਾਂਗੇ। ਜੋ ਤਿੰਨੇ ਸਰਕਾਰਾਂ ਲਿਖਿਆਂ ਕਰਨ ਉਨ੍ਹਾਂ ਦੀ ਨਕਲ ਦਸਤੂ ਰੁਲ ਅਮਲ ਵਜੋਂ ਗੁਰਮੁਖੀ ਵਿਚ ਆਪਣੇ ਪਾਸ ਰੱਖਣ। ਅਤੇ ਜੋ ਦਸਤੂਰੁਲ ਅਮਲ ਦੀ ਨਕਲ ਮਹੰਤਾਂ ਨੂੰ ਦਿਤੀਆਂ ਜਾਣ। ਉਨ੍ਹਾਂ ਤੇ ਮੁਹਰਾਂ ਲਾਕੇ ਹਰ ਤਿੰਨਾਂ ਦਰਬਾਰਾਂ ਨੂੰ ਦੇਣ ਜੋ ਮਿਸਲਾ ਵਿਚ ਰੱਖੀਆਂ ਰਹਿਣ ।

੨੯. ਅਖਾੜੇ ਦੇ ਸਿੱਖਾਂ ਲਈ ਜ਼ਰੂਰੀ ਹੋਵੇਗਾ ਕਿ ਇਕ ਬਸਤਰ ਸ਼ਿੰਗਰਫੀ ਰੱਖਣ ਸਫੇਦ ਰਿਵਾਜ ਅਨੁਸਾਰ ਇਹ ਕੇਵਲ ਨਿਸ਼ਾਨ ਹੈ। ਗ੍ਰਹਸਤ ਦਾ ਤਿਆਗ ਅਤੇ ਦਰਵੇਸ਼ੀ ਦਾ ਅਮਲ।

੩੦. ਤੰਬੂ ਜਾਂ ਚਿੱਪੀ ਦੀ ਥਾਂ ਗੜਵਾ ਜਾਂ ਲੋਹੇ ਧਾਤ ਦਾ ਜਾਂ ਕਮੰਡਲ ਰੱਖਣ ਕਿਉਂਕਿ ਤੂੰਬ, ਅਤੇ ਚਿੱਪੀ ਅਸ਼ੁੱਧ ਹਨ। ਮਿਟੀ ਨਾਲ ਸਾਫ ਸ਼ੁੱਧ ਨਹੀਂ ਕੀਤੇ ਜਾ ਸਕਦੇ।

ਏਸ ਦੀ ਗੋਲਕ ਵਾਸਤੇ ਤਿੰਨੇ ਸਿਖ ਰਿਆਸਤਾਂ ਵਲੋਂ ਉਦਾਰਤਾਈ । ਪਟਿਆਲਾ ਪਤ ਮਹਾਰਾਜਾ ਨਰਿੰਦਰ ਸਿੰਘ ਜੀ ਨੇ ੮੦੦੦੦) ਨਕਦ ਅਤੇ ੪੦੦੦) ਦੀ ਸਾਲਾਨਾ ਜਾਗੀਰ। ਮਹਾਰਾਜਾ ਭਰਪੂਰ ਸਿੰਘ ਜੀ ਨਾਭਾ ਪਤ ਨੇ ੧੬੦੦੦) ਨਕਦ ਅਤੇ ੫੭੫) ਦੀ ਸਾਲਾਨਾ ਜਾਗੀਰ। ਮਹਾਰਾਜਾ ਸਰੂਪ ਸਿੰਘ ਜੀ ਜੀਂਦ (ਸੰਗਰੂਰ) ਪਤਿ ਨੇ ੨੦੦੦੦) ਨਕਦ ਅਤੇ ੧੩੦੦) ਦੀ ਸਾਲਾਨਾ ਜਾਗੀਰ ਦਿਤੀ ਅਤੇ ਤਿੰਨਾ ਗੁਰਸਿਖ ਰਿਆਸਤਾਂ ਵਲੋਂ ਗੁਰਮਤ ਪ੍ਰਚਾਰਨ ਵਾਸਤੇ ਕਿਨੇ ਕਿਨੇ ਯੋਗ ਪ੍ਰਬੰਧ ਕੀਤੇ ਗਏ।

ਏਸ ਉਪਕਾਰ ਦਾ ਸਦਕਾ ਜਿਥੇ ਇਕ ਸਿੰਘ ਨੂੰ ਰਹਾਇਸ਼ ਤੇ ਪ੍ਰਸ਼ਾਦ ਨਹੀਂ ਮਿਲਦਾ ਸੀ ਅਜ ਭੁਖਿਆ ਵਾਸਤੇ ਛੇਤ੍ਰ (ਲੰਗਰ) ਰਹਿਣ ਵਾਸਤੇ ਛੋਣੀਆਂ ਪਾਈਆਂ ਜਿਥੇ ਹਜ਼ਾਰਾ ਨਿਤਾ ਪ੍ਰਤੀ ਵਾਛਤ ਛਾਤ ਫਲ ਪਾ ਰਹੇ ਹਨ । ਹਰਿ ਕੁੰਭ ਤੇ ਸਿਹਾਈਆਂ ਵਿਚ ਚੌਥੇ ਨੰਬਰ ਤੇ ਸਿਹਾਈ (ਜਲੂਸ) ਨਿਕਲਦੀ ਹੈ।

੧ ਸੰਨਯਾਸੀ
੨ ਬੈਰਾਗੀ
ਉਦਾਸੀ
੪ ਨਿਰਮਲੇ ਸਿਖ

ਜਿਸ ਆਸ਼ੇ ਅਨੁਸਾਰ ਸਿਖ ਰਿਆਸਤਾਂ ਨੇ ਏਹ ਧੁਰਬਾ ਬੰਨਿਆ ਸੀ ਉਹ ਪੂਰਾ ਨਹੀਂ ਹੋਇਆ ਕਿਉਂ ਕਿ ਰਿਵਾਜਨ ਅਨਮਤਾਂ ਦੇ ਰੀਸੇ ਮਖੀ ਤੇ ਮਖੀ ਮਾਰਨੀ ਮੁਖ ਮਨੋਰਥ ਹੋ ਗਿਆ ਹੈ ਕਿਉਂ ਨਿਰਰੋਲ ਗੁਰਮਤ ਪ੍ਰਚਾਰ ਨਹੀਂ ਰਿਹਾ ।

Digitized by Panjab Digital Library | www.panjabdigilib.org

# ਨਿਰਮਲ ਭੇਖ ਦੇ

ਸਭ ਤੋਂ ਪਹਿਲੇ ਸ੍ਰੀ ਮਹੰਤ ਭਾਈ ਮਤਾਬ ਸਿੰਘ ਜੀ ਸਨ ਹੁਣ ਮੌਜੂਦਾ ਸ੍ਰੀ ਮਹੰਤ ਪੰਡਤ ਸੁਚਾ ਸਿੰਘ ਜੀ ਹਨ ਇਸ ਜਗਾ ਛੇ ਪੜੋ ਸੋਚ ਵਿਚਾਰ ਦੇਖੋ ਸਫਾ ੪੪੮

੧ਓ

## ਨਿਹੰਗ ਸਿੰਘ

ਖੜਗ, ॥ ਤਲਵਾਰ ॥ ਬਾਰਤ, ਨਿਹੰਗ, ॥ ਉੱਠਤ ਫੁਲਿੰਗ ॥ ਸੁਲੋਕ ॥

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਕਾਲੀ ਫੌਜ ਸਿੰਘਾਂ ਦਾ ਇਕ ਫਿਰਕਾ ਜੋ ਸੀਸ ਪੁਰ ਫਰਹਰੇ ਵਾਲਾ ਉੱਚ ਦਮਾਲਾ ਚਕਰ, ॥ ਤੋੜਾ ॥ ਖੰਡਾ ॥ ਕ੍ਰਿਪਾਨ ॥ ਗਜਗਾਹ ॥ ਆਦਿਕ ਸ਼ਸਤ੍ਰ ਅਰ ਨੀਲਾ ਬਾਣਾ ਪਹਿਨਦਾ ਹੈ ਸੋ ਕਹੀਏ ਨਿਹੰਗ ॥ ਜੋ ਮਰਣ ਦੀ ਸ਼ੰਕਾ ਤਿਆਗ ਕੇ ਹਰ ਵੇਲੇ ਸ਼ਹੀਦੀ ਪਾਉਣ ਨੂੰ ਤਿਆਰ ਅਤੇ ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਸਵਾਰਥ ਤੋਂ ਬਿਨ ਗੁਰਦੁਆਰਿਆਂ ਦਾ ਚੌਕੀਦਾਰ ਹੋਵੇ। ਦੇਸ ਦਾ ਰਖਵਾਲਾ ਹੋ ਜਾਵੇਗਾ।

## ਬਾਬਾ ਬੁਢਾ ਜੀ ਸਾਹਿਬ

੧. ਬਹੁਤ ਸਾਰੇ ਸਿਆਣੇ ਪੰਥਕ ਵਿਦਿਆ ਵਾਨ ਬਜ਼ੁਰਗਾਂ ਤੋਂ ਇਉਂ ਸੁਣਿਆ ਹੈ ਕਿ ਜਦ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਕਿਲਾ ਗਵਾਲੀਅਰ ਵਿੱਚ ਨਜ਼ਰ ਬੰਦ ਸਨ ਉਸ ਵੇਲੇ ਬਾਬਾ ਬੁਢਾ ਜੀ ਗੁਰੂ ਬਜੋਗੀ ਸੰਗਤਾਂ ਨੂੰ ਸਾਥ ਲੈਕੇ ਕਿਲਾ ਗਵਾਲੀਅਰ ਵਲ ਪੈਦਲ ਜਾਂਦੇ ਤੇ ਬਾਬਾ ਜੀ ਸਭ ਤੋਂ ਮੂਹਰੇ ਨਿਸ਼ਾਨ ਸਾਹਿਬ ਲੈਕੇ ਚਲਦੇ ਇਸ ਪਰਕਾਰ ਕਿਲਾ ਗਵਾਲੀਅਰ ਦੀ ਪਰਕਰਮਾ ਕਰਿਆ ਕਰਦੇ। ਜਦ ਸ੍ਰੀ ਗੁਰੂ ਜੀ ਨੇ ਇਹ ਰਚਨਾ ਦੇਖੀ ਤਾਂ ਅਤਿ ਪ੍ਰਸੰਨ ਹੋਕੇ ਬਚਨ ਕੀਤਾ ਕਿ ਬਾਬਾ ਬੁਢਾ ਜੀ ਕੁਝ ਸਮਾਂ ਪਾਕੇ ਤੇਰਾ ਪੰਥ ਨਿਸ਼ਾਨਾਂ ਵਾਲਾ ਚਲੇਗਾ।

## ਬਾਬਾ ਫਤੇ ਸਿੰਘ ਜੀ ਸਾਹਿਬ

੨. ਕਈ ਇਤਿਹਾਸਾਂ ਤੇ ਪੁਰਾਤਨ ਬਹੁਤ ਸਿੰਘਾਂ ਤੋਂ ਸੁਣਿਆ ਅਤੇ ਪੜ੍ਹਿਆ ਹੈ ਕਿ ਇਕ ਸਮੇਂ ਸਾਹਿਬਜ਼ਾਦਾ ਫਤੇ ਸਿੰਘ ਜੀ ਵਿਲਾਸ ਕਰਦੇ ਹੋਏ ਸੀਸ ਤੇ ਦਮਾਲਾ ਸਜਾਕੇ ਸ੍ਰੀ ਦਸਮੇਸ਼ ਜੀ ਦੇ ਹਜ਼ੂਰ ਆਏ ,, ਜਿਸ ਪੁਰ ਸ੍ਰੀ ਕਲਗੀਧਰ ਰਾਜਜੋਗੀ ਪਿਤਾ ਨੇ ਫੁਰਮਾਇਆ ਕਿ ਇਸ ਬਾਣੇ ਦਾ ਇਕ ਨਿਹੰਗ ਪੰਥ ਹੋਵੇਗਾ ॥

Digitized by Panjab Digital Library | www.panjabdigilib.org

# (ਬਾਬਾ ਮਾਨ ਸਿੰਘ ਜੀ)
## ੩. ਢਿਲਵਾਂ ਵਿਚ ਡੇਰਾ ਕਰਨਾ ਤੇ ਨੀਲੇ ਬਸਤ੍ਰ ਉਤਾਰਨੇ

ਕਪੂਰੇ ਦਾ ਮਰਦੂਦ ਤੇ ਜੰਗਲ ਦਾ ਗਿਦੜ ਦਿਲ ਦੇਖਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੋਟ ਕਪੂਰੇ ਤੋਂ ਕੂਚ ਕਰਕੇ ਢਿਲਵੀਂ ਪਹੁੰਚੇ ਤਾਂ ਕੌਲ ਜੀ ਚਾਰੇ ਪੁਤਰਾਂ ਸਤਾ ਨੰਦ, ਹਰੀ ਚੰਦ ਅਮਰੀਕ ਬਨਵਾਲੀ, ਸਮੇਤ ਸ੍ਰੀ ਗੁਰੂ ਜੀ ਦੀ ਸੇਵਾ ਵਿਚ ਸਰਧਾ ਪਰੇਮ ਨਾਲ ਹਾਜ਼ਰ ਹੋਇਆ ॥ ਸਤਾ ਨੰਦ ਦਾ ਪੁਤਰ (ਕੌਲ ਦਾ ਪੋਤਰਾ) ਅਭੈ ਚੰਦ ਵੀ ਹੋਣਹਾਰ ਬਹਾਦਰ ਨੇ ਸ੍ਰੀ ਦਸਮੇਸ਼ ਜੀ ਅਗੇ ਪਰਾਰਥਨਾ ਕੀਤੀ ਕਿ ਸ੍ਰੀ ਗੁਰੂ ਸਾਹਿਬ ਘਰ ਚਲੋ ਤੇ ਇਸ਼ਨਾਨ ਕਰਕੇ ਪ੍ਰਸਾਦਿ ਛਕੋ ॥ ਹੁਣ ਸ੍ਰੀ ਗੁਰੂ ਜੀ ਨੇ ਬੇਨਤੀ ਪ੍ਰਵਾਨ ਕਰਕੇ, ਸੋਢੀ ਕੌਲ ਜੀ ਦੇ ਘਰ ਚਲੇ ਗਏ, ਸ੍ਰੀ ਗੁਰੂ ਜੀ ਦਾ ਇਸ਼ਨਾਨ ਬੜੇ ਪਰੇਮ ਨਾਲ ਕਰਾਨ ਲਗੇ ਜਦ ਇਸ਼ਨਾਨ ਕਰਕੇ ਨੀਲੇ ਬਸਤ੍ਰ ਪਹਿਨਣ ਲਗੇ ਤਾਂ ਕੌਲ ਜੀ ਨੇ ਅਰਜ਼ ਕੀਤੀ ਜੀ ਸਚੇ ਪਾਤਸਾਹੋ ਇਹ ਨੀਲੇ ਬਸਤਰ ਰਹਿਣ ਦਿਉ ਅਤੇ ਚਿਟੇ ਪਹਿਨ ਕੇ ਸੇਵਕਾਂ ਦੀ ਸੇਵਾ ਪਰਵਾਨ ਕਰੋ ॥ ਸ੍ਰੀ ਦਸਮੇਸ਼ ਜੀ ਨੇ ਕੌਲ ਦੀ ਅਰਦਾਸ ਪਰਵਾਨ ਕਰਕੇ ਚਿਟੇ ਬਸਤ੍ਰ ਪਹਿਨ ਲਏ, ਤੇ ਨੀਲੇ ਬਸਤਰਾਂ ਨੂੰ ਅਗ ਬਾਲ ਕੇ ਪਾੜ ਪਾੜ ਕੇ ਸਾੜਨ ਲਗੇ ਹੌਲੀ ੨ ਸਾਰੇ ਸਾੜ ਦਿਤੇ ਜਦੋਂ ਇਕ ਲੀਰ ਰਹਿ ਗਈ ਤਾਂ ਉਹ ਲੀਰ ਭਾਈ ਮਾਨ ਸਿੰਘ ਜੀ ਨੇ ਸਤਿਗੁਰੂ ਜੀ ਦੇ ਹਥ ਵਿਚੋਂ ਬੇਨਤੀ ਪੂਰਬਕ ਫੜ ਲਈ ਤੇ ਆਪਣੀ ਦਸਤਾਰ ਵਿਚ ਟੰਗ ਲਈ ਜੋ ਬਹੁਤ ਹੀ ਸੋਹਣੀ ਲਗੀ ॥ ਉਸ ਵੇਲੇ ਸ੍ਰੀ ਦਸਮੇਸ਼ ਜੀ ਨੇ ਬਚਨ ਕੀਤਾ ਕਿ ਭਾਈ ਮਾਨ ਸਿੰਘ ਜੀ ਇਹ ਨੀਲੀ ਲੀਰ ਤੁਸਾਂ ਨੂੰ ਚੰਗੀ ਲਗਦੀ ਹੈ ॥ ਇਸ ਨੂੰ ਰਖੋ, ਇਸ ਬਾਣੇ ਵਾਲੀ ਆਪਦੀ ਸੰਪ੍ਰਦਾਇ ਚਲੇਗੀ ਜੋ ਨਿਹੰਗ ਅਖਵਾਇ ਗੀ ॥

ਇਸ ਤਰਾਂ ਭਾਈ ਮਾਨ ਸਿੰਘ ਜੀ ਨੂੰ ਵਰ ਦੇ ਕੇ ਨਿਹਾਲ ਕੀਤਾ। ਭਾਈ ਮਾਨ ਸਿੰਘ ਜੀ ਬਹੁਤ ਪਰਸੰਨ ਹੋਏ ॥ ਤਦੋਂ ਤੋਂ ਨਿਹੰਗ ਸਿੰਘਾਂ ਦਾ ਜਥਾ (ਦਲ) ਕਾਇਮ ਹੋਇਆ ਤੇ ਭਾਈ ਮਾਨ ਸਿੰਘ ਜੀ ਅਨੰਦ ਪੁਰ ਤੋਂ ਚਮਕੌਰ, ਮਾਲਵਾ ਅਤੇ ਦਖਣ ਦੀ ਯਾਤਰਾ ਵਿਚ ਸ੍ਰੀ ਦਸਮੇਸ਼ ਜੀਦੇ ਸਾਥ ਰਿਹਾ। ਨਰਮਦ ਨਦੀ ਦੇ ਕਿਨਾਰੇ ਇਕ ਮਤਾਂਧ ਮੁਸਲਮਾਨ ਦੇ ਹਥੋਂ ਗੋਲੀ ਨਾਲ ਸ਼ਹੀਦ ਕੀਤਾ ਗਿਆ ॥ (ਸੂਰਜ ਪਰਤਾਪ)

ਪੁਰਾਤਨ ਵਿਦਵਾਨਾਂ ਤੇ ਮਹਾਂਪੁਰਖਾਂ ਤੋਂ ਸੁਣਨ ਵਿਚ ਆਇਆ ਹੈ ਕਿ ਜਦ ਸ੍ਰੀ ਦਸਮੇਸ਼ ਪਿਤਾ ਜੀ ਨੇ ਉਚ ਪੀਰ ਵਾਲਾ ਨੀਲਾ ਬਾਣਾ ਚੰਡੋ ਦੀ ਭੇਟ ਕਰਨ ਸਮੇਂ ਇਕ ਲੀਰ ਕਟਾਰ ਨਾਲ ਬੰਨੀ ਜਿਸ ਤੋਂ ਨੀਲਾ ਬਰੀ ਸੰਪ੍ਰਦਾਇ ਚਲੀ ਜਿਸ ਪ੍ਰਤੀ ਕਵੀਰਾਜ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ॥

ਸਗਲੇ ਫੂਕ ਚੂਰੇ ਨੀਲਾਂਬਰ ਤਨਿਕ ਤਿਸ਼ੀ ਤੇ ਰਾਖ ਲਯਾ ॥ ਜਮਧਰ ਸੰਗ ਬੰਧਕਰ ਸੋਊ ਪੰਥ ਪੇਖ ਹਿਤ ਸਭਿਨ ਛਯਾ (ਗੁਰ ਪ੍ਰ: ਸੂ:)

ਭਾਈ ਸਾਹਿਬ ਸੰਤੋਖ ਸਿੰਘ ਜੀ ਇਹ ਬੀ ਲਿਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਾਨ ਸਿੰਘ ਨੂੰ ਵਰ ਦਿਤਾ ਕਿ ਤੇਰਾ ਨਿਹੰਗ ਪੰਥ ਚਲੇਗਾ ॥ ਯਥਾ

ਹੈ ਪ੍ਰਸੰਨ ਬਰ ਦੇਵਤ ਜੋ ਹੋਵੈ ॥ ਪੰਥ ਖਾਲਸੇ ਮੇ ਤਵ ਹੋਵੈ

Digitized by Panjab Digital Library | www.panjabdigilib.org

ਤੁਝ ਸਮ ਬੇਖ‡ ਸੁਭਾਊ ਬਿਸਾਲੀ ॥ ਨਾਮ ਨਿਹੰਗ
ਅਨੇਕ ਅਕਾਲੀ (ਗੁ: ਪ੍ਰ: ਸੂ:)

# ਬਾਬਾ ਨੈਣਾ ਸਿੰਘ ਜੀ

ਦਾ ਫਰਹਰਾ ਨਿਸ਼ਾਨ ਦਾ ਚਿੰਨ੍ਹ ਥਾਪਿਆ ਪਰ ਗੁਰਪੁਰ ਨਿਵਾਸੀ ਬਿਰਧ ਵਿਵੇਕਾ ਸਿੰਘ ਜੀ ਅੰਮ੍ਰਿਤਸਰੀ ਦੇ ਕਥਨ ਅਨੁਸਾਰ ਬਾਬਾ ਨੈਣਾ ਸਿੰਘ (ਨਰਾਇਣ ਸਿੰਘ) ਨੇ ਸਭ ਤੋਂ ਪਹਿਲਾਂ ਫ਼ੌਜ ਦੇ ਨਿਸ਼ਾਨਚੀ ਦੇ ਸਿਰ ਉਪਰ ਦਮਾਲਾ ਸਜਾ ਕੇ ਨਿਸ਼ਾਨ ਦਾ ਫਰਹਰਾ ਝੁਲਾਇਆ ਤਾਂਕਿ ਉਹ ਸਭ ਤੋਂ ਅੱਗੇ ਨਿਸ਼ਾਨ ਦੀ ਥਾਂ ਭੀ ਹੋਵੇ ਅਤੇ ਹਥ ਵਿਹਲੇ ਹੋਣ ਕਰਕੇ ਸ਼ਸਤ੍ਰ ਭੀ ਚਲਾ ਸਕੇ, ਬਾਬਾ ਨੈਣਾ ਸਿੰਘ ਦਾ ਚਾਟੜਾ ਅਕਾਲੀ ਫੂਲਾ ਸਿੰਘ ਸਿੱਖ ਦਲ ਵਿੱਚ ਪਰਸਿਧ ਸੈਨਾਪਤੀ ਹੋਇਆ ਹੈ ॥ ਨਿਹੰਗ ਸਿੰਘ ਅਕਾਲ ਦੇ ਉਪਾਸ਼ਕ ਅਤੇ ਅਕਾਲ ਅਕਾਲ ! ਜਪਦੇ ਹਨ ॥ ਇਸ ਕਾਰਨ ਅਕਾਲੀ ਨਾਮ ਭੀ ਮਸ਼ਹੂਰ ਹੋ ਗਿਆ ਹੈ ॥ ਸ੍ਰੀ ਅੰਮ੍ਰਿਤਸਰ ਅਕਾਲੀਆਂ ਦੀ ਛਾਵਨੀ ਇਸ ਦਾ ਨਾਉ ਨਿਹੰਗਾਂ ਦੀ ਛੌਣੀ ਭੀ ਹੈ ॥

ਅੰਮਿਰਤਸਰ ਜੀ ਵਿਚ ਇਹ ਉਹ ਥਾਂ ਹੈ ਜਿੱਥੇ ਅਕਾਲੀ ਫੂਲਾ ਸਿੰਘ ਜੀ ੧੨ (ਬਾਰਾਂ) ਸੌ ਘੋੜ ਸਵਾਰ ਅਤੇ ੧੮ ਸੌ ਪੈਦਲ ਅਕਾਲੀ ਦਲ ਨਾਲ ਬਿਰਾਜਦੇ ਸਨ, ਮਹਾਰਾਜਾ ਰਣਜੀਤ ਸਿੰਘ ਜੀ ਨੇ ਇਸ ਨਾਲ ਜਾਗੀਰ ਲਾਈ ਹੋਈ ਸੀ ॥

ਨੀਲੇ ਬਾਣੇ ਵਾਲੇ ਨਿਹੰਗ ਸਿੰਘ ਸੰਨਿਆਸੀਆਂ ਦੀ ਤਰਾਂ ਤਿਆਗੀ ਹੋਣਗੇ (ਗ੍ਰਿਹਸਤੀ ਬਣਕੇ ਨਿਹੰਗ ਆਪਣੇ ਜੀਵਨ ਨਿਸ਼ਾਨੇ ਤੋਂ ਚਲਿਆ ਜਾਇਆ ਕਰਨਗੇ) ਨਿਹੰਗ ਸਿੰਘ ਦੇ ਜਥੇ (ਦਲ) ਦੇਸ਼ ਤੇ ਧਰਮ ਦੀ ਰਖਿਆ ਕਰਨ ਗੇ ॥ ਇਹ ਸੁਤੰਤ੍ਰ ਸੁਭਾ ਦੇ ਨਿਡਰ ਤੇ ਨਿਰਵੈਰ ਹੋਣਗੇ ॥ ਰਹਿਤ ਵਿਚ ਰਹਿ ਕੇ ਪੂਰਨ ਸਿਖ ਰਹਿਣਗੇ ॥ ਗਰੀਬ ਤੇ ਅਬਲਾ (ਇਸਤਰੀ ਜਾਤੀ) ਦੀ ਰਖਿਆ ॥ ਗੁਰਦੁਅਰਿਆਂ ਦੇ ਪਹਿਰੇਦਾਰ ਹੋਣਗੇ ॥ ਤੁਰਕ ॥ ਕੁੜੀਮਾਰ (ਕੁੜੀ ਬੇਚ) ਨੜੀਮਾਰ, ਗੁਰੂ ਨਿੰਦਕਾਂ ਤੇ ਗੁਰੂ ਪੰਥ ਧਰੋਹੀ ॥ ਮੀਣੇ ਖਚਰੇ ਦਾ ਵਿਸਾਹ ਨਹੀਂ ਕਰਨਗੇ ਤੇ ਮਨ ਮਤ ਦੀਆਂ ਰੀਤਾਂ ਤੋਂ ਦੂਰ ਅਤੇ ਗੁਰਮਤ ਧਰਮ ਕਰਮ ਵਿਚ ਪੂਰੇ ਰਹਿਣਗੇ ॥ ਜੋ ਮੇਰੇ ਖਾਲਸੇ ਦਾ ਸਹੀ ਰੂਪ ਹੈ ਤਦ ਅਸੀਂ ਖਾਲਸੇ ਦੇ ਅੰਗ ਸੰਗ ਰਿਹਾ ਕਰਾਂਗੇ ॥

ਇਕ ਅਕਾਲ ਉਪਾਸਕ ਵਾਹਿਗੁਰੂ ਜੀ ਕਾ ਖਾਲਸਾ

ਕਮਲ ਜਯੋਂ ਮਾਯਾ ਜਲ ਵਿਚ ਹੈ ਅਲੇਪ ਸਦਾ,
ਸਭ ਦਾ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ ॥
ਕਰਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ,
ਭਾਣੇ ਵਿੱਚ ਵਿਪਦਾ ਨੂੰ ਮੰਨੇ ਖੁਸ਼ਹਾਲੀ ਹੈ ॥
ਸ੍ਵਾਰਥ ਤੋਂ ਬਿਨਾ ਗੁਰਦਵਾਰਿਆਂ ਦਾ ਚੌਕੀਦਾਰ,
ਧਰਮ ਦੇ ਕੰਮ ਲਈ ਚੜ੍ਹੇ ਮੁਖ ਲਾਲੀ ਹੈ ॥

---

‡ ਇਸ ਤੋਂ ਸ਼ਕ ਪੈਂਦਾ ਹੈ ਕਿ ਭਾਈ ਮਾਨ ਸਿੰਘ ਜੀ ਪਹਿਲੇ ਬੀ ਨਿਹੰਗੀ ਲਬਾਸ ਰਖਦੇ ਸਨ ॥

Digitized by Panjab Digital Library | www.panjabdigilib.org

ਪੂਜੇ ਨਾ ਅਕਾਲ ਬਿਨਾ ਹੋਰ ਕੋਈ ਦੇਵੀ ਦੇਵ,
ਸਿਖ ਦਸਮੇਸ਼ ਦਾ ਸੋ ਕਹੀਏ "ਅਕਾਲੀ" ਹੈ ॥

ਸੰਤ ਨਿਹਾਲ ਸਿੰਘ ਜੀ ਨਿਹੰਗਾਂ ਪ੍ਰਤੀ ਸ੍ਰੀ ਦਸਮੇਸ਼ ਜੀ ਦਾ ਵਾਕ ਲਿਖਦੇ ਹਨ ।

ਧੱਮ ਕੇ ਧੁਰੰਧਰ ਉਦਾਰਤਾ ਕੇ ਧਾਰਾ ਧਰ
ਭੋਲੇ ਭਾਲ ਕਾਜਤੇ ਝਕੋਲੇ ਪਰੇਮ ਰੰਗ ਮੇ
ਸੱਬ ਲੋਹ ਪਜਾਰੇ ਆਰੇ ਅਬ ਖਬ ਲੌ ਨਾ ਦਬ ਬੰਧ
ਨੈਕ ਹੂੰ ਨ ਗਬ ਪੁੰਨ ਪਬ ਯਾਕੇ ਸੰਗ ਮੇ
ਸਾਜ ਕੇ ਸੁਬਾਨੇ ਸੂਰ ਗਾਜਕੈ ਮ੍ਰਿਗੇਂਦ੍ਰ ਭੂਰਿ
ਭਾਜਕੈ ਗਨੀਮ ਕੋ ਬਿਦਾਰੇ ਜੋਰ ਜੰਗ ਮੇ
ਮੋਦ ਕੇ ਤਰੰਗ ਮੈ ਉਮੰਗ ਕੋ ਉਤੰਗ ਪੰਥ
ਲੋਕ ਦੰਗ ਕੈਬੇ ਕੋ ਸੁ ਕੀਨੇ ਏ ਨਿਹੰਗ ਹੈ

* * * *

ਖਾਲਸੇ ਦਾ ਜੈਕਾਰਾ ਇਹ ਹੈ ॥

ਸਭ ਧਰਤੀ ਹਲ ਚਲ ਭਈ ਛੋਡਯੋ ਘਰ ਬਾਰਾ
ਸ਼ਾਹ ਪਾਤਸ਼ਾਹ ਅਮੀਰੜੇ ਖਪਿ ਹੋਇ ਛਾਰਾ
ਸਤਿਗੁਰ ਬਾਝਹੁ ਕੋ ਨਹੀਂ ਭੈ ਕਾਟਨ ਹਾਰਾ
ਚੜਿਆ ਗੁਰੂ ਗੋਬਿੰਦ ਸਿੰਘ ਲੈ ਧਰਮ ਨਗਾਰਾ ॥
ਭੇਖੀ ਭਰਮੀਆਂ ਦੀ ਸਭਾ ਉਠਾਇਕੇ
ਦਬੜੂ ਘੁਸੜੂ ਨੂੰ ਭਾਜੜਾਂ ਪਾਇਕੇ
ਖੋਟੇ ਖਚਰੇ ਦੀ ਸਫ਼ਾ ਸਮੇਟ ਕੇ
ਗੁਰ ਸਿੰਘਾਂ ਰਚਿਆ ਜੈਕਾਰਾ
ਜੋ ਗਜ ਕੇ ਬੁਲਾਵੇ ਸੋ ਗੁਰੂ ਕਾ ਪਿਆਰਾ
ਸਤਿ ਸ੍ਰੀ ਅਕਾਲ ਗੁਰ ਬਰ ਅਕਾਲ

* * * *

ਜ਼ਾਗਤ ਜੋਤ ਜਪੇ ਨਿਸ ਬਾਸਰ ॥ ਏਕ ਬਿਨਾ ਮਨ ਨੈਕ ਨ ਆਨੈ ॥
ਏਕ ਪੂਰਨ ਪ੍ਰੇਮ ਪ੍ਰਤੀਤਿ ਸਜੈ ॥ ਬ੍ਰਤ ਗੋਰ ਮੜੀ ਮਟ ਭੂਲ ਨਾ ਮਾਨੈ ॥
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਨੈਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ ॥ ੩੩ ਸਵੈਯੇ ॥

ਵਾਕ ਕੀਓ ਕਰਤਾਰ ਸੰਤਨ ਲੀਓ ਬਿਚਾਰ, ਸੁਪਨੇ ਸੰਸਾਰ ਤਾਂਹਿ ਕਾਹਿ ਲਪਟਾਈਏ ॥
ਬਿਖਿਨ ਕੋ ਤਜੋ (ਕਰੋ) ਨੇਹ ਸ੍ਰੀ ਗੁਰੂ ਕੀ ਸਿਖ ਲੇਹ, ਨਾਸੇ ਛਿਨ ਮਾਂਹਿ ਦੇਹ
ਯਮ ਪੁਰੀ ਜਾਈਏ ॥
ਸੀਸ ਨ ਮੁੰਡਾਓ ਮੀਤ ਹੁੱਕਾ ਤਜ ਭਲੀ ਰੀਤ, ਪ੍ਰੇਮ ਪ੍ਰੀਤ ਮਨ ਕਰ ਸ਼ਬਦ ਕਮਾਈਏ ॥

Digitized by Panjab Digital Library | www.panjabdigilib.org

ਜੋਵਨ ਹੈ ਦਿਨ ਚਾਰ ਦੇਖ ਬੂਝ ਕੈ ਬਿਚਾਰ, ਵਾਹਿਗੁਰੂ ਗੁਰੂ ਜੀ ਕਾ ਖਾਲਸਾ ਕਹਾਈਏ ॥
(ਗੁਰ ਸੋਭਾ)

ਕਹੁ ਕਬੀਰ ਜਨ ਭਏ ਖਾਲਸੇ † ਪ੍ਰੇਮ ਭਗਤਿ ਜਿਹ ਜਾਨੀ (ਸੋਰਠਿ)

ਤਦ ਇਹਨਾਂ ਦਾ ਤਪ ਤੇਜ ਵਧੇਗਾ ਸੁਖ ਭੋਗਣ ਤੇ ਭਗੋਣਗੇ ਜਦ ਇਹ ਮਰਯਾਦਾ ਛਡ ਜਾਣਗੇ ਤਾਂ ਖੁਵਾਰ ਹੋਣਗੇ ॥

ਜਬ ਲਗ ਰਹੇ ਖਾਲਸਾ ਨਿਆਰਾ ਤਬ ਲਗ ਤੇਜ ਦੀਓ ਮੈ ਧਾਰਾ
ਜਬ ਏਹ ਰਹੇ ਅਨ ਮਤਨ ਕੀ ਰੀਤ ਮੈ ਨਾ ਕਰਓ ਨਿਕੀਤ ਪਰਤੀਤ ॥

# ਨਿਹੰਗ ਸਿੰਘ ਫੌਜਾ (ਦਲ) ਦੇ ਸ਼ੁਰੂ ਤੋਂ ਹੁਣ ਤਕ ਜਥੇਦਾਰ ਸਾਹਿਬਾਂ ਦੇ ਨਾਂਉ

| ਨੰ : | ਨਾਮ | ਅੰਗੀਠਾ |
|---|---|---|
| ੧. | ਬਾਬਾ ਬੁਢਾ ਸਿੰਘ ਜੀ ਪਿੰਡ ਰਵਦਾਸ ਪੁਰਾ ਜ਼ਿਲਾ ਅੰਮ੍ਰਿਤਸਰ | |
| ੨. | ਬਾਬਾ ਫਤੇ ਸਿੰਘ ਜੀ ..... ..... | ਫਤੇਗੜ੍ਹ (ਸਰਹਿੰਦ) ਸਾਹਿਬ ਜੀ |
| ੩. | ਬਾਬਾ ਮਾਨ ਸਿੰਘ ਜੀ ..... ..... | ਨਰਮਦਾ ਨਦੀ ਕਿਨਾਰੇ (ਗੁ |
| ੪. | ਬਾਬਾ ਨੈਣਾ ਸਿੰਘ ਜੀ (ਨਰੈਣ ਸਿੰਘ ਜੀ) | ਬਬੇਕਸਰ ਸ੍ਰੀ ਅੰਮ੍ਰਿਤਸਰ ਜੀ |
| ੫. | ਬਾਬਾ ਫੂਲਾ ਸਿੰਘ ਜੀ ਅਕਾਲੀ ..... ..... | ਅਟਕ ਦਰਿਆ |
| ੬. | ਬਾਬਾ ਫਲਾਦਾ ਸਿੰਘ ਜੀ ..... ..... | ਹਜ਼ੂਰ ਸਾਹਿਬ (ਦਖਨ) |
| ੭. | ਬਾਬਾ ਤਾਪਾ ਸਿੰਘ ਜੀ ..... ..... | ਛਛਰੋਲੀ |
| ੮. | ਬਾਬਾ ਹਨੂਮਾਨ ਸਿੰਘ ਜੀ ..... ..... | ਸਮਾਣਾ |
| ੯. | ਬਾਬਾ ਗਿਆਨ ਸਿੰਘ ਜੀ ..... ..... | ਅਨੰਦਪੁਰ ਸਾਹਿਬ |
| ੧੦. | ਬਾਬਾ ਤੇਜਾ ਸਿੰਘ ਜੀ ..... ..... | ਸ੍ਰੀ ਅੰਮ੍ਰਿਤਸਰ ਜੀ |
| ੧੧. | ਬਾਬਾ ਸਾਹਿਬ ਸਿੰਘ ਜੀ ਪਿੰਡ ਭੜੀ ..... | ਛੌਣੀ ਨਿਹੰਗ ਸਿੰਘ |
| ੧੨. | ਬਾਬਾ ਚੇਤ ਸਿੰਘ ਜੀ ਜਨਮ ਦਮਦਮਾ ਸਾਹਿਬ ਮਜੂਦਾ ਜਥੇਦਾਰ ਤੇ ਮੀਤ ਜਥੇਦਾ ਕਰਤਾਰ ਸਿੰਘ ਜੀ ਪਿੰਡ ਝਾੜੂਕੇ ਮਾਲਵਾਂ | |
| ੧੩. | ਬਾਬਾ ਕਰਤਾਰ ਸਿੰਘ ਜੀ ..... ..... | ਦਮਦਮਾ ਸਾਹਿਬ |

## ਜਾਣ ਪਛਾਣ

ਨਿਰਭਉ ਹੋਇਓ ਭਇਆ ਨਿਹੰਗਾ ॥ ਆਸਾ ਮ : ੫ ॥

ਸਿੰਘ ਦਾ ਦਲ ਜੋ ਦਬੜੂ ਘੁਸੜੂ ਕਚੇ ਪਿਲੇ ਨੂੰ ਸੋਧਣ ਵਾਸਤੇ ਤਿਆਰ ਬਰ ਤਿਆਰ ਅਤੇ ਸਾਰੇ ਇਤਿਹਾਸੀ ਗੁਰ ਅਸਥਾਨ ਤੇ ਸਿੱਖ ਰਿਆਸਤਾਂ ਦਾ ਪਹਿਰੇਦਾਰ ਹੋਣ ਤੇ ਦਲ ਦਾ ਬਹੀਰ ਸਾਰੇ ਚਕਰ ਲਾਉਂਦਾ ਰਹਿੰਦਾ ਅਰ ਜਿਥੇ ਕਿਥੇ ਸਿੱਖ ਰਾਜੇ ਜਾਂ ਮਹੰਤ ਦੇ ਜੀਵਨ ਵਿੱਚ ਫਰਕ ਦਿਸਦਾ ਤਾਂ ਪਹਿਲੇ

† ਸ਼ੁਧ ਮਿਲਾਵਟ (ਪਖੰਡ) ਤੋਂ ਬਿਨਾ ॥

Digitized by Panjab Digital Library | www.panjabdigilib.org

ਖਾਲਸੇ ਦੇ ਗੁਰਮਤੇ ਅਨੁਸਾਰ ਸੁਧਾਈ ਕਰਨੀ ਜੇ ਅਗੋਂ ਆਕੜੇ ਫਾਨੜੇ ਤਾਂ ਚਾਹਟਾ ਛਕਾਉਣਾ (ਖੂਬ ਕੁਟਨਾ) ਇੱਕ ਅਕਾਲ ਪੁਰਖ ਤੋਂ ਬਿਨਾ ਕਿਸੇ ਦੀ ਕਾਣ ਨਹੀਂ ਮਨਦੇ ਸਨ ਬਲਕਿ ਕਾਣੇ*ਦੀ ਸੋਧ ਸੁਧਾਈ ਕਰਨ ਨੂੰ ਸਦਾ ਤਿਆਰ ਰਹਿੰਦੇ ਸਨ ।। ਲੰਗਰ ਵਬੇਕ ਦਾ ਤਿਆਰ ਕਰਕੇ ਛਕਦੇ ਇਹ ਅਕਾਲੀ (ਨਿਹੰਗ ਸਿੰਘ) ਸੂਰਮਿਆਂ ਦੀਆਂ ਫੌਜਾਂ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦੀਆਂ ਅਰ ਜਿਥੋਂ ਜਿਥੋਂ ਦੀ ਦਲ ਲੰਘਦਾ ਗੁਰਮਤ ਦਾ ਪ੍ਰਚਾਰ ਤੇ ਮਨ ਮਤ ਦਾ ਪ੍ਰਹਾਰ ਕਰਦਾ ਜਾਂਦਾ। ਐਸੇ ਤੇਜ ਪ੍ਰਤਾਪ ਵਾਲੇ ਸੁਘੜ ਸਿਆਣੇ ਨਿਰਛਲ ਦਲ (ਜੱਥੇ) ਤੇ ਵਰਤਮਾਨ ਸਮੇਂ ਵਿੱਚ ਅਸੂਲਾਂ ਤੋਂ ਗਿਰਨ ਵਾਲੇ ਰਾਜਿਆਂ ਨੇ ਦਲ ਤੇ ਐਸੀ ਸਿਆਸਤ ਵਰਤੀ ਜਿਸ ਵਿਚ ਰਾਜੇ ਪੂਰਨ ਕਾਮਯੋਬ ਹੋ ਗਏ ।।

ਕਿਉਂ

ਇਕ ਤਾਂ ਆਪਦੇ ਖਿਆਲਾਂ ਦੇ ਨਿਹੰਗ ਸਿੰਘ ਸਜਾ ਕੇ ਦਲ ਵਿੱਚ ਸਾਮਲ ਕਰ ਦਿਤੇ

ਦੂਜਾ ਜਦ ਨਿਹੰਗ ਸਿੰਘਾਂ ਦਾ ਦਲ ਰਿਆਸਤਾਂ ਵਿਚ ਆਉਂਦਾ ਤਾਂ ਲੰਗਰ ਵਾਸਤੇ ਰਾਸ਼ਨ ਆਦਿ ਰਾਜਿਆਂ ਵਲੋਂ ਮਿਲਦਾ ਜਿਸਦੇ ਨਾਲ ਸੁਖਾ ਅਤੇ ਅਫੀਮ ਦੇ ਖੁਲੇ ਗਫੇ ਫੌਜਾਂ ਨੂੰ ਵਰਤਾਉਂਦੇ ਸਨ ਜੋ ਸਰਕਾਰਾਂ ਵਲੋਂ ਨਿਹੰਗ ਸਿੰਘ ਛਡੇ ਸਨ ਉਹ ਫੌਜਾਂ ਨੂੰ ਤਾਂ ਖੁਲੇ ੨ ਗਫੇ ਛਕਾਉਣੇ ਸਨ ਉਹ ਤਾਂ ਘੋੜਿਆ ਨੂੰ ਬੀ ਛਕਾਉਣ ਲਗ ਗਏ ।। ਜਦ ਇਸ ਤਰਾਂ ਘੋੜਿਆਂ ਤਕ ਅਮਲਾਂ ਦੇ ਅਧੀਨ (ਘੋਗੀ) ਕਰ ਦਿਤੇ ਤਾਂ ਹੁਣ ਰਾਜਿਆਂ ਦੇ ਸਾਰੇ ਮਸਲੇ ਹੱਲ ਹੋਣ ਤੇ ਸਿੱਖ ਰਾਜੇ, ਸਿੱਖ ਰਿਆਸਤਾਂ ਦਾ ਰੁਪੈਆ ਨਿਰਭੈ ਹੋਕੇ ਮਨ ਰਲੀਆਂ ਵਿਚ ਨਜਾਇਜ਼ ਖਰਚ ਕਰਨ ਲਗੇ ।। ਕਿਸੇ ਸੈਂਕੜੇ ਕੁਤੇ ਸੈਂਕੜੇ ਰਾਣੀਆਂ ਜਿਨਾਂ ਦਾ ਰੋਜ਼ਾਨਾ ਖਰਚ ਹਜ਼ਾਰਾਂ ਤਕ ਖੁਸ਼ੀ ਨਾਲ ਹੁੰਦਾ ਸੀ ।।

ਏਧਰ ਰਿਆਸਤ ਵਿਚ ਹਜ਼ਾਰਾਂ ਗਰੀਬ, ਯਤੀਮ, ਬੁਢੇ ਜੋ ਪੁਤਰਾਂ ਨੂੰਹਾਂ ਦੇ ਘਰੋਂ ਕਢੇ ਹੋਏ ਸੜਕਾਂ ਤੇ ਗਲੀ ੨ ਵਿਚ ਰੁਲਦੇ ਵਿਲਕਦੇ ਫਿਰਦੇ ਸਨ ਉਨ੍ਹਾਂ ਨੂੰ ਰੋਟੀ ਤਾਂ ਕੀ ਦੇਣੀ ਸੀ ਉਹਨਾਂ ਦੀ ਫਰਿਆਦ ਸੁਣਨ ਵਾਸਤੇ ਰਾਜਿਆਂ ਨੂੰ ਵਕਤ ਹੀ ਨਹੀਂ ਮਿਲਦਾ ਸੀ ।।

ਜੇ ਸੂਰਬੀਰ ਨਿਰਛਲ ਨਿਹੰਗ ਸਿੰਘਾਂ ਦਾ ਦਲ ਰਾਜਿਆਂ ਦੀਆਂ ਚਾਲਾਂ ਤੋਂ ਬਚ ਜਾਂਦਾ ਤਾਂ ਹੁਣ ਸਿੱਖ ਰਿਆਸਤਾਂ "ਤੇਰਾਂ ਘਰ ਸੋ ਮੇਰਾ ਘਰ" ਸ਼ਾਇਦ ਕਾਇਮ ਰਹਿੰਦੀਆਂ ।।

---

* ਇਕ ਸਮੇਂ ਦਾ ਜ਼ਿਕਰ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਦਾਹੜੇ ਦੇ ਹੀਰੇ (ਧਾਉਲੇ) ਦੇਖ ਕੇ ਕੁਝ ਸਿੰਘਾਂ ਨੇ ਸੋਚਿਆ ਕਿ ਸਿੱਖਾਂ ਦਾ ਰਾਜਾ ਵਸਤਾਂ ਅਨੁਸਾਰ ਅਜ ਕਲ ਦਾ ਹੀ ਪਰਾਹੁਣਾ ਹੈ। ਇਹ ਦੇਖ ਕੇ ਵੈਰੀਆਂ ਦੇ ਹੌਸਲੇ ਵਧਣਗੇ ।। ਜੇ ਸਰਕਾਰ ਦਾਹੜੇ ਨੂੰ ਕਲਫ ਲਾ ਲੈਣ ਤਾਂ ਕਾਲਾ ਦੇਖ ਕੇ ਦਿਲ ਛਡ ਜਾਣਗੇ ਕਿ ਸਿਖਾਂ ਦਾ ਰਾਜਾ ਅਜੇ ਜੁਆਨ ਹੈ ।। ਇਸ ਖਿਆਲ ਨੂੰ ਮੁਖ ਰਖ ਕੇ ਸ਼ੇਰੇ ਪੰਜਾਬ ਦੇ ਅਗੇ ਜਾ ਬੇਨਤੀ ਕੀਤੀ ਤਾਂ ਅਗੋਂ ਸ਼ੇਰੇ ਪੰਜਾਬ ਵਲੋਂ ਹੁਕਮ ਹੋਇਆ ਕਿ ਅਕਾਲੀ (ਨਿਹੰਗ ਸਿੰਘ) ਫੂਲਾ ਸਿੰਘ ਜੀ ਤੋਂ ਪੁਛੋ ।। ਤਦ ਅਕਾਲੀ ਜੀ ਪਾਸ ਜਾਕੇ ਸਾਰਾ ਹਾਲ ਸੁਣਾਇਆ ਜਿਸ ਦਾ ਉਤ੍ਰ ਅਕਾਲੀ ਜੀ ਨੇ ਇਉਂ ਦਿਤਾ :—

ਜਾ ਕੇ ਕਹਿ ਦਿਉ ਕਾਣੇ ਦਗੇ ਨੂੰ , ਕਿਉਂ ਕਰਦਾ ਕਾਵਾਂ ਬਗੇ ਨੂੰ ।।
ਅੰਤ ਨੂੰ ਜੇ ਮਰਨਾ ਹੈ, ਤਾਂ ਮੂੰਹ ਕਾਲਾ ਕਿਉਂ ਕਰਨਾ ਹੈਂ ।।

Digitized by Panjab Digital Library | www.panjabdigilib.org

ਕੋਈ ਸਮਾਂ ਸੀ ਜਦ ਸ਼ੇਰੇ ਪੰਜਾਬ ਨੂੰ ਇੱਕ ਮੋਰਾ ਇਸਤ੍ਰੀ ਦੇ ਕਾਰਨ ਪੰਥ ਹੁਕਮ ਕਰਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਇਮਲੀ ਨਾਲ ਬੰਨ ਕੇ ਰਣਜੀਤ ਸਿੰਘ ਨੂੰ ਬੈਂਤਾਂ ਲਾਈਆਂ ਜਾਣ ਜੋ ਮਹਾਰਾਜਾ ਰਣਜੀਤ ਸਿੰਘ ਜੀ ਨੇ ਪ੍ਰਸੰਨਤਾ ਨਾਲ ਪ੍ਰਵਾਨ ਕਰਕੇ ਇਮਲੀ ਦੇ ਦਰਖਤ ਨਾਲ ਗਲਵਕੜੀ ਪਾਕੇ ਬੇਨਤੀ ਕੀਤੀ ਕਿ ਜੇ ਮੇਰੇ ਗੁਨਾਹ ਗੁਰੂ ਪੰਥ ਏਥੇ ਬਖ਼ਸ਼ ਦੇਵੇ ਤਾਂ ਮੇਰੇ ਧੰਨ ਭਾਗ ।। ਫੇਰ ਕੀ ਹੋਇਆ ਹੁਣ ਅਕਾਲੀ ਫੂਲਾ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਭਜ ਕੇ ਗਲਵਕੜੀ ਪਾ ਲਈ ।। ਹੁਣ ਦੋਨੋ ਪਿਆਰ ਤੇ ਵੈਰਾਗ ਵਿਚ ਆਕੇ ਸਜਲ ਨੇਤ੍ਰਾਂ ਨਾਲ ਭੁਲ ਬਖ਼ਸ਼ਦੇ ਤੇ ਬਖ਼ਸ਼ੋਂਦੇ ਹਨ ।

ਜੋ ਗੁਰੂ ਖਾਲਸੇ ਵਿਚ ਐਸੀ ਮੁਹਬਤ ਤੇ ਅਣਖ ਸੀ ਉਹ ਅਫੀਮ ਆਦ ਅਮਲਾਂ ਤੇ ਰਜਵਾੜਿਆਂ ਦੇ ਅਧੀਨ ਹੋਣ ਤੇ ਐਸੀ ਸਮਾਧੀ ਲਾ ਬੈਠੀ ਕਿ ਗੁਰੂ ਪੰਥ ਤੇ ਸਖ਼ਤ ਤੋਂ ਸਖ਼ਤ ਮਸੀਬਤਾਂ ਦੇ ਝਖੜ ਗੁਰਦੁਆਰਾ ਸੁਧਾਰ ਲਹਿਰ ਵੇਲੇ ਔਣ ਤੇ ਵੀ ਕਿਸੇ ਮੋਰਚੇ ਵਿੱਚ ਗੁਰੂ ਪੰਥ ਦਾ ਸਾਥ ਨਹੀਂ ਦਿਤਾ ।। ਜੋ ਕਿ ਏਸੇ ਹੀ ਸੂਰਬੀਰ ਅਣਖੀਲੇ ਦਲ ਦਾ ਫ਼ਰਜ਼ ਸੀ ।। ਦਾਸ ਮਹਾਂ ਅਕਾਲ ਪੁਰਖ ਅਗੇ ਅਰਦਾਸ ਕਰਦਾ ਹੈ ਕਿ ਅਗੇ ਨੂੰ ਪੰਥ ਵਿਚ ਪਿਆਰ ਤੇ ਇਤਫਾਕ ਬਖਸ਼ੇ ।

ਦਾਸ ਵਿਸਾਖਾ ਸਿੰਘ ਸੰਤ ਸਿਪਾਹੀ

# ਗੁਰੂ (ਸਿੱਖ ਧਰਮ) ਪੰਥ

ਜਿਉ ਮੀਹਿ ਵੁਠੈ ਗਲੀਆਂ (੧) ਨਾਲਿਆਂ (੨) ਟੋਭਿਆਂ (੩) ਕਾ ਜਲੁ ਜਾਇ ਪਵੈ ਵਿੱਚ ਸੁਰਸਰੀ (੪)
ਸੁਰਸਰੀ ਮਿਲਤ ਪਵਿਤ੍ਰ ਪਾਵਨ ਹੋਇ ਜਾਵੇ (ਵਾਰ ਬਿਲਾ : ਮ : ੩)

ਗੁਰੂ (੫) ਸਮੁੰਦ (੬) ਨਦੀ ਸਭ ਸਿਖੀ (੭) ਨਾਤੇ ਜਿਤ ਵਡਿਆਈ
(ਵਾਰ ਮਾਝ ਮ : ੧)

ਜੋ ਗੁਰੂ ਨਾਨਕ, ਗੋਬਿੰਦ ਰੂਪ ਦੇ ਧਰਮ ਨੂੰ ਧਾਰਨ ਵਾਲਾ ਜਾਤ ਪਾਤ ਮਟਾ ਕੇ ਗੁਰੂ ਪੰਥੀਆ ਹੋ ਗਿਆ । ਇਸ ਪੰਥ ਦੇ ਮੋਟੇ ੨ ਨਿਯਮ ਇਹ ਹਨ ।।

---

ਬੈਸ (੧) ਖਤ੍ਰੀ (੨) ਬ੍ਰਹਮਣ (੩) ਗੰਗਾ (੪) ਵਿਚ ਮਿਲ ਕੇ ਸਾਰੇ ਜਲ ਚਰਨਾਮਤ ਦੇ ਲਾਇਕ ਹੋ ਜਾਂਦੇ ਹਨ ।

(੫) ਦਸ ਗੁਰੂ ਤੇ ਗੁਰੂ ਗ੍ਰੰਥ ਜੀ ਦੀ ਸੇਵਾ ਦਾ ਫਲ ।। ਉਤਨਾ ਹੀ ਫਲ ਗੁਰੂ ਪੰਥ ਦੀ ਸੇਵਾ ਦਾ ਹੁੰਦਾ ਹੈ ।

(੬) ਜਿਨੀਆਂ ਸਿੱਖ ਸੰਪਰਦਾਵਾਂ ਨਦੀਆਂ ਹੈ ।। ਪੂਰਨ ਗੁਰੂ ਆਸ਼ੇ ਤੇ ਚਲਣ ਵਾਲੀ ਸੰਪਰਦਾਇ ਜੈਸੇ ਸ਼੍ਰੋ: ਅਕਾਲੀ ਦਲ ਹੈ ਪੰਥ (ਸਮੁੰਦਰ) ਵਿਚ ਮਿਲਕੇ ਇਕ ਗੁਰੂ ਪੰਥ ਹੋ ਜਾਂਦਾ ਹੈ ।।

(੭) ਜਿਸ ਵਿਚ ਮਿਲਨ [ਅਨੁਸਾਰ ਚਲਣ] ਤੇ ਵਡਿਆਈ ਹੋਤੀ ਹੈ ।।

Digitized by Panjab Digital Library | www.panjabdigilib.org

ਮਨੁੱਖਾ ਜੀਵਨ ਦੇ ਮਨੋਰਥ ਦੀ ਸਿੱਧੀ ਲਈ ਜੋ ਮਹਾਂ ਪੁਰਖਾਂ ਨੇ ਰਸਤਾ ਦਸਿਆ ਹੈ ਉਸਨੂੰ ਧਰਮ ਕਹਿੰਦੇ ਹਨ * ਧਰਮ ਦੇ ਅਨੇਕ ਰਸਤਿਆਂ ਵਿਚੋਂ ਇਕ ਸ਼੍ਰੋਮਣੀ ਰਸਤਾ ਉਹ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ ਦਸ ਗੁਰੂਆਂ ਨੇ ਦਸਿਆ ਹੈ ॥ ਇਸ ਦਾ ਨਾਉ "ਸਿਖ ਧਰਮ" ਹੈ। ਇਸ ਧਰਮ ਦੇ ਮੋਟੇ ਮੋਟੇ ਨਿਯਮ ਇਹ ਹਨ :—

ਧਰਮ ਦਾ ਮੁਖ ਮਨੋਰਥ ਸਵਰਗ ਆਦਿਕ ਲੋਕਾਂ ਦੀ ਪਰਾਪਤੀ ਨਹੀਂ ਸਗੋਂ ਪਰਮਪਤੀ ਵਾਹਿਗੁਰੂ ਨਾਲ ਅਖੰਡ ਲਿਵ ਜੋੜਕੇ ਇਕ ਮਿਕ ਹੋ ਜਾਣਾ ਹੈ ॥ ਜਿਸ ਬਿਨਾ ਆਵਾਗਉਣ ਦੀ ਸਮਾਪਤੀ ਨਹੀਂ ਹੁੰਦੀ ॥

ਵਾਹਿਗੁਰੂ ਦਾ ਰੂਪ ਇਹ ਹੈ :— "ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ" ਅਰਥਾਤ — ਵਾਹਿਗੁਰੂ ਇੱਕ (ਅਦੁਤੀ) ਹੈ। ਸਦਾ ਅਵਿਨਾਸ਼ੀ ਹੈ ॥ ਸਭ ਦੇ ਰਚਣ ਵਾਲਾ ਉਹੀ ਹੈ ਅਤੇ ਆਪਣੀ ਰਚਨਾਂ ਦੇ ਅੰਦਰ ਸਮਾਇਆ ਹੋਇਆ ਹੈ † ਦੇਵਤਿਆਂ ਵਾਂਗ ਉਹ ਕਦੇ ਕਿਸੇ ਤੋਂ ਭੈ ਕਰਦਾ ਜਾਂ ਵੈਰੀਆਂ ਨੂੰ ਡਰਾਉਣ ਵਾਲਾ ਨਹੀਂ ॥ ਨਿੱਤ ਅਨੰਦ ਰੂਪ ਹੈ ॥ ਜਨਮ ਮਰਨ ਵਿਚ ਨਹੀਂ ਆਉਂਦਾ ॥ ਉਹ ਸਭ ਦਾ ਕਰਤਾ ਹੈ ॥ ਉਸਦਾ ਕਰਤਾ ਕੋਈ ਨਹੀਂ ॥ ਉਸ ਮਹਾਂ ਜੋਤਿ ਦੀ ਕਿਰਪਾ ਨਾਲ ਸਭ ਕੁਝ ਪ੍ਰਾਪਤ ਹੋ ਸਕਦਾ ਹੈ ॥

ਵਾਹਿਗੁਰੂ ਨੂੰ ਪਹੁੰਚਣ ਲਈ ਗੁਰੂ ਦੀ ਲੋੜ ਹੈ ॥ ਇਹ ਗੁਰੂ ਦਸ ਸਤਿਗੁਰੂ ਹਨ ਅਤੇ ਉਹਨਾਂ ਦਾ ਸਮੁਚਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ‡ ਜੋ ਗੁਰਮੁਖ ਪਿਆਰੇ ਸਤਿਗੁਰੂ ਦੇ ਸ਼ਬਦ ਭਾਵ ਅਤੇ ਧਰਮ ਦੇ ਗੁਝੇ ਭੇਤ ਦਸਦੇ ਹਨ ॥ ਉਹ ਸਨਮਾਨ ਯੋਗ ਉਪਕਾਰੀ ਸੱਜਣ ਮੰਨੇ ਜਾਂਦੇ ਹਨ ॥ ਜਿਨਾਂ ਦੀ ਸੰਗਤਿ ਨਾਲ ਅਸੀਂ ਆਪਣਾ ਉਚਾ ਆਚਰਣ ਬਣਾਉਣਾ ਹੈ ()

ਇਹ ਦੋ ਤਰ੍ਹਾਂ ਦਾ ਹੈ :—

(ੳ) ਸ਼ਖਸੀ
(ਅ) ਕੌਮੀ (ਪੰਥਿਕ)

ਸ਼ਖਸੀ ਆਚਰਣ ਦੇ ਮੋਟੇ ਮੋਟੇ ਨੇਮ ਇਹ ਹਨ :—

(੧) ਵਾਹਿਗੁਰੂ ਨਾਲ ਲਿਵ ਜੋੜ ਕੇ ਨਾਮ ਸਿਮਰਣ ਕਰਨਾ †
(੨) ਗੁਰਬਾਣੀ ਦਾ ਪਾਠ ਸਿਧਾਂਤ ਵਿਚਾਰ ਨਾਲ ਨਿਤ ਕਰਨਾ ‡
(੩) ਮਨੁਖ ਮਾਤ੍ਰ ਨੂੰ ਆਪਣੇ ਭਾਈ ਜਾਣ ਕੇ, ਜਾਤਿ ਪਾਤਿ ਅਤੇ ਦੇਸ ਦਾ ਭੇਦ ਤਿਆਗ ਕੇ ਪ੍ਰੇਮ ਕਰਨਾ ਅਰ ਨਿਸ਼ਕਾਮ ਸੇਵਾ ਕਰਨੀ *
(੪) ਗਿਰਹਸਥ ਵਿਚ ਰਹਿ ਕੇ ਧਰਮ ਦੀ ਕਮਾਈ ਨਾਲ ਨਿਰਬਾਹ ਕਰਨਾ ।।।
(੫) ਅਵਿਦਿਆ ਮੂਲਕ ਛੂਤ ਛਾਤ, ਜੰਤਰ ਮੰਤਰ ਮੂਰਤੀ ਪੂਜਾ ਅਤੇ ਅਨ ਮਤਾਂ ਦੇ ਕਰਮ ਜਾਲ ਨੂੰ ਛੱਡਕੇ ਗੁਰਮਤ ਤੇ ਚਲਣਾ : :

(ਅ) ਪੰਥਕ ਆਚਰਣ ਲਈ ਜ਼ਰੂਰੀ ਹੈ ਕਿ

(੧) ਜਥੇਬੰਦੀ ਦੇ ਨਿਯਮਾਂ ਵਿਚ ਆ ਕੇ ਸਿੱਖ ਧਰਮ ਦੀ ਰਹਿਤ ਤੇ ਪਕਿਆਂ ਰਹਿਣਾ
(੨) ਪੰਥ ਨੂੰ ਗੁਰੂ ਜਾਣ ਕੇ ਤਨ ਮਨ ਧਨ ਤੋਂ ਸੇਵਾ ਸਹਾਇਤਾ ਕਰਨੀ
(੩) ਜਗਤ ਵਿਚ ਗੁਰਮਤ ਦਾ ਪਰਚਾਰ ਕਰਨਾ
(੪) ਗੁਰੂ ਨਾਨਕ ਪੰਥੀ ਭਾਵੇਂ ਕਿਸੇ ਭੇਖ ਅਤੇ ਰੂਪ ਵਿਚ ਹੋਣ ਉਨਾਂ ਨੂੰ ਸਿਖ ਧਰਮ ਦਾ ਅੰਗ ਜਾਣ ਕੇ ਸਨੇਹ ਕਰਨਾ। ਅਰ ਹਰ ਵੇਲੇ ਸਭਸ ਦਾ ਭਲਾ ਲੋਚਣਾ
(੫) ਗੁਰਦੁਆਰਿਆਂ ਅਤੇ ਧਰਮ ਅਸਥਾਨਾਂ ਦੀ ਮਰਯਾਦਾ ਸਤਿਗੁਰਾਂ ਦੇ ਹੁਕਮ ਅਨੁਸਾਰ ਕਾਇਮ ਰਖਣੀ {}

Digitized by Panjab Digital Library | www.panjabdigilib.org

* ਇਸ ਲਈ ਧਰਮ ਅਥਵਾ ਮਜ਼ਹਬ ਦਾ ਨਾਉ "ਪੰਥ" ਹੋ ਗਿਆ ਹੈ ॥

† "ਇਹ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸ" (ਵਾਰ ਆਸਾ)

‡ "ਬ੍ਰਹਮ ਬਿੰਦੇ ਸੋ ਸਤਿਗੁਰ ਕਹੀਐ, ਹਰਿ ਹਰਿ ਕਥਾ ਸੁਣਾਵੈ" (ਮਹਲਾ ੪)

"ਸਤਿਪੁਰਖੁ ਜਿਨਿ ਜਾਨਿਆ ਸਤਿਗੁਰ ਤਿਸ ਕਾ ਨਾਉ। ਤਿਸ ਕੇ ਸੰਗਿ ਸਿਖ ਉਧਰੈ ਨਾਨਕ ਹਰਿਗੁਣ ਗਾਉ" (ਸੁਖਮਨੀ)

"ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ" (ਮ: ੪ ਵਾਰਵਡ)

"ਸਤਿਗੁਰ ਨਿਰਵੈਰ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੈ ਕਰੇ ਸੁਧ ਦੇਹਾ" ਰ: ਕ: ਵਾਰ ਮ: ੫

* "ਆਪ ਤਰੇ ਕੁਲ ਸਗਲੇ ਤਾਰੇ ਗੁਰਮੁਖ ਜਨਮ ਸਵਾਰਿਆ" (ਮਾਝ ਅ : ਮ : ੩)

"ਮਹਾਂ ਪਵਿਤ੍ਰ ਸਾਧ ਕਾ ਸੰਗ ॥ ਜਿਸ ਭੇਟਤ ਲਾਗੈ ਪ੍ਰਭ ਰੰਗ" (ਆਸਾ ਮ : ੫)

† "ਦੁਖ ਭੁਖ ਨਹਿ ਵਿਆਪਈ ਜੇ ਸੁਖਦਾਤਾ ਮਨਿ ਹੋਇ ॥ ਕਿਤ ਹੀ ਕੰਮਿ ਨਾ ਛਿਜੀਐ ਜਾਂ ਹਿਰਦੈ ਸਚਾ ਸੋਇ" (ਸ੍ਰੀ ਮ : ੫)

‡ "ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ, ਇਹ ਬਾਣੀ ਜੋ ਜੀਅਹੁ ਜਾਣੈ ਤਿਸ ਅੰਤਰਿ ਰਵੈ ਹਰਿਨਾਮਾ" (ਬਿਲਾ ਮ : ੩)

"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖ ਹੋਇ" (ਓਅੰਕਾਰ)

{} "ਤੂੰ ਸਾਂਝਾ ਸਾਹਿਬ ਬਾਪੁ ਹਮਾਰਾ (ਮਾਝ ਮ ੫

"ਏਕੁ ਪਿਤਾ ਏਕਸ ਕੇ ਹਮ ਬਾਰਿਕ" (ਸੋਰ ਮ : ੫)

॥ "ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰ" (ਵਾਰ ਆਸਾ)

"ਨਾਨਕ ਸਤਿਗੁਰ ਭੇਟੀਐ ਪੂਰੀ ਹੋਵੈ ਜੁਗਤਿ ਹਸੰਦਿਆਂ ਖੇਲੰਦਿਆਂ ਪੈਨੰਦਿਆ ਖਾਵੰਦਿਆਂ ਵਿਚੇ ਹੋਵੈ ਮੁਕਤਿ" [ਮ : ੫ ਵਾਰ ਗੂਜਰੀ ੨]

ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹ ਪਛਾਣਹਿ ਸੇਇ" (ਮ : ੧ ਵਾਰ ਸਾਰ)

:: ਮਤੁ ਸਚਾ ਅਖਰੁ ਭੁਲਿ ਜਾਇ ਚਉਕੇ ਭਿਟੈ ਨ ਕੋਇ" (ਮ : ੩ ਵਾਰ ਮਾਰੂ)

"ਸੋਈ ਕੁਚੀਲ ਕੁਦਰਤਿ ਨਹੀਂ ਜਾਨੈ" (ਭੈਰ ਮ : ੫)

"ਤੰਤੁ ਮੰਤੁ ਪਾਖੰਡ ਨ ਜਾਣਾ ਰਾਮ ਰਿਦੈ ਮਨਿ ਮਾਨਿਆ" (ਸੂਹੀ ਛੰਤ ਮ : ੧)

"ਨਾਵਹਿ ਧੋਵਹਿ ਪੂਜਹਿ ਸੈਲ ਬਿਨੁ ਹਰਿ ਰਾਤੇ ਮੈਲੋ ਮੈਲਾਂ" (ਰਾਮ ਅ : ਮ : ੧)

"ਪੂਜਿ ਸਿਲਾ ਤੀਰਥ ਬਨਵਾਸਾ ॥ ਭਰਮਤ ਡੋਲਤ ਭਏ ਉਦਾਸਾ" (ਧਨਾ : ਅ : ਮ : ੧)

"ਬਿਨ ਕਰਤਾਰ ਨਾ ਕਿਰਤਮ ਮਾਨੋ ॥ ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪ੍ਰਮੇਸੁਰ ਜਾਨੋ" (ਪਾਤਸ਼ਾਹੀ ੧੦ ਹਜ਼ਾਰੇ)

‡ "ਮੈ ਬਧੀ ਸਚੁ ਧਰਮਸਾਲ ਹੈ ॥ ਗੁਰਸਿਖਾ ਲਹਦਾ ਭਲਿਕੈ ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਾਗਾ ਪਾਇ ਜੀਉ" (ਸ੍ਰੀ ਮ: ੫

"ਧਰਮਸਾਲ ਹੈ ਮਾਨਸਰ ਹੰਸ ਗੁਰਸਿਖ ਵਾਹੁ। ਰਤਨ ਪਦਾਰਥ ਗੁਰ ਸਬਦ ਕਰ ਕੀਰਤਨ ਖਾਹੁ" (ਭਾਗੁ)

"ਬਾਹਰ ਕੀ ਅਗਨਿ ਬੁਝਤ ਜਲ ਸਰਿਤਾਕੈ, ਨਾਉ ਮੈਂ ਜੋ ਅਗ ਲਾਗੈ ਕੈਸੇ ਕੇ ਬੁਝਾਈਐ ॥ ਬਾਹਰ ਸੇ ਭਾਗ ਉਟ ਲੀਜੀਅਤ ਕੋਟ ਗੜ੍ਹ ਗੜ੍ਹ ਮੇ ਜੋ ਲੂਟ ਲੀਜੈ ਕਹੋ ਕਤ ਜਾਈਐ ॥ ਚੋਰਨ ਕੇ ਤ੍ਰਾਸ ਜਾਇ ਧਰਨ ਗਹੇ ਨਰਿੰਦ, ਮਾਰੇ ਮਹੀਪਤਿ ਜੀਉ ਕੈਸੇ ਕੈ ਬਚਾਈਐ ॥ ਮਾਯਾ ਡਰ ਡਰਪਤ ਹਾਰ ਗੁਰਦੁਆਰੇ ਜਾਵੈ, ਤਹਾਂ ਜੋ ਬਿਆਪੈ ਮਾਯਾ ਕਹਾਂ ਫਿਰ ਗਈਐ ॥ (ਭਾਗ ੨)

Digitized by Panjab Digital Library | www.panjabdigilib.org

# ਜ਼ਰੂਰੀ ਬੇਨਤੀ

ਪਿਆਰੇ ਪਾਠਕ ਜਨੇ ਜੋ ਇਤਿਹਾਸ ਆਪ ਦੇ ਪਵਿਤ੍ਰ ਹਥਾ ਦੀ ਛੋਹ ਤੇ ਅੰਮ੍ਰਿਤ ਭਿੰਨ ਨੇਤ੍ਰਾਂ ਦੀ ਦਰਿਸਟੀ ਪ੍ਰਾਪਤ ਕਰ ਰਿਹਾ ਹੈ ਇਸ ਨੂੰ ਵਿਚਾਰ ਨਾਲ ਪੜ੍ਹੋ ਕਿਉਂਕਿ ਇਸ ਵਿਚ ਜਗਤ ਗੁਰੂ ਨਾਨਕ ਦੇਵ ਜੀ ਦੇ ਪ੍ਰਾਚੀਨ ਸਿੱਖ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਾਲੇ ਅਤੇ ਦਸੋਂ ਗੁਰੂ ਸਾਹਿਬਾਂ ਦੇ ਮੁਖੀ ੨ ਸਿਖ, ਦਸੋ ਗੁਰੂ ਸਾਹਿਬਾਂ ਦੇ ਗੁਰਦੁਆਰੇ ਦਸੋਂ ਗੁਰੂਆਂ ਦੀਆਂ ਬਖਸ਼ਸ਼ਾ ਤੇ ਗੁਰੂ ਜੀ ਦਾ ਨਿਰਮਲ ਪੰਥ ਆਦਿ ਨੰਬਰ ਮੂਜਬ ਪਾਠਕਾਂ ਦੇ ਲਾਭ ਵਾਸਤੇ ਲਿਖਣ ਦਾ ਦਾ ਉਪਰਾਲਾ ਕੀਤਾ ਕਿ ਸੁਘੜ ਸਿਆਣੇ ਗੁਰਸਿਖ ਮਿਲਕੇ, ਐਸਾ ਪ੍ਰਬੰਧ ਕਰਨ ਜਿਸ ਤੋਂ ਸਾਰੇ ਗੁਰੂ ਨਾਨਕ ਨਾਮ ਲੇਵਾ ਨੂੰ ਲਾਭ ਤੇ ਇਤਫਾਕ ਪ੍ਰਾਪਤ ਹੋਵੇ।

**ਪਿਆਰੇ ਪਾਠਕ ਜਨੋਃ**—ਦਾਸ ਵਲੋਂ ਜਤਨ ਕੀਤਾ ਗਿਆ ਹੈ ਕਿ ਭੁਲ ਨਾ ਹੋਵੇ ਗੁਰ ਫੁਰਮਾਨ "ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ" ਹੋਣ ਕਰਕੇ ਜਿਥੇ ਗਲਤੀ ਨਜ਼ਰ ਆਵੇ ਉਹ ਪੰਨਾ ਸਤਰ, ਗੁਰੂ ਪਿਆਰੇ ਵਿਦਵਾਨ ਇਤਿਹਾਸ ਖੋਜੀ ਲਾਭ ਲੈਂਦੇ ਹੋਏ ਸ਼ੁਭ ਸਿਖਿਆ ਦੇਣੀ ਜਿਸ ਨੂੰ ਧੰਨਤਾ ਨਾਲ ਗ੍ਰਹਣ ਤੇ ਅਗਲੀ ਐਡੀਸ਼ਨ ਵਿਚ ਥਾਂ ਦੇਣ ਦਾ ਯਤਨ ਕਰਾਂਗੇ।

ਮੈਂ ਕੀਟ ਪ੍ਰਤੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਅਨਿਨ ਪਿਆਰੇ ਬ੍ਰਹਮ ਗਿਆਨੀ ਭਾਈ ਸਾਹਿਬ ਭਾਈ ਗੁਰਦਾਸ ਜੀ ਆਪਣੀ ਰਚਤ ਵਾਰਾਂ ਵਿਚ ਇਉ ਲਿਖਦੇ ਹਨ।

ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ।
ਚੋਰ ਯਾਰ ਜੁਆਰ ਹਉ ਪਰ ਘਰ ਜੋਹੰਦਾ।
ਨਿੰਦਕ ਦੁਸ਼ਟ ਹਰਾਮ ਖੋਰ ਠਗ ਦੇਸ਼ ਠਗੰਦਾ।
ਕਾਮ ਕ੍ਰੋਧ ਮਦ ਲੋਭ ਮੋਹ ਅਹੰਕਾਰ ਕਰੰਦਾ।
ਬਿਸਾਸ ਘਾਤੀ ਅਕ੍ਰਿਤ ਘਣ ਮੋਕੋ ਨ ਰਖੰਦਾ।
ਸਿਮਰ ਮੁਰੀਦਾ ਢਾਢੀਆਂ ਸਤਿਗੁਰ ਬਖਸ਼ੰਦਾ। ॥ ੨੧ ॥ ੩੯ ॥

( ਭਾਃ ਗੁਰਦਾਸ ਜੀ )

## ਅਗਲੇ ਕਾਂਡ ਵਿਚ ਪੜ੍ਹੋ ਮਹਾਨ ਸਿੱਖ ਦੇਵੀਆਂ ਦੇ ਬਿਚਤ੍ਰ ਜੀਵਨ

Digitized by Panjab Digital Library | www.panjabdigilib.org

# ਇਤਿਹਾਸ ਪੜ੍ਹਣ ਦੇ ਫਾਇਦੇ

ਸ੍ਰੀ ਗੁਰਮੁਖ ਪਿਆਰੇ ਪਾਠਕ ਜਨੋ ! ਜੇ ਵਿਚਾਰੋ ਤਾਂ ਏਨ੍ਹਾਂ ਗਲਾਂ ਦੇ ਨਫੇ ਨੁਕਸਾਨ ਸਮੇਂ ਦੇ ਸੁਭਾਵ ਆਦਮੀਆਂ ਦੇ ਵਿਹਾਰਾਂ ਦੀ ਅਦਲਾ ਬਦਲੀ ਨੇਕਾਂ ਦੀ ਨੇਕੀ, ਬੁਰਿਆਂ ਦੀ ਬੁਰਾਈ, ਬਹਾਦਰਾਂ ਦੀ ਬਹਾਦਰੀ, ਨਾਮਵਰਾਂ ਦੀ ਨਾਮਵਰੀ, ਏਹ ਗਿਆਨ ਸਭ ਤਵਾਰੀਖਾਂ ਤੋਂ ਹੀ ਹੁੰਦਾ ਹੈ। ਇਤਿਹਾਸ ਪੜ੍ਹ ਕੇ ਆਦਮੀ ਖਰਾਬ ਵਿਹਾਰਾਂ ਚੋਂ ਨਿਕਲ ਕੇ ਪਰਮ ਸੁਖਦਾਈ ਉੱਨਤੀ ਪਰ ਪਹੁੰਚਣ ਦਾ ਜਤਨ ਕਰਦਾ ਹੈ। ਦੁਸ਼ਮਨਾਂ ਨੂੰ ਦੂਰ ਕਰਨ ਲਈ ਤੇ ਆਪਣੀ ਕੌਮ ਦੀ ਮਦਦ (ਪਾਲਨਾ) ਕਰਨ ਵਾਸਤੇ ਉਪਾਇ ਤਵਾਰੀਖਾਂ ਤੋਂ ਹੀ ਸਿਖੀਦੇ ਹਨ । ਲੜਾਕੇ ਭਿੜਾਕੇ, ਦਗੇਬਾਜ਼ ਫਰੇਬੀਆਂ ਤੋਂ ਬਚਣ ਦੀ ਅਕਲ ਤੇ ਇਤਫਾਕ ਦੇ ਫਾਇਦੇ ਬੇਇਤਫਾਕ ਦੇ ਨੁਕਸਾਨ ਇਤਹਾਸ ਤੋਂ ਹੀ ਸਮਝੀਦੇ ਹਨ। ਵਡਿਆਂ ਦੇ ਵਡੇ ਕੰਮ ਛੋਟੇ ਤਵਾਰੀਖਾਂ ਪੜ੍ਹ ਕੇ ਕੌਮੀ ਕੰਮ ਕਰਦੇ ਛੋਟੇ ਆਪ ਭੀ ਵਡੇ ਬਣ ਜਾਂਦੇ ਹਨ।

ਦੁਨੀਆ ਦੀ ਸੈਰ ਤਵਾਰੀਖ ਪੜ੍ਹਣ ਤੋਂ ਘਰ ਬੈਠਿਆਂ ਹੀ ਹੋ ਜਾਂਦੀ ਹੈ । ਇਸ ਵਾਸਤੇ ਆਪ ਜੀ ਮਾਲਵਾ ਇਤਿਹਾਸ ਮੰਗਾ ਕੇ ਪੜ੍ਹੋ ਜਿਸ ਵਿਚੋਂ ਆਪ ਜੀ ਨੂੰ ਹੇਠ ਲਿਖੇ ਅਮੋਲਕ ਮੋਤੀ ਪ੍ਰਾਪਤ ਹੋਣਗੇ:—

(੧) ਗੁਰਅਸਬਾਨ।

(੨) ਖਾਲਸੇ ਦੀ ਚੜ੍ਹਦੀ ਕਲਾ । ਬਾਬਾ ਗੁਰਬਖਸ਼ ਸਿੰਘ ਬੰਦਾ: ਜੀ ਦੀਆਂ ਜਿੱਤਾਂ, ੧੨ ਮਿਸਲਾਂ ਦੀ ਕਾਇਮੀ, ਖਾਲਸਾ ਰਾਜ ਆਦਿ ਅੰਤ, ਰਾਜਸੀ ਅੰਦੋਲਨ ਤੇ ਘਲੂਘਾਰਿਆਂ ਦਾ ਵਿਸਥਾਰ ਨਾਲ ਵਰਨਣ।

(੩) ਗੁਰਮਤ ਸਾਗਰ ਦੀਆਂ ਲਹਿਰਾ—ਨਿਰੰਕਾਰੀ, ਨਾਮ ਧਾਰੀ ਸਿੰਘ ਸਭਾ, ਅਕਾਲੀ ਤੇ ਬਬਰ ਅਕਾਲੀ ਲਹਿਰਾਂ ਦੇ ਚਲਣ ਦੇ ਕਾਰਨ ਤੇ ਉਹਨਾਂ ਦੇ ਸਿੱਟੇ (ਨਤੀਜੇ) ਇਹਨਾਂ ਲਹਿਰਾਂ ਵਿਚ ਕੁਰਬਾਨੀਆਂ ਦੇਣ ਵਾਲੇ ਸਿੰਘਾਂ ਦੀਆਂ ਜੀਵਨੀਆਂ ਆਦਿ।

(੪) ਪੰਜਾਬ ਦੇ ਪ੍ਰਸਿਧ ਦੇਸ਼ ਭਗਤ—ਇਸ ਕਾਂਡ ਵਿਚ ਗਦਰ ਪਾਰਟੀ ਦੀ ਕਾਇਮੀ, ਮਾਂਡਲੇ ਸਾਜ਼ਸ਼ ਕੇਸ, ਚਾਰੇ ਲਾਹੌਰ ਸਾਜ਼ਸ਼ ਕੇਸ, ਕਾਮਾਂਗਾਟਾ ਮਾਰੂ ਜਹਾਜ਼ ਦੀ ਵਿਥਿਆ, ਅਜ਼ਾਦ ਹਿੰਦ ਫੌਜ ਦਾ ਇਤਿਹਾਸ ਪ੍ਰਸਿਧ ਦੇਸ਼ ਭਗਤਾਂ ਦੇ ਜੀਵਨ ਖੋਜ ਭਰੇ ਢੰਗ ਨਾਲ ਲਿਖੇ ਗਏ ਹਨ।

(੫) ਮਹਾਨ ਸਿਖ ਦੇਵੀਆਂ—ਇਸਤਰੀ ਕਾਂਡ ਜਿਸ ਵਿਚ ਬੇਬੇ ਨਾਨਕੀ ਜੀ ਤੋਂ ਲੈ ਕੇ ਸਿਖ ਇਤਿਹਾਸ ਨਾਲ ਸੰਬੰਧ ਰਖਣ ਵਾਲੀਆਂ ੨੯, ੩੦ ਮਹਾਨ ਸਿਖ ਦੇਵੀਆਂ ਦੇ ਜੀਵਨ ਚਰਿਤ੍ਰ ਹਨ।

(੬) ਵੀਹਵੀਂ ਸਦੀ ਦੇ ਚਾਨਣ ਮੁਨਾਰੇ—ਇਸ ਵਿਚ ਪੰਥ ਪ੍ਰਸਿਧ ਸੰਤਾਂ, ਮਹੰਤਾ ਸੰਤ ਸੰਪ੍ਰਦਾਵਾਂ ਵਿਦਵਾਨਾਂ ਤੇ ਮਹਾ ਪੁਰਖਾਂ ਦੇ ਜੀਵਨ ਚਰਿਤਰ ਹਨ।

ਮੈਂ ਹਾਂ ਗੁਰੂ ਪੰਥ ਦਾ ਦਾਸ—

ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤਪੁਰਾ

ਪ੍ਰਧਾਨ ਗੁ: ਪ੍ਰੰ: ਸਿੰਘ ਸਭਾ ਇਲਾਕਾ ਤਿਹਾੜਾ,

ਦਫਤਰ—ਪੰਥਕ ਗੁ: ਸਾ: ਕਿਸ਼ਨ ਪੁਰਾ ਕਲਾਂ, ਫੀਰੋਜ਼ਪੁਰ (ਪੰਜਾਬ)

Digitized by Panjab Digital Library | www.panjabdigilib.org

ਗੁਰਮਤ ਪ੍ਰਚਾਰਕ ਸਿੰਘ ਸਭਾ

ਵਲੋਂ ਪ੍ਰਕਾਸ਼ਤ

# ਰਾਣੀ ਖੜਗ ਕੌਰ

ਬੀਬੀਆਂ ਲਈ ਅਤਯੰਤ ਹੀ ਸ਼ਿਖਿਆ ਦਾਇਕ ਹੈ।
ਇਸ ਦਾ ਇਕ ਇਕ ਅਕਸਰ ਬੀਰ ਰਸ ਨਾਲ ਸਿੰਚਤ ਹੋਇਆ ਹੈ

ਸਦਃ—ਨਾਮ ਬਾਣੀ ਦਾ ਟੀਕਾ

ਕ੍ਰਿਤ

ਗਿਆਨੀ ਕਰਤਾਰ ਸਿੰਘ ਜੀ ਰਸੂਲ ਪੁਰ

# ਸੰਤ ਸਿਪਾਹੀ

ਯਾਤਰਾ ਸ੍ਰੀ ਹਜ਼ੂਰ ਸਾਹਿਬ ਜੀ

ਸ੍ਰੀਰਕ ਰਖਯਾ

ਮਾਲਵਾ ਇਤਿਹਾਸ

ਵਿਸਾਖਾ ਸਿੰਘ ਸੰਤ ਸਿਪਾਹੀ

ਮਿਲਨ ਦਾ ਪਤਾਃ—

ਗੁਰ ਦਸਮੇਸ਼ ਪ੍ਰੈਸ ਨਿਗਰ ਮੰਡੀ ਲੁਧਿਆਣਾ

ਤੇ

ਦਫਤਰ ਗੁਰਮਤ ਪ੍ਰਚਾਰਕ ਸਿੰਘ ਸਭਾ

ਪੰਥਕ ਗੁਰਦੁਆਰਾ ਸਾਹਿਬ

ਪਿੰਡ ਤੇ ਡਾਃ ਕਿਸ਼ਨ ਪੁਰਾ ਕਲਾਂ ਜ਼ਿਲਾ ਫੀਰੋਜ਼ਪੁਰ

Digitized by Panjab Digital Library | www.panjabdigilib.org

# ਸੋਚ ਵਿਚਾਰ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਇ ਹੋਇ ਮਿਸ਼ਨ ਨੂੰ ਦਸਮੇ ਜਾਮੇ ਵਿਚ ਪੰਜ ਪਿਆਰੇ ਸਾਜ ਕੇ (ਪੰਚ ਪ੍ਰਵਾਨ ਪੰਚ ਪ੍ਰਧਾਨ) ਸੰਪੂਰਨ ਕੀਤਾ ਅਤੇ ਏਸ ਅੰਮ੍ਰਿਤ ਪਰਚਾਰ ਦੇ ਪਰਚਾਰ ਨੂੰ ਪਰਬਲ ਕਰਨ ਵਾਸਤੇ ਪੰਜਾਂ ਪੰਜਾਂ ਸਿੰਘਾਂ ਦੇ ਜਥੇ ਦੇਸਾਂ ਦੇਸੰਤਰਾਂ ਵਿਚ ਅੰਮ੍ਰਿਤ ਛਕਾਣ ਵਾਸਤੇ ਚੌਤਰਫੇ ਭੇਜੇ ਗਏ। ਇਸੇ ਪਰੋਗਰਾਮ ਅਨੁਸਾਰ ਪੰਜਾਂ ਸਿੰਘਾਂ ਦਾ ਜਥਾ ਕਾਂਸ਼ੀ (ਬਨਾਰਸ) ਭੇਜਿਆ ਗਿਆ ਜਿਨ੍ਹਾਂ ਨੇ ਬਨਾਰਸ ਦੇ ਇਲਾਕੇ ਵਿੱਚ ਜਾ ਕੇ ਸਿੱਖੀ ਪਰਚਾਰ ਤੇ ਗੁਰ ਅਸਥਾਨਾਂ ਦਾ ਪਰਬੰਧ ਬਹੁਤ ਹੀ ਸੁਚਜੇ ਢੰਗ ਨਾਲ ਚਲਾਇਆ ॥ ਏਨਾਂ ਹੀ ਗੁਰੂ ਪਿਆਰਿਆਂ ਨੂੰ ਭਲੇਖੇ ਨਾਲ ਕਹਿੰਦੇ ਹਾਂ ਕਿ ਸ਼ਾਸਤਰੀ ਪੜਨ ਵਾਸਤੇ ਭੇਜਿਆ ਗਿਆ ਸੀ ਉਨਾਂ ਤੋਂ ਨਿਰਮਲ ਭੇਖ ਚਲਿਆ ਹੈ॥ ਇਸ ਵਾਸਤੇ ਭਾਈ ਗੁਰਦਾਸ ਸਾਹਿਬ ਜੀ ਤੇ ਰਬੀ ਬਾਣੀ ਦੇ ਪਰਵਾਨ ਦੇਖੋ ਨਿਰਮਲ ਭੇਖ ਮਤਲਕ ਪੜੋ ਫੁਟ ਨੋਟ ॥

ਜ਼ਰਾ ਵਿਚਾਰ ਨਾਲ ਸੋਚੋ ਜਦ ਭਾਈ ਗੁਰਦਾਸ ਸਾਹਿਬ ਜੀ ਕਾਂਸ਼ੀ ਗਏ ਜਿਨ੍ਹਾਂ ਨੇ ਉਥੋਂ ਦੇ ਬਸ਼ਿੰਦਿਆਂ ਦੀ ਵਿਦਿਆ ਸ਼ਾਸਤਰੀ ਦੁਆਰਾ ਗੁਰਮਤ ਦਾ ਪਰਚਾਰ ਕਰਕੇ ਰਾਜੇ ਸਮੇਤ ਹਿੰਦੂ ਰਾਜੇ ਦੇ ਹਜ਼ਾਰਾਂ ਹੀ ਪੰਡਤਾਂ ਤੇ ਹਿੰਦੂਆਂ ਨੂੰ ਗੁਰੂ ਘਰ ਦੇ ਸਿਖ ਬਣਾ ਕੇ ਸ੍ਰੀ ਮੀਰੀ ਪੀਰੀ ਦੇ ਮਾਲਕ ਦੀ ਸ਼ਰਨ ਵਿਚ ਸ੍ਰੀ ਅੰਮ੍ਰਿਤਸਰ ਜੀ ਲਿਆਂਦਾ ਏਧਰ ਸ੍ਰੀ ਗੁਰੂ ਦਸਮੇਸ਼ ਜੀ ਦੀ ਅੜਦਲ ਵਿਚ ਪ੨ ਕਵੀਆਂ ਤੋਂ ਬੀ ਇਲਾਵਾ ਸੈਂਕੜੇ ਹੀ ਚੋਟੀ ਦੇ ਵਿਦਿਆਵਾਨ ਰਹਿੰਦੇ ਸੀ ਜਿਨਾਂ ਕੋਲੋਂ ਸ੍ਰੀ ਹਜ਼ੂਰ ਹਰ ਮੁਲਕ ਦੀ ਬੋਲੀ ਦੇ ਗ੍ਰੰਥਾਂ ਦਾ ਉਲਥਾ ਪੰਜਾਬੀ ਵਿੱਚ ਕਰਾਇਆਂ ਕਰਦੇ ਸਨ ਜਿਸ ਪ੍ਰਤੀ

ਤਿਨ ਕਵੀਯਨ ਬਾਨੀ ਰਚੀ ਲਿਖ ਕਾਗਤਦ ਤਲਵਾਇ ॥
ਨੌ ਮਣ ਹੋਏ ਤੋਲ ਪਹਿ, ਸੂਖਮ ਲਿਖਤ ਲਖਾਇ ॥

ਜਿਸ ਦਾ ਨਾਮ ਵਿਦਿਆ ਧਰ ਸੀ ਜੋ ਕਈਆਂ ਵਰਿਆਂ ਦੀ ਲਿਖਤ ਅਨੰਦ ਪੁਰ ਦੇ ਜੰਗ ਵਿਚ ਵਿਦਿਆ ਤੇ ਧਰਮ ਦੇ ਵੈਰੀਆਂ ਹਥੋਂ ਨਾਸ ਹੋਇਆ। ਜਦ ਐਤਨੇ ਵਿਦਿਆ ਮਾਹਰ ਸ੍ਰੀ ਹਜ਼ੂਰ ਦੇ ਪਾਸ ਸਨ ਤਾਂ ਫੇਰ ਕਿਹੜੀ ਵਿਦਿਆਂ ਦੀ ਬਾਕੀ ਸੀ ਜੋ ਕਾਂਸ਼ੀ ਤੋਂ ਬਿਨਾ ਪੜ੍ਹ ਨਹੀਂ ਸਕਦੇ

ਮਹਾਂ ਭਾਰਤ ਦੇ ਕਈ ਪਰਵ ਚਾਣਕਯ ਨੀਤਿ, ਗੁਰ ਸ਼ੋਭਾ ਆਦਿਕ ਜੰਗ ਤੋਂ ਪਹਿਲਾਂ ਗੁਰੂ ਪਿਆਰੇ ਵਿਦਵਾਨਾਂ ਸਿੱਖਾਂ ਪਾਸ ਜਾ ਚੁਕੇ ਸਨ ਜਿਸ ਕਰਕੇ ਉਹ ਬਚ ਗਏ। ਪਟਿਆਲਾ ਪਤਿ ਨਰੇਂਦ੍ਰ ਸਿੰਘ ਸਾਹਿਬ ਨੇ ਮਹਾਂ ਭਾਰਤ ਦੇ ਬਾਕੀ ਪਰਣ ਆਪਣੇ ਕਵੀਆਂ ਤੋਂ ਲਿਖਵਾ ਕੇ ਗ੍ਰੰਥ ਪੂਰਾਂ ਕੀਤਾ, ਥੋੜੀਆਂ ਜਹੀਆਂ ਕਵਿਤਾ ਭਾ: ਸਾ: ਸੰਤੋਖ ਸਿੰਘ ਜੀ ਨੂੰ ਮਿਲੀਆਂ ਜੋ ਗੁਰ ਪ੍ਰਤਾਪ ਸੂਰਯ ਵਿੱਚ ਇਉਂ ਲਿਖਦੇ ਹਨ ॥

Digitized by Panjab Digital Library | www.panjabdigilib.org

ਹਮ ਭੀ ਕੇਤਕ ਕਰਹਿ ਬਖਾਨੀ।
ਕਹੈਂ ਖਾਲਸੇ ਕੇ ਹਿਤ ਬਾਨੀ।
ਆਦਿ ਮਹਾਂ ਭਾਰਤ ਜੇ ਆਨ।
ਭਾਖਾ ਸਭ ਕੀ ਕਰਤ ਸੁਜਾਨ।
ਸੋ ਹਮ ਪੰਥ ਹੇਤ ਕਰਵਾਵੈ।
ਪਠਹਿੰ ਆਪ ਸਭਹੁਨ ਸੁਨਾਵੈ।
ਹੁਤੇ ਬਵੰਜਾ ਕਵਿ ਗੁਰੁ ਪਾਸ।
ਸਭਿ ਹੀ ਬਾਨੀ ਕਰਹਿੰ ਪ੍ਰਕਾਸ।
ਸਤਿਗੁਰ ਸਭ ਇਕਤ੍ਰ ਕਰਵਾਵੈ।
ਪਤ੍ਰੇ ਦੀਰਘ ਪਰ ਲਿਖਵਾਵੈ।
ਨਾਮ ਗ੍ਰੰਥ ਕੋ ਵਿਦਯਾ ਸਾਗਰ।
ਰਾਖਨ ਕੀਨੋ ਸ੍ਰੀ ਪ੍ਰਭ ਨਾਗਰ।
(ਗੁ ਪ੍ਰ ਸੂ ਰੁੱਤ ੩ ਅ: ੫੧)

ਤਿਨ ਕਵਿਯਨ ਬਾਨੀ ਰਚੀ।
ਲਿਖ ਕਾਗਦ ਤੁਲਵਾਇ।
ਨੌ ਮਣ ਹੋਏ ਤੋਲ ਮਹਿ।
ਸੂਖਮ ਲਿਖਤ ਲਿਖਾਇ।
"ਬਿਦਯਾਸਰ" ਤਿਸ ਗ੍ਰੰਥ ਕੋ।
ਨਾਮ ਧਰਯੋ ਕਰ ਪਰੀਤਿ।
ਨਾਨਾ ਵਿਧ ਕਵਿਤਾ ਰਚੀ।
ਰਖ ਰਖ ਨੌ ਰਸਰੀਤਿ।
ਮਚਯੋ ਜੰਗ ਗੁਰੁ ਸੰਗ ਬਡ।
ਰਹਯੋ ਗ੍ਰੰਥ ਸੋ ਬੀਰ।
ਨਿਕਸੇ ਆਨੰਦ ਪੁਰਾ ਤੇ।
ਲੂਟਯੋ ਪੁਨ ਮਿਲ ਨੀਚ।
ਪਰਥਕ ਪਰਥਕ ਪਤਰੇ ਹੁਤੇ।
ਲੁਟਯੋ ਸੁ ਗੰਰਥ ਬਿਖੇਰ।
ਇਕ ਥਲ ਰਹਯੋ ਨ, ਇਮ ਗਯੋ।
ਜਿਸ ਤੇ ਮਿਲਯੋ ਨ ਫੇਰ।
(ਗੁ ਪ੍ਰ ਸੂ ਰੁੱਤ ੫ ਅ: ੫੧)

ਗੁਰੂ ਪਿਆਰੇ ਬਵੰਜਾ ਕਵੀਆਂ ਦੇ ਨਾਮ :—

| | |
|---|---|
| ੧. ਬਲਭ | ੨. ਨੰਦ ਸਿੰਘ |
| ੩. ਜ਼ਮਾਲ | ੪. ਨਿਸਦਲ ਦਾਸ |
| ੫. ਧੰਨਾ ਸਿੰਘ | ੬. ਉਦੇ ਰਾਇ |
| ੭. ਅਣੀ ਰਾਇ | ੮. ਧਿਆਨ ਸਿੰਘ |
| ੯. ਟਹਿਕਨ | ੧੦. ਚੰਦਨ |
| ੧੧. ਆਸਾ ਸਿੰਘ | ੧੨. ਸੁਖਦੇਵ |
| ੧੩. ਸੁਦਾਮਾ | ੧੪. ਗੁਣੀਆਂ |
| ੧੫. ਹੀਰ | ੧੬. ਕੱਲ |
| ੧੭. ਨਾਨੂੰ | ੧੮. ਧਰਮ ਸਿੰਘ |
| ੧੯. ਸੈਨਾ ਪਤਿ | ੨੦. ਸੁਖਾ ਸਿੰਘ |
| ੨੧. ਅਮ੍ਰ ਰਾਇ | ੨੨. ਚੰਦਾ |
| ੨੩. ਗੁਰਦਾਸ | ੨੪. ਕੁਬੇਰਸ |
| ੨੫. ਆਲਿਮ | ੨੬. ਹੁਸੈਨ ਅਲੀ |
| ੨੭. ਨਿਹਾਲ ਚੰਦ | ੨੮. ਨੰਦ ਲਾਲ |
| ੨੯. ਪਿੰਡੀ ਦਾਸ | ੩੦. ਬਿਧੀ ਚੰਦ |
| ੩੧. ਬ੍ਰਿਜ ਲਾਲ | ੩੨. ਮਦਨ ਸਿਰ |
| ੩੩. ਰਾਵਲ | ੩੪. ਮਾਲਾ |
| ੩੫. ਮਾਨ ਦਾਸ | ੩੬. ਰਾਮ |
| ੩੭. ਲੱਖਾ | ੩੮. ਬਲੂ |
| ੩੯. ਬਿਰਖ | ੪੦. ਮਦਨ ਸਿੰਘ |
| ੪੧. ਰੌਸ਼ਨ ਸਿੰਘ | ੪੨. ਮੰਗਲ |
| ੪੩. ਮੱਲੂ | ੪੪. ਅੱਲੂ |
| ੪੫. ਈਸਰ ਦਾਸ | ੪੬. ਸਯਾਮ |
| ੪੭. ਸੁਖੀਆ | ੪੮. ਹੰਸ ਰਾਮ |
| ੪੯. ਮਥਰਾ | ੫੦. ਬਬੰਦ |
| ੫੧. ਖਾਨ ਚੰਦ | ੫੨. ਗੁਪਾਲ |

ਗੁਰਮਤ ਪਰਚਾਰ ਤੇ ਅੰਮ੍ਰਿਤ ਛਕਾਉਣ (ਸਿੰਘ ਸਜਾਉਣ) ਵਾਸਤੇ ਜੋ ਪੰਜ ਸਿੰਘ ਭੇਜੇ ਸਨ ਉਹਨਾਂ ਦੇ ਨਾਮ (੧) ਭਾਈ ਰਾਮ ਸਿੰਘ ਜੀ (੨) ਭਾ: ਕਰਮ ਸਿੰਘ ਜੀ (੩) ਗੰਡਾ ਸਿੰਘ ਜੀ

Digitized by Panjab Digital Library | www.panjabdigilib.org

(੪) ਭਾਈ ਵੀਰ ਸਿੰਘ ਜੀ (੫) ਭਾਈ ਸੋਭਾ ਸਿੰਘ ਜੀ ॥ ਏਹ ਪੰਜ ਸਨ ॥ ਦੇਖੋ ਅਮ੍ਰਿਤ ਪ੍ਰਚਾਰ ਵਿਚ ਪੰਜਾਂ ਤੋਂ ਵਧ ਘਟ ਨਹੀਂ ਹੋ ਸਕਦੇ। ਪੰਜਾਂ ਸਿੰਘਾਂ ਨੂੰ ਘਲਣ ਦਾ ਇਹੋ ਭਾਵ ਸੀ ਕਿ ਜਾਕੇ ਅੰਮ੍ਰਿਤ ਪਰਚਾਰ ਕਰਨ। ਸ੍ਰੀ ਗੁਰੂ ਜੀ ਦੇ ਦਰਬਾਰ ਵਿੱਚ ਤਲਵਾਰ ਤੇ ਕਲਮ ਦੇ ਧਨੀ ਸਦਾ ਹੀ ਰਹਿੰਦੇ ਰਹੇ ਸਨ ਤਲਵਾਰ (ਸ੍ਰੀ ਸਾਹਿਬ) ਵਾਲੇ ਜੰਗੀ ਖਾਲਸੇ ਤੇ ਕਲਮ ਵਾਲੇ ਸਤੋ ਗੁਣੀ (ਸੰਤ) ਖਾਲਸਾ ਜੋ ਪੜ੍ਹਨ ਪੜ੍ਹਾਉਣ ਭਜਨ ਸਿਮਰਨ ਵਿਚ ਹੋਣ ਤੇ ਇਕਾਂਤ ਤੇ ਨਿਮਰਤੀ ਨੂੰ ਪਸੰਦ ਕਰਦੇ ਕਿਸੇ ਧੜੇ ਵਿਚ ਹਿਸਾ ਨਹੀਂ ਸਨ ਲੈਂਦੇ ਜੈਸੇ ੧੨ ਮਿਸਲਾਂ ਬਣਨ ਵੇਲੇ ਜੋ ਸਿਆਸੀ ਤੇ ਧਾਰਮਿਕ ਖਿਆਲਾਂ ਵਾਲੇ ਸਨ। ਉਹ ਤਾਂ ੧੨ ਜਥਿਆਂ (ਪਾਲਟੀਆਂ) ਵਿਚ ਹੋ ਗਏ ॥ ਜੋ ਸਿਮਰਨ ਕਰਨ ਵਾਂਲੇ ਸਨ ਇਹ ਫੁਟਕਲ ਹੀ ਗੁਰਮਤਿ ਦਾ ਪ੍ਰਚਾਰ ਗ੍ਰੰਥ ਲਿਖ ਕੇ ਵਿਦਿਆ ਦਾਨ ਤੇ ਕਥਾ ਕੀਰਤਨ ਦੁਆਰਾ ਗੁਰਮਤ ਦਾ ਪਰਚਾਰ ਕਰਦਿਆਂ ਨੇ ਪੰਥ ਵਿਚ ਵਿਦਿਆ ਗੈਸ ਜਗਾਈ ਰਖਿਆ। ਇਹ ਵਿਦਵਾਨ ਦੀਵੇ ਨਾਲ ਦੀਵਾ ਨਾ ਲਾਈ ਰਖਦੇ ਤਾਂ ਅਜ ਨੂੰ ਅਸੀਂ ਵਿਦਿਆ ਵਲੋਂ ਜ਼ਰੂਰੀ ਸਖਣੇ ਹੋ ਜਾਂਦੇ ਕਿਉਂ ਜੰਗਾਂ ਜੁਧਾਂ ਦੇ ਕਾਰਨ ਸਿਖਾਂ ਨੂੰ ਵਿਦਿਆ ਮੁੜ ਵਿਚਾਰਨ ਦਾ ਮੌਕਾ ਹੀ ਨਹੀਂ ਮਿਲਿਆ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਇਹ ਘਾਟਾ ਪੂਰਾ ਨਾ ਹੋ ਸਕਿਆ ॥ ਸੋ ਵਿਦਿਆ ਰੂਪੀ ਦੀਵੇ ਨੂੰ ਟਮਕਾਈ ਰਖਣ ਵਾਲੇ ਸਤਿਕਾਰ ਯੋਗ ਵਿਦਿਆਵਾਨ ਮਹਾਂ ਪੁਰਖਾਂ ਦੀ ਜਮਾਤ ਨੂੰ ਹੀ ਨਿਰਮਲੇ ਕਹਿਣਾ ਪ੍ਰਚਲਤ ਹੋ ਗਿਆ ਕਿਉਂਕਿ ਸਿਖ ਰਾਜ ਦੇ ਖਾਤਮੇ ਪਿਛੋਂ ਸਾਰੇ ਅਫਸੋਸ ਦੇ ਸਮੁੰਦ੍ਰ ਵਿਚ ਜੀਅ ਭਿਆਣੇ ਗੋਤੇ ਖਾਂਦਿਆਂ ਨੂੰ "ਕੁਝ ਨਾ ਸੁਝਾ ਕੁਝ ਨਾ ਬੁਝਾ" ਜਥੇਬੰਦੀ ਨੂੰ ਤੋੜ ਕੇ ਸੰਸਾਰੀ ਲੋਕਾਂ ਵਿਚ ਸਮੇਲਨ ਹੋ ਗਏ। ਇਹ ਜੋ ਵਿਦਿਆ ਵਾਨਾਂ ਦੀ ਮੰਡਲੀ ਕਾਇਮ ਰਹੀ ਸਾਰੇ ਨਿਰਮਲ ਪੰਥ ਦੀ ਬਜਾਇ ਇਹ ਵਿਸ਼ੇਸ਼ ਰਹੀ ਵਿਦਵਾਨਾਂ ਦੀ ਸ਼ਰੇਣੀ ਹੀ ਨਿਰਮਲ ਪੰਥ ਪ੍ਰਚਲਤ ਹੋਇਆ ਵਰਤਮਾਨ ਸਮੇਂ ਵਿਚ ਇਹੋ ਹੀ ਜਿਨਾਂ ਨੇ ਗੁਰਦੁਆਰਾ ਲ੍ਹਹਿਰ ਵਿਚ ਉਹ ਕਿਹੜਾ ਮੋਰਚਾ ਸੀ ਜਿਸ ਵਿਚ ਵਿਦਵਾਨ (ਨਿਰਮਲੇ) ਸੰਤਾਂ ਨੇ ਕੁਰਬਾਨੀ ਵਿਚ ਬਰੋਬਰ ਦਾ ਹਿਸਾ ਨਾ ਪਾਇਆ ਹੋਵੇ ਪਰ ਅਜ ਅਸੀਂ ਉਨ੍ਹਾਂ ਦੇ ਵਿਦਿਆ ਦਾਨ ਤੇ ਕੁਰਬਾਨੀ ਨੂੰ ਭੁਲਾ ਕੇ ਉਨ੍ਹਾਂ ਨਾਲ ਵੀ ਉਹ ਵਰਤਾਉ ਕਰਦੇ ਹਾਂ ਜੋ ਨਰੈਣ ਦਾਸ ਦੇ ਹਮਜੋਲੀਆਂ ਨਾਲ ਕਰਦੇ ਹਾਂ ॥ ਮੈਂ ਅਰਦਾਸ ਕਰਦਾ ਹਾਂ ਕਿ ਸ੍ਰੀ ਗੁਰੂ ਜੀ ਆਪਾਂ ਨੂੰ ਈਰਖਾ ਤੋਂ ਰਹਿਤ ਕਰੇ ਤਾਂ ਕਿ ਸਾਡੇ ਚਿਤਾਂ ਅੰਦਰ ਹਰ ਇਕ ਦੀ ਇਜ਼ਤ ਤੇ ਪਰਸਪਰ ਪਿਆਰ ਪੈਦਾ ਹੋਵੇ ਤੇ ਸਹੀ ਨਿਰਮਲ (ਅਕਾਲੀ) ਭੇਖ ਦੇ ਧਾਰਨੀ ਹੋਈਏ ਜੈਸੇ :—

ਸਹੀ ਨਿਰਮਲ ਧਰਮ (ਖਾਲਿਸ ਧਰਮ) ਧਾਰਨ ਵਾਲਾ ਸ੍ਰੀ ਗੁਰੂਦੇਵ ਦਾ ਸਿੱਖ
"ਸਬਦ ਰਤੇ ਸੇ ਨਿਰਮਲੇ" (ਸ੍ਰੀ ਗ: ਮ: ੩)

ਦਾਸ ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤਪੁਰਾ

Digitized by Panjab Digital Library | www.panjabdigilib.org

ੴ ਵਾਹਿਗੁਰੂ ਜੀ ਕੀ ਫ਼ਤਹਿ

# ਸ: ਜਗਤ ਸਿੰਘ ਜੀ ਕਿਸ਼ਨਪੁਰਾ ਕਲਾਂ
# ਪ੍ਰਧਾਨ ਪੰਥਕ ਗ:ਸਾ: ਕਮੇਟੀ

ਨਾਮ ਜਪਣ ਉਪਕਾਰ ਦੇ ਕਰਨ ਵਾਲੇ, ਸੰਤ ਸੰਗਤ ਡਾਢੇ ਮਹਾਨ ਦਾਤਾ।
ਸੇਵਾ ਕਰਨ ਇਹ ਸਗਲ ਪ੍ਰਵਾਰ ਮਿਲਕੇ, ਗੁਰੂ ਚਰਨਾਂ ਤੋਂ ਹੋਣ ਕੁਰਬਾਨ ਦਾਤਾ।
ਨਾਮ ਜਪਦੇ ਧਰਮ ਦੀ ਕਿਰਤ ਕਰਦੇ, ਸੇਵਾ ਪੰਥ ਦੀ ਖ਼ੂਬ ਕਮਾਨ ਦਾਤਾ।
ਇਸਤ੍ਰੀ ਕਾਂਡ ਦੇ ਤਾਈ ਛਪਾਨ ਵਾਲੇ, ਪਾਵਨ ਜਗਤ ਦੇ ਵਿਚ ਇਹ ਮਾਨ ਦਾਤਾ।



ਜਨਮ:—ਆਪ ਦਾ ਜਨਮ ਸ. ਕਾਹਨ ਸਿੰਘ ਦੇ ਘਰ ਮਾਤਾ ਇੰਦਰ ਕੌਰ ਦੀ ਸੁਭਾਗ ਕੁਖੋਂ ਪਿੰਡ ਕਿਸ਼ਨ ਪੁਰਾ ਕਲਾਂ ਤਹਿਸੀਲ ਜ਼ੀਰਾ ਜ਼ਿਲਾ ਫੀਰੋਜ਼ ਪੁਰ ਵਿਚ ਹੋਇਆ।

ਬਾਲਪਨ—ਆਪ ਦਾ ਬਾਲਪਨ ਪਿੰਡ ਦੀਆਂ ਗਲੀਆਂ ਵਿਚ ਹੀ ਲੰਘਿਆ ਅਤੇ ਪਿਆਰੇ ਮਾਤਾ ਪਿਤਾ ਦੀ ਗੋਦ ਦੀ ਅਨੰਦ ਮਾਣੀ।

Digitized by Panjab Digital Library | www.panjabdigilib.org

ਕ੍ਰਮ—ਉਨਾਂ ਦਿਨਾਂ ਵਿਚ ਜ਼ਿਮੀਦਾਰਾਂ ਦਾ ਕੰਮ ਵਧੇਰੇ ਕਰਕੇ ਆਪਣੇ ਘਰੋਗੀ ਕੰਮ ਵਲ ਹੀ ਹੁੰਦਾ ਸੀ ਇਸ ਲਈ ਆਪ ਨੂੰ ਤਕੜਿਆਂ ਹੁੰਦਿਆਂ ਹੀ ਖੇਤੀ ਬਾੜੀ ਦੇ ਕੰਮ ਵਿਚ ਪੈਣਾ ਪਿਆ ਕਾਰਣ ਕਿ ਆਪ ਦੇ ਪਿਤਾ ਇਕ ਮੰਨੇ ਪ੍ਰਮੰਨੇ ਇਸ ਇਲਾਕੇ ਦੇ ਜ਼ਿਮੀਦਾਰ ਸਨ। ਆਪ ਦਾ ਜ਼ਿਮੀਦਾਰਾ ਦੂਰ ਦੂਰ ਤੱਕ ਪ੍ਰਸਿਧ ਸੀ ਸੋ ਆਪ ਜੀ ਨੂੰ ਵੀ ਆਪਣੇ ਪਿਤਾ ਨਾਲ ਹਥ ਵਟਾਉਣਾ ਪਿਆ। ਭਾਵੇਂ ਆਪ ਦੇ ਵਡੇ ਭਾਈ ਸ: ਨੰਦ ਸਿੰਘ ਕਾਫੀ ਕੰਮ ਜ਼ਿਮੀਦਾਰੇ ਦਾ ਚੁਕੀ ਫਿਰਦੇ ਸੀ ਪਰ ਜਿਮੀਂਦਾਰਾ ਵੀ ਦੂਜੀ ਬਾਦਸ਼ਾਹੀ ਹੈ ਜਿਨੇ ਵੀ ਆਦਮੀ ਹੋਣ ਥੋੜੇ ਹਨ।

ਆਪ ਨੇ ਸੁਰਤ ਸੰਭਾਲਣ ਨਾਲ ਹੀ ਨਵੇਂ ਢੰਗ ਦੀ ਵਾਹੀ ਕਰਨੀ ਅਰੰਭ ਦਿਤੀ। ਜਰਾਇਤ ਵਾਲਿਆਂ ਤੋਂ ਹਦਾਇਤਾਂ ਲੈਕੇ ਆਲੂ; ਅਰਬੀ ਸਬਜ਼ੀ ਭਾਜੀ, ਨਰਮਾਂ ਆਦ ਬੀਜਣਾ ਅਰੰਭ ਦਿਤਾ, ਜਿਸ ਵਿਚ ਆਪ ਨੂੰ ਬਹੁਤ ਸਫਲਤਾ ਹੋਈ ਸਗੋਂ ਇਲਾਕੇ ਵਿਚ ਵੀ ਆਪ ਨੂੰ ਦੇਖਕੇ ਸਬਜੀ ਬੀਜਣ ਅਤੇ ਆਲੂ ਲਾਉਣ ਦਾ ਰਿਵਾਜ ਪਿਆ ਅਜ ਕਿਸ਼ਨ ਪੁਰਾ ਜੋ ਸਬਜ਼ੀ ਦਾ ਸੈਂਟਰ ਬਣਿਆ ਹੋਇਆ ਹੈ ਉਹ ਸਭ ਆਪ ਦੀ ਮਿਹਨਤ ਦਾ ਸਿਟਾ ਹੈ।

ਜਿਥੇ ਆਪ ਖੇਤੀ ਬਾੜੀ ਦੇ ਮਾਹਿਰ ਹਨ, ਉਥੇ ਆਪ ਜੀ ਗੁਰੂ ਘਰ ਦੇ ਵੀ ਬਹੁਤ ਪ੍ਰੇਮੀ ਹਨ ਆਪ ਨੇ ਸਮੇਤ ਪ੍ਰਵਾਰ ਅੰਮ੍ਰਿਤ ਪਾਨ ਕੀਤਾ। ਉਸ ਦਿਨ ਤੋਂ ਆਪ ਦਸਵੰਧ ਦੇ ਰਹੇ ਹਨ ਆਪ ਜੀ ਦੇ ਉਪਰਾਲੇ ਨਾਲ ਨਗਰ ਵਲੋਂ ੧੩੬ ਅਖੰਡ ਪਾਠ ਹੋਏ ਤੇ ਆਪ ਜੀ ੧੫੦ ਸਹਜਪਾਠ ਤੇ ਅਖੰਡ ਬਹੁਤ ਕਰਾਂਉਦੇ ਹਨ।

ਆਪ ਨੇ ਗੁਰਦੁਆਰਾ ਕਿਸ਼ਨ ਪੁਰਾ ਕਲਾਂ ਵਿਚ ਨਿਸ਼ਾਨ ਸਾਹਿਬ ਝੁਲਾਇਆ ਹੈ ਇਸਦੀ ਸੇਵਾ ਆਪ ਨੇ ਕਰਾਈ ਹੈ। ਆਪ ਨੇਕ ਕਮਾਈ ਵਾਲੇ ਗੁਰਸਿਖ ਹਨ। ਨਾਮ ਜਪਣ, ਵੰਡ ਛਕਣ ਤੇ ਧਰਮ ਦੀ ਕਿਰਤ ਕਰਨ ਵਾਲੇ ਜਿਊੜੇ ਹਨ।

ਆਪ ਨੇ ਮਹਾਨ ਸਿਖ ਦੇਵੀਆਂ ਦੇ ਇਤਿਹਾਸ ਵਾਸਤੇ ਆਪਦੀ ਸ਼ੁਭ ਕਮਾਈ ਵਿਚੋਂ ੧੦੦੦) ਦਾਨ ਦਿਤਾ ਹੈ ਜੋ ਸਭਾ ਦੇ ਫੈਸਲੇ ਅਨੁਸਾਰ ਇਨਾਂ ਦਾ ਫੋਟੋ ਤੇ ਸੰਖੇਪ ਜੀਵਨ ਦਿਤਾ ਜਾਂਦਾ ਹੈ

ਆਪ ਜੀ ਦੇ ਦੋ ਭਰਾ ਹਨ ਸ: ਜਗਤ ਸਿੰਘ ਸ: ਨੰਦ ਸਿੰਘ ਇਕ ਭੈਣ ਬਸੰਤ ਕੌਰ ਜਿਨ੍ਹਾਂ ਦੀ ਸ਼ਾਦੀ ਗੁਰਮਤ ਅਨੁਸਾਰ ਸ: ਗੁਰਦਿਆਲ ਸਿੰਘ ਜੀ ਰਈਸ ਸੇਖਾਂ ਕਲਾਂ ਸਾਥ ਹੋਈ ਆਪ ਜੀ ਦੇ ਤਿੰਨ ਸਪੁਤਰ ਹਨ. ਕਾਕਾ ਭਾਗ ਸਿੰਘ, ਕਾਕਾ ਸੁਚਾ ਸਿੰਘ ਕਾਕਾ ਪਾਲ ਸਿੰਘ ਆਪ ਪਕੇ ਦਸਵੰਧੀ ਹਨ ਗੁ: ਪ੍ਰ: ਸਿੰਘ ਸਭਾ ਤੇ ਗੁ: ਸਾ. ਕਿਸ਼ਨ ਪੁਰਾ ਦੇ ਮੁਖੀ ਪ੍ਰਬੰਧਕ ਹਨ ਗੁਰਦੁਆਰਾ ਕਿਸ਼ਨ ਪੁਰਾ ਕਲਾਂ ਦੇ ਪਰਧਾਨ ਹਨ।

Digitized by Panjab Digital Library | www.panjabdigilib.org



ਸ੍ਰੀ ਦਸਮੇਸ਼ ਜੀ ਦੀ ਸੁਪੁਤ੍ਰੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ਓ ਸਤਿਗੁਰ ਪ੍ਰਸਾਦਿ ॥

ਸੋ ਕਿਉਂ ਮੰਦਾ ਆਖੀਐ ਜਿਤ ਜਮਹਿ ਰਾਜਨ

# ਮਹਾਨ ਸਿੱਖ ਦੇਵੀਆਂ

## ਮਾਲਵਾ ਇਤਿਹਾਸ

ਦਾ

## ਦੂਜਾ ਕਾਂਡ

ਜਿਸ ਵਿਚ ਸ੍ਰੀ ਮਤੀ ਬੇਬੇ ਨਾਨਕੀ ਜੀ ਸ੍ਰੀ ਮਤੀ ਬੀਬੀ ਅਮਰੋ ਜੀ ਸ੍ਰੀ ਮਤੀ ਬੀਬੀ ਭਾਨ ਜੀ ਜਗਤ ਮਾਤਾ ਗੁਜਰੀ ਜੀ ਅਤੇ ਜਗਤ ਮਾਤਾ ਸਾਹਿਬ ਕੌਰ ਜੀ ਆਦਿ ਦੀਆਂ ਦੁਲਾਰੀਆਂ ਪਿਆਰੀਆਂ ਬਹਾਦਰ ਸੁਪਤਰੀਆਂ ਸੂਰਬੀਰ ਬੀਰਾਗਣ ਬੀਬੀਆਂ ਦੀਆਂ ਜੀਵਨੀਆਂ ਦਰਜ ਕਰਦੇ ਹਾਂ ਜੋ ਪ੍ਰੇਮ ਨਾਲ ਪੜ੍ਹੋ ਤੇ ਧਾਰਨ ਕਰਕੇ ਸੇਵਾ ਸਫਲ ਕਰੋ ਜੀ ।

ਕਰਤਾ
ਗੁਰੂ ਪੰਥ ਦਾ ਜੋੜੇ ਬਰਦਾਰ
ਦਾਸਃ—ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੁਰਾ, ਪ੍ਰਃ ਗੁ: ਪ੍ਰ: ਸਿੰਘ ਸਭਾ

ਪ੍ਰਕਾਸ਼ਕਃ—
ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ ਤਿਹਾੜਾ
ਦਫ਼ਤਰ ਪੰਥਕ ਗੁਰਦੁਆਰਾ ਸਾਹਿਬ ਕਿਸ਼ਨ ਪੁਰਾ ਕਲਾ
ਤਹਿਸੀਲ ਜ਼ੀਰਾ ਜ਼ਿਲਾ ਫੀਰੋਜ ਪੁਰ (ਪੰਜਾਬ)

Digitized by Panjab Digital Library | www.panjabdigilib.org

# ਸਮਰਪਣ

ਪੰਥਕ ਸ਼ਾਨ ਨੂੰ ਕਾਇਮ ਰਖਣ ਵਾਲੀਆਂ ਮਹਾਨ ਸਿੱਖ ਦੇਵੀਆਂ ਜਿਨਾਂ ਚੋਂ ਸਭ ਤੋਂ ਪਹਿਲਾਂ ਗੁਰਮਤ ਉਪਦੇਸ਼ ਦੀ ਰੋਸ਼ਨੀ ਨੂੰ ਧਾਰਨ ਵਾਲੀ ਭਾਰਤ ਦੀ ਪੂਜਨੀਕ ਬੇਬੇ ਨਾਨਕੀ ਜੀ ਅਤੇ ਬੇਬੇ ਜੀ ਦੇ ਅਸੂਲ ਨੂੰ ਧਾਰਨ ਕਰਕੇ ਜੰਗਾਂ ਵਿਚ ਸ਼ਹੀਦ ਅਤੇ ਸ਼ਹੀਦਾਂ ਦੇ ਸਰੀਰਾਂ ਦਾ ਸਸਕਾਰ ਕਰਨਾ ਸਵਾ ੨ ਮਣ ਮੈਦਾ ਪੀਹਣਾ ਇਕ ਇਕ ਪਾਣੀ ਦੇ ਪਿਆਲੇ ਤੇ ਅਧੇ ਅਧੇ ਪ੍ਰਸ਼ਾਦੇ ਤੇ ਗੁਜ਼ਾਰਾ ਅਤੇ ਮਸੂਮ ਪੁਤਰਾਂ ਦੀਆਂ ਆਂਦਰਾਂ ਦੇ ਗਲਾ ਵਿਚ ਹਾਰ ਪੁਆਏ ਪਰ ਭਾਣੇ ਅੰਦਰ ਅਡੋਲ ਰਹਿੰਦੀਆਂ ਸਿਖੀ ਸ਼ਾਨ ਨੂੰ ਬਟਾ ਨਹੀਂ ਲਗਣ ਦਿਤਾ ਉਨ੍ਹਾਂ ਸਿਖ ਦੇਵੀਆਂ ਨੂੰ ਬੜੀ ਸ਼ਰਧਾ ਅਤੇ ਸਤਕਾਰ ਸਹਿਤ ਭੇਟਾ ਜੇ ਪ੍ਰਵਾਨ ਹੋਵੇ ਤਾਂ ਧੰਨ ਭਾਗ।

ਦਾਸ:—ਵਿਸਾਖਾ ਸਿੰਘ ਸੰਤ ਸਿਪਾਹੀ

Digitized by Panjab Digital Library | www.panjabdigilib.org

# ਜੁਗਾਂ ਦੀ ਪਛੜੀ ਹੋਈ ਇਸਤਰੀ ਜਾਤੀ ਦੀ ਉਚੱਤਾ

"ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" (ਵਾਰ ਆਸਾ ਮ: ੧)

ਇਸਤਰੀ ਜਾਤੀ ਦੇ ਇਤਹਾਸ ਨੂੰ ਦਰਿਆ ਦ੍ਰਿਸ਼ਟੀ ਨਾਲ ਤਕਣ ਅਤੇ ਪੜਚੋਲਣ ਤੋਂ ਪਤਾ ਲਗਦਾ ਹੈ, ਕਿ ਕੇਵਲ ਭਾਰਤ ਵਰਸ਼ ਵਿਚ ਹੀ ਨਹੀਂ ਸਗੋਂ ਇਸਤ੍ਰੀ ਨੂੰ ਸਾਰੀ ਦੁਨੀਆਂ ਵਿਚ ਹੀ ਘਿਰਨਾ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ , ਇਥੋਂ ਤਕ ਕਿ ਇਸ ਨੂੰ ਪੈਰ ਦੀ ਜੁਤੀ ਆਖ ਕੇ ਸਦਿਆ ਜਾਂਦਾ ਸੀ। ਸਮਾਜ ਵਿਚ ਵੀ ਕੋਈ ਥਾਂ ਨਹੀਂ ਸੀ। ਧਾਰਮਿਕ ਅਸਥਾਨਾਂ ਵਿਚੋਂ ਵੀ ਵਿਵਰ-ਜਤ ਸੀ। ਕਤੇਬੀ ਮਤ ਅਨੁਸਾਰ ਇਸ ਇਸਤ੍ਰੀ ਜਾਤੀ ਨੂੰ ਮਸੀਤਾਂ ਵਿਚੋਂ ਸਦਾ ਲਈ ਖਾਰਜ ਕਰ ਦਿਤਾ ਗਿਆ ਸੀ ਅਤੇ ਧਾਰਮਿਕ ਚਿੰਨਾਂ ਤੋਂ ਸਖਣੀ ਰਖੀ ਜਾਂਦੀ ਸੀ ॥ ਈਸਾਈ ਮਤ ਅਨੁਸਾਰ ਵੀ ਇਸ ਨੂੰ ਧਾਰਮਿਕ ਅਤੇ ਸਮਾਜਿਕ ਅਧਿਕਾਰਾਂ ਤੋਂ ਰਹਿਤ ਰਖਿਆ ਗਿਆ ॥ ਬੁਧ ਮਤ ਅਤੇ ਹਿੰਦੂ ਮਤ ਵਲੋਂ ਤਾਂ ਇਸ ਅਬਲਾਂ ਨਾਲ ਪੁਜ ਕੇ ਅਤਿਆਚਾਰ ਕੀਤਾ ਗਿਆ ॥ ਬ੍ਰਾਹਮਣ ਨੇ ਇਸ ਵਿਚਾਰੀ ਨਾਲ ਪੁਜਕੇ ਧੱਕਾ ਕੀਤਾ। ਗੁਸਾਈਂ ਤੁਲਸੀ ਦਾਸ ਨੇ ਤਾਂ ਇਸ ਵਿਚਾਰੀ ਨੂੰ ਇਉਂ ਕਹਿਕੇ ਭੰਡਿਆ, "ਢੋਲ ਗੁਥਾਰ, ਸ਼ੂਦਰ, ਪਸ਼ੂ ਨਾਰੀ, ਇਹ ਪਾਚੋਂ ਤਾੜਨ ਹਿਤਕਾਰੀ।" ਇਸ ਵਿਚਾਰੀ ਨਿਮਾਣੀ ਨਿਤਾਣੀ ਅਬਲਾਂ ਦੀ ਕਿਸੇ ਵੀ ਸਾਰ ਨਾ ਲਈ।

ਪੰਦਰਵੀ ਸਦੀ ਦੁਨੀਆਂ ਦੇ ਇਤਹਾਸ ਵਿਚ ਇਕ ਖਾਸ ਮਹਤੱਤਾ ਰਖਦੀ ਹੈ ॥ ਇਸ ਸਦੀ ਵਿਚ ਕਈ ਅੰਦੋਲਨ ਪੈਦਾ ਹੋਏ। ਕਈਆਂ ਕੌਮਾਂ ਅਤੇ ਮੁਲਕਾਂ ਵਿਚ ਉਥਲ ਪਥਲ ਹੋਈ ਜਿਸ ਦਾ ਪ੍ਰਭਾਵ ਹਿੰਦੁਸਤਾਨ ਤੇ ਵੀ ਪਿਆ ਅਤੇ ਏਥੇ ਵੀ ਪਰਵਰਤਨ ਆ ਗਿਆ, "ਉਲਟੀ ਬਾੜ ਖੇਤ ਨੂੰ ਖਾਈ" ਦੇ ਵਾਕ ਅਨੁਸਾਰ ਪਰਜਾ ਜਰਵਾਣਿਆਂ ਹਥੋਂ ਤੰਗ ਆ ਪੁਕਾਰ ਉਠੀ। ਦੁਖੀ ਹਿਰਦਿਆਂ ਵਿਚੋਂ ਪੁਕਾਰ ਨਿਕਲੀ। ਅਰਸ਼ੀਂ ਸੁਣੀ ਗਈ। "ਆਪ ਕਲਾ ਧਾਰ ਨਾਰੇਣ ਜਗ ਮਹਿ ਪ੍ਰਵਰਿਓ" ਦੇ ਮਹਾਂ ਵਾਕ ਅਨੁਸਾਰ ਉਹੀ ਪੁਕਾਰ ਰਹਿਮਤ ਦਾ ਰੂਪ ਧਾਰ ਗੁਰੂ ਨਾਨਕ ਪ੍ਰਗਟ ਹੋ ਆਈ। ਜਗਤ ਜਲੰਦੇ ਤੇ ਢੰਡ ਵਰਤ ਗਈ, ਰੋਗੀ ਸੰਸਾਰ ਵਾਸਤੇ ਨਾਮ ਦਾ ਦਾਰੂ ਲੈਂਦੇ, ਨਿਮਾਣਿਆਂ ਦਾ ਮਾਣ ਨਿਤਾਣਿਆਂ ਦਾ ਤਾਣ, ਗਰੀਬਾਂ, ਨੀਚਾਂ ਅਤੇ ਅਛੂਤਾਂ ਨੂੰ ਗਲੇ ਲਾਉਣ ਵਾਲਾ ਸਚਾ ਹਮਦਰਦੀ ਆ ਗਿਆ। ਜਿਥੇ ਆਪ ਨੇ ਹੋਰਨਾਂ ਜਾਤੀਆਂ ਨੂੰ ਗਲੇ ਲਾਇਆ ਉਥੇ ਉਪ੍ਰੋਕਤ ਸਦ ਲਾ ਕੇ ਜੁਗਾਂ ਦੀ ਪਛੜੀ ਆ ਰਹੀ ਇਸ ਅਬਲਾਂ ਜਾਤੀ ਨੂੰ ਵੀ ਆਂ ਨਿਵਾਜਿਆ ਅਤੇ ਰਬੀ ਫਰਮਾਣ ਦੁਆਰਾ "ਭੰਡੋ ਹੋਇ ਬੰਧਾਨ," ਕਿ ਜਿਸ ਇਸਤ੍ਰੀ ਤੋਂ ਸਾਰੇ ਸੰਸਾਰ ਦਾ ਵਾਧਾ ਹੁੰਦਾ ਹੈ, ਰਾਂਜੇ ਮਹਾਂਰਾਜੇ ਜਨਮ ਲੈਂਦੇ ਹਨ, ਉਸਨੂੰ ਮੰਦਾ ਕਿਵੇਂ ਆਖਿਆ ਜਾ ਸਕਦਾ ਹੈ , "ਸਗਲ ਧਰਮ ਮਹਿ ਗ੍ਰਿਸਤ ਪ੍ਰਧਾਨ" ਤੇ ਗ੍ਰਿਸਤ ਵਿਚ ਇਸਤ੍ਰੀ ਜਾਤੀ ਦਾ ਦਰਜਾ ਮੁਖ ਮੰਤਰੀ ਦੇ ਬਰਾਬਰ ਦਰਸਾ ਕੇ ਇਸਤ੍ਰੀ ਜਾਤੀ ਨੂੰ ਉਚਾ ਚੁਕ ਕੇ ਅਰਧ ਸਰੀਰੀ ਦਾ ਮਾਨ ਬਖਸ਼ਿਆ, ਅਤੇ ਧਾਰਮਿਕ ਅਸਥਾਨਾਂ ਵਿਚ ਜਾਣ ਦੀ ਖੁੱਲ ਦਿਤੀ। ਹਰ ਇਕ ਕੰਮ, ਭਾਈ ਚਾਰਕ, ਸਮਾਜਿਕ ਤੇ ਰਾਜਨੀਤਕ ਕੰਮ ਵਿਚ ਹਿਸਾ ਲੈਣ ਦੀ ਪੂਰਨ ਸੁਤੰਤਰਤਾ ਬਖਸ਼ੀ। ਦਸੋਂ ਗੁਰੂ ਸਾਹਿਬਾਨ ਨੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿਚਾਰੀ ਅਬਲਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਸਿੰਘਣੀ ਅਤੇ ਕੌਰ ਸ਼ਬਦ ਮਗਰ ਲਾਕੇ ਛੋਟੇ ਪੁਤਰ ਦਾ ਮਾਣ ਬਖਸ਼ਿਆ। ਅਜ

Digitized by Panjab Digital Library | www.panjabdigilib.org

ਜਿਸ ਦੇ ਸਦਕਾ ਇਸਤ੍ਰੀ ਜਾਤੀ, ਮਨੁੱਖ ਜਾਤੀ ਤੋਂ ਕਿਸੇ ਗਲ ਵਿਚ ਵੀ ਪਿਛੇ ਨਹੀਂ ॥

ਏਥੇ ਇਸਤਰੀ ਕਾਂਡ ਵਿਚ ਉਨ੍ਹਾਂ ਉਚ ਰਹਿਣੀ ਬਹਿਣੀ ਤੇ ਕਰਣੀ ਵਾਲੀਆਂ ਬਹਾਦਰ ਸਿੰਘ- ਣੀਆਂ ਦੀਆਂ ਜੀਵਣੀਆਂ ਦਿਤੀਆਂ ਜਾਂਦੀਆਂ ਹਨ ਜਿਨਾਂ ਨੇ ਮਾਲਵਾ ਵਿਚ ਰਹਿਣ ਵਾਲੀਆਂ ਕੌਮਾਂ ਦੀ ਹੀ ਨਹੀਂ ਸਗੋਂ ਸਾਰੇ ਪੰਜਾਬ ਵਾਸੀਆਂ ਦੀ ਆਨ ਸ਼ਾਨ ਨੂੰ ਕਾਇਮ ਰਖਿਆ। ਉਦਾਹਰਣ ਵਜੋਂ ਅੰਟਾ ਰਾਉ ਮਰਹਟੇ ਤੋਂ ਜਿਵੇਂ ਬੀਬੀ ਸਾਹਿਬ ਕੌਰ ਨੇ ਪੰਜਾਬੀਆਂ ਦੀ ਧੌਣ ਨੂੰ ਨੀਵਾ ਨਹੀਂ ਹੋਣ ਦਿਤਾ ਅਤੇ ਉਸ ਦੇ ਅਜੇਹੇ ਦੰਦ ਖਟੇ ਕੀਤੇ ਕਿ ਭਜਦਾ ਹੋਇਆ ਪਿਛੇ ਮੁੜ ਕੇ ਪੰਜਾਬ ਵਲ ਨਹੀਂ ਤਕ ਸਕਿਆ ॥

ਗਿ : ਬਦਨ ਸਿੰਘ ਚੁਗਾ

## ਸੋ ਕਿਉਂ ਮੰਦਾ ਆਖੀਐ ਜਿਤ ਜੰਮੈ ਰਾਜਾਨ

ਇਸਤ੍ਰੀ ਜਾਤੀ 'ਨੂੰ ਸਭ ਤੋਂ ਬਾਹਲੀ' ਸਨਮਾਨਤਾ ਹੋਰ ਮਤਾਂ ਦੇ ਆਗੂ ਪੈਰ ਦੀ ਜੁਤੀ ਤੇ ਸੂਦਰ ਕਹਿ ਕੇ ਦਰਕਾਰਦੇ ਹਨ ॥

ਗੁਰੂ 'ਸਾਹਿਬਾਨ' 'ਗੁਰਦੇਵ ਮਾਤਾ ਕਹਿਕੇ' ਸਤਕਾਰ ਦੇਂਦੇ ਹਨ ॥

ਜਦ ਸ੍ਰੀ ਅਕਾਲ ਪੁਰਖ ਅੰਤਰਜਾਮੀ ਨੇ ਏਕੋ ਕਵਾਓ ਤੋਂ ਸ੍ਰਿਸ਼ਟੀ ਦੀ ਰਚਨਾ ਰਚੀ "ਹਰਨ ਭਰਨ ਜਾਕਾ ਨੇਤਰ ਫੇਰ" ਉਸ ਪ੍ਰਭੂ ਨੇ ਇਸ ਸ੍ਰਿਸ਼ਟੀ ਦੀ ਸੱਖਣੀ ਥਾਂ ਨੂੰ ਭਰਨ ਲਈ ਚੁਰਾਸੀ ਲਖ ਜੂਨ ਦਾ ਮਸਲਾ ਪੈਦਾ ਕੀਤਾ ਤੇ ਇਸ ਗਿਣਤੀ ਵਿਚ ਆਈਆਂ ਜੂਨੀਆਂ ਨੂੰ ਪਨਿਹਾਰ ਰੱਖ ਕੇ ਮਨੁੱਖ ਨੂੰ ਸਰਦਾਰੀ ਬਖ਼ਸ਼ਿਸ਼ ਕੀਤੀ "(ਜੈਸੇ ਗੁਰਵਾਕ :- ਅਵਰ ਜੋਨ ਤੇਰੀ ਪਨਿਹਾਰੀ)" ਤੇ ਮਨੁਖਤਾ ਅੰਦਰ ਭੀ ਮਨੁਖ ਰਚਨਾਂ ਦੀ ਸ਼ਕਤੀ ਨੂੰ ਸਰਬ ਸ੍ਰਿਸ਼ਟੀ ਦੀ ਦੁਵਲੀ ਤਕਸੀਮ ਦੀ ਤਰਾਂ ਮਰਦ ਤੇ ਇਸਤਰੀ ਨੂੰ ਭੀ ਦੋਹਾਂ ਹਿਸਿਆਂ ਵਿਚ ਵੰਡਿਆ ਗਿਆ ॥ ਜਿਹਾ ਕਿ ਧੁਪ-ਛਾਂ, ਦਿਨ-ਰਾਤ, ਚਾਨਣ ਅਤੇ ਹਨੇਰੇ ਦੇ ਸਬੰਧ ਦੀ ਤਰਾਂ ਜਿਤ ਤੇ ਹਾਰ ਦਾ ਮਸਲਾ ਭੀ ਸਮੇਂ ਦੇ ਅਨੁਸਾਰ ਆਪਣਾ ਚੱਕਰ ਜਾਰੀ ਰਖਦਾ ਹੈ ਜੋ ਕਿ ਕਾਦਰ ਦੇ ਹੁਕਮ ਰੂਪ ਫੁੱਲ ਦੇ ਚੌਗਿਰਦੇ ਭੌਰਾ ਬਣ ਕੇ ਗੁੰਜਾਰਾ ਪਾਉਂਦਾ ਜਾਪਦਾ ਹੈ ਪਰ ਫੂਲ ਦੀ ਇਸਥਿਰਤਾ ਉਸ ਨੂੰ ਕਈ ਵਾਰੀ ਮਜਬੂਰ ਕਰਦੀ ਹੈ ਤੇ ਉਸੇ ਹੀ ਮਜਬੂਰੀ ਦੇ ਸਹਾਰੇ ਉਸ ਨੂੰ ਜੰਮਨ ਮਰਨ ਦੀ ਅਦਲਾ ਬਦਲੀ ਵਿਚ ਫਿਰ ੨ ਲੰਘਣਾ ਪੈਂਦਾ ਹੈ। ਕਦੇ ਫਲ ਭੌਰਾ ਤੇ ਕਦੇ ਇਸਦੇ ਉਲਟ। ਇਹੋ ਹੀ ਦੌੜ ਮਨੁਖਤਾ ਦੀ ਤਕਸੀਮ ਅੰਦਰ ਭੀ ਅਪਨਾ ਉਹੀ ਅਸਰ ਰਖਦੀ ਹੈ।

ਕਈ ਸਿਆਣਿਆਂ ਦਾ ਇਹ ਭੀ ਕਿਆਸ ਹੈ ਕਿ ਹਰ ਸ਼ੈ ਆਪਨੇ ਇਕ ਹੀ ਰੂਪ ਵਿਚ ਰਹਿੰਦੀ ਹੈ ਜਿਵੇਂ ਕਣਕ ਕਣਕ, ਸੋਨਾ ਸੋਨਾ, ਇਸੇ ਤਰਾਂ ਮਰਦ ਇਸਤ੍ਰੀ ਨੂੰ ਭੀ ਆਪਨੇ ੨ ਰੂਪ ਵਿਚ ਕਾਇਮ ਰਹਿਣਾ ਮੰਨਦੇ ਹਨ। ਪਰ ਇਹ ਖਿਆਲ ਗੁਰਮਤਿ ਦੀ ਕਸਵਟੀ ਉਤੇ ਪੂਰਾ ਨਹੀਂ ਉਤਰਦਾ ਕਿਉਂ ਕਿ ਸ੍ਰੀ ਹਜ਼ੂਰ ਨੇ ਫ਼ੁਰਮਾਇਆ ਹੈ ॥

"ਨਾਰੀ ਤੇ ਜੋ ਪੁਰਖ ਕਰਾਵੈ ਪੁਰਖਨ ਤੇ ਜੋ ਨਾਰੀ" (ਸਾਰੰਗ ਕਬੀਰ)

ਸਾਫ਼ ਸਪਸ਼ਟ ਹੈ ਕਿ ਕਦੇ ਮਰਦ ਨੂੰ ਇਸਤ੍ਰੀ ਅਤੇ ਇਸਤ੍ਰੀ ਨੂੰ ਮਰਦ ਬਣਨਾ ਪੈਂਦਾ ਹੈ। ਪਰ

Digitized by Panjab Digital Library | www.panjabdigilib.org

ਸਾਡੇ ਬਜ਼ੁਰਗਾਂ ਨੇ ਵਿਦਿਆ ਦੀ ਘਾਟ ਕਰਕੇ ਇਸ ਨੂੰ ਸਮਝਣ ਦਾ ਯਤਨ ਨਹੀਂ ਕੀਤਾ। ਉਹਨਾਂ ਇਸਤਰੀ ਜਾਤੀ ਦੀ ਬਾਬਤ ਜੋ ਕਲਪਣਾ ਕੀਤੀ ਉਹ ਜ਼ਿਕਰ ਕਰਨਾ ਭੀ ਸ਼ਾਇਦ ਗੁਨਾਹ ਹੀ ਹੋਵੇਗਾ। ਪਰ ਜੇ ਕਦੇ ਸਿਖ ਇਤਿਹਾਸ ਦੇ ਸੁਨਹਿਰੀ ਵਰਕਿਆਂ ਨੂੰ ਗਹੁ ਨਾਲ ਖੋਜੀਏ ਤਾਂ ਸਭ ਤੋਂ ਪਹਿਲਾਂ ਜੋਤਿ ਰੂਪ ਹਰਿ ਆਪ ਕਰਨ ਕਾਰਨ ਕਲਾਂ ਧਾਰ ਜੱਗ ਵਿਚ ਪ੍ਰਵਰੇ ਹਰ ਮਨ ਪਿਆਰੇ ਗੁਰੂ ਨਾਨਕ ਦੇਵ ਜੀ ਦੀ ਅਸਲੀਅਤ ਤੋਂ ਮਹਿਰਮ ਹੋਣ ਦਾ ਮਾਣ ਇਸਤਰੀ ਜਾਤੀ ਵਿਚੋਂ ਸ੍ਰੀਮਤੀ ਬੇਬੇ ਨਾਨਕੀ ਜੀ ਨੂੰ ਹੀ ਪਰਾਪਤ ਹੋਇਆ ਹੈ॥ ਅਤੇ 'ਜਿਸ ਨੂੰ ਤੂੰ ਜਣਾਇ ਸੋਈ ਜਨੁ ਜਾਣਹਿ।' ਦੇ ਫਰਮਾਨ ਅਨੁਸਾਰ ਆਪ ਜੀ ਨੇ ਅਤਿਅੰਤ ਕਿਰਪਾਲਤਾ ਕਰਦਿਆਂ ਹੋਇਆਂ ਆਪਣਾ ਨਿਰੰਕਾਰੀ ਪ੍ਰਕਾਸ਼ ਭੈਣ ਜੀ ਦੇ ਪਿਆਰ ਵੇਧਕ ਹਿਰਦੇ ਵਿਚ ਹੀ ਪ੍ਰਕਾਸ਼ਿਆ ਤੇ ਇਸਤਰੀ ਜਾਤੀ ਦੀ ਉਚਤਾ ਦਾ ਮੁੱਢ ਬੰਨਿਆ। ਫੇਰ ਬੀਬੀ ਅਮਰੋ ਜੀ ਨੇ ਸੌਹਰੇ ਅਮਰ ਦੇਵ ਨੂੰ ਗੁਰੂ ਸਿਖ ਬਣਾ ਕੇ ਗੁਰਗਦੀ ਦਾ ਮਾਲਕ ਬਣਾਇਆ॥ ਬੀਬੀ ਭਾਨੀ ਜੀ ਦੇ ਇਤਿਹਾਸ ਵਲ ਭੀ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ ਤੀਸਰੀ ਪਾਤਸ਼ਾਹੀ ਦੇ ਇਸ਼ਨਾਨ ਸਮੇਂ ਚੌਂਕੀ ਦਾ ਪਾਵਾ ਟੁਟਨਾ ਪਰ ਪੈਰ ਦਾ ਠੁੰਮਣਾ ਦਿੰਦਿਆਂ ਖ਼ੂਨ ਬਹਾ ਕੇ ਗੁਰਗੱਦੀ ਦੀ ਕਦਰ ਕਰਦਿਆਂ ਘਰ ਦੀ ਘਰ ਵਿਚ ਰਖੀ ਇਸ ਤੋਂ ਪਿਛੋਂ ਹਜ਼ੂਰ ਦੇ ਚੋਲਾ ਤਬਦੀਲੀ ਮਰਯਾਦਾ ਅਨੁਸਾਰ ਸਮੇਂ ਸਮੇਂ ਅਨੇਕ ਭੈਣਾਂ ਵਰਨਣ ਯੋਗ ਹੋਈਆਂ ਜਿਹਾ ਕਿ ਖਾਲਸੇ ਦੇ ਸਾਜਨਹਾਰ ਦਸਮੇਸ਼ ਜੀ ਦੇ ਖੰਡੇ ਦਾ ਅੰਮ੍ਰਿਤ ਛਕ ਕੇ ਬੇਗਿਣਤ ਭੈਣਾਂ ਨੇ ਦੁਨੀਆਂ ਨੂੰ ਚਕ੍ਰਿਤ ਕਰਨ ਵਾਲੇ ਕਾਰਨਾਮੇ ਕੀਤੇ, ਜਗਤ ਮਾਤਾ ਗੁਜਰੀ ਜੀ, ਜਗਤ ਮਾਤਾ ਸਾਹਿਬ ਦੇਵਾਂ, ਬੀਬੀ ਹਰਸਰਨ ਕੌਰ, ਮਾਤਾ ਭਾਗ ਕੌਰ ਇਤ-ਆਦਿ ਮਾਤਾਵਾਂ ਤੇ ਭੈਣਾਂ ਦਾ ਜਿਗਰ ਇਸੇ ਕਾਂਡ ਵਿਚ ਪੜ੍ਹੋ ਅਤੇ ਦੇਖੋ ਇਸਤਰੀ ਦੀ ਉਚਤਾ ਨੂੰ ਹੋਰ ਚਾਰ ਚੰਨ ਲਾ ਦਿਤੇ, ਪਰ ਫੇਰ ਵੀ ਹਿੰਦੋਸਤਾਨ ਦੇ ਮਨੁਖ ਨੇ ਰਬੀ ਹੁਕਮ ਦੇ ਉਲੰਘਣਾ ਕਰਦਿਆਂ, ਇਸਤ੍ਰੀ ਨੂੰ ਚਾਰ ਦੀਵਾਰੀ ਦੀ ਕੈਦ ਵਿਚ ਹੀ ਰਖਣਾ ਪਸੰਦ ਕੀਤਾ। ਸਮਾਂ ਲੰਘਦਾ ਗਿਆ ਪਰ ਮਨੁਖਤਾ ਦੇ ਅਧੇ ਹਿਸੇ ਨੂੰ ਲਿਤਾੜ ਕੇ ਅਜ ਰੱਬੀ ਪਰੇਰਨਾ ਅਨੁਸਾਰ ਇਸ ਪਛੜੇ ਹੋਏ ਅਧੇ ਹਿਸੇ ਨੂੰ ਮਹਾਂ ਸਿਖ ਦੇਵੀਆਂ ਦੇ ਜੀਵਨ ਨਰੋਲ ਇਸ ਕਾਂਡ ਵਿਚ ਇਕਤਰ ਕਰਨ ਦਾ ਜਤਨ ਕੀਤਾ ਹੈ॥ ਜੋ ਪੜ੍ਹੋ ਤੇ ਹੇਠ ਲਿਖੇ ਖਿਆਲਾਂ ਨੂੰ ਬਿਚਾਰੋ ਅਤੇ ਕਦਰ ਕਰੋ॥ ਉਹ ਕੌਮਾਂ ਜਿਸ ਦੀਆਂ ਮਹਾਂ ਦੇਵੀਆਂ ਘਰਾਂ ਦੇ ਕਮਾਂ ਤੋਂ ਇਲਾਵਾ ਜੰਗ ਦੇ ਢੰਗ ਤੋਂ ਐਨੀਆਂ ਜਾਣੂ ਹਨ, ਉਹ ਕੌਮਾਂ ਜਿਸ ਦੀਆਂ ਸਤ—ਵੰਤੀਆਂ ਆਪਣੀ ਕੌਮ ਦੀ ਆਨ, ਬਾਨ, ਸ਼ਾਨ ਨੂੰ ਅਟਲ ਰਖਨ ਲਈ ਆਪਾ ਵਾਰਨ ਹੀ ਨਹੀਂ ਸਗੋਂ ਸੂਰਮੇ ਮਰਦਾਂ ਵਾਂਗ ਬਹਾਦਰੀ ਨਾਲ ਮੁਕਾਬਲਾ ਕਰਨ ਨੂੰ ਤਿਆਰ ਹਨ। ਜਿਸ ਕੌਮ ਦੀਆਂ ਮਹਾਂ ਦੇਵੀਆਂ ਨੂੰ ਸਮਝ ਹੋਵੇ "ਸਗਲਿਆ ਕੀ ਹਉ ਭੈਣ ਭਾਣਜੀ ਜਿਸੇ ਵਰੀ ਤਿਸ ਚੇਰੀ" (ਆਸਾ ਕਬੀਰ)

ਇਸ ਕਰਕੇ ਬੀਰਾਂ ਤੇ ਸਾਂਈ (ਪਤੀ) ਦਾ ਜਾਇਜ਼ ਸਤਿਕਾਰ ਤੇ ਘਰ ਦੇ ਕਾਜਾਂ ਵਿਚ ਨਿਪੁੰਨ ਜ਼ਾਲਮ ਦੇ ਜ਼ੁਲਮ ਅਗੇ ਲੋਹੇ ਦੀ ਲੱਠ॥ ਅਮਨ ਵਿਚ ਵਿਦਿਆ ਦੇ ਆਹਰ ਵਿਚ। ਵਕਤ ਵਿਚਰੇ ਬੰਦਾ ਸੋਈ ਭਾਵ ਕਿ ਜੈਸਾ ਸਮਾਂ ਹੋਵੇ ਉਸਾ ਸਮਝ ਕੇ ਕੰਮ ਕਰਨ ਜਾਨਣਾ ਅਤੇ ਜੀਣਾ ਨੇਕ ਨਾਮੀ ਨਾਲ ਅਪਣੇ ਧਰਮ ਨੂੰ ਵਟਾ ਨਹੀਂ ਲਾਉਣ ਦੇਣਾ, ਪਹਿਲੇ ਸਰੀਰ ਝੜ ਦੇਣਾ। ਉਸ ਕੌਮ ਦਾ ਕੋਈ ਕੁਛ ਨਹੀਂ ਵਿਗਾੜ ਸਕਦਾ॥

ਕਿਉ :— ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ ਭਾਵ ਪ੍ਰਮਾਰਥ ਅਰ ਵਿਹਾਰਕ ਕੰਮਾਂ ਵਿਚ ਇਸਤ੍ਰੀ ਨੂੰ ਮਰਦ ਦੇ ਬਰਾਬਰ ਦੇ ਅਧਿਕਾਰ ਪੂਰੇ ਹਨ।(ਭਾਈ ਗੁਰਦਾਸ ਜੀ)

ਦਾਸ :— ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤ ਪੁਰਾ

Digitized by Panjab Digital Library | www.panjabdigilib.org

ੴ ਵਾਹਿਗੁਰੂ ਜੀ ਕੀ ਫਤਹਿ।

# ਇਸਤ੍ਰੀ ਕਾਂਡ

ਸ੍ਰਿਸ਼ਟੀ ਦੇ ਅਰੰਭ ਤੋਂ ਹੀ ਇਸਤ੍ਰੀ ਤੇ ਪੁਰਸ਼ ਮਿਲਕੇ ਮਨੁਖ ਸਮਾਜ ਦੀ ਉਨਤੀ ਵਿਚ ਬਰਾਬਰ ਹਿਸਾ ਪਾਉਂਦੇ ਰਹੇ ਹਨ ਜਦ ਤਕ ਮਨੁਖ ਦੀ ਮਾਨਸਕ ਗੁਣਾ ਦੀ ਕਸੌਟੀ ਪਰ ਪਰਖ ਹੁੰਦੀ ਰਹੀ ਇਸਤ੍ਰੀਆਂ ਮਰਦ ਨਾਲੋਂ ਪਿਛੇ ਨਹੀਂ ਰਹੀਆਂ। ਪ੍ਰੰਤੂ ਇਕ ਐਸਾ ਯੁਗ ਆਇਆ ਜਦ ਸਰੀਰਕ ਭਿੰਨਤਾ ਦੇ ਕਾਰਣ ਮਨੁਖ ਵਧੇਰੇ ਤਾਕਤਵਰ ਹੋ ਗਿਆ ਤੇ ਇਸਤ੍ਰੀਆਂ ਨੂੰ ਘਰ ਦੀ ਸੰਭਾਲ ਦਾ ਕੰਮ ਸੌਂਪ ਦਿੱਤਾ ਗਿਆ। ਉਸ ਸਮੇਂ ਜਦੋਂ ਸਰੀਰਕ ਬਲ ਪ੍ਰਧਾਨ ਸੀ ਤੇ ਹਥਿਆਰਾਂ ਦੀ ਸਹਾਇਤਾ ਨਾਲ ਮਨੁਖ ਆਪਣੀ ਤੇ ਆਪਣੇ ਪ੍ਰਵਾਰ ਦੀ ਜੰਗਲੀ ਦਰਿੰਦਿਆ ਤੋਂ ਰਾਖੀ ਕਰਦਾ ਸੀ ਇਸਤ੍ਰੀ ਪੁਰਸ਼ ਦੇ ਕੰਮਾਂ ਵਿਚ ਫਰਕ ਕਰਕੇ ਮਰਦ ਦੀ ਜਿਸਮਾਨੀ ਤਾਕਤ ਵਧਦੀ ਗਈ। ਇਸਤ੍ਰੀ ਕੋਮਲਾਂਗੀ ਭਾਵਕ ਤੇ ਰੂਪਵਾਨ ਬਣ ਗਈ। ਮਰਦ ਬਲਵਾਨ, ਕੁਰੱਖਤ ਤੇ ਠੋਸ ਵਣਦਾ ਚਲਾ ਗਿਆ। ਇਹ ਫਰਕ ਪੈਣ ਕਰਕੇ ਉਸਨੇ ਆਪਣੇ ਸਦੀਵੀ ਸਾਥੀ ਇਸਤ੍ਰੀ ਨੂੰ ਕਮਜ਼ੋਰ ਸਮਝ ਕੇ ਉਸ ਪਰ ਕਈ ਪਰਕਾਰ ਦੀਆਂ ਪਾਬੰਦੀਆਂ ਲਗਾ ਦਿਤੀਆਂ ਅਤੇ ਆਪਣੇ ਆਪ ਨੂੰ ਖੁਲਾਂ ਦਾ ਸਵਾਮੀ ਥਾਪ ਲਿਆ। ਇਨ੍ਹਾਂ ਪਾਬੰਦੀਆਂ ਨੇ ਇਸਤ੍ਰੀ ਨੂੰ ਸਰੀਰਕ ਤੌਰ ਪਰ ਭਾਵੇ ਹੋਰ ਕਮਜ਼ੋਰ ਕਰ ਦਿਤਾ ਪਰੰਤੂ ਮਾਨਸਕ ਤੌਰ ਪਰ ਉਹ ਮਰਦ ਨਾਲੋਂ ਭੀ ਅਗੇ ਲੰਘ ਗਈ। ਪਿਆਰ, ਸਹਿਨ ਸੀਲਤਾ, ਤਿਆਗ ਤੇ ਕੁਰਬਾਨੀ ਆਦਿ ਗੁਣ ਮਨੁਖ ਨੇ ਇਸਤ੍ਰੀ ਪਾਸੋਂ ਹੀ ਸਿੱਖੇ।

ਭਾਰਤ ਦੇ ਅਤਿ ਪੁਰਾਣੇ ਇਤਹਾਸ ਵਿਚ ਜਦ ਵਿਦਵਤਾਂ ਦੀ ਪੂਰੀ ਕਦਰ ਸੀ ਇਸਤ੍ਰੀਆਂ ਨੇ ਮਰਦਾ ਨੂੰ ਇਸ ਮੈਦਾਨ ਵਿਚ ਕਈ ਵੇਰ ਪਿਛੇ ਛਡਿਆ। ਇਸਤ੍ਰੀ ਜਾਤੀ ਦਾ ਅਰੰਭ ਤੋਂ ਇਤਹਾਸ ਲਿਖਿਆ ਜਾਵੇ ਤਾਂ ਬੇਅੰਤ ਇਸਤ੍ਰੀਆਂ ਐਸੀਆਂ ਹੋਈਆਂ ਹਨ ਜਿਨ੍ਹਾਂ ਦਾ ਜੀਵਨ ਬਹੁਤ ਸਿਖਯਾ ਦਾਇਕ ਤੇ ਚਾਨਣ ਮਨਾਰੇ ਦਾ ਕੰਮ ਦੇਣ ਵਾਲਾ ਹੈ ਪਰੰਤੂ ਇਸ ਕਾਂਡ ਵਿਚ ਅਸੀਂ ਸਿਖ ਇਤਿਹਾਸ ਵਿਚ ਇਸਤ੍ਰੀਆਂ ਨੇ ਜੋ ਸ਼ਾਨਦਾਰ ਹਿਸਾ ਪਾਇਆ ਹੈ ਕੇਵਲ ਉਸਦਾ ਹੀ ਵਰਣਨ ਕਰਾਂਗੇ।

ਦੁਨੀਆਂ ਦੇ ਸਾਰੇ ਧਰਮ ਦਾ ਇਤਿਹਾਸ ਪੜਨ ਤੋਂ ਪਤਾ ਲਗਦਾ ਹੈ ਕਿ ਕਈ ਧਰਮ ਅਚਾਰੀਯਾ ਨੇ ਇਸਤ੍ਰੀ ਜਾਤੀ ਨੂੰ ਧਾਰਮਕ ਫਰਜ਼ ਅਦਾ ਕਰਨ ਸਬੰਧੀ ਬਰਾਬਰ ਦੇ ਅਧਿਕਾਰ ਨਹੀਂ ਦਿਤੇ। ਇਸਲਾਮ ਧਰਮ ਨੇ ਇਸ ਸਿਲਸਿਲੇ ਵਿਚ ਸਭ ਤੋਂ ਵਧ ਤੰਗ ਦਿਲੀ ਵਿਖਾਈ ਹੈ ਅਤੇ ਇਸਤ੍ਰੀਆਂ ਨੂੰ ਜਮਾਤ ਵਿਚ ਸ਼ਾਮਲ ਹੋਕੇ ਨਮਾਜ਼ ਪੜਨ ਦੀ ਭੀ ਆਗਿਆ ਨਹੀਂ ਦਿਤੀ। ਕਈ ਧਰਮ ਅਚਾਰੀਯਾਂ ਨੇ ਤਾਂ ਇਥੋਂ ਤਕ ਲਿਖ ਦਿਤਾ ਕਿ ਮਰਦ ਨੂੰ ਕੁਰਾਹੇ ਪਾਉਣ ਵਾਲੀ ਹੀ ਇਸਤ੍ਰੀ ਹੈ। ਬਾਬਾ ਆਦਮ ਤੇ ਹਵਾ ਦੀ ਕਹਾਣੀ ਦੇ ਅਧਾਰ ਪਰ ਉਨ੍ਹਾਂ ਨੇ ਇਸਤ੍ਰੀ ਜਾਤੀ ਦੀ ਕਾਫੀ ਨਿੰਦਾ ਕੀਤੀ ਹੈ।

Digitized by Panjab Digital Library | www.panjabdigilib.org

ਉਪਰ ਲਿਖੇ ਵਿਚਾਰ ਪ੍ਰਗਟ ਕਰਨ ਦੀ ਇਸ ਕਰਕੇ ਲੋੜ ਪ੍ਰਤੀਤ ਹੋਈ ਹੈ ਕਿ ਇਸਲਾਮ ਧਰਮ ਦਾ ਭਾਰਤ ਦੇ ਦੂਜੇ ਮਤਾ ਪਰ ਭੀ ਕਾਰੀ ਅਸਰ ਪਿਆ ਅਤੇ ਭਾਰਤ ਵਿਚ ਭੀ ਕਈ ਫਿਰਕਿਆ ਦੇ ਲੋਕਾਂ ਨੇ ਇਸਤ੍ਰੀ ਨੂੰ ਮਰਦ ਨਾਲੋਂ ਨੀਵਾ ਦਰਜਾ ਦਿਤਾ। ਸਿਖ ਧਰਮ ਨੇ ਇਸ ਸਬੰਧ ਵਿਚ ਕਿਸੇ ਦੂਜੇ ਧਰਮ ਜਾਂ ਪੁਰਾਤਨ ਖਿਆਲਾਂ ਦਾ ਬਿਲਕੁਲ ਅਸਰ ਕਬੂਲ ਨਹੀਂ ਕੀਤਾ। ਸਿਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਵਿਚਾਰਾ ਦਾ ਸਖਤ ਵਿਰੋਧ ਕੀਤਾ ਜਿਨ੍ਹਾਂ ਦੇ ਅਧਾਰ ਪਰ ਇਸਤ੍ਰੀ ਨੂੰ ਨੀਵਾ ਦਰਸਾਇਆ ਜਾਂਦਾ ਸੀ ਅਤੇ ਡੰਕੇ ਦੀ ਚੋਟ ਨਾਲ਼ ਐਲਾਨ ਕੀਤਾ।

ਭੰਡ ਜੰਮੀਐ ਭੰਡ ਨਿੰਮੀਐ ਭੰਡ ਮੰਗਣ ਵੀਆਹੁ

ਇਸਤ੍ਰੀ ਕਾਂਡ ਦਾ ਗਹੁ ਨਾਲ ਪਾਠ ਕਰਨ ਤੋਂ ਇਹ ਸਿੱਧ ਹੋ ਜਾਵੇਗਾ ਕਿ ਸਿੱਖ ਇਤਹਾਸ ਵਿਚ ਇਸਤ੍ਰੀ ਜਾਤੀ ਨੇ ਜੋ ਸ਼ਾਨਦਾਰ ਹਿਸਾ ਪਾਇਆ ਹੈ ਜੇ ਉਸ ਨੂੰ ਅਡ ਕਰ ਦਿਤਾ ਜਾਵੇ ਤਾਂ ਸਿੱਖ ਇਸਹਾਸ ਬਿਲਕੁਲ ਅਧੂਰਾ ਪਰਤੀਤ ਹੋਣ ਲਗ ਪਵੇ ਗਾ। ਬਾਣੀ ਵਿਚ ਇਸਤ੍ਰੀ ਨੂੰ ਅਰਧ ਸਰੀਰ ਕਿਹਾ ਗਿਆ ਹੈ। ਪੱਛਮ ਦੇ ਵਿਦਵਾਨ ਭੀ ਇਸ ਨੂੰ ਮਨੁਖ ਦਾ (Better half) "ਵਧੀਆ ਅੱਧ" ਕਹਿ ਕੇ ਪੁਕਾਰਦੇ ਹਨ। ਇਸ ਕਰਕੇ ਜੇ ਇਸਤ੍ਰੀ ਜਾਤੀ ਦੇ ਇਤਹਾਸ ਨੂੰ ਵਿਸਥਾਰ ਨਾਲ ਨਾ ਲਿਖਿਆ ਜਾਵੇ ਤਾਂ ਮਨੁਖਤਾ ਦਾ ਅੱਧਾ ਹਿਸਾ ਅੰਧੇਰੇ ਵਿਚ ਰਹੇ ਗਾ ਅਤੇ ਉਸ ਵਿਚੋਂ ਅੱਗੇ ਵਧਨ ਦਾ ਉਤਸ਼ਾਹ ਖਤਮ ਹੋਕੇ ਮਨੁਖਤਾ ਨੂੰ ਭਾਰੀ ਨੁਕਸਾਨ ਪੁਜੇਗਾ। ਦੁਨੀਆਂ ਦਾ ਇਤਹਾਸ ਭੀ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਤਕ ਮਨੁਖ ਨੇ ਹਰ ਜਦੋ ਜਹਿਦ ਵਿਚ ਇਸਤ੍ਰੀ ਜਾਤੀ ਨੂੰ ਨਾਲ ਨਹੀਂ ਲਿਆ ਉਸ ਨੂੰ ਸਫਲਤਾ ਨਹੀਂ ਮਿਲ ਸਕੀ। ਦੇਸ਼ ਨੂੰ ਅਜ਼ਾਦ ਕਰਾਉਣ ਦਾ ਸਵਾਲ ਹੋਵੇ ਜਾਂ ਇਕ ਕੌਮ ਦਾ ਦੂਜੀ ਨਾਲ ਮੁਕਾਬਲਾ ਕਰਨ ਦਾ ਸੁਆਲ, ਵਿਦਿਆ ਪਰਚਾਰ ਦੀ ਲਹਿਰ ਚਲਾਉਣੀ ਹੋਵੇ ਜਾਂ ਸਮਾਜ ਸੁਧਾਰ ਦੀ ਇਸਤਰੀ ਜਾਤੀ ਦੇ ਸਹਿਯੋਗ ਤੋਂ ਬਿਨਾ ਮਨੁਖ ਨੂੰ ਸਫਲਤਾ ਮਿਲਣੀ ਕਠਨ ਹੀ ਨਹੀਂ ਸਗੋਂ ਅਸੰਭਵ ਹੈ।

ਜਿਨ੍ਹਾਂ ਕੌਮਾਂ ਨੇ ਇਸ ਭੇਦ ਨੂੰ ਲਭ ਲਿਆ ਹੈ ਉਹ ਉਨਤੀ ਦੇ ਮੈਦਾਨ ਵਿਚ ਬਹੁਤ ਅਗੇ ਲੰਘ ਗਈਆਂ ਹਨ। ਜਿਨ੍ਹਾਂ ਨੇ ਪੁਰਾਣੇ ਤੇ ਬੋਸੀਦਾ ਖਿਆਲਾਂ ਵਿਚ ਫਸ ਕੇ ਇਸਤਰੀ ਜਾਤੀ ਨੂੰ ਬਰਾਬਰ ਲਿਆਉਣ ਤੋਂ ਸੰਕੋਚ ਕੀਤਾ ਉਹ ਪਿਛੇ ਰਹਿ ਗਈਆਂ। ਸਿੱਖ ਗੁਰੂਆਂ ਨੇ ਇਸ ਸਚਾਈ ਨੂੰ ਅਮਲਾਂ ਦੁਆਰਾ ਪਰਗਟ ਕਰ ਦਿਤਾ ਹੈ ਅਤੇ ਸਿੱਖ ਬੀਬੀਆਂ ਨੇ ਹਰ ਔਕੜਾ ਸਮੇਂ ਪੰਥ ਨੂੰ ਠੀਕ ਰਾਹ ਵਿਖਾਣ ਵਿਚ ਮਰਦਾਂ ਨਾਲੋਂ ਭੀ ਅੱਗੇ ਵਧ ਕੇ ਹਿਸਾ ਲਿਆ।

Digitized by Panjab Digital Library | www.panjabdigilib.org

# ਬੇਬੇ ਨਾਨਕੀ ਜੀ

ਅਗਮ ਅਗੋਚਰ ਗਹਿਰ ਗੰਭੀਰ ਅਗਮ ਅਕੱਥ ਆਭੇਵਾ ।
ਹਾਥ ਦੇ ਰਖਿਆ ਕਰੋ ਸ੍ਰੀ ਗੁਰ ਨਾਨਕ ਦੇਵ ।
ਭਗਤ ਸ਼ੋਮਣਿ ਨਾਨਕੀ ਗੁਰ ਨਾਨਕ ਜਹਿ ਵੀਰ ।
ਭਗਤ ਭਗਤਿ ਪੂਰਨ ਕਥਾ ਜਿਉਂ ਮਛਲੀ ਅਰ ਨੀਰ ।
ਪ੍ਰਥਮ ਗੁਰੂ ਨਾਨਕ ਲਖੇ ਇਸ ਪੂਰਨ ਨਿਰੰਕਾਰ ।
ਪ੍ਰਥਮ ਸਿੱਖ ਸ੍ਰੀ ਨਾਨਕੀ ਦੇਵੀ ਦੇਵ ਅਪਾਰ ।
ਮਾਤਾ ਤ੍ਰਿਪਤਾ ਪੁਤ੍ਰ ਲਖ ਪਿਤ ਕਾਲੂ ਸੁਤ ਮਾਨ ।
ਨਾਨਕੀ ਸ੍ਰੀ ਸਤਿਗੁਰੂ ਲਖੇ ਪੂਰਨ ਪੁਰਖ ਸੁਜਾਨ ।
ਨਿਰੰਕਾਰੀ ਨਾਨਕ ਗੁਰੂ ਭਏ ਭੈਣ ਵਸੀਕਾਰ ।
ਜਦ ਜਦ ਚਿਤਵੇ ਦਰਸ ਨੂੰ ਤਬ ਤਬ ਦੇਹ ਦੀਦਾਰ ।
ਤਾਂ ਨਾਨਕੀ ਜੀਵਨ ਕਥਾ ਸੁਣੋ ਸੰਤ ਚਿੱਤ ਲਾਇ ।
ਜਾਹਿ ਪੜੇ ਸਿੱਖੀ ਮਿਲੈ ਗੁਰੂ ਚਰਨਨ ਚਿੱਤ ਚਾਇ ।

ਨਿਰੰਕਾਰ ਦੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਜਲੰਦੇ ਨੂੰ ਅੰਮ੍ਰਿਤ ਬਾਣੀ ਦੀ ਵਰਸ਼ਾ ਕਰ ਕੇ ਠਾਰਨ ਲਈ ਪ੍ਰਗਟ ਹੋਇ। ਮੋਹ ਮਾਇਆ ਦੇ ਅਧੀਨ ਹੋਏ ਪਿਤਾ ਕਾਲੂ ਤੇ ਮਾਤਾ ਤ੍ਰਿਪਤਾ ਨੇ ਉਨ੍ਹਾਂ ਨੂੰ ਆਪਣਾ ਪੁਤ੍ਰ ਸਮਝ ਕੇ ਉਨ੍ਹਾਂ ਵਿਚ ਰੱਬੀ ਜੋਤ ਦਾ ਝਲਕਾਰਾ ਨਾ ਵੇਖਿਆ। ਸ੍ਰਿਸ਼ਟੀ ਦੇ ਹੋਰ ਮਨੁਖ ਭੀ ਤੇ ਰਾਇ ਬੁਲਾਰ ਜੈਸੇ ਸ਼ਰਧਾਲੂ ਭੀ ਭਾਂਵੇ ਗੁਰੂ ਜੀ ਦੇ ਅਸਚਰਜ ਕੌਤਕ ਵੇਖ ਕੇ ਵਿਸਮਾਦ ਹੁੰਦੇ ਤੇ ਗੁਰੂ ਜੀ ਵਿੱਚ ਕਿਸੇ ਅਦਭੁਤ ਸ਼ਕਤੀ ਦਾ ਰੂਪ ਵੇਖਦੇ ਪ੍ਰੰਤੂ ਸਭ ਤੋਂ ਪਹਿਲਾਂ ਇਹ ਦਿਬ ਦ੍ਰਿਸ਼ਟੀ ਬੇਬੇ ਨਾਨਕੀ ਨੂੰ ਹੋਈ ਜਿਨ੍ਹਾਂ ਨੇ ਐਲਾਨ ਕੀਤਾ ਕਿ ਪਿਤਾ ਜੀ ਤੁਸੀਂ ਨਾਨਕ ਨੂੰ ਆਪਣਾ ਪੁਤਰ ਸਮਝ ਕੇ ਚਪੇੜਾਂ ਮਾਰਦੇ ਹੋ ਇਹ ਤੁਹਾਡੀ ਗਲ਼ਤੀ ਹੈ। ਮੇਰਾ ਵੀਰ ਤਾਂ ਕਰਤਾਰ ਦਾ ਭੇਜਿਆ ਹੋਇਆ ਇਸ ਦੁਨੀਆਂ ਵਿਚ ਆਇਆ ਹੈ। ਇਹ ਸਾਧਾਰਨ ਮਨੁਖ ਨਹੀਂ ਇਹ ਤਾਂ ਰੱਬ ਦਾ ਰੂਪ ਹੈ। ਮਾਤਾ ਪਿਤਾ ਨੇ ਫਿਰ ਭੀ ਖਿਆਲ ਨਾ ਕੀਤਾ ਉਹ ਸਮਝਦੇ ਸਨ ਭੈਣ ਦੀ ਭਰਾ ਨਾਲ ਹਮਦਰਦੀ ਹੋਣ ਕਰ ਕੇ ਉਹ ਇਹੋ ਜਿਹੀਆ ਗਲਾਂ ਕਰਕੇ ਉਸਨੂੰ ਕੁਟ ਤੋਂ ਬਚਾਉਣਾ ਭੀ ਚਾਹੁੰਦੀ ਹੈ।

ਬੇਬੇ ਨਾਨਕੀ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਨਿਰੰਕਾਰੀ ਜੋਤ ਦਾ ਪ੍ਰਕਾਸ਼ ਸਾਫ ਦਿਖਾਈ ਦਿੰਦਾ ਸੀ। ਇਸ ਕਰਕੇ ਜਦੋਂ ਸਤਿਗੁਰੂ ਸਚੇ ਪਾਤਸ਼ਾਹ ਵੇਂਈ ਵਿਚ ਚੁਭੀ ਮਾਰ ਕੇ ਸਚ ਖੰਡ ਗਏ ਤਾਂ ਭਾਈਆ ਜੈ ਰਾਮ ਤੇ ਹੋਰ ਸਬੰਧੀਆਂ ਨੇ ਗੁਰੂ ਜੀ ਨੂੰ ਡੁਬ ਗਏ ਸਮਝ ਕੇ ਬਹੁਤ ਅਫਸੋਸ ਕੀਤਾ! ਘਰ ਵਿਚ ਸਭ ਪਾਸੇ ਮਾਤਮ ਛਾ ਗਿਆ ਪ੍ਰੰਤੂ ਜਦ ਬੇਬੇ ਨਾਨਕੀ ਜੀ ਨੂੰ ਪਤਾ ਲਗਿਆ ਤਾਂ ਉਨ੍ਹਾਂ ਮੁਸਕਰਾ ਕੇ ਇਉਂ ਉਤ੍ਰ ਦਿਤਾ ਮੇਰਾ ਵੀਰ ਕਰਤਾਰ ਪਾਸੋਂ ਖਾਸ ਸੰਦੇਸ਼ ਲੈ ਕੇ ਦੁਨੀਆਂ ਵਿਚ ਆਇਆ ਹੈ।

Digitized by Panjab Digital Library | www.panjabdigilib.org

ਉਸ ਨੇ ਅਜੇ ਸਭ ਸ੍ਰਿਸ਼ਟੀ ਵਿਚ ਚਕਰ ਲਗਾ ਕੇ ਪਾਪੀ ਜੀਵਾਂ ਦਾ ਉਧਾਰ ਕਰਨਾ ਹੈ। ਪੌਣ ਪਾਣੀ ਸਭ ਉਸ ਦੇ ਹੁਕਮ ਵਿਚ ਚਲਦੇ ਹਨ ਇਸ ਕਰ ਕੇ ਉਹ ਵੇਂਈ ਵਿਚ ਡੁਬੇ ਨਹੀਂ ਆਪੇ ਆ ਜਾਣ ਗੇ। ਤੁਸੀਂ ਕੋਈ ਫਿਕਰ ਨਾ ਕਰੋ ਸਭ ਆਪਣੇ ਆਪਣੇ ਘਰਾਂ ਨੂੰ ਜਾ ਕੇ ਕੱਮ ਕਰੋ। ਬੀਬੀ ਜੀ ਦੀਆਂ ਇਹ ਗਲਾਂ ਸੁਣ ਕੇ ਦੁਨਿਆਵੀ ਲੋਕ ਬੜੇ ਹੈਰਾਨ ਹੋਇ। ਕਈ ਤਾਂ ਉਸ ਨੂੰ ਝਲੀ ਸਮਝਣ ਲਗ ਪਏ ਪ੍ਰੰਤੂ ਉਨ੍ਹਾਂ ਨੂੰ ਕੀ ਪਤਾ ਸੀ ਕਿ ਬੇਬੇ ਨਾਨਕੀ ਕਿਤਨੇ ਉਚੇ ਆਤਮਕ ਮੰਡਲਾਂ ਵਿਚ ਉਡਾਰੀਆਂ ਲਾਂਉਂਦੀ ਹੈ ?

ਅਖਾਰ ਤੀਜੇ ਦਿਨ ਸਤਿਗੁਰੂ ਜੀ ਨੇ ਵੇਈ ਵਿਚੋਂ ਨਿਕਲਕੇ ਸਤਕਾਰਆ ਕਿਹਾ ਤੇ ਸਭ ਨੂੰ ਨਿਸਚਾ ਹੋ ਗਿਆ ਕਿ ਬੇਬੇ ਨਾਨਕੀ ਸਚ ਕਹਿੰਦੀ ਸੀ। ਇਸ ਪ੍ਰਕਾਰ ਨਾਨਕ ਨਿਰੰਕਾਰੀ ਨੂੰ ਸਭ ਤੋਂ ਪਹਿਲਾ ਪਹਿਚਾਨਣ ਤੇ ਪ੍ਰਗਟ ਕਰਨ ਦਾ ਮਾਣ ਬੇਬੇ ਨਾਨਕੀ ਨੂੰ ਹੀ ਪ੍ਰਾਪਤ ਹੋਇਆ ਤੇ ਦੂਜੇ ਦਰਜੇ ਪਰ ਗੁਰੂ ਜੀ ਨੂੰ ਰਾਇ ਦੁਲਾਰ ਨੇ ਨਿਰੰਕਾਰ ਦਾ ਰੂਪ ਮੰਨਕੇ ਆਪ ਪਰ ਸ਼ਰਧਾ ਲਿਆਂਦੀ। ਹੌਲੀ ਹੌਲੀ ਸ਼ਰਧਾਲੂਆਂ ਦਾ ਘੇਰਾ ਚੌੜਾ ਹੁੰਦਾ ਗਿਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਡੰਕਾ ਸਾਰੀ ਸ੍ਰਿਸਟੀ ਵਿਚ ਵੱਜਣ ਲੱਗ ਪਿਆ।

## ਬੀਬੀ ਅਮਰੋ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁਤ੍ਰੀ ਬੀਬੀ ਅਮਰੋ ਜੀ ਦਾ ਭੀ ਸਿੱਖ ਇਤਹਾਸ ਵਿਚ ਵਸ਼ੇਸ਼ ਅਸਥਾਨ ਹੈ। ਆਪਣੇ ਗੁਰਦੇਵ ਪਿਤਾ ਪਾਸੋਂ ਆਪਨੂੰ ਗੁਰਬਾਣੀ ਪੜ੍ਹਨ ਦੀ ਲਗਨ ਲਗੀ। ਬਾਣੀ ਦੇ ਪਾਠ ਦਾ ਆਪਨੂੰ ਐਸਾ ਰਸ ਆਇਆ ਕਿ ਗੁਰਬਾਣੀ ਦੇ ਰਸ ਅੱਗੇ ਸਾਰੇ ਦੁਨਿਆਵੀ ਰਸ ਫਿਕੇ ਪ੍ਰਤੀਤ ਹੋਣ ਲਗ ਪਏ। "ਇਹ ਰਸ ਚਖਿਆ ਉਹ ਰਸ ਨਹੀਂ ਭਾਵਾਂ" ਦੇ ਮਹਾਵਾਕ ਅਨੁਸਾਰ ਆਪ ਹਰ ਸਮੇਂ ਬਾਣੀ ਦੇ ਰਸ ਵਿਚ ਮਗਨ ਰਹਿਣ ਲਗ ਪਏ। ਬੀਬੀ ਜੀ ਦਾ ਵਿਵਾਹ ਸ੍ਰੀ ਗੁਰੂ ਅਮਰ ਦਾਸ ਜੀ ਦੇ ਭਤੀਜੇ ਨਾਲ ਹੋਇਆ ਸੀ। ਅਮਰਦਾਸ ਦਾਸ ਜੀ ੬੦ ਸਾਲ ਦੀ ਅਵਸਥਾ ਤੱਕ ਤੀਰਥਾਂ ਪਰ ਜਾਂਦੇ ਰਹੇ। ਸਭ ਤੀਰਥ ਗਾਹ ਛਡੇ। ਬੇਅੰਤ ਸੰਤਾ ਮਹੰਤਾਂ ਨੂੰ ਮਿਲੇ ਪਰ ਪੂਰਾ ਗੁਰੂ ਪ੍ਰਾਪਤ ਨ ਹੋਇਆ ਗੁਰੂ ਧਾਰਨ ਕਰਨ ਤੋਂ ਆਪ ਇਸ ਕਰਕੇ ਭੀ ਡਰਦੇ ਸਨ ਕਿ "ਕਾਚੇ ਗੁਰਤੇ ਮੁਕਤ ਨ ਹੋਈ' ਦੇ ਕਥਨ ਅਨੁਸਾਰ ਜੇ ਕੋਈ ਪਖੰਡੀ ਗੁਰੂ ਮਿਲ ਗਿਆ ਤਾਂ ਜਨਮ ਹੀ ਵਿਅਰਥ ਚਲਾ ਜਾਵੇਗਾ।

ਦੇਵ ਨੇਤ ਨਾਲ ਇਕ ਦਿਨ ਬੀਬੀ ਅਮਰੋ ਜੀ ਅੰਮ੍ਰਿਤ ਵੇਲੇ ਉਠਕੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਬਾਣੀ ਦਾ ਪਾਠ ਕਰ ਰਹੇ ਸਨ। "ਅੰਮ੍ਰਿਤ ਵੇਲਾ ਸੱਚ ਨਾਉ ਵਡਿਆਈ ਵੀਚਾਰ" ਦੇ ਕਥਨ ਅਨੁਸਾਰ ਇਕ ਅੰਮ੍ਰਿਤ ਵੇਲਾ ਦੂਜਾ ਸਚੇ ਦਾ ਨਾਉ ਤੇ ਵਡਿਆਈਆਂ ਦਾ ਵੀਚਾਰ ਤੀਜੇ ਬੀਬੀ ਅਮਰੋ ਦੀ ਸੁਰੀਲੀ ਮਧੁਰ ਆਵਾਜ਼ ਇਨ੍ਹਾਂ ਸਾਰੀਆਂ ਗਲਾਂ ਨੇ ਮਿਲਕੇ ਇਕ ਅਨੋਖਾ ਰਸ ਬੰਨ ਦਿਤਾ ਸ੍ਰੀ ਗੁਰੂ ਅਮਰਦਾਸ ਜੀ ਇਉਂ ਖਿਚੇ ਗਏ ਜਿਵੇ ਘੰਡੇ ਰੇੜੇ ਦੇ ਸ਼ਬਦ ਨੂੰ ਸੁਣ ਕੇ ਹਿਰਨ ਖਿਚਿਆ ਜਾਂਦਾ ਹੈ ਅਤੇ ਸਿਰ ਸੁਟਕੇ ਸ਼ਿਕਾਰੀ ਅਗੇ ਆ ਖਲੋਂਦਾ ਹੈ। ਆਪ ਨੂੰ ਲੋਕ ਲਾਜ ਭੁਲ ਗਈ ਉਥੇ ਆਏ ਜਿਥੇ ਬੀਬੀ ਅਮਰੋ ਦੁਧ ਰਿੜਕਦੀ ਹੋਈ ਬਾਣੀ ਦਾ ਪਾਠ ਕਰਨ ਵਿਚ ਮਗਨ ਸੀ। ਪੁਛਿਆ ਬੀਬੀ ਤੂੰ ਇਹ ਕਿਸ ਦੀ ਬਾਣੀ ਗਾ ਰਹੀ ਹੈਂ ?

Digitized by Panjab Digital Library | www.panjabdigilib.org

ਬੀਬੀ ਜੀ—ਬਾਬਾ ਜੀ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ।

ਬਾਬਾ ਜੀ—ਅਜ ਕਲ ਗੁਰੂ ਨਾਨਕ ਦੇਵ ਜੀ ਕਿਥੇ ਰਹਿੰਦੇ ਹਨ ?

ਬੀਬੀ ਜੀ—ਬਾਬਾ ਜੀ ਉਹ ਤਾਂ ਸਚ ਖੰਡ ਪਧਾਰ ਗਏ ਉਨ੍ਹਾਂ ਦੀ ਗਦੀ ਪਰ ਮੇਰੇ ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ ਬਿਰਾਜਦੇ ਹਨ।

ਬਾਬਾ ਜੀ—ਬੀਬੀ ਜੀ ਮੈਂ ਅਨੇਕਾਂ ਤੀਰਥਾਂ ਪਰ ਭਰਮਿਆ, ਬੇਅੰਤ ਸਾਧੂਆਂ ਸੰਤਾਂ ਦੇ ਦਰਸ਼ਨ ਕੀਤੇ ਉਹਨਾਂ ਦੀਆਂ ਰਚਨਾਵਾਂ ਸੁਣੀਆਂ ਪ੍ਰੰਤੂ ਜੋ ਅਜਿਹਾ ਅਨੰਦ ਮੈਨੂੰ ਅਜ ਇਹ ਬਾਣੀ ਸੁਣ ਕੇ ਆਇਆ ਹੈ ਉਹ ਅਗੇ ਕਦੇ ਨਹੀਂ ਆਇਆ।

ਬੀਬੀ ਜੀ—ਬਾਬਾ ਜੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਬਾਣੀ ਸੁਣ ਕੇ ਤਾਂ ਸੱਪਾਂ ਨੇ ਜ਼ਹਿਰ ਤਿਆਗ ਦਿਤੀ, ਕੌੜੇ ਰੀਠੇ ਮਿਠੇ ਹੋ ਗਏ ਅਤੇ ਬਾਣੀ ਦੀਆਂ ਮਧੁਰ ਧੁਨਾਂ ਸੁਣ ਕੇ ਜੰਗਲਾਂ ਦੇ ਦਰਿੰਦੇ ਭੀ ਆਪਣਾ ਸੁਭਾਵ ਬਦਲਣ ਲਈ ਮਜਬੂਰ ਹੋ ਗਏ। ਜੇ ਆਪ ਗੁਰੂ ਘਰ ਦੇ ਰਾਗੀਆਂ ਪਾਸੋਂ ਗੁਰਬਾਣੀ ਦਾ ਕੀਰਤਨ ਸਰਵਣ ਕਰ ਲਵੋ ਤਾਂ ਆਪ ਨੂੰ ਹੋਰ ਭੀ ਅਨੰਦ ਆਵੇ।

ਬਾਬਾ ਜੀ—ਬੀਬੀ ਮੈਨੂੰ ਛੇਤੀ ਗੁਰੂ ਦੇਵ ਦੇ ਚਰਨਾਂ ਵਿਚ ਲੈ ਚਲ, ਮਨ ਬਹੁਤ ਉਤਾਵਲਾ ਹਾਂ, ਇਉਂ ਪਰਤੀਤ ਹੁੰਦਾ ਹੈ ਜਿਵੇਂ ਪਿਛਲਾ ਜਨਮ ਅਕਾਰਥ ਹੀ ਬੀਤ ਗਿਆ।

ਬੀਬੀ ਜੀ—ਬਾਬਾ ਜੀ ਉਹ ਤਾਂ ਆਪਦਾ ਘਰ ਹੈ ਜਦ ਆਪ ਕਹੋਗੇ ਚਲੇ ਚਲਾਂ ਗੇ ਪਰ ਕੁੜਮਾਂ ਚਾਰੀ ਦੇ ਖਿਆਲ ਭਾਵੇਂ ਕੁਝ ਰੁਕਾਵਟ ਪੈਦਾ ਕਰ ਦੇਣ।

ਬਾਬਾ ਜੀ—ਬੀਬੀ ਜੀ ਲੋਕ ਲਾਜ ਬਹੁਤ ਨਗੁਣੀ ਚੀਜ਼ ਹੈ ਜੇ ਮੈਨੂੰ ਸਚਾ ਸਤਿਗੁਰੂ ਮਿਲ ਜਾਵੇ ਤਾਂ ਮੈਂ ਇਸਦੀ ਕੋਈ ਪਰਵਾਹ ਨਹੀਂ ਕਰਾਂਗਾ।

ਇਸ ਤੋਂ ਉਪ੍ਰੰਤ ਆਪ ਬੀਬੀ ਅਮਰੋ ਨੂੰ ਨਾਲ ਲੈ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਨੂੰ ਗਏ। ਦਰਸ਼ਨ ਕਰ ਕੇ ਨਦਰ ਨਿਹਾਲ ਹੋ ਗਏ ਅਤੇ ਗੁਰੂ ਘਰ ਵਿਚ ਸੇਵਾ ਦਾ ਉਹ ਮਹਾਨ ਆਦਰਸ਼ ਪੇਸ਼ ਕੀਤਾ ਜਿਸ ਦੀ ਮਿਸਾਲ ਨਹੀਂ ਮਿਲਦੀ।

ਜੇ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਬੀਬੀ ਅਮਰੋ ਪਾਸੋਂ ਗੁਰੂ ਘਰ ਦੀ ਸੋਝੀ ਨਾ ਹੁੰਦੀ ਤਾਂ ਸਿੱਖ ਇਤਹਾਸ ਦਾ ਰੂਪ ਕੀ ਹੁੰਦਾ ? ਇਸ ਸਬੰਧੀ ਕੁਝ ਨਹੀਂ ਕਿਹਾ ਜਾ ਸਕਦਾ। ਬੀਬੀ ਅਮਰੋ ਨੇ ਸ੍ਰੀ ਗੁਰੂ ਅਮਰ ਦਾਸ ਜੀ ਦੇ ਜੀਵਨ ਵਿਚ ਇਕ ਮਹਾਨ ਪਲਟਾ ਲਿਆਂਦਾ ਅਤੇ ਜੋ ਚੀਜ਼ ਆਪ ਨੂੰ ੬੦ ਸਾਲ ਭਾਰਤ ਦੇ ਸਾਰੇ ਤੀਰਥਾਂ ਪੁਰ ਜਾਣ ਤੇ ਭੀ ਪਰਾਪਤ ਨਾ ਹੋਈ ਉਹ ਗਿਆਨ ਅੰਜਨ ਨੇਤਰਾਂ ਵਿਚ ਪਾਉਣ ਕਰਕੇ ਘਰ ਵਿਚੋਂ ਹੀ ਮਿਲ ਗਈ। ਸ੍ਰੀ ਗੁਰੂ ਅਮਰ ਦਾਸ ਜੀ ਨੇ ਸਿੱਖ ਧਰਮ ਦੀ ਉਨਤੀ ਵਿਚ ਮਹਾਨ ਹਿਸਾ ਪਾਇਆ, ਗੁਰਮਤਿ ਦਾ ਪਰਚਾਰ ਤੇ ਸੰਗਤ ਪੰਗਤ ਵਿਚ ਅਭੇਦ ਵਰਤਾਉਣ ਦੇ ਅਸੂਲ ਪਰਚਤ ਕਰਕੇ ਆਪ ਨੇ ਸਿੱਖ ਧਰਮ ਨੂੰ ਬਹੁਤ ਜ਼ਿਆਦਾ ਉਨਤੀ ਦਿਤੀ। ਆਪ ਨੇ ਜੋ ਕੁਝ ਭੀ ਕੀਤਾ ਉਸ ਦਾ ਸਿਹਰਾ ਬੀਬੀ ਅਮਰੋ ਦੇ ਸਿਰ ਹੈ ਜਿਸ ਨੇ ਆਪ ਨੂੰ ਗੁਰਮਤਿ ਦੇ ਰਾਹ ਪਾਇਆ।

Digitized by Panjab Digital Library | www.panjabdigilib.org

ਬੀਬੀ ਅਮਰੋ ਦਾ ਜੀਵਨ ਇਕ ਆਦਰਸ਼ ਜੀਵਨ ਹੈ। ਜੇ ਅਜ ਭੀ ਗੁਰਸਿੱਖਾਂ ਦੀਆਂ ਬੀਬੀਆਂ ਅੰਮ੍ਰਿਤ ਵੇਲੇ ਉਠ ਕੇ ਮਿਠੀ ਸੁਰ ਵਿਚ ਗੁਰਬਾਣੀ ਦਾ ਪਾਠ ਕਰਨ ਤਾਂ ਉਹ ਸਾਡੇ ਘਰਾਂ ਨੂੰ ਸਵਰਗ ਦਾ ਰੂਪ ਬਣਾ ਸਕਦੀਆਂ ਹਨ ਅਤੇ "ਆਪ ਜਪਹਿ ਅਵਰਹਿ ਨਾਮ ਜਪਾਵਹਿ" ਦੇ ਮਹਾਂ ਵਾਕ ਅਨੁਸਾਰ ਆਪਣੀ ਸੰਤਾਨ ਨੂੰ ਐਸੇ ਰਾਹ ਪਰ ਤੋਰ ਸਕਦੀਆਂ ਹਨ ਜਿਸ ਪਰ ਚਲ ਕੇ ਉਹ ਕਈ ਕੁਲਾਂ ਦਾ ਉਧਾਰ ਕਰ ਸਕਦੇ ਹਨ। ਮਾਤਾ ਪਿਤਾ ਦੇ ਨਿੱਤ ਕਰਮ ਬਚਿਆਂ ਦੇ ਜੀਵਨ ਪਰ ਬਹੁਤ ਜ਼ਿਆਦਾ ਅਸਰ ਪਾਂਦੇ ਹਨ। ਜਿਹੜੇ ਆਪ ਗੁਰਮਤਿ ਦੇ ਧਾਰਨੀ ਤੇ ਗੁਰਬਾਣੀ ਦੇ ਰਸੀਏ ਹਨ ਉਨਾਂ ਦੀ ਸੰਤਾਨ ਕਦੇ ਭੀ ਕੁਮਾਰਗ ਨਹੀਂ ਪੈ ਸਕਦੀ।

## ਬੀਬੀ ਭਾਨੀ ਜੀ

ਬੀਬੀ ਭਾਨੀ ਜੀ ਦਾ ਜਨਮ ੨੧ ਮਾਘ ਸੰਮਤ ੧੫੯੧ ਨੂੰ ਸ੍ਰੀ ਗੁਰੂ ਅਮਰ ਦਾਸ ਜੀ ਦੇ ਘਰ ਪਿੰਡ ਬਾਸਰਕੇ ਵਿਚ ਹੋਇਆ। ਬੀਬੀ ਜੀ ਨੂੰ ਗੁਰੂ ਘਰ ਦੀ ਸੇਵਾ ਕਰਨ ਦਾ ਬੜਾ ਚਾਉ ਸੀ। ਇਸਦਾ ਕਾਰਨ ਇਹ ਸੀ ਕਿ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਗੁਰੂ ਘਰ ਦੀ ਸੇਵਾ ਕਰਦਿਆ ਵੇਖ ਕੇ ਆਪ ਨੂੰ ਭੀ ਸੇਵਾ ਦੀ ਲਗਨ ਲਗ ਗਈ। ਬੀਬੀ ਭਾਨੀ ਜੀ ਦਾ ਅਨੰਦ ਕਾਰਜ ਸ੍ਰੀ ਗੁਰੂ ਰਾਮ ਦਾਸ ਜੀ ਨਾਲ ਹੋਇਆ। ਗੁਰੂ ਰਾਮ ਦਾਸ ਜੀ ਦਾ ਪਹਿਲਾ ਨਾਉ ਜੇਠਾ ਸੀ।

ਪ੍ਰਸਿੱਧ ਇਤਹਾਸਕ ਰਵਾਇਤ ਹੈ ਕਿ ਗੁਰੂ ਅਮਰ ਦਾਸ ਜੀ ਬੀਬੀ ਭਾਨੀ ਦਾ ਰਿਸ਼ਤਾ ਕਰਨ ਬਾਰੇ ਵਿਚਾਰ ਕਰ ਰਹੇ ਸਨ। ਐਨ ਉਸੇ ਸਮੇਂ ਜੇਠਾ ਜੀ ਘੁੰਗਣੀਆਂ ਵੇਚਦੇ ਹੋਇਆਂ ਘਰ ਦੇ ਬੂਹੇ ਅਗੇ ਆ ਗਏ। ਬੀਬੀ ਭਾਨੀ ਜੀ ਦੀ ਮਾਤਾ ਜੀ ਨੇ ਵੇਖ ਕੇ ਕਿਹਾ ਵਰ ਇਸ ਲੜਕੇ ਵਰਗਾ ਹੋਣਾ ਚਾਹੀਦਾ ਹੈ। ਇਸ ਪਰ ਗੁਰੂ ਅਮਰ ਦਾਸ ਜੀ ਨੇ ਫੁਰਮਾਇਆ ਇਸ ਜਿਹਾ ਤਾਂ ਇਹੋ ਹੀ ਹੈ ਚੰਗਾ ਇਹੋ ਬੀਬੀ ਭਾਨੀ ਦਾ ਵਰ ਹੋਇਆ। ਲੜਕੇ ਦੀ ਗਰੀਬੀ ਅਤੇ ਘਰ ਬਾਰ ਰਹਿਤ ਹੋਣ ਦਾ ਕੋਈ ਖਿਆਲ ਨਾ ਕੀਤਾ ਗਿਆ। ਜੇਠਾ ਜੀ ਨੂੰ ਅੰਦਰ ਸਦ ਕੇ ਗੁਰੂ ਜੀ ਨੇ ਕਿਹਾ ਬੇਟਾ ਅਸੀਂ ਤੈਨੂੰ ਆਪਣੀ ਲੜਕੀ ਦਾ ਵਰ ਚੁਣਿਆ ਹੈ। ਜੇਠਾ ਜੀ ਸੁਣ ਕੇ ਬਹੁਤ ਹੈਰਾਨ ਹੋਇ। ਕਿਉਂਕਿ ਗੁਰੂ ਘਰ ਦਾ ਉਸ ਸਮੇਂ ਬੜਾ ਸਤਿਕਾਰ ਸੀ ਤੇ ਆਪ ਸੰਗਤਾਂ ਵਿਚ ਘੁੰਗਣੀਆ ਵੇਚ ਕੇ ਗੁਜ਼ਾਰਾ ਕਰਿਆ ਕਰਦੇ ਸਨ।

ਬੀਬੀ ਭਾਨੀ ਜੀ ਨੂੰ ਸਦ ਕੇ ਪੁਛਿਆ ਤਾਂ ਉਨ੍ਹਾਂ ਨੇ ਪਿਤਾ ਜੀ ਦੀ ਮਰਜ਼ੀ ਵਿਚ ਰਾਜ਼ੀ ਰਹਿਣ ਦਾ ਖਿਆਲ ਰਖਦੇ ਹੋਏ ਪ੍ਰਵਾਨਗੀ ਦੇ ਦਿਤੀ। ਇਸ ਪ੍ਰਕਾਰ ਗੁਰੂ ਅਮਰ ਦਾਸ ਜੀ ਨੇ ਵਰ ਤਲਾਸ਼ ਕਰਨ ਦਾ ਇਕ ਅਨੋਖਾ ਢੰਗ ਦਸਿਆ ਅਤੇ ਜਿਹੜੇ ਲੋਕ ਲੜਕੇ ਦੀ ਯੋਗਤਾ ਅਯੋਗਤਾ ਨਾ ਵੇਖ ਕੇ ਉਸ ਦਾ ਧਨ ਦੋਲਤ , ਜ਼ਮੀਨ ਆਦਿ ਵੇਖ ਕੇ ਵਰ ਚੁਣਦੇ ਹਨ ਉਨਾਂ ਨੂੰ ਇਸ ਚੋਣ ਤੋਂ ਬੜਾ ਸਬਕ ਮਿਲਦਾ ਹੈ। ਬੀਬੀ ਭਾਨੀ ਵਲੋਂ ਪਿਤਾ ਦਾ ਚੁਣਿਆ ਵਰ ਪ੍ਰਵਾਨ ਕਰਨ ਤੋਂ ਲੜਕੀਆਂ ਨੂੰ ਸਬਕ ਮਿਲਦਾ ਹੈ ਕਿ ਉਹ ਮਾਤਾ ਪਿਤਾ ਦੀ ਮਰਜ਼ੀ ਨੂੰ ਐਂਵੇ ਨਜ਼ਰ ਅੰਦਾਜ਼ ਨਾ ਕਰਿਆ ਕਰਨ। ਬੀਬੀ ਭਾਂਨੀ ਜੀ ਦਾ ਜੇਠਾ ਜੀ ਨਾਲ ਗੁਰ ਰੀਤੀ ਅਨੁਸਾਰ ਅਨੰਦ ਕਾਰਜ ਹੋ ਗਿਆ।

ਬੀਬੀ ਜੀ ਦੀ ਸੰਗਤ ਤੋਂ ਜੇਠਾ ਜੀ ਨੂੰ ਭੀ ਗੁਰੂ ਘਰ ਦੀ ਸੇਵਾ ਕਰਨ ਦੀ ਐਸੀ ਲਗਣ ਲਗੀ ਕਿ ਆਪ ਲੋਕ ਲਾਜ ਛਡ ਕੇ ਹਰ ਸਮੇਂ ਸੇਵਾ ਕਰਨ ਵਿਚ ਹੀ ਜੁਟੇ ਰਹਿੰਦੇ। ਲਾਹੌਰ ਤੋਂ ਆਪ ਦੀ

Digitized by Panjab Digital Library | www.panjabdigilib.org

ਕੁਲ ਦੇ ਸਜਨ ਆਏ ਉਹਨਾਂ ਨੇ ਜੇਠਾ ਜੀ ਨੂੰ ਆਪਾ ਭੁਲ ਕੇ ਸੇਵਾ ਕਰਦਿਆਂ ਵੇਖ ਕੇ ਕਈ ਪਰਕਾਰ ਦੀਆਂ ਬੋਲੀਆਂ ਮਾਰੀਆਂ। ਆਪ ਦਾ ਅਡੋਲ ਹਿਰਦਾ ਵਿਚਲਤ ਨਾ ਹੋਇਆ। ਬੀਬੀ ਭਾਨੀ ਜੀ ਭੀ ਅਪਣੇ ਪਿਤਾ ਗੁਰਦੇਵ ਦੀ ਦਿਨ ਰਾਤ ਸੇਵਾ ਕਰਦੇ ਰਹਿੰਦੇ। ਇਕ ਦਿਨ ਇਸ਼ਨਾਨ ਕਰਾਉਣ ਸਮੇਂ ਚੌਂਕੀ ਦਾ ਪਾਵਾ ਟੁਟ ਗਿਆ। ਬਿਰਧ ਪਿਤਾ ਜੀ ਨੂੰ ਤਕਲੀਫ ਨਾ ਹੋਵੇ ਇਸ ਖਿਆਲ ਨਾਲ ਬੀਬੀ ਭਾਨੀ ਜੀ ਨੇ ਪਾਵੇ ਹੇਠ ਪੇਰ ਦੇ ਦਿਤਾ। ਪਾਵੇ ਦਾ ਕਿੱਲ ਆਪ ਦੇ ਪੈਰ ਵਿਚ ਖੁਭ ਗਿਆ। ਲਹੂ ਦੀ ਧਾਰ ਵਹਿ ਨਿਕਲੀ। ਜਿਸ ਵੇਲੇ ਲਹੂ ਨਾਲ ਮਿਲ ਕੇ ਪਾਣੀ ਦਾ ਰੰਗ ਭੀ ਲਾਲ ਹੋ ਗਿਆ ਤਾਂ ਪਿਤਾ ਜੀ ਨੇ ਪੁਛਿਆ ਪੁਤ੍ਰੀ ਇਹ ਪਾਣੀ ਲਾਲ ਕਿਉਂ ਹੈ ਬੀਬੀ ਜੀ ਨੇ ਕਿਹਾ ਪਿਤਾ ਜੀ ਚੌਂਕੀ ਦਾ ਪਾਵਾ ਟੁਟ ਗਿਆ ਸੀ ਇਸ ਕਰ ਕੇ ਮੈਂ ਪੈਰ ਹੇਠ ਦੇ ਦਿੱਤਾ ਜਿਸ ਵਿਚੋਂ ਕਿੱਲ ਪੇਰ ਵਿਚ ਚੁਭ ਗਿਆ। ਗੁਰੂ ਜੀ ਬੀਬੀ ਜੀ ਦੀ ਇਸ ਸੇਵਾ ਪਰ ਬਹੁਤ ਪ੍ਰਸੰਨ ਹੋਇ। ਖ਼ੁਸ਼ ਹੋ ਕੇ ਕਿਹਾ ਪੁਤਰੀ ਵਰ ਮੰਗ। ਬੀਬੀ ਜੀ ਨੇ ਮੁਨਾਸਬ ਸਮਾਂ ਵੇਖ ਕੇ ਬੇਨਤੀ ਕੀਤੀ ਪਿਤਾ ਜੀ ਗੁਰੂ ਘਰ ਦੀ ਸੇਵਾ ਕਰਨ ਲਗਿਆ ਚਿੱਤ ਵਿਚ ਬਹੁਤ ਖੁਸ਼ੀ ਹੁੰਦੀ ਹੈ ਕਿਰਪਾ ਕਰੋ ਕਿ ਅਸੀਂ ਹਰ ਸਮੇਂ ਸੰਗਤ ਦੀ ਸੇਵਾ ਹੀ ਕਰਦੇ ਰਹੀਏ। ਗੁਰ ਗੱਦੀ ਸੇਵਾ ਕਰਨ ਦਾ ਇਕ ਸਾਧਨ ਹੈ ਆਪ ਕ੍ਰਿਪਾ ਕਰਕੇ ਇਹ ਵਰਦਾਨ ਬਖਸ਼ੋ ਕਿ ਘਰ ਦੀ ਗੱਦੀ ਘਰ ਵਿਚ ਹੀ ਮੇਰੇ ਬੰਸ ਵਿਚ ਹੀ ਰਹੇ।

ਸਿਖਾਂ ਵਿਚ ਇਹ ਰਵਾਇਤ ਹੈ ਕਿ ਗੁਰੂ ਅਮਰ ਦਾਸ ਜੀ ਨੇ ਬੀਬੀ ਭਾਨੀ ਜੀ ਨੂੰ ਭਵਿੱਖਤ ਵਿਚ ਵਾਪਰਨ ਵਾਲੀਆਂ ਸਾਰੀਆਂ ਘਟਨਾਵਾਂ ਦਾ ਗਿਆਨ ਕਰਾ ਕੇ ਕਿਹਾ ਕਿ ਗੁਰੂ ਗਦੀ ਪਰ ਬੈਠਨਾ ਬਹੁਤ ਕਠਨ ਹੈ। ਇਸ ਪਰ ਬੈਠਣ ਵਾਲਿਆਂ ਨੂੰ ਤੱਤੀਆਂ ਲੋਹਾਂ ਪਰ ਬੈਠਨਾ ਪਵੇ ਗਾ। ਸਰਬੰਸ ਕੁਰਬਾਨ ਕਰਨਾ ਪਵੇ ਗਾ। ਦਿਲੀ ਦੇ ਚਾਂਦਨੀ ਚੌਂਕ ਵਿਚ ਸੀਸ ਕਟਾਉਣਾ ਪਵੇ ਗਾ। ਇਹ ਸਾਰੀਆਂ ਝਾਕੀਆਂ ਇਕ ਇਕ ਕਰ ਕੇ ਬੀਬੀ ਭਾਨੀ ਦੀਆਂ ਅਖਾਂ ਅਗੋਂ ਲੰਘੀਆਂ। ਉਨਾਂ ਵੇਖਿਆ ਕਿ ਮੇਰਾ ਪੁਤਰ ਗੁਰੂ ਅਰਜਨ ਤੱਤੀਆਂ ਤਵੀਆਂ ਪਰ ਬੈਠਾ ਹੈ ਸਿਰ ਤੇ ਤੱਤਾ ਰੇਤਾ ਪਾਇਆ ਜਾ ਰਿਹਾ ਹੈ।

ਗੁਰੂ ਤੇਗ਼ ਬਹਾਦਰ ਜੀ ਚਾਂਦਨੀ ਚੌਂਕ ਵਿਚ ਸਮਾਧੀ ਲਗਾਈ ਬੈਠੇ ਹਨ ਜਲਾਦ ਤਲਵਾਰ ਉਲਾਰੀ ਸਿਰ ਧੜ ਨਾਲੋਂ ਅੱਡ ਕਰਨ ਲਈ ਤਿਆਰ ਖੜਾ ਹੈ। ਸਾਹਿਬ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਨੀਂਹਾਂ ਵਿਚ ਚਿਣੇ ਜਾ ਰਹੇ ਹਨ। ਸਾਹਿਬ ਅਜੀਤ ਸਿੰਘ ਤੇ ਜੁਝਾਰ ਸਿੰਘ ਚਮਕੌਰ ਦੀ ਰਣਭੂਮੀ ਵਿਚ ਜ਼ਖਮਾਂ ਨਾਲ ਚੂਰ ਹਨ। ਇਹ ਸਾਰੇ ਦ੍ਰਿਸ਼ਯ ਵੇਖ ਕੇ ਬੀਬੀ ਭਾਨੀ ਜੀ ਡਰੇ ਨਹੀਂ ਉਨਾਂ ਨੇ ਕਿਹਾ ਗੁਰਗੱਦੀ ਅਜਰ ਵਸਤੂ ਹੈ ਇਹ ਹੋਰ ਕਿਸੇ ਪਾਸੋਂ ਜਰੀ ਨਹੀਂ ਜਾਣੀ। ਬੀਬੀ ਭਾਨੀ ਜੀ ਦੇ ਚਾਚੇਰੇ ਵੀਰ ਭਾਈ ਗੁਰਦਾਸ ਨੇ ਕਿਹਾ ਕਿ ਬੀਬੀ ਜੀ ਨੇ ਆਖਿਆ "ਜਾਣ ਨ ਦੇਸਾ ਸੋਢੀਉ ਹੋਰਸ ਅਜਰ ਨ ਜਰਿਆ ਜਾਈ" ਗੁਰੂ ਅਮਰ ਦਾਸ ਜੀ ਨੇ ਬੀਬੀ ਭਾਨੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਇਹ ਅਮੋਲਕ ਦਾਤ ਬਖਸ਼ ਦਿੱਤੀ। ਬੀਬੀ ਜੀ ਦੇ ਪਤੀ ਜੇਠਾ ਜੀ ਗੁਰਗੱਦੀ ਪਰ ਬਿਰਾਜ ਕੇ ਗੁਰੂ ਰਾਮ ਦਾਸ ਬਣ ਗਏ ਅਤੇ ਆਪ ਨੇ ਸਿੱਖਾਂ ਦੇ ਕੇਂਦਰੀ ਧਰਮ ਮੰਦਰ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੇਵਾ ਕਰਾਈ। ਸ੍ਰੀ ਗੁਰੂ ਰਾਮ ਦਾਸ ਜੀ ਦੀ ਬਾਣੀ ਵਿਚੋਂ ਸੇਵਾ, ਸਿਮਰਨ, ਨਿੰਮਰਤਾ ਤੇ ਪ੍ਰੇਮਾ ਭਗਤੀ ਦਾ ਉਪਦੇਸ਼ ਮਿਲਦਾ ਹੈ। ਇਸ ਪ੍ਰਕਾਰ ਬੀਬੀ ਭਾਨੀ ਨੇ ਗੁਰੂ ਘਰ ਦੀ ਸੇਵਾ ਕਰ ਕੇ ਅਤੇ ਆਪਣੇ ਪਿਤਾ ਗੁਰਦੇਵ ਨੂੰ ਪ੍ਰਸੰਨ ਕਰ ਕੇ ਸਿੱਖ ਇਤਹਾਸ ਵਿਚ ਅਹਿਮ ਪਾਰਟ ਅਦਾ ਕੀਤਾ ਅਤੇ ਆਪਣੇ ਨਾਮ ਨੂੰ ਹਮੇਸ਼ਾਂ ਲਈ ਸਿੱਖ

Digitized by Panjab Digital Library | www.panjabdigilib.org

ਇਤਹਾਸ ਦਾ ਜ਼ਰੂਰੀ ਹਿਸਾ ਬਣਾ ਦਿਤਾ। ਬੀਬੀ ਭਾਨੀ ਜੀ ਦਾ ਜੀਵਨ ਭੀ ਇਸਤ੍ਰੀ ਜਾਤੀ ਲਈ ਇਕ ਚਾਨਣ ਮੁਨਾਰਾ ਹੈ ਜਿਸ ਤੋਂ ਰੌਸ਼ਨੀ ਪ੍ਰਾਪਤ ਕਰ ਕੇ ਸਿੱਖ ਬੀਬੀਆਂ ਆਪਣੇ ਜੀਵਨ ਨੂੰ ਠੀਕ ਮਾਰਗ ਪਰ ਚਲਾ ਸਕਦੀਆਂ ਹਨ।

## ਬੀਬੀ ਰਜਨੀ

ਸਿੱਖ ਇਤਹਾਸ ਵਿਚ ਸ੍ਰੀ ਅੰਮਿਰਤਸਰ ਜੀ ਦੀ ਬੜੀ ਮਹਾਨਤਾ ਹੈ। ਹਰ ਇਕ ਧਰਮ ਦਾ ਕੋਈ ਨਾ ਕੋਈ ਕੇਂਦਰੀ ਅਸਥਾਨ ਹੁੰਦਾ ਹੈ ਜਿਸ ਨੂੰ ਸੁਹਣਾ ਬਣਾ ਕੇ ਉਸ ਧਰਮ ਦੀਆਂ ਰਵਾਇਤਾਂ ਉਸਦੇ ਇਰਦ ਗਿਰਦ ਘੁੰਮਦੀਆਂ ਰਹਿੰਦੀਆਂ ਹਨ ਅਤੇ ਉਸ ਧਰਮ ਨੂੰ ਮੰਨਣ ਵਾਲੇ ਲੋਕਾਂ ਦੀਆਂ ਆਸ਼ਾਵਾਂ ਦਾ ਉਹ ਕੇਂਦਰ ਹੁੰਦਾ ਹੈ ਜਿਵੇਂ ਮੁਸਲਮਾਨਾਂ ਦਾ ਮੱਕਾ, ਹਿੰਦੂਆਂ ਦਾ ਬਨਾਰਸ ਅਤੇ ਇਸਾਈਆਂ ਦਾ ਯੁਰੋਸ਼ਿਲਮ ਕੇਂਦਰੀ ਅਸਥਾਨ ਹਨ ਇਸੇ ਤਰਾਂ ਸਿਖਾਂ ਦਾ ਕੇਂਦਰੀ ਅਸਥਾਨ ਸ੍ਰੀ ਅੰਮਿਰਤਸਰ ਹੈ। ਸ੍ਰੀ ਅੰਮਿਰਤਸਰ ਸਰੋਵਰ ਨੂੰ ਪਰਗਟ ਕਰਨ ਸਬੰਧੀ ਸਿੰਖਾਂ ਵਿਚ ਇਹ ਰਵਾਇਤ ਪਰਸਿੱਧ ਹੈ ਕਿ ਪਟੀ ਨੇ ਜਾਗੀਰਦਾਰ ਦੁਨੀ ਚੰਦ ਦੇ ਘਰ ਪੰਜ ਧੀਆਂ ਪੈਦਾ ਹੋਈਆਂ। ਇਕ ਦਿਨ ਗਲਾਂ ਹੀ ਗਲਾਂ ਵਿਚ ਉਸਦੇ ਪੁਛਿਆ ਤੁਸੀਂ ਕਿਸ ਦਾ ਦਿਤਾ ਖਾਂਦੀਆਂ ਹੋ। ਚਾਰ ਭੈਣਾਂ ਨੇ ਤਾਂ ਇਹ ਉਤਰ ਦਿਤਾ ਕਿ ਅਸੀਂ ਆਪ ਦਾ ਦਿਤਾ ਖਾਂਦੀਆਂ ਹਾਂ ਪਰੰਤੂ ਬੀਬੀ ਰਜਨੀ ਗਿਆਨ ਵਾਨ ਸੀ ਉਸ ਨੇ ਕਿਹਾ ਮੈਂ ਤਾਂ ਅਪਣੇ ਭਾਗਾਂ ਦਾ ਖਟਿਆ ਖਾਂਦੀ ਹਾਂ। ਇਹ ਸੁਣ ਕੇ ਹੰਕਾਰੀ ਪਿਤਾ ਨੂੰ ਗੁਸਾ ਆ ਗਿਆ। ਉਸ ਨੇ ਇਕ ਕੁਸ਼ਟੀ ਲਭ ਕੇ ਬੀਬੀ ਰਜਨੀ ਦਾ ਵਿਆਹ ਉਸ ਨਾਲ ਕਰ ਦਿਤਾ ਅਤੇ ਗੁਸੇ ਵਿਚ ਆ ਕੇ ਕਿਹਾ ਮੈਂ ਵੇਖਾਂ ਗਾ ਤੇਰੇ ਭਾਗਾਂ ਵਿਚ ਸੁਖ ਕਿਵੇਂ ਆਵੇ ਗਾ। ਉਹ ਸਿਦਕ ਭਰੋਸੇ ਵਾਲੀ ਬੀਬੀ ਆਪਣੇ ਕੁਸ਼ਟੀ ਪਿੰਗਲੇ ਪਤੀ ਨੂੰ ਖਾਰੀ ਵਿਚ ਪਾ ਕੇ ਪਿੰਡ ਪਿੰਡ ਫਿਰਦੀ ਰਹੀ।

ਜਦ ਉਹ ਸ੍ਰੀ ਅੰਮਿਰਤਸਰ ਪੁਜੀ ਤਾਂ ਜਿੱਥੇ ਹੁਣ ਅੰਮ੍ਰਿਤ ਸਰੋਵਰ ਹੈ ਉਥੇ ਉਸ ਸਮੇਂ ਕੇਵਲ ਇਕ ਛਪੜ ਸੀ ਤੇ ਉਸ ਦੇ ਕਿਨਾਰੇ ਇਕ ਬੇਰੀ ਦਾ ਦਰਖਤ ਸੀ। ਬੀਬੀ ਆਪਣੇ ਪਤੀ ਦੀ ਖਾਰੀ ਉਸ ਬੇਰੀ ਹੇਠ ਰਖ ਕੇ ਆਪ ਗੁਰੂ ਰਾਮਦਾਸ ਜੀ ਦੇ ਲੰਗਰ ਵਿਚੋਂ ਪਰਸ਼ਾਦ ਛਕਣ ਚਲੀ ਗਈ। ਉਸ ਕੁਸ਼ਟੀ ਨੇ ਪਿਛੋਂ ਇਕ ਅਸਚਰਜ ਕੌਤਕ ਵੇਖਿਆ ਕਿ ਕਾਲੇ ਕਾਂ* ਆਏ ਉਸ ਛਪੜੀ ਵਿਚ ਨਹਾਕੇ ਚਿੱਟੇ ਹੰਸ ਬਣ ਕੇ ਉਡ ਗਏ! ਰੋਗੀ ਨੂੰ ਖਿਆਲ ਆਇਆ ਇਹ ਜਲ ਬੜਾ ਸ਼ਕਤੀ ਵਾਲਾ ਮਾਲੂਮ ਹੁੰਦਾ ਹੈ ਜੇ ਮੈਂ ਇਸ ਵਿਚ ਇਸ਼ਨਾਨ ਕਰ ਲਵਾਂ ਤਾਂ ਸ਼ਾਇਦ ਮੇਰਾ ਰੋਗ ਵੀ ਨਵਿਰਤ ਹੋ ਜਾਵੇ। ਇਹ ਵਿਚਾਰ ਕਰ ਕੇ ਉਹ ਪਿੰਗਲਾ ਰੁੜ ਕੇ ਪਾਣੀ ਵਿਚ ਜਾ ਵੜਿਆ। ਜਿਤਨਾ ਸ਼ਰੀਰ ਉਸਦਾ ਪਾਣੀ ਵਿਚ ਡੁਬ ਗਿਆ ਉਹ ਰਾਜ਼ੀ ਹੋ ਗਿਆ। ਉਸ ਨੇ ਸੋਚਿਆ ਮੇਰੀ ਧਰਮ ਪਤਨੀ ਇਸ ਗਲ ਪਰ ਭਰੋਸਾ ਨਹੀਂ ਕਰਨਾ ਇਸ ਕਰਕੇ ਇਕ ਹਥ ਦਾ ਅੰਗੂਠਾ ਬਾਹਰ ਰੱਖ ਲਿਆ। ਉਸਦਾ ਸਾਰਾ ਸ੍ਰੀਰ ਅਰੋਗ ਹੋ ਗਿਆ ਅਤੇ ਹੁਣ ਉਹ ਪਿੰਗਲਾ ਨਹੀਂ ਸਗੋਂ ਇਕ ਖ਼ੂਬਸੂਰਤ ਨੌਜ਼ਵਾਨ ਬਣ ਗਿਆ। ਜਦ ਬੀਬੀ ਰਜਨੀ ਵਾਪਸ ਆ ਈ ਤਾਂ ਉਸਨੇ ਕੁਸ਼ਟੀ ਤੇ ਪਿੰਗਲੇ ਪਤੀ ਦੀ ਥਾਂ ਇਕ ਖ਼ੂਬਸੂਰਤ ਨੌਜਵਾਨ ਨੂੰ ਵੇਖ ਕੇ ਹੈਰਾਨੀ ਪ੍ਰਗਟ ਕੀਤੀ। ਉਸਦੇ ਪਤੀ ਨੇ ਕਿਹਾ ਭਾਗਵਾਨੇ ਤੇਰੇ ਪਤੀ ਬ੍ਰਤ ਧਰਮ ਦਾ ਸਦਕਾ ਮੇਰਾ ਸਰੀਰ ਅਰੋਗ ਹੋ ਗਿਆ ਹੈ। ਇਸ ਜਲ ਵਿਚ ਇਤਨੀ ਸ਼ਕਤੀ ਹੈ ਕਿ ਇਸ ਵਿਚ ਨਹਾਂ ਕੇ ਕਾਲੇ ਕਾ ਸਫੇਦ ਹੰਸ ਬਣ

---

* ਅੰਮ੍ਰਿਤਸਰ ਸਤ ਬਾਦੀ ਜਿਤ ਨਾਤਾ ਕਊਆ ਹੰਸਾ ਹੋਹਾ।

Digitized by Panjab Digital Library | www.panjabdigilib.org

ਕੇ ਉਡ ਗਏ। ਮੈਂ ਭੀ ਇਸ ਵਿਚ ਨਹਾ ਕੇ ਅਰੋਗ ਹੋ ਗਿਆ ਹਾਂ ਇਸ ਗਲ ਪਰ ਭਰੋਸਾ ਦਿਵਾਣ ਲਈ ਉਸਨੇ ਆਪਣਾ ਅੰਗੂਠਾ ਪਾਣੀ ਵਿਚ ਡਬੋ ਕੇ ਵਿਖਾਇਆ ਪ੍ਰੰਤੂ ਪਤੀਬ੍ਰਤ ਧਰਮ ਪਰ ਦ੍ਰਿੜਤਾ ਰਖਣ ਵਾਲੀ ਬੀਬੀ ਰਜਨੀ ਨੇ ਸੋਚਿਆ ਕਿਤੇ ਇਹ ਮੇਰੇ ਨਾਲ ਛਲ ਨਾ ਕਰਦਾ ਹੋਵੇ। ਉਸ ਨੇ ਆਪਣਾ ਨਿਆ ਕਰਾਉਣ ਲਈ ਸ੍ਰੀ ਗੁਰੂ ਰਾਮ ਦਾਸ ਜੀ ਮਹਾਂਰਾਜ ਦੇ ਦਰਬਾਰ ਵਿਚ ਜਾ ਕੇ ਸਾਰੀ ਵਿੱਥਿਆ ਸੁਣਾਈ। ਅੰਤਰਯਾਮੀ ਸਤਿਗੁਰੂ ਜੀ ਨੇ ਫੁਰਮਾਇਆ ਬੀਬੀ ਰਜਨੀ ਇਹ ਤੇਰੇ ਪਤੀ ਬ੍ਰਤ ਧਰਮ ਨੂੰ ਫਲ ਲਗਿਆ ਹੈ। ਇਹੋ ਤੇਰਾ ਪਤੀ ਹੈ। ਇਹ ਸੁਣ ਕੇ ਬੀਬੀ ਜੀ ਨੂੰ ਨਿਸਚਾ ਹੋ ਗਿਆ ਅਤੇ ਉਹ ਗੁਰੂ ਘਰ ਦੀ ਸੇਵਾ ਕਰਦੇ ਹੋਏ ਸੁਖੀ ਜੀਵਨ ਬਤੀਤ ਕਰਨ ਲਗੇ। ਇਸ ਗਲ ਦਾ ਜਦੋਂ ਉਸਦੇ ਹੰਕਾਰ ਪਿਤਾ ਨੂੰ ਪਤਾ ਲੱਗਿਆ ਤਾਂ ਉਸ ਨੇ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਆਪਣੀ ਭੁਲ ਬਖਸ਼ਾਈ ਅਤੇ ਆਪਣੇ ਜਵਾਈ ਨੂੰ ਘਰ ਲੈ ਜਾਕੇ ਆਪਣੀ ਸਾਰੀ ਜਾਗੀਰ ਦਾ ਮਾਲਕ ਬਣਾ ਦਿਤਾ ਇਸ ਪ੍ਰਕਾਰ ਬੀਬੀ ਰਜਨੀ ਨੇ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਮਹਿਮਾ ਨੂੰ ਪ੍ਰਗਟ ਕੀਤਾ ਅਤੇ ਆਪਣੇ ਪਤੀਬ੍ਰਤ ਧਰਮ ਦੇ ਜ਼ੋਰ ਨਾਲ ਸਮਾਜ ਵਿਚ ਬਹੁਤ ਜ਼ਿਆਦਾ ਮਾਣ ਪ੍ਰਾਪਤ ਕੀਤਾ। ਭਾਰਤ ਦੇ ਪੁਰਾਤਨ ਗ੍ਰੰਥਾਂ ਵਿਚ ਪਤੀਬ੍ਰਤਾ ਇਸਤ੍ਰੀਆਂ ਦੀ ਬੜੀ ਮਹਿਮਾਂ ਲਿਖੀ ਮਿਲਦੀ ਹੈ। ਸਤੀ ਸਾਵਿਤ੍ਰੀ ਜੈਸੀਆਂ ਦੇਵੀਆਂ ਨੇ ਇਸੇ ਸ਼ਕਤੀ ਦੇ ਜ਼ੋਰ ਨਾਲ ਜਮਰਾਜ ਪਾਸੋਂ ਆਪਣੇ ਪਤੀ ਦੀ ਜਾਨ ਵਾਪਸ ਲੈ ਲਈ। ਬੀਬੀ ਰਜਨੀ ਨੇ ਪਤੀਬ੍ਰਤ ਧਰਮ ਦਾ ਸ਼ਾਨਦਾਰ ਆਦਰਸ਼ ਪੇਸ਼ ਕੀਤਾ ਹੈ ਜਿਸ ਤੋਂ ਇਸਤ੍ਰੀ ਜਾਤੀ ਨੂੰ ਬਹੁਤ ਜ਼ਿਆਦਾ ਸਿਖਿਆ ਮਿਲਦੀ ਹੈ।

## ਬੀਬੀ ਵੀਰੋ ਜੀ

ਬੀਬੀ ਵੀਰੋ ਜੀ ਦਾ ਜਨਮ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਦਮੋਦਰੀ ਜੀ ਦੀ ਕੁਖ ਤੋਂ ਸੰਮਤ ੧੬੭੨ ਨੂੰ ਸ੍ਰੀ ਅੰਮ੍ਰਿਤਸਰ ਵਿਚ ਹੋਇਆ। ਬੀਬੀ ਜੀ ਨਾਮ ਬਾਣੀ ਦੀ ਰਸੀਆ ਅਤੇ ਬੜੇ ਉਚੇ ਵਿਚਾਰਾਂ ਵਾਲੇ ਸਨ। ਇਨਾਂ ਦਾ ਅਨੰਦ ਕਾਰਜ ਪਿੰਡ ਮਲਾ ਜ਼ਿਲਾ ਫੀਰੋਜ਼ਪੁਰ ਦੇ ਰਹਿਣ ਵਾਲੇ ਭਾਈ ਸਾਧੂ ਜੀ ਨਾਲ ਝਬਾਲ ਵਿਖੇ ਹੋਇਆ। ਝਬਾਲ ਵਿਚ ਅਨੰਦ ਕਾਰਜ ਹੋਣ ਦਾ ਕਾਰਣ ਇਹ ਸੀ ਕਿ ਸ੍ਰੀ ਅੰਮ੍ਰਿਤਸਰ ਜੀ ਪਰ ਦੁਸ਼ਮਨ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ ਸੀ।

ਬੀਬੀ ਵੀਰੋ ਜੀ ਦੇ ਉਦਰ ਤੋਂ ਪੰਜ ਬੜੇ ਬਹਾਦਰ ਸਪੁਤ੍ਰ ਉਤਪੰਨ ਹੋਏ ਜਿਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ ਦੀ ਹਜ਼ੂਰੀ ਵਿਚ ਰਹਿ ਕੇ ਭੰਗਾਣੀ ਦੇ ਯੁਧ ਵਿਚ ਬੜੀ ਅਦੁਤੀ ਬਹਾਦਰੀ ਵਿਖਾਈ। ਇੰਨਾਂ ਦੇ ਨਾਮ ਇਹ ਸਨ। ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ, ਮੰਗੋ ਸ਼ਾਹ ਹਰੀ ਚੰਦ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇੰਨਾਂ ਦੀ ਬਹਾਦਰੀ ਦਾ ਵਰਣਨ ਬਚਿਤ੍ਰ ਨਾਟਕ ਵਿਚ ਕੀਤਾ ਹੈ।

ਇੰਨਾਂ ਪੰਜਾਂ ਸੂਰਬੀਰਾਂ ਦੀ ਸੰਤਾਂਨ ਅਗੇ ਚਲ ਕੇ ਪੰਥ ਨੂੰ ਚੜਦੀ ਕਲਾਂ ਵਿਚ ਲੈ ਜਾਣ ਲਈ ਬੜੀਆਂ ਸ਼ਾਨਦਾਰ ਕੁਰਬਾਨੀਆਂ ਕਰਦੀ ਰਹੀ ਅਤੇ ਇਸ ਖਾਨਦਾਨ ਨੇ ਸਿਖ ਇਤਹਾਸ ਵਿਚ ਬਹੁਤ ਜ਼ਿਆਦਾ ਹਿਸਾ ਪਾਇਆ। ਭਾਈ ਸਾਧੂ ਮਾਲਵੇ ਦੇ ਨਿਵਾਸੀ ਸਨ ਇਸ ਕਰ ਕੇ ਮਾਲਵੇ ਦੇ ਸਿੱਖ ਇੰਨਾਂ ਪਰ ਜ਼ਿਤਨਾ ਮਾਣ ਕਰਨ ਥੋੜਾ ਹੈ। ਬੀਬੀ ਵੀਰੋ ਜੀ ਧੰਨ ਸਨ ਜਿਨਾਂ ਦੀ ਸੰਤਾਨ ਨੇ ਗੁਰੂ

Digitized by Panjab Digital Library | www.panjabdigilib.org

ਘਰ ਦੀ ਸੇਵਾ ਕਰਦੇ ਹੋਏ ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਭੀ ਪ੍ਰਸੰਸਾ ਪ੍ਰਾਪਤ ਕੀਤੀ।

# ਇਕ ਵਿਚਿੱਤ੍ਰ ਪਵਿਤ੍ਰ ਜੀਵਨ
# ਮਾਤਾ ਯਸੀ ਜੀ

ਪੁਰਾਤਨ ਸਮੇਂ ਵਿਚ ਇਸਤ੍ਰੀਆਂ ਕਿਤਨੀਆਂ ਸਤਵੰਤੀਆਂ ਅਤੇ ਮਨ ਇੰਦਰੀਆਂ ਪਰ ਕਾਬੂ ਰਖਣ ਵਾਲੀਆਂ ਸਨ ਇਸ ਦਾ ਸਬੂਤ ਪਿੰਡ ਗਿੱਲ (ਜ਼ਿਲਾ ਲੁਧਿਆਣਾ) ਦੀ ਇਕ ਲੜਕੀ ਦੇ ਜੀਵਨ ਤੋਂ ਮਿਲਦਾ। ਗੁਰੂ ਹਰ ਰਾਇ ਸਾਹਿਬ ਦਾ ਪ੍ਰੇਮੀ ਸਿੱਖ ਭਾਈ ਭਗਤੂ ਮਾਲਵੇ ਵਿਚ ਪ੍ਰਸਿਧ ਗੁਰਮੁਖ ਗੁਰਸਿੱਖ ਹੋਇਆ ਹੈ। ਇਹ ਉਨ੍ਹਾਂ ਪ੍ਰਸਿਧ ਚਾਰ ਮਸੰਦਾ ਵਿਚੋਂ ਸੀ ਜੋ ਉਸ ਸਮੇਂ ਮਾਲਵੇ ਵਿਚ ਮਸ਼ਹੂਰ ਸਨ। ਭਾਈ ਭਗਤੂ ਦਾ ਖਾਨਦਾਨ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਦਾ ਸ਼ਰਧਾਲੂ ਬਣ ਚੁਕਿਆ ਸੀ। ਜਿਸ ਵੇਲੇ ਸ੍ਰੀ ਅੰਮ੍ਰਿਤਸਰ ਦੇ ਪਵਿਤ੍ਰ ਸਰੋਵਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਹੋ ਰਹੀ ਸੀ ਤਾਂ ਭਾਈ ਭਗਤੂ ਦੇ ਬਜ਼ੁਰਗ ਬੜੇ ਪ੍ਰੇਮ ਨਾਲ ਸੇਵਾ ਕਰਿਆ ਕਰਦੇ ਸਨ। ਇਨ੍ਹਾਂ ਦੀ ਸੇਵਾ ਪਰ ਪ੍ਰਸੰਨ ਹੋਕੇ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਇਨ੍ਹਾਂ ਨੂੰ ਪੁਤ੍ਰ ਦੀ ਦਾਤ ਬਖਸ਼ੀ ਅਤੇ ਸਿਖੀ ਸਿਦਕ ਦਾ ਦਾਨ ਬਖਸ਼ਿਆ। ਜਿਸ ਸਿੱਖ ਪਰ ਗੁਰੂ ਮਹਾਰਾਜ ਦੀ ਕ੍ਰਿਪਾ ਦ੍ਰਿਸ਼ਟੀ ਹੋ ਜਾਵੇ ਉਸ ਜਿਹਾ ਵਡਭਾਗਾ ਹੋਰ ਕੌਣ ਹੋ ਸਕਦਾ ਹੈ?

ਭਾਈ ਭਗਤੂ ਪਹੁੰਚੇ ਹੋਇ ਮਹਾਤਮਾ ਸਨ ਅਤੇ ਆਪ ਦਾ ਮਾਲਵੇ ਵਿਚ ਬਹੁਤ ਜ਼ਿਆਦਾ ਸਤਿਕਾਰ ਸੀ। ਦੇਵਨੇਤ ਨਾਲ ਇਨ੍ਹਾਂ ਦੀ ਧਰਮ ਪਤਨੀ ਗੌਰਾਂ ਤੇ ਜੀਵਨ ਨਾਮ ਦੇ ਦੋ ਛੋਟੇ ਛੋਟੇ ਬਾਲਕ ਛਡਕੇ ਪ੍ਰਲੋਕ ਗਮਨ ਕਰ ਗਈ। ਭਾਈ ਭਗਤੂ ਜਦ ਸੰਗਤ ਨੂੰ ਨਾਲ ਲੈ ਕੇ ਸ੍ਰੀ ਗੁਰੂ ਹਰ ਰਾਇ ਸਾਹਿਬ ਦੀ ਹਜ਼ੂਰੀ ਵਿਚ ਗਏ ਤਾਂ ਗੁਰੂ ਜੀ ਨੇ ਫੁਰਮਾਇਆ ਭਾਈ ਭਗਤੂ ਹੋਰ ਵਿਆਹ ਕਰਾ ਲਵੋ। ਭਾਈ ਸਾਹਿਬ ਨੇ ਇਸ ਕਥਨ ਨੂੰ ਸਰਸਰੀ ਸਮਝਿਆ ਪਰੰਤੂ ਗੁਰੂ ਜੀ ਇਸ ਗਲ ਦੇ ਖਿਆਲ ਹੀ ਪੈ ਗਏ ਜਿਸ ਵੇਲੇ ਭਾਈ ਭਗਤੂ ਦਰਸ਼ਨ ਕਰਨ ਆਇਆ ਕਰੇ ਗੁਰੂ ਜੀ ਮਹਾਰਾਜ ਵਿਆਹ ਦੀ ਗਲ ਚਲਾ ਦਿਆ ਕਰਨ ਤੇ ਹੱਸ ਕੇ ਕਿਹਾ ਕਰਨ ਭਾਈ ਭਗਤੂ ਅਜੇ ਤੋੜੀ ਦੂਜਾ ਵਿਆਹ ਨਹੀਂ ਕਰਾਇਆ ਭਾਈ ਭਗਤੂ ਦਾ ਭਜਨਾ ਨੰਦੀ ਹਿਰਦਾ ਦੁਨਿਆਵੀ ਸੁਖਾਂ ਤੋਂ ਉਪ੍ਰਾਮ ਹੋ ਚੁਕਿਆ ਸੀ। ਆਪ ਹੋਰ ਵਆਹ ਨਹੀਂ ਕਰਾਉਣਾ ਚਾਹੁੰਦੇ ਸਨ।

ਪਰੰਤੂ ਗੁਰੂ ਜੀ ਦੇ ਬਾਰ ਬਾਰ ਕਹਿਣ ਦਾ ਸਦਕਾ ਇਕ ਵੇਰ ਆਪਨੇ ਅਨੋਖਾ ਕੌਤਕ ਰਚਾਇਆ। ਜਦ ਆਪ ਪਿੰਡ ਗਿੱਲ (ਜ਼ਿਲਾ ਲੁਧਿਆਣਾਂ) ਦੀ ਜੂਹ ਵਿਚੋਂ ਲੰਘ ਰਹੇ ਸਨ ਤਾਂ ਇਕ ਨੌਜਵਾਨ ਲੜਕੀ ਮਨੇ ਤੇ ਬੈਠੀ ਬਾਜਰੇ ਦੀ ਰਾਖੀ ਕਰ ਰਹੀ ਸੀ। ਭਾਈ ਭਗਤੂ ਦੇ ਨਾਲ ਇਸ ਵੇਲੇ ਕੋਈ ਨਹੀਂ ਸੀ। ਭਾਈ ਸਾਹਿਬ ਨੇ ਗੁਰੂ ਜੀ ਦਾ ਬਚਨ ਯਾਦ ਕਰਕੇ ਮਨੇਹ ਦੇ ਇਰਦ ਗਿਰਦ ਚਾਰ ਪ੍ਰਕਰਮਾਂ ਲਿਆਦੀਂਆਂ ਅਤੇ ਤੁਰਨ ਲਗੇ ਫ਼ੁਰਮਾਇਆ ਕਿ ਲੈ ਭਾਗਵਾਨੇ ਸੂਰਜ, ਪੌਣ, ਪਾਣੀ ਪੰਛੀ ਤੇ ਝਾੜ ਇਸ ਗਲ ਦੇ ਸਾਖੀ ਹਨ ਕਿ ਮੈਂ ਤੇਰੇ ਨਾਲ ਵਿਆਹ ਕਰ ਚਲਿਆ ਹਾਂ। ਲੜਕੀ ਨੇ ਉਸ ਵੇਲੇ ਤਾਂ ਕੋਈ ਖਿਆਲ ਨਾ ਕੀਤਾ ਤੇ ਸਮਝਿਆ ਕਿ ਇਕ ਬੁਢਾ ਆਦਮੀ ਐਂਵੇ ਠਰਕਿਆ ਹੋਇਆ ਮਖੌਲ

Digitized by Panjab Digital Library | www.panjabdigilib.org

ਕਰਦਾ ਹੈ ਪ੍ਰੰਤੂ ਜਦ ਭਾਈ ਸਾਹਿਬ ਚਲੇ ਗਏ ਤਾਂ ਉਸ ਪਰ ਉਨਾਂ ਦੀਆਂ ਕਹੀਆਂ ਗਲਾਂ ਦਾ ਬਹੁਤ ਅਸਰ ਹੋਇਆ ਤੇ ਉਸ ਨੇ ਆਪਣੇ ਆਪ ਨੂੰ ਵਿਆਹੀ ਸਮਝ ਲਿਆ।

ਘਰ ਆਕੇ ਲੜਕੀ ਨੇ ਜਦ ਇਹ ਵਿਥਿਆ ਸੁਣਾਈ ਤਾਂ ਉਸਦੇ ਮਾਤਾ ਪਿਤਾ ਨੇ ਭੀ ਕੋਈ ਖਾਸ ਧਿਆਨ ਨਾ ਦਿਤਾ ਪ੍ਰੰਤੂ ਜਦ ਉਹ ਲੜਕੀ ਨੂੰ ਸ਼ਾਦੀ ਕਰਨ ਲਈ ਕਹਿਣ ਤਾਂ ਉਹ ਅਗੋਂ ਸਾਫ ਨਾਂਹ ਕਰ ਦੇਵੇ ਅਤੇ ਇਹੋ ਕਹੇ ਕਿ ਮੈਨੂੰ ਉਸ ਬੁਢੇ ਦੇ ਘਰ ਪਹੁੰਚਾ ਦੇਵੋ ਮੇਰਾ ਵਿਆਹ ਉਸ ਨਾਲ ਹੋ ਚੁਕਿਆ ਹੈ। ਲਾਚਾਰ ਹੋ ਕੇ ਉਸ ਦੇ ਮਾਪਿਆਂ ਨੇ ਬੁਢੇ ਦੀ ਤਲਾਸ਼ ਕੀਤੀ ਤਾਂ ਪਤਾ ਲਗਿਆ ਕਿ ਉਹ ਤਾਂ ਭਾਈ ਭਗਤੂ ਸੀ ਅਤੇ ਉਹ ਅਕਾਲ ਚਲਾਣਾ ਕਰ ਗਿਆ ਹੈ। ਮਾਤਾ ਪਿਤਾ ਨੇ ਲੜਕੀ ਨੂੰ ਫਿਰ ਬਹੁਤ ਸਮਝਾਇਆ ਕਿ ਤੂੰ ਹੋਰ ਸ਼ਾਦੀ ਕਰ ਲੈ ਪਰ ਉਹ ਨਾ ਮੰਨੀ ਅਤੇ ਉਸ ਨੇ ਵਿਧਵਾ ਜਿਹਾ ਵੇਸ ਧਾਰਨ ਕਰ ਕੇ ਪਵਿੱਤ੍ਰ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿਤ। ਲੜਕੀ ਦੇ ਮਾਤਾ ਪਿਤਾ ਉਸਨੂੰ ਇਸ ਹਾਲਤ ਵਿਚ ਘਰ ਰਖਣ ਤੋਂ ਸੰਕੋਚ ਕਰਨ ਕਿਉਂਕਿ ਉਹ ਪ੍ਰਚਲਤ ਜਗਤ ਰੀਤ ਦੇ ਉਲਟ ਗੱਲ ਸੀ। ਲੜਕੀ ਨੇ ਕਿਹਾ ਮੈਨੂੰ ਮੇਰੇ ਪਤੀ ਦੇ ਘਰ ਛਡ ਆਵੋ ਮੈਂ ਉਥੇ ਰਹਿਕੇ ਜੀਵਨ ਬਤੀਤ ਕਰ ਲਵਾਂਗੀ।

ਲੜਕੀ ਦੇ ਪਿਤਾ ਭਾਈ ਗੌਰੇ ਪਾਸ ਗਏ ਅਤੇ ਸਾਰੀ ਵਿਥਿਆ ਸੁਣਾ ਕੇ ਕਿਹਾ ਕਿ ਆਪਣੀ ਮਾਤਾ (ਮੇਰੀ ਬੇਟੀ) ਨੂੰ ਆਪਣੇ ਘਰ ਰਖੋ। ਭਾਈ ਸਾਹਿਬ ਨੇ ਪ੍ਰਵਾਨਗੀ ਦੇ ਦਿੱਤੀ। ਇਸ ਪ੍ਰਕਾਰ ਇਹ ਸਤ-ਵੰਤੀ ਦੇਵੀ ਆਪਣੇ ਘਰ ਪਹੁੰਚ ਗਈ। ਸਚ ਮੁਚ ਇਹ ਇਕ ਇਤਹਾਸਕ ਘਟਨਾ ਹੈ। ਆਮ ਤੌਰ ਪਰ ਵਿਧਵਾ ਇਸਤ੍ਰੀਆਂ ਇਕ ਵੇਰ ਤਾਂ ਸੁਹਾਗਣਾਂ ਹੋਕੇ ਸੌਹਰੇ ਘਰ ਜਾਂਦੀਆਂ ਹਨ ਤੇ ਉਨਾਂ ਦਾ ਸੁਆਗਤ ਕੀਤਾ ਜਾਂਦਾ ਹੈ ਪ੍ਰੰਤੂ ਭਾਈ ਗੌਰੇ ਦੀ ਇਹ ਧਰਮ ਮਾਤਾ ਵਿਧਵਾ ਹੋ ਕੇ ਪਹਿਲੀ ਵੇਰ ਸੌਹਰੇ ਘਰ ਆਈ ਭਾਈ ਗੌਰੇ ਨੇ ਇਸ ਨੂੰ ਮਾਤਾ ਨਾਮ ਹੀ ਸਾਰਾ ਘਰ ਸੰਭਾਲ ਦਿਤਾ ਅਤੇ ਇਨਾਂ ਦਾ ਹਰ ਇਕ ਹੁਕਮ ਮੰਨਣ ਲਗੇ। ਮਾਤਾ ਜੀ ਨੇ ਸਿੱਖੀ ਅਸੂਲ ਬਹੁਤ ਛੇਤੀ ਦ੍ਰਿੜ ਕਰ ਲਏ ਤੇ ਗੁਰਮੁਖੀ ਵਿਦਿਆ ਪੜ ਕੇ ਗੁਰਬਾਣੀ ਦਾ ਪਾਠ ਕਰਨ ਲਗੇ। ਜਦ ਆਪ ਨੂੰ ਗੁਰਮਤਿ ਦੀ ਚੰਗੀ ਵਾਕਫੀਅਤ ਹੋ ਗਈ ਤਾਂ ਲੜਕੇ ਤੇ ਲੜਕੀਆਂ ਨੂੰ ਗੁਰਮਤਿ ਸਿਖਿਆ ਦੇਣ ਦਾ ਕੰਮ ਮਾਤਾ ਜੀ ਦੇ ਸਪੁਰਦ ਕੀਤਾ ਗਿਆ।

ਭਾਈ ਗੌਰੇ ਦਾ ਘਰ ਭਾਵੇਂ ਪਹਿਲਾਂ ਹੀ ਗੁਰਮਤਿ ਪ੍ਰਚਾਰ ਦਾ ਵਡਾ ਕੇਂਦਰ ਸੀ ਤੇ ਇਲਾਕੇ ਦੇ ਸਾਰੇ ਬੈਰਾੜ ਉਨਾਂ ਨੂੰ ਗੁਰੂ ਜੀ ਦੇ ਪ੍ਰਤਿਨਿਧ ਮੰਨ ਕੇ ਪੂਜਾ ਪ੍ਰਤਿਸ਼ਟਾ ਕਰਦੇ ਸਨ ਪ੍ਰੰਤੂ ਮਾਤਾ ਜੀ ਦੀਆਂ ਧਾਰਮਕ ਸਰਗਰਮੀਆਂ ਨੇ ਤਾਂ ਸੋਨੇ ਪਰ ਸੁਹਾਗੇ ਦਾ ਅਸਰ ਕੀਤਾ। ਸਾਰੇ ਇਲਾਕੇ ਵਿਚ ਮਾਤਾ ਜੀ ਦੀ ਧਾਰਮਕ ਯੋਗਤਾ ਦਾ ਚਰਚਾ ਫੈਲ ਗਿਆ ਤੇ ਆਪਨੇ ਸਾਰਾ ਧਿਆਨ ਧਰਮ ਪ੍ਰਚਾਰ ਤੇ ਬਚਿਆਂ ਦੀ ਵਿਦਿਆ ਵਲ ਲਗਾ ਦਿਤਾ। ਉਸ ਸਮੇਂ ਗੁਰਮੁਖੀ ਵਿਦਿਆ ਪੜ ਕੇ ਗੁਰਬਾਣੀ ਪੜਨ ਸਮਝਣ ਦੀ ਯੋਗਤਾ ਪ੍ਰਾਪਤ ਕਰਨਾ ਹੀ ਵਿਦਵਾਨ ਹੋਣ ਦੀ ਸਭ ਤੋਂ ਵਡੀ ਨਿਸ਼ਾਨੀ ਸੀ। ਇਸ ਕਰ ਕੇ ਇਸ ਕੰਮ ਵਿਚ ਮਾਤਾ ਜੀ ਬਹੁਤ ਛੇਤੀ ਨਿਪੁੰਨ ਹੋ ਗਏ। ਭਾਈ ਗੌਰਾ ਆਪਣੀ ਮਾਤਾ ਜੀ ਦਾ ਬੜਾ ਸਤਿਕਾਰ ਕਰਦਾ ਸੀ। ਇਕ ਵੇਰ ਸ੍ਰੀ ਹਰਿ ਰਾਇ ਸਾਹਿਬ ਇਸ ਇਲਾਕੇ ਦਾ ਦੌਰਾ ਕਰਨ ਆਏ। ਭਾਈ ਗੌਰੇ ਨੇ ਗੁਰੂ ਜੀ ਮਹਾਂਰਾਜ ਦੀ ਬੜੇ ਪਰੇਮ ਨਾਲ ਸੇਵਾ ਕੀਤੀ। ਇਕ ਦਿਨ ਭਰੇ ਦੀਵਾਨ ਵਿਚ ਭਾਈ ਭਗਤੂ ਦੇ ਸਿਖੀ ਪ੍ਰਚਾਰ ਤੇ ਉਨ੍ਹਾਂ ਦੇ ਜੀਵਨ ਸਬੰਧੀ ਵਿਚਾਰ ਹੋ ਰਹੀ ਸੀ ਤਾਂ ਭਾਈ ਗੌਰਾ ਨੇ ਪਰਗਟ

Digitized by Panjab Digital Library | www.panjabdigilib.org

ਕੀਤਾ ਕਿ ਸਾਡੇ ਮਾਤਾ ਜੀ ਧਰਮ ਪਰਚਾਰ ਦੇ ਬੜੇ ਉਤਸ਼ਾਹੀ ਪ੍ਰਚਾਰਕ ਹਨ ਅਤੇ ਉਨਾਂ ਨੇ ਜਤਿ ਸਤਿ ਦਾ ਜੀਵਨ ਬਤੀਤ ਕਰਦੇ ਹੋਏ ਗੁਰਮਤਿ ਪਰਚਾਰ ਦਾ ਬੀੜਾ ਉਠਾ ਰਖਿਆ ਹੈ। ਇਸ ਸਮੇਂ ਭਾਈ ਭਗਤੂ ਦੇ ਵਚਿਤ੍ਰ ਰੀਤੀ ਅਨੁਸਾਰ ਵਿਆਹ ਕਰਨ ਦੀ ਚਰਚਾ ਛਿੜੀ ਤਾਂ ਗੁਰੂ ਜੀ ਦੇ ਚੌਰ ਬਰਦਾਰ "ਭਾਈ ਜੱਸਾ ਨੇ ਕਿਹਾ "ਮੈਂ ਅਤੇ ਭਾਈ ਭਗਤੂ ਗੁਰਸਿਖ ਹੋਣ ਦੇ ਨਾਤੇ ਗੁਰਭਾਈ ਹਾਂ ਇਸ ਕਰ ਕੇ ਤੁਸੀਂ ਉਨਾਂ ਦੀ ਵਿਧਵਾ ਪਤਨੀ ਦਾ ਮੇਰੇ ਨਾਲ ਕਰੇਵਾ ਕਰਾ ਦਿਉ ਮੈਂ ਉਸ ਵਿਚੋਂ ਸੰਤਾਨ ਉਤਪੰਨ ਕਰ ਲਵਾਂ ਗਾ" ਇਹ ਸ਼ਬਦ ਸੁਣ ਕੇ ਭਾਈ ਗੌਰੇ ਨੂੰ ਇਹ ਖਿਆਲ ਆਇਆ ਕਿ ਇਸ ਸਿਖ ਨੇ ਮੈਨੂੰ ਭਰੀ ਸਭਾ ਵਿਚ ਮਖੌਲ ਕੀਤਾ ਹੈ ਅਤੇ ਮੇਰੀ ਧਰਮ ਮਾਤਾ ਦੇ ਪਵਿਤ੍ਰ ਆਚਰਨ ਪਰ ਸ਼ੱਕ ਪਰਗਟ ਕੀਤਾ ਹੈ। ਉਸ ਸਮੇਂ ਤਾਂ ਭਾਈ ਗੋਰਾ ਗੁਰੂ ਸਾਹਿਬ ਦੀ ਹਜ਼ੂਰੀ ਸਮਝ ਕੇ ਚੁਪ ਕਰ ਰਿਹਾ ਪ੍ਰੰਤੂ ਅੰਦਰੋਂ ਉਸਦਾ ਦਿਲ ਸੜ ਭੁਜ ਕੇ ਕੋਇਲੇ ਹੋ ਗਿਆ। ਸਿਖ ਦੇ ਬੋਲ ਜਿਵੇਂ ਸਾਬਣ ਵਿਚੋਂ ਤਾਰ ਨਿਕਲ ਜਾਂਦੀ ਹੈ ਇਉਂ ਦਿਲ ਨੂੰ ਚੀਰ ਕੇ ਨਿਕਲ ਗਏ। ਭਾਈ ਗੌਰਾ ਦੰਦ ਕਰੀਚਦਾ ਤੇ ਗੁਸੇ ਦਾ ਭਰਿਆ ਹੋਇਆ ਡੇਰੇ ਆ ਗਿਆ ਅਤੇ ਆਪਣੇ ਬਹਾਦਰ ਸਾਥੀਆਂ ਨੂੰ ਕਹਿਣ ਲਗਾ ਮੇਰਾ ਦਿਲ ਤਾਂ ਸ਼ਾਂਤ ਹੁੰਦਾ ਹੈ ਜੇ ਭਾਈ ਜੱਸੇ ਦਾ ਸਿਰ ਕਟ ਕੇ ਮੇਰੇ ਹਾਜ਼ਰ ਕਰੋ। ਉਨਾਂ ਕਿਹਾ ਗੁਰੂ ਸਾਹਿਬ ਤੋਂ ਡਰ ਲਗਦਾ ਹੈ ਸਰਾਪ ਦੇ ਕੇ ਕੁਲ ਨਾਸ਼ ਕਰ ਦੇਣਗੇ।

ਭਾਈ ਗੌਰੇ ਦਾ ਗੁਸਾ ਸ਼ਾਤ ਨਾ ਹੋਇਆ। ਅਗਲੇ ਦਿਨ ਜਦ ਭਾਈ ਜੱਸਾ ਘੋੜੇ ਪਰ ਸਵਾਰ ਹੋਕੇ ਸੈਰ ਕਰਨ ਗਿਆ ਤਾਂ ਗੌਰੇ ਦੇ ਆਦਮੀਆਂ ਨੇ ਉਸਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ। ਜਦ ਗੁਰੂ ਜੀ ਨੂੰ ਇਸ ਘਟਨਾ ਦਾ ਪਤਾ ਲਗਿਆ ਤਾਂ ਉਨਾਂ ਨੇ ਭਾਈ ਗੌਰੇ ਨੂੰ ਬਹੁਤ ਸਾਰੇ ਸਰਾਪ ਦਿਤੇ। ਇਤਿਹਾਸਕ ਪੁਸਤਕਾਂ ਵਿਚ ਜ਼ਿਕਰ ਆਂਉਦਾ ਹੈ ਕਿ ਗੁਰੂ ਜੀ ਨੇ ਇਸ ਸਮੇਂ ਭਾਈ ਗੌਰੇ ਨੂੰ ਇਕ ਸੌ ਸਰਾਪ ਦਿਤੇ ਅਤੇ ਕਿਹਾ ਕਿ ਗੌਰਾ ਚੌਰਾ ਸਾਡੇ ਮਥੇ ਨਾ ਲਗੇ। ਗੌਰੇ ਨੂੰ ਇਹ ਸੁਣਕੇ ਬਹੁਤ ਜ਼ਿਆਦਾ ਦੁਖ ਹੋਇਆ। ਉਹ ਗੁਰੂ ਘਰ ਦਾ ਅਨਿੰਨ ਸੇਵਕ ਸੀ। ਉਸ ਨੇ ਆਪਣੇ ਸਾਂਥੀਆਂ ਪਾਸੋਂ ਸਲਾਹ ਪੁਛੀ ਕਿ ਇਹ ਅਵੱਗਿਆ ਕਿਵੇਂ ਬਖਸ਼ਾਈ ਜਾਵੇ ਤਾਂ ਇਕ ਗਿਆਨੀ ਪੁਰਸ਼ ਨੇ ਕਿਹਾ ਬਾਣੀ ਵਿਚ ਗੁਰੂ ਜੀ ਦਾ ਫੁਰਮਾਂਣ ਹੈ

ਜੇ ਕੋ ਗੁਰ ਤੇ ਵੇਮੁਖ ਹੋਵੈ ਵਿਣ ਸਤਿਗੁਰ ਮੁਕਤਿ ਨਾ ਪਾਵੈ
ਪਾਵੈ ਮੁਕਤਿ ਨਾ ਹੋਰਥੈ ਕੋਈ ਪੁਛਹੁ ਬਬੇਕੀਆ ਜਾਏ
ਅਨੇਕ ਜੂਨੀ ਭਰਮ ਆਵੈ ਵਿਣ ਸਤਿਗੁਰ ਮੁਕਤ ਨਾ ਪਾਏ
ਫਿਰਿ ਪਾਇ ਮੁਕਤਿ ਲਾਗ ਚਰਣੀ ਸਤਿਗੁਰ ਸਬਦ ਸੁਣਾਏ
ਕਹੈ ਨਾਨਕ ਵੀਚਾਰ ਦੇਖਹੁ ਵਿਣ ਸਤਿਗੁਰ ਮੁਕਤ ਨ ਪਾਏ। (ਅਨੰਦ ਮਃ ੩)

ਇਹ ਸ਼ਬਦ ਸੁਣ ਕੇ ਭਾਈ ਗੌਰੇ ਨੂੰ ਨਿਸਚਾ ਹੋ ਗਿਆ ਕਿ ਮੇਰੇ ਅਪ੍ਰਾਧ ਨੂੰ ਗੁਰੂ ਜੀ ਤੋਂ ਬਿਨਾ ਹੋਰ ਕੋਈ ਨਹੀਂ ਬਖਸ਼ ਸਕਦਾ। ਇਹ ਵਿਚਾਰ ਕਰਕੇ ਭਈ ਗੌਰਾ ਅਪਣੇ ਜਥੇ ਸਮੇਤ ਗੁਰੂ ਜੀ ਦੇ ਵਹੀਰ ਦੇ ਮਗਰ ਮਗਰ ਹੋ ਤੁਰਿਆ। ਜਿਥੇ ਗੁਰੂ ਜੀ ਨੇ ਡੇਰਾ ਕਰਨਾ ਇਹ ਦੋ ਮੀਲ ਉਰੇ ਡੇਰਾ ਲਾ ਲਿਆ ਕਰੇ। ਇਸ ਪ੍ਰਕਾਰ ਗੁਰੂ ਜੀ ਕੀਰਤਪੁਰ ਜਾ ਬਿਰਾਜੇ ਤਾਂ ਇਹ ਤਿੰਨ ਮਹੀਨੇ ਲਗਾਤਾਰ ਗੁਰੂ ਕੇ ਲੰਗਰ ਲਈ ਲਕੜੀਆਂ ਤੇ ਰਸਦ ਆਦਿ ਦੀ ਸੇਵਾ ਕਰਦਾ ਰਿਹਾ।

Digitized by Panjab Digital Library | www.panjabdigilib.org

ਰਾਤ ਨੂੰ ਸਭ ਚੀਜ਼ਾਂ ਗੁਰੂ ਕੇ ਲੰਗਰ ਦੇ ਸਾਹਮਣੇ ਰਖ ਆਇਆ ਕਰੇ। ਇਥੋਂ ਗੁਰੂ ਜੀ ਨੇ ਧੀਰ ਮਲ ਦੇ ਲੜਕੇ ਦੀ ਸ਼ਾਦੀ ਪਰ ਕਰਤਾਰ ਪੁਰ ਜਾਣ ਲਈ ਤਿਆਰੀ ਕੀਤੀ। ਘੋੜੇ ਸ਼ੰਗਾਰੇ ਗਏ ਹਾਥੀ ਸ਼ੰਗਾਰੇ ਗਏ। ਬੜਾ ਕੀਮਤੀ ਸਾਜ਼ ਸਾਮਾਨ ਸੀ ਜੋ ਝਿਲ ਮਿਲ ਝਿਲ ਮਿਲ ਕਰਦਾ ਸੀ। ਇਉਂ ਜਾਪਦਾ ਸੀ ਜਿਵੇਂ ਕਿਸੇ ਮਹਾਰਾਜੇ ਦੀ ਸਵਾਰੀ ਜਾਂਦੀ ਹੈ। ਗੁਰੂ ਜੀ ਆਪ ਤਾਂ ਸਵਾਰ ਨਾਲ ਲੈ ਕੇ ਅਗੇ ਚਲੇ ਗਏ ਤੇ ਵਹੀਰ ਪਿਛੇ ਪਿਛੇ ਆ ਰਿਹਾ ਸੀ।

ਮੁਖਲਸ ਖਾਂ ਦਾ ਬੇਟਾ ਮੁਹੰਮਦ ਯਾਰ ਖਾਂ ਜਿਸ ਦਾ ਪਿਤਾ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਦੇ ਹਥੋਂ ਮਾਰਆ ਗਿਆ ਸੀ ਇਕ ਹਜ਼ਾਰ ਸਵਾਰ ਨਾਲ ਲੈ ਕੇ ਦਿਲੀ ਨੂੰ ਜਾ ਰਿਹਾ ਸੀ ਤੇ ਉਸਦਾ ਬਹਿ-ਲੋਲ ਪੁਰ ਪੜਾਉ ਸੀ। ਉਸ ਨੇ ਜਦ ਗੁਰੂ ਜੀ ਮਹਾਰਾਜ ਦਾ ਸਮਾਨ ਵੇਖਿਆ ਤਾਂ ਉਸ ਦੇ ਦਿਲ ਵਿਚ ਲਾਲਚ ਪੈਦਾ ਹੋ ਗਿਆ। ਨਾਲ ਹੀ ਉਸ ਨੂੰ ਆਪਣੇ ਪਿਤਾ ਦੇ ਵੈਰ ਲੈਣ ਦਾ ਭੀ ਖਿਆਲ ਆ ਗਿਆ ਤੇ ਉਸਨੇ ਅਪਣੇ ਸਿਪਾਹੀਆਂ ਨੂੰ ਹੁਕਮ ਦਿਤਾ ਕਿ ਗੁਰੂ ਜੀ ਦਾ ਸਭ ਸਮਾਨ ਲੁਟ ਲਉ ਤੇ ਮਹਿਲਾਂ ਦੇ ਦੇ ਡੋਲੇ ਮੇਰੇ ਪੇਸ਼ ਕਰੋ।

ਇਕ ਤੇਜ਼ ਸਵਾਰ ਨੇ ਇਸ ਘਟਨਾ ਦੀ ਖਬਰ ਗੁਰੂ ਸਾਹਿਬ ਪਾਸ ਪਹੁੰਚਾਈ ਤਾਂ ਉਹਨਾਂ ਨੇ ਫੁਰਮਾਇਆ "ਜੇ ਭਾਈ ਗੌਰਾ ਪਿਛੇ ਆ ਰਿਹਾ ਹੈ ਤਾਂ ਸਾਨੂੰ ਕਾਹਦਾ ਫਿਕਰ ਹੈ ਉਹ ਖੁਦ ਹੀ ਸਾਡੇ ਵਹੀਰ ਦੀ ਰਾਖੀ ਕਰੇਗਾ।" ਜਿਸ ਵੇਲੇ ਯਵਾਨਾ ਨੇ ਹਮਲਾ ਕੀਤਾ ਤਾਂ ਭਾਈ ਗੌਰੇ ਨੂੰ ਭੀ ਪਤਾ ਲਗ ਗਿਆ। ਉਸਨੇ ਆਪਣੇ ਮਲਵੀ ਸਾਥੀਆਂ ਨੂੰ ਨਾਲ ਲੈਕੇ ਇਤਨਾ ਸਖਤ ਮੁਕਾਬਲਾ ਕੀਤਾ ਕਿ ਯਵਾਨ ਮੈਦਾਨ ਛਡਕੇ ਭਜ ਗਏ। ਇਸ ਜੰਗ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਅਤੇ ਭਾਈ ਗੌਰਾ ਜੀ ਭੀ ਜ਼ਖਮੀ ਹੋ ਗਏ। ਗੁਰੂ ਜੀ ਦੇ ਮਹਿਲ ਤੇ ਸਾਰਾ ਸਾਮਾਨ ਸਹੀ ਸਲਾਮਤ ਗੁਰੂ ਜੀ ਦੇ ਪਾਸ ਪੁਜ ਗਿਆ ਤਾਂ ਆਪ ਬਹੁਤ ਪ੍ਰਸੰਨ ਹੋਇ ਤੇ ਉਸੇ ਵੇਲੇ ਸਿੰਘਾ ਨੂੰ ਭੇਜਿਆ ਕਿ ਭਾਈ ਗੌਰਾ ਨੂੰ ਸਾਡੇ ਪਾਸ ਲਿਆਉ। ਭਾਈ ਸਾਹਿਬ ਸ਼ਹੀਦ ਸਿੰਘਾਂ ਦਾ ਸਸਕਾਰ ਕਰਕੇ ਗੁਰੂ ਜੀ ਮਹਾਰਾਜ ਦੀ ਹਜ਼ੂਰੀ ਵਿੱਚ ਹਾਜ਼ਰ ਹੋਇ ਤਾਂ ਗੁਰੂ ਜੀ ਨੇ ਸਾਰੇ ਸਰਾਪ ਵਾਪਸ ਲੈ ਲਏ ਤੇ ਬਹੁਤ ਪ੍ਰਸੰਨ ਹੋਕੇ ਭਾਈ ਗੌਰੇ ਨੂੰ ਛਾਤੀ ਨਾਲ ਲਾ ਲਿਆ। ਭਾਈ ਸਾਹਿਬ ਨੇ ਕਿਹਾ "ਸਚੇ ਪਾਤਸ਼ਾਹ ਫਾਹੇ ਲੱਗਣ ਵਾਲਾ ਸਰਾਪ ਰਹਿਣ ਦਿਉ ਤਾਕਿ ਸਿਖਾਂ ਸੇਵਕਾਂ ਨੂੰ ਪਤਾ ਲਗੇ ਕਿ ਆਪਦੇ ਬਚਨ ਅਟਲ ਹਨ। ਇਹ ਦੇਹ ਤਾਂ ਅਨਿਤ ਹੈ ਜੇ ਗੁਰੂ ਜੀ ਦੇ ਹੁਕਮ ਅਨੁਸਾਰ ਤਿਆਗੀ ਜਾਵੇ ਤਾਂ ਹੋਰ ਚੰਗਾ ਹੈ।

ਭਾਈ ਗੌਰੇ ਦੇ ਇਹ ਬਚਨ ਸੁਣਕੇ ਗੁਰੂ ਜੀ ਬਹੁਤ ਹੀ ਖੁਸ ਹੋਇ ਤੇ ਉਸ ਨੂੰ ਘੁਟਕੇ ਗਲ ਵਕੜੀ ਵਿਚ ਲੈ ਲਿਆ। ਇਸ ਪ੍ਰਕਾਰ ਭਾਈ ਗੌਰਾ ਗੁਰੂ ਜੀ ਪਾਸੋਂ ਅਵੱਗਿਆ ਬਖਸ਼ਾ ਕੇ ਘਰ ਵਾਪਸ ਆਇਆ ਤਾਂ ਮਾਤਾ ਜੀ ਸਾਰੀ ਵਿਥਿਆ ਸੁਣ ਕੇ ਬਹੁਤ ਖੁਸ਼ ਹੋਇ।

ਹੁਣ ਮਾਤਾ ਜੀ ਨੇ ਸਿੱਖੀ ਪ੍ਰਚਾਰ ਦਾ ਕਾਰਜ ਹੋਰ ਉਤਸ਼ਾਹ ਨਾਲ ਕਰਨਾ ਸ਼ੁਰੂ ਕਰ ਦਿਤਾ ਅਤੇ ਸਾਰੀ ਉਮਰ ਆਪਣੇ ਪਤੀ ਦੀ ਯਾਦ ਵਿਚ ਮਗਨ ਰਹਿਕੇ ਪਰਉਪਕਾਰ ਕਰਦਿਆਂ ਹੋਇਆ ਸਾਰਾ ਜੀਵਨ ਬਤੀਤ ਕੀਤਾ। ਮਹਾਵਾਕ ਹੈ:—

"ਸਤੀਆਂ ਇਹਨਾਂ ਆਖੀਅਨ ਜੋ ਮੜਿਆ ਲੱਗ ਜਵੰਨ

Digitized by Panjab Digital Library | www.panjabdigilib.org

ਸਤੀਆਂ ਸੇਈ ਨਾਨਕਾ ਜੋ ਬ੍ਰਹਿ ਚੋਟ ਮਰੰਨ੍ਹਿ ॥"

ਸਤੀਆਂ ਉਹ ਨਹੀਂ ਜੇਹੜੀਆਂ ਪਤੀ ਦੀ ਚਿੱਤਾ ਵਿਚ ਸੜਕੇ ਮਰ ਜਾਂਦੀਆਂ ਹਨ ਸਗੋਂ ਸਤੀਆਂ ਤਾਂ ਉਹ ਹਨ ਜੋ ਸਾਰਾ ਜੀਵਨ ਪਤੀ ਦੇ ਵਿਯੋਗ ਨੂੰ ਜਰਦੇ ਹੋਏ ਕਿਸੇ ਪ੍ਰਉਪਕਾਰ ਵਿਚ ਬਤੀਤ ਕਰਨ ਇਸ ਕਰਕੇ ਭਾਈ ਗੋਰੇ ਦੀ ਮਾਤਾ ਉਹ ਆਦਰਸ਼ ਸਤਵੰਤੀ ਸੀ ਜਿਸ ਨੇ ਆਪਣਾ ਸਾਰਾ ਜੀਵਨ ਪਰਉਪਕਾਰ ਵਿਚ ਬਿਤਾਇਆ।

ਈਸਾਈਆਂ ਦੇ ਨਿਸਚੇ ਅਨੁਸਾਰ ਹਜ਼ਰਤ ਯਸੂ ਮਸੀਹ ਕੁਆਰੀ ਮਰੀਅਮ ਦੇ ਪੇਟ ਤੋਂ ਪੈਦਾ ਹੋਇ। ਬਿਜਤ੍ਰਾਂ ਉਹ ਮਰੀਆ ਨੂੰ ਪਵਿਤ੍ਰ ਆਤਮਾ ਮੰਨਦੇ ਹਨ ਤੇ ਕਹਿੰਦੇ ਹਨ ਕਿ ਉਹ ਕੁਆਰੀ ਹੀ ਮਾਂ ਬਣ ਗਈ। ਭਾਈ ਗੋਰੇ ਦੀ ਮਾਤਾ ਦੀ ਉਕਤ ਜੀਵਨ ਕਥਾ ਜੋ ਮਨੋ ਕਲਪਤ ਕਥਾ ਨਹੀਂ ਸਗੋਂ ਇਕ ਇਤਿਹਾਸਕ ਸਚਾਈ ਹੈ ਇਹ ਪ੍ਰਗਟ ਕਰਦੀ ਹੈ ਕਿ ਇਹ ਮਾਤਾ ਜੀ ਵਿਆਹੇ ਹੋਇ ਭੀ ਕੁਆਰੇ ਸਨ ਤੇ ਇਕ ਐਸੀ ਪਵਿਤ੍ਰ ਆਤਮਾ ਸਨ ਜਿਸਦਾ ਜੀਵਨ ਇਕ ਸਿਖਿਆ ਦਾਇਕ ਮਿਸਾਲ ਪੇਸ਼ ਕਰਦਾ ਹੈ।

ਭਾਰਤ ਵਰਸ਼ ਦੋ ਸੌ ਬਰਸ ਤੱਕ ਅੰਗਰੇਜ਼ਾਂ ਦਾ ਗੁਲਾਮ ਰਿਹਾ ਇਸ ਕਰਕੇ ਇਸ ਪਰ ਪਛਮੀ ਸਭਯਤਾ ਦਾ ਬਹੁਤ ਜ਼ਿਆਦਾ ਪ੍ਰਭਾਵ ਪਿਆ। ਭਾਰਤ ਦੇ ਇਸਤ੍ਰੀ ਮਰਦ ਅੱਜ ਪਛਮੀ ਸਭਯਤਾ ਦੇ ਵਹਿਣ ਵਿਚ ਰੁੜ੍ਹੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਇਹ ਵਿਚਾਰਨ ਦਾ ਅਵਸਰ ਹੀ ਨਹੀਂ ਮਿਲਿਆ ਕਿ ਮਨੁਖਾ ਜੀਵਨ ਬਾਰੇ ਸਾਡੇ ਪੁਰਾਤਨ ਬਜ਼ੁਰਗਾ ਦੇ ਵਿਚਾਰ ਕੀ ਸਨ ਤੇ ਪੱਛਮੀ ਸਭਯਤਾ ਸਾਨੂੰ ਕਿਸ ਪਾਸੇ ਲੈ ਜਾ ਰਹੀ ਹੈ ? ਪਛਮੀ ਸਭਯਤਾ ਤੇ ਭਾਰਤੀਯ ਸਭਯਤਾ ਦਾ ਮੁਕਾਬਲਾ ਕੀਤਾ ਜਾਵੇ ਤਾਂ ਬਹੁਤ ਸਾਰੇ ਗ੍ਰੰਥ ਲਿਖੇ ਜਾ ਸਕਦੇ ਹਨ ਪਰੰਤੂ ਕੇਵਲ ਇਹ ਪ੍ਰਗਟ ਕਰਨਾ ਹੀ ਕਾਫੀ ਹੈ ਕਿ ਜਿਥੇ ਪਛਮੀ ਸਭਯਤਾ ਦਾ ਜੀਵਨ ਮਨੋਰਥ ਸਰੀਰਕ ਸੁਖ ਮੰਨਣਾ ਹੈ ਉਥੇ ਭਾਰਤੀਯ ਸਭਯਤਾ ਅਨੁਸਾਰ ਜੀਵਨ ਦਾ ਮਨੋਰਥ ਆਤਮ ਰਸ ਪ੍ਰਾਪਤ ਕਰਨਾ ਹੈ। ਜੀਵਨ ਨੂੰ ਇਕ ਸੰਜਮੀ ਤ੍ਰੀਕੇ ਅਨੁਸਾਰ ਜੀਉਣ ਨਾਲ ਤੇ ਮਨ ਬਿਰਤੀਆਂ ਨੂੰ ਕਾਬੂ ਕਰਨ ਨਾਲ ਹੀ ਆਤਮ ਰਸ ਪ੍ਰਾਪਤ ਹੋ ਸਕਦਾ ਹੈ। ਜਿੰਨਾ ਸਿੰਘਣੀਆਂ ਤੇ ਸਿੰਘਾਂ ਨੂੰ ਆਤਮ ਰਸ ਦਾ ਸਵਾਦ ਆਇਆ ਹੈ ਉਹ ਸਰੀਰਕ ਸੁਖਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ।

ਉਹ ਸਮਾ ਬਹੁਤ ਦੂਰ ਨਹੀਂ ਜਦੋਂ ਮਨੁਖ ਇਸ ਗਲ ਪਰ ਵਿਚਾਰ ਕਰੇਗਾ ਕਿ ਜੀਵਨ ਦਾ ਅਸਲ ਮਨੋਰਥ ਵਾਸ਼ਨਾਵਾਂ ਦੀ ਪੂਰਤੀ ਕਰਨਾ ਨਹੀਂ ਸਗੋਂ ਵਾਸ਼ਨਾਵਾ ਨੂੰ ਦਮਨ ਕਰਨਾ ਹੈ ਅਤੇ ਸੰਸਾਰਕ ਸੁਖਾ ਦਾ ਤਿਆਗ ਕਰਕੇ ਆਤਮਕ ਰਸ ਮਾਨਣਾ ਹੈ। ਭਾਈ ਗੋਰੇ ਦੀ ਮਾਤਾ ਦਾ ਮਨ ਸੰਸਾਰਕ ਸੁਖਾਂ ਤੋਂ ਉਪ੍ਰਾਮ ਹੋ ਚੁਕਾ ਸੀ ਤੇ ਉਹ ਆਪਣੇ ਧਰਮਾਤਮਾ ਪਤੀ ਦੀ ਪ੍ਰਤਿੱਗਿਆ ਤੇ ਵਿਆਹ ਦੇ ਪ੍ਰਣ ਨੂੰ ਪੂਰਾ ਕਰਨ ਦੀ ਖਾਤਰ ਕਿਤਨਾ ਸੋਹਣਾ ਸੰਜਮੀ ਜੀਵਨ ਬਤੀਤ ਕਰ ਗਈ ਇਸਤ੍ਰੀ ਜਾਤੀ ਦੇ ਇਤਿਹਾਸ ਵ੍ਰਿਚ ਇਹ ਇਕ ਅਨੋਖੀ ਮਿਸਾਲ ਹੈ। ਅੱਜ ਕਲ ਦੇ ਤਲਾਕ ਲੈਣ ਤੇ ਦੇਣ ਦੇ ਜ਼ਮਾਨੇ ਵਿਚ ਭਾਰਤੀਯ ਇਸਤ੍ਰੀਆਂ ਦੇ ਮਨਾ ਵਿਚ ਪਤੀ ਪਿਆਰ ਦਾ ਉਹ ਅਨੋਖਾ ਜਜ਼ਬਾ ਪੈਦਾ ਨਹੀਂ ਹੋ ਸਕਦਾ ਜੋ ਪੁਰਾਤਨ ਇਸਤ੍ਰੀਆਂ ਦੇ ਜੀਵਨ ਦਾ ਅਸਲੀ ਜੌਹਰ ਸੀ।

Digitized by Panjab Digital Library | www.panjabdigilib.org

# ਮਾਤਾ ਗੁਜਰੀ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮਾਤਾ ਗੁਜਰੀ ਜੀ ਦਾ ਸਿਖ ਇਤਹਾਸ ਵਿਚ ਬਹੁਤ ਉਚਾ ਅਸਥਾਨ ਹੈ। ਆਪ ਜੀ ਦੀ ਗੋਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੈਸੇ ਮਹਾ ਪੁਰਖ ਦਾ ਪੈਦਾ ਹੋਣਾ ਭੀ ਕੋਈ ਘਟ ਮਹਾਨਤਾ ਵਾਲੀ ਗਲ ਨਹੀਂ ਜਿੰਨ੍ਹਾਂ ਨੇ ਭਾਰਤ ਵਰਸ਼ ਦੀ ਕਾਇਆ ਪਲਟ ਦਿਤੀ। ਪ੍ਰੰਤੂ ਕੁਰਬਾਨੀ ਕਰਨ ਵਿਚ ਜੋ ਹਿਸਾ ਮਾਤਾ ਗੁਜਰੀ ਜੀ ਨੇ ਪਾਇਆ ਉਸਦੀ ਦੁਨੀਆਂ ਦੇ ਇਤਹਾਸ ਵਿਚ ਮਿਸਾਲ ਨਹੀਂ ਮਿਲਦੀ। ਜਿਸ ਸਮੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਅਜੇ ਨੌ ਬਰਸ ਦੀ ਹੀ ਸੀ ਤਾਂ ਮਾਤਾ ਗੁਜਰੀ ਜੀ ਦੇ ਸਿਰਤਾਜ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਿਲੀ ਵਿਚ ਜਾ ਕੇ ਸੀਸ ਕੁਰ-ਬਾਨ ਕਰਨ ਲਈ ਤਿਆਰ ਹੋ ਗਏ। ਅਚਾਨਕ ਮੌਤ ਆ ਜਾਣਾ ਹੋਰ ਗਲ ਹੈ ਤੇ ਉਸਨੂੰ ਵਾਹਿਗੁਰੂ ਦਾ ਅਮਿੱਟ ਭਾਣਾ ਸਮਝ ਕੇ ਬਰਦਾਸ਼ਤ ਕਰਨਾ ਹੀ ਪੈਂਦਾ ਹੈ ਪ੍ਰੰਤੂ ਕਿਸੇ ਇਸਤ੍ਰੀ ਦੇ ਸਿਰਤਾਜ ਦਾ ਆਪਣੀ ਇਛਾ ਨਾਲ ਧਰਮ ਤੋਂ ਕੁਰਬਾਨ ਹੋਣ ਲਈ ਜਾਣਾ ਅਤੇ ਉਸ ਨੇ ਕੋਈ ਰੁਕਾਵਟ ਪੈਦਾ ਨਾ ਕਰਨਾ ਇਹ ਇਕ ਬਚਿੱਤ੍ਰ ਘਟਨਾ ਹੈ। ਉਹ ਕਿਹੜੀ ਇਸਤ੍ਰੀ ਹੈ ਜੋ ਆਪਣੇ ਪਤੀ ਦਾ ਸਾਇਆ ਸਿਰ ਤੋਂ ਉਠਦਾ ਵੇਖਕੇ ਭੀ ਚੁਪ ਰਹੇ ਅਤੇ ਗਰੀਬ ਮਜ਼ਲੂਮ ਦੀ ਖਾਤਰ ਆਪਣੇ ਪਤੀ ਨੂੰ ਕੁਰਬਾਨ ਹੋਣ ਦੀ ਆਗਿਆ ਦੇ ਕੇ ਆਪਣਾ ਸੁਹਾਗ ਭਾਗ ਭੀ ਕੁਰਬਾਨ ਕਰਨ ਤੋਂ ਸੰਕੋਚ ਨਾ ਕਰੇ।

ਮਾਤਾ ਗੁਜਰੀ ਜੀ ਦੀ ਇਹ ਸਭ ਤੋਂ ਵਡੀ ਕੁਰਬਾਨੀ ਸੀ ਕਿ ਉਨ੍ਹਾਂ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਦਿਲੀ ਜਾਣ ਸਮੇ ਇਕ ਸ਼ਬਦ ਭੀ ਐਸਾ ਮੂੰਹ ਵਿਚੋਂ ਨਾ ਕਢਿਆ ਜੋ ਰੁਕਾਵਟ ਦਾ ਕਾਰਨ ਬਣ ਸਕਦਾ ਹੋਵੇ। ਆਪ ਦੀ ਸ਼ੁਭ ਸਿਖਿਆ ਦਾ ਸਦਕਾ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭੀ ੯ ਸਾਲ ਦੀ ਬਾਲ ਅਵਸਥਾ ਵਿਚ ਪਿਤਾ ਜੀ ਨੂੰ ਇਹ ਕਿਹਾ ਕਿ ਆਪ ਦੁਖੀਆਂ ਮਜ਼ਲੂਮਾਂ ਦੀ ਖਾਤਰ ਦਿੱਲੀ ਵਿਚ ਸੀਸ ਕੁਰਬਾਨ ਨਹੀਂ ਕਰੋਗੇ ਤਾਂ ਹੋਰ ਕੌਣ ਕਰੇਗਾ? ਇਸ ਤੋਂ ਉਪ੍ਰੰਤ ਗੁਰੂ ਘਰ ਪਰ ਜੋ ਮੁਸੀਬਤਾਂ ਆਈਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਜਿੰਨ੍ਹਾਂ ਔਕੜਾਂ ਵਿਚੋਂ ਲੰਘਣਾ ਪਿਆ ਮਾਤਾ ਗੁਜਰੀ ਜੀ ਉਨ੍ਹਾਂ ਸਾਰੀਆਂ ਮੁਸੀਬਤਾਂ ਵਿਚ ਸ਼ਾਮਲ ਰਹੇ ਅਤੇ ਜਿਸ ਸਮੇ ਸਾਰਾ ਪ੍ਰਵਾਰ ਖੇਰੂ ਖੇਰੂ ਹੋ ਗਿਆ ਤਾਂ ਆਪ ਨੇ ਭੀ ਸਰਹਿੰਦ ਦੇ ਠੰਡੇ ਬੁਰਜ ਵਿਚ ਕੈਦ ਰਹਿ ਕੇ ਸ਼ਹੀਦੀ ਪਾਈ।

ਮਾਤਾ ਗੁਜਰੀ ਜੀ ਦੇ ਜੀਵਨ ਦੀਆਂ ਸਭ ਤੋਂ ਕਠਨ ਘੜੀਆਂ ਸਨ ਜਦ ਆਪ ਛੋਟੇ ਸਾਹਿਬ ਜ਼ਾਦਿਆਂ ਸਮੇਤ ਕੈਦ ਹੋ ਕੇ ਸਰਹਿੰਦ ਵਿਚ ਰਹੇ। ਇਸਤ੍ਰੀਆਂ ਦਾ ਹਿਰਦਾ ਬਹੁਤ ਕੋਮਲ ਹੁੰਦਾ ਹੈ। ਉਹ ਖੁਦ ਭਾਵੇਂ ਕਿੰਨੀਆਂ ਤਕਲੀਫਾਂ ਬਰਦਾਸ਼ਤ ਕਰ ਲੈਣ ਪਰ ਆਪਣੇ ਪੁਤਰਾਂ ਪੋਤਰਿਆਂ ਨੂੰ ਮੁਸੀਬਤ ਵਿਚ ਫਸਿਆ ਹੋਇਆ ਨਹੀਂ ਵੇਖ ਸਕਦੀਆਂ। ਇਸਤਰੀ ਜਾਤੀ ਦਾ ਇਤਹਾਸ ਪੜਨ ਤੋਂ ਪਤਾ ਲਗਦਾ ਹੈ ਕਿ ਜਦ ਮਾਤਾ ਦੇ ਸਾਹਮਣੇ ਉਸਦੇ ਪੁਤਰਾਂ ਨੂੰ ਕੋਈ ਬਿਪਤਾ ਆਈ ਤਾਂ ਮਾਤਾਵਾਂ ਆਪਣੇ ਧੀਰਜ ਤੇ ਸਬਰ ਨੂੰ ਕਾਇਮ ਨਾ ਰਖ ਸਕੀਆਂ ਪ੍ਰੰਤੂ ਮਾਤਾ ਗੁਜਰੀ ਜੀ ਨੇ ਦ੍ਰਿੜਤਾ ਅਤੇ ਧਰਮ ਨੂੰ ਕਾਇਮ ਰਖਣ ਦੀ ਜੋ ਮਿਸਾਲ ਕਾਇਮ ਕੀਤੀ ਹੈ ਉਸਦਾ ਸਾਰੀ ਦੁਨੀਆਂ ਦੇ ਇਤਹਾਸ ਵਿਚੋਂ ਉਦਾਹਰਣ ਨਹੀਂ ਮਿਲਦਾ। ਠੰਡੇ ਬੁਰਜ ਵਿਚ ਭੁਖ ਤੇ ਸਰਦੀ ਦੀਆਂ ਮੁਸੀਬਤਾਂ ਸਹਿਣ ਤੋਂ ਪਿਛੋਂ ਜਦ ਜਲਾਦ ਨੇ ਸਾਹਿਬ ਜ਼ਾਦਿਆਂ ਨੂੰ ਵਜੀਦ ਖਾਨ ਦੀ ਕਚਹਿਰੀ ਵਿਚ ਲੈ ਜਾਣ ਲਈ ਕਿਹਾ ਤਾਂ ਮਾਤਾ ਗੁਜਰੀ ਜੀ ਨੇ

Digitized by Panjab Digital Library | www.panjabdigilib.org

ਕਮਾਲ ਧੀਰਜ ਨਾਲ ਉਨ੍ਹਾਂ ਦੇ ਮੁਖ ਧੋ ਕੇ ਸੋਹਣੀਆਂ ਦਸਤਾਰਾਂ ਸਜਾਈਆਂ। ਗਾਤ੍ਰੇ ਕਿਰਪਾਨਾਂ ਪਾ ਕੇ ਤਿਆਰ ਬਰ ਤਿਆਰ ਕਰ ਕੇ ਕਿਹਾ ਬੇਟਾ ਤੁਸੀਂ ਗੁਰੂ ਗੋਬਿੰਦ ਸਿੰਘ ਦੇ ਸਪੁਤਰ ਹੋ। ਦੁਸ਼ਮਨ ਦੇ ਸਾਹਮਣੇ ਜਾ ਕੇ ਸਿਰ ਨਹੀਂ ਝੁਕਾਣਾ। ਕਚਹਿਰੀ ਵਿਚ ਜਾ ਕੇ ਗੱਜ ਕੇ ਫਤਹਿ ਬੁਲਾਣੀ ਅਤੇ ਅਡੋਲ ਖੜੇ ਹੋ ਜਾਣਾ। ਕੋਈ ਐਸੀ ਗਲ ਨਹੀਂ ਕਰਨੀ ਜਿਸ ਨਾਲ ਤੁਹਾਡੇ ਪਿਤਾ ਦੀ ਸ਼ਾਨ ਨੂੰ ਵੱਟਾ ਲੱਗੇ। ਤੁਹਾਡੇ ਦਾਦਾ ਨੇ ਧਰਮ ਦੀ ਖਾਤਰ ਸੀਸ ਬਲੀਦਾਨ ਕੀਤਾ। ਤੁਹਾਡਾ ਪਿਤਾ ਧਰਮ ਯੁਧ ਵਿਚ ਸਭ ਕੁਝ ਕੁਰਬਾਨ ਕਰਨ ਲਈ ਹਰ ਸਮੇ ਤਿਆਰ ਰਹਿੰਦਾ ਹੈ ਇਸ ਲਈ ਤੁਸੀਂ ਭੀ ਕੁਰਬਾਨੀ ਕਰਨ ਤੋਂ ਸੰਕੋਚ ਨਹੀਂ ਕਰਨਾ।

ਦੁਸ਼ਮਨ ਤੁਹਾਨੂੰ ਬਾਲਕ ਸਮਝ ਕੇ ਲਾਲਚ ਦੇਣ ਗੇ। ਕਈ ਪ੍ਰਕਾਰ ਦੀਆਂ ਧਮਕੀਆਂ ਦੇਣਗੇ ਤੇ ਝੂਠ ਬੋਲ ਕੇ ਧਰਮ ਤੋਂ ਗਿਰਾਉਣ ਦਾ ਯਤਨ ਕਰਨ ਗੇ। ਸ਼ਮਾਦਾਨ, ਦੰਡ, ਭੇਦ, ਦੀ ਨੀਤੀ ਅਨੁ-ਸਾਰ ਉਹ ਐਸਾ ਯਤਨ ਕਰਨ ਗੇ ਕਿ ਤੁਹਾਨੂੰ ਧਰਮ ਤੋਂ ਬੇਮੁਖ ਕੀਤਾ ਜਾਵੇ ਪ੍ਰੰਤੂ ਤੁਸਾਂ ਇੰਨਾ ਸਾਰੀਆਂ ਗਲਾਂ ਤੋਂ ਸਾਵਧਾਨ ਰਹਿਣਾ। ਭਾਵੇਂ ਸਾਹਿਬਜ਼ਾਦੇ ਸਾਰੀਆਂ ਗਲਾਂ ਜਾਣਦੇ ਸਨ ਤੇ ਧਰਮ ਤੋਂ ਬੇਮੁਖ ਹੋਣ ਲਈ ਦੁਨੀਆਂ ਦੀ ਕੋਈ ਭੀ ਸ਼ਕਤੀ ਮਜਬੂਰ ਨਹੀਂ ਕਰ ਸਕਦੀ ਸੀ ਪ੍ਰੰਤੂ ਮਾਤਾ ਗੁਜਰੀ ਜੀ ਦੀ ਉਪਰ ਦਸੀ ਸਿਖਿਆ ਨੇ ਭੀ ਸੋਨੇ ਪਰ ਸੁਹਾਗੇ ਦਾ ਅਸਰ ਕੀਤਾ। ਸਾਹਿਬ ਜ਼ਾਦਿਆਂ ਨੇ ਵਜੀਦ ਖਾਂ ਦੇ ਦਰਬਾਰ ਵਿਚ ਜਾ ਕੇ ਇਕ ਭੀ ਐਸੀ ਗਲ ਨਾ ਕੀਤੀ ਜਿਸ ਤੋਂ ਇਹ ਪਰਤੀਤ ਹੋਵੇ ਕਿ ਉਨਾਂ ਨੇ ਦੁਸ਼ਮਨ ਦੀ ਤਾਕਤ ਦਾ ਭੈ ਖਾਧਾ ਜਾਂ ਵਜੀਦੇ ਦੀਆਂ ਚਾਲਾਂ ਵਿਚ ਆਏ। ਮਾਤਾ ਜੀ ਦੀ ਸਿਖਿਆ ਨੇ ਉਨ੍ਹਾਂ ਨੂੰ ਇਤਨੇ ਹੁਸ਼ਿਆਰ ਕਰ ਦਿਤਾ ਸੀ ਕਿ ਦੁਸ਼ਮਨ ਉਨਾਂ ਦੀ ਹੁਸ਼ਿਆਰੀ ਵੇਖ ਕੇ ਹੈਰਾਨ ਰਹਿ ਗਏ। ਇਕ ਦਿਨ ਵਜੀਦ ਖਾਨ ਨੇ ਇਹ ਚਾਲ ਚਲੀ ਕਿ ਡਿਉਢੀ ਦੇ ਵਡੇ ਦਰਵਾਜ਼ੇ ਬੰਦ ਕਰ ਦਿਉ ਤੇ ਸਾਹਿਬ ਜ਼ਾਦਿਆਂ ਨੂੰ ਛੋਟੀ ਬਾਰੀ ਵਿਚੋਂ ਲੰਘਾਉ ਜਿਸ ਵੇਲੇ ਉਹ ਸਿਰ ਨੀਵਾਂ ਕਰ ਕੇ ਬਾਰੀ ਵਿਚੋਂ ਲੰਘਣ ਤਾਂ ਸਾਰਾ ਦਰਬਾਰ ਤਾੜੀਆਂ ਮਾਰ ਦੇਵੇ ਤੇ ਇਹ ਪਰਗਟ ਕੀਤਾ ਜਾਵੇ ਕਿ ਸਾਹਿਬਜ਼ਾਦਿਆਂ ਨੇ ਸੂਬੇ ਅਗੇ ਸਿਰ ਝੁਕਾਇਆ ਹੈ।

ਸਾਹਿਬਜ਼ਾਦਿਆਂ ਨੂੰ ਇਸ ਚਾਲ ਦਾ ਪਤਾ ਲਗ ਗਿਆ। ਉਹ ਬਾਰੀ ਵਿਚੋਂ ਇਸ ਤਰ੍ਹਾਂ ਲੰਘੇ ਕਿ ਸਿਰ ਨੀਵਾਂ ਨਾ ਹੋਣ ਦਿਤਾ। ਪਹਿਲਾਂ ਬਾਰੀ ਵਿਚੋਂ ਪੈਰ ਲੰਘਾਏ ਫਿਰ ਸਿਰ ਇਸ ਢੰਗ ਨਾਲ ਲੰਘਾਇਆ ਕਿ ਸਿਰ ਤਾਂ ਭੀ ਨਾ ਝੁਕਿਆ। ਇਹ ਵੇਖਕੇ ਵਜੀਦ ਖਾਨ ਤੇ ਉਸ ਦੇ ਮੁਸਾਹਿਬ ਹੈਰਾਨ ਰਹਿ ਗਏ ਅਤੇ ਉਨ੍ਹਾਂ ਨੇ ਸਮਝ ਲਿਆ ਕਿ ਇਹ ਬਚੇ ਕਾਬੂ ਵਿਚ ਆਉਣ ਵਾਲੇ ਨਹੀਂ। ਇਹ ਸਭ ਕੁਝ ਮਾਤਾ ਜੀ ਵਲੋਂ ਮਿਲੀ ਸਿਖਿਆ ਦਾ ਹੀ ਪ੍ਰਤਾਪ ਸੀ।

## ਮਾਤਾ ਸਾਹਿਬ ਦੇਵਾਂ ਜੀ

ਮਾਤਾ ਸਾਹਿਬ ਦੇਵਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਸਨ। ਆਪ ਜੀ ਦਾ ਅਨੰਦ ਕਾਰਜ ਸੰਮਤ ੧੭੫੭ ਨੂੰ ਹੋਇਆ। ਮਾਤਾ ਸਾਹਿਬ ਦੇਵਾਂ ਦੇ ਪਿਤਾ ਜੀ ਦਾ ਨਾਮ ਭਾਈ ਰਾਮੂ ਸੀ ਅਤੇ ਆਪ

Digitized by Panjab Digital Library | www.panjabdigilib.org

ਰੋਹਤਾਸ ਦੇ ਰਹਿਣ ਵਾਲੇ ਸਨ। ਸ੍ਰੀ ਗੁਰੂ ਗੋਬਿੰਦ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਦੀ ਕੁਖ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਹੋਇਆ ਅਤੇ ਮਾਤਾ ਜੀਤੋ ਜੀ ਦੇ ਉਦਰ ਤੋਂ ਸਾਹਿਬਜ਼ਾਦਾ ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਜੀ ਦਾ ਜਨਮ ਹੋਇਆ। ਇਕ ਦਿਨ ਮਾਤਾਂ ਸਾਹਿਬ ਦੇਵਾਂ ਨੇ ਸ੍ਰੀ ਗਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਪਰਾਰਥਨਾ ਕੀਤੀ ਕਿ ਆਪ ਤਾਂ ਕਰਣ ਕਾਰਣ ਸਮਰੱਥ ਹੋ ਮੇਰੀ ਇਛਾ ਹੈ ਕਿ ਮੇਰੇ ਉਦਰ ਤੋਂ ਭੀ ਪੁਤ੍ਰ ਉਤਪੰਨ ਹੋਵੇ ਤਾਂ ਕਿ ਮੈਂ ਭੀ ਸੌਤਰੀ ਹੋਵਾਂ। ਗੁਰੂ ਜੀ ਨੇ ਕਿਹਾ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਚਾਹੀਦਾ ਹੈ ਪ੍ਰੰਤੂ ਜੇ ਤੁਹਾਡੀ ਇਛਾ ਸੌਤਰੀ ਅਖਵਾਣ ਦੀ ਹੈ ਤਾਂ ਮੈਂ ਅਪਨੇ ਨਾਦੀ ਪੁਤ੍ਰ ਖਾਲਸਾ ਪੰਥ ਨੂੰ ਤੇਰੀ ਝੋਲੀ ਪਾਵਾਂਗਾ। ਜਿਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਅਤੇ ਉਸ ਵਿਚ ਖ਼ੰਡੇ ਦਾ ਰੋਹ ਇਤਨਾ ਭਰ ਦਿਤਾ ਕਿ ਚਿੜੀਆਂ ਭੀ ਇਕ ਇਕ ਚੁੰਝ ਭਰ ਕੇ ਲੜ ਮਰੀਆਂ ਤਾਂ ਮਾਤਾ ਸਾਹਿਬ ਦੇਵਾਂ ਨੇ ਵਿਚਾਰ ਕੀਤੀ ਕਿ ਜੇ ਅੰਮ੍ਰਿਤ ਵਿਚ ਮਿਠਾਸ ਪੈਦਾ ਨਾ ਕੀਤੀ ਗਈ ਤਾਂ ਖਾਲਸਾ ਪੰਥ ਨਿਰਾ ਜੋਸ਼ੀਲਾ ਬਣ ਜਾਵੇਗਾ। ਇਹ ਵਿਚਾਰ ਕੇ ਮਾਤਾ ਜੀ ਪਤਾਸੇ ਲੈ ਆਏ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਇਹ ਪਤਾਸੇ ਅੰਮ੍ਰਿਤ ਵਿਚ ਪਾਉਣ ਦੀ ਆਗਿਆ ਬਖਸ਼ੋ ਤਾਂ ਕਿ ਖਾਲਸਾ ਪੰਥ ਵਿਚ ਮਠਾਸ ਦਾ ਗੁਣ ਪੈਦਾ ਹੋਵੇ। ਗੁਰੂ ਜੀ ਨੇ ਬੜੀ ਪ੍ਰਸੰਨਤਾ ਪ੍ਰਗਟ ਕੀਤੀ ਤੇ ਇਸ ਸਮੇਂ ਤੋਂ ਪਤਾਸੇ ਅੰਮ੍ਰਿਤ ਦੀ ਮਰਯਾਦਾ ਦਾ ਜ਼ਰੂਰੀ ਭਾਗ ਬਣ ਗਏ

ਵਿਦਵਾਨ ਲਿਖਾਰੀਆਂ ਨੇ ਖਾਲਸੇ ਦੇ ਗੁਣ ਇਹ ਪ੍ਰਗਟ ਕੀਤੇ ਹਨ।

"ਕਛ ਡੱਦਾ ਕਰਬਰਖੜਾ ਚਿੱਤ ਚੋਖੇ ਮੁਖ ਮੀਠ ਰਣਤੱਤੇ ਘਰਸੀਅਰੇ ਤੇ ਸਿੱਖ ਵਿਰਲੇ ਡੀਠ" ਭਾਵ ਇਹ ਕਿ ਗੁਰੂ ਦਾ ਸਿਖ ਨਾਲੇ ਦਾ ਜਤੀ, ਹਥ ਦਾ ਸਖੀ, ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲਾ ਤੇ ਮੂੰਹ ਦਾ ਮਿਠਾ ਹੋਣਾ ਚਾਹੀਦਾ ਹੈ। ਜੇ ਜੁਧ ਵਿਚ ਜਾਵੇ ਤਾਂ ਜੋਸ਼ ਨਾਲ ਤੱਤਾ ਹੋ ਜਾਵੇ ਤੇ ਘਰ ਵਿਚ ਹੋਵੇ ਤਾਂ ਠੰਡਾ ਰਹੇ। ਵਿਚਾਰ ਨਾਲ ਵੇਖਿਆ ਜਾਵੇ ਤਾਂ ਇਨ੍ਹਾਂ ਗੁਣਾਂ ਵਿਚੋਂ ਅਧੇ ਗੁਣ ਮਾਤਾ ਸਾਹਿਬ ਦੇਵਾਂ ਨੇ ਪੈਦਾ ਕੀਤੇ ਕਿਉਂਕਿ ਉਨਾਂ ਦੀ ਇੱਛਾ ਸੀ ਕਿ ਖਾਲਸਾ ਨਿਰਾ ਹੀ ਜੋਸ਼ੀਲਾ ਨਹੀਂ ਹੋਣਾ ਚਾਹੀਦਾ ਸਗੋਂ ਇਸ ਵਿਚ ਪਰੇਮ ਪਿਆਰ, ਮਿਠਾਸ ਆਦਿਕ ਗੁਣ ਭੀ ਪੈਦਾ ਹੋਣੇ ਚਾਹੀਦੇ ਹਨ। ਖਾਲਸਾ ਪੰਥ ਨੂੰ ਗੁਰੂ ਸਾਹਿਬ ਜੀ ਨੇ ਮਾਤਾਂ ਸਾਹਿਬ ਦੇਵਾਂ ਦੀ ਝੋਲੀ ਪਾਇਆ ਜਿਸ ਕਰ ਕੇ ਅੰਮ੍ਰਿਤ ਛਕਾਉਣ ਸਮੇਂ ਹਰ ਇਕ ਸਿੰਘ ਨੂੰ ਇਹ ਦਸਿਆ ਜਾਂਦਾ ਹੈ ਕਿ ਤੇਰਾ ਧਾਰਮਕ ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਦੇਵਾਂ, ਅਤੇ ਵਾਸੀ ਅਨੰਦ ਪੁਰ ਦੀ ਹੈ। ਅਰਥਾਤ ਹਰ ਇਕ ਸਿੰਘ ਦਾ 'ਸਤਿਗੁਰੂ ਕੇ ਜਨਮੇ ਗਵਨ ਮਿਟਾਇਆਂ" ਦੇ ਮਹਾਂ ਵਾਕ ਅਨਸਾਰ ਗੁਰੂ ਘਰ ਵਿਚ ਨਵਾਂ ਜਨਮ ਹੁੰਦਾ ਹੈ। ਪਿਛਲਾ ਜਨਮ, ਕਰਮ, ਧਰਮ, ਵਰਨ ਆਦਿ ਸਭ ਖਤਮ ਹੋ ਜਾਂਦੇ ਹਨ ਅਤੇ ਨਵੇਂ ਜੀਵਨ ਦਾ ਅਰੰਭ ਹੁੰਦਾ ਹੈ। ਇਸ ਪ੍ਰਕਾਰ ਮਾਤਾ ਸਾਹਿਬ ਦੇਵਾਂ ਖਾਲਸੇ ਦੀ ਪੂਜਨੀਕ ਮਾਤਾ ਜੀ ਹਨ ਅਤੇ ਉਹਨਾਂ ਦਾ ਨਾਂ ਰਹਿੰਦੀ ਦੁਨੀਆਂ ਤਕ ਪਰਗਟ ਰਹੇ ਗਾ।

ਧੰਨ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨਾਂ ਨੇ ਇਕ ਪੁਤਰ ਦੀ ਇੱਛਾ ਕਰਨ ਪਰ ਸਾਰਾ ਪੰਥ ਮਾਤਾਂ ਸਾਹਿਬ ਦੇਵਾਂ ਦੀ ਝੋਲੀ ਪਾ ਕੇ ਉਨ੍ਹਾਂ ਨੂੰ ਕਰੋੜਾਂ ਪੁਤ੍ਰਾਂ ਦੀ ਮਾਤਾ ਬਣਾ ਦਿਤਾ ਅਤੇ ਉਨਾਂ ਦੇ ਪਰਵਾਰ ਨੂੰ ਦੁਨੀਆਂ ਵਿਚ ਹਮੇਸ਼ ਵਧਦੇ ਫੁਲਦੇ ਰਹਿਣ ਦੀ ਸ਼ਕਤੀ ਪ੍ਰਦਾਨ ਕੀਤੀ। ਇਤ—

Digitized by Panjab Digital Library | www.panjabdigilib.org

ਹਾਸਕ ਪੁਸਤਕਾਂ ਨੂੰ ਗਹੁ ਨਾਲ ਪੜਨ ਤੋਂ ਪਤਾ ਲਗਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਦੇਵਾਂ ਨੂੰ ਖ਼ਾਲਸੇ ਦੀ ਮਾਤਾ ਬਣਾ ਕੇ ਉਨ੍ਹਾਂ ਦੀ ਯਾਦ ਨੂੰ ਆਪਣੇ ਨਾਲ ਹਮੇਸ਼ਾਂ ਲਈ ਅਮਿੱਟ ਕਰ ਦਿਤਾ ਅਤੇ ;ਉਨਾਂ ਨੂੰ ਧਾਰਮਕ ਮਰਯਾਦਾ ਵਿਚ ਹਿਸੇਦਾਰ ਬਣਾ ਕੇ ਉਹ ਦਰਜਾ ਦਿਤਾ ਜੋ ਹੋਰ ਕਿਸੇ ਨੂੰ ਪਰਾਪਤ ਨਹੀਂ ਹੋ ਸਕਿਆ।

ਜਿਸ ਵੇਲੇ ਸ੍ਰੀ ਦਮਦਮਾ ਸਾਹਿਬ ਤੋਂ ਗੁਰੂ ਜੀ ਦਖਣ ਵਲ ਜਾਣ ਲਈ ਤਿਆਰ ਹੋਇ ਤਾਂ ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵਾਂ ਨੂੰ ਭਾਈ ਮਨੀ ਸਿੰਘ ਜੀ ਦੇ ਨਾਲ ਦਿਲੀ ਜਾਣ ਦੀ ਆਗਿਆ ਹੋਈ ਮਾਤਾ ਸਾਹਿਬ ਦੇਵਾਂ ਨੇ ਬੜੇ ਅਧੀਨ ਹੋ ਕੇ ਬੇਨਤੀ ਕੀਤੀ ਕਿ ਮੈਂ ਆਪ ਜੀ ਦੇ ਦਰਸ਼ਨ ਕਰਕੇ ਅਨ ਗ੍ਰਹਣ ਕਰਦੀ ਹਾਂ। ਇਸ ਵਾਸਤੇ ਆਪ ਜੀ ਦੇ ਚਰਨ ਕੰਵਲਾਂ ਵਿਚ ਰਖੋ। ਗੁਰੂ ਜੀ ਨੇ ਕਿਹਾ ਅੰਮ੍ਰਿਤ ਵੇਲੇ ਉਠ ਕੇ ਬਾਣੀ ਪੜ ਕੇ ਅੰਤਰ ਧਿਆਨ ਹੋਇਆ ਕਰੋਗੇ ਤਾਂ ਸਾਡੇ ਦਰਸ਼ਨ ਹੋ ਜਾਇਆ ਕਰਨ ਗੇ। ਇਸ ਪ੍ਰਕਾਰ ਧੀਰਜ ਦੇ ਕੇ ਮਹਿਲਾਂ ਨੂੰ ਦਿਲੀ ਰਵਾਨਾ ਕੀਤਾ। ਪਤੀ ਦੀ ਆਗਿਆਂ ਪਾਲਣ ਕਰਦੇ ਹੋਏ ਮਾਤਾ ਸਾਹਿਬ ਦੇਵਾਂ ਜੀ ਦਿਲੀ ਵਿਚ ਹੀ ਰਹੇ ਤੇ ਇਥੇ ਹੀ ਅਕਾਲ ਚਲਾਣਾ ਕੀਤਾ।

## ਰਾਣੀ ਦੀ ਬਹਾਦਰੀ

### ੨੨ ਧਾਰ ਰਾਜਿਆਂ ਨੂੰ ਔਰੰਗਜ਼ੇਬ ਵਲੋਂ ਸਖਤ ਹੁਕਮ

ਜਿਸ ਵਿਚ ਇਹ ਲਿਖਿਆ ਸੀ ਕਿ ਜੇ ਥੋੜੇ ਵਾਲੇ ਢਿਲੇ ਮਠੇ ਹੋਏ ਤਾਂ ਸਾਰੇ ਮਾਰੇ ਜਾਵੋਗੇ। ਬਸ ਇਹ ਹੁਕਮ ਸੁਣਨ ਦੀ ਦੇਰ ਸੀ। ਹਿੰਦੂ ਰਾਜੇ, ਰਈਸ ਤੇ ਜਾਗੀਰਦਾਰ ਸਭ ਆਪੋ ਆਪਣੀਆਂ ਫੌਜਾਂ ਲੈਕੇ ਅਨੰਦ ਪੁਰ ਨੂੰ ਘੇਰਾ ਪਾਉਣ ਲਗੇ, ਕਾਉਣ ਕਾਉਣ ਰਾਜਾ ਬਿਲਾਸਪੁਰ, ਕਹਿਲੂਰ ਦਾ ਰਾਜਾ ਅਜਮੇਰ ਚੰਦ, ਕਾਂਗੜੇ ਦਾ ਘਮੰਡ ਚੰਦ, ਜਸਪਾਲ ਦਾ ਬੀਰ ਸਿੰਹੂੰ, ਰਾਜਾ ਕੂਲੂ, ਕੈਥਲ, ਮੰਡੀ ਜੰਮ, ਨੂਰ ਪੁਰ, ਚੰਬਾ, ਗਲੇਰ, ਸ੍ਰੀ ਨਗਰ, ਬਿਝੜਵਾਲ, ਡਰੋਲੀ, ਡਢਵਾਲ, ਦੜੋਲ, ਚੰਦੇਲ, ਅਰਕੀ, ਭੱਜੀ ਆਦਿਕ ਇਨ੍ਹਾਂ ਤੋਂ ਬਿਨਾ ਰੰਗਜਰਵੀ ਨਾਲ ਰਲੇ, ਬੇਸ਼ੁਮਾਰ ਕਠੇ ਹੋਇਕੇ ਅਨੰਦ ਪੁਰ ਤੇ ਚੜਾਈ ਕਰ ਆਏ, ਔਰੰਗਜ਼ੇਬ ਦੇ ਭੈ ਨੇ ਪਾਗਲ ਕੀਤੇ ਕਿਸੇ ਨੂੰ ਭੀ ਹੀਆ ਨ ਪਿਆ ਕਿ ਇਕ ਪ੍ਰਦੇਸੀ ਦੇ ਆਖੇ ਲਗਕੇ ਜਿਸ ਰਬੀ ਤਾਕਤ ਨਾਲ ਮਥਾ ਲਾਂ ਕੇ ਉਜਾੜਨ ਵਾਸਤੇ ਜਾ ਰਹੇ ਹਾਂ। ਉਹ ਤਾਂ ਸ਼ਾਇਦ ਨਾ ਉਜੜੇ। ਪਰਉਸਨੂੰ ਉਜਾੜਨ ਵਾਲਿਆਂ ਨੇ ਖੁਦ ਉਜੜ ਜਾਣਾ ਹੈ। "ਜੋ ਖੁਦ ਆਪ ਨਾਰਾਇਣ ਕਲਾਂ ਧਾਰ ਜਗ ਮਹਿ ਪਰਵਰਿਓ", ਉਹਦਾ ਨਾਸ ਕਰਨ ਵਾਲਾ ਮਨੁਖ ਕੌਣ ਵਿਚਾਰਾ" ਇਹ ਤਾਂ ਇਕ ਭਾਣੇ ਦੀ ਖੇਡ ਸੀ ਜੋ ਹੋਣ ਲਗੀ ਸੀ ਜਿਵੇਂ ਬੀਜ ਧਰਤੀ ਵਿਚ ਆਪਣੇ ਆਪ ਦਾ ਨਾਸ ਕਰ ਕੇ ਨਵੇਂ ਬੂਟੇ ਨੂੰ ਜਨਮ ਦੇਂਦਾ ਹੈ ਤੇ ਉਹੋ ਬੂਟਾ ਬੜਾ ਵਡਾ ਜੋ ਕਈ ਮਰਲਿਆਂ (ਕਨਾਲਾਂ) ਵਿਚ ਵਿਚ ਦਰਖਤ ਬਣਦਾ ਹੈ ("ਬਟਕ ਬੀਜ ਮੈ ਰਣ ਰਹਿਉ ਜਾ ਕੋ ਤੀਨ ਲੋਕ ਵਿਸਥਾਰ") ਉਸ ਬੋਹੜ ਦੇ ਫਲ ਹਜ਼ਾਰਾਂ ਜੀਵ ਖਾਂਦੇ, ਹਜ਼ਾਰਾਂ ਜੀਵ ਹੇਠਾਂ ਬੈਠ ਦੇ ਹਜ਼ਾਰਾਂ ਹੀ ਦਿਨੇ ਰਾਤ ਆਸਰਾ ਲੈਂਦੇ। ਇਸ ਤਰਾਂ ਹੀ ਸ੍ਰੀ ਕਲਗੀਧਰ ਪਾਤਸ਼ਾਹ ਅਕਾਲ ਪੁਰਖ ਦੇ ਹੁਕਮ ਨਾਲ ਆਪਣੇ ਆਪਣੇ ਜਸਮਾਨੀ ਦਿਖਾਵੇ ਦਾ ਅੰਤ ਕਰਕੇ "ਖਾਲਸਾ ਪੰਥ ਦੇ ਬੋਹੜ ਰੂਪ ਦਰਖਤ ਨੂੰ ਦੇਣਾ ਚਾਹੁੰਦੇ ਸਨ, ਜੋ ਗਰੀਬਾਂ ਤੇ ਮਜ਼ਲੂਮਾਂ ਦਾ ਜ਼ੀਵਨ ਆਸਰਾ ਬਣੇ ਗਾ

Digitized by Panjab Digital Library | www.panjabdigilib.org

ਪਰ

ਏਧਰ ਨਿਭਾਗੇ ਪਥਰ ਪੂਜ ਹਿੰਦੂ ਤੇ ਪਥਰ ਤੋੜ ਮੁਸਲਮਾਨ ਖੁਦ ਗ਼ਰਜ਼ੀ ਦੇ ਕਾਰਨ ਇਕੱਤਰ ਹੋ ਬੈਠੇ। ਜਬਰਦਮਤ ਖਾਂ, ਦਿਲਾਵਰ ਖਾਂ, ਤੇ ਵਜ਼ੀਰ ਖਾਂ ਆਦਿਕ ਮੁਛਾਂ ਨੂੰ ਵਟ ਦਿੰਦੇ ਹੋਏ ਅਗੇ ਵਧੇ ਤੇ ਅਨੰਦ ਪੁਰ ਨੂੰ ਘੇਰਾ ਪਾ ਲਿਆ ॥ ਉਤਰ, ਪੂਰਬ, ਪੱਛਮ ਤੇ ਦਖਣ ਵਲ ਦਸ ਦਸ ਕੋਹ ਤੱਕ ਦੁਸ਼ਮਣ ਫੌਜਾਂ ਦੇ ਡੇਰੇ ਲਗ ਗਏ ॥ ਔਰੰਗਜ਼ੇਬ ਦੀ ਇਛਾ ਅਨੁਸਾਰ ਘੇਰਾ ਪਾਇਆ ਗਿਆ ਅਤੇ ਐਸੇ ਪਰਕਾਰ ਦਾ ਹੁਕਮ ਨਾਮਾ ਰਾਏ ਪੁਰ ਦੀ ਰਾਣੀ ਨੂੰ ਭੀ ਭੇਜਿਆ ਗਿਆ।

## ਰਾਣੀ ਦੀ ਦਲੇਰੀ

ਰਾਏ ਪੁਰ ਦੀ ਰਾਣੀ ਸ੍ਰੀ ਗੋਬਿੰਦ ਸਿੰਘ ਸਾਹਿਬ ਜੀ ਦੇ ਚਰਨਾਂ ਜਿਤ ਪਰਤੀ ਧਿਆਨ ਧਰ ਕੇ ਅਭਿਆਸ ਕਰਦੀ ਹੁੰਦੀ ਸੀ ਜਦ ਉਸ ਨੂੰ ਸ਼ਾਹੀ ਹੁਕਮ ਪੁਜਾ ਤਾਂ ਕਿ ਆਪਣੀ ਫੌਜ ਅਨੰਦ ਪੁਰ ਉਦਾਲੇ ਘੇਰਾ ਪਾਉਣ ਵਾਸਤੇ ਭੇਜ ਤਾਂ ਤੇ ਕਲਗੀਧਰ ਜੀ ਨੂੰ ਪਕੜ ਕੇ ਦਿਲੀ ਭੇਜਿਆ ਜਾਵੇ। ਜਦ ਵਜ਼ੀਰ ਨੇ ਇਹ ਖਬਰ ਰਾਣੀ ਨੂੰ ਦਿਤੀ ਤਾਂ ਰਾਣੀ ਗਸ਼ ਖਾ ਕੇ ਡਿਗ ਪਈ ਅਤੇ ਡਿਗਦੇ ਸਾਰ ਉਸ ਦੇ ਮੂੰਹੋਂ ਨਿਕ-ਲਿਆ ਕਿ ਹੇ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ, ਐਨਾ ਪਾਪ, ਹਨੇਰ ! ਮੈਂ ਸ੍ਰਬ ਬਿਆਪੀ ਸਤਿਗੁਰੂ ਜੀ ਦੇ ਫੜਨ ਵਾਸਤੇ ਤੇ ਵਿਰੁਧ ਉਨਾਂ ਦੀ ਬਖਸ਼ੀ ਹੋਈ ਫੌਜ ਭੇਜਾਂ, ਇਹ ਕਰਮ ਮੈਥੋਂ ਨਹੀਂ ਹੋ ਸਕਦਾ। ਹਾਂ ਇਹ ਤੇ ਮੈਥੋਂ ਜੇ ਕਰਾਵੇ ਤਾਂ ਮੈਂ ਕਰ ਸਕਦੀ ਹਾਂ । ਜਿਸ ਕਲਗੀਧਰ ਪ੍ਰੀਤਮ ਨੇ ਮੈਨੂੰ ਰਾਜ ਭਾਗ ਦਿਤਾ ਹੈ'' ਉਸ ਦੇ ਹੁਕਮ ਅਨੁਸਾਰ ਮੇਰੀ ਫੌਜ ਮੇਰਾ ਖਜ਼ਾਨਾ, ਮੇਰਾ ਰਾਜ ਉਸੇ ਗੁਰੂ ਦਾ ਹੈ ਇਸ ਵਾਸਤੇ ਉਸ ਸਤਿਗੁਰੂ ਜੀ ਦੀ ਸੇਵਾ ਕਰਨ ਵਾਸਤੇ, ਮੁਗ਼ਲਾਂ ਧਰਮ ਵਿਰੋਧੀਆਂ ਦੇ ਵਿਰੁਧ ਲੜਨ ਵਾਸਤੇ ਭੇਜ ਸਕਦੀ ਹਾਂ। "ਮੇਰਾ ਮੁਝ ਮੈ ਕੁਛ ਨਹੀਂ ਜੋ ਕੁਛ ਹੈ ਸੋ ਤੇਰਾ। ਤੇਰਾ ਤੁਝ ਕੋ ਸੌਂਪ ਦੇ ਕਿਆ ਲਾਗੇ ਮੇਰਾ'' ਪੁਨਾ ਜਿਸ ਕੀ ਵਸਤ ਤਿਸ ਆਗੈ ਰਾਖੋ ॥ ਬਾਦਸ਼ਾਹ ਜ਼ਾਲਮ ਹੈ। ਜ਼ਾਲਮ ਦੀ ਸਹਇਤਾ ਨਹੀਂ ਕੀਤੀ ਜਾਂਦੀ। ਰਾਣੀ ਦੇ ਐਸੇ ਬਚਨ ਸੁਣ ਕੇ ਵਜ਼ੀਰ ਨੇ ਅਧੀਨਗੀ ਨਾਲ ਕਿਹਾ ਆਪ ਸਚ ਆਖਦੇ ਹੋ ਪਰ ਔਰੰਗਜ਼ੇਬ ਦੇ ਗੁਸੇ ਦਾ ਸ਼ਿਕਾਰ ਨਾ ਹੋ ਜਾਵੋ, ਇਹ ਰਿਆਸਤ ਤਾਂ ਇਕ ਬੁਰਕੀ ਦੇ ਸਮਾਨ ਹੈ, ਮੁਗ਼ਲ ਦਿਉ ਇਸ ਨੂੰ ਝਟ ਨਿਗਲ ਜਾਵੇਗਾ। ਆਪ ਸੋਚ ਲਵੋ ਇਸਤ੍ਰੀ ਦੀ ਗੁਤ ਪਿਛੇ ਮਤ ਹੁੰਦੀ ਹੈ।

ਰਾਣੀ–ਵਜ਼ੀਰ ਮੈਂ ਇਸਤ੍ਰੀ ਨਹੀਂ ਮੈਂ ਸ੍ਰੀ ਦਸਮੇਸ਼ ਜੀ ਦੀ ਸੁਪੁਤ੍ਰੀ ਮਰਦ ਹਾਂ ਇਸਤ੍ਰੀਆਂ ਤਾਂ ਉਹ ਹਨ ਜੋ ਜਾਨ ਦੇ ਮਾਰੇ ਆਪਣੀਆਂ ਕੁੜੀਆਂ ਦੇ ਡੋਲੇ ਪੇਸ਼ ਕਰ ਕੇ ਬੇਗ਼ੈਰਤੀ ਦਾ ਸਬੂਤ ਦਿੰਦੇ ਹਨ ਅਜੇ ਬਸ ਨਹੀਂ ਜੋ ਹਲਤ ਪਲਤ ਦੇ ਰਾਖੇ, ਤੇ ਅਨੰਦ ਪੁਰ ਚੜ ਕੇ ਆਏ ਹਨ। ਵਜ਼ੀਰ ਮੇਰੀ ਗਿਚੀ ਪਿਛੇ ਮਤ ਨਹੀਂ, ਗਿਚੀ ਪਿਛੇ ਉਨ੍ਹਾਂ ਦੀ ਮਤ ਹੈ ਜੋ ਬਿਨਾ ਸਮਝੇ ਸੋਚੇ ਧਰਮ ਦੇ ਰਖਵਾਲੇ ਗੁਰੂ ਤੇ ਅਕਾਰਣ ਚੜ ਕੇ ਆਏ ਹਨ ॥

ਵਜ਼ੀਰ –ਇਸ ਦੇ ਨਤੀਜੇ ਦਾ ਪਤਾ ਹੈ ?

ਹਾਂ ਮੇਰੀ ਰਿਆਸਤ ਚਲੀ ਜਾਵੇ, ਮੇਰੇ ਮਹਿਲ ਢੱਠ ਜਾਣ ਮੈਂ ਉਜੜ ਜਾਵਾਂ, ਮੇਰੀ ਮੌਤ ਹੋ ਜਾਵੇ ਮੈਨੂੰ ਭੈ ਨਹੀਂ ਪਰ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਖਿਲਾਫ ਨਹੀਂ ਹੋ ਸਕਦੀ ਉਹੋ

Digitized by Panjab Digital Library | www.panjabdigilib.org

ਮੇਰਾ ਅੰਮ੍ਰਿਤ ਦਾਤਾ ਜੀਵਨ ਦਾਤਾ ਸਭ ਦਾ ਰਾਖਾ ॥ ਮੇਰਾ ਪ੍ਰੀਤਮ, ਕਟੇ ਜਾਣ ਉਹੋ ਹਥ, ਝੜ ਜਾਣ ਉਹੋ ਪੈਰ, ਨਿਕਲ ਜਾਣ ਉਹੋ ਅੱਖਾਂ ਜੋ ਪਿਆਰੇ ਸਤਿਗੁਰੂ ਵਾਰੇ ਚਿਤਵੇ ਕਟੀ ਜਾਏ ਉਹੋ ਜੀਭਾ ਜੋ ਸਤਿਗੁਰੂ ਜੀ ਦੀ ਨਿੰਦਿਆ ਕਰੇ , ਮੇਰਾ ਸਭ ਕੁਝ ਉਸੇ ਸਤਿਗੁਰੂ ਜੀ ਦਾ ਹੈ ਮੈਂ ਤਾਂ ਇਕ ਚੌਕੀ-ਦਾਰੀ ਕਰ ਰਹੀ ਹਾਂ ।

ਫਕੀਰ ਨਿਰੁਤਰ ਹੋ ਗਿਆ, ਉਹ ਹੈਰਾਨ ਸੀ ਤੇ ਘਬਰਾਇਆ ਹੋਇਆ ਸੀ ਕਿਉਂ ਕਿ ਉਹਦੇ ਮਨ ਸ਼ਾਂਤੀ ਨਹੀਂ ਸੀ ਆਂਉਂਦੀ ਉਹ ਦੇਵੀ ਦਾ ਪੁਜਾਰੀ ਹੋਣ ਕਰ ਕੇ ਸ੍ਰੀ ਕਲਗੀਧਰ ਜੀ ਦਾ ਸ਼ਰਧਾਲ ਨਹੀਂ ਸੀ । ਰਾਣੀ ਨੇ ਆਖਿਆ ਸੀ ਜਾਹ ਆਰਾਮ ਨਾਲ ਬੈਠ, ਮੈਨੂੰ ਕਿਤੇ ਫੌਜਾਂ ਭੇਜਣ ਦੀ ਲੋੜ ਨਹੀਂ ਨਾ ਮੈਨੂੰ ਕਿਸੇ ਦਾ ਭੈ ਹੈ । ਮੇਰਾ ਸਤਿਗੁਰੂ ਮੇਰੇ ਅੰਗ ਸੰਗ ਹੋ ਕੇ ਸਹਾਇਤਾ ਕਰੇਗਾ ਉਹ ਅੰਤਰ-ਜ਼ਾਮੀ ਹਰ ਇਕ ਦੇ ਦਿਲ ਦੀਆਂ ਜਾਣਦੇ ਹਨ । ਜੇ ਤੈਂ ਪਾਰ ਹੋਣਾ ਹੈ ਤਾਂ ਸਿਦਕ ਰਖ । ਕੂੜਾ ਲਾਲਚ ਛਡ ਕੇ ਸਚੇ ਸਚੇ ਸਤਿਗੁਰੂ ਜੀ ਦੀ ਜੇ ਸੇਵਾ ਨਹੀਂ ਕਸ ਸਕਦਾ ਤਾਂ ਇਕਾਂਤ ਬੈਠ ਕੇ ਸ੍ਰੀ ਗੁਰੂ ਜੀ ਦੇ ਨਾਂ ਦਾ ਧਿਆਨ ਧਰਕੇ ਸਿਮਰਨ ਕਰ ।

## ਬੀਬੀ ਹਰਸ਼ਰਨ ਕੌਰ

ਚਮਕੌਰ ਦੇ ਜੰਗ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ੪੦ ਭੁਖਣ ਭਾਣੇ ਸਿੰਘਾਂ ਨੂੰ ਨਾਲ ਲੈਕੇ ਦੁਸ਼ਮਨ ਦੀ ਦਸ ਲੱਖ ਫੌਜ ਦਾ ਮੁਕਾਬਲਾ ਕੀਤਾ । ਇਕ ਕਚੀ ਗੜ੍ਹੀ ਵਿਚ ਬੈਠ ਕੇ ਆਪਨੇ ਕਈ ਦਿਨ ਵੈਰੀ ਦਲ ਦਾ ਟਾਕਰਾ ਕੀਤਾ ਅਤੇ ਅੰਤ ਅਪਣੇ ਇਸ ਪ੍ਰਣ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਿ "ਸਵਾ ਲਾਖ ਸੇ ਏਕ ਲੜਾਊ ਤਬਹਿ ਗੋਬਿੰਦ ਸਿੰਘ ਨਾਮ ਕਹਾਊ" ਆਪਣੇ ਵਡੇ ਦੋਹਾਂ ਸਾਹਿਬ ਜ਼ਾਦਿਆਂ ਨੂੰ ਇਕਲੇ ਜੰਗ ਵਿਚ ਭੇਜਿਆ । ਸਾਹਿਬਜ਼ਾਦਾ ਅਜੀਤ ਸਿੰਘ ਤੇ ਝੁਜਾਰ ਸਿੰਘ ਜੀ ਨੇ ਪਿਤਾ ਗੁਰਦੇਵ ਪਾਸੋਂ ਆਗਿਆ ਲੈ ਕੇ ਮੈਦਾਨ ਜੰਗ ਵਿਚ ਜਾਕੇ ਅਦੁਤੀ ਬਹਾਦਰੀ ਵਿਖਾਈ ਅਤੇ ਇਹ ਸਾਬਤ ਕਰ ਦਿਤਾ ਕਿ ਜਿਨ੍ਹਾਂ ਸਿੰਘਾ ਦੇ ਮਨ ਵਿੱਚ ਸ਼ਹੀਦੀਆਂ ਪ੍ਰਾਪਤ ਕਰਨ ਦਾ ਚਾਉ ਤੇ ਉਤਸ਼ਾਹ ਹੁੰਦਾ ਹੈ ਉਹ ਦੁਸ਼ਮਨ ਦਾ ਬਹੁਤੀ ਗਿਣਤੀ ਦੀ ਕੋਈ ਪ੍ਰਵਾਹ ਨਹੀਂ ਕਰਦੇ । ਚਾਹੇ ਵੈਰੀ ਦਲ ਇਕ ਲਖ ਹੋਵੇ ਚਾਹੇ ਦਸ ਲੱਲ ਉਨ੍ਹਾਂ ਵਾਸਤੇ ਇਕੋ ਗਲ ਸੀ । ਗੁਰੂ ਜੀ ਨੇ ਤਾਂ ਸਵਾ ਲਖ ਨਾਲ ਇਕ ਲੜਾਉਣ ਲਈ ਕਿਹਾ ਸੀ ਪਰੰਤੂ ਸਾਹਿਬ ਜ਼ਾਦਿਆਂ ਨੇ ਦਸ ਲੱਖ ਨਾਲ ਮੁਕਾਬਲਾ ਕਰਕੇ ਪਿਤਾ ਜੀ ਦੇ ਪ੍ਰਣ ਨੂੰ ਸਫਲ ਕੀਤਾ ।

ਪੰਥ ਦਾ ਹੁਕਮ ਮੰਨਕੇ ਦਸਮੇਸ਼ ਪਿਤਾ ਮਾਛੂਵਾੜੇ ਦੇ ਜੰਗਲ ਵੱਲ ਚਲੇ ਗਏ । ਭਾਈ ਸੰਗਤ ਸਿੰਘ ਦੇ ਮਗਰੋਂ ਕਿਲੇ ਵਿਚੋਂ ਨਗਾਰਾ ਤੇ ਜੈਕਾਰਾ ਬੰਦ ਦੇਖ ਕੇ ਦੁਸ਼ਮਨ ਨੇ ਸਮਝਿਆ ਕਿ ਹੁਣ ਅੰਦਰ ਕੋਈ ਸਿੰਘ ਹੈ ਨਹੀਂ ਤੇ ਭਾਈ ਸੰਗਤ ਸਿੰਘ ਦੇ ਜੰਗ ਵਿਚ ਔਣ ਸਾਰ ਤਰਥਲ ਮੱਚ ਗਿਆ । ਭਾਈ ਸਾਹਿਬ ਨੇ ਵੈਰੀ ਦਲਾ ਵਿੱਚ ਵੜਕੇ ਹਲ ਚਲ ਮਚਾ ਦਿਤੀ ਅਤੇ ਜਿਸ ਸਮੇਂ ਆਪ ਸ਼ਹੀਦ ਹੋ ਗਏ ਤਾਂ ਸ਼ਾਹੀ ਫੌਜਾਂ ਨੇ ਇਹ ਸਮਝਿਆ ਕਿ ਗੁਰੂ ਗੋਬਿੰਦ ਸਿੰਘ ਸ਼ਹੀਦ ਹੋ ਗਏ ਹਨ । ਭਾਈ ਸੰਗਤ ਸਿੰਘ ਜੀ ਦਾ ਸੀਸ ਕਟਕੇ ਦਿਲੀ ਨੂੰ ਤੁਰੇ । ਪਿੰਡਾਂ ਵਿਚ ਡਾਉਂਡੀ ਪਿਟਾਈ ਗਈ ਕਿ ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਦੇ ਸਾਰੇ ਸਿੱਖ ਸ਼ਹੀਦ ਹੋ ਗਏ ਹਨ । ਦੋ ਸਾਹਿਬ ਜ਼ਾਦੇ ਭੀ ਚਮਕੌਰ ਦੇ ਜੰਗ ਵਿਚ ਕੁਰਬਾਨ ਹੋ ਗਏ

Digitized by Panjab Digital Library | www.panjabdigilib.org

ਹਨ। ਇਸ ਪ੍ਰਕਾਰ ਬਾਦਸ਼ਾਹ ਦੇ ਹੁਕਮ ਅਨੁਸਾਰ ਇਹ ਬਾਗੀਆਂ ਦਾ ਟੋਲਾ ਖਤਮ ਕਰ ਦਿਤਾ ਗਿਆ ਹੈਪਰ ਜੇ ਕੋਈ ਸਿਖ ਬਚ ਰਿਹਾ ਹੋਵੇ ਤਾਂ ਉਸਦੀ ਇਤਲਾਹ ਸਰਕਾਰੀ ਹਾਕਮ ਨੂੰ ਦਿਤੀ ਜਾਵੇ ਅਤੇ ਚਮਕੌਰ ਦੀ ਰਣ ਭੂਮੀ ਵਿਚ ਜਾਕੇ ਕੋਈ ਮ੍ਰਿਤਕ ਪ੍ਰਾਣੀਆਂ ਦਾ ਅੰਤਮ ਸੰਸਕਾਰ ਨ ਕਰੇ। ਪਿੰਡਾਂ ਵਿਚ ਇਹ ਮੁਨਾਦੀ ਕਰਾਈ ਗਈ ਅਤੇ ਰਣ ਭੂਮੀ ਦੇ ਸਾਰੇ ਪਾਸੇ ਫੌਜੀ ਪਹਿਰੇ ਲਗਾ ਦਿਤੇ ਗਏ।

ਇਹ ਮੁਨਾਦੀ ਪਿੰਡ ਖਰੂੰਡ ਵਿਚ ਭੀ ਕੀਤੀ ਗਈ। ਹੌਲੀ ਹੌਲੀ ਕਾਲੀ ਬੋਲੀ ਰਾਤ ਨੇ ਸਾਰੀ ਸ੍ਰਿਸ਼ਟੀ ਪਰ ਅੰਧੇਰੇ ਕਾਲੀ ਚਾਦਰ ਤਾਣ ਦਿੱਤੀ ਅਤੇ ਹਥ ਨੂੰ ਹਥ ਪਸਾਂਰਿਆ ਨਜ਼ਰ ਨ ਆਵੇ। ਇਹੋ ਜਿਹੇ ਸਮੇਂ ਇਸ ਪਿੰਡ ਦਾ ਇਕ ਸਿਖ ਪ੍ਰਵਾਰ ਜਿਸ ਵਿਚ ਕੋਈ ਮਨੁਖ ਨਹੀਂ ਸੀ ਬੈਠਾ ਵਿਚਾਰ ਕਰ ਰਿਹਾ ਹੈ। ਬਿਰਧ ਮਾਤਾ ਹੈ ਉਸਦੀ ਨੌਜਵਾਨ ਸਪੁਤ੍ਰੀ ਬੀਬੀ ਹਰਸ਼ਰਨ ਕੌਰ ਤੇ ਉਸਦੇ ਦੋ ਛੋਟੇ ਭਾਈ ਹਨ। ਬਾਲਾਂ ਨੂੰ ਬੁਕਲ ਵਿਚ ਲਈ ਮਾਤਾ ਦਰਦ ਭਰੇ ਲਹਿਜੇ ਨਾਲ ਕਹਿ ਰਹੀ ਹੈ ਜੇ ਅੱਜ ਸਰਦਾਰ ਜੀ ਜੀਉਂਦੇ ਹੁੰਦੇ ਤਾਂ ਉਹ ਭੀ ਚਮਕੌਰ ਦੇ ਜੰਗ ਵਿਚ ਕਲਗੀਆਂ ਵਾਲੇ ਗੁਰੂ ਦੀ ਸਹਾਇਤਾ ਕਰਦੇ। ਬਚੇ ਛੋਟੇ ਹਨ ਮੈਂ ਬਿਰਧ ਹਾਂ। ਇਹੋ ਜਿਹੀ ਹਾਲਤ ਵਿਚ ਕੀ ਕੀਤਾ ਜਾ ਸਕਦਾ ਹੈ?

ਮਾਤਾ ਪਾਸੋਂ ਇਹ ਬਚਨ ਸੁਣਕੇ ਬੀਬੀ ਹਰ ਸ਼ਰਨ ਕੌਰ ਬੋਲੀ ਮਾਤਾ ਜੀ ਵੀਰ ਨਿਆਣੇ ਹਨ ਤੁਸੀਂ ਬਿਰਧ ਹੋ ਪਰ ਮੈਂ ਤਾਂ ਜਵਾਨ ਹਾਂ ਜੇ ਮੈਨੂੰ ਆਗਿਆ ਕਰੋ ਤਾਂ ਮੈਂ ਆਪਣੇ ਵੀਰਾਂ ਦਾ ਅੰਤਮ ਸੰਸਕਾਰ ਤਾਂ ਕਰ ਆਵਾਂ। ਮਾਤਾ ਨੇ ਕਿਹਾ ਪੁਤਰ ਤੂੰ ਅਜੇ ਕੁਆਰੀ ਹੈ। ਰਣ ਭੂਮੀ ਦੇ ਚਾਰੇ ਪਾਸੇ ਫੌਜੀ ਪਹਿਰਾ ਹੈ। ਮੈਦਾਨ ਵਿਚ ਲੋਥ ਤੇ ਲੋਥ ਚੜੀ ਪਈ ਹੈ। ਅੰਧੇਰ ਘੁਪ ਘੋਰ ਹੈ। ਇਹੋ ਜਿਹੀ ਹਾਲਤ ਵਿਚ ਜੇ ਤੈਨੂੰ ਦੁਸ਼ਮਨ ਨੇ ਫੜ ਲਿਆ ਤਾਂ ਕੀ ਬਣੇਗਾ? ਬੀਬੀ ਨੇ ਕਿਹਾ ਮਾਤਾ ਜੀ ਮੈਂ ਜੀਉਂਦੇ ਜੀ ਵੈਰੀ ਦੇ ਹੱਥ ਨਹੀਂ ਆਵਾਗੀ ਜੇ ਮੁਕਾਬਲਾ ਹੋ ਗਿਆ ਤਾਂ ਲੜਕੇ ਸ਼ਹੀਦ ਹੋ ਜਾਵਾਗੀ ਨਹੀਂ ਤਾਂ ਵੀਰਾਂ ਦਾ ਸਸਕਾਰ ਕਰਕੇ ਵਾਪਸ ਪਰਤ ਆਵਾਗੀ। ਮਾਤਾ ਨੇ ਬਚੀ ਦਾ ਦ੍ਰਿੜ ਇਰਾਦਾ ਵੇਖਕੇ ਹੌਸਲਾ ਢਾਹੁਣਾ ਮੁਨਾਸਬ ਨਾ ਸਮਝਿਆ। ਪਾਸ ਬੁਲਾਕੇ ਘੁਟਕੇ ਗਲ ਨਾਲ ਲਾਈ ਤੇ ਕਿਹਾ ਧੰਨ ਭਾਗ ਹੈ ਜੇ ਮੇਰੀ ਬਚੀ ਗੁਰੂ ਮਹਾਰਾਜ ਦੀ ਕੋਈ ਸੇਵਾ ਕਰ ਸਕੇ। ਹੋਰ ਹੌਸਲਾ ਦਿਤਾ ਅੰਤਮ ਸੰਸਕਾਰ ਕਰਨ ਦੀ ਮਰਯਾਦਾ ਸਮਝਾਈ। ਘਰ ਵਿਚ ਜਿਤਨਾ ਕੋਰਾ ਬਸਤਰ ਸੀ ਉਹ ਦਿਤਾ।

ਸ਼ਹੀਦਾ ਦੇ ਪਵਿਤ੍ਰ ਮੁਖੜੇ ਧੋਣ ਲਈ ਪਾਣੀ ਦਾ ਘੜਾ ਦੇਕੇ ਕਿਹਾ ਸਾਰਾ ਇਸ਼ਨਾਨ ਕਰਾਉਣਾ ਤਾਂ ਚਠਨ ਹੋਵੇਗਾ ਪਰ ਮੂੰਹ ਜ਼ਰੂਰ ਧੋ ਦੇਣਾ। ਇਕ ਮਿਸਾਲ ਤੇ ਅੰਗੀਠੀ ਦਿਤੀ ਅਤੇ ਦਸਿਆ ਕਿ ਕੇਸਾਂ ਕੜਿਆਂ ਵਾਲੇ ਸਰੀਰ ਲਭਕੇ ਸਭਦਾ ਸਸਕਾਰ ਕਰਨਾ। ਤੁਰਣ ਤੋਂ ਪਹਿਲਾ ਸਾਰੇ ਪ੍ਰਵਾਰ ਨੇ ਅਰਦਾਸ ਕੀਤੀ। ਬੀਬੀ ਹਰਸ਼ਰਨ ਕੌਰ ਨੇ ਅਰਦਾਸ ਕਰਦੇ ਹੋਇ ਪ੍ਰਾਰਥਨਾ ਕੀਤੀ। "ਦੀਨ ਦੁਨੀਆਂ ਦੇ ਮਾਲਕ ਕਲਗੀ ਧਰ ਪਿਤਾ ਤੂੰ ਧੰਨ ਹੈ ਜੋ ਧਰਮ ਦੀ ਰਖਿਆ ਲਈ ਸਰਬੰਸ ਕੁਰਬਾਨ ਕਰ ਰਿਹਾ ਹੈਂ ਮੈਂ ਤੇਰੀ ਅਨਾਥ ਬਚੀ ਹਾਂ। ਪਾਸ ਕੋਈ ਤਾਕਤ ਨਹੀਂ ਪਰ ਦਿਲ ਵਿਚ ਇਹ ਉਮੰਗ ਹੈ ਕਿ ਆਪਣੇ ਵੀਰਾਂ ਦੇ ਪਵਿੱਤ੍ਰ ਸਰੀਰਾਂ ਦਾ ਅੰਤਮ ਸਸਕਾਰ ਕਰਾਂ। ਅੰਗ ਸੰਗ ਹੋਕੇ ਸਹਾਇਤਾ ਕਰਨੀ। ਆਪਣੀ ਬਚੀ ਦੇ ਸਿਰ ਤੇ ਹਥ ਰਖਣਾ ਤੇ ਜੋ ਆਪ ਨੂੰ ਭਾਵੇ ਉਹ ਸੇਵਾ ਕਰਨ ਦਾ ਬਲ ਬਖਸ਼ਣਾ।

Digitized by Panjab Digital Library | www.panjabdigilib.org

ਇਸ ਪ੍ਰਕਾਰ ਅਰਦਾਸਾ ਕਰਕੇ ਬੀਬੀ ਹਰ ਸ਼ਰਨ ਕੌਰ ਰਣ ਭੂਮੀ ਵਲ ਤਿਆਰ ਹੋਈ ਮਾਤਾ ਜੀ ਨੇ ਇਕ ਵੇਰ ਫਿਰ ਉਸਨੂੰ ਘੁਟਕੇ ਗਲੇ ਨਾਲ ਲਾਇਆ ਤੇ ਤਾਕੀਦ ਕੀਤੀ ਕਿ ਬੇਟਾ ਜਿਸ ਸਮੇਂ ਸ੍ਰੀ ਅਨੰਦ ਪੁਰ ਗਏ ਸਾਂ ਤੂੰ ਸਾਹਿਬ ਅਜੀਤ ਸਿੰਘ ਤੇ ਝੁਝਾਰ ਸਿੰਘ ਦੇ ਦਰਸ਼ਨ ਕੀਤੇ ਸਨ। ਤੈਨੂੰ ਉਨ੍ਹਾਂ ਦੇ ਚੇਹਰਿਆ ਦੀ ਚੰਗੀ ਤਰ੍ਹਾਂ ਪਛਾਣ ਹੋਵੇਗੀ। ਇਸ ਕਰਕੇ ਭਾਵੇਂ ਕਿਤਨੀ ਦੇਰ ਲਗੇ ਸਾਹਿਬ ਜ਼ਾਦਿਆਂ ਦੇ ਸਰੀਰ ਲੱਭ ਕੇ ਉਨਾਂ ਦਾ ਸਸਕਾਰ ਜ਼ਰੂਰ ਕਰਨਾ। ਮਾਤਾ ਜੀ ਮੈਂ ਹੋਰ ਜਾ ਕਿਸ ਲਈ ਰਹੀ ਹਾਂ? ਜਿਸ ਸਮੇਂ ਤੋਂ ਮੈਨੂੰ ਇਹ ਪਤਾ ਲਗਿਆ ਹੈ ਕਿ ਸਾਹਿਬ ਜ਼ਾਦੇ ਸ਼ਹੀਦ ਹੋ ਗਏ ਹਨ। ਮੇਰਾ ਦਿਲ ਬਹੁਤ ਬੇਚੈਨ ਹੈ। ਹਾਇ ਉਸ ਸੁੰਦਰ ਮੁਖੜੇ ਅੱਜ ਮੈਦਾਨ ਜੰਗ ਵਿਚ ਮਿਟੀ ਘਟੇ ਨਾਲ ਲਿਬੜੇ ਪਏ ਹੋਣਗੇ। ਜਿਨ੍ਹਾਂ ਦੀ ਸੁੰਦਰਤਾ ਵੇਖਕੇ ਸੰਗਤ ਚਕੋਰਾ ਵਾਂਗ ਤਕਦੀਆਂ ਹੀ ਰਹਿੰਦੀਆਂ ਸਨ ਉਹ ਖੂਨ ਨਾਲ ਲੱਥ ਪਥ ਹੋਇ ਪਏ ਹੋਣਗੇ। ਵਾਹ ਕਲਗੀਆਂ ਵਾਲਿਆ ਤੇਰੇ ਚੋਜ ਲੋਕਾਂ ਦੇ ਪੁਤ੍ਰਾਂ ਦੀ ਰਾਖੀ ਕਰਨ ਲਈ ਆਪਣੇ ਪੁਤ੍ਰਾਂ ਨੂੰ ਕੁਰਬਾਨ ਕਰ ਦਿਤਾ ਪਰ ਅੰਤ ਸਮੇਂ ਉਨ੍ਹਾਂ ਸ਼ਹੀਦਾ ਦਾ ਸਸਕਾਰ ਭੀ ਆਪਣੇ ਹੱਥੀ ਨਾ ਕਰ ਸਕਿਆ? ਇਹ ਕਹਿੰਦੀ ਹੋਈ ਬੀਬੀ ਹਰ ਸ਼ਰਨ ਕੌਰ ਮੈਦਾਨ ਜੰਗ ਵਲ ਤੁਰ ਪਈ।

ਜਿਸ ਮੈਦਾਨ ਜੰਗ ਵਿਚ ਦਿਨੇ ਲੋਹੇ ਨਾਲ ਲੋਹਾ ਖੜਕ ਰਿਹਾ ਸੀ, ਹਾਥੀ ਚੰਘਾੜ ਰਹੇ ਸਨ, ਘੋੜੇ ਹਿਣਕ ਰਹੇ ਸਨ ਤੇ ਲਖਾ ਸਿਪਾਹੀ ਮਾਰ ਲਉ ਫੜ ਲਉ ਦਾ ਸ਼ੋਰ ਮਚਾ ਰਹੇ ਸਨ ਉਥੇ ਅੰਧੇਰੀ ਰਾਤ ਵਿਚ ਸਨਾਟਾ ਛਾਇਆ ਹੋਇਆ ਹੈ। ਮੌਤ ਨੇ ਹਰ ਪਾਸੇ ਚੁਪ ਦਾ ਰਾਜ ਸਥਾਪਤ ਕਰ ਰਖਿਆ ਹੈ। ਜਿਸ ਮੈਦਾਨ ਜੰਗ ਵਿਚ ਇਹੋ ਜਿਹੀ ਕਾਲੀ ਬੋਲੀ ਰਾਤ ਵਿਚ ਜਾਣ ਲਗਿਆਂ ਵਡੇ ਵਡੇ ਸੂਰ-ਮਿਆ ਦੇ ਦਿਲ ਕੰਬ ਉਠਦੇ ਹਨ ਉਸ ਵੱਲ ਇਕ ੧੬-੧੭ ਸਾਲ ਦੀ ਕੰਨਿਆ ਜਾ ਰਹੀ ਹੈ। ਪਹਿਰੇ ਦਾਰਾਂ ਦੀ ਅੱਖ ਬਚਾਕੇ ਹੁਣ ਉਹ ਉਥੇ ਪਹੁੰਚ ਗਈ ਜਿਥੇ ਲੋਥ ਤੇ ਲੋਥ ਚੜੀ ਪਈ ਹੈ। ਇਸਨੇ ਹੌਸਲਾਂ ਕਰਕੇ ਆਪਣਾ ਕੰਮ ਅਰੰਭ ਕਰ ਦਿਤਾ। ਕੇਸ਼ਾ ਤੇ ਕੜਿਆ ਵਾਲੀਆਂ ਲਾਸ਼ਾਂ ਲਭ ਕੇ ਇਕ ਥਾ ਇਕੱਠੀਆਂ ਕਰ ਰਹੀ ਹੈ। ਭਾਰੀ ਡੀਲ ਡੋਲਦੇ ਸਿੰਘਾਂ ਨੂੰ ਉਠਾਣਾ ਕੋਈ ਸੌਖਾ ਕੰਮ ਨਹੀਂ। ਪਰ ਇਹ ਸਰੀਰ ਤਾ ਸਭ ਟੁਕੜੇ ਟੁਕੜੇ ਹੋਏ ਪਏ ਹਨ ਬਾਂਹ ਕਿਤੇ ਹੈ। ਸਿਰ ਕਿਤੇ ਹੈ ਧੜ ਕਿਧਰੇ ਹੋਰਪਿਆ ਹੈ।

ਬੀਬੀ ਕੜਿਆਂ ਵਾਲੀਆਂ ਬਾਹਾਂ, ਕਛਹਿਰਿਆ ਵਾਲੇ ਧੜ੍ਹਾਂ ਤੇ ਕੇਸਾਂ ਵਾਲੇ ਸਿਰ ਇਕਠੇ ਕਰ ਰਹੀ ਹੈ। ਜੋ ਸੀਸ ਮਿਲਦੇ ਹਨ ਉਨ੍ਹਾਂ ਦਾ ਮੂੰਹ ਧੋਕੇ ਵੇਖਦੀ ਹੈ ਸਾਹਿਬ ਅਜੀਤ ਸਿੰਘ ਤਾਂ ਨਹੀਂ ਸਾਹਿਬ ਜੁਝਾਰ ਸਿੰਘ ਤਾਂ ਨਹੀਂ। ਅੰਤ ਆਪਣੇ ਮਕਸਦ ਵਿਚ ਸਫਲ ਹੋ ਜਾਂਦੀ ਹੈ। ਦੋਵੇ ਸਾਹਿਬ ਜ਼ਾਦਿਆਂ ਤੇ ਤਕਰੀਬਨ ਤੀਹ ਸਿੰਘਾਂ ਦੇ ਸਰੀਰ ਇਕਠੇ ਕਰ ਲਏ। ਹੁਣ ਲਕੜੀਆਂ ਇਕਠੀਆਂ ਕਰਦੀ ਹੈ। ਜਿਸ਼ਮ ਥੱਕ ਗਿਆ ਹੈ ਪਰ ਦਿਲ ਵਿਚ ਕੋਈ ਅਗੰਮੀ ਤਾਕਤ ਅਗਾਈ ਹੈ। ਕਿਧਰੇ ਦਿਨ ਨਾ ਚੜ ਜਾਵੇ ਇਹ ਭੀ ਤੌਖਲਾ ਹੈ ਇਸ ਕਰਕੇ ਫੁਰਤੀ ਨਾਲ ਆਪਣਾ ਫਰਜ਼ ਭੁਗਤਾਣ ਦਾ ਖਿਆਲ ਰਹਿ ਰਹਿ ਕੇ ਆਉਂਦਾ ਹੈ। ਅੰਗੀਠਾ ਤਿਆਰ ਹੋ ਗਿਆ। ਸ਼ਹੀਦਾਂ ਦੀਆਂ ਦੇਹਾਂ ਚਿਣਕੇ ਉਪਰ ਰਖ ਦਿਤੀਆਂ ਗਈਆਂ। ਸਾਹਿਬਜ਼ਾਦਿਆਂ ਦੇ ਮੁਖ ਧੋਤੇ ਸੀਸ ਗੋਦੀ ਵਿਚ ਰਖੇ ਦਿਲ ਕਰਦਾ ਹੈ ਇਨ੍ਹਾਂ ਸੁੰਦਰ ਮੁਖੜਿਆਂ ਨੂੰ ਗੋਦੀ ਵਿਚੋਂ ਅੱਡ ਨਾ ਕਰੇ ਪਰ ਉਸ ਵਾਹਿਗੁਰੂ ਦਾ ਭਾਣਾ ਅਮਿੱਟ ਮੰਨਦੀ ਹੋਈ ਆਪਣੇ ਫ਼ਰਜ਼ ਨੂੰ ਯਾਦ ਕਰਕੇ ਉਨ੍ਹਾਂ ਨੂੰ ਅੰਗੀਠੇ ਪਰ ਰਖ ਦਿੰਦੀ ਹੈ। ਪਾਸ ਬੈਠਕੇ ਕੀਰਤਨ ਸੋਹਲ

Digitized by Panjab Digital Library | www.panjabdigilib.org

ਦਾ ਪਾਠ ਕਰਦੀ ਹੈ। "ਸੰਤ ਟਹਿਲ ਕੀ ਬੇਲਾ।" ਪਰ ਆਕੇ ਕੰਠ ਰੁਕ ਜਾਂਦਾ ਹੈ। ਸਾਰੇ ਸਰੀਰ ਵਿਚ ਇਕ ਝਰਨਾਟ ਜਿਹੀ ਛਿੜ ਜਾਂਦੀ ਹੈ। ਸਤਿਗੁਰੂ ਸਚੇ ਪਾਤਸ਼ਾਹ ਦਾ ਧੰਨਵਾਦ ਕਰਦੀ ਹੈ ਜਿਸ ਨੇ ਸੰਤ ਟਹਿਲ ਦਾ ਇਹ ਅਦਸਰ ਬਖਸ਼ਿਆ। ਅਰਦਾਸ ਕਰਕੇ ਅੰਗੀਠੇ ਨੂੰ ਚੰਡੀ ਵਿਖਾਈ। ਪਲੋਂ ਪਲ ਵਿਚ ਅੱਗ ਦੇ ਸ਼ੋਹਲੇ ਅਸਮਾਨ ਵੱਲ ਵਧਨ ਲਗੇ। ਅੱਗ ਦੀਆਂ ਇਤਨੀਆਂ ਉਚੀਆਂ ਲਾਟਾਂ ਵੇਖਕੇ ਪਹਿਰੇ ਦਾਰਾਂ ਨੂੰ ਹੈਰਾਨੀ ਹੋਈ। ਇਕਲੇ ਇਕਲੇ ਇਸ ਪਾਸੇ ਆਉਣ ਦਾ ਕਿਸੇ ਨੂੰ ਹੌਸਲਾ ਨਹੀ ਪੈਂਦਾ। ਇਕ ਦੂਜੇ ਨੂੰ ਆਵਾਜ਼ਾਂ ਮਾਰਕੇ ਇਕਠੇ ਹੋਇ । ਇਕ ਜਥਾ ਬਣਾਕੇ ਅੰਗੀਠੇ ਵਲ ਵਧੇ ਤਾਂ ਕੀ ਵੇਖਦੇ ਹਨ ਕਿ ਅੰਗੀਠੇ ਦੇ ਪਾਸ ਬੈਠੀ ਇਕ ਬੀਬੀ ਬਾਣੀ ਪੜ੍ਹ ਰਹੀ ਹੈ । ਅੱਗ ਦੀ ਰੋਸ਼ਨੀ ਵਿਚ ਸਾਫ ਨਜ਼ਰ ਆ ਰਿਹਾ ਹੈ ਕਿ ਇਹ ੧੬-੧੭ ਸਾਲ ਦੀ ਕੰਨਿਆ ਹੈ। ਪਹਿਰੇਦਾਰ ਹੈਰਾਨ ਹਨ, ਉਹ ਸੋਚਦੇ ਹਨ ਇਹ ਕੋਈ ਮਾਤ ਲੋਕ ਦੀ ਇਸਤ੍ਰੀ ਨਹੀਂ ਹੋ ਸਕਦੀ। ਇਹੋ ਜਿਹੇ ਭਿਆਨਕ ਸਮੇਂ ਵਿਚ ਇਸਤ੍ਰੀ ਨੂੰ ਇਥੇ ਆਉਣ ਦਾ ਹੌਸਲਾ ਕਿਵੇਂ ਪੈ ਸਕਦਾ ਹੈ?

ਇਸਤ੍ਹਾਂ ਕਈ ਪ੍ਰਕਾਰ ਦੇ ਖਿਆਲ ਪ੍ਰਗਟ ਕਰਦੇ ਹੋਇ ਜਦ ਉਹ ਨੇੜੇ ਆਏ ਤਾਂ ਬੀਬੀ ਸ਼ਰਨ ਕੌਰ ਸ੍ਰੀ ਸਾਹਿਬ ਹਥ ਵਿਚ ਲੈਕੇ ਖੜੀ ਹੋ ਗਈ। ਪਹਿਰੇਦਾਰਾਂ ਦਾ ਅਫਸਰ ਪੁਛਣ ਲੱਗਾ ਤੂੰ ਕੌਣ ਹੈ?

ਬੀਬੀ— ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਪੁਤ੍ਰੀ ਹਾਂ।

ਅਫ਼ਸਰ— ਇਥੇ ਕੀ ਕਰ ਰਹੀ ਹੈ?

ਬੀਬੀ— ਆਪਣੇ ਸ਼ਹੀਦ ਭਰਾਵਾਂ ਦਾ ਅੰਤਮ ਸੰਸਕਾਰ ਕਰ ਰਹੀ ਹਾਂ।

ਅਫਸਰ—ਤੈਨੂੰ ਸਰਕਾਰੀ ਹੁਕਮ ਦਾ ਪਤਾ ਨਹੀਂ ਕਿ ਇਥੇ ਆਉਣਾ ਜੁਰਮ ਹੈ?

ਬੀਬੀ—ਪਤਾ ਹੈ ਸਾਡੇ ਪਿੰਡ ਭੀ ਮੁਨਾਦੀ ਹੋਈ ਸੀ।

ਅਫਸਰ—ਫਿਰ ਤੂੰ ਸਰਕਾਰ ਦੇ ਹੁਕਮ ਦਾ ਉਲੰਘਣ ਕਿਉਂ ਕੀਤਾ?

ਬੀਬੀ—ਸਚੇ ਪਾਤਸ਼ਾਹ ਦੇ ਹੁਕਮ ਅਗੇ ਝੂਠੇ ਪਾਤਸ਼ਾਹਾ ਦੇ ਹੁਕਮ ਦੀ ਕੋਈ ਕਦਰ ਨਹੀਂ।

ਅਫਸਰ—ਕੀ ਮਤਲਬ?

ਬੀਬੀ—ਮੇਰਾ ਭਾਵ ਇਹ ਹੈ ਕਿ ਮੇਰੇ ਦਿਲ ਵਿਚ ਸਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਪਾ ਕਰਕੇ ਫਰਜ਼ ਦਾ ਅਹਿਸਾਸ ਪੈਦਾ ਕੀਤਾ ਤਾਂ ਮੈਂ ਆਪਣੇ ਸ਼ਹੀਦ ਵੀਰਾਂ ਦਾ ਸਸਕਾਰ ਕਰਨ ਆਈ ਹਾਂ । ਮੈਨੂੰ ਝੂਠੇ ਪਾਤਸ਼ਾਹਾ ਦੇ ਹੁਕਮ ਦੀ ਕੋਈ ਪ੍ਰਵਾਹ ਨਹੀਂ ।

ਬੀਬੀ ਜੀ ਦੇ ਮੂੰਹੋ ਇਹ ਨਿਰਭੈਤਾ ਦੀਆਂ ਗਲਾਂ ਸੁਣਕੇ ਦੁਸ਼ਮਨ ਅਗੇ ਵਧੇ । ਬੀਬੀ ਜੀ ਨੇ ਡੱਟ ਕੇ ਮੁਕਾਬਲਾ ਕੀਤਾ। ਕਈ ਮਾਰੇ ਪਰੰਤੂ ਅੰਤ ਨੂੰ ਜ਼ਖਮੀ ਹੋਕੇ ਡਿੱਗ ਪਈ । ਦੁਸ਼ਮਨਾ ਨੇ ਗੁਸੇ ਵਿਚ ਆਕੇ ਜਿਉਂਦੀ ਨੂੰ ਹੀ ਅੰਗੀਠੇ ਵਿਚ ਸੁਟ ਦਿੱਤਾ। ਇਸ ਪ੍ਰਕਾਰ ਦਸ਼ਮੇਸ਼ ਜੀ ਦੀ ਇਹ ਸਪੁਤ੍ਰੀ ਆਪਣੇ ਪਵਿਤ੍ਰ ਫਰਜ਼ ਦੀ ਪਾਲਣਾ ਕਰਦੀ ਹੋਈ ਸ਼ਹੀਦ ਹੋ ਗਈ। ਅਗਲੇ ਦਿਨ ਫੂਲਕੀਆਂ ਬੰਸ ਦੇ ਰਤਨ ਰਾਮਾ ਤੇ ਤ੍ਰਲੋਕਾ ਨੇ ਮੈਦਾਨ ਜੰਗ ਵਿਚ ਆਕੇ ਬਾਕੀ ਬਚੇ ਸ਼ਹੀਦ ਸਿੰਘਾ ਦਾ ਸਸਕਾਰ ਕੀਤਾ

Digitized by Panjab Digital Library | www.panjabdigilib.org

ਅਤੇ ਸ੍ਰੀ ਦਮਦਮਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋਕੇ ਇਹ ਵਿਰਤਾਂਤ ਸੁਣਾਇਆ ਕਿ ਜਿਸ ਸਮੇਂ ਅਸੀਂ ਮੈਦਾਨ ਵਿਚ ਪੁਜੇ ਤਾਂ ਇਕ ਅੰਗੀਠੇ ਪਾਸ ਬੀਬੀ ਹਰ ਸ਼ਰਨ ਕੌਰ ਦੀ ਅਧਜਲੀ ਲਾਸ਼ ਪਈ ਸੀ ਅਤੇ ਉਸਦਾ ਪੂਰਾ ਸਸਕਾਰ ਜਾਕੇ ਕੀਤਾ।

ਜਿਸ ਸਮੇਂ ਬੀਬੀ ਜੀ ਦੇ ਸ਼ਹੀਦ ਹੋਣ ਦੀ ਖਬਰ ਉਸਦੀ ਮਾਤਾ ਨੂੰ ਮਿਲੀ ਤਾਂ ਉਸਨੇ ਵਾਹਿਗੁਰੂ ਅਕਾਲ ਪੁਰਖ਼ ਦਾ ਧੰਨਵਾਦ ਕੀਤਾ ਅਤੇ ਕਿਹਾ ਕਲਗੀਆਂ ਵਾਲੇ ਪਿਤਾ ਤੂੰ ਧੰਨ ਹੈ ਜਿਸਨੇ ਮੇਰੀ ਬਚੀ ਨੂੰ ਭੀ ਸ਼ਹੀਦੀ ਪਾਉਣ ਦਾ ਹੌਂਸਲਾ ਦੇ ਕੇ ਉਸਦੀ ਸੇਵਾ ਪ੍ਰਵਾਨ ਕੀਤੀ। ਆਪਣੀ ਬਚੀ ਦੀ ਕੁਰਬਾਨੀ ਦਾ ਖਿਆਲ ਕਰਕੇ ਸਿੱਖ ਮਾਤਾ ਗਦ ਗਦ ਹੋ ਗਈ ਤੇ ਉਸਨੇ ਕਿਹਾ ਬੇਟੀ ਹਰ ਸ਼ਰਨ ਕੌਰ ਤੂੰ ਧਨ ਹੈ ਜਿਸਨੇ ਮੈਂ ਨਿਮਾਣੀ ਦੀ ਕੁਖ ਸਫਲੀ ਕੀਤੀ ਅਤੇ ਸ਼ਹੀਦੀ ਪ੍ਰਾਪਤ ਕਰਕੇ ਆਪਣੇ ਉਨ੍ਹਾਂ ਵੀਰਾਂ ਨਾਲ ਜਾ ਰਲੀ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੋਦੀ ਵਿਚ ਜਾ ਬਿਰਾਜੇ ਸਨ।

ਬੀਬੀ ਹਰਸ਼ਰਨ ਕੌਰ ਦਾ ਹੌਸਲਾ, ਦ੍ਰਿੜਤਾ ਤੇ ਕੁਰਬਾਨੀ ਸਿੱਖ ਇਤਿਹਾਸ ਵਿਚ ਹਮੇਸ਼ਾ ਚਮਕਦੀ ਰਹੇਗੀ ਅਤੇ ਇਸਤ੍ਰੀ ਜਾਤੀ ਨੂੰ ਇਹ ਸਬਕ ਸਿਖਾਂਦੀ ਰਹੇਗੀ ਕਿ ਜੇ ਇਸਤ੍ਰੀਆਂ ਕਿਸੇ ਉਚੇ ਆਦਰਸ਼ ਦੀ ਪੂਰਤੀ ਲਈ ਕੁਰਬਾਨੀ ਕਰਨ ਲਈ ਤਿਆਰ ਹੋ ਜਾਣ ਤਾਂ ਉਹ ਮਰਦਾਂ ਨੂੰ ਭੀ ਹੈਰਾਨ ਕਰਨ ਵਾਲੀਆਂ ਕੁਰਬਾਨੀਆਂ ਕਰ ਸਕਦੀਆਂ ਹਨ। ਜਿਨ੍ਹਾਂ ਬੀਬੀਆਂ ਨੇ ਖੰਡੇ ਦਾ ਅੰਮ੍ਰਿਤ ਪਾਨ ਕਰਕੇ ਗੁਰਮਤਿ ਧਾਰਨ ਕੀਤਾ ਹੈ ਸਭ ਕੁਝ ਕਰ ਸਕਦੀਆਂ ਹਨ ਅਤੇ ਕੁਰਬਾਨੀਆਂ ਦੇ ਮੈਦਾਨ ਵਿਚ ਉਹ ਮਰਦਾ ਨਾਲੋਂ ਭੀ ਅਗੇ ਲੰਘ ਜਾਂਦੀਆਂ ਹਨ। ਬੀਬੀ ਹਰ ਸ਼ਰਨ ਕੌਰ ਦਾ ਜੀਵਨ ਪੜ ਕੇ ਸਿੱਖ ਬੀਬੀਆਂ ਫਰਜ਼ ਪਾਲਣ ਦਾ ਸਬਕ ਸਿਖ ਸਕਦੀਆਂ ਹਨ ਤੇ ਸਮਾਂ ਪੈਣ ਤੇ ਆਪਣੇ ਫ਼ਰਜ਼ ਦੀ ਨਾਲਪਾ ਕਰਕੇ ਜੀਵਨ ਸਫਲ ਕਰ ਸਕਦੀਆਂ ਹਨ।

## ਬੀਬੀ ਦੀਪ ਕੌਰ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਮਰਦਾਂ ਤੇ ਇਸਤ੍ਰੀਆਂ ਨੂੰ ਇਕੋ ਰੀਤੀ ਅਨਸਾਰ ਛਕਾਇਆ ਅਤੇ ਪੰਜ ਕਕਾਰਾਂ ਦੀ ਰਹਿਤ ਰਖਣ ਦਾ ਹੁਕਮ ਦਿਤਾ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਕਾਇਰ ਤੇ ਬੁਜ਼ਦਿਲ ਮਨੁਖ ਮਹਾਨ ਸੂਰਬੀਰ ਬਣ ਗਏ ਅਤੇ ਉਨਾਂ ਨੇ ਵਡੇ ਵਡੇ ਜਰ–ਵਾਣਿਆਂ ਦੇ ਮੂੰਹ ਫੇਰ ਦਿਤੇ। ਅੰਮ੍ਰਿਤ ਦੀ ਅਦਭੁਤ ਸ਼ਕਤੀ ਦਾ ਅਸਰ ਮਰਦਾਂ ਪਰ ਹੀ ਨਹੀਂ ਇਸ-ਤ੍ਰੀਆਂ ਪਰ ਭੀ ਹੋਇਆ। ਜਿੰਨਾਂ ਨੂੰ ਅਬਲਾ (ਬਲਹੀਣ) ਸਮਝਿਆ ਜਾਂਦਾ ਸੀ ਉਹ ਸਬਲਾ ਬਣ ਗਈਆਂ ਅਤੇ ਉਨਾਂ ਨੇ ਜ਼ਾਲਮਾਂ ਦੇ ਦੰਦ ਖੱਟੇ ਕਰਨੇ ਸ਼ੁਰੂ ਕਰ ਦਿਤੇ।

ਸਿਖ ਇਤਹਾਸ ਵਿਚ ਬਹੁਤ ਸਾਰੀਆਂ ਬੀਬੀਆਂ ਹੋਈਆਂ ਹਨ ਜਿੰਨਾਂ ਨੇ ਤੇਗ ਚਲਾਉਣ ਵਿਚ ਕਮਾਲ ਦੀ ਬਹਾਦਰੀ ਵਿਖਾਈ ਅਤੇ ਉਹ ਮਰਦਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਮੈਦਾਨ ਵਿਚ ਲੜਦੀਆਂ ਰਹੀਆਂ। ਸ੍ਰੀ ਅਨੰਦਪੁਰ ਵਿਚ ਅੰਮ੍ਰਿਤ ਪ੍ਰਚਾਰ ਦਾ ਪ੍ਰਵਾਹ ਚਲਦੇ ਨੂੰ ਅਜੇ ਥੋੜੇ ਹੀ ਦਿਨ ਹੋਇ ਸਨ ਕਿ ਇਕ ਅਦਭੁਤ ਘਟਨਾ ਵਾਪਰੀ ਜਿਸ ਨੇ ਸਿਖਾਂ ਵਿਚ ਅਥਾਹ ਜੋਸ਼ ਪੈਦਾ ਕਰ ਦਿਤਾ। ਮਾਝੇ ਦੀ ਸੰਗਤ ਸ੍ਰੀ ਅਨੰਦਪੁਰ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਜਾ ਰਹੀ ਸੀ। ਇਨਾਂ ਦੇ ਨਾਲ ਇਕ

Digitized by Panjab Digital Library | www.panjabdigilib.org

ਵੀਹ ਇਕੀ ਸਾਲ ਦੀ ਜਵਾਨ ਲੜਕੀ ਦੀਪ ਕੌਰ ਭੀ ਸੀ। ਤਲਵਣ ਪਿੰਡ ਦੇ ਪਾਸ ਜਾ ਕੇ ਅਧਾ ਜਥਾ ਇਕ ਖੂਹ ਪਰ ਪ੍ਰਸ਼ਾਦ ਬਣਾ ਕੇ ਛਕਣ ਲਈ ਠਹਿਰ ਗਿਆ ਤੇ ਅਧਾ ਅਗੇ ਲੰਘ ਗਿਆ। ਬੀਬੀ ਦੀਪ ਕੌਰ ਅਗਲੇ ਸਾਥ ਨੂੰ ਮਿਲਣ ਲਈ ਘੋੜੇ ਪਰ ਸਵਾਰ ਹੋ ਕੇ ਇਕਲੀ ਚਲ ਪਈ। ਜਦ ਉਹ ਜੰਗਲ ਵਿਚ ਪਹੁੰਚ ਗਈ ਤਾਂ ਉਸਨੂੰ ਗਸ਼ਤੀ ਫੌਜ ਦਾ ਇਕ ਦਸਤਾ ਮਿਲਿਆ। ਘੋੜਿਆਂ ਪਰ ਸਵਾਰ ਪੰਜ ਸਨਧਬੰਧ ਸਿਪਾਹੀ ਸਨ। ਉਨਾਂ ਨੇ ਬੀਬੀ ਦੀਪ ਕੌਰ ਨੂੰ ਵੇਖਿਆ ਤਾਂ ਬੜੇ ਖੁਸ਼ ਹੋਇ। ਬੀਬੀ ਦੀ ਜਵਾਨੀ ਤੇ ਸੁੰਦਰਤਾ ਵੇਖ ਕੇ ਦਿਲ ਬੇਕਾਬੂ ਹੋ ਗਏ।

ਇਨਸਾਨੀਅਤ ਦਾ ਜਜ਼ਬਾ ਪਤਾ ਨਹੀਂ ਕਿਥੇ ਚਲਿਆ ਗਿਆ ਤੇ ਸ਼ੈਤਾਨੀਅਤ ਨੇ ਸਭ ਨੂੰ ਬੇਚੈਨ ਕਰ ਦਿਤਾ। ਇਕ ਸੁੰਦਰ ਇਸਤ੍ਰੀ ਨੂੰ ਨਿਰਜਨ ਜੰਗਲ ਵਿਚ ਇਕਲੀ ਵੇਖ ਕੇ ਕਹਿਣ ਲਗੇ ਅਜ ਤਾਂ ਬਹੁਤ ਸੋਹਣਾ ਸ਼ਿਕਾਰ ਹੱਥ ਆਇਆ ਹੈ। ਇਕ ਬੋਲਿਆ ਇਸ ਦੀਆਂ ਹਿਰਨ ਵਾਂਗ ਚੌੜੀਆਂ ਅਖਾਂ ਵੇਖ ਕੇ ਮੈਂ ਤਾਂ ਸ਼ਿਕਾਰ ਖੇਲਣ ਆਇਆ ਖੁਦ ਸ਼ਿਕਾਰ ਹੋ ਗਿਆ ਹਾਂ। ਗਲ ਕੀ ਕੋਈ ਕੁਝ ਤੇ ਕੋਈ ਕੁਝ ਬਕਣ ਲਗ ਪਏ। ਉਨਾਂ ਦੇ ਅਫਸਰ ਨੇ ਅਗੇ ਹੋ ਕੇ ਪੁਛਿਆ ਤੂੰ ਕੌਣ ਹੈਂ ?

ਬੀਬੀ ਦੀਪ ਕੌਰ-- ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਸਪੁਤ੍ਰੀ ਹਾਂ।

ਅਫਸਰ– ਇਕਲੀ ਜੰਗਲ ਵਿਚ ਕਿਉਂ ਫਿਰਦੀ ਹੈਂ ?

ਬੀਬੀ– ਮੇਰਾ ਸਾਥ ਅਗੇ ਚਲਿਆ ਗਿਆ ਹੈ ਉਨਾਂ ਨੂੰ ਮਿਲਣ ਜਾ ਰਹੀ ਹਾਂ।

ਅਫਸਰ– ਉਹ ਕੌਣ ਹਨ ਤੇ ਕਿਧਰ ਜਾ ਰਹੇ ਹਨ ?

ਬੀਬੀ– ਉਹ ਭੀ ਗੁਰੂ ਦੇ ਸਿਖ ਹਨ ਤੇ ਗੁਰੂ ਜੀ ਦੇ ਦਰਸ਼ਨਾਂ ਲਈ ਜਾ ਰਹੇ ਹਨ।

ਅਫਸਰ– ਸਿਖ ਤਾਂ ਬਾਗ਼ੀ ਹਨ ਉਸ ਗੁਰੂ ਦੇ ਚੇਲੇ ਹਨ ਜੋ ਬਾਦਸ਼ਾਹ ਨਾਲ ਵਿਅਰਥ ਝਗੜਾ ਖੜਾ ਕਰੀ ਰਖਦਾ ਹੈ।

ਬੀਬੀ– ਤੁਹਾਡੀਆਂ ਨਜ਼ਰਾਂ ਵਿਚ ਉਹ ਬਾਗ਼ੀ ਹਨ ਜਿੰਨਾਂ ਮਜ਼ਲੂਮਾਂ ਦੀ ਉਹ ਰਾਖੀ ਕਰਦੇ ਹਨ ਉਹ ਤਾਂ ਉਨਾਂ ਨੂੰ ਮੁਕਤੀ ਦਾਤਾ ਸਮਝਦੇ ਹਨ।

ਅਫਸਰ– ਖੈਰ ਆਪਾਂ ਕੀ ਲੈਣਾ ਹੈ ਇਹੋ ਜਹੀਆਂ ਗਲਾਂ ਤੋਂ ਆ ਤੈਨੂੰ ਅਸੀਂ ਆਪਣੇ ਨਾਲ ਲੈ ਚਲਦੇ ਹਾਂ।

ਬੀਬੀ– ਮੂੰਹ ਸੰਭਾਲ ਕੇ ਬੋਲ। ਮੈਂ ਸੁਣਦੀ ਹੁੰਦੀ ਸਾਂ ਕਿ ਸਿਪਾਹੀ ਦੇਸ਼ ਦੀ ਰਖਿਆ ਲਈ ਹੁੰਦੇ ਹਨ। ਲੋਕਾਂ ਦੇ ਧਨ ਤੇ ਜ਼ਰ ਦੀ ਰਾਖੀ ਕਰਦੇ ਹਨ। ਤੁਹਾਡੇ ਵਾਂਗ ਲੋਕਾਂ ਦੀ ਇਜ਼ਤ ਪਰ ਡਾਕੇ ਨਹੀਂ ਮਾਰਦੇ।

ਅਫਸਰ-- ਜਦ ਅਸੀਂ ਬਾਦਸ਼ਾਹ ਦੀ ਖਾਤਰ ਜਾਨਾਂ ਕੁਰਬਾਨ ਕਰਨ ਲਈ ਤਿਆਰ ਰਹਿੰਦੇ ਹਾਂ ਤਾਂ ਸਾਨੂੰ ਇਹ ਖੁਲ ਭੀ ਹੋਣੀ ਚਾਹੀਦੀ ਹੈ ਕਿ ਅਸੀਂ ਕਦੇ ਕਦੇ ਆਪਣੀ ਮਨ ਦੀ ਮਰਜ਼ੀ ਭੀ ਕਰ ਲਈਏ। ਨਾਲੇ ਸਾਡੇ ਦੀਨ ਵਿਚ ਤਾਂ ਇਹ ਗੱਲ ਜਾਇਜ਼ ਸਮਝੀ ਗਈ ਹੈ ਕਿ ਕਾਫਰਾਂ ਪਾਸੋਂ ਜੋ ਚੰਗੀ ਚੀਜ਼ ਮਿਲੇ ਖੋਹ ਲਵੋ।

ਬੀਬੀ– ਦੀਨ ਦੀ ਆੜ ਲੈ ਕੇ ਤੁਸੀਂ ਅਪਣੀਆਂ ਮੰਦਵਾਸ਼ਨਾਂ ਪੂਰੀਆਂ ਕਰਨੀਆਂ

Digitized by Panjab Digital Library | www.panjabdigilib.org

ਚਾਹੁੰਦੇ ਹੋ। ਦੀਨ ਦਾ ਅਰਥ ਹੈ ਮਨੁਖ ਨੂੰ ਚੰਗਾ ਮਨੁਖ ਬਨਾਉਣ ਦੀ ਸਿਖਿਆ ਪਰ ਜਿਹੜਾ ਦੀਨ ਤੁਹਾਨੂੰ ਇਹੋ ਜਿਹੇ ਪਾਪ ਕਰਮ ਕਰਨ ਦੀ ਆਗਿਆ ਦਿੰਦਾ ਹੈ ਉਹ ਖੁਦਾਈ ਦੀਨ ਨਹੀਂ ਹੋ ਸਕਦਾ।

ਅਫਸਰ-- ਅਸੀਂ ਬਹੁਤੀ ਬਹਿਸ ਵਿਚ ਨਹੀਂ ਪੈਣਾ ਚਾਹੁੰਦੇ। ਅਸੀਂ ਮੋਟੀ ਗਲ ਜਾਣਦੇ ਹਾਂ ਕਿ ਤੂੰ ਅਜ ਸਾਡੇ ਜਾਲ ਵਿਚੋਂ ਨਹੀਂ ਨਿਕਨ ਸਕਦੀ।

ਬੀਬੀ-- ਮੈਂ ਕਲਗੀਧਰ ਦੀ ਸਪੁਤ੍ਰੀ ਹਾਂ ਉਸ ਜਾਲ ਨੂੰ ਤਾਰ ਤਾਰ ਕਰਕੇ ਰਖ ਦਿਆਂਗੀ ਜੋ ਮੇਰੇ ਫਸਾਉਣ ਲਈ ਤਣਿਆ ਜਾ ਰਿਹਾ ਹੈ।

ਅਫਸਰ-- ਤੈਨੂੰ ਪੰਜ ਸਨਧਬੰਧ ਸਿਪਾਹੀਆਂ ਨੂੰ ਵੇਖ ਕੇ ਡਰ ਨਹੀਂ ਲਗਦਾ ?

ਬੀਬੀ-- ਡਰ ਕਿਸ ਗਲ ਦਾ ਫਤਹਿ ਸਚਾਈ ਦੀ ਹੁੰਦੀ ਹੈ ਤੇ ਸਿਖ ਬਚੀਆਂ ਸਤਿ ਧਰਮ ਤੇ ਸਚਾਈ ਦੀ ਖਾਤਰ ਕੁਰਬਾਣ ਹੋਣਾ ਸੁਭਾਗ ਦੀ ਨਿਸ਼ਾਨੀ ਸਮਝਦੀਆਂ ਹਨ।

ਅਫਸਰ-- ਤੇਰੀ ਸੁੰਦਰਤਾ ਵੇਖ ਕੇ ਤਰਸ ਆਉਂਦਾ ਹੈ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਰਬ ਨੇ ਤੈਨੂੰ ਘੜਨ ਲਗਿਆਂ ਸਾਰੀ ਸ਼ਕਤੀ ਲਗਾ ਦਿਤੀ ਹੋਵੇ। ਜੇ ਤੂੰ ਸਾਡਾ ਕਹਿਣਾ ਮੰਨ ਲਵੇਂ ਤਾਂ ਸੁਖ ਪਾਵੇਂਗੀ ਨਹੀਂ ਤਾਂ ਇਹ ਜਵਾਨੀ ਖਾਕ ਵਿਚ ਮਿਲ ਜਾਵੇਗਾ

ਬੀਬੀ-- ਮੈਂ ਆਪਣੇ ਸਾਥ ਨੂੰ ਛੇਤੀ ਜਾ ਕੇ ਮਿਲਣਾ ਹੈ ਤੁਸੀਂ ਬਹੁਤੀਆਂ ਗਲਾਂ ਨਾ ਕਰੋ ਮੇਰਾ ਰਾਹ ਛਡ ਦਿਉ ਤੇ ਆਪਣਾ ਰਸਤਾ ਫੜੋ।

ਫਰੀਦ ਜੀ ਨੇ ਫੁਰਮਾਇਆ ਹੈ

"ਫਰੀਦਾ ਕੂਕੇਂਦਿਆਂ ਚਾਗੇਂਆਂ ਮਤੀ ਦੇਂਦਿਆਂ ਨਿੱਤ
ਜੋ ਜੋ ਸ਼ੈਤਾਨ ਵੰਞਾਇਆ ਸੇ ਕਿਤ ਫੇਰੇ ਚਿਤ।"

ਇੰਨਾਂ ਸਿਪਾਹੀਆਂ ਦੇ ਸਿਰ ਤੇ ਸ਼ੈਤਾਨ ਸਵਾਰ ਸੀ। ਬੀਬੀ ਨੇ ਉਨਾਂ ਨੂੰ ਬਹੁਤ ਸਮਝਾਇਆ ਪਰ ਉਹ ਬਾਜ਼ ਨਾ ਆਇ। ਆਖਰ ਤਾਕਤ ਦੇ ਜ਼ੋਰ ਨਾਲ ਬੀਬੀ ਨੂੰ ਫੜਨਾ ਚਾਹਿਆ। ਸ੍ਰੀ ਦਸਮੇਸ਼ ਦੀ ਸਪੁਤ੍ਰੀ ਬਿਜਲੀ ਵਾਂਗ ਕੜਕ ਕੇ ਬੋਲੀ ਖਬਰਦਾਰ ਜੇ ਤੁਸੀਂ ਬਾਜ਼ ਨਾ ਆਇ ਤਾਂ ਮੈਨੂੰ ਸਿਰੀ ਸਾਹਿਬ ਦਾ ਸਹਾਰਾ ਲੈਣਾ ਪਵੇਗਾ। ਪਰ ਉਹ ਜ਼ਾਲਮ ਕਦੋਂ ਹਟਣ ਵਾਲੇ ਸਨ ਬੀਬੀ ਵਲ ਅਗੇ ਵਧੇ ਬੀਬੀ ਦੀਪ ਕੌਰ ਨੇ ਕਮਾਲ ਬਹਾਦਰੀ ਨਾਲ ਚਾਰ ਨੂੰ ਮੌਤ ਦੇ ਘਾਟ ਉਤਾਰ ਦਿਤਾ ਅਤੇ ਪੰਜਵੇ ਦੀ ਛਾਤੀ ਪਰ ਪੈਰ ਰਖ ਕੇ ਤੇ ਉਸਦੀ ਜ਼ਬਾਨ ਪਰ ਤਲਵਾਰ ਦੀ ਨੋਕ ਰਖ ਕੇ ਕਹਿਣ ਲਗੀ ਇਸ ਨਾਪਾਕ ਜ਼ਬਾਨ ਨਾਲ ਕਹਿੰਦਾ ਸੈਂ ਇਕ ਸਿਖ ਦੇਵੀ ਆਪਣਾ ਸਤਿ ਧਰਮ ਤੇਰੇ ਹਵਾਲੇ ਕਰ ਦੇਵੇ।

ਕਿਸੇ ਕਵੀ ਨੇ ਲਿਖਿਆ ਹੈ

"ਚਾਰ ਮੌਤ ਦੇ ਘਾਟ ਉਤਾਰ ਦਿਤੇ ਕਹਿੰਦੀ ਪੰਜਵੇ ਨੂੰ ਬੀਬੀ ਹਸ ਕੇ ਤੇ,
ਭਲਾ ਸ਼ੇਰ ਦੀ ਮੁਛ ਨੂੰ ਹਥ ਲਾ ਕੇ ਕਿਥੇ ਜਾਉ ਗੇ ਪਾਪੀਓ ਨੱਸ ਕੇ ਤੇ"

ਜਿਸ ਸਮੇਂ ਬੀਬੀ ਨੇ ਇੰਨਾਂ ਪੰਜ ਦੁਸ਼ਟਾਂ ਨੂੰ ਮੌਤ ਦੇ ਘਾਟ ਉਤਾਰ ਚੁਕੀ ਤਾਂ ਉਸ ਦੇ ਜਿਸਮ ਪਰ

Digitized by Panjab Digital Library | www.panjabdigilib.org

ਭੀ ਕਈ ਘਾਉ ਆ ਚੁਕੇ ਸਨ। ਇਤਨੇ ਨੂੰ ਸੰਗਤ ਦਾ ਪਿਛਲਾ ਜਥਾ ਪਹੁੰਚ ਗਿਆ। ਉਨ੍ਹਾਂ ਨੇ ਬੀਬੀ ਨੂੰ ਘੋੜੇ ਉਤੋਂ ਉਤਾਰਿਆ ਤੇ ਉਸ ਦਾ ਹਥ ਜੋ ਕਿਰਪਾਨ ਦੇ ਮੁਠੇ ਵਿਚ ਫਸਿਆ ਹੋਇਆ ਸੀ ਬੜੀ ਮੁਸ਼ਕਲ ਨਾਲ ਕਢਿਆ। ਜ਼ਖਮੀ ਹਾਲਤ ਵਿਚ ਹੀ ਸੰਗਤ ਬੀਬੀ ਜੀ ਨੂੰ ਨਾਲ ਲੈ ਕੇ ਅਨੰਦਪੁਰ ਪੁਜੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰ ਸਜਿਆ ਹੋਇਆ ਹੈ। ਰਾਗੀ ਸਿੰਘ ਕੀਰਤਨ ਕਰ ਰਹੇ ਹਨ। ਜਦ ਸੰਗਤ ਨੇ ਮਥਾ ਟੇਕਿਆ ਤਾਂ ਗੁਰੂ ਜੀ ਨੇ ਫੁਰਮਾਇਆ ਮੇਰੀ ਪਿਆਰੀ ਸਪੁਤ੍ਰੀ ਕਿਥੇ ਹੈ? ਸੰਗਤ ਵਿਚ ਕਈ ਹੋਰ ਭੀ ਬੀਬੀਆਂ ਸਨ ਜਿਨਾਂ ਦਾ ਗੁਰਸਿਖੀ ਪਰ ਪੂਰਨ ਭਰੋਸਾ ਸੀ ਇਸ ਕਰ ਕੇ ਗੁਰੂ ਜੀ ਕਿਸ ਨੂੰ ਪਿਆਰੀ ਪੁਤਰੀ ਕਹਿ ਰਹੇ ਹਨ। ਸੰਗਤ ਨੂੰ ਕੁਝ ਪਤਾ ਨਾ ਲਗੇ। ਜਥੇ ਦੇ ਆਗੂ ਨੇ ਹਥ ਜੋੜ ਕੇ ਬੇਨਤੀ ਕੀਤੀ ਸਚੇ ਪਾਤਸ਼ਾਹ ਆਪ ਕਿਸ ਨੂੰ ਪਿਆਰੀ ਪੁਤ੍ਰੀ ਕਹਿ ਕੇ ਬੁਲਾ ਰਹੇ ਹੋ। ਗੁਰੂ ਜੀ ਨੇ ਨੇਤਰ ਖੋਹਲੇ ਤੇ ਕਹਿਣ ਲਗੇ ਮੇਰੀ ਪਿਆਰੀ ਪੁਤਰੀ ਦੀਪ ਕੌਰ ਕਿਥੇ ਹੈ? ਜਿਸ ਨੇ ਪਤੀਬ੍ਰਤਾ ਧਰਮ ਦੀ ਖਾਤਰ ਪੰਜ ਦੁਸ਼ਟਾਂ ਨਾਲ ਜੰਗ ਕਰ ਕੇ ਫਤਹਿ ਪਾਈ ਹੈ ਅਤੇ ਸਿਖੀ ਦੇ ਨਾਮ ਨੂੰ ਰੌਸ਼ਨ ਕਰ ਕੇ ਦਸ ਦਿਤਾ ਹੈ। ਜ਼ਖਮਾਂ ਨਾਲ ਨਿਢਾਲ ਹੋਣ ਕਰਕੇ ਸ਼ੰਗਤ ਬੀਬੀ ਨੂੰ ਡੇਰੇ ਛਡ ਗਈ ਸੀ। ਗੁਰੂ ਜੀ ਦੇ ਹੁਕਮ ਅਨਸਾਰ ਬੀਬੀ ਜੀ ਨੂੰ ਦਰਬਾਰ ਵਿਚ ਲਿਆਂਦਾ ਗਿਆ। ਗੁਰੂ ਜੀ ਨੇ ਬੀਬੀ ਜੀ ਨੂੰ ਪਿਅਰ ਦਿਤਾ ਅਤੇ ਫੁਰਮਾਇਆ ਪੁਤਰੀ ਤੂੰ ਧੰਨ ਹੈਂ ਜਿਸ ਨੇ ਇਸਤ੍ਰੀ ਜਾਤੀ ਲਈ ਇਹ ਮਿਸਾਲ ਕਾਇਮ ਕਰ ਦਿਤੀ ਹੈ ਕਿ ਉਹ ਆਪਣੇ ਸਤਿ ਧਰਮ ਦੀ ਰਾਖੀ ਕਿਵੇਂ ਕਰ ਸਕਦੀਆਂ ਹਨ? ਜਿਹੜੀਆਂ ਇਸਤਰੀਆਂ ਤੇਰੇ ਨਕਸ਼ਿਕਦਮ ਤੇ ਚਲਣ ਗੀਆਂ ਦੁਨੀਆਂ ਦੀ ਕੋਈ ਤਾਕਤ ਉਨ੍ਹਾਂ ਨੂੰ ਆਪਣੇ ਧਰਮ ਤੋਂ ਗਿਰਾ ਨਹੀਂ ਸਕਦੀ। ਉਪਰੰਤ ਗੁਰੂ ਜੀ ਨੇ ਸਾਰੀ ਸੰਗਤ ਨੂੰ ਉਹ ਸਾਰਾ ਵਿਰਤਾਂਤ ਬੀਬੀ ਦੀ ਜ਼ਬਾਨੀ ਸੁਣਵਾਇਆ ਜਿਵੇਂ ਉਨਾਂ ਨੇ ਦੁਸ਼ਟ ਬੁਧੀ ਸਿਪਾਹੀਆਂ ਨਾਲ ਪ੍ਰਸ਼ਨ ਉਤਰ ਕੀਤੇ ਅਤੇ ਜਦ ਉਹ ਬਾਜ਼ ਨਾ ਆਇ ਤਾਂ ਉਨਾਂ ਨੂੰ ਮੌਤ ਦੇ ਘਾਟ ਉਤਾਰਿਆ।

ਬੀਬੀ ਜੀ ਦੇ ਮੁਖ ਤੋਂ ਇਹ ਪ੍ਰਸੰਗ ਸੁਣ ਕੇ ਸੰਗਤਾਂ ਵਿਚੋਂ ਧੰਨ ਸਿਖੀ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਅਵਾਜ਼ਾਂ ਆਉਣ ਲਗ ਪਈਆਂ ਅਤੇ ਸਭ ਨੂੰ ਇਹ ਨਿਸਚਾ ਹੋ ਗਿਆ ਕਿ ਅੰਮ੍ਰਿਤ ਦੀ ਦਾਤ ਬਖਸ਼ ਕੇ ਗੁਰੂ ਜੀ ਨੇ ਸਚ ਮੁਚ ਸਿਖਾਂ ਵਿਚ ਨਵੀ ਰੂਹ ਫੂਕ ਦਿਤੀ ਹੈ।

## ਬੀਬੀ ਸ਼ਰਨ ਕੌਰ ਜੀ

ਬੀਬੀ ਸ਼ਰਨ ਕੌਰ ਦਾ ਨਾਮ ਸਿੱਖ ਇਤਹਾਸ ਵਿਚ ਤੇ ਖਾਸ ਕਰ ਇਸਤ੍ਰੀ ਜਾਤੀ ਦੇ ਇਤਹਾਸ ਵਿਚ ਇਕ ਖਾਸ ਮਹਤਤਾ ਰਖਦਾ ਹੈ, ਆਪ ਦੀ ਅਦੁਤੀ ਕੁਰਬਾਨੀ ਸਿਖ ਰਾਜ ਦੇ ਇਤਹਾਸ ਵਿਚ ਕਿਲਾ ਜਮਰੌਦ ਦੇ ਇਤਹਾਸ ਨਾਲ ਸਦਾ ਯਾਦ ਰਹੇਗੀ।

ਜਨਮ :– ਆਪ ਜੀ ਦਾ ਜਨਮ ਕਰਮ ਚੰਦ ਦੇ ਘਰ ਪਿੰਡ ਪਤਨੀਆਂ ਇਲਾਕਾ ਹੋਇਆ ਅਤੇ ਆਪ ਦੀ ਮੁਢਲੀ ਅਵਸਥਾ ਘਰ ਦੀ ਚਾਰ ਦਿਵਾਰੀ ਵਿਚ ਹੀ ਲੰਘੀ।

ਵਿਆਹ :– ਆਪ ਦਾ ਵਿਆਹ ਭੀਮ ਸੈਨ ਨਾਲ ੧੭ ਸਾਲ ਦੀ ਉਮਰ ਭਰ ਜਵਾਨੀ ਵਿਚ ਹੋਇਆ।

Digitized by Panjab Digital Library | www.panjabdigilib.org

ਬਿਪਤਾ ਦੀਆਂ ਘੜੀਆਂ :– ਆਪ ਜੀ ਨੂੰ ਵਿਆਹ ਕੇ ਪਿੰਡ ਨੂੰ ਜਨੇਤ ਜਾ ਰਹੀ ਸੀ । ਰਸਤੇ ਵਿਚ ਇਲਾਕੇ ਦੇ ਪ੍ਰਸਿੱਧ ਡਾਕੂ ਅਲਾ ਦਿਤਾ ਨੇ ਜ਼ਬਰਦਸਤੀ ਜਨੇਤ ਤੋਂ ਆਪ ਨੂੰ ਖੋਹ ਲਿਆ। ਇਸ ਦੁਰਘਟਨਾ ਦੀ ਖਬਰ ਜਨੇਤੀਆਂ ਨੇ ਸ੍ਰ: ਹਰੀ ਸਿੰਘ ਨੂੰ ਜਮਰੌਦ ਜਾ ਕੇ ਦਸੀ ਤਾਂ ਸਰਦਾਰ ਨੇ ਬੀਬੀ ਸ਼ਰਨ ਕੌਰ ਦੀ ਰਿਹਾਈ ਲਈ ਸ੍ਰ: ਪਹਾੜਾ ਸਿੰਘ ਦੀ ਜਥੇ-ਦਾਰੀ ਹੇਠ ਦਸ ਸਿੰਘਾਂ ਦਾ ਜਥਾ ਘਲਿਆ ਜੋ ਦਿਨ ਚੜ੍ਹਦੇ ਨੂੰ ਸਮੇਤ ਅਲਾ ਦਿਤਾ ਡਾਕੂ ਦੇ ਬੀਬੀ ਸਰਨ ਕੌਰ ਨੂੰ ਵਾਪਸ ਲਿਆਏ।

ਸਰਦਾਰ ਹਰੀ ਸਿੰਘ ਨੇ ਅਲਾ ਦਿਤੇ ਨੂੰ ਆਪਣੀ ਕਰਨੀ ਦਾ ਫਲ ਮੌਤ ਦੀ ਸਜ਼ਾ ਦਿਤੀ ਅਤੇ ਬੀਬੀ ਦੇ ਪਤੀ ਭੀਮ ਸੈਨ ਨੂੰ ਸਦ ਕੇ ਦੋਹਾਂ ਨੂੰ ਅੰਮ੍ਰਿਤ ਛਕਾ ਕੇ ਤਿਆਰ ਬਰ ਤਿਆਰ ਸਿੰਘ ਸਜਾਇਆ ਤੇ ਸ੍ਰਦਾਰ ਹਰੀ ਸਿੰਘ ਮੁੜ ਪਸ਼ੌਰ ਆ ਗਏ।

ਉਪਕਾਰ :– ਅੰਮ੍ਰਿਤ ਛਕ ਕੇ ਸ੍ਰ: ਮਹਾਂ ਸਿੰਘ ਦੇ ਕਹਿਣ ਪਰ ਸ੍ਰ: ਹਰੀ ਸਿੰਘ ਵਲੋਂ ਇਸ ਜੋੜੇ ਨੂੰ ਸੂਹੀਆਂ ਦੀ ਸੇਵਾ ਕਰਨ ਤੇ ਨੀਯਤ ਕੀਤਾ ਗਿਆ। ਜਿਨਾਂ ਨੇ ਇਸ ਸੇਵਾ ਨੂੰ ਬੜੀ ਈਮਾਨਦਾਰੀ ਨਾਲ ਨਭਾਇਆ।

ਅਦੁਤੀ ਬਹਾਦਰੀ :– ਜਦੋਂ ਜਮਰੌਦ ਦੇ ਕਿਲੇ ਦਾ ਘੇਰਾ ਮੁਲਖਈਆਂ ਵਲੋਂ ਪਾਇਆ ਗਿਆ ਤੇ ਘੋਰ ਜੁਧ ਪਿਛੋਂ ਕਿਲੇ ਦੀ ਇਕ ਬਾਹੀ ਡਿਗ ਪਈ ਤੇ ਰਾਤ ਮੂੰਹ ਆਉਣ ਪਰ ਜੰਗ ਠੰਡਾ ਪਿਆ ਤਾਂ ਸਰਦਾਰ ਹਰੀ ਸਿੰਘ ਨੂੰ ਇਸ ਗਲ ਦਾ ਪਤਾ ਦੇਣ ਲਈ ਬੀਬੀ ਸ਼ਰਨ ਕੌਰ ਨੇ ਆਪਣਾ ਨਾਮ ਬੜੀ ਬਹਾਦਰੀ ਨਾਲ ਪੇਸ਼ ਕੀਤਾ। ਕਿਲੇ ਵਿਚੋਂ ਬੜੀ ਜੁਗਤੀ ਨਾਲ ਨਿਕਲ ਕੇ ਸ੍ਰ: ਹਰੀ ਸਿੰਘ ਨੂੰ ਪਸ਼ੌਰ ਜਾ ਖਬਰ ਦਿਤੀ। ਜਿਸ ਪਰ ਸ੍ਰ: ਹਰੀ ਸਿੰਘ ਨੇ ਰਾਤੋ ਰਾਤ ਚੜ੍ਹਾਈ ਕਰਕੇ ਕਿਲੇ ਨੂੰ ਸਖਤ ਖਤਰੇ ਵਿਚੋਂ ਕਢਿਆ। ਇਸ ਜਿਤ ਦਾ ਸਿਹਰਾ ਬੀਬੀ ਸਰਨ ਕੌਰ ਦੇ ਸਿਰ ਹੈ, ਅਤੇ ਸਿਖ ਇਤਹਾਸ ਵਿਚ ਆਪ ਦਾ ਨਾਮ ਸਦਾ ਲਈ ਸੁਰਜੀਤ ਰਹੇਗਾ।

ਅੰਤ ਆਪ ਨੇ ਸਿਖ ਰਾਜ ਲਈ ਬਹੁਤ ਘਾਲਣਾਂ ਘਾਲੀਆਂ, ਸ੍ਰ: ਹਰੀ ਸਿੰਘ ਅਤੇ ਮਹਾਂਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਸਿਖ ਰਾਜ ਦੇ ਧਰੋਹੀ ਤੇ ਵਡੇ ਗ਼ਦਾਰ ਰਾਜਾ ਧਿਆਨ ਸਿੰਘ ਦੀਆਂ ਵਧੀਕੀਆਂ ਤੋਂ ਤੰਗ ਆ ਕੇ ਆਪ ਸਦਾ ਲਈ ਸਿਖ ਰਾਜ ਵਲੋਂ ਅਡ ਹੋ ਗਏ ਅਤੇ ਥੋੜੇ ਚਿਰ ਪਿਛੋਂ ਪਰਲੋਕ ਸਾਧਾਰ ਗਏ।

## ਮਾਤਾ ਭਾਗ ਕੌਰ ਜੀ

ਮਾਤਾ ਭਾਗ ਕੌਰ ਜੀ ਮਾਝੇ ਦੇ ਦੀਪ ਨਗਰ ਝਬਾਲ ਦੇ ਵਸੰਦੇ ਸਨ। ਆਪ ਨੂੰ ਮੁਢ ਤੋਂ ਹੀ ਗੁਰੂ ਘਰ ਨਾਲ ਬਹੁਤ ਪਰੇਮ ਸੀ। ਗੁਰਬਾਣੀ ਦਾ ਪਾਠ ਕਰਨ ਤੇ ਵਿਦਵਾਨ ਗੁਰਸਿੱਖਾਂ ਪਾਸੋਂ ਗੁਰੂ ਘਰ ਦੀਆਂ ਸਾਖੀਆਂ ਸੁਣਨ ਦਾ ਆਪ ਜੀ ਨੂੰ ਬਹੁਤ ਸ਼ੌਕ ਸੀ। ਕਲਗੀਧਰ ਪਾਤਸ਼ਾਹ ਸ੍ਰੀ ਅਨੰਦ ਪੁਰ ਵਿਚ ਦੀਨ ਦੁਖੀਆਂ ਦੀ ਰਖਿਆ ਕਰਨ ਦੀ ਖਾਤਰ ਔਰੰਗਜ਼ੇਬ ਦੀਆਂ ਫੌਜਾਂ ਨਾਲ ਯੁਧ ਕਰ ਰਹੇ ਸਨ। ਇਕ ਪਾਸੇ ਹਿੰਦੋਸਤਾਨ ਦਾ ਸ਼ਹਿਨਸ਼ਾਹ ਔਰੰਗਜ਼ੇਬ ਜਿਸ ਦੀ ਬਾਦਸ਼ਾਹਤ ਦੀਆਂ ਹਦਾਂ ਇਕ ਪਾਸੇ

Digitized by Panjab Digital Library | www.panjabdigilib.org

ਸਮੁੰਦਰ ਦੀਆਂ ਲਹਿਰਾਂ ਨਾਲ ਟਕਰਾਉਂਦੀਆਂ ਸਨ ਤੇ ਇਕ ਪਾਸੇ ਕੋਹ ਹਿਮਾਲਾ ਦੀਆਂ ਚੋਟੀਆਂ ਨਾਲ। ਉਸ ਦੇ ਨਾਲ ਬਾਈਧਾਰ ਦੇ ਸਾਰੇ ਪਹਾੜੀ ਰਾਜੇ, ਲਾਹੌਰ, ਸਰਹਿੰਦ ਤੇ ਕਸ਼ਮੀਰ ਦੇ ਸੂਬੇ ਤੇ ਸਾਰਾ ਮੁਲਖਈਆ ਸੀ ਅਤੇ ਦੂਜੇ ਪਾਸੇ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਉਨਾਂ ਦੇ ਥੋੜੇ ਜਿਹੇ ਸਿਖ ਜਿੰਨਾਂ ਪਾਸ ਰਸਦਾਂ ਅਤੇ ਸਮਾਨ ਜੰਗ ਦਾ ਸਖਤ ਤੋੜਾ ਸੀ। ਯੁਧ ਨੀਤੀ ਦੇ ਮਾਹਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦ ਪੁਰ ਦੇ ਕਿਲੇ ਇਸ ਢੰਗ ਨਾਲ ਬਣਾਏ ਸਨ ਕਿ ਦੁਸ਼ਮਨ ਲਖਾਂ ਦੀ ਗਿਣਤੀ ਵਿਚ ਹੁੰਦਾ ਹੋਇਆ ਭੀ ਕਿਲੇ ਤੋੜਨ ਵਿਚ ਸਫਲ ਨਾ ਹੋ ਸਕਿਆ।

ਸ਼ਾਹੀ ਲਸ਼ਕਰ ਨੇ ਜਿਸ ਦੀ ਗਿਣਤੀ ਕਈ ਇਤਹਾਸ ਖੋਜੀਆਂ ਨੇ ਦਸ ਲਖ ਤਕ ਲਿਖੀ ਹੈ। ਅਠ ਮਹੀਨੇ ਸ੍ਰੀ ਅਨੰਦ ਪੁਰ ਨੂੰ ਘੇਰਾ ਪਾਈ ਰਖਿਆ। ਗੁਰੂ ਜੀ ਪਾਸੋਂ ਰਸਦਾਂ ਮੁਕ ਗਈਆਂ। ਸਿੰਘ ਇਕ ਮੁਠ ਬਦਾਮ (ਛੋਲੇ) ਅਤੇ ਇਕ ਪਿਆਲਾ ਪਾਣੀ ਦਾ ਪੀ ਕੇ ਗੁਜ਼ਾਰਾ ਕਰਨ ਲਗੇ। ਅੰਤ ਇਹ ਚੀਜ਼ਾਂ ਭੀ ਮਿਲਣੀਆਂ ਕਠਨ ਹੋ ਗਈਆਂ। ਹੁਣ ਸਿਖਾਂ ਦੇ ਹਿਰਦੇ ਡੋਲ ਗਏ। ਭੁਖ ਮੌਤ ਨਾਲੋਂ ਭੀ ਬੁਰੀ ਹੈ। ਮੌਤ ਤਾਂ ਇਕੋ ਵੇਰ ਆ ਕੇ ਨਬੇੜਾ ਕਰ ਦਿੰਦੀ ਹੈ ਪਰੰਤੂ ਭੁਖ ਸ਼ਰੀਰ ਨੂੰ ਬੇਚੈਨ ਕਰਦੀ ਰਹਿੰਦੀ ਹੈ ਅਤੇ ਆਦਮੀ ਦੇ ਖ਼ੂਨ ਦਾ ਦੌਰਾ ਰੁਕ ਜਾਂਦਾ ਹੈ। ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਇਸ ਤਰਾਂ ਸੁਕ ਕੇ ਮਰਨ ਨਾਲੋਂ ਤਾਂ ਇਕੋ ਵੇਰ ਮੈਦਾਨ ਵਿਚ ਨਿਕਲ ਕੇ ਮਰ ਜਾਣਾ ਚੰਗਾ ਹੈ। ਗੁਰੂ ਜੀ ਨੇ ਕੁਝ ਦਿਨ ਹੋਰ ਧੀਰਜ ਰਖਣ ਲਈ ਕਿਹਾ। ਦੁਸ਼ਮਨ ਨੂੰ ਭੀ ਇੰਨਾਂ ਸਾਰੇ ਹਾਲਾਤ ਦੀ ਖਬਰ ਮਿਲ ਚੁਕੀ ਸੀ। ਉਨਾਂ ਨੇ ਝੂਠੀਆਂ ਕਸਮਾਂ ਖਾ ਕੇ ਕਿਲਾ ਖਾਲੀ ਕਰਵਾਉਣਾ ਚਾਹਿਆ। ਕੁਝ ਜਾਸੂਸ ਸਿਖਾਂ ਵਿਚ ਛਡੇ ਜਿੰਨਾਂ ਨੇ ਭੁਖ ਤੋਂ ਤੰਗ ਆਏ ਸਿਖਾਂ ਨੂੰ ਗੁਰੂ ਜੀ ਵਿਰੁਧ ਭੜਕਾਇਆ।

ਕੁਝ ਸਿਖ ਦੁਸ਼ਮਨ ਦੀਆਂ ਇੰਨਾਂ ਚਾਲਾਂ ਦੇ ਸ਼ਿਕਾਰ ਹੋ ਗਏ। ਉਨਾਂ ਨੇ ਗੁਰੂ ਜੀ ਦੇ ਸਮਝਾਉਣ ਦਾ ਕੋਈ ਅਸਰ ਕਬੂਲ ਨਾ ਕੀਤਾ। ਇਹ ਸਾਰੇ ਸਿਖ ਝਬਾਲ ਦੇ ਆਸ ਪਾਸ ਦੇ ਸਨ। ਇੰਨਾਂ ਨੇ ਇਕ ਜਥਾ ਬਣਾ ਕੇ ਗੁਰੂ ਜੀ ਨਾਲੋਂ ਵਖ ਹੋਣ ਦੀ ਸਲਾਹ ਬਣਾ ਲਈ। ਇਕਠੇ ਹੋ ਕੇ ਗੁਰੂ ਜੀ ਪਾਸ ਆਏ। ਕਹਿਣ ਲਗੇ ਸਾਥੋਂ ਭੁਖ ਦਾ ਦੁਖ ਹੋਰ ਚਿਰ ਤਕ ਬਰਦਾਸ਼ਤ ਨਹੀਂ ਕੀਤਾ ਜਾਂਦਾ। ਜੇ ਤੁਸੀਂ ਕਿਲਾ ਨਹੀਂ ਛਡਨਾ ਤਾਂ ਸਾਨੂੰ ਛੁਟੀ ਦਿਓ ਅਸੀਂ ਘਰਾਂ ਨੂੰ ਚਲੇ ਜਾਂਦੇ ਹਾਂ। ਗੁਰੂ ਜੀ ਪਾਸ ਸਿਖ ਅਗੇ ਹੀ ਬਹੁਤ ਥੋੜੇ ਸਨ ਇਨਾਂ ਦਾ ਇਸ ਬਿਖੜੇ ਸਮੇਂ ਵਿਚ ਇਹੋ ਜਿਹੀਆਂ ਗਲਾਂ ਕਰਨਾ ਆਪਨੂੰ ਬੇ ਵਫਾਈ ਜਾਪੀ। ਗੁਰੂ ਜੀ ਨੇ ਕਈ ਢੰਗਾਂ ਨਾਲ ਇਨਾਂ ਨੂੰ ਸਮਝਾਇਆ ਪਰ ਇਹ ਬਾਜ਼ ਨਾ ਆਏ। ਸਤਿਗੁਰੂ ਜੀ ਨੇ ਆਪਨੇ ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਨ ਵਿਚ ਬੁਲਾਇਆ। ਇਕ ਨੂੰ ਸਜੇ ਪੱਟ ਤੇ ਬਿਠਾ ਲਿਆ ਦੂਜੇ ਨੂੰ ਖੱਬੇ ਪੱਟ ਤੇ। ਸਿੰਘਾਂ ਨੂੰ ਸੰਬੋਧਮ ਕਰਕੇ ਫੁਰਮਾਇਆ।

ਸਿੰਘੋ, ਅਸੀਂ ਕਿਸੇ ਮਹਾਨ ਉਚੇ ਆਦਰਸ਼ ਲਈ ਲੜ ਰਹੇ ਹਾਂ। ਇਹ ਮੇਰੇ ਦੋ ਲਾਲ ਹਨ ਇੰਨਾਂ ਨੂੰ ਇਸ ਸਮੇਂ ਸਾਧਾਰਨ ਮਨੁਖਾਂ ਨਾਲੋਂ ਚੰਗੀ ਖੁਰਾਕ ਦੀ ਲੋੜ ਹੈ। ਇੰਨਾਂ ਦੀ ਪਰਵਰਸ਼ ਠੀਕ ਢੰਗ ਨਾਲ ਹੋਣੀ ਚਾਹੀਦੀ ਹੈ ਤਾਂ ਕਿ ਇਹ ਵਡੇ ਹੋ ਕੇ ਸੂਰਬੀਰ ਬਹਾਦਰ ਸਾਬਤ ਹੋਣ, ਪਰ ਤੁਸੀਂ ਦਸੋ, ਕੀ ਇੰਨਾਂ ਨੂੰ ਤੁਹਾਡੇ ਨਾਲੋਂ ਵਖਰੀ ਕਿਸਮ ਦੀ ਖੁਰਾਕ ਮਿਲਦੀ ਹੈ ? ਜੇ ਤੁਹਾਨੂੰ ਛੋਲਿਆਂ ਦੀ ਇਕ ਮੁਠੀ ਤੇ ਪਾਣੀ ਦਾ ਇਕ ਪਿਆਲਾ ਮਿਲਦਾ ਹੈ ਤਾਂ ਇੰਨਾਂ ਨੂੰ ਭੀ ਇਹੋ ਚੀਜ਼ ਮਿਲਦੀ ਹੈ। ਗੁਰੂ ਘਰ

Digitized by Panjab Digital Library | www.panjabdigilib.org

ਵਿਚ ਪੂਰਨ ਮਸਾਵਾਤ ਕਾਇਮ ਹੈ। ਜਦ ਇਹ ਮਸੂਮ ਬਚੇ ਭੁਖ ਦਾ ਦੁਖ ਸਹਿ ਰਹੇ ਹਨ ਤਾਂ ਤੁਸੀਂ ਆਪਣੇ ਮਨ ਕਿਉਂ ਡੁਲਾ ਰਹੇ ਹੋ। ਧੀਰਜ ਰਖੋ ਅਕਾਲ ਪੁਰਖ ਸਾਨੂੰ ਫਤਹਿ ਬਖਸ਼ੇ ਗਾ।

ਗੁਰੂ ਜੀ ਨੇ ਇਸ ਪ੍ਰਕਾਰ ਸਿਖਾਂ ਦੇ ਡੋਲ ਰਹੇ ਮਨ ਨੂੰ ਬਥੇਰਾ ਧੀਰਜ ਦੇਣਾ ਚਾਹਿਆ ਪਰੰਤੂ ਉਹ ਕਿਸੇ ਚਾਲ ਦਾ ਸ਼ਿਕਾਰ ਹੋ ਚੁਕੇ ਸਨ। ਦੁਨੀ ਚੰਦ ਜੈਸੇ ਮਸੰਦਾਂ ਨੇ ਉਨਾਂ ਨੂੰ ਪੁਠੀ ਪੱਟੀ ਪੜ੍ਹਾ ਦਿਤੀ ਸੀ। ਪਹਾੜੀ ਰਾਜਿਆਂ ਦੇ ਛਡੇ ਹੋਇ ਕਈ ਹੋਰ ਜਾਸੂਸ ਭੀ ਗੁਰੂ ਜੀ ਵਿਰੁਧ ਪ੍ਰਚਾਰ ਕਰ ਰਹੇ ਸਨ। ਇਹੋ ਜਿਹੀਆਂ ਗਲਾਂ ਨੇ ਸਿਖਾਂ ਦੇ ਮਨ ਡੁਲਾ ਦਿਤੇ ਉਨਾਂ ਨੇ ਇਕੋ ਰਟ ਲਗਾ ਦਿਤੀ ਸਾਨੂੰ ਛੁਟੀ ਦਿਉ ਅਸੀਂ ਹੁਣ ਇਥੇ ਨਹੀਂ ਰਹਿਣਾ। ਜਦ ਗੁਰੂ ਜੀ ਨੇ ਵੇਖਿਆ ਕਿ ਇਹ ਬਾਜ਼ ਨਹੀਂ ਆਂਉਦੇ ਤਾਂ ਫੁਰਮਾਇਆ, "ਜੇ ਤੁਸੀਂ ਨਹੀਂ ਰਹਿਣਾ ਤਾਂ ਬੇਦਾਵਾ ਲਿਖ ਕੇ ਚਲੇ ਜਾਓ, ਇਕ ਕਾਗਜ਼ ਪਰ ਲਿਖ ਦਿਉ ਅਸੀਂ ਤੇਰੇ ਸਿਖ ਨਹੀਂ ਤੂੰ ਸਾਡਾ ਗੁਰੂ ਨਹੀਂ" ਵੈਰੀ ਦੇ ਵਰਗਲਾਏ ਸਿੰਘ ਬੇਦਾਵਾ ਲਿਖ ਕੇ ਚਲੇ ਗਏ। ਗੁਰੂ ਜੀ ਨੇ ਉਹ ਕਾਗਜ਼ ਸੰਭਾਲ ਕੇ ਰਖ ਲਿਆ। ਕਿਲੇ ਦਾ ਦਰਵਾਜ਼ਾ ਖੋਹਲ ਦਿਤਾ ਸਿਖ ਬਾਹਰ ਨਿਕਲ ਗਏ ਤੇ ਦੁਸ਼ਮਨ ਫ਼ੌਜ ਤੋਂ ਅੱਖ ਬਚਾ ਕੇ ਮਾਝੇ ਵਲ ਤੁਰ ਪਏ।

ਸਿੰਘਾਂ ਦੇ ਬੇਦਾਵਾ ਲਿਖ਼ ਕੇ ਚਲੇ ਜਾਣ ਦੀ ਖਬਰ ਸਾਰੇ ਪੰਜਾਬ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਘਰ ਘਰ ਵਿਚ ਲੋਕ ਇਸ ਗਲ ਦੀ ਚਰਚਾ ਕਰਨ ਲਗੇ। ਜਦ ਇਹ ਖਬਰ ਝਬਾਲ ਦੇ ਇਲਾਕੇ ਵਿਚ ਪੁਜੀ ਤਾਂ ਮਾਤਾ ਭਾਗ ਕੌਰ ਨੇ ਉਨਾਂ ਸਾਰੀਆਂ ਸਿੰਘਣੀਆਂ ਦਾ ਇਕਠ ਕੀਤਾ ਜਿਨਾਂ ਦੇ ਇਹ ਸਿੰਘ ਪ੍ਰਵਾਰ ਵਿਚੋਂ ਸਨ। ਮਾਤਾ ਜੀ ਨੇ ਕਿਹਾ ਕੀ ਕੋਈ ਸਿੰਘਣੀ ਉਸ ਸਿੰਘ ਦੀ ਮਾਤਾ ਪਤਨੀ ਜਾਂ ਭੈਣ ਅਖਵਾਉਣ ਲਈ ਤਿਆਰ ਹੈ ਜੋ ਗੁਰੂ ਨੂੰ ਬੇਦਾਵਾ ਲਿਖ ਕੇ ਤੇ ਗੀਦੀ ਬਣ ਕੇ ਆ ਗਿਆ ਹੋਵੇ? ਕੀ ਇਨਾਂ ਗੁਰੂ ਤੋਂ ਬੇਮੁਖ ਹੋਇ ਸਿਖਾਂ ਨੇ ਆਪਣੀਆਂ ਮਾਤਾਵਾਂ ਦੀ ਕੁਖ ਨੂੰ ਦਾਗ ਨਹੀਂ ਲਗਾਇਆ ਅਤੇ ਉਸ ਇਲਾਕੇ ਦਾ ਨਾਮ ਬਦਨਾਮ ਨਹੀਂ ਕੀਤਾ ਜਿਸ ਦੇ ਉਹ ਰਹਿਣ ਵਾਲੇ ਹਨ। ਇਸ ਕਲੰਕ ਨੂੰ ਧੋਣ ਦਾ ਹੁਣ ਇਕੋ ਵਸੀਲਾ ਹੈ ਕਿ ਅਸੀਂ ਸਭ ਇਸਤ੍ਰੀਆਂ ਇੰਨਾਂ ਗੁਰੂ ਘਰ ਤੋਂ ਬੇਮੁਖ ਹੋ ਕੇ ਆਇ ਸਿਖਾਂ ਦਾ ਸਮਾਜਕ ਤੌਰ ਪਰ ਤਿਆਗ ਕਰ ਦੇਈਏ ਤੇ ਇੰਨਾਂ ਨੂੰ ਇਕ ਅਵਾਜ਼ ਹੋ ਕੇ ਆਖੀਏ ਕਿ ਸਾਨੂੰ ਆਪਣੀਆਂ ਭ੍ਰਿਸ਼ਟੀਆਂ ਸ਼ਕਲਾਂ ਨਾ ਵਿਖਾਉ। ਜਾਉ ਜਾਕੇ ਕਿਧਰੇ ਡੁਬ ਮਰੋ।

ਮਾਤਾ ਭਾਗ ਕੌਰ ਨੇ ਇਤਨੇ ਰੋਹ ਵਿਚ ਆ ਕੇ ਤਕਰੀਰ ਕੀਤੀ ਕਿ ਸਾਰੀਆਂ ਇਸਤ੍ਰੀਆਂ ਦੇ ਰੋਂਗਟੇ ਖੜੇ ਹੋ ਗਏ। ਉਨਾਂ ਦਾ ਖੂਨ ਉਬਾਲੇ ਖਾਣ ਲਗ ਪਿਆ। ਸਭ ਨੇ ਇਕ ਅਵਾਜ਼ ਹੋ ਕੇ ਕਿਹਾ ਸਾਨੂੰ ਇਹ ਪ੍ਰਸਤਾਵ ਪ੍ਰਵਾਨ ਹੈ। ਅਸੀਂ ਖੁਦ ਮਰਦਾਵੇਂ ਕਪੜੇ ਪਾ ਕੇ ਗੁਰੂ ਪਾਸ ਜਾਵਾਂ ਗੀਆਂ ਤੇ ਇਸ ਕਲੰਕ ਨੂੰ ਆਪਣੇ ਖੂਨ ਨਾਲ ਧੋਵਾਂ ਗੀਆਂ। ਇਹੋ ਜਿਹੀਆਂ ਵਿਚਾਰ ਲੈ ਕੇ ਮਾਤਾ ਭਾਗ ਕੌਰ ਪਿੰਡ ਪਿੰਡ ਫਿਰੀ ਅਤੇ ਸਭ ਨੂੰ ਇਕ ਰਾਇ ਹੋਣ ਦੀ ਪ੍ਰੇਰਨਾ ਕੀਤੀ। ਇਹ ਗਲ ਤਾਂ ਸਾਰੇ ਇਤਹਾਸ ਕਾਰ ਮੰਨਦੇ ਹਨ ਕਿ ਸਾਰੀਆਂ ਮਾਤਾਵਾਂ ਭੈਣਾਂ ਨੇ ਬੇਦਾਵਾ ਲਿਖ ਕੇ ਆਇ ਸਿੰਘਾਂ ਨੂੰ ਇਕੋ ਤਰਾਂ ਦੀਆਂ ਫਿਟਕਾਰਾਂ ਪਾਈਆਂ ਤੇ ਉਨਾਂ ਨੂੰ ਮੂੰਹ ਲਾਉਣ ਤੋਂ ਉਕਾ ਹੀ ਇਨਕਾਰ ਕਰ ਦਿਤਾ ਪਰੰਤੂ ਇਨਾਂ ਸਭ ਸਿੰਘਣੀਆਂ ਨੂੰ ਇਕ ਰਾਇ ਹੋਣ ਦੀ ਕਿਸਨੇ ਪਰੇਰਨਾ ਕੀਤੀ? ਇਸ ਤੋਂ ਅਜ ਤਕ ਪਰਦਾ ਕਿਸੇ ਨਹੀਂ ਉਠਾਇਆ। ਖੋਗ ਕਰਨ ਤੇਂ ਪਤਾ ਲਗਿਆ ਹੈ ਕਿ ਇਹ ਮਾਤਾ ਭਾਗ ਕੌਰ ਦੇ ਪਰਚਾਰ ਦਾ ਅਸਰ ਸੀ ਜਿਸ ਨੇ ਪਿੰਡ ਪਿੰਡ ਫਿਰ ਕੇ ਤੇ ਸਿੰਘਣੀਆਂ ਨੂੰ ਇਕਠੀਆਂ ਕਰ ਕੇ ਉਨਾਂ ਵਿਚ ਇਹੋ ਜਿਹਾ ਰੋਸ ਪੈਦਾ

Digitized by Panjab Digital Library | www.panjabdigilib.org

ਕੀਤਾ ਕਿ ਗੁਰੂ ਤੋਂ ਬੇਮੁਖ ਹੋਇ ਸਿੰਘਾਂ ਦੀਆਂ ਮਾਤਾ ਭੈਣਾਂ ਜਾਂ ਪਤਨੀਆਂ ਅਖਵਾਉਣ ਨਾਲੋਂ ਤਾਂ ਮਰ ਜਾਣਾ ਚੰਗਾ ਹੈ।

ਜਦ ਉਹ ਸਿੱਖ ਆਪਣੇ ਆਪਣੇ ਪਿੰਡਾਂ ਵਿਚ ਪੁਜੇ ਤਾਂ ਉਨਾਂ ਨੇ ਹੋਰ ਹੀ ਨਕਸ਼ਾ ਵੇਖਿਆ। ਕਿਥੇ ਤਾਂ ਉਨਾਂ ਨੂੰ ਇਹ ਖਿਆਲ ਸੀ ਕਿ ਜਾਨਾਂ ਬਚਾ ਕੇ ਸਹੀ ਸਲਾਮਤ ਘਰ ਮੁੜ ਆਉਣ ਪਰ ਸਾਨੂੰ ਵਧਾ-ਈਆਂ ਮਿਲਣਗੀਆਂ ਪ੍ਰੰਤੂ ਇਸਦੇ ਉਲਟ ਉਨਾਂ ਨੂੰ ਹਰ ਪਾਸੇ ਤੋਂ ਫਿਟਕਾਰਾਂ ਮਿਲੀਆਂ। ਸਭ ਇਸ-ਤ੍ਰੀਆਂ ਨੇ ਇਕ ਆਵਾਜ਼ ਹੋਕੇ ਕਿਹਾ , ਤੁਹਾਡੇ ਕੰਮ ਨੇ ਸਾਡੀ ਉਜਲ ਕੀਰਤੀ ਦੀ ਚਿੱਟੀ ਚਾਦਰ ਨੂੰ ਕਾਲਾ ਦਾਗ ਲਾ ਦਿਤਾ ਹੈ। ਤੁਸਾਂ ਜਹਾਨ ਤੇ ਸਾਨੂੰ ਕਿਧਰੇ ਮੂੰਹ ਵਿਖਾਉਣ ਜੋਗਾ ਨਹੀਂ ਛਡਿਆ। ਮਰਦ ਨੂੰ ਇਸਤਰੀ ਦਾ ਪ੍ਰਾਣ ਪਤੀ ਕਿਹਾ ਗਿਆ ਹੈ। ਹੈ ਭੀ ਸਚ ਇਸਤਰੀ ਦੀ ਇਜ਼ਤ ਆਬਰੋ ਸੁਖ ਤੇ ਆਰਾਮ ਮਰਦ ਨਾਲ ਹੈ। ਇਹੋ ਕਾਰਨ ਹੈ ਕਿ ਇਸਤ੍ਰੀਆਂ ਮਰਦਾਂ ਨੂੰ ਆਪਣੇ ਜੀਵਣ ਤੇ ਪਰਾਣਾਂ ਤੋਂ ਭੀ ਪਿਆਰਾ ਸਮਝਦੀਆਂ ਹਨ। ਘਰ ਵਿਚ ਮਰਦ ਦਾ ਆਉਣਾ ਇਸਤਰੀ ਲਈ ਖੁਸ਼ੀ ਤੇ ਸੁਖ ਦਾ ਕਾਰਣ ਹੁੰਦਾ ਹੈ ਅਤੇ ਆਪਣੇ ਪਤੀ ਦਾ ਦਰਸ਼ਨ ਕਰ ਕੇ ਪਤੀ ਬ੍ਰਤਾ ਇਸਤਰੀ ਖੁਸ਼ੀ ਨਾਲ ਕਪੜਿਆਂ ਵਿਚ ਫੁਲੀ ਨਹੀਂ ਸਮਾਉਂਦੀ ਪਰ ਹਾਇ ਅਜ ਤੁਹਾਨੂੰ ਪ੍ਰਾਣ ਪਤੀ ਕਹਿੰਦਿਆਂ ਸਾਡੀ ਜ਼ਬਾਨ ਰੁਕਦੀ ਹੈ। ਤੁਹਾਡੀ ਸੂਰਤ ਵੇਖ ਕੇ ਸਾਡੀਆਂ ਅਖਾਂ ਸ਼ਰਮ ਨਾਲ ਧਰਤੀ ਵਿਚ ਧਸਦੀਆਂ ਜਾਂਦੀਆਂ ਹਨ। ਤੁਹਾਡਾ ਇਥੇ ਆਉਣਾ ਸਾਡੇ ਲਈ ਨਿਰਾਦਰੀ ਬੇਪਤੀ ਤੇ ਨਿਰਲਜਿਆ ਦਾ ਕਾਰਣ ਬਣ ਰਿਹਾ ਹੈ।

ਕੀ ਤੁਸੀਂ ਸਾਡੇ ਪ੍ਰਾਣ ਪਤੀ ਹੋ ? ਜੇ ਤੁਸੀਂ ਸਾਡੇ ਪ੍ਰਾਣ ਪਤੀ ਹੁੰਦੇ ਤਾਂ ਅਜ਼ੇਹੇ ਕਠਨ ਸਮੇਂ ਗੁਰੂ ਜੀ ਦਾ ਸੰਗ ਨਾ ਛਡਦੇ। ਟੋਟੇ ਟੋਟੇ ਹੋ ਜਾਂਦੇ ਪਰ ਧਰਮ ਤੋਂ ਮੂੰਹ ਨਾ ਮੋੜਦੇ। ਪੁਰਜ਼ੇ ਪੁਰਜ਼ੇ ਹੋ ਜਾਂਦੇ ਪਰ ਲੜਾਈ ਵਿਚੋਂ ਪਿਠ ਵਿਖਾ ਕੇ ਨਾ ਆਉਂਦੇ। ਕਲੇਜੇ ਪਰ ਤਲਵਾਰ ਦਾ ਫਟ ਸਹਾਰਿਆ ਜਾ ਸਕਦਾ ਹੈ, ਪਰ ਸਿੰਘਣੀਆਂ ਦੇ ਇਕਠ ਵਿਚ ਕਾਇਰ, ਡਰਾਕਲ ਦੀ ਇਸਤਰੀ ਕਹਾਵਣਾ ਤੇ ਫਿਰ ਗੁਰੂ ਤੋਂ ਵੇਮੁਖ ਦੀ ਇਸਤਰੀ ਕਹਾਉਣਾ ਸਿੰਘਣੀਆਂ ਲਈ ਅਸਹਿ ਹੈ। ਮੌਤ ਹੋਵੇ ਜਾਂ ਜੀਵਨ ਜੋ ਹੋਵੇ ਪਤ ਨਾਲ ਹੋਵੇ।

ਸਾਡੇ ਵਡਿਆਂ ਨੇ ਸਿੰਘ ਜਾਣਕੇ ਤੁਹਾਡੇ ਨਾਲ ਸਾਡੇ ਵਿਆਹ ਕੀਤੇ ਸਨ ਪਰ ਤੁਸਾਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਸਾਡੀਆਂ ਆਸਾਂ ਦੀਆਂ ਖੇਤੀਆਂ ਪਰ ਗੜ੍ਹਾ ਪਾ ਦਿਤਾ ਹੈ। ਤੁਹਾਡੇ ਵਡੇ ਵਡੇ ਸਰੀਰ ਤੇ ਲੰਮੀਆਂ ਲੰਮੀਆਂ ਬਾਹਾਂ ਧੋਖੇ ਦੀਆਂ ਸਨ। ਸਾਡੇ ਵਡਿਆਂ ਨੂੰ ਧੋਖਾ ਲਗਾ ਕਿ ਉਨਾਂ ਨੇ ਮਿਟੀ ਦੀਆਂ ਮੂਰਤਾਂ ਨੂੰ ਮਨੁਖ ਜਾਣ ਕੇ ਆਪਣੀਆਂ ਕੰਨਿਆਂ ਤੁਹਾਡੇ ਨਾਲ ਵਿਆਹ ਦਿਤੀਆਂ। ਤੁਸੀਂ ਬਦਲ ਸੀ ਨਿਰੇ ਗੱਜਣ ਵਾਲੇ ਵਸਣ ਵਾਲੇ ਨਹੀਂ।

ਕੀ ਤੁਸੀਂ ਸਚ ਮੁਚ ਗੁਰੂ ਨੂੰ ਬੇਦਾਵਾ ਲਿਖ ਦਿਤਾ ਹੈ ? ਜੇ ਇਹ ਗਲ ਸਚ ਹੈ ਤਾਂ ਤੁਹਾਡੇ ਹੱਥ ਬੇਦਾਵਾ ਲਿਖਣ ਤੋਂ ਪਹਿਲਾਂ ਹੀ ਕਿਉਂ ਨਾ ਝੜ ਗਏ। ਉਹ ਹੱਥ ਜਿਨਾਂ ਨੇ ਇਹ ਅਖਰ ਲਿਖਕੇ ਤੁਹਾਡੇ ਸਰੀਰ ਪਾਤਕੀ ਬਣਾਏ ਤੁਹਾਡੇ ਪਰਵਾਰ, ਕੁਲ, ਪਿੰਡ ਤੇ ਇਲਾਕੇ ਨੂੰ ਸ਼ਰਮਿੰਦਾ ਕੀਤਾ। ਚੰਗਾ ਹੁੰਦਾ ਕਿ ਉਹ ਬੇਦਾਵਾ ਲਿਖਣ ਤੋਂ ਪਹਿਲਾ ਹੀ ਸ਼ਰੀਰ ਨਾਲੋਂ ਅਡ ਹੋ ਜਾਂਦੇ। ਹਾਏ ਹੁਣ ਅਸੀਂ ਕੀ ਕਰੀਏ ? ਮੌਤ ਕਿਥੇ ਹੈ ਜੋ ਸਾਨੂੰ ਆਪਣੀ ਗੋਦ ਵਿਚ ਸਮਾ ਲਵੇ !

Digitized by Panjab Digital Library | www.panjabdigilib.org

ਅਸੀਂ ਉਨਾਂ ਸਿੰਘਾਂ ਦੀਆਂ ਪੁਤ੍ਰੀਆਂ ਹਾਂ ਜਿੰਨਾਂ ਨੇ ਜਿੰਦ ਨਾਲੋਂ ਧਰਮ ਪਿਆਰਾ ਜਾਣਿਆ। ਅਸੀਂ ਉਹ ਸਿੰਘਣੀਆਂ ਹਾਂ ਜਿੰਨਾਂ ਦੀ ਪਵਿੱਤਰਤਾ ਤੇ ਚਾਨਣੇ ਨਾਲ ਜੱਗ ਵਿਚ ਉਜਾਲਾ ਹੈ। ਅਸੀਂ ਤੁਹਾਡੇ ਮੂੰਹ ਕਿਸ ਤਰ੍ਹਾਂ ਵੇਖੀਏ। ਇਤਨੀ ਬੇਸ਼ਰਮੀ, ਤੇ ਢੀਠਤਾਈ ਕਿਥੋਂ ਲਿਆਈਏ? ਕੀ ਤੁਸੀਂ ਮੈਦਾਨ ਛਡ ਕੇ ਇਥੇ ਆਇ ਹੋ? ਹੁਣ ਤੁਹਾਡੇ ਲਈ ਇੰਨਾਂ ਘਰਾਂ ਵਿਚ ਕੀ ਰਖਿਆ ਹੈ? ਜੇ ਤੁਹਾਨੂੰ ਮੌਤ ਦਾ ਇਤਨਾ ਡਰ ਸੀ ਤਾਂ ਸਿੰਘਾ ਦੇ ਘਰ ਕਿਉਂ ਜੰਮੇ? ਜੇ ਇਸ ਤਰਾਂ ਕਾਇਰਤਾ ਵਿਖਾਕੇ ਕੁਲ ਦਾ ਨਾਂ ਡੋਬਣਾ ਸੀ ਤਾਂ ਸਿੰਘਾਂ ਦੇ ਘਰ ਵਿਆਹ ਕਿਉਂ ਕੀਤੇ? ਜੇ ਪਰੀਖਿਆ ਦੇ ਵੇਲੇ ਇਸ ਤਰ੍ਹਾਂ ਧਰਮ ਛਡ ਦੇਣਾ ਸੀ ਤਾਂ ਸਾਨੂੰ ਆਪਣੀਆਂ ਅਰਧੰਗੀਆਂ ਕਿਉਂ ਬਣਾਇਆ?

ਤੁਹਾਨੂੰ ਸੋਚ ਨਾ ਆਈ ਜੋ ਦੋਹਾਂ ਕੁਲਾਂ ਦੀ ਇਜ਼ਤ ਗਵਾਈ। ਕੀ ਇਜ਼ਤ ਨਾਲੋਂ ਜਾਨ ਬਚਾਉਣੀ ਚੰਗੀ ਹੈ? ਜੇ ਤੁਸੀਂ ਰਣਭੂਮੀ ਵਿਚ ਜਿਤ ਨਹੀਂ ਸਕਦੇ ਸੀ ਤਾਂ ਕੀ ਸ਼ਹੀਦੀਆਂ ਭੀ ਨਹੀਂ ਪਾ ਸਕਦੇ ਸੀ? ਜੇ ਤੁਸੀਂ ਗੁਰੂ ਨਾਲ ਸਨਮੁਖ ਰਹਿ ਕੇ ਸ਼ਹੀਦੀਆਂ ਪਾ ਜਾਂਦੇ ਤਾਂ ਅਜ ਸਾਡੀਆਂ ਅਖਾਂ ਸਿੰਘਣੀਆਂ ਹੋ ਕੇ ਇਸ ਤਰ੍ਹਾਂ ਹੰਝੂ ਨਾ ਕੇਰਦੀਆਂ। ਤੁਹਾਨੂੰ ਸਾਹਮਣੇ ਖੜ੍ਹਾ ਵੇਖ ਕੇ ਸਾਡੀਆਂ ਹਡੀਆਂ ਬਲ ਬਲ ਉਠਦੀਆਂ ਹਨ। ਤੁਹਾਨੂੰ ਆਪਣੀ ਇਜ਼ਤ ਦਾ, ਧਰਮ ਦਾ, ਨਾਮ ਦਾ ਜ਼ਰਾ ਭੀ ਖਿਆਲ ਨਾ ਆਇਆ? ਤੁਹਾਡੇ ਵਰਗੇ ਬੁਜ਼ਦਿਲ ਸਾਡੇ ਘਰ ਦੀ ਕੀ ਰਾਖੀ ਕਰਨ ਗੇ? ਇਸ ਗਲ ਦਾ ਕੀ ਸਬੂਤ ਹੈ ਕਿ ਤੁਸੀਂ ਉਸ ਵੇਲੇ ਭੀ ਜਾਨ ਪਿਆਰੀ ਕਰ ਕੇ ਨਹੀਂ ਨਸ ਜਾਉ ਗੇ?

ਇਸਤਰੀ ਲਈ ਮਰਦ ਦਾ ਸਤਿਕਾਰ ਕਰਨਾ ਉਚਿਤ ਹੈ। ਅਸੀਂ ਤੁਹਾਡੇ ਸਾਹਮਣੇ ਕਰੜੀਆਂ ਗਲਾਂ ਕਹਿਕੇ ਇਕ ਤਰ੍ਹਾਂ ਦਾ ਅਯੋਗ ਕੰਮ ਕੀਤਾ ਹੈ ਪਰ ਅਸੀਂ ਅੰਮ੍ਰਿਤਧਾਰੀ ਸਿੰਘਾਂ ਦੀਆਂ ਸਪੁਤ੍ਰੀਆਂ ਹਾਂ ਸਚੀ ਗਲ ਕਿਉਂ ਨਾ ਕਹੀਏ? ਜਾਉ ਜਾਉ ਸਿੰਘਾਂ ਦੇ ਘਰਾਂ ਵਿਚ ਗਿਦੜਾਂ ਲਈ ਕੋਈ ਥਾਂ ਨਹੀਂ ਅਸੀਂ ਤੁਹਾਡੇ ਨਾਲ ਕਿਸੇ ਹਾਲਤ ਵਿਚ ਭੀ ਮੇਲ ਨਹੀਂ ਰਖ ਸਕਦੀਆਂ ਜੇ ਤੁਸੀਂ ਗੁਰੂ ਜੀ ਪਾਸੋਂ ਜਾਕੇ ਭੁਲ ਬਖਸ਼ਾ ਲਉ ਤਾਂ ਫਿਰ ਮੇਲ ਹੋ ਸਕਦਾ ਹੈ। ਨਹੀਂ ਤਾਂ ਅਸੀਂ ਖੁਦ ਜਾ ਕੇ ਤੁਹਾਂਡੇ ਵਲੋਂ ਲੜਾਂ ਗੀਆਂ ਤੇ ਗੁਰੂ ਜੀ ਤੋਂ ਭੁਲ ਬਖਸ਼ਾਵਾਂਗੀਆਂ। ਤੁਸੀ ਸਾਡੇ ਕਪੜੇ ਪਹਿਨ ਲਉ। ਆਪਣੀਆਂ ਤੇਗਾਂ ਲਾਹ ਕੇ ਸਾਨੂੰ ਦਿਉ। ਅਸੀਂ ਸ੍ਰੀ ਅਨੰਦਪੁਰ ਜਾਵਾਂਗੀਆਂ ਤੇ ਆਪਣੇ ਖੂਨ ਨਾਲ ਤੁਹਾਡੇ ਲਾਏ ਕਲੰਕ ਨੂੰ ਧੋਵਾਂਗੀਆਂ।

**ਮਾਤਾਵਾਂ ਵਲੋਂ ਫਿਟਕਾਰਾਂ :—** ਪੁਤਰੋ ਤੁਹਾਨੂੰ ਵੇਖ ਕੇ ਮਮਤਾ ਦੇ ਮਾਰੇ ਸਾਡੇ ਸੀਨਿਆਂ ਵਿਚ ਪਿਆਰ ਦੇ ਵਲਵਲੇ ਜੋਸ਼ ਮਾਰ ਰਹੇ ਹਨ। ਅੱਖਾਂ ਸਜਲ ਹੋ ਆਈਆਂ ਹਨ ਤੇ ਤੁਹਾਡੇ ਮਥੇ ਚੁੰਮਣ ਲਈ ਦਿਲ ਉਤਾਵਲਾ ਹੋ ਰਿਹਾ ਹੈ ਪ੍ਰੰਤੂ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਦੇ ਕਿਲੇ ਵਿਚ ਛਡ ਕੇ ਨੱਸਣ ਦਾ ਜੋ ਅਪਰਾਧ ਕੀਤਾ ਹੈ ਉਹ ਕੰਡਾ ਹੈ ਜੋ ਸਾਡੇ ਲੂੰ ਲੂੰ ਵਿਚ ਅਨੇਕ ਕੰਡੇ ਬਣ ਕੇ ਚੁਭ ਰਿਹਾ ਹੈ। ਮਾਂ ਦਾ ਪਿਆਰ ਆਪਣੇ ਨੌਨਿਹਾਲਾਂ ਨੂੰ ਜੰਗ ਵਿਚ ਕੁਦਣੋਂ ਰੋਕਣਾ ਚਾਹੁੰਦਾ ਹੈ ਪਰ ਅਜ ਅਸੀਂ ਇਸ ਮਮਤਾ ਨੂੰ ਮਿਟਾ ਦਿਤਾ ਹੈ। ਜੇ ਤੁਸੀਂ ਇਤਨੇ ਹੀ ਡਰਾਕਲ, ਕਮਜ਼ੋਰ ਤੇ ਥੋੜ੍ਹਦਿਲੇ ਸੀ ਤਾਂ ਅੰਮ੍ਰਿਤ ਜੇਹੀ ਅਮੋਲਕ ਵਸਤੂ ਨੂੰ ਕਿਉਂ ਛਕਿਆ। ਖਾਲਸਾ ਕਿਉਂ ਬਣੇ। ਜੇ ਤੁਸੀਂ ਸਾਡਾ ਦੁਧ ਪੀਤਾ ਸੀ ਤੇ ਸਿੱਖ ਧਰਮ ਪਰਵਾਨ ਕੀਤਾ ਸੀ ਤਾਂ ਗੁਰੂ ਸਾਹਿਬ ਨਾਲ ਬੇਵਫਾਈ ਕਰਕੇ ਸਾਡੀ ਕੁਖ ਨੂੰ ਵੱਟਾ ਕਿਉਂ ਲਾਇਆ?

ਜਾਉ ਹੁਣ ਸਾਡੀਆ ਅਖਾਂ ਤੋਂ ਦੂਰ ਹੋ ਜਾਉ। ਪਿੰਡ ਵਾਲਿਆਂ ਦੀਆਂ ਅਖਾਂ ਤੋਂ ਦੂਰ ਹੋ ਜਾਓ।

Digitized by Panjab Digital Library | www.panjabdigilib.org

ਕੌਮ ਦੀਆਂ ਨਜ਼ਰਾਂ ਤੋਂ ਦੂਰ ਹੋ ਜਾਉ । ਮੁਲਕ ਦੀਆਂ ਨਜ਼ਰਾਂ ਤੋਂ ਦੂਰ ਹੋ ਜਾਉ ਤੇ ਮਨੁਖ ਜਾਤੀ ਦੀਆਂ ਨਜ਼ਰਾਂ ਤੋਂ ਦੂਰ ਹੋ ਜਾਉ ਤਾਂਕਿ ਤੁਹਾਡਾ ਇਹ ਬੁਰਾ ਉਦਾਹਰਣ ਦੂਜਿਆਂ ਲਈ ਧੋਖਾ ਖਾਣ ਦਾ ਕਾਰਣ ਨਾ ਬਣੇ। ਚੰਗਾ ਹੁੰਦਾ ਜੇ ਤੁਸੀਂ ਪੈਦਾ ਹੀ ਨਾ ਹੁੰਦੇ। ਤੁਹਾਡੇ ਜਿਹੇ ਪੁਤ੍ਰ ਜੰਮਣ ਨਾਲੋਂ ਬਾਂਝ ਰਹਿਣ ਹਜ਼ਾਰ ਦਰਜੇ ਚੰਗਾ ਸੀ। ਤੁਸੀਂ ਸਾਡੇ ਦੁਧ ਨੂੰ ਲਾਜ ਲਾ ਦਿੱਤੀ। ਤੁਸੀਂ ਗੁਰੂ ਸਾਹਿਬ ਨੂੰ ਬੇਦਾਵਾ ਲਿਖਕੇ ਸਾਡੀ ਕੁਲ ਕਲੰਕਤ ਕਰ ਦਿਤੀ।

ਤੁਹਾਡੇ ਹੋਣ ਤੇ ਨਾ ਸਾਨੂੰ ਮਾਣ ਹੈ ਤੇ ਨਾ ਤੁਹਾਡੀ ਕੌਮ ਨੂੰ। ਤੁਹਾਡੀਆਂ ਇਸਤ੍ਰੀਆਂ ਭਾ ਆਪਣੇ ਆਪ ਨੂੰ ਸੁਭਾਗਵਤੀਆਂ ਨਹੀਂ ਸਮਝਦੀਆਂ ਨਾ ਹੀ ਤੁਹਾਡੀ ਹੋਂਦ ਤੇ ਤੁਹਾਡੇ ਦੇਸ਼ ਵਾਲੇ ਗਰਦਨਾਂ ਉਚੀਆਂ ਕਰ ਸਕਦੇ ਹਨ। ਅਜੇਹੀ ਹਾਲਤ ਵਿਚ ਤੁਹਾਡਾ ਜਿਉਣਾ ਮਰਨ ਨਾਲੋਂ ਬੁਰਾ ਨਹੀਂ ? ਤੁਹਾਡੇ ਇਸ ਕੰਮ ਨੂੰ ਵੇਖ ਕੇ ਦਿਲ ਘਬਰਾਉਂਦਾ ਹੈ, ਦਿਮਾਗ ਚਕਰਾਉਂਦਾ ਹੈ ਤੇ ਕਲੇਜਾ ਮੂੰਹ ਨੂੰ ਆਉਂਦਾ ਹੈ। ਚੰਗਾ ਹੁੰਦਾ ਕਿ ਸਾਡੀਆਂ ਇਹ ਅਖਾਂ ਭਗੌੜੇ ਪੁਤਾਂ ਦੇ ਦਰਸ਼ਨ ਕਰਨ ਤੋਂ ਪਹਿਲਾਂ ਅੰਨੀਆਂ ਹੋ ਜਾਂਦੀਆਂ। ਸਾਡੇ ਕੰਨ ਇਹ ਖਬਰ ਸੁਣਨ ਤੋਂ ਪਹਿਲਾਂ ਬੋਲੇ ਹੋ ਜਾਂਦੇ ਕਿ ਸਾਡੇ ਪੁਤਾਂ ਨੇ ਅਕੜ ਵਿਚ ਗੁਰੂ ਦਾ ਸਾਥ ਛਡ ਕੇ ਬੇਦਾਵਾ ਲਿਖ ਦਿਤਾ। ਜਾਉ ਬੇਸ਼ਰਮੋ ਸਾਡੀਆਂ ਅਖਾਂ ਤੋਂ ਉਹਲੇ ਹੋ ਜਾਉ ਸਾਨੂੰ ਹੋਰ ਨਾ ਕਲਪਾਉ। ਪੁਤਰੋ ਜਾਓ ਹੁਣ ਰਣਭੂਮੀ ਹੀ ਤੁਹਾਡੀ ਮਾਤਾ ਹੈ ਉਸ ਦੇ ਕੁਛੜ ਵਿਚ ਲੇਟਣ ਨਾਲ ਹੀ ਤੁਹਾਨੂੰ ਖੁਸ਼ੀ ਇਜ਼ਤ ਅਤੇ ਮੁਕਤੀ ਮਿਲ ਸਕਦੀ ਹੈ। ਇਹ ਤਲਵਾਰ ਹੀ ਤੁਹਾਡੀ ਕਿਰਪਾਲੂ ਜਨਨੀ ਹੈ ਜੋ ਤੁਹਾਡੀ ਰਖਿਆ ਕਰ ਸਕਦੀ ਹੈ।

ਭੁਲ ਜਾਉ ਸਾਡੇ ਪਿਆਰ ਨੂੰ, ਇਸਤ੍ਰੀਆਂ ਦੀ ਮਹੱਬਤ ਨੂੰ, ਬਚਿਆਂ ਦੇ ਮੋਹ ਨੂੰ, ਜਾਉ ਰਣਭੂਮੀ ਵਿਚ ਸ਼ਹੀਦ ਹੋ ਕੇ ਗੁਰੂ ਪਾਸੋਂ ਭੁਲ ਬਖਸ਼ਾਉ। ਵੇਖਣਾ ਕਿਧਰੇ ਫਿਰ ਜੰਗ ਵਿਚੋਂ ਨਾ ਭਜ ਆਉਣਾ ਅਤੇ ਜੀਉਂਦੇ ਜੀ ਸਾਨੂੰ ਇਹ ਮੂੰਹ ਨਾ ਵਿਖਾਉਣ। ਮਾਤਾਵਾਂ ਵਲੋਂ ਇਹੋ ਜਿਹੀਆਂ ਫਿਟਕਾਰਾਂ ਸੁਣਕੇ ਸਿੰਘਾਂ ਦੇ ਹੋਸ਼ ਟਿਕਾਣੇ ਆ ਗਏ। ਭੈਣਾਂ ਨੇ ਭੀ ਭਰਾਵਾਂ ਨੂੰ ਫਿਟਕਾਰਾਂ ਪਾਈਆਂ। ਇਸਤਰੀਆਂ ਤੋਂ ਇਲਾਵਾ ਮਨੁਖਾਂ ਨੇ ਭੀ ਬੋਲੀਆਂ ਮਾਰੀਆਂ। ਇਹੋ ਜਿਹੀ ਹਾਲਤ ਵਿਚ ਇਨ੍ਹਾਂ ਦਾ ਘਰਾਂ ਵਿਚ ਰਹਿਣਾ ਮੁਸ਼ਕਲ ਹੋ ਗਿਆ। ਕਿਸੇ ਪਾਸੇ ਮੂੰਹ ਵਿਖਾਉਣ ਜੋਗੇ ਨਾ ਰਹੇ। ਇਸ ਬਦਨਾਮੀ ਨੂੰ ਦੂਰ ਕਰਨ ਦਾ ਹਲ ਸੋਚਣ ਲਈ ਇਕੱਤ੍ਰਤਾ ਬੁਲਾਈ। ਸਾਰੇ ਸਿੰਘ ਇਸ ਗਲ ਤੇ ਵਿਚਾਰ ਕਰਨ ਲਗੇ ਕਿ ਗੁਰੂ ਪਾਸੋਂ ਕਿਸ ਢੰਗ ਨਾਲ ਭੁਲ ਬਖਸ਼ਾਈਏ।

ਮਾਤਾ ਭਾਗ ਕੌਰ ਨੇ ਇਹ ਸਮਾਂ ਯੋਗ ਸਮਝ ਕੇ ਉਨ੍ਹਾਂ ਦੀ ਇਕਤ੍ਰਤਾ ਵਿਚ ਆਕੇ ਕਿਹ "ਤੁਹਾਡੇ ਨਾਲ ਗਲਾਂ ਕਰਨ ਸਮੇਂ ਮੇਰਾ ਦਿਲ ਧੜਕਦਾ ਹੈ ਜੀਭ ਰੁਕਦੀ ਹੈ,ਸਰੀਰਕੰਬਦਾ ਹੈ ਤੇ ਕਲੇਜ ਮੂੰਹ ਨੂੰ ਆਉਂਦਾ ਹੈ ਕਿਉਂਕਿ ਤੁਸੀਂ ਇਤਨਾ ਵਡਾ ਅਪ੍ਰਾਧ ਕੀਤਾ ਹੈ ਜੋ ਅਗੇ ਕਿਸੇ ਨਹੀਂ ਕੀਤਾ, ਕੀ ਤੁਸੀਂ ਛਾਤੀ ਤੇ ਹੱਥ ਰਖ ਕੇ ਕਹਿ ਸਕਦੇ ਹੋ ਕਿ ਤੁਹਾਡਾ ਇਹ ਕੰਮ ਤੁਹਾਡੀ ਜ਼ਾਤ ਲਈ ਤੁਹਾਡੀਆਂ ਇਸਤ੍ਰੀਆਂ,ਤੁਹਾਡੇ ਮਾਤਾ ਪਿਤਾ ਤੇ ਤੁਹਾਡੀ ਕੁਲ ਲਈ ਮਾਣ ਦਾ ਕਾਰਨ ਹੋ ਸਕਦਾ ਹੈ ? ਤੁਹਾਡੇ ਇਸ ਕੁਕਰਮ ਤੋਂ ਤੁਹਾਡੇ ਸਬੰਧੀਆਂ, ਇਲਾਕੇ ਦੇ ਲੋਕਾਂ ਤੇ ਦੇਸ਼ ਵਾਸੀਆਂ ਦੇ ਦਿਲਾਂ ਵਿਚ ਤੁਹਾਡੇ ਲਈ ਜੋ ਅਪਮਾਨ ਦੇ ਭਾਵ ਪੈਦਾ ਹੋਏ ਹਨ। ਉਹ ਤੁਸੀਂ ਵੇਖ ਹੀ ਲਏ ਹਨ। ਜਹਾਨ ਵਿਚ ਯਸ਼ ਜੀਊਣਾ ਤੇ ਅਬ ਜਸ ਮਰਣਾ ਖਿਆਲ ਕੀਤਾ ਜਾਂਦਾ ਹੈ। ਤੁਸੀਂ ਇਹ ਕੰਮ ਕਰਕੇ ਨਾ

Digitized by Panjab Digital Library | www.panjabdigilib.org

ਕੇਵਲ ਆਪਣੀ ਕੀਰਤੀ ਨੂੰ ਹੀ ਵਟਾ ਲਾਇਆ ਸਗੋਂ ਇਹ ਸਾਰਾ ਇਲਾਕਾ ਜੋ ਧਰਮੀ ਤੇ ਬਹਾਦਰ ਲੋਕਾਂ ਦਾ ਗੜ੍ਹ ਹੈ ਬਦਨਾਮ ਕਰ ਦਿੱਤਾ ਹੈ।" ਇਸ ਪ੍ਰਕਾਰ ਮਾਤਾ ਭਾਗ ਕੌਰ ਨੇ ਇਕ ਰੋਹ ਭਰੀ ਤਕਰੀਰ ਕੀਤੀ ਜਿਸ ਨੂੰ ਸੁਣ ਕੇ ਸਿੰਘਾਂ ਦੀ ਮੁਰਦਾ ਗੈਰਤ ਸੁਰਜੀਤ ਹੋ ਗਈ। ਉਨ੍ਹਾਂ ਦੀ ਰਗ ਰਗ ਵਿਚ ਮਰ ਮਿਟਣ ਦੀ ਲਾਲਸਾ ਪੈਦਾ ਹੋ ਗਈ ਤੇ ਗੁਰੂ ਜੀ ਦਾ ਪ੍ਰੇਮ ਫਿਰ ਜਾਗ ਉਠਿਆ।

ਉਨਾਂ ਨੇ ਇਕ ਆਵਾਜ਼ ਹੋ ਕੇ ਕਿਹਾ ਮਾਤਾ ਜੀ ਹੁਣ ਸਾਡੇ ਵਿਚ ਹੋਰ ਮੇਹਣੇ ਤਾਹਨੇ ਸੁਣਨ ਦੀ ਸਕਤ ਨਹੀਂ ਰਹੀ। ਇਹੋ ਜਿਹਾ ਅਪਮਾਨ ਭਰਿਆ ਜੀਵਨ ਅਸੀਂ ਨਹੀਂ ਬਿਤਾਉਣਾ ਚਾਹੁੰਦੇ ਪ੍ਰੰਤੂ ਗੁਰੂ ਜੀ ਦੇ ਸਾਹਮਣੇ ਜਾਂਦਿਆਂ ਭੀ ਸ਼ਰਮ ਆਉਂਦੀ ਹੈ। ਕੇਹੜੇ ਮੂੰਹ ਨਾਲ ਉਨ੍ਹਾਂ ਪਾਸੋਂ ਜਾਕੇ ਭੁਲ ਬਖਸ਼ਾਵਾਂਗੇ। ਉਨ੍ਹਾਂ ਦੇ ਨਾਲ ਦੇ ਸਿੱਖ ਸਾਨੂੰ ਕਿੰਨੀ ਹਕਾਰਤ ਭਰੀ ਨਜ਼ਰ ਨਾਲ ਵੇਖਣਗੇ। ਜੇ ਇਸ ਇਲਾਕੇ ਦੇ ਲੋਕਾਂ ਨੇ ਬੋਲੀਆਂ ਮਾਰਕੇ ਸਾਡੇ ਕਾਲਜੇ ਛਲਣੀ ਕਰ ਦਿਤੇ ਹਨ ਤਾਂ ਉਹ ਕਿਉਂ ਨਾ ਬੋਲੀਆਂ ਮਾਰਨਗੇ? ਅਸੀਂ ਬਹੁਤ ਬੁਰੀ ਅਵਸਥਾ ਵਿਚ ਫਸ ਗਏ ਹਾਂ ਇਸ ਜ਼ਿੱਲਤ ਵਿਚੋਂ ਨਿਕਲਨ ਦਾ ਕੋਈ ਉਪਾ ਸੋਚਣ ਲਈ ਹੀ ਅੱਜ ਇਥੇ ਇਕਠੇ ਹੋਇ ਹਾਂ। ਮਾਤਾ ਭਾਗ ਕੌਰ ਨੇ ਕਿਹਾ ਪੁਤਰੋ ਗੁਰੂ ਬੜਾ ਦਿਆਲੂ ਹੈ। ਪੁਤ੍ਰ ਕਪੁਤ੍ਰ ਹੋ ਜਾਂਦੇ ਹਨ ਮਾਪੇ ਕੁਮਾਪੇ ਨਹੀਂ ਹੁੰਦੇ। ਪੁਤ੍ਰਾਂ ਪਾਸੋਂ ਗਲਤੀਆਂ ਹੁੰਦੀਆਂ ਹਨ ਮਾਤਾ ਪਿਤਾ ਝਿੜਕਦੇ ਹਨ ਪਰ ਫਿਰ ਗਲੇ ਨਾਲ ਲਾਲੈਂਦੇ ਹਨ। ਕਲਗੀਧਰ ਤਾਂ ਇਤਨੇ ਦਿਆਲੂ ਹਨ ਕਿ ਜਿੰਨ੍ਹਾਂ ਪਹਾੜੀ ਰਾਜਿਆਂ ਨੇ ਸਦਾ ਉਨ੍ਹਾਂ ਨਾਲ ਵੈਰ ਕਮਾਇਆ ਜਦ ਔਰੰਗਜ਼ੇਬ ਨੇ ਉਨ੍ਹਾਂ ਪਹਾੜੀ ਰਾਜਿਆਂ ਪਰ ਚੜ੍ਹਾਈ ਕੀਤੀ ਤਾਂ ਗੁਰੂ ਜੀ ਨੇ ਪਹਾੜੀਆ ਦੀਆਂ ਸਭ ਭੁਲਾਂ ਬਖਸ਼ ਕੇ ਉਨਾ ਨੂੰ ਸ਼ਾਹੀ ਸੈਨਾ ਤੋਂ ਬਚਾਇਆ। ਇਹੋ ਜਿਹੇ ਦਿਆਲੂ ਗੁਰੂ ਦੀ ਸ਼ਰਨ ਜਾਣ ਤੋਂ ਸੰਕੋਚ ਨਾ ਕਰੋ। ਤੁਸੀਂ ਤਿਆਰੀ ਕਰੋਂ ਮੈਂ ਤੁਹਾਡੇ ਬਹਾਨੇ ਸ਼ਾਇਦ ਮੈਂ ਨਿਮਾਣੀ ਦਾ ਬੇੜਾ ਭੀ ਪਾਰ ਹੋ ਜਾਵੇ। ਮਾਤਾ ਜੀ ਦੀਆਂ ਇਹ ਧੀਰਜ ਦੇਣ ਵਾਲੀਆਂ ਗਲਾਂ ਸੁਣ ਕੇ ਸਭ ਨੂੰ ਹੌਸਲਾ ਹੋਇਆ ਤੇ ਸਰਬ ਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਗੁਰੂ ਜੀ ਪਾਸ ਜਾਕੇ ਭੁਲ ਬਖਸ਼ਾਈਏ ਅਤੇ ਜੇ ਲੋੜ ਪਵੇ ਤਾਂ ਇਹ ਸ਼ਰੀਰ ਗੁਰੂ ਜੀ ਦੇ ਲੇਖੇ ਲਾਈਏ। ਜੈ ਕਾਰਿਆ ਦੀ ਗੂੰਜ ਇਕਤ੍ਰਤਾ ਸਮਾਪਤ ਹੋਈ। ਸਭ ਨੇ ਸ਼ਸਤ੍ਰ ਸੰਭਾਲੇ ਸਫਰ ਦਾ ਸਾਮਾਨ ਇਕਠਾ ਕੀਤਾ ਅਤੇ ਗੁਰੂ ਜੀ ਦੇ ਦਰਸ਼ਨ ਲਈ ਚਗ ਪਏ।

ਸਰਹਿੰਦ ਦੇ ਸੂਬੇ ਵਜੀਦ ਖਾਨ ਨੂੰ ਪਤਾ ਲਗਿਆ ਕਿ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਚਲੇ ਗਏ ਹਨ। ਇਸ ਗਲ ਨੇ ਭੀ ਉਸ ਨੂੰ ਬਹੁਤ ਸ਼ਰਮਿੰਦਾ ਕੀਤਾ ਕਿ ਭਾਈ ਸੰਗਤ ਸਿੰਘ ਦੇ ਸੀਸ ਨੂੰ ਗੁਰੂ ਜੀ ਦਾ ਸੀਸ ਸਮਝਕੇ ਦਿਲੀ ਭੇਜਿਆ ਸੀ ਪਰੰਤੂ ਬਾਦਸ਼ਾਹ ਪਾਸ ਖਬਰਾਂ ਪੁਜ ਗਈਆਂ ਕਿ ਗੁਰੂ ਗੋਬਿੰਦ ਸਿੰਘ ਅਜੇ ਫੜਿਆ ਨਹੀਂ ਗਿਆ ਸਗੋਂ ਉਹ ਐਸੇ ਇਲਾਕੇ ਵਿਚ ਚਲਾ ਗਿਆ ਹੈ ਜਿਥੋਂ ਉਸਨੂੰ ਮਾਲਵੇ ਸਿੰਘ ਹਜ਼ਾਰਾਂ ਸੂਰਮੇ ਲੜਨ ਮਰਨ ਲਈ ਮਿਲ ਸਕਦੇ ਹਨ ਤੇ ਉਹ ਫਿਰ ਫੌਜਾਂ ਇਕਠੀਆਂ ਕਰਕੇ ਮੁਗਲ ਸਲਤਨੱਤ ਲਈ ਖਤਰਾ ਪੈਦਾ ਕਰ ਸਕਦਾ ਹੈ। ਕੁਝ ਦਿਨ ਪਹਿਲਾ ਜਿਸ ਖਤਰੇ ਨੂੰ ਸੂਬਾ ਸਰਹਿੰਦ ਬਿਲਕੁਲ ਖਤਮ ਹੋ ਗਿਆ ਸਮਝਦਾ ਸੀ ਉਹ ਨਵੇਂ ਰੂਪ ਵਿਚ ਸਾਹਮਣੇ ਆਇਆ ਸਮਝ ਕੇ ਉਸਨੂੰ ਬਹੁਤ ਜ਼ਿਆਦਾ ਬੇਚੈਨੀ ਹੋਈ। ਮਾਲਵੇ ਦੇ ਇਲਾਕੇ ਨੂੰ ਉਹ ਪਹਿਲਾਂ ਹੀ ਬਹੁਤ ਖਤਰਨਾਕ ਇਲਾਕਾ ਸਮਝਦਾ ਸੀ ਤੇ ਔਰੰਗਜ਼ੇਬ ਪਾਸ

Digitized by Panjab Digital Library | www.panjabdigilib.org

ਸ਼ਕਾਇਤ ਭੇਜਦਾ ਰਹਿੰਦਾ ਸੀ ਕਿ ਮਲਵੀ ਬਾਗੀ ਹੁੰਦੇ ਜਾ ਰਹੇ ਹਨ ਹੁਣ ਉਸ ਨੇ ਸੋਚਿਆ ਜੇ ਗੁਰੂ ਗੋਬਿੰਦ ਸਿੰਘ ਨੂੰ ਕੁਝ ਭੀ ਸਮਾ ਇਸ ਇਲਾਕੇ ਵਿਚ ਰਹਿਣ ਦਾ ਮਿਲ ਗਿਆ ਤਾਂ ਉਹ ਨਵੇਂ ਸਿਰੇ ਤਾਕਤ ਇਕੱਠੀ ਕਰਕੇ ਮੇਰੇ ਪਰ ਹਮਲਾ ਕਰੇਗਾ।

ਇਸਤ੍ਰਾਂ ਦੀਆਂ ਗਲਾਂ ਸੋਚਕੇ ਤੇ ਇਹ ਖਿਆਲ ਕਰਕੇ ਕਿ ਗੁਰੂ ਪਾਸ ਨਾ ਅਜੇ ਕੋਈ ਕਿਲਾ ਹੈ, ਨਾ ਫੌਜ ਹੈ, ਤੇ ਨਾਹੀਂ ਬੈਰਾੜ ਇਤਨੀ ਛੇਤੀ ਉਨ੍ਹਾਂ ਪਾਸ ਇਕਠੇ ਹੋਇ ਹੋਣਗੇ ਲਗਦੇ ਹਥ ਹੁਣੇ ਹੀ ਪਿਛਾ ਕਰਕੇ ਗੁਰੂ ਜੀ ਨੂੰ ਫੜਿਆ ਜਾਵੇ ਤਾਂ ਚੰਗਾ ਹੈ ਸੂਬਾ ਸਰਹਿੰਦ ਦਸ ਹਜ਼ਾਰ ਫੌਜ ਲੈਕੇ ਗੁਰੂ ਜੀ ਦਾ ਪਿਛਾ ਕਰਨ ਲੱਗਾ। ਗੁਰੂ ਜੀ ਨੂੰ ਭੀ ਇਹ ਖਬਰਾਂ ਪੁਜ ਗਈਆਂ ਅਤੇ ਬੈਰਾੜ ਭੀ ਗੁਰੂ ਜੀ ਦੇ ਪਾਸ ਇਸਤ੍ਰਾਂ ਇਕਠੇ ਹੋਣ ਲਗੇ ਜਿਵੇਂ ਸ਼ਮ੍ਹਾ ਦੇ ਗਿਰਦ ਇਕੱਠੇ ਹੋ ਜਾਂਦੇ ਹਨ। ਦੀਨੇ ਕਾਂਗੜੇ ਹੁਣ ਰੋਜ਼ ਦੀਵਾਨ ਸਜਦੇ ਤੇ ਇਥੇ ਬੈਠਕੇ ਹੀ ਗੁਰੂ ਜੀ ਨੇ ਔਰੰਗਜ਼ੇਬ ਦੇ ਨਾਮ ਫਤਹਿ ਦੀ ਚਿਠੀ ਲਿਖੀ ਜਿਸ ਵਿਚ ਆਪਨੇ ਫੁਰਮਾਇਆ "ਤੂੰ ਤੇ ਤੇਰੀਆਂ ਫੌਜਾਂ ਜਿੱਤੀਆਂ ਨਹੀਂ ਹਾਰੀਆਂ ਹਨ ਕਿਉਂਕਿ ਉਨਾਂ ਨੇ ਝੂਠੀਆਂ ਕੁਰਾਨ ਦੀਆਂ ਕਸਮਾ ਖਾ ਕੇ ਮੇਰੇ ਪਾਸੋਂ ਅਨੰਦ ਪੁਰ ਦਾ ਕਿਲਾ ਛੁਡਾਇਆ ਮੇਰੇ ਚਾਰ ਪੁਤ੍ਰਾਂ ਨੂੰ ਸ਼ਹੀਦ ਕਰਕੇ ਤੁਸੀਂ ਸਮਝਦੇ ਹੋਵੋਗੇ ਕਿ ਅਸੀਂ ਉਹ ਅੱਗ ਬੁਝਾ ਦਿਤੀ ਹੈ ਜਿਸ ਨੇ ਮੁਗ਼ਲ ਰਾਜ ਨੂੰ ਸਾੜਕੇ ਰਾਖ ਕਰਨਾ ਸੀ। ਇਹ ਤੁਹਾਡਾ ਭੁਲੇਖਾ ਹੈ ਤੁਸੀਂ ਤਾਂ ਹੁਣ ਤੱਕ ਉਸ ਅੱਗ ਦੇ ਕੇਵਲ ਚੰਗਿਆੜੇ ਹੀ ਬੁਝਾਏ ਹਨ। ਉਸ ਦਾ ਅਸਲ ਭਾਬੜ ਤਾਂ ਅਜੇ ਭੀ ਬਲ ਰਿਹਾ ਹੈ ਤੇ ਇਕ ਦਿਨ ਉਹ ਮੁਗਲ ਰਾਜ ਨੂੰ ਸੁਆਹ ਕਰਕੇ ਛਡੇਗਾ। ਦੀਨੇ ਵਿਚ ਗੁਰੂ ਜੀ ਨੂੰ ਫਿਰ ਖਬਰ ਮਿਲੀ ਕਿ ਸੂਬਾ ਸਰਹਿੰਦ ਦੀਆਂ ਫੌਜਾਂ ਬੜੀ ਤੇਜ਼ੀ ਨਾਲ ਇਧਰ ਆ ਰਹੀਆਂ ਹਨ। ਆਪ ਬੈਰਾੜ ਆਗੂਆਂ ਦੀ ਸਲਾਹ ਨਾਲ ਖਿਦਰਾਣੇ ਦੀ ਢਾਬ ਦੇ ਕਿਨਾਰੇ ਜਾ ਬੈਠੇ ਤੇ ਸੂਬੇ ਦੀਆਂ ਫੌਜਾਂ ਦਾ ਮੁਕਾਬਲਾ ਕਰਨ ਦੀਆਂ ਤਿਆਰੀਆਂ ਕਰਨ ਲਗੇ।

ਮਾਤਾ ਭਾਗ ਕੌਰ ਦੀ ਅਗਵਾਈ ਵਿਚ ਬੇਦਾਵਾ ਲਿਖਕੇ ਗਏ ਸਿੰਘਾਂ ਦਾ ਜਥਾ ਭੀ ਖਿਦਰਾਣੇ ਦੀ ਢਾਬ ਦੇ ਨੇੜੇ ਪੁਜ ਗਿਆ ਇਹ ਸਿੰਘ ਕਈ ਦਿਨਾ ਤੋਂ ਗੁਰੂ ਜੀ ਦੇ ਪਿਛੇ ਪਿਛੇ ਆ ਰਹੇ ਸਨ ਪਰੰਤੂ ਸਾਹਮਣੇ ਆਉਣ ਦਾ ਹੌਸਲਾ ਨਹੀਂ ਸੀ ਪੈਂਦਾ। ਗੁਰੂ ਜੀ ਦੇ ਡੇਰੇ ਤੋਂ ਥੋਹੜੀ ਦੂਰ ਢਾਬ ਦੇ ਦੂਜੇ ਕਿਨਾਰੇ ਇਨ੍ਹਾਂ ਨੇ ਡੇਰਾ ਲਗਾਇਆ ਹੀ ਸੀ ਕਿ ਦੁਸ਼ਮਨ ਦੀਆਂ ਫੌਜਾਂ ਆ ਪੁਜੀਆਂ। ਸਭ ਨੇ ਕਿਹਾ ਧੰਨ ਭਾਗ ਹਨ ਜੋ ਸ਼ਹੀਦੀਆਂ ਪਾਉਣ ਦਾ ਅਵਸਰ ਪ੍ਰਾਪਤ ਹੋਇਆ। ਗੁਰੂ ਜੀ ਜਾਣੀ ਜਾਣ ਹਨ ਆਪੇ ਭੁਲਾਂ ਬਖਸ਼ ਦੇਣਗੇ ਜਿਵੇ ਹੋਵੇ ਦੁਸ਼ਮਨ ਨੂੰ ਪਾਣੀ ਪਰ ਕਬਜ਼ਾ ਕਰਨ ਤੋ ਰੋਕਿਆ ਜਾਵੇ।

ਕਮਾਲ ਹੁਸ਼ਿਆਰੀ ਨਾਲ ਇਨ੍ਹਾ ਸਿੰਘਾ ਨੇ ਝਾੜਾ ਪਰ ਚਾਦਰ ਤਾਣ ਦਿੱਤੀਆ ਤਾਕਿ ਦਸ਼ਮਨਾ ਨੂੰ ਖਾਲਸੇ ਦੇ ਤੰਬੂ ਨਜ਼ਰ ਆਉਣ। ਆਪ ਸੰਘਣੇ ਝਾੜਾ ਦੀ ਓਟ ਵਿਚ ਘਾਤ ਲਗਾਕੇ ਬੈਠ ਗਏ ਜਿਸ ਸਮੇਂ ਦੁਸ਼ਮਨ ਦੀਆਂ ਫੌਜਾ ਆਰ ਹੇਠ ਆਈਆਂ ਸਭ ਨੇ ਇਕੋ ਵੇਰ ਹਲਾ ਬੋਲ ਦਿਤਾ। ਸ਼ਹੀਦ ਹੋਣ ਆਇ ਤੇ ਬੱਧਾ ਚੱਟੀ ਭਰਨ ਆਇ ਸਿਪਾਹੀਆਂ ਵਿਚ ਬਹੁਤ ਫ਼ਰਕ ਹੁੰਦਾ ਹੈ। ਸਿੰਘ ਗਿਣਤੀ ਵਿਚ ਥੋਹੜੇ ਹੋਣ ਦੇ ਬਾਵਜੂਦ ਇਸਤ੍ਰਾ ਟੁਟਕੇ ਵੈਰੀ ਪਰ ਜਾ ਪਏ ਕਿ ਉਸਦੀਆਂ ਸਤੇ

Digitized by Panjab Digital Library | www.panjabdigilib.org

ਸੁਧਾਂ ਭੁਲਾ ਦਿਤੀਆਂ । ਜੰਗ ਸ਼ੁਰੂ ਹੋਇਆ ਵੇਖਕੇ ਗੁਰੂ ਜੀ ਨੇ ਭੀ ਆਪਣੇ ਸਾਥੀਆਂ ਨੂੰ ਹੱਲਾ ਕਰਨ ਦਾ ਹੁਕਮ ਦੇ ਦਿੱਤਾ ਅਤੇ ਆਪ ਉਚੀ ਟਿਬੀ ਤੇ ਬੈਠ ਕੇ ਜੰਗ ਦਾ ਨਜ਼ਾਰਾ ਵੇਖਦੇ ਰਹੇ ।

ਪਾਣੀ ਪਰ ਸਿੰਘਾ ਦਾ ਕਬਜ਼ਾ ਸੀ ਨਵਾਬ ਦੀਆਂ ਸੁਖ ਰਹਿਣੀਆਂ ਫੌਜਾ ਭੁਖ ਪਿਆਸ ਦਾ ਘੱਟ ਹੀ ਮੁਕਾਬਲਾ ਕਰ ਸਕਦੀਆਂ ਸਨ ਇਸ ਕਰਕੇ ਛੇਤੀ ਹੀ ਹਰ ਪਾਸੇ ਪਾਣੀ ਪਾਣੀ ਦੀ ਪੁਕਾਰ ਹੋਣ ਲੱਗੀ । ਸੂਬਾ ਸਰਹਿੰਦ ਭੀ ਘਬਰਾ ਗਿਆ । ਜਦ ਪਾਣੀ ਮਿਲਨ ਦਾ ਕੋਈ ਸਾਧਨ ਨਜ਼ਰ ਨਾ ਆਇਆ ਤਾਂ ਉਸਦੀਆਂ ਫੌਜਾਂ ਦੇ ਪੈਰ ਉਖੜ ਗਏ । ਉਹ ਪਿਛੇ ਨੂੰ ਭੱਜ ਤੁਰੇ । ਜੰਗ ਖਤਮ ਹੋਈ ਤਾਂ ਗੁਰੂ ਜੀ ਨੇ ਉਹ ਸਿੰਘ ਸ਼ਹੀਦ ਹੋਇ ਵੇਖੇ ਜੋ ਬੇਦਾਵਾ ਲਿਖ ਗਏ ਸਨ । ਗੁਰੂ ਜੀ ਬਹੁਤ ਖੁਸ਼ ਹੋਇ ਭਾਈ ਮਹਾ ਸਿੰਘ ਜੀ ਨੇ ਜੋ ਸਹਿਕਦੇ ਸਨ ਪ੍ਰਾਰਥਨਾ ਕਰਕੇ ਬੇਦਾਵਾ ਕਾਗਜ਼ ਪੜਵਾਇਆ ਤੇ ਗੁਰੂ ਜੀ ਪਾਸੋਂ ਟੁਟੀ ਗੰਢਣ ਦਾ ਵਰਦਾਨ ਮੰਗਿਆ । ਸਿੰਘਾ ਦੀ ਕੁਰਬਾਨੀ ਵੇਖਕੇ ਗੁਰੂ ਜੀ ਨੇ ਉਨਾਂ ਨੂੰ ਮੁਕਤ ਹੋਣ ਦਾ ਵਰਦਾਨ ਦਿਤਾ ਅਤੇ ਇਸ ਪ੍ਰਕਾਰ ਸਿਖ ਇਤਹਾਸ ਵਿਚ ਇਹ ਚਾਲੀ ਮੁਕਤੇ ਪ੍ਰਸਿੱਧ ਹੋਇ ।

ਇਸ ਜੰਗ ਵਿਚ ਮਾਤਾ ਭਾਗ ਕੌਰ ਭੀ ਜ਼ਖਮੀ ਹੋਈ । ਇਸ ਜਿਤ ਦਾ ਤੇ ਚਾਲੀ ਮੁਕਤਿਆ ਨੂੰ ਦੁਬਾਰਾ ਗੁਰੂ ਜੀ ਦੀ ਸ਼ਰਨ ਲਿਆਕੇ ਮੁਕਤ ਕਰਨ ਦਾ ਸੇਹਰਾ ਮਾਤਾ ਭਾਗ ਕੌਰ ਦੇ ਸਿਰ ਸੀ । ਸ਼ਹੀਦਾ ਦਾ ਸਸਕਾਰ ਕਰਕੇ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਨੂੰ ਸ੍ਰੀ ਮੁਕਤਸਰ ਹੋਣ ਦਾ ਮਾਣ ਬਖਸ਼ਿਆ । ਮਾਤਾ ਭਾਗ ਕੌਰ ਦੀ ਮਲ੍ਹਮ ਪੱਟੀ ਕੀਤੀ । ਉਹ ਰਾਜ਼ੀ ਹੋ ਗਈ ਤੇ ਕਾਫੀ ਅਰਸਾ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਰਹੀ । ਇਤਹਾਸ ਦੀ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਸ੍ਰੀ ਦਮਦਮਾ ਸਾਹਿਬ ਵਿਚ ਗੁਰੂ ਦਰਬਾਰ ਵਿਚ ਹਾਜ਼ਰ ਰਹਿਕੇ ਮਾਤਾ ਭਾਗ ਕੌਰ ਸ੍ਰੀ ਅਬਚਲ ਨਗਰ ਤੱਕ ਗੁਰੂ ਸਾਹਿਬ ਦੇ ਨਾਲ ਗਈ ਅਤੇ ਸ੍ਰੀ ਹਜ਼ੂਰ ਸਾਹਿਬ ਵਿਚ ਗੁਰੂ ਜੀ ਦੀ ਚਰਨ ਸ਼ਰਨ ਵਿਚ ਹੀ ਮਾਤਾ ਜੀ ਨੇ ਅਕਾਲ ਚਲਾਣਾ ਕੀਤਾ । ਅਬਚਲ ਨਗਰ ਵਿਚ ਮਾਤਾ ਜੀ ਦੀ ਯਾਦਗਾਰ ਵਿਚ ਇਕ ਬੁੰਗਾ ਹੈ । ਇਸ ਪ੍ਰਕਾਰ ਮਾਤਾ ਭਾਗ ਕੌਰ ਨੇ ਸਿਖ ਇਤਹਾਸ ਵਿਚ ਉਹ ਸ਼ਾਨਦਾਰ ਹਿਸਾ ਪਾਇਆ ਜਿਸਦੀ ਬਦੌਲਤ ਮਾਤਾ ਜੀ ਦਾ ਨਾਮ ਰਹਿੰਦੀ ਦੁਨੀਆਂ ਤੱਕ ਕਾਇਮ ਰਹੇਗਾ ਅਤੇ ਇਸਤ੍ਰੀ ਜਾਤੀ ਆਪ ਦੀ ਮਹਾਨ ਸ਼ਖਸੀਅਤ ਪਰ ਹਮੇਸ਼ਾ ਫਖਰ ਕਰਦੀ ਰਹੇਗੀ ।

## ਮਾਈ ਭਟੀ ਦੀ ਸੇਵਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਛੂਵਾੜੇ ਤੋਂ ਮੰਜ਼ਲੋ ਮੰਜ਼ਲੀ ਸੰਗਤਾਂ ਨੂੰ ਨਿਹਾਲ ਕਰਦੇ ਰਾਜੋਆਣੇ ਪਹੁੰਚੇ ਤਾਂ ਇਥੇ ਆਕੇ ਸ੍ਰੀ ਗੁਰੂ ਜੀ ਨੇ ਗਨੀ ਖਾਂ ਨਬੀ ਖਾਂ ਨੂੰ ਪਟਾ ਲਿਖਕੇ ਦਿਤਾ । ਬਚਨ ਕੀਤਾ ਕਿ ਇਸ ਸੇਵਾ ਦਾ ਬਦਲਾ ਸਾਡੇ ਸਿਖ ਤੈਨੂੰ ਦਿੰਦੇ ਰਹਿਣਗੇ । ਇਹ ਦੋਨੋ ਸ੍ਰੀ ਦਸਮੇਸ਼ ਜੀ ਨੂੰ ਪਰੇਮ ਸਹਿਤ ਚਰਨ ਬੰਦਨਾ ਤੇ ਗੁਰ ਫਤਹ ਬੁਲਾ ਕੇ ਸ੍ਰੀ ਗੁਰੂ ਜੀ ਦੀਆਂ ਖੁਸ਼ੀਆਂ ਪਰਾਪਤ ਕਰਕੇ ਗਏ। ਰਾਜੋ ਆਣੇ ਤੋਂ ਪਲੰਘ ਦੀ ਸੇਵਾ ਮਾਈ ਭੱਟੀ ਤੇ ਉਹਦੇ ਪੁਤ੍ਰਾਂ ਨੇ ਚੁਕਣ ਦੀ ਕੀਤੀ ਤੇ ਰਾਏ ਕੋਟ ਟਾਲੀ-ਆਣੇ ਪਹੁੰਚੇ ਤਾਂ ਸ੍ਰੀ ਦਸਮੇਸ਼ ਜੀ ਨੇ ਮਾਈ ਭਟੀ ਨੂੰ ਕਿਹਾ । ਕੁਛ ਮੰਗ ਤਾਂ ਮਾਈ ਨੇ ਕਿਹਾ ਜੀ ਹਜ਼ੂਰ ਮੇਰੇ ਪੁਤਰਾਂ ਦੀਆਂ ਸ਼ਾਦੀਆਂ ਹੋ ਜਾਣ । ਸ੍ਰੀ ਗੁਰੂ ਜੀ ਨੇ ਬਚਨ ਕੀਤਾ ਮਾਤਾ ਤੇਰੇ ਪੁਤਰਾਂ ਦੀਆਂ

Digitized by Panjab Digital Library | www.panjabdigilib.org

ਸਤ ਸਤ ਸ਼ਾਦੀਆਂ ਹੋਣਗੀਆਂ । ਅਗੋਂ ਮਾਈ ਭਟੀ ਨੇ ਕਿਹਾ ਮਹਾਰਾਜ ਜੀ ਫੇਰ ਖਾਵਾਂਗੇ ਕਿਥੋਂ ਤਦ ਸ੍ਰੀ ਦਸਮੇਸ਼ ਜੀ ਨੇ ਬਚਨ ਕੀਤਾ ਮਾਤਾ ਭੋਲੀਏ ਇਹਨਾਂ ਦੇ ਪਿੰਡ ਵਸਣਗੇ ॥ ਸ੍ਰੀ ਗੁਰੂ ਜੀ ਦੀ ਕ੍ਰਿਪਾ ਨਾਲ ਮਾਈ ਜੀ ਦੇ ਪੁਤ੍ਰਾਂ ਦੀਆਂ ਸਤ ਸਤ ਸ਼ਾਦੀਆਂ ਹੋਈਆਂ ਅਤੇ ਤਿੰਨ ਪਿੰਡ ਬੱਨੇ ।

# ਮਾਈ ਗੁਰਦੇਵੀ ਮਾਛੀਵਾੜੇ ਵਾਲੀ

ਮਾਛੀਵਾੜੇ ਇਕ ਮਾਈ ਗੁਰਦੇਵੀ ਰਹਿੰਦੀ ਸੀ ਉਹ ਦਸਮੇਸ਼ ਜੀ ਦੇ ਦਰਸ਼ਨਾਂ ਨੂੰ ਬਹੁਤ ਹੀ ਲੋਚਦੀ ਹੁੰਦੀ ਪਰ ਉਮਰ ਰਤਾ ਵਡੇਰੀ ਹੋਣ ਤੇ ਇਹੋ ਤੜਫਦੀ ਰਹੇ ਕਿ ਮੈਨੂੰ ਦਰਸ਼ਨ ਕਿਥੇ, ਅਨੰਦਪੁਰ ਮੈਂ ਜਾ ਨਹੀਂ ਸਕਦੀ ਸ੍ਰੀ ਕਲਗੀਧਰ ਏਥੇ ਨਹੀਂ ਆ ਸਕਦੇ । ਹੇ ਅੰਤਰਜਾਮੀ ਮੈਂ ਦਰਸ਼ਨਾਂ ਤੋਂ ਬਿਨਾ ਹੀ ਮਰ ਜਾਵਾਂਗੀ ।

ਹੌਕਾ...............ਮੇਰੀ ਕੌਣ ਸੁਣੇ

ਧੀਰਜ..........ਕਲਗੀਧਰ

ਹੁਣ ਮਾਤਾ ਜੀ ਦੇ ਭਾਗ ਜਾਗ ਪਏ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਭਾਈ ਗੁਲਾਬੇ ਦੇ ਘਰ ਬਿਰਾਜਮਾਨ ਹੋਇ ਹੋਏ ਸਨ ।

ਮਾਤਾ ਗੁਲਾਬੇ ਦੇ ਘਰ ਹਫਲੀ ਹਫਲੀ ਪੁਛਣ ਆਈ ਕਿ ਪੰਥ ਦੇ ਵਾਲੀ ਦੇ ਬਾਰੇ ਬੜੀਆਂ ਖਬਰਾਂ ਸੁਣੀਆਂ ਸਨ । ਕੀ ਉਹੋ ਸਚ ਹੈ, "ਕਿ ਸਤਿਗੁਰੂ ਅਨੰਦਪੁਰ ਛਡ ਗਏ ਹਨ । ਮੈਂ ਨਿਭਾਗਣੀ ਨੇ ਤਾਂ ਅਜੇ ਦਰਸ਼ਨ ਕਰਨੇ ਸਨ ।

ਹੌਕਾ :– ਗੁਲਾਬਾ ਮਾਤਾ ਭਰੋਸਾ ਰਖ ਤੈਨੂੰ ਦਰਸ਼ਨ ਦੇਣ ਵਾਸਤੇ ਹੀ ਐਨਾ ਸਫਰ ਕਰ ਆਏ ਹਨ । ਆ ਦਰਸ਼ਨ ਕਰ ਲੈ । ਮਾਤਾ ਚਾਈਂ ਚਾਈਂ , ਪੁਤ ਕਿਸੇਂ ਗੁਲਾਬਾ ਅਜ ਸਾਡਾ ਘਰ ਉਸ ਤਰ੍ਹਾਂ ਲਗਦਾ ਹੈ,,

ਮਾਤਾ— ਨਹੀਂ ਪੁਤ ਤੇਰੇ ਘਰ ਆਉਣ ਸਾਰ ਮੇਰਾ ਸਰੀਰ ਹਲਕਾ ਤੇ ਚਿਤ ਪ੍ਰਸੰਨ ਹੋ ਗਿਆ ਹੈ । ਜਿਸ ਗਮੀ ਵਿਚ ਆਈ ਸੀ ਉਹੋ ਨਹੀਂ ਰਹੀ ਹੁਣ ਗੁਲਾਬਾ ਤੇ ਮਾਤਾ ਸ੍ਰੀ ਗੁਰੂ ਜੀ ਦੇ ਪਲੰਘ ਪਾਸ ਪੁਜੇ ਤਾਂ ਮਾਤਾ ਬਿਨਾ ਪੁਛੇ ਹੀ ਜਿਵੇਂ ਲੋਹਾ ਚਮਕ ਪਥਰ ਨੂੰ ਚੁਮੜਦਾ ਹੈ ਉਵੇਂ ਮਾਤਾ ਚਰਨਾਂ ਤੇ ਢਹਿ ਪਈ ॥ ਜਿਹੜੀਆਂ ਅੱਖਾਂ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਤਰਸਦੀਆਂ ਸਨ ਉਨਾਂ ਨੂੰ ਦਰਸ਼ਨ ਨਹੀਂ ਹੁੰਦੇ ਸਨ ॥ ਅਜ ਉਹੋ ਰਜ ਰਜ ਕੇ ਦਰਸ਼ਨ ਕਰ ਰਹੀਆਂ ਸਨ ॥

ਹੁਣ ਮਾਤਾ ਦਾ ਦਿਲ ਸ਼ਾਂਤ ਹੋਣ ਤੇ ਬੇਨਤੀ ਕਰਦੀ ਹੈ ਸ੍ਰੀ ਗੁਰੂ ਜੀ ਮੈਂ ਘਰੋਂ ਹੋ ਕੇ ਹੁਣੇ ਔਂਦੀ ਹਾਂ, ਜੀ ਸਚੇ ਪਾਤਿਸਾਹੋ ਕਿਤੇ ਜਾਇਓ ਨਾ ਮੈਨੂੰ ਫੇਰ ਤੜਫਾਇਓ ਨਾ ਮੈਂ ਆਈ ॥

ਮਾਤਾ ਘਰ ਨੂੰ ਗੁਲਾਬੇ ਦੇ ਘਰੋਂ ਇਉਂ ਚਾ ਨਾਲ ਭਜੀ ੨ ਗਈ ਜਾਣੀ ਬਡੇਪਾ ਆਇਆ ਹੀ ਨਹੀਂ । ਨਾਲੇ ਬਚਨ ਕਰਦੀ ਹੈ ਹੇ ਦਾਤਾ ਮੈਂ ਆਈ ਮੈਨੂੰ ਤਾਰਨ ਆਏ ਹੋ ਮੈਨੂੰ ਤਾਰਨਾ ਹੇ ਦਾਤਾ ਮੈਂਆਈ ਮੈਂ ਆਈ ਮੈਂ ਆਈ । ਮਾਤਾ ਜੀ ਘਰ ਪੁਜੀ ਹੱਥੀਂ ਕੱਤਿਆ ਤੇ ਆਪ ਉਣਾਇਆ ਬੁਣਾ–ਇਆ ਧੋਆਇਆ ਖਦਰ ਕੋਠੀ ਵਿਚੋਂ ਕਢਿਆ, ਉਪਰ ਗੁੜ ਦੀ ਭੇਲੀ ਤੇ ਇਕ ਰੁਪਇਆ ਰਖ ਕੇ, ਮੁੜ

Digitized by Panjab Digital Library | www.panjabdigilib.org

ਗੁਲਾਬੇ ਦੇ ਘਰ ਸ੍ਰੀ ਗੁਰੂ ਜੀ ਦੇ ਦਰਸ਼ਨ ਕਰਕੇ ਚਰਨਾਂ ਤੇ ਰਖਕੇ ਮਥਾ ਟੇਕਿਆ ॥ ਦਾਤਾ ਮੈਂ ਗ੍ਰੀਬਣੀ ਨਿਆਸਰੀ ਭਵਜਲ ਵਿਚ ਗੋਤੇ ਖਾਣ ਵਾਲੀ ਦੁਖੀ ਹਾਂ ਜੇ ਤੁਠੇ ਹੋ ਤਾਂ ਮੇਰੇ ਤੇ ਦਇਆ ਕਰਦੇ ਮੈਨੂੰ ਤਾਰਨਾ, ਦੀਨ ਦਿਆਲ ਹੇ ਦਾਤਾਰ ਆਪ ਦੀਨ ਦੁਨੀਆਂ ਦੇ ਮਾਲਕ ਹੋ, ਮੇਰਾ ਜਨਮ ਮਰਨ ਸੁਆਰਦੇ ਮੈਨੂੰ ਕਾਲ ਦਾ ਭੈ ਸਤਾ ਰਿਹਾ ਹੈ ਬੇਵਸ ਮੇਰਾ ਜਨਮ ਮਰਨ ਦਾ ਚਕਰ ਕਦੋਂ ਟੁਟੇਗਾ । ਮੇਰੀ ਇਹੋ ਇਛਾ ਹੈ ਦਇਆ ਦੇ ਸਾਗਰ ਗੁਰੂ ਜੀ ਨੇ ਮਾਈ ਦਾ ਖਦਰ ਹਥਾਂ ਤੇ ਚੁਕ ਕੇ ਪੁਛਿਆ ਮਾਈ ਖਦਰ ਕਿਨੇ ਗਜ਼ ਹੈ ?

ਪੂਰੀ ਤਾਣੀ ਪਾਤਿਸਾਹ ॥

ਮਾਤਾ ਜਿਵੇਂ ਇਹ ਖਦਰ ਅਸਾਡੇ ਪੜਦੇ ਕਜੇਗਾ, ਤਿਵੇਂ ਤੇਰੇ ਪੜਦੇ ਕਜੇ ਜਾਣਗੇ। ਤੂੰ ਨਿਹਾਲ ਰਹੋ ਮਾਤਾ, ਅਕਾਲ ਪੁਰਖ ਤੈਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇਗਾ ਕੋਈ ਚਿੰਤਾ ਨਾ ਕਰ ਵਾਹਿਗੁਰੂ ੨ ਦਾ ਜਾਪ ਕਰਿਆ ਕਰ ॥ ਇਹ ਵਰ ਲੈਕੇ ਮਾਤਾ ਗੁਰਦੇਵੀ ਪ੍ਰਸੰਨ ਹੋ ਗਈ, ਸ੍ਰੀ ਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕਕੇ ਖੁਸੀਆਂ ਨਾਲ ਘਰ ਨੂੰ ਚਲੀ ਗਈ ਭਾਈ ਗੁਲਾਬੇ ਦੇ ਸਮਝਾਉਣ ਤੇ ਹੋਰ ਕਿਸੇ ਨੂੰ ਨਾ ਦਸਿਆ ॥

## ਬੀਬੀ ਬਸੰਤ ਕੌਰ [ਸੁਪਤਨੀ ਸ਼ਹੀਦ ਮਨੀ ਸਿੰਘ ਜੀ]

ਸਿਖ ਇਤਹਾਸ ਦੀ ਡੂੰਘੀ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤ-ਸਰ ਦੇ ਆਤਮ ਗਿਆਨੀ ਗ੍ਰੰਥੀ ਭਾਈ ਮਨੀ ਸਿੰਘ ਜੀ ਦੀ ਧਰਮਪਤਨੀ ਬੀਬੀ ਬਸੰਤ ਕੌਰ ਜੀ ਨੇ ਕੁਰਬਾਨੀ ਦੇ ਮੈਦਾਨ ਵਿਚ ਉਹ ਸ਼ਾਨਦਾਰ ਮਿਸਾਲ ਕਾਇਮ ਕੀਤੀ ਜਿਸ ਪਰ ਇਸਤ੍ਰੀ ਜਾਤੀ ਜਿਤਨਾ ਭੀ ਮਾਣ ਕਰੇ ਥੋੜਾ ਹੈ। ਜਿਥੇ ਭਾਈ ਮਨੀ ਸਿੰਘ ਜੀ ਨੇ ਬੰਦ ਬੰਦ ਕਟਵਾ ਕੇ ਸਿੱਖੀ ਸ਼ਾਨ ਨੂੰ ਕਾਇਮ ਰਖਿਆ ਉਥੇ ਉਨ੍ਹਾਂ ਦੀ ਧਰਮਪਤਨੀ ਨੇ ਆਪਣੇ ਸਪੁਤਰ ਦੇ ਟੋਟਿਆਂ ਦਾ ਹਾਰ ਗਲ ਵਿਚ ਪਵਾ ਕੇ ਭੀ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਬਾਹਿਆ।

ਸਿਖ ਇਤਹਾਸ ਵਿਚ ਭਾਈ ਮਨੀ ਸਿੰਘ ਜੀ ਦੀ ਕੁਰਬਾਨੀ ਦਾ ਵਰਨਣ ਤਾਂ ਬੜੇ ਸੁੰਦਰ ਸ਼ਬਦਾਂ ਵਿਚ ਕੀਤਾ ਗਿਆ ਹੈ ਪ੍ਰੰਤੂ ਇਤਹਾਸ ਖੋਜੀਆਂ ਨੇ ਅਜ ਤਕ ਇਸ ਗਲ ਨੂੰ ਚੰਗੀ ਤਰ੍ਹਾਂ ਪਰਗਟ ਨਹੀਂ ਕੀਤਾ ਕਿ ਭਾਈ ਮਨੀ ਸਿੰਘ ਜੀ ਦੀ ਧਰਮ ਪਤਨੀ ਬੀਬੀ ਬਸੰਤ ਕੌਰ ਜੀ ਨੇ ਕਿਸ ਪ੍ਰਕਾਰ ਬੇਮਿਸਾਲ ਕੁਰਬਾਨੀ ਕੀਤੀ। ਸਿਦਕਵਾਨ ਸਿੰਘਣੀਆਂ ਦੇ ਲੇਖ ਵਿਚ ਬੀਬੀ ਜੀ ਦੇ ਜੀਵਨ ਪਰ ਇਸ਼ਾਰੇ ਮਾਤ੍ਰ ਚਾਨਣਾ ਪਾਇਆ ਗਿਆ ਹੈ। ਮੀਰ ਮੰਨੂ ਨੇ ਜਿੰਨਾਂ ਸਿੰਘਣੀਆਂ ਨੂੰ ਮੁਲਾਂਪੁਰ ਦੇ ਕੈਂਪ ਵਿਚ ਇਕੱ-ਠੀਆਂ ਕਰਕੇ ਤੇ ਲਾਹੌਰ ਲੈ ਜਾਕੇ ਅਕਹਿ ਤੇ ਅਸਹਿ ਤਸੀਹੇ ਦਿਤੇ ਸਨ ਉਨਾਂ ਬੀਬੀਆਂ ਦੀ ਜਥੇਦਾਰ ਬੀਬੀ ਬਸੰਤ ਕੌਰ ਜੀ ਸਨ। ਉਨ੍ਹਾਂ ਦੀ ਗੋਦੀ ਵਿਚ ਇਕ ਬਾਲ ਸੀ ਜਿਸ ਨੂੰ ਜ਼ਾਲਮ ਮੀਰ ਮੰਨੂ ਨੇ ਟੁਕੜੇ ਟੁਕੜੇ ਕਰਕੇ ਤੇ ਉਸਦਾ ਹਾਰ ਪਰੋਕੇ ਬੀਬੀ ਬਸੰਤ ਕੌਰ ਦੇ ਗਲ ਵਿਚ ਪਾਇਆ ਪ੍ਰੰਤੂ ਇਸ ਸਿਦਕਵਾਨ ਬੀਬੀ ਨੇ ਇਸ ਹਾਲਤ ਵਿਚ ਭੀ ਹਿਰਦੇ ਦੀ ਪ੍ਰਮ ਅਡੋਲਤਾ ਨਾਲ ਸਿਖੀ ਸਿਦਕ ਨੂੰ ਕਾਇਮ ਰਖਿਆ। ਬੀਬੀ ਬਸੰਤ ਕੌਰ ਮਾਲਵੇ ਵਿਚੋਂ ਫੜ ਕੇ ਲਿਆਂਦੀਆਂ ਗਈਆਂ ਸਭ ਬੀਬੀਆਂ ਦੀ ਜਥੇਦਾਰ ਸੀ ਇਸ ਕਰ ਕੇ ਆਪ ਨੇ ਮੀਰ ਮੰਨੂ ਨਾਲ ਨਿਰਭੈਤਾ ਭਰੇ ਉਤਰ ਪ੍ਰਸ਼ਨ ਕੀਤੇ ਜਿਸ ਕਰਕੇ ਮੀਰ ਮੰਨੂ ਨੇ ਬੀਬੀ ਜੀ ਨੂੰ ਸਾਰੀਆਂ ਸਿੰਘਣੀਆਂ ਨਾਲੋਂ ਬਹੁਤੇ ਕਸ਼ਟ ਦਿਤੇ ਅਤੇ ਆਪ ਨੂੰ ਸ਼ਹੀਦ ਗੰਜ ਸਿੰਘ-

Digitized by Panjab Digital Library | www.panjabdigilib.org

ਣੀਆਂ ਦੇ ਅਸਥਾਨ ਪਰ ਹੀ ਸ਼ਹੀਦ ਕਰ ਦਿਤਾ ਗਿਆ। ਬੀਬੀ ਜੀ ਦੇ ਸਾਰੇ ਜੀਵਨ ਚਰਿਤ੍ਰ ਸਬੰਧੀ ਬਹੁਤਾ ਵਿਸਥਾਰ ਬੜਾ ਯਤਨ ਕਰਨ ਦੇ ਬਾਵਜੂਦ ਪ੍ਰਾਪਤ ਨਹੀਂ ਹੋ ਸਕਿਆ ਇਸ ਕਰਕੇ ਇਥੇ ਕੇਵਲ ਇਹ ਪਰਗਟ ਕਰਨਾ ਹੀ ਉਨ੍ਹਾਂ ਦੇ ਜੀਵਨ ਪਰ ਝਲਕ ਪਾਉਂਦਾ ਹੈ ਕਿ ਸ਼ਹੀਦ ਭਾਈ ਮਨੀ ਸਿੰਘ ਜੀ ਆਪ ਹੀ ਸ਼ਹੀਦ ਨਹੀਂ ਹੋਏ ਸਗੋਂ ਉਨਾਂਦਾ ਸਾਰਾ ਪ੍ਰਵਾਰ ਹੀ ਸਿਖੀ ਦੀ ਖਾਤਰ ਕੁਰਬਾਨ ਹੋ ਗਿਆ। ਇਸ ਵਿਚ ਕੋਈ ਸੰਦੇਹ ਨਹੀਂ ਕਿ ਭਾਈ ਮਨੀ ਸਿੰਘ ਜੀ ਦੀ ਕੁਰਬਾਨੀ ਅਦੁਤੀ ਕੁਰਬਾਨੀ ਹੈ ਪ੍ਰੰਤੂ ਇਕ ਆਤਮ ਦਰਸੀ ਤੇ ਬ੍ਰਹਿਮ ਗਿਆਨੀ ਗੁਰਸਿੱਖ ਵਾਸਤੇ ਕੁਰਬਾਨੀ ਦੇਣਾ ਇਤਨਾ ਕਠਨ ਨਹੀਂ ਜਿਤਨਾ ਇਕ ਮਾਤਾ ਦੀਆਂ ਅੱਖਾਂ ਦੇ ਸਾਹਮਣੇ ਉਸਦੇ ਮਾਸੂਮ ਬਚੇ ਨੂੰ ਟੋਟੇ ਟੋਟੇ ਕਰਕੇ ਉਸ ਦੀਆਂ ਬੋਟੀਆਂ ਦਾ ਹਾਰ ਗੱਲ ਵਿੱਚ ਪਾ ਦੇਣਾ ਅਤੇ ਮਾਤਾ ਦਾ ਇਸ ਭਿਆਨਕ ਦ੍ਰਿਸ਼ਯ ਨੂੰ ਵੇਖਕੇ ਭੀ ਅਡੋਲ ਰਹਿਣਾ ਹੈ। ਜਿਵੇਂ ਮਹਾਂਰਾਜਾ ਹਰੀ ਚੰਦ ਦੇ ਜੀਵਨ ਸਬੰਧੀ ਨਵੀਨ ਖੋਜੀਆਂ ਦਾ ਇਹ ਖਿਆਲ ਹੈ ਕਿ ਉਨ੍ਹਾਂ ਦੀ ਕੁਰਬਾਨੀ ਨਾਲੋਂ ਮਹਾਰਾਣੀ ਤਾਰਾਂ ਦੀ ਕੁਰਬਾਨੀ ਬਹੁਤ ਜ਼ਿਆਦਾ ਸੀ ਜਿਸ ਨੂੰ ਆਪਣੇ ਪਤੀ ਦੀ ਪ੍ਰਤਿਗਿਆ ਦੀ ਖਾਤਰ ਦੁਖ ਝਲਣੇ ਪਏ ਅਤੇ ਅੰਤ ਉਸਦਾ ਪੁਤ੍ਰ ਭੀ ਮਰ ਗਿਆ ਤੇ ਉਹ ਉਸਦੀ ਲਾਸ਼ ਨੂੰ ਸ਼ਮਸ਼ਾਨ ਭੂਮੀ ਵਿਚ ਇਕੱਲੀ ਲੈ ਕੇ ਗਈ।

ਇਸਤ੍ਰੀ ਦਾ ਹਿਰਦਾ ਬਹੁਤ ਕੋਮਲ ਹੁੰਦਾ ਹੈ। ਉਸਨੂੰ ਦੁਖ ਸੁਖ ਦਾ ਅਨਭਵ ਵੀ ਵਧੇਰੇ ਹੁੰਦਾ ਹੈ। ਸੰਤਾਨ ਨਾਲ ਪਿਆਰ ਸਬੰਧੀ ਮਨੋਵਿਗਿਆਨ ਖੋਜੀਆਂ ਦਾ ਵਿਚਾਰ ਹੈ ਕਿ ਇਸਤ੍ਰੀ ਦਾ ਪਿਆਰ ਮਰਦ ਨਾਲੋਂ ਕਈ ਗੁਣਾਂ ਜ਼ਿਆਦਾ ਹੁੰਦਾ ਹੈ। ਮਰਦ ਦਾ ਕਠੋਰ ਹਿਰਦਾ ਜਦ ਪੁਤ੍ਰ ਦੇ ਚੁਪੇੜ ਮਾਰਨ ਲਈ ਤਿਆਰ ਹੋ ਜਾਂਦਾ ਹੈ ਤਾਂ ਇਸਤ੍ਰੀ ਉਸ ਨੂੰ ਆਪਣੀ ਬੁਕਲ ਵਿਚ ਛੁਪਾ ਲੈਂਦੀ ਹੈ। ਇਸਤ੍ਰੀ ਹਮੇਸ਼ਾ ਇਹ ਚਾਹੁੰਦੀ ਹੈ ਕਿ ਉਸਨੂੰ ਭਾਵੇਂ ਕਿਤਨੀਆਂ ਤਕਲੀਫਾਂ ਸਹਾਰਨੀਆਂ ਪੈਣ ਪ੍ਰੰਤੂ ਉਨ੍ਹਾਂ ਦੇ ਪੁਤ੍ਰਾਂ ਦਾ ਵਾਲ ਵਿੰਗਾ ਨਾ ਹੋਵੇ। ਸੰਤਾਨ ਸੁਖ ਲਈ ਇਸਤ੍ਰੀਆਂ ਕੀ ਕੁਝ ਕਰਦੀਆਂ ਹਨ ਜੇ ਇਸ ਗਲ ਦਾ ਵਿਸਥਾਰ ਕੀਤਾ ਜਾਵੇ ਤਾਂ ਬਹੁਤ ਕੁਝ ਲਿਖਿਆ ਜਾ ਸਕਦਾ ਹੈ। ਭਾਵ ਇਹ ਹੈ ਕਿ ਮਾਤਾ ਦੇ ਸਾਹਮਣੇ ਉਸਦੇ ਮਾਸੂਮ ਬਚੇ ਨੂੰ ਟੋਟੇ ਟੋਟੇ ਕਰਨਾ ਤੇ ਉਸਦੀਆਂ ਬੋਟੀਆਂ ਦਾ ਹਾਰ ਮਾਤਾ ਦੇ ਗੱਲ ਪਾਉਣਾ ਇਸਤ੍ਰੀ ਜਾਤੀ ਦੇ ਇਤਹਾਸ ਵਿਚ ਸਭ ਤੋਂ ਵਡੀ ਕੁਰਬਾਨੀ ਹੈ। ਜਿਵੇਂ ਭਾਈ ਮਨੀ ਸਿੰਘ ਜੀ ਨੇ ਬੰਦ ਬੰਦ ਕਟਵਾ ਕੇ ਕੁਰਬਾਨੀਆਂ ਦੇ ਇਤਹਾਸ ਵਿਚ ਇਕ ਨਵੀਂ ਮਿਸਾਲ ਕਾਇਮ ਕੀਤੀ ਉਸੇ ਤਰ੍ਹਾਂ ਆਪ ਦੀ ਧਰਮ ਪਤਨੀ ਬੀਬੀ ਬਸੰਤ ਕੌਰ ਜੀ ਨੇ ਭੀ ਇਸਤ੍ਰੀ ਜਾਤੀ ਦੇ ਇਤਹਾਸ ਵਿਚ ਨਵੀ ਮਿਸਾਲ ਕਾਇਮ ਕੀਤੀ।

ਕਲਗੀ ਵਾਲਾ ਸਤਿਗੁਰੂ ਧੰਨ ਹੈ ਜਿਸ ਨੇ ਆਪ ਕੁਰਬਾਨੀਆਂ ਕਰਕੇ ਸਰਬੰਸ ਕੁਰਬਾਨ ਕਰ ਕੇ ਗੁਰਸਿਖਾਂ ਨੂੰ ਇਹ ਸਬਕ ਸਿਖਾਇਆ ਕਿ ਉਹ ਭੀ ਸਿਖੀ ਸਿਦਕ ਕਾਇਮ ਰਖਣ ਲਈ ਆਪਣਾ ਸਾਰਾ ਪ੍ਰਵਾਰ ਕੁਰਬਾਨ ਕਰ ਸਕਦੇ ਹਨ। ਭਾਈ ਮਨੀ ਸਿੰਘ ਜੀ ਦਾ ਪਰਵਾਰ ਇੱਕ ਆਦਰਸ਼ਕ ਸਿੱਖ ਪ੍ਰਵਾਰ ਸੀ ਅਤੇ ਬੀਬੀ ਬਸੰਤ ਕੌਰ ਜੀ ਨੇ ਆਪਣੇ ਪਤੀ ਦੇ ਨਕਸ਼ਿਕਦਮ ਪਰ ਚਲਦੇ ਹੋਇ ਉਹ ਸ਼ਾਨਦਾਰ ਕੁਰਬਾਨੀ ਕੀਤੀ ਜਿਸ ਪਰ ਸਿਖ ਕੌਮ ਫ਼ਖ਼ਰ ਕਰ ਸਕਦੀ ਹੈ ਅਤੇ ਜਿਸ ਤੋਂ ਰੌਸ਼ਨੀ ਲੈ ਕੇ ਸਿੱਖ ਅਡੋਲ ਹਿਰਦੇ ਨਾਲ ਸਿਖੀ ਮਾਰਗ ਪਰ ਤੁਰ ਸਕਦੇ ਹਨ।

ਜਿਸ ਸਮੇਂ ਭਾਈ ਮਨੀ ਸਿੰਘ ਦਾ ਪ੍ਰਵਾਰ ਸ਼ਹੀਦ ਹੋਇਆ ਉਸ ਸਮੇਂ ਸਿੱਖ ਇਤਹਾਸ ਬਣਾ

Digitized by Panjab Digital Library | www.panjabdigilib.org

ਰਹੇ ਸਨ ਪ੍ਰੰਤੂ ਉਨ੍ਹਾਂ ਦਾ ਇਤਹਾਸ ਲਿਖਣ ਵਾਲਾ ਕੋਈ ਨਹੀਂ ਸੀ ਇਸ ਕਰਕੇ ਬੀਬੀ ਬਸੰਤ ਕੌਰ ਜੀ ਕ ਜੀਵਨ ਦਾ ਪੂਰਾ ਵਿਸਥਾਰ ਮਿਲਣਾ ਕਠਣ ਹੋ ਗਿਆ ਹੈ। ਉਪਰ ਲਿਖੇ ਸੰਖੇਪ ਜੀਵਨ ਤੋਂ ਹੀ ਸਾਨੂੰ ਦੋਫੀ ਸਬਕ ਮਿਲਦਾ ਹੈ ਅਤੇ ਇਹ ਪਤਾ ਚਲਦਾ ਹੈ ਕਿ ਜਿੰਨਾਂ ਸਿਖਾਂ ਤੇ ਸਿਖਣੀਆਂ ਦਾ ਸਿਖੀ ਪਰ ਅਟੱਲ ਵਿਸ਼ਵਾਸ਼ ਸੀ ਉਨ੍ਹਾਂਨੂੰ ਕਿਸ ਪ੍ਰਕਾਰ ਕਠਨਾਈਆਂ ਵਿਚੋਂ ਲੰਘਣਾ ਪਿਆ ਤੇ ਕਿਤਨੇ ਹੀ ਤਸੀਹੇ ਝੱਲਣੇ ਪਏ। ਕਿਤਨੇ ਦੁਖ ਦੀ ਗਲ ਹੈ ਕਿ ਜਿਸ ਸਿੱਖੀ ਸਿਦਕ ਨੂੰ ਕਾਇਮ ਰਖਣ ਲਈ ਸਾਡੇ ਸ਼ਹੀਦਾਂ ਨੇ ਇਤਨੀਆਂ ਸ਼ਾਨਦਾਰ ਕੁਰਬਾਨੀਆਂ ਕੀਤੀਆਂ ਉਸਨੂੰ ਨਵੀ ਨਸਲ ਦੇ ਮੁੰਡੇ ਕੁੜੀਆਂ ਪਛਮੀ ਸੱਭਯਤਾ ਦਾ ਸ਼ਿਕਾਰ ਹੋ ਕੇ ਖੁਦ ਹੀ ਛੱਡ ਰਹੇ ਹਨ ਅਤੇ ਵਾਸ਼ਨਾ ਦੇ ਵਹਿਣ ਵਿਚ ਵਹਿ ਕੇ ਆਤਮ ਰੱਸ ਤੋਂ ਵਾਂਏ ਜਾ ਰਹੇ ਹਨ।

## ਸਿਦਕਵਾਨ ਸਿੰਘਣੀਆਂ

ਸਿਖੀ ਨੂੰ ਸਮਝਣ ਲਈ ਗੁਰਮਤਿ ਫਲਾਸਫੀ ਨੂੰ ਸਮਝਣਾ ਜ਼ਰੂਰੀ ਹੈ। ਜਦੋਂ ਤਕ ਕੋਈ ਸਜਨ ਗੁਰਮਤਿ ਫਲਾਸਫੀ ਨੂੰ ਸਮਝਣ ਦਾ ਯਤਨ ਨਹੀਂ ਕਰਦਾ ਉਹ ਸਿਖੀ ਨੂੰ ਸਮਝ ਹੀ ਨਹੀਂ ਸਕਦਾ। ਸਿਖੀ ਦਾ ਆਧਾਰ ਕੇਹੜੇ ਮੋਟੇ ਮੋਟੇ ਅਸੂਲ ਹਨ? ਉਨ੍ਹਾਂ ਪਰ ਗੁਰੂ ਮਹਾਰਾਜ ਨੇ ਕਿਉਂ ਇਤਨਾ ਜ਼ੋਰ ਦਿਤਾ? ਸਿਖਾਂ ਨੇ ਉਨ੍ਹਾਂ ਅਸੂਲਾ ਪਰ ਕਿਵੇ ਕਿਵੇਂ ਅਮਲ ਕੀਤਾ? ਸਿਖ ਦੇ ਜੀਵਨ ਵਿਚੋਂ ਗੁਰਮਤ ਅਸੂਲਾਂ ਪਰ ਅਮਲ ਕਰਨ ਦੀ ਕਿੰਨਾਂ ਗਲਾਂ ਤੋਂ ਝਲਕ ਮਿਲਦੀ ਹੈ। ਇਹ ਐਸੇ ਪ੍ਰਸ਼ਨ ਹਨ ਜਿਨ੍ਹਾਂ ਪਰ ਹਰ ਇਕ ਗੁਰਸਿੱਖ ਨੂੰ ਵਿਚਾਰ ਕਰਨੀ ਚਾਹੀਦੀ ਹੈ।

ਅਰਦਾਸ ਗੁਰਮਤਿ ਫਲਾਸਫੀ ਦਾ ਪ੍ਰਧਾਨ ਅੰਗ ਹੈ। ਅਰਦਾਸ ਕਰਨ ਸਮੇਂ ਸਿਖ ਕੇਵਲ ਦਸ ਗੁਰੂਆਂ ਨੂੰ ਹੀ ਯਾਦ ਨਹੀਂ ਕਰਦਾ ਸਗੋਂ ਸਾਰਾ ਸਿਖ ਇਤਹਾਸ ਉਸਦੀਆਂ ਅਖਾਂ ਅਗੋਂ ਫਿਲਮ ਵਾਂਗ ਲੰਘ ਜਾਂਦਾ ਹੈ। ਸਿਖ ਇਤਹਾਸ ਦੀਆਂ ਅਹਿਮ ਘਟਨਾਵਾਂ ਨੂੰ ਅਰਦਾਸ ਵਿਚ ਗਿਣੇ ਮਿਥੇ ਸ਼ਬਦਾਂ ਵਿਚ ਇਸ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ ਕਿ ਸਿਖ ਦਾ ਮਨ ਸ਼ਹੀਦੀ ਪ੍ਰਾਪਤ ਕਰਨ ਵਾਲੇ ਸਿੰਘਾਂ ਤੇ ਸਿੰਘਣੀਆਂ ਨੂੰ ਯਾਦ ਕਰਕੇ ਕਿਰਤਗੱਯਤਾ ਨਾਲ ਭਰ ਜਾਂਦਾ ਹੈ। ਸਿੰਘਣੀਆਂ ਨੇ ਸਿੱਖ ਇਤਹਾਸ ਵਿਚ ਜੋ ਅਹਿਮ ਹਿਸਾ ਪਾਇਆ ਹੈ ਉਸ ਨੂੰ ਅਸੀਂ ਅਰਦਾਸ ਕਰਨ ਸਮੇਂ ਇਨ੍ਹਾਂ ਸ਼ਬਦਾਂ ਵਿਚ ਯਾਦ ਕਰਦੇ ਹਾਂ:—

"ਜਿਨ੍ਹਾਂ ਮਾਈਆਂ ਬੀਬੀਆਂ ਨੇ ਜ਼ੁਲਮ ਦਾ ਮੁਕਾਬਲਾ ਕਰਦਿਆਂ ਹੋਇਆਂ ਸਵਾ ਸਵਾ ਮਣ ਪੀਸਣੇ ਪੀਸੇ ਖੰਨੀ ਖੰਨੀ ਰੋਟੀ ਤੇ ਇਕ ਪਿਆਲਾ ਪਾਣੀ ਪਰ ਗੁਜ਼ਾਰਾ ਕੀਤਾ, ਆਪਣੇ ਸ਼ੀਰ ਖੋਰ ਬਚਿਆਂ ਦੇ ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪਵਾਏ। ਹੋਰ ਅਨੇਕ ਪ੍ਰਕਾਰ ਦੇ ਤਸੀਹੇ ਝਲੇ ਸਿਖ਼ੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਇਆ ਤੇ ਪਤੀ ਬ੍ਰਤ ਧਰਮ ਨਹੀਂ ਹਾਰਿਆ ਤਿੰਨਾ ਮਾਈਆਂ ਬੀਬੀਆਂ ਦੀ ਕਮਾਈ ਦਾ ਧਿਆਨ ਧਰਕੇ ਖਾਲਸਾ ਸਾਹਿਬ ਬੋਲੋ ਜੀ ਵਾਹਿਗੁਰੂ" ਅਰਦਾਸ ਵਿਚ ਆਏ ਇਹ ਸ਼ਬਦ ਸਿਖ ਇਤਹਾਸ ਦੇ ਉਸ ਸਭ ਤੋਂ ਵਧ ਅਹਿਮੀਅਤ ਰੱਖਣ ਵਾਲੇ ਭਾਗ ਵਲ ਇਸ਼ਾਰਾ ਕਰਦੇ ਹਨ ਜਿਸ ਵਿਚ ਸਿੰਘਣੀਆਂ ਦੀਆਂ ਕੁਰਬਾਨੀਆਂ ਦਾ ਵਰਨਣ ਕੀਤਾ ਗਿਆ ਹੈ ਅਤੇ ਜਿਸਦੇ ਪੜ੍ਹਨ ਤੋਂ ਇਹ ਪਤਾ ਲਗਦਾ ਹੈ ਕਿ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੰਘਣੀਆਂ ਨੇ

Digitized by Panjab Digital Library | www.panjabdigilib.org

ਕੁਰਬਾਨੀਆਂ ਦੇ ਉਹ ਨਮੂਨੇ ਪੇਸ਼ ਕੀਤੇ ਜਿਨ੍ਹਾਂ ਦੀ ਮਿਸਾਲ ਸਾਰੀ ਦੁਨੀਆਂ ਦੇ ਇਤਹਾਸ ਵਿਚ ਨਹੀਂ ਮਿਲਦੀ।

ਸਿੱਖ ਇਤਹਾਸ ਦੇ ਇਸ ਫਖਰ ਕਰਣ ਯੋਗ ਭਾਗ ਦਾ ਜੇ ਪੂਰਾ ਵਿਸਥਾਰ ਕੀਤਾ ਜਾਵੇ ਤਾਂ ਇਕ ਪੂਰੀ ਪੁਸਤਕ ਲਿਖੀ ਜਾ ਸਕਦੀ ਹੈ ਪਰੰਤੂ ਵਧੇਰੇ ਵਿਸਥਾਰ ਵਿਚ ਨ ਜਾਂਦੇ ਹੋਇ ਅਸੀ ਸੰਖੇਪ ਵਰਣਨ ਕਰਨਾ ਹੀ ਠੀਕ ਸਮਝਦੇ ਹਾਂ। ਸਿਖ ਕੌਮ ਦੇ ਜੀਵਨ ਵਿਚ ਕਈ ਐਸੇ ਸਮੇਂ ਆਏ ਜਦੋਂ ਵਿਰੋਧੀਆਂ ਨੇ ਇਸ ਕੌਮ ਨੂੰ ਸਫਾ ਹਸਤੀ ਤੋਂ ਮਿਟਾਣ ਦੇ ਯਤਨ ਕੀਤੇ। ਘਲੂਘਾਰਿਆਂ ਦੇ ਇਤਹਾਸ ਵਿਚ ਭੀ ਪਾਠਕ ਇਸਦਾ ਕੁਝ ਵਰਣਨ ਪੜਨਗੇ । ਜਿਸ ਢੰਗ ਨਾਲ ਮੀਰ ਮੰਨੂ ਦੇ ਸਮੇਂ ਹਕੂਮਤ ਨੇ ਸਿਖ ਕੌਮ ਨੂੰ ਖਤਮ ਕਰਨ ਲਈ ਬਚਿਆਂ ਤੇ ਇਸਤ੍ਰੀਆਂ ਤੱਕ ਦੀ ਆਮ ਕਤਲਾਮ ਸ਼ੁਰੂ ਕਰ ਦਿਤੀ ਸੀ ਉਸਦਾ ਹੋਰ ਉਦਾਹਰਣ ਨਹੀਂ ਮਿਲਦਾ।

ਭਾਰਤ ਦੀਆਂ ਵੀਰ ਇਸਤ੍ਰੀਆਂ ਆਪਣੇ ਬਚਿਆਂ ਨੂੰ ਧਰਮ ਤੋਂ ਕੁਰਬਾਨ ਹੋਣ ਦੀ ਸਿਖਿਆ ਦੇਣ ਲੋਰੀਆਂ ਸਮੇਂ ਹੀ ਦੇ ਦਿਤਾ ਕਰਦੀਆਂ ਹਨ। ਇਸ ਕਰਕੇ ਜਦੋਂ ਤਕ ਇਸਤ੍ਰੀਆਂ ਦੇ ਦਿਲਾਂ ਵਿਚ ਕੌਮ ਦਾ ਪਿਆਰ ਠਾਠਾ ਮਾਰਦਾ ਹੈ ਅਤੇ ਉਹ ਬਚਿਆਂ ਨੂੰ ਕੌਮੀ ਪਿਆਰ ਦੀ ਰੰਗਣ ਵਿਚ ਰੰਗਣ ਦਾ ਯਤਨ ਕਰਦੀਆਂ ਰਹਿੰਦੀਆਂ ਹਨ ਇਸ ਕੌਮ ਨੂੰ ਮੁਕਾਣਾ ਅਸੰਭਵ ਹੁੰਦਾ ਹੈ । ਮੀਰ ਮੰਨੂ ਨੇ ਇਸ ਗੱਲ ਨੂੰ ਅਨਭਵ ਕਰ ਲਿਆ ਸੀ ਕਿ ਸਿਖ ਕੌਮ ਨੂੰ ਸਫਾ ਹਸਤੀ ਤੋਂ ਮਿਟਾਉਣ ਲਈ ਸਿੱਖ ਇਸਤ੍ਰੀਆਂ ਨੂੰ ਤੇ ਉਨਾ ਬਚਿਆਂ ਨੂੰ ਜੋ ਇਨ੍ਹਾਂ ਦੀਆਂ ਗੋਦੀਆਂ ਵਿਚ ਪਲ ਰਹੇ ਹਨ ਖਤਮ ਕਰਨ ਜ਼ਰੂਰੀ ਹੈ। ਇਕ ਜ਼ਾਲਮ ਹਾਕਮ ਦੇ ਦਿਮਾਗ ਵਿਚ ਜਿਸਦੇ ਪਾਸ ਹਕੂਮਤ ਦੀ ਤਾਕਤ ਹੋਵੇ ਇਹੋ ਜਿਹਾ ਖਤਰਨਾਕ ਵਿਚਾਰ ਆਉਣਾ ਸਿਖ ਕੌਮ ਲਈ ਬੜਾ ਖਤਰਨਾਕ ਸੀ। ਦਿੱਲੀ ਦੀ ਮੁਗਲ ਹਕੂਮਤ ਭੀ ਸਿਖਾਂ ਨੂੰ ਮਿਟਾਣਾ ਚਾਹੁੰਦੀ ਸੀ। ਇਸ ਕਰਕੇ ਉਸਨੇ ਮੀਰ ਮੰਨੂੰ ਦੀ ਇਸ ਕੰਮ ਵਿਚ ਹੌਸਲਾ ਅਫਜ਼ਾਈ ਕੀਤੀ। ਮੀਰ ਮੰਨੂੰ ਨੇ ਸਾਰੇ ਪੰਜਾਬ ਵਿਚ ਪਿੰਡ ਪਿੰਡ ਇਹ ਹੁਕਮ ਨਾਮੇ ਭੇਜ ਦਿਤੇ ਕਿ ਜਿਸ ਇਸਤ੍ਰ ਪਰ ਸਿੱਖ ਹੋਣ ਦਾ ਸ਼ੱਕ ਹੋਵੇ ਉਸ ਨੂੰ ਫੜ ਕੇ ਲਾਹੌਰ ਭੇਜ ਦਿਤਾ ਜਾਵੇ। ਸਿੱਖ ਬੱਚਿਆਂ ਨੂੰ ਚਾਹੇ ਉਹ ਦੁਧ ਪੀਦੇ ਹੋਣ ਕਤਲ ਕਰਨ ਤੋਂ ਸੰਕੋਚ ਨਾ ਕੀਤਾ ਜਾਵੇ ਅਤੇ ਇਸਤ੍ਰਾਂ ਇਸ ਖਤਰਨਾਕ ਕੌਮ ਦਾ ਜਿਸ ਨੇ ਆਪਣੇ ਪੈਦਾ ਹੋਣ ਦੇ ਸਮੇ ਤੋਂ ਹੀ ਦਿੱਲੀ ਦੀ ਮੁਗਲ ਹਕੂਮਤ ਨੂੰ ਚਿੰਤਾਂ ਵਿਕ ਪਾਛਡਿਆ ਹੈ ਦੁਨੀਆਂ ਤੋ ਹਮੇਸ਼ਾ ਲਈ ਸਫਾਇਆ ਕਰ ਦਿਤਾ ਜਾਵੇ।

ਮੀਰ ਮਨੂੰ ਦਾ ਇਹ ਹੁਕਮ ਪੁਜਣ ਦੀ ਦੇਰ ਸੀ ਕਿ ਪੰਜਾਬ ਦੇ ਪਿੰਡ ਵਿਚ ਸਿੱਖਾਂ ਦੀ ਆਮ ਕਤਲਾਮ ਸ਼ੁਰੂ ਹੋ ਗਈ। ਗਸ਼ਤੀ ਫੌਜਾਂ ਪਿੰਡ ਪਿੰਡ ਫਿਰਨ ਲਗੀਆਂ। ਹਕੂਮਤ ਦੇ ਝੋਲੀ ਚੁਕ ਭੇਦ ਦੇ ਕੇ ਸਿਖ ਇਸਤ੍ਰੀਆਂ ਤੇ ਬਚਿਆਂ ਨੂੰ ਫੜਾਉਣ ਲੱਗੇ। ਜਦ ਸਾਰਾ ਮਾਝਾ ਦੁਆਬਾ ਰਿਆੜ ਕੀਤੇ ਹੋਰ ਇਲਾਕੇ ਗਸ਼ਤੀ ਫੌਜ਼ਾਂ ਨੇ ਛਾਣ ਮਾਰੇ ਅਤੇ ਸਿਖ ਇਸਤ੍ਰੀਆਂ ਤੇ ਬਚਿਆਂ ਨੂੰ ਕਤਲ ਕੀਤਾ ਗਿਆ ਤਾਂ ਮੀਰ ਮਨੂੰ ਨੂੰ ਪਤਾ ਲਗਿਆ ਕਿ ਸਤਲੁਜ ਤੋਂ ਪਾਰ ਮਾਲਵੇ ਦਾ ਇਲਾਕਾ ਅਸਲ ਵਿਚ ਸਿੱਖ ਧਰਮ ਦੀ ਪਨੀਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਇਸ ਇਲਾਕੇ ਵਿਚ ਧਰਮ ਦਾ ਪ੍ਰਚਾਰ ਹੋਣਾ ਸ਼ੁਰੂ ਹੋਇਆ । ਪਿੰਡ ਪਿੰਡ ਧਰਮ ਸਾਲਾ ਬਣੀਆਂ। ਉਪਰੰਤ ਗੁਰੂ ਹਰ ਗੋਬਿੰਦ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਮਾਲਵੇ ਦੇ ਇਲਾਕੇ ਵਿਚ ਬਹੁਤ ਜ਼ਿਆਦਾ ਸਿਖੀ ਪ੍ਰਚਾਰ ਕੀਤਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਮੁਲਾਂ ਪੁਰ ਕੈਂਪ



ਮੀਰ ਮਨੂੰ ਦੇ ਸਮੇਂ ਜਦ ਸਿੰਘ ਕਾਨ੍ਹੂਵਾਲ ਦੇ ਛੰਬ, ਜਮਨਾ ਤੋਂ ਪਾਰ ਜਦ ਚਲੇ ਗਏ ਤਦ ਮਨੂੰ ਨੇ ਹੁਕਮ ਕੀਤਾ ਕਿ ਸਿੱਖ ਸਿੰਘਣੀਆਂ ਨੂੰ ਇਕਤ੍ਰ ਕਰਕੇ ਲਿਆਉ। ਏਸ ਹੁਕਮ ਦੇ ਹੁੰਦੇ ਸਾਰ ਹੀ ਮੁਲਾਂ ਪੁਰ ਜ਼ਿਲਾ ਲੁਧਿਆਣਾ ਵਿਖੇ ਕੈਂਪ ਲਾ ਕੇ ਗਸ਼ਤੀ ਫੌਜਾਂ ਪਿੰਡ ੨ ਫਿਰਨ ਲਗੀਆਂ।

ਹੇਠ ਲਿਖੇ ਥਾਵਾਂ* ਤੇ ਬਹਾਦਰ ਬੀਬੀਆਂ ਨੇ ਜ਼ਾਲਮਾ ਨਾਲ ਮੁਕਾਬਲੇ ਤੇ ਡੱਟ ਕੇ ਖੂਬ ਹੱਥ ਵਿਖਾਏ। ਇਨ੍ਹਾਂ ਵਿਚੋਂ ਕੁਝ ਸ਼ਹੀਦ ਤੇ ਕੁਝ ਜ਼ਖਮੀ ਹੋਈਆ। ਜੋ ਸਹੀ ਸਲਾਮਤ ਸਨ ਉਹਨਾਂ ਨੂੰ ਪਕੜ ਕੇ ਇਸ ਕੈਂਪ ਵਿਚ ਲਿਆਂਦਾ ਗਿਆ। ਏਥੋਂ ਹੀ ਸਤਵੰਤੀਆਂ ਦੀਆਂ ਮੁਸ਼ਕਾਂ ਬੰਨ ਕੇ ਬੈਲ ਗਡੀਆਂ ਤੇ ਲਦ ਕੇ ਲਾਹੌਰ ਪਹੁੰਚਾਇਆ ਗਿਆ। ਉਸ ਕੈਂਪ ਵਾਲੀ ਜਗ੍ਹਾ ਮੁਲਾਂ ਪੁਰ ਵਿਚ ਸਾਂਝੇ ਤੌਰ ਤੇ ਸਤਵੰਤੀਆਂ ਬੀਬੀਆਂ ਦੀ ਯਾਦ ਵਿਚ ਪਈ ਅਤੇ ਸ਼ਹੀਦ ਬੀਬੀਆਂ ਦੀ ਯਾਦ ਵਿਚ ਇਹ ਜਗ੍ਹਾ ਬਣੀ ਹੋਈ ਹੈ ਜਿਥੇ ਸ਼ਰਧਾਲੂ ਸੁਖਣਾ ਪੂਰੀਆਂ ਹੋਣ ਤੇ ਚੜ੍ਹਾਵੇ ਚੜ੍ਹਾਂਦੇ ਹਨ। ਜਗ੍ਹਾ ਦਾ ਨਾਮ ਮੁਸ਼ਕਿਆਣਾ ਹੈ। ਜੋ ਲੁਧਿਆਣਾ ਤੋਂ ਫੀਰੋਜ਼ਪੁਰ ਵਾਲੀ ਸੜਕ ਅਡਾ ਦਾਖਾਂ ਤੋਂ ਪੌਣੀ ਮੀਲ ਹੈ।

---

*ਚਮਕੌਰ ਸਾਹਿਬ ਤੇ ਸਰਹੰਦ ਦੇ ਸਨ੍ਹ 'ਚ ਯਾਦਗਾਰਾਂ
ਸਿੱਧਸਰ, ਕਲਾੜ, ਰਾਇਕੋਟ, ਮਹਿਮੂਦ ਪੁਰਾ ਦੇ ਸੰਨ ਵਿੱਚ
ਬੇਰ, ਮਹੇਰਨਾ, ਹਠੂਰ,
ਗਮੋਲਾਂ, ਸੰਤ ਪੁਰਾ, ਬਧਣੀ,
ਝੰਮਟ, ਕਲਸੀਆਂ, ਗ਼ਾਲਬ ਕਲਾਂ ਆਦਿ ਥਾਵਾਂ ਯਾਦਗਾਰਾਂ ਕੈਮ ਹਨ।

Digitized by Panjab Digital Library | www.panjabdigilib.org

ਹੈ ਜਿਸਦਾ ਸਦਕਾ ਮਾਲਵੇ ਵਿਚੋਂ ਹੀ ਉਹ ਬੀਰ ਬਹਾਦਰ ਕੁਰਬਾਨੀ ਦੇ ਪੁੰਜ ਸ਼ਹੀਦ ਪੈਦਾ ਹੁੰਦੇ ਹਨ ਜੋ ਸਿਰ ਹਥੇਲੀ ਤੇ ਰਖਕੇ ਭੀ ਧਰਮ ਯੁਧ ਵਿਚ ਲੜਦੇ ਹੀ ਰਹਿੰਦੇ ਹਨ।

"ਜੇ ਤਉ ਪ੍ਰੇਮ ਖ਼ੇਲਣ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ" ਦੀ ਧੁਨੀ ਮਾਲਵੇ ਦੇ ਹਰ ਪਿੰਡ ਵਿਚ ਸੁਣਾਈ ਦੇਂਦੀ ਹੈ। ਇਸ ਕਰਕੇ ਜਦ ਤਕ ਇਹ ਇਲਾਕਾ ਸਿਖਾਂ ਤੋਂ ਸਾਫ ਨਹੀਂ ਕੀਤਾ ਜਾਂਦਾ ਸਿਖ ਕੌਮ ਖਤਮ ਨਹੀਂ ਹੋ ਸਕਦੀ। ਹੋਰ ਇਲਾਕਿਆਂ ਦੇ ਸਿਖ ਭੀ ਬਿਪਤਾ ਪਈ ਤੇ ਮਾਲਵੇ ਵਿਚ ਜਾ ਪਨਾਹ ਲੈਂਦੇ ਹਨ ਤੇ ਉਸ ਨੂੰ ਸੁਰਖੱਜਤ ਇਲਾਕਾ ਸਮਝਕੇ ਔਕੜ ਸਮੇਂ ਉਥੇ ਚਲੇ ਜਾਂਦੇ ਹਨ। ਇਹੋ ਜਿਹੀਆਂ ਗੱਲਾਂ ਸੋਚ ਕੇ ਮੀਰ ਮੰਨੂੰ ਬਹੁਤ ਸਾਰੀਆਂ ਫੌਜਾਂ ਲੈਕੇ ਮਾਲਵੇ ਵੱਲ ਵਧਿਆ। ਸਤਲੁਜ ਤੋਂ ਪਾਰ ਲੰਘ ਕੇ ਉਸ ਨੇ ਮੁਲਾ ਪੁਰ (ਜ਼ਿਲਾ ਲੁਧਿਆਣਾ) ਵਿਚ ਵਡਾ ਪੜਾਉ ਕੀਤਾ ਅਤੇ ਪਿੰਡਾਂ ਪਰ ਛਾਪੇ ਮਾਰਕੇ ਇਸਤ੍ਰੀਆਂ ਤੇ ਬਚਿਆਂ ਨੂੰ ਫੜ ਫੜ ਕੇ ਮੁਲਾ ਪੁਰ ਕੈਂਪ ਵਿਚ ਇਕਠਿਆ ਕਰਨ ਲੱਗਾ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਿਖਾਂ ਨੇ ਇਸਦਾ ਮੁਕਾਬਲਾ ਕਿਉਂ ਨਾ ਕੀਤਾ। ਇਸ ਦਾ ਉਤਰ ਇਤਹਾਸ ਨੂੰ ਗਹੁ ਨਾਲ ਪੜ੍ਹਨ ਤੋਂ ਮਿਲਦਾ ਹੈ ਦੋ ਘਲੂਘਾਰਿਆਂ ਵਿਚ ਸਿਖਾਂ ਦਾ ਬਹੁਤ ਜ਼ਿਆਦਾ ਜਾਨੀ ਨੁਕਸਾਨ ਹੋਇਆ। ਮੀਰ ਮੰਨੂੰ ਇਸ ਸਮੇਂ ਬਹੁਤ ਤਾਕਤ ਵਰ ਸੀ ਤੇ ਉਸਦੇ ਪਾਸ ਫੌਜ ਦੀ ਭਾਰੀ ਗਿਣਤੀ ਸੀ। ਸਿੱਖ ਜੋ ਥੋਹੜੇ ਜਿਹੇ ਬਚੇ ਸਨ ਉਹ ਜਾਂ ਪਹਾੜਾ ਵਿਚ ਚਲੇ ਗਏ ਸਨ ਜਾਂ ਜਮਨਾ ਤੋਂ ਪਾਰ ਤੇ ਰਾਜਸਥਾਨ ਦੇ ਇਲਾਕੇ ਵਿਚ ਜਾ ਰਹੇ ਸਨ। ਇਸਤ੍ਰੀਆਂ ਤੇ ਬਚੇ ਹੀ ਘਰਾਂ ਵਿਚ ਸਨ ਜਿਨ੍ਹਾਂ ਪਰ ਮੀਰ ਮੰਨੂੰ ਨੂੰ ਜ਼ੁਲਮ ਕਰਨ ਦਾ ਅਵਸਰ ਮਿਲ ਗਿਆ।

**ਮੁਲਾ ਪੁਰ**—ਮੁਲਾ ਪੁਰ ਦੇ ਇਲਾਕੇ ਵਿਚੋਂ ਜੋ ਮਾਲਵੇ ਦੀ ਸੰਘਣੀ ਵਸੋਂ ਦਾ ਇਲਾਕਾ ਸੀ ਬਹੁਤ ਸਾਰੀਆਂ ਸਿੰਘਣੀਆ ਗ੍ਰਿਫਤਾਰ ਕੀਤੀਆਂ ਗਈਆਂ। ਜ਼ਾਲਮ ਮੀਰ ਮੰਨੂੰ ਨੇ ਮੁਲਾਂ ਪੁਰ ਦੇ ਕੈਂਪ ਵਿਚ ਜੋ ਇਸਤ੍ਰੀਆਂ ਇਕਠੀਆਂ ਕੀਤੀਆਂ ਤੇ ਜਿਨ੍ਹਾਂ ਨੂੰ ਪਿਛੋਂ ਉਸ ਨੇ ਲਾਹੌਰ ਲੈ ਜਾਕੇ ਅਕਹਿ ਤੇ ਅਸਹਿ ਤਸੀਹੇ ਦਿਤੇ ਉਹ ਹੇਠ ਲਿਖੀਆਂ ਥਾਵਾਂ ਤੋਂ ਇਕੱਠੀਆਂ ਕੀਤੀਆਂ ਗਈਆਂ ਸਨ। ਕੁਠਾਲਾ ਰਿਆਸਤ ਮਲੇਰ ਕੋਟਲਾ ਤੇ ਆਸ ਪਾਸ ਦੇ ਪਿੰਡਾਂ ਵਿਚੋਂ। ਸ੍ਰੀ ਚਮਕੌਰ ਸਾਹਿਬ ਤੇ ਫਤਹਿ ਗੜ ਸਾਹਿਬ ਦੇ ਵਿਚਕਾਰਲੇ ਇਲਾਕੇ ਵਿਚੋਂ ਸਿਧਸਰ ਦੇ ਮੁਕਾਮ ਪਰ ਜੰਗ ਕਰਕੇ ਫੜੀਆ। ਇਸ ਤੋਂ ਇਲਾਵਾ ਬੇਰ ਤੇ ਘੋਸਲਾ, ਝਾਮਟ ਤੇ ਕਲਾੜ ਦੇ ਨੇੜੇ ਜੰਗ ਹੋਇਆ ਇਥੇ ਬੀਬੀਆਂ ਦੇ ਨਾਮ ਦੇ ਮਟ ਹਨ। ਮਹੇਰਨਾ ਤੇ ਸੰਤ ਪੁਰਾ ਦੇ ਨੇੜੇ ਭੀ ਜੰਗ ਹੋਇਆ। ਜਿਥੇ ਹੁਣ ਬੀਬੀਆਂ ਦੀ ਯਾਦ ਵਿਚ ਗੁਰਦਵਾਰਾ ਬਣਿਆ ਹੋਇਆ ਹੈ। ਕਲਸੀਆ, ਰਾਏ ਕੋਟ ਤੇ ਹਠੂਰ, ਬਧਨੀ ਆਦਿਕ ਥਾਵਾਂ ਪਰ ਸ਼ਾਹੀ ਸੈਨਾ ਨਾਲ ਮੁਕਾਬਲੇ ਹੋਇ ਪਰੰਤੂ ਜਦ ਬਹੁਤ ਸਾਰੀਆਂ ਆਪਣੇ ਸਤ ਧਰਮ ਦੀ ਰਖਿਆ ਕਰਦੀਆਂ ਹੋਈਆਂ ਸ਼ਹੀਦ ਹੋ ਗਈਆਂ ਤਾਂ ਬਾਕੀਆਂ ਨੂੰ ਫੜ ਲਿਆਂ ਗਿਆ। ਗਾਲਬ ਕਲਾਂ ਤੇ ਕਰਾੜੀਦਾ ਬੇਹ ਆਦਿਕ ਤੋਂ ਹੀ ਬੀਬੀਆਂ ਫੜੀਆ ਗਈਆਂ। ਇਥੋ ਦਾਖੇ ਤੇ ਮੁਲਾ ਪੁਰ ਦੇ ਕੈਂਪ ਵਿਚ ਕਠੀਆ ਕਰਕੇ, ਤਿਹਾੜਾ, ਧਰਮ ਕੋਟ ਤੇ ਈਸੇ ਖਾ ਦੇ ਕੋਟ ਦੇ ਰਸਤੇ ਗਡਿਆ ਪਰ ਜਕੜ ਕੇ ਲਾਹੌਰ ਪਹੁੰਚਾਈਆਂ ਗਈਆਂ। ਕਰਾੜੀ ਦੇ ਬੇਹ ਸਬੰਧੀ ਇਹ ਗਲ ਆਮ ਪ੍ਰਸਿੱਧ ਹੈ ਕਿ

Digitized by Panjab Digital Library | www.panjabdigilib.org

ਦੋ ਸੁੰਦਰ ਤੇ ਜਵਾਨ ਲੜਕੀਆਂ ਜ਼ਾਲਮਾਂ ਨੂੰ ਦੇਖਕੇ ਭਜ ਤੁਰੀਆਂ ਜਦ ਘੋੜ ਸਵਾਰ ਸਪਾਹੀ ਉਨ੍ਹਾਂ ਦੇ ਨੇੜੇ ਆਉਂਦੇ ਵੇਖੇ ਤਾਂ ਖੂਹ ਵਿਚ ਛਾਲ ਮਾਰਦੇ ਹੋਇ ਉਨ੍ਹਾਂ ਨੇ ਕਿਹਾ ਜੇ ਸਾਡਾ ਸਤਿ ਧਰਮ ਕਾਇਮ ਹੈ ਤਾਂ ਖੂਹ ਮਿਲ ਜਾਵੇ। ਖੂਹ ਉਸੇ ਸਮੇਂ ਮਿਲ ਗਿਆ। ਇਥੇ ਹੁਣ ਸਤੀਆਂ ਦਾ ਮਟ ਬਣਿਆ ਹੋਇਆ ਹੈ। ਹੋਰ ਭੀ ਕਈ ਪਿੰਡਾਂ ਵਿਚ ਜਿਥੇ ਸਤੀਆਂ ਦੀਆਂ ਨਿਸ਼ਾਨੀਆ ਤੇ ਯਾਦਗਾਰਾਂ ਮਿਲ-ਦੀਆਂ ਹਨ ਇਹ ਸਭ ਉਸੇ ਸਮੇਂ ਦੀਆਂ ਹਨ। ਮਾਲਵੇ ਦੀਆਂ ਇਨ੍ਹਾਂ ਬਹਾਦਰ ਦੇਵੀਆਂ ਵਿਚੋਂ ਕਿਸੇ ਇਕ ਨੇ ਭੀ ਆਪਣਾ ਧਰਮ ਛਡਕੇ ਦੁਨਿਆਵੀ ਸੁਖਾ ਦੀ ਇਛਾ ਪ੍ਰਗਟ ਨਹੀਂ ਕੀਤੀ। ਉਨ੍ਹਾਂ ਦੀਆਂ ਗੋਦੀਆਂ ਵਿਚ ਛੋਟੇ ਛੋਟੇ ਬਾਲ ਸਨ ਇਨ੍ਹਾਂ ਨੂੰ ਕੈਪਾਂ ਵਿਚ ਕੈਦ ਕਰਕੇ ਕਈ ਪ੍ਰਕਾਰ ਦੇ ਤਸੀਹੇ ਦਿਤੇ ਜਾਣ ਲਗੇ। ਮੀਰ ਮੰਨੂੰ ਨੇ ਇਥੇ ਕਈ ਦਿਨ ਡੇਰਾ ਰਖਿਆ ਅਤੇ ਦੂਰ ਤਕ ਪਿੰਡਾਂ ਪਰ ਛਾਪੇ ਮਾਰੇ। ਇਤਿਹਾਸ ਦੀ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਗ੍ਰਿਫਤਾਰ ਕੀਤੀਆਂ ਗਈਆਂ ਇਸਤ੍ਰੀਆਂ ਵਿਚ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਧਰਮ ਪਤਨੀ ਬੀਬੀ ਬਸੰਤ ਕੌਰ ਅਤੇ ਉਨ੍ਹਾਂ ਦਾ ਇਕ ਸਪੁਤ੍ਰ ਭੀ ਸੀ।

ਇਨ੍ਹਾਂ ਦੇਵੀਆਂ ਨੂੰ ਗਰਮੀ ਦੀ ਰੁਤ ਸੜਦੀ ਦੁਪਹਿਰ ਵਿਚ ਧੁਪੇ ਬੈਠਾਇਆ ਗਿਆ। ਧਰਤੀ ਤੇ ਲੂਹ ਦੀ ਗਰਮੀ ਨਾਲ ਬੀਬੀਆਂ ਦੇ ਜਿਸਮ ਝੁਲਸਦੇ ਜਾਂਦੇ ਸਨ ਤੇ ਬਚੇ ਪਾਣੀ ਚੋਂ ਕਢਕੇ ਤਪਦੀ ਰੇਤ ਪਰ ਸੁਟੀ ਪਈ ਮੱਛੀ ਵਾਂਗ ਤੜਪ ਰਹੇ ਸਨ। ਮਾਤਾਵਾਂ ਨੂੰ ਕਈ ਕਈ ਦਿਨਾ ਤੋਂ ਭੁਖੀਆ ਰਖਿਆ ਗਿਆ। ਜਿਸ ਕਰਕੇ ਉਨ੍ਹਾਂ ਦੀਆਂ ਛਾਤੀਆਂ ਵਿਚੋਂ ਦੁਧ ਸੁਕ ਗਿਆ। ਬਚੇ ਪਿਆਸ ਨਾਲ ਵਿਆਕੁਲ ਹੋਇ ਛਾਤੀਆਂ ਚੂੰਡਦੇ ਹਨ ਪਰ ਦੁਧ ਕਿਥੋਂ ਆਵੇ ? ਮਾਤਾਵਾਂ ਦੀਆਂ ਭੁਖੀਆਂ ਆਂਦਰਾ ਕੁਰਬਲ ਕੁਰਬਲ ਕਰਦੀਆਂ ਹਨ। ਕੋਈ ਪੇਸ਼ ਨਹੀਂ ਜਾਂਦੀ। ਜ਼ਾਲਮ ਹਾਕਮਾ ਨੂੰ ਬਚਿਆਂ ਦਾਂ ਤੜ ਫੜਾ ਤੇ ਮਾਤਾਵਾਂ ਦਾ ਦੁਖਾਂ ਨਾਲ ਲੁਛਣਾ ਵੇਖਕੇ ਤਰਸ ਨਹੀਂ ਆਉਂਦਾ ਸਗੋਂ ਉਹ ਖੁਸ਼ ਹਨ ਕਿ ਉਨ੍ਹਾਂ ਨੇ ਆਪਣੇ ਉਨ੍ਹਾਂ ਦੁਸ਼ਮਨਾ ਦੇ ਬਚਿਆਂ ਨੂੰ ਸਤਾਇਆ ਹੈ ਜੋ ਜੰਗ ਵਿਚ ਸਾਡੇ ਆਹੂ ਲਾਹ ਸੁਟਦੇ ਸਨ। ਕਈ ਹਾਕਮ ਜਿਨ੍ਹਾਂ ਵਿਚ ਇਨਸਾਨੀਅਤ ਦਾ ਮਾਦਾ ਹੈ ਇਹ ਸਲਾਹ ਦੇਂਦੇ ਹਨ ਜਦੋਂ ਸੂਬਾ ਮੀਰ ਮੰਨੂੰ ਕੈਂਪ ਦਾ ਮੁਆਇਨਾ ਕਰਨ ਆਵੇ ਤੁਸੀਂ ਆਪਣਾ ਧਰਮ ਛਡ ਦੇਣਾ ਮੰਨ ਲਵੋ ਤੇ ਇਨ੍ਹਾ ਕਸ਼ਟਾ ਤੋਂ ਖਲਾਸੀ ਪਾਉ। ਉਨ੍ਹਾਂ ਦੀ ਇਹ ਸਲਾਹ ਸਿੰਘਣੀਆਂ ਦੇ ਅੱਲੇ ਜ਼ਖਮਾਂ ਪਰ ਲੂਣ ਛਿੜਕਣ ਦਾ ਕੰਮ ਦੇ ਰਹੀ ਸੀ।

ਇੰਨਾ ਹਾਲਾਤ ਵਿਚ ਉਨ੍ਹਾਂ ਨੂੰ ਪਤਾ ਲਗਿਆ ਕਿ ਕਲ ਨੂੰ ਮੀਰ ਮੰਨੂੰ ਨੇ ਕੈਂਪ ਵੇਖਣ ਆਉਣਾ ਹੈ। ਸਾਰੀਆਂ ਸਿੰਘਣੀਆਂ ਨੇ ਇਕਤ੍ਰਤਾ ਕੀਤੀ। ਉਸ ਵਿਚ ਇਸ ਗਲ ਪਰ ਵਿਚਾਰ ਕੀਤੀ ਗਈ ਕਿ ਮੀਰ ਮੰਨੂੰ ਨਾਲ ਕਿਸ ਪ੍ਰਕਾਰ ਉਤ੍ਰ ਪ੍ਰਸ਼ਨ ਕੀਤੇ ਜਾਣ। ਬੀਬੀ ਵਸੰਤ ਕੌਰ ਨੂੰ ਸਭ ਨੇ ਸਰਬ ਸੰਮਤੀ ਨਾਲ ਜਥੇਦਾਰ ਚੁਣਿਆ ਤੇ ਉਨ੍ਹਾਂ ਨੂੰ ਗਲ ਬਾਤ ਕਰਨ ਦੇ ਅਧਿਕਾਰ ਦਿਤੇ। ਸਾਰੀਆਂ ਸਿੰਘਣੀਆਂ ਨੇ ਇਕ ਰਾਇ ਹੋਕੇ ਇਹ ਸੰਮਤੀ ਪ੍ਰਗਟ ਕੀਤੀ ਕਿ ਅਸੀਂ ਆਪਣਾ ਧਰਮ ਛਡਣ ਲਈ ਤਿਆਰ ਨਹੀਂ ਭਾਵੇਂ ਜ਼ਾਲਮ ਕਿਤਨੇ ਭੀ ਤਸੀਹੇ ਦੇਵੇ। ਕਾਫੀ ਵਿਚਾਰਾਂ ਕਰਕੇ ਇਕੱਤ੍ਰਤਾ ਸਮਾਪਤ ਹੋਈ ਅਤੇ ਸਿੰਘਣੀਆਂ ਨੇ ਜ਼ੋਰ ਦੀ ਜੈਕਾਰਾ ਗਜਾਇਆ। ਜੈਕਾਰੇ ਦੀ ਗੂੰਜ ਸੁਣਕੇ ਇਕ ਵੇਰ ਤਾਂ ਦੁਸ਼ਮਨ ਦੇ ਕੈਂਪ ਵਿਚ ਹਲਚਲ ਮਚ ਗਈ ਅਤੇ ਉਨਾਂਨੂੰ ਟਪਲਾ ਲਗਿਆ ਕਿ ਸ਼ਾਇਦ ਸਿੰਘ ਕਿਸੇ

Digitized by Panjab Digital Library | www.panjabdigilib.org

ਪਾਸੇ ਤੋਂ ਹੱਲਾ ਕਰਨ ਆ ਗਏ ਹਨ।

ਸਵੇਰ ਹੋਈ ਮੀਰ ਮੰਨੂ ਨੇ ਅਜ ਕੈਂਪ ਵੇਖਣ ਆਉਣਾ ਸੀ। ਸਿੰਘਣੀਆਂ ਨੇ ਇਕ ਮਨ ਹੋ ਕੇ ਬਾਣੀ ਦਾ ਪਾਠ ਕੀਤਾ। ਸਤਿਗੁਰੂ ਦੇ ਚਰਨਾਂ ਵਿਚ ਪ੍ਰਾਰਥਨਾ ਕੀਤੀ ਕਿ ਸਾਨੂੰ ਧਰਮ ਪਰ ਕਾਇਮ ਰਹਿਣ ਦਾ ਬਲ ਬਖਸ਼ਨਾ। ਜਿਸ ਵੇਲੇ ਮੀਰ ਮੰਨੂ ਆਇਆ ਸਭ ਸਿੰਘਣੀਆਂ ਨੇ ਰੋਹ ਵਿਚ ਆਕੇ ਜੈਕਾਰਾ ਗਜਾਇਆ ਅਤੇ ਫਤਹਿ ਬੁਲਾਈ। ਕੋਈ ਸਿੰਘਣੀ ਜ਼ਾਲਮ ਦੇ ਸਾਹਮਣੇ ਝੁਕੀ ਨਹੀਂ। ਕਿਸੇ ਨੇ ਆਪਣੇ ਕਸ਼ਟਾਂ ਦੀ ਵਿਥਿਆ ਨਹੀਂ ਸੁਣਾਈ। ਭਾਵੇਂ ਉਨਾਂ ਨਾਲ ਘੋਰ ਬੇਇਨਸਾਫੀ ਹੋ ਰਹੀ ਸੀ। ਭੁਖੇ ਰਖਿਆ ਜਾਂਦਾ ਸੀ। ਬਚਿਆਂ ਨੂੰ ਪਾਣੀ ਤੱਕ ਨਹੀਂ ਸੀ ਦਿੱਤਾ ਜਾਂਦਾ ਪ੍ਰੰਤੂ ਫਿਰ ਭੀ ਸਿਖ ਦੇਵੀਆਂ ਨੇ ਮੰਨੂ ਦੇ ਸਾਹਮਣੇ ਕੋਈ ਸ਼ਕਾਇਤ ਨਾ ਕੀਤੀ। ਮੰਨੂ ਦਾ ਖਿਆਲ ਸੀ ਕਿ ਜਿਸ ਤਰ੍ਹਾਂ ਦੇ ਤਸੀਹੇ ਉਨ੍ਹਾਂ ਨੂੰ ਦਿੱਤੇ ਜਾ ਰਹੇ ਸਨ ਉਨ੍ਹਾਂ ਸਿਖ ਇਸਤ੍ਰੀਆਂ ਦੇ ਹੌਸਲੇ ਟੁਟ ਗਏ ਹੋਣਗੇ ਪ੍ਰੰਤੂ ਉਸਦਾ ਇਹ ਖਿਆ ਲ ਗਲਤ ਸਾਬਤ ਹੋਇਆ॥

ਬਹਾਦਰ ਸਿੰਘਣੀਆਂ ਆਪਣੀ ਕੌਮ ਦੀ ਅਣਖ ਦਾ ਬਹੁਤ ਸੋਹਣਾ ਮੁਜ਼ਾਹਰਾ ਕਰ ਰਹੀਆਂ ਸਨ। ਮੀਰ ਮੰਨੂ ਨੇ ਅਗੇ ਵਧਕੇ ਆਖਿਆ ਮੈਨੂੰ ਤੁਹਾਡੀ ਸੁੰਦਰਤਾ ਵੇਖਕੇ ਬਹੁਤ ਤਰਸ ਆਉਂਦਾ ਹੈ। ਤੁਹਾਡੀਆਂ ਇਹ ਜਵਾਨੀਆਂ ਇਸ ਤਰ੍ਹਾਂ ਰੁਲਣ ਵਾਸਤੇ ਨਹੀਂ ਬਣੀਆਂ। ਖੁਦਾ ਨੇ ਤੁਹਾਨੂੰ ਬੇਅੰਤ ਸੁੰਦਰਤਾ ਦੀ ਦਾਤ ਦਿਤੀ ਹੈ ਪ੍ਰੰਤੂ ਅਫਸੋਸ ਇਹ ਹੈ ਕਿ ਤੁਹਾਨੂੰ ਕਾਫਰਾਂ ਦੇ ਘਰ ਪੈਦਾ ਕਰਕੇ ਸੰਸਾਰਕ ਸੁਖਾਂ ਤੋਂ ਵੰਚਤ ਕਰ ਦਿਤਾ ਹੈ। ਜੇ ਤੁਸੀਂ ਹੁਣ ਭੀ ਇਸਲਾਮ ਕਬੂਲ ਕਰ ਲਵੋ ਤਾਂ ਮੁਗਲਾਂ ਦੇ ਮਹਿਲਾਂ ਦੀ ਰੌਣਕ ਵਧ ਸਕਦੀ ਹੈ। ਉਨ੍ਹਾਂ ਸਿੱਖਾਂ ਦੀਆਂ ਪਤਨੀਆਂ ਬਣਨ ਵਿਚ ਕੀ ਲਾਭ ਹੈ ਜਿੰਨਾਂ ਦਾ ਕੋਈ ਘਰ ਨਹੀਂ ਘਾਟ ਨਹੀਂ

ਬੀਬੀ ਬਸੰਤ ਕੌਰ– ਖਬਰਦਾਰ ਸਾਡੇ ਸਾਹਮਣੇ ਸਿੰਘਾਂ ਦੀ ਨਿੰਦਾ ਨਾ ਕਰ। ਸਿੰਘ ਸਾਡੇ ਸਿਰਤਾਜ ਹਨ ਤੇ ਇਕ ਪਤੀ ਬ੍ਰਤਾ ਇਸਤ੍ਰੀ ਆਪਣੇ ਪਤੀ ਦੀ ਨਿੰਦਾ ਨਹੀਂ ਸੁਣ ਸਕਦੀ।

ਮੀਰ ਮੰਨੂ– ਸਿੰਘ ਤੁਹਾਨੂੰ ਇਕਲੀਆਂ ਛਡਕੇ ਕਿਤ੍ਹੋਂ ਚਲੇ ਗਏ? ਉਹ ਤੁਹਾਡੀ ਰਾਖੀ ਕਿਉਂ ਨਾ ਕਰ ਸਕੇ?

ਬੀਬੀ ਬਸੰਤ ਕੌਰ– ਸਿੰਘਾਂ ਦੇ ਸਾਹਮਣੇ ਸਾਡੀ ਰਾਖੀ ਤੋਂ ਇਲਾਵਾ ਧਰਮ ਦੀ ਰਾਖੀ ਕਰਨ ਦਾ ਭੀ ਸਵਾਲ ਹੈ ਇਸ ਕਰਕੇ ਇਹ ਗਲ ਉਨਾਂ ਦੀ ਨੀਤੀ ਨਾਲ ਸਬੰਧ ਰਖਦੀ ਹੈ ਕਿ ਉਨਾਂਨੂੰ ਇੰਨਾਂ ਦੋਹਾਂ ਦੀ ਰਾਖੀ ਕਿਵੇਂ ਕਰਨੀ ਚਾਹੀਦੀ ਹੈ।

ਮੀਰ ਮੰਨੂ– ਤੁਹਾਨੂੰ ਪਤਾ ਹੈ ਮੈਂ ਕੌਣ ਹਾਂ? ਮੈਂ ਪੰਜਾਬ ਦਾ ਉਹ ਸੂਬਾ ਹਾਂ ਜਿਸ ਦੀ ਬਹਾਦਰੀ ਦੀ ਧਾਂਕ ਕਾਬਲ ਕੰਧਾਰ ਤਕ ਪਈ ਹੋਈ ਹੈ।

ਬੀਬੀ ਬਸੰਤ ਕੌਰ– ਅਸੀਂ ਤਾਂ ਤੈਨੂੰ ਬਹਾਦਰ ਨਹੀਂ ਸਮਝਦੀਆਂ ਜਿਹੜਾ ਹਾਕਮ ਸਿੰਘਾਂ ਦੇ ਵੈਰ ਉਹਨਾਂ ਦੇ ਮਾਸੂਮ ਬਚਿਆਂ ਤੇ ਇਸਤਰੀਆਂ ਪਾਸੋਂ ਲੇਣਾ ਚਾਹੁੰਦਾ ਹੈ ਬਹਾਦਰ ਨਹੀਂ ਪਰਲੇ ਦਰਜੇ ਦਾ ਕਾਇਰ ਹੈ। ਜੇ ਹਿੰਮਤ ਹੈ ਤਾਂ ਸਿੰਘਾਂ ਨਾਲ ਸਿਧਾ ਮੁਕਾਬਲਾ ਕਿਉ ਨਹੀਂ ਕਰਦੇ।

Digitized by Panjab Digital Library | www.panjabdigilib.org

ਮੀਰ ਮੰਨੂ– ਤੁਹਾਨੂੰ ਪਤਾ ਹੈ ਸਿੰਘਾਂ ਨੂੰ ਹਕੂਮਤ ਨੇ ਬਾਗ਼ੀ ਕਰਾਰ ਦੇ ਦਿਤਾ ਹੈ ਇਸ ਕਰਕੇ ਬਾਗ਼ੀਆਂ ਦੀਆਂ ਇਸਤਰੀਆਂ ਤੇ ਬਚੇ ਭੀ ਉਤਨੇ ਹੀ ਦੋਸ਼ੀ ਹਨ ਜਿਤਤੇ ਸਿੰਘ ਹਨ।

ਬੀਬੀ ਜੀ– ਸਿੰਘ ਧਰਮ ਤੇ ਮਜ਼ਲੂਮਾਂ ਦੀ ਰਾਖੀ ਕਰਨਾ ਚਾਹੁੰਦੇ ਹਨ ਕਿਉਂਕਿ ਹਕੂਮਤ ਖੁਦ ਪਰਜਾ ਪਰ ਬਹੁਤ ਅਤਿਆਚਾਰ ਕਰਦੀ ਹੈ ਤੇ ਹਾਕਮ ਅਨਿਆਈ ਹੋ ਗਏ ਹਨ। ਇਸ ਲਈ ਇਨਸਾਫ ਪਰਾਪਤ ਕਰਨ ਦਾ ਹੁਣ ਕੇਵਲ ਇਕੋ ਢੰਗ ਰਹਿ ਗਿਆ ਹੈ ਕਿ ਇਹੋ ਜਿਹੀ ਜ਼ਾਲਮ ਹਕੂਮਤ ਦਾ ਤਖਤਾ ਉਲਟ ਦਿਤਾ ਜਾਵੇ।

ਮੀਰ ਮੰਨੂ– ਇਸ ਤੋਂ ਸਾਫ ਸਿੱਧ ਹੁੰਦਾ ਹੈ ਕਿ ਤੁਸੀਂ ਭੀ ਬਾਗ਼ੀਆਂ ਨਾਲ ਸਹਿਮਤ ਹੋ ਇਸ ਕਰਕੇ ਤੁਹਾਨੂੰ ਜਿਤਨਾ ਭੀ ਸਤਾਇਆ ਜਾਵੇ ਥੋਹੜਾ ਹੈ।

ਬੀਬੀ ਜੀ– ਸਾਨੂੰ ਤਾਂ ਤੁਸੀਂ ਭਾਵੇਂ ਕਸੂਰਵਾਰ ਹੀ ਸਮਝੋ ਪਰ ਇਨਾਂ ਬਚਿਆਂ ਨੇ ਕੀ ਕਸੂਰ ਕੀਤਾ ਹੈ ?

ਮੀਰ ਮੰਨੂ– ਸਾਨੂੰ ਪਤਾ ਹੈ ਇਨਾਂ ਨੇ ਹੀ ਵਡਿਆਂ ਹੋਕੇ ਸਿੰਘ ਬਣਨਾ ਹੈ ਅਤੇ ਹਕੂਮਤ ਲਈ ਖਤਰਾ ਪੈਦਾ ਕਰ ਦੇਣਾ ਹੈ।

ਬੀਬੀ ਜੀ– ਇਸਤਰੀਆਂ ਤੇ ਬਚਿਆਂ ਪਰ ਅਤਿਆਚਾਰ ਕਰਨ ਵਾਂਲੀ ਹਕੂਮਤ ਕਾਇਮ ਨਹੀਂ ਰਹਿ ਸਕਦੀ। ਗਰੀਬ ਦੀ ਆਹ ਕਦੇ ਵਿਅਰਥ ਨਹੀਂ ਜਾਂਦੀ ਕਿਸੇ ਹਕੂਮਤ ਦਾ ਅੰਤ ਉਸਦੇ ਆਪਣੇ ਪਾਪਾਂ ਨਾਲ ਹੀ ਹੁੰਦਾ ਹੈ ਜੇ ਉਹ ਇਨਸਾਫ ਕਰੇ ਤਾਂ ਉਸਨੂੰ ਕੋਈ ਨਾ ਤੋੜ ਸਕੇ।

ਮੀਰ ਮੰਨੂ– ਮੈਂ ਤੁਹਾਡੇ ਪਾਸੋਂ ਕੇਵਲ ਇਹ ਪੁਛਣਾ ਚਾਹੁੰਦਾ ਹਾਂ ਕਿ ਤੁਸੀਂ ਦੀਨ ਕਬੂਲ ਕਰਨ ਲਈ ਤਿਆਰ ਹੋ ਜਾਂ ਨਹੀਂ।

ਬੀਬੀ ਜੀ– ਅਸੀਂ ਸਚਾ ਦੀਨ ਕਬੂਲ ਕੀਤਾ ਹੋਇਆ ਹੈ ਜਿਸ ਦੀਨ ਦੇ ਬਾਨੀ ਨੇ ਗਰੀਬਾਂ ਲਈ ਆਪਾ ਕੁਰਬਾਨ ਕਰਨ ਦਾ ਸਬਕ ਸਿਖਾਇਆ ਹੈ।

ਮੀਰ ਮੰਨੂ– ਹੋਸ਼ ਨਾਲ ਗਲ ਕਰੋ ਤੁਹਾਡੇ ਸਭ ਦੇ ਜੀਵਨ ਇਸ ਸਮੇਂ ਮੇਰੇ ਹਥ ਵਿਚ ਹਨ ਮੇਰੀ ਜ਼ਰਾ ਜਿਨੀ ਸੈਨਤ ਨਾਲ ਗਰਦਨਾਂ ਵਢ ਦਿਤੀਆਂ ਜਾਣਗੀਆਂ।

ਬੀਬੀ ਜੀ– ਬਿਲਕੁਲ ਝੂਠ ਹੈ ਸਾਡਾ ਜੀਵਨ ਮਰਨ ਤੁਹਾਡੈ ਹਥ ਨਹੀਂ ਅਕਾਲ ਪੁਰਖ ਦੇ ਹਥ ਹੈ। ਇਹ ਸਭ ਕੁਝ ਉਸਦੇ ਭਾਣੇ ਵਿਚ ਹੋ ਰਿਹਾ ਹੈ। ਤੈਨੂੰ ਕੀ ਪਤਾ ਹੈ ਕਿ ਤੂੰ ਕਿਸ ਅਧੋਗਤੀ ਨਾਲ ਮਰਨਾ ਹੈ ਅਤੇ ਇਹ ਭੀ ਕੀ ਪਤਾ ਹੈ ਕਿ ਸ਼ਾਇਦ ਤੇਰੀ ਮੌਤ ਸਾਡੇ ਨਾਲੋਂ ਭੀ ਪਹਿਲਾਂ ਆ ਜਾਵੇ।

ਸਿੰਘਣੀਆਂ ਦੇ ਮੂੰਹੋ ਇਹੋ ਜਿਹੇ ਨਿਰਭੈਤਾ ਦੇ ਬਚਨ ਸੁਣਕੇ ਸੂਬਾ ਸੜ ਬਲ ਕੇ ਕੋਇਲੇ ਹੋ ਗਿਆ ਗੁਸੇ ਵਿਚ ਆ ਕੇ ਉਸਨੇ ਸਿਪਾਹੀਆਂ ਨੂੰ ਹੁਕਮ ਦਿਤਾ ਕਿ ਇੰਨਾਂ ਪਰ ਲਾਠੀਆਂ ਬਰਸਾਉ। ਹੁਕਮ ਮਿਲਣ ਦੀ ਦੇਰ ਸੀ ਕਿ ਸਿਪਾਹੀ ਅਗੇ ਵਧੇ ਉਨਾਂ ਨੇ ਇਸਤਰੀਆਂ ਪਰ ਬੇਤਹਾਸ਼ਾ ਲਾਠੀਆਂ ਬਰ–ਸਾਈਆਂ। ਮਾਤਾਵਾਂ ਨੇ ਬਚਿਆਂ ਨੂੰ ਗੋਦੀਆਂ ਵਿਚ ਛੁਪਾ ਲਿਆ ਤੇ ਜ਼ਾਲਮਾਂ ਦੀ ਕੁਟ ਨੂੰ ਬੜੇ ਸਬਰ ਨਾਲ ਬਰਦਾਸ਼ਤ ਕੀਤਾ।

Digitized by Panjab Digital Library | www.panjabdigilib.org

ਜ਼ਾਲਮ ਮੀਰ ਮੰਨੂ ਦਾ ਕਲੇਜਾ ਅਜੇ ਭੀ ਠੰਡਾ ਨਾ ਹੋਇਆ। ਉਸਨੇ ਕਿਹਾ ਮੈਂ ਇੰਨਾਂ ਨੂੰ ਐਸੀ ਸਜ਼ਾ ਦੇਣਾ ਚਾਹੁੰਦਾ ਹਾਂ ਜੇ ਅਗੇ ਕਦੇ ਕਿਸੇ ਨਾ ਦਿਤੀ ਹੋਵੇ। ਉਸਨੇ ਹੁਕਮ ਦੇ ਦਿਤਾ ਕਿ ਬਚਿਆਂ ਨੂੰ ਖੋਹ ਕੇ ਅਕਾਸ਼ ਵਲ ਸਿਟ ਕੇ ਨੇਜ਼ਿਆਂ ਪਰ ਟੰਗਿਆ ਜਾਵੇ। ਮਾਸੂਮ ਬਾਲ ਮਾਤਾਵਾਂ ਦੀਆ ਅਖਾਂ ਦੇ ਸਾਹਮਣੇ ਉਨ੍ਹਾਂ ਦੇ ਹਥਾਂ ਵਿਚੋਂ ਖੋਹ ਕੇ ਨੇਜ਼ਿਆਂ ਪਰ ਟੰਗੇ ਗਏ। ਬਚਿਆਂ ਦੀਆਂ ਆਂਦਰਾਂ ਕਢ ਕੇ ਮਾਵਾਂ ਦੇ ਗਲਾਂ ਵਿਚ ਹਾਰ ਪਾਏ ਗਏ। ਮਾਤਾਵਾਂ ਦੇ ਸਾਹਮਣੇ ਉਨ੍ਹਾਂ ਦੇ ਬਚਿਆਂ ਨੂੰ ਟੋਟੇ ਟੋਟੇ ਕੀਤਾ ਗਿਆ।

ਮਨੁਖਤਾ ਦੇ ਇਤਹਾਸ ਵਿਚ ਇਤਨੀ ਬਰਬਰੀਅਤ ਵਹਿਸ਼ਤ ਤੇ ਪਸ਼ੂਪੁਣਾ ਮਨੁਖ ਨੇ ਕਦੇ ਨਹੀਂ ਵੇਖਾਇਆ ਜੋ ਮੀਰ ਮੰਨੂ ਨੇ ਵਰਤਿਆ। ਉਸ ਸਮੇਂ ਜ਼ਾਲਮ ਹਾਕਮ ਦੇ ਅਤਿਆਚਾਰ ਦਾ ਹਾਲ ਪੜਕੇ ਮਨੁਖਤਾ ਹਮੇਸ਼ਾਂ ਸਿਰ ਧੁਣਦੀ ਰਹੇਗੀ ਅਤੇ ਆਉਣ ਵਾਲੀਆਂ ਨਸਲਾਂ ਇੰਨਾਂ ਜ਼ੁਲਮਾਂ ਦੀਆਂ ਕਹਾ- ਣੀਆਂ ਪੜਕੇ ਅੰਦਾਜ਼ਾ ਲਗਾਇਆ ਕਰਨ ਗੀਆਂ ਕਿ ਮਨੁਖ ਕਿਤਨਾਂ ਜ਼ਾਲਮ ਹੋ ਚੁਕਿਆ ਹੈ। ਸਿਖ ਮਾਤਾਵਾਂ ਦਾ ਸਿਖੀ ਸਿਦਕ ਆਪਣੀ ਮਿਸਾਲ ਆਪ ਹੈ। ਇਕ ਮਾਂ ਦਾ ਬਚਾ ਉਸ ਤੋਂ ਖੋਹ ਕੇ ਟੋਟੇ ਟੋਟੇ ਕੀਤਾ ਜਾ ਰਿਹਾ ਹੈ। ਉਹ ਪਿਆਰ ਨਾਲ ਕਹਿੰਦੀ ਹੈ ਵਾਹ ਮੇਰਾ ਨਿਕਾ ਮਨੀ ਸਿੰਘ ਵੇ ਵੀਰਾ ਜਲਾਦਾ ਇਸਦੇ ਹੋਰ ਨਿਕੇ ੨ ਟੋਟੇ ਕਰ ਤਾਂਕਿ ਸਿਖੀ ਵਿਚ ਇਹ ਨਵੀਂ ਮਿਸਾਲ ਭੀ ਕਾਇਮ ਹੋ ਜਾਵੇ ਕਿ ਕੇਵਲ ਆਤਮ ਗਿਆਨੀ ਸਿਖ ਹੀ ਬੰਦ ਬੰਦ ਨਹੀਂ ਕਟਵਾ ਸਕਦੇ ਸਗੋਂ ਛੋਟੇ ਛੋਟੇ ਬਾਲ ਭੀ ਸਿਖੀ ਦੀ ਖਾਤਰ ਪੁਰਜ਼ਾ ਪੁਰਜ਼ਾ ਕਟ ਸਕਦੇ ਹਨ ਅਤੇ ਮਾਤਾਵਾਂ ਆਪਣੇ ਬਚਿਆਂ ਦੇ ਅਖਾਂ ਸਾਹਮਣੇ ਟੋਟੇ ਕਰਾ ਸਕਦੀਆਂ ਹਨ। ਕਿਸੇ ਕਵੀ ਨੇ ਲਿਖਿਆ ਹੈ।

ਔਹ ਵੇਖਣਾ ਸਾਹਮਣੇ ਬੀਰ ਮਾਤਾ ਹਥ ਨਾਲ ਜਲਾਦ ਨੂੰ ਦਸਦੀ ਏ।
ਵੇ ਜਲਾਂਦ ਛੋਟੇ ਟੋਟੇ ਕਰੀ ਇਸਦੇ ਪੁਤਰ ਕੋਹੀਦਾ ਵੇਖਕੇ ਹਸਦੀ ਏ।
ਸ਼ੁਕਰ ਸ਼ੁਕਰ ਕਰਦੀ ਜਦੋਂ ਲਹੂ ਡੁਲਦਾ ਕਹਿੰਦੀ
ਪਿਉਂਦ ਪੈਂਦੀ ਕੌਮੀ ਰਸਦੀ ਏ।
ਪਰ ਉਨਾਂ ਨੂੰ ਔਖਾ ਕੀ ਖਾਲਸਾ ਜੀ,
ਸਿਖੀ ਜਿੰਨਾਂ ਦੇ ਮਨਾਂ ਵਿਚ ਵਸਦੀ ਏ।

ਗੁਰੂ ਸਾਹਿਬ ਨੇ ਫੁਰਮਾਇਆ ਸੀ "ਪਹਿਲਾ ਮਰਨ ਕਬੂਲ ਜੀਵਨ ਕੀ ਛੱਡ ਆਸ ਹੋਰੁ ਸਭਨ ਕੀ ਰੇਣਕਾ ਤਉ ਆਂਉ ਹਮਾਰੇ ਪਾਸ।" ਬਹਾਦਰ ਸਿੰਘਣੀਆ ਨੇ ਸਿੱਖੀ ਮਾਰਗ ਪਰ ਤੁਰ- ਦਿਆ ਹੋਇਆ ਉਪਰ ਲਿਖੇ ਮਹਾਵਾਕ ਨੂੰ ਸਾਰਥਕ ਕਰਕੇ ਵਿਖਾ ਦਿੱਤਾ। ਸਿਖ ਇਤਿਹਾਸ ਦਾ ਜਦ ਅਸੀਂ ਦੂਜੀਆਂ ਕੌਮਾ ਦੇ ਇਤਹਾਸ ਨਾਲ ਮੁਕਾਬਲਾ ਕਰਕੇ ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਮਾਲਵੇ ਦੀਆਂ ਇਨ੍ਹਾਂ ਬਹਾਦਰ ਸਿੰਘਣੀਆਂ ਨੇ ਜੋ ਸ਼ਾਨਦਾਰ ਕੁਰਬਾਨੀਆਂ ਕੀਤੀਆਂ ਉਨ੍ਹਾਂ ਦੀ ਮਿਸਾਲ ਨਹੀਂ ਮਿਲ ਸਕਦੀ।

ਭਾਰਤ ਦੇ ਰਾਜਪੂਤਾਂ ਦਾ ਇਤਹਾਸ ਸਭ ਤੋਂ ਵਧ ਬਹਾਦਰੀ ਤੇ ਕੁਰਬਾਨੀਆਂ ਦਾ ਇਤਹਾਸ ਹੈ ਪਰੰਤੂ ਆਉ ਅਸੀਂ ਇਕ ਉਦਾਹਰਣ ਦੇ ਕੇ ਵੇਖੀਏ ਕਿ ਕੀ ਉਨ੍ਹਾਂ ਦਾ ਇਤਹਾਸ ਸਿਖ ਇਤਹਾਸ ਦਾ ਟਾਕਰਾ ਕਰ ਸਕਦਾ ਹੈ। ਮਹ ਰਾਣਾ ਪ੍ਰਤਾਪ ਰਾਜਪੂਤਾਂ ਵਿਚੋਂ ਸ਼ੋਮਣੀ ਬਹਾਦਰ ਹੋਇ ਹਨ।

Digitized by Panjab Digital Library | www.panjabdigilib.org


ਉਨ੍ਹਾਂ ਨੇ ਉਸ ਸਮੇਂ ਰਾਜਪੂਤੀ ਅਣਖ ਤੇ ਆਨ ਸ਼ਾਨ ਨੂੰ ਕਾਇਮ ਰਖਿਆ ਜਦ ਰਾਜ ਪੂਤ ਮੁਗਲਾਂ ਨੂੰ ਡੋਲੇ ਦੇਕੇ ਆਪਣੀ ਅਣਖ ਨੂੰ ਵਟਾ ਲਗਾ ਰਹੇ ਸਨ। ਮਹਾਰਾਣਾ ਪ੍ਰਤਾਪ ਅਖਰੀ ਦਮ ਤੱਕ ਅਣਖ ਦੀ ਖਾਤਰ ਲੜਦੇ ਰਹੇ। ਉਨ੍ਹਾਂ ਦੇ ਜੀਵਨ ਦੀ ਇਕ ਘਤਨਾ ਹੈ ਕਿ ਜਦ ਉਹ ਆਪਣੀ ਰਾਜਧਾਨੀ ਛਡਕੇ ਜੰਗਲਾ ਵਿਚ ਰਹਿਣ ਲਈ ਮਜਬੂਰ ਹੋ ਗਏ ਤਾਂ ਉਨ੍ਹਾਂ ਦੇ ਪ੍ਰਵਾਰ ਲਈ ਅਨਾਜ ਮਿਲਣਾ ਮੁਸ਼ਕਲ ਹੋ ਗਿਆ। ਜੰਗਲ ਦੇ ਭੀਲ ਉਨਾਂ ਲਈ ਕੇਵਲ ਇਤਨਾ ਅਨਾਜ ਕਠਾ ਕਰਦੇ ਕਿ ਉਨ੍ਹਾਂ ਦੇ ਪ੍ਰਵਾਰ ਦੇ ਹਿਸੇ ਇਕ ਇਕ ਰੋਟੀ ਆਉਂਦੀ। ਉਨ੍ਹਾਂ ਦੇ ਇਕ ਸਪੁਤ੍ਰ ਸੀ ਅਤੇ ਇਕ ਸਪੁਤ੍ਰੀ। ਇਕ ਦਿਨ ਉਹ ਖੇਡਣ ਬਾਹਰ ਗਏ ਹੋਇ ਸਨ। ਮਾਤਾ ਪਿਤਾ ਨੇ ਉਨ੍ਹਾਂ ਦੇ ਹਿਸੇ ਦੀਆਂ ਰੋਟੀਆਂ ਸੰਭਾਲ ਕੇ ਰਖ ਦਿਤੀਆਂ ਪਰ ਉਨ੍ਹਾਂ ਨੂੰ ਜੰਗਲੀ ਬਿਲਾ ਖਾ ਗਿਆ। ਜਿਸ ਸਮੇਂ ਬਚਿਆਂ ਨੂੰ ਭੁਖ ਲੱਗੀ ਤਾਂ ਉਹ ਘਰਾਂ ਨੂੰ ਆਏ ਉਨ੍ਹਾਂ ਨੇ ਮਾਤਾ ਪਿਤਾ ਦੇ ਗਲ ਵਿਚ ਲਾਡ ਨਾਲ ਬਾਹਾਂ ਪਾਕੇ ਕੁਝ ਖਾਣ ਨੂੰ ਮੰਗਿਆ। ਮਹਾਰਾਣਾ ਨੇ ਮਹਾਰਾਣੀ ਨੂੰ ਇਸ਼ਾਰਾ ਕੀਤਾ। ਉਨ੍ਹਾਂ ਨੇ ਜਾਕੇ ਵੇਖਿਆ ਤਾਂ ਰੋਟੀਆਂ ਨਹੀਂ ਸਨ। ਉਸ ਵੇਲੇ ਘਰ ਅਨਾਜ ਭੀ ਨਹੀਂ ਸੀ ਤੇ ਕਿਸੇ ਥਾਂ ਤੋਂ ਰੋਟੀ ਮਿਲਣੀ ਕਠਨ ਸੀ ਬਚਿਆਂ ਨੂੰ ਭੁਖ ਲਗੀ ਹੋਈ ਸੀ ਉਨ੍ਹਾਂ ਨੇ ਜਦ ਰੋਕੇ ਰੋਟੀ ਮੰਗੀ ਤਾਂ ਮਹਾਰਾਣਾ ਪ੍ਰਤਾਪ ਦਾ ਬਹਾਦਰ ਹਿਰਦਾ ਭੀ ਡੋਲ ਗਿਆ। ਉਹ ਆਪਣੇ ਬਚਿਆ ਨੂੰ ਭੁਖ ਨਾਲ ਵਿਲਕਦੇ ਵੇਖਕੇ ਅਧੀਰ ਹੋ ਗਿਆ ਅਤੇ ਉਸਨੇ ਪੁਕਾਰ ਕੇ ਆਖਿਆ ਦੁਨੀਆ ਦੇ ਲੋਕੋ ਮਹਾਰਾਣਾ ਪ੍ਰਤਾਪ ਜੰਗ ਵਿਚ ਲੜਕੇ ਸ਼ਹੀਦ ਹੋ ਸਕਦਾ ਹੈ। ਉਹ ਆਪਣਾ ਸਭ ਕੁਝ ਅਣਖ ਦੀ ਖਾਤਰ ਕੁਰਬਾਨ ਕਰ ਸਕਦਾ ਹੈ। ਆਪਣੀ ਰਾਜ-ਧਾਨੀ ਤੇ ਰਾਜ ਭਾਗ ਲੁਟਾ ਕੇ ਜੰਗਲਾਂ ਵਿਚ ਰਹਿਣਾ ਪ੍ਰਵਾਨ ਕਰ ਸਕਦਾ ਹੈ ਪਰੰਤੂ ਉਹ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਉਸਦੇ ਬਚੇ ਉਸਦੀਆਂ ਅਖਾਂ ਦੇ ਸਾਹਮਣੇ ਰੋਟੀ ਦੇ ਇਕ ਟੁਕੜੇ ਨੂੰ ਤਰਸਣ ਤੇ ਉਹ ਉਨ੍ਹਾਂ ਨੂੰ ਵੇਖਦਾ ਰਹੇ। ਮੇਵਾੜ ਦਾ ਬਾਦਸ਼ਾਹ ਹੋਰ ਸਾਰੀਆਂ ਤਕਲੀਫਾਂ ਸਹਾਰ ਸਕਦਾ ਹੈ ਪਰ ਆਪਣੇ ਬਚਿਆਂ ਨੂੰ ਭੁਖ ਨਾਲ ਵਿਲਕਦੇ ਨਹੀਂ ਵੇਖ ਸਕਦਾ ਹੈ। ਇਹ ਕਹਿੰਦੇ ਹੋਇ ਮਹਾਰਾਣਾ ਪ੍ਰਤਾਪ ਨੇ ਕਾਗਜ਼ ਕਲਮ ਦਵਾਤ ਉਠਾਈ ਅਤੇ ਉਹ ਅਲਗ ਬੈਠ ਕੇ ਅਕਬਰ ਨੂੰ ਅਤਾਇਤ ਕਬੂਲ ਕਰਨ ਦੀ ਚਿੱਠੀ ਲਿਖਣ ਲਗਾ। ਜੇ ਇਕ ਰਾਜਪੂਤਾਨੀ ਉਸ ਨੂੰ ਨਾ ਰੋਕਦੀ ਤਾਂ ਉਹ ਚਿੱਠੀ ਲਿਖਕੇ ਅਧੀਨਗੀ ਪ੍ਰਵਾਨ ਕਰ ਲੈਂਦਾ। ਇਸ ਘਟਨਾ ਤੋਂ ਸਿਧ ਹੁੰਦਾ ਹੈ ਕਿ ਬਚਿਆ ਦੇ ਦੁਖ ਵੇਖਕੇ ਵਡੇ ਵਡੇ ਬਹਾਦਰਾਂ ਦੇ ਹਿਰਦੇ ਡੋਲ ਜਾਂਦੇ ਹਨ। ਬਚਿਆਂ ਨੂੰ ਦੁਖ ਵਿਚ ਪਿਆ ਵੇਖਕੇ ਉਨ੍ਹਾਂ ਦੀਆਂ ਅਖਾਂ ਅਗੇ ਅੰਧੇਰਾ ਛਾ ਜਾਂਦਾ ਹੈ।

ਪੁਤ੍ਰਾਂ ਦੀ ਮੌਤ ਵਡੇ ਵਡੇ ਅਵਤਾਰਾਂ, ਪੀਰ ਪੈਗੰਬਰਾਂ ਦੇ ਦਿਲ ਡੁਲਾ ਦਿੰਦੀ ਹੈ ਪਰੰਤੂ ਧੰਨ ਹਨ ਉਹ ਬਹਾਦਰ ਸਿੰਘਣੀਆਂ ਜਿਨ੍ਹਾਂ ਨੇ ਬਚਿਆਂ ਦੇ ਟੋਟੇ ਕਰਕੇ ਗਲਾਂ ਵਿਚ ਹਾਰ ਪਵਾ ਲਏ ਪਰ ਸਿਖੀ ਸਿਦਕ ਨਾ ਹਾਰਿਆ। ਮੁਲਾ ਪੁਰ ਦੇ ਕੈਂਪ ਵਿਚ ਅਨੇਕ ਪ੍ਰਕਾਰ ਦੇ ਤਸੀਹੇ ਦੇਕੇ ਮੀਰ ਮੰਨੂੰ ਨੇ ਇਨ੍ਹਾਂ ਸਿੰਘਣੀਆਂ ਨੂੰ ਲਾਹੌਰ ਲੈ ਜਾਣ ਲਈ ਪੁਠੀਆਂ ਮੁਸ਼ਕਾਂ ਬੰਨ੍ਹਾ ਕੇ ਗਡਿਆ ਪਰ ਸੁਟ ਲਿਆ। ਜਿਸ ਸਮੇਂ ਇਨ੍ਹਾਂ ਨੂੰ ਮੁਸ਼ਕਾਂ ਬੰਨਕੇ ਗਡਿਆ ਪਰ ਸੁਟਿਆ ਗਿਆ ਤੇ ਇਨ੍ਹਾਂ ਦੇ ਬਾਕੀ ਬਚੇ ਬਚਿਆਂ ਨੂੰ ਜ਼ਾਲਮ ਚਲਾ ਚਲਾ ਸੁਟਦੇ ਸਨ। ਇਹ ਭੀ ਬਹੁਤ ਭਿਆਨਕ ਦ੍ਰਿਸ਼ਕ ਸੀ। ਕਈ ਬਚੇ ਜੋ ਬਹੁਤ ਨਿਆਣੇ ਸਨ ਡਰਦੇ ਮਾਰੇ ਆਪਣੀਆਂ ਮਾਤਾਵਾਂ ਨੂੰ ਚਿੰਬੜੇ ਹੋਇ ਸਨ। ਕਈ ਡਿਗ ਕੇ ਗਡਿਆ ਹੇਠ ਆਕੇ ਕੁਚਲੇ ਜਾਂਦੇ ਪਰ ਮੁਸ਼ਕਾ ਬੰਨੀਆ ਹੋਣ ਕਰਕੇ ਮਾਤਾਵਾਂ ਉਨ੍ਹਾਂ ਨੂੰ ਡਿਗਣ ਤੋਂ ਕਿਵੇਂ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸ਼ਹੀਦ ਗੰਜ ਵਿਚ ਪੁਰਾਣਾ ਜ਼ਨਾਨਾ ਜੇਲ



ਜਿਥੇ ਮੀਰ ਮੰਨੂੰ ਦੇ ਸਮੇਂ ਸਾਰੀ ਪੰਜਾਬ ਵਿਚੋਂ ਫੜ ਕੇ ਲਿਆਂਦੀਆਂ ਹੋਈਆਂ ਧਰਮਣਾਂ ਅਤੇ ਮਾਸੂਮ ਬੱਚੇ ਬੰਦ ਰਖੇ ਜਾਂਦੇ ਸਨ ।

Digitized by Panjab Digital Library | www.panjabdigilib.org

ਬਚਾਉਂਦੀਆਂ ? ਕਈ ਬਚੇ ਮਾਤਾਵਾਂ ਨਾਲੋਂ ਵਿਛੜ ਕੇ ਰੋ ਰਹੇ ਸਨ ਜ਼ਾਲਮ ਉਨ੍ਹਾਂ ਨੂੰ ਭੇਡਾਂ ਬਕਰੀਆਂ ਦੇ ਬਚਿਆਂ ਵਾਂਗ ਚੁਕ ਕੇ ਗੱਡਿਆ ਪਰ ਸੁਟ ਦਿੰਦੇ। ਇਸ ਪ੍ਰਕਾਰ ਅਤਿਆਚਾਰ ਦਾ ਇਹ ਦੌਰ ਚਲਦਾ ਰਿਹਾ। ਜ਼ਾਲਮਾ ਦਾ ਕਾਫਲਾ ਸਿੰਘਣੀਆਂ ਤੇ ਬਚਿਆਂ ਦੀਆਂ ਚੀਖਾਂ ਪੁਕਾਰਾਂ ਦੀ ਕੋਈ ਪ੍ਰਵਾਹ ਨ ਕਰਦਾ ਹੋਇਆ ਲਾਹੌਰ ਨੂੰ ਰਵਾਨਾ ਹੋ ਗਿਆ। ਰਾਹੁ ਵਿਚ ਜਿਸ ਨੇ ਵੇਖਿਆ ਉਸਨੇ ਖੂਨ ਦੇ ਅਥਰੂ ਡੋਹਲੇ। ਲਾਹੌਰ ਲੈ ਜਾਕੇ ਇਨ੍ਹਾਂ ਸਿਖ ਇਸਤ੍ਰੀਆਂ ਨੂੰ ਭੀ ਉਨ੍ਹਾਂ ਭੋਰਿਆਂ ਵਿਚ ਕੈਦ ਕਰ ਦਿਤਾ ਗਿਆ ਜਿਥੇ ਹੋਰ ਬਹੁਤ ਸਾਰੀਆਂ ਇਸਤ੍ਰੀਆਂ ਕੈਦ ਸਨ ਅਤੇ ਜਿੰਨਾ ਵਿਚੋਂ ਰੋਜ਼ ਕਿਤਨੀਆਂ ਨੂੰ ਅਨੇਕ ਪ੍ਰਕਾਰ ਦੇ ਤਸੀਹੇ ਦੇਕੇ ਸ਼ਹੀਦ ਕਰ ਦਿਤਾ ਜਾਂਦਾ। ਇਸਤ੍ਰਾਂ ਆਇ ਦਿਨ ਬਹੁਤ ਸਾਰੀਆਂ ਸਿੰਘਣੀਆਂ ਤੇ ਬਚੇ ਰੋਜ਼ ਫੜਕੇ ਲਾਹੌਰ ਲਿਆਂਦੇ ਜਾਂਦੇ ਅਤੇ ਸ਼ਹੀਦ ਗੰਜ ਸਿੰਘਣੀਆਂ ਵਾਲੀ ਥਾਂ ਤੇ ਸ਼ਹੀਦ ਕੀਤੇ ਜਾਂਦੇ।

## ਲਾਹੌਰ ਦੀ ਜੇਹਲ ਵਿਚ ਤਸੀਹੇ

ਲਾਹੋਰ ਦੇ ਭੋਰਿਆਂ ਵਿਚ ਬੰਦ ਕੀਤੀਆਂ ਗਈਆਂ ਸਿੰਘਣੀਆਂ ਨੂੰ ਜ਼ਾਲਮਾ ਨੇ ਦਿਲ ਹਿਲਾ ਦੇਣ ਵਾਲੇ ਤਸੀਹੇ ਦਿੱਤੇ। ਇਕ ਖੰਨੀ ਰੋਟੀ ਤੇ ਇਕ ਪਿਆਲਾ ਪਾਣੀ ਦਾ ਦੇ ਕੇ ਉਨ੍ਹਾਂ ਪਾਸੋਂ ਸਵਾ ਸਵਾ ਮਣ ਆਟਾ ਪਿਸਾਇਆ ਜਾਂਦਾ। ਸਿਪਾਹੀ ਮੁਸ਼ਕਤ ਕਰਨ ਵੇਲੇ ਸਿਰ ਪਰ ਖੜੇ ਰਹਿੰਦੇ ਤੇ ਜਦੋਂ ਕਿਸੇ ਬੀਬੀ ਪਾਸੋਂ ਚਕੀ ਦੀ ਰਫਤਾਰ ਜ਼ਰਾ ਢਿਲੀ ਹੁੰਦੀ ਤਾਂ ਉਹ ਉਸਨੂੰ ਬਹੁਤ ਮਾਰਦੇ ਅਤੇ ਕਈ ਪ੍ਰਕਾਰ ਦੇ ਤਸੀਹੇ ਦਿੰਦੇ। ਜ਼ਾਲਮ ਸਿਪਾਹੀ ਬੀਬੀਆਂ ਦੀ ਸ਼ਾਨ ਵਿਚ ਕਈ ਪ੍ਰਕਾਰ ਦੇ ਕਬੋਲ ਬੋਲਦੇ ਤੇ ਗਾਲੀ ਗਲੋਚ ਕਰਦੇ ਜੋ ਉਨ੍ਹਾਂ ਦੀਆਂ ਰੂਹਾਂ ਨੂੰ ਤੜਫਾ ਜਾਂਦੀਆਂ। ਬੋਲੀ ਦਾ ਫੱਟ ਤਲਵਾਰ ਨਾਲੋਂ ਭੀ ਕਾਰੀ ਹੁੰਦਾ ਹੈ। ਸਿਖ ਦੇਵੀਆਂ ਜਿਸਮਾਨੀ ਤਕਲੀਫਾਂ ਨਾਲੋਂ ਅਣਖ ਨੂੰ ਟੁੰਬਣ ਵਾਲੀਆਂ ਗਲਾਂ ਦਾ ਬਹੁਤ ਜ਼ਿਆਦਾ ਦੁਖ ਅਨਭਵ ਕਰਦੀਆਂ ਅਤੇ ਵਾਹਿਗੁਰੂ ਪਾਸ ਅਰਦਾਸ ਕਰਦੀਆਂ ਕਿ ਹੇ ਸਚੇ ਪਾਤਸ਼ਾਹ ਇਨ੍ਹਾਂ ਜ਼ਾਲਮਾ ਦੇ ਹਥੋਂ ਸਾਡੇ ਸਤਿ ਧਰਮ ਦੀ ਤੂੰ ਹੀ ਰਖਿਆ ਕਰ ਸਕਦਾ ਹੈਂ।

ਉਨ੍ਹਾਂ ਬਹਾਦਰ ਤੇ ਸੂਰਬੀਰ ਸਿੰਘਾਂ ਦੀ ਧਰਮ ਪਤਨੀਆਂ ਜੋ ਅਣਖ ਆਨ ਤੋਂ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਸਨ ਕਬੋਲ ਸੁਣਕੇ ਕਿਵੇਂ ਸਹਾਰ ਸਕਦੀਆਂ ? ਸਿੰਘਣੀਆਂ ਦੇ ਸੀਨੇ ਛਲਨੀ ਛਲਨੀ ਹੁੰਦੇ ਜਾ ਰਹੇ ਸਨ। ਘੁਮਰ ਘੁਮਰ ਚੱਕੀਆਂ ਚਲਦੀਆਂ। ਨਿਆਣੇ ਬਾਲ ਭੁਖੇ ਤੇ ਪਿਆਸ ਨਾਲ ਵਿਆਕੁਲ ਹੋ ਜਾਂਦੇ ਪਰ ਉਨ੍ਹਾਂ ਦੀਆਂ ਮਾਤਾਵਾਂ ਇਹ ਸਭ ਕੁਝ ਬਰਦਾਸ਼ਤ ਕਰਦੀਆਂ। ਜਿਨ੍ਹਾਂ ਪਾਸੋਂ ਮੁਸ਼ਕਤ ਨਾ ਹੁੰਦੀਂ ਉਨ੍ਹਾਂ ਨੂੰ ਹੋਰ ਕਈ ਪ੍ਰਕਾਰ ਦੇ ਤਸੀਹੇ ਦਿਤੇ ਜਾਂਦੇ। ਇਕ ਵਡਾ ਸਾਰਾ ਪਥਰ ਦਾ ਗੋਲਾ ਰਖਿਆ ਹੋਇਆ ਸੀ ਜੋ ਸਿੰਘਣੀਆਂ ਦੇ ਪੇਟ ਪਰ ਰਖਿਆ ਜਾਂਦਾ ਅਤੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਸਤਾਇਆ ਜਾਂਦਾ। ਲਾਹੌਰ ਦੀ ਜੇਹਲ ਦੇ ਇਹ ਤਸੀਹੇ ਅਜ ਭੀ ਹਰ ਇਕ ਸਿਖ ਅਰਦਾਸ ਸਮੇਂ ਯਾਦ ਕਰਦਾ ਹੈ ਤੇ ਸਿੰਘਣੀਆਂ ਦੇ ਕਸ਼ਟ ਝਲਣ ਦੀ ਵਿਥਿਆ ਨੂੰ ਯਾਦ ਕਰਕੇ ਆਪਣੇ ਆਪ ਨੂੰ ਧਰਮ ਦੀ ਖਾਤਰ ਕੁਰਬਾਨ ਹੋਣ ਲਈ ਤਿਆਰ ਕਰਦਾ ਹੈ।

Digitized by Panjab Digital Library | www.panjabdigilib.org

ਜ਼ੁਲਮ ਦਾ ਇਹ ਚਕਰ ਪੂਰੀ ਰਫਤਾਰ ਨਾਲ ਚਲਦਾ ਰਿਹਾ । ਜ਼ਾਲਮ ਮੀਰ ਮੰਨੂੰ ਦਾ ਇਹ ਰੋਜ਼ ਦਾ ਕੰਮ ਹੋ ਗਿਆ ਕਿ ਜਦ ਤੱਕ ਉਹ ਸਿੰਘਾਂ ਸਿੰਘਣੀਆਂ ਤੇ ਉਨ੍ਹਾਂ ਦੇ ਬਚਿਆਂ ਨੂੰ ਪਾਸ ਖੜਾ ਹੋਕੇ ਸ਼ਹੀਦ ਹੁੰਦਾ ਨਾ ਵੇਖਦਾ ਉਸਨੂੰ ਚੈਨ ਨਾ ਆਉਂਦੀ। ਉਸਦਾ ਜ਼ਾਲਮ ਹਿਰਦਾ ਸਿੰਘਾਂ ਦਾ ਲਹੂ ਡੁਲਦਾ ਵੇਖਕੇ ਖੁਸ਼ ਹੁੰਦਾ ਅਤੇ ਉਹ ਹੰਕਾਰ ਵਿਚ ਆਕੇ ਕਹਿੰਦਾ ਖੁਦਾ ਨੇ ਸਿੰਘਾਂ ਨੂੰ ਮੁਕਾਉਣ ਦੀ ਡਿਉਟੀ ਮੇਰੀ ਲਗਾਈ ਹੈ। ਜੇਹੜਾ ਕੰਮ ਔਰੰਗਜ਼ੇਬ ਆਲਮਗੀਰ ਨਾ ਕਰ ਸਕਿਆ ਉਹ ਮੈਂ ਕਰਕੇ ਵਿਖਾਵਾਗਾ। ਸਿੰਘਾ ਦਾ ਇਕ ਜਥਾ ਕਾਹਨੂੰ ਵਾਲ ਦੇ ਛੰਭ ਵਿਚ ਉਤਰਿਆ ਹੋਇਆ ਸੀ । ਉਨਾਂ ਨੂੰ ਮਾਝੇ ਦੀਆਂ ਮਾਈਆਂ ਨੇ ਜਾਕੇ ਦਸਿਆ ਕਿ ਮੀਰ ਮੰਨੂੰ ਨੇ ਬਹੁਤ ਸਾਰੀਆਂ ਸਿੰਘਣੀਆਂ ਤੇ ਬਚੇ ਮਾਲਵੇ ਵਿਚੋਂ ਹੋਰ ਫੜਕੇ ਲਿਆਂਦੇ ਹਨ ਅਤੇ ਉਹ ਉਨ੍ਹਾਂ ਪਰ ਬਹੁਤ ਜ਼ਿਆਦਾ ਅਤਿਆਚਾਰ ਕਰ ਰਿਹਾ ਹੈ। ਉਨ੍ਹਾਂ ਨੇ ਸੋਚਿਆ ਸਿੰਘਣੀਆਂ ਕੀ ਕਹਿੰਦੀਆ ਹੋਣਗੀਆਂ ? ਉਨ੍ਹਾਂ ਦੇ ਦਿਲਾਂ ਵਿਚ ਇਹ ਪ੍ਰਸ਼ਨ ਜ਼ਰੂਰ ਉਠਦਾ ਹੋਵੇਗਾ ਕਿ ਸਿੰਘਾ ਦੀ ਅਣਖ ਸਾਨੂੰ ਇਤਨਾ ਦੁਖ ਝਲਦੀਆਂ ਵੇਖਕੇ ਭੀ ਕਿਉਂ ਜੋਸ਼ ਵਿਚ ਨਹੀਂ ਆਉਂਦੀ ?

ਕੀ ਉਹ ਸਾਡੇ ਝੂਠ ਮੂਠ ਦੇ ਜੀਵਨ ਸਾਥੀ ਬਣੇ ਸਨ ? ਕੀ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਾਡੇ ਸਤਿ ਧਰਮ ਦੀ ਰਾਖੀ ਦੇ ਪ੍ਰਣ ਨਹੀਂ ਕੀਤੇ ? ਸਿੰਘਾਂ ਦੇ ਹਿਰਦੇ ਬੇਚੈਨ ਹੋ ਉਠੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਮੀਰ ਮੰਨੂੰ ਨਾਲ ਜ਼ਰੂਰ ਦੋ ਹੱਥ ਕਰਨੇ ਹਨ। ਜਾ ਅਸੀਂ ਸਿੱਘਣੀਆਂ ਨੂੰ ਛੁਡਾ ਲਿਆਵਾਂਗੇ ਜਾਂ ਆਪ ਸ਼ਹੀਦ ਹੋ ਜਾਵਾਂਗੇ।

## ਪਾਪੀ ਕੇ ਮਾਰਨੇ ਕੋ ਪਾਪ ਮਹਾਬਲੀ ਹੈ

ਸਿੰਘਾ ਨੇ ਕਾਹਨੂੰ ਵਾਲ ਦੇ ਛੰਭ ਵਿਚੋਂ ਮਤਾ ਪਾਸ ਕਰਕੇ ਲਾਹੌਰ ਵਲ ਕੂਚ ਕੀਤਾ। ਉਨਾਂ ਨੂੰ ਪਤਾ ਲਗਿਆ ਕਿ ਮੀਰ ਮੰਨੂੰ ਇਧਰ ਸ਼ਕਾਰ ਖੇਡਣ ਆਇਆ ਹੋਇਆ ਹੈ । ਸਿੰਘਾ ਨੇ ਉਧਰ ਨੂੰ ਹੀ ਘੋੜਿਆਂ ਦੀਆਂ ਵਾਗਾ ਮੋੜ ਦਿਤੀਆ। ਦੇਵਨੇਤ ਨਾਲ ਮੀਰ ਮੰਨੂੰ ਦਾ ਘੋੜਾ ਸ਼ਿਕਾਰ ਖੇਡਣ ਗਿਆ ਡਰ ਗਿਆ। ਮੀਰ ਮੰਨੂੰ ਡਿਗ ਪਿਆ ਉਹਦਾ ਇਕ ਪੈਰ ਰਕਾਬ ਵਿਚ ਐਸਾ ਫਸਿਆ ਕਿ ਘੋੜੇ ਨੇ ਉਸ ਨੂੰ ਕੰਡਿਆਲੀਆ ਝਾੜੀਆ ਉਪਰ ਦੀ ਖੂਬ ਘਸੀਟਿਆ । ਉਸ ਦਾ ਦਮ ਘੁਟ ਰਿਹਾ ਸੀ ਉਸ ਦਾ ਸਰੀਰ ਕੰਡਿਆ ਨਾਲ ਛਲਣੀ ਛਲਣੀ ਹੋ ਗਿਆ। ਸਿੰਘਾ ਦੀ ਮੁਠ ਭੇੜ ਇਕ ਛੋਟੇ ਜਿਹੇ ਫੌਜੀ ਦਸਤੇ ਨਾਲ ਹੋਈ ਇਸ ਤੋਂ ਉਪਰੰਤ ਉਨ੍ਹਾਂ ਨੇ ਜਿਥੇ ਸਿੰਘਣੀਆਂ ਕੈਦ ਸਨ ਛਾਪਾ ਮਾਰਕੇ ਸਭ ਨੂੰ ਛੁਡਾ ਲਿਆਂਦਾ। ਮੀਰ ਮੰਨੂੰ ਨੇ ਫੌਜਾਂ ਨੂੰ ਕਈ ਮਹੀਨਿਆ ਤੋਂ ਤਨਖਾਹ ਨਹੀਂ ਦਿਤੀ ਸੀ ਜਦ ਉਸ ਦੀ ਲਾਸ਼ ਲਾਹੌਰ ਪਹੁੰਚੀ ਤਾਂ ਫੌਜ ਨੇ ਉਸ ਪਰ ਕਬਜ਼ਾ ਕਰ ਲਿਆ ਅਤੇ ਇਹ ਸ਼ਰਤ ਲਗਾ ਦਿਤੀ ਕਿ ਬੇਗਮ ਸਾਹਿਬਾ ਪਹਿਲਾ ਤਨਖਾਹ ਦੇਣ ਪਿਛੋਂ ਲਾਸ਼ ਨੂੰ ਦਫਨਾਣ ਦਿਆਗੇ । ਪਾਪੀ ਦੀ ਲਾਸ਼ ਕਈ ਦਿਨ ਰੁਲਦੀ ਰਹੀ। ਬੜੀ ਮੁਸ਼ਕਲ ਨਾਲ ਬੇਗਮ ਨੇ ਫ਼ੌਜ ਦਾ ਮੁਤਾਲਬਾ ਪੂਰਾ ਕੀਤਾ ਤਾਂ ਉਸ ਨੂੰ ਦਫਨਾਇਆ। ਮੰਨੂੰ ਦਾ ਪ੍ਰਵਾਰ ਬਹੁਤ ਬੁਰੀ ਤਰ੍ਹਾਂ ਰੁਲਕੇ ਮਰਿਆ ਉਸ ਦੀ ਬੇਗਮ ਨੂੰ ਕਈਆਂ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸ਼ਹੀਦ ਗੰਜ ਲਾਹੌਰ ਦਾ ਸਾਕਾ

ਸੰਨ ੧੯੩੫ ਵਿਚ ਗੁਰ-ਦੁਆਰਾ ਪ੍ਰਬੰਧਕ ਕਮੇਟੀ ਸ਼ਹੀਦ ਗੰਜ ਲਾਹੌਰ ਦੀ ਨਵੀਂ ਇਮਾਰਤ ਬਨਾਉਣ ਦੇ ਖਿਆਲ ਤੇ ਪੁਰਾਣੀ ਢਾਹੁਣ ਲਗੇ ਤਾਂ ਮਸੀਤ ਦੀਆਂ ਕੰਧਾਂ ਵਿਚੋਂ ਸ਼ਹੀਦਾਂ ਦੇ ਪਿੰਜਰ, ਤੇ ਸੀਸ ਨਿਕਲੇ ਉਹ ਇਸ ਅਲਮਾਰੀ ਦੇ ਖ਼ਾਨਿਆਂ ਵਿਚ ਨੰਬਰ ਅਨੁ-ਸਾਰ ਰਖੇ ਗਏ ਹਨ।




ਬਚਿਆਂ ਦੇ ਪਿੰਜਰ

੧. ਛੋਟੇ ਭੁਝੰਗੀਆਂ ਦੇ ਸੀਸ ਤੇ ਪਿੰਜਰ ਜੋ ਕੰਧਾਂ ਦੇ ਰਦਿਆਂ ਚੋਂ ਨਿਕਲੇ ਹਨ।

ਗੋਲਾ ਤੇ ਪੁੜ

੨. ਗਰਭਵਤੀ ਬੀਬੀਆਂ ਨੂੰ ਧੁੱਪੇ ਤੇ ਪਧਰ ਥਾਂ (ਰੋੜ) ਤੇ ਪਾ ਕੇ ਪੇਟ ਤੇ ਪਥਰ ਦਾ ਸਵਾ ਮਣ ਗੋਲਾ ਰਖਿਆ ਜਾਂਦਾ ਸੀ ਅਤੇ ਨਾਲ ਹੀ ਉਹ ਚਕੀਆਂ ਦੇ ਪੁੜ ਜਿਨ੍ਹਾਂ ਨਾਲ ਸਵਾ ੨ ਮਣ ਅੰਨ ਪੀਹ ਕੇ ਇਕ ਪਾਣੀ ਦਾ ਪਿਆਲਾ ਅਤੇ ਅਧੇ (ਫਟੜ) ਪ੍ਰਸ਼ਾਦਾ ਛਕ ਕੇ ਸਬਰ ਸੰਤੋਖ ਧਾਰਨ ਕਰਦੀਆਂ।

੩. ਸ਼ਹੀਦਾਂ ਦੇ ਪਿੰਜਰ ਜੋ ਮਸੀਤ ਦੀਆਂ ਕੰਧਾਂ ਅਧੇੜਨ ਸਮੇਂ ਨਿਕਲੇ ਸਨ।

ਸੂਰਾਂ ਦੇ ਸਿਰ

੪. ਗੁ: ਸ਼ਹੀਦ ਗੰਜ ਵਾਲਾ ਖੂਹ ਖੋਦਣ ਵੇਲੇ ਸੂਰਾਂ ਦੇ ਸਿਰ ਨਿਕਲੇ ਸਨ। ਜਦ ਸਿੰਘ ਸਿੰਘਣੀਆਂ ਨੂੰ ਭੋਰੇ ਚੋਂ ਕਢ ਕੇ ਲੈ ਗਏ ਸੀ ਉਸ ਵੇਲੇ ਮਨੂ ਦੇ ਪਾਣੀ ਪੀਣ ਵਾਲੇ ਖੂਹ ਵਿਚ ਸੂਰ ਸਿਟੇ ਸਨ।

੫. ਆਮ ਸ਼ਹੀਦ ਸਿੰਘ, ਸਿੰਘਣੀਆਂ ਦੇ ਪਿੰਜਰ ਜੋ ਕੰਧਾਂ ਉਧੇੜਨ ਵੇਲੇ ਰਦਿਆਂ ਚੋਂ ਨਿਕਲੇ ਸਨ।

[ਉਪ੍ਰੋਕਤ ਸਾਰੇ ਸਮਾਚਾਰ ਨਿਹੰਗ ਥੰਮਨ ਸਿੰਘ ਮਿਸਤ੍ਰੀ ਕਿਸ਼ਨ ਪੁਰਾ ਨਿਵਾਸੀ ਨੇ ਸੁਣਾਏ। ਉਹਨਾਂ ਨੇ ਆਪ ਸ਼ਹੀਦ ਗੰਜ ਵਾਲੀ ਮਸੀਤ ਦੀਆਂ ਕੰਧਾਂ ਦੇ ਰਦੇ ਉਧੇੜੇ ਸਨ।

Digitized by Panjab Digital Library | www.panjabdigilib.org

ਹਾਕਮਾਂ* ਦੀ ਸ਼ਰਨ ਜਾਣਾ ਪਿਆ ਪਰ ਉਸ ਨੂੰ ਕਿਧਰੇ ਚੈਨ ਨਾਲ ਬੈਠਣਾ ਨਸੀਬ ਨਾ ਹੋਇਆ। ਸਚ ਹੈ ਜੋ ਦੂਜਿਆਂ ਨੂੰ ਨਾਹਕ ਸਤਾਉਂਦਾ ਹੈ ਉਸ ਨਾਲ ਉਸ ਨਾਲੋਂ ਵੀ ਵਧ ਸਖਤੀ ਹੁੰਦੀ ਹੈ। ਖੂਹ ਪੁਟਣ ਵਾਲੇ ਲਈ ਖਾਤਾ ਤਿਆਰ ਹੁੰਦਾ ਹੈ।

ਮੀਰ ਮੰਨੂ ਦੇ ਵੇਲੇ ਜਿਨ੍ਹਾਂ ਸਿੰਘਣੀਆਂ ਅਤੇ ਬਚਿਆਂ ਨੂੰ ਸ਼ਹੀਦ ਕੀਤਾ ਗਿਆ ਉਨ੍ਹਾਂ ਦੀ ਗਿਣਤੀ ਕਰਨਾ ਅਸੰਭਵ ਹੈ। ਇਸੇ ਤਰ੍ਹਾਂ ਉਨ੍ਹਾਂ ਦਿਨਾ ਵਿਚ ਜ਼ਾਲਮਾ ਨੇ ਜੋ ਅਤਿਆਚਾਰ ਕੀਤੇ ਉਨ੍ਹਾਂ ਦਾ ਪੂਰਾ ਵਿਸਥਾਰ ਲਿਖਣਾ ਭੀ ਮੁਸ਼ਕਲ ਹੈ। ਪੁਰਾਤਨ ਬਜ਼ੁਰਗਾ ਨੇ ਜਿਨ੍ਹਾਂ ਸੰਖੇਪ ਸ਼ਬਦਾਂ ਵਿਚ ਇਨ੍ਹਾਂ ਕੁਰਬਾਨੀਆਂ ਨੂੰ ਅਰਦਾਸ ਦਾ ਇਕ ਭਾਗ ਬਣਾਇਆ ਹੈ ਉਸ ਦੀ ਇਕ ਝਲਕ ਮਾਤ੍ਰ ਇਨ੍ਹਾਂ ਸਤਰਾਂ ਦਵਾਰਾ ਪਾਠਕਾ ਦੇ ਪੇਸ਼ ਕੀਤੀ ਗਈ ਹੈ। ਇਹ ਕੇਵਲ ਘਟਨਾ ਦਾ ਵਰਨਣ ਹੈ। ਮੁਲਾ ਪੁਰ ਜੈਸੇ ਪਤਾ ਨਹੀਂ ਉਸ ਸਮੇਂ ਕਿਤਨੇ ਕੈਂਪ ਲਗੇ ਹੋਣਗੇ। ਜ਼ਾਲਮਾ ਨੇ ਸਿੰਘਣੀਆਂ ਤੇ ਬਚਿਆਂ ਦੇ ਕਿਤਨੇ ਜਥੇ ਫੜ ਕੇ ਲਾਹੌਰ ਲਿਆਂਦੇ ਹੋਣਗੇ ਤੇ ਉਹਨਾਂ ਨੂੰ ਕੀ ਕੀ ਤਸੀਹੇ ਦਿਤੇ ਹੋਣਗੇ। ਸਿਖ ਇਤਿਹਾਸ ਭੀ ਪੂਰਾ ਵਿਸਥਾਰ ਦੇਣ ਤੋਂ ਅਸਮਰਥ ਹੈ ਕਿਉਂਕਿ ਜਦ ਸਿੰਘਾ ਨੂੰ ਦਿਨ ਕਿਤੇ ਤੇ ਰਾਤ ਕਿਤੇ ਕਟਣੀ ਪੈਂਦੀ ਹੋਵੇ ਤੇ ਜ਼ੁਲਮ ਦਾ ਇਕ ਝੱਖੜ ਝੁਲ ਰਿਹਾ ਹੋਵੇ ਤਾਂ ਇਤਹਾਸ ਲਿਖਣ ਦਾ ਤੇ ਘਟਨਾਵਾਂ ਨੂੰ ਹੂ ਬਹੂ ਕਲਮ ਬੰਦ ਕਰਨ ਦਾ ਕਿਸ ਨੂੰ ਵਕਤ ਮਿਲ ਸਕਦਾ ਹੈ—

## ਸ਼ਹੀਦ ਗੰਜ ਦੀ ਅਹਿਮੀਅਤ

ਜਿਸ ਥਾਂ ਸ਼ਹੀਦ ਗੰਜ ਸਿੰਘਣੀਆਂ ਨਾਮ ਦਾ ਅਸਥਾਨ ਹੈ ਉਸ ਥਾਂ ਮੀਰ ਮੰਨੂ ਨੇ ਸਿੰਘਣੀਅ ਪਰ ਫਤਵੇ ਲਗਾਉਣ ਲਈ ਇਕ ਮਸਜਦ ਨੁਮਾ ਇਮਾਰਤ ਬਣਾਈ ਸੀ। ਇਥੇ ਬੈਠ ਕੇ ਮੀਰ ਮੰਨੂ ਕਾਜ਼ੀਆਂ ਦੀ ਸਲਾਹ ਨਾਲ ਸਿੰਘਾਂ ਨੂੰ ਸ਼ਹੀਦ ਕਰਨ ਲਈ ਸਜ਼ਾ ਤਜਵੀਜ਼ ਕਰਿਆ ਕਰਦਾ ਸੀ। ਇਸ ਇਮਾਰਤ ਦੀਆਂ ਨੀਹਾਂ ਵਿਚ ਉਸ ਨੇ ਸਿਖਾਂ ਦੀਆਂ ਹਡੀਆਂ ਤੇ ਬਚਿਆਂ ਦੇ ਪਿੰਜਰ ਆਦਿ ਚਿਣਾਏ ਸਨ। ਇਟਾਂ ਬੋਹੜੀਆਂ ਤੇ ਹੱਡੀਆਂ ਪਿੰਜਰ ਬਹੁਤੇ ਸਨ। ਬਾਹਰੋਂ ਇਮਾਰਤ ਨੂੰ ਚੂਨੇ ਗਚ ਕੀਤਾ ਹੋਇਆ ਸੀ ਇਸ ਕਰਕੇ ਕਾਫੀ ਅਰਸਾ ਸਿੰਘਾਂ ਨੇ ਇਸ ਇਮਾਰਤ ਨੂੰ ਗਿਰਾਉਣ ਦਾ ਕੋਈ ਖਿਆਲ ਨਾ ਕੀਤਾ। ਸੰਨ ੧੯੩੫ ਵਿਚ ਜਦ ਸਿੰਘਾਂ ਨੇ ਇਸ ਪੁਰਾਣੀ ਇਮਾਰਤ ਨੂੰ ਢਾਹ ਕੇ ਨਵੀਂ ਬਨਾਉਣਾ ਚਾਹਿਆ ਤਾਂ ਮੁਸਲਮਾਨਾ ਨੇ ਇਸ ਨੂੰ ਮਸਜਦ ਸਾਬਤ ਕਰਨ ਦਾ ਬਹੁਤ ਯਤਨ ਕੀਤਾ। ਭਾਵੇਂ ਪਹਿਲਾ ਭੀ ਉਹ ਕਈ ਵਾਰ ਇਸ ਮਸਜਦ ਨੂੰ ਲੈਣ ਵਾਸਤੇ ਮੁਕਦਮੇ ਬਾਜ਼ੀ ਕਰ ਚੁਕੇ ਸਨ ਪ੍ਰੰਤੂ ਉਨਾਂਨੂੰ ਸਫਲਤਾ ਨਹੀਂ ਹੋਈ। ਜਦ ਇਮਾਰਤ ਢਾਹੀ ਗਈ ਤਾਂ ਉਸ ਵਿਚੋਂ ਬਹੁਤ ਸਾਰੇ ਪਿੰਜਰ ਤੇ ਹਡੀਆਂ, ਖੋਪਰੀਆਂ ਆਦਿ ਨਿਕਲੇ ਜਿੰਨਾਂ ਨੂੰ ਵੇਖਕੇ ਸਿੰਘਾਂ ਵਿਚ ਜੋਸ਼ ਦੀ ਇਕ ਲਹਿਰ ਪੈਦਾ ਹੋ ਗਈ। ਪਾਸ ਹੀ ਇਕ ਖੂਹ ਸੀ ਜਦ ਉਸਨੂੰ ਸਾਫ ਕੀਤਾ ਗਿਆ ਤਾਂ ਉਸ ਵਿਚੋਂ ਭੀ ਸ਼ਹੀਦਾਂ ਦੀਆਂ ਬਹੁਤ ਸਾਰੀਆ ਅਸਥੀਆਂ ਨਿਕਲੀਆਂ ਅਤੇ ਉਹ ਗੋਲਾ ਭੀ ਨਿਕਲਿਆ ਜੋ ਇਸਤਰੀਆਂ ਦੇ ਪੇਟ ਤੇ ਰਖ ਕੇ ਉਨਾਂ ਨੂੰ ਤਸੀਹੇ

---

*ਜਿਸ ਮੁਲਾ ਪੁਰ ਦੇ ਕੈਂਪ ਵਿਚ ਸੂਰਬੀਰ ਸਿੰਘਣੀਆਂ ਦੇ ਸਤ ਤੇ ਅਣਖ ਨੂੰ ਖੋਣਾ ਚਾਹੁੰਦਾ ਸੀ ਉਸੇ ਮੁਲਾ ਪੁਰ ਦੇ ਕੋਲ ਦਾਖੇ ਦੇ ਹਾਕਮ ਪਾਸ ਮੀਰ ਮੰਨੂੰ ਦੀ ਬੇਗਮ ਲਾਹੌਰ ਤੋਂ ਦਿਲੀ ਨੂੰ ਜਾਂਦੀ ਹੋਈ ਆਪ ਦੀ ਪ੍ਰਸੰਨਤਾ ਨਾਲ ਪਾਪੀ ਮੀਰ ਮੰਨੂੰ ਦੀ ਅਣਖ ਨੂੰ ਕਈ ਦਿਨ ਘਟੇ ਰਲੌਂਦੀ ਰਹੀ।

Digitized by Panjab Digital Library | www.panjabdigilib.org

ਦਿਤੇ ਜਾਂਦੇ ਸਨ। ਇਹ ਸਾਰੀਆਂ ਪੁਰਾਤਨ ਨਿਸ਼ਾਨੀਆਂ ਨੂੰ ਸਿੰਘਾਂ ਨੇ ਬੜੇ ਅਦਬ ਨਾਲ ਸੰਭਾਲ ਕੇ ਰਖਿਆ ਹੋਇਆ ਸੀ ਤੇ ਜਦੋਂ ਤਕ ਪਾਕਸਤਾਨ ਨਹੀਂ ਬਣਿਆ ਸਿੰਘਾਂ ਨੇ ਸ਼ਹੀਦ ਗੰਜ ਦੇ ਸਤਕਾਰ ਨੂੰ ਕਾਇਮ ਰਖਿਆ। ਇਹ ਇਮਾਰਤ ਸਿਖ ਇਤਹਾਸ ਨਾਲ ਗਹਿਰਾ ਸਬੰਧ ਰਖਦੀ ਹੈ। ਇਸ ਲਈ ਜਦੋਂ ਪਾਕਸਤਾਨ ਵਿਚ ਰਹਿ ਗਏ ਸਾਰੇ ਗੁਰਧਾਮ ਆਜ਼ਾਦ ਕਰਾਏ ਗਏ ਤਾਂ ਸ਼ਹੀਦ ਗੰਜ ਭੀ ਆਜ਼ਾਦ ਹੋਵੇਗਾ ਅਤੇ ਸਿੰਘਾਂ ਇਸ ਅਸਥਾਨ ਦੀ ਪਵਿਤ੍ਰ ਧੂੜੀ ਨੂੰ ਮਸਤਕ ਪਰ ਲਗਾ ਕੇ ਧੰਨ ਭਾਗ ਸਮਝਿਆ ਕਰਨਗੇ।

## ਮਾਤਾ ਲਡਿੱਕੀ ਜੀ

ਮਾਤਾ ਲਡਿੱਕੀ ਜੀ ਨਿਰੰਕਾਰੀ ਸੰਪ੍ਰਦਾਯ ਦੇ ਬਾਨੀ ਬਾਬਾ ਦਿਆਲ ਜੀ ਦੇ ਮਾਤਾ ਜੀ ਸਨ। ਆਪਣੇ ਸਪੁਤ੍ਰ ਨੂੰ ਗੁਰਮਤਿ ਪ੍ਰਚਾਰ ਵਿਚ ਲਗਾਉਣ ਲਈ ਮਾਤਾ ਜੀ ਨੇ ਉਸਨੂੰ ਜੋ ਅੰਤਮ ਸਿਖਿਆ ਦਿਤੀ ਉਸਨੇ ਬਾਬਾ ਦਿਆਲ ਜੀ ਨੂੰ ਪ੍ਰਸਿਧ ਮਹਾ ਪੁਰਖ ਬਣਾ ਦਿਤਾ। ਮਾਤਾ ਲਡਿੱਕੀ ਜੀ ਦਸ਼ਮੇਸ਼ ਜੀ ਦੇ ਖਜ਼ਾਨਚੀ ਭਾਈ ਵਸਾਖਾ ਸਿੰਘ ਜੀ ਦੀ ਸਪੁਤ੍ਰੀ ਸਨ। ਸ੍ਰੀ ਅਨੰਦ ਪੁਰ ਸਾਹਿਬ ਵਿਚ ਦਸ਼ਮੇਸ਼ ਜੀ ਦੀ ਹਜ਼ੂਰੀ ਵਿਚ ਰਹਿਕੇ ਮਾਤਾ ਜੀ ਨੇ ਵਿਦਿਆ ਪ੍ਰਾਪਤ ਕੀਤੀ। ਗੁਰਮਤਿ ਦੇ ਅਸੂਲਾਂ ਦਾ ਆਪਜੀ ਪਰ ਬਹੁਤ ਅਸਰ ਹੋਇਆ।

ਉਸ ਸਮੇਂ ਦੇ ਰਵਾਜ ਅਨਸਾਰ ਮਾਤਾ ਲਡਿਕੀ ਜੀ ਦਾ ਵਿਵਾਹ ਗੁਰੂ ਘਰ ਦੇ ਅਨਿੰਨ ਸੇਵਕ ਤੇ ਸਹਿਜਧਾਰੀ ਸਿਖ ਭਾਈ ਗੁਰਸਹਾਇ ਪਸ਼ੌਰ ਨਿਵਾਸੀ ਦੇ ਸਪੁਤ੍ਰ ਭਾਈ ਰਾਮ ਸਹਾਇ ਨਾਲ ਹੋਇਆ। ਭਾਈ ਵਿਸਾਖਾ ਸਿੰਘ ਜੀ ਨੇ ਆਪਣੀ ਪਿਆਰੀ ਸਪੁਤ੍ਰੀ ਨੂੰ ਤੋਰਨ ਵੇਲੇ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਦਾ ਉਤਾਰਾ ਸੀ ਆਪਣੀ ਪਿਆਰੀ ਸਪੁਤ੍ਰੀ ਨੂੰ ਇਸਟ ਉਪਾਸਨਾ ਵਾਸਤੇ ਸਿਖਿਆ ਦਰਿੜਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰਨ ਅਦਬ ਦੇ ਸਹਿਤ ਬੀਬੀ ਦੇ ਸੋਹਰੇ ਘਰ ਬਿਰਾਜਵਾਨ ਕਰਾਕੇ ਫਰਮਾਇਆ। "ਕੀਤਾ ਲੋੜੀਏ ਕੰਮ ਸੋ ਹਰਿਪਹਿ ਆਖੀਐ ਕਾਰਜ ਦੇਹਿ ਸਵਾਰਿ ਸਤਿਗੁਰ ਸਚ ਸਾਖੀਐ" ਜੋ ਲੋਕ ਪਰਲੋਕ ਸਹਾਈ ਹੋਵੇ ਅਤੇ ਅਤੇ ਅਗਲਿਆਂ ਦੀਆਂ ਕੁਲਾਂ ਦਾ ਭੀ ਉਧਾਰ ਕਰ ਸਕੇ। ਕਲ ਦੇ ਚਟਕੀਲੀਆਂ ਭੜਕੀਲੀਆਂ ਵਸਤਾਂ ਦਾ ਦਾਜ ਦੇਣ ਵਾਲੇ ਮਾਪਿਆਂ ਨੂੰ ਇਸ ਤੋਂ ਸਿਖਿਆ ਲੈਣੀ ਚਾਹੀਦੀ ਹੈ ਕਿ ਉਨਾਂ ਦਾ ਇਹ ਦਾਜ ਨਾ ਕੇਵਲ ਉਨਾਂ ਦੀ ਸਪੁਤਰੀ ਲਈ ਹਾਨੀਕਾਰਕ ਹੁੰਦਾ ਹੈ ਸਗੋਂ ਉਹ ਉਸ ਘਰ ਦਾ ਭੀ ਕੁਝ ਨਹੀਂ ਸਵਾਰ ਸਕਦਾ ਜਿਥੇ ਉਹ ਜਾਂਦਾ ਹੈ।

ਮਾਤਾ ਲਡਿੱਕੀ ਜੀ ਗੁਰਮਤਿ ਦੇ ਪੂਰਨ ਧਾਰਨੀ ਤੇ ਪੱਕੇ ਗੁਰਸਿਖ ਸਨ ਇਸ ਕਰਕੇ ਆਪ ਜੀ ਨੇ ਆਪਣਾ ਸਾਰਾ ਜੀਵਣ ਹੀ ਵਾਹਿਗੁਰੂ ਦੇ ਸਿਮਰਨ ਤੇ ਪਰਉਪਕਾਰ ਕਰਦਿਆਂ ਬਤੀਤ ਕੀਤਾ। ਵਾਹਿਗੁਰੂ ਦੇ ਭਾਣੇ ਅੰਦਰ ਪਤੀ ਦੇਵ ਜਵਾਨ ਅਵਸਥਾ ਵਿਚ ਹੀ ਵਿਛੋੜਾ ਦੇ ਗਏ ਪ੍ਰੰਤੂ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪੂਰਨ ਪਾਠ ਕਰਕੇ ਤੇ ਆਪਣੇ ਸਪੁਤ੍ਰ ਭਾਈ ਦਿਆਲ ਜੀ ਨੂੰ ਗੁਰਸਿਖੀ ਦੇ ਅਸੂਲਾਂ ਦੀ ਸਿਖਿਆ ਦਿੰਦੇ ਹੋਇ ਬੜੇ ਸੀਲ, ਸੰਤੋਖ ਤੇ ਸੰਜਮ ਨਾਲ ਗੁਜ਼ਾਰਿਆ। ਜਦ ਮਾਤਾ ਜੀ ਨੇ ਆਪਣਾ ਅੰਤਮ ਸਮਾਂ ਨਜ਼ਦੀਕ ਆਇਆ ਵੇਖਿਆ ਤਾਂ ਆਪਣੇ ਸਪੁਤ੍ਰ ਦਿਆਲ ਜੀ ਨੂੰ

Digitized by Panjab Digital Library | www.panjabdigilib.org

ਪਾਸ ਬਿਠਾ ਕੇ ਕਹਿਣ ਲਗੇ :– "ਬੇਟਾ ਦਿਆਲ ਮੈਨੂੰ ਹੁਣ ਧੁਰ ਦਰਗਾਹਹੋਂ ਸਦਾ ਆਇਆ ਹੈ ਤੇ ਮੈਂ ਜਾਣ ਦੀ ਤਿਆਰੀ ਵਿਚ ਹਾਂ ਇਸ ਸਮੇਂ ਮੈਂ ਤੇਰੇ ਪਾਸੋਂ ਇਕ ਦਾਨ ਮੰਗਦੀ ਹਾਂ " ਬਾਬਾ ਦਿਆਲ ਜੀ ਨੇ ਕਿਹਾ ਮਾਤਾ ਜੀ ਹੁਕਮ ਕਰੋ ਮੈਂ ਆਪ ਜੀ ਦਾ ਹਰ ਇਕ ਹੁਕਮ ਸਿਰ ਮਥੇ ਪਰ ਮੰਨਣ ਲਈ ਤਿਆਰ ਹਾਂ। ਮਾਤਾ ਜੀ ਬੋਲੇ, "ਪੁਤ੍ਰ ਮੈਂ ਇਹ ਦਾਨ ਮੰਗਦੀ ਹਾਂ ਕਿ ਤੂੰ ਅਜ ਪਰਣ ਕਰ ਕਿ ਮੈਂ ਹਰ ਰੋਜ਼ ਸਵੇਰੇ ਉਠ ਕੇ ਬਾਬਾ ਜੋਗਾ ਸਿੰਘ ਜੀ ਦੇ ਗੁਰਦੁਆਰੇ ਜਾਇਆ ਕਰਾਂਗਾ, ਸ਼ਾਮ ਨੂੰ ਭੀ ਜਾਇਆ ਕਰਾਂਗਾ। ਨਿਤਨੇਮ ਕਰਿਆ ਕਰਾਂਗਾ ਤੇ ਇਕ ਅਕਾਲ ਪੁਰਖ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਮੰਨਾਂ ਗਾ" ਇਹ ਬਚਨ ਕਹਿਕੇ ਮਾਤਾ ਜੀ ਨੇ ਅਖਾਂ ਬੰਦ ਕਰ ਲਈਆਂ ਤੇ ਆਪ ਜੀ ਦੀ ਆਤਮਾ ਸਰੀਰ ਨੂੰ ਛਡ ਕੇ ਪਰਮਾਤਮਾ ਵਿਚ ਲੀਨ ਹੋ ਗਈ।

ਬਾਬਾ ਦਿਆਲ ਜੀ ਮਾਤਾ ਜੀ ਦੇ ਬਚਨ ਪਰ ਅਮਲ ਕਰਦੇ ਰਹੇ ਪਰ ਦੇਵਨੇਤ ਨਾਲ ਆਪ ਜੀ ਦੇ ਚੀਚਕ ਨਿਕਲ ਆਈ। ਸਕੇ ਸਨਬੰਧੀਆਂ ਦੇ ਮਜਬੂਰ ਕਰਨ ਪਰ ਆਪ ਦੇਵੀ ਦੀ ਪੂਜਾ ਕਰਨ ਲਈ ਤਿਆਰ ਹੋ ਗਏ। ਚੁਬਾਰੇ ਵਿਚ ਆਪ ਪੂਜਾ ਕਰਨ ਲਗੇ ਹੀ ਸਨ ਕਿ ਬੇਸੁਧ ਹੋ ਗਏ। ਬੇਸੁਧੀ ਦੀ ਹਾਲਤ ਵਿਚ ਦਸ਼ਮੇਸ਼ ਪਿਤਾ ਜੀ ਨੇ ਦਰਸ਼ਨ ਦਿਤੇ ਤੇ ਫੁਰਮਾਇਆ ਪੁਰਖਾ ਤੈਨੂੰ ਤਾਂ ਅਕਾਲ ਪੂਜਾ ਲਈ ਹੁਕਮ ਸੀ ਤੂੰ ਦੇਵੀ ਪੂਜਾ ਕਿਉਂ ਕਰ ਰਿਹਾ ਏਂ ? ਕੀ ਤੈਨੂੰ ਆਪਣੀ ਮਾਤਾ ਜੀ ਨਾਲ ਕੀਤਾ ਹੋਇਆ ਪ੍ਰਣ ਭੁਲ ਗਿਆ ਹੈ ? ਇਹ ਗਲ ਸੁਣਕੇ ਬਾਬਾ ਦਿਆਲ ਜੀ ਨੇ ਭੁਲ ਮੰਨੀ ਤੇ ਅਗੇ ਤੋਂ ਗੁਰਮਤਿ ਅਨੁਸਾਰ ਚਲਣ ਦਾ ਪ੍ਰਣ ਲਿਆ। ਇਸ ਤੋਂ ਉਪਰੰਤ ਆਪ ਨੇ ਦੇਵੀ ਦੇਵਤਿਆਂ ਦੀ ਪੂਜਾ ਵਿਰੁਧ ਜ਼ੋਰਦਾਰ ਆਵਾਜ਼ ਉਠਾਈ। ਆਪ ਜੀ ਦੇ ਪਰਚਾਰ ਨਾਲ ਪੋਠੋਹਾਰ ਵਿਚ ਇਕ ਨਵੀਂ ਲਹਿਰ ਚਲ ਪਈ। ਇਸ ਲਹਿਰ ਦੇ ਪਿਛੇ ਮਾਤਾ ਲਡਿਕੀ ਦਾ ਉਹ ਉਪਦੇਸ਼ ਸੀ ਜੋ ਉਸ ਨੇ ਆਪਣੇ ਸਪੁਤ੍ਰ ਨੂੰ ਦਿਤਾ। ਮਾਤਾ ਜੀ ਦੇ ਜੀਵਨ ਪਰ ਵਿਚਾਰ ਕਰਨ ਪਰ ਇਹ ਨਤੀਜਾ ਨਿਕਲਦਾ ਹੈ ਕਿ ਮਾਤਾ ਜੀ ਪੁਤਰ ਨੂੰ ਜਿਸ ਸੇਂਚੇ ਵਿਚ ਚਾਹੇ ਢਾਲ ਸਕਦੀ ਹੈ। ਮਾਤਾ ਲਡਿਕੀ ਦੇ ਜੀਵਨ ਤੋਂ ਭਾਰਤ ਦੀਆਂ ਇਸਤਰੀਆਂ ਨੂੰ ਬਹੁਤ ਸਿਖਿਆ ਮਿਲ ਸਕਦੀ ਹੈ।

## ਜੀਵਨ ਬੀਬੀ ਪ੍ਰਧਾਨ ਜੀ

(ਸਪੁਤ੍ਰੀ ਮਹਾਰਾਜਾ ਆਲਾ ਸਿੰਘ ਬਾਨੀ ਰਿ: ਪਟਿਆਲਾ)

ਸਿਖ ਗੁਰੂਆਂ ਦੇ ਪਰਗਟ ਹੋਣ ਤੋਂ ਪਹਿਲਾਂ ਪੰਜਾਬ ਵਿਚ ਕੁੜੀਆਂ ਮਾਰਨ ਦਾ ਪਾਪ ਬਹੁਤ ਹੁੰਦਾ ਸੀ। ਇਸ ਦਾ ਕਾਰਨ ਇਹ ਸੀ ਕਿ ਲੜਕੀ ਵਾਲਿਆਂ ਨੂੰ ਲੜਕੇ ਵਾਲਿਆਂ ਦੇ ਸਾਹਮਣੇ ਨੀਂਵੇ ਹੋਣਾ ਪੈਂਦਾ ਸੀ ਅਤੇ ਉਨਾਂ ਨੂੰ ਬਹੁਤ ਸਾਰਾ ਦਾਜ ਆਦਿਕ ਦੇਣ ਤੋਂ ਇਲਾਵਾ ਉਨਾਂ ਦੀਆਂ ਹਰ ਪ੍ਰਕਾਰ ਦੀਆਂ ਨਾਜ਼ ਬਰਦਾਰੀਆਂ ਕਰਨੀਆਂ ਪੈਂਦੀਆਂ ਸਨ। ਹੰਕਾਰੀ ਪੁਰਸ਼ ਇਸ ਵਿਚ ਆਪਣੀ ਹੇਠੀ ਅਨ–ਭਵ ਕਰਦੇ ਸਨ। ਇਹ ਆਮ ਭਰਮ ਜਿਥੇ ਈਸ਼ਵਰ ਦੀ ਮਰਜ਼ੀ ਵਿਰੁਧ ਖੁਲੀ ਬਗਾਵਤ ਸੀ ਉਥੇ ਇਕ ਮਾਸੂਮ ਜਿੰਦੜੀ ਨੂੰ ਜੰਮਦਿਆਂ ਹੀ ਮਾਰ ਦੇਣਾ ਘੋਰ ਅਪਰਾਧ ਭੀ ਸੀ ਇਸ ਕਰਕੇ ਸਤਿਗੁਰੂਆਂ ਨੇ ਇਸ ਪਾਪ ਕਰਮ ਵਿਰੁਧ ਜ਼ੋਰਦਾਰ ਆਵਾਜ਼ ਉਠਾਈ। ਅਤੇ ਸਿਖਾਂ ਨੂੰ ਕੁੜੀਮਾਰਾਂ ਦਾ ਭਾਈਚਾਰਕ ਤੌਰ ਪਰ

Digitized by Panjab Digital Library | www.panjabdigilib.org

ਬਾਈਕਾਟ ਕਰਨ ਦਾ ਹੁਕਮ ਦਿਤਾ।

ਸਿਖ ਧਰਮ ਦੇ ਪ੍ਰਚਾਰ ਦਾ ਸਦਕਾ ਇਹ ਪਾਪ ਬੰਦ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸ੍ਰੀ ਆਸਾ ਜੀ ਦੀ ਵਾਰ ਵਿਚ ਇਸਤ੍ਰੀ ਦੀ ਨਿੰਦਾ ਕਰਨ ਵਾਲਿਆ ਨੂੰ ਤਾੜਨਾ ਕਰਦਿਆਂ ਹੋਇਆ ਫੁਰਮਾਇਆ ਹੈ, "**ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨ**" ਕਿਤਨੀ ਮੂਰਖਤਾ ਭਰੀ ਗਲ ਹੈ ਕਿ ਇਸਤਰੀ ਦੇ ਪੇਟ ਤੋਂ ਪੈਦਾ ਹੋ ਕੇ ਮਨੁਖ ਉਸ ਦੀ ਨਿੰਦਾ ਕਰੇ ਤੇ ਉਸਨੂੰ ਆਪਣੇ ਤੋਂ ਨੀਚ ਸਮਝੇ। ਕੁੜੀਆਂ ਮਾਰਨ ਦਾ ਬੁਰਾ ਨਤੀਜਾ ਇਹ ਨਿਕਲਦਾ ਹੈ ਕਿ ਸੰਸਾਰ ਦੀ ਉਤਪਤੀ ਵਿਚ ਵਿਘਨ ਪੈ ਜਾਂਦਾ ਹੈ। ਜਿਹੜੀਆਂ ਕੰਨਿਆਂ ਜ਼ਾਲਮ ਮਾਪਿਆਂ ਨੇ ਜੰਮਦੀਆਂ ਹੀ ਮਾਰ ਦਿਤੀਆਂ ਕੌਣ ਕਹਿ ਸਕਦਾ ਹੈ ਕਿ ਉਨਾਂ ਦੇ ਪੇਟ ਤੋਂ ਕਿਤਨੇ ਸੂਰਬੀਰ, ਬਹਾਦਰ, ਤੇ ਮਹਾਂਪੁਰਖਾਂ ਨੇ ਜਨਮ ਲੈਣਾ ਸੀ ਅਤੇ ਉਨਾਂ ਦੇ ਇਸ ਸੰਸਾਰ ਵਿਚ ਨਾ ਆਉਣ ਕਰਕੇ ਮਨੁਖਤਾ ਨੂੰ ਕਿਤਨਾ ਘਾਟਾ ਪਿਆ। ਸਾਡਾ ਭਾਵ ਇਹ ਪਰਗਟ ਕਰਨਾ ਹੈ ਕਿ ਜਿਸ ਬੀਬੀ ਪ੍ਰਧਾਨ ਦਾ ਅਸੀਂ ਜੀਵਨ ਬਿਰਤਾਂਤ ਲਿਖਣ ਲਗੇ ਹਾਂ ਇੰਨਾਂ ਦੀ ਸਤਿਕਾਰ ਯੋਗ ਮਾਤਾ ਜੀ ਅਤੇ ਮਹਾਰਾਜਾ ਆਲਾ ਸਿੰਘ ਜੀ ਬਾਨੀ–ਇ–ਰਿਆਸਤ ਪਟਿਆਲਾ ਦੀ ਧਰਮ ਪਤਨੀ ਮਾਈ ਫਤਹਿ ਕੌਰ (ਫੱਤੋ) ਨੂੰ ਭੀ ਉਨਾਂ ਦੇ ਮਾਪਿਆਂ ਨੇ ਮਿਟੀ ਦੇ ਮੇਪ ਵਿਚ ਪਾ ਕੇ ਜ਼ਮੀਨ ਵਿਚ ਦਬ ਦਿਤਾ ਸੀ ਪ੍ਰੰਤੂ ਗੁਰੂ ਘਰੋਂ ਵਰੋਸਾਇ ਹੋਇ ਭਾਈ ਭਗਤੂ ਦੇ ਖਾਨਦਾਨ ਦੇ ਰਤਨ ਭਾਈ ਦਿਆਲ ਸਿੰਘ ਜੀ ਅਚਾਨਕ ਹੀ ਇਸ ਨਗਰ ਵਿਚ ਆ ਗਏ ਅਤੇ ਉਨ੍ਹਾਂ ਨੇ ਪਿੰਡ ਕਾਲੇ ਕੇ ਦੇ ਚੌਧਰੀ ਮਲੂਕਾ ਦੇ ਘਰ ਪਰਸ਼ਾਦ ਛਕਣ ਤੋਂ ਇਨਕਾਰ ਕਰ ਦਿਤਾ।

ਚੌਧਰੀ ਮਲੂਕਾ ਨੇ ਇਸ ਦਾ ਕਾਰਨ ਪੁਛਿਆ ਤਾਂ ਭਾਈ ਦਿਆਲ ਸਿੰਘ ਨੇ ਕਿਹਾ ਤੁਸੀਂ ਅਪਣੀ ਕੰਨਿਆ ਨੂੰ ਜੰਮਦਿਆ ਹੀ ਜ਼ਮੀਨ ਵਿਚ ਦਬ ਦੇਣ ਦਾ ਘੋਰ ਅਪਰਾਧ ਕੀਤਾ ਹੈ ਇਸ ਕਰ ਕੇ ਅਸੀਂ ਤੁਹਾਡੇ ਘਰੋਂ ਪਰਸ਼ਾਦ ਨਹੀਂ ਛਕ ਸਕਦੇ। ਚੌਧਰੀ ਨੂੰ ਇਹ ਗਲ ਸੁਣ ਕੇ ਬਹੁਤ ਅਫਸੋਸ ਹੋਇਆ। ਭਾਈ ਸਾਹਿਬ ਦੇ ਹੁਕਮ ਅਨਸਾਰ ਉਨਾਂ ਨੇ ਉਹ ਥਾਂ ਪਟੀ ਜਿਥੇ ਲੜਕੀ ਦਬੀ ਹੋਈ ਸੀ ਤਾਂ ਵਾਹਿਗੁਰੂ ਦੀ ਅਪਾਰ ਕ੍ਰਿਪਾ ਦਾ ਸਦਕਾ ਲੜਕੀ ਜਿਉਂਦੀ ਨਿਕਲ ਆਈ। ਜਦ ਉਨਾਂ ਨੇ ਜ਼ਮੀਨ ਪੁਟ ਕੇ ਮੇਪ ਕਢਿਆ ਤਾਂ ਲੜਕੀ ਪੈਰ ਦਾ ਅੰਗੂਠਾ ਚੂਸਣ ਲਗੀ ਹੋਈ ਸੀ।

ਸੰਤ ਬਾਬਾ ਦਿਆਲ ਸਿੰਘ ਜੀ ਨੇ ਫੁਰਮਾਇਆ ਇਹ ਲੜਕੀ ਬੜੇ ਭਾਗਾਂ ਵਾਲੀ ਹੋਵੇਗੀ ਤੇ ਇਸ ਦੀ ਸੰਤਾਨ ਬੜੀ ਧਰਮਾਤਮਾ ਹੋਵੇਗੀ। ਆਪ ਦੇ ਹੁਕਮ ਅਨਸਾਰ ਲੜਕੀ ਦਾ ਨਾਮ ਫਤਹਿ ਕੌਰ (ਫੱਤੋ) ਰਖਿਆ ਗਿਆ। ਜਦ ਇਹ ਲੜਕੀ ਜਵਾਨ ਹੋਈ ਤਾਂ ਇਸ ਦਾ ਅਨੰਦ ਕਾਰਜ ਉਸ ਸਮੇਂ ਦੇ ਮਹਾਨ ਪ੍ਰਤਾਪੀ ਸੂਰਬੀਰ ਜਰਨੈਲ ਮਹਾਰਾਜਾ ਆਲਾ ਸਿੰਘ ਨਾਲ ਹੋਇਆ। ਮਾਈ ਫਤਹਿ ਕੌਰ ਬਹੁਤ ਸਿਆਣੀ, ਨੀਤੀ ਨਿਪੁੰਨ, ਤੇ ਸ਼ੁਭ ਗੁਣਾ ਲੰਕ੍ਰਿਤ ਇਸਤ੍ਰੀ ਸੀ। ਮਹਾਰਾਜਾ ਆਲਾ ਸਿੰਘ ਜੀ ਨੂੰ ਆਪਣੇ ਜੀਵਨ ਵਿਚ ਜੋ ਮਹਾਨ ਸਫਲਤਾਵਾਂ ਪ੍ਰਾਪਤ ਹੋਈਆਂ ਉਨਾਂ ਵਿਚ ਆਪ ਦੀ ਯੋਗ ਸੁਪਤਨੀ ਬੀਬੀ ਫਤਹਿ ਕੌਰ ਦਾ ਬਹੁਤ ਵਡਾ ਹਿਸਾ ਸੀ।

ਮਾਈ ਫਤਹਿ ਕੌਰ ਭਾਈ ਭਗਤੂ ਦੇ ਖਾਨਦਾਨ ਦੇ ਮਹਾਂਪੁਰਖਾਂ ਦਾ ਬਹੁਤ ਸਤਿਕਾਰ ਕਰਦੀ ਸੀ ਅਤੇ ਉਨਾਂ ਪਾਸੋਂ ਸਿਖਿਆ ਲੈ ਕੇ ਗੁਰਸਿੱਖੀ ਨਾਲ ਅਗਾਧ ਪਰੇਮ ਰਖਦੀ ਸੀ ਇਸ ਕਰਕੇ ਜਦ

Digitized by Panjab Digital Library | www.panjabdigilib.org

ਮਹਾਰਾਜਾ ਆਲਾ ਸਿੰਘ ਜੀ ਨੂੰ ਖਾਲਸਾ ਦਲ ਦੀ ਸਹਾਇਤਾ ਦੀ ਲੋੜ ਪੈਂਦੀ ਤਾਂ ਆਪ ਮਹਾਰਾਣੀ ਫਤਹਿ ਕੌਰ ਨੂੰ ਖਾਲਸਾ ਦਲ ਪਾਸ ਭੇਜਦੇ। ਖਾਲਸਾ ਦਲ ਮਹਾਰਾਣੀ ਫਤਹਿ ਕੌਰ ਦਾ ਬਹੁਤ ਸਤਿ-ਕਾਰ ਕਰਦਾ ਸੀ ਕਿਉਂਕਿ ਆਪ ਜਿਥੇ ਸਿਖ ਧਰਮ ਨਾਲ ਗੂੜ੍ਹਾ ਪਿਆਰ ਰਖਦੇ ਸਨ ਉਥੇ ਸਿਖ ਧਰਮ ਦੇ ਪ੍ਰਚਾਰ ਲਈ ਬਹੁਤ ਸਾਰਾ ਦਾਨ ਦਿਆ ਕਰਦੇ ਸਨ। ਇਤਹਾਸਕ ਪੁਸਤਕਾਂ ਦਾ ਗਹਿਰਾ ਪੂਰਨ ਪਾਠਕ ਕਰਨ ਤੋਂ ਪਤਾ ਲਗਦਾ ਹੈ ਕਿ ਮਹਾਰਾਜਾ ਆਲਾ ਸਿੰਘ ਜੀ ਨੂੰ ਨਵਾਬ ਕਪੂਰ ਸਿੰਘ ਦੇ ਹਥੋਂ ਠੀਕਰੀਵਾਲੇ ਦੇ ਮਕਾਮ ਪਰ ਅੰਮ੍ਰਿਤ ਪਾਨ ਕਰਾਉਣ ਅਤੇ ਫੂਲਕੀਆ ਖਾਨਦਾਨ ਦਾ ਖਾਲਸਾ ਦਲ ਨਾਲ ਮੇਲ ਜੋਲ ਵਧਾਉਣ ਵਿਚ ਮਹਾਰਾਣੀ ਫਤਹਿ ਕੌਰ ਦਾ ਬਹੁਤਾ ਹਥ ਸੀ। ਕਿਉਂਕਿ ਭਾਈ ਭਗਤੂ ਦੇ ਖਾਨਦਾਨ ਦਾ ਖਾਲਸਾ ਦਲ ਵਿਚ ਉਸ ਸਮੇਂ ਬਹੁਤ ਸਤਿਕਾਰ ਤੇ ਮਾਣ ਸੀ ਇਸ ਲਈ ਇਸ ਖਾਨ-ਦਾਨ ਦੇ ਬਜ਼ੁਰਗਾਂ ਰਾਹੀ ਮਹਾਰਾਣੀ ਫਤਹਿ ਕੌਰ ਫੂਲ ਬੰਸ ਦਾ ਪੰਥ ਨਾਲ ਮੇਲ ਜੋਲ ਵਧਾਉਣ ਦਾ ਹਰ ਸਮੇਂ ਖਿਆਲ ਰਖਦੇ ਸਨ।

ਮਹਾਰਾਣੀ ਫਤਹਿ ਕੌਰ (ਫ਼ੱਤੋ) ਦੀ ਕੁਖ ਤੋਂ ਤਿੰਨ ਸਪੁਤ੍ਰ ਟਿੱਕਾ ਸਰਦੂਲ ਸਿੰਘ, ਕੰਵਰ ਭੂਮੀਆ ਸਿੰਘ ਤੇ ਕੰਵਰ ਲਾਲ, ਅਤੇ ਇਕ ਸਪੁਤ੍ਰੀ ਬੀਬੀ ਪ੍ਰਧਾਨ ਜੀ ਪੈਦਾ ਹੋਏ। ਬੀਬੀ ਪ੍ਰਧਾਨ ਜੀ ਦਾ ਸਾਰਾ ਜੀਵਨ ਧਰਮ ਪ੍ਰਚਾਰ, ਵਿਦਿਆ ਦੀ ਬ੍ਰਿਧੀ ਕਰਨ ਤੇ ਸਤਿ ਸੰਗਤ ਕਰਦਿਆਂ ਹੋਇਆਂ ਬਤੀਤ ਹੋਇਆ ਇਸ ਕਰਕੇ ਆਪ ਦਾ ਸੰਖੇਪ ਜੀਵਨ ਲਿਖਣਾ ਜ਼ਰੂਰੀ ਸਮਝਿਆ ਗਿਆ ਹੈ।

ਬੀਬੀ ਪ੍ਰਧਾਨ ਦਾ ਜਨਮ ਮਹਾਰਾਣੀ ਫਤਹਿ ਕੌਰ ਦੀ ਕੁਖ ਤੋਂ ਪਿੰਡ ਭਦੌੜ ਵਿਖੇ ੧੭੮੮ ਬਿ: ਵਿਚ ਹੋਇਆ। ਮਹਾਰਾਜਾ ਆਲਾ ਸਿੰਘ ਦੇ ਘਰ ਆਪ ਇਕੱਲੇ ਸਪੁਤ੍ਰੀ ਜੀ ਸਨ ਇਸ ਕਰ ਕੇ ਆਪ ਦੀ ਪਰਵਰਸ਼ ਬੜੇ ਲਾਡ ਪਿਆਰ ਨਾਲ ਹੋਈ। ਉਸ ਸਮੇਂ ਦੇ ਵਿਦਿਆ ਪਰਾਪਤ ਕਰਨ ਦੇ ਸਾਧਨਾਂ ਅਨੁਸਾਰ ਬੀਬੀ ਪ੍ਰਧਾਨ ਜੀ ਦੀ ਵਿਦਿਆ ਦਾ ਉਚੇਚਾ ਪ੍ਰਬੰਧ ਕੀਤਾ ਗਿਆ। ਬੀਬੀ, ਟਿੱਕਾ ਸਰਦੂਲ ਸਿੰਘ ਤੋਂ ਛੋਟੇ ਅਤੇ ਕੰਵਰ ਭੂਮੀਆ ਸਿੰਘ ਤੋਂ ਵਡੇ ਸਨ। ਮਹਾਰਾਣੀ ਫਤਹਿ ਕੌਰ ਦਾ ਬੀਬੀ ਪ੍ਰਧਾਨ ਨੂੰ ਵਿਦਵਾਨ ਤੇ ਸਰਬਗੁਣ ਸੰਮੰਨ ਬਨਾਉਣ ਵਲ ਵਸ਼ੇਸ਼ ਧਿਆਨ ਸੀ। ਇਸ ਕਰ ਕੇ ਮਾਤਾ ਪਿਤਾ ਵਲੋਂ ਕੀਤੇ ਗਏ ਖਾਸ ਯਤਨਾਂ ਦਵਾਰਾ ਬੀਬੀ ਪ੍ਰਧਾਨ ਜੀ ਬੜੇ ਵਿਦਵਾਨ ਹੋ ਗਏ।

ਜਦ ਬੀਬੀ ਜੀ ਵਰ ਪ੍ਰਾਪਤੀ ਦੇ ਯੋਗ ਹੋਇ ਤਾਂ ਸਾਰੇ ਪੰਜਾਬ ਵਿਚੋਂ ਵਰ ਦੀ ਢੂੰਡ ਭਾਲ ਹੋਣ ਲਗੀ। ਬੀਬੀ ਜੀ ਦੀ ਭੂਆ ਰਾਮ ਕੌਰ ਜੀ ਬਾਬਾ ਬੁਢਾ ਜੀ ਦੇ ਖਾਨਦਾਨ ਵਿਚ ਰਾਮਦਾਸ (ਜ਼ਿਲਾ ਅੰਮ੍ਰਿਤਸਰ) ਵਿਆਹੇ ਹੋਏ ਸਨ ਇਸ ਕਰਕੇ ਉਨਾਂ ਨੇ ਜ਼ੋਰ ਦਿਤਾ ਕਿ ਬੀਬੀ ਪਰਧਾਨ ਦਾ ਨਾਤਾ ਇਸ ਖਾਨਦਾਨ ਦੇ ਹੋਣਹਾਰ ਨੌਜਵਾਨ ਸ੍ਰ: ਸ਼ਾਮ ਸਿੰਘ ਜੀ ਨਾਲ ਕੀਤਾ ਜਾਵੇ। ਭਾਈ ਭਗਤੂ ਦੇ ਖਾਨਦਾਨ ਦੇ ਬਜ਼ੁਰਗ ਭਾਈ ਦਿਆਲ ਸਿੰਘ ਜੀ ਉਸ ਸਮੇਂ ਮਹਾਰਾਜਾ ਆਲਾ ਸਿੰਘ ਜੀ ਦੇ ਧਾਰਮਕ ਸਲਾਹਕਾਰ ਹੁੰਦੇ ਸਨ ਇਸ ਕਰਕੇ ਉਨਾਂ ਦੀ ਸੰਮਤੀ ਲਈ ਗਈ ਤਾਂ ਉਨਾਂ ਨੇ ਭੀ ਮਾਤਾ ਰਾਮ ਕੌਰ ਦੇ ਪ੍ਰਸਤਾਵ ਦੀ ਤਾਈਦ ਕਰ ਦਿਤੀ।

ਇਸ ਫੈਸਲੇ ਅਨੁਸਾਰ ਬੀਬੀ ਪ੍ਰਧਾਨ ਦਾ ਅਨੰਦ ਕਾਰਜ ਬਾਬਾ ਬੁਢਾ ਜੀ ਦੇ ਪ੍ਰਸਿਧ ਖਾਨਦਾਨ ਵਿਚ ਸ੍ਰ: ਸ਼ਾਮ ਸਿੰਘ ਜੀ ਨਾਲ ਹੋਇਆ। ਇਸ ਅਨੰਦ ਕਾਰਜ ਹੋਣ ਤੋਂ ਇਹ ਗਲ ਭੀ ਸਿਧ ਹੁੰਦੀ ਹੈ ਕਿ ਉਸ ਸਮੇਂ ਉਨਾਂ ਖਾਨਦਾਨਾਂ ਦੀ ਬਹੁਤ ਇਜ਼ਤ ਸੀ ਜੋ ਗੁਰਸਿਖੀ ਵਿਚ ਪ੍ਰਪਕ ਸਨ ਅਤੇ ਜਿਨ

Digitized by Panjab Digital Library | www.panjabdigilib.org

ਦਾ ਸਿਖ ਧਰਮ ਦੇ ਨਾਲ ਦੇਰ ਤੋਂ ਸਬੰਧ ਤੁਰਿਆ ਆਉਂਦਾ ਸੀ। ਬਾਬਾ ਬੁਢਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੇਂ ਪਾਤਸ਼ਾਹ ਜੀ ਤਕ ਗੁਰਗਦੀ ਦਾ ਤਿਲਕ ਦਿੰਦੇ ਰਹੇ ਅਤੇ ਸਿਖ ਪੰਥ ਵਿਚ ਸਤਿਕਾਰ ਦੀਆਂ ਨਜ਼ਰਾਂ ਨਾਲ ਵੇਖੇ ਜਾਂਦੇ ਸਨ ਇਸ ਕਰ ਕੇ ਮਹਾਰਾਜਾ ਆਲਾ ਸਿੰਘ ਜੀ ਨੇ ਬੀਬੀ ਪਰਧਾਨ ਦਾ ਨਾਤਾ ਇਸ ਖਾਨਦਾਨ ਵਿਚ ਕਰਨਾ ਯੋਗ ਸਮਝਿਆ ਅਤੇ ਆਪਣੇ ਵਲੋਂ ਬਹੁਤ ਸਾਰਾ ਧਨ ਭੀ ਦਿਤਾ।

ਬੀਬੀ ਪਰਧਾਨ ਦੀ ਕੁਖ ਤੋਂ ਇਕ ਸਪੁਤ੍ਰ ਉਤਪਨ ਹੋਇਆ ਪਰ ਅਕਾਲ ਪੁਰਖ ਦੇ ਭਾਣੇ ਅਨਸਾਰ ਉਹ ਛੋਟੀ ਅਵਸਥਾਂ ਵਿਚ ਹੀ ਗੁਰਪੁਰੀ ਸਿਧਾਰ ਗਿਆ। ਇਸ ਤੋਂ ਥੋਹੜਾ ਚਿਰ ਪਿਛੋਂ ਬੀਬੀ ਜੀ ਦੇ ਪਤੀ ਸ੍ਰ: ਸ਼ਾਮ ਸਿੰਘ ਜੀ ਭੀ ਅਕਾਲ ਚਲਾਣਾ ਕਰ ਗਏ ਜਿਸ ਕਰਕੇ ਬੀਬੀ ਪਰਧਾਨ ਜੀ ਆਪਣੇ ਮਾਤਾ ਪਿਤਾ ਪਾਸ ਬਰਨਾਲੇ ਆਕੇ ਰਹਿਣ ਲਗੇ। ਬੀਬੀ ਪਰਧਾਨ ਦੀਆਂ ਰੁਚੀਆਂ ਬਚਪਨ ਤੋਂ ਹੀ ਧਾਰਮਕ ਸਨ ਅਤੇ ਆਪ ਸੰਸਾਰਕ ਸੁਖਾਂ ਨਾਲੋਂ ਆਤਮਕ ਆਨੰਦ ਨੂੰ ਬਹੁਤ ਮਹਾਨਤਾ ਦਿੰਦੇ ਸਨ। ਸਿਖ ਧਰਮ ਦੇ ਰਵਾਜ ਅਨੁਸਾਰ ਬੀਬੀ ਜੀ ਦੀ ਦੂਜੀ ਸ਼ਾਦੀ ਕਰ ਸਕਦੇ ਸਨ ਪ੍ਰੰਤੂ ਉਨਾਂ ਨੇ ਮਾਤ ਪਿਤਾ ਨੂੰ ਕਹਿ ਦਿਤਾ ਕਿ ਮੈਂ ਬਾਕੀ ਦਾ ਜੀਵਨ ਧਾਰਮਕ ਵਿਦਿਆ ਪ੍ਰਚਾਰਨ ਤੇ ਪਰਉਪਕਾਰ ਦੇ ਕੰਮਾਂ ਵਿਚ ਲਗਾਕੇ ਬਿਤਾਉਣਾ ਚਾਹੁੰਦੀ ਹਾਂ। ਮੇਰਾ ਇਰਾਦਾ ਦੁਬਾਰਾ ਗ੍ਰਿਹਸਤ ਦੇ ਝੰਜਟਾਂ ਵਿਚ ਫਸਣ ਦਾ ਨਹੀਂ। ਅਸਲ ਵਿਚ ਬੀਬੀ ਜੀ ਦੇ ਕੋਮਲ ਹਿਰਦੇ ਪਰ ਸਪੁਤ੍ਰ ਤੇ ਪਤੀ ਦੀ ਮੌਤ ਦੇ ਗਹਿਰੇ ਘਾਉ ਲਗ ਚੁਕੇ ਸਨ ਜਿਸ ਕਰਕੇ ਵਿਚਾਰਵਾਨ ਬੀਬੀ ਜੀ ਨੇ ਸੰਸਾਰ ਦੇ ਦੁਖਾਂ ਵਿਚ ਮੁੜਕੇ ਫਸਣ ਤੋਂ ਇਨਕਾਰ ਕਰ ਦਿਤਾ।

ਮਹਾਰਾਜਾ ਆਲਾ ਸਿੰਘ ਜੀ ਅਤੇ ਮਹਾਰਾਣੀ ਫਤਹਿ ਕੌਰ ਨੂੰ ਬੀਬੀ ਪ੍ਰਧਾਨ ਦੇ ਵਿਧਵਾ ਹੋਣ ਨਾਲ ਸੱਖਤ ਸਦਮਾ ਪਹੁੰਚਿਆ ਪਰ ਵਾਹਿਗੁਰੂ ਨੂੰ ਏਵੇਂ ਭਾਉਂਦਾ ਸੀ ਕਿ ਬੀਬੀ ਪ੍ਰਧਾਨ ਜੀ ਹੁਣ ਪਰਉਪਕਾਰ ਦੇ ਕੰਮਾ ਵਿਚ ਲਗਣ ਇਸ ਕਰਕੇ ਅਕਾਲ ਪੁਰਖ ਦੇ ਅਮਿਟ ਭਾਣੇ ਨੂੰ ਕੌਣ ਮੇਟ ਸਕਦਾ ਸੀ। ਬੀਬੀ ਜੀ ਦਾ ਰੁਝਾਨ ਧਾਰਮਕ ਕੰਮਾਂ ਵਲ ਵੇਖਕੇ ਮਹਾਰਾਜਾ ਸਾਹਿਬ ਨੇ ਆਪ ਦੇ ਨਾਮ ੩੦੦੦੦ ਤੀਹ ਹਜ਼ਾਰ) ਰੁਪਇਆ ਸਾਲਾਨਾ ਦੀ ਜਾਗੀਰ ਲਗਾ ਦਿੱਤੀ।

ਬੀਬੀ ਜੀ ਨੇ ਆਪਣਾ ਜੀਵਨ ਭਜਨ ਪਾਠ ਤੇ ਧਾਰਮਕ ਗ੍ਰੰਥਾਂ ਦੇ ਪਾਠ ਵਿਚ ਬਿਤਾਉਣਾ ਸ਼ੁਰੂ ਕਰ ਦਿਤਾ। ਜਾਗੀਰ ਵਿਚੋਂ ਸਦਾ ਜੀਵਨ ਦੀਆਂ ਘਟ ਤੋਂ ਘਟ ਲੋੜਾ ਪੂਰੀਆ ਕਰਕੇ ਜੋ ਰਕਮ ਬਚ ਰਹਿੰਦੀ ਉਹ ਬੀਬੀ ਜੀ ਧਾਰਮਕ ਕੰਮਾਂ ਪਰ ਖਰਚ ਕਰ ਦਿੰਦੇ। ਬੀਬੀ ਜੀ ਨੂੰ ਹੋਰ ਧਾਰਮਕ ਸਿਖਿਆ ਦੇਣ ਲਈ ਮਹਾਰਾਜਾ ਆਲਾ ਸਿੰਘ ਜੀ ਨੇ ਕਿਸੇ ਐਸੇ ਮਹਾਪੁਰਖ ਦੀ ਭਾਲ ਕੀਤੀ ਜੋ ਬੀਬੀ ਜੀ ਦੇ ਪਾਸ ਰਹਿਕੇ ਉਨ੍ਹਾਂ ਨੂੰ ਧਰਮ ਮਾਰਗ ਪਰ ਤੁਰਨ ਵਿਚ ਸਹਾਇਤਾ ਦੇ ਸਕੇ ਅਤੇ ਗੁਰ ਸਿਖਾਂ ਵਾਲਾ ਸਾਤਵਕ ਜੀਵਨ ਬਤੀਤ ਕਰਨ ਦੀ ਜਾਚ ਸਿਖਾ ਸਕੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਂਗਰੀ ਭਾਈ ਹਰੀ ਸਿੰਘ ਦਾ ਸੇਵਕ ਭਾਈ ਨਿੱਕਾ ਸਿੰਘ ਬੜਾ ਵਿਦਵਾਨ ਸੀ। ਉਸਨੂੰ ਸੰਸਕ੍ਰਿਤ ਵਿਦਿਆਂ ਦਾ ਭੀ ਬਹੁਤ ਅਭਿਆਸ ਸੀ ਅਤੇ ਗੁਰਮਤ ਤੋਂ ਪੂਰਨ ਤੌਰ ਪਰ ਜਾਣੂ ਸੀ। ਭਾਈ ਨਿਕਾ ਸਿੰਘ ਜੀ ਉਸ ਸਮੇਂ ਪਿੰਡ ਹਰੀਕਾ ਤਹਿਸੀਲ ਕਸੂਰ ਵਿਚ ਰਹਿੰਦੇ ਸਨ।

Digitized by Panjab Digital Library | www.panjabdigilib.org

ਆਪ ਜੀ ਨੂੰ ਬਰਨਾਲੇ ਲਿਆਂਦਾ ਗਿਆ ਤੇ ਬੀਬੀ ਪ੍ਰਧਾਨ ਜੀ ਨੂੰ ਧਾਰਮਕ ਸਿਖਿਆ ਦੇਣ ਪਰ ਨੀਯਤ ਕੀਤਾ ਗਿਆ।

ਭਾਈ ਨਿੱਕਾ ਸਿੰਘ ਜੀ ਲਈ ਬਰਨਾਲੇ ਵਿਚ ਰਹਿਣ ਵਾਸਤੇ ਪ੍ਰਬੰਧ ਕਰਨਾ ਜ਼ਰੂਰੀ ਸੀ। ਉਨ੍ਹਾ ਪਾਸ ਹੋਰ ਸਤਿ ਸੰਗੀ ਭੀ ਰਹਿੰਦੇ ਸਨ ਇਸ ਕਰਕੇ ਭਾਈ ਨਿੱਕਾ ਸਿੰਘ ਜੀ ਵਾਸਤੇ ਇਕ ਖਾਸ ਧਰਮ ਸਾਲਾ ਬਣਵਾਈ ਗਈ ਜੋ ਹੁਣ ਬਰਨਾਲੇ ਵਿਚ ਡੇਰਾ ਬਾਬਾ ਗਾਧਾ ਸਿੰਘ ਦੇ ਨਾਮ ਨਾਲ ਪ੍ਰਸਿਧ ਹੈ।

ਬਰਨਾਲਾ ਦੇ ਡੇਰੇ ਵਿਚ ਜਿਥੇ ਭਾਈ ਨਿਕਾ ਸਿੰਘ ਜੀ ਰਹਿੰਦੇ ਸਨ ਇਕ ਬਾਰਾਦਰੀ ਬਣਾਈ ਜਿਸ ਵਿਚ ਹਰ ਰੋਜ਼ ਕਥਾ ਹੋਇਆ ਕਰਦੀ ਸੀ। ਬੀਬੀ ਪ੍ਰਧਾਨ ਜੀ ਭੀ ਕਥਾ ਸੁਣਨ ਆਇਆ ਕਰਦੇ ਸਨ ਅਤੇ ਹੋਰ ਬਹੁਤ ਸਾਰੇ ਸਤਿ ਸੰਗੀ ਲਾਭ ਉਠਾਇਆ ਕਰਦੇ ਸਨ। ਭਾਈ ਨਿਕਾ ਸਿੰਘ ਜੀ ਪਟਿਆਲੇ ਭੀ ਜਾਇਆ ਕਰਦੇ ਸਨ ਇਸ ਕਰਕੇ ਉਥੇ ਭੀ ਉਨ੍ਹਾਂ ਦੇ ਠਹਿਰਣ ਵਾਸਤੇ ਇਕ ਧਰਮ ਸਾਲਾ ਬਣਵਾਈ ਗਈ। ਭਾਈ ਸਾਹਿਬ ਦੀ ਵਿਦਵਤਾ ਦੀ ਉਸ ਸਮੇ ਧਾਕ ਪਈ ਹੋਈ ਸੀ ਇਸ ਕਰਕੇ, ਜਗਰਾਵਾ ਰਾਇਕੋਟ ਤੇ ਮਲੇਰਕੋਟਲਾ ਆਦਿਕ ਵਿਚ ਭੀ ਆਪ ਦੇ ਡੇਰੇ ਦੀਆਂ ਸ਼ਾਖਾ ਕਾਇਮ ਹੋ ਗਈਆਂ। ਇਨ੍ਹਾਂ ਡੇਰਿਆਂ ਦੇ ਨਾਮ ਸਿੱਖ ਸਰਦਾਰਾਂ ਨੇ ਜ਼ਮੀਨਾ ਲਗਵਾਈਆਂ ਅਤੇ ਭਾਈ ਨਿੱਕਾ ਸਿੰਘ ਜੀ ਨੇ ਆਪਣੀ ਜੱਦੀ ਜਾਇਦਾਦ ੨੫੦ ਘੁਮਾ ਜ਼ਮੀਨ ਭੀ ਬਰਨਾਲੇ ਵਾਲੇ ਡੇਰੇ ਦੇ ਨਾਮ ਲਗਵਾ ਦਿੱਤੀ ਸੀ।*

ਉਪਰ ਲਿਖੀ ਵਾਰਤ ਤੋਂ ਪ੍ਰਗਟ ਹੈ ਕਿ ਭਾਈ ਨਿੱਕਾ ਸਿੰਘ ਦੂਜਿਆਂ ਦੇ ਦਾਨ ਪਰ ਪਲਨ ਵਾਲੇ ਨਹੀਂ ਸਨ ਸਗੋਂ ਉਨ੍ਹਾ ਨੇ ਆਪਣੀ ਜਾਇਦਾਦ ਭੀ ਦਾਨ ਕਰ ਦਿਤੀ। ਕਈ ਹੋਰ ਮਹਾਂ ਪੁਰਖ ਧਾਰਮਕ ਕੰਮਾ ਵਿਚ ਬੀਬੀ ਪ੍ਰਧਾਨ ਜੀ ਦੇ ਸਲਾਹਕਾਰ ਹੁੰਦੇ ਸਨ। ਉਪਰ ਦਸ ਆਏ ਹਾਂ ਕਿ ਬੀਬੀ ਜੀ ਦੇ ਪਿਤਾ ਜੀ ਨੇ ਜੋ ਤੀਹ ਹਜ਼ਾਰ ਰੁਪਇਆ ਸਾਲਾਨਾ ਜਾਗੀਰ ਲਗਾਈ ਸੀ ਬੀਬੀ ਪ੍ਰਧਾਨ ਜੀ ਉਸਨੂੰ ਧਾਰਮਕ ਕੰਮਾਂ ਪਰ ਖਰਚ ਕਰਦੇ ਹੁੰਦੇ ਸਨ।

ਬੀਬੀ ਜੀ ਦੇ ਇਕ ਸਲਾਹਕਾਰ ਪੰ: ਸੁਖਾ ਸਿੰਘ ਜੀ ਸਨ। ਆਪ ਜੀ ਦੀ ਸਲਾਹ ਅਨੁਸਾਰ ਬੀਬੀ ਪ੍ਰਧਾਨ ਤਿੰਨ ਪ੍ਰਕਾਰ ਦੇ ਸਦਾ ਬਰਤ ਜਾਰੀ ਕੀਤੇ ਜਿਨ੍ਹਾਂ ਤੋਂ ਪ੍ਰਗਟ ਹੁੰਦਾ ਹੈ ਕਿ ਪ੍ਰਉਪਕਾਰ ਦੇ ਕੰਮਾ ਵਿਚ ਬੀਬੀ ਜੀ ਨੂੰ ਕਿਤਨੀ ਖੁਸ਼ੀ ਅਨਭਵ ਹੁੰਦੀ ਸੀ। ਸਦਾ ਵਰਤ ਦਾ ਪਹਿਲਾ ਦਰਜਾ ਉਹ ਹੁੰਦਾ ਸੀ ਜਿਸ ਵਿਚ ਹਰ ਰੋਜ਼ ੬੦-੭੦ ਮਹਾਤਮਾ ਪੁਰਸ਼ ਪ੍ਰਮਾਰਥ ਦੇ ਖੋਜੀ ਹੁੰਦੇ ਸਨ ਪ੍ਰਸਾਦ ਛਕਿਆ ਕਰਦੇ ਸਨ। ਇਨ੍ਹਾਂ ਦੀ ਰਿਹਾਇਸ਼ ਤੇ ਕਪੜੇ ਆਦਿਕ ਦਾ ਭੀ ਮੁਕੰਮਲ ਪ੍ਰਬੰਧ ਕੀਤਾ ਜਾਂਦਾ

---

*ਭਾਈ ਨਿਕਾ ਸਿੰਘ ਜੀ ਤੋਂ ਪੰਜਵੀ ਪੁਸ਼ਤ ਵਿਚ ਇਸ ਡੇਰੇ ਦੇ ਮਹੰਤ ਗਾਧਾ ਸਿੰਘ ਜੀ ਸਨ ਜਿਨ੍ਹਾਂ ਨੇ ੧੯੬੦ ਦੇ ਕਾਲ ਸਮੇਂ ਅਨਾਜ ਆਦਿ ਨਾਲ ਗਰੀਬਾ ਦੀ ਬਹੁਤ ਸਹਾਇਤਾ ਕੀਤੀ ਇਸ ਕਰਕੇ ਇਨ੍ਹਾਂ ਦੀ ਬਹੁਤ ਮਸ਼ਹੂਰੀ ਹੋਈ ਅਤੇ ਡੇਰੇ ਦਾ ਨਾਮ ਗਾਧਾ ਸਿੰਘ ਵਾਲਾ ਡੇਰਾ ਪ੍ਰਸਿਧ ਹੋ ਗਿਆ।

Digitized by Panjab Digital Library | www.panjabdigilib.org

ਸੀ। ਇਹ ਸਾਰੇ ਬਿਹੰਗਮ ਭਾ: ਨਿਕਾ ਸਿੰਘ ਜੀ ਪਾਸੋਂ ਕਥਾ ਸਰਵਣ ਕਰਿਆ ਕਰਦੇ ਸਨ ਅਤੇ ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਰਥਾ ਤੋਂ ਜਾਣੂ ਹੋਕੇ ਗੁਰਮਤ ਪ੍ਰਚਾਰ ਦਾ ਯਤਨ ਕਰਦੇ ਸਨ।

ਉਸ ਸਮੇਂ ਮਾਲਵੇ ਵਿਚ ਹਰ ਪਾਸੇ ਅਵਿਦਿਆ ਦਾ ਅੰਧਕਾਰ ਫੈਲਿਆ ਹੋਇਆ ਸੀ। ਵਿਦਿਆ ਪ੍ਰਚਾਰ ਦਾ ਕੋਈ ਸਾਧਨ ਨਹੀਂ ਸੀ । ਅੱਜ ਕਲ ਦੇ ਲੋਕ ਤਾਂ ਉਸ ਵੇਲੇ ਦੀ ਹਾਲਤ ਦਾ ਠੀਕ ਅੰਦਾਜ਼ਾ ਭੀ ਨਹੀਂ ਲਗਾ ਸਕਦੇ ਕਿ ਕਿਵੇਂ ਸੈਂਕੜੇ ਮੀਲਾਂ ਤੱਕ ਕੋਈ ਸਕੂਲ ਤੇ ਕਾਲਜ ਆਦਿਕ ਨਹੀਂ ਹੁੰਦਾ ਸੀ। ਬੀਬੀ ਪ੍ਰਧਾਨ ਨੇ ਇਸ ਘਾਟੇ ਨੂੰ ਅਨੁਭਵ ਕਰਕੇ ਬਰਨਾਲੇ ਵਿਚ ਪੰਜਾਬੀ ਤੇ ਸੰਸਕ੍ਰਿਤ ਦੀ ਪੜ੍ਹਾਈ ਲਈ ਦੋ ਪਾਠਸ਼ਾਲਾ ਖੋਹਲੀਆਂ।

ਜਿਨ੍ਹਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਲੰਗਰ ਦਾ ਪ੍ਰਬੰਧ ਬੀਬੀ ਜੀ ਆਪਣੇ ਪਾਸੋਂ ਕਰਦੇ ਸਨ। ਉਨ੍ਹਾ ਦਾ ਭਾਵ ਇਹ ਸੀ ਕਿ ਇਨ੍ਹਾਂ ਪਾਠਸ਼ਾਲਾ ਵਿਚੋਂ ਪੜ੍ਹਕੇ ਤੇ ਵਿਦਵਾਨ ਬਣਕੇ ਵਿਦਿਆਰਥੀ ਮਾਲਵੇ ਦੇ ਹੋਰ ਪਿੰਡਾਂ ਵਿਚ ਵਿਦਿਆ ਪ੍ਰਚਾਰ ਕਰਨ ਅਤੇ ਇਸ ਪ੍ਰਕਾਰ ਵਿਦਿਆ ਪ੍ਰਚਾਰ ਕਰਕੇ ਇਲਾਕੇ ਵਿਚੋਂ ਅਵਿਦਿਆ ਦਾ ਅੰਧਕਾਰ ਦੂਰ ਕੀਤਾ ਜਾਵੇ।

ਵਿਚਾਰ ਕੇ ਦੇਖਿਆ ਜਾਵੇ ਤਾਂ ਵਿਦਵਾਨ ਇਸਤਰੀ ਪੁਰਸ਼ ਹੀ ਵਿਦਿਆ ਦੇ ਘਾਟੇ ਨੂੰ ਅਨਭਵ ਕਰ ਸਕਦੇ ਹਨ ਇਸ ਕਰਕੇ ਮਹਾਰਾਜਾ ਆਲਾ ਸਿੰਘ ਜੀ ਨੇ ਬੀਬੀ ਪ੍ਰਧਾਨ ਜੀ ਨੂੰ ਵਿਦਵਾਨ ਬਣਾ-ਇਆ ਤਦ ਹੀ ਉਨਾਂ ਨੇ ਵਿਦਿਆ ਦੇ ਘਾਟੇ ਨੂੰ ਅਨਭਵ ਕਰਕੇ ਸਭ ਤੋਂ ਪਹਿਲਾਂ ਇਸ ਇਲਾਕੇ ਵਿਚ ਪਾਠਸ਼ਾਲਾਂ ਖੋਹਲੀਆਂ ਅਤੇ ਵਿਦਿਆ ਪਰਚਾਰ ਦਾ ਬੀੜਾ ਉਠਾਇਆ। ਉਹ ਸਮਾਂ ਐਸਾ ਸੀ ਜਿਸ ਵਿਚ ਮਨੁਖਾਂ ਨੂੰ ਲੜਾਈਆਂ ਤੋਂ ਹੀ ਵੇਹਲ ਨਹੀਂ ਸੀ ਮਿਲਦੀ। ਮਹਾਰਾਜਾ ਆਲਾ ਸਿੰਘ ਜੀ ਦਾ ਸਾਰਾ ਜੀਵਨ ਹੀ ਜਦੋ ਜਹਿਦ ਅਤੇ ਲੜਾਈਆਂ ਵਿਚ ਬੀਤਿਆ। ਅਜੇਹੇ ਸਮੇਂ ਵਿਚ ਵਿਦਿਆ ਪ੍ਰਚਾਰ ਵਲ ਧਿਆਨ ਦੇਣਾ ਬੀਬੀ ਪਰਧਾਨ ਦੇ ਪਰਉਪਕਾਰੀ ਹਿਰਦੇ ਦਾ ਹੀ ਕੰਮ ਸੀ।

ਤੀਜੇ ਦਰਜੇ ਦਾ ਸਦਾ ਬਰਤ ਬੀਬੀ ਪਰਧਾਨ ਵਲੋਂ ਉਹ ਜਾਰੀ ਕੀਤਾ ਗਿਆ ਜਿਸ ਵਿਚ ਮੁਸਾਫਰਾਂ, ਰਈਸਾਂ, ਤੇ ਹਰ ਸ਼ਰੇਣੀ ਦੇ ਲੋਕਾਂ ਨੂੰ ੨੪ ਘੰਟੇ ਪਰਸ਼ਾਦਾ ਮਿਲਦਾ ਸੀ। ਇਸ ਲੰਗਰ ਦੀ ਉਸ ਸਮੇਂ ਬੜੀ ਮਸ਼ਹੂਰੀ ਸੀ ਅਤੇ ਇਸ ਪਰਕਾਰ ਲੰਗਰ ਜਾਰੀ ਕਰਨ ਦੀ ਸਿਖਿਆ ਬੀਬੀ ਪ੍ਰਧਾਨ ਨੇ ਆਪਣੇ ਸਤਿਕਾਰ ਯੋਗ ਮਾਤਾ ਫੱਤੋ ਪਾਸੋਂ ਲਈ ਸੀ ਜੋ ਗੁਰਸਿਖੀ ਦੇ ਅਸੂਲਾਂ ਤੋਂ ਭਲੀ ਪ੍ਰਕਾਵ ਜਾਣੂ ਸਨ। ਇਸ ਤਰਾਂ ਬੀਬੀ ਪਰਧਾਨ ਨੇ ਧਰਮ ਦੇ ਕੰਮਾਂ ਵਿਚ ਵਧ ਚੜ੍ਹਕੇ ਹਿਸਾ ਲਿਆ।

ਵਿਦਵਾਨਾਂ ਤੋਂ ਲਾਭ ਪਰਾਪਤ ਕਰਕੇ ਬੀਬੀ ਪਰਧਾਨ ਜੀ ਪੰਜਾਬੀ ਤੇ ਸੰਸਕ੍ਰਿਤ ਦੇ ਚੰਗੇ ਵਿਦ-ਵਾਨ ਬਣ ਗਏ। ਆਪ ਨੇ ਕਈ ਧਾਰਮਕ ਗਰੰਥਾਂ ਦਾ ਸੰਸਕ੍ਰਿਤ ਤੋਂ ਪੰਜਾਬੀ ਵਿਚ ਅਨੁਵਾਦ ਕੀਤਾ। "ਆਪ ਨੇ "ਵਸ਼ਿਸ਼ਟ ਪੁਰਾਣ" ਦਾ ਭਾਸ਼ਾ ਵਿਚ ਅਨਵਾਦ ਆਪਣੇ ਹਥਾਂ ਨਾਲ ਕੀਤਾ ਜੋ ਅਜ ਕੱਲ ਛਪ ਚੁਕਿਆ ਹੈ। ਆਪ ਨੇ ਇਸੇ ਗਰੰਥ ਦਾ ਪੰਜਾਬੀ ਵਿਚ ਭੀ ਅਨਵਾਦ ਕੀਤਾ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਬੀਬੀ ਜੀ ਕਿਤਨੇ ਮਹਾਨ ਵਿਦਵਾਨ ਸਨ ਤੇ ਪੰਜਾਬੀ ਸਾਹਿਤਯ ਵਿਚ ਵਾਧਾ ਕਰਨ ਦਾ ਆਪ ਨੂੰ ਕਿਤਨਾ ਖਿਆਲ ਰਹਿੰਦਾ ਸੀ।

Digitized by Panjab Digital Library | www.panjabdigilib.org

ਬੀਬੀ ਪ੍ਰਧਾਨ ਜੀ ਦੀ ਪਰੇਰਨਾ ਅਨਸਾਰ ਮਹਾਰਾਜਾ ਆਲਾ ਸਿੰਘ ਜੀ ਨੇ ਪਿੰਡ ਖੁਡੀ ਡੇਰਾ ਬਾਬਾ ਨਿਕਾ ਸਿੰਘ ਜੀ ਦੇ ਨਾਮ ਲਗਵਾਇਆ। ਇਸ ਤੋਂ ਇਲਾਵਾ ਕਈ ਖੂਹ ਆਪ ਨੇ ਪਟਿਆਲੇ ਤੇ ਬਰਨਾਲੇ ਵਾਲੀਆਂ ਧਰਮਸ਼ਾਲਾਂ ਦੇ ਨਾਮ ਲਗਵਾਏ ਜਿੰਨਾਂ ਦੀ ਆਮਦਨੀ ਨਾਲ ਲੰਗਰ ਚਲਦਾ ਸੀ। ਬੀਬੀ ਜੀ ਨੇ ਇਕ ਪੱਟਾ ਲਿਖ ਕੇ ਦਿਤਾ ਸੀ ਕਿ ਇਨਾਂ ਧਾਰਮਕ ਜਾਂਗੀਰਾਂ ਨੂੰ ਕੋਈ ਬੰਦ ਨਾ ਕਰੇ ਜਿਸ ਦਾ ਫਲ ਇਹ ਹੋਇਆ ਕਿ ਡੇਰਾ ਬਾਬਾ ਰਾਮਾ ਸਿੰਘ ਜੀ ਦੇ ਨਾਮ ਇਹ ਜਾਗੀਰਾਂ ਹੁਣ ਤਕ ਲਗੀਆਂ ਹੋਈਆਂ ਹਨ।

ਬੀਬੀ ਪ੍ਰਧਾਨ ਦਾ ਗੁਰਮਤਿ ਨਾਲ ਪਿਆਰ ਇਸ ਗਲ ਤੋਂ ਭੀ ਪਰਗਟ ਹੁੰਦਾ ਹੈ ਕਿ ਆਪ ਨੇ ਇਕ ਵਿਦਵਾਨ ਸਿੱਖ ਬੀਬੀ ਵੀਰੋ ਨੂੰ ਉਸ ਵੇਲੇ ਦੇ ਪ੍ਰਸਿਧ ਸੰਤ ਭਾਈ ਧਰਮ ਸਿੰਘ ਰੰਧਾਵਾ ਠੀਕਰੀ ਵਾਲਾ ਨਾਲ ਅਨੰਦ ਕਾਰਜ ਕਰਾਉਣ ਵਾਸਤੇ ਤਿਆਰ ਕਰ ਲਿਆ ਅਤੇ ਭਾਈ ਧਰਮ ਸਿੰਘ ਨੂੰ ਭੀ ਰਜ਼ਾਮੰਦ ਕਰ ਲਿਆ ਅਤੇ ਇਨਾਂ ਦਾ ਆਨੰਦ ਕਾਰਜ ਕਰਵਾ ਦਿਤਾ।

ਭਾ: ਧਰਮ ਸਿੰਘ ਰੰਧਾਵਾ ਪ੍ਰਸਿਧ ਜਥੇਦਾਰ ਨਵਾਬ ਕਪੂਰ ਸਿੰਘ ਜੀ ਦਾ ਇਤਬਾਰੀ ਸੇਵਕ ਸੀ ਅਤੇ ਠੀਕਰੀ ਵਾਲੇ ਵਿਚ ਰਹਿੰਦਾ ਸੀ। ਇਸ ਸਰਦਾਰ ਨੇ ਮਹਾਰਾਜਾ ਆਲਾ ਸਿੰਘ ਜੀ ਦਾ ਖਾਲਸਾ ਦਲ ਨਾਲ ਮੇਲ ਕਰਾਉਣ ਵਿਚ ਵਧ ਚੜ ਕੇ ਹਿਸਾ ਲਿਆ ਸੀ ਜਿਸ ਕਰਕੇ ਮਹਾਰਾਜਾ ਆਲਾ ਸਿੰਘ ਜੀ ਇਨਾਂ ਦਾ ਬਹੁਤ ਜ਼ਿਆਦਾ ਸਤਿਕਾਰ ਕਰਦੇ ਸਨ ਅਤੇ ਆਜ਼ਮ ਭਾਈ (ਵਡਾ ਭਾਈ) ਆਖ ਕੇ ਬੁਲਾਇਆ ਕਰਦੇ ਸਨ। ਮਹਾਰਾਜਾ ਆਲਾ ਸਿੰਘ ਨੇ ਭਾਈ ਧਰਮ ਸਿੰਘ ਜੀ ਨੂੰ ਸਤ ਹਲ ਦੀ ਜ਼ਮੀਨ ਦਿਤੀ ਸੀ।

ਭਾਈ ਧਰਮ ਸਿੰਘ ਦਾ ਅਨੰਦ ਕਾਰਜ ਬੀਬੀ ਪਰਧਾਨ ਜੀ ਦੀ ਪਰੇਰਣਾ ਕਰਕੇ ਬੀਬੀ ਵੀਰੋ ਨਾਲ ਕਰਵਾ ਦਿਤਾ ਸੀ। ਇਹ ਬੀਬੀ ਬੜੀ ਵਿਦਵਾਨ ਸੀ ਪ੍ਰੰਤੂ ਇਸ ਜੋੜੇ ਦੇ ਘਰ ਦੇਵਨੇਤ ਨਾਲ ਕੋਈ ਸੰਤਾਨ ਨਾ ਹੋਈ ਜਿਸ ਕਰਕੇ ਬੀਬੀ ਵੀਰੋ ਨੇ ਆਪਣੀ ਭੈਣ ਦਾ ਪੁਤ੍ਰ ਭਾਈ ਕਾਹਨ ਸਿੰਘ ਆਪਣੇ ਪਾਸ ਰਖ ਕੇ ਭਾਈ ਧਰਮ ਸਿੰਘ ਦਾ ਸੇਵਕ ਬਣਾ ਦਿਤਾ ਤੇ ਉਕਤ ਜ਼ਮੀਨ ਇਸਦੇ ਨਾਮ ਲਗਵਾ ਦਿਤੀ। ਇਹ ਅਸਥਾਨ ਹੁਣ ਅੰਦਰਲਾ ਡੇਰਾ ਕਰਕੇ ਪਰਸਿਧ ਹੈ। ਬੀਬੀ ਪਰਧਾਨ ਬੜੇ ਨੀਤੀ ਨਿਪੁੰਨ ਸਨ। ਜਦ ਦੀਵਾਨ ਨਾਨੂ ਮਲ ਨੇ ਪਟਿਆਲਾ ਦਰਬਾਰ ਵਿਚ ਫੁਟ ਪਾ ਰਖੀ ਸੀ ਅਤੇ ਬੀਬੀ ਰਾਜਿੰਦਰਾਂ ਨੂੰ ਆਪਣੇ ਹਥ ਚੜਾ ਰਖਿਆ ਸੀ ਤਾਂ ਬੀਬੀ ਪ੍ਰਧਾਨ ਨੇ ਨਾਨੂ ਮਲ ਦਾ ਸਖਤ ਵਿਰੋਧ ਕੀਤਾ ਅਤੇ ਸਾਰੇ ਅਹਿਲ-ਕਾਰਾਂ ਨੂੰ ਦਸਿਆ ਕਿ ਨਾਨੂ ਮਲ ਦੀ ਨੀਯਤ ਸਾਫ ਨਹੀਂ। ਪਟਿਆਲੇ ਦੇ ਰਾਜ ਘਰਾਣੇ ਵਿਚ ਕਈ ਬੀਬੀਆਂ ਬਹੁਤ ਸਿਆਣੀਆਂ ਤੇ ਨੀਤੀ ਨਿਪੁੰਨ ਹੋਈਆਂ ਹਨ ਪ੍ਰੰਤੂ ਬੀਬੀ ਪਰਧਾਨ ਬੜੇ ਧਰਮਾਤਮਾ, ਵਿਦਵਾਨ ਤੇ ਦਾਨੀ ਸਨ। ਇਨਾਂ ਦੇ ਜੀਵਨ ਤੋਂ ਇਸਤ੍ਰੀ ਜਾਤੀ ਨੂੰ ਬਹੁਤ ਸਿਖਿਆ ਮਿਲਦੀ ਹੈ।

## ਜੀਵਨ ਬੀਬੀ ਰਾਜ ਕੌਰ ਜੀ
## ਸਪੁਤ੍ਰੀ ਮਹਰਾਜਾ ਗਜਪਤ ਸਿੰਘ ਬਾਨੀ ਰਿ: ਜੀਂਦ (ਸੰਗਰੂਰ)
## ਸੰਤ ਮਿਲਾਪ

Digitized by Panjab Digital Library | www.panjabdigilib.org

ਰਾਜ ਘਰਾਣੇ ਵਿਚ ਸੰਤ ਗੁਦੜ ਸਿੰਘ ਜੀ ਦੀ ਸਿਖੀ ਸੇਵਕੀ ਹੋਣ ਤੇ ਸੰਤ ਜੀ ਰਾਜ ਘਰਾਣਿਆਂ ਵਿਚ ਜਾਕੇ ਕੁੜੀ ਮਾਰ ਤੇ ਨੜੀ ਮਾਰ ਪ੍ਰਥਾਇ ਬਹੁਤ ਸ਼ਬਦ ਸਾਖੀਆਂ ਸੁਣਾਇਆ ਕਰਦੇ ਸਨ। ਇਕ ਦਿਨ ਸੰਤ ਗੁਦੜ ਸਿੰਘ ਜੀ ਅੰਮ੍ਰਿਤ ਵੇਲੇ ਨਾਮ ਅਭਿਆਸ ਵਿਚ ਲਿਵ ਲੀਨ ਹੋਣ ਤੋਂ ਪਹਿਲਾਂ ਸੁਰਤੀ ਸੇਵਕ ਰਾਜਾ ਗਜਪਤ ਸਿੰਘ ਵਲ ਗਈ ਤਾਂ ਕੀ ਤਕਿਆ ਗਜਪਤ ਸਿੰਘ ਦੇ ਕਨਿਆ ਪੈਦਾ ਹੋਈ ਹੈ ਜੋ ਬੀਬੀ ਜੀ ਦੇ ਮਾਤਾ ਪਿਤਾ ਦੀ ਮਰਜ਼ੀ ਦੇ ਉਲਟ ਦਾਦੀ ਨੇ ਦਾਵੇ ਨਾਪਣ ਵਾਲੇ ਮੇਪ ਵਿਚ ਪਾਕੇ ਧਤਰੀ ਵਿਚ ਦਬੀ ਹੋਈ ਹੈ।

ਏਹ ਮਹਾਂ ਪਾਪ ਨੂੰ ਤਕ ਕੇ ਸੰਤ ਜੀ ਨੇ ਨਾਮ ਅਭਿਆਸ ਵਿਚੋਂ ਉਠ ਕੇ ਬੜਰੂਪੇ ਰਾਜ ਘਰਾਣੇ ਪਹੁੰਚ ਗਏ, ਪਤਾ ਲਗਣ ਸਾਰ ਸਾਰਾ ਪ੍ਰਵਾਰ ਸੰਤ ਜੀ ਦੇ ਚਰਨਾਂ ਤੇ ਮਥਾ ਟੇਕ ੨ ਪੰਖਡ ਕਰਦੇ ਤਾਂ ਸੰਤ ਜੀ ਤਾੜਨਾ ਕਰਦੇ ਹੋਇ, "ਸੀਸ ਨਿਮਾਇਕਿਆ ਧੀਆਂ ਜਾ ਹਿਦੇ ਕਸੁਦੇ ਜਾਇ" ਹੁਣ ਜਿਥੇ ਬੀਬੀ ਦਬੀ ਹੋਈ ਸੀ ਸੰਤ ਜੀ ਜਾ ਖੜੇ ਤੇ ਹੁਕਮ ਕੀਤਾ ਇਹ ਥਾਂ ਪਟੋ। ਜਾਂ ਟੋਆ ਪਟਿਆ ਤਾਂ ਵਿਚੋ ਮੇਪ ਨਿਕਲਿਆ ਜਿਸ ਦਾ ਮੂੰਹ ਕਪੜੇ ਨਾਲ ਬਨਿਆ ਹੋਇਆ ਸੀ। ਜਦ ਮੇਪ ਦਾ ਮੂੰਹ ਖੋਲਿਆ ਤਾਂ ਬੀਬੀ ਪੈਰ ਦਾ ਅੰਗੂਠਾ ਚੁੰਗੀ ਜਾਏ ਠੀਕ "ਜਿਸ ਤੂੰ ਰਾਖਾਹ ਤਿਸ ਮਾਰੇ ਕਵਨ" ਫੇਰ ਕੀ ਸੰਤ ਮਹਾਰਾਜਜੀ ਨੇ ਬੜੀ ਸਖਤ ਤਾੜਨਾ ਕਰਦੇ ਹੋਇਆ ਆਪ ਦੀ ਪੁਤ੍ਰੀ ਸਮਝ ਕੇ ਰਾਜਾ ਗਜਪਤ ਦੇ ਪ੍ਰਵਰਸ਼ ਵਾਸਤੇ ਕੀਤੀ ਅਤੇ ਉਸ ਘਰੋ ਸੰਤ ਜੀ ਨੇ ਅਨਜਲ ਨਹੀਂ ਛਕਿਆ ਬਚਨ ਕੀਤਾ ਜੋ ਸਤ ਦਿਨਾਂ ਦੀ ਦਬੀ ਹੋਈ ਬੀਬੀ ਨਿਕਲੀ ਹੈ ਇਸ ਦੇ ਪੇਟ ਤੋਂ ਬਲੀ ਪੁਰਖ ਪੈਦਾ ਹੋਵੇਗਾ। "ਸਾਧ ਬਚਨ ਅਟਲਾਧਾ" ਇਸ ਬੀਬੀ ਜੀ ਦੀ ਸ਼ਾਦੀ ਮਿਸਲ ਸ਼ਕ ਚੱਕੀਆਂ ਦੇ ਜਥੇਦਾਰ ਸਰਦਾਰ ਮਹਾਂ ਸਿੰਘ ਜੀ ਨਾਲ ੧੭੭੮ ਵਿਚ ਵ੍ਯਿਆਹੇ ਸਨ। ਗੁਰਮਤ ਅਨੁਸਾਰ ਹੋਇਆ ਜਿਸ ਦੀ ਸੁਭਾਗੀ ਕੁਖ ਤੋਂ ਸੰਮਤ ੧੮੩੭ (ਨਵੰਬਰ ਸਨ ੧੭੮੦) ਵਿਚ ਰਣਜੀਤ ਸਿੰਘ ਜੀ ਦਾ ਜਨਮ ਹੋਇਆ ਜਿਸ ਦੀ ਧਾਕ ਕਾਬਲ ਕੰਧਾਰ ਤੇ ਲੁੰਡੇ ਦਰਿਆ ਵਰਗੇ ਅਟਕ ਕੇ ਰਸਤਾ ਦਿੰਦੇ ਸਨ। ਇਹ ਪ੍ਰਤਾਪੀ ਰਾਜਾ ਨੇ ਹਰਇਕ ਮਤ ਨੂੰ ਆਪ ਦੇ ਰਾਜ ਵਿਚ ਸੁਖ ਦਿੰਦਾ ਸੀ।

## ਬੀਬੀ ਸਾਹਿਬ ਕੌਰ (ਪਟਿਆਲਾ)

ਰਿਆਇਤ ਪਟਿਆਲਾ ਈਸੱਟ ਪੰਜਾਬ ਸਟੇਟ ਯੂਨੀਅਨ ਵਿਚ ਪਹਿਲੇ ਦਰਜੇ ਦੀ ਰਿਆਸਤ ਹੈ। ਜਿਸ ਰਿਆਸਤ ਦਾ ਅਰੰਭ ਫੂਲਕੀਆ ਮਿਸਲ ਤੋਂ ਹੋਇਆ ਜਿਸ ਦਾ ਵਡਾ ਚੌਧਰੀ ਫੂਲ ਸੀ। ਫੂਲਕੀਆ ਰਿਆਸਤਾ ਪਟਿਆਲਾ ਨਾਭਾ ਤੇ ਜੀਂਦ ਗੁਰੂ ਜੀ ਦੇ ਵਰਦਾਨ ਨਾਲ ਕਾਇਮ ਹੋਈਆਂ ਅਤੇ ਇਨ੍ਹਾਂ ਦੇ ਰਾਜੇ ਮਹਾਰਾਜੇ ਪੰਥ ਵਿਚ ਹਮੇਸ਼ਾ ਸਤਿਕਾਰ ਦੀ ਨਜ਼ਰ ਨਾਲ ਵੇਖੇ ਜਾਂਦੇ ਰਹੇ ਹਨ। ਮਹਾਰਾਜਾ ਆਲਾ ਸਿੰਘ ਨੇ ਰਿਆਸਤ ਪਟਿਆਲਾ ਨੂੰ ਬਹੁਤ ਤਰੱਕੀ ਦਿਤੀ। ਨਵਾਬ ਕਪੂਰ ਸਿੰਘ ਪਾਸੋਂ ਅੰਮ੍ਰਿਤ ਪਾਨ ਕਰਨ ਤੋਂ ਉਪਰੰਤ ਆਪ ਨੇ ਖਾਲਸਾ ਦਲ ਨੂੰ ਹਮੇਸ਼ਾ ਇਹ ਯਕੀਨ ਕਰਾਈ ਰਖਿਆ ਕਿ ਇਹ ਰਿਆਸਤ ਸਿਖ ਪੰਥ ਦੀ ਸਹਾਇਤਾ ਨਾਲ ਕਾਇਮ ਹੋਈ ਹੈ ਤੇ ਕਾਇਮ ਰਹੇਗੀ। ਮਹਾਰਾਜਾ ਆਲਾ ਸਿੰਘ ਦੀ ਨੀਤੀ ਮਹਾਰਾਜਾ ਰਣਜੀਤ ਸਿੰਘ ਨਾਲ ਮਿਲਦੀ ਸੀ। ਜਿਵੇਂ ਉਹ ਖਾਲਸਾ ਪੰਥ ਨੂੰ ਖੁਸ਼ ਰਖਦੇ ਸਨ ਇਸੇ ਤਰ੍ਹਾਂ ਮਹਾਰਾਜਾ ਆਲਾ ਸਿੰਘ ਭੀ ਪੰਥ ਨੂੰ ਹਰ ਤਰੀਕੇ ਨਾਲ

Digitized by Panjab Digital Library | www.panjabdigilib.org

ਖੁਸ਼ ਰਖਣਾ ਚਾਹੁੰਦੇ ਸਨ। ਇਕ ਦੋ ਵੇਰ ਉਨ੍ਹਾਂ ਦਾ ਪੰਥ ਨਾਲ ਮਤਿਭੇਦ ਹੋਇਆ ਪਰੰਤੂ ਉਨ੍ਹਾਂ ਨੇ ਸਿਆਣਪ ਤੋਂ ਕੰਮ ਲੈਕੇ ਬਹੁਤ ਛੇਤੀ ਹਾਲਾਤ ਠੀਕ ਕਰ ਲਏ ਅਤੇ ਵਿਰੋਧਤਾ ਵਧਨ ਨਾ ਦਿਤੀ।

ਮਹਾਰਾਜਾ ਆਲਾ ਸਿੰਘ ਤੋਂ ਪਿਛੋਂ ਮਹਾਰਾਜਾ ਅਮਰ ਸਿੰਘ ਜੀ ਨੇ ਭੀ ਰਿਆਸਤ ਨੂੰ ਚੰਗੀ ਤਰੱਕੀ ਦਿਤੀ। ਆਪ ਬੜੇ ਨੀਤੀ ਵਾਨ ਦੂਰ ਅੰਦੇਸ਼ ਮਿਲਣ ਸਾਰ ਤੇ ਸਿਖੀ ਜੀਵਨ ਨਾਲ ਪਿਆਰ ਕਰਨ ਵਾਲੇ ਸਨ। ਆਪ ਦਾ ਭੀ ਖਾਲਸਾ ਪੰਥ ਵਿਚ ਬੜਾ ਸਤਿਕਾਰ ਸੀ। ਵਾਹਿਗੁਰੂ ਦਾ ਭਾਣਾ ਐਸਾ ਹੋਇਆ ਕਿ ੩੮ ਸਾਲ ਦੀ ਨੌਜਵਾਨ ਅਵਸਥਾ ਵਿਚ ਹੀ ਅਕਾਲ ਚਲਾਣਾ ਕਰ ਗਏ। ਆਪ ਤੋਂ ਪਿਛੋਂ ਮਹਾਰਾਜਾ ਸਾਹਿਬ ਸਿੰਘ ਜੀ ਗਦੀ ਪਰ ਬੈਠੇ। ਆਪ ਦੀ ਅਵਸਥਾ ਗਦੀ ਪਰ ਬੈਠਣ ਸਮੇਂ ਕੇਵਲ ਸੱਤ ਸਾਲ ਦੀ ਸੀ। ਇਨ੍ਹਾਂ ਦਿਨਾਂ ਵਿਚ ਰਿਆਸਤ ਦਾ ਵਡਾ ਵਜ਼ੀਰ ਨਾਨੂ ਮਲ ਸੀ। ਜੋ ਬੜਾ ਚਾਲਾਕ ਧੋਖੇ ਬਾਜ਼ ਸਿਖਾ ਦਾ ਵੈਰੀ ਤੇ ਲਾਲਚੀ ਸੀ। ਉਸਨੇ ਮਹਾਰਾਜਾ ਸਾਹਿਬ ਸਿੰਘ ਨੂੰ ਆਪਣੇ ਹਥਾਂ ਤੇ ਚੜ੍ਹਾ ਲਿਆ ਤੇ ਰਿਆਸਤ ਦਾ ਪ੍ਰਬੰਧ ਆਪ ਹੁਦਰੀਆਂ ਕਾਰਵਾਈਆਂ ਕਰਕੇ ਬਹੁਤ ਹੀ ਖਰਾਬ ਕਰ ਦਿਤਾ। ਇਕ ਪਾਸੇ ਤਾਂ ਉਹ ਰਿਆਸਤ ਦੇ ਅਹਿਲਕਾਰਾ ਵਿਚ ਫੁਟ ਪਾਕੇ ਰਿਆਸਥ ਨੂੰ ਕਮਜ਼ੋਰ ਕਰ ਰਿਹਾ ਸੀ ਤੇ ਦੂਜੇ ਪਾਸ਼ੇ ਮਰਹਟਿਆਂ ਨਾਲ ਗੋਂਦਾ ਗੁੰਦ ਰਿਹਾ ਸੀ ਕਿ ਉਹ ਪਟਿਆਲੇ ਪਰ ਹਮਲਾ ਕਰਕੇ ਇਸ ਸਿਖ ਰਿਆਸਤ ਨੂੰ ਖਤਮ ਕਰ ਦੇਣਾ।

ਮਰਹੱਟੇ ਕਈ ਵੇਰ ਚੜ੍ਹਕੇ ਆਏ ਪਰ ਉਹ ਇਸ ਰਿਆਸਤ ਨੂੰ ਫਤਹਿ ਨਾ ਕਰ ਸਕੇ। ਨਾਂਨੂ ਮਲ ਦੀਆਂ ਕੁਟਲ ਚਾਲਾਂ ਦਾ ਸਦਕਾ ਰਿਆਸਤ ਬਹੁਤ ਕਮਜ਼ੋਰ ਹੋ ਗਈ। ਇਸਦੇ ਮਰਨ ਤੋਂ ਪਿਛੋਂ ਮੀਰ ਇਲਾਹੀ ਬਖਸ਼ ਵਡਾ ਵਜ਼ੀਰ ਬਣਿਆ। ਇਸ ਨੇ ਭੀ ਮਹਾਰਾਜਾ ਸਾਹਿਬ ਸਿੰਘ ਨੂੰ ਹਥਾ ਤੇ ਚਾੜ੍ਹਕੇ ਅਯੋਗ ਲਾਭ ਉਠਾਣਾ ਚਾਹਿਆ ਅਤੇ ਰਿਆਸਤ ਦੇ ਪ੍ਰਬੰਧ ਨੂੰ ਨਾ ਸੁਧਾਰਿਆ। ਇਸਦੀਆਂ ਚਾਲਾਂ ਸਿਖਾਂ ਲਈ ਅਸਹਿ ਹੋ ਗਈਆਂ ਇਸ ਕਰਕੇ ਕਿਸੇ ਮਨਚਲੇ ਸਿਖ ਨੇ ਇਸ ਨੂੰ ਦਰਬਾਰ ਦੇ ਵਿਚ ਕਤਲ ਕਰ ਦਿਤਾ। ਇਸ ਤੋਂ ਪਿਛੋਂ ਰਿਆਸਤ ਪਟਿਆਲੇ ਨੂੰ ਐਸੇ ਵਡੇ ਵਜ਼ੀਰ ਦੀ ਲੋੜ ਪਈ ਜੋ ਨਾ ਕੇਵਲ ਅਗੋਂ ਲਈ ਪ੍ਰਬੰਧ ਨੂੰ ਠੀਕ ਚਲਾ ਸਕੇ ਸਗੋਂ ਪਿਛਲੀਆਂ ਕਮਜ਼ੋਰੀਆਂ ਨੂੰ ਦੂਰ ਕਰਕੇ ਰਿਆਸਤ ਨੂੰ ਮਜ਼ਬੂਤ ਕਰ ਸਕੇ। ਇਸ ਸਮੇ- ਰਿਆਸਤ ਪਟਿਆਲਾ ਚੋਹਾ ਪਾਸਿਆ ਤੋਂ ਦੁਸ਼ਮਨਾ ਵਿਚ ਘੇਰੀ ਹੋਈ ਸੀ। ਮਰਹੱਟੇ ਇਸ ਨੂੰ ਫਤਹਿ ਕਰਨ ਦੀਆਂ ਵਿਉਤਾ ਸੋਚ ਸਨ। ਭਟੀ ਤੇ ਰਾਜਪੂਤ ਜਿਨ੍ਹਾ ਦੇ ਦਿਲੀ ਦਰਬਾਰ ਨਾਲ ਨਵੇਂ ਰਿਸ਼ਤੇ ਕਾਇਮ ਹੋਇ ਸਨ ਇਸ ਰਿਆਸਤ ਪਰ ਹਮਲੇ ਕਰ ਰਹੇ ਸਨ। ਬਾਹਰੋਂ ਆਉਣ ਵਾਲੇ ਹਮਲਾ ਆਵਰਾਂ ਦੀਆਂ ਅਖਾਂ ਵਿਚ ਭੀ ਇਹ ਰਿਆਸਤ ਰੜਕਦੀ ਸੀ ਕਿਉਂ ਕਿ ਸਿਖ ਇਥੇ ਆਕੇ ਪਨਾਹ ਲੈਂਦੇ ਸਨ। ਇਸ ਤੋਂ ਇਲਾਕੇ ਰਿਆਸਤ ਦਾ ਸਾਰਾ ਜਾਗੀਰਦਾਰਾਂ ਦਾ ਟੋਲਾ ਬਾਗੀ ਹੁੰਦਾ ਜਾ ਰਿਹਾ ਸੀ।

ਇਨ੍ਹਾਂ ਸਾਰੀਆਂ ਗਲਾ ਨਾਲੋਂ ਬੁਰੀ ਗਲ ਇਹ ਸੀ ਕਿ ਮਹਾਰਾਜਾ ਸਾਹਿਬ ਸਿੰਘ ਬਚਪਨ ਤੋਂ ਖੋਟੀਆ ਆਦਤਾਂ ਵਿਚ ਫਸ ਜਾਣ ਕਰਕੇ ਰਾਜ ਕਾਜ ਨੂੰ ਚਲਾਉਣ ਦੇ ਅਯੋਗ ਸਨ ਜਿਸ ਕਰਕੇ ਚਾਲਾਕ ਅਹਿਲਕਾਰ ਮਨ ਮੰਨੀਆਂ ਕਾਰਵਾਈਆਂ ਕਰ ਰਹੇ ਸਨ। ਇਹ ਸਾਰੇ ਹਾਲਾਤ ਬੀਬੀ ਸਹਿਬ ਕੌਰ ਪਾਸ ਪਹੁੰਚੇ ਤਾਂ ਉਨ੍ਹਾਂ ਦਾ ਦਿਲ ਬੇਕਰਾਰ ਹੋ ਗਿਆ। ਬੀਬੀ ਸਾਹਿਬ ਕੌਰ ਫਤਹਿ ਗੜ੍ਹ ਸਰਦਾਰ ਜੈਮਲ ਸਿੰਘ ਨਾਲ ਵਿਆਹੀ ਹੋਈ ਸੀ ਅਤੇ ਮਹਾਰਾਜਾ ਸਾਹਿਬ ਸਿੰਘ ਜੀ ਦੀ ਸਕੀ ਭੈਣ

Digitized by Panjab Digital Library | www.panjabdigilib.org

ਸੀ। ਆਪਣੇ ਭਰਾ ਨੂੰ ਇਸਤਰ੍ਹਾਂ ਮੁਸ਼ਕਲ ਵਿਚ ਫਸਿਆ ਵੇਖਕੇ ਤੇ ਰਿਆਸਤ ਪਟਿਆਲਾ ਦੇ ਵਾਬਤ ਖਤਰਾ ਅਨਭਵ ਕਰਕੇ ਬੀਬੀ ਜੀ ਨੇ ਆਪਣੇ ਪਤੀ ਪਾਸ ਪ੍ਰਾਰਥਨਾ ਕੀਤੀ। ਮੇਰਾ ਫਰਜ਼ ਤਾਂ ਇਹ ਹੈ ਕਿ ਮੈਂ ਆਪ ਦੇ ਪਾਸ ਰਹਿਕੇ ਸੇਵਾ ਵਿਚ ਹੀ ਸਾਰਾ ਸਮਾ ਗੁਜ਼ਾਰਾ। ਇਸਤ੍ਰੀ ਦਾ ਸਭ ਕੁਝ ਉਸਦਾ ਸਿਰਤਾਜ ਪਤੀ ਹੀ ਹੁੰਦਾ ਹੈ ਪਰੰਤੂ ਪਟਿਆਲੇ ਤੋਂ ਬਹੁਤ ਭੈੜੀਆਂ ਖਬਰਾਂ ਆ ਰਹੀਆਂ ਹਨ। ਮੇਰਾ ਵੀਰ ਮਹਾਰਾਜਾ ਸਾਹਿਬ ਸਿੰਘ ਸਭ ਪਾਸਿਆਂ ਤੋਂ ਦੁਸ਼ਮਨਾ ਵਿਚ ਘਿਰਿਆ ਹੋਇਆ ਹੈ ਇਸ ਕਰਕੇ ਉਸ ਨੂੰ ਮੇਰੀ ਸਹਾਇਤਾ ਦੀ ਲੋੜ ਹੈ। ਮੈਨੂੰ ਭਰੋਸਾ ਹੈ ਕਿ ਮੈਂ ਉਸਦੀਆਂ ਸਾਰੀਆਂ ਮੁਸ਼ਕਲਾ ਹੱਲ ਕਰ ਸਕਦੀ ਹਾਂ ਇਸ ਲਈ ਜੇ ਆਪ ਆਗਿਆ ਦੇਵੇ ਤਾਂ ਮੈਂ ਪਟਿਆਲੇ ਰਹਿਕੇ ਉਸਦੀ ਸਹਾਇਤਾ ਕਰਾਂ। ਸ: ਜੈਮਲ ਸਿੰਘ ਜੀ ਨੇ ਪ੍ਰਵਾਨਗੀ ਦੇ ਦਿਤੀ ਅਤੇ ਬੀਬੀ ਜੀ ਪਟਿਆਲੇ ਆ ਗਏ।

ਬੀਬੀ ਸਾਹਿਬ ਕੌਰ ਬੜੀ ਨੀਤੀਵਾਨ ਚੰਗੀ ਪ੍ਰਬੰਧਕ ਤੇ ਉਨ੍ਹਾਂ ਸਾਰੇ ਗੁਣਾਂ ਦੀ ਮਾਲਕ ਸੀ ਜੋ ਇਕ ਰਿਆਸਤ ਦੇ ਵਾਲੀ ਵਿਚ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਆਪ ਨੂੰ ਪੰਥ ਨਾਲ ਭੀ ਬਹੁਤ ਪ੍ਰੇਮ ਸੀ। ਆਦਮੀ ਦੀ ਪਰਖ ਕਰਨ ਵਿਚ ਆਪ ਨੂੰ ਕਮਾਲ ਹਾਸਲ ਸੀ। ਅਹਿਲਕਾਰਾਂ ਨੂੰ ਪਹਿਲੀ ਮੁਲਾਕਾਤ ਵਿਚ ਪਛਾਣ ਲੈਂਦੀ ਸੀ ਕਿ ਇਹ ਰਿਆਸਤ ਦਾ ਵਫਾਦਾਰ ਹੈ ਜਾਂ ਖੁਦਗਰਜ਼ ਹੈ। ਪਟਿਆਲੇ ਪੁਜ ਕੇ ਆਪ ਨੇ ਵੇਖਿਆ ਕਿ ਹਰ ਪਾਸੇ ਆਪਾ ਧਾਪੀ ਮਚੀ ਹੋਈ ਹੈ। ਅਹਿਲਕਾਰਾਂ ਵਿਚ ਕੁਝ ਨੇਕ ਨੀਯਤ ਤੇ ਰਿਆਸਤ ਦਾ ਭਲਾ ਚਾਹੁਣ ਵਾਲੇ ਭੀ ਹਨ ਪ੍ਰੰਤੂ ਬਹੁਤੇ ਖੁਦਗਰਜ਼ ਤੇ ਲਾਲਚੀ ਹਨ ਇਨਾਂ ਹਾਲਾਤਾਂ ਨੂੰ ਵੇਖ ਕੇ ਬੀਬੀ ਜੀ ਨੇ ਇਕ ਆਮ ਦਰਬਾਰ ਕਰਨ ਦਾ ਹੁਕਮ ਦਿਤਾ। ਇਸ ਵਿਚ ਰਿਆਸਤ ਦੇ ਵਜ਼ੀਰ, ਅਮੀਰ, ਰਈਸ ਤੇ ਸਾਰੇ ਫੌਜੀ ਅਫਸਰ ਬੁਲਾਏ ਗਏ।

ਬੀਬੀ ਜੀ ਨੇ ਸਭ ਨੂੰ ਸੰਬੋਧਨ ਕਰਕੇ ਕਿਹਾ, "ਵੀਰੋ, ਜਿਸ ਸਮੇਂ ਹਵਾ ਸਮਾਨ ਸਮਾ ਅਨਕੂਲ ਤੇ ਅਕਾਸ਼ ਝਖੜ ਤੋਂ ਰਹਿਤ ਹੋਵੇ ਉਸ ਸਮੇਂ ਜਹਾਜ਼ ਚਲਾਉਣ ਵਾਲੇ ਲੰਗਰ ਚੁਕ ਦਿੰਦੇ ਹਨ ਤੇ ਆਪਣਾ ਸਫਰ ਸ਼ੁਰੂ ਕਰ ਦਿੰਦੇ ਹਨ ਪ੍ਰੰਤੂ ਸਾਨੂੰ ਜਹਾਜ਼ ਚਲਾਉਣ ਦਾ ਕੰਮ ਇਹੋ ਜਿਹੇ ਸਮੇਂ ਸੌਂਪਿਆ ਗਿਆ ਹੈ ਜਦੋਂ ਉਪਰ ਲਿਖੀਆਂ ਗਲਾਂ ਵਿਚੋਂ ਇਕ ਭੀ ਸਾਡੇ ਅਨਕੂਲ ਨਹੀਂ। ਤੁਸੀਂ ਰਾਜ ਪ੍ਰਬੰਧ ਪਰ ਨਿਗਾਹ ਮਾਰੋ ਗੇ ਤਾਂ ਤੁਹਾਨੂੰ ਪਤਾ ਲਗ ਜਾਵੇਗਾ ਕਿ ਨਾਨੂ ਮਲ ਦੇ ਵਜ਼ੀਰ ਹੋਣ ਦੇ ਸਮੇਂ ਤੋਂ ਰਿਆਸਤ ਅਧੋ-ਗਤੀ ਨੂੰ ਜਾ ਰਹੀ ਹੈ। ਪਰਬੰਧ ਵਿਚ ਬੇ ਹਦ ਖਰਾਬੀਆਂ ਆ ਗਈਆਂ ਹਨ। ਪਰਜਾ ਅਕਾਰਣ ਚਟੀਆਂ ਭਰਨ ਕਰਕੇ ਦੁਖੀ ਹੈ। ਰਿਆਸਤ ਦੇ ਖਰਚ ਪੂਰੇ ਨਹੀਂ ਹੁੰਦੇ। ਇਕ ਪਾਸੇ ਮਰਹਟੇ ਦੂਜੇ ਪਾਸੇ ਭਟੀ, ਤੀਜੇ ਪਾਸੇ ਰਾਜਪੂਤ ਤੇ ਚੌਥੇ ਪਾਸੇ ਰਿਆਸਤਾਂ ਦੇ ਲੂਣ ਹਰਾਮੀ ਜਾਗੀਰਦਾਰ ਗਿੱਧਾਂ ਵਾਂਗ ਰਿਆਸਤ ਦਾ ਮਾਂਸ ਨੋਚਣ ਲਈ ਤਿਆਰ ਬੈਠੇ ਹਨ।

ਅਜਿਹੇ ਭਿਆਨਕ ਸਮੇਂ ਜਦੋਂ ਹਵਾ ਦਾ ਰੁਖ ਠੀਕ ਨਹੀਂ, ਮੌਸਮ ਖਰਾਬ ਹੈ। ਅਕਾਸ਼ ਪਰ ਬਦਲ ਛਾਇ ਹੋਇ ਹਨ ਤੇ ਸਮੁੰਦਰ ਵਿਚ ਭਿਆਨਕ ਲਹਿਰਾਂ ਉਠ ਰਹੀਆਂ ਹਨ ਸਾਨੂੰ ਇਸ ਰਿਆਸਤ ਦੀ ਕਿਸ਼ਤੀ ਚਲਾਉਣ ਦਾ ਹੁਕਮ ਹੋਇਆ ਹੈ। ਇਹੋ ਜਿਹੀ ਹਾਲਤ ਵਿਚ ਕਮਜ਼ੋਰ ਦਿਲ ਡੋਲ ਜਾਂਦੇ ਹਨ। ਉਹ ਚਪੂ ਸੁਟ ਕੇ ਨਿਰਾਸ਼ ਹੋ ਜਾਂਦੇ ਹਨ ਪ੍ਰੰਤੂ ਨਿਰਾਸ਼ ਹੋਣ ਦਾ ਕੋਈ ਕਾਰਨ ਨਹੀਂ। ਵਡੇ ਹੌਸਲੇ ਵਾਲੇ ਕਦੇ ਨਹੀਂ ਡੋਲਦੇ। ਉਹ ਨਿਰਭੈ ਹੋਕੇ ਆਪਣੇ ਫਰਜ਼ਾਂ ਦੀ ਪਾਲਣਾ ਕਰਦੇ ਹਨ ਨਤੀਜਾ

Digitized by Panjab Digital Library | www.panjabdigilib.org

ਵਾਹਿਗੁਰੂ ਦੇ ਹਥ ਹੈ।

ਭਰਾਵੋ ਭਾਵੇਂ ਹਾਲਾਤ ਬਹੁਤ ਖਰਾਬ ਹਨ ਤੇ ਦਸ਼ਾ ਦੇ ਭਿਆਨਕ ਹੋਣ ਵਿਚ ਕੋਈ ਸ਼ਕ ਨਹੀਂ ਪ੍ਰੰਤੂ ਫਿਰ ਭੀ ਮੈਂ ਵਾਹਿਗੁਰੂ ਦੇ ਭਰੋਸੇ ਅਤੇ ਤੁਹਾਡੀ ਸਹਾਇਤਾ ਦੇ ਹੌਸਲੇ ਪਰ ਰਿਆਸਤ ਦਾ ਪ੍ਰਬੰਧ ਆਪਣੇ ਹਥ ਵਿਚ ਲੈਂਦੀ ਹਾਂ। ਭਾਵੇਂ ਹਾਲਾਤ ਮਾੜੇ ਹਨ ਪਰ ਮੈਨੂੰ ਰਿਆਸਤ ਦਾ ਭਵਿਖਤ ਬੜਾ ਸੁੰਦਰ ਦਿਸ ਰਿਹਾ ਹੈ। ਜਿਸ ਰਿਆਸਤ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤੇਰਾ ਘਰ ਸੋ ਮੇਰਾ ਘਰ ਮੇਰਾ ਘਰ ਸੋ ਤੇਰਾ ਘਰ ਦਾ ਵਰਦਾਨ ਦਿਤਾ ਹੈ ਉਸ ਨੂੰ ਕਾਇਮ ਰਖ਼ਣਾ ਤੇ ਉਸ ਲਈ ਵਡੀ ਤੋਂ ਵਡੀ ਕੁਰਬਾਨੀ ਕਰਨਾ ਸਾਡਾ ਸਾਰਿਆਂ ਦਾ ਪਹਿਲਾ ਫਰਜ਼ ਹੈ। ਬੀਬੀ ਸਾਹਿਬ ਕੌਰ ਦੀ ਸਿਆਣਪ ਭਰੀ ਅਤੇ ਨਵਾਂ ਉਤਸ਼ਾਹ ਪੈਦਾ ਕਰਨ ਵਾਲੀ ਤਕਰੀਰ ਸੁਣਕੇ ਅਹਿਲਕਾਰਾਂ ਨੇ ਸ੍ਰੀ ਸਾਹਿਬ ਦੀਆਂ ਮੁਠਾਂ ਪਰ ਹਥ ਰਖ ਕੇ ਪ੍ਰਣ ਕੀਤੇ ਕਿ ਉਹ ਰਿਆਸਤ ਦੀ ਕਾਇਮੀ ਲਈ ਵਡੀ ਤੋਂ ਵਡੀ ਕੁਰਬਾਨੀ ਕਰਨ ਤੋਂ ਭੀ ਸੰਕੋਚ ਨਹੀਂ ਕਰਨ ਗੇ।

ਬੀਬੀ ਸਾਹਿਬ ਕੌਰ ਨੇ ਸਭ ਤੋਂ ਪਹਿਲੇ ਰਿਆਸਤ ਦੇ ਅੰਦਰੂਨੀ ਪ੍ਰਬੰਧ ਨੂੰ ਸੁਧਾਰਨ ਵਲ ਧਿਆਨ ਦਿਤਾ। ਸ੍ਰ: ਤਾਰਾ ਸਿੰਘ ਨੂੰ ਆਪਣਾ ਸਲਾਹਕਾਰ ਬਣਾਇਆ ਅਤੇ ਮਾੜੇ ਅਹਿਲਕਾਰਾਂ ਨੂੰ ਨੌਕਰੀਆਂ ਤੋਂ ਜਵਾਬ ਦੇ ਕੇ ਪ੍ਰਬੰਧ ਨੂੰ ਠੀਕ ਕੀਤਾ। ਹਰ ਇਕ ਮਹਿਕਮੇ ਦੀ ਦੇਖ ਭਾਲ ਤੇ ਉਸ ਦੇ ਕੰਮਾਂ ਦੀ ਜਾਂਚ ਪੜਤਾਲ ਬੀਬੀ ਸਾਹਿਬ ਕੌਰ ਨੇ ਖੁਦ ਕਰਨੀ ਸ਼ੁਰੂ ਕੀਤੀ। ਸਾਰੀ ਰਿਆਸਤ ਵਿਚ ਇਹ ਪਤਾ ਲਗ ਗਿਆ ਕਿ ਹੁਣ ਕੰਮ ਕਰਨ ਵਾਲੇ ਤੇ ਰਿਆਸਤ ਦੇ ਵਫਾਦਾਰ ਨੌਕਰਾਂ ਦਾ ਹੀ ਬੋਲ ਬਾਲਾ ਹੋਵੇਗਾ ਮਾੜੇ ਅਹਿਲਕਾਰ ਸਭ ਛਾਂਟ ਦਿਤੇ ਜਾਣਗੇ।

ਬੀਬੀ ਜੀ ਦੇ ਯਤਨਾਂ ਨਾਲ ਥੋੜੇ ਦਿਨਾਂ ਵਿਚ ਹੀ ਪ੍ਰਬੰਧ ਸੁਧਰ ਗਿਆ ਅਤੇ ਜਿਹੜੇ ਜਾਗੀਰਦਾਰ ਖਰਾਜ ਦੇਣ ਤੋਂ ਇਨਕਾਰੀ ਸਨ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੋਧਿਆ ਗਿਆ। ਬੀਬੀ ਜੀ ਨੂੰ ਪਤਾ ਲਗਿਆ ਕਿ ਘਣੀਆਂ ਬਾਜਾ ਦੇ ਜ਼ਿਮੀਦਾਰਾਂ ਨੇ ਬਗ਼ਾਵਤ ਕਰ ਦਿਤੀ ਹੈ ਤੇ ਰਿਆਸਤ ਦੇ ਵਫਾਦਾਰ ਸ੍ਰ: ਚੂਹੜ ਸਿੰਘ ਭਦੌੜ ਵਾਲੇ ਨੂੰ ਬਿਨਾ ਕਿਸੇ ਦੋਸ਼ ਦੇ ਸਾੜ ਸੁਟਿਆ ਹੈ। ਤਿੰਨ ਹਜ਼ਾਰ ਜਵਾਨ ਦੇ ਕੇ ਬਾਗ਼ੀਆਂਨੂੰ ਦਬਾਉਣ ਲਈ ਭੇਜਿਆ ਗਿਆ ਤੇ ਬੀਬੀ ਜੀ ਨੇ ਸ੍ਰ: ਚੂਹੜ ਸਿੰਘ ਦੇ ਸਪੁਤ੍ਰ ਸ੍ਰ: ਦਲੀਪ ਸਿੰਘ ਤੇ ਬੀਰ ਸਿੰਘ ਨੂੰ ਪਟਿਆਲੇ ਬੁਲਾ ਕੇ ਸਿਰੋਪਾਉ ਦਿਤਾ। ਇਸੇ ਤਰ੍ਹਾਂ ਬਾਹੀਏ ਦਾ ਇਲਾਕਾ ਆਕੀ ਹੋ ਰਿਹਾ ਸੀ ਉਸ ਨੂੰ ਦੁਬਾਰਾ ਸਰ ਕੀਤਾ ਗਿਆ ਅਤੇ ਮਾਛੀਵਾੜੇ ਦੇ ਰਈਸ ਨੇ ਖਰਾਜ ਦੇਣਾ ਬੰਦ ਕਰ ਦਿਤਾ ਸੀ ਉਸ ਦੀ ਖਬਰ ਲਈ ਗਈ। ਇਸ ਪਰਕਾਰ ਬੀਬੀ ਸਾਹਿਬ ਕੌਰ ਨੇ ਰਿਆਸਤ ਪਟਿਆਲਾ ਨੂੰ ਫਿਰ ਉਸ ਦਰਜੇ ਤੇ ਲੈ ਆਂਦਾ ਜਿਥੇ ਕਿ ਉਹ ਮਹਾਰਾਜਾ ਅਮਰ ਸਿੰਘ ਦੇ ਵੇਲੇ ਸੀ। ਹਰ ਪਾਸੇ ਬੀਬੀ ਜੀ ਦੀ ਯੋਗਤਾ, ਨੀਤੀ ਨਿਪੁੰਨਤਾ ਤੇ ਦਲੇਰੀ ਦਾ ਚਰਚਾ ਫੈਲ ਗਿਆ। ਭਲੇ ਆਦਮੀ ਖੁਸ਼ ਹੋਣ ਲਗੇ ਤੇ ਬੁਰਿਆਂ ਦੇ ਦਿਲਾਂ ਪਰ ਡਰ ਬੈਠ ਗਿਆ।

ਜਾਰਜਟਾਮਸਨ ਇਕ ਫਰਾਂਸੀਸੀ ਫੌਜੀ ਜਰਨੈਲ ਸੀ। ਬੇਕਾਰੀ ਤੋਂ ਤੰਗ ਆਕੇ ਉਹ ਹਿੰਦੋ-ਸਤਾਨ ਆ ਗਿਆ। ਉਸ ਸਮੇਂ ਹਿੰਦੋਸਤਾਨ ਦੀਆਂ ਰਿਆਸਤਾਂ ਨੂੰ ਇਸ ਗਲ ਦੀ ਬੜੀ ਸਖਤ ਲੋੜ ਸੀ ਕਿ ਉਹ ਆਪਣੀਆਂ ਫੌਜਾਂ ਨੂੰ ਯੂਰਪੀਨ ਢੰਗ ਦੀ ਕਵਾਇਦ ਸਿਖਾਉਣਾ ਸਰ ਜਾਰਜ ਟਾਮਸਨ ਨੂੰ ਆਪ

Digitized by Panjab Digital Library | www.panjabdigilib.org

ਖੰਡਾ ਰਾਉ ਮਰਹਟਾ ਨੇ ਆਪਣੀਆਂ ਫੌਜਾਂ ਨੂੰ ਕਵਾਇਦ ਸਿਖਾਉਣ ਪਰ ਲਗਾਇਆ। ਮਰਹਟਾ ਫੌਜ ਨੇ ਪੰਜਾਬ ਪਰ ਹਲਾ ਕੀਤਾ ਤਾਂ ਟਾਮਸਨ ਨੇ ਆਪਣੀ ਯੋਗਤਾ ਵਿਖਾਈ ਇਸ ਤੋਂ ਖੁਸ਼ ਹੋਕੇ ਆਪਾ ਖੰਡਾ ਰਾਉ ਨੇ ਉਸ ਨੂੰ ਝਜਰ, ਹਾਂਸੀ ਤੇ ਹਿਸਾਰ ਦੇ ਇਲਾਕੇ ਦਾ ਮੁਖੀ ਪ੍ਰਬੰਧਕ ਬਣਾ ਦਿਤਾ।

ਆਪਾ ਖੰਡਾ ਰਾਉ ਮਰ ਗਿਆ ਤਾਂ ਉਸਦਾ ਪੁਤ੍ਰ ਬਾਮਨ ਜੀ ਰਾਉ ਗਦੀ ਤੇ ਬੈਠਾ। ਇਹ ਅਣ-ਜਾਣ ਸੀ ਅਤੇ ਰਾਜ ਪ੍ਰਬੰਧ ਚਲਾਉਣ ਦੀ ਯੋਗਤਾ ਨਹੀਂ ਰਖਦਾ ਸੀ ਇਸ ਕਰਕੇ ਜਾਰਜ ਟਾਮਸਨ ਨੇ ਰੰਗ ਬਦਲਿਆ ਤੇ ਉਹ ਉਪਰ ਲਿਖੇ ਇਲਾਕਿਆਂ ਦਾ ਸੁਤੰਤਰ ਹਾਕਮ ਬਣ ਬੈਠਾ। ਉਸ ਦੇ ਪਾਸ ੧੨ ਪਲਟਣਾਂ, ਇਕ ਹਜ਼ਾਰ ਸਵਾਰ, ਪੰਜਾਹ ਤੋਪਾਂ ਸਨ। ਉਸ ਸਮੇਂ ਦੀਆਂ ਰਿਆਸਤਾਂ ਵਿਚੋਂ ਕਿਸੇ ਪਾਸ ਇਤਨਾ ਫੌਜੀ ਸਮਾਨ ਨਹੀਂ ਸੀ। ਟਾਮਸਨ ਦੀਆਂ ਅਖਾਂ ਹੁਣ ਸਿਖ ਰਿਆਸਤਾਂ ਨੂੰ ਵੇਖ ਕੇ ਲਲਚਾਈਆਂ।

ਉਧਰ ਅਹਿਮਦ ਸ਼ਾਹ ਅਬਦਾਲੀ ਹਿੰਦ ਪਰ ਹਮਲੇ ਕਰ ਰਿਹਾ ਸੀ। ਉਸ ਨੇ ਦੇਸੀ ਰਿਆਸਤਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ ਅਤੇ ਦੇਸ਼ ਨੂੰ ਲੁਟ ਲੁਟ ਕੇ ਵੈਰਾਨ ਕਰ ਦਿਤਾ। ਜਿਸ ਵੇਲੇ ਅਹਿਮਦ ਸ਼ਾਹ ਪੰਜਾਬ ਵਲ ਵਧਿਆ ਆ ਰਿਹਾ ਸੀ ਤਾਂ ਸਾਰੇ ਸਿਖ ਰਈਸ ਲਾਹੌਰ ਵਿਚ ਵਿਚਾਰ ਕਰਨ ਲਈ ਇਕਠੇ ਹੋਏ ਕਿ ਦੇਸ਼ ਨੂੰ ਬੈਰੂਨੀ ਹਮਲਿਆਂ ਤੋਂ ਕਿਵੇਂ ਬਚਾਇਆ ਜਾਵੇ। ਟਾਮਸਨ ਨੇ ਇਸ ਸਮੇਂ ਨੂੰ ਠੀਕ ਸਮਝ ਕੇ ਜੀਂਦ ਪਰ ਹਮਲਾ ਕਰ ਦਿਤਾ ਤੇ ਜੀਂਦ ਨੂੰ ਜਾ ਘੇਰਿਆ। ਇਕ ਤਰ੍ਹਾਂ ਇਹ ਹਮਲਾ ਅਚਨਕ ਹੋਇਆ ਦੂਜੇ ਅਗਲਾ ਭਾਗ ਸਿੰਘ ਜੀਂਦ ਲਾਹੌਰ ਗਏ ਹੋਏ ਸਨ ਇਸ ਕਰਕੇ ਰਿਆਸਤ ਦੀ ਫੌਜ ਦੀ ਹਾਲਤ ਤਸਲੀ ਬਖ਼ਸ਼ ਨਹੀਂ ਸੀ। ਮਹਾਰਾਜਾ ਸਾਹਿਬ ਛੇਤੀ ਜੀਂਦ ਪੁਜ ਗਏ ਤੇ ਸਖਤ ਮੁਕਾਬਲਾ ਕਰਨ ਲਗੇ ਪ੍ਰੰਤੂ ਟਾਮਸਨ ਪਾਸ ਹਥਿਆਰ ਬਹੁਤ ਸਨ, ਫੌਜ ਵੀ ਕਵਾਇਦ ਸਿਖੀ ਹੋਈ ਸੀ ਇਸਕਰਕੇ ਭਾਵੇਂ ਰਿਆਸਤ ਦੀਆਂ ਫੌਜਾਂ ਨੇ ਉਨ੍ਹਾਂ ਨੂੰ ਕਿਲੇ ਪਰ ਕਬਜ਼ਾ ਕਰਨ ਤੋਂ ਰੋਕੀ ਰਖਿਆ ਪ੍ਰੰਤੂ ਪਲਾ ਟਾਮਸਨ ਦੀਆਂ ਫੌਜਾਂ ਦਾ ਹੀ ਭਾਰੀ ਸੀ। ਜਦ ਇਹ ਖਬਰ ਬੀਬੀ ਸਾਹਿਬ ਕੌਰ ਪਾਸ ਪੁਜੀ ਤਾਂ ਉਸ ਨੇ ਇਕ ਸਿਖ ਰਿਆਸਤ ਨੂੰ ਖਤਰੇ ਵਿਚ ਵੇਖ ਕੇ ਫੈਸਲਾ ਕੀਤਾ ਕਿ ਜੀਂਦ ਨੂੰ ਜ਼ਰੂਰ ਬਚਾਇਆ ਜਾਵੇਗਾ। ਬੀਬੀ ਜੀ ਖੁਦ ਫੌਜ ਲੈ ਕੇ ਜੀਂਦ ਪਹੁੰਚ ਗਏ ਤੇ ਜੰਗ ਵਿਚ ਲੜ ਰਹੀ ਫੌਜ ਦੀ ਕਮਾਂਡ ਭੀ ਜਾ ਸੰਭਾਲੀ। ਸ: ਲਾਲ ਸਿੰਘ ਤੇ ਜਸਵੰਤ ਸਿੰਘ ਜੀ ਨੂੰ ਤਾਂ ਆਪ ਨੇ ਸਿਧਾ ਮੁਕਾਬਲਾ ਕਰਨ ਲਈ ਭੇਜ ਦਿਤਾ ਤੇ ਆਪ ਇਕ ਹਜ਼ਾਰ ਜਵਾਨ ਲੈਕੇ ਟਾਮਸਨ ਦੀਆਂ ਫੌਜਾਂ ਪਰ ਇਕ ਪਾਸੇ ਤੋਂ ਐਸਾ ਹੱਲਾ ਕੀਤਾ ਕਿ ਉਨਾਂ ਦੇ ਪੈਰ ਉਖੜ ਗਏ। ਜੰਗ ਦੀ ਇਹ ਚਾਲ ਵੇਖਕੇ ਟਾਮਸਨ ਦੀਆਂ ਫੌਜਾਂ ਭਜ ਉਠੀਆਂ ਉਨਾਂ ਨੂੰ ਆਪਣੀ ਤਬਾਹੀ ਸਾਹਮਣੇ ਨਜ਼ਰ ਆਉਣ ਲਗ ਪਈ। ਬੀਬੀ ਸਾਹਿਬ ਕੌਰ ਦੀ ਜੰਗੀ ਸਿਆ-ਣਪ ਦਾ ਭੀ ਲੋਕਾਂ ਦੇ ਦਿਲਾਂ ਪਰ ਸਿੱਕਾ ਬੈਠ ਗਿਆ ਤੇ ਆਪ ਫਤਹਿ ਦੇ ਡੰਕੇ ਵਜਾਉਂਦੇ ਹੋਇ ਪਟਿਆਲੇ ਵਾਪਸ ਆਏ। ਇਸ ਤਰ੍ਹਾਂ ਨਾ ਕੇਵਲ ਆਪ ਪਟਿਆਲੇ ਨੂੰ ਸੁਰਖਸ਼ਤ ਰਖਣ ਵਿਚ ਸਫਲ ਹੋਇ ਸਨ ਸਗੋਂ ਆਪਣੀਆਂ ਗੁਆਂਢੀ ਰਿਆਸਤਾਂ ਦੀ ਸੁਤੰਤਰਤਾ ਕਾਇਮ ਰਖਣ ਵਿਚ ਭੀ ਆਪ ਨੇ ਵਧ ਚੜ ਕੇ ਹਿਸਾ ਲਿਆ। ਇੰਨਾਂ ਬਹਾਦਰੀਆਂ ਦਾ ਸਦਕਾ ਆਪ ਹਰ ਪਾਸੇ ਸਤਿਕਾਰ ਭਰੀਆਂ ਨਜ਼ਰਾਂ ਨਾਲ ਵੇਖੇ ਜਾਂਦੇ ਹਨ।

ਹਰਦੁਆਰ ਦੇ ਕੁੰਭ ਪਰ ਬੜਾ ਭਾਰੀ ਮੇਲਾ ਲਗਦਾ ਹੈ। ਇਹ ਭਾਰਤ ਦਾ ਸਭ ਤੋਂ ਵਡਾ ਮੇਲਾ

Digitized by Panjab Digital Library | www.panjabdigilib.org

ਹੁੰਦਾ ਹੈ ਇਸ ਪਰ ਸਾਧੂਆਂ ਦੀਆਂ ਸਭ ਸੰਪ੍ਰਦਾਵਾਂ ਇਕਠੀਆਂ ਹੁੰਦੀਆਂ ਹਨ। ਹਰ ਇਕ ਸੰਪ੍ਰਦਾ ਦੇ ਸਾਧੂ ਵਧ ਤੋਂ ਵਧ ਸ਼ਾਨ ਨਾਲ ਸ਼ਾਹੀਆਂ ਕਢਣਾ ਚਾਹੁੰਦੇ ਸਨ। ਉਦਾਸੀ ਸੰਤ ਜੋ ਸਿਖਾਂ ਦੀ ਹੀ ਇਕ ਸੰਪ੍ਰਦਾ ਹੈ ਭੀ ਸ਼ਾਹੀ ਕਢਣ ਦੀਆਂ ਤਿਆਰੀਆਂ ਕਰਨ ਲਗੇ। ਹਿੰਦੂ ਸਾਧੂ ਸਿਖ ਸਾਧੂਆਂ ਨੂੰ ਵੇਖ ਕੇ ਈਰਖਾ ਕਰਨ ਲਗੇ। ਜਿਸ ਦਿਨ ਸ਼ਾਹੀਆਂ ਨਿਕਲਣੀਆਂ ਸਨ। ਉਦਾਸੀਆਂ ਨੂੰ ਸ਼ਾਹੀ ਕਢਦੇ ਵੇਖ ਕੇ ਬੈਰਾਗੀ ਸੰਨਿਆਸੀ ਤੇ ਹੋਰ ਸਾਰੀਆਂ ਸੰਪ੍ਰਦਾਵਾਂ ਦੇ ਸਾਧੂ ਤਲਵਾਰਾਂ ਲੈ ਕੇ ਉਦਾਸੀਆਂ ਪਰ ਟੁਟ ਕੇ ਪੈ ਗਏ। ਉਦਾਸੀਆਂ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੀ। ਲੜਾਈ ਵਿਚ ਉਹ ਬੈਰਾਗੀਆਂ ਤੇ ਸਨਿਆਸੀਆਂ ਦੇ ਹਥ ਆ ਗਈ ਉਨਾਂ ਨੇ ਹੰਕਾਰ ਵਿਚ ਆ ਕੇ ਹਲਤ ਪਲਤ ਦੇ ਰਾਖੇ ਤੇ ਦਸਾਂ ਗੁਰੂਆਂ ਦੇ ਪਰਤਖ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰ ਤਲਵਾਰ ਨਾਲ ਹਮਲਾ ਕਰ ਦਿਤਾ ਅਤੇ ਸਖਤ ਬੇਅਦਬੀ ਕੀਤੀ। ਜਦ ਇਹ ਖਬਰ ਬੀਬੀ ਸਾਹਿਬ ਕੌਰ ਨੂੰ ਮਿਲੀ ਤਾਂ ਉਨਾਂ ਦਾ ਸਿਖੀ ਜੋਸ਼ ਠਾਠਾਂ ਮਾਰ ਉਠਿਆ ਤੇ ਆਪ ਫੌਜ ਲੈ ਕੇ ਹਰਦੁਆਰ ਜਾ ਪੁਜੇ। ਤਾਕਤ ਦੇ ਹੰਕਾਰ ਵਿਚ ਮੱਤੇ ਸਾਧੂਆਂ ਨੇ ਫੋਜ ਨਾਲ ਭੀ ਟੱਕਰ ਲਈ ਪ੍ਰੰਤੂ ਜਦ ਸਿੰਘਾਂ ਦੇ ਕਰਾਰੇ ਹਥ ਲਗੇ ਤਾਂ ਸਭ ਦੇ ਹੋਸ਼ ਠਿਕਾਣੇ ਆ ਗਏ ਜਿਹੜੇ ਸਾਧੂ ਬਚੇ ਉਹ ਗਲ ਵਿਚ ਪਲਾ ਪਾ ਕੇ ਤੇ ਮੂੰਹ ਵਿਚ ਘਾਹ ਲੈ ਕੇ ਬੀਬੀ ਜੀ ਪਾਸੋਂ ਖਿਮਾ ਮੰਗਣ ਆਏ। ਇਸ ਤੋਂ ਉਪ੍ਰੰਤ ਉਦਾਸੀਆਂ ਤੇ ਨਿਰਮਲਿਆਂ ਦੀਆਂ ਸ਼ਾਹੀਆ ਸ਼ਾਨ ਨਾਲ ਨਿਕਲਦੀਆਂ ਹਨ ਕਦੇ ਕਿਸੇ ਨੂੰ ਦਖਲ ਦੇਣ ਦਾ ਹੌਸਲਾ ਨਹੀਂ ਪਿਆ। ਇਸ ਪਰਕਾਰ ਬੀਬੀ ਜੀ ਨੇ ਇਸ ਸਮੇਂ ਭੀ ਸਿਖੀ ਦੀ ਲਾਜ ਰਖ ਲਈ ਤੇ ਹਿੰਦੂ ਤੀਰਥਾਂ ਪਰ ਸਿਖ ਧਰਮ ਦੇ ਪ੍ਰਚਾਰ ਦਾ ਰਾਹ ਖੋਹਲ ਦਿਤਾ।

## ਮਰਹੱਟਿਆਂ ਦੀ ਚੜਾਈ

ਸੰਨ ੧੭੯੪ ਈਸਵੀ ਦੀਆਂ ਸਰਦੀਆਂ ਵਿਚ ਮਰਹੱਟੇ ਫਿਰ ਪੰਜਾਬ ਵੱਲ ਵੱਧੇ। ਜਦ ਉਹ ਦਿਲੀ ਟੱਪਕੇ ਕੈਂਥਲ ਦੀ ਸਿਖ ਰਿਆਸਤ ਨੂੰ ਫਤਹਿ ਕਰ ਚੁਕੇ ਤਾਂ ਉਨ੍ਹਾਂ ਨੇ ਇਕ ਦਰਬਾਰ ਕਰਕੇ ਪਟਿਆਲੇ ਪਰ ਹਮਲਾ ਕਰਨ ਦੀ ਸਕੀਮ ਬਣਾਈ। ਇਹ ਵਡੀ ਸਿਖ ਰਿਆਸਤ ਕਦੇ ਦੀ ਉਨ੍ਹਾਂ ਦੀਆਂ ਅਖਾਂ ਵਿਚ ਕੰਡੇ ਵਾਂਗ ਚੁਭਦੀ ਸੀ ਤੇ ਉਨ੍ਹਾਂ ਦਾ ਖਿਆਲ ਸੀ ਕਿ ਪਟਿਆਲੇ ਵਿਚੋਂ ਲੁਟ ਦਾ ਮਾਲ ਬਹੁਤ ਮਿਲੇਗਾ। ਜਿਸ ਸਮੇਂ ਮਰਹੱਟਾ ਸਰਦਾਰਾਂ ਨੇ ਇਹ ਸਲਾਹ ਕੀਤੀ ਤਾਂ ਉਨ੍ਹਾਂ ਦਾ ਖਿਆਲ ਸੀ ਕਿ ਪਟਿਆਲੇ ਦੀ ਵਡੀ ਵਜ਼ੀਰ ਇਕ ਇਸਤ੍ਰੀ ਉਸਦਾ ਕਿਥੋਂ ਹੌਸਲਾ ਪੈ ਸਕਦਾ ਹੈ ਕਿ ਉਹ ਸਾਡੇ ਨਾਲ ਮੁਕਾਬਲਾ ਕਰੇ ਇਸ ਲਈ ਉਨ੍ਹਾਂ ਨੇ ਇਕ ਚਿਠੀ ਦੇ ਕੇ ਹਰਕਾਰਾ ਭੇਜਿਆ।

ਜਿਸ ਵੇਲੇ ਹਰਕਾਰਾ ਆਇਆ ਬੀਬੀ ਸਾਹਿਬ ਕੌਰ ਨੇ ਉਸ ਪਾਸੋਂ ਚਿਠੀ ਲੈਕੇ ਤਾਂ ਉਸ ਨੂੰ ਬਹੁਤ ਹੈਰਾਨੀ ਹੋਈ। ਕੈਂਥਲ ਵਾਲਿਆਂ ਨੇ ਮਰਹੱਟਿਆ ਦੀ ਈਨ ਮੰਨ ਲਈ ਸੀ ਤੇ ਉਨ੍ਹਾਂ ਨੇ ਲਿਖਿਆ ਸੀ ਕਿ ਤੁਸੀਂ ਭੀ ਐਵੇਂ ਫੌਜਾਂ ਦਾ ਨੁਕਸਾਨ ਨਾ ਕਰਾਉ ਸਾਡੀ ਈਨ ਮੰਨ ਕੇ ਖਰਾਜ ਦੇ ਦਿਉ। ਬੀਬੀ ਜੀ ਨੂੰ ਖਿਆਲ ਆਇਆ ਕਿ ਮਰਹੱਟੇ ਸਰਦਾਰਾਂ ਨੇ ਮੈਨੂੰ ਇਸਤ੍ਰੀ ਸਮਝ ਕੇ ਧਮਕੀ ਦਿਤੀ ਹੈ ਇਸ ਕਰਕੇ ਉਨ੍ਹਾਂ ਨੂੰ ਇਹ ਗਲ ਦਸਣ ਦਾ ਬਹੁਤ ਸੋਹਣਾ ਵਕਤ ਹੈ ਕਿ ਜੇ ਇਸਤ੍ਰੀ ਦੇਸ਼ ਰਖਿਆ ਦੇ ਮੈਦਾਨ ਵਿਚ ਨਿਤਰ ਪਵੇ ਤਾਂ ਉਹ ਵਡੇ ਵਡੇ ਹੰਕਾਰੀਆਂ ਦੇ ਮੂੰਹ ਫੇਰ ਸਕਦੀ ਹੈ।

ਬੀਬੀ ਸਾਹਿਬ ਕੌਰ ਨੇ ਉਨ੍ਹਾਂ ਦੀ ਚਿਠੀ ਆਪਣੇ ਪਾਸ ਰਖ ਲਈ ਤੇ ਹਰਕਾਰੇ ਨੂੰ ਜਾਣ ਦੀ

Digitized by Panjab Digital Library | www.panjabdigilib.org

ਆਗਿਆ ਦਿਤੀ। ਅਗਲੇ ਦਿਨ ਬੀਬੀ ਜੀ ਨੇ ਇਕ ਦਰਬਾਰ ਲਗਾਇਆ ਅਤੇ ਦਰਬਾਰੀਆਂ ਨੂੰ ਸੰਬੋਧਨ ਕਰਕੇ ਇਕ ਜੋਸ਼ ਭਰੀ ਤਕਰੀਰ ਕੀਤੀ ਜਿਸ ਵਿਚ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਿਆਸਤ ਦੀ ਰਾਖੀ ਲਈ ਅੰਤਮ ਸਿਪਾਹੀ ਤੱਕ ਲੜਨਾ ਚਾਹੀਦਾ ਹੈ। ਬੀਬੀ ਜੀ ਨੇ ਕਿਹਾ "ਅੰਟਾ ਰਾਉ ਤੇ ਲਛਮਣ ਰਾਉ ਮਰਹੱਟੇ ਕੀੜੀ ਦਲ ਲਸ਼ਕਰ ਲਈ ਪਟਿਆਲੇ ਪਰ ਧਾਵਾ ਕਰਨ ਆ ਰਹੇ ਹਨ ਆਸ ਪਾਸ ਦੀਆਂ ਸਭ ਰਿਆਸਤਾਂ ਉਨ੍ਹਾਂ ਦੇ ਅਧੀਨ ਹੋ ਗਈਆਂ ਹਨ ਕਿਧਰੋਂ ਸਹਾਇਤਾ ਮਿਲਣ ਦੀ ਆਸ ਨਹੀਂ ਇਸ ਕਰਕੇ ਦੇਸ਼ ਦੀ ਰਾਖੀ ਲਈ ਤਿਆਰ ਹੋ ਜਾਉ ਅਤੇ ਮੈਦਾਨ ਜੰਗ ਵਿਚ ਕੁਰਬਾਨ ਹੋਕੇ ਵੈਰੀ ਨੂੰ ਇਹ ਦਸ ਦਿਉ ਕਿ ਪਟਿਆਲਾ ਵੀ ਗੁਲਾਮੀ ਨਾਲੋਂ ਮੌਤ ਨੂੰ ਤਰਜੀਹ ਦਿੰਦਾ ਹੈ ਅਤੇ ਉਹ ਜਿਉਂਦੇ ਜੀ ਆਪਣੇ ਦੇਸ਼ ਪਰ ਕਿਸੇ ਦਾ ਕਬਜ਼ਾ ਬਰਦਾਸ਼ਤ ਨਹੀਂ ਕਰ ਸਕਦੇ। ਬੀਬੀ ਜੀ ਦੀ ਤਕਰੀਰ ਤੋਂ ਪਿਛੋਂ ਸਰਦਾਰ ਤਾਰਾ ਸਿੰਘ ਨੇ ਭੀ ਇਕ ਰੋਹ ਭਰੀ ਤਕਰੀਰ ਕੀਤੀ ਅਤੇ ਕਿਹਾ ਕਿ ਜਿਉਂਦੀਆਂ ਕੌਮਾਂ ਗੁਲਾਮੀ ਪ੍ਰਵਾਨ ਨਹੀਂ ਕਰ ਸਕਦੀਆਂ। ਇਨ੍ਹਾਂ ਤਕਰੀਰਾ ਤੋਂ ਪਿਛੋਂ ਬੀਰ ਰਸ ਵਿਚ ਰੱਤੇ ਹੋਇ ਫੌਜੀ ਸਰਦਾਰਾਂ ਨੇ ਇਹ ਭਰੋਸਾ ਦਵਾਇਆ ਕਿ ਉਹ ਹਰ ਕੁਰਬਾਨੀ ਕਰਨ ਲਈ ਤਿਆਰ ਹਨ।

ਬੀਬੀ ਸਾਹਿਬ ਕੌਰ ਨੇ ਕਿਹਾ ਮਰਹੱਟਿਆਂ ਦੀ ਲੜਾਈ ਦੀ ਖਬਰ ਸੁਣਕੇ ਮੈਂ ਘਰ ਨਹੀਂ ਬੈਠ ਸਕਦੀ ਮੈਂ ਖੁਦ ਮੈਦਾਨ ਵਿਚ ਜਾਕੇ ਆਪਣੀ ਫੌਜ ਦੀ ਅਗਵਾਈ ਕਰਾਂਗੀ। ਜੇ ਵਾਪਸ ਪਟਿਆਲੇ ਆਈ ਤਾਂ ਜਿਤ ਕੇ ਆਵਾਂਗੀ ਨਹੀਂ ਆਪਣੀ ਪਿਆਰੀ ਮਾਤ ਭੂਮੀ ਤੋਂ ਕੁਰਬਾਨ ਹੋ ਜਾਵਾਂਗੀ। ਬੀਬੀ ਜੀ ਦੀਆਂ ਇਨ੍ਹਾਂ ਗਲਾਂ ਨੂੰ ਸੁਣ ਕੇ ਦਰਬਾਰੀਆਂ ਦੇ ਦਿਲਾਂ ਵਿਚ ਭੀ ਕੌਮੀ ਪਿਆਰ ਠਾਠਾਂ ਮਾਰਨ ਲਗ ਪਿਆ। ਸੂਰਮਿਆਂ ਦੇ ਚੇਹਰੇ ਸੁਰਖ ਹੋ ਗਏ ਅਖਾਂ ਵਿਚ ਲਹੂ ਉੱਤਰ ਆਇਆ ਤੇ ਉਹ ਜੰਗ ਵਿਚ ਜਾਣਦੀਆਂ ਤਿਆਰੀਆਂ ਕਰਨ ਲਗੇ।

## ਮੈਦਾਨੇ ਜੰਗ ਦਾ ਨਜ਼ਾਰਾ

ਮਰਦਾਨ ਪੁਰੇ ਦਾ ਮੈਦਾਨ ਜੰਗ ਦਾ ਅਖਾੜਾ ਬਣ ਗਿਆ। ਦੋਹਾਂ ਪਾਸਿਆਂ ਦੀਆਂ ਫੌਜਾਂ ਤਿਆਰ ਹੋਕੇ ਆਹਮੋ ਸਾਹਮਣੇ ਆ ਖੜੀਆਂ। ਇਤਿਹਾਸ ਕਾਰਾਂ ਦਾ ਮਤ ਹੈ ਕਿ ਮਰਹੱਟਿਆਂ ਪਾਸ ਘੱਟ ਤੋਂ ਘੱਟ ੩੦ ਹਜ਼ਾਰ ਸਨਧ ਬਧ ਫੌਜ ਸੀ ਅਤੇ ਦੂਜੇ ਪਾਸੇ ਸਾਹਿਬ ਕੌਰ ਦੇ ਹੁਕਮ ਅੰਦਰ ਕੇਵਲ ਸਤ ਹਜ਼ਾਰ ਸਿਪਾਹੀ ਸਨ। ਸ: ਜੋਧ ਸਿੰਘ ਕਲਸੀਆ, ਸਃ ਤਾਰਾ ਸਿੰਘ ਗੱਬਾ, ਸਃ ਬੀਰ ਸਿੰਘ ਦਲੀਪ ਸਿੰਘ ਭਦੌੜ, ਸਃ ਗੰਗਾ ਸਿੰਘ ਥਾਨੇਸਰ ਤੇ ਰਾਜਾ ਭਾਗ ਸਿੰਘ ਜੀਂਦ ਆਦਿ ਪ੍ਰਸਿਧ ਸਰਦਾਰ ਜੰਗ ਦੀ ਖਬਰ ਸੁਣਦੇ ਹੀ ਬੀਬੀ ਜੀ ਦੀ ਮਦਦ ਲਈ ਆ ਗਏ ਸਨ। ਲੜਾਈਆਂ ਅਰੰਭ ਕਰਨ ਤੋਂ ਪਹਿਲਾ ਬੀਬੀ ਜੀ ਨੇ ਸਭ ਸਰਦਾਰਾਂ ਦੀ ਸਲਾਹ ਨਾਲ ਇਕ ਹਰਕਾਰਾ ਭੇਜਿਆ ਜਿਸਦੇ ਹਥ ਭੇਜੀ ਗਈ ਚਿਠੀ ਵਿਚ ਆਪਨੇ ਲਿਖਿਆ—

"ਸਾਡਾ ਤੁਹਾਡਾ ਨ ਅਗੇ ਕੋਈ ਝਗੜਾ ਸੀ ਨਾ ਹੁਣ ਹੈ ਅਜਿਹੀ ਹਾਲਤ ਵਿਚ ਤੁਹਾਡੀ ਪਟਿਆਲੇ ਪਰ ਚੜ੍ਹਾਈ ਲਾਲਚ ਦੇ ਅਧੀਨ ਹੈ। ਅਤੇ ਦੇਸ਼ ਨੂੰ ਤਬਾਹ ਕਰਨ ਤੇ ਪਰਜਾ ਨੂੰ ਵੈਰਾਨ ਕਰਨ ਤੋਂ ਬਿਨਾ ਹੋਰ ਕੋਈ ਮਤਲਬ ਨਹੀਂ ਰਖਦੀ। ਪਟਿਆਲਾ ਸਿਖ ਰਿਆਸਤ ਹੈ ਅਤੇ ਕੌਮੀ

Digitized by Panjab Digital Library | www.panjabdigilib.org

ਅਣਖ ਇਸ ਗਲ ਦੀ ਆਗਿਆ ਨਹੀਂ ਦਿੰਦੀ ਕਿ ਬਿਨਾ ਕਾਰਣ ਇਸਦੀ ਪਰਜਾ ਨੂੰ ਵੈਰਾਨ ਕੀਤਾ ਜਾਵੇ ਨਾਹਕ ਲੁਟਿਆ ਪੁਟਿਆ ਜਾਵੇ ਅਤੇ ਅਸੀਂ ਚੁਪ ਚਾਪ ਬੈਠੇ ਵੇਖਦੇ ਰਹੀਏ ਇਸ ਕਰਕੇ ਤੁਹਾਡੇ ਸਾਹਮਣੇ ਦੋ ਹੀ ਰਾਹ ਖੁਲੇ ਹਨ ਜਾਂ ਆਪਣੀ ਫੌਜ ਲੈਕੇ ਪਿਛੇ ਮੁੜ ਜਾਓ ਜਾਂ ਮੈਦਾਨ ਵਿਚ ਆਕੇ ਦੋ ਹੱਥ ਵੇਖੋ ਤੇ ਵਿਖਾਉ।

ਇਸ ਵਿਚ ਸੰਦੇਹ ਨਹੀਂ ਕਿ ਹੁਣ ਤੱਕ ਤੁਹਾਡੇ ਘੋੜਿਆਂ ਨੂੰ ਰੋਕਣ ਵਾਲਾ ਕੋਈ ਨਹੀ ਮਿਲਿਆ। ਤੁਸੀਂ ਜਿਧਰ ਗਏ ਤੁਹਾਡੀ ਜਿਤ ਹੋਈ। ਕਰੋੜਾਂ ਰੁਪਏ ਨਜ਼ਰਾਨਾ ਮਿਲੇ। ਐਸੀ ਹਾਲਤ ਵਿਚ ਜਦੋਂ ਤੁਹਾਡੀ ਫੌਜ ਦੇ ਹੌਸਲੇ ਵਧੇ ਹੋਇ ਹਨ ਉਹ ਜੰਗ ਕਰਨੋ ਨਹੀਂ ਟਲੇਗੀ ਪਰ ਤੁਹਾਨੂੰ ਇਹ ਗਲ ਸਮਝ ਲੈਣੀ ਚਾਹੀਦੀ ਹੈ ਕਿ ਹਰਵਾਰ ਸ਼ਿਕਾਰ ਹਥ ਨਹੀਂ ਆਉਂਦਾ ਕਈ ਵੇਰ ਸ਼ਿਕਾਰੀ ਆਪ ਹੀ ਸ਼ਿਕਾਰ ਕਰਨ ਗਿਆ ਸ਼ਕਾਰ ਹੋ ਜਾਂਦਾ ਹੈ। ਜਦ ਇਹ ਚਿਠੀ ਅੰਟਾਰਾਉ ਤੇ ਲਛਮਣ ਰਾਉ ਨੇ ਪੜੀ ਤਾਂ ਉਹ ਅੱਗ ਬਗੋਲਾ ਹੋ ਗਏ। ਉਨ੍ਹਾਂ ਨੂੰ ਖਿਆਲ ਸੀ ਕਿ ਨਾਨੂ ਮਲ ਦੀਆਂ ਚਾਲਾਂ ਕਰਕੇ ਇਹ ਰਿਆਸਤ ਕਾਫੀ ਕਮਜ਼ੋਰ ਹੋ ਚੁਕੀ ਹੈ ਤੇ ਰਿਆਸਤ ਦੀ ਵਜ਼ੀਰ ਇਕ ਇਸਤ੍ਰੀ ਹੈ ਇਸ ਕਰਕੇ ਪਟਿਆਲੇ ਨੂੰ ਅਧੀਨ ਕਰਨਾ ਔਖਾ ਨਹੀਂ ਹੋਵੇਗਾ ਪਰ ਜਦੋਂ ਬੀਬੀ ਸਾਹਿਬ ਕੌਰ ਨੇ ਅਧੀਨਗੀ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿਤਾ ਤਾਂ ਉਹ ਸਪ ਵਾਂਗ ਵਿਹੁ ਘੋਲਣ ਲਗ ਪਏ।

ਮਰਹੱਟਿਆਂ ਨੇ ਜੰਗ ਦਾ ਬਿਗਲ ਵਜਾ ਦਿਤਾ। ਇਧਰੋਂ ਸਿਖ ਫੌਜਾਂ ਨੇ ਭੀ ਡਟ ਕੇ ਮੁਕਾਬਲਾ ਕੀਤਾ। ਸਾਰਾ ਦਿਨ ਘਮਸਾਣ ਦਾ ਰਣ ਮਚਿਆ ਰਿਹਾ। ਖ਼ੂਨ ਦੀਆਂ ਨਦੀਆਂ ਵਗੀਆਂ। ਮੈਦਾਨ ਘੋੜਿਆ ਤੇ ਆਦਮੀਆਂ ਦੀਆਂ ਲਾਸ਼ਾਂ ਨਾਲ ਭਰ ਗਿਆ। ਦਿਨ ਢੱਲ ਗਿਆ ਅੰਟਾ ਰਾਉ ਨੂੰ ਆਪਣੀ ਫੌਜ ਦਾ ਦਿਲ ਟੁਟਦਾ ਦਿਸਿਆ। ਪੈਰ ਥਿੜਕਦੇ ਮਾਲੂਮ ਹੋਇ। ਉਹ ਅਗੇ ਵਧਿਆ ਤੇ ਵੰਗਾਰ ਕੇ ਕਿਹਾ "ਬਹਾਦਰੋ ਲੜਾਈ ਦੇ ਮੈਦਾਨ ਵਿਚ ਹਰ ਪਾਸੇ ਤੁਹਾਡੇ ਭਰਾਵਾਂ ਦੀਆਂ ਲਾਸ਼ਾ ਖਿਲਰੀਆਂ ਪਈਆਂ ਹਨ। ਇਨ੍ਹਾਂ ਬਹਾਦਰਾਂ ਨੇ ਕੌਮੀ ਆਣ ਬਦਲੇ ਆਪਣੀਆਂ ਪਿਆਰੀਆਂ ਧਾਨਾਂ ਵਾਰੀਆਂ। ਕੀ ਤੁਸੀਂ ਇਨ੍ਹਾਂ ਨੂੰ ਇਸੇ ਤਰ੍ਹਾਂ ਕਾਵਾਂ ਤੇ ਇਲਾਂ ਲਈ ਪਿਆ ਛਡਕੇ ਨਸਣਾ ਚਾਹੁੰਦੇ ਹੋ। ਜਿਸ ਦਲੇਰੀ ਨਾਲ ਦੁਸ਼ਮਨ ਵਲੋਂ ਹਮਲੇ ਹੋ ਰਹੇ ਹਨ ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਤੇ ਤੁਹਾਡੇ ਵਿਚੋਂ ਇਕ ਭੀ ਬਚ ਕੇ ਨਹੀਂ ਜਾਵੇਗਾ। ਹੁਣ ਤੁਸੀਂ ਆਪਣੇ ਵਤਨ ਤੋਂ ਬਹੁਤ ਦੂਰ ਅਤੇ ਮੌਤ ਤੋਂ ਨੇੜੇ ਹੋ। ਬਹਾਦਰੋ ਅਗੇ ਵਧੋ ਆਪਣੀ ਅੰਤਮ ਆਹੁਤੀ ਦੇ ਕੇ ਜਾ ਤਾਂ ਆਪਣੇ ਭਰਾਵਾਂ ਨਾਲ ਜਾ ਰਲੋ ਜਾਂ ਜਿਤ ਦੇ ਨਗਾਰੇ ਵਜਾਉਂਦੇ ਹੋਇ ਵਤਨ ਵਲ ਮੁੜੋ। ਅੰਟਾ ਰਾਉ ਦੇ ਇਸ ਕਥਨ ਨੇ ਮਰਹੱਟਿਆਂ ਵਿਚ ਨਵਾਂ ਜੋਸ਼ ਭਰ ਦਿਤਾ। ਉਨ੍ਹਾਂ ਦੀਆਂ ਰਗਾਂ ਵਿਚ ਰੁਕ ਰੁਕ ਕੇ ਚਲਣ ਵਾਲਾ ਖ਼ੂਨ ਉਬਾਲੇ ਖਾਣ ਲਗ ਪਿਆ। ਹੁਣ ਮਰਹੱਟਿਆਂ ਨੇ ਜੋਸ਼ ਨਾਲ ਅਗੇ ਵਧ ਵਧ ਕੇ ਹਮਲੇ ਕੀਤੇ ਖਾਲਸਾ ਜੀ ਭੀ ਮੈਦਾਨ ਵਿਚੋਂ ਪਿਛੇ ਹਟਣਾ ਨਹੀਂ ਜਾਣਦਾ ਸੀ। ਗਲ ਕੀ ਭਾਰਤ ਦੀਆਂ ਦੋ ਵੀਰ ਕੌਮਾਂ ਆਪੋ ਆਪਣੇ ਨਾਮ ਦੀ ਲਾਜ ਰਖਣ ਲਈ ਇਤਨੇ ਜ਼ੋਰ ਨਾਲ ਲੜ ਰਹੀਆਂ ਸਨ ਕਿ ਉਨ੍ਹਾ ਨੇ ਪਰਲੋ ਦਾ ਦ੍ਰਿਸ਼ਜ ਪੈਦਾ ਕਰ ਦਿਤਾ।

ਥੋਹੜੀ ਦੇਰ ਪਿਛੋਂ ਮਰਹਟਿਆਂ ਨੂੰ ਹੋਰ ਕੁਮਕ ਪੁਜ ਗਈ। ਹੁਣ ਸਾਹਿਬ ਕੌਰ ਨੂੰ ਜਾ ਪਿਆ ਕਿ ਖਾਲਸਾ ਜੀ ਨੂੰ ਦਲੇਰੀ ਦੇਣ ਦਾ ਸਮਾਂ ਆ ਗਿਆ ਹੈ ਉਹ ਘੋੜੇ ਪਰ ਸਵਾਰ ਹੋਕੇ ਅਗੇ ਵਧੀ ਤੇ

Digitized by Panjab Digital Library | www.panjabdigilib.org

ਰਣਤੱਤੇ ਵਿਚ ਸਿਪਾਹੀਆਂ ਨੂੰ ਸੰਬੋਧਨ ਕਰਕੇ ਕਹਿਣ ਲਗੀ ਖਾਲਸਾ ਜੀ ਮਰਹਟੇ ਆਪਣੀ ਵੀਰਤਾ ਦਾ ਸਾਰਾ ਜ਼ੋਰ ਲਗਾਕੇ ਜਿੱਤ ਪ੍ਰਾਪਤ ਕਰਨਾ ਚਾਹੁੰਦੇ ਹਨ। ਪਰ ਉਨਾ ਦਾ ਵਾਸਤਾ ਭੀ ਇਕ ਬਹਾਦਰ ਕੌਮ ਨਾਲ ਪਿਆ ਹੈ। ਕੁਰਬਾਨੀ ਦੇ ਮੈਦਾਨ ਵਿਚ ਅਗੇ ਵਧ ਕੇ ਦਸ ਦਿਓ ਕਿ ਖਾਲਸਾ ਫੌਜ ਅਜਿਤ ਹੈ ਅਤੇ ਵਡੇ ਵਡੇ ਹੰਕਾਰੀਆਂ ਦੇ ਮੂੰਹ ਭਵਾ ਸਕਦੀ ਹੈ। ਖਾਲਸਾ ਜੀ ਤੁਸੀਂ ਸੁਕਾ ਬਰੂਦ ਹੋ। ਵੈਰੀ ਦਲ ਵਿਚ ਜਾਕੇ ਭੜਕ ਪਉ ਤੇ ਉਨ੍ਹਾਂ ਦੀਆ ਸਾਰੀਆਂ ਆਸਾ ਖਾਕ ਕਰਕੇ ਰਖ ਦਿਉ।

ਬੀਬੀ ਸਾਹਿਬ ਕੌਰ ਜਿਸ ਸਮੇਂ ਨੰਗੀ ਤਲਵਾਰ ਲੈ ਕੇ ਮੈਦਾਨ ਵਿਚ ਆਈ ਤਾਂ ਸਿਖ ਫੌਜਾਂ ਦੇ ਹੌਸਲੇ ਬਹੁਤ ਵਧ ਗਏ। ਸਿੰਘਾਂ ਨੇ ਐਸੇ ਬਹਾਦਰੀ ਦੇ ਜੌਹਰ ਦਿਖਾਏ ਕਿ ਦੁਸ਼ਮਨ ਭੀ ਵੇਖਕੇ ਅਸ਼ ਅਸ਼ ਕਰਨ ਲਗ ਪਏ। ਸਾਰਾ ਦਿਨ ਘਮਸਾਣ ਦਾ ਰਣ ਮਚਿਆ ਬੀਬੀ ਸਾਹਿਬ ਕੌਰ ਹਥ ਵਿਚ ਤੇਗ ਲਈ ਬਿਜਲੀ ਵਾਂਗ ਕੜਕ ਕੇ ਦੁਸ਼ਮਨ ਪਰ ਟੁਟ ਟੁਟ ਪਈ ਅਤੇ ਵੈਰੀਆਂ ਨੂੰ ਉਹ ਕੁਰਾਹੇ ਹਥ ਵਿਖਾ ਏ ਕਿ ਉਹ ਕਦੇ ਭੀ ਨਹੀਂ ਭੁਲੇ ਹੋਣਗੇ। ਸਾਹਿਬ ਕੌਰ ਨੂੰ ਇਸ ਤਰ੍ਹਾਂ ਤਲਵਾਰ ਚਲਾ ਉਂਦਿਆਂ ਵੇਖਕੇ ਸੂਰਜ ਦਾ ਦਿਲ ਭੀ ਕੰਬ ਗਿਆ ਤੇ ਉਹ ਭਜਕੇ ਪੱਛਮ ਦੀ ਨੁਕਰ ਵਿਚ ਜਾ ਛੁਪਿਆ। ਮਰਹਟੇ ਸਰਦਾਰ ਆਪਣੇ ਡੇਰਿਆਂ ਵਿਚ ਚਲੇ ਗਏ ਪਰ ਅਜ ਹਰ ਇਕ ਦੀ ਜ਼ਬਾਨ ਤੇ ਬੀਬੀ ਸਾਹਿਬ ਕੌਰ ਦੇ ਕ੍ਰਿਪਾਨ ਚਲਾਉਣ ਦੀ ਬਹਾਦਰੀ ਦਾ ਚਰਚਾ ਸੀ। ਸ਼ਾਮ ਹੋਈ ਤਾਂ ਸਿੰਘਾਂ ਸਰਦਾਰਾਂ ਨੇ ਆਪਣੀ ਤਾਕਤ ਦਾ ਫਿਰ ਅੰਦਾਜ਼ਾ ਲਗਾਇਆ। ਭਾਵੇਂ ਸਿਖ ਫੌਜਾਂ ਬੜੀ ਬਹਾਦਰੀ ਨਾਲ ਲੜ ਰਹੀਆਂ ਸਨ ਪਰੰਤੂ ਮਰਹਟਿਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਇਹ ਗਲ ਤਾਂ ਹਰ ਇਕ ਨੂੰ ਨਜ਼ਰ ਆਉਂਦੀ ਸੀ ਕਿ ਸਿਖਾਂ ਨੂੰ ਇਸ ਜੰਗ ਵਿਚ ਫਤਹਿ ਮਿਲਣੀ ਮੁਸ਼ਕਲ ਹੈ। ਸਿੰਘਾਂ ਸਰਦਾਰ ਇਕਠੇ ਹੋ ਕੇ ਬੀਬੀ ਜੀ ਪਾਸ ਆਇ। ਬੀਬੀ ਜੀ ਦੇ ਸਾਹਮਣੇ ਗਲ ਕਰਨ ਦਾ ਕਿਸੇ ਨੂੰ ਹੌਸਲਾ ਨਾ ਪਵੇ ਕਿਉਂਕਿ ਇਸ ਵੇਲੇ ਉਹ ਪੂਰਨ ਰੋਹ ਵਿਚ ਸੀ। ਬੀਬੀ ਜੀ ਨੇ ਕਿਹਾ ਕੀ ਗਲ ਹੈ। ਸ: ਜੋਧ ਸਿੰਘ ਜੀ ਕਲਸੀਆ ਹੌਸਲਾ ਕਰਕੇ ਬੋਲੇ "ਆਪ ਨੇ ਅਜ ਜੋ ਬਹਾਦਰੀ ਵਿਖਾਈ ਉਹ ਅਦੁਤੀ ਪਰੰਤੂ ਸਮਾਂ ਤੇ ਤਾਕਤ ਵੈਰੀ ਦੇ ਹਥ ਹੈ। ਅਜ ਦੀ ਲੜਾਈ ਤੋਂ ਤੁਸੀਂ ਆਪਣੀ ਤੇ ਦੁਸ਼ਮਨ ਦੀ ਤਾਕਤ ਦਾ ਅੰਦਾਜ਼ਾ ਲਗਾ ਹੀ ਲਿਆ ਹੋਵੇਗਾ ਇਸ ਲਈ ਸਾਡੀ ਸਾਰਿਆਂ ਦੀ ਰਾਇ ਹੈ ਕਿ ਤੁਸੀਂ ਪਟਿਆਲੇ ਚਲੇ ਜਾਓ ਤੇ ਹੋਰ ਕੁਮਕ ਭੇਜਣ ਦਾ ਤੇ ਸ਼ਹਿਰ ਦੀ ਤਕੜਾਈ ਕਰਨ ਦਾ ਪ੍ਰਬੰਧ ਕਰੋ।

ਬੀਬੀ ਸਾਹਿਬ ਕੌਰ— (ਜੋਸ਼ ਵਿਚ ਆਕੇ) ਸਰਦਾਰ ਜੀ ਤੁਸੀਂ ਕੀ ਕਹਿ ਰਹੇ ਹੋ ਤੁਹਾਨੂੰ ਪਤਾ ਹੈ ਮੈਂ ਪ੍ਰਣ ਕਰਕੇ ਆਈ ਹਾਂ ਕਿ ਜਿਤ ਕੇ ਵਾਪਸ ਮੁੜਾਂਗੀ ਜਾਂ ਰਣ ਭੂਮੀ ਵਿਚ ਸ਼ਹੀਦ ਹੋ ਜਾਵਾਂਗੀ।

ਸ: ਜੋਧ ਸਿੰਘ— ਇਹ ਗਲ ਤਾਂ ਠੀਕ ਹੈ ਪਰ ਪਿਛੋਂ ਰਿਆਸਤ ਦਾ ਪ੍ਰਬੰਧ ਨਾ ਵਿਗੜ ਜਾਵੇ ਇਸ ਲਈ ਅਸੀਂ ਸਾਰੇ ਤੁਹਾਡੇ ਪਾਸੋਂ ਇਹ ਦਾਨ ਮੰਗਦੇ ਹਾਂ ਕਿ ਆਪ ਸਾਡੇ ਆਖੇ ਲਗ ਕੇ ਵਾਪਸ ਪਟਿਆਲੇ ਚਲੇ ਜਾਵੋ।

ਬੀਬੀ ਜੀ— ਤੁਸੀਂ ਮੇਰੇ ਵਿਚ ਕੀ ਕਮੀ ਵੇਖਦੇ ਹੋ ਜੋ ਮੈਨੂੰ ਰਣ ਤੱਤੇ ਵਿਚੋਂ ਵਾਪਸ ਜਾਣ ਦੀ

Digitized by Panjab Digital Library | www.panjabdigilib.org

ਪ੍ਰੇਰਨਾ ਕਰ ਰਹੇ ਹੋ।

ਸ: ਜੋਧ ਸਿੰਘ— ਕਮੀ ਕੋਈ ਨਹੀਂ ਵਾਹਿਗੁਰੂ ਨਾ ਕਰੇ ਜੇ ਦੁਸ਼ਮਨ ਦਾ ਪਲਾਂ ਭਾਰੀ ਹੋ ਗਿਆ ਤਾਂ ਅਸੀਂ ਇਹ ਨਹੀਂ ਵੇਖ ਸਕਦੇ ਕਿ ਸਾਡੀ ਭੈਣ ਦੁਸ਼ਮਨ ਦੇ ਪੰਜੇ ਵਿਚ ਫਸੀ ਹੋਵੇ।

ਬੀਬੀ ਜੀ— ਇਹ ਕਮਜ਼ੋਰੀ ਦੀਆਂ ਗਲਾਂ ਛਡੋ ਤੇ ਇਸ ਗਲ ਪਰ ਵਿਚਾਰ ਕਰੋ ਕਿ ਕਿਸ ਤਰੀਕੇ ਨਾਲ ਦੁਸ਼ਮਨ ਪਰ ਫਤਹਿ ਪਾਈ ਜਾ ਸਕਦੀ ਹੈ।

ਇਹ ਸੁਣ ਕੇ ਸਾਰੇ ਸਿਖ ਸਰਦਾਰ ਬੈਠ ਗਏ। ਬੀਬੀ ਜੀ ਨੇ ਸਲਾਹ ਦਿਤੀ ਕਿ ਦੁਸ਼ਮਨ ਪਰ ਅਚਾਨਕ ਰਾਤ ਨੂੰ ਹਮਲਾ ਕੀਤਾ ਜਾਵੇ। ਕਿਉਂਕਿ ਸਾਡੀ ਫੌਜ ਥੋਹੜੀ ਹੈ ਇਸ ਕਰਕੇ ਅਸੀ ਦਿਨ ਦੀਆਂ ਲੜਾਈਆਂ ਵਿਚ ਨਹੀਂ ਜਿਤ ਸਕਾਂਗੇ। ਸਭ ਨੇ ਇਹ ਸਲਾਹ ਮੰਨ ਲਈ ਅਤੇ ਬੀਬੀ ਸਾਹਿਬ ਕੌਰ ਦੀ ਅਗਵਾਈ ਵਿਚ ਸਿੰਘ ਫੌਜਾਂ ਨੇ ਅਚਾਨਕ ਹੀ ਇਤਨੇ ਜ਼ੋਰ ਦਾ ਹਮਲਾਂ ਕੀਤਾ ਕਿ ਮਰਹੱਟਿਆਂ ਨੂੰ ਹੋਸ਼ ਸੰਭਾਲਣੀ ਮੁਸ਼ਕਲ ਹੋ ਗਈ ਅਤੇ ਜਿਦਰ ਕਿਸੇ ਦਾ ਮੂੰਹ ਆਇਆ ਉਠ ਭਜਿਆ। ਇਸ ਪ੍ਰਕਾਰ ਇਸ ਲੜਾਈ ਵਿਚ ਖਾਲਸੇ ਦੀ ਫਤਹਿ ਹੋਈ ਅਤੇ ਬੀਬੀ ਸਾਹਿਬ ਕੌਰ ਫਤਹਿ ਦੇ ਡੰਕੇ ਵਜਾਉਂਦੀ ਹੋਈ ਪਟਿਆਲੇ ਵਾਪਸ ਆਈ। ਬੀਬੀ ਸਾਹਿਬ ਕੌਰ ਨੇ ਨਾ ਕੇਵਲ ਰਾਜ ਪ੍ਰਬੰਧ ਵਿਚ ਕਮਾਲ ਦੀ ਯੋਗਤਾ ਦਿਖਾਈ ਬਲਕਿ ਰਣ ਭੂਮੀ ਵਿਚ ਭੀ ਉਹ ਕਰਤੱਬ ਕਰਕੇ ਦੱਸੇ ਜੋ ਇਸਤ੍ਰੀ ਜਾਤੀ ਲਈ ਫਖਰ ਦਾ ਕਾਰਣ ਹਨ। ਬੀਬੀ ਸਾਹਿਬ ਕੌਰ ਦਾ ਜੀਵਨ ਇਸ ਗਲ ਦਾ ਸਬੂਤ ਹੈ ਕਿ ਜੇ ਇਸਤ੍ਰੀਆਂ ਨੂੰ ਅਵਸਰ ਮਿਲੇ ਤਾਂ ਉਹ ਜੀਵਨ ਦੇ ਹਰ ਪਹਿਲੂ ਵਿਚ ਸਫਲਤਾ ਪ੍ਰਾਪਤ ਕਰ ਸਕਦੀਆਂ ਹਨ ਤੇ ਆਪਣੀਆਂ ਖੂਬੀਆਂ ਦਾ ਲੋਹਾ ਮੰਨਵਾ ਸਕਦੀਆਂ ਹਨ।

## ਬੀਬੀ ਮਾਨ ਕੌਰ

ਸਿਖ ਰਾਜ ਨੂੰ ਖਤਮ ਕਰਨ ਲਈ ਦੋ ਤਾਕਤਾਂ ਕੰਮ ਕਰ ਰਹੀਆਂ ਸਨ। ਇਕ ਉਹ ਗ਼ਦਾਰ ਜਿੰਨਾਂ ਨੂੰ ਮਹਾਰਾਜਾ ਰਣਜੀਤ ਸ਼ਿੰਘ ਜੀ ਨੇ ਖਾਲਸਾ ਦਰਬਾਰ ਵਿਚ ਉਚੇ ਔਹਦੇ ਦੇ ਰਖ਼ੇ ਸਨ, ਅਤੇ ਦੂਜੇ ਅੰਗ੍ਰੇਜ਼ ਜੋ ਸਾਰੇ ਹਿੰਦੋਸਤਾਨ ਪਰ ਆਪਣਾ ਰਾਜ ਠੋਸਣਾ ਚਾਹੁੰਦੇ ਸਨ। ਸਿਖ ਬਹਾਦਰ ਸਨ, ਸਿਖ ਰਾਜ ਨੂੰ ਕਾਇਮ ਰਖਣ ਲਈ ਮਰ ਮਿਟਣ ਦਾ ਜਜ਼ਬਾ ਰਖਦੇ ਸਨ, ਪ੍ਰੰਤੂ ਉਹ ਰਾਜਨੀਤਕ ਤੌਰ ਪਰ ਇਤਨੇ ਚਤੁਰ ਨਹੀਂ ਸਨ ਕਿ ਵਿਰੋਧੀਆਂ ਦੀਆਂ ਚਾਲਾਂ ਨੂੰ ਸਮਝ ਸਕਦੇ। ਡੋਗਰਿਆਂ ਤੇ ਅੰਗ੍ਰੇਜ਼ਾਂ ਨੇ ਆਪੋ ਵਿਚ ਮਿਲ ਕੇ ਐਸੀਆਂ ਚਾਲਾਂ ਚਲੀਆਂ ਕਿ ਉਹ ਵਿਸ਼ਾਲ ਸਿੱਖ ਰਾਜ ਜੋ ਫੌਜੀ ਤਾਕਤ ਦੇ ਲਿਹਾਜ਼ ਨਾਲ ਉਸ ਸਮੇਂ ਏਸ਼ੀਆ ਭਰ ਵਿਚ ਆਪਣੀ ਕਿਸਮ ਦਾ ਪਹਿਲਾ ਲੋਕ ਰਾਜ ਸੀ ਤਬਾਹ ਹੋ ਗਿਆ ਅਤੇ ਅੰਗਰੇਜ਼ ਸਾਰੇ ਹਿੰਦੋਸਤਾਨ ਦੀ ਕਿਸਮਤ ਦੇ ਮਾਲਕ ਬਣ ਗਏ।

ਦੇਸ਼ ਨਾਲ ਪਿਆਰ ਰਖਣ ਵਾਲੇ ਦੇਸ਼ ਭਗਤਾਂ ਨੂੰ ਇਹ ਅਨਭਵ ਕਰ ਕੇ ਬਹੁਤ ਦੁਖ ਹੁੰਦਾ ਸੀ ਕਿ ਸੱਤ ਹਜ਼ਾਰ ਮੀਲ ਤੋਂ ਆਏ ਅੰਗਰੇਜ਼ ਸਾਡੇ ਪਰ ਹਕੂਮਤ ਕਰਨ ਅਤੇ ਅਸੀਂ ਉਨ੍ਹਾਂ ਦੇ ਗ਼ੁਲਾਮ ਬਣ ਕੇ ਰਹੀਏ। ਬੀਬੀ ਮਾਨ ਕੌਰ ਦੇ ਦਿਲ ਵਿਚ ਭੀ ਦੇਸ਼ ਪਿਆਰ ਦਾ ਜਜ਼ਬਾ ਸੀ ਇਸ ਲਈ ਉਹ ਆਪਣਾ ਤਨ ਮਨ ਦੇਸ਼ ਉਤੋਂ ਕੁਰਬਾਨ ਕਰਨ ਲਈ ਤਿਆਰ ਰਹਿੰਦੀ ਸੀ। ਦੇਸ਼ ਪਿਆਰ ਭੀ ਇਕ

Digitized by Panjab Digital Library | www.panjabdigilib.org

ਅਨੋਖੀ ਚੀਜ਼ ਹੈ। ਜਿੰਨਾਂ ਨੌਜਵਾਨਾਂ ਦੇ ਦਿਲਾਂ ਵਿਚ ਇਸ ਦਾ ਨਿਵਾਸ ਹੁੰਦਾ ਹੈ ਉਹ ਹਸ ਹਸ ਕੇ ਫਾਂਸੀਆਂ ਦੇ ਰਸਿਆਂ ਨੂੰ ਗਲ ਵਿਚ ਪਾ ਲੈਂਦੇ ਹਨ। ਦੇਸ਼ ਤੋਂ ਜਾਨ ਕੁਰਬਾਨ ਕਰਨ ਤਾਂ ਉਹ ਇਕ ਮਖੌਲ ਸਮਝਦੇ ਹਨ।

ਕਿਸੇ ਕਵੀ ਨੇ ਕਿਤਨਾ ਸੁੰਦਰ ਕਿਹਾ ਹੈ

ਜਿਸ ਕੋ ਲੋਕ ਕਹਿਤੇ ਹੈਂ ਪੈਰੋਂ ਕੀ ਖਾਕ ਹੈ
ਵਹੁ ਹੋ ਗਰ ਵਤਨ ਕੀ ਤੋਂ ਗੰਗਾ ਸੇ ਪਾਕ ਹੈ।
ਖਾਕਿ ਵਤਨ ਕੇ ਵਾਸਤੇ ਵੀਰੋਂ ਕੇ ਸਰ ਗਏ।
ਜੋ ਥੇ ਵਤਨ ਪ੍ਰਸਤ ਵਹੁ ਕਿਆ ਕੁਛ ਨਾ ਕਰ ਗਏ।

ਸਤਲੁਜ ਦੇ ਇਸ ਪਾਰ ਮਾਲਵੇ ਦੀ ਪਵਿੱਤ੍ਰ ਧਰਤੀ ਪਰ ਮੁਦਕੀ ਤੇ ਫੇਰੂ ਸ਼ਹਿਰ, ਆਦਿ ਥਾਵਾਂ ਪਰ ਸਿਖਾਂ ਤੇ ਅੰਗ੍ਰੇਜ਼ਾਂ ਦੀਆਂ ਲੜਾਈਆਂ ਹੋਈਆਂ। ਦੇਸ਼ ਤੋਂ ਆਪਾ ਕੁਰਬਾਨ ਕਰਨ ਵਾਲੇ ਦੇਸ਼ ਸ਼ਮਾਂ ਦੇ ਪ੍ਰਵਾਨੇ ਸਿਖਾਂ ਨੇ ਕਿਵੇਂ ਆਪਣਾ ਖ਼ੂਨ ਡੋਹਲ ਕੇ ਆਜ਼ਾਦੀ ਦੀ ਰਾਖੀ ਕਰਨੀ ਚਾਹੀ ਇਹ ਇਕ ਸਿਖਿਆ ਦਾਇਕ ਇਤਹਾਸ ਹੈ। ਕਿਹੜਾ ਭਾਰਤਵਾਸੀ ਹੈ ਜੋ ਵੀਰ ਸ਼ਾਮ ਸਿੰਘ ਅਟਾਰੀ ਦੇ ਦੇਸ਼ ਪਿਆਰ ਤੋਂ ਸਿਖਿਆ ਲੈ ਕੇ ਆਪਾ ਵਾਰਨ ਲਈ ਤਿਆਰ ਨਹੀਂ ਹੋ ਜਾਂਦਾ।

ਪੰਜਾਬ ਦੀ ਪਵਿੱਤ੍ਰ ਧਰਤੀ ਉਤੇ ਕੇਸਰੀ ਨਿਸ਼ਾਨ ਝੁਲਦਾ ਰਖਣ ਲਈ ਸਿਖ ਬੜੀ ਬਹਾਦਰੀ ਨਾਲ ਲੜੇ। ਉਨਾਂ ਦੇ ਅਫਸਰ ਅਤੇ ਲਾਹੌਰ ਦਰਬਾਰ ਦੇ ਬੇਈਮਾਨ ਵਜ਼ੀਰ ਅੰਦਰੋਂ ਅੰਗ੍ਰੇਜ਼ਾਂ ਨਾਲ ਮਿਲੇ ਹੋਏ ਸਨ ਨਹੀਂ ਤਾਂ ਸਿਖ ਅੰਗ੍ਰੇਜ਼ਾਂ ਪਾਸੋਂ ਸਾਰਾ ਭਾਰਤ ਆਜ਼ਾਦ ਕਰਾ ਸਕਦੇ ਸਨ ਤੇ ਉਨਾਂ ਨੂੰ ਐਸੇ ਕਰਾਰੇ ਹਥ ਵਿਖਾਉਂਦੇ ਕਿ ਅੰਗ੍ਰੇਜ਼ ਭਾਰਤ ਵਲ ਮੂੰਹ ਕਰਨ ਦੀ ਹਿੰਮਤ ਹੀ ਨਾ ਕਰ ਸਕਦੇ। ਮਾਲਵੇ ਦੇ ਘਰ ੨ ਵਿਚ ਉਸ ਸਮੇਂ ਸਿਖਾਂ ਤੇ ਅੰਗ੍ਰੇਜ਼ਾਂ ਦੀਆਂ ਲੜਾਈਆਂ ਦਾ ਹੀ ਚਰਚਾ ਸੀ। ਹਰ ਨੌਜਵਾਨ ਇਸਤ੍ਰੀ ਤੇ ਮਰਦ ਦੇਸ਼ ਦੀ ਖਾਤਰ ਮਰ ਮਿਟਣ ਲਈ ਤਿਆਰ ਹੋ ਰਿਹਾ ਸੀ। ਬੀਬੀ ਮਾਨ ਕੌਰ ਨੇ ਸੁਣਿਆ ਕਿ ਅੰਗ੍ਰੇਜ਼ਾਂ ਦਾ ਆਗੂ ਟੁੰਡੀ ਲਾਟ ਬੜਾ ਜ਼ਾਲਮ ਆਦਮੀ ਹੈ। ਉਹ ਫਤਹਿ ਦੇ ਨਸ਼ੇ ਵਿਚ ਚੂਰ ਹੋਇਆ ਹੋਇਆ ਸਹਿਕਦੇ ਸਿਖਾਂ ਦੀਆਂ ਲੋਥਾਂ ਨੂੰ ਇਕਠੀਆਂ ਕਰ ਕੇ ਅਗਾਂ ਲੁਆ ਦਿੰਦਾ ਹੈ। ਜ਼ਖਮੀਆਂ ਨੂੰ ਫੜ ਕੇ ਅੱਗ ਵਿਚ ਸੁਟ ਦੇਣ ਦਾ ਹੁਕਮ ਦੇ ਦਿੰਦਾ ਹੈ ਅਤੇ ਕਿਹਾ ਕਰਦਾ ਹੈ ਕਿ ਪੰਜਾਬੀ ਬੜੇ ਸਰਕਸ ਲੋਗ ਹਨ। ਇਹ ਸਖਤੀ ਨਾਲ ਹੀ ਕਾਬੂ ਵਿਚ ਆ ਸਕਦੇ ਹਨ। ਉਹ ਆਪਣੇ ਅਫਸਰਾਂ ਨੂੰ ਹੁਕਮ ਦਿੰਦਾ ਹੈ ਕਿ ਪੰਜਾਬੀਆਂ ਦੇ ਦੇਸ਼ ਪਿਆਰ ਦਾ ਜਜ਼ਬਾ ਜਿਵੇਂ ਕੁਚਲਿਆ ਜਾ ਸਕਦਾ ਹੈ ਕੁਚਲ ਦਿਉ। ਇਹ ਉਹ ਖਿਤਾ ਜ਼ਮੀਨ ਹੈ ਜਿਥੇ ਦੇਸ਼ ਭਗਤ ਪੈਦਾ ਹੁੰਦੇ ਹਨ ਜੇ ਅਸੀਂ ਪੰਜਾਬੀਆਂ ਦੇ ਦਿਲਾਂ ਚੋਂ ਦੇਸ਼ ਪਿਆਰ ਖਤਮ ਨਾ ਕਰ ਸਕੇ ਤਾਂ ਇਕ ਦਿਨ ਹਿੰਦੋਸਤਾਨ ਭੀ ਸਾਡੇ ਹਥੋਂ ਨਿਕਲ ਜਾਇਗਾ।

ਟੁੰਡੀ ਲਾਟ ਦੀਆਂ ਇਹੋ ਜਿਹੀਆ ਗਲਾਂ ਸੁਣ ਕੇ ਅੰਗ੍ਰੇਜ਼ ਅਫਸਰ ਬਹੁਤ ਅਤਿਆਚਾਰ ਕਰਦੇ ਸਨ। ਉਹ ਸਿਖਾਂ ਪਰ ਖਾਸ ਤੌਰ ਪਰ ਜ਼ੁਲਮ ਕਰਦੇ ਹਨ ਕਿਉਂਕਿ ਸਿਖਾਂ ਵਿਚ ਦੇਸ਼ ਲਈ ਕੁਰਬਾਨ ਹੋਣ ਦਾ ਮਾਦਾ ਸਭ ਤੋਂ ਵਧ ਹੈ। ਬੀਬੀ ਮਾਨ ਕੌਰ ਨੇ ਵਿਚਾਰ ਕੀਤੀ ਕਿ ਜੇ ਮੈਂ ਟੁੰਡੀ ਲਾਟ ਜੈਸੇ ਦੇਸ਼ ਦੁਸ਼ਮਨ ਨੂੰ ਮਾਰ ਦਿਆਂ ਤਾਂ ਮੇਰਾ ਨਾਮ ਰਹਿੰਦੀ ਦੁਨੀਆਂ ਤਕ ਕਾਇਮ ਰਹਿ ਸਕਦਾ ਹੈ। ਜਦ

Digitized by Panjab Digital Library | www.panjabdigilib.org

ਬੀਬੀ ਜੀ ਇਹ ਵਿਚਾਰ ਕਰ ਰਹੇ ਸਨ ਤਾਂ ਅੰਗ੍ਰੇਜ਼ ਦੀਆਂ ਫੌਜਾਂ ਭੁੱਧੜੀ ਦੇ ਮੈਦਾਨ ਵਿਚ ਲੜ ਰਹੀਆਂ ਸਨ। ਸਿਖ ਜ਼ਖਮੀ ਸ਼ੇਰ ਵਾਂਗ ਅੰਗ੍ਰੇਜ਼ਾਂ ਦਾ ਸਖਤ ਮੁਕਾਬਲਾ ਕਰ ਰਹੇ ਸਨ ਪ੍ਰੰਤੂ ਗ਼ਦਾਰ ਆਗੂਆਂ ਦੀ ਬੇਈਮਾਨੀ ਕਰਕੇ ਉਨ੍ਹਾਂ ਨੂੰ ਕਈ ਵੇਰ ਲੱਕ ਤੋੜਵੀ ਹਾਰ ਹੋ ਚੁਕੀ ਸੀ ਤੇ ਬਹੁਤ ਸਾਰਾ ਜੰਗੀ ਸਾਮਾਨ ਅੰਗ੍ਰੇਜ਼ਾਂ ਦੇ ਕਬਜ਼ੇ ਵਿਚ ਚਲਾ ਗਿਆ ਸੀ।

ਬਹਾਦਰ ਸਿੱਖ ਇਹ ਸੋਚਣ ਲਈ ਤਿਆਰ ਨਹੀਂ ਸਨ ਕਿ ਉਹ ਅੰਗ੍ਰੇਜ਼ਾਂ ਦੇ ਗ਼ੁਲਾਮ ਬਣ ਕੇ ਭੀ ਜਿਉਂ ਸਕਦੇ ਹਨ। ਇਸ ਕਰਕੇ ਉਨਾਂ ਨੂੰ ਗਚ ਉਠਦੇ ਸਨ ਤੇ ਉਹ ਥੋੜੀ ਬਹੁਤ ਤਾਕਤ ਇਕਠੀ ਕਰ ਕੇ ਭੀ ਅੰਗ੍ਰੇਜ਼ਾਂ ਦੀ ਫੌਜ ਨਾਲ ਟੱਕਰ ਲੈਣ ਤੋਂ ਸੰਕੋਚ ਨਹੀਂ ਸੀ ਕਰਦੇ। ਟੁੰਡੀ ਲਾਟ ਦਰਿਆ ਪਾਰ ਇਲਾਕੇ ਦਾ ਦੌਰਾ ਕਰਨ ਆਇਆ। ਉਹ ਅੰਗ੍ਰੇਜ਼ ਭੁੱਧੜੀ ਦੇ ਮੋਰਚੇ ਪਰ ਲੜ ਰਹੀਆਂ ਅੰਗ੍ਰੇਜ਼ੀ ਫੌਜਾਂ ਦਾ ਮੁਆਇਨਾ ਕਰ ਰਿਹਾ ਸੀ। ਬੀਬੀ ਮਾਨ ਕੌਰ ਨੇ ਇਸ ਵੇਲੇ ਨੂੰ ਗਨੀਮਤ ਸਮਝਿਆ। ਬੀਬੀ ਜੀ ਨੇ ਇਸ ਲੜਾਈ ਵਿਚ ਵਧ ਚੜ ਕੇ ਹਿਸਾ ਲਿਆ ਅਤੇ ਇਸ ਤਾਕ ਵਿਚ ਰਹਿਣ ਲਗੀ ਕਿ ਸਮਾਂ ਮਿਲੇ ਤਾ ਉਹ ਟੁੰਡੀ ਲਾਟ ਨੂੰ ਉਸ ਦੀਆਂ ਕੀਤੀਆਂ ਦਾ ਫਲ ਭੁਗਤਾਵੇ।

ਭੁੱਧੜੀ ਦੇ ਮੈਦਾਨ ਵਿਚ ਅੰਗ੍ਰੇਜ਼ੀ ਫੌਜਾਂ ਨੂੰ ਜਿਤ ਹੋਈ। ਲਾਰਡ ਲਾਰੰਸ ਜੋ ਮੋਰਚਿਆਂ ਦਾ ਮੁਆਇਨਾ ਕਰਨ ਆਇਆ ਸੀ ਅਤੇ ਜਿਸ ਨੂੰ ਸਿਖ ਟੁੰਡੀ ਲਾਟ ਦੇ ਨਾਮ ਨਾਲ ਯਾਦ ਕਰਦੇ ਸਨ। ਅੰਗ੍ਰੇਜ਼ ਅਫਸਰਾਂ ਵਿਚਕਾਰ ਖੜੋਤਾ ਉਨ੍ਹਾਂ ਨੂੰ ਜਿਤ ਦੀਆਂ ਵਧਾਈਆਂ ਦੇ ਰਿਹਾ ਸੀ। ਬੀਬੀ ਮਾਨ ਕੌਰ ਜੋ ਗੁਰੀਲਾ ਲੜਾਈ ਲੜਨ ਵਿਚ ਬੜੀ ਮਾਹਰ ਸੀ ਬੂਟਿਆਂ ਉਹਲੇ ਬੈਠੀ ਇਹ ਦ੍ਰਿਸ਼ਯ ਦੇਖ ਰਹੀ ਸੀ। ਟੁੰਡੀ ਲਾਟ ਨੇ ਜਦ ਪੰਜਾਬੀਆਂ ਤੇ ਖਾਸ ਕਰ ਸਿਖਾਂ ਦੇ ਵਿਰੁਧ ਜ਼ਹਿਰ ਉਗਲਿਆ ਤੇ ਜਿਤ ਦੇ ਹੰਕਾਰ ਵਿਚ ਆ ਕੇ ਸ਼ੇਖੀਆਂ ਮਾਰਨ ਲਗਾ ਤਾਂ ਬੀਬੀ ਮਾਨ ਕੌਰ ਨੇ ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿਤਾ। ਅਚਾਨਕ ਹੀ ਗੋਲੀ ਟੁੰਡੇ ਲਾਟ ਦੀ ਹਿੱਕ ਵਿਚ ਵਜੀ ਅਤੇ ਉਹ ਧੜੰਮ ਕਰਕੇ ਜ਼ਮੀਨ ਪਰ ਡਿਗ ਪਿਆ। ਅੰਗ੍ਰੇਜ਼ ਅਫਸਰਾਂ ਵਿਚ ਹਲਚਲ ਮੱਚ ਗਈ। ਬੀਬੀ ਜੀ ਨੇ ਦੁਸ਼ਮਨ ਨੂੰ ਜ਼ਮੀਨ ਪਰ ਡਿਗਾ ਵੇਖ ਕੇ ਜ਼ੋਰ ਦਾ ਜੈਕਾਰਾ ਛੱਡਿਆ। ਅੰਗ੍ਰੇਜ਼ਾਂ ਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਇਕ ਨੌਜਵਾਨ ਲੜਕੀ ਖੜੀ ਹੱਸ ਰਹੀ ਹੈ ਤੇ ਜੈਕਾਰੇ ਗਜਾ ਰਹੀ ਹੈ। ਉਸ ਦੇ ਚਿਹਰੇ ਤੋਂ ਸੰਤੁਸ਼ਟਤਾ ਟਪਕਦੀ ਹੈ। ਇਉਂ ਪ੍ਰਤੀਤ ਹੁੰਦਾ ਹੈ ਜਿਵੇ ਉਸ ਨੇ ਆਪਣੀ ਜ਼ਿੰਦਗੀ ਦਾ ਮਨੋਰਥ ਪ੍ਰਾਪਤ ਕਰ ਲਿਆ ਹੈ।

ਅੰਗ੍ਰੇਜ਼ ਅਫਸਰ ਅੱਗੇ ਵਧੇ ਅਤੇ ਉਨਾਂ ਨੇ ਬੀਬੀ ਜੀ ਨੂੰ ਗ੍ਰਿਫਤਾਰ ਕਰ ਲਿਆ। ਬੀਬੀ ਜੀ ਨੇ ਇਕ ਤੋਂ ਵਧ ਫਾਇਰ ਨਾ ਕੀਤਾ ਕਿਉਂਕਿ ਉਸ ਨੂੰ ਟੁੰਡੀ ਲਾਟ ਨੂੰ ਮਾਰ ਕੇ ਇਤਨੀ ਖੁਸ਼ੀ ਚੜ ਗਈ ਕਿ ਉਹ ਉਸ ਵਿਚ ਹੀ ਗਲਤਾਨ ਹੋ ਗਈ। ਹੱਸਣ ਤੇ ਜੈਕਾਰੇ ਗਜਾਨ ਤੋਂ ਬਿਨਾ ਉਸ ਨੂੰ ਹੋਰ ਕੋਈ ਗੱਲ ਨਾ ਸੁਝੇ। ਅੰਗ੍ਰੇਜ਼ਾਂ ਨੇ ਉਸ ਦੀ ਰਾਈਫਲ ਖੋਹ ਲਈ। ਇਕ ਕਮਾਂਡਰ ਨੇ ਅਗੇ ਵਧ ਕੇ ਕਿਹਾ ਇਸ ਨੂੰ ਮਾਰਨਾ ਨਹੀਂ। ਇਸ ਦਾ ਇਹ ਹੌਸਲਾ ਕਿਵੇਂ ਪਿਆ ਕਿ ਇਹ ਇਤਨੇ ਵਡੇ ਅਫਸਰ ਨੂੰ ਮਾਰੇ ? ਤੇ ਇਸ ਨੇ ਮਿ : ਲਾਰਡ ਦਾ ਹੀ ਨਿਸ਼ਾਨਾ ਕਿਉਂ ਕੀਤਾ ? ਇਹ ਗੱਲਾਂ ਪੁਛਣ ਦੀ ਲੋੜ ਹੈ। ਇਹ ਗਲ ਭੀ ਅਚੰਭੇ ਵਾਲੀ ਹੈ ਕਿ ਜਿਸ ਬਹਾਦਰ ਅੰਗ੍ਰੇਜ਼ ਦੇ ਨਾਮ ਤੋਂ ਪੰਜਾਬ ਦੇ ਬੜੇ ਬੜੇ ਬਹਾਦਰ ਭੈਭੀਤ ਹੋ ਜਾਂਦੇ ਹਨ ਉਸ ਪਰ ਇਕ ਲੜਕੀ ਨੂੰ ਹਮਲਾ ਕਰਨ ਦਾ ਕਿਵੇਂ ਹੌਸਲਾ ਪਿਆ ?

Digitized by Panjab Digital Library | www.panjabdigilib.org

ਅੰਗ੍ਰੇਜ਼ ਬੜੇ ਖੋਜੀ ਸੁਭਾ ਦੇ ਹੁੰਦੇ ਹਨ। ਹਰ ਗੱਲ ਦੀ ਤਹਿ ਤਕ ਪਹੁੰਚਣ ਉਨ੍ਹਾਂ ਦਾ ਕੌਮੀ ਕਰੈਕਟਰ ਬਣ ਚੁਕਿਆ ਹੈ। ਉਨ੍ਹਾਂ ਨੇ ਬੀਬੀ ਜੀ ਨੂੰ ਫੜ ਕੇ ਕੈਂਪਾਂ ਵਿਚ ਲਿਆਂਦਾ ਅਤੇ ਲਗੇ ਸਵਾਲ ਤੇ ਸਵਾਲ ਕਰਨ।

ਅੰਗ੍ਰੇਜ਼ ਅਫਸਰ– ਲੜਕੀ ਟੁਮ ਨੇ ਇਤਨੇ ਵਡੇ ਸਾਹਿਬ ਕੋ ਕਿਉਂ ਮਾਰਾ ?

ਬੀਬੀ– ਇਸ ਲਈ ਕਿ ਇਸ ਨੇ ਮੇਰੇ ਬੇਅੰਤ ਸਿਖ ਵੀਰ ਮਾਰੇ ਸਨ।

ਅੰਗ੍ਰੇਜ਼ ਅਫਸਰ– ਤੋ ਕਿਆ ਟੁਮ ਇਸ ਕੋ ਜਾਨਟੀ ਹੋ ?

ਬੀਬੀ– ਹਾਂ ਮੈਂ ਇਸ ਦਾ ਹੁਲੀਆ ਜਾਣ ਕਾਰਾਂ ਤੋਂ ਸੁਣ ਕੇ ਯਾਦ ਕੀਤਾ ਹੋਇਆ ਸੀ ਤੇ ਇਸ ਦੀ ਕਟੀ ਹੋਈ ਬਾਂਹ ਇਸ ਗਲ ਦਾ ਸਬੂਤ ਸੀ ਕਿ ਇਹੋ ਟੁੰਡੀ ਲਾਟ ਹੈ ਜਿਸ ਨੇ ਸਾਡੇ ਦੇਸ਼ ਪਰ ਬੜੇ ਅਤਿਆਚਾਰ ਕੀਤੇ ਹਨ।

ਅੰਗ੍ਰੇਜ਼ ਅਫਸਰ– ਟੁਮ ਕੋ ਹਮਲਾ ਕਰਨੇ ਕੋ ਕਿਸ ਨੇ ਕਹਾ ?

ਬੀਬੀ– ਕਿਸੀ ਨੇ ਨਹੀਂ ਮੈਂ ਖੁਦ ਹੀ ਇਹ ਚਾਹੁੰਦੀ ਸਾਂ ਕਿ ਇਸ ਜ਼ਾਲਮ ਨੂੰ ਮਾਰ ਕੇ ਆਪਣਾ ਨਾਮ ਰੌਸ਼ਨ ਕਰਾਂ।

ਅੰਗ੍ਰੇਜ਼ ਅਫਸਰ– ਐਸੇ ਨਾਮ ਰੌਸ਼ਨ ਕੈਸੇ ਹੋ ਗਾ ਟੁਮ ਕੋ ਤੋ ਹਮ ਮੌਤ ਕੀ ਸਜ਼ਾ ਦੇ ਗਾਂ

ਬੀਬੀ– ਜੋ ਤੁਹਾਡੀ ਮਰਜ਼ੀ ਹੈ ਕਰੋ ਮੇਰਾ ਮਕਸਦ ਪੂਰਾ ਹੋ ਗਿਆ।

ਅੰਗ੍ਰੇਜ਼ ਅਫਸਰ– ਕਿਆ ਮਟਲਬ ?

ਬੀਬੀ– ਮਤਲਬ ਇਹ ਹੈ ਕਿ ਮੇਰੀ ਜ਼ਿੰਦਗੀ ਦਾ ਮਨੋਰਥ ਟੁੰਡੀ ਲਾਟ ਨੂੰ ਮਾਰਨਾ ਸੀ। ਗੁਰੂ ਮਹਾਰਾਜ ਦੀ ਕਿਰਪਾ ਨਾਲ ਉਹ ਪੂਰਾ ਹੋ ਗਿਆ। ਹੁਣ ਜਦ ਟੁੰਡੀ ਲਾਟ ਦਾ ਜ਼ਿਕਰ ਇਤਹਾਸ ਵਿਚ ਆਵੇ ਗਾ ਤਾਂ ਮੇਰਾ ਨਾਮ ਭੀ ਹਮੇਸ਼ਾ ਕਾਇਮ ਰਹੇਗਾ।

ਇਸ ਪ੍ਰਕਾਰ ਥੋਹੜੇ ਜਿਹੇ ਉਤ੍ਰ ਪ੍ਰਸ਼ਨ ਕਰ ਕੇ ਅੰਗ੍ਰੇਜ਼ ਕਮਾਂਡਰ ਨੇ ਇਹ ਅੰਦਾਜ਼ਾ ਲਗਾਇਆ ਕਿ ਇਹ ਲੜਕੀ ਇਸ ਬਹਾਦਰੀ ਦਾ ਸਿੱਲਾ ਮੰਗਦੀ ਹੈ ਤੇ ਆਪਣਾ ਨਾਮ ਕਾਇਮ ਰਖਣਾ ਚਾਹੁੰਦੀ ਹੈ। ਇਹ ਅੰਗ੍ਰੇਜ਼ ਅਫਸਰ ਬੜਾ ਖੁਲਦਿਲਾ ਸੀ। ਉਸ ਨੇ ਆਪਣੇ ਸਾਥੀਆਂ ਨੂੰ ਭੀ ਦਲੀਲਾਂ ਦੇ ਕੇ ਇਹ ਸਮਝਾ ਲਿਆ ਕਿ ਇਸ ਲੜਕੀ ਨੇ ਬੜੀ ਬਹਾਦਰੀ ਕੀਤੀ ਹੈ ਇਸ ਲਈ ਇਸ ਨੂੰ ਮਾਰਨਾ ਨਹੀਂ ਚਾਹੀਦਾ। ਭਾਵੇਂ ਇਸ ਦਾ ਸਬੰਧ ਐਸੀ ਘਟਨਾ ਨਾਲ ਹੈ ਜਿਸ ਨੂੰ ਅੰਗ੍ਰੇਜ਼ ਕੌਮ ਬਹੁਤ ਜ਼ਿਆਦਾ ਅਹਿ–ਮੀਅਤ ਦਿੰਦੀ ਹੈ ਪ੍ਰੰਤੂ ਇਕ ਨੌਜਵਾਨ ਕੁੜੀ ਦਾ ਇਤਨੇ ਵਡੇ ਅਫਸਰ ਨੂੰ ਮਾਰਨਾ ਅਤੇ ਬਹਾਦਰੀ ਵਿਖਾਉਣਾ ਭੀ ਘੱਟ ਅਹਿਮੀਅਤ ਨਹੀਂ ਰਖਦਾ ਇਸ ਕਰ ਕੇ ਇਸ ਨੂੰ ਛਡ ਦੇਣਾ ਚਾਹੀਦਾ ਹੈ ਅਤੇ ਗੁਜ਼ਾਰੇ ਵਾਸਤੇ ਜ਼ਮੀਨ ਦੇਣੀ ਚਾਹੀਦੀ ਹੈ।

ਸੀਨਾ ਬਸੀਨਾ ਚਲੀਆਂ ਆ ਰਹੀਆਂ ਰਵਾਇਤਾਂ ਤੋਂ ਪ੍ਰਗਟ ਹੁੰਦਾ ਹੈ ਕਿ ਅੰਗ੍ਰੇਜ਼ ਅਫਸਰਾਂ ਨੇ ਉਸ ਲੜਕੀ ਨੂੰ ਨਾ ਕੇਵਲ ਰਿਹਾ ਕਰ ਦਿਤਾ ਸਗੋਂ ਉਸ ਨੂੰ ਇਕ ਪਿੰਡ ਦੀ ਜ਼ਮੀਨ ਭੀ ਦਿਤੀ ਜਿਸ ਵਿਚ ਬੀਬੀ ਮਾਨ ਕੌਰ ਦੇ ਨਾਮ ਪਰ ਮਾਨ ਕੌਰ ਦਾ ਬੁਰਜ ਪਿੰਡ ਬਝਿਆ ਹੋਇਆ ਹੈ। ਇਹ ਪਿੰਡ ਜ਼ਿਲਾ ਲੁਧਿਆਣੇ ਵਿਚ ਹੈ। ਪਹਿਲੇ ਇਸ ਵਿਚ ਮੁਸਲਮਾਨਾਂ ਦੀ ਵਸੋਂ ਬਹੁਤ ਸੀ ਹੁਣ ਪਾਕਸਤਾਨ ਤੋਂ

Digitized by Panjab Digital Library | www.panjabdigilib.org

ਆਏ ਸਿੱਖਾਂ ਦੀ ਵਸੋਂ ਹੈ। ਟੁੰਡੀ ਲਾਟ ਦੇ ਮਰਨ ਵਾਲੀ ਥਾਂ ਭੁੰਦੜੀ ਦੇ ਮੈਦਾਨ ਵਿਚ ਅੰਗ੍ਰੇਜ਼ਾਂ ਨੇ ਉਸ ਦੀ ਯਾਦਗਾਰ ਕਾਇਮ ਕੀਤੀ ਹੋਈ ਹੈ ਜਿਸ ਪਰ ਉਸਦੀ ਮੌਤ ਦਾ ਸੰਨ ਆਦਿ ਲਿਖਿਆ ਹੈ। ਇਸ ਪ੍ਰਕਾਰ ਬੀਬੀ ਮਾਨ ਕੌਰ ਨੇ ਕਮਾਲ ਦਲੇਰੀ ਦਾ ਸਬੂਤ ਦੇ ਕੇ ਇਹ ਪ੍ਰਗਟ ਕਰ ਦਿਤਾ ਕਿ ਪੰਜਾਬ ਦੀਆਂ ਬਹਾਦਰ ਕੁੜੀਆਂ ਭੀ ਜੇ ਇਰਾਦਾ ਧਾਰ ਲੈਣ ਤਾਂ ਉਹ ਬੜੇ ਬੜੇ ਬਹਾਦਰਾਂ ਨੂੰ ਦੰਡ ਦੇ ਸਕਦੀਆਂ ਹਨ ਅਤੇ ਆਪਣਾ ਨਾਮ ਰੌਸ਼ਨ ਕਰ ਸਕਦੀਆਂ ਹਨ। ਬੜੀ ਖੋਜ ਕਰਨ ਤੋਂ ਭੀ ਬੀਬੀ ਮਾਨ ਕੌਰ ਦੇ ਜੀਵਨ ਦਾ ਪੂਰਾ ਪੂਰਾ ਵਿਸਥਾਰ ਨਹੀਂ ਮਿਲ ਸਕਿਆ ਪ੍ਰੰਤੂ ਇਕ ਇਕ ਘਟਨਾ ਹੀ ਬੜੀ ਸਿਖਿਆ ਦਾਇਕ ਹੈ ਅਤੇ ਇਸਤ੍ਰੀ ਜਾਤੀ ਲਈ ਫਰਜ਼ ਦੀ ਚਿਤਾਵਨੀ ਕਰਾਂਉਣ ਦਾ ਸੁੰਦਰ ਨਮੂਨਾ ਹੈ।

# ਬੀਬੀ ਰਾਮ ਰੱਖੀ (ਸਤੀ)

## ਸਤੀਆਂ ਇਹਨਾਂ ਆਖੀਆਨ ਜੋ ਮੜਿਆ ਲਗ ਜਲੰਨ
## ਸਤੀਆਂ ਸੇਈ ਨਾਨਕਾ ਜੇ ਬ੍ਰਿਹੋਂ ਚੋਟ ਮਰੰਨ

ਸ਼ਹੀਦਾ ਦੇ ਸਿਰਤਾਂਜ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਅਨਿਨਯ ਸਿੱਖ ਭਾਈ ਮਤ ਦਾਸ ਜੀ ਦਿੱਲੀ ਵਿਚ ਆਰੇ ਨਾਲ ਚੀਰਕੇ ਸ਼ਹੀਦ ਕੀਤੇ ਗਏ ਸਨ। ਉਨ੍ਹਾਂ ਦੇ ਖਾਨਦਾਨ ਦਾ ਉਪ ਨਾਮ ਭਾਈਆਂ ਦਾ ਖਾਨਦਾਨ ਪੈ ਗਿਆ ਹੈ। ਇਸ ਖਾਨਦਾਨ ਵਿਚੋਂ ਭਾਈ ਬਾਲ ਮੁਕੰਦ ਜੀ ਸ਼ਹੀਦ ਅਤੇ ਪ੍ਰਸਿੱਧ ਦੇਸ਼ ਭਗਤ ਭਾਬੀ ਪ੍ਰਮਾ ਨੰਦ ਜੀ ਹੋਇ ਹਨ ਭਾਈ ਮਤੀ ਦਾਸ ਜੀ ਦੇ ਪਿਤਾ ਭਾਈ ਪਰਾਗਾ ਪਿੰਡ ਕੜੀਆਲ ਜ਼ਿਲਾ ਜੇਹਲਮ ਦੇ ਰਹਿਣ ਵਾਲੇ ਸਨ ਅਤੇ ਇਨ੍ਹਾਂ ਨੇ ਹੀ ਸਭ ਤੋਂ ਪਹਿਲਾਂ ਗੁਰ ਸਿਖੀ ਧਾਰਨ ਕਰਕੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਨਾਲ ਧਰਮ ਯੁਧਾਂ ਵਿਚ ਬੜੀ ਸ਼ਾਨਦਾਰ ਬਹਾਦਰੀ ਵਿਖਾਈ ਜਿਸ ਦਾ ਸਿੱਖ ਇਤਹਾਸ ਵਿਚ ਬੜੇ ਸੋਹਣੇ ਅਖਰਾਂ ਵਿਚ ਵਰਣਨ ਆਉਂਦਾ ਹੈ। ਗੁਰ ਪ੍ਰਤਾਰ ਸੂਰਜ ਵਿਚ ਲਿਖਿਆ ਹੈ।

### "ਜੈਤ ਸੋ ਪਰਾਗਾ ਧੀਰ ਪੈੜਾ ਜੰਗ ਆਯੋ ਹੈ"

ਇਸ ਆਤਮ ਗਿਆਨੀ ਅਤੇ ਧਰਮ ਵੀਰ ਮਹਾਤਮਾ ਦੇ ਚਾਰ ਪੁਤ੍ਰ ਭਾਈ ਮਤੀ ਦਾਸ, ਸਤੀ ਦਾਸ, ਜਤੀ ਦਾਸ ਅਤੇ ਸਖੀ ਦਾਸ ਹੋਇ। ਕੁਝ ਚਿਰ ਪਿਛੋਂ ਇਸ ਖਾਨਦਾਨ ਦਾ ਨਿਵਾਸ ਲਾਹੌਰ ਵਿਚ ਹੋ ਗਿਆ।

ਬੀਬੀ ਰਾਮ ਰਖੀ ਭਾਈ ਬਾਲ ਮੁਕੰਦ ਸ਼ਹੀਦ ਦੀ ਧਰਮ ਪਤਨੀ ਸੀ। ਭਾਈ ਬਾਲ ਮੁਕੰਦ ਜੀ ਭਾਈ ਪ੍ਰਮਾ ਨੰਦ ਦੇ ਚਾਚੇ ਦੇ ਪੁਤ੍ਰ ਸਨ ਅਤੇ ਬੀ ਏ ਤੱਕ ਪੜੇ ਹੋਇ ਸਨ। ਆਪ ਮਹਾਨ ਦੇਸ਼ ਪ੍ਰੇਮ ਅਤੇ ਆਜ਼ਾਦੀ ਸ਼ਮਾ ਦੇ ਪ੍ਰਵਾਨੇ ਸਨ। ਆਪ ਜੋਧ ਪੁਰ ਦੇ ਮਹਾਰਾਜੇ ਦੇ ਲੜ ਕਿਆ ਨੂੰ ਪੜਾਉਣ ਲਈ ਟਿਊਟਰ ਰਖੇ ਹੋਇ ਸਨ। ੧੯੦੭-੮ ਵਿਚ ਭਾਰਤ ਮਾਤਾ ਬੁਕ ਸੁਸਾਇਟੀ ਦੀ ਬੁਨਿਆਦ ਰਖੀ ਗਈ ਅਤੇ ਲਾਲ ਹਰਿ ਦਿਆਲ ਐਮ ਏ ਅਤੇ ਸ੍ਰ; ਅਜੀਤ ਸਿੰਘ ਆਦਿਕ ਦੇਸ਼ ਭਗਤਾਂ ਨੇ ਆਜ਼ਾਦ

Digitized by Panjab Digital Library | www.panjabdigilib.org

ਦਾ ਅੰਦੋਨਲਨ ਆਰੰਭ ਕੀਤਾ ਜਿਸ ਦਾ ਨੌਜਵਾਨ ਪਰ ਬਹੁਤ ਜ਼ਿਆਦਾ ਅਸਰ ਹੋਇਆ। ਭਾਈ ਬਾਲ ਮੁਕੰਦ ਜੀ ਬੜੇ ਗੰਭੀਰ ਸੁਭਾ ਦੇ ਨੌਜਵਾਨ। ੧੯੧੦ ਵਿਚ ਜਦ ਸ੍ਰੀ ਰਾਜ ਬਿਹਾਰੀ ਬੋਸ ਨੇ ਪੰਜਾਬ ਵਿਚ ਆਕੇ ਨੌਜਵਾਨਾਂ ਨੂੰ ਜਥੇਬੰਦ ਕੀਤਾ ਤਾਂ ਭਾਈ ਬਾਲ ਮੁਕੰਦ ਜੀ ਨੂੰ ਲਾਹੌਰ ਦਾ ਜਥੇਦਾਰ ਨੀਯਤ ਕੀਤਾ ਗਿਆ। ਦਸੰਬਰ ੧੨ ਨੂੰ ਜਿਸ ਸਮੇ ਵਾਇਸਰਾਏ ਹਿੰਦ ਲਾਰਡ ਹਾਰਡਿੰਗ ਦਾ ਦਿਲੀ ਵਿਚ ਜਲੂਸ ਨਿਕਲ ਰਿਹਾ ਸੀ ਤਾਂ ਉਨ੍ਹਾਂ ਪਰ ਕਿਸੇ ਨੇ ਬੰਬ ਸੁਟਿਆ। ਵਾਇਸਰਾਏ ਜ਼ਖਮੀ ਹੋ ਗਿਆ ਤੇ ਉਸ ਦਾ ਇਕ ਨੌਕਰ ਮਰ ਗਿਆ। ਪੰਜ ਛੇ ਮਹੀਨੇ ਤੱਕ ਇਸ ਘਟਨਾ ਦੇ ਦੋਸ਼ੀ ਨਾ ਫੜੇ ਗਏ। ਸਰਕਾਰ ਦੀ ਸੀ ਆਸੀ ਡੀ ਬਹੁਤ ਯਤਨ ਕਰ ਰਹੀ ਪ੍ਰੰਤੂ ਕੋਈ ਪਤਾ ਨਾ ਲਗ ਸਕਿਆ ਕਿ ਇਹ ਬੰਬ ਕਿਸ ਨੇ ਸੁਟਿਆ ਸੀ।

ਇਸ ਘਟਨਾ ਤੋਂ ਪੰਜ ਛੇ ਮਹੀਨੇ ਪਿਛੋਂ ਲਾਰੰਸ ਗਾਰਡਨ ਮਿੰਟਗੁਮਰੀ ਹਾਲ ਵਿਚ ਗੋਰਿਆਂ ਦਾ ਨਾਚ ਹੋ ਰਿਹਾ ਸੀ। ਹਾਲ ਤੋਂ ਬਾਹਰ ਇਕ ਬੰਬ ਫਟ ਗਿਆ ਜਿਸ ਨਾਲ ਇਕ ਹਿੰਦੋਸਤਾਨ ਚਪੜਾਸੀ ਮਰ ਗਿਆ। ਉਸ ਸਮੇਂ ਭੀ ਕੋਈ ਗ੍ਰਿਫਤਾਰੀ ਨਾ ਹੋਈ। ਫਿਰ ਇਕ ਬੰਬ ਲਾਹੌਰ ਕਿਲੇ ਵਿਚ ਫਟਿਆ ਉਸਦਾ ਭੀ ਕੋਈ ਪਤਾ ਨਾ ਲਗਿਆ। ਇੰਨਾਂ ਸਾਰੀਆਂ ਘਟਨਾਵਾਂ ਦੇ ਪਿਛੇ ਸਰਕਾਰ ਦੇ ਵਿਚ ਕੋਈ ਦਹਿ ਸ਼ਤਪਸੰਦ ਪਾਰਟ ਕੰਮ ਕਰ ਰਹੀ ਸੀ। ਥੋਹੜੇ ਚਿਰ ਪਿਛੋਂ ਸਰਕਾਰ ਨੇ ਇਕ ਵਾਹਿਦਾ ਮੁਆਫ ਗਵਾਹ ਦੀਨਾ ਨਾਥ ਨੂੰ ਖੜਾਕਰ ਲਿਆ ਜਿਸ ਨੇ ਬਿਆਨ ਦੇ ਕੇ ਬਹੁਤ ਸਾਰੇ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਵਾਇਆ। ਇੰਨਾਂ ਨੌਜਵਾਨਾਂ ਵਿਚ ਸ਼ਹੀਦ ਭਾਈ ਬਾਲ ਮੁਕੰਦ ਜੀ ਸਨ। ਦਿਲੀ ਵਿਚ ਇੰਨ੍ਹਾਂ ਵਿਰੁਧ ਮੁਕਦਮਾ ਚਲਾਇਆ ਗਿਆ।

ਭਾਈ ਬਾਲ ਮੁਕੰਦ ਦੀ ਸਚੇ ਅਰਥਾਂ ਵਿਚ ਪਤੀ ਬਰਤਾ ਪਤਨੀ ਬੀਬੀ ਰਾਮ ਰਖੀ ਆਪ ਨੂੰ ਦਿਲੀ ਜੇਹਲ ਵਿਚ ਮਿਲਣ ਗਈ। ਮੁਲਾਕਾਤ ਵਿਚ ਆਪਨੇ ਪਤੀ ਦੇਵ ਤੋਂ ਪੁਛਿਆਂ ਰੋਟੀ ਕੈਸੀ ਮਿਲਦੀ ਹੈ? ਭਾਈ ਸਾਹਿਬ ਨੇ ਉਤ੍ਰ ਦਿਤਾ ਅੱਧੀ ਰੇਤ ਅੱਧਾ ਆਟਾ ਵਿਚੋਂ ਕੱਚੀ ਤੇ ਉਪਰੋਂ ਸੜ ਹੋਈ ਬੀਬੀ ਜੀ ਨੇ ਨਮੂਨਾ ਲੈ ਲਿਆ ਅਤੇ ਘਰ ਜਾਕੇ ਉਹੋ ਜਿਹਾ ਆਟਾ ਤਿਆਰ ਕੀਤਾ ਅਤੇ ਉਹੋ ਜਿਹੀ ਰੋਟੀ ਪਕਾਈ। ਘਰ ਵਾਲਿਆ ਨੇ ਕਿਆ ਇਹ ਕੀ ਕਰਦੀ ਏ। ਉਤ੍ਰ ਦਿੱਤਾ ਜਦ ਮੇਰੇ ਪਤੀ ਦੇਵ ਜੀ ਇਹੋ ਜਿਹੇ ਪ੍ਰਸ਼ਾਦੇ ਛਕਦੇ ਹਨ ਤਾਂ ਮੈਂ ਕਿਉਂ ਚੰਗੀ ਰੋਟੀ ਖਾਵਾ। ਇਸ ਤੋਂ ਪਿਛੋਂ ਬੀਬੀ ਜੀ ਇਹੋ ਜਿਹੀ ਰੋਟੀ ਖਾਂਦੇ ਰਹੇ। ਕਿਸੇ ਦੇ ਹਟਾਏ ਨਾ ਹੱਟੇ। ਇਕ ਵੇਰ ਮੁਲਾਕਾਤ ਹੋਈ ਬੀਬੀ ਜੀ ਨੇ ਆਪਣੇ ਪਤੀ ਜੀ ਤੋਂ ਪੁਛਿਆ ਕਿਤਨੀ ਸਖਤ ਗਰਮੀ ਵਿਚ ਕਿਥੇ ਸੌਂਦੇ ਹੋ? ਭਾਈ ਸਾਹਿਬ ਨੇ ਕਿਹਾ "ਹਨੇਰੀ ਕੋਠੜੀ ਵਿਚ ਸਖਤ ਗਰਮੀ ਵਿਚ ਕੰਬਲ ਦੋ ਮਿਲਦੇ ਹਨ" ਬੀਬੀ ਜੀ ਇਹ ਸੁਣ ਕੇ ਘਰ ਆ ਗਏ। ਸਭ ਤੋਂ ਪਿਛਲੀ ਕੋਠੜੀ ਵਿਚ ਦੋ ਕੰਬਲ ਵਿਛਾਕੇ ਪੈ ਗਏ ਗਰਮੀਆਂ ਦੀ ਰਾਤ ਸੀ। ਮੱਛਰ ਤੋੜ ਤੋੜ ਖਾਦਾ ਸੀ। ਸਾਰੀ ਰਾਤ ਤੜਪਦਿਆਂ ਲੰਘੀ ਪ੍ਰੰਤੂ ਬੀਬੀ ਰਾਮ ਰਖੀ ਆਪਣੇ ਪਤੀ ਜੀਦਾ ਦੁਖ ਯਾਦ ਕਰਕੇ ਉਥੇ ਹੀ ਪਈ ਰਹੀ।

ਸਖੀਆਂ ਸਹੇਲੀਆਂ ਨੇ ਕਿਹਾ ਪਾਗਲੇ ਇਹ ਭੀ ਕੋਈ ਬਚਣ ਵਾਲਿਆਂ ਦਾ ਲਛ੍ਹਾ ਹੈ? ਸ੍ਰੀ ਮਤੀ ਰਾਮ ਰਖੀ ਨੇ ਹੈਰਾਨ ਹੋਕੇ ਪੁਛਿਆ ਕੀ ਇਸ ਤਰ੍ਹਾਂ ਕਰਨ ਵਾਲੇ ਨਹੀਂ ਬਚਦੇ? ਸਖੀਆ ਨੇ

Digitized by Panjab Digital Library | www.panjabdigilib.org

ਕਿਹਾ ਤੇ ਹੋਰ ਕੀ ਇਸ ਤਰ੍ਹਾਂ ਕਰਨ ਵਾਲੇ ਭੀ ਕਦੇ ਬਚੇ ਹਨ। ਸਹੇਲੀਆਂ ਪਾਸੋਂ ਇਹ ਸੁਣਕੇ ਬੀਬੀ ਜੀ ਦੀਆ ਅਖਾਂ ਭਰ ਆਈਆਂ ਅਤੇ ਉਨ੍ਹਾਂ ਦਾ ਕੋਮਲ ਦਿਲ ਜ਼ੋਰ ਜ਼ੋਰ ਦੀ ਧੜਕਣ ਲਗ ਪਿਆ। ਉਸ ਨੇ ਸਿਰ ਗੋਡਿਆਂ ਵਿਚ ਛੁਪਾ ਲਿਆ। ਸਹੇਲੀਆਂ ਇਹ ਹਾਲਤ ਵੇਖਕੇ ਚੁਪ ਹੋ ਗਈਆਂ।

ਬੀਬੀ ਜੀ ਗੁਰਸਿਖ ਘਰਾਣੇ ਵਿਚੋਂ ਸਨ ਆਪ ਹਰ ਸਮੇਂ ਬਾਣੀ ਦੀ ਧੁੰਨ ਵਿਚ ਲਗੇ ਰਹਿੰਦੇ ਇਸ ਸ਼ਬਦ ਨੂੰ ਬਾਰ ਬਾਰ ਪੜ੍ਹਦੇ।

"ਜਿਸ ਪਿਆਰੇ ਸਿਉਂ ਨੇਹੁ ਤਿਸ ਅਗੇ ਮਰ ਚਲੀਏ
ਧ੍ਰਿਗ ਜੀਵਣ ਸੰਸਾਰ ਤਾਕੇ ਪਾਛੇ ਜੀਵਣਾ।"

ਇਕ ਦਿਨ ਬੀਬੀ ਰਾਮ ਰਖੀ ਅੰਦਰ ਲੰਮੀ ਪਈ ਹੋਈ ਸੀ। ਬਾਹਰ ਇਸਤ੍ਰੀਆਂ ਦੇ ਰੋਣ ਪਿਟਣ ਦੀ ਆਵਾਜ਼ ਆਈ। ਬੀਬੀ ਜੀ ਉਠਕੇ ਬਾਹਰ ਆਏ। ਪੁਛਿਆ ਕੀ ਗਲ ਹੈ। ਉਤ੍ਰ ਮਿਲਿਆ ਤੇਰੇ ਪਤੀ ਦੇਵ ਫਾਂਸੀ ਪਰ ਲਟਕਾ ਦਿੱਤੇ ਗਏ ਹਨ। ਉਨ੍ਹਾਂ ਦੀ ਲਾਸ਼ ਭੀ ਜ਼ਾਲਮਾ ਨੇ ਨਹੀਂ ਦਿਤੀ। ਸਭ ਕੁਝ ਸਮਝ ਗਈ। ਉਠੀ ਇਸ਼ਨਾਨ ਕੀਤਾ। ਸੋਹਣੇ ਸੋਹਣੇ ਕਪੜੇ ਪਾਏ। ਗਹਿਣੇ ਪਹਿਨੇ ਪੂਰਨ ਸ਼ਿੰਗਾਰ ਕਰਕੇ ਇਕ ਥੜੇ ਪਰ ਬੈਠ ਗਈ ਆਪਣੇ ਪਤੀ ਦੇਵ ਦੀ ਯਾਦ ਵਿਚ ਅਖੰਡ ਸਮਾਧੀ ਲਾ ਲਈ। ਨਾ ਰੋਈ, ਨਾ ਪਿਟੀ, ਨਾ ਵੈਣ ਪਾਏ। ਵੈਣ ਪਾਉਂਦੀ ਕਿਵੇ ? ਉਸਦਾ ਨਾਜ਼ਕ ਦਿਲ ਤਾਂ ਬਿਹੋ ਦੀਆਂ ਠੋਕਰਾਂ ਨਾਲ ਪਹਿਲੇ ਹੀ ਚੂਰ ਚੂਰ ਹੋ ਚੁਕਾ ਸੀ।

ਪੁਖਤਗਾਨਿ ਇਸ਼ਕ ਕੋ ਕਿਆ ਗਰਜ਼ ਰੋਨੇ ਸੇ ਜ਼ਫਰ
ਟਪਕਤਾ ਹੈ ਅਗਸਿ ਪਾਨੀ ਕਬਾਬ ਖਾਨੇ ਸੇ।

ਜ਼ਾਲਮ ਹਕੂਮਤ ਨੇ ਉਸਦੇ ਪਤੀ ਦਾ ਪੰਜ ਭੂਤਕ ਸਰੀਰ ਖੋਹ ਲਿਆ ਪਰੰਤੂ ਬੀਬੀ ਰਾਮ ਰਖੀ ਅੰਤਰ ਆਤਮੇ ਕਹਿ ਰਹੀ ਸੀ ਜ਼ਾਲਮੋ ਤੁਸੀਂ ਸਾਨੂੰ ਪੰਜ ਭੂਤਕ ਦੇਹ ਦੇ ਹੁੰਦਿਆ ਨਹੀਂ ਮਿਲਣਾ ਦਿੰਦੇ ਲਉ ਮੇਰੀ ਇਸ ਦੇਹ ਦੀ ਕੈਦ ਵਿਚੋਂ ਆਜ਼ਾਦ ਹੁੰਦੀ ਹਾਂ ਫਿਰ ਵੇਖਾਂਗੀ ਤੁਸੀਂ ਅਸਾਡੀਆਂ ਦੋ ਅਜ਼ਾਦ ਆਤਮਾਵਾਂ ਨੂੰ ਮਿਲਣ ਤੋਂ ਕਿਵੇਂ ਰੋਕਦੇ ਹੋ ? ਅਸੀਂ ਦੋਵੇ ਸ਼ਹੀਦ ਹੋਕੇ ਉਸ ਦੁਨੀਆਂ ਵਿਚ ਚਲੇ ਜਾਵਾਂਗੇ ਜਿਥੇ ਨਾ ਸਰੀਰਾਂ ਦੀ ਕੈਦ ਹੋਵੇਗੀ ਨਾ ਜੇਹਲਾਂ ਦੀਆਂ ਇਹ ਬੰਦੇ ਖਾਣੀਆਂ ਉਚੀਆਂ ੨ ਕੰਧਾਂ।

ਬੀਬੀ ਰਾਮ ਰਖੀ ਦਾ ਆਪਣੇ ਪਤੀ ਨਾਲ ਸਚਾ ਪ੍ਰੇਮ ਸੀ ਉਹ ਉਸ ਥੜੇ ਤੋਂ ਫਿਰ ਨਹੀਂ ਉਠੀ। ਸ਼ਹੀਦ ਬਾਲ ਮੁਕਦ ਜੀ ਦੀ ਲਾਸ਼ ਤਾਂ ਉਸਦੇ ਵਾਰਸਾ ਨੂੰ ਨਹੀਂ ਸੀ ਮਿਲੀ ਪਰੰਤੂ ਬੀਬੀ ਜੀ ਦੀ ਅਰਥੀ ਦਾ ਜਲੂਸ ਕਢਿਆ ਗਿਆ। ਜਿਨ੍ਹਾਂ ਨੇ ਇਸ ਘਟਨਾ ਨੂੰ ਵੇਖਿਆ ਉਹ ਅਸ਼ ਅਸ਼ ਕਰ ਉਠੇ। ਭਾਈ ਬਾਲ ਮੁਕੰਦ ਜੀ ਆਜ਼ਾਦੀ ਦੀ ਸ਼ਮਾ ਪਰ ਕੁਰਬਾਨ ਹੋ ਗਏ ਤੇ ਉਨ੍ਹਾਂ ਦੀ ਧਰਮ ਪਤਨੀ ਨੇ ਆਪਣੇ ਪਤੀ ਦੇ ਸਚੇ ਪ੍ਰੇਮ ਤੋਂ ਜਾਨਵਾਰ ਦਿੱਤੀ। ਧੰਨ ਹਨ ਭਾਈ ਬਾਲ ਮੁਕੰਦ ਜੀ ਸ਼ਹੀਦ ਤੇ ਧੰਨ ਉਨ੍ਹਾਂ ਦੀ ਧਰਮ ਪਤਨੀ ਰਾਮ ਰਖੀ ਜਿਨ੍ਹਾਂ ਨੇ ਕੁਰਬਾਨੀ ਦੀ ਇਕ ਅਦੁਤੀ ਮਿਸਾਲ ਕਾਇਮ ਕੀਤੀ। ਇਸ ਦੰਪਤੀ ਦੀ ਕੁਰਬਾਨੀ ਭਾਰਤ ਦੀ ਅਜ਼ਾਦੀ ਦੇ ਇਤਹਾਸ ਵਿਚ ਸੂਰਜ ਵਤ ਰੌਸ਼ਨ ਰਹੇਗੀ। ਬੀਬੀ

Digitized by Panjab Digital Library | www.panjabdigilib.org

ਰਾਮ ਰਖੀ ਨੇ ਆਪਣੇ ਪਤੀ ਦੀ ਕੁਰਬਾਨੀ ਸੋਨੇ ਪਰ ਸੁਹਾਗੇ ਵਾਂਗ ਕੰਮ ਕੀਤਾ ।

ਸਿਖ ਖਾਨਦਾਨ ਦੇ ਬਜ਼ੁਰਗ ਭਾਈ ਮਤੀ ਦਾਸ ਜੀ ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਕ੍ਰਿਪਾ ਦ੍ਰਿਸ਼ਟੀ ਹੋਵੇ ਅਤੇ ਜਿਸਦਾ ਗੁਰੂ ਜੀ ਨਾਲ ਇਤਨਾ ਅਤੁਟ ਪ੍ਰੇਮ ਹੋਵੇ ਕਿ ਉਹ ਕਹੇ ਜਿਸ ਸਮੇਂ ਮੇਰਾ ਧੜ ਆਰੇ ਨਾਲ ਦੋ ਫਾੜ ਕੀਤਾ ਜਾਵੇ ਤਾਂ ਐ ਜ਼ਲਾਦ ਤੂੰ ਮੇਰੇ ਪਰ ਇਤਨੀ ਕ੍ਰਿਪਾ ਜ਼ਰੂਰ ਕਰੀਂ ਕਿ ਮੇਰਾ ਮੂੰ ਉਸ ਸਮੇਂ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ ਪਿੰਜਰੇ ਵਲ ਰੱਖੀ ਉਸ ਖਾਨਦਾਨ ਵਿਚ ਭਾਈ ਬਾਲ ਮੁਕੰਦ ਜੈਸੇ ਮਹਾਨ ਸ਼ਹੀਦ ਅਤੇ ਬੀਬੀ ਰਾਮ ਰਖੀ ਜੈਸੀਆਂ ਸਤੀਆਂ ਦੇਵੀਆਂ ਦਾ ਹੋਣਾ ਕੋਈ ਅਚੰਭੇ ਦੀ ਗਲ ਨਹੀਂ । ਭਾਰਤ ਦੀਆਂ ਆਉਣ ਵਾਲੀਆਂ ਨਸਲਾਂ ਇਨ੍ਹਾਂ ਦੀਆਂ ਕੁਰਬਾਨੀਆਂ ਪਰ ਜਿਤਨਾ ਮਾਣ ਕਰਨ ਥੋਹੜਾ ਹੈ ।

# ਮਾਈ ਕਿਸ਼ਨ ਕੌਰ

ਟਿਬੀ ਸਾਹਿਬ ਖਲੋ ਇਕ ਕਿਸ਼ਨ ਕੌਰਾਂ,
ਨਿਗਾਹ ਵਲ ਸ਼ਹੀਦਾਂ ਦੇ ਮਾਰਦੀ ਏ ।
ਚੜੀ ਲੋਥ ਤੇ ਲੋਥ ਜਾ ਨਜ਼ਰ ਆਈ,
ਵਿਲਸਨ ਸਾਹਿਬ ਦੇ ਤਾਈਂ ਲਲਕਾਰਦੀ ਏ ।
ਸਿੰਘ ਮੋਇ ਨਾ ਗੋਰਿਆ ਸਮਝ ਛਡੀਂ,
ਆਈ ਮੌਤ ਇਹ ਤੇਰੀ ਸਰਕਾਰ ਦੀ ਏ ।
ਫਲ ਭੁਗਤਣਾ ਪਊਗਾ ਅੰਤ ਤੈਨੂੰ,
ਵਿਲਸਨ ਸਾਹਿਬ ਦਾ ਮੁਖ ਫਿਟਕਾਰਦੀ ਏ ।
ਜਿੱਤ ਲਿਆ ਏ ਮੋਰਚਾ ਖਾਲਸਾ ਜੀ,
ਪਲੂ ਫੇਰਕੇ ਵਾਜਾਂ ਉਹ ਮਾਂਰਦੀ ਏ ।
ਖੜਕੇ ਅਮਰ ਸ਼ਹੀਦਾਂ ਦੇ ਢੇਰ ਕੋਲੋਂ,
ਆਪਾ ਫਟੜਾ ਉਪਰੋ ਵਾਰਦੀ ਏ ।
ਨਾਲੇ ਨਾਲ ਰੁਮਾਲ ਦੇ ਮੁਖ ਪੂੰਜੇ,
ਭਿਜੇ ਖ਼ੂਨ ਦੇ ਕੇਸ ਸਵਾਰਦੀ ਏ ।
ਸ਼ਮਾ ਸਿਦਕ ਦੇ ਸੜੇ ਪ੍ਰਵਾਨਿਆ ਨੂੰ,
ਆਪਾ ਬਾਣੀ ਦਾ ਪਾਣੀ ਪਈ ਠਾਰਦੀ ਏ । (ਪ੍ਰਵਾਨਾ)

## ਜੈਤੋ ਦੇ ਮੋਰਚੇ ਦੀ ਹੀਰੋ (ਮਾਤਾ ਕਿਸ਼ਨ ਕੌਰ ਕਾਉਂਕੇ)

ਜੈਤੋ ਦੇ ਮੋਰਚੇ ਦੀ ਹੀਰੋ ਮਾਤਾ ਕਿਸ਼ਨ ਕੌਰ ਨੇ ਅਕਾਲੀ ਲਹਿਰ ਵਿਚ ਉਹ ਸ਼ਾਨਦਾਰ ਕੁਰ– ਬਾਨੀਆਂ ਕੀਤੀਆਂ ਜਿਨਾਂ ਨੂੰ ਯਾਦ ਕਰ ਕੇ ਮੁਰਦਾ ਦਿਲਾਂ ਵਿਚ ਭੀ ਨਵਾਂ ਜੀਵਨ ਪੈਦਾ ਹੋ ਜਾਂਦਾ ਹੈ । ਵਰ੍ਹਦੀਆਂ ਗੋਲੀਆਂ ਵਿਚ ਭੀ ਨਿਰਭੈ ਹੋ ਕੇ ਅੱਗੇ ਵਧਦੇ ਜਾਣਾ ਅਤੇ "ਵਜਣ ਗੋਲੀਆਂ ਖਾ ਚੱਲੀ ਏ, ਲੱਗੀ ਪ੍ਰੀਤ ਨਿਭਾ ਚਲੀ ਏ, ਲੋਥ ਤੇ ਲੋਥ ਚੜ੍ਹਾ ਚਲੀ ਏ" ਦੀ ਧੁਨ ਵਿਚ ਮਸਤ ਹੋ ਕੇ ਟਿੱਬੀ ਸਾਹਿਬ

Digitized by Panjab Digital Library | www.panjabdigilib.org

ਦੇ ਗੁਰਦੁਆਰੇ ਜਾ ਪੁਜਣਾ ਐਸੀ ਘਟਨਾ ਹੈ ਜਿਸ ਦੀ ਮਿਸਾਲ ਮਿਲਣੀ ਕਠਨ ਹੈ। ਮਾਤਾ ਕਿਸ਼ਨ ਕੌਰ ਦੇ ਜੁਸੇ ਵਿਚ ਡਰ ਦਾ ਨਾਮ ਨਿਸ਼ਾਨ ਨਹੀਂ ਸੀ। "ਨਿਰਭਉ ਜਪੈ ਸਗਲ ਭਉ ਮਿਟਹਿ" ਦੇ ਗੁਰਵਾਕ ਅਨੁਸਾਰ ਨਾਮ ਸਿਮਰਣ ਦਾ ਆਪ ਪਰ ਇਹ ਅਸਰ ਹੋਇਆ ਕਿ ਨਿਰਭੈਤਾ ਤੇ ਦਲੇਰੀ ਆਪ ਦੇ ਰੋਮ ਰੋਮ ਵਿਚ ਸਮਾ ਗਈ।

ਜੈਤੋ ਦੇ ਮੋਰਚੇ ਅਤੇ ਅਕਾਲੀ ਲਹਿਰ ਵਿਚ ਮਾਤਾ ਜੀ ਦੀਆਂ ਕੀਤੀਆਂ ਕੁਰਬਾਨੀਆਂ ਦਾ ਵਰਣਨ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਜੀਵਨ ਦਾ ਪਹਿਲਾ ਹਿੱਸਾ ਲਿਖਣਾ ਭੀ ਜ਼ਰੂਰੀ ਹੈ ਕਿਉਂਕਿ ਜਦੋਂ ਤਕ ਜੀਵਨ ਦੇ ਹਰ ਪਹਿਲੂ ਨੂੰ ਪ੍ਰਗਟ ਨਾ ਕੀਤਾ ਜਾਵੇ ਕਿਸੇ ਮਹਾਨ ਆਤਮਾ ਦੀਆਂ ਕੁਰਬਾਨੀਆਂ ਦੀ ਪੂਰੀ ਸਮਝ ਨਹੀਂ ਪੈਂਦੀ। ਮਾਤਾ ਕਿਸ਼ਨ ਕੌਰ ਜੀ ਦੇ ਬਜ਼ੁਰਗ ਪਹਿਲੇ ਲੋਹ ਗੜ੍ਹ ਜ਼ਿਲਾ ਲੁਧਿਹਾਣਾ ਵਿਚ ਰਹਿੰਦੇ ਸਨ, ਇਥੇ ਹੀ ਆਪ ਦਾ ਜਨਮ ਹੋਇਆ। ਇਸ ਤੋਂ ਪਿਛੋਂ ਇੰਨ੍ਹਾਂ ਦਾ ਪ੍ਰਵਾਰ ਦੌਧਰ ਜ਼ਿਲਾ ਫੀਰੋਜ਼ਪੁਰ ਵਿਚ ਜਾ ਵਸਿਆ ਅਤੇ ਮਾਤਾ ਜੀ ਦਾ ਅਨੰਦ ਕਾਰਜ ਭਾਈ ਹਰਨਾਮ ਸਿੰਘ ਪਿੰਡ ਕਾਉਂਕੈ ਨਾਲ ਹੋਇਆ।

ਸ: ਹਰਨਾਮ ਸਿੰਘ ਜੀ ੬ ਵੇਂ ਰਸਾਲੇ ਵਿਚ ਦਫੇਦਾਰ ਸਨ। ਪਿਛੋਂ ਆਪ ਨੇ ਨੌਕਰੀ ਛਡ ਦਿਤੀ ਅਤੇ ਆਪਣੇ ਦੂਜੇ ਭਰਾਵਾਂ ਪਾਸ ਰੰਗੂਨ (ਬਰਮਾ) ਵਿਚ ਜਾ ਨੌਕਰ ਹੋਇ। ਆਪ ਦੀ ਉਮਰ ਅਜੇ ੩੩ ਸਾਲ ਦੀ ਸੀ ਕਿ ਆਪ ਪ੍ਰਲੋਕ ਸਧਾਰ ਗਏ। ਅੰਤਮ ਸਮੇਂ ਸ: ਹਰਨਾਮ ਸਿੰਘ ਜੀ ਨੇ ਆਪਣੀ ਧਰਮ ਪਤਨੀ ਕਿਸ਼ਨ ਕੌਰ ਨੂੰ ਪਾਸ ਬਿਠਾ ਕੇ ਕਿਹਾ "ਵਾਹਿਗੁਰੂ ਦਾ ਭਾਣਾ ਐਸਾ ਹੈ ਕਿ ਮੈਂ ਤੁਹਾਡਾ ਸਾਥ ਛਡ ਕੇ ਜਾ ਰਿਹਾ ਹਾਂ ਤੁਸੀਂ ਬਾਕੀ ਦਾ ਜੀਵਨ ਸਾਧ ਸੰਗਤ ਤੇ ਗੁਰੂ ਘਰ ਦੀ ਸੇਵਾ ਵਿਚ ਬਤਾ-ਉਣਾ ਤੇ ਜੇ ਸੰਸਾਰਕ ਰੀਤੀ ਅਨਸਾਰ ਦੂਜਾ ਵਿਆਹ ਕਰਨ ਦੀ ਲੋੜ ਪਵੇ ਤਾਂ ਮੇਰੇ ਭਾਈ ਦੀ ਸੇਵਾ ਕਰਨੀ। ਇਹ ਸ਼ਬਦ ਮਾਤਾ ਕਿਸ਼ਨ ਕੌਰ ਦੇ ਹਿਰਦੇ ਪਰ ਉਕਰੇ ਗਏ। ਆਪਣੇ ਪਤੀ ਦੇਵ ਦੇ ਅੰਤਮ ਸ਼ਬਦਾਂ ਨੂੰ ਅਮਲ ਵਿਚ ਲਿਆਉਣ ਲਈ ਆਪ ਨੇ ਕੋਈ ਕਸਰ ਬਾਕੀ ਨਾ ਛਡੀ। ਵਾਹਿਗੁਰੂ ਦੀ ਕ੍ਰਿਪਾ ਨਾਲ ਆਪ ਨੂੰ ਤਿੰਨ ਭੁਜੰਗੀ ਤੇ ਇਕ ਭੁਜੰਗਣ ਦੀ ਦਾਤ ਪ੍ਰਾਪਤ ਹੋਈ। ਪਰ ਰਬ ਦਾ ਭਾਣਾ ਐਸਾ ਵਰਤਿਆ ਕਿ ਇਕ ਭੀ ਬਚਾ ਆਪ ਦੇ ਪਾਸ ਨਾ ਰਿਹਾ।

ਇਹੋ ਜਹੀਆਂ ਅਸਹਿ ਸੱਟਾਂ ਸਹਿ ਸਹਿ ਕੇ ਮਾਤਾ ਜੀ ਦਾ ਦਿਲ ਸੰਸਾਰ ਵਲੋਂ ਉਪ੍ਰਾਮ ਹੋ ਗਿਆ। ਆਪ ਨੇ ਸ੍ਰੀ ਪਟਨਾ ਸਾਹਿਬ ਪੁਜ ਕੇ ਅੰਮ੍ਰਿਤ ਪਾਨ ਕੀਤਾ ਅਤੇ ਬਾਕੀ ਦਾ ਜੀਵਨ ਆਪਣੇ ਪਤੀ ਦੇ ਅੰਤਮ ਬਚਨਾਂ ਅਨੁਸਾਰ ਸਾਧ ਸੰਗਤ ਤੇ ਗੁਰੂ ਘਰ ਦੀ ਸੇਵਾ ਕਰਦਿਆਂ ਹੋਇਆਂ ਬਤੀਤ ਕਰਨ ਦਾ ਦ੍ਰਿੜ ਇਰਾਦਾ ਧਾਰ ਲਿਆ। ਜਿਥੇ ਦੀਵਾਨ ਜਾਂ ਜੋੜ ਮੇਲਾ ਹੁੰਦਾ ਮਾਤਾ ਜੀ ਉਥੇ ਪੁਜ ਕੇ ਲੰਗਰ ਦੀ ਸੇਵਾ ਵਿਚ ਜੁਟ ਜਾਂਦੇ ਅਤੇ ਸਿਮਰਨ ਤੇ ਸੇਵਾ ਦੀ ਲਗਨ ਵਿਚ ਹਰ ਸਮੇਂ ਲਿਵਲੀਨ ਰਹਿੰਦੇ। ਨਗਰ ਕਾਉਕੇਂ ਵਿਚ ਸਾਲਾਨਾ ਜੋੜ ਮੇਲੇ ਹੁੰਦੇ ਤਾਂ ਆਪ ਵਿਤੋਂ ਵਧ ਕੇ ਸੇਵਾ ਵਿਚ ਹਿਸਾ ਲੈਂਦੇ। ਜਿਸ ਸਮੇਂ ਗੁਰਦੁਆਰਾ ਗੁਰੂ ਸਰ ਦੀ ਇਮਾਰਤ ਸ਼ੁਰੂ ਹੋਈ ਤਾਂ ਆਪ ਨੇ ਦਿਨ ਰਾਤ ਇਕ ਕਰਕੇ ਸੇਵਾ ਕੀਤੀ।

ਇਸ ਤੋਂ ਉਪ੍ਰੰਤ ਅਕਾਲੀ ਲਹਿਰ ਆਰੰਭ ਹੋ ਗਈ। ਜਿਥੋਂ ਮੋਰਚਾ ਲੱਗਣ ਦੀ ਖਬਰ ਮਿਲਣੀ

Digitized by Panjab Digital Library | www.panjabdigilib.org

ਮਾਤਾ ਜੀ ਨੇ ਉਥੇ ਹੀ ਜਾ ਪਹੁੰਚਣਾ ਅਤੇ ਸੇਵਾ ਵਿਚ ਜੁਟ ਜਾਣਾ। ਗੁਰਦੁਆਰਾ ਬਾਬੇ ਦੀ ਬੇਰ ਸਿਆਲ-ਕੋਟ, ਸ੍ਰੀ ਨਨਕਾਣਾ ਸਾਹਿਬ ਤੇ ਭਾਈ ਫੂਲ ਆਦਿਕ ਗੁਰਅਸਥਾਨਾਂ ਵਿਖੇ ਪੁਜ ਕੇ ਆਪ ਮੋਰਚਿਆਂ ਦੇ ਦਿਨਾਂ ਵਿਚ ਸੇਵਾ ਕਰਦੇ ਰਹੇ। ਜਿਸ ਸਮੇਂ ਗੁਰੂ ਕੇ ਬਾਗ ਦਾ ਮੋਰਚਾ ਗਰਮ ਸੀ ਤੇ ਪੁਲਸ ਗੁਰਦੁਆਰੇ ਵਿਚ ਰਾਸ਼ਨ ਨਹੀਂ ਜਾਣ ਦਿੰਦੀ ਸੀ ਤਾਂ ਮਾਤਾ ਕਿਸ਼ਨ ਕੌਰ ਪਿੰਡ ਵਿਚੋਂ ਦੁਧ ਤੇ ਰਾਸ਼ਨ ਆਦਿ ਇਕਠਾ ਕਰ ਕੇ ਪਹੁੰਚਾਂਦੀ ਰਹੀ। ਰਾਤ ਬਰਾਤੇ ਆਪ ਨੇ ਕਿਸੇ ਸਮੇਂ ਨਾ ਡਰਨਾ ਅਤੇ ਕਈ ਵੇਰ ਪੁਲਸ ਦੀਆਂ ਅਖਾਂ ਵਿਚ ਘੱਟਾ ਪਾ ਕੇ ਦਿਨੇ ਭੀ ਭੁਖੇ ਸਿੰਘਾਂ ਪਾਸ ਰਾਸ਼ਨ ਪਹੁੰਚਾ ਦੇਣਾ।

ਜ਼ਾਲਮ ਬੀ ਟੀ ਸੁਪ੍ਰੰਟੰਡੰਟ-ਪੁਲਸ ਨੂੰ ਜਦ ਇਹ ਪਤਾ ਲਗਣਾ ਕਿ ਇਕ ਮਾਈ ਭੁਖੇ ਸਿੰਘਾਂ ਨੂੰ ਰਾਸ਼ਨ ਪਹੁੰਚਾ ਆਉਂਦੀ ਹੈ ਤਾਂ ਉਸ ਨੇ ਪੁਲਸ ਵਾਲਿਆਂ ਨੂੰ ਸਖਤ ਤਾੜਨਾ ਕਰਨੀ ਕਿ ਇਕ ਇਸਤ੍ਰੀ ਭੀ ਤੁਹਾਡੇ ਪਾਸੋਂ ਨਹੀਂ ਰੋਕੀ ਜਾਂਦੀ। ਜ਼ਖਮੀਆਂ ਨੂੰ ਚੁਕ ਕੇ ਹਸਤਪਤਾਲ ਪਹੁੰਚਾਉਣਾ ਤੇ ਪਿਆਸਿਆਂ ਦੇ ਮੂੰਹ ਵਿਚ ਪਾਣੀ ਪਾਉਣ ਦੀ ਸੇਵਾ ਵਿਚ ਮਾਈ ਜੀ ਨੇ ਵਧ ਚੜ ਕੇ ਹਿਸਾ ਲਿਆ। ਕਈ ਵੇਰ ਪੁਲਸ ਵਾਲਿਆਂ ਨੇ ਆਪ ਨਾਲ ਬਦ ਸਲੂਕੀ ਕੀਤੀ ਤੇ ਬੁਰਾ ਭਲਾ ਕਿਹਾ ਪ੍ਰੰਤੂ ਇਹ ਵੇਖ ਕੇ ਕਿ ਕਿਵੇਂ ਮਾਤਾ ਜੀ ਹਰ ਸਮੇਂ ਲੱਕ ਬੰਨ੍ਹ ਕੇ ਸੇਵਾ ਵਿਚ ਜੁਟੇ ਰਹਿੰਦੇ ਹਨ ਪੁਲਸ ਵਾਲਿਆਂ ਦੇ ਪਥਰ ਦਿਲ ਭੀ ਮੋਮ ਹੋ ਜਾਂਦੇ ਅਤੇ ਉਹ ਆਪ ਨੂੰ ਸੇਵਾ ਤੋਂ ਨਾ ਰੋਕਦੇ। ਇਸ ਮੋਰਚੇ ਵਿਚ ਆਪ ਦੀ ਸੇਵਾ ਦੀ ਚਰਚਾ ਘਰ ਘਰ ਹੋਣ ਲਗ ਪਈ।

ਜਿਸ ਸਮੇਂ ਸਾਧਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਪਰ ਹਮਲਾ ਕੀਤਾ ਤਾਂ ਮਾਤਾ ਕਿਸ਼ਨ ਕੌਰ ਨੇ ਬੀਬੀ ਬਸੰਤ ਕਰ ਤੇ ਟਹਿਲ ਕੌਰ ਨੂੰ ਨਾਲ ਲੈ ਕੇ ਸਾਧਾਂ ਨੂੰ ਬੜੀ ਬਹਾਦਰੀ ਨਾਲ ਰੋਕਿਆ। ਇਸ ਤੋਂ ਉਪ੍ਰੰਤ ਸ੍ਰੀ ਮੁਕਤਸਰ ਸਾਹਿਬ ਦਾ ਮੋਰਚਾ ਲਗ ਗਿਆ। ਮਾਤਾ ਜੀ ਝੱਟ ਸ੍ਰੀ ਮੁਕਤਸਰ ਪੁਜ ਗਏ ਅਤੇ ਸੇਵਾ ਕਰਨ ਲਗੇ। ਇਕ ਵੇਰ ਆਪ ਨੇ ਪੰਜ ਸਿੰਘਣੀਆਂ ਨੂੰ ਨਾਲ ਲੈ ਕੇ ਸ੍ਰੀ ਦਰਬਾਰ ਸਾਹਿਬ ਮੁਕਤ–ਸਰ ਦਾ ਪ੍ਰਬੰਧ ਪੁਜਾਰੀਆਂ ਪਾਸੋਂ ਜਾ ਖੋਹਿਆ। ਇਸ ਸਮੇਂ ਅਜੇ ਸ੍ਰੀ ਦਰਬਾਰ ਸਾਹਿਬ ਮੁਕਤਸਰ ਪਰ ਅਕਾਲੀਆਂ ਦਾ ਕਬਜ਼ਾ ਨਹੀਂ ਹੋਇਆ ਸੀ। ਜਿਹੜੇ ਜਥੇ ਗੁਰਦੁਆਰੇ ਪਰ ਕਬਜ਼ਾ ਕਰਨ ਲਈ ਇਕਠੇ ਹੁੰਦੇ ਉਨਾਂ ਦੇ ਲੰਗਰ ਦੀ ਸੇਵਾ ਕਰਨ ਤੋਂ ਇਲਾਵਾ ਮਾਤਾ ਕਿਸ਼ਨ ਕੌਰ ਜੀ ਕਈ ਪ੍ਰਕਾਰ ਦੇ ਭੇਦ ਭੀ ਪੁਜਾਰੀਆਂ ਦੇ ਘਰਾਂ ਵਿਚ ਜਾ ਕੇ ਕਦੇ ਲਿਆਉਂਦੇ ਸਨ ਅਤੇ ਸਿੰਘਾਂ ਨੂੰ ਹੁਸ਼ਿਆਰ ਰਹਿਣ ਦੀ ਪ੍ਰੇਰਨਾ ਕਰਦੇ ਰਹਿੰਦੇ ਸਨ।

ਜਦ ਜੈਤੋ ਤੋਂ ਮੁਕਤਸਰ ਨੂੰ ੨੫ ੨੫ ਸਿੰਘਾਂ ਦੇ ਜਥੇ ਜਾ ਰਹੇ ਸਨ ਤਾਂ ਖਬਰਾਂ ਆਦਿ ਪਹੁੰ-ਚਾਣ ਦੀ ਸੇਵਾ ਮਾਤਾ ਕਿਸ਼ਨ ਕੌਰ ਜੀ ਨੇ ਬੜੇ ਹੀ ਸੋਹਣੇ ਢੰਗ ਨਾਲ ਨਿਭਾਈ ਅਤੇ ਕਈ ਵੇਰ ਰਾਸ਼ਨ ਆਦਿ ਵਿਚ ਰੁਕਾਵਟ ਪਈ ਤਾਂ ਆਪ ਨੇ ਉਸ ਨੂੰ ਦੂਰ ਕਰਕੇ ਰਾਸ਼ਨ ਪਹੁੰਚਾਇਆ ਸੀ। ਸ੍ਰੀ ਮੁਕਤਸਰ ਵਿਚ ਆਪ ਨੇ ਜੋ ਸੇਵਾ ਨਿਭਾਈ ਉਹ ਆਪਣੀ ਮਿਸਾਲ ਆਪ ਹੀ ਹੈ।

## ਜੈਤੋ ਦਾ ਮੋਰਚਾ

ਮਾਤਾ ਕਿਸ਼ਨ ਕੌਰ ਜੀ ਨੂੰ ਅਸੀਂ ਜੈਤੋ ਦੇ ਮੋਰਚੇ ਦੀ ਹੀਰੋ ਕਹਿ ਸਕਦੇ ਹਾਂ। ਇਸ ਦਾ ਕਾਰਨ

Digitized by Panjab Digital Library | www.panjabdigilib.org

ਇਹ ਹੈ ਕਿ ਆਪ ਨੇ ਇਸ ਮੋਰਚੇ ਵਿਚ ਜੋ ਪਾਰਟ ਅਦਾ ਕੀਤਾ ਉਹ ਹੋਰ ਕਿਸੇ ਨੇ ਨਹੀਂ ਕੀਤਾ। ਜੈਤੋ ਦਾ ਮੋਰਚਾ ਅਕਾਲੀ ਲਹਿਰ ਦੇ ਵਡੇ ਮੋਰਚਿਆਂ ਵਿਚੋਂ ਇਕ ਸੀ। ਜਿਸ ਤ੍ਰੀਕੇ ਨਾਲ ਜ਼ਾਲਮ ਹਕੂਮਤ ਨੇ ਪਹਿਲੇ ਸ਼ਹੀਦੀ ਜਥੇ ਪਰ ਮਸ਼ੀਨ ਗੰਨਾਂ ਨਾਲ ਗੋਲੀਆਂ ਦੀ ਵਰਖਾ ਕੀਤੀ ਅਤੇ ਨਿਹੱਥੇ ਸਿੰਘਾਂ ਦੇ ਖ਼ੂਨ ਨਾਲ ਧਰਤੀ ਨੂੰ ਰੰਗ ਦਿਤਾ ਉਸ ਦੇ ਹਾਲਾਤ ਪੜ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਖੰਡਤ ਹੋਏ ਅਖੰਡ ਪਾਠ ਨੂੰ ਮੁੜ ਪ੍ਰਾਰੰਭ ਕਰਨ ਲਈ ਸਿਖ ਕੌਮ ਵਿਚ ਜੋਸ਼ ਦੀ ਇਕ ਜ਼ਬਰਦਸਤ ਲਹਿਰ ਦੌੜ ਗਈ। ਬਚੇ ਬਚੇ ਦੀ ਜ਼ਬਾਨ ਪਰ ਜੈਤੋ ਨੂੰ ਜਾਣ ਦਾ ਚਰਚਾ ਸੀ। ਸ਼੍ਰੋ: ਕਮੇਟੀ ਨੇ ਐਲਾਨ ਕੀਤਾ ਕਿ ਪਹਿਲਾ ਜਥਾ ਪੰਜ ਸੌ ਦਾ ਜਾਵੇਗਾ ਅਤੇ ਜਦੋਂ ਤਕ ਹਕੂਮਤ ਸਿਖ ਕੌਮ ਅਗੇ ਗੋਡੇ ਨਹੀਂ ਟੇਕ ਦਿੰਦੀ ਇਸ ਤੋਂ ਪਿਛੋਂ ਭੀ ਪੰਜ ਪੰਜ ਸੌ ਦੇ ਜਥੇ ਜਾਂਦੇ ਰਹਿਣ ਗੇ।

ਪੰਜ ਸੌ ਸਿੰਘਾਂ ਦਾ ਇਕ ਵਰਦੀ ਵਿਚ ਫੌਜੀ ਮਾਰਚ ਕਰਦੇ ਹੋਏ ਪ੍ਰੰਤੂ ਸ਼ਾਂਤਮਈ ਰਹਿੰਦੇ ਹੋਏ ਗੋਲੀਆਂ ਖਾਣ ਲਈ ਜਾਣਾ ਭਾਰਤ ਦੇ ਇਤਹਾਸ ਵਿਚ ਆਪਣੀ ਮਿਸਾਲ ਆਪ ਸੀ। ਸਿਖ ਕੌਮ ਜੋ ਇਕ ਬਹਾਦਰਾਂ ਦੀ ਕੌਮ ਹੈ ਤੇ ਜੁਧਾਂ ਜੰਗਾਂ ਵਿਚ ਬੇਹੱਦ ਪ੍ਰਸਿੱਧਤਾ ਪ੍ਰਾਪਤ ਕਰ ਚੁਕੀ ਹੈ ਉਸ ਦੇ ਜੀਵਨ ਵਿਚ ਭੀ ਇਹ ਇਕ ਅਨੋਖਾ ਤਜਰਬਾ ਸੀ ਕਿ ਸਿੰਘ ਛਾਤੀਆਂ ਦੇ ਬਟਨ ਖੋਹਲ ਕੇ ਗੋਲੀਆਂ ਖਾਣ ਪਰ ਉਹ ਅਗੋਂ ਹੱਥ ਨਾ ਉਠਾਣ। ਪਹਿਲਾ ਸ਼ਹੀਦੀ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸਾ ਸੋਧ ਕੇ ਚਲ ਪਿਆ। ਸਾਰੀ ਦੁਨੀਆਂ ਦੀਆਂ ਅਖਾਂ ਜੈਤੋ ਦੇ ਮੈਦਾਨ ਵਲ ਲਗ ਗਈਆਂ। ਲੋਕ ਹੈਰਾਨ ਹੋ ਕੇ ਇਸ ਘਟਨਾ ਦੀ ਉਡੀਕ ਕਰ ਰਹੇ ਸਨ ਕਿ ਜਦ ਜਥਾ ਗੰਗ ਸਰ ਜੈਤੋ ਪੁਜੇ ਗਾ ਤਾਂ ਹਕੂਮਤ ਉਸ ਦਾ ਕਿਵੇਂ ਮਸ਼ੀਨ ਗੰਨਾਂ ਨਾਲ ਸਵਾਗਤ ਕਰੇਗੀ ਤੇ ਸਿਖ ਉਸਦਾ ਕੀ ਉਤ੍ਰ ਦੇਣਗੇ? ਸਿਖ ਪੰਥ ਵਿਚ ਤਾਂ ਇਸ ਸਮੇਂ ਅਥਾਹ ਜੋਸ਼ ਪੈਦਾ ਹੋ ਚੁਕਿਆ ਸੀ। ਸਿਖਾਂ ਦਾ ਬਚਾ ਬਚਾ ਪੰਥ ਦੇ ਹੁਕਮ ਅਨੁਸਾਰ ਕੁਰਬਾਨ ਹੋਣ ਵਾਸਤੇ ਤਿਆਰ ਸੀ। ਛੋਟੇ ਛੋਟੇ ਬਚੇ ਸ੍ਰੀ ਅੰਮ੍ਰਿਤਸਰ ਪੁਜ ਕੇ ਸ਼ਹੀਦੀ ਜਥਿਆਂ ਵਿਚ ਨਾਮ ਲਿਖਾਉਣ ਲਈ ਝਗੜਾ ਕਰਦੇ ਸਨ।

ਜਦ ਜਥਾ ਮਾਲਵੇ ਵਿਚ ਦਾਖਲ ਹੋ ਗਿਆ ਤਾਂ ਮਾਤਾ ਕਿਸ਼ਨ ਕੋਰ ਨੇ ਗੁਰਦਵਾਰਾ ਭਾਈ ਫੇਰੂ ਵਿਚ ਪੁਜ ਕੇ ਸਿੰਘਾਂ ਪਾਸੋਂ ਅਰਦਾਸਾ ਸੁਧਾਇਆ ਕਿ ਮੈਂ ਪਹਿਲੇ ਸ਼ਹੀਦੀ ਜਥੇ ਨਾਲ ਜਾ ਕੇ ਜੈਤੋ ਵਿਚ ਸ਼ਹੀਦੀ ਪ੍ਰਾਪਤ ਕਰਾਂਗੀ ਅਕਾਲ ਪੁਰਖ ਮੇਰੇ ਪਰ ਕ੍ਰਿਪਾ ਕਰੇ ਕਿ ਮੈਂ ਆਪਣੇ ਭਰਾਵਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਵਰ੍ਹਦੀਆਂ ਗੋਲੀਆਂ ਵਿਚ ਅਗੇ ਵਧਾਂ ਪਰ ਮੇਰਾ ਹਿਰਦਾ ਅਡੋਲ ਰਹੇ। ਇਹ ਅਰਦਾਸਾ ਸੁਧਾ ਕੇ ਮਾਤਾ ਜੀ ਜਥੇ ਨੂੰ ਜ਼ੀਰੇ ਵਿਚ ਆ ਮਿਲੇ। ਹਰ ਸਮੇਂ ਸੇਵਾ ਵਿਚ ਤਤਪਰ ਰਹਿੰਦੇ ਅਤੇ ਸ਼ਬਦਾਂ ਦੀ ਗੂੰਜ ਪਾਈ ਰਖ਼ਦੇ। ਪੂਰਨ ਗੁਰਸਿੱਖੀ ਲਿਬਾਸ ਵਿਚ ਇਕ ਮਾਤਾ ਨੂੰ ਬੀਰ ਰਸ ਦੀ ਅਦੁਤੀ ਰੰਗਣ ਚੜੀ ਵੇਖ ਕੇ ਸਿਖਾਂ ਦੇ ਦਿਲਾਂ ਵਿਚ ਹੋਰ ਜੋਸ਼ ਪੈਦਾ ਹੋ ਜਾਂਦਾ ਸੀ।

ਜਦ ਜਥਾ ਸਮਾਲਸਰ ਪੁਜਿਆ ਤਾਂ ਮਾਤਾ ਜੀ ਨੂੰ ਖਿਆਲ ਆਇਆ ਕਿ ਜੈਤੋ ਵਿਚ ਸਰਕਾਰ ਨੇ ਕੀ ਪ੍ਰਬੰਧ ਕੀਤਾ ਹੈ। ਉਸ ਦਾ ਪਤਾ ਲਿਉਣਾ ਚਾਹੀਦਾ ਹੈ। ਸਿੰਘਾਂ ਨਾਲ ਸਲਾਹ ਕੀਤੀ ਉਨ੍ਹਾਂ ਨੇ ਕਿਹਾ ਠੀਕ ਹੈ। ਮਾਤਾ ਜੀ ਬੀਬੀ ਤੇਜ ਕੌਰ ਨੂੰ ਨਾਲ ਲੈ ਕੇ ਜੈਤੋ ਨੂੰ ਰਵਾਨਾ ਹੋਇ। ਉਨਾ ਨੇ ਬਨਿ-ਆਣੀਆਂ ਦਾ ਰੂਪ ਧਾਰਨ ਕਰ ਲਿਆ। ਰਾਤ ਸਟੇਸ਼ਨ ਪਰ ਗੁਜ਼ਾਰੀ। ਸਵੇਰ ਹੁੰਦਿਆਂ ਹੀ ਗੁਰਦਵਾਰੇ ਪੁਜੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਤਾਂ ਇਹ ਹੁਕਮ ਆਇਆ "ਜੈਸੀ ਮੈਂ ਆਵੈ ਖਸਮ

Digitized by Panjab Digital Library | www.panjabdigilib.org

ਕੀ ਬਾਣੀ ਤੇਸੜਾ ਕਰੀ ਗਿਆਨ ਵੇ ਲਾਲੋ, ਪਾਪ ਕੀ ਜੰਜ ਲੈ ਕਾਬਲੋਂ ਧਾਇਆ ਜੋਰੀ ਮੰਗੇ ਦਾਨ ਵੇ ਲਾਲੋ........................

ਸ਼ਬਦ ਦੇ ਅਰਥਾਂ ਤੋਂ ਅਸੀਂ ਅਨਮਾਨ ਲਗਾ ਲਿਆ ਕਿ ਜਥੇ ਦੇ ਪੁਜਣ ਪਰ ਕਰੜਾ ਭਾਣਾ ਵਰਤੇ ਗਾ। ਲਾਠੀਆਂ ਦੇ ਵਡੇ ਵਡੇ ਢੇਰ ਸਾਨੂੰ ਨਜ਼ਰੀਂ ਪਏ। ਗੱਡਿਆਂ ਦੀ ਕਤਾਰ ਇਕ ਪਾਸੇ ਖੜੀ ਸੀ। ਗਡਿਆਂ ਪਰ ਰਸੇ ਤੇ ਸੰਦੂਕ ਲਦੇ ਹੋਏ ਸਨ।

ਗਡਿਆਂ ਦੇ ਇਰਦ ਗਿਰਦ ਕੰਡਿਆਂ ਦੀ ਵਾੜ ਲਗੀ ਹੋਈ ਸੀ। ਇਉਂ ਜਾਪਦਾ ਸੀ ਜਿਵੇਂ ਮੋਰਚਾ ਬਣਾਇਆ ਗਿਆ ਹੈ। ਵਿਉਂਤ ਇਹ ਸੀ ਕਿ ਜਦੋਂ ਜਥਾ ਅੰਦਰ ਆਵੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾਵੇ ਅਤੇ ਲੋਥਾਂ ਗਡਿਆਂ ਪਰ ਸੰਦੂਕਾਂ ਵਿਚ ਪਾ ਕੇ ਲਦੀਆਂ ਜਾਣ। ਪੰਦਰਾਂ ਪਿੰਡਾਂ ਵਿਚੋਂ ਇਕ ਇਕ ਆਦਮੀ ਘਰ ਪ੍ਰਤੀ ਸਰਕਾਰ ਨੇ ਜਬਰੀ ਫੜ ਕੇ ਲਿਆਂਦਾ ਸੀ ਤਾਕਿ ਉਹ ਪੁਲਸ ਤੇ ਫੌਜ ਦੀ ਮਦਦ ਕਰੇ। ਜਿਸ ਵੇਲੇ ਅਸੀਂ ਇਸ ਮੋਰਚੇ ਪਾਸ ਪੁਜੀਆਂ ਤਾਂ ਪੁਲਸ ਵਾਲਿਆਂ ਨੇ ਪੁਛਿਆ ਤੁਸੀਂ ਕੌਣ ਹੋ? ਅਸੀਂ ਉਤ੍ਰ ਦਿਤਾ ਅਸੀਂ ਮੋਗੇ ਦੀਆਂ ਬਨਿਆਣੀਆਂ ਹਾਂ ਤੇ ਰਣ ਸਿੰਘ ਵਾਲੇ ਨੂੰ ਜਾਂਦੀਆਂ ਹਾ। ਇਸ ਤਰ੍ਹਾਂ ਅਸੀਂ ਸਾਰਾ ਭੇਦ ਲਭ ਲਿਆ ਤੇ ਵਾਪਸ ਆ ਕੇ ਸਿੰਘਾਂ ਨੂੰ ਸਭ ਹਾਲਾਤ ਦਸ ਦਿਤੇ।

ਜਥੇਦਾਰ ਤੇ ਜ਼ੁਮੇਵਾਰ ਸਜਣਾਂ ਨੂੰ ਅਸੀਂ ਦਸ ਦਿਤਾ ਸੀ ਕਿ ਜਿਧਰ ਖਾਈ ਪੁਟੀ ਹੈ ਉਧਰ ਨਹੀਂ ਜਾਣਾ। ਸਿਧਾ ਗੁਰਦਵਾਰਾ ਟਿਬੀ ਸਾਹਿਬ ਵਲ ਰੁਖ ਕਰ ਲੈਣਾ। ਇਸ ਤੋਂ ਉਪ੍ਰੰਤ ਅਸੀਂ ਜਥੇ ਦੇ ਨਾਲ ਹੋ ਤੁਰੀਆਂ ਜਦ ਜਥਾ ਗੁਰਦਵਾਰਾ ਗੰਗ ਸਰ ਦੇ ਨੇੜੇ ਪੁਜਿਆ ਤਾਂ ਪਿੰਡਾਂ ਦੀਆਂ ਬੇਅੰਤ ਸੰਗਤਾਂ ਜਥੇ ਦੇ ਨਾਲ ਸਨ। ਉਨ੍ਹਾਂ ਨੇ ਜਥੇ ਦੇ ਦੋਹੀਂ ਪਾਸੀਂ ਇਸ ਪ੍ਰਕਾਰ ਤੁਰਨਾ ਸ਼ੁਰੂ ਕਰ ਦਿਤਾ ਕਿ ਜੇ ਗੋਲੀ ਚਲੇ ਤਾਂ ਸਿੰਘਾਂ ਨੂੰ ਨਾ ਲਗੇ। ਹਰ ਇਕ ਸਿੰਘ ਤੇ ਸਿੰਘਣੀ ਨੂੰ ਕੁਰਬਾਨੀ ਕਰਨ ਦਾ ਚਾ ਚੜਿਆ ਹੋਇਆ ਸੀ "ਮੋਹਿ ਮਰਨੇ ਕਾ ਚਾਉ ਹੈ ਮਰੋ ਤਾ ਹਰ ਕੇ ਦੁਆਰੇ ਤੇ ਜੇ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ ਦੇ ਸ਼ਬਦਾਂ ਦੀ ਗੂੰਜ ਵਿਚ ਜਥਾ ਅਗੇ ਵਧ ਰਿਹਾ ਸੀ। ਮੈਂ ਜਥੇ ਦੇ ਅਗੇ ਚਲ ਰਹੀ ਸਾਂ। ਅਚਾਨਕ ਇਕ ਸੱਪ ਨਿਕਲਿਆ ਜੋ ਸੰਗਤ ਨੇ ਮਾਰ ਦਿਤਾ। ਇਸ ਤੋਂ ਪਿਛੋਂ ਇਕ ਅੰਗ੍ਰੇਜ਼ ਅਫਸਰ ਮਿ: ਵਿਲਸਨ ਨੇ ਜਥੇ ਨੂੰ ਰੋਕਿਆ। ਜਥਾ ਨਾ ਰੁਕਿਆ ਤੇ ਅਗੇ ਹੀ ਵਧਦਾ ਗਿਆ। ਮਿ: ਵਿਲਸਨ ਨੇ ਲਾਲ ਝੰਡੀ ਵਿਖਾਈ ਤਾਂ ਗੋਲੀਆਂ ਦੀ ਵਰਖਾ ਸ਼ੁਰੂ ਹੋ ਗਈ। ਬਹੁਤ ਸਾਰੇ ਸਿੰਘ ਗੋਲੀਆਂ ਦਾ ਨਿਸ਼ਾਨਾ ਬਣ ਕੇ ਮੇਰੇ ਪਾਸ ਹੀ ਡਿਗ ਪਏ। ਵਾਹਿਗੁਰੂ ਦੀ ਮਰਜ਼ੀ ਮੇਰੇ ਕੋਈ ਗੋਲੀ ਨਾ ਲਗੀ। ਸਿਪਾਹੀਆਂ ਨੇ ਮੈਨੂੰ ਧੱਕਾ ਦੇ ਕੇ ਖਾਈਓਂ ਪਾਰ ਜਥੇ ਵਲ ਨੂੰ ਧਕੇਲ ਦਿਤਾ।

ਵਰਦੀਆਂ ਗੋਲੀਆਂ ਵਿਚ ਭੀ ਸਿੰਘ ਅਗੇ ਵਧ ਰਹੇ ਸਨ। ਸੰਗਤਾਂ ਉਨਾਂ ਦੇ ਨਾਲ ਸਨ। ਇਤਨੀ ਦੇਰ ਪਿਛੋਂ ਮਸ਼ੀਨ ਗੰਨ ਦੀਆਂ ਗੋਲੀਆਂ ਦੀ ਵਰਖਾ ਸ਼ੁਰੂ ਹੋਈ। ਮਸ਼ੀਨ ਗੰਨ ਚਲਣ ਦੀ ਖਬਰ ਸੁਣ ਕੇ ਪਿੰਡਾਂ ਤੋਂ ਆਈਆਂ ਸੰਗਤਾਂ ਵਿਚ ਖਲਬਲੀ ਮਚ ਗਈ। ਇਥੇ ਮੈਦਾਨ ਵਿਚ ਲੋਥਾਂ ਦੇ ਢੇਰ ਲਗ ਗਏ। ਹਰ ਪਾਸੇ ਕੁਹ੍ਰਾਮ ਮੱਚ ਗਿਆ ਨਿਸ਼ਾਨ ਸਾਹਿਬ ਭਾਈ ਇੰਦਰ ਸਿੰਘ ਜੋ ਜਥੇ ਦੇ ਮੂਹਰੇ ਸੀ ਸ਼ਹੀਦ ਹੋ ਗਿਆ। ਚਾਰ ਵੇਰ ਗੋਲੀ ਚਲਣੀ ਸ਼ੁਰੂ ਹੋਚੀ ਮੈਂ ਤੇ ਬੀਬੀ ਤੇਜ ਕੌਰ ਟਿੱਬੀ ਸਾਹਿਬ

Digitized by Panjab Digital Library | www.panjabdigilib.org

ਪੁਜ ਗਈਆਂ। ਜਦ ਗੋਲੀ ਚਲਣੀ ਬੰਦ ਹੋਈ ਤਾਂ ਅਸੀਂ ਸਿੰਘਾਂ ਦੀਆਂ ਲਾਸ਼ਾਂ ਦੀ ਸੰਭਾਲ ਕਰਨ ਲਗੀਆਂ।

ਜ਼ਾਲਮਾਂ ਨੇ ਖੂਹਾਂ ਦੀਆਂ ਲੱਜਾਂ ਵਢ ਦਿਤੀਆਂ ਤਾਕਿ ਜ਼ਖਮੀਆਂ ਨੂੰ ਪਾਣੀ ਭੀ ਨਾ ਪਿਲਾ-ਇਆ ਜਾ ਸਕੇ। ਹੁਣ ਮੈਦਾਨ ਖਾਲੀ ਹੋ ਗਿਆ। ਮੈਂ ਟਿਬੀ ਸਾਹਿਬ ਦੇ ਬੁਰਜ ਪਰ ਚੜ੍ਹਕੇ ਵੇਖਿਆ ਤਾਂ ਖਲਕਤ ਬੇਤਹਾਸ਼ਾ ਭਜੀ ਜਾ ਰਹੀ ਸੀ। ਮੈਂ ਪੱਲਾ ਫੇਰਿਆ ਕਿ ਭਰਾਵੋ ਠਹਿਰ ਜਾਉ ਜ਼ਾਲਮ ਖੁਦ ਹੀ ਹਾਰ ਕੇ ਹੱਟ ਜਾਵੇਗਾ। ਮੈਨੂੰ ਜ਼ਾਲਮਾਂ ਨੇ ਦੂਰ ਬੀਨ ਲਗਾ ਕੇ ਵੇਖ ਲਿਆ ਤੇ ਉਨ੍ਹਾਂ ਗੁਰਦੁਵਾਰੇ ਨੂੰ ਘੇਰਾ ਆ ਪਾਇਆ। ਇਤਨੀ ਦੇਰ ਨੂੰ ਇਸ ਸਾਕੇ ਦਾ ਅਸਲੀ ਜ਼ੁਮੇਵਾਰ ਗੁਰਦਿਆਲੂ ਤੇ ਤਿੰਨ ਹੋਰ ਅਫਸਰ ਟਿੱਬੀ ਸਾਹਿਬ ਆਇ। ਉਹ ਕਹਿਣ ਲਗੇ ਮਾਈ ਤੁਸੀਂ ਇਥੋਂ ਚਲੀਆਂ ਜਾਓ। ਮੈਂ ਉਨ੍ਹਾਂ ਨੂੰ ਵੰਗਾਰ ਕੇ ਕਿਹਾ "ਦਇਆ ਹੀਨੋ ਮੈਂ ਆਪਣੇ ਬਚਿਆ ਦੀ ਮੌਤ ਅਖੀ ਵੇਖਕੇ ਇਥੋਂ ਚਲੀ ਜਾਵਾਂ ਇਹ ਕਿਵੇਂ ਹੋ ਸਕਦਾ ਹੈ? ਜ਼ਾਲਮੋ ਤੁਸੀ ਰਜਕੇ ਜ਼ੁਲਮ ਕਮਾਉ ਖਾਲਸੇ ਦਾ ਅੰਤ ਨਹੀਂ ਹੋਣਾ ਅਖੀਰ ਜ਼ੁਲਮ ਕਰਨ ਵਾਲਿਆਂ ਦਾ ਹੀ ਅੰਤ ਹੋਣਾ ਹੈ।"

ਮੈਨੂੰ ਤੇ ਬੀਬੀ ਤੇਜ ਕੌਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਬਾਕੀ ਬਚੇ ਜਥੇ ਦੇ ਸਿੰਘ ਭੀ ਗ੍ਰਿਫਤਾਰ ਕੀਤੇ ਗਏ। ਸ਼ਹੀਦ ਸਿੰਘਾ ਦੀਆਂ ਲਾਸ਼ਾਂ ਨੂੰ ਗਡਿਆਂ ਪਰ ਲਦਕੇ ਪਤਾ ਨਹੀਂ ਕਿਧਰੇ ਲੈ ਗਏ। ਜ਼ਾਲਮਾ ਨੇ ਲਾਸ਼ਾ ਨੂੰ ਛੁਪਾਣ ਲਈ ਗੁਪਤ ਪ੍ਰਬੰਧ ਕਰ ਰਖਿਆ ਪ੍ਰਤੀਤ ਹੁੰਦਾ ਸੀ। ਸਾਨੂੰ ਫੜਕੇ ਜੈਤੋਂ ਦੇ ਕਿਲੇ ਵਿਚ ਲਿਆਂਦਾ ਗਿਆ। ਇਥੇ ਹੋਰ ਭੀ ਬਹੁਤ ਸਾਰੀਆਂ ਸਿੰਘਣੀਆਂ ਫੜੀਆਂ ਹੋਈਆਂ ਆਈਆਂ। ਜ਼ਾਲਮਾਂ ਨੇ ਸਿਆਲ ਦੀਆਂ ਕੜਕਦੀਆਂ ਸਰਦੀ ਦੀਆਂ ਰਾਤਾਂ ਵਿਚ ਭੀ ਨਾ ਸਾਨੂੰ ਉਪਰ ਲੈਣ ਲਈ ਕੋਈ ਕਪੜਾ ਦਿਤਾ ਨਾ ਲੀੜਾ। ਸਠ ਤ੍ਰੀਮਤਾਂ ਨੇ ਦੋ ਭੂਰਿਆਂ ਵਿਚ ਰਾਤ ਲੰਘਾਈ। ਪਥਰ ਚਿੱਤ ਜ਼ਾਲਮਾ ਨੇ ਜ਼ਖਮੀ ਹੋਇ ਸਿਖਾਂ ਨੂੰ ਭੀ ਇਸ ਰਾਤ ਪਾਰ ਬੁਲਾਇਆ ਅਗਲੇ ਦਿਨ ਸਾਨੂੰ ਇਕ ਚੁਬਾਰੇ ਵਿਚ ਲੈ ਗਏ। ਅਸੀਂ ਅਖਾਂ ਨਾਲ ਵੇਖਿਆ ਕਿ ਸਿਖਾਂ ਨੂੰ ਮਾਰਨ ਵਾਲੇ ਤਾਂ ਚੰਗੇ ਤੋਂ ਚੰਗਾ ਖਾ ਰਹੇ ਸਨ ਤੇ ਸ਼ਰਾਬਾਂ ਪੀ ਰਹੇ ਸਨ ਪਰੰਤੂ ਇਕ ਸਿਖ ਰਿਆਸਤ ਵਿਚ ਜਿਸ ਨੂੰ ਸਾਡੇ ਬਜ਼ੁਰਗਾਂ ਨੇ ਬੇਅੰਤ ਕੁਰਬਾਨੀਆਂ ਦੇ ਕੇ ਕਾਇਮ ਕੀਤਾ ਸੀ ਧਰਮੀ ਸਿਖਾਂ ਦੀਆਂ ਲੋਥਾ ਕਾਵਾਂ ਕੁਤਿਆਂ ਦੇ ਖਾਣ ਲਈ ਸੁਟੀਆਂ ਪਈਆਂ ਸਨ। ਜਿਨ੍ਹਾਂ ਸਿੰਘਾ ਨੇ ਇਹ ਭਿਆਨਕ ਦ੍ਰਿਸ਼ਯ ਆਪਣੀਆਂ ਅਖਾਂ ਨਾਲ ਵੇਖਿਆ ਹੈ ਉਹੀ ਇਹ ਅਨਭਵ ਕਰ ਸਕਦੇ ਹਨ ਕਿ ਗੁਲਾਮੀ ਕਿਤਨੀ ਬੁਰੀ ਚੀਜ਼ ਹੁੰਦੀ ਹੈ। ਆਪਣੇ ਘਰ ਵਿਚ ਹੀ ਸਾਨੂੰ ਆਪਣੀ ਮਰਜ਼ੀ ਨਾਲ ਧਾਰਮਕ ਰਸਮਾਂ ਅਦਾ ਨਾ ਕਰਨ ਦੇਣ ਵਿਰੋਧ ਰੋਸ ਪ੍ਰਗਟ ਕਰਨ ਬਦਲੇ ਇਹ ਖੂਨੀ ਸਾਕਾ ਹੋਇਆ।

ਮਾਤਾ ਕਿਸ਼ਨ ਕੌਰ ਜੀ ਦਾ ਉਪ੍ਰੋਕਤ ਬਿਆਨ ਪ੍ਰਗਟ ਕਰਦਾ ਹੈ ਕਿ ਗੁਰਦੁਆਰਾ ਗੰਗ ਸਰ ਜੈਤੋ ਨੂੰ ਜਾਣ ਵਾਲੇ ਜਥੇ ਪਰ ਕਿਸ ਪ੍ਰਕਾਰ ਗੋਲੀਆਂ ਦੀ ਵਰਖਾ ਕੀਤੀ ਗਈ ਅਤੇ ਜ਼ਾਲਮਾ ਨੇ ਕਿਹੋ ਜਿਹੇ ਖਤਰਨਾਕ ਮਨਸੂਬੇ ਬੰਨ ਰਖੇ ਸਨ। ਮੁਕਦਮੇ ਦੀ ਸਾਧਾਰਨ ਸੁਣਾਈ ਕਰਨ ਪਿਛੋਂ ਮਾਤਾ ਜੀ ਨੂੰ ਤਿੰਨ ਮਹੀਨੇ ਦੀ ਕੈਦ ਸੁਣਾ ਦਿਤੀ ਗਈ। ਨਾਭਾ ਜੇਹਲ ਵਿਚ ਮਾਤਾ ਕਿਸ਼ਨ ਕੌਰ ਨੇ ਬੜੀ ਬਹਾਦਰੀ ਨਾਲ ਸਮਾਂ ਲੰਘਾਇਆ। ਸਾਰੇ ਸਿੰਘ ਮਾਤਾ ਜੀ ਦਾ ਬਹੁਤ ਆਦਰ ਕਰਨ ਲਗ ਪਏ ਤੇ ਆਪ ਨੂੰ ਜ਼ਿੰਦਾ ਸ਼ਹੀਦ ਸਮਝਕੇ ਆਪਦਾ ਹਰ ਇਕ ਹੁਕਮ ਸਿਰ ਮਥੇ ਪਰ ਮੰਨਦੇ। ਇਸ

Digitized by Panjab Digital Library | www.panjabdigilib.org

ਸਮੇਂ ਜੇਹਲ ਵਿਚ ਕਈ ਸਿਘ ਸਜਾ ਭੁਗਤ ਰਹੇ ਸਨ ਜੋ ਮਾਤਾ ਕਿਸ਼ਨ ਕੌਰ ਦੀ ਬਹਾਦਰੀ ਦੀਆਂ ਬਾਹਰ ਆਕੇ ਵਚਿਤ੍ਰ ਕਹਾਣੀਆਂ ਸੁਣਾਇਆ ਕਰਦੇ ਸਨ। ਗਿਆਨੀ ਸਰਦਾਰ ਸਿੰਘ ਜੀ ਯੂਥਪ ਭੀ ਇਸ ਸਮੇਂ ਮਾਤਾ ਜੀ ਦੇ ਨਾਲ ਸਨ ਅਤੇ ਉਨ੍ਹਾਂ ਦੀ ਹਾਲਤ ਬੀਮਾਰੀ ਦੇ ਕਾਰਣ ਬਹੁਤ ਖਰਾਬ ਸੀ।

ਜਿਸ ਸਮੇਂ ਮਾਤਾ ਜੀ ਜੇਹਲ ਵਿਚੋਂ ਰਿਹਾ ਹੋਕੇ ਆਏ ਤਾਂ ਆਪ ਦਾ ਸ੍ਰੀ ਅੰਮ੍ਰਿਤਸਰ ਵਿਚ ਸ਼ਾਨਦਾਰ ਸਵਾਗਤ ਕੀਤਾ ਗਿਆ। ਵਡੇ ਵਡੇ ਅਕਾਲੀ ਲੀਡਰਾਂ ਨੇ ਆਪ ਨੂੰ ਸ਼ਰਧਾਜਲੀ ਪੇਸ਼ ਕੀਤੀ। ਸ੍ਰੀ ਮਾਨ ਗਿਆਨੀ ਸ਼ੇਰ ਸਿੰਘ ਜੀ ਨੇ ਫਰਮਾਇਆ ਸੀ "ਜਦੋ ਕਦੇ ਭੀ ਸਮਾਂ ਆਇਆ ਸਿਖ ਬੀਬੀਆਂ ਕੁਰਬਾਨੀਆਂ ਕਰਨ ਵਿਚ ਮਨੁਖਾ ਤੋਂ ਪਿਛੇ ਨਹੀਂ ਰਹੀਆਂ" ਬਾਬਾ ਖੜਕ ਸਿੰਘ, ਮਾ: ਤਾਰਾ ਸਿੰਘ ਸ: ਗੋਪਾਲ ਸਿੰਘ ਕੌਮੀ ਅਤੇ ਡਾ: ਕਿਚਲੂ ਜੈਸੇ ਪੰਜਾਬ ਦੇ ਪ੍ਰਸਿਧ ਲੀਡਰਾ ਨੇ ਮਾਈ ਜੀ ਦੀਆਂ ਕੁਰਬਾਨੀਆਂ ਦੀ ਰੱਜਕੇ ਪ੍ਰਸੰਸਾ ਕੀਤੀ। ਸ੍ਰੀ ਅਕਾਲ ਤਖਤ ਵਲੋਂ ਮਾਤਾ ਜੀ ਨੂੰ ਸਿਰੋਪਾਉ ਦਿਤਾ ਗਿਆ ਜੋ ਸਿਖਾਂ ਵਿਚ ਸਭ ਤੋਂ ਵਡਾ ਸਤਿਕਾਰ ਹੈ। ਮਾਤਾ ਜੀ ਨੇ ਆਪਣੀ ਤਕਰੀਰ ਵਿਚ ਪੰਥਕ ਆਗੂਆਂ ਤੇ ਲੀਡਰਾਂ ਦਾ ਧੰਨਵਾਦ ਕੀਤਾ ਅਤੇ ਇਹ ਗਲ ਪੂਰਨ ਭਰੋਸੇ ਨਾਲ ਪ੍ਰਗਟ ਕੀਤੀ ਕਿ ਜਿਸ ਵੇਲੇ ਜਥੇ ਪਰ ਗੋਲੀਆਂ ਵਰ੍ਹ ਰਹੀਆਂ ਸਨ ਉਸ ਸਮੇਂ ਗੁਰੂ ਕਲਗੀਧਰ ਦਾ ਬਾਜ ਜਥੇ ਪਰ ਉਡਾਰੀ ਮਾਰ ਰਿਹਾ ਸੀ। ਬਹੁਤ ਸਾਰੇ ਸਿੰਘਾਂ ਨੇ ਇਹ ਅਸਚਰਜ ਨਜ਼ਾਰਾ ਵੇਖਿਆ ਤੇ ਬਾਜ਼ ਆਉਣ ਦੀ ਇਸ ਕਥਾ ਨੇ ਪੰਥ ਵਿਚ ਪੰਥਕ ਜੋਸ਼ ਦੀ ਇਕ ਨਵੀ ਲਹਿਰ ਪੈਦਾ ਕਰ ਦਿੱਤੀ ਸ੍ਰੀ ਅੰਮ੍ਰਿਤਸਰ ਤੋਂ ਉਪਰੰਤ ਜਦ ਮਾਤਾ ਕਿਸ਼ਨ ਕੌਰ ਜੀ ਆਪਣੇ ਪਿੰਡ ਵਿਚ ਵਾਪਸ ਆਏ ਤਾਂ ਜਗਰਾਉ ਤੇ ਕਾਉਂਕੇ ਆਦਿ ਥਾਵਾਂ ਤੇ ਆਪ ਦਾ ਹੋਰ ਭੀ ਸ਼ਾਨਦਾਰ ਸਵਾਗਤ ਕੀਤਾ ਗਿਆ।

ਨਾਭਾ ਜੇਹਲ ਵਿਚ ਮਾਤਾ ਜੀ ਪਰ ਹੋਰ ਮੁਕਦਮੇ ਚਲਾ ਕੇ ਸਜ਼ਾ ਵਧਾ ਦਿਤੀ ਗਈ ਸੀ। ਆਪ ਪੂਰੇ ਚਾਰ ਸਾਲ ਸਜ਼ਾ ਕਟ ਕੇ ਰਿਹਾ ਹੋਇ। ਮਾਲਵੇ ਵਿਚ ਮਾਤਾ ਜੀ ਨੂੰ ਸਵਾਗਤ ਕਰਨ ਤੋਂ ਇਲਾਵਾ ਥੈਲੀਆਂ ਭੀ ਭੇਂਟ ਕੀਤੀਆਂ ਗਈਆਂ ਅਤੇ ਬਹੁਤ ਸਾਰੇ ਮਾਨ ਪੱਤ੍ਰ ਵਿਚੋਂ ਹੇਠ ਲਿਖੀਆਂ ਚੰਦ ਸਤਰਾਂ ਪੇਸ਼ ਕਰਦੇ ਹਾਂ :–

ਪ੍ਰਮ ਸਤਕਾਰ ਯੋਗ ਮਾਤਾ ਜੀਉ। ਅਸੀਂ ਵਾਹਿਗੁਰੂ ਅਕਾਲ ਪੁਰਖ ਦਾ ਕੋਟਾਨ ਕੋਟ ਧੰਨਵਾਦ ਕਰਦੇ ਹਾਂ ਜਿਸ ਦੀ ਕ੍ਰਿਪਾ ਨਾਲ ਆਪ ਚਾਰ ਸਾਲ ਜੇਹਲ ਦੇ ਕਠਨ ਤਸੀਹੇ ਝਲਕੇ ਅੱਜ ਸਾਨੂੰ ਦਰਸ਼ਨ ਦੇ ਰਹੇ ਹੋ। ਆਪ ਜੀ ਦੀ ਸਿੰਘ ਸਭਾ ਲਹਿਰ ਦੇ ਸਮੇਂ ਤੋਂ ਆਰੰਭ ਹੋਈ ਪੰਥਕ ਸੇਵਾ ਇਤਨੀ ਸ਼ਾਨਦਾਸ ਹੈ ਜੋ ਆਪਣੀ ਮਿਸਾਲ ਆਪ ਹੈ। ਪਰ ਅਕਾਲੀ ਲਹਿਰ ਵਿਚ ਗੁ: ਬਾਬੇ ਦੀ ਬੇਰ, ਸ੍ਰੀ ਨਨਕਾਣਾ ਸਾਹਿਬ, ਤਰਨ ਤਾਰਨ, ਸ੍ਰੀ ਅੰਮ੍ਰਿਤਸਰ ਸਾਹਿਬ, ਗੁਰੂ ਕਾ ਬਾਗ, ਸ੍ਰੀ ਮੁਕਤਸਰ ਸਾਹਿਬ ਭਾਈ ਫੇਰੂ, ਗੁਰਦਵਾਰਾ ਗੰਗਸਰ ਜੈਤੋ ਵਿਚ ਆਪ ਨੇ ਜੋ ਜੋ ਕਠਣ ਘਾਲਣਾਂ ਘਾਲੀਆਂ ਹਨ ਉਨ੍ਹਾਂ ਨੇ ਪਹਿਲੀ ਸੇਵਾ ਪਰ ਸੋਨੇ ਤੇ ਸੁਹਾਗੇ ਜਿੰਨਾ ਅਸਰ ਕੀਤਾ ਹੈ। ਇਸ ਵੀਹਵੀਂ ਸਦੀ ਵਿਚ ਧਰਮ ਤੇ ਦੇਸ਼ ਦੀ ਖ਼ਾਤਰ ਅਨੇਕਾਂ ਮਾਈਆਂ ਸੇਵਾ ਦੇ ਮੈਦਾਨ ਵਿਚ ਨਿਤਰੀਆਂ ਪਰ ਜੋ ਨਿਰਭੈਤਾ ਤੇ ਬਹਾਦਰੀ ਆਪ ਨੇ ਜੈਤੋ ਦੇ ਮੋਰਚੇ ਵਿਚ ਵਿਖਾਈ ਉਸ ਦੀ ਮਿਸਾਲ ਕਿਤੇ ਨਹੀਂ ਮਿਲਦੀ। ਹਿੰਦੋਸਤਾਨ ਦਾ ਬਚਾ ਬਚਾ ਰਹਿੰਦੀ ਦੁਨੀਆਂ ਤਕ ਉਸ ਕਾਰਨਾਮੇ ਪਰ ਮਾਣ ਕਰਿਆ ਕਰੇਗਾ ਜੋ ਆਪ ਨੇ ਜੈਤੋ ਦਾ ਹਾਲ ਭੇਸ ਬਦਲ ਕੇ

Digitized by Panjab Digital Library | www.panjabdigilib.org

ਲਿਆਕੇ ਸਿੰਘਾਂ ਨੂੰ ਦਸਿਆ। ਫਿਰ ਆਪ ਨੇ ਵਰ੍ਹਦੀਆਂ ਗੋਲੀਆਂ ਵਿਚ ਅਗੇ ਹੀ ਅਗੇ ਜਾ ਕੇ ਸਿੰਘਾਂ ਦਾ ਹੌਸਲਾ ਵਧਾਇਅ ਅਤੇ ਜ਼ਖਮੀਆਂ ਦੀ ਸੇਵਾ ਕੀਤੀ। ਗੁਰਦਵਾਰਾ ਟਿਬੀ ਸਾਹਿਬ ਦੇ ਬੁਰਜ ਤੋਂ ਲਲਕਾਰਾ ਦਿਤਾ ਕਿ ਗੁਰੂ ਗੋਬਿੰਦ ਸਿੰਘ ਦੇ ਬਹਾਦਰ ਸਪੁਤ੍ਰੋ ਅਗੇ ਵਧੋ ਸ਼ਹੀਦੀਆਂ ਪ੍ਰਾਪਤ ਕਰਨ ਦਾ ਇਹੋ ਸਮਾਂ ਹੈ। ਉਪ੍ਰੰਤ ਆਪ ਨੇ ਗ੍ਰਿਫਤਾਰੀ ਤੇ ਜੇਹਲ ਦੀਆਂ ਸਾਰੀਆਂ ਮੁਸੀਬਤਾਂ ਬੜੀ ਦ੍ਰਿੜਤਾ ਤੇ ਧੀਰਜ ਨਾਲ ਭਾਣੇ ਨੂੰ ਮਿੱਠਾ ਕਰ ਕੇ ਝਲੀਆਂ। ਕੇਵਲ ਆਪ ਦੀ ਇਸ ਬਹਾਦਰੀ ਤੇ ਸਚਾਈ ਦੀ ਖਾਤਰ ਨਾਭੇ ਦੀ ਹਕੂਮਤ ਨੇ ਆਪ ਨੂੰ ਇਹ ਸਖਤ ਸਜ਼ਾ ਦਿਤੀ।

ਇਸ ਸਭਯਤਾ ਦੇ ਸਮੇਂ ਵਿਚ ਨਾਭਾ ਹਕੂਮਤ ਵਲੋਂ ਇਕ ੬੮ ਸਾਲ ਦੀ ਬਿਰਧ ਤੇ ਨਿਰਅਪ੍ਰਾਧ ਮਾਈ ਨੂੰ ਸਾਢੇ ਚਾਰ ਸਾਲ ਜੇਹਲ ਵਿਚ ਰਖਕੇ ਕਈ ਪ੍ਰਕਾਰ ਦੇ ਕਸ਼ਟ ਤੇ ਤਸੀਹੇ ਦੇਣੇ ਉਸ ਹਕੂਮਤ ਤੇ ਉਸ ਦੀ ਜ਼ੁਮੇਵਾਰ ਹਿੰਦ ਸਰਕਾਰ ਦੇ ਮਥੇ ਪਰ ਕਦੇ ਨਾ ਮਿਟਣ ਵਾਲਾ ਕਲੰਕ ਹੈ। ਆਪ ਨੇ ਜੋ ਕੁਰਬਾਨੀ ਕੀਤੀ ਹੈ ਉਸ ਪਰ ਸਿਖ ਪੰਥ ਹੀ ਨਹੀਂ ਸਾਰਾ ਹਿੰਦੋਸਤਾਨ ਮਾਣ ਕਰੇ ਗਾ ਕਿ ਇਕ ਬਿਰਧ ਮਾਤਾ ਨੇ ਐਸੇ ਪੂਰਨੇ ਪਾਏ ਜੋ ਇਸਤ੍ਰੀ ਜਾਤੀ ਦੀ ਪਦਵੀ ਨੂੰ ਉਚਿਆ ਕਰਨ ਵਾਲੇ ਹਨ।

ਅਸੀਂ ਆਪ ਜੀ ਦੀ ਬਹਾਦਰੀ, ਕੁਰਬਾਨੀ, ਤੇ ਨਿਰਭੈਤਾ ਦੀ ਪ੍ਰਸੰਸਾ ਕਰਦੇ ਹੋਇ ਜੀਓ ਆਇਆ ਆਖਦੇ ਹਾਂ ਅਤੇ ਵਾਹਿਗੁਰੂ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ ਆਪ ਦੀ ਇਹ ਪੰਥਕ ਸੇਵਾ ਸਿੱਖ ਬੀਬੀਆਂ ਲਈ ਸਿਖਿਆ ਦਾਇਕ ਨਮੂਨਾ ਹੋਵੇ ਅਤੇ ਆਪ ਦਾ ਸਿਖੀ ਸਿਦਕ ਤੇ ਭਰੋਸਾ ਕੇਸਾਂ ਸਵਾਸਾਂ ਸੰਗ ਨਿਭੇ। ਇਸੇ ਤਰ੍ਹਾਂ ਹੋਰ ਅਨੇਕਾਂ ਥਾਵਾਂ ਪਰ ਸਿੱਖ ਸੰਗਤਾਂ ਨੇ ਮਾਤਾ ਕਿਸ਼ਨ ਕੌਰ ਨੂੰ ਸਨਮਾਨ ਪੱਤ੍ਰ ਪੇਸ਼ ਕੀਤੇ ਅਤੇ ਸਾਰੇ ਪੰਥ ਵਿਚ ਆਪ ਦਾ ਨਾਮ ਰੌਸ਼ਨ ਹੋ ਗਿਆ।

ਇਸ ਤੋਂ ਉਪ੍ਰੰਤ ਮਾਤਾ ਜੀ ਦੀ ਅਵਸਥਾ ਜ਼ਿਆਦਾ ਹੋ ਚੁਕੀ ਸੀ ਇਸ ਕਰ ਕੇ ਆਪ ਨੇ ਆਪਣੇ ਨਗਰ ਕਾਉਂਕੇ ਵਿਚ ਰਹਿ ਕੇ ਭਜਨ ਸਿਮਰਨ ਤੇ ਸਾਧ ਸੰਗਤ ਦੀ ਸੇਵਾ ਕਰਦਿਆਂ ਹੋਇਆ ਜੀਵਨ ਬਤੀਤ ਕੀਤਾ। ਅਤਿ ਬਿਰਧ ਅਵਸਥਾ ਵਿਚ ਆਪ ਪਾਸੋਂ ਕੋਈ ਕੰਮ ਕਾਰ ਨਹੀਂ ਹੋ ਸਕਦਾ ਸੀ ਤੇ ਮਾਤਾ ਜੀ ਦੀ ਕੋਈ ਸੰਤਾਨ ਭੀ ਨਹੀਂ ਸੀ ਇਸ ਕਰ ਕੇ ਸ਼ਰੋਮਣੀ ਕਮੇਟੀ ਨੇ ਮਾਤਾ ਜੀ ਦੀ ਪੰਦਰਾ ਰੁਪੈ ਮਹੀਨਾ ਜੀਵਨ ਪ੍ਰਯੰਤ ਪੈਨਸ਼ਨ ਨੀਯਤ ਕਰ ਦਿਤੀ ਜੋ ਆਪ ਜੀ ਨੂੰ ਮਿਲਦੀ ਰਹੀ। ਇਸ ਪੈਨਸ਼ਨ ਵਿਚੋਂ ਬਚਤ ਕਰ ਕੇ ਮਾਤਾ ਜੀ ਨੇ ਇਕ ਛੋਟੀ ਜਿਹੀ ਰਕਮ ਜਮਾ ਕਰ ਲਈ ਜਿਸ ਨਾਲ ਆਪਣਾ ਹਰੀਮਾਂ ਜੀਊਂਦੇ ਜੀ ਕਰ ਦਿਤਾ ਅਤੇ ਦੋ ਸ੍ਰੀ ਅਖੰਡ ਪਾਠ ਕਰਾਏ। ਇਸ ਸਮੇਂ ਸੰਗਤਾਂ ਇਕੱਤ੍ਰ ਹੋਈਆਂ।

## ਬੀਬੀ ਮਾਨ ਕੌਰ (ਰਾਮੇਆਣਾ)

ਸ੍ਰੀ ਮਤੀ ਬੀਬੀ ਮਾਨ ਕੌਰ ਪਿਤਾ ਬਿਰਆਮ ਸਿੰਘ ਦੇ ਘਰ ਮਾਤਾ ਹੁਕਮ ਕੌਰ ਦੀ ਸੁਭਾਗੀ ਕੁਖੋਂ ਜਨਮ ਪਿੰਡ ਰਾਮੇਆਣਾ ਰਿਆਸਤ ਫਰੀਦ ਕੋਟ ਵਿਖੇ ਹੋਇਆ। ਬੀਬੀ ਬਾਲ ਖੇਡਾ ਖੇਡਦੀ ਨੇ ਜਦ ਕੁਝ ਸੁਰਤ ਸੰਮਲੀ ਤਾ ਆਪ ਦੀਆਂ ਰੁਚੀਆਂ ਚਾਹੇ ਗੁਰਦੁਆਰੇ ਸਾਹਿਬ ਜਾਕੇ ਸੇਵਾ ਕਰਨ ਵਲ ਲਗੀ ਹੋਈ ਸੀ ਪਰ ਮਾਤਾ ਪਿਤਾ ਨੇ ਆਪ ਦਾ ਫਰਜ਼ ਸਮਝ ਕੇ ਬੀਬੀ ਜੀ ਦੀ ਸ਼ਾਦੀ ਕਰ ਦਿਤੀ

Digitized by Panjab Digital Library | www.panjabdigilib.org

ਅਤੇ ਬੀਬੀ ਸ਼ਾਦੀ ਤੋਂ ਬਾਦ ਸੋਹਰੇ ਘਰ ਨਹੀ ਗਏ ਅਰ ਗੁਰਦੁਵਾਰੇ* ਸਾਹਿਬ ਜੀ ਦੀ ਸੇਵਾ ਵਿਖੇ ਤਤ ਪਰ ਹੋਕੇ ਡੱਟ ਗਏ। ਜਦ ਨੂੰ ਗੁ: ਗੰਗਸਰ ਜੈਤੋਂ ਅਖੰਡ ਪਾਠ ਨਾਭਾ ਸਰਕਾਰ ਦੇ ਖੰਡਤ ਕਰਨ ਤੇ ਸ਼੍ਰੋ: ਗੁਃ ਪ੍ਰਬੰਦਕ ਕਮੇਟੀ ਅੰਮ੍ਰਿਤਸਰ ਵਲੋਂ ੨੫ ਸਿੰਘਾ ਦਾ ਅਖੰਡ ਪਾਠ ਕਰਨ ਵਾਸਤੇ ਭੇਜਿਆ ਜੋ ਨਾਭਾ ਸਰਕਾਰ ਵਲੋਂ ਜੈਤੋਂ ਪੁਜ ਦਾ ਹੀ ਗ੍ਰਿਫਤਾਰ ਕਰ ਲਿਆ ਗਿਆ ਇਸ ਵਾਸਤੇ ਰੋਜ਼ਾਨਾ ੨੫ ੨੫ ਸਿੰਘਾਂ ਦੇ ਜਥੇ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਅਰਦਾਸ ਕਰਕੇ ਅਤੇ ਸ੍ਰੋਮਣੀ ਕਮੇਟੀ ਦੇ ਨੀਯਤ ਕੀਤੇ ਹੋਏ ਰਸਤੇ ਜਥਾ ਜੈਤੋਂ ਪੁਜਦਾ ਤੇ ਰਸਤਾ ਰਾਮੇਆਣੇ ਦੇ ਪਾਸੇ ਦੀ ਜਾਂਦਾ ਸੀ ਜਿਸ ਕਰਕੇ ਬੀਬੀ ਜੀ ਨੇ ਪਿੰਡ ਦੇ ਸਾਰੇ ਲੋਕਾਂ ਨੂੰ ਕਿਹਾ ਕਿ ਆਪਾਂ ਜਥੇ ਵਾਲੇ ਸਿੰਘਾ ਦੀ ਲੰਗਰ ਜਲ ਪਾਣੀ ਨਾਲ ਸੇਵਾ ਕਰੀਏ। ਜੋ ਸਰਕਾਰ ਤੋਂ ਡਰਦੇ ਹੋਏ ਸੇਵਾ ਕਰਨ ਤੋਂ ਨਮੁਕਰ ਹੋ ਗਏ ਤਾਂ ਹੁਣ ਬੀਬੀ ਜੀ ਕਲੇ ਹੀ ਪਿੰਡ ਵਿਚੋਂ ਪ੍ਰਸਾਦੇ ਇਕਠੇ ਕਰਕੇ ਜਥੇ ਨੂੰ ਰੋਟੀ ਛਕਾਇਆ ਕਰਦੇ ਇਸ ਤਰ੍ਹਾਂ ਲਗਾਤਾਰ ਮੋਰਚੇ ਦੇ ਅਖੀਰ ਤਕ ਇਹ ਸੇਵਾ ਕਰਦੇ ਰਹੇ। ਔਰ ਬੀਬੀ ਜੀ ਨੇ ਪੰਥ ਦੀ ਜਿਤ ਵਾਸਤੇ ੧੨੫ ਅਖੰਡ ਪਾਠ ਗੁਰਦੁਆਰਾ ਸਾਹਿਬ ਜੀ ਵਿਖੇ ਕਰਾਇਆ। ਜਦ ੫੦੦ ਸੌ ਜਥਾ ਨੰਬਰ ੧ ਸ੍ਰੀ ਅੰਮ੍ਰਿਤ ਸਰ ਜੀ ਤੋਂ ਚਲਦਾ ਚਲਦਾ ਜਦ ਮਾਲਵੇ ਵਿਚ ਆਇਆ ਤਾਂ ਬੀਬੀ ਮਾਨ ਕੌਰ ਭੀ ਜਥੇ ਦੇ ਦਰਸ਼ਨਾਂ ਨੂੰ ਗਏ ਤਾਂ ਅਗੇ ਮਾਤਾ ਕਿਸ਼ਨ ਕੌਰ ਜੀ ਨੂੰ ਮਿਲੇ ਤਾਂ ਬੀਬੀ ਨੇ ਦਸਿਆ ਕਿ ਮੇਰਾ ਪਿੰਡ ਜੈਤੋ ਦੇ ਲਾਗ ਹੀ ਹੈ। ਇਸ ਵਾਸਤੇ ਮੈਨੂੰ ਜੈਤੋਂ ਜੋ ਸਾਰੇ ਰਸਤੇ ਤੇ ਜੋ ਕਰਮ ਚਾਰੀਆਂ ਵਲੋਂ ਨਿਹਥੇ ਤੇ ਸ਼ਾਂਤ ਮਈ ਵੀਰਾਂ ਵਾਸਤੇ ਪ੍ਰੋਗਰਾਮ ਬਣਾਇਆ ਹੈ ਉਹ ਬੜਾ ਹੀ ਖਤਰਨਾਕ ਹੈ। ਜੇ ਆਪ ਮੇਰੇ ਨਾਲ ਚਲੋ ਤਾਂ ਅਖੀ ਦੇਖਕੇ ਮੁੜ ਜਥੇਦਾਰ ਸਾਹਿਬ ਜੀ ਨੂੰ ਆ ਦਸੀਏ ਅਗੇ ਜਿਵੇਂ ਗੁਰੂ ਜੀ ਨੂੰ ਭਾਵੇ ਹੁਣ ਮਾਤਾ ਜੀ ਤੇ ਬੀਬੀ ਜੀ ਜੈਤੋ ਬਨਾਣੀਆਂ ਬਣਕੇ ਆਈਆਂ ਤਾਂ ਸਾਰਾ ਹਾਲ ਸਮਾਚਾਰ ਮਾਲੂਮ ਕਰਕੇ ਮੁੜ ਜਥੇਦਾਰ ਸਾਹਿਬ ਤੇ ਪ੍ਰਬੰਧਕਾਂ ਨੂੰ ਆ ਦਸਿਆ, ਜਿਸ ਕਰਕੇ ਜਥਾ ਟਿਬੀ ਸਾਹਿਬ ਅਸਾਨੀ ਨਾਲ ਜਾ ਰਿਹਾ। ਇਹ ਬੀਬੀ ਮਾਨਕੌਰ ਜੀ ਦੀ ਅਖੀਰਲੀ ਸੇਵਾ ਜਿਸ ਕੌਮ ਦੀਆਂ ਮਾਈਆਂ ਬੀਬੀਆਂ ਘਰ ਦੇ ਕੰਮਾਂ ਕਾਜਾਂ ਤੋਂ ਇਲਾਵਾ ਜੰਗੇ ਮੈਦਾਨ ਤੇ ਸਿਆਸਤ ਵਿਚ ਅਗਾ ਵਧੂ ਹੋਣ ਉਸ ਕੌਮ ਨੂੰ ਕੋਈ ਨਹੀਂ ਮਾਰਨ ਵਾਲਾ ਜੇ ਉਸਦੇ ਆਗੂ (ਲੀਡਰ) ਨਾ ਮਾਰਨ†।

---

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸਿੱਖ ਜੋ ਡੇਲੇ ਤੋੜਕੇ ਝੋਲੀ ਭਰੀ ਫਿਰਦਾ ਸੀ ਤਾਂ ਹਜ਼ੂਰ ਨੇ ਫਰਮਾਇਆ ਕਿ ਸਿੱਖਾ ਡੇਲੇ ਡੋਲ ਦੇ ਤਾਂ ਸਿਖ ਨੇ ਤਿੰਨ ਦਫਾ ਗੁਰੂ ਜੀ ਦੇ ਕਹਿਣ ਤੇ ਭੀ ਚੌਥਾ ਹਿਸਾ ਰਖ ਲਏ। ਤਦ ਸ੍ਰੀ ਹਜ਼ੂਰ ਨੇ ਬਚਨ ਕੀਤਾ। ਅਛਾ ਸਿਖਾ ਅਸੀ ਮਾਲਵੇ ਦਾ ਕਾਲ ਕਢਣਾ ਸੀ ਤੇ ਡੇਲੇ ਚੌਥਾ ਹਿਸਾ ਰਖ ਲਏ ਹਨ। ਸੋ ਹੁਣ ਕੁਝ ਸਮਾਂ ਪਾਕੇ ਕਾਲ ਨਿਕਲੇਗਾ। ਉਸ ਜਗਾ ਸ੍ਰੀ ਗੁਰੂ ਜੀ ਦੀ ਯਾਦ ਵਿਚ ਗੁ: ਸਾ: ਬਣਿਆ ਹੋਇਆ ਹੈ ਜਿਸ ਦੀ ਸੇਵਾ ਸੰਤ ਸੁੰਦਰ ਸਿੰਘ ਵਰਕਤ ਨੇ ਕਰਾਈ ਹੈ।

†ਜੈਸੇ ਧਿਆਨ ਸਿੰਘ ਡੋਗਰੇ ਆਦਿ।

Digitized by Panjab Digital Library | www.panjabdigilib.org

# ਇਕ ਬੀਬੀ ਦੀ ਸਮੇਤ ਪੁਤ੍ਰ ਦੇ ਕੁਰਬਾਨੀ

ਜਥੇ ਨਾਲ ਆ ਰਹੀ ਸੰਗਤ ਵਿਚ ਸ਼ੇਰ ਦਿਲ ਸਿੰਘਣੀਆਂ ਭੀ ਸ਼ਾਮਲ ਸਨ। ਇਹਨਾਂ ਵਿਚੋਂ ਇਕ ਬੀਬੀ* ਜਿਸ ਕੋਲ ਆਪਣੇ ਜਿਗਰ ਦਾ ਕੋਮਲ ਫੁਲ ਦੁਧ ਚੁੰਘਦਾ ਜਿਗਰ ਦਾ ਟੁਕੜਾ ਬਾਲ ਸੀ। ਵਰ੍ਹਦੀਆਂ ਗੋਲੀਆਂ ਵਿਚ ਅਗੇ ਅਗੇ ਹੌਸਲੇ ਨਾਲ ਜਾ ਰਹੀ ਸੀ। ਜੋ ਗੋਲੀਆਂ ਦੀ ਵਰਖਾ ਵਿਚ ਸੂਰਮੇ ਸਿੰਘ ਸ਼ਹੀਦੀਆਂ ਪ੍ਰਾਪਤ ਕਰ ਰਹੇ ਸਨ ਉਥੇ ਇਸ ਬੀਬੀ ਦੇ ਕੁਛੜ ਚੁਕੇ ਫੁਲਾਂ ਨਾਲੋਂ ਕੋਮਲ, ਸ਼ੀਰਖੋਰ ਬਚੇ ਦੇ ਪਥਰ ਭਨ ਗੋਲੀ ਹਿਸੇ ਆਈ ਤੇ ਉਹ ਭੀ ਆਪਣਾ ਸਿਰਫ ਦੁਧ ਤੋਂ ਬਣਿਆ ਨਿਰਵੈਰ ਨਰਦੋਸ, ਮਾਸੂਮ ਖ਼ੂਨ ਜ਼ਾਲਮ ਰਾਜ ਦੀਆਂ ਜੜ੍ਹਾਂ ਵਿਚ ਪਾ ਕੇ ਸਦਾ ਲਈ ਸੌਂ ਗਿਆ।

ਹੁਣ ਮਾਸੂਮ ਲਾਡਲੇ ਤੇ ਅਲ੍ਹੜ ਬਚੇ ਦੀ ਭੇਟ ਦੇ ਕੇ ਸ਼ੇਰ ਦਿਲ ਬੀਬੀ ਦੇ ਨੇਤ੍ਰਾਂ ਵਿਚੋਂ ਦੋ "ਸ਼ੁਕਰ ਦੇ ਹੰਝੂ ਵਹੇ ਤੇ ਅਖੀਆਂ ਖੁਸ਼ਕ ਹੋ ਗਈਆਂ" ਆਪਣੇ ਪਿਆਰੇ ਪੁਤਰ ਨੂੰ ਗੰਗ ਸਰ ਦੀ ਪਵਿਤ੍ਰ ਧਰਤੀ ਉਤੇ ਸ਼ੁਕਰ ਸ਼ੁਕਰ ਦੀ ਲੋਰੀ ਦੇ ਕੇ ਪਾ ਕੇ ਸਦਾ ਦੀ ਨੀਂਦਰ ਸੁਆ ਕੇ ਬੀਬੀ ਨੇ ਅਰਦਾਸ ਕੀਤੀ "ਹੇ ਸ਼ਹੀਦੀ ਵਾਟੇ ਦੇਣ ਵਾਲੇ ਸ੍ਰੀ ਕਲਗੀਧਰ ਪਿਤਾ ਜੀ ਮੈਂ ਅਜ ਤੋਂ ਤੇਰੇ ਕਾਰਜ ਤੋਂ ਸੁਰਖਰੂ ਹਾਂ॥ ਤੇਰੀ ਅਮਾਨਤ ਤੈਨੂੰ ਸੌਂਪ ਰਹੀ ਹਾਂ। ਇਸ ਨੂੰ ਪਰਵਾਨ ਕਰਕੇ ਚਰਨਾਂ ਚੁ ਥਾਂ ਦੇਵੀਂ। ਅਰਦਾਸ ਕਰ ਬੀਬੀ ਆਪਣੇ ਪਿਆਰੇ ਪੁਤ੍ਰ ਦੇ ਅਖੀਰੀ ਦਰਸ਼ਨ ਪਾ ਕੇ ਪੁਤ੍ਰ ਤੋਂ ਆਗਿਆ ਲੈ ਕੇ ਜਥੇ ਦੇ ਨਾਲ ਅਗੇ ਵਧੀ ਕਿ ਮੈਂ ਆਪਣੇ ਪੁਤ੍ਰ ਤੋਂ ਪਿਛੇ ਨਾ ਰਹਿ ਜਾਵਾਂ। ਏਨੇ ਨੂੰ ਕਾੜ ਕਾੜ ਕਰਦੀ ਇਕ ਗੋਲੀ ਬੀਬੀ ਦੇ ਸੀਨਿਉ ਪਾਰ ਹੋ ਗਈ ਅਤੇ ਸ਼ੇਰ ਦਿਲ ਬੀਬੀ ਵਾਹਿਗੁਰੂ ੨ ਕਰਦੀ ਉਸੇ ਧਰਤੀ ਤੇ ਜਿਥੇ ਵੀਰ ਤੇ ਪੁਤ੍ਰ ਸਦਾ ਲਈ ਪੈ ਗਏ ਸਨ ਉਥੇ ਪੁਤ੍ਰ ਦੀ ਮਾਂ ਤੇ ਵੀਰਾਂ ਦੀ ਭੈਣ ਆਪਣੇ ਪਿਆਰੇ ਕਲਗੀ ਧਰ ਜੀ ਦੇ ਪਵਿਤ੍ਰ ਚਰਨਾਂ ਚਿ ਜਾ ਬਿਰਾਜੀ। ਸਦਾ ਲਈ ਬੇਮਿਸਾਲ ਕੁਰਬਾਨੀ ਕਾਇਮ ਕਰ ਗਈ। ਜਿਸ ਨਾਲ ਉਸ ਬਹਾਦਰ ਇਸਤ੍ਰੀ ਦੀ ਕੌਮ ਦੇ ਹਰ ਪ੍ਰਾਨੀ ਦਾ ਦਿਲ ਤੜਫ ਉਠੇ।

ਜਿਸ ਕੌਮ ਦੀਆਂ ਇਸਤ੍ਰੀਆਂ ਦੇਸ਼ ਕੌਮ ਉਤੋਂ ਹੱਸ ਹੱਸ ਕੇ ਆਪਾ ਕੁਰਬਾਨ ਤੇ ਦੁਧ ਚੁਗ ਜਿਗਰ ਦੇ ਟੋਟੇ ਨੂੰ ਆਪਣੀਆਂ ਅਖਾਂ ਦੇ ਮੋਹਰੇ ਤੇ ਹਥੀਂ ਸ਼ਹੀਦ ਕਰਾ ਕੇ ਇਉਂ ਆਖਣ ਕਿ ਅਸੀਂ ਆਪਣੇ ਸਿਰੋਂ ਇਕ ਕਾਰਜ ਅਦਾ ਕੀਤਾ ਹੈ ਕੀ ਉਹ ਕੌਮ ਕਦੇ ਢਹਿੰਦੀਆਂ ਕਲਾਂ ਵਿਚ ਜਾ ਸਕਦੀ ਹੈ। ਨਹੀਂ ਨਹੀਂ ਇਹ ਸੋਚਣ ਵਾਲੇ ਗਲਤ ਖਿਆਲੀਏ ਹਨ॥ ਜਦੋਂ ਕਿਸੇ ਦੀ ਅਖੀਰ ਆਉਂਦੀ ਹੈ ਤਾਂ ਉਹ ਐਸੇ ਅਣ ਹੋਏ ਕੰਮ (ਜ਼ੁਲਮ) ਕਰਨੇ ਅਰੰਭਦਾ ਹੈ॥ "ਜਿਸ ਨੋ ਆਪਿ ਖੁਆਇ ਕਰਤਾ ਖਸ ਲਏ ਚੰਗਿਆਈ।" ਜੋ ਉਸ ਦੀਆਂ ਜੜਾਂ ਅਖੇੜਨ ਦੇ ਸਾਧਨ ਬਣਦੇ ਹਨ। ਇਸੇ ਪ੍ਰਕਾਰ ਅਜ ਅੰਗਰੇਜ਼ੀ ਸਰਕਾਰ ਦੇ ਜ਼ੁਲਮਾਂ ਦੀ ਅਖੀਰ ਹੋ ਗਈ ਹੈ। ਮਸੂਮ ਬਚਿਆਂ ਅਤੇ ਇਸਤ੍ਰੀਆਂ ਦੇ ਖ਼ੂਨ ਨਾਲ ਹਥ ਰੰਗਣ ਵਾਲੀਆਂ ਹਕੂਮਤਾਂ ਜ਼ਿਆਦਾ ਚਿਰ ਕਾਇਮ ਨਹੀਂ ਰਹਿ ਸਕਦੀਆਂ।

---

* ਇਹ ਬੀਬੀ ਸ਼ਹੀਦੀ ਜਥੇ ਨਾਲ ਮਾਲਵੇ ਦੀ ਸ਼ੇਰ ਦਿਲ ੨੦ ਫਰਵਰੀ ਨੂੰ ਬਰਗਾੜੀ ਜਿਥੇ ਪਹਿਲੇ ਜਥੇ ਦਾ ਆਖਰੀ ਪੜਾ ਸੀ ਉਥੇ ਦਰਸ਼ਨਾਂ ਨੂੰ ਆਈ ਜਾਂ ਪਿਛੋਂ ਕਿਤੇ ਰਲੀ ਤਾਂ ਜੋ ਜਥੇ ਦੇ ਨਾਲ ਹੀ ਚਲੀ ਆਈ ਜਿਸ ਕਰਕੇ ਨਾਮ ਤੇ ਪਿੰਡ ਦਾ ਕੋਈ ਪਤਾ ਨਹੀਂ ਲਗਦਾ।

Digitized by Panjab Digital Library | www.panjabdigilib.org

# ਇਕ ਹੋਰ ਬੀਬੀ ਦੀ ਅਚੰਭੇ ਵਾਲੀ ਉਦਾਰਤਾਈ

੨੮ ਫਰਵਰੀ ੧੯੨੪* ਪੰਜ ਸੌ ਦਾ ਦੂਜਾ ਜਥਾ ਸਿਰਾਂ ਤੇ ਕਫਨ ਬੰਨ ਕੇ ਸ੍ਰੀ ਗੰਗਸਰ ਦੀ ਧਰਤੀ ਦੇ ਦਰਸ਼ਨ ਤੇ ਆਪਾ ਵਾਰਨ ਲਈ ਅਰਦਾਸ ਕਰਨ ਵਾਸਤੇ ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਹੋਇਆ ਤਾਂ ਇਕ ਬੀਬੀ ਜਿਸ ਦਾ ਸਿਰਤਾਜ ਪਤੀ ਭੀ ਆਪਣੇ ਗੁਰ ਅਸਥਾਨ ਦੀ ਅਜ਼ਾਦੀ ਲਈ ਸੀਸ ਭੇਟ ਕਰਨ ਲਈ ਜਾ ਰਿਹਾ ਸੀ। ਇਹ ਸ਼ੇਰ ਦਿਲ ਬੀਬੀ ਆਪਣੀਆਂ ਆਸਾਂ ਦੀ ਦੁਨੀਆਂ ਨੂੰ ਕੌਮ ਤੋਂ ਕੁਰਬਾਨ ਕਰਨ ਹਿਤ ਆਪਣੇ ਸਿਰ ਦੇ ਸਾਂਈ ਨੂੰ ਹਥੀ ਗਾਨੇ ਬੰਨ ਕੇ ਵਿਦਾ ਕਰਨ ਲਈ ਦੀਵਾਨ ਵਿਚ ਹਾਜ਼ਰ ਹੋਈ ਅਤੇ ਆਪਣੇ ਪਤੀ ਦੇ ਚਰਨਾਂ ਤੇ ਮਸਤਕ ਰਖ ਕੇ ਬੀਬੀ ਨੇ ਨਮਸਕਾਰ ਕੀਤੀ ਤੇ ਪਤੀ ਦੇ ਗਲ ਵਿਚ ਫੁਲਾਂ ਦਾ ਹਾਰ ਪਾ ਕੇ ਬੜੀ ਨਿਰਭੈਤਾ ਦੇ ਸ਼ਬਦਾਂ ਵਿਚ ਕਹਿਣ ਲਗੀ॥ ਆਪ ਜੀ ਹੌਸਲੇ ਨਾਲ ਜਾਣਾ ਦਿਲ ਵਿਚ ਇਓਂ ਚਾਉ ਰਖਣਾ ਜਿਵੇਂ ਮੇਰੇ ਨਾਲ ਅਨੰਦ ਲੈਣ ਵੇਲੇ ਚਾ ਨਾ ਜਾਂਦਾ ਸੀ ਅਤੇ ਹੁਣ ਮੌਤ ਲਾੜ੍ਹੀ ਨੂੰ ਵਿਹੌਣ ਵਾਸਤੇ (ਅਨੰਦ ਕਰਾਣ) ਜਾਂਦਾ ਹੈ॥ ਦਿਲ ਮਜ਼ਬੂਤ ਰਖਣਾ ਸ੍ਰੀ ਕਲਗੀਧਰ ਤੁਹਾਡੇ ਅੰਗ ਸੰਗ ਹੋ ਕੇ ਸਹਾਇਤਾ ਕਰੇਗਾ। ਬੀਬੀ ਜੀ ਦੀ ਇਹ ਸ਼ਲਾਘਾ ਯੋਗ ਕੁਰਬਾਨੀ ਤੱਕ ਕੇ ਸੰਗਤਾਂ ਦੇ ਦਿਲ ਉਛਲੇ ਤੇ ਨੇਤ੍ਰ ਫੁਹਾਰੇ ਦਾ ਕੰਮ ਕਰਨ ਲਗੇ।

ਇਸ ਸ੍ਰੀ ਦਸਮੇਸ਼ ਜੀ ਦੀ ਪਿਆਰੀ ਦੁਲਾਰੀ ਨੇ ਅਜ ਸਿਖ ਇਸਤ੍ਰੀ ਦੀ ਸਾਂਝ ਨੂੰ ਮੁੜ ਇਕ ਵਾਰ ਸੁਰਜੀਤ ਕਰ ਦਿਤਾ ਤੇ ਦਲੇਰ ਕੌਰ ਜਿਹੀਆਂ ਸ਼ੇਰ ਦਿਲ ਸਿੰਘਣੀਆਂ ਦੀ ਯਾਦ ਤਾਜ਼ਾ ਕਰ ਦਿਤੀ ਕਿਉਂ ਆਪਣੇ ਪਤੀ ਨੂੰ ਹਥੀਂ ਮੌਤ ਦੇ ਗਾਨੇ ਬੰਨ ਕੇ ਤੋਰਨ ਵਾਲੀ ਇਸ ਬੀਬੀ ਨੇ ਸਿਖੀ ਇਤਿਹਾਸ ਨੂੰ ਦੌਰਾਹ ਦਿਤਾ। ਇਸਤ੍ਰੀ ਕੌਮਾਂ ਦੀਆਂ ਸ਼ਾਹੀ ਇਮਾਰਤਾਂ ਦਾ ਉਹ ਥੰਮ ਹੈ। ਜਿਸ ਉਤੇ ਕੌਮਾਂ ਦੇ ਸ਼ਾਨਦਾਰ ਇਤਿਹਾਸਕ ਮੁਨਾਰੇ ਉਸਰਦੇ ਹਨ। ਇਸਤ੍ਰੀ ਜਾਤੀ ਵਿਚ ਆਈ ਗਿਰਾਵਟ ਕਿਸੇ ਕੌਮਾਂ ਦੀਆਂ ਢਹਿੰਦੀਆਂ ਕਲਾਂ ਦੀਆਂ ਨਿਸ਼ਾਨੀਆਂ ਹਨ॥ ਜਿਸ ਕੌਮ ਦੀਆਂ ਇਸਤ੍ਰੀਆਂ ਆਪਣੀਆਂ ਸਾਰੀਆਂ ਖੁਸ਼ੀਆਂ ਉਮੰਗਾਂ ਪਿਆਰ, ਤੇ ਸਭ ਅਮੁਲੀਆਂ ਵਸਤਾਂ ਜਿਨਾਂ ਦੇ ਇਕੱਠ ਦਾ ਨਾ ਜੀਵਨ ਹੈ ਆਪਣੇ ਦੇਸ ਕੌਮ ਤੋਂ ਕੁਰਬਾਨ ਕਰ ਦੇਣ ਜਿਸ ਤਰ੍ਹਾਂ ਕਿ ਸ੍ਰੀ ਦਸਮੇਸ਼ ਦੀ ਦੁਲਾਰੀ ਨੇ ਕੀਤਾ ਉਸ ਕੌਮੀ ਇਤਿਹਾਸਕ ਜੀਵਨ ਤੇ ਭਵਿਸ਼ ਮਹੱਤਤਾ ਭਰਪੂਰ ਹੁੰਦੇ ਹਨ। ਇਸ ਬੀਬੀ ਨੇ ਐਸਾ ਕਰ ਕੇ ਜੋ ਕੁਰਬਾਨੀ ਕੀਤੀ ਉਹ ਸਿਖ ਇਤਿਹਾਸ ਦਾ ਇਕ ਸੁਨਹਿਰੀ ਕਾਰਨਾਮਾ ਹੈ।

# ਬੀਬੀ ਹਰਨਾਮ ਕੌਰ (ਚੌਧਰੀ ਵਾਲਾ)

ਮਾਲਵਾ ਦੇਸ਼ ਮੁਢ ਤੋਂ ਹੀ ਸੂਰਬੀਰਾ ਦੀ ਜਨਮ ਭੂਮੀ ਹੈ। ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਨੇ ਸਿਖੀ ਦਾ ਪ੍ਰਚਾਰ ਕਰਕੇ ਇਸ ਨੂੰ ਸੂਰਬੀਰਤਾ ਦੀ ਐਸੀ ਪਾਣ ਚੜ੍ਹਾਈ ਕਿ ਇਸ ਦੇਸ਼ ਦੇ ਇਸਤ੍ਰੀ ਪੁਰਸ਼ ਧਰਮ ਦੀ ਖਾਤਰ ਜਾਨ ਕੁਰਬਾਨ ਕਰਨ ਲਈ ਹਰ ਸਮੇਂ ਤਤਪਰ ਰਹਿੰਦੇ ਹਨ। ਜਿਤਨੇ ਸ਼ਹੀਦ ਯੋਧੇ ਤੇ ਸੂਰਮੇ ਇਸ ਪਵਿਤ੍ਰ ਧਰਤੀ ਨੇ ਪੈਦਾ ਕੀਤੇ ਉਤਨੇ ਹੋਰ ਕਿਸੇ ਇਲਾਕੇ ਵਿਚ ਨਹੀਂ

---

* ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਇਸ ਬੀਬੀ ਦਾ ਨਾਉਂ ਤਾਂ ਕੀ ਮਿਲਣਾ ਸੀ ਸਾਨੂੰ ਤਾਂ ਸ਼ਹੀਦਾਂ ਦੇ ਨਾਉਂ ਭੀ ਸ੍ਰੋ: ਗੁ: ਪ੍ਰ: ਕਮੇਟੀ ਕੋਲੋਂ ਨਹੀਂ ਮਿਲੇ ਹਨ।

Digitized by Panjab Digital Library | www.panjabdigilib.org

ਹੋਇ । ਮੁਗਲਾ ਦੇ ਰਾਜ ਸਮੇਂ ਇਹ ਇਲਾਕਾ ਲੜਾਈਆਂ ਦਾ ਮੈਦਾਨ ਬਣਿਆ ਰਿਹਾ ਜਿਸ ਕਰਕੇ ਹਰ ਮਨੁਖ ਦੇ ਖ਼ੂਨ ਵਿਚ ਬਹਾਦਰੀ ਦਾ ਜੋਸ਼ ਭਰ ਗਿਆ।

ਇਸ ਤੋਂ ਉਪਰੰਤ ਅੰਗਰੇਜ਼ੀ ਰਾਜ ਆਇਆ ਉਨ੍ਹਾਂ ਨੇ ਇਹ ਭੇਦ ਸਮਝ ਲਿਆ ਸੀ ਕਿ ਮਾਲਵੇ ਵਿਚੋਂ ਸਾਨੂੰ ਫੌਜ ਲਈ ਬਹੁਤ ਅਛੇ ਜਵਾਨ ਮਿਲ ਸਕਦੇ ਹਨ ਪਰੰਤੂ ਫੌਜ ਵਿਚ ਭਰਤੀ ਕਰਨ ਲਈ ਦੋ ਗਲਾ ਜ਼ਰੂਰੀ ਹਨ । ਇਕ ਤਾਂ ਇਹ ਕਿ ਇਨ੍ਹਾਂ ਨੂੰ ਭੁਖੇ ਰਖਿਆ ਜਾਵੇ ;ਪਿੰਡਾਂ ਦੇ ਦੁਖੀ ਜੀਵਨ ਨਾਲੋਂ ਫੌਜੀ ਜੀਵਨ ਨੂੰ ਤਰਜੀਹ ਦੇਣ ਤੇ ਦੂਜੇ ਅਨਪੜ੍ਹ ਰਖਿਆ ਜਾਵੇ ਤਾਕਿ ਬਿਨਾ ਸੋਚੇ ਸਮਝੇ ਹੀ ਇਹ ਅੰਗਰੇਜ਼ੀ ਸਲਤਨਤ ਨੂੰ ਕਾਇਮ ਰਖਣ ਲਈ ਖ਼ੂਨ ਡੋਹਲਦੇ ਰਹਿਣ । ਅੰਗਰੇਜ਼ਾਂ ਦੀ ਇਹ ਨੀਤੀ ਉਨ੍ਹਾਂ ਦੇ ਆਪਣੇ ਮੁਫਾਦ ਲਈ ਬੜੀ ਕਾਰਗਰ ਸਿਧ ਹੋਈ । ਸਿਖ ਫੌਜਾ ਦੇ ਜ਼ੋਰ ਨਾਲ ਉਨ੍ਹਾਂ ਨੇ ਦੋ ਵਡੀਆਂ ਲੜਾਈਆਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ ਪਰੰਤੂ ਇਸ ਕੁਟਲ ਨੀਤੀ ਸਦਕਾ ਮਾਲਵਾ ਨਿਵਾਸੀਆਂ ਦਾ ਜੀਵਨ ਤਲਖ ਕਰ ਦਿਤਾ।

ਵਿਦਿਆ ਤੋਂ ਬਿਨਾ ਬਹਾਦਰੀ ਕਿਸੇ ਕੰਮ ਨਹੀਂ ਆਉਂਦੀ । ਹੋਸ਼ ਤੋਂ ਬਿਨਾ ਜੋਸ਼ ਤਬਾਹੀ ਦਾ ਕਾਰਣ ਬਣ ਜਾਂਦਾ ਹੈ। ਇਹੋ ਕਾਰਣ ਸੀ ਕਿ ਮਾਲਵੇ ਦੇ ਲੋਕਾਂ ਦੀ ਬਹਾਦਰੀ ਦੀ ਗਲਤ ਵਰਤੋਂ ਹੋਣ ਲਗ ਪਈ। ਫੌਜਦਾਰੀਆਂ ਅਤੇ ਡਾਕੇ ਪੈਣੇ ਸ਼ੁਰੂ ਹੋ ਗਏ। ਮੁਛ ਫੁਟ ਮੁੰਡੇ ਅਸਫਲ ਪ੍ਰੇਮ ਜਾਂ ਜੀਵਨ ਦੀ ਕਿਸੇ ਹੋਰ ਘਟਨਾ ਤੋਂ ਰਤਾ ਭਰ ਪ੍ਰਭਾਵਤ ਹੁੰਦੇ ਤਾਂ ਡਾਕੂ ਬਣ ਕੇ ਦਿਲ ਦਾ ਗੁਬਾਰ ਕਢਣ ਲਈ ਤਿਆਰ ਹੋ ਜਾਂਦੇ। ਪਹਿਲੀ ਜੰਗ ਤੋਂ ਪਿਛੋਂ ਪੰਜਾਬ ਵਾਸੀਆਂ ਨੂੰ ਇਕ ਸਖਤ ਮੰਦਵਾੜੇ ਦਾ ਸ਼ਿਕਾਰ ਹੋਣਾ ਪਿਆ ਜਿਸ ਕਰਕੇ ਪੇਂਡੂ ਜੀਵਨ ਹੋਰ ਭੀ ਤਲਖ਼ ਹੋ ਗਿਆ । ਜ਼ਿਲਾ ਫ਼ੀਰੋਜ਼ਪੁਰ ਵਿਚ ਡਾਕੇ ਪੈਣ ਦੀਆਂ ਵਾਰਦਾਤਾਂ ਵਿਚ ਬਹੁਤ ਜ਼ਿਆਦਾ ਵਾਧਾ ਹੋ ਗਿਆ। ਸਰਕਾਰੀ ਰੀਪੋਰਟਾਂ ਅਨਸਾਰ ਜ਼ਿਲਾ ਫੀਰੋਜ਼ਪੁਰ ਵਿਚ ਸਭ ਤੋ ਵਧ ਡਾਕੇ ਪੈਂਦੇ ਸਨ ਅਤੇ ਕਿਸੇ ਦਾ ਭੀ ਧਨ ਧਾਮ ਸੁਰੱਖਯਤ ਨਹੀਂ ਸਮਝਿਆ ਜਾਂਦਾ ਸੀ। ਪਿੰਡਾ ਦੇ ਧਨੀ ਲੋਕ ਤੇ ਬਾਣੀਏ ਕਸਬਿਆ ਤੇ ਸ਼ਹਿਰਾਂ ਵਿਚ ਜਾ ਰਹੇ। ਇਹੋ ਜਿਹੇ ਭੈੜੇ ਸਮੇਂ ਪਿੰਡ ਚੌਧਰੀ ਵਾਲਾ ਤਹਿਸੀਲ ਮੋਗਾ ਦੀ ਬਹਾਦਰ ਬੀਬੀ ਹਰਨਾਮ ਕੌਰ ਨੇ ਹਥਿਆਰ ਬੰਦ ਡਾਕੂਆਂ ਦਾ ਮੁਕਾਬਲਾ ਕਰਕੇ ਇਤਨੀ ਸੋਹਣੀ ਮਿਸਾਲ ਕਾਇਮ ਕੀਤੀ ਕਿ ਸਿਖ ਲੜਕੀਆਂ ਜੇ ਚਾਹੁਣ ਤਾਂ ਉਹ ਬੜੇ ਬੜੇ ਹੰਕਾਰੀਆਂ ਦੇ ਮਾਣ ਤੋੜ ਸਕਦੀਆਂ ਹਨ।

ਇਸ ਘਟਨਾ ਨੇ ਬਹਾਦਰੀ ਦਾ ਸੁਤਾ ਪਿਆ ਜਜ਼ਬਾ ਜਗਾ ਦਿਤਾ ਤੇ ਹਰ ਇਸਤ੍ਰੀ ਪੁਰਸ਼ ਵਿਚ ਸਵੈਰਖਿਆ ਦਾ ਅਮਿੱਟ ਜਜ਼ਬਾ ਪੈਦਾ ਹੋ ਗਿਆ । ਬੀਬੀ ਹਰਨਾਮ ਕੌਰ ਦੇ ਜੀਵਨ ਤੋਂ ਸਵੈਰਖਿਆ ਦੀ ਬੜੀ ਸੋਹਣੀ ਸਿਖਿਆ ਮਿਲਦੀ ਹੈ ਇਸ ਕਰਕੇ ਅਸੀਂ ਬੀਬੀ ਜੀ ਦੇ ਜੀਵਨ ਦਾ ਇਹ ਖਾਸ ਪਹਿਲੂ ਹੀ ਪਾਠਕਾਂ ਦੇ ਪੇਸ਼ ਕਰਦੇ ਹਾਂ ਕਿ ਆਪ ਨੇ ਕਿਸ ਬਹਾਦਰੀ ਨਾਲ ਡਾਕੂਆਂ ਦਾ ਮੁਕਾਬਲਾ ਕਰਕੇ ਉਸ ਸਮੇਂ ਦੇ ਮਸ਼ਹੂਰ ਡਾਕੂ ਲਾਲ ਸਿੰਘ ਨੂੰ ਮਾਰਿਆ ਤੇ ਇਸਤ੍ਰੀ ਜਾਤੀ ਦੇ ਸਾਹਮਣੇ ਇਕ ਸੁੰਦਰ ਮਿਸਾਲ ਪੇਸ਼ ਕੀਤੀ।

ਬੀਬੀ ਹਰਨਾਮ ਕੌਰ ਦਾ ਜਨਮ ਪਿੰਡ ਚੌਧਰੀ ਵਾਲੇ ਦੇ ਇਕ ਸਿਖ ਘਰਾਣੇ ਵਿਚ ਸ: ਗੁਰਮੁਖ

Digitized by Panjab Digital Library | www.panjabdigilib.org

ਸਿੰਘ ਦੇ ਘਰ ਹੋਇਆ। ਘਰ ਵਿਚ ਖਾਣ ਪੀਣ ਦੀ ਕੋਈ ਕਮੀ ਨਹੀਂ ਸੀ ਇਸ ਕਰਕੇ ਲੜਕਿਆਂ ਵਾਂਗ ਹੀ ਆਪ ਦੀ ਪਰਵਰਸ਼ ਹੋਈ। ਦੁਧ, ਦਹੀ, ਮਖਣ ਜੋ ਮਾਲਵੇ ਦੇ ਲੋਕਾਂ ਦੀ ਮਨ ਭਾਉਂਦੀ ਖੁਰਾਕ ਹੈ ਆਮ ਮਿਲਵਰਤਣ ਕਰਕੇ ਬੀਬੀ ਜੀ ਦਾ ਕਦ ਮਰੂ ਵਾਂਗ ਲੰਬਾ ਤੇ ਸਰੀਰ ਸਡੌਲ ਬਣ ਗਿਆ। "ਮੇਰੀਆਂ ਗੋਲ ਗੋਲ ਬਾਹਾਂ ਲੱਸੀ ਰਿੜਕ ਰਿੜਕ ਬਣੀਆਂ" ਦੇ ਕਥਨ ਅਨੁਸਾਰ ਬੀਬੀ ਹਰਨਾਮ ਕੌਰ ਜੀ ਦੀਆਂ ਬਾਹਾਂ ਬੜੀਆਂ ਬਲਵਾਨ ਸਨ। ਜਦ ਆਪ ਅਜੇ ਜਵਾਨ ਹੀ ਸਨ ਤਾਂ ਚੌਧਰੀ ਵਾਲੇ ਪਰ ਡਾਕੂਆ ਨੇ ਹਮਲਾ ਕਰ ਦਿਤਾ। ਉਸ ਸਮੇਂ ਦਾ ਮਸ਼ਹੂਰ ਤੇ ਇਨਾਮੀ ਡਾਕੂ ਲਾਲ ਸਿੰਘ ਡਾਕੂਆਂ ਦੇ ਟੋਲੇ ਦਾ ਆਗੂ ਸੀ। ਇਸ ਡਾਕੂ ਪਾਸੋਂ ਪੁਲਸ ਭੀ ਬਹੁਤ ਡਰਦੀ ਸੀ ਅਤੇ ਪਿਛਾ ਬਹੁਤ ਘੱਟ ਕਰਦੀ ਸੀ। ਪਿੰਡ ਪਿੰਡ ਇਸ ਦੀ ਧਾਂਕ ਬੈਠੀ ਹੋਈ ਸੀ । ਡਾਕੂ ਸਿਧੇ ਬੀਬੀ ਹਰਨਾਮ ਕਰ ਦੇ ਘਰ ਆ ਵੜੇ। ਲਾਲ ਸਿੰਘ ਨੇ ਕੋਠੇ ਪਰ ਖੜੇ ਹੋਕੇ ਗੋਲੀਆਂ ਦੀ ਵਾਛੜ ਸ਼ੁਰੂ ਕੀਤੀ। ਨਾਲ ਦੇ ਸਾਥੀ ਹੇਠਾਂ ਉਤ੍ਰ ਕੇ ਲੜਕੀਆਂ ਨਾਲ ਹਥੋ ਪਾਈ ਕਰਨ ਲਗ ਪਏ। ਨਾਲ ਦੇ ਘਰ ਵਿਚੋਂ ਸ: ਸੰਤ ਸਿੰਘ ਦੀ ਲੜਕੀ ਇਕ ਡਾਕੂ ਨੇ ਫੜਕੇ ਬਾਹਰ ਕਢ ਲਿਆਂਦੀ। ਦੋ ਲੜਕੀਆਂ ਭਜ ਕੇ ਦੂਜੇ ਘਰ ਜਾ ਲੁਕੀਆਂ। ਦੋ ਡਾਕੂ ਬੀਬੀ ਹਰਨਾਮ ਕੌਰ ਦੇ ਘਰ ਆ ਗਏ ਤੇ ਪੁਛਣ ਲਗੇ ਕਿ ਉਹ ਲੜਕੀਆਂ ਕਿਥੇ ਹਨ ? ਬੀਬੀ ਜੀ ਨੇ ਬੜੀ ਹੁਸ਼ਿਆਰੀ ਨਾਲ ਇਕ ਡਾਕੂ ਪਾਸੋ ਬੰਦੂਕ ਖੋਹ ਲਈ। ਉਸ ਡਾਕੂ ਨੇ ਰੌਲਾ ਪਾਇਆ ਤਾਂ ਕੋਠੇ ਪਰ ਖੜੇ ਲਾਲ ਸਿੰਘ ਡਾਕੂ ਨੇ ਗੋਲੀਆਂ ਮਾਰ ਕੇ ਬੀਬੀ ਹਰਨਾਮ ਕੌਰ ਨੂੰ ਜ਼ਖਮੀ ਕਰ ਦਿਤਾ। ਬੀਬੀ ਜੀ ਦੇ ਦੋ ਗੋਲੀਆਂ ਲਗੀਆਂ ਇਕ ਪੱਟ ਵਿਚ ਤੇ ਦੂਜੀ ਛਾਤੀ ਵਿਚ ਪਰ ਉਸ ਨੇ ਹੌਸਲਾ ਨਾ ਹਾਰਿਆ । ਡਾਕੂ ਲਾਲ ਸਿੰਘ ਇਨ੍ਹਾਂ ਦੇ ਘਰ ਹੇਠਾਂ ਉਤਰ ਆਇਆ । ਉਸਦੇ ਗੱਲ ਵਿਚ ਕੰਠਾ ਪਾਇਆ ਹੋਇਆ ਸੀ। ਬੀਬੀ ਹਰਨਾਮ ਕੌਰ ਨੇ ਕਮਾਲ ਹੁਸ਼ਿਆਰੀ ਨਾਲ ਕੰਠੇ ਨੂੰ ਹੱਥ ਪਾ ਲਿਆ ਤੇ ਇਤਨੇ ਜ਼ੋਰ ਨਾਲ ਮਰੋੜਾ ਦਿਤਾ ਕਿ ਡਾਕੂ ਦਾ ਗਲ ਘੁਟਿਆ ਗਿਆ। ਇਸ ਪ੍ਰਕਾਰ ਕਾਬੂ ਆਇਆ ਵੇਖਕੇ ਬੀਬੀ ਨੇ ਉਸਨੂੰ ਗਲ ਘੁਟਕੇ ਮਾਰ ਦਿਤਾ। ਬੀਬੀ ਜੀ ਦਾ ਇਕ ਛੋਟਾ ਭਰਾ ਉਸ ਸਮੇਂ ਘਰ ਸੀ ਉਹ ਦੂਜੇ ਭਰਾਵਾ ਨੂੰ ਸਦਲਿਆਇਆ।

ਉਨ੍ਹਾਂ ਨੇ ਆਕੇ ਦੂਜ ਡਾਕੂਆਂ ਨੂੰ ਭੀ ਕਾਬੂ ਕਰ ਲਿਆ । ਦੋ ਡਾਕੂ ਮਾਰੇ ਗਏ ਅਤੇ ਦੋ ਫੜ ਲਏ ਗਏ। ਬੀਬੀ ਜੀ ਦੀ ਦਲੇਰੀ ਦਾ ਸਦਕਾ ਇਸ ਖਾਨਦਾਨ ਦਾ ਨਾਮ ਸਾਰੇ ਇਲਾਕੇ ਵਿਚ ਪ੍ਰਸਿਧ ਹੋ ਗਿਆ। ਬੀਬੀ ਜੀ ਦੇ ਭਰਾਤਾ ਸ: ਸੁਰਜਨ ਸਿੰਘ ਤੇ ਸਰਵਣ ਸਿੰਘ ਨੇ ਭੀ ਘਟ ਬਹਾਦਰੀ ਨਹੀਂ ਵਿਖਾਈ। ਛੋਟੇ ਵੀਰ ਹਾਕਮ ਸਿੰਘ ਨੇ ਭੀ ਹਸਲਾ ਨਹੀਂ ਹਾਰਿਆ । ਬੀਬੀ ਜੀ ਦੇ ਪਿਤਾ ਸ: ਗੁਰਮੁਖ ਸਿੰਘ ਜੀ ਹਾਦਸੇ ਦੇ ਸਮੇਂ ਪੁਜ ਤਾਂ ਗਏ ਪਰੰਤੂ ਆਪ ਹਾਦਸੇ ;ਦੀ ਭਿਆਨਕਤਾ ਦੇ ਕਾਰਣ ਚਲਾਣਾ ਕਰ ਗਏ।

ਬੀਬੀ ਹਰਨਾਮ ਕੌਰ ਜੀ ਨੂੰ ਮੋਗੇ ਹਸਪਤਾਲ ਵਿਚ ਲਿਆਦਾ ਗਿਆ ਤੇ ਇਲਾਜ ਸ਼ੁਰੂ ਹੋ ਗਿਆ ਇਸ ਸਮੇਂ ਜ਼ਿਲੇ ਦੇ ਸਾਰੇ ਵਡੇ ਵਡੇ ਅਫਸਰ ਬੀਬੀ ਜੀ ਦੀ ਹੌਸਲਾ ਅਫਜ਼ਾਈ ਕਰਨ ਲਈ ਆਏ। ਡੀ. ਸੀ, ਤੇ ਸੁਪ੍ਰੰਟੈਂਡੰਟ ਪੁਲਸ ਨੇ ਬੀਬੀ ਹਰਨਾਮ ਕੌਰ ਜੀ ਦੀ ਬਹਾਦਰੀ ਦੀ ਬਹੁਤ ਪ੍ਰਸੰਸਾ ਕੀਤੀ ਅਤੇ ਐਲਾਨ ਕੀਤਾ ਕਿ ਹੋਰ ਇਨਾਮ ਕਰਾਮ ਦੇਣ ਤੋਂ ਇਲਾਵਾ ਬੀਬੀ ਜੀ ਨੂੰ ਡਾਕੂ ਲਾਲ ਸਿੰਘ ਦੀ ਗ੍ਰਿਫਤਾਰੀ ਦਾ ਇਨਾਮ ਭੀ ਦਿਤਾ ਜਾਵੇਗਾ ਅਤੇ ਬੀਬੀ ਜੀ ਦੇ ਪ੍ਰਵਾਰ ਨੂੰ ਮੁਰਬੇ

Digitized by Panjab Digital Library | www.panjabdigilib.org

ਦੇਣ ਦੀ ਭੀ ਸਫਾਰਸ਼ ਕੀਤੀ ਜਾਵੇਗੀ। ਹਿੰਦੋਸਤਾਨ ਦੀਆਂ ਸਾਰੀਆਂ ਪ੍ਰਸਿਧ ਅਖਬਾਰਾਂ ਨੇ ਇਸ ਘਟਨਾ ਸਬੰਧੀ ਲੇਖ ਛਾਪੇ ਅਤੇ ਬੀਬੀ ਜੀ ਦੀ ਪ੍ਰਸੰਸਾ ਕੀਤੀ ਇਸ ਘਟਨਾ ਨੇ ਸਾਬਤ ਕਰ ਦਿਤਾ ਹੈ ਕਿ ਸਿਖ ਬੀਬੀਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ ਅੰਮ੍ਰਿਤ ਦੀ ਦਾਤ ਦਾ ਸਦਕਾ ਬਹਾਦਰੀ ਦਾ ਉਹ ਜਜ਼ਬਾ ਮੌਜੂਦ ਹੈ ਜਿਸ ਦੀ ਵਰਤੋਂ ਕਰਕੇ ਉਹ ਹੰਕਾਰੇ ਹੋਇ ਡਾਕੂਆਂ ਨੂੰ ਕਾਬੂ ਕਰ ਸਕਦੀਆਂ ਹਨ। ਸਰਕਾਰ ਨੇ ਮੁਰਬੇ ਤੇ ਹੋਰ ਇਨਾਮ ਦੇ ਕੇ ਬੀਬੀ ਜੀ ਦੇ ਪ੍ਰਵਾਰ ਦੀ ਕਾਫੀ ਹੌਸਲਾ ਅਫ਼ਜ਼ਾਈ ਕੀਤੀ।

## ਏਸ ਬੱਚੀ ਸ਼ੇਰ ਦੀ ਨੇ... ... ... ...

ਸ਼ੇਰਾਂ ਦੀ ਉਲਾਦ ਹੁੰਦੀ ਸ਼ੇਰਾਂ ਦਾ ਈ ਰੂਪ ਸ਼ੇਰ, ਕੌਣ ਸੁੱਕਾ ਜਾਵੇ ਹਥ ਓਹਨਾਂ ਤੇ ਉਲਾਰਕੇ।
ਬੀਬੀ ਹਰਨਾਮ ਕੌਰ ਸਣੇ ਪ੍ਰਵਾਰ ਦੇਖੋ, ਏਸ ਗਲ ਤਾਈਂ ਕੀਕੂੰ ਰਖਿਐ ਨਿਤਾਰਕੇ।
ਸੈਂਕੜੇ,ਹਜ਼ਾਰਾਂ ! ਨਹੀਂ ! ਮੁਰੱਬੇ ਸੀ ਇਨਾਮ ਜੀਹਦਾ,ਬਹਿ ਗਏ ਸੀ ਜੀਹਦੇ ਵਲੋਂ ਪੁਲਸੀ ਭੀ ਹਾਰਕੇ।
ਏਸ ਬੱਚੀ ਸ਼ੇਰ ਦੀ ਨੇ ਮਾਰਿਆ ਮੁਕਾਬਲੇ 'ਚ, 'ਲਾਲ' ਡਾਕੂ ਤਾਈਂ ਸਣੇ ਸਾਥੀਆਂ ਵੰਗਾਰਕੇ।
ਹਟੀ ਨਹੀਂ ਪਛਾੜੀ ਸਗੋਂ ਡਟੀ ਰਹੀ ਮੋਰਚੇ 'ਚ, ਗੋਲੀਆਂ ਦੇ ਫੱਟ ਭੀ ਸਰੀਰ ਤੇ ਸਹਾਰਕੇ।
'ਸ਼ੇਰਨੀ' ਸਰ੍ਹਾਣੇ ਮਾਈ ਪੁਆਂਦੀ ਭਰਜਾਈ ਬੈਠੀ, ਬੈਠੇ ਤਿੰਨੇ ਵੀਰ ਤਿਹਾ ਡਾਕੂਆਂ ਨੂੰ ਮਾਰਕੇ।
ਪਾਠਕਾਂ ਪਿਆਰਿਆਂ ਦੇ ਤਾਈਂ ਦਰਸਾਉਣ ਹਿਤ, ਸੇਵਕਾਂ ਲਿਆਂਦੀ ਤਸਵੀਰ ਇਹ ਉਤਾਰਕੇ।
ਏਸ ਬੱਚੀ ਸ਼ੇਰ ਦੀ ਨੇ ਮਾਰਿਆ ਮੁਕਾਬਲੇ 'ਚ "ਲਾਲ" ਡਾਕੂ ਤਾਈਂ ਸਣੇ ਸਾਥੀਆਂ ਵੰਗਾਰਕੇ।
['ਸਾਥੀ' ਲੁਧਿਆਨਵੀ ਮਾਲਵਾ ਕਵੀ ਸਭਾ]

## ਬੇਬੇ ਭਾਨ ਕੌਰ ਜੀ ਛੀਨੀਵਾਲ

ਆਪ ਹਰਿ ਮਾਰਗ ਚਲਣਾ ਤੇ ਹੋਰਨਾਂ ਨੂੰ ਹਰਿ ਮਾਰਗ ਲਾਉਣਾ ਮਹਾਨ ਪਰ ਉਪਕਾਰ ਹੈ। ਜਿੰਨਾਂ ਹਿਰਦਿਆਂ ਵਿਚ ਗੁਰਮਤਿ ਦੀ ਰੌਸ਼ਨੀ ਹੁੰਦੀ ਹੈ ਉਹ ਦੀਪਕ ਵਾਂਗ ਆਪ ਜਲ ਕੇ ਭੀ ਦੂਜਿਆਂ ਨੂੰ ਰੌਸ਼ਨੀ ਦਿੰਦੇ ਰਹਿੰਦੇ ਹਨ। ਬੇਬੇ ਭਾਨ ਕੌਰ ਦਾ ਜੀਵਨ ਭੀ ਸਾਨੂੰ ਇਹੋ ਸਿਖਿਆ ਦਿੰਦਾ ਹੈ। ਬੇਬੇ ਜੀ ਦੇ ਦਿਲ ਵਿਚ ਗੁਰਮਤਿ ਪ੍ਰਚਾਰ ਦੀ ਅਮਿੱਟ ਲਗਨ ਸੀ। ਆਪ ਚਾਹੁੰਦੇ ਸਨ ਕਿ ਸਾਰਾ ਸੰਸਾਰ ਕਿਸੇ ਅਗੰਮੀ ਨਾਮ ਰੰਗਣ ਵਿਚ ਰੰਗਿਆ ਜਾਵੇ। ਆਪ ਬਚਪਨ ਤੋਂ ਹੀ ਗੁਰਬਾਣੀ ਦੇ ਰਸੀਏ ਸਨ ਪ੍ਰੰਤੂ ਜਦ ਬੇਬੇ ਜੀ ਦੇ ਭਰਾਤਾ ਸੰਤ ਮੱਘਰ ਸਿੰਘ ਜੀ ਰਾਮਗੜ੍ਹ ਵਾਲਿਆਂ ਨੇ ਰੁੜਕੀ ਤੋਂ ਨਾਮ ਕਟਾ ਕੇ ਸਿਖੀ ਪ੍ਰਚਾਰ ਅਰੰਭ ਕੀਤਾ ਤਾਂ ਆਪ ਜੀ ਨੂੰ ਬਹੁਤ ਪ੍ਰਸੰਨਤਾ ਹੋਈ। ਹੁਣ ਬੇਬੇ ਜੀ ਨੇ ਭੀ ਆਪਣੇ ਵੀਰ ਦੇ ਨਕਸ਼ਿ ਕਦਮ ਪਰ ਚਲਦੇ ਹੋਇ ਕਥਾ ਕੀਰਤਨ ਦਾ ਪਰਵਾਹ ਚਲਾਉਣਾ ਆਰੰਭ ਕਰ ਦਿਤਾ।

ਬੇਬੇ ਜੀ ਦਾ ਅਨੰਦ ਕਾਰਜ ਸ੍ਰ: ਭਾਨ ਸਿੰਘ ਜੀ ਪਿੰਡ ਫੀਨੀ ਵਾਲ ਨਾਲ ਹੋਇਆ। ਸ੍ਰ: ਜੀ ਭੀ ਗੁਰੂ ਘਰ ਦੇ ਪ੍ਰੇਮੀ ਗੁਰਸਿਖ ਸਨ ਤੇ ਵਾਹਿਗੁਰੂ ਦੀ ਆਪ ਪਰ ਬੜੀ ਮੇਹਰ ਸੀ। ਬੇਬੇ ਜੀ ਦਾ ਹੁਣ ਬਹੁਤਾ ਸਮਾਂ ਪਰਚਾਰ ਵਿਚ ਹੀ ਗੁਜ਼ਰਨ ਲਗਾ। ਗੁਰਦਵਾਰਾ ਰਾਮ ਗੜ੍ਹ ਵਿਚ ਬੇਬੇ ਭਾਨ ਕੌਰ ਜੀ ਨੇ ੧੦੧ ਅਖੰਡ ਪਾਠ ਕਰਾਇਆ ਤੇ ਭੋਗ ਪੈਣ ਪਰ ਭਾਰੀ ਜੋੜ ਮੇਲਾ ਕੀਤਾ। ਇਸ ਸਮੇਂ ਤੋਂ ਆਪ ਦੀ

Digitized by Panjab Digital Library | www.panjabdigilib.org

ਸੁਰਤ ਹੋਰ ਭੀ ਉਚੇ ਆਤਮ ਮੰਡਲਾਂ ਵਿਚ ਉਡਾਰੀਆਂ ਲੈਣ ਲਗ ਪਈ ਤੇ ਬੇਬੇ ਜੀ ਨੇ ਇਲਾਕੇ ਵਿਚ "ਆਪ ਜਪਹਿ ਅਵਰਹਿ ਨਾਮ ਜਪਾਵਹਿ" ਦਾ ਮਹਾਨ ਕਾਰਜ ਸੰਭਾਲ ਲਿਆ। ਆਪ ਦਾ ਨਿਯਮ ਸੀ ਕਿ ਜਿਸ ਸਮੇਂ ਕੋਈ ਅਨੰਦ ਕਾਰਜ ਕਰਾਉਣ ਤਾਂ ਦੰਪਤੀ ਤੇ ਅੰਮ੍ਰਿਤਧਾਰੀ ਹੋਣ ਤੋਂ ਪਹਿਲਾਂ ਨਾ ਕਰਾਉਣਾ। ਜੇ ਕਿਸੇ ਨੇ ਉਸੇ ਵੇਲੇ ਅੰਮ੍ਰਿਤਪਾਨ ਕਰਨ ਲਈ ਤਿਆਰ ਹੋਣਾ ਤਾਂ ਫ਼ੌਰਨ ਪ੍ਰਬੰਧ ਕਰ ਲੈਣਾ ਨਹੀਂ ਤਾਂ ਬਿਨਾ ਅੰਮ੍ਰਿਤ ਧਾਰੀਆਂ ਦਾ ਅਨੰਦ ਕਾਰਜ ਕਰਾਉਣ ਤੋਂ ਇਨਕਾਰ ਕਰ ਦੇਣਾ। ਸਿਖਾਂ ਵਿਚ ਇਹ ਉਲਟਾ ਰਵਾਜ ਪੈ ਗਿਆ ਹੈ ਕਿ ਅਨੰਦ ਕਾਰਜ ਕਰਾਉਣ ਸਮੇਂ ਲੜਕੇ ਤੇ ਲੜਕੀ ਦਾ ਕੇਵਲ ਪ੍ਰਣ ਕਰਾ ਦਿੰਦੇ ਹਨ ਕਿ ਉਹ ਅੰਮ੍ਰਿਤ ਛਕ ਲੈਣਗੇ ਪਰ ਇਸ ਨੂੰ ਉਹ ਇਕ ਰਸਮੀਆਂ ਗਲ ਸਮਝ ਕੇ ਹਾਂ ਕਹਿ ਦਿੰਦੇ ਹਨ ਪਰ ਪਿਛੋਂ ਇਸ ਪਾਸੇ ਧਿਆਨ ਨਹੀਂ ਦਿੰਦੇ। ਇਸ ਪ੍ਰਕਾਰ ਉਹ ਇਕ ਤਰ੍ਹਾਂ ਨਾਲ ਗੁਰੂ ਜੀ ਦੀ ਹਜ਼ੂਰੀ ਵਿਚ ਕੀਤਾ ਪ੍ਰਣ ਭੰਗ ਕਰਨ ਦੇ ਦੋਸ਼ੀ ਬਣਦੇ ਹਨ। ਜਿਵੇਂ ਕਚਹਿ-ਰੀਆਂ ਵਿਚ ਗਵਾਹੀਆਂ ਦੇਣ ਸਮੇਂ ਲੋਕ ਆਪਣੇ ਇਸ਼ਟ ਨੂੰ ਹਾਜ਼ਰ ਨਾਜ਼ਰ ਸਮਝ ਕੇ ਸਚ ਬੋਲਣ ਦਾ ਝੂਠਾ ਪ੍ਰਣ ਲਿਆ ਕਰਦੇ ਸਨ ਪਰ ਸਚ ਕੋਈ ਵਿਰਲਾ ਹੀ ਬੋਲਦਾ ਸੀ ਇਸੇ ਤਰ੍ਹਾਂ ਅਨੰਦ ਕਾਰਜ ਸਮੇਂ ਅੰਮ੍ਰਿਤ ਛਕਣ ਦਾ ਇਕਰਾਰ ਕਰਨਾ ਭੀ ਇਕ ਰਸਮ ਹੀ ਬਣ ਗਈ ਹੈ।

ਬੀਬੀ ਭਾਨ ਕੌਰ ਜੀ ਇਸ ਕਮਜ਼ੋਰੀ ਨੂੰ ਤਾੜ ਗਏ ਸਨ ਇਸ ਕਰਕੇ ਉਨ੍ਹਾਂ ਨੇ ਇਹ ਨਿਯਮ ਬਣਾ ਲਿਆ ਸੀ ਕਿ ਅੰਮ੍ਰਿਤ ਛਕਾਏ ਬਿਨਾ ਅਨੰਦ ਕਾਰਜ ਨਹੀਂ ਕਰਾਉਣਾ। ਇਸ ਦਾ ਫਲ ਇਹ ਹੋਇਆ ਕਿ ਉਨ੍ਹਾਂ ਨੇ ਤਕਰੀਬਨ ੯੦ ਜੋੜਿਆਂ ਨੂੰ ਅੰਮ੍ਰਿਤ ਪਾਨ ਕਰਾ ਕੇ ਅਨੰਦ ਕਾਰਜ ਕਰਾਏ। ਗੁਰਬਾਣੀ ਪ੍ਰਚਾਰ ਵਲ ਭੀ ਉਨ੍ਹਾਂ ਦਾ ਵਸ਼ੇਸ਼ ਧਿਆਨ ਸੀ ਇਸ ਕਰ ਕੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ੨੫੦ ਅਖੰਡ ਪਾਠ ਕਰਾਏ। ਰਾਮਗੜ੍ਹ ਤੇ ਛੀਨੀ ਵਾਲ ਦੋਹਾਂ ਪਿੰਡਾਂ ਵਿਚ ਬੇਬੇ ਜੀ ਦਾ ਬਹੁਤ ਸਤਿਕਾਰ ਸੀ ਜੋ ਉਨ੍ਹਾਂ ਦਾ ਹੁਕਮ ਹੁੰਦਾ ਉਸ ਪਰ ਤੁਰਤ ਅਮਲ ਹੋ ਜਾਂਦਾ।

ਬੇਬੇ ਜੀ ਬੜੇ ਜਪੀ ਤਪੀ ਤੇ ਹਠੀ ਸਨ। ਆਪ ਦਾ ਕਦ ੭ ਫੁਟ ਸੀ ਤੇ ਸਰੀਰ ਸਡੌਲ ਤੇ ਛਾਟਵਾਂ ਹੋਣ ਕਰ ਕੇ ਬੜਾ ਹੀ ਭਰਵਾਉ ਪਾਉਣਾ ਸੀ। ਆਪ ਸਿਰ ਤੇ ਦਸਤਾਰ ਸਜਾਇਆ ਕਰਦੇ ਸਨ। ਸੁਭਾ ਇਤਨਾ ਮਿਠਾ ਸੀ ਕਿ ਜਥੇ ਦੇ ਸਿੰਘ ਆਪ ਤੋਂ ਬਹੁਤ ਪ੍ਰਭਾਵਤ ਹੁੰਦੇ। ਜਿਸ ਸਮੇਂ ਕੋਈ ਜਥੇ ਦਾ ਸਿੰਘ ਰੁਸ ਜਾਂਦਾ ਤਾਂ ਆਪ ਉਸ ਨੂੰ ਪ੍ਰਸ਼ਾਦ ਛਕਾਏ ਤੋਂ ਬਿਨਾ ਅੰਨ ਜਲ ਗ੍ਰਹਿਣ ਨਾ ਕਰਦੇ। ਜੇ ਕਦੇ ਆਪ ਬੀਰ ਰਸ ਵਿਚ ਆਉਂਦੇ ਤਾਂ ਚਿਹਰੇ ਦੀ ਲਾਲੀ ਵੇਖ ਕੇ ਮਰਦਾਂ ਦਾ ਦਿਲ ਭੀ ਘਬਰਾ ਜਾਂਦਾ। ਆਪ ਦਾ ਜੀਵਨ ਪੁਰਾਤਨ ਸਿੰਘਣੀਆਂ ਵਾਂਗ ਇਕ ਨਮੂਨੇ ਦਾ ਜੀਵਨ ਸੀ ਅਤੇ ਇਸਤ੍ਰੀ ਜਾਤੀ ਵਿਚ ਧਰਮ ਪ੍ਰਚਾਰ ਦਾ ਉਤਸ਼ਾਹ ਪੈਦਾ ਕਰਨਾ ਆਪ ਦਾ ਜੀਵਨ ਆਦਰਸ਼ ਸੀ।

ਸ੍ਰੀ ਮਾਨ ੧੦੮ ਸੰਤ ਮਘਰ ਸਿੰਘ ਜੀ ਮਹਾਰਾਜ ਆਪ ਦੇ ਸਕੇ ਭਰਾ ਸਨ। ਭਰਾ ਹੋਣ ਤੋਂ ਇਲਾਵਾ ਬੇਬੇ ਜੀ ਦਾ ਗੁਰਸਿੱਖਾਂ ਵਾਲਾ ਜੀਵਨ ਵੇਖ ਕੇ ਉਨਾਂ ਨੂੰ ਬੇਬੇ ਜੀ ਨਾਲ ਬਹੁਤ ਪਿਆਰ ਸੀ। ਭੈਣ ਭਰਾਵਾਂ ਨੂੰ ਹਰ ਸਮੇਂ ਗੁਰਮਤਿ ਪ੍ਰਚਾਰ ਦੀ ਲਗਨ ਲਗੀ ਰਹਿੰਦੀ ਤੇ ਦੋਹਾਂ ਵਿਚੋਂ ਕੋਈ ਭੀ ਪਿਛੇ ਨਹੀਂ ਰਹਿਣਾ ਚਾਹੁੰਦਾ ਸੀ। ਭਾਵੇਂ ਸਿਖ ਧਰਮ ਵਿਚ ਇਸਤ੍ਰੀ ਜਾਤੀ ਲਈ ਪੂਰਨ ਬਰਾਬਰੀ ਦੇ ਅਧਿਕਾਰ ਹਨ ਪ੍ਰੰਤੂ ਬੇਬੇ ਜੀ ਦਾ ਇਸਤ੍ਰੀ ਹੋਣਾ ਧਰਮ ਪ੍ਰਚਾਰ ਲਈ ਉਨ੍ਹਾਂ ਦੇ ਰਾਹ ਵਿਚ ਇਕ ਰੁਕਾਵਟ ਸੀ ਪ੍ਰੰਤੂ ਇਸ ਗਲ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਆਪ ਨੇ ਪ੍ਰਚਾਰ ਵਿਚ ਕੋਈ ਕਸਰ ਬਾਕੀ ਨਾ

Digitized by Panjab Digital Library | www.panjabdigilib.org

ਛੱਡੀ । "ਕੋਈ ਭਲਾ ਕਹਉ ਭਾਵੇ ਬੁਰਾ ਕਹਉ ਹਮ ਤਨ ਕੀ ਓਹੋ ਢਾਰ" ਦੇ ਮਹਾਂਵਾਕ ਅਨਸਾਰ ਆਪ ਲੋਕ ਲਾਜ ਦੀ ਪ੍ਰਵਾਹ ਨਹੀਂ ਕਰਦੇ ਸਨ ਅਤੇ ਸਿੰਘਾਂ ਵਿਚ ਮਰਦਾਂ ਵਾਂਗ ਹੀ ਸੇਵਾ ਆਦਿ ਵਿਚ ਦਿਨ ਰਾਤ ਵਧ ਚੜ੍ਹ ਕੇ ਹਿੱਸਾ ਲੈਂਦੇ ਰਹਿੰਦੇ ਸਨ । ਇਸਤ੍ਰੀ ਜਾਤੀ ਵਿਚ ਜਨਮ ਲੈ ਕੇ ਆਪ ਨੇ ਮਾਲਵੇ ਵਿਚ ਗੁਰਮਤਿ ਦਾ ਜਿਸ ਲਗਨ ਤੇ ਉਤਸ਼ਾਹ ਨਾਲ ਕੰਮ ਕੀਤਾ ਉਹ ਆਪਣੀ ਮਿਸਾਲ ਆਪ ਹੈ ਇਸ ਕਰਕੇ ਅਸੀਂ ਆਪ ਦੇ ਜੀਵਨ ਦਾ ਇਹ ਪਹਿਲੂ ਪਾਠਕਾਂ ਦੇ ਸਾਹਮਣੇ ਰਖ ਕੇ ਉਮੀਦ ਕਰਦੇ ਹਾਂ ਮਾਈਆ ਬੀਬੀਆਂ ਆਪ ਦੇ ਜੀਵਨ ਤੋਂ ਸਿਖਿਆ ਲੈ ਕੇ ਗੁਰਸਿਖੀ ਦਾ ਪ੍ਰਚਾਰ ਕਰਨ ਵਿਚ ਮਰਦਾਂ ਨਾਲੋਂ ਪਿਛੇ ਨਹੀਂ ਰਹਿਣ ਗੀਆਂ ।

# ਮਾਤਾ ਕਿਸ਼ਨ ਕੌਰ (ਗਾਲਬ)

ਗਾਲਬ ਕਲਾਂ ਦੇ ਹੌਲਦਾਰ ਵਰਿਆਮ ਸਿੰਘ ਜੀ ਦੀ ਧਰਮ ਪਤਨੀ ਮਾਤਾ ਕਿਸ਼ਨ ਕੌਰ ਜੀ ਬਹੁਤ ਭਜਨੀਕ ਹੋਏ ਹਨ । ਭਜਨ ਕਰਨ ਵਲ ਬਿਰਤੀ ਦਾ ਲਗਣਾ ਵਾਹਿਗੁਰੂ ਦੀ ਅਮੋਲਕ ਦਾਤ ਹੈ ਜੋ ਭਾਗਾਂ ਵਾਲੀਆਂ ਰੂਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ । ਪੂਰਬਲੇ ਕਰਮਾਂ ਦਾ ਸਦਕਾ ਹੀ ਨਾਮ ਸਿਮਰਨ ਵਿਚ ਜੁੜੀ ਦਾ ਹੈ । ਮਾਤਾ ਕਿਸ਼ਨ ਕੌਰ ਜੀ ਦੀਆਂ ਰੁਚੀਆਂ ਬਚਪਨ ਤੋਂ ਹੀ ਪ੍ਰਮਾਰਥ ਵਲ ਸਨ । ਆਪ ਦੇ ਪਤੀ ਹੌਲਦਾਰ ਵਰਿਆਮ ਸਿੰਘ ਜੀ ਭੀ ਪੂਰਨ ਗੁਰਸਿਖ ਤੇ ਪੁਰਾਤਨ ਸਿੰਘਾਂ ਵਾਲੇ ਸੁਭਾ ਦੇ ਸਨ । ਦੇਵਨੇਤ ਨਾਲ ਦੰਪਤੀ ਦੀ ਜੋੜੀ ਐਸੀ ਜੁੜੀ ਕਿ ਦੋਹਾਂ ਦੀ ਨਾਮ ਸਿਮਰਨ ਵਲ ਲਗਨ ਵਧਦੀ ਗਈ । ਜੇ ਦੋਹਾਂ ਵਿਚੋਂ ਇਕ ਦੀ ਸੁਰਤੀ ਬਿਰਤੀ ਦੂਜੇ ਦੇ ਵਿਰੁਧ ਹੋਵੇ ਤਾਂ ਅਜੋੜ ਹੋ ਜਾਂਦਾ ਹੈ ਅਤੇ ਦੋਹਾਂ ਦਾ ਜੀਵਨ ਤਲਖ ਹੋ ਜਾਂਦਾ ਹੈ ਪ੍ਰੰਤੂ ਵਾਹਿਗੁਰੂ ਦੀ ਕ੍ਰਿਪਾ ਨਾਲ ਮਾਤਾ ਕਿਸ਼ਨ ਕੌਰ ਨੂੰ ਪਤੀ ਐਸਾ ਮਿਲ ਗਿਆ ਜੋ ਬੜੇ ਸਰਲ ਸੁਭਾ ਦਾ ਗੁਰਮੁਖ ਗੁਰਸਿਖ ਸੀ ।

ਮਾਤਾ ਜੀ ਦੇ ਭਜਨੀਕ ਜੀਵਨ ਦੀਆਂ ਅਨੇਕ ਘਟਨਾਵਾਂ ਪ੍ਰਸਿੱਧ ਹਨ । ਆਪ ਨਾਮ ਬਾਣੀ ਦੇ ਰਸੀਏ ਸੰਤਾਂ ਦੇ ਦੀਦਾਰ ਕਰਨ ਦੀ ਬੜੀ ਖਿੱਚ ਰਖਦੇ ਸਨ । ਗੁਰਸਿਖਾਂ ਦੀ ਸੇਵਾ ਕਰਨ ਵਿਚ ਆਪ ਜੀ ਨੂੰ ਖਾਸ ਹੁਲਾਸ ਮਿਲਦਾ ਸੀ । ਜਿਸ ਵੇਲੇ ਮਾਤਾ ਜੀ ਜਵਾਨ ਅਵਸਥਾ ਵਿਚ ਹੀ ਸਨ ਤੇ ਵਿਆਹ ਹੋਏ ਨੂੰ ਥੋੜਾ ਹੀ ਚਿਰ ਹੋਇਆ ਸੀ ਉਸ ਸਮੇਂ ਭੀ ਆਪ ਦਾ ਚਿਤ ਸੰਸਾਰਕ ਰਸਾਂ ਕਸਾਂ ਤੋਂ ਉਚਾਟ ਰਹਿੰਦਾ ਸੀ ਪ੍ਰੰਤੂ ਸੰਸਾਰਕ ਰੀਤ ਅਨਸਾਰ ਆਪ ਨੇ ਵਿਆਹ ਕਰਾ ਲਿਆ ਤੇ ਗ੍ਰਹਿਸਤ ਵਿਚ ਰਹਿੰਦੇ ਹੋਏ ਨਾਮ ਰਸੀਏ ਸਿੱਖਾਂ ਜੈਸਾ ਜੀਵਨ ਬਤੀਤ ਕਰਦੇ ਰਹੇ । ਹੌਲਦਾਰ ਵਰਿਆਮ ਸਿੰਘ ਜੀ ਤੋਪਖਾਨੇ ਵਿਚ ਸਨ । ਇਕ ਵੇਰ ਜਦ ਮਾਤਾ ਕਿਸ਼ਨ ਕੌਰ ਜੀ ਆਪ ਦੇ ਪਾਸ ਮਿਲਣ ਗਏ ਹੋਇ ਸਨ ਤਾਂ ਆਪ ਦੀ ਡਿਊਟੀ ੭ ਦਿਨਾ ਵਾਸਤੇ ਕਿਧਰੇ ਬਾਹਰ ਜਾਣ ਦੀ ਲਗ ਗਈ। ਆਪਨੇ ਕਿਹਾ ਤੁਹਾਨੂੰ ਇਕਲੇ ਰਹਿਣ ਵਿਚ ਤਕਲੀਫ ਤਾਂ ਹੋਵੇਗੀ ਪਰ ਸਰਕਾਰੀ ਡਿਊਟੀ ਹੈ ਇਸ ਲਈ ਮੈਨੂੰ ਮਜਬੂਰੀ ਜਾਣਾ ਪੈਂਦਾ ਹੈ । ਤੁਸੀਂ ਘਰ ਵਿਚ ਰਹਿਣਾ ਤੇ ਕੋਈ ਫਿਕਰ ਨਾ ਕਰਨਾ । ਮਾਤਾ ਜੀ ਨੇ ਕਿਹਾ ਮੈਨੂੰ ਕਿਸ ਗਲ ਦਾ ਫਿਕਰ ਹੈ ਆਪ ਜਾਉ ਮੈਂ ਨਾਮ ਬਾਣੀ ਦੇ ਸਿਮਰਨ ਵਿਚ ਚਿਤ ਜੋੜ ਕੇ ਸਮਾਂ ਗੁਜ਼ਾਰ ਲਵਾਂਗੀ ।

ਜਿਸ ਵੇਲੇ ਹੌਲਦਾਰ ਸਾਹਿਬ ਚਲੇ ਗਏ ਤਾਂ ਮਾਤਾ ਕਿਸ਼ਨ ਕੌਰ ਜੀ ਦੀ ਸਮਾਧੀ ਲਗ ਗਈ ।

Digitized by Panjab Digital Library | www.panjabdigilib.org

ਬਿਰਤੀ ਐਸੇ ਟਕਾਉ ਵਿਚ ਆਈ ਕਿ ਆਪ ਸੱਤ ਦਿਨ ਉਸੇ ਤਰ੍ਹਾਂ ਬੈਠੇ ਰਹੇ । ਘਰ ਦਾ ਸਾਮਾਨ ਜਿਵੇਂ ਖਿਲਰਿਆ ਪਿਆ ਸੀ ਪਿਆ ਰਿਹਾ । ਬੂਹਾ ਬੰਦ ਸੀ । ਕਿਸੇ ਨੂੰ ਪਤਾ ਨਾ ਲਗਿਆ ਕਿ ਕੁਆਟਰ ਵਿਚ ਕੋਈ ਹੈ ਜਾਂ ਖਾਲੀ ਪਿਆ ਹੈ । ਜਿਸ ਸਮੇਂ ਹੌਲਦਾਰ ਸਾਹਿਬ ਵਾਪਸ ਆਏ ਤਾਂ ਆਪਣੀ ਧਰਮ ਪਤਨੀ ਨੂੰ ਜਿਥੇ ਬੈਠੀ ਛਡ ਗਏ ਸੀ ਉਥੇ ਹੀ ਬੈਠੀ ਵੇਖਕੇ ਬਹੁਤ ਹੈਰਾਨ ਹੋਇ। ਜਵਾਨੀ ਦੀ ਅਵਸਥਾ ਵਿਚ ਹੀ ਸਤ ਦਿਨ ਦੀ ਅਖੰਡ ਸਮਾਧੀ ਲਗਾਉਣੀ ਕੋਈ ਸੌਖੀ ਗਲ ਨਹੀਂ ਸੀ ਪਰੰਤੂ ਇਸ ਘਟਨਾ ਤੋਂ ਪ੍ਰਗਟ ਹੁੰਦਾ ਹੈ ਕਿ ਆਪ ਦਾ ਭਜਨ ਨੰਦੀ ਹਿਰਦਾ ਕਿਤਨਾ ਸ਼ਾਂਤ ਸੀ ਤੇ ਸੁਰਤ ਕਿਤਨੇ ਉਚ ਆਤਮਕ ਮੰਡਲਾ ਵਿਚ ਉਡਾਰੀਆਂ ਮਾਰ ਰਹੀ ਸੀ ।

ਮਾਤਾ ਕਿਸ਼ਨ ਕੌਰ ਜੀ ਇਸ ਸ਼ਬਦ ਨੂੰ ਬੜੇ ਪ੍ਰੇਮ ਨਾਲ ਪੜ੍ਹਿਆ ਕਰਦੇ ਸਨ ।

ਬਿਖੇ ਬਨੁ ਫੀਕਾ ਤਿਆਗਿ ਰੀ ਸਖੀਏ
ਨਾਮੁ ਮਹਾ ਰਸੁ ਪੀਉ । ਬਿਨਰਸੁ ਚਾਖੇ
ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਉ ।
ਮਾਨੁ ਮਹੱਤੁ ਨਾ ਸ਼ਕਤਿ ਹੀ ਕਾਈ ਸਾਧਾ ਦਾਸੀ ਥੀਉ
ਨਾਨਕ ਸੇ ਦਰਿ ਸੋਭਾ ਵੰਤੇ ਜੋ
ਪ੍ਰਭਿ ਆਪਨੈ ਕੀਉ

ਸੰਤਾਂ ਦੀ ਸੰਗਤ ਕਰਨ ਕਰਕੇ ਆਪ ਜੀ ਦੀ ਬਿਰਤੀ ਭਜਨ ਵਿਚ ਲਿਵ ਲੀਨ ਰਹੀ ਤੇ ਸਮਾਂ ਬਹੁਤ ਸੌਹਣਾ ਗੁਜ਼ਰ ਗਿਆ । ਵਾਹਿਗੁਰੂ ਦੀ ਪ੍ਰਮ ਕ੍ਰਿਪਾਲਤਾ ਦਾ ਸਦਕਾ ਦੰਪਤੀ ਦੇ ਦਿਲ ਵਿਚ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਦੇ ਦਰਸ਼ਨਾਂ ਦੀ ਤਾਂਗ ਪੈਦਾ ਹੋਈ । ਬੜੇ ਸ਼ਰਧਾ ਭਰੇ ਦਿਲ ਨਾਲ ਗੁਰਦੁਆਰੇ ਦੀ ਯਾਤ੍ਰਾ ਕੀਤੀ ਅਤੇ ਸਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ 'ਹੇ ਸਚੇ ਪਾਤਸ਼ਾਹ ਕ੍ਰਿਪਾ ਕਰੋ ਇਕ ਭੁਜੰਗੀ ਦੀ ਦਾਤ ਬਖਸ਼ੋ ।' "ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ" ਦੇ ਮਹਾਵਾਕ ਅਨੁਸਾਰ ਸਚੇ ਦਿਲੋਂ ਕੀਤੀ ਇਹ ਅਰਦਾਸ ਪ੍ਰਵਾਨ ਹੋ ਗਈ ਅਤੇ ਅਕਾਲ ਪੁਰਖ ਦੀ ਕ੍ਰਿਪਾ ਨਾਲ ਭੁਜੰਗੀ ਦੀ ਦਾਤ ਪ੍ਰਾਪਤ ਹੋਈ ਜਿਸ ਦਾ ਨਾਮ ਪਵਿਤ੍ਰ ਸਿੰਘ ਰਖਿਆ ਗਿਆ । ਦੰਪਤੀ ਦੇ ਜੀਵਨ ਵਿਚ ਨਵਾਂ ਉਤਸ਼ਾਹ ਤੇ ਉਮਾਹ ਪੈਦਾ ਹੋਇਆ । ਜੀਵਨ ਵਿਚ ਨਵਾ ਖੇੜਾ ਪੈਦਾ ਹੋਇਆ । ਬਚੇ ਨੂੰ ਪਾਲਣ ਪੋਸਣ ਦਾ ਪ੍ਰਬੰਧ ਕੀਤਾ ਗਿਆ "ਪਰੰਤੂ ਦਾਤ ਪਿਆਰੀ ਵਿਸਰਿਆ ਦਾਤਾਰ" ਦੇ ਕਥਨ ਅਨੁਸਾਰ ਇਨ੍ਹਾਂ ਨੂੰ ਦਾਤਾਰ ਨਾ ਵਿਸਰਿਆ ਸਗੋਂ ਇਹੋ ਜਿਹੀਆਂ ਅਮੋਲਕ ਦਾਤਾਂ ਬਖਸ਼ਨ ਵਾਲੇ ਦਾਤਾਰ ਦੇ ਚਰਨਾ ਵਿਚ ਲਿਵ ਹੋਰ ਭੀ ਜੁੜ ਗਈ ਅਤੇ ਨਾਮ ਬਾਣੀ ਦੇ ਰਸ ਵਿਚ ਹਿਰਦਾ ਮਗਨ ਰਿਹਾ । ਮਾਤਾ ਕਿਸ਼ਨ ਕੌਰ ਜੀ ਦਾ ਜੀਵਨ ਇਕ ਆਦਰਸ਼ ਜੀਵਨ ਹੈ ਤੇ ਇਸਤ੍ਰੀ ਜਾਤੀ ਲਈ ਇਕ ਸੁੰਦਰ ਮਿਸਾਲ ਹੈ । "ਜਿਉ ਜਲ ਮਹਿ ਕਮਲ ਅਲਿਪਤੋ ਵਰਤਹਿ ਤਿਉ ਵਿਚੇ ਗ੍ਰਿਹਿ ਉਦਾਸੀ" ਦੇ ਕਥਨ ਅਨਸਾਰ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਭਜਨ ਦਾ ਰਸ ਮਾਨਣਾ ਬੜੀ ਉਚੀ ਅਵਸਥਾ ਹੈ ਅਤੇ ਇਹ ਵਿਰਲੇ ਗੁਰਸਿਖਾਂ ਤੇ ਸਿਖਣੀਆਂ ਨੂੰ ਹੀ ਪ੍ਰਾਪਤ ਹੁੰਦੀ ਹੈ । "ਸਾਹਿਬ ਹਥ ਵਡਿਆਈਆਂ ਜੈ ਭਾਵੇ ਤੈ ਦੇ" ਦੇ ਮਹਾਵਾਕ ਅਨੁਸਾਰ ਜਿਸ ਪਰ ਉਹ ਵਾਹਿਗੁਰੂ ਦਇਆਲ ਹੁੰਦਾ ਹੈ ਉਸ ਨੂੰ ਹੀ ਇਹ ਵਡਿਆਈ ਮਿਲਦੀ ਹੈ ।

Digitized by Panjab Digital Library | www.panjabdigilib.org

# ਬੀਬੀ ਹਰ ਪ੍ਰਕਾਸ਼ ਕੌਰ (ਸਿਧਵਾਂ ਖੁਰਦ)

### ਸ੍ਰੀ ਗੁਰੂ ਹਰਿ ਗੋਬਿੰਦ ਗਰਲਜ਼ ਕਾਲਜ ਦੇ ਬਾਨੀ

## ਵਿਦਿਆ ਵੀਚਾਰੀ ਤਾਂ ਪ੍ਰਉਪਕਾਰੀ

## ਇਕ ਪਰਉਪਕਾਰੀ ਕੰਨਿਆ ਦਾ ਆਦਰਸ਼ ਜੀਵਨ

ਸਾਰਾ ਜੀਵਨ ਹੀ ਪਰਉਪਕਾਰ ਵਿਚ ਲਗਾ ਦੇਣਾ ਇਹ ਵਿਰਲੇ ਇਸਤ੍ਰੀ ਪੁਰਸ਼ਾਂ ਦੇ ਹੀ ਹਿਸੇ ਆਇਆ ਹੈ। ਵਿਦਿਆ ਦੀ ਰੋਸ਼ਨੀ ਪ੍ਰਾਪਤ ਕਰਕੇ ਹੀ ਮਨੁਖ ਨੂੰ ਇਹ ਗਿਆਨ ਪ੍ਰਾਪਤ ਹੈ ਕਿ ਪਰਉਪਕਾਰ ਕਰਨਾ ਹੀ ਮਨੁਖਾ ਜੀਵਨ ਦਾ ਆਦਰਸ਼ ਹੈ। ਬੀਬੀ ਹਰ ਪ੍ਰਕਾਸ਼ ਕੌਰ ਮੁਖ ਪ੍ਰਬੰਧਕ ਸ੍ਰੀ ਗੁਰੂ ਹਰ ਗੋਬਿੰਦ ਗਰਲਜ਼ ਕਾਲਜ ਸਿਧਵਾਂ ਖੁਰਦ ਦਾ ਪਰਉਪਕਾਰੀ ਜੀਵਨ ਭੀ ਇਸਤ੍ਰੀ ਜਾਤੀ ਵਾਸਤੇ ਇਕ ਸਿਖਿਆ ਦਾਇਕ ਤੇ ਆਦਰਸ਼ ਜੀਵਨ ਹੈ। ਸੰਸਾਰਕ ਸੁਖਾਂ ਤੇ ਰਸਾਂਕਸਾਂ ਤੋਂ ਉਪ੍ਰਾਮ ਹੋ ਕੇ ਆਪਣੇ ਜੀਵਨ ਨੂੰ ਸਾਦਗੀ ਨਿੰਮ੍ਰਤਾ ਤੇ ਪਰਉਪਕਾਰ ਦੇ ਸੰਚੇ ਵਿਚ ਢਾਲਨਾ ਪੂਰਬਲੇ ਕਰਮਾ ਦਾ ਹੀ ਪੁੰਨ ਪ੍ਰਤਾਪ ਹੈ।

ਵਿਚਾਰ ਨਾਲ ਵੇਖਿਆ ਜਾਵੇ ਤਾਂ ਮਨੁਖ ਨੂੰ ਜਿਸ ਰਸਤੇ ਪਰ ਉਹ ਕਰਤਾ ਪੁਰਖ ਚਲਾਉਣਾ ਚਾਹੁੰਦਾ ਹੈ ਉਸ ਨੂੰ ਉਸੇ ਰਾਹ ਹੀ ਤੁਰਨਾ ਪੈਂਦਾ ਹੈ। "ਕਾਠ ਕੀ ਪੁਤਰੀ ਕਿਆ ਕਰੇ ਹਮਰੀ ਖਿਲਾਵਨ ਹਾਰੋ ਜਾਨੈ" ਦੇ ਮਹਾਵਾਂਕ ਅਨੁਸਾਰ ਜੋ ਕੰਮ ਵਾਹਿਗੁਰੂ ਮਨੁਖ ਪਾਸੋਂ ਲੈਣਾ ਚਾਹੁੰਦਾ ਹੈ ਲੇ ਲੈਂਦਾ ਹੈ। ਕਿਸੇ ਨੂੰ ਨਾਮ ਸਿਮਰਨ ਵਿਚ ਲਗਾ ਦਿੰਦਾ ਹੈ ਕਿਸੇ ਨੂੰ ਪਰਉਪਕਾਰ ਵਿਚ ਕਿਸੇ ਪਾਸੋਂ ਨੇਕੀ ਤੇ ਸਚਾਈ ਪ੍ਰਚਾਰਨ ਦਾ ਕੰਮ ਲੈਂਦਾ ਹੈ ਕਿਸੇ ਨੂੰ ਆਉਝੜ ਪਾਈ ਰਖਦਾ ਹੈ, ਇਸ ਕਰਕੇ ਪ੍ਰਮਾਰਥ ਦੇ ਖੋਜੀ ਹਰ ਰੋਜ਼ ਉਸ ਵਾਹਿਗੁਰੂ ਦੇ ਚਰਨਾ ਵਿਚ ਦੋ ਜੋੜਿਆਂ ਕਰਦੇ ਹਨ ਕਿ "ਤੇ ਅਕਾਲ ਪੁਰਖ ਦਾਸਾਂ ਪਾਸੋਂ ਉਹੀ ਕੰਮ ਕਰਾਈਂ ਜੋ ਤੈਨੂੰ ਭਾਉਂਦਾ ਹੋਵੇ। ਉਹ ਕੰਮ ਸੁਪਨੇ ਵਿਚ ਭੀ ਨਾ ਕਰਾਈਂ ਜੋ ਤੈਨੂੰ ਨਾ ਭਾਵੇ" ਸੇਵਕਾਂ ਦੀਆਂ ਇਹ ਅਰਦਾਸਾਂ ਬਿਰਥਾ ਨਹੀਂ ਜਾਂਦੀਆਂ ਵਾਹਿਗੁਰੂ ਦੇ ਦਰ ਤੇ ਪ੍ਰਵਾਨ ਹੋ ਜਾਦੀਆਂ ਹਨ ਤੇ ਉਹ ਉਨ੍ਹਾਂ ਨੇਕ ਪੁਰਸ਼ਾਂ ਨੂੰ ਚੁਣ ਕੇ ਪਰਉਪਕਾਰ ਵਿਚ ਲਗਾ ਦਿੰਦਾ ਹੈ।

ਬੀਬੀ ਹਰਪ੍ਰਕਾਸ਼ ਕੌਰ ਦੇ ਪਿੱਤਾ ਸ੍ਰੀ ਨਰਾਇਣ ਸਿੰਘ ਜੀ ਸੁਭਾ ਸ਼ਾਮ ਅਰਦਾਸ ਕਰਨ ਵੇਲੇ ਵਾਹਿਗੁਰੂ ਅਕਾਲ ਪੁਰਖ ਪਾਸੋਂ ਇਹੋ ਦਾਨ ਮੰਗਿਆ ਕਰਦੇ ਸਨ ਕਿ "ਇਹ ਮਨੁਖਾ ਜਨਮ ਪਰਉਪਕਾਰ ਵਿਚ ਲਗਕੇ ਸਫਲਾ ਹੋਵੇ। ਅਕਾਲ ਪੁਰਖ ਦੀ ਮੇਹਰ ਹੋਈ ਆਪਦੇ ਖਾਨਦਾਨ ਨੂੰ ਪਰਉਪਕਾਰੀ ਕਰਨ ਲਈ ਚੁਣ ਲਿਆ ਗਿਆ। ਮਹਾਂ ਪੁਰਖ ਦੇ ਜੀਵਨ ਚਰਿਤ੍ਰ ਪੱੜਨ ਤੋਂ ਪਤਾ ਲਗਦਾ ਹੈ ਕਿ ਜਿੰਨਾ ਪੁਰਸ਼ਾਂ ਨੂੰ ਵਾਹਿਗੁਰੂ ਵਡੇ ਵਡੇ ਪਰਉਪਕਾਰ ਦੇ ਕੰਮ ਕਰਨ ਵਾਸਤੇ ਚੁਣ ਲੈਂਦਾ ਹੈ ਉਨਾਂ ਪਾਸੋਂ ਸੰਸਾਰਕ ਸੁਖ ਖੋਹ ਲਏ ਜਾਂਦੇ ਹਨ। ਦੁਖਾਂ ਦੀ ਕੁਠਾਲੀ ਵਿਚ ਪਾਕੇ ਪਹਿਲਾਂ ਉਨ੍ਹਾਂ ਨੂੰ ਕੁੰਦਨ ਵਾਂਗ ਤਪਾਇਆ ਜਾਂਦਾ ਹੈ। ਜਦ ਉਹ ਅਜਰ ਭਾਣੇ ਨੂੰ ਜਰਨ ਦੇ ਯੋਗ ਹੋ ਜਾਂਦੇ

Digitized by Panjab Digital Library | www.panjabdigilib.org

ਹਨ ਤਾਂ ਉਨ੍ਹਾਂ ਨੂੰ ਪਰਉਪਕਾਰ ਦੇ ਰਾਹ ਪਰ ਤੁਰਨ ਦੀ ਪ੍ਰੇਰਨਾ ਹੁੰਦੀ ਹੈ। ਪਰਉਪਕਾਰੀ ਜੀਵ ਬਜੀ ਵਾਂਗ ਆਪਾ ਮਿਟਾਕੇ ਦੁਨੀਆਂ ਨੂੰ ਸੁਖ ਦੇਣ ਦਾ ਸਾਧਨ ਪੈਦਾ ਕਰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਮਾਤਾ ਪਿਤਾ ਤੇ ਸਾਰਾ ਸਰਬੰਸ ਵਾਰਕੇ ਭਾਰਤ ਵਾਸੀਆਂ ਨੂੰ ਸਦੀਆਂ ਦੀ ਗ਼ੁਲਾਮੀ ਤੋਂ ਛੁਟਕਾਰਾ ਦਵਾਇਆ। ਆਪਣੇ ਸਾਰੇ ਸੁਖ ਉਨ੍ਹਾਂ ਨੇ ਦੂਜਿਆਂ ਦੇ ਦੁਖ ਦੂਰ ਕਰਨ ਦੀ ਖਾਤਰ ਕੁਰਬਾਨ ਕਰ ਦਿੱਤੇ ਇਸ ਕਰਕੇ ਜੇਹੜੇ ਗੁਰ ਸਿੱਖਾਂ ਪਾਸੋਂ ਉਹ ਪਰਉਪਕਾਰ ਦੇ ਕਠਨ ਮਾਰਗ ਪਰ ਤੁਰਨ ਦਾ ਕੰਮ ਲੈਣਾ ਚਾਹੁੰਦੇ ਹਨ ਉਨ੍ਹਾ ਨੂੰ ਭੀ ਬੜੇ ਬੜੇ ਕਠਨ ਇਮਤਿਹਾਨਾਂ ਵਿਚੋਂ ਲੰਘਣਾ ਪੈਂਦਾ ਹੈ।

ਭਾਈ ਸਾਹਿਬ ਭਾਈ ਨਰਾਇਣ ਸਿੰਘ ਜੀ ਦੇ ਖਾਨਦਾਨ ਪਾਸੋਂ ਭੀ ਗੁਰੂ ਮਹਾਰਾਜ ਕਿਸੇਪਕਾਰ ਦੇਸ਼ ਦੀ ਪੂਰਤੀ ਕਰਾਉਣੀ ਚਾਹੁੰਦੇ ਸਨ ਅਤੇ ਬੀਬੀ ਹਰ ਪ੍ਰਕਾਰ ਕੌਰ ਪਾਸੋਂ ਮਹਾਨ ਪਰਉਪਕਾਰ ਕਰਾਉਣਾ ਚਾਹੁੰਦੇ ਸਨ ਇਸ ਕਰਕੇ ਜਦੋਂ ਭੀ ਇਸ ਪ੍ਰਵਾਰ ਨੂੰ ਸੁਖਾਂ ਵਿਚ ਪ੍ਰਵਿਰਤ ਹੁੰਦੇ ਵੇਖਿਆ ਆਪਣੇ ਭਾਣੇ ਅਨਸਾਰ ਉਹ ਸੁਖ ਖੋਹਲਿਆ ਤੇ ਇਤਨੀ ਸਖਤ ਠੋਕਰ ਮਾਰੀ ਕਿ ਉਨ੍ਹਾਂ ਨੂੰ ਮਜਬੂਰ ਹੋਕੇ "ਜੋ ਤੁਧ ਭਾਵੇ ਸਾਈ ਭਲੀ ਕਾਰ" ਦੇ ਮਹਾਵਾਕ ਦੀ ਓਟ ਲੈਣੀ ਪਈ। ਸਭ ਤੋਂ ਪਹਿਲਾਂ ਬੀਬੀ ਜੀ ਦੇ ਭਰਾਤਾ ਸ: ਉਜਾਗਰ ਸਿੰਘ ਜੀ ਅਕਾਲ ਚਲਾਣਾ ਕਰ ਗਏ। ਉਹ ਅਜੇ ਚੜ੍ਹਦੀ ਜਵਾਨੀ ਵਿਚ ਸਨ ਤੇ ਉਨ੍ਹਾ ਦਾ ਅਨੰਦ ਕਾਰਜ ਹੋਇ ਨੂੰ ਥੋਹੜਾ ਚਿਰਾ ਹੋਇਆ ਸੀ।

ਬੀਬੀ ਜੀ ਵਾਸਤੇ ਜਵਾਨ ਭਰਾ ਦਾ ਸਦੀਵੀ ਵਿਛੋੜਾ ਅਕਹਿ ਸੱਟ ਸੀ ਪਰ ਆਪ ਦੇ ਮਾਤਾ ਪਿਤਾ ਦੀ ਹਾਲਤ ਤਾਂ ਅਕਥਨੀਯ ਸੀ ਕਿਉਂ ਕਿ ਉਨ੍ਹਾਂ ਦਾ ਇਕਲੋਤਾ ਸਪੁਤ੍ਰ ਬੇਵਕਤ ਅਕਾਲ ਚਲਾਣਾ ਕਰ ਗਿਆ ਤੇ ਉਨ੍ਹਾਂ ਵਾਸਤੇ ਸੰਸਾਰ ਅੰਧੇਰਾ ਹੋ ਗਿਆ। ਇਹ ਸੱਟ ਅਸਹਿ ਸੀ ਪ੍ਰੰਤੂ ਸ: ਨਰਾਇਣ ਸਿੰਘ ਜੀ ਤੇ ਓਨਾਂ ਦੇ ਪ੍ਰਵਾਰ ਨੇ ਇਹ ਫੈਸਲਾ ਕਰ ਲਿਆ ਕਿ ਸ: ਉਜਾਗਰ ਸਿੰਘ ਜੀ ਦੀ ਯਾਦਗਾਰ ਕਾਇਮ ਕਰਨ ਲਈ ਸਿਧਵਾ ਖੁਰਦ ਵਿਚ ਕੰਨਿਆਂ ਪਾਠਸ਼ਾਲਾ ਖੋਹਲੀ ਜਾਵੇ ਜੋ ਉਸ ਦੀ ਸਦੀਵੀ ਯਾਦਗਾਰ ਦੇ ਤੌਰ ਪਰ ਕਾਇਮ ਰਹੇ ਅਤੇ ਅਪਾਣੇ ਜੀਵਨ ਨੂੰ ਭੀ ਲੜਕੀਆਂ ਨੂੰ ਵਿਦਿਆ ਦੇਣ ਦੇ ਉਪਕਾਰ ਵਿਚ ਲਗਾਕੇ ਸਫਲ ਕੀਤਾ ਜਾਵੇ। ਇਸ ਨੇਕ ਗੁਰ ਸਿਖ ਘਰਾਣੇ ਨੇ ਵਾਹਿਗੁਰੂ ਦੇ ਇਸ ਅਮਿੱਟ ਭਾਣੇ ਵਿਚੋ ਲੋਕ ਭਲਾਈ ਦਾ ਕਿਤਨਾ ਸੋਹਣਾ ਪਹਿਲੂ ਲਭ ਲਿਆ ਤੇ ਇਹ ਭੀ ਫੈਸਲਾ ਹੋਇਆ ਕਿ ਬੀਬੀ ਹਰ ਪ੍ਰਕਾਸ਼ ਨੂੰ ਵਿਦਵਾਨ ਬਣਾਕੇ ਉਸ ਪਾਸੋਂ ਵਿਦਿਆ ਪ੍ਰਚਾਰ ਦਾ ਉਤਮ ਕਾਰਜ ਕਰਾਇਆ ਜ ਵੇ।

ਕੰਨਿਆ ਪਾਠਸ਼ਾਲਾ ਦੀ ਨੀਂਹ ਰਖ ਦਿਤੀ ਗਈ ਅਤੇ ਸ: ਨਰਾਇਣ ਸਿੰਘ ਜੀ ਤੇ ਉਨ੍ਹਾਂ ਦਾ ਧਰਮ ਪਤਨੀ ਸ੍ਰੀ ਮਤੀ ਮਾਤਾ ਰਾਮ ਕੌਰ ਨੇ ਆਪਣਾ ਜੀਵਨ ਇਸ ਪਾਠਸ਼ਾਲਾ ਦੇ ਅਰਪਨ ਕਰ ਦਿਤਾ। ਸਾਰਾ ਪ੍ਰਵਾਰ ਹਰ ਸਮੇਂ ਕੰਨਿਆਂ ਪਾਠਸ਼ਾਲਾ ਨੂੰ ਚੜ੍ਹਦੀਆਂ ਕਲਾ ਵਿਚ ਲੈ ਜਾਣ ਦੀਆਂ ਸਕੀਮਾਂ ਹੀ ਸੋਚਦਾ ਰਿਹਾ ਕਰੇ। ਉਸ ਇਲਾਕੇ ਵਿਚ ਜਿਥੇ ਅਜੇ ਲੜਕਿਆਂ ਦੀ ਪੜ੍ਹਾਈ ਲਈ ਭੀ ਕੋਈ ਤਸੱਲੀ ਬਖਸ਼ ਪ੍ਰਬੰਧ ਨਹੀਂ ਸੀ ਤੇ ਹਰ ਪਾਸੇ ਅਵਿਦਿਆ ਦਾ ਅਨੇਰਾ ਫੈਲਿਆ ਹੋਇਆ ਕਿ ਕੰਨਿਆ ਪਾਠਸ਼ਾਲਾ ਨੂੰ ਕਾਮਯਾਬ ਕਰਨਾ ਕੋਈ ਸੌਖੀ ਗਲ ਨਹੀਂ ਸੀ ਪਰੰਤੂ ਜਿਨ੍ਹਾ ਗੁਰਸਿਖਾਂ ਨੇ

Digitized by Panjab Digital Library | www.panjabdigilib.org

ਦ੍ਰਿੜ ਇਰਾਦਾ ਧਾਰਨ ਕਰ ਲਿਆ ਹੋਵੇ ਉਹ ਕੀ ਨਹੀਂ ਕਰ ਸਕਦੇ ?

ਇਸ ਗੁਰਸਿਖ ਘਰਾਣੇ ਦੀ ਅਮਿੱਟ ਲਗਨ ਤੇ ਦਿਨ ਰਾਤ ਸੇਵਾ ਵਿਚ ਜੁਟੇ ਰਹਿਣ ਦਾ ਸਦਕਾ ਕੰਨਿਆ ਪਾਠਸ਼ਾਲਾ ਦਿਨ ਦੂਣੀ ਤੇ ਰਾਤ ਚੌਗਣੀ ਤ੍ਰਕੀ ਕਰਨ ਲੱਗੀ । ਇਲਾਕੇ ਦੇ ਪੜ੍ਹੇ ਲਿਖੇ ਸਜਨਾ ਦਾ ਧਿਆਨ ਭੀ ਹੁਣ ਇਸ ਪਾਸੇ ਹੋ ਗਿਆ ਅਤੇ ਇਹ ਪਾਠਸ਼ਾਲਾ ਪ੍ਰਾਇਮਰੀ ਤੋਂ ਮਿਡਲ ਤੇ ਫਿਰ ਹਾਈ ਕਲਾਸਾਂ ਦੀਆਂ ਉਨਤੀ ਦੀਆਂ ਸੀੜ੍ਹੀਆਂ ਚੜ੍ਹਕੇ ਕਾਲਜ ਤਕ ਪਹੁੰਚ ਗਈ। ਬੀਬੀ ਹਰ ਪ੍ਰਕਾਸ਼ ਕੌਰ ਜੀ ਨੇ ਇਸ ਪਾਠਸ਼ਾਲਾ ਵਿਚੋਂ ਮਿਡਲ ਪਾਸ ਕੀਤਾ ਫਿਰ ਐਸ ਵੀ ਕੀਤੀ ਅਤੇ ਪ੍ਰਾਈਵੇਟ ਪੜ੍ਹਕੇ ਅੰਗਰੇਜ਼ੀ ਵਿਚ ਮੈਟ੍ਰਿਕ ਤੇ ਐਫ ਏ ਦਾ ਇਮਤਿਹਾਨ ਪਾਸ ਕਰ ਲਏ।

ਵਾਹਿਗੁਰੂ ਦੀ ਬੀਬੀ ਜੀ ਪਰ ਬੜੀ ਕ੍ਰਿਪਾ ਸੀ ਤੇ ਆਪਨੂੰ ਇਕ ਵਚਿਤ੍ਰ ਦਿਮਾਗ ਬਖਸ਼ਿਆ ਸੀ ਇਸ ਕਰਕੇ ਆਪ ਨੇ ਜੋ ਇਰਾਦਾ ਧਾਰਨ ਕੀਤਾ ਉਸ ਵਿਚ ਤੱਤ ਛਿਨ ਸਫਲਤਾ ਪ੍ਰਾਪਤ ਕੀਤੀ ਮਾਤਾ ਪਿਤਾ ਨੂੰ ਵਿਦਵਾਨ ਧੀ ਦੇ ਉਪਕਾਰੀ ਜੀਵਨ ਨੂੰ ਵੇਖਕੇ ਬੜੀ ਖੁਸ਼ੀ ਹੁੰਦੀ ਅਤੇ ਉਹ ਇਹ ਸਮਝਦੇ ਕਿ ਜੇ ਧੀਆਂ ਲਾਇਕ ਹੋਣ ਤਾਂ ਉਹ ਕਈ ਕੁਲ ਦਾ ਉਧਾਰ ਕਰ ਦਿੰਦੀਆਂ ਹਨ । ਇਹ ਹੈ ਭੀ ਸਚ ਪੁਤ੍ਰ ਲਾਇਕ ਹੋਵੇ ਤਾਂ ਉਹ ਇਕੋ ਕੁਲ ਨੂੰ ਉਜਾਗਰ ਕਰਦਾ ਹੈ । ਸ: ਉਜਾਗਰ ਸਿੰਘ ਜੀ ਜੀਊਂਦੇ ਹੁੰਦੇ ਤਾਂ ਉਨ੍ਹਾਂ ਨੇ ਆਪਣੀ ਕੁਲ ਜ਼ਰੂਰ ਉਜਾਗਰ ਕਰਨੀ ਸੀ ਪਰੰਤੂ ਬੀਬੀ ਹਰ ਪ੍ਰਕਾਸ਼ ਕੌਰ ਨੇ ਲੜਕੀਆਂ ਨੂੰ ਵਿਦਿਆ ਦਾਨ ਦੇ ਕੇ ਕਿਤਨੀਆਂ ਕੁਲਾਂ ਉਜਾਗਰ ਕੀਤੀਆਂ ਉਨ੍ਹਾਂ ਦੀ ਗਿਣਤੀ ਹੀ ਨਹੀਂ ਹੋ ਸਕਦੀ। ਇਹ ਵਿਦਵਾਨ ਬੀਬੀ ਪਾਠਸ਼ਾਲਾ ਨੂੰ ਉਨਤ ਕਰਨ ਵਿਚ ਵਧ ਚੜ੍ਹਕੇ ਹਿਸਾ ਪਾ ਰਹੀ ਸੀ ਕਿ ਮਾਤਾ ਪਿਤਾ ਨੂੰ ਲੋਕ ਰੀਤ ਅਨੁਸਾਰ ਆਪ ਦਾ ਅਨੰਦ ਕਾਰਜ ਕਰਨ ਦਾ ਫਿਕਰ ਆਣ ਲਗਾ। ਜਿਸ ਬੀਬੀ ਨੂੰ ਯੋਗ ਬਨਾਉਣ ਲਈ ਉਨ੍ਹਾਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਸੀ ਅਤੇ ਜੋ ਆਪਣੇ ਉਚੇ ਅਚਰਨ ਦੇ ਸ਼ੁਭ ਗੁਣਾ ਦਾ ਸਦਕਾ ਆਪਣੀ ਮਿਸਾਲ ਆਪ ਹੀ ਸੀ ਉਸ ਲਈ ਯੋਗ ਵਰ ਤਲਾਸ਼ ਕਰਨਾ ਕੇਹੜਾ ਸੌਖਾ ਕੰਮ ਸੀ। ਸ: ਨਰਾਇਣ ਸਿੰਘ ਜੀ ਨੂੰ ਹੁਣ ਇਹ ਚਿੰਤਾ ਵਢ ੨ ਖਾਣ ਲਗੀ ਕਿ ਕਿਧਰੇ ਕੋਈ ਐਸਾ ਖਾਨਦਾਨ ਨਾ ਮਿਲ ਜਾਇ ਜਾਂ ਲੜਕਾ ਹੀ ਐਸਾ ਨਾ ਹੋਵੇ ਜੋ ਗੁਰਮਤ ਮਾਰਗ ਤੋਂ ਭਟਕਿਆ ਹੋਇਆ ਹੋਵੇ। ਸਭ ਦੋਸਤਾਂ ਮਿਤ੍ਰਾਂ ਨੂੰ ਕਿਹਾ ਗਿਆ ਕਿ ਉਹ ਯੋਗ ਵਰ ਤਲਾਸ਼ ਕਰਨ। ਸ੍ਰੀ ਮਾਨ ਸੰਤ ਗੁਰਬਖਸ਼ ਸਿੰਘ ਜੀ ਪਟਿਆਲਾ ਦਰਬਾਰ ਵਲੋਂ ਉਪਦੇਸ਼ਕ ਨੀਯਤ ਹੋਇ ਸਨ ਤੇ ਸਾਲਾਨਾ ਦੀਵਾਨ ਪਰ ਆਉਣ ਕਰਕੇ ਉਹ ਭਾਈ ਨਰਾਇਣ ਸਿੰਘ ਜੀ ਦੇ ਪ੍ਰੇਮਮਿਤ੍ਰ ਬਣ ਗਏ ਸਨ। ਉਨਾਂ ਦੇ ਯਤਨ ਦਾ ਸਦਕਾ ਬੀਬੀ ਹਰ ਪ੍ਰਕਾਸ਼ ਕੌਰ ਜੀ ਵਾਸਤੇ ਯੋਗ ਵਰ ਲਭ ਗਿਆ । (ਪਿੰਡ ਮੋਰਾ ਵਾਲੀ ਜ਼ਿਲਾ ਜਲੰਧਰ) ਦੇ ਰਈਸ ਚੌਧਰੀ ਪ੍ਰੇਮ ਸਿੰਘ ਦੇ ਸਪੁਤ੍ਰ ਸ, ਅਮਰ ਸਿੰਘ ਜੀ ਨਾਲ ਬੀਬੀ ਜੀ ਦੀ ਕੁੜਮਾਈ ਹੋ ਗਈ।

ਸ: ਪ੍ਰੇਮ ਸਿੰਘ ਜੀ ਦਾ ਖਾਨਦਾਨ ਤਾਂ ਪੂਰਨ ਗੁਰਸਿਖਾਂ ਦਾ ਖਾਨਦਾਨ ਸੀ। ਦਸਵੰਧ ਦੇਣਾ ਅਤੇ ਹਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਘਰ ਵਿਚ ਰਖਕੇ ਸਾਰੇ ਪ੍ਰਵਾਰ ਨੂੰ ਗੁਰਬਾਣੀ ਪੜ੍ਹਨ ਵਿਚ ਲਗਾਈ ਰਖਣਾ ਇਹਨਾਂ ਦੇ ਘਰ ਦੀ ਖਾਸ ਵਸ਼ੇਸ਼ਤਾ ਸੀ । ਚੌਧਰੀ ਸਾਹਿਬ ਦਾ ਇਲਾਕੇ ਵਿਚ ਬੜਾ ਸਤਿਕਾਰ ਸੀ ਕਿਉਂਕਿ ਉਹ ਲੋਕ ਭਲਾਈ ਦੇ ਕੰਮਾਂ ਵਿਚ ਵਧ ਚੜ੍ਹ ਕੇ ਹਿਸਾ

Digitized by Panjab Digital Library | www.panjabdigilib.org

ਲਿਆ ਕਰਦੇ ਸਨ। ਇਨ੍ਹਾਂ ਦੇ ਸਪੁਤ੍ਰ ਸ: ਅਮਰ ਸਿੰਘ ਜੀ ਫੌਜ ਵਿਚੋਂ ਰੀਟਾਇਰ ਹੋਕੇ ਆਏ ਸਨ ਤੇ ਆਪਨੂੰ ਦੋ ਮੁਰੱਬੇ ਮਿਲੇ ਹੋਇ ਸਨ। ਦੋਹਾਂ ਖਾਨਦਾਨਾ ਵਲੋਂ ਵਿਆਹ ਦੀਆਂ ਤਿਆਰੀਆਂ ਹੋਣ ਲਗੀਆਂ। ਦੋ ਗੁਰਸਿਖ ਘਰਾਣਿਆ ਦਾ ਮੇਲ ਹੋਣਾ ਭੀ ਕੋਈ ਸਾਧਾਰਨ ਘਟਨਾ ਨਹੀਂ। ਬੀਬੀ ਜੀ ਦੇ ਅਨੰਦ ਕਾਰਜ ਪਰ ਦੁਆਬੇ ਅਤੇ ਮਾਲਵੇ ਦੇ ਬਹੁਤ ਸਾਰੇ ਪਤਵੰਤੇ ਸਜਨ ਇਕੱਠੇ ਹੋਇ। ਪਟਿਆਲੇ ਦੇ ਅਹਿਲਕਾਰ ਭੀ ਆਏ। ਭਾਰੀ ਇਕੱਠ ਹੋਣ ਦੇ ਬਾਵਜੂਦ ਅਨੰਦ ਕਾਰਜ ਪੂਰਨ ਸ਼ਾਂਤੀ ਤੇ ਗੁਰਮਤਿ ਅਨੁਸਾਰ ਹੋਇਆ। ਇਸ ਪ੍ਰਕਾਰ ਬੀਬੀ ਹਰਪ੍ਰਕਾਸ਼ ਕੌਰ ਇਕ ਸੁਖੀ ਵਸਦੇ ਹਰੇ ਭਰੇ ਪ੍ਰਵਾਰ ਵਿਚ ਸੁਖਾਂ ਭਰਿਆ ਜੀਵਨ ਬਤੀਤ ਕਰਨ ਲੱਗੀ। ਇਸ ਵਿਦਵਾਨ ਬੀਬੀ ਦੇ ਪੁਜਣ ਪਰ ਸ: ਅਮਰ ਸਿੰਘ ਜੀ ਦੇ ਘਰ ਦੀ ਸ਼ੋਭਾ ਹੋਰ ਭੀ ਵਧ ਗਈ। ਸਭ ਵਡੇ ਛੋਟੇ ਬੀਬੀ ਜੀ ਦਾ ਬਹੁਤ ਆਦਰ ਕਰਦੇ। ਵਾਹਿਗੁਰੂ ਦੀ ਦਇਆ ਨਾਲ ਬੀਬੀ ਜੀ ਦੀ ਗੋਦ ਹਰੀ ਹੋਈ। ਅਕਾਲ ਪੁਰਖ ਨੇ ਕ੍ਰਿਪਾ ਕਰਕੇ ਇਕ ਭੁਜੰਗੀ ਦੀ ਦਾਤ ਬਖਸ਼ੀ ਜੋ ਸੁੰਦਰਤਾ ਦਾ ਅਵਤਾਰ ਸੀ। ਜੋੜੀ ਦੀਆਂ ਖੁਸ਼ੀਆਂ ਦਾ ਹੁਣ ਕੋਈ ਪਾਰਾ ਵਾਰ ਨਾ ਰਿਹਾ। ਜੀਵਨ ਬੜੇ ਖੇੜੇ ਭਰੇ ਵਾਤਾਵਰਨ ਵਿਚ ਬਤੀਤ ਹੋਣ ਲਗਾ। ਹਿੰਦੀ ਦੇ ਕਵੀ ਦੇ ਇਸ ਕਥਨ ਅਨਸਾਰ "ਕਿਸ਼ਖ ਥਾਂ ਸੀ ਮਾਕੋ ਜਾ ਪਹੁੰਚਾ ਥਾਂ ਅਨੰਦ ਮਹਾਨ" ਸੁਖ ਅਪਾਣੀ ਅੰਤਲੀ ਸਿਖਰ ਤੱਕ ਪੁਜ ਗਿਆ। ਦੰਪਤੀ ਦਾ ਪ੍ਰੇਮ, ਹੋਵੇ, ਘਰ ਵਿਚ ਖਾਣ ਪੀਣ ਪਹਿਨਣ ਦੀ ਕੋਈ ਕਮੀ ਨਾ ਹੋਵੇ ਤੇ ਚਿਤ ਪ੍ਰਚਾਵੇ ਲਈ ਤੇ ਘਰ ਨੂੰ ਰੋਸ਼ਨ ਕਰਨ ਲਈ ਪੁਤ੍ਰ ਦੀ ਦਾਤ ਭੀ ਪ੍ਰਾਪਤ ਹੋ ਗਈ ਹੋਵੇ ਇਸ ਤੋਂ ਉਪਰ ਦੁਨੀਆਵੀ ਸੁਖ ਕੇਹੜਾ ਹੋ ਸਕਦਾ ਹੈ।

ਇਤਨੇ ਸੁਖਾਂ ਵਿਚ ਪਰਵਿਰਤ ਹੋ ਕੇ ਬੀਬੀ ਹਰ ਪ੍ਰਕਾਸ਼ ਕੌਰ ਨੂੰ ਕੰਨਿਆ ਪਾਠਸ਼ਾਲਾ ਦਾ ਵਿਸਰ ਜਾਣਾ ਕੁਦਰਤੀ ਗੱਲ ਸੀ। ਭਾਵੇ ਉਨਾਂ ਨੂੰ ਕਈ ਵੇਰ ਚੇਤਾ ਭੀ ਆਉਂਦਾ ਕਿ ਬਿਰਧ ਮਾਤਾ ਪਿਤਾ ਦੀਆਂ ਆਸ਼ਾਵਾਂ ਦਾ ਕੇਂਦਰ ਅਤੇ ਇਲਾਕੇ ਵਿਚ ਰੌਸ਼ਨੀ ਦਾ ਜੋ ਮੀਨਾਰ ਸਾਡੇ ਖਾਨਦਾਨ ਨੇ ਕਾਇਮ ਕੀਤਾ ਹੈ ਉਸ ਨੂੰ ਕੋਈ ਨੁਕਾਸਾਨ ਨਾ ਪੁਜੇ। ਪ੍ਰੰਤੂ ਹੁਣ ਪਤੀ ਦੀ ਆਗਿਆ ਵਿਚ ਰਹਿਣਾ ਤੇ ਪ੍ਰਵਾਰਕ ਜ਼ੁਮੇਵਾਰੀਆ ਨੂੰ ਨਿਬਾਹੁਣਾ ਭੀ ਜ਼ਰੂਰੀ ਸੀ ਇਸ ਕਰਕੇ ਬੀਬੀ ਹਰ ਪ੍ਰਕਾਸ਼ ਕੌਰ ਜੀ ਕੰਨਿਆ ਪਾਠਸ਼ਾਲਾ ਦੀ ਉਨਤੀ ਵਿਚ ਹੁਣ ਬਹੁਤ ਹਿਸਾ ਨਹੀਂ ਪਾ ਸਕਦੇ ਸਨ। ਇਕ ਵਿਦਵਾਨ ਬੀਬੀ ਦੀ ਨਿਗਰਾਨੀ ਤੋਂ ਵਾਂਝੇ ਰਹਿਕੇ ਪਾਠਸ਼ਾਲਾ ਨੂੰ ਨੁਕਸਾਨ ਪੁਜਣਾ ਭੀ ਜ਼ਰੂਰੀ ਸੀ ਇਸ ਕਰਕੇ ਉਸ ਅਗੰਮੀ ਸ਼ਕਤੀ ਨੇ ਜੋ ਮਨੁਖ ਦੀਆਂ ਦਿਲੀ ਖਾਹਸ਼ਾਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਇ ਭੀ ਮਨੁਖਾ ਪਾਸੋਂ ਉਹ ਕੰਮ ਕਰਾਉਂਦੀ ਹੈ ਜੋ ਉਸ ਨੂੰ ਭਾਉਂਦੇ ਹੋਣ ਭਾਣੇ ਦਾ ਉਲਟਾ ਚਕਰ ਚਲਾ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਕਾਲ ਪੁਰਖ ਦੇ ਗੁਣਾ ਦਾ ਵਰਣਨ ਕਰਦੇ ਹੋਇ ਲਿਖਿਆ ਹੈ "ਨਮੋ ਨਿੱਤ ਨਾਰਾਇਣੇ ਕ੍ਰੂਰ ਕਰਮੇ" ਅਤੇ "ਅਣਡੀਠ ਕਰਦੇ ਅਤਿ ਢੀਠ ਧਰਮ" ਆਦਿ ਜਿੰਨਾਂ ਤੋਂ ਪ੍ਰਗਟ ਹੁੰਦਾ ਹੈ ਕਿ ਜਿਥੇ ਵਾਹਿਗੁਰੂ ਮਨੁਖ ਦੀਆਂ ਸਾਰੀਆਂ ਖੁਸ਼ੀਆਂ ਦਾ ਦਾਤਾ ਹੈ। ਉਸ ਨੂੰ ਬੜੀਆਂ ਅਮੋਲਕ ਦਾਤਾਂ ਬਖਸ਼ਦਾ ਹੈ ਤੇ ਜਦੋਂ ਦਿਆਲ ਹੁੰਦਾ ਹੈ ਤਾਂ ਖੁਸ਼ੀਆਂ ਦਾ ਕੋਈ ਪਾਰਾਵਾਰ ਨਹੀਂ ਰਹਿਣ ਦਿੰਦਾ ਉਥੇ ਜਦ ਉਹ ਸਾਰੀਆਂ ਖੁਸ਼ੀਆਂ ਖੋਹ ਲੈਂਦਾ ਹੈ ਤਾਂ ਮਨੁਖ ਨੂੰ ਉਹ ਬੜਾ ਬੇਰਹਿਮਾ ਤੇ ਬੇਤਰਸ ਮਾਲੂਮ ਹੁੰਦਾ ਹੈ। ਉਸਦੇ ਸਾਹਮਣੇ ਤਾਂ ਸ਼ਾਇਦ ਕੋਈ ਹੋਰ ਉਚਾ ਮਕਸਦ ਹੁੰਦਾ ਹੈ ਪ੍ਰੰਤੂ ਮਨੁਖ ਜਦੋਂ ਉਸ ਦੀ ਕੁਦਰਤ ਦੇ ਭੇਦ ਨੂੰ ਨਹੀਂ ਸਮਝਦਾ ਤੇ ਆਪਣੀਆਂ ਖੁਸ਼ੀਆਂ ਵਿਚ ਵਿਘਨ ਪੈਂਦਾ ਵੇਖਦਾ ਹੈ ਤਾਂ ਈਸ਼ਵਰ ਵਿਰੁਧ ਗਿਲੇ ਕਰਨ ਲਗ ਜਾਂਦਾ ਹੈ। ਜਦ ਉਹ ਮਨੁਖ ਪਰ ਕਰੋਪ ਹੁੰਦਾ ਹੈ ਤਾਂ

Digitized by Panjab Digital Library | www.panjabdigilib.org

ਉਹ "ਨਮੋ ਕ੍ਰੂਰ ਕਰਮੇ" ਦੇ ਵਸ਼ੇਸ਼ਣ ਨਾਲ ਯਾਦ ਕੀਤਾ ਜਾਂਦਾ ਹੈ। ਉਸ ਵਾਹਿਗੁਰੂ ਨੇ ਸੋਚਿਆ ਹੋਵੇ ਗਾ ਕਿ ਬੀਬੀ ਹਰ ਪ੍ਰਕਾਸ਼ ਕੌਰ ਪਾਸੋਂ ਤਾਂ ਪਰਉਪਕਾਰ ਦਾ ਜੀਵਨ ਬਿਤਾਉਣਾ ਸੀ ਪਰ ਬੀਬੀ ਤਾਂ ਸੰਸਾਰਕ ਸੁਖਾਂ ਵਿਚ ਪਰਵਿਰਤ ਹੋ ਗਈ ਹੈ। ਇਹ ਸੋਚ ਕੇ ਭਾਵੀ ਦੇ ਚਕਰ ਨੂੰ ਉਲਟੇ ਗੇੜੇ ਦੇਣੇ ਸ਼ੁਰੂ ਕਰ ਦਿਤੇ ਅਤੇ ਬੀਬੀ ਪਾਸੋਂ ਸਾਰੇ ਸੁਖ ਖੋਹ ਲਏ।

ਸਭ ਤੋਂ ਪਹਿਲਾਂ ਆਪ ਦੇ ਪਤੀ ਸ: ਅਮਰ ਸਿੰਘ ਜੀ ਪਰ ਭਾਵੀ ਦੇ ਚਕਰ ਦਾ ਵਾਰ ਹੋਇਆ। ਉਹ ਭਰ ਜਵਾਨੀ ਵਿਚ ਹੀ ਇਸ ਆਸਾਰ ਸੰਸਾਰ ਤੋਂ ਕੂਚ ਕਰ ਗਏ। ਜਿਵੇਂ ਬਿਜਲੀ ਖਿੜੇ ਹੋਇ ਬਾਗ ਪਰ ਪੈਂਦੀ ਹੈ ਤੇ ਸਭ ਤੋਂ ਉਚੇ ਤੇ ਸੋਹਣੇ ਬੂਟੇ ਨੂੰ ਸਾੜ ਕੇ ਰਾਖ ਕਰ ਦਿੰਦੀ ਹੈ। ਇਸੀ ਪ੍ਰਕਾਰ ਸ: ਪ੍ਰੇਮ ਸਿੰਘ ਜੀ ਦੇ ਸੁਖੀ ਵਸਦੇ ਪ੍ਰਵਾਰ ਪਰ ਰਬਦੇ ਭਾਣੇ ਦੀ ਬਿਜਲੀ ਡਿਗੀ ਜੋ ਬੀਬੀ ਹਰ ਪ੍ਰਕਾਸ਼ ਕੌਰ ਦੀਆਂ ਸਾਰੀਆਂ ਆਸਾਂ ਉਮੀਦਾਂ ਨੂੰ ਮਿੱਟੀ ਵਿਚ ਮਿਲਾ ਗਈ। ਦੋਹਾਂ ਪ੍ਰਵਾਰਾਂ ਨੇ ਅਜਰ ਭਾਣੇ ਨੂੰ ਬੜੀ ਮੁਸ਼ਕਲ ਨਾਲ ਜਰਿਆ। ਸ: ਨਰਾਇਣ ਸਿੰਘ ਜੀ ਵਾਸਤੇ ਤਾਂ ਇਹ ਸਟ ਹੋਰ ਅਸਹਿ ਸੀ ਕਿਉਂ ਕਿ ਅਗੇ ਜਵਾਨ ਨੂੰਹ ਵਿਧਵਾ ਹੋਈ ਬੂਹੇ ਪਰ ਬੈਠੀ ਸੀ ਤੇ ਹੁਣ ਧੀ ਭੀ ਚੜ੍ਹਦੀ ਜਵਾਨੀ ਵਿਚ ਵਿਧਵਾ ਹੋ ਗਈ। ਜਿੰਨਾਂ ਦਾ ਜਵਾਨ ਪੁਤ੍ਰ ਜੁਦਾਈਆਂ ਦੇ ਦਾਗ ਸੀਨੇ ਪਰ ਲਗਾ ਗਿਆ ਸੀ ਉਨਾਂ ਲਈ ਭੀ ਇਹ ਦੁਖ ਅਸਹਿ ਸੀ ਪ੍ਰੰਤੂ ਸਭ ਤੋਂ ਬੁਰੀ ਹਾਲਤ ਤਾਂ ਬੀਬੀ ਹਰ ਪ੍ਰਕਾਸ਼ ਕੌਰ ਦੀ ਸੀ ਜਿਸ ਦੀਆਂ ਆਸਾਂ ਉਮੀਦਾਂ ਦਾ ਵਸਦਾ ਰਸਦਾ ਸੰਸਾਰ ਉਜੜ ਗਿਆ ਤੇ ਜਿਸ ਦੇ ਸਾਹਮਣੇ ਇਕ ਡਰਾਉਣਾ ਤੇ ਲੰਬਾ ਜੀਵਨ ਪੰਧ ਆ ਖੜਾ ਹੋਇਆ ਜਿਸ ਨੂੰ ਪਤੀ ਤੋਂ ਬਿਨਾਂ ਪੂਰਾ ਕਰਨਾ ਬਹੁਤ ਕਠਨ ਹੁੰਦਾ ਹੈ।

ਦੁਖਾਂ ਦੀ ਇਸ ਕਾਲੀ ਬੋਲੀ ਰਾਤ ਅੰਦਰ ਆਸ਼ਾ ਦੀ ਇਕ ਕਿਰਨ ਬਾਕੀ ਸੀ। ਬੀਬੀ ਜੀ ਵਿਚਾਰਦੇ ਸਨ ਮੈਂ ਆਪਣੇ ਸਪੁਤ੍ਰ ਨੂੰ ਪੜ੍ਹਾਊਂਗੀ, ਲਿਖਾਊਂਗੀ, ਉਹ ਵਡਾ ਹੋਵੇਗਾ ਉਸਦਾ ਵਿਆਹ ਕਰੂੰਗੀ ਤੇ ਇਸ ਤ੍ਰਾਂ ਆਪਣੀਆਂ ਅਪੂਰਨ ਸਧਰਾਂ ਨੂੰ ਕਾਕਾ ਗੁਰਦੇਵ ਸਿੰਘ ਦੇ ਜੀਵਨ ਨੂੰ ਹਰ ਪਹਿਲੂ ਤੋਂ ਸੋਹਣਾ ਬਣਾਕੇ ਪੂਰੀਆਂ ਕਰੂੰਗੀ ਪ੍ਰੰਤੂ ਵਾਹਿਗੁਰੂ ਨੂੰ ਕੁਝ ਹੋਰ ਹੀ ਭਾਉਂਦਾ ਸੀ। ਉਸਨੇ ਤਾਂ ਇਹ ਪ੍ਰੋਗ੍ਰਾਮ ਬਣਾ ਰਖਿਆ ਪ੍ਰਤੀਤ ਹੁੰਦਾ ਸੀ ਕਿ ਬੀਬੀ ਜੀ ਪਾਸ ਕੋਈ ਐਸੀ ਚੀਜ਼ ਨਹੀ ਰਹਿਣ ਦੇਣੀ ਜਿਸ ਵਿਚਉਸਦਾ ਮਨ ਅਟਕਿਆ ਰਹੇ ਅਤੇ ਉਹ ਆਪਣੇ ਜੀਵਨ ਨੂੰ ਪੂਰਨ ਤੌਰ ਪਰ ਪਰਉਪਕਾਰ ਦੇ ਸੰਚੇ ਵਿਚ ਨਾ ਢਾਲ ਸਕੇ। ਥੋਹੜੇ ਚਿਰ ਪਿਛੋਂ ਇਕ ਹੋਰ ਭਾਣਾ ਵਰਤਿਆ ਕਿ ਬੀਬੀ ਹਰ ਪ੍ਰਕਾਸ਼ ਕੌਰ ਦੀਆਂ ਆਸਾਂ ਉਮੀਦਾਂ ਦਾ ਅੰਤਮ ਸਹਾਰਾ ਕਾਕਾ ਗੁਰਦੇਵ ਸਿੰਘ ਭੀ ਗੁਰਪੁਰੀ ਸਧਾਰ ਗਿਆ। ਹੁਣ ਸੰਸਾਰਕ ਤੌਰ ਪਰ ਤਾਂ ਬੀਬੀ ਜੀ ਦਾ ਜੀਵਨ ਅੰਧੇਰਾ ਅਤੇ ਅਤਿ ਦੁਖਦਾਈ ਬਣ ਗਿਆ ਪਰੰਤੂ ਅਕਾਲ ਪੁਰਖ ਦੀ ਮਰਜ਼ੀ ਤਾਂ ਇਹ ਸੀ ਕਿ ਭਾਈ ਨਰਾਇਣ ਸਿੰਘ ਜੀ ਤੇ ਉਨ੍ਹਾਂ ਦੇ ਸਾਰੇ ਪ੍ਰਵਾਰ ਦੀਆਂ ਸਭ ਖੁਸ਼ੀਆਂ ਕੰਨਿਆ ਪਾਠਸ਼ਾਲਾ ਤੋਂ ਹੀ ਕੁਰਬਾਨ ਕਰ ਦਿਤੀਆਂ ਜਾਣ ਅਤੇ ਇਸ ਖਾਨਦਾਨ ਦੇ ਕੀਮਤੀ ਹੀਰੀਆਂ ਨੂੰ ਕੁਰਬਾਨ ਕਰਕੇ ਕੰਨਿਆ ਪਾਠਸ਼ਾਲਾ ਦੀਆਂ ਨੀਆਂ ਪਕੀਆਂ ਕੀਤੀਆਂ ਜਾਣ। ਇਸ ਪ੍ਰਕਾਰ ਬੀਬੀ ਹਰ ਪ੍ਰਕਾਸ਼ ਕੌਰ ਦੇ ਪ੍ਰਵਾਰ ਦੀਆਂ ਸਾਰੀਆਂ ਖੁਸ਼ੀਆਂ ਤੇ ਖਾਹਸ਼ਾਂ ਨੂੰ ਕੰਨਿਆ ਪਾਠ ਸ਼ਾਲਾ ਦੀ ਇਕ ਇਕ ਇਟ ਤੋਂ ਕੁਰਬਾਨ ਕਰ ਦਿਤਾ ਗਿਆ। ਸ: ਉਜਾਗਰ ਸਿੰਘ ਜੀ ਦੀ ਯਾਦਗਾਰ ਵਿਚ ਇਸਦੀ ਨੀਂਹ ਧਰੀ ਗਈ ਭਾਵ ਉਹ ਇਸ ਦਾ ਬੁਨਿਆਦੀ ਪਥਰ ਬਣਿਆ। ਸ: ਅਮਰ ਸਿੰਘ

Digitized by Panjab Digital Library | www.panjabdigilib.org

ਜੀ ਤੇ ਕਾਕਾ ਗੁਰਦੇਵ ਸਿੰਘ ਜੀ ਦੀ ਯਾਦਗਾਰ ਵਿਚ ਕਮਰੇ ਬਣੇ। ਲੋਕ ਕਹਿੰਦੇ ਹਨ ਕੰਨਿਆ ਪਾਠਸ਼ਾਲਾ ਦੀਆਂ ਇੱਟਾਂ ਕੁਦਰਤੀ ਤੌਰ ਪਰ ਸੁਰਖ ਹਨ ਪਰੰਤੂ ਉਨ੍ਹਾਂ ਭੋਲਿਆਂ ਨੂੰ ਕੀ ਪਤਾ ਹੈ ਕਿ ਇਨ੍ਹਾਂ ਇਟਾਂ ਦੀ ਸੁਰਖੀ ਵਿਚੋਂ ਬੀਬੀ ਹਰ ਪ੍ਰਕਾਸ਼ ਦੇ ਅਰਮਾਨਾ ਦੇ ਖ਼ੂਨ ਦੀ ਲਾਲੀ ਡਲ੍ਹਕਾ ਮਾਰਦੀ ਹੈ ਅਤੇ ਇਸ ਦੀ ਇਕ ਇਕ ਇਟ ਹੇਠਾਂ ਉਸ ਪਰਉਪਕਾਰੀ ਬੀਬੀ ਦੀਆਂ ਕਈ ਕਈ ਜੀਵਨ ਸੱਧਰਾਂ ਦੱਬੀਆਂ ਪਈਆਂ ਹਨ। ਸ: ਨਰਾਇਣ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਨੇ ਇਸ ਫੁਲਵਾੜੀ ਨੂੰ ਆਪਣੇ ਖ਼ੂਨ ਨਾਲ ਸਿੰਜਿਆ ਹੈ।

ਇਸ ਪ੍ਰਕਾਰ ਵਾਹਿਗੁਰੂ ਨੇ ਆਪਣੇ ਕਰੜੇ ਭਾਣੇ ਦੀ ਕੁਠਾਲੀ ਵਿਚ ਪਾਕੇ ਬੀਬੀ ਹਰ ਪ੍ਰਕਾਸ਼ ਕੌਰ ਦੇ ਜੀਵਨ ਨੂੰ ਵਿਦਿਆ ਦਾ ਇਕ ਉਹ ਸੁੰਦਰ ਗਹਿਣਾ ਬਨਾਇਆ ਜਿਸ ਦੀ ਛੋਹ ਪ੍ਰਾਪਤ ਕਰਕੇ ਹੀ ਅਨੇਕ ਬੀਬੀਆਂ ਸ਼ੁਭ ਗੁਣਾ ਦੇ ਗਹਿਣਿਆ ਨਾਲ ਸ਼ਸ਼ੋਭਤ ਹੁੰਦੀਆਂ ਹਨ ਅਤੇ ਅਜ ਮਾਲਵੇ ਦੇ ਹਰ ਘਰ ਵਿਚੋਂ ਵਿਦਿਆ ਦੇ ਗਹਿਣੇ ਦੀਆਂ ਕਿਰਨਾ ਦਾ ਪ੍ਰਕਾਸ਼ ਹੋ ਰਿਹਾ ਹੈ। ਉਹ ਵਾਹਿਗੁਰੂ ਬੜਾ ਬੇ ਅੰਤ ਹੈ। ਉਸ ਨੇ ਇਸ ਪ੍ਰਵਾਰ ਨੂੰ ਸਾਰੀ ਸ੍ਰਿਸਟੀ ਵਿਚ ਉਜਾਗਰ ਕਰ ਦਿਤਾ ਹੈ। ਬੜੇ ਸਖਤ ਇਮਤਿਹਾਨ ਲਏ। ਬੜੇ ਕਸ਼ਟ ਦਿਤੇ ਪਰ ਜੇ ਉਹ ਇਹ ਕਸ਼ਟ ਨਾ ਦਿੰਦਾ ਤਾਂ ਭਾਈ ਸਾਹਿਬ ਦਾ ਖਾਨਦਾਨ ਉਜਾਗਰ ਕਿਵੇਂ ਹੁੰਦਾ। ਅਤੇ ਬੀਬੀ ਹਰ ਪ੍ਰਕਾਸ਼ ਕੌਰ ਦਾ ਸਾਰਾ ਜੀਵਨ ਪਰਉਪਕਾਰ ਵਿਚ ਕਿਵੇਂ ਬਤੀਤ ਹੁੰਦਾ। ਜਿਸ ਵੇਲੇ ਇਹ ਸਤਰਾਂ ਲਿਖੀਆਂ ਗਈਆਂ ਉਸ ਸਮੇਂ ਬੀਬੀ ਜੀ ਤੇ ਉਨ੍ਹਾਂ ਦੇ ਮਾਤਾ ਸ੍ਰੀ ਗੁਰੂ ਹਰਿ ਗੋਬਿੰਦ ਗਰਲਜ਼ ਕਾਲਜ ਸਿਧਵਾ ਖੁਰਦ ਨੂੰ ਹੋਰ ਭੀ ਚੜ੍ਹਦੀਆਂ ਕਲਾ ਵਿਚ ਲੈ ਜਾਣ ਲਈ ਸੇਵਾ ਕਰ ਰਹੇ ਸਨ ਅਤੇ ਉਨ੍ਹਾਂ ਦਾ ਜੀਵਨ ਮਨੋਰਥ ਹੀ ਇਸ ਕਾਲਜ ਦੀ ਉਨਤੀ ਬਣ ਚੁਕਿਆ ਸੀ।

ਵਾਹਿਗੁਰੂ ਸਚਾ ਪਾਤਸ਼ਾਹ ਕ੍ਰਿਪਾ ਕਰਕੇ ਬੀਬੀ ਜੀ ਦੀ ਨਿਗਰਾਨੀ ਵਿਚ ਇਹ ਕਾਲਜ ਹੋਰ ਭੀ ਉਨਤੀ ਕਰੇ ਅਤੇ ਦੇਸ਼ ਦੇ ਕੋਨੇ ਕੋਨੇ ਵਿਚ ਵਿਦਿਆ ਦੀ ਰੌਸ਼ਨੀ ਫੈਲਾਕੇ ਅਨਪੜ੍ਹਤਾ ਤੇ ਅਵਿ-ਦਿਆ ਨੂੰ ਨਾਸ਼ ਕਰਨ ਵਿਚ ਸਹਾਈ ਹੋਵੇ। ਜਿਨ੍ਹਾਂ ਲੋਕਾਂ ਨੇ ਬੀਬੀ ਹਰ ਪ੍ਰਕਾਸ਼ ਕੌਰ ਦੇ ਪਰਉਪਕਾਰ ਜੀਵਨ ਨੂੰ ਧਿਆਨ ਨਾਲ ਪੜ੍ਹਿਆ ਉਨ੍ਹਾਂ ਦੇ ਦਿਲਾਂ ਵਿਚ ਪਰਉਪਕਾਰ ਕਰਨ ਦੀ ਇਛਾ ਪੈਦਾ ਹੋਵੇਗੀ ਅਤੇ ਜੇਹੜੀਆਂ ਬੀਬੀਆਂ ਭੈਣਾ ਇਸ ਆਦਰਸ਼ ਜੀਵਨ ਨੂੰ ਪੜ੍ਹਨਗੀਆ ਉਨ੍ਹਾਂ ਨੂੰ ਤਾਂ ਉਹ ਸਬਕ ਮਿਲੇਗਾ ਜੋ ਹੋਰ ਕਿਧਰੋ ਨਹੀਂ ਮਿਲ ਸਕਦਾ। ਬੀਬੀ ਜੀ ਵਰਗਾ ਸੰਜਮੀ ਸਾਦਾ ਤੇ ਪਰਉਪਕਾਰੀ ਜੀਵਨ ਵਿਰਲੇ ਇਸਤ੍ਰੀ ਪੁਰਸ਼ਾਂ ਨੂੰ ਹੀ ਪ੍ਰਾਪਤ ਹੁੰਦਾ ਹੈ। ਅੱਜ ਕੱਲ ਦੀਆਂ ਫੈਸ਼ਨ ਗ੍ਰਸੀਆ ਕੁੜੀਆਂ ਤਾਂ ਸ਼ਾਇਦ ਇਸਨੂੰ ਮਨੋਕਲਪਤ ਅਤੇ ਵਧ ਚੜ੍ਹਕੇ ਕਥਨ ਕੀਤਾ ਗਿਆ ਜੀਵਨ ਹੀ ਦਸਣ ਪਰੰਤੂ ਲੇਖਕ ਪੂਰੀ ਜ਼ੁਮਾਵਾਰੀ ਨਾਲ ਕਹਿ ਸਕਦਾ ਹੈ ਕਿ ਜੋ ਕੁਝ ਉਪਰ ਲਿਖਿਆ ਗਿਆ ਹੈ ਉਸ ਵਿਚ ਰਤਾ ਭਰ ਭੀ ਅਤਿ ਉਕਤੀ ਨਹੀਂ ਸਗੋਂ ਇਹ ਇਕ ਸਿਖ ਘਰਾਣੇ ਦਾ ਅਧੂਰਾ ਚਿਤ੍ਰ ਹੈ ਜਿਸਦੇ ਬਹੁਤ ਸਾਰੇ ਪਹਿਲੂਆ ਪਰ ਵਿਸਥਾਰ ਦੇ ਡਰਕੇ ਰੌਸ਼ਨੀ ਨਹੀਂ ਪਾਈ ਗਈ।

## ੧੯੪੭ ਦੀਆਂ ਸ਼ਹੀਦ ਬੀਬੀਆਂ

ਸੰਨ ੧੯੪੭ ਈਸਵੀ ਵਿਚ ਦੇਸ਼ ਦੀ ਵੰਡ ਹੋਣ ਦੇ ਕਾਰਣ ਜੋ ਫਿਰਕੂ ਫਸਾਦ ਹੋਇ ਉਨ੍ਹਾਂ ਵਿਚ ਇਸਤ੍ਰੀ ਜ਼ਾਤੀ ਪਰ ਸਭ ਤੋਂ ਵਧ ਜ਼ੁਲਮ ਹੋਇਆ। ਇਸਤ੍ਰੀਆਂ ਸੁਭਾਵਕ ਤੌਰ ਪਰ ਹੀ ਧਰਮ

Digitized by Panjab Digital Library | www.panjabdigilib.org

ਪ੍ਰਿਯ ਹੁੰਦੀਆਂ ਹਨ। ਇਸਤ੍ਰੀ ਦਾ ਕੋਮਲ ਹਿਰਦਾ ਹੀ ਆਤਮਕ ਹੁਲਾਸ ਨੂੰ ਚੰਗੀ ਤਰਾਂ ਅਨਭਵ ਕਰ ਸਕਦਾ ਹੈ ਇਸ ਕਰਕੇ ਇਸਤ੍ਰੀਆਂ ਧਰਮ ਲਈ ਕੁਰਬਾਨੀ ਕਰਨ ਵਿਚ ਮਰਦਾ ਨਾਲੋਂ ਬਹੁਤ ਅਗੇ ਰਹਿੰਦੀਆਂ ਹਨ ਅਤੇ ਧਰਮ ਮੰਦਰਾ ਦੀ ਨਿਤ ਦੀ ਮਰਯਾਦਾ ਕਾਇਮ ਰਖਣ ਵਿਚ ਭੀ ਇਸਤ੍ਰੀਆਂ ਦਾ ਹੀ ਬਹੁਤਾ ਹਿਸਾ ਹੁੰਦਾ ਹੈ। ਇਸ ਹਕੀਕਤ ਨੂੰ ਅਨਭਵ ਕਰਨਾ ਹੋਵੇ ਤਾਂ ਅੰਮ੍ਰਿਤ ਵੇਲੇ ਉਠ ਕੇ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪ੍ਰਕਰਮਾ ਵਿਚ ਬੈਠ ਜਾਉ। ਹੱਥਾਂ ਵਿਚ ਸੁਖਮਨੀ ਸਾਹਿਬ ਜੀ ਦੇ ਤੇ ਨਿਤਨੇਮ ਦੇ ਗੁਟਕੇ ਫੜੀ ਸਭ ਤੋਂ ਪਹਿਲਾਂ ਮਾਈਆਂ ਬੀਬੀਆਂ ਹੀ ਆਉਣਗੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹੋਣ ਸਮੇਂ ਇਸ ਤ੍ਰਾਂ ਇਕਤ੍ਰ ਹੋ ਜਾਣ ਗੀਆਂ ਜਿਵੇਂ ਦੀਪਕ ਦੇ ਗਿਰਦ ਪਤੰਗੇ ਜਮਾ ਹੋ ਜਾਂਦੇ ਹਨ। ਸੇਵਾ ਸਿੰਮਰਨ ਤੇ ਕੁਰਬਾਨੀ ਵਿਚ ਇਸਤ੍ਰੀਆਂ ਵਧ ਤੋਂ ਵਧ ਹਿਸਾ ਲੈਂਦੀਆਂ ਹਨ। ਹਿੰਦੂਆਂ ਦੇ ਧਰਮ ਮੰਦਰ ਵਿਚ ਜਾਕੇ ਦੇਖੋ ਤਾਂ ਉਨਾਂ ਦੀ ਰੌਣਕ ਭੀ ਇਸਤ੍ਰੀਆਂ ਦੀ ਸ਼ਰਧਾ ਭਾਵਨਾ ਕਰਕੇ ਹੀ ਕਾਇਮ ਹੈ ਨਹੀਂ ਤਾਂ ਮੰਦਰਾਂ ਵਿਚ ਬਿਰਾਜਮਾਨ ਦੇਵ ਮੂਰਤੀਆਂ ਨੂੰ ਭੋਗ ਹੀ ਕੋਈ ਨਾ ਲਗਾਵੇ। ਆਏ ਗਏ ਅਤੀਤ ਤੇ ਸਾਧੂ ਮਹਾਤਮਾਂ ਦੀ ਸੇਵਾ ਭੀ ਇਸਤ੍ਰੀਆਂ ਹੀ ਵਧੇਰੇ ਕਰਦੀਆਂ ਹਨ। ਜਿਸ ਘਰ ਵਿਚ ਧਰਮ ਪਰਾਇਣ ਤੇ ਦਾਨੀ ਸੁਭਾ ਵਾਲੀ ਇਸਤ੍ਰੀ ਨਾ ਹੋਵੇ ਉਸ ਘਰ ਤੋਂ ਸਵਾਲੀ ਖਾਲੀ ਮੁੜ ਜਾਂਦੇ ਹਨ।

ਸਿਖ ਇਤਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਸ੍ਰੀ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਆਏ ਤਾਂ ਪੁਜਾਰੀਆਂ ਨੇ ਬੂਹੇ ਬੰਦ ਕਰ ਦਿਤੇ ਅਤੇ ਗੁਰੂ ਜੀ ਮਹਾਰਾਜ ਦੀ ਕੋਈ ਆਉ ਭਾਗਤ ਨਾ ਕੀਤੀ। ਜਿਸ ਸਮੇਂ ਮਾਈਆਂ ਨੂੰ ਪਤਾ ਲਗਿਆ ਤਾਂ ਉਨ੍ਹਾਂ ਨੇ ਬੜੀ ਸ਼ਰਧਾ ਨਾਲ ਸੇਵਾ ਕੀਤੀ ਅਤੇ ਗੁਰੂ ਜੀ ਨੂੰ ਪ੍ਰਸੰਨ ਕੀਤਾ। ਇਸ ਪਰ ਗੁਰੂ ਜੀ ਨੇ ਮਾਈਆਂ ਨੂੰ "ਮਾਈਆਂ ਰਬ ਰਜਾਈਆ" ਦਾ ਵਰਦਾਨ ਦਿੱਤਾ ਕਿ ਮਾਈਆਂ ਬੀਬੀਆਂ ਦਾ ਨਿਰਮਲ, ਕੋਮਲ ਤੇ ਨਿਸ਼ ਕਪਟ ਹਿਰਦਾ ਮਹਾ ਪੁਰਖਾਂ ਦੀ ਸੇਵਾ ਕਰਨ ਵਿਚ ਬਹੁਤ ਖੁਸ਼ੀ ਅਨਭਵ ਕਰਦਾ ਹੈ ਅਤੇ ਮਰਦਾਂ ਵਾਂਗ ਖੁਦਗਰਜ਼ੀਆਂ ਦੇ ਝਗੜਿਆਂ ਵਿਚ ਨਹੀਂ ਫਸਦਾ। ਜਿਸ ਸਮੇਂ ਕਿਸੇ ਧਰਮ ਨੂੰ ਮੰਨਣ ਵਾਲੇ ਲੋਕਾਂ ਪਰ ਧਰਮ ਸੰਕਟ ਆਇਆ ਤਾਂ ਉਸ ਵਿਚ ਇਸਤ੍ਰੀਆਂ ਨੂੰ ਮਰਦਾਂ ਨਾਲੋਂ ਬਹੁਤੇ ਕਸ਼ਟ ਸਹਾਰਨੇ ਪਏ।

੧੯੪੭ ਦੇ ਫ਼ਿਰਕੂ ਫਸਾਦ ਭਾਰਤ ਦੇ ਇਤਿਹਾਸ ਵਿਚ ਇਕ ਅਫਸੋਸ ਨਾਕ ਤੇ ਕਾਲੇ ਕਾਂਡ ਦਾ ਵਾਧਾ ਕਰਕੇ ਗਏ ਅਤੇ ਮਨੁਖਤਾ ਦੇ ਪੁਜਾਰੀ ਭਾਰਤ ਵਾਸੀ ਇੰਨਾਂ ਨੂੰ ਯਾਦ ਕਰਕੇ ਸ਼ਰਮ ਨਾਲ ਸਿਰ ਲੁਕਾਂਦੇ ਰਹਿਨਗੇ ਪ੍ਰੰਤੂ ਜਿਵੇ ਹਰ ਬੁਰਾਈ ਵਿਚੋਂ ਕੋਈ ਨਾ ਕੋਈ ਭਲਾਈ ਨਿਕਲ ਆਉਂਦੀ ਹੈ ਇੰਨਾਂ ਫਸਾਦਾਂ ਵਿਚ ਧਰਮ ਨਾਲ ਪਿਆਰ ਕਰਨ ਵਾਲੀਆਂ ਮਾਈਆਂ ਬੀਬੀਆਂ ਨੇ ਆਪਣਾ ਬਲੀਦਾਨ ਦੇ ਕੇ ਇਹ ਸਾਬਤ ਕਰ ਦਿਤਾ ਕਿ ਇਸ ਗਏ ਗੁਜ਼ਰੇ ਜ਼ਮਾਨੇ ਵਿਚ ਭੀ ਇਸਤ੍ਰੀਆਂ ਧਰਮ ਦੀ ਖਾਤਰ ਕਿਵੇਂ ਕੁਰਬਾਨੀਆਂ ਕਰ ਸਕਦੀਆਂ ਹਨ। ਇਸ ਨਾਜ਼ਕ ਦੌਰ ਵਿਚ ਜਿੰਨਾਂ ਮਾਈਆਂ ਬੀਬੀਆਂ ਨੇ ਆਪਣੇ ਆਪ ਨੂੰ ਧਰਮ ਦੀ ਖਾਤਰ ਕੁਰਬਾਨ ਕੀਤਾ ਉਹ ਭਾਵੇ ਕਿਸੇ ਭੀ ਧਰਮ ਨਾਲ ਸਬੰਧ ਰਖਦੀਆਂ ਸਨ ਸਤਿ ਕਾਰ ਕਰਨ ਯੋਗ ਹਨ ਇਸ ਲਈ ਨਾਵਾਂ ਤੇ ਥਾਵਾਂ ਦਾ ਵਿਸਥਾਰ ਕੀਤੇ ਬਿਨਾਂ ਸਾਨੂੰ ਉਨਾਂ ਸਭ ਦੇਵੀਆਂ ਲਈ ਸ਼ਰਧਾ ਦੇ ਫੂਲ ਭੇਂਟ ਕਰਨੇ ਚਾਹੀਦੇ ਹਨ ਜਿਨ੍ਹਾਂ ਨੇ ਧਰਮ ਰਖਣ ਦੀ ਖਾਤਰ ਖੂਹ

Digitized by Panjab Digital Library | www.panjabdigilib.org

ਵਿਚ ਛਾਲਾਂ ਮਾਰੀਆਂ, ਤੇਲ ਪਾਕੇ ਜ਼ਿੰਦਾ ਸੜ ਗਈਆਂ ਅਤੇ ਹੋਰ ਕਈ ਤ੍ਰੀਕਿਆਂ ਨਾਲ ਆਪਣਾ ਬਲੀਦਾਨ ਕਰ ਦਿਤਾ ਪ੍ਰੰਤੂ ਆਪਣੀ ਇਜ਼ਤ ਆਬਰੂ ਤੇ ਧਰਮ ਨੂੰ ਦਾਗ ਨਹੀਂ ਲਗਣ ਦਿਤਾ।

੧੯੪੭ ਦੇ ਫਿਰਕੂ ਫਸਾਦ ਦਾ ਇਤਹਾਸ ਪੜਨ ਤੋਂ ਅਤੇ ਵਾਕਿਅਤ ਦੀ ਸਚਾਈ ਵਿਚ ਜਾਣ ਤੋਂ ਪਤਾ ਲਗਦਾ ਹੈ ਕਿ ਜਦੋਂ ਮਰਦ ਵਹਿਸ਼ੀ ਪੁਣਾ ਕਰਨ ਪਰ ਤੁਲ ਗਿਆ ਸੀ ਅਤੇ ਮਾਰ ਕਾਟ ਵਿਚ ਵਧ ਚੜ੍ਹ ਕੇ ਹਿਸਾ ਲੈ ਰਿਹਾ ਸੀ ਤਾਂ ਇਸਤ੍ਰੀਆਂ ਨੇ ਉਸਦੇ ਜ਼ੁਲਮ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਆਪਣੇ ਵਲੋਂ ਕੋਈ ਵਧੀਕੀ ਜਾਂ ਜ਼ੁਲਮ ਨਹੀਂ ਕੀਤਾ। ਕਿਤਨੀਆਂ ਹੀ ਬੀਬੀਆਂ ਨੇ ਆਪਣੇ ਰਿਸ਼ਤੇਦਾਰਾਂ ਤੇ ਸਬੰਧੀਆਂ ਦੇ ਸਾਹਮਣੇ ਆਪਣੀਆਂ ਨਾਜ਼ਕ ਗਰਦਨਾਂ ਕਰ ਦਿਤੀਆਂ ਕਿ ਪਹਿਲੇ ਇੰਨਾਂ ਪਰ ਤਲਵਾਰ ਚਲਾਉ ਅਤੇ ਸਾਡੇ ਸਤਿ ਧਰਮ ਨੂੰ ਸੁਰਖਰੂ ਕਰਦਿਉ ਫਿਰ ਬਾਹਰ ਜਾਣਾ। ਆਹ ਉਹ ਕਿਤਨਾ ਭਿਆਨਕ ਕ੍ਰਿਸ਼ਮਾ ਹੋਵੇਗਾ ਜਦੋਂ ਪਿਤਾ ਪੁਤ੍ਰੀ ਦੀ ਗਰਦਨ ਪਰ ਤਲਵਾਰ ਚਲਾਉਂਦਾ ਹੋਵੇਗਾ ਤੇ ਭਰਾ ਭੈਣ ਨੂੰ ਕਤਲ ਕਰਨ ਲਈ ਬਾਹਾਂ ਉਲ੍ਹਾਰ ਰਿਹਾ ਹੋਵੇਗਾ। ਇਸ ਭਿਆਨਕ ਦ੍ਰਿਸ਼ ਦਾ ਤਸਵਰ ਕਰਕੇ ਹਿਰਦਾ ਕੰਬ ਜਾਂਦਾ ਹੈ ਅਤੇ ਇਉਂ ਪ੍ਰਤੀਤ ਹੁੰਦਾ ਹੈ ਕਿ ਉਨਾਂ ਦਿਨਾਂ ਵਿਚ ਧਰਮ, ਨੇਕੀ, ਤੇ ਸਚਾਈ ਹਥ ਬੰਨਕੇ ਅਧਰਮ, ਬੁਰਾਈ ਤੇ ਝੂਠ ਦੇ ਸਾਹਮਣੇ ਖੜੀ ਸੀ ਤੇ ਧਰਮ ਦੇ ਪਰਦੇ ਵਿਚ ਛੁਪਿਆ ਹੋਇਆ ਅਧਰਮ ਬੜੀ ਬੇਦਰਦੀ ਨਾਲ ਮਨੁਖਤਾ ਦਾ ਖ਼ੂਨ ਕਰ ਰਿਹਾ ਸੀ।

ਮਨੁਖ ਆਪਣੀ ਘਿਰਣਾ ਯੋਗ ਫਿਰਕੂ ਨੀਤੀ ਦਾ ਸ਼ਿਕਾਰ ਹੋਇਆ ਹੋਇਆ ਇਤਨਾ ਭਿਆਨਕ ਰੂਪ ਧਾਰਨ ਕਰ ਚੁਕਿਆ ਸੀ ਕਿ ਸ਼ੈਤਾਨ ਭੀ ਉਸਨੂੰ ਵੇਖਕੇ ਕੰਨਾ ਤੇ ਹੱਥ ਧਰਦਾ ਸੀ। ਪਰੰਤੂ ਵਿਚਾਰੀ ਇਸਤ੍ਰੀ ਜਾਤੀ ਇਸ ਸਮੇਂ ਭੀ ਧਰਮ ਤੇ ਨੇਕੀ ਦੀ ਮੂਰਤ ਬਣੀ ਹੋਈ ਸੀ। ਉਸਦੀਆਂ ਅਖਾਂ ਸਜਲ ਸਨ ਉਹ ਉਨ੍ਹਾਂ ਧਰਮ ਮੰਦਰਾਂ ਨੂੰ ਅੱਗ ਦੀ ਭੇਟ ਹੁੰਦਿਆ ਵੇਖਕੇ ਦੁਖੀ ਹੋ ਰਹੀ ਸੀ ਜਿਥੇ ਉਸ ਸਵੇਰੇ ਉਠਕੇ ਪੂਜਾ ਕਰਨ ਜਾਇਆ ਕਰਦੀ ਸੀ। ਉਹ ਹੈਰਾਨ ਸੀ ਕਿ ਮਨੁਖ ਇਤਨਾ ਵਹਿਸ਼ੀ ਕਿਉਂ ਹੋ ਗਿਆ ਹੈ ? ਉਹ ਉਸ ਸਿਆਸਤ ਪਰ ਸੌ ਸੌ ਲਾਹਨਤ ਭੇਜਦੀ ਸੀ ਜਿਸਨੇ ਭਰਾ ਦਾ ਭਰਾ ਵੈਰੀ ਬਣਾ ਦਿਤਾ ਸੀ ਅਤੇ ਮਨੁਖ ਦੀ ਅਕਲ ਪਰ ਹੈਰਾਨ ਸੀ ਜਿਸ ਦਵਾਰਾ ਉਹ ਫੈਸਲਾ ਕਰਦਾ ਹੈ ਕਿ ਮਰਦ ਇਸਤ੍ਰੀਆਂ ਨਾਲੋਂ ਬਹੁਤ ਸਿਆਣੇ ਹੁੰਦੇ ਹਨ। ਉਹ ਦਿਲ ਹੀ ਦਿਲ ਵਿਚ ਕਹਿੰਦੀ ਸੀ ਕਾਸ਼ ਕਿ ਈਸ਼ਵਰ ਮਰਦ ਨੂੰ ਭੀ ਉਸ ਅਕਲ ਤੋਂ ਵਾਂਝੇ ਹੀ ਰਖਦਾ ਜੋ ਭਰਾਵਾਂ ਨੂੰ ਭਰਾਵਾਂ ਦੇ ਖ਼ੂਨ ਦਾ ਪਿਆਸਾ ਬਣਾ ਦਿੰਦੀ ਹੈ।

ਇਸਤ੍ਰੀ ਦੀਆਂ ਅਖਾਂ ਦੇ ਸਾਹਮਣੇ ਉਸ ਦੇ ਲਾਲ ਕੋਹੇ ਗਏ। ਜਿਉਂਦੇ ਅੱਗ ਦੇ ਭਾਂਬੜਾ ਵਿਚ ਸੁਟ ਦਿਤੇ ਗਏ। ਮੰਦਰਾਂ ਤੇ ਮਸੀਤਾਂ ਵਿਚ ਇਸਤ੍ਰੀਆਂ ਤੇ ਬਚੇ ਇਕਠੇ ਕਰਕੇ ਪਟਰੋਲ ਸੁਟ ਕੇ ਸਾੜ ਦਿਤੇ ਗਏ। ਰਬ ਦੇ ਘਰ ਵਿਚ ਰਬ ਦੀਆਂ ਇਨ੍ਹਾਂ ਜਿਉਂਦੀਆਂ ਜਾਗਦੀਆਂ ਮੂਰਤੀਆਂ ਨੂੰ ਇਕਠਿਆਂ ਕਰਕੇ ਫੂਕ ਦਿਤਾ ਗਿਆ। ਲੁਤਫ ਦੀ ਗਲ ਇਹ ਹੈ ਕਿ ਇਸ ਕਿਸਮ ਦੇ ਘੋਰ ਅਤਿਆਚਾਰ ਤੇ ਅਧਰਮ ਦੇ ਕੰਮ ਧਰਮ ਦੇ ਨਾਮ ਪਰ ਕੀਤੇ ਗਏ। "ਪਾਪ ਕਰਹਿ ਪਰਮਾਰਥਕੇ ਜਹਿ ਪਾਪਨ ਤੇ ਅਤਿ ਪਾਪ ਲਜਾਹੀ" ਦੇ ਮਹਾਂਵਾਕ ਅਨੁਸਾਰ ਇਨ੍ਹਾਂ ਪਾਪਾਂ ਨੂੰ ਵੇਖਕੇ ਪਿਛਲੇ ਸਭ ਪਾਪ

Digitized by Panjab Digital Library | www.panjabdigilib.org

ਅਤ ਪੈ ਗਏ ਪਰ ਮਨੁਖ ਅਜੇ ਭੀ ਇਹੋ ਸਮਝਦਾ ਹੈ ਕਿ ਉਸ ਨੇ ਇਹ ਸਭ ਕੁਝ ਧਰਮ ਦੀ ਰਾਖੀ ਲਈ ਕੀਤਾ। ਜੇ ਉਹ ਐਸਾ ਨਾ ਕਰਦਾ ਤਾਂ ਉਸਦਾ ਧਰਮ ਕਾਇਮ ਨਹੀਂ ਸੀ ਰਹਿ ਸਕਦਾ।

ਇਕ ੧੫–੧੬ ਸਾਲ ਦੀ ਬੀਬੀ ਨੇ ਦੱਸਿਆ ਉਨ੍ਹਾਂ ਦੀ ਗੱਡੀ ਪਰ ਹਮਲਾ ਹੋ ਗਿਆ। ਥੋਹੜੇ ਚਿਰ ਵਿਚ ਹੀ ਰੇਲ ਗਡੀ ਦੇ ਦੋਹੀ ਪਾਸੀ ਲਾਸ਼ਾਂ ਦੇ ਢੇਰ ਲੱਗ ਗਏ। ਗਡੀ ਦੇ ਡੱਬੇ ਖ਼ੂਨ ਨਾਲ ਲੱਥ ਪੱਥ ਹੋ ਗਏ। ਮੈਂ ਭਜਕੇ ਇਕ ਪਾਸੇ ਹੋ ਗਈ ਮੇਰਾ ਦਸ ਕੁ ਸਾਲ ਦਾ ਨਿਕਾ ਵੀਰ ਸਹਿੰਮਿਆ ਹੋਇਆ ਮੇਰੇ ਪਾਸ ਆ ਖੜਾ ਹੋਇਆ। ਸਾਡੇ ਮਾਤਾ ਪਿਤਾ ਦੀਆਂ ਲਾਸ਼ਾਂ ਸਾਡੀਆਂ ਅਖਾਂ ਦੇ ਸਾਹਮਣੇ ਪਈਆਂ ਸਨ। ਮੇਰਾ ਭਰਾ ਮੈਥੋਂ ਕੁਝ ਪੁਛਣ ਲਗਾ ਸੀ ਕਿ ਮੈਂ ਉਸਨੂੰ ਚੁਪ ਰਹਿਣ ਦਾ ਇਸ਼ਰਾ ਕੀਤਾ। ਹਮਲਾ ਆਵਰ ਲੁਟ ਵਿਚ ਲਗੇ ਹੋਇ ਸਨ। ਸਾਨੂੰ ਕੁਝ ਨਹੀਂ ਸੁਝਦਾ ਸੀ ਕਿ ਅਸੀ ਕਿਧਰ ਜਾਈਏ। ਇਤਨੀ ਦੇਰ ਵਿਚ ਸਾਡੇ ਵਲ ਦੋ ਤਿੰਨ ਹਮਲਾਵਰ ਵਧੇ ਮੇਰਾ ਵੀਰ ਸੁਕੜ ਕੇ ਮੇਰੇ ਨਾਲ ਚਿੰਬੜ ਗਿਆ ਤੇ ਕਹਿਣ ਲਗਾ ਭੈਣ ਜੀ ਕੀ ਇਹ ਸਾਨੂੰ ਕਤਲ ਕਰ ਦੇਣਗੇ। ਇਤਨੇ ਨੂੰ ਉਨ੍ਹਾ ਨੇ ਮੇਰੇ ਵੀਰ ਨੂੰ ਮੇਰੇ ਪਾਸੋਂ ਖੋਹ ਕੇ ਕਤਲ ਕਰ ਦਿਤਾ ਅਤੇ ਮੈਨੂੰ ਚੁਕ ਕੇ ਆਪਣੇ ਨਾਲ ਲੈ ਗਏ। ਇਸ ਪ੍ਰਕਾਰ ਦੀਆਂ ਹਿਰਦੇ ਵੇਧਕ ਘਟਨਾਵਾਂ ਉਨ੍ਹਾਂ ਦਿਨਾਂ ਵਿਚ ਅਨੇਕਾਂ ਹੋਈਆਂ ਹੋਣ-ਗੀਆਂ ਜਿਨ੍ਹਾਂ ਨੂੰ ਨਮੂਨੇ ਮਾਤ੍ਰ ਲਿਖਣ ਤੋਂ ਭਾਵ ਇਹ ਹੈ ਕਿ ਪਾਠਕਾਂ ਨੂੰ ਮਨੁਖ ਦੀ ਪਥਰ ਦਿਲੀ ਦਾ ਪਤਾ ਲਗ ਜਾਵੇ।

ਇਕ ਹੋਰ ਪੜੀ ਲਿਖੀ ਬੀਬੀ ਨੇ ਜੋ ਇਕ ਕੌਮ ਪ੍ਰਸਤ ਘਰਾਣੇ ਨਾਲ ਸਬੰਧ ਰਖਦੀ ਸੀ ਤੇ ਜ਼ਾਲਮਾ ਦੇ ਹਥਾਂ ਵਿਚ ਆਗਈ ਸੀ ਉਨ੍ਹਾਂ ਨੂੰ ਬਥੇਰਾ ਕਿਹਾ ਕਿ ਜਿਨ੍ਹਾ ਰਾਜਸੀ ਵਿਚਾਰਾ ਦੇ ਕਾਰਣ ਤੁਸੀਂ ਸਾਨੂੰ ਮਾਰਦੇ ਹੋ ਮੈਂ ਉਹਨਾ ਦੇ ਵਿਰੁਧ ਹਾਂ। ਮੈਂ ਦੇਸ਼ ਦੀ ਵੰਡ ਨੂੰ ਠੀਕ ਨਹੀਂ ਸਮਝਦੀ ਅਤੇ ਵੰਡ ਦਾ ਮੁਤਾਲਬਾ ਕਰਨ ਵਾਲਿਆ ਦੇ ਸਖਤ ਖਿਲਾਫ ਹਾਂ ਪਰ ਉਸ ਵੇਲੇ ਇਸ ਗਲ ਨੂੰ ਕੌਣ ਸੁਣਦਾ ਸੀ। ਗੁੰਡਿਆਂ ਦੇ ਸਿਰ ਤੋਂ ਕਾਨੂੰਨ ਦਾ ਡੰਡਾ ਉਠ ਚੁਕਿਆ ਸੀ ਇਸ ਲਈ ਉਨ੍ਹਾ ਨੇ ਉਸ ਨਿਰਦੋਸ਼ ਬੀਬੀ ਪਰ ਅਤਿਆਚਾਰ ਕੀਤੇ ਜਿਨ੍ਹਾ ਨੂੰ ਲਿਖਣ ਤੋਂ ਕਲਮ ਰੁਕਦੀ ਹੈ। ਭਾਵ ਇਹ ਹੈ ਕਿ ਦੋਹੀ ਪਾਸੀਂ ਵਿਚਾਰੀਆਂ ਨਿਰਦੋਸ਼ ਬੀਬੀਆਂ ਨੂੰ ਹੀ ਜ਼ੁਲਮਾ ਦਾ ਨਿਸ਼ਾਨਾ ਬਣਾਇਆ ਗਿਆ ਅਤੇ ਫਿਰਕੂ ਪੁਣੇ ਵਿਚ ਪਾਗਲ ਹੋਇ ਆਦਮੀਆਂ ਨੇ ਸਾਰੇ ਪਿਛਲੇ ਜ਼ੁਲਮ ਮਾਤ ਪਾ ਦਿਤੇ।

ਇਕ ਸਮਾਂ ਆਵੇਗਾ ਜਦੋਂ ਮਰਦਾਂ ਨੂੰ ਆਪਣੀਆਂ ਇਹ ਕਰਤੂਤਾ ਯਾਦ ਕਰਕੇ ਇਸਤ੍ਰੀਆਂ ਦੇ ਸਾਹਮਣੇ ਸਿਰ ਝੁਕਾਣਾ ਪਵੇਗਾ ਅਤੇ ਉਹ ਅਨਭਵ ਕਰਨਗੇ ਕਿ ਸਾਡੀ ਸਿਆਸਤ ਗਲਤ ਸੀ ਜਿਸ ਨੇ ਸਾਡੇ ਪਾਸੋਂ ਘੋਰ ਪਾਪ ਕਰਾਏ। ਇਸਤ੍ਰੀ ਕਾਂਡ ਵਿਚ ੧੯੦੪ ਦੇ ਇਨ੍ਹਾਂ ਵਾਕਿਆਤ ਦਾ ਜ਼ਿਕਰ ਕਰਨਾ ਇਸ ਲਈ ਜ਼ਰੂਰੀ ਸਮਝਿਆ ਗਿਆ ਹੈ ਕਿ ਇਨ੍ਹਾਂ ਦਿਨਾ ਵਿਚ ਇਸਤ੍ਰੀਆਂ ਪਰ ਬਹੁਤ ਅਤਿਆਚਾਰ ਹੋਇ ਪਰੰਤੂ ਜਿਨਾਂ ਇਸਤ੍ਰੀਆਂ ਨੂੰ ਆਪਣੇ ਧਰਮ ਨਾਲ ਪਿਆਰ ਸੀ ਉਨ੍ਹਾਂ ਨੇ ਬੇਅੰਤ ਕੁਰਬਾਨੀਆਂ ਕੀਤੀਆਂ। ਪੋਠੋਹਾਰ ਦੀਆਂ ਸਿਖ ਬੀਬੀਆਂ ਨੇ ਜਿਨ੍ਹਾਂ ਨੂੰ ਸਿਖੀ ਨਾਲ ਅਤੁਟ ਪਿਆਰ ਸੀ ਤੇ ਜੋ ਅੰਮ੍ਰਿਤ ਵੇਲੇ ਗੁਰਬਾਣੀ ਦੀਆਂ ਮਧਰ ਧੁਨਾ ਦੀ ਗੁੰਜਾਰ ਪਾਇਆ ਕਰਦੀਆਂ ਸਨ ਜਿਸ ਵੇਲੇ ਆਪਣੇ ਆਪ ਨੂੰ ਵਿਧਰਮੀਆਂ ਦੇ ਜਾਲ ਵਿਚ ਫਸਿਆ ਵੇਖਿਆ ਤਾਂ ਆਪਣਾ ਬਲੀਦਾਨ ਦੇ

Digitized by Panjab Digital Library | www.panjabdigilib.org

ਦਿਤਾ ਪਰ ਧਰਮ ਨਹੀਂ ਛੱਡਿਆ। ਕਈ ਪਿੰਡਾਂ ਵਿਚ ਤਾਂ ਲੋਥਾਂ ਨਾਲ ਖੂਹ ਭਰ ਗਏ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਇਸਤ੍ਰੀ ਜਾਤੀ ਨੂੰ ਧਰਮ ਨਾਲ ਅਟੁਟ ਪਿਆਰ ਹੁੰਦਾ ਹੈ ਅੰਤ ਉਹ ਧਰਮ ਦੀ ਖਾਤਰ ਵਡੀ ਤੋਂ ਵਡੀ ਕੁਰਬਾਨੀ ਕਰ ਸਕਦੀ ਹੈ।

ਇਥੇ ਇਹ ਪ੍ਰਗਟ ਕਰ ਦੇਣਾ ਭੀ ਜ਼ਰੂਰੀ ਹੈ ਕਿ ਧਰਮ ਨਾਲ ਪਿਆਰ ਕਰਨਾ ਤੇ ਫਿਰਕੂ ਪੁਣਾ ਦੋ ਅੱਡ ਅੱਡ ਚੀਜ਼ਾ ਹਨ। ਸਚਾ ਧਰਮੀ ਦੂਜੇ ਦੇ ਧਾਰਮਕ ਜਜ਼ਬਾਤ ਦੀ ਉਤਨੀ ਹੀ ਕਦਰ ਕਰਦਾ ਹੈ ਜਿਤਨੀ ਉਹ ਆਪਣੇ ਧਾਰਮਕ ਜਜ਼ਬਾਤ ਦੀ ਕਰਦਾ ਹੈ ਅਤੇ ਵਾਹਿਗੁਰੂ ਨੂੰ ਘੱਟ ਘੱਟ ਵਿਚ ਵਸਦਾ ਹੋਇਆ ਅਨਭਵ ਕਰਕੇ ਫਰੀਦ ਜੀ ਦੇ ਇਸ ਕਥਨ ਪਰ ਅਮਲ ਕਰਦਾ ਹੈ"ਜੇ ਤਉ ਪਿਰੀਆ ਦੀ ਸਿੱਕ ਤਾਂ ਹਿ ਆਉ ਨਾ ਠਾਹੇ ਕਹੀਦਾ" ਜਿਨ੍ਹਾਂ ਲੋਕਾ ਨੇ ਫਿਰਕੂ ਫਸਾਦਾਂ ਵਿਚ ਹਿਸਾ ਲੇਕੇ ਖੂਨ ਖਰਾਬਾ ਕੀਤਾ ਉਹ ਧਰਮੀ ਨਹੀਂ ਸਨ ਸਗੋਂ ਉਨ੍ਹਾਂ ਪਰ ਫਿਰਕੂ ਭੂਤ ਸਵਾਰ ਸੀ। ਫਿਰਕੂ ਪੁਣਾ ਉਸ ਜ਼ਹਨੀਅਤ ਦਾ ਨਾਮ ਹੈ ਜੋ ਇਕ ਫਿਰਕੇ ਦੇ ਲੋਕਾਂ ਨੂੰ ਦੂਜੇ ਫਿਰਕੇ ਦੇ ਲੋਕਾ ਪਰ ਜ਼ੁਲਮ ਕਰਨ ਲਈ ਉਭਰਦੀ ਹੈ ਤੇ ਦੂਜਿਆਂ ਦੀ ਤਬਾਹੀ ਵਿਚੋਂ ਆਪਣੇ ਰਾਜਸੀ ਲਾਭਾ ਦੀ ਪੂਰਤੀ ਸਮਝਦੀ ਹੈ। ਅੰਗਰੇਜ਼ ਹਾਕਮਾ ਨੇ ਆਪਣੀਆਂ ਕੁਟਲ ਚਾਲਾਂ ਨਾਲ ਭਾਰਤ ਵਾਸੀਆਂ ਵਿਚ ਇਹ ਜ਼ਿਹਨੀਅਤ ਪੈਦਾ ਕੀਤੀ ਅਤੇ ਆਪਣੇ ਇਸ਼ਾਰੇ ਨਾਲ ੧੯੪੭ ਵਿਚ ਫਿਰਕੂ ਫਸਾਦ ਕਰਾਏ ਤਾ ਕਿ ਅੰਗਰੇਜ਼ਾ ਦੇ ਮੁਫਾਦ ਸੁਰਖਯਤ ਰਹਿਣ। ਜਿਨ੍ਹਾਂ ਫਿਰਕੂ ਲੀਡਰਾਂ ਨੇ ਅੰਗਰੇਜ਼ਾਂ ਦੀਆਂ ਸਾਜ਼ਸ਼ਾ ਦਾ ਸ਼ਿਕਾਰ ਹੋਕੇ ਜਾਂ ਹੋਰ ਕਿਸੇ ਭੀ ਕਾਰਣ ਕਰਕੇ ਫਸਾਦਾ ਦੀ ਅੱਗ ਭੜਕਾਉਣ ਵਿਚ ਹਿੱਸਾ ਲਿਆ ਉਹ ਮਨੁਖਤਾ ਦੇ ਦੇਣਦਾਰ ਹਨ ਅਤੇ ਉਨਾ ਨੇ ਉਹ ਪਾਪ ਕੀਤਾ ਹੈ ਜਿਸ ਨੂੰ ਆਉਣ ਵਾਲੀਆਂ ਨਸਲਾ ਕਦੇ ਭੀ ਮੁਆਫ ਨਹੀਂ ਕਰ ਸਕਣਗੀਆਂ। ਖਾਸ ਤੌਰ ਪਰ ਇਸਤ੍ਰੀ ਜਾਤੀ ਪਰ ਤਾਂ ਇਨ੍ਹਾਂ ਦਿਨਾਂ ਵਿਚ ਮਨੁਖ ਨੇ ਬਹੁਤ ਜ਼ਿਆਦਾ ਅਤਿਆਚਾਰ ਕੀਤਾ ਅਤੇ ਇਸਤ੍ਰੀਆਂ ਦੇ ਕੋਮਲ ਹਿਰਦਿਆਂ ਨੂੰ ਛਲਣੀ ਛਲਣੀ ਕਰਕੇ ਰਖ ਦਿਤਾ ਭਾਵੇਂ ਮਰਦ ਤੇ ਇਸਤ੍ਰੀ ਇਕੋ ਮਨੁਖ ਜਾਤੀ ਦੇ ਦੋ ਬਰਾਬਰ ਦੇ ਅੰਗ ਹਨ ਅਤੇ ਇਨ੍ਹਾਂ ਨੂੰ ਇਕ ਦੂਜੇ ਨਾਲੋਂ ਅੱਡ ਨਹੀਂ ਕੀਤਾ ਜਾ ਸਕਦਾ ਪਰੰਤੂ ਜੇ ਵਿਚਾਰਾਂ ਨਾਲ ਵੇਖਿਆ ਜਾਵੇ ਤਾਂ ਮਰਦ ਜ਼ਾਲਮ ਸਿੱਧ ਹੋਵੇਗਾ ਤੇ ਇਸਤ੍ਰੀ ਮਜ਼ਲੂਮ ਅਤੇ ਇਕ ਦਿਨ ਜ਼ਾਲਮ ਨੂੰ ਆਪਣੇ ਕਰਮਾ ਦਾ ਫਲ ਜ਼ਰੂਰ ਭੁਗਤਣਾ ਪਵੇਗਾ।

## ਬੀਬੀ ਨੰਦ ਕੌਰ (ਧੰਮਾਲੀ)

ਬੀਬੀ ਨੰਦ ਕੌਰ ਸ: ਪ੍ਰਤਾਪ ਸਿੰਘ ਬੋਹਾ ਖਾਲਸਾ ਦੀ ਸਪੁਤ੍ਰੀ ਸੀ ਅਤੇ ਥੰਮਾਲੀ ਦੇ ਸ: ਹਰਬੰਸ ਸਿੰਘ ਦੀ ਪਤਨੀ ਸੀ। ਜਿਸ ਵੇਲੇ ਪੋਠੋਹਾਰ ਵਿਚ ਲੀਗੀ ਗੁੰਡਿਆਂ ਦਾ ਰਾਜ ਸੀ ਅਤੇ ਹਿੰਦੂ ਸਿਖ ਇਸਤ੍ਰੀਆਂ ਦੀ ਇਜ਼ਤ ਖਤਰੇ ਵਿਚ ਸੀ ਤਾਂ ਬੀਬੀ ਨੰਦ ਕੌਰ ਨੇ ਦਿਲ ਵਿਚ ਇਹ ਦ੍ਰਿੜ ਇਰਾਦਾ ਧਾਰ ਲਿਆ ਕਿ ਪੁਰਾਤਨ ਸਿੰਘਣੀਆਂ ਤੇ ਸਿੰਘਾਂ ਵਾਂਗ ਬਹਾਦਰੀ ਨਾਲ ਲੜ ਕੇ ਸ਼ਹੀਦ ਹੋ ਜਾਣਾ ਹੈ।

ਪੋਠੋਹਾਰ ਦੇ ਇਲਾਕੇ ਵਿਚ ਸਿਖੀ ਦਾ ਪ੍ਰਚਾਰ ਬਹੁਤ ਸੀ। ਗੁਰ ਸਿਖਾਂ ਤੇ ਬੀਬੀਆਂ ਦਾ ਗੁਰਬਾਣੀ ਨਾਲ ਬੜਾ ਪ੍ਰੇਮ ਹੁੰਦਾ ਸੀ। ਅੰਮ੍ਰਿਤ ਵੇਲੇ ਉਠਕੇ ਸੁਖਮਨੀ ਸਾਹਿਬ ਦਾ ਪਾਠ ਕਰਨਾ।

Digitized by Panjab Digital Library | www.panjabdigilib.org

ਗੁਰਦਵਾਰੇ ਪੁਜਕੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਸਰਵਣ ਕਰਨਾ ਤੇ ਨਿੱਤ ਨੇਮ ਕਰਕੇ ਘਰੋਗੀ ਕੰਮ ਵਿਚ ਪ੍ਰਵਿਰਤ ਹੋਣਾ ਇਹ ਧਰਮ ਪ੍ਰਿਯ ਬੀਬੀਆਂ ਦਾ ਨਿੱਤ ਕਰਮ ਹੁੰਦਾ ਸੀ। ਸਿੱਖ ਇਤਹਾਸ ਪੜ ਕੇ ਪੁਰਾਤਨ ਸਿੰਘਾਂ ਦੀਆਂ ਕੁਰਬਾਨੀਆਂ ਦਾ ਅਸਰ ਪੈਣਾ ਭੀ ਕੁਦਰਤੀ ਸੀ। ਬੀਬੀ ਨੰਦ ਕੌਰ ਦਾ ਜਨਮ ਭੀ ਇਕ ਪੂਰਨ ਗੁਰ ਸਿਖ ਘਰਾਣੇ ਵਿਚ ਹੋਇਆ ਅਤੇ ਵਡੇ ਭਾਗਾਂ ਨਾਲ ਪਤੀ ਭੀ ਐਸਾ ਮਿਲਿਆ ਜੋ ਗੁਰੂ ਘਰ ਦਾ ਪੂਰਨ ਪ੍ਰੇਮੀ ਸੀ ਅਤੇ ਸਿਖੀ ਨੂੰ ਸਭ ਤੋਂ ਪਿਆਰੀ ਚੀਜ਼ ਸਮਝਦਾ ਸੀ।

ਇਸ ਪ੍ਰਕਾਰ ਜੇ ਇਕ ਸਿਖ ਕੰਨਿਆ ਪਰ ਪੇਕੇ ਅਤੇ ਸੌਹਰੇ ਦੋ ਹੀ ਥਾਈਂ ਸੰਗਤ ਦਾ ਸੋਹਣਾ ਅਸਰ ਪਵੇ ਤਾਂ ਉਸ ਵਿਚ ਕੁਰਬਾਨੀ ਕਰਨ ਦਾ ਮਾਦਾ ਕਿਉਂ ਨਾ ਪੈਦਾ ਹੋਵੇ? ਜਿਸ ਵੇਲੇ ਮੁਸਲਮ ਲੀਗ ਨੇ ਹਰੀਪੁਰ ਹਜ਼ਾਰੇ, ਕਲਕਤਾ ਤੇ ਨਵਾਖਲੀ ਆਦਿ ਵਿਚ ਫਿਰਕੂ ਫਸਾਦ ਕਰਕੇ ਡਾਇਰੈਕਟ ਐਕਸ਼ਨ ਸ਼ੁਰੂ ਕੀਤਾ ਤਾਂ ਜਿੰਨਾਂ ਇਲਾਕਿਆਂ ਵਿਚ ਮੁਸਲਮਾਨਾਂ ਵਲੋਂ ਜ਼ਿਆਦਤੀ ਸੀ ਉਥੋਂ ਦੇ ਰਹਿਣ ਵਾਲੇ ਹਿੰਦੂ ਸਿਖ ਇਹ ਅਨਭਵ ਕਰਨ ਲਗ ਪਏ ਸਨ ਕਿ "ਪੜੌਸੀ ਕੇ ਜੋ ਹੂਆ ਤੂੰ ਆਪਨੇ ਭੀ ਜਾਣ" ਦੇ ਮਹਾਂਵਾਕ ਅਨਸਾਰ ਇਹ ਖਤਰਾ ਇਕ ਦਿਨ ਸਾਡੇ ਸਿਰ ਤੇ ਭੀ ਆਵੇਗਾ ਪ੍ਰੰਤੂ ਜੋ ਭਿਆਨਕ ਘਲੂਘਾਰਾ ੧੯੪੭ ਵਿਚ ਹੋਇਆ ਉਸ ਦਾ ਪੂਰਾ ਅੰਦਾਜ਼ਾ ਕੋਈ ਭੀ ਨਾ ਲਗਾ ਸਕਿਆ। ਪੋਠੋਹਾਰ ਦੇ ਕਸਬਿਆਂ ਤੇ ਵਡੇ ਪਿੰਡਾਂ ਵਿਚ ਹਿੰਦੂ ਸਿਖਾਂ ਦੀ ਇਕਠੀ ਵਸੋਂ ਹੁੰਦੀ ਸੀ ਤੇ ਉਹ ਇਹ ਖਿਆਲ ਭੀ ਨਹੀਂ ਕਰ ਸਕਦੇ ਸਨ ਕਿ ਉਨ੍ਹਾਂ ਨੂੰ ਇਤਨੇ ਭਿਆਨਕ ਹਾਲਾਤ ਦਾ ਸਾਹਮਣਾ ਕਰਨਾ ਪਵੇਗਾ।

ਥੋਹੜੀ ਬਹੁਤ ਫਿਰਕੂ ਗੜ ਬੜ ਦਾ ਉਹ ਡਟਕੇ ਮੁਕਾਬਲਾ ਕਰ ਸਕਦੇ ਸਨ ਪ੍ਰੰਤੂ ਜਦ ਮੁਸਲਮ ਨੈਸ਼ਨਲ ਗਾਰਡ ਦੇ ਹਥਿਆਰ ਬੰਦ ਵਾਲੰਟੀਅਰ, ਸਾਰੀ ਪੁਲਸ ਤੇ ਫੌਜ ਦਾ ਇਕ ਤਕੜਾ ਹਿੱਸਾ ਮੁਸਲਮਾਨਾਂ ਦੇ ਨਾਲ ਹੋਵੇ ਤਾਂ ਸਿਖ ਵਿਚਾਰੇ ਕੀ ਕਰਨ? ਜੋ ਕੁਝ ਇੰਨਾਂ ਇਲਾਕਿਆ ਵਿਚ ਰਹਿਣ ਵਾਲੇ ਹਿੰਦੂ ਸਿਖਾਂ ਨਾਲ ਹੋਇਆ ਉਹ ਭਾਰਤ ਦੇ ਇਤਹਾਸ ਵਿਚ ਸਭ ਤੋਂ ਵਧ ਭਿਆਨਕ ਦੁਖਾਂਤ ਕਾਂਡ ਹੈ ਤੇ ਉਸ ਦਾ ਵਿਸਥਾਰ ਬਹੁਤ ਸਾਰੀਆਂ ਪੁਸਤਕਾਂ ਵਿਚੋਂ ਮਿਲਦਾ ਹੈ। ਉਸ ਸਮੇਂ ਬਹੁਤ ਸਾਰੀ ਹਿੰਦੂ ਸਿਖ ਲੜਕੀਆਂ ਨੇ ਬਹਾਦਰੀ ਨਾਲ ਦੁਸ਼ਮਨ ਦਾ ਮੁਕਾਬਲਾ ਕੀਤਾ। ਬਹੁਤ ਸਾਰੀਆਂ ਨੇ ਧਰਮ ਦੀ ਰਾਖੀ ਲਈ ਜਾਨ ਦੀ ਕੋਈ ਪ੍ਰਵਾਹ ਨਾ ਕੀਤੀ। ਕਈ ਵਿਚਾਰੀਆਂ ਦੁਸ਼ਮਨਾ ਦੇ ਕਬਜ਼ੇ ਵਿਚ ਭੀ ਆਗੀਆਂ ਪ੍ਰੰਤੂ ਅਸੀਂ ਕੇਵਲ ਨਮੂਨੇ ਮਾਤ੍ਰ ਬੀਬੀ ਨੰਦ ਕੌਰ ਥੰਮਾਲੀ ਦੀ ਬਹਾਦਰੀ ਦਾ ਵਰਣਨ ਕਰਨਾ ਜ਼ਰੂਰੀ ਸਮਝਦੇ ਹਾਂ ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਖਸ਼ਸ਼ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਉਸਦੀ ਲਾਜ ਰਖੀ ਅਤੇ ਬਹਦਰ ਸਿੰਘਣੀਆਂ ਵਾਂਗ ਦੁਸ਼ਮਨਾਂ ਨਾਲ ਲੜ ਕੇ ਸ਼ਹੀਦ ਹੋਈ। ਗਿਆਨੀ ਪ੍ਰਤਾਪ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਆਪਣੀ ਪੁਸਤਕ ਪਾਕਸਤਾਨੀ ਘਲੂਘਾਰਾ ਵਿਚ ਲਿਖਿਆ ਹੈ ਕਿ ਉਨਾਂ ਨੇ ਬੀਬੀ ਨੰਦ ਕੌਰ ਦੇ ਇਸ ਘਲੂਘਾਰੇ ਤੋਂ ਪਹਿਲਾਂ ਕਈ ਵੇਰ ਦਰਸ਼ਨ ਕੀਤੇ ਸਨ। ਬੀਬੀ ਜੀ ਦਾ ਜੀਵਨ ਪੂਰਨ ਗੁਰ ਸਿਖਾਂ ਵਾਲਾ ਸੀ ਅਤੇ ਉਨ੍ਹਾਂ ਦੇ ਦਿਲ ਵਿਚ ਗੁਰਬਾਣੀ ਨਾਲ ਅਥਾਹ ਪ੍ਰੇਮ ਸੀ ਆਖਰ ਉਹ ਸਮਾਂ ਆ ਗਿਆ ਜਦੋਂ ਪੋਠੋਹਾਰ ਦੇ ਹਰ ਹਿੰਦੂ ਸਿਖ ਵਾਸਤੇ ਧਰਮ ਦੀ ਰਖਿਆ ਲਈ ਜਾਨ ਤੇ ਖੇਲ ਜਾਣਾ ਜ਼ਰੂਰੀ ਹੋ ਗਿਆ ਸੀ।

Digitized by Panjab Digital Library | www.panjabdigilib.org

੯ ਮਾਰਚ ੧੯੪੭ ਨੂੰ ਹਜ਼ਾਰਾਂ ਮੁਸਲਮਾਨਾਂ ਨੇ ਇਕਠੇ ਹੋਕੇ ਥੰਮਾਲੀ ਪਰ ਹਮਲਾ ਕੀਤਾ। ਹਿੰਦੂ ਤੇ ਸਿਖਾਂ ਨੇ ਅੱਗੋ ਸਖਤ ਮੁਕਾਬਲਾ ਕੀਤਾ। ਤਿੰਨ ਦਿਨ ਤਕ ਸਖਤ ਲੜਾਈ ਹੁੰਦੀ ਰਹੀ। ਹਰ ਰੋਜ਼ ਹਮਲਾ ਆਵਰ ਪਹਿਲਾਂ ਨਾਲੋਂ ਬਹੁਤੀ ਗਿਣਤੀ ਵਿਚ ਇਕਠੇ ਹੋਕੇ ਆਉਂਦੇ ਅਤੇ ਹਥਿਆਰ ਭੀ ਵਧ ਲਿਉਂਦੇ ਪ੍ਰੰਤੂ ਉਨਾ ਨੂੰ ਪਿੰਡ ਦੇ ਨੇੜੇ ਢੁਕਣ ਦਾ ਹੌਸਲਾ ਨਾ ਪੈਂਦਾ। ਮਕਾਨਾਂ ਪਰ ਮੋਰਚ ਬਣਾਕੇ ਸਿਖਾਂ ਤੇ ਹਿੰਦੂਆਂ ਨੇ ਦੁਸ਼ਮਨਾਂ ਦੇ ਚੰਗੇ ਦੰਦ ਖਟੇ ਕੀਤੇ। ਤੀਜੇ ਦਿਨ ਹਜੂਮ ਦੀ ਗਿਣਤੀ ਅੱਗੇ ਨਾਲੋਂ ਕਈ ਗੁਣਾਂ ਜ਼ਿਆਦਾ ਸੀ ਤੇ ਹਮਲਾ ਕਰਨ ਵਾਲਿਆ ਦੀ ਅਗਵਾਈ ਫੌਜ ਦੇ ਸਾਬਕ ਅਫਸਰ, ਤੇ ਪੁਲਸ ਦੇ ਆਦਮੀ ਕਰ ਰਹੇ ਸਨ। ਇਧਰ ਸਿਖਾਂ ਪਾਸੋਂ ਬਰੂਦ ਸਿਕਾ ਮੁਕ ਗਿਆ। ਰਾਈਫਲਾਂ ਬੇਕਾਰ ਹੋ ਗਈਆਂ ਤੇ ਕੇਵਲ ਸ੍ਰੀ ਸਾਹਿਬਾਂ ਦਾ ਹੀ ਸਹਾਰਾ ਰਹਿ ਗਿਆ। ਤੀਜੇ ਦਿਨ ਹਜੂਮ ਪਿੰਡ ਵਿਚ ਦਾਖਲ ਹੋ ਗਿਆ ਅਤੇ ਹਿੰਦੂ ਸਿਖਾਂ ਨੇ ਫੈਸਲਾ ਕਰ ਲਿਆ ਕਿ ਕ੍ਰਿਪਾਨਾਂ ਨਾਲ ਹੀ ਆਖਰੀ ਵਕਤ ਤੱਕ ਲੜੋ।

ਬੀਬੀ ਨੰਦ ਕੌਰ ਜੀ ਮੜਾਸਾ ਬੰਨ੍ਹ ਕੇ ਤੇ ਸ੍ਰੀ ਸਾਹਿਬ ਲੈਕੇ ਆਪਣੇ ਭਰਾਵਾ ਦੀ ਅਗਵਾਈ ਕਰ ਰਹੀ ਸੀ। ਬੀਬੀ ਜੀ ਨੇ ਸਿੰਘਾਂ ਨੂੰ ਕਿਹਾ "ਉਤਮ ਭਾਗਾਂ ਨਾਲ ਸ਼ਹੀਦੀਆਂ ਪ੍ਰਾਪਤ ਕਰਨ ਦਾ ਅਵਸਰ ਮਿਲਿਆ ਹੈ ਇਸ ਕਰਕੇ ਕੋਈ ਸਿੰਘ ਕਮਜ਼ੋਰੀ ਨਾ ਵਿਖਾਵੇ ਅਤੇ ਬਹਾਦਰਾਂ ਵਾਂਗ ਲੜ ਕੇ ਤੇ ਸ਼ਹੀਦਾਂ ਦੀ ਮਤ ਮਰਕੇ ਗੁਰੂ ਜੀ ਦੇ ਚਰਨਾ ਵਿਚ ਜਾ ਬਿਰਾਜੇ। ਇਹੋ ਜਿਹਾ ਉਪਦੇਸ਼ ਸੁਣਕੇ ਸਿੰਘਾਂ ਤੇ ਸਿੰਘਣੀਆਂ ਵਿਚ ਨਵਾਂ ਜੋਸ਼ ਪੈਦਾ ਹੋ ਗਿਆ ਤੇ ਉਨ੍ਹਾਂ ਨੇ ਦੁਸ਼ਮਨਾਂ ਦਾ ਡਟਕੇ ਮੁਕਾਬਲਾ ਕੀਤਾ। ਇਸ ਲੜਾਈ ਵਿਚ ੬੦੦ ਸਿੱਖ ਤੇ ਹਿੰਦੂ ਮਾਰੇ ਗਏ। ਜਦ ਲੜਨ ਵਾਲੇ ਸਾਰੇ ਬਹਾਦਰ ਸ਼ਹੀਦ ਹੋ ਗਏ ਤਾਂ ਦੁਸ਼ਮਨ ਨੂੰ ਪਿੰਡ ਵਿਚ ਵੜਨ ਦੀ ਹਿੰਮਤ ਪਈ ਅਤੇ ਉਨ੍ਹਾਂ ਨੇ ੨੦੦ ਘਰ ਅਤੇ ੨੫ ਦੁਕਾਨਾ ਲੁਟੀਆਂ।

ਇਸ ਗਲ ਨੂੰ ਦੁਸ਼ਮਨ ਭੀ ਮੰਨ ਗਏ ਕਿ ਥੰਮਾਲੀ ਦੇ ਸਿੰਘਾ ਤੇ ਸਿੰਘਣੀਆਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ ਅਤੇ ਖਾਸ ਕਰਕੇ ਬੀਬੀ ਨੰਦ ਕੌਰ ਨੇ ਉਹ ਵੀਰਤਾ ਦਿਖਾਈ ਜਿਸ ਨੂੰ ਵੇਖਕੇ ਆਪਣੇ ਤੇ ਬੇਗਾਨੇ ਸਭ ਅਸ਼ ਅਸ਼ ਕਰ ਉਠੇ। ਬੀਬੀ ਜੀ ਦੇ ਜੀਵਨ ਤੋਂ ਇਸਤ੍ਰੀ ਜਾਤੀ ਨੂੰ ਬੜੀ ਸਿਖਿਆ ਮਿਲਦੀ ਹੈ। ਇਹੋ ਜਿਹੇ ਭਿਆਨਕ ਸਮੇਂ ਜਦੋਂ ਮਨੁਖ ਭੀ ਹੌਸਲਾ ਹਾਰ ਜਾਂਦੇ ਹਨ ਇਕ ਬੀਬੀ ਦਾ ਬਹਾਦਰਾ ਵਾਂਗ ਲੜਨਾ ਪ੍ਰਗਟ ਕਰਦਾ ਹੈ ਕਿ ਜਿਨ੍ਹਾਂ ਨੂੰ ਆਤਮ ਗਿਆਨ ਪ੍ਰਾਪਤ ਹੋ ਚੁਕਿਆ ਹੋਵੇ ਉਨ੍ਹਾਂ ਨੂੰ ਮੌਤ ਭੀ ਨਹੀਂ ਡਰਾ ਸਕਦੀ। ਗੁਰਬਾਣੀ ਤੇ ਸਿਖ ਇਤਹਾਸ ਪੜਨ ਨਾਲ ਕੁਰਬਾਨੀ ਦਾ ਜਜ਼ਬਾ ਪੈਦਾ ਹੁੰਦਾ ਹੈ ਅਤੇ ਪੂਰਨ ਗੁਰਸਿੱਖ ਸਮਾ ਆਉਣ ਪਰ ਇਜ਼ਤ ਆਬਰੂ ਦੀ ਰਖ਼ਿਆ ਕਰਦੇ ਹੋਇ ਸ਼ਹੀਦੀ ਦਰਜਾ ਪ੍ਰਾਪਤ ਕਰਦੇ ਹਨ:—

## ਕਿਸ਼ਨਪੁਰੇ ਦੀਆਂ ਬਹਾਦਰ ਬੀਬੀਆਂ

੧੯੪੭ ਦੇ ਘਲੂਘਾਰੇ ਵਿਚ ਕਿਸ਼ਨ ਪੁਰਾ ਕਲਾਂ ਦੀਆਂ ਸਿਖ ਬੀਬੀਆਂ ਨੇ ਗੁਰਦਵਾਰੇ ਦੀ ਰਖਿਆ ਲਈ ਜਿਸ ਬਹਾਦਰੀ ਤੇ ਦਲੇਰੀ ਦਾ ਸਬੂਤ ਦਿਤਾ ਉਹ ਵਰਨਣ ਕਰਨ ਯੋਗ ਹੈ। ਦਰਿਆ ਸਤਲੁਜ ਦੇ ਨਾਲ ਨਾਲ ਮੁਸਲਮਾਨਾਂ ਦੀ ਸੰਘਣੀ ਵਸੋਂ ਸੀ ਤੇ ਕਿਸ਼ਨ ਪੁਰੇ ਤੋਂ ਉਤਰ ਦਖਣ ਵਲ

Digitized by Panjab Digital Library | www.panjabdigilib.org

ਸਿੱਖਾਂ ਦੇ ਪਿੰਡ ਸਨ ਇਸ ਕਰਕੇ ਕਿਸ਼ਨ ਪੁਰਾ ਪਿੰਡ ਐਸੀ ਥਾਂ ਵਸਿਆ ਸੀ ਜਿਥੇ ਦੋਹਾ ਪਾਸਿਆਂ ਦੀਆਂ ਹਦਾਂ ਮਿਲਦੀਆਂ ਸਨ। ਗੁਰਦਵਾਰਾ ਕਿਸ਼ਨ ਪੁਰਾ ਵਿਚ ਆਏ ਗਏ ਸਿੰਘਾ ਲਈ ਹਮੇਸ਼ਾ ਤੋਂ ਹੀ ਲੰਗਰ ਆਦਿ ਦਾ ਪ੍ਰਬੰਧ ਹੁੰਦਾ ਸੀ ਅਤੇ ਦਾਸ ਇਲਾਕੇ ਵਿਚ ਅੰਮ੍ਰਿਤ ਪ੍ਰਚਾਰ ਦਾ ਪ੍ਰਵਾਹ ਚਲਾ ਰਹਿਆ ਸੀ। ਇਸ ਕਰਕੇ ਮੁਸਲਮਾਨ ਭਰਾਵਾਂ ਨੂੰ ਇਸ ਅਸਥਾਨ ਸਬੰਧੀ ਦੋ ਵਡੀਆਂ ਸ਼ਕਾਇਤਾ ਪੈਦਾ ਹੋ ਗਈਆਂ। ਇਕ ਤਾਂ ਉਹ ਇਹ ਸਮਝਣ ਲਗ ਪਏ । ਕਿ ਗੁਰਦਵਾਰਾ ਕਿਸ਼ਨ ਪੁਰਾ ਹੀ ਸਿੱਖਾਂ ਦੀਆਂ ਸਰਗਰਮੀਆਂ ਦਾ ਕੇਂਦਰ ਹੈ ਅਤੇ ਦੂਜੇ ਉਨ੍ਹਾਂ ਨੂੰ ਇਹ ਭੁਲੇਖਾ ਸੀ ਕਿ ਸੰਤ ਜੀ ਅੰਮ੍ਰਿਤ ਪ੍ਰਚਾਰ ਕਰਕੇ ਸਿਖਾਂ ਨੂੰ ਮੁਸਲਮਾਨਾ ਦੇ ਵਿਰੁਧ ਲੜਨ ਲਈ ਭੜਕਾ ਰਹੇ ਰਹੇ ਹਨ।

ਇਨ੍ਹਾਂ ਦੋ ਵਡੀਆਂ ਗਲਤ ਫਹਿਮੀਆਂ ਦੇ ਅਧਾਰ ਪਰ ਉਨ੍ਹਾ ਨੇ ਦਾਸ ਨੂੰ ਚੈਲੰਜ ਦਿਤਾ ਕਿ ਜਾ ਤਾਂ ਅੰਮ੍ਰਿਤ ਪ੍ਰਚਾਰ ਕਰਨਾ ਬੰਦ ਕਰ ਦਿਉ। ਨਹੀਂ ਤਾਂ ਮੁਕਾਬਲੇ ਲਈ ਤਿਆਰ ਹੋ ਜਾਉ। ਦਾਸ ਨੇ ਅੰਮ੍ਰਿਤ ਪ੍ਰਚਾਰ ਕਰਨ ਦਾ ਉਪਕਾਰ ਜਾਰੀ ਰਖਿਆ ਤੇ ਕਿਹਾ ਕਿ ਅਸੀਂ ਤੁਹਾਡੇ ਕਹੇ ਆਪਣੀਆਂ ਧਾਰਮਕ ਸਰਗਰਮੀਆਂ ਬੰਦ ਨਹੀਂ ਕਰ ਸਕਦੇ। ਇਸ ਤੋਂ ਪਿਛੋਂ ਇਸ ਇਲਾਕੇ ਦੇ ਮੁਸਲਮਾਨਾ ਦੇ ਦਿਲ ਵਿਚ ਇਹ ਗਲ ਬੈਠ ਗਈ ਕਿ ਜਦੋਂ ਤਕ ਗੁਰਦੁਆਰਾ ਕਿਸ਼ਨ ਪੁਰਾ ਕਾਇਮ ਹੈ ਤੇ ਸੰਤ ਜੀ ਮਹਾਰਾਜ ਇਥੇ ਸੇਵਾ ਕਰਦੇ ਹਨ ਸਾਡੇ ਸਿਰ ਤੋਂ ਖਤਰਾ ਦੂਰ ਨਹੀਂ ਹੋ ਸਕਦਾ। ਇਸ ਗੁਰਦਵਾਰੇ ਪਰ ਹਮਲਾ ਕਰਨ ਦੀਆਂ ਉਨ੍ਹਾਂ ਕਈ ਸਕੀਮਾ ਬਣਵਾਈਆਂ ਤੇ ਦਾਸ ਨੂੰ ਭੀ ਕਈ ਪ੍ਰਕਾਰ ਦੀਆਂ ਧਮਕੀਆਂ ਦਿੰਦੇ ਰਹੇ ਪਰੰਤੂ ਉਨ੍ਹਾਂ ਦੀ ਕੋਈ ਚਾਲ ਸਫਲ ਨਾ ਹੋਈ। ਕਿਉਂਕਿ ਸਮੇਤ ਸੰਗਤ ਦੇ ਦਾਸ ਹਰ ਤ੍ਰੀਕੇ ਨਾਲ ਚੌਕਸ ਰਹਿਣ ਲਗ ਪਏ ਤੇ ਆਪਣਾ ਕੰਮ ਜਾਰੀ ਰਖਿਆ।

ਆਪਣੀ ਰਖਿਆ ਲਈ ਤਕੜਾਈ ਕਰਨਾ ਹੋਰ ਗਲ ਹੁੰਦੀ ਹੈ ਅਤੇ ਕਿਸੇ ਪਰ ਹਮਲਾ ਕਰਨਾ ਹੋਰ ਗਲ ਇਸ ਕਰਕੇ ਦਾਸ ਨੇ ਨਗਰ ਤੇ ਇਲਾਕੇ ਦੀ ਸੰਗਤ ਨੂੰ ਬੇਨਤੀ ਕੀਤੀ ਕਿ ਆਪਣੀ ਰਖਿਆ ਦੀ ਮੁਕੰਮਲ ਤਿਆਰੀ ਰਖੋ ਪਰ ਕਿਸੇ ਨਾਲ ਵਧੀਕੀ ਨਾ ਕਰੋ। ਉਨ੍ਹਾਂ ਦੀ ਇਸ ਨੀਤੀ ਦੇ ਕਾਰਣ ਮੁਸਲਮਾਨਾ ਵਿਚ ਹੀ ਨਹੀਂ ਹਿੰਦੂਆਂ ਤੇ ਸਿਖਾਂ ਵਿਚ ਭੀ ਕਈ ਪ੍ਰਕਾਰ ਦੀਆਂ ਗਲਤ ਫਹਿਮੀਆਂ ਫੈਲ ਗਈਆਂ ਅਤੇ ਉਹ ਇਹ ਸਮਝਣ ਲਗ ਪਏ ਕਿ ਸੰਤ ਜੀ ਦਾ ਫਿਰਕੂ ਫਸਾਦਾਂ ਵਿਚ ਖਾਸ ਹਿੱਸਾ ਸੀ। ਦਰਿਆ ਸਤਲੁਜ ਦੇ ਕਿਨਾਰੇ ਮੰਡ ਵਿਚ ਲੁਧਿਆਣਾ, ਫੀਰੋਜ਼ਪੁਰ ਤੇ ਜਲੰਧਰ ਦੇ ਲੀਗੀ ਮੁਸਲਮਾਨਾਂ ਦੀਆਂ ਗੁਪਤ ਮੀਟਿੰਗਾਂ ਹੁੰਦਿਆਂ ਅਤੇ ਉਹ ਫਸਾਦਾਂ ਸਬੰਧੀ ਨਵੀਆਂ ਨਵੀਆਂ ਸਕੀਮਾ ਸੋਚਦੇ ਰਹਿੰਦੇ। ਉਨ੍ਹਾਂ ਦੀਆਂ ਮੀਟਿੰਗਾ ਦਾ ਕੁਝ ਭੇਦਦਾਸ ਪਾਸ ਭੀ ਪਹੁੰਚ ਜਾਂਦਾ ਇਸ ਕਰਕੇ ਆਪ ਇਲਾਕੇ ਦੇ ਸਿੱਖ ਪਿੰਡਾ ਨੂੰ ਖਬਰਦਾਰ ਰਹਿਣ ਦੀ ਪ੍ਰੇਰਨਾ ਕਰਦੇ ਰਹਿੰਦੇ। ਆਪ ਦੀਆਂ ਇਨ੍ਹਾਂ ਸਰਗਰਮੀਆਂ ਦੇ ਕਾਰਣ ਲੀਗੀ ਮੁਸਲਮਾਨਾਂ ਦੀਆਂ ਅਖਾਂ ਵਿਚ ਨਾ ਕੇਵਲ ਆਪ ਹੀ ਰੜਕਣ ਲੱਗ ਪਏ ਸਗੋਂ ਗੁਰਦੁਵਾਰਾ ਕਿਸ਼ਨ ਪੁਰਾ ਨੂੰ ਭੀ ਇਕ ਖਤਰਨਾਕ ਥਾਂ ਸਮਝਣ ਲਗ ਪਏ।

ਇਲਾਕੇ ਦੇ ਲੀਗੀ ਮੁਸਲਮਾਨਾ ਦੀ ਤਾਂ ਕੋਈ ਪੇਸ਼ ਨਾ ਗਈ। ਪਰੰਤੂ ਤਿਹਾੜੇ ਵਿਚ ਬਲੋਚ ਮਿਲਟਰੀ ਆਈ ਤਾਂ ਉਨ੍ਹਾਂ ਨੇ ਉਸਦੇ ਕੁਝ ਆਦਮੀਆਂ ਨਾਲ ਸਾਜ਼ ਬਾਜ਼ ਕਰਕੇ ਇਨ੍ਹਾਂ ਨੂੰ ਗੁਰਦਵਾਰੇ

Digitized by Panjab Digital Library | www.panjabdigilib.org

ਪਰ ਹਮਲਾ ਕਰਨ ਲਈ ਤਿਆਰ ਕਰ ਲਿਆ। ਮਿਲਟਰੀ ਦੇ ਸਿਪਾਹੀ ਇਕ ਜੀਪ ਤੇ ਦੋ ਟਰੱਕਾਂ ਤੇ ਸਵਾਰ ਹੋਕੇ ਆਏ ਅਤੇ ਗੁਰਦਵਾਰੇ ਪਰ ਗੋਲੀਆਂ ਦੀ ਵਾਛੜ ਸ਼ੁਰੂ ਕਰ ਦਿਤੀ। ਇਸ ਸਮੇਂ ਨਗਰ ਕਿਸ਼ਨ ਪੁਰੇ ਦੀਆਂ ਮਾਈਆਂ ਬੀਬੀਆਂ ਦਾ ਇਕ ਜਥਾ ਲੰਗਰ ਤਿਆਰ ਕਰ ਰਿਹਾ ਸੀ। ਸਿੰਘਾਂ ਦੇ ਨਾਲ ਬੀਬੀਆਂ ਨੇ ਭੀ ਮੋਰਚੇ ਸੰਭਾਲ ਲਏ। ਸਿੰਘਾਂ ਨੇ ਬਹੁਤੇਰਾ ਚਾਹਿਆ ਕਿ ਮਾਈਆਂ ਬੀਬੀਆਂ ਇਕ ਪਾਸੇ ਦੀ ਨਿਕਲਕੇ ਪਿੰਡ ਵਿਚ ਜਾ ਵੜਨ ਪਰੰਤੂ ਮਾਈਆਂ ਬੀਬੀਆਂ ਨੇ ਕਿਹਾ ਗੁਰਦਵਾਰੇ ਪਰ ਹਮਲਾ ਹੋਇਆ ਵੇਖਕੇ ਤੇ ਗੁਰੂ ਨੂੰ ਪਿੱਠ ਦੇ ਕੇ ਅਸੀਂ ਨਹੀਂ ਜਾ ਸਕਦੀਆਂ। ਅਸੀਂ ਭੀ ਇਥੇ ਰਹਿਕੇ ਸਿੰਘਾਂ ਦੇ ਨਾਲ ਹੀ ਸ਼ਹੀਦ ਹੋਵਾਂਗੀਆਂ। ਮ ਈਆਂ ਪਾਸੋਂ ਇਹ ਬਚਨ ਸੁਣਕੇ ਸਿੰਘ ਚੁਪ ਹੋ ਗਏ। ਕਈ ਕਾਇਰ ਮਰਦ ਭੀ ਇਸ ਸਮੇਂ ਘਬਰਾ ਗਏ ਤੇ ਭੱਜ ਗਏ ਪਰੰਤੂ ਗੁਰੂ ਘਰ ਦੇ ਸ਼ਰਧਾਲੂ ਸੂਰਬੀਰ ਸਿੰਘਾਂ ਨੇ ਸ਼ਹੀਦ ਹੋਣ ਦਾ ਦ੍ਰਿੜ ਇਰਾਦਾ ਧਾਰਣ ਕਰ ਰਖਿਆ ਸੀ। ਗੁਰਦਵਾਰੇ ਦੀ ਰਾਖੀ ਲਈ ਇਸ ਸਮੇਂ ਚਾਰ ਰਾਈਫਲਾਂ ਮੌਜੂਦ ਸਨ। ੫੦ ਮਿਲਟਰੀ ਦੇ ਸਿਪਾਹੀਆਂ ਸਾਹਮਣੇ ਚਾਰ ਸਿੰਘਾ ਦੀ ਕੀ ਵਟੀਦੀ ਸੀ ਪਰੰਤੂ ਦੇਵਨੇਤ ਨਾਲ ਗੁਰਦਵਾਰਾ ਦੇ ਇਰਦ ਗਿਰਦ ਪਾਣੀ ਦਾ ਛਪੜ ਸੀ ਤੇ ਮਿਲਟਰੀ ਵਾਲੇ ਪਾਰ ਤੋਂ ਗੋਲੀਆਂ ਵਰਾ ਰਹੇ ਸਨ ਅੰਤ ਪਾਣੀ ਕਰਕੇ ਉਹ ਗੁਰਦਵਾਰੇ ਦੇ ਨੇੜੇ ਨਾ ਆਏ। ਸਿੰਘਾਂ ਨੇ ਭੀ ਅਗੋਂ ਜਵਾਬ ਦੇਣ ਦਾ ਫੈਸਲਾ ਕੀਤਾ। ਇਕੋ ਵੇਰ ਚਾਰ ਰਾਈਫਲਾਂ ਦੀ ਸ਼ਲਕ ਹੋਈ। ਤਾਂ ਸਿਪਾਹੀ ਪਿਛੇ ਹਟ ਗਏ ਅਤੇ ਪਤਾ ਨਹੀਂ ਕੀ ਸੋਚਕੇ ਉਹ ਵਾਪਸ ਮੁੜ ਗਏ। ਇਸ ਪ੍ਰਕਾਰ ਗੁਰਦਵਾਰਾ ਕਿਸ਼ਨ ਪੁਰਾ ਸੁਰਖਜਤ ਰਹਿ ਗਿਆ ਤੇ ਲੀਗੀਆਂ ਦੀ ਆਖਰੀ ਸਾਜ਼ਸ਼ ਭੀ ਕਾਮਯਾਬ ਨਾ ਹੋ ਸਕੀ। ਜਿਸ ਸਮੇਂ ਮਿਲਟਰੀ ਗੁਰਦਵਾਰੇ ਪਰ ਗੋਲੀਆਂ ਵਰਾ ਰਹੀ ਸੀ ਤਾਂ ਨਗਰ ਵਿਚ ਇਹ ਅਫਵਾਹ ਫੈਲ ਗਈ ਕਿ ਗੁਰਦਵਾਰੇ ਵਿਚ ਜਿਤਨੇ ਸਿੰਘ ਸਨ ਸਭ ਸ਼ਹੀਦ ਹੋ ਗਏ ਤੇ ਅੱਜ ਮਿਲਟਰੀ ਬਹੁਤ ਜਾਨੀ ਨੁਕਸਾਨ ਕਰੇਗੀ ਪਰੰਤੂ ਇਹ ਖਤਰਾ ਛੇਤੀ ਹੀ ਟਲ ਗਿਅ ਨਗਰ ਨਿਵਾਸੀਆਂ ਨੂੰ ਸੁਖ ਦਾ ਸਾਹ ਆਇਆ।

ਇਸ ਸਮੇਂ ਜਿਨ੍ਹਾਂ ਸਿੰਘਾ ਨੇ ਗੁਰਦਵਾਰੇ ਦੀ ਰਖਿਆ ਲਈ ਸ਼ਹੀਦ ਹੋਣ ਦਾ ਇਰਾਦਾ ਕੀਤਾ ਉਨ੍ਹਾਂ ਦੀ ਕੁਰਬਾਨੀ ਭੀ ਘਟ ਪ੍ਰਸੰਸਾ ਯੋਗ ਨਹੀਂ ਪ੍ਰੰਤੂ ਕਿਸ਼ਨ ਪੁਰਾ ਦੀਆਂ ਜਿੰਨ੍ਹਾਂ ਮਾਈਆਂ ਬੀਬੀਆਂ ਨੇ ਕਮਾਲ ਦੀ ਦ੍ਰਿੜਤਾ ਨਾਲ ਗੁਰਦਵਾਰੇ ਦੀ ਰਖਿਆ ਲਈ ਕੁਰਬਾਨ ਹੋਣ ਤੋਂ ਸੰਕੋਚਨ ਨਹੀਂ ਕੀਤਾ ਉਨਾ ਦੀ ਦਲੇਰੀ ਤੇ ਬਹਾਦਰੀ ਤਾਂ ਸੁਨਹਿਰੀ ਅਖਰਾਂ ਵਿਚ ਲਿਖਣ ਦੇ ਯੋਗ ਹੈ। ਜਿਸ ਨਗਰ ਵਿਚ ਇਹੋ ਜਿਹੀਆਂ ਮਾਈਆਂ ਬੀਬੀਆਂ ਹੋਣ ਉਸ ਨੂੰ ਕੋਈ ਖਤਰਾ ਕਿਵੇਂ ਵਾਪਰ ਸਕਦਾ ਹੈ?

ਉਸ ਸਮੇਂ ਜੇਹੜੀਆਂ ਮਾਈਆਂ ਬੀਬੀਆਂ ਗੁਰਦਵਾਰੇ ਵਿਚ ਹਾਜ਼ਰ ਸਨ ਉਨ੍ਹਾਂ ਦੇ ਨਾਮ ਇਹ ਹਨ। ਇਨ੍ਹਾਂ ਭਾਤਾਵਾਂ ਨੇ ਲੰਗਰ ਜਾਰੀ ਰਖਣ ਵਿਚ ਜੋ ਵਧ ਚੜ੍ਹਕੇ ਹਿਸਾ ਪਾਇਆ ਉਹ ਭੀ ਘੱਟ ਅਹਿਮੀਅਤ ਨਹੀਂ ਰਖਦਾ। ਆਪਣੇ ਘਰਾਂਣੇ ਦੇ ਕੰਮਾ ਕਾਜਾਂ ਨੂੰ ਛਡਕੇ ਇਹ ਮਾਈਆ ਹਰ ਸਮੇਂ ਲੰਗਰ ਸਜਾਉਣ ਲਈ ਤਤਪਰ ਰਹਿੰਦੀਆਂ ਸਨ।

## ਨਾਮ ਇਹ ਹਨ

ਮਾਤਾ ਆਸ ਕੌਰ ਜੀ ਸਪੱਤਨੀ ਸ: ਧਿਆਨ ਸਿੰਘ ਜੀ ਨੰਬਰਦਾਰ,

Digitized by Panjab Digital Library | www.panjabdigilib.org

ਮਾਤਾ ਰੂੜ ਕੌਰ ਜੀ ਸੁੱਪਤਨੀ ਸ: ਹਰੀ ਸਿੰਘ ਜੀ ਮਟੂ ।
ਬੀਬੀ ਬਚਨ ਕੌਰ ਸਪੁਤ੍ਰੀ ਸ: ਬਿਸ਼ਨ ਸਿੰਘ ਜੀ ।
ਬੇਬੇ ਪੰਜਾਬ ਕੌਰ ਸੁਪੱਤਨੀ ਸ: ਲਾਲ ਸਿੰਘ ਜੀ ।
ਮਾਈ ਹਰਨਾਮ ਕੌਰ ਸੁਪੱਤਨੀ ਸ: ਜਾਗੀਰ ਸਿੰਘ ਜੀ ਜਥੇਦਾਰ ।
ਮਾਈ ਪ੍ਰੇਮ ਕੌਰ ਜੀ ਸੁਪਤਨੀ ਸ: ਪ੍ਰੇਮ ਸਿੰਘ ਜੀ ਰਾਵਲ ਪਿੰਡੀ ।
ਮਾਈ ਮਾਲਨ ਕੌਰ ਜੀ ਸੁਪਤਨੀ ਸ: ਸੇਵਾ ਸਿੰਘ ਜੀ ਮਿਸਤ੍ਰੀ ।
ਮਾਈ ਗੁਲਾਬ ਕੌਰ ਜੀ ਸਪੁਤਨੀ ਸ: ਪਾਲ ਸਿੰਘ ਜੀ, ਬਬਰ,
ਮਾਈ ਭਗਵਾਨ ਕੌਰ ਜੀ ਸੁਪਤਨੀ ਸ: ਕੇਹਰ ਸਿੰਘ ਜੀ ਹਜ਼ੂਰੀਆਂ ।
ਬੇਬੇ ਬਸੰਤ ਕੌਰ ਜੀ ਸੁਪਤਨੀ ਸ: ਹਰੀ ਸਿੰਘ ਜੀ ਮਿਸਤ੍ਰੀ ।
ਬੇਬੇ ਭਾਨ ਕੌਰ ਜੀ ਸੁਪਤਨੀ ਸ: ਸਰਦਾਰਾ ਸਿੰਘ ਜੀ ।
ਸ੍ਰੀ ਮਤੀ ਸੰਤ ਕੌਰ ਜੀ ਸੁਪਤਨੀ ਸ: ਰਾਮ ਸਿੰਘ ਜੀ ਫੋਰਮੈਨ ।
ਬੀਬੀ ਨਸੀਬ ਕੌਰ ਸਪੁਤ੍ਰੀ ਸ: ਸ਼ੇਰ ਸਿੰਘ ਜੀ ਚੌਧਰੀ ।
ਬੀਬੀ ਪ੍ਰੀਤਮ ਕੌਰ ਸਪੁਤ੍ਰੀ ਸ: ਚਨਣ ਸਿੰਘ ਜੀ ।
ਮਾਈ ਪ੍ਰਤਾਪ ਕੌਰ ਜੀ ਸੁਪਤਨੀ ਸ: ਦੇਵਾ ਸਿੰਘ ਜੀ ਪ੍ਰਧਾਨ,
ਮਾਈ ਹਰਨਾਮ ਕੌਰ ਜੀ ਸਪਤਨੀ ਸ: ਜੀਉਣ ਸਿੰਘ ਜੀ ਰਾਵਵਾਲਾ,
ਮਾਈ ਨੰਦ ਕੌਰ ਜੀ ਸੁਪਤਨੀ ਸ: ਸ਼ੇਰ ਸਿੰਘ ਜੀ ।
ਬੀਬੀ ਜੁਆਲ ਕੌਰ ਸੁਪਤਨੀ ਸ: ਅਰਜਨ ਸਿੰਘ (ਸੁਰਗਵਾਸੀ)
ਮਾਤਾ ਅਤਰ ਕੌਰ ਜੀ ਮਾਤਾ ਸ: ਲਾਲ ਸਿੰਘ ਜੀ ਗੁੰਬੀ ।
ਬੇਬੇ ਬਸੰਤ ਕੌਰ ਸੁਪਤਨੀ ਮਾਸਟਰ ਭਗਤ ਸਿੰਘ
ਬੇਬੇ ਸੋਦਾ ਕੌਰ ਸੁਪਤਨੀ ਮਿਃ ਸਰਮੁਖ ਸਿੰਘ

# ਬੀਬੀ ਹਰਨਾਮ ਕੌਰ (ਮਲਕ)

ਬੀਬੀ ਹਰਨਾਮ ਕੌਰ ਦਾ ਜਨਮ ਨਗਰ ਮਲਕ ਜ਼ਿਲਾ ਲੁਧਿਆਣਾ ਹੈ । ਆਪ ਦੇ ਪਿਤਾ ਦਾ ਨਾਮ ਸ: ਗੰਗਾ ਸਿੰਘ ਮਿਸਤ੍ਰੀ ਹੈ । ਆਰੰਭ ਤੋਂ ਹੀ ਬੀਬੀ ਜੀ ਦੀਆਂ ਰੁਚੀਆਂ ਧਾਰਮਕ ਸਨ ਪ੍ਰੰਤੂ ਆਪ ਦੇ ਸਿਰਤਾਜ ਦੇ ਅਕਾਲ ਚਲਾਣਾ ਕਰ ਜਾਣ ਪਿਛੋਂ ਤਾਂ ਆਪ ਦਾ ਚਿੱਤ ਸੰਸਾਰਕ ਰਸਾਕਸਾ ਤੋਂ ਬਹੁਤ ਉਚਾਟ ਹੋ ਗਿਆ ਅਤੇ ਹਰ ਸਮੇ ਉਸ ਵਾਹਿਗੁਰੂ ਦੇ ਸਿਮਰਨ ਵਿਚ ਲਿਵਲੀਨ ਰਹਿਣ ਲਗ ਪਏ । ਬੀਬੀ ਜੀ ਨੇ ਆਪਣੇ ਪਿਤਾ ਦੇ ਚੌਬਾਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਅਠੋ ਪਹਿਰ ਮਹਾਰਾਜ ਦੀ ਹਜ਼ੂਰੀ ਵਿਚ ਰਹਿਣਾ ਤੇ ਗੁਰਬਾਣੀ ਦਾ ਪਾਠ ਕਰਨਾ ਹੀ ਜੀਵਨ ਦਾ ਮਨੋਰਥ ਬਣਾ ਲਿਆ ।

"ਬਿਖੇ ਬਨ ਫੀਕਾ ਤਿਆਗ ਰੀ ਸਖੀਏ ਨਾਮ ਮਹਾਰਸ ਪੀਓ" ਦੇ ਮਹਾਂ ਵਾਕ ਅਨਸਾਰ ਆਪ ਨੂੰ ਬਾਣੀ ਦਾ ਐਸਾ ਰਸ ਆਇਆ ਕਿ ਸੰਸਾਰ ਦੇ ਸਭ ਰਸ ਫਿੱਕੇ ਪੈ ਗਏ । ਕੂੜੇ ਕੁਟੰਬੀਆਂ ਨਾਲੋਂ ਪ੍ਰੀਤ ਟੁਟਕੇ ਵਾਹਿ ਗੁਰੂ ਅਕਾਲ ਪੁਰਖ ਦੇ ਚਰਨਾਂ ਨਾਲ ਜੁੜ ਗਈਆਂ । "ਨਾਨਕ ਕਚੜਿਆ ਸਿਉਂ ਤੋੜ ਢੂੰਡਾ ਸਜਨ ਸੰਤ ਪਕਿਆ ਓਇ ਜੀਵੰਦੇ ਵਿਛੜੇ ਓਇ ਮੁਇਆ ਨਾ ਜਾਹੀ ਛੋੜ" ਜੀਵਨ

Digitized by Panjab Digital Library | www.panjabdigilib.org

ਸਾਥੀ ਦਾ ਵਿਛੋੜਾ ਬੀਬੀ ਹਰਨਾਮ ਕੌਰ ਜੀ ਨੂੰ ਇਕ ਐਸੀ ਚੇਟਕ ਲਾ ਗਿਆ ਜਿਸ ਨਾਲ ਆਪਦਾ ਜੀਵਨ ਸਫਲ ਹੋ ਗਿਆ। ਜਿਸ ਸਮੇਂ ਮਾਤਾ ਪਿਤਾ ਨੇ ਦੂਜੀ ਸ਼ਾਦੀ ਕਰਾਉਣ ਲਈ ਕਿਹਾ ਤਾਂ ਬੀਬੀ ਹਰਨਾਮ ਕੌਰ ਜੀ ਨੇ ਉਨਾਂ ਨੂੰ ਸਮਝਾਇਆ। "ਸੰਸਾਰਕ ਸੁਖ ਮੇਰੇ ਕਰਮਾਂ ਵਿਚ ਨਹੀਂ ਮੇਰਾ ਮਨ ਭੀ ਇੰਨਾਂ ਸੁਖਾਂ ਵਲੋਂ ਉਪ੍ਰਾਮ ਹੋ ਚੁਕਾ ਹੈ ਇਸ ਲਈ ਮੈਂ ਬਾਕੀ ਦਾ ਜੀਵਨ ਉਸ ਵਾਹਿਗੁਰੂ ਦੀ ਯਾਦ ਵਿਚ ਬਿਤਾਣਾ ਚਾਹੁੰਦੀ ਹਾਂ ਅਤੇ ਨਾਮ ਬਾਣੀ ਦਾ ਸਿਮਰਨ ਕਰਕੇ ਜੀਵਨ ਯਾਤ੍ਰਾ ਸਫਲ ਕਰਨਾ ਚਾਹੁੰਦੀ ਹਾਂ। ਗੁਰਮੁਖ ਪਿਤਾ ਨੇ ਸਮਝ ਲਿਆ ਕਿ ਬੀਬੀ ਜੀ ਦਾ ਝੁਕਾਉ ਸੰਜਮੀ ਜੀਵਨ ਬਤੀਤ ਕਰਨ ਵਲ ਹੈ। ਇਸ ਘੋਰ ਕਲਜੁਗ ਦੇ ਸਮੇਂ ਅੰਦਰ ਇਸਤ੍ਰੀਆਂ ਦਾ ਸੰਜਮੀ ਜੀਵਨ ਬਤੀਤ ਕਰਨਾ ਕਠਨ ਹੀ ਨਹੀਂ ਸਗੋਂ ਅਸੰਭਵ ਪ੍ਰਤੀਤ ਹੁੰਦਾ ਹੈ ਪ੍ਰੰਤੂ ਜੇ ਗੁਰਬਾਣੀ ਦੀ ਉਟ ਲੇਕੇ ਕੋਈ ਇਸਤ੍ਰੀ ਮਨ ਪਰ ਕਾਬੂ ਪਾਉਣਾ ਚਾਹੇ ਤਾਂ ਇਹ ਮੁਸ਼ਕਲ ਗੱਲ ਨਹੀਂ। ਬੀਬੀ ਹਰਨਾਮ ਕੌਰ ਦਾ ਜੀਵਨ ਇਹ ਗਲ ਦਾ ਬੜਾ ਸੁੰਦਰ ਉਦਾਹਰਣ ਹੈ ਕਿ ਮਰਦ ਹੀ ਨਹੀਂ ਇਸਤ੍ਰੀਆਂ ਭੀ ਸੰਜਮੀ ਜੀਵਨ ਬਤੀਤ ਕਰ ਸਕਦੀਆਂ ਹਨ।

ਬੀਬੀ ਜੀ ਨੇ ਪਾਠ ਸਿਮਰਨ ਕਰਦਿਆ ਹੋਇਆਂ ਇਤਨਾ ਉਚਾ ਜੀਵਨ ਬਤੀਤ ਕੀਤਾ ਹੈ ਜਿਸ ਤੇ ਹਰ ਇਕ ਇਸਤ੍ਰੀ ਨੂੰ ਸਿਖਿਆ ਮਿਲ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿਤ੍ਰ ਸੰਪਾਠ ਪਾਠ ਵਿਧੀ ਪੂਰਬਕ ਕਰਾਉਣੇ ਅਤੇ ਗੁਰਦੁਆਰੇ ਦੀ ਇਮਾਰਤ ਨੂੰ ਮੁਕੰਮਲ ਕਰਨਾ ਬੀਬੀ ਜੀ ਦੇ ਉਦਮ ਦਾ ਹੀ ਫਲ ਹੈ। ਨਗਰ ਨਿਵਾਸੀ ਸੰਗਤਾਂ ਆਪ ਜੀ ਦਾ ਬਹੁਤ ਸਤਿਕਾਰ ਕਰਦੀਆਂ ਹਨ ਆਪ ਦਾ ਜੀਵਨ ਸਚ ਮੁਚ ਇਕ ਆਦਰਸ਼ ਜੀਵਨ ਹੈ।

ਜਿਸ ਸਮੇਂ ੧੯੪੭ ਦੇ ਫਿਰਕੂ ਫਸਾਦ ਅਰੰਭ ਹੋਇ ਤਾਂ ਧਰਮ ਪ੍ਰੇਮੀ ਮਾਈ ਭਾਈ ਦੇ ਹਿਰਦੇ ਅਤਿ ਦੁਖਤ ਹੋ ਉਠੇ। ਮਲਕ ਨਗਰ ਦੇ ਆਸ ਪਾਸ ਮੁਸਲਮਾਨਾਂ ਦੀ ਕਾਫੀ ਵਸੋਂ ਸੀ। ਜਗਰਾਉਂ ਅਲੀ ਗੜ੍ਹ, ਕੋਠੇ ਤੇ ਬੋਦਲ ਵਾਲਾਂ ਜੋ ਲੀਗੀ ਮੁਸਲਮਾਨ ਮਲਕ ਪਰ ਹਮਲਾ ਕਰਨ ਦੀਆਂ ਹਰ ਸਮੇਂ ਵਿਉ ਤਾਂ ਸੋਚਦੇ ਰਹਿੰਦੇ। ਜਗਰਾਉਂ ਵਿਚ ਉਨਾਂ ਦੀਆਂ ਮੀਟਿੰਗਾਂ ਹੁੰਦੀਆਂ ਰਹਿੰਦੀਆਂ ਜਿੰਨਾਦਾ ਪਤਾ ਮਲਕ ਦੀ ਸੰਗਤ ਨੂੰ ਭੀ ਲੱਗ ਜਾਂਦਾ।

ਨਗਰ ਮਲਕ ਵਿਚ ਭਾਈ ਸਾਹਿਬ ਭਾਈ ਕਪੂਰ ਸਿੰਘ ਜੀ ਜੈਸੇ ਗੁਰਮੁਖ ਗੁਰਸਿਖ ਵਸਦੇ ਸਨ ਜਿਨ੍ਹਾਂ ਦਾ ਵਿਚਾਰ ਇਹ ਸੀ ਕਿ ਅਸੀਂ ਕਿਸੇ ਪਰ ਵਧੀਕੀ ਨਹੀਂ ਕਰਨੀ ਪਰੰਤੂ ਜੇ ਸਾਡੇ ਨਗਰ ਪਰ ਹਮਲਾ ਹੋਇਆ ਤਾਂ ਸਾਨੂੰ ਇਹ ਜ਼ਰੂਰ ਦਸ ਦੇਣਾ ਚਾਹੀਦਾ ਹੈ ਕਿ ਵਰਤਮਾਨ ਸਮੇਂ ਦੇ ਸਿੱਖਾਂ ਵਿਚ ਭੀ ਪੁਰਾਤਨ ਸਿੰਘਾ ਵਰਗੀ ਸੂਰਬੀਰਤਾ ਤੇ ਸਿਖੀ ਸਿਦਕ ਮੌਜੂਦ ਹੈ। ਮਲਕ ਦੇ ਸਿੰਘ ਹਰ ਸਮੇਂ ਚੌਕਸ ਰਹਿੰਦੇ ਸਨ ਤੇ ਨਗਰ ਦੇ ਆਸ ਪਾਸ ਪਹਿਰਾ ਲਗਾ ਰਹਿੰਦਾ ਸੀ। ਇਹੋ ਜਿਹੀ ਅਵਸਥਾ ਵਿਚ ਬੀਬੀ ਹਰਨਾਮ ਕੌਰ ਜੀ ਨੇ ਨਗਰ ਦੀਆਂ ਬੀਬੀਆਂ ਨੂੰ ਪ੍ਰੇਰਨਾ ਕਰਕੇ ਉਨ੍ਹਾ ਦਾ ਜਥਾ ਬਣਾ-ਇਆ ਅਤੇ ਇਹ ਸਿਖਿਆ ਦਿੱਤੀ ਕਿ ਜੇ ਸਾਡੇ ਪਿੰਡ ਪਰ ਹਮਲਾ ਹੋ ਜਾਵੇ ਤਾਂ ਸਾਨੂੰ ਮਰਦਾ ਨਾਲੋਂ ਪਿਛੇ ਨਹੀਂ ਰਹਿਣਾ ਚਾਹੀਦਾ। ਆਪਨੇ ਇਹ ਭੀ ਕਿਹਾ ਕਿ ਮਰਦ ਇਹ ਸਮਝਦੇ ਹਨ ਕਿ ਰਖਿਆ ਦਾ ਸਾਰਾ ਭਾਰ ਸਾਡੇ ਸਿਰ ਹੀ ਹੈ ਪਰ ਸਾਨੂੰ ਤਿਆਰੀ ਕਰਕੇ ਇਹ ਦਸ ਦੇਣਾ ਚਾਹੀਦਾ ਹੈ ਕਿ ਧਰਮ ਸੰਕਟ ਸਮੇਂ ਇਸਤ੍ਰੀਆਂ ਭੀ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਹੋ

Digitized by Panjab Digital Library | www.panjabdigilib.org

ਹਨ। ਜੋ ਆਪਣੇ ਘਰੋਗੀ ਕੰਮ ਕਾਜਾਂ ਨੂੰ ਛਡ ਕਰ ਸਿੰਘ ਦੇ ਨਾਲ ਹਿਸਾ ਪਾਉਣ ਨੂੰ ਹਰ ਵਕਤ ਤਤਪਰ ਰਹਿੰਦੀਆਂ ਸਨ ਉਨ੍ਹਾਂ ਸੂਰਬੀਰ ਮਾਈਆਂ ਬੀਬੀਆਂ ਦੇ ਨਾਉਂ ਇਸ ਪ੍ਰਕਾਰ ਹਨ—

ਨੰ: ੧. ਮਾਤਾ ਬਿਸ਼ਨ ਕੌਰ ਮਾਤਾ ਸੰਤ ਕਪੂਰ ਸਿੰਘ ਜੀ

੨. ਬੀਬੀ ਹਰਨਾਮ ਕੌਰ ਸਪੁਤ੍ਰੀ ਸ: ਗੰਗਾ ਸਿੰਘ ਮਿਸਤ੍ਰੀ ਮਲਕ

੩. ਬੀਬੀ ਬਚਨ ਕੌਰ ਸਪੁਤ੍ਰੀ ਸ: ਰਾਮਚੰਦ ਸਿੰਘ

੪. ਮਾਤਾ ਨਿਹਾਲ ਕੌਰ ਧਰਮ ਪਤਨੀ ਬਿਸ਼ਨ ਸਿੰਘ

੫. ਮਾਤਾ ਸ਼ਾਮ ਕੌਰ ਧਰਮ ਪਤਨੀ ਸ: ਰਣ ਸਿੰਘ

੬. ਮਾਤਾ ਇੰਦਰ ਕੌਰ ਧਰਮ ਪਤਨੀ ਅਰਜਨ ਸਿੰਘ

੭. ਮਾਤਾ ਹਰਨਾਮ ਕੌਰ ਧਰਮ ਪਤਨੀ ਸ: ਬਿਸ਼ਨ ਸਿੰਘ

੮. ਮਾਤਾ ਰਾਮ ਕੌਰ ਧਰਮ ਪਤਨੀ ਸ: ਨਰੈਣ ਸਿੰਘ

੯. ਮਾਤਾ ਜੈ ਕੌਰ ਧਰਮ ਪਤਨੀ ਸ: ਭਗਤ ਸਿੰਘ

੧੦. ਮਾਤਾ ਰੂਪ ਕੌਰ ਧਰਮ ਪਤਨੀ ਸ: ਰਲਾ ਸਿੰਘ

੧੧. ਸ਼ਾਮ ਕੌਰ ਧਰਮ ਪਤਨੀ ਕਪੂਰ ਸਿੰਘ

੧੨. ਮਾਤਾ ਜੈ ਕੌਰ ਧਰਮ ਪਤਨੀ ਸ: ਹਰਨਾਮ ਸਿੰਘ

੧੩. ਮਾਤਾ ਗੁਜਰੀ ਧਰਮ ਪਤਨੀ ਸ: ਮਨਾ ਸਿੰਘ

੧੪. ਮਾਤਾ ਹਰਨਾਮ ਕੌਰ ਧਰਮ ਪਤਨੀ ਸ: ਉਤਮ ਸਿੰਘ ਵੈਦਰਾਜ

੧੫. ਮਾਤਾ ਸੋਭੀ ਮਾਤਾ ਸ: ਸਰੂਪ ਸਿੰਘ ਜਗਰਾਓਂ

੧੬. ਮਾਤਾ ਜੈ ਕੌਰ ਧਰਮ ਪਤਨੀ ਸ: ਹਰਨਾਮ ਸਿੱਘ ਗਰੇਵਾਲ

੧੭. ਮਾਤਾ ਸਦਾ ਕੌਰ ਧਰਮ ਪਤਨੀ ਸ: ਚੰਨਣ ਸਿੰਘ

੧੮. ਮਾਤਾ ਕੌੜੀ ਧਰਮ ਪਤਨੀ ਮਿਤ ਸਿੰਘ ਜਥੇਦਾਰ

੧੯. ਮਾਤਾ ਰਾਮ ਕੌਰ ਧਰਮ ਪਤਨੀ ਸ: ਪ੍ਰਤਾਪ ਸਿੰਘ

੨੦. ਮਾਤਾ ਹਰਨਾਮ ਕੌਰ ਧਰਮ ਪਤਨੀ ਸ਼ਾਮ ਸਿੰਘ

੨੧. ਮਾਤਾ ਭਾਨ ਕੌਰ ਧਰਮ ਪਤਨੀ ਸ: ਭਾਨ ਸਿੰਘ

੨੨. ਮਾਤਾ ਹਰ ਕੌਰ ਧਰਮ ਪਤਨੀ ਸ: ਕੇਹਰ ਸਿੰਘ

੨੩. ਮਾਤਾ ਸ਼ਾਮ ਕੌਰ ਧਰਮ ਪਤਨੀ ਸ: ਉਜਾਗਰ ਸਿੰਘ

੨੪. ਮਾਤਾ ਤੇਜ ਕੌਰ ਧਰਮ ਪਤਨੀ ਸ: ਨਾਹਰ ਸਿੰਘ

Digitized by Panjab Digital Library | www.panjabdigilib.org

੨੫. ਮਾਤਾ ਰਾਮ ਕੌਰ ਧਰਮ ਪਤਨੀ ਸ: ਰਤਨ ਸਿੰਘ

੨੬. ਮਾਤਾ ਨੰਦ ਕੌਰ ਧਰਤ ਪਤਨੀ ਸ: ਚੰਦਾ ਸਿੰਘ

੨੭. ਮਾਤਾ ਚੰਦ ਕੌਰ ਧਰਮ ਪਤਨੀ ਸ: ਲਛਮਣ ਸਿੰਘ

੨੮. ਮਾਤਾ ਚੰਦ ਕੌਰ ਧਰਮ ਪਤਨੀ ਸ: ਇੰਦ੍ਰ ਸਿੰਘ

੨੯. ਮਾਤਾ ਨੰਦ ਕੌਰ ਧਰਮ ਪਤਨੀ ਗਿ. ਦਾਰਾ ਸਿੰਘ

੩੦ ਮਾਤਾ ਹਰ ਕੌਰ ਧਰਮ ਪਤਨੀ ਨੰ: ਚੇਤਾ ਸਿੰਘ

੩੧. ਮਾਤਾ ਸੰਤ ਕੌਰ ਧਰਮ ਪਤਨੀ ਸ: ਮਲਕੀਤ ਸਿੰਘ

੩੨. ਮਾਤਾ ਅਮਰ ਕੌਰ ਧਰਮ ਪਤਨੀ ਸੋਹਣ ਸਿੰਘ

੩੩. ਬੇਬੇ ਸ਼ਾਮ ਕੌਰ ਧਰਮ ਪਤਨੀ ਸ: ਮੋਹਣ ਸਿੰਘ

Digitized by Panjab Digital Library | www.panjabdigilib.org

# ਮਾਤਾ ਬਿਸ਼ਨ ਕੌਰ

ਮਾਤਾ ਬਿਸ਼ਨ ਕੌਰ ਪਿਤਾ ਬੁਧ ਸਿੰਘ ਦੇ ਘਰ ਮਾਤਾ ਜੀਵੀ ਦੀ ਕੁਖੋਂ ਜਨਮ ਪਿੰਡ ਸਹਿਣਾ ਜਿਲਾ ਲੁਧਿਆਣਾ, ਵਿਖੇ ੧੯੭੫ ਵਿਖੇ ਹੋਇਆ ।

ਮਾਤਾ ਪਿਤਾ ਸਨਾਤਨ ਖਿਆਲਾਂ ਦੇ ਹੋਣ ਤੇ ੧੧ ਸਾਲ ਦੀ ਆਯੂ ਵਿਚ ਬੀਬੀ ਬਿਸ਼ਨ ਕੌਰ ਦਾ ਵਿਆਹ ਭਾਈ ਸਾਹਿਬ ਸਿੰਘ ਮਲਕ ਜ਼ਿਲਾ ਲੁਧਿਆਣਾ ਨਾਲ ਪੁਰਾਤਨ ਮਰਯਾਦਾ ਅਨੁਸਾਰ ਹੋਇਆ ।

ਆਪ ਮਾਤਾ, ਪਿਤਾ, ਸੱਸ ਸਹੁਰੇ ਆਦਿ ਦੇ ਖਿਆਲ ਅਨੁਸਾਰ ਗੋਰ ਮੜੀ ਪੂਜਣ ਦੇ ਬੜੇ ਹੀ ਔਹਰੀ ਸਨ। ਏਸੇ ਤਰ੍ਹਾਂ ਦਾ ਸਮਾਂ ਲੰਘਦਾ ਗਿਆ ਤਾਂ ਆਪ ਜੀ ਦੇ ਘਰ ਚਾਰ ਪੁਤਰ (੧) ਭਗਤ ਸਿੰਘ (੨) ਲਛਮਣ ਸਿੰਘ (੩) ਚੰਦਾ ਸਿੰਘ (੪) ਭਾਈ ਕਪੂਰ ਸਿੰਘ ਜੀ ਨੇ ਜਨਮ ਲਏ। ਆਪ ਜੀ ਦੇ ਸੁਭਾਗ ਪੁਤਰ ਭਾਈ ਕਪੂਰ ਸਿੰਘ ਨੇ ਸੁਰਤ ਸੰਭਾਲਦੇ ਸਾਰ ਗੁਰਮਤ ਨੂੰ ਧਾਰਨ ਕਰਕੇ ਗੁਰਮਤ ਦਾ ਪ੍ਰਚਾਰ ਕਰਨ ਲਗੇ ਜਿਸ ਦੇ ਪ੍ਰਚਾਰ ਤੋਂ ਪਰਭਾਵਤ ਹੋਏ ਮਾਤਾ ਜੀ ਸਮੇਤ ਪ੍ਰਵਾਰ ਦੇ ਮੜ੍ਹੀ ਮਸਾਣੀ ਆਦਿ ਦੀ ਪੂਜਾ ਛਡ ਕੇ ਸ੍ਰੀ ਗੁਰੂ ਜੀ ਦੇ ਖੰਡੇ ਦਾ ਅੰਮ੍ਰਿਤ ਪਾਨ ਕਰਕੇ ਗੁਰੂ ਪੰਥ ਵਿਚ ਪਰਵੇਸ਼ ਕੀਤਾ। ਗੁਰੂ ਘਰ ਦੀ ਸੇਵਾ ਬਾਣੀ ਦੇ ਧਾਰਨੀ ਅਤੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਗੁਰਦੁਆਰੇ ਸੰਗਤ ਨਾਲ ਮਿਲਕੇ ਕਰਨਾ ਆਪ ਜੀ ਦਾ ਨਿਤ ਕਰਮ ਬਣਗਿਆ ।

## ਤੀਰਥ ਯਾਤਰਾਂ

ਆਪ ਨੂੰ ਪੰਜਾ ਸਾਹਿਬ, ਸੀਸ ਗੰਜ ਦਿੱਲੀ, ਗਵਾਲੀਅਰ ਮਨਮਾੜ, ਹਜ਼ੂਰ ਸਾਹਿਬ ਆਦਿ ਗੁਰ ਅਸਥਾਨਾਂ ਦੀ ਯਾਤਰਾ ਆਪ ਦੇ ਅਗਿਆਕਾਰੀ ਸਰਵਨ ਪੁਤ੍ਰ ਭਾਈ ਕਪੂਰ ਸਿੰਘ ਜੀ ਕਰਵਾ ਲਿਆਏ। ਭਾ: ਕਪੂਰ ਸਿੰਘ ਜੀ ਗੁਰਮਤ ਪ੍ਰਚਾਰਕ ਸਿੰਘ ਸਭਾ ਦੇ ਮੁਖੀ ਤੇ ਸਕਤਰ ਦੀ ਸੇਵਾ ਨਿਬ ਰਹੇ ਹਨ ।

Digitized by Panjab Digital Library | www.panjabdigilib.org

# ਪਿਆਰੇ ਪਾਠਕ ਜਨੋਂ

ਦਾਸ ਵਲੋਂ ਯਤਨ ਕੀਤਾ ਗਿਆ ਹੈ ਕਿ ਭੁਲ ਨਾ ਹੋਵੇ। ਦਾਸ ਕਲਜੁਗ ਜੀਵ "ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ" ਹੋਣ ਕਰਕੇ ਜਿਥੇ ਗਲਤੀ ਨਜ਼ਰ ਆਵੇ ਉਹ ਪੰਨਾ ਸਤਰ ਗੁਰੂ ਪਿਆਰੇ ਵਿਦਵਾਨ ਗੁਰਮਤ ਅਤੇ ਇਤਹਾਸ ਖੋਜੀ ਲਾਭ ਲੈਂਦੇ ਹੋਏ ਸ਼ੁਭ ਸਿਖਿਆ ਦੇਣੀ ਜਿਸ ਨੂੰ ਧੰਨਤਾ ਨਾਲ ਪ੍ਰਵਾਨ ਅਤੇ ਅਗਲੀ ਐਡੀਸ਼ਨ ਵਿੱਚ ਥਾਂ ਦੇਣ ਦਾ ਯਤਨ ਕਰਾਂਗੇ।

ਤੇਰਾ ਕੀਤਾ ਜਾਤੋਂ ਨਾਹੀਂ ਮੈਨੂੰ ਜੋਗੁ ਕੀਤੋਈ।
ਮੈਂ ਨਿਰਗੁਣਿਆਰੇ ਕੋ ਗੁਣੁ ਨਾਹੀਂ ਆਪੇ ਤਰਸੁ ਪਇਓਈ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰ ਸਜਣੁ ਮਿਲਿਆ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਐ ਹਰਿਆ॥

(ਸਲੋਕ ਮਹਲਾ ੫)

# ਇਸਤ੍ਰੀ ਕਾਂਡ ਸੰਪੂਰਨ

ਅਗਲੇ ਕਾਂਡ ਵਿਚ ਪੜ੍ਹੋ, ਸ੍ਰੀ ਮਾਨ ਬਾਬਾ ਬੰਦਾ ਬਹਾਦਰ (ਗੁਰਬਖਸ਼ ਸਿੰਘ) ਦੇ ਜੰਗ, ਘੱਲੂ ਘਾਰੇ, ਸਿੰਘ ਸ਼ਹੀਦ, ਬਾਰਾਂ ਮਿਸਲਾਂ, ਸਿਖ ਰਾਜ ਦਾ ਆਦਿ ਅੰਤ।

ਸੰ: ਖਾਲਸਾ ੨੫੫ ਦਾਸ ਵਿਸਾਖਾ ਸਿੰਘ ਸੰਤ ਸਿਪਾਹੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1424

Digitized by Panjab Digital Library | www.panjabdigilib.org

Digitized by Panjab Digital Library | www.panjabdigilib.org